ੴ ਸਤਿਗੁਰ ਪ੍ਰਸਾਦਿ ॥

# ਵਾਰਾਂ ਭਾਈ ਗੁਰਦਾਸ ਜੀ ਸਟੀਕ

## ਅਤੇ ਗੁਰਮਤਿ ਵਿਆਖਿਆ ਵਿਸਥਾਰ

### ਸੈਂਚੀ ਦੂਜੀ

ਟੀਕਾਕਾਰ :

ਸਿੰਘ ਸਾਹਿਬ ਗਿਆਨੀ ਮਨੀ ਸਿੰਘ

ਸਾਬਕਾ ਹੈੱਡ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ

ੴ ਸਤਿਗੁਰ ਪ੍ਰਸਾਦਿ॥

# ਵਾਰਾਂ ਭਾਈ ਗੁਰਦਾਸ ਜੀ ਸਟੀਕ

## ਅਤੇ ਗੁਰਮਤਿ ਵਿਆਖਿਆ ਵਿਸਥਾਰ

**ਦੂਜੀ ਸੈਂਚੀ**

**(ਵਾਰ ੧੯ ਤੋਂ ੪੧ ਤੱਕ)**


*ਟੀਕਾਕਾਰ:*

**ਸਿੰਘ ਸਾਹਿਬ ਗਿਆਨੀ ਮਨੀ ਸਿੰਘ**

*ਸਾਬਕਾ ਹੈੱਡ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ*



*ਪ੍ਰਕਾਸ਼ਕ:*

**ਗਿਆਨੀ ਮਨੀ ਸਿੰਘ ਗੁਰਮਤਿ ਸਾਹਿਤ ਚੈਰੀਟੇਬਲ ਟ੍ਰਸਟ**

**ਸ੍ਰੀ ਅੰਮ੍ਰਿਤਸਰ**

# VARAN BHAI GURDAS JI STEEK Vol. II

*An annotated version of*
*a classical interpretation of the Sikh Scripture*
*by*

SINGH SAHIB GIANI MANI SINGH

ਪਹਿਲੀ ਵਾਰ ਜਨਵਰੀ 1998
ਦੂਜੀ ਵਾਰ ਸਤੰਬਰ 2001
ਤੀਜੀ ਵਾਰ ਜੁਲਾਈ 2011

**ਭੇਟਾ : 250-00 ਰੁਪਏ**

*ਮਿਲਣ ਦਾ ਪਤਾ :*

**ਸਿੰਘ ਬ੍ਰਦਰਜ਼**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com
*Website :* www.singhbrothers.com

*ਪ੍ਰਕਾਸ਼ਕ :*

**ਗਿਆਨੀ ਮਨੀ ਸਿੰਘ ਗੁਰਮਤਿ ਸਾਹਿਤ ਚੈਰੀਟੇਬਲ ਟ੍ਰਸਟ**

ਮੁੱਖ ਦਫ਼ਤਰ : S.C.O. 98, ਸਿਟੀ ਸੈਂਟਰ, ਅੰਮ੍ਰਿਤਸਰ

*ਛਾਪਕ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਸਮਰਪਣ

*ਮੈਂ ਇਹ ਪੁਸਤਕ*

*ਸਤਿਕਾਰਯੋਗ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ*

*ਨੂੰ ਸਮਰਪਣ ਕਰਦਾ ਹਾਂ*

*ਜਿਨ੍ਹਾਂ ਦੀ ਸੇਵਾ ਵਿਚ ਰਹਿ ਕੇ*

*ਦਾਸ ਨੇ ਵਿਦਿਆ ਪ੍ਰਾਪਤ ਕੀਤੀ ਹੈ!*

—ਗਿਆਨੀ ਮਨੀ ਸਿੰਘ

## ਤਤਕਰਾ


| | |
|---|---|
| ਵਾਰ ੧੯ | ੬੬੯ |
| ਵਾਰ ੨੦ | ੭੦੬ |
| ਵਾਰ ੨੧ | ੭੪੩ |
| ਵਾਰ ੨੨ | ੭੮੦ |
| ਵਾਰ ੨੩ | ੮੨੭ |
| ਵਾਰ ੨੪ | ੮੭੨ |
| ਵਾਰ ੨੫ | ੯੦੬ |
| ਵਾਰ ੨੬ | ੯੪੨ |
| ਵਾਰ ੨੭ | ੯੮੮ |
| ਵਾਰ ੨੮ | ੧੦੧੯ |
| ਵਾਰ ੨੯ | ੧੦੪੪ |
| ਵਾਰ ੩੦ | ੧੦੬੬ |
| ਵਾਰ ੩੧ | ੧੦੮੧ |
| ਵਾਰ ੩੨ | ੧੦੯੭ |
| ਵਾਰ ੩੩ | ੧੧੧੪ |
| ਵਾਰ ੩੪ | ੧੧੩੨ |
| ਵਾਰ ੩੫ | ੧੧੪੮ |
| ਵਾਰ ੩੬ | ੧੧੬੬ |
| ਵਾਰ ੩੭ | ੧੧੮੦ |
| ਵਾਰ ੩੮ | ੧੨੦੫ |
| ਵਾਰ ੩੯ | ੧੨੨੦ |
| ਵਾਰ ੪੦ | ੧੨੩੭ |
| ਵਾਰ ੪੧ | ੧੨੫੧ |

# ਵਾਰ ੧੯

ੴ ਸਤਿਗੁਰ ਪ੍ਰਸਾਦਿ ॥

## ੧. ਪਰਮੇਸ਼ਰ ਦੀ ਸਿਫ਼ਤ-ਸਾਲਾਹ ਦਾ ਮੰਗਲਾਚਰਣ

**੧. ਗੁਰਮੁਖ ਏਕੰਕਾਰ**
**ਆਪਿ ਉਪਾਇਆ।**
**੨. ਓਅੰਕਾਰ ਆਕਾਰੁ**
**ਪ੍ਰਗਟੀ ਆਇਆ।**
**੩. ਪੰਜ ਤੱਤ ਵਿਸਥਾਰ**
**ਚਲਿਤੁ ਰਚਾਇਆ।**
**੪. ਖਾਣੀ ਬਾਣੀ ਚਾਰਿ**
**ਜਗਤੁ ਉਪਾਇਆ।**
**੫. ਕੁਦਰਤਿ ਅਗਮ ਅਪਾਰ**
**ਅੰਤੁ ਨ ਪਾਇਆ।**
**੬. ਸੱਚੁ ਨਾਉਂ ਕਰਤਾਰ ਸੱਚਿ ਸਮਾਇਆ ॥੧॥**

***ਪਦ ਅਰਥ :*** ਗੁਰਮੁਖ—ਮੁਖੀ ਗੁਰੂ। ਆਕਾਰੁ—ਸਰੂਪ। ਚਲਿਤ—ਕੌਤਕ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਸਾਨੂੰ ਹਰ ਪਖੋਂ ਹੀ ਜਾਣਕਾਰੀ ਕਰਵਾਉਂਦੇ ਆ ਰਹੇ ਹੋ, ਪਰ ਕੀ ਇਹ ਭੀ ਦੱਸਣ ਦੀ ਕ੍ਰਿਪਾ ਕਰੋਗੇ ਕਿ ਗੁਰੂ ਨਾਨਕ ਦੇਵ ਜੀ ਦੇ ਸੰਬੰਧ ਵਿਚ ਆਪ ਜੀ ਕੀ ਨਿਸਚਾ ਰੱਖਦੇ ਹੋ, ਇਹ ਆਪ ਜੀ 'ਤੇ ਸਾਡੀ ਕੋਈ ਬੇ-ਵਿਸ਼ਵਾਸੀ ਨਹੀਂ, ਕੇਵਲ ਅਸੀਂ ਆਪਣਾ ਨਿਸਚਾ ਦ੍ਰਿੜ੍ਹ ਕਰਨਾ ਚਾਹੁੰਦੇ ਹਾਂ, ਕਿਉਂਕਿ ਅਸੀਂ ਅਲਪੱਗ ਜੀਵ ਹਾਂ ਸਾਡੇ ਮਨਾਂ ਵਿਚ ਕਈ ਤਰ੍ਹਾਂ ਦੇ ਗ਼ਲਤ ਸੰਸਕਾਰ ਭੀ ਜਨਮ ਧਾਰਦੇ ਰਹਿੰਦੇ ਹਨ, ਇਸ ਲਈ ਅਸੀਂ ਭੀ ਆਪ ਜੀ ਦੇ ਸ਼ੁਭ ਵੀਚਾਰਾਂ ਨੂੰ ਧਾਰਨ ਕਰਕੇ ਆਪਣੇ ਮਨਾਂ ਦੀ ਅਡੋਲਤਾ ਚਾਹੁੰਦੇ ਹਾਂ, ਆਸ ਹੈ ਕਿ ਆਪ ਜੀ ਜ਼ਰੂਰ ਕ੍ਰਿਪਾ ਕਰੋਗੇ?

ਉ: ਹੇ ਭਾਈਓ! ਮੇਰਾ ਤਾਂ ਪੂਰਨ ਵਿਸ਼ਵਾਸ ਗੁਰੂ ਦੀ ਬਾਣੀ ਅਨੁਸਾਰ ਬੱਝਾ ਹੋਇਆ ਹੈ, ਕਿਉਂਕਿ ਸਤਿਗੁਰੂ ਜੀ ਦੀ ਬਾਣੀ ਧੁਰ ਦਰਗਾਹੋਂ ਆਇਆ ਸੱਚਾ ਸੰਦੇਸ਼ ਹੈ ਜੋ ਕਿ ਹਰ ਤਰ੍ਹਾਂ ਦੀ ਚਿੰਤਾ ਤੋਂ ਮਨੁੱਖ ਨੂੰ ਚਿੰਤਾ-ਰਹਿਤ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦੇ ਸੰਬੰਧ ਵਿਚ ਜੋ ਭੱਟਾਂ ਨੇ ਗੁਰੂ ਗ੍ਰੰਥ ਸਾਹਿਬ ਦੁਆਰੇ ਆਪਣਾ ਨਿਸਚਾ ਪ੍ਰਗਟਾਇਆ ਹੈ ਉਸ ਵਿਚ ਇਹੋ ਦਰਸਾਇਆ ਹੈ ਕਿ ਉਹ ਪਰਮੇਸ਼ਰ ਹੀ ਗੁਰੂ ਨਾਨਕ ਦੇਵ ਜੀ ਦਾ ਰੂਪ ਧਾਰ ਕੇ ਪ੍ਰਗਟ ਹੋਏ:

ਆਪਿ ਨਰਾਇਣੁ ਕਲਾ ਧਾਰਿ
ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥
ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥
ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ ॥

*(ਸਵਈਏ ਮ: ੩ ਕੇ, ਪੰਨਾ ੧੩੯੫)*

ਨਾਨਕ ਸੋਧੇ ਸਿੰਮ੍ਰਿਤਿ ਬੇਦ ॥
ਪਾਰਬ੍ਰਹਮ ਗੁਰ ਨਾਹੀ ਭੇਦ ॥੪॥

*(ਭੈਰਉ ਮ: ੫, ਪੰਨਾ ੧੧੪੨)*

ਇਸ ਤੋਂ ਆਦਿ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੋਰ ਭੀ ਬਹੁਤ ਸਾਰੇ ਉਦਾਹਰਣ ਮਿਲਦੇ ਹਨ ਜਿਨ੍ਹਾਂ ਦੁਆਰੇ ਬੋਧ ਮਿਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਸਰੂਪ ਪਰਮੇਸ਼ਰ ਨੇ ਆਪ ਹੀ ਧਾਰਨ ਕੀਤਾ ਹੈ। ਇਨ੍ਹਾਂ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਗੁੰਥਨ ਕੀਤੀਆਂ ਹਨ, ਜਿਵੇਂ ਕਿ:

(੧) (ਹੇ ਭਾਈਓ! ਮੇਰਾ ਤਾਂ ਪੂਰਨ ਨਿਸਚਾ ਹੈ ਕਿ) ਪਰਮੇਸ਼ਰ ਨੇ ਆਪ ਮੁਖੀ ਸਤਿਗੁਰੂ (ਗੁਰੂ ਨਾਨਕ ਦੇਵ ਜੀ ਨੂੰ) ਪੈਦਾ ਕੀਤਾ ਹੈ।
(੨) ਇਹ ਪ੍ਰਭੂ ਸੁਆਮੀ ਦਾ ਹੀ ਸਰੂਪ (ਗੁਰਦੇਵ ਜੀ) ਸਨ, ਜੋ ਪ੍ਰਗਟ ਰੂਪ ਵਿਚ ਸੰਸਾਰ 'ਤੇ ਉਜਾਗਰ ਹੋਏ।
(੩) ਪੰਜਾਂ ਤੱਤਾਂ ਦਾ ਵਿਸਥਾਰ ਕਰਕੇ ਇਕ ਚਲਿਤ (ਖੇਡ) ਨੂੰ ਰਚ ਦਿਤਾ ਹੈ।
(੪) ਚਾਰ ਖਾਣੀਆਂ, (ਅੰਡਜ, ਜੇਰਜ, ਸੇਤਜ ਤੇ ਉਤਭੁਜ) ਤੇ ਚਾਰ ਹੀ ਬਾਣੀਆਂ (ਪਰਾ, ਪਸੰਤੀ, ਮੱਧਮਾ ਅਤੇ ਬੈਖਰੀ) ਨਾਲ ਜਗਤ ਨੂੰ ਸਾਜ ਦਿਤਾ ਹੈ।
(੫) (ਉਸਦੀ) ਕੁਦਰਤ (ਰਚਨਾ ਤੇ ਪਸਾਰਾ) ਏਡਾ ਅਗਮ ਤੇ ਅਪਾਰ ਹੈ ਕਿ ਮਨ ਨਾਲ ਵੀਚਾਰ ਕੇ ਜਾਂ ਕੋਈ ਬੋਲ ਬੋਲ ਕੇ ਕੁਛ ਅੰਦਾਜ਼ਾ ਜਾਂ ਹਿਸਾਬ ਨਹੀਂ ਲਾਇਆ ਜਾ ਸਕਦਾ (ਕਿ ਕਿੰਨੀ ਕੁ ਵੱਡੀ ਉਸਦੀ ਕੁਦਰਤ ਹੈ)।
(੬) (ਉਹੀ) ਸੱਚਾ ਕਰਤਾਰ (ਜਿਸਨੇ ਇਹ ਸਭ ਕੁਝ ਬਣਾਇਆ ਹੈ, ਉਹ) ਸੱਚਾ (ਆਪ ਆਪਣੀ ਕੁਦਰਤ) ਵਿਚ ਸਮਾ ਰਿਹਾ ਹੈ, ਭਾਵ ਹਰ ਥਾਂ ਵਿਆਪਕ ਹੈ।੧।

***ਭਾਵਾਰਥ :*** ਉਹ ਗੁਰਬਾਣੀ ਦੇ ਫ਼ੁਰਮਾਨ ਅਨੁਸਾਰ ਕਰਤਾਰ ਇਉਂ ਹੀ ਵਿਆਪਕ ਵੇਖਣ ਵਿਚ ਆਉਂਦਾ ਹੈ, ਜਿਵੇਂ ਕਿ :

ਸਗਲ ਬਨਸਪਤਿ ਮਹਿ ਬੈਸੰਤਰੁ
ਸਗਲ ਦੂਧ ਮਹਿ ਘੀਆ ॥
ਊਚ ਨੀਚ ਮਹਿ ਜੋਤਿ ਸਮਾਣੀ
ਘਟਿ ਘਟਿ ਮਾਧਉ ਜੀਆ ॥੧॥

*(ਸੋਰਠਿ ਮ: ੫, ਪੰਨਾ ੬੧੭)*

ਭਾਵ ਹੈ ਕਿ ਜਿਵੇਂ ਸਾਰੀ ਬਨਾਸਪਤੀ ਵਿਚ ਸਮਾਨ ਅਗਨੀ ਵਿਆਪਕ ਹੈ, ਹਰ ਤਰ੍ਹਾਂ ਦੇ ਦੁਧ ਵਿਚ ਘਿਉ ਰਮਿਆ ਹੋਇਆ ਹੈ, ਇਸੇ ਤਰ੍ਹਾਂ ਹੀ ਉਹ ਪਰੀਪੂਰਨ ਪਰਮੇਸ਼ਰ ਸਾਰਿਆਂ ਘਟਾਂ ਘਟਾਂ ਵਿਚ ਵਿਆਪਕ ਹੈ। ਪਰ ਜਿਵੇਂ ਅੱਗ ਨੂੰ ਪਰਗਟ ਕਰਨ ਲਈ ਤੇ ਦੁਧ ਨੂੰ ਵੇਖਣ ਲਈ ਸਾਧਨ ਕਰਨਾ ਪੈਂਦਾ ਹੈ ਇਸੇ ਤਰ੍ਹਾਂ ਉਸ ਘਟਿ ਘਟਿ ਵਾਸੀ ਪਰਮੇਸ਼ਰ ਨੂੰ ਪ੍ਰਤੱਖਸ਼ ਰੂਪ ਵਿਚ ਵੇਖਣ ਲਈ ਮੁਸ਼ੱਕਤ ਕਰਨੀ ਪੈਂਦੀ ਹੈ।

## ੨. ਚੌਰਾਸੀ ਲਖ ਜੂਨ ਵਿਚ ਮਨੁੱਖਾ-ਜਨਮ ਦੀ ਉੱਤਮਤਾ ਹੈ

**੧. ਲਖ ਚੌਰਾਸੀਹ ਜੂਨ**
**ਫੇਰਿ ਫਿਰਾਇਆ।**
**੨. ਮਾਣਸ ਜਨਮੁ ਦੁਲੰਭ**
**ਕਰਮੀਂ ਪਾਇਆ।**
**੩. ਉਤਮੁ ਗੁਰਮੁਖ ਪੰਥੁ**
**ਆਪੁ ਗਵਾਇਆ।**
**੪. ਸਾਧਸੰਗਤਿ ਰਹਰਾਸਿ**
**ਪੈਰੀਂ ਪਾਇਆ।**
**੫. ਨਾਮੁ ਦਾਨੁ ਇਸ਼ਨਾਨੁ**
**ਸੱਚੁ ਦਿੜ੍ਹਾਇਆ।**
**੬. ਸ਼ਬਦ ਸੁਰਤਿ ਲਿਵ ਲੀਣੁ**
**ਭਾਣਾ ਭਾਇਆ ॥੨॥**

***ਪਦ ਅਰਥ :*** ਦੁਲੰਭ—ਦੁਰਲਭ, ਮੁਸ਼ਕਲ ਨਾਲ ਲੱਭਦਾ ਹੈ। ਰਹਰਾਸਿ—ਰਹੁ-ਰੀਤੀ। ਆਪੁ ਗਵਾਇਆ—ਆਪਾ-ਭਾਵ ਗਵਾਉਣਾ। ਭਾਇਆ—ਚੰਗਾ ਲੱਗਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਸੰਗਤ ਵਿਚ ਗੁਰਮਤ ਦੀਆਂ ਵੀਚਾਰਾਂ ਪ੍ਰਗਟਾਉਂਦੇ ਹੋਏ ਕਈ ਵਾਰ ਚੌਰਾਸੀ ਲੱਖ ਜੂਨਾਂ ਦਾ ਜ਼ਿਕਰ ਕਰਿਆ ਕਰਦੇ ਹੋ, ਕਿਉਂ ਜੀ! ਇਹ ਭੀ ਦੱਸਣ ਦੀ ਕ੍ਰਿਪਾ ਕਰੋਗੇ ਕਿ ਇਸ ਮਨੁੱਖ ਨੂੰ ਮਨੁੱਖਾ-ਜਨਮ ਕਿਵੇਂ ਪ੍ਰਾਪਤ ਹੋਇਆ ਅਤੇ ਇਸ ਜਾਮੇ ਦੀ ਬਾਕੀ ਦੀਆਂ ਜੂਨਾਂ ਨਾਲੋਂ ਕੀ ਵਿਸ਼ੇਸ਼ਤਾ ਹੈ, ਇਸ ਮਨੁੱਖ ਜੂਨੀ ਵਿਚ ਆਉਣ ਦਾ ਇਸਦਾ ਮੁੱਖ ਪ੍ਰਯੋਜਨ ਕੀ ਹੈ?

ਉ: ਹੇ ਭਾਈਓ! ਇਨ੍ਹਾਂ ਤੁਹਾਡੇ ਪ੍ਰਸ਼ਨਾਂ ਦਾ ਉੱਤਰ ਗੁਰਬਾਣੀ ਦੀ ਪੜਚੋਲ ਕਰਦਿਆਂ ਸਹਿਜੇ ਹੀ ਮਿਲ ਜਾਂਦਾ ਹੈ, ਜਿਵੇਂ ਕਿ ਇਸ ਮਨੁੱਖ ਨੂੰ ਮਨੁੱਖ-ਜਾਮਾ ਮਿਲਣ ਤੋਂ ਪਹਿਲੇ ਚੌਰਾਸੀ ਲੱਖ ਜੂਨਾਂ ਦੇ ਚੱਕ੍ਰ ਵਿਚ ਫਿਰਾਇਆ ਗਿਆ ਹੈ, ਜਿਸਦੀ ਜਾਣਕਾਰੀ ਬਾਣੀ ਵਿਚੋਂ ਮਿਲਦੀ ਹੈ, ਜਿਵੇਂ ਕਿ :

ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥
ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥੧॥ਰਹਾਉ॥
ਕਈ ਜਨਮ ਸੈਲ ਗਿਰਿ ਕਰਿਆ ॥
ਕਈ ਜਨਮ ਗਰਭ ਹਿਰਿ ਖਰਿਆ ॥
ਕਈ ਜਨਮ ਸਾਖ ਕਰਿ ਉਪਾਇਆ ॥
ਲਖ ਚਉਰਾਸੀਹ ਜੋਨਿ ਭ੍ਰਮਾਇਆ ॥੨॥

*(ਗਉੜੀ ਮ: ੫, ਪੰਨਾ ੧੭੬)*

ਭਾਵ ਇਸ ਮਨੁੱਖ ਸਰੀਰ ਮਿਲਣ ਤੋਂ ਪਹਿਲੇ ਇਸ ਜੀਵ ਨੇ ਕਈ ਜਨਮ ਕੀੜੇ, ਪਤੰਗੇ, ਮੱਛੀਆਂ, ਹਿਰਨਾਦਿਕਾਂ ਦੇ, ਪੰਛੀ, ਸੱਪ, ਘੋੜੇ, ਬੈਲ, ਪੱਥਰ, ਪਹਾੜਾਂ ਦੇ ਧਾਰਨ ਕੀਤੇ। ਅਨੇਕਾਂ ਜਨਮ ਖੇਤੀ ਆਦਿ ਬਣ ਕੇ ਪੈਦਾ ਹੁੰਦਾ ਰਿਹਾ। ਇਸ ਤਰ੍ਹਾਂ ਚੌਰਾਸੀ ਲੱਖ ਜੂਨਾਂ ਵਿਚ ਭਰਮਦਿਆਂ ਭਟਕਦਿਆਂ ਇਹ ਮਨੁੱਖ-ਦੇਹ ਪ੍ਰਾਪਤ ਹੋਈ ਹੈ। ਪ੍ਰੰਤੂ ਜਿਹੜੇ ਇਥੋਂ ਖੁੰਝ ਜਾਂਦੇ ਹਨ, ਉਹ ਫਿਰ ਇਥੇ ਚੌਰਾਸੀ ਦੇ ਗੇੜ ਵਿਚ ਪੈ ਜਾਂਦੇ ਹਨ।

ਇਸ ਲਈ ਸਤਿਗੁਰੂ ਜੀ ਪਵਿੱਤ੍ਰ ਬਾਣੀ ਵਿਚ ਸਾਨੂੰ ਬਾਰ ਬਾਰ ਉਪਦੇਸ਼ ਕਰਦੇ ਹਨ ਕਿ ਹੇ ਭਾਈ! ਮਨੁੱਖ-ਜਨਮ ਇਕ ਅਜਿਹਾ ਸਮਾਂ ਹੈ ਜੋ ਬਾਰ ਬਾਰ ਨਹੀਂ ਮਿਲ ਸਕੇਗਾ, ਇਸ ਲਈ ਇਹੋ ਇਕ ਗੋਬਿੰਦ ਨਾਲ ਮਿਲਣ ਦੀ ਵਾਰੀ ਹੈ। ਇਹੋ ਬਾਣੀ ਵਿਚੋਂ ਪ੍ਰੇਰਨਾ ਮਿਲਦੀ ਹੈ:

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

*(ਆਸਾ ਮ: ੫, ਪੰਨਾ ੧੨)*

ਇਹੀ ਤੇਰੀ ਅਉਸਰੁ ਇਹ ਤੇਰੀ ਬਾਰ ॥
ਘਟ ਭੀਤਰਿ ਤੂ ਦੇਖੁ ਬਿਚਾਰਿ ॥

*(ਭੈਰਉ ਕਬੀਰ ਜੀ, ਪੰਨਾ ੧੧੫੯)*

ਅਨਿਕ ਜਨਮ ਭ੍ਰਮਤੌ ਹੀ ਆਇਓ
ਮਾਨਸ ਜਨਮੁ ਦੁਲਭਾਹੀ ॥ *(ਸਾਰਗ ਮ: ੫, ਪੰਨਾ ੧੨੦੭)*

ਲਖ ਚਉਰਾਸੀਹ ਭ੍ਰਮਤੇ ਭ੍ਰਮਤੇ
ਦੁਲਭ ਜਨਮੁ ਅਬ ਪਾਇਓ ॥੧॥

*(ਮਾਰੂ ਮ: ੫, ਪੰਨਾ ੧੦੧੭)*

ਲਖ ਚਉਰਾਸੀਹ ਭ੍ਰਮਤਿਆ
ਦੁਲਭ ਜਨਮੁ ਪਾਇਓਇ ॥
ਨਾਨਕ ਨਾਮੁ ਸਮਾਲਿ ਤੂੰ
ਸੋ ਦਿਨੁ ਨੇੜਾ ਆਇਓਇ ॥੪॥

*(ਸਿਰੀ ਰਾਗੁ ਮ: ੫, ਪੰਨਾ ੫੦)*

ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ
ਇਹੁ ਅਉਸਰੁ ਕਤ ਪਈ ਹੈ ॥੩॥

*(ਗੂਜਰੀ ਕਬੀਰ ਜੀ, ਪੰਨਾ ੫੨੪)*

ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ ॥

*(ਵਡਹੰਸੁ ਮ: ੩, ਪੰਨਾ ੫੬੫)*

ਨਾਨਕ ਮਾਣਸ ਜਨਮੁ ਦੁਲੰਭੁ ਹੈ
ਸਤਿਗੁਰਿ ਬੂਝਿ ਬੁਝਾਈ ॥੩॥ *(ਵਡਹੰਸੁ ਮ: ੩, ਪੰਨਾ ੫੬੯)*

ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ ॥

*(ਸੂਹੀ ਮ: ੧, ਪੰਨਾ ੭੫੧)*

ਇਹੁ ਮਾਣਸ ਜਨਮੁ ਦੁਲੰਭ ਹੈ
ਨਾਮੁ ਬਿਨਾ ਬਿਰਥਾ ਸਭੁ ਜਾਏ ॥

*(ਆਸਾ ਮ: ੪, ਪੰਨਾ ੪੫੦)*

ਲਖ ਚਉਰਾਸੀਹ ਜੋਨਿ ਸਬਾਈ ॥
ਮਾਣਸ ਕਉ ਪ੍ਰਭਿ ਦੀਈ ਵਡਿਆਈ ॥
ਇਸੁ ਪਉੜੀ ਤੇ ਜੋ ਨਰੁ ਚੂਕੈ
ਸੋ ਆਇ ਜਾਇ ਦੁਖੁ ਪਾਇਦਾ ॥੨॥

*(ਮਾਰੂ ਮ: ੫, ਪੰਨਾ ੧੦੭੫)*

ਲਖ ਚਉਰਾਸੀਹ ਫਿਰਿ ਫਿਰਿ ਆਵੈ
ਬਿਰਥਾ ਜਨਮੁ ਗਵਾਇਆ ॥੪॥

*(ਸ੍ਰੀ ਰਾਗੁ ਮ: ੩, ਪੰਨਾ ੬੯)*

ਕਬੀਰ ਮਾਨਸ ਜਨਮੁ ਦੁਲੰਭੁ ਹੈ
ਹੋਇ ਨ ਬਾਰੈ ਬਾਰ ॥
ਜਿਉ ਬਨ ਫਲ ਪਾਕੇ ਭੁਇ ਗਿਰਹਿ
ਬਹੁਰਿ ਨ ਲਾਗਹਿ ਡਾਰ ॥੩੦॥

*(ਸਲੋਕ ਭਗਤ ਕਬੀਰ ਜੀ, ਪੰਨਾ ੧੩੬੬)*

ਇਸੇ ਤਰ੍ਹਾਂ ਬਾਣੀ ਵਿਚ ਮਨੁੱਖ ਜਾਮੇ ਦੀ ਦੁਰਲੱਭਤਾ ਦੇ ਸੰਬੰਧ ਵਿਚ ਹੋਰ ਭੀ ਬਹੁਤ ਸਾਰੇ ਉਦਾਹਰਣ ਮਿਲਦੇ ਹਨ, ਜਿਸਨੂੰ ਪ੍ਰਭੂ-ਮਿਲਾਪ ਦਾ ਇਕ ਵਿਸ਼ੇਸ਼ ਸਾਧਨ ਮੰਨਿਆ ਗਿਆ ਹੈ। ਬਾਕੀ ਦੇ ਜੋ ਚੌਰਾਸੀ ਲੱਖ ਜੀਵ ਹਨ, ਇਨ੍ਹਾਂ ਨੂੰ ਭੋਗ ਜੂਨੀ ਮੰਨਿਆ ਹੈ ਅਤੇ ਇਸ ਮਨੁੱਖ ਜੂਨੀ ਨੂੰ ਕਰਮ ਜੂਨੀ ਮੰਨਿਆ ਹੈ ਭਾਵ ਮਨੁੱਖ ਸੰਸਾਰ ਵਿਚ ਕੁਝ ਕਰਮ ਕਰਨ ਲਈ ਆਇਆ ਹੈ,

ਪਰ ਬਾਕੀ ਜੋਨਾਂ ਕੇਵਲ ਕੀਤੇ ਕਰਮਾਂ ਦਾ ਫਲ ਭੋਗਣ ਆਈਆਂ ਹਨ, ਕੁਝ ਕਰਨ ਲਈ ਨਹੀਂ। ਇਸੇ ਲਈ ਅਸੀਂ ਵੇਖਦੇ ਆ ਰਹੇ ਹਾਂ ਕਿ ਪਸ਼ੂਆਂ ਦੇ ਖਾਣ ਪੀਣ ਦਾ ਸੰਕੇਤ ਜੋ ਬੱਝਾ ਹੋਇਆ ਹੈ, ਉਹ ਹਜ਼ਾਰਾਂ ਸਾਲਾਂ ਤੋਂ ਉਸੇ ਤਰ੍ਹਾਂ ਚਲਿਆ ਆ ਰਿਹਾ ਹੈ ਉਸ ਵਿਚ ਕੋਈ ਬਦਲ ਨਹੀਂ ਆਈ, ਪਰ ਮਨੁੱਖ ਨੇ ਹਰ ਪਖੋਂ ਹੀ ਅਜੋਕੇ ਸਮੇਂ ਵਿਚ ਹਰ ਤਰ੍ਹਾਂ ਦੀ ਤਰੱਕੀ ਕੀਤੀ ਹੈ, ਇਸ ਲਈ ਮਨੁੱਖ ਨੂੰ ਜਿਥੇ ਹਰ ਪਖੋਂ ਅੱਗੇ ਵਧਣ ਦਾ ਚਾਨਸ ਮਿਲਿਆ ਹੈ ਇਸੇ ਤਰ੍ਹਾਂ ਉਸ ਆਪਣੇ ਵਿਛੜੇ ਹੋਏ ਰੱਬ ਦੇ ਮਿਲਾਪ ਦਾ ਉਪਰਾਲਾ ਭੀ ਕਰ ਸਕਦਾ ਹੈ ਜੋ ਕਿ ਕਿਸੇ ਹੋਰ ਜੂਨ ਵਿਚ ਨਹੀਂ ਕੀਤਾ ਜਾ ਸਕਦਾ। ਸੋ, ਮੈਂ ਭੀ ਇਸ ਉਪ੍ਰੋਕਤ ਬਾਣੀ ਦੇ ਭਾਵ ਤੋਂ ਪ੍ਰੇਰਤ ਹੋ ਕੇ ਇਸ ਪਉੜੀ ਦੀਆਂ ਕੁਝ ਸਤਰਾਂ ਉਲੀਕੀਆਂ ਹਨ, ਜਿਸ ਵਿਚ ਹਰ ਮਨੁਖ-ਮਾਤਰ ਨੂੰ ਇਹੋ ਪ੍ਰੇਰਨਾ ਕੀਤੀ ਗਈ ਹੈ ਕਿ ਐ ਮਨੁੱਖ! ਤੈਨੂੰ ਬਾਣੀ ਦੁਆਰੇ ਸਤਿਗੁਰੂ ਜੀ ਨੇ ਬਾਰ ਬਾਰ ਇਹੋ ਗਿਆਨ ਦ੍ਰਿੜ੍ਹ ਕਰਵਾਇਆ ਹੈ ਕਿ ਤੂੰ ਚੌਰਾਸੀ ਲੱਖ ਜੂਨਾਂ ਵਿਚ ਭਟਕਦਾ ਭਰਮਦਾ ਇਸ ਮਨੁੱਖ ਸਰੀਰ ਵਿਚ ਆਇਆ ਹੈ, ਇਸ ਦੁਰਲੱਭ ਜਨਮ ਨੂੰ ਸਫਲ ਕਰਨ ਲਈ ਸੰਗਤ ਦੁਆਰਾ ਉਸ ਵਾਹਿਗੁਰੂ ਦੀ ਬੰਦਗੀ ਕਰ, ਕਿਉਂਕਿ ਇਹ ਸਮਾਂ ਫਿਰ ਨਹੀਂ ਮਿਲੇਗਾ।

(੧) (ਹੇ ਜੀਵ! ਤੂੰ ਵੀਚਾਰ ਕੇ ਵੇਖ ਕਿ ਪਰਮੇਸ਼ਰ ਨੇ) ੮੪ ਲੱਖ ਜੂਨਾਂ ਵਿਚ ਫੇਰ ਫੇਰ ਕੇ (ਭੁਆਟਣੀਆਂ ਦਿਤੀਆਂ, ਭਾਵ ਕਈ ਕੁਝ ਬਣਕੇ ਜੰਮਿਆਂ, ਮਰਿਆ ਤੇ ਫਿਰ ਕੁਝ ਹੋਰ ਇਸ ਤਰ੍ਹਾਂ ਦਾ ਚੱਕਰ-ਫੇਰ ਬਣਾਈ ਰੱਖਿਆ)।

(੨) (ਵੀਚਾਰ ਕੇ ਵੇਖ ਕਿ ਇਹ) ਮਨੁੱਖਾ-ਜਨਮ ਵੱਡੀ ਦੁਰਲੱਭ ਜੂਨੀ ਹੈ, ਜੋ ਕਰਮਾਂ ਭਾਵ (ਬਖ਼ਸ਼ਸ਼ਾਂ) ਨਾਲ ਪ੍ਰਾਪਤ ਹੋਈ ਹੈ।

(੩) (ਫਿਰ ਮਨੁੱਖਾ-ਜਨਮ ਵਿਚ ਅਗੋਂ) ਗੁਰਮੁਖਾਂ (ਗੁਰੂ ਨਾਨਕ ਦਾ ਚਲਾਇਆ ਗਾਡੀ ਰਾਹੁ) ਉੱਤਮ ਪੰਥ ਹੈ, ਕਿਉਂਕਿ ਇਹ ਆਪਾ-ਭਾਵ (ਦੂਈ ਦ੍ਵੈਤ) ਨੂੰ ਗਵਾਉਣ 'ਤੇ ਪ੍ਰਾਪਤ ਹੁੰਦਾ ਹੈ।

(੪) (ਕਿਵੇਂ ਪ੍ਰਾਪਤ ਹੋਇਆ ?) ਸਾਧ ਸੰਗਤ ਵਿਚ ਜਾ ਕੇ (ਗੁਰਮੁਖਾਂ ਵਾਲੀ) ਰਹੁ-ਰੀਤੀ (ਤੇ ਚੱਲਣ ਨਾਲ) ਪੈਰੀਂ ਪੈਣ (ਨਿੰਮ੍ਰਤਾ ਧਾਰਨ) ਨਾਲ ਮਿਲਿਆ।

(੫) ਫਿਰ ਸਾਧ ਸੰਗਤ ਦੇ ਮਿਲਾਪ ਤੋਂ ਨਾਮ, ਦਾਨ, ਇਸ਼ਨਾਨ ਤੇ ਸੱਚ ਨੂੰ ਆਪਣੇ ਜੀਵਨ ਦਾ ਦ੍ਰਿੜ੍ਹਤਾ ਨਾਲ (ਅੰਗ ਬਣਾ ਲਿਆ)।

(੬) ਸਦਾ ਹੀ ਗੁਰ ਸ਼ਬਦ ਵਿਚ (ਧਿਆਨ) ਸੁਰਤੀ ਨੂੰ ਜੋੜੀ ਰੱਖਣਾ ਲਿਵਲੀਨ ਹੋ ਕੇ (ਪ੍ਰਭੂ ਦੇ) ਭਾਣੇ ਨੂੰ ਹੀ ਚੰਗਾ ਜਾਣਨ ਲੱਗ ਜਾਣਾ (ਇਹ ਗੁਰਮੁਖਾਂ ਦੀ ਰਹੁ-ਰੀਤੀ ਹੈ)।੨।

***ਭਾਵਾਰਥ*** : ਇਸ ਲਈ ਸਤਿਗੁਰੂ ਜੀ ਨੇ ਇਸ ਮਨੁੱਖ ਨੂੰ ਬਾਰ ਬਾਰ ਪ੍ਰੇਰਨਾ ਕੀਤੀ ਹੈ ਕਿ ਹੇ ਪ੍ਰਾਣੀ! ਤੂੰ ਪ੍ਰਭੂ ਦਾ ਭਜਨ ਕਰ ਲੈ ਕਿਉਂਕਿ ਇਹ ਮਨੁੱਖਤਾ ਰੂਪ ਚੰਗਾ ਅਉਸਰ ਦਿਨੋ ਰਾਤ ਬੀਤਦਾ ਜਾ ਰਿਹਾ ਹੈ, ਅੱਜ ਕਲ ਵਿਚ ਹੀ ਤੈਨੂੰ ਕਾਲ ਨੇ ਆ ਗ੍ਰਸਣਾ ਹੈ, ਇਸ ਲਈ ਹਜ਼ੂਰ ਬਾਣੀ ਵਿਚ ਹਿਦਾਇਤ ਕਰਦੇ ਹਨ :

ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ ॥
*(ਸੋਰਠਿ ਮ: ੯, ਪੰਨਾ ੬੩੧)*

ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ ॥
*(ਤਿਲੰਗ ਮ: ੯, ਪੰਨਾ ੭੨੭)*

ਇਸੇ ਭਾਵ ਦੇ ਪਿਛੇ ਹੋ ਗੁਜ਼ਰੇ ਬੁਧੀਜੀਵਆਂ ਨੇ ਭੀ ਆਪਣੇ ਵੀਚਾਰ ਅੰਕਤ ਕੀਤੇ ਹਨ, ਜਿਵੇਂ ਕਿ :

ਕਬਿਤੁ—ਸੁਨ ਰੇ ਅਜਾਨ ਤੇਰੋ ਮੂਲ ਨੁਕਸਾਨ ਹੋਤ
ਭੂਲਿਓ ਨਿਜ ਗਿਆਨ ਕਹਾਂ ਸੋਚ ਕਰੇ ਮਾਲ ਕੀ।
ਬਡੇ ਬਡੇ ਛੱਤ੍ਰ ਧਾਰੀ ਤੇਜ ਵੰਤ ਰੂਪ ਭਾਰੀ
ਛਾਡ ਛਾਡ ਗਏ ਘੋੜੇ, ਹਾਥੀ, ਰਥ, ਪਾਲਕੀ।
ਚਾਰ ਦਿਨ ਜੀਵਨ ਵੀਚਾਰ ਦੇਖ ਹਾਨ ਲਾਭ
ਹੋਇ ਗੋ ਹੈਰਾਨ ਜਬ ਹਾਕ ਪਰੇ ਕਾਲ ਕੀ।
ਬ੍ਰਿਥਾ ਬਿਤਾਓ ਨਾਹੀਂ ਅਵਧ ਅਮੋਲ ਸਾਸ
ਏਕ ਏਕ ਘਰੀ ਜਾਤ ਲਾਖ ਲਾਖ ਲਾਲ ਕੀ।
ਸਾਸ ਕੇ ਭਰੋਸੇ ਮਾਸ ਗੜ ਮੇਂ ਨਿਵਾਸ ਪਾਇਓ
ਆਸਾ ਮਨ ਮਾਹੇਂ ਕਰੇਂ ਮਾਨੁੱਖ ਸਰੀਰੋਂ ਕੀ।
ਪ੍ਰਮ ਦਿਆਲ ਪ੍ਰਭ ਤਾਂ ਹੀ ਕੋ ਨ ਯਾਦ ਕੀਓ
ਲੇਤ ਜੋ ਖਬਰ ਰੋਜ਼ ਪਾਹਨ ਮੇਂ ਕੀਰੋਂ ਕੀ।
ਭਜਨ ਬਿਹੀਨ ਜਮਦੀਨ ਕਰੇ ਅੰਤ ਸਮੇਂ ਨੀਚ ਗਤੀ
ਹੋਤ ਤਾਹਿ ਨਿੰਦਕ ਬੇਪੀਰੋਂ ਕੀ।
ਬ੍ਰਿਥਾ ਬਿਤਾਓ ਨਾਹੀਂ ਅਵਧ ਅਮੋਲ ਲਾਲ
ਏਕ ਏਕ ਘਰੀ ਜਾਤ ਲਾਖ ਲਾਖ ਹੀਰੋਂ ਕੀ।

ਭਾਵਰਸਿਮ੍ਰਿਤ ਦੇ ਕਰਤਾ ਗੁਲਾਬ ਸਿੰਘ ਜੀ ਭੀ ਆਪਣੇ ਵੀਚਾਰ ਅੰਕਤ ਕਰਦੇ ਹਨ :

ਜਗ ਮਾਨਵ ਦੇਹ ਮਿਲੈ ਨ ਸਦਾ
ਨਰ ਨਾਮ ਭਜੋ ਜਿਹ ਤੇ ਸੁਖ ਪਾਵੇ।
ਜਗ ਭੋਗ ਵਿਰਾਟਕ ਕੇ ਬਦਲੇ
ਨ ਅਮੋਲਕ ਲਾਲ ਅਕਾਜ ਗਵਾਵੋ।

ਲਰਕਾਪਨ ਜਾਠਰ ਮੈਂ ਬਲਧੀਨ
ਸੋ ਜੋਬਨ ਮੈਂ ਦ੍ਰਿੜ ਪੁੰਨ ਕਮਾਵੋ।
ਸੁਭ ਸੀਖ ਇਹੈ ਜਨ ਮਾਨ ਚਲੋ,
ਜਿਹ ਤੇ ਨਹਿ ਅੰਤ ਸਮੇਂ ਪਛਤਾਵੋ।

ਸੋ, ਇਸ ਦੁਰਲੱਭ ਮਨੁੱਖ-ਦੇਹੀ ਦਾ ਮੁਖ ਪ੍ਰਯੋਜਨ ਕੇਵਲ ਇਹੋ ਹੀ ਹੈ ਕਿ ਪ੍ਰਭੂ ਦਾ ਸਿਮਰਨ ਕਰਕੇ ਉਸ ਪ੍ਰਭੂ ਨਾਲ ਸਦੀਵੀ ਮਿਲਾਪ ਕਰਨਾ।

## ੩. ਗੁਰਮੁਖਾਂ ਦੀ ਜੀਵਨ-ਜੁਗਤਿ

**੧. ਗੁਰਮੁਖ ਸੁਘੜ ਸੁਜਾਣ**
**ਗੁਰ ਸਮਝਾਇਆ।**
**੨. ਮਿਹਮਾਣੀ ਮਿਹਮਾਣ**
**ਮਜਲਸਿ ਆਇਆ।**
**੩. ਖਾਵਾਲੇ ਸੋ ਖਾਣੁ**
**ਪੀਐ ਪੀਆਇਆ।**
**੪. ਕਰੈ ਨ ਗਰਬ ਗੁਮਾਨ**
**ਹਸੈ ਹਸਾਇਆ।**
**੫. ਪਾਹੁਨੜਾ ਪਰਵਾਨ**
**ਕਾਜ ਸੁਹਾਇਆ।**
**੬. ਮਜਲਸ ਕਰਿ ਹੈਰਾਨ ਉਠਿ ਸਿਧਾਇਆ ॥੩॥**

***ਪਦ ਅਰਥ :*** ਸੁਘੜ—ਸਿਆਣਾ, ਚਤਰ। ਮਿਹਮਾਣੀ—ਪਰਾਹੁਣਚਾਰੀ। ਮਿਹਮਾਣ—ਪਰਾਹੁਣਾ। ਮਜਲਸਿ—ਸਭਾ, ਇਕੱਠ। ਕਾਜ ਸੁਹਾਇਆ—ਚੰਗਾ ਕੰਮ। ਹੈਰਾਨ—ਅਸਚਰਜ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਦੋਂ ਚੌਹਾਂ ਚੱਕਾਂ ਵਿਚ ਅਸੀਂ ਨਜ਼ਰ ਮਾਰਦੇ ਹਾਂ ਤਾਂ ਵੇਖਣ ਵਿਚ ਆਉਂਦਾ ਹੈ ਕਿ ਸੈਂਕੜੇ ਨਹੀਂ ਹਜ਼ਾਰਾਂ ਤੋਂ ਭੀ ਵਧੇਰੇ ਲੋਕ ਗੁਰੂ ਦੀ ਸੰਗਤ ਵਿਚ ਆਉਂਦੇ ਤੇ ਬਾਣੀ ਦਾ ਪਾਠ ਕਰਦੇ ਅਤੇ ਕਥਾ ਕੀਰਤਨ ਭੀ ਕਰਦੇ ਸੁਣਦੇ ਹਨ, ਇਸ ਨਿਯਮ ਵਿਚ ਵਰਤਦਿਆਂ ਭੀ ਉਨ੍ਹਾਂ ਨੂੰ ਜੀਵਨ ਦਾ ਬਹੁਤ ਸਮਾਂ ਗੁਜ਼ਰ ਗਿਆ, ਪਰ ਉਨ੍ਹਾਂ ਦੀ ਜੀਵਨ ਸ਼ੈਲੀ ਵਿਚ ਕੋਈ ਭੀ ਬਦਲ ਨਹੀਂ ਆਈ। ਕਿਉਂ ਜੀ! ਇਸਦਾ ਸਹੀ ਕਾਰਨ ਕੀ ਹੈ?

ਉ: ਹੇ ਭਾਈਓ! ਅਸਲ ਵਿਚ ਅਜੇਹੇ ਲੋਕਾਂ ਨੇ ਗੁਰੂ ਦੇ ਦਰਬਾਰ ਵਿਚ ਆਉਣ ਦੇ ਮੁਖ ਪ੍ਰਯੋਜਨ ਨੂੰ ਹੀ ਨਹੀਂ ਸਮਝਿਆ, ਕਿਉਂਕਿ ਗੁਰੂ ਦੀ ਸੰਗਤ ਵਿਚ ਆਉਣ ਦਾ ਮੁਖ ਪ੍ਰਯੋਜਨ ਤਾਂ ਇਹੋ ਹੈ ਕਿ ਗੁਰੂ ਵਲੋਂ ਜੋ ਸਤਿ ਦੀ ਪ੍ਰਾਪਤੀ ਦਾ ਉਪਦੇਸ਼ ਮਿਲ ਰਿਹਾ ਹੈ, ਉਸਦੇ ਧਾਰਨੀ ਹੋਣਾ, (ਭਾਵ, ਗੁਰਿ ਕਹਿਆ ਸਾ ਕਾਰ ਕਮਾਵਹੁ) ਪਰ ਜੇ ਕੋਈ ਇਸ ਧਾਰਨਾ ਤੋਂ ਸੱਖਣਾ ਹੈ ਤਾਂ ਉਸਦਾ ਗੁਰੂ ਦਰਬਾਰ ਵਿਚ ਹਮੇਸ਼ਾਂ ਆਉਂਦੇ ਰਹਿਣਾ ਭੀ ਨਿਸਫਲ ਹੈ, ਜਿਵੇਂ ਕਿ ਬਾਣੀ ਦਾ ਫ਼ੁਰਮਾਨ ਹੈ:

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ
ਜਿਚਰੁ ਸਬਦਿ ਨ ਕਰੇ ਵੀਚਾਰੁ॥
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ॥

*(ਸਲੋਕੁ ਮ: ੩, ਪੰਨਾ ੫੯੪)*

ਭਾਵ, ਹੈ ਕਿ ਜੇ ਸੰਗਤ ਵਿਚ ਆ ਕੇ ਗੁਰੂ ਦੇ ਸ਼ਬਦ ਦੀ ਵੀਚਾਰ ਨੂੰ ਹਿਰਦੇ ਅੰਦਰ ਧਾਰਨ ਨਹੀਂ ਕੀਤਾ, ਅਤੇ ਨਾ ਹੀ ਹਉਮੈ ਦੀ ਮੈਲ ਨੂੰ ਦੂਰ ਕਰਕੇ ਨਾਮ ਨਾਲ ਪਿਆਰ ਹੀ ਲਗਾ ਹੈ, ਤਾਂ ਇਸ ਤਰ੍ਹਾਂ ਦਾ ਆਉਣਾ ਜੇ ਕੋਈ ਸਾਰੀ ਉਮਰ ਭਰ ਭੀ ਆਉਂਦਾ ਰਵੇ ਤਾਂ ਭੀ ਉਸਨੂੰ ਕੋਈ ਲਾਭ ਨਹੀਂ ਮਿਲ ਸਕੇਗਾ।

ਸੰਗਤ ਵਿਚ ਆਉਣ ਵਾਲੇ ਸੱਜਣਾਂ ਵਿਚੋਂ ਉਸੇ ਨੂੰ ਹੀ ਗੁਰਮੁਖ ਕਿਹਾ ਜਾ ਸਕਦਾ ਹੈ ਕਿ ਜੋ ਗੁਰੂ ਨੇ ਉਪਦੇਸ਼ ਸਮਝਾਇਆ ਹੈ, ਉਸਦੇ ਅਨੁਸਾਰੀ ਹੋ ਜੀਵਨ ਗੁਜ਼ਾਰਨਾ ਕਰੇ, ਜਿਵੇਂ ਕਿ:

ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ॥
ਦੂਜਾ ਭਰਮੁ ਗੁਰ ਸਬਦਿ ਜਲਾਏ॥
ਕਾਇਆ ਅੰਦਰਿ ਵਣਜੁ ਕਰੇ ਵਾਪਾਰਾ
ਨਾਮੁ ਨਿਧਾਨੁ ਸਚੁ ਪਾਵਣਿਆ॥੬॥

*(ਮਾਝ ਮ: ੩, ਪੰਨਾ ੧੧੫)*

ਗੁਰਮੁਖਿ ਅਨਦਿਨੁ ਸਬਦੇ ਰਾਤਾ॥
ਗੁਰਮੁਖਿ ਜੁਗ ਚਾਰੇ ਹੈ ਜਾਤਾ॥
ਗੁਰਮੁਖਿ ਗੁਣ ਗਾਵੈ ਸਦਾ ਨਿਰਮਲੁ
ਸਬਦੇ ਭਗਤਿ ਕਰਾਵਣਿਆ॥੬॥

*(ਮਾਝ ਮ: ੩, ਪੰਨਾ ੧੨੫)*

ਗੁਰਮੁਖਿ ਅੰਮ੍ਰਿਤੁ ਨਾਮੁ ਹੈ
ਜਿਤੁ ਖਾਧੈ ਸਭ ਭੁਖ ਜਾਇ॥
ਤ੍ਰਿਸਨਾ ਮੂਲਿ ਨ ਹੋਵਈ ਨਾਮੁ ਵਸੈ ਮਨਿ ਆਇ॥
*(ਸਲੋਕ ਮ: ੩, ਪੰਨਾ ੧੨੫੦)*

ਮਨਮੁਖਿ ਕਰਮ ਕਮਾਵਣੇ ਹਉਮੈ ਅੰਧੁ ਗੁਬਾਰੁ॥
ਗੁਰਮੁਖਿ ਅੰਮ੍ਰਿਤੁ ਪੀਵਣਾ
ਨਾਨਕ ਸਬਦੁ ਵੀਚਾਰਿ॥੧॥ *(ਮ: ੩, ਪੰਨਾ ੬੪੬)*

ਗੁਰਮੁਖਿ ਰਾਗ ਸੁਆਦ ਅਨ ਤਿਆਗੇ॥
ਗੁਰਮੁਖਿ ਇਹੁ ਮਨੁ ਭਗਤੀ ਜਾਗੇ॥
*(ਆਸਾ ਮ: ੧, ਪੰਨਾ ੪੧੫)*

ਗੁਰਮੁਖਿ ਇਹੁ ਮਨੁ ਲਇਆ ਸਵਾਰਿ॥
ਹਉਮੈ ਵਿਚਹੁ ਤਜੈ ਵਿਕਾਰ॥੩॥
*(ਧਨਾਸਰੀ ਮ: ੩, ਪੰਨਾ ੬੬੫)*

ਗੁਰਮੁਖਿ ਹੋਇ ਸੁ ਹੁਕਮੁ ਪਛਾਣੈ
ਮਾਨੈ ਹੁਕਮੁ ਸਮਾਇਦਾ॥੯॥ *(ਮਾਰੂ ਮ: ੧, ਪੰਨਾ ੧੦੩੭)*

ਗੁਰਮੁਖਿ ਅਲਿਪਤੁ ਲੇਖੁ ਕਦੇ ਨ ਲਾਗੈ
ਸਦਾ ਰਹੈ ਸਰਣਾਈ॥
*(ਪ੍ਰਭਾਤੀ ਮ: ੧, ਪੰਨਾ ੧੩੪੪)*

ਗੁਰਮੁਖਿ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ
ਗੁਰਮੁਖਿ ਸਹਜਿ ਸਮਾਵਣਿਆ॥੪॥
*(ਮਾਝ ਮ: ੩, ਪੰਨਾ ੧੨੫)*

ਇਹ ਉਨ੍ਹਾਂ ਗੁਰਮੁਖਾਂ ਦੀ ਧਾਰਨਾ ਹੈ, ਜਿਨ੍ਹਾਂ ਨੇ ਗੁਰੂ ਦੀ ਚਰਨ ਸ਼ਰਨ ਵਿਚ ਆ ਕੇ ਗੁਰੂ ਦੇ ਦਿਤੇ ਉਪਦੇਸ਼ ਨੂੰ ਧਾਰਨ ਕਰਕੇ ਆਪਣੇ ਆਪ ਨੂੰ ਰੱਬੀ ਮਾਰਗ 'ਤੇ ਟੋਰਦਿਆਂ ਆਪਣੀ ਜੀਵਨ ਯਾਤਰਾ ਨੂੰ ਸਫਲਾਇਆ ਹੈ, ਇਸ ਤਰ੍ਹਾਂ ਬਾਣੀ ਵਿਚ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਦੀ ਪ੍ਰੇਰਨਾ ਲੈ ਕੇ ਮੈਂ ਇਹ ਪਉੜੀ ਦੀ ਰਚਨਾ ਰਚੀ ਹੈ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਗੁਰੂ ਦੇ ਉਪਦੇਸ਼ ਨੂੰ ਧਾਰਨ ਵਾਲੇ) ਗੁਰੂ ਜੀ ਦੇ ਸਮਝਾਏ ਤੇ ਸਿਖਾਏ ਗੁਰਮੁਖ (ਆਪ ਤੋਂ ਆਪ ਹੀ) ਸਿਆਣੇ ਤੇ ਸੁਜਾਣ (ਮੰਨੇ ਜਾਣ ਵਾਲੇ ਚਤਰ) ਹੁੰਦੇ ਹਨ। (ਭਾਵ ਵਿਹਾਰ ਪਰਮਾਰਥ ਵਿਚ ਸੁਚੇਤ ਹਨ)।

(੨) (ਉਹ ਸੰਸਾਰ ਵਿਚ) ਆਏ ਹਨ, ਪ੍ਰਾਹੁਣਿਆਂ ਵਾਂਗ ਜੋ ਠੀਕ ਪ੍ਰਾਹੁਣਚਾਰੀ ਕਰਦੇ ਤੇ ਕਰਾਉਂਦੇ ਹਨ (ਕਾਰ-ਵਿਹਾਰ ਤੇ ਪ੍ਰਮਾਰਥ ਨੂੰ ਠੀਕ ਢੰਗ ਨਾਲ ਨਿਭਾਉਂਦੇ ਹਨ)।

(੩) (ਜੋ ਭੀ ਸੰਸਾਰ ਦਾ ਮਾਲਕ, ਪ੍ਰਭੂ) ਉਨ੍ਹਾਂ ਨੂੰ ਘਰ ਵਿਚ ਖਾਣ ਲਈ ਦਿੰਦਾ ਹੈ, ਉਹੀ ਖਾਂਦੇ ਹਨ, ਜੋ ਪੀਣ ਨੂੰ ਮਿਲਦਾ ਹੈ ਉਹ ਪੀਂਦੇ ਹਨ (ਭਾਵ ਲੋਭ ਲਾਲਚ ਤੋਂ ਸੁਤੰਤ੍ਰ ਹਨ)।

(੪) (ਉਹ ਕਿਸੇ ਗੱਲ ਦਾ) ਹੰਕਾਰ ਜਾਂ ਗਰਬ ਗੁਮਾਨ ਨਹੀਂ ਕਰਦੇ। (ਜਿਤਨਾ ਕੁ ਪ੍ਰਭੂ) ਹੱਸਣ ਦਾ ਸਮਾਂ ਦੇਵੇ ਜਾਂ ਹਸਾਵੇ ਓਨਾ ਕੁ ਹੀ ਹੱਸਦੇ ਹਨ (ਉਹ ਵਾਧੂ ਗੱਪ-ਗਿਆਨ ਦੇ ਹਾਸਿਆਂ ਤੋਂ ਨਿਰਲੇਪ ਰਹਿੰਦੇ ਹਨ)।

(੫) ਸੰਸਾਰ ਤੇ ਪ੍ਰਾਹੁਣੇ ਵਾਂਗ ਆਉਣਾ ਉਨ੍ਹਾਂ ਦਾ ਹੀ ਪ੍ਰਵਾਣ ਹੁੰਦਾ ਹੈ, ਜਿਹੜੇ ਚੰਗੇ ਤੇ ਸੁਚੱਜੇ ਕੰਮਾਂ ਵਿਚ ਹੀ ਸੁਭਾਇਮਾਨ ਹੁੰਦੇ ਹਨ (ਭਾਵ ਬੁਰੇ ਕੰਮਾਂ ਦੀ ਰੁਚੀ ਦਾ ਹੀ ਅਭਾਵ ਕਰ ਦੇਂਦੇ ਹਨ।

(੬) (ਗੁਰਮੁਖ ਇਸ ਤਰ੍ਹਾਂ ਦੀ ਉੱਚ ਜ਼ਿੰਦਗੀ ਬਿਤਾ ਕੇ) ਜਦ ਸੰਸਾਰ ਤੋਂ ਜਾਂਦੇ ਹਨ ਤਾਂ ਪਿਛਲੇ ਯਾਦ ਕਰਨ ਵਾਲਿਆਂ ਨੂੰ ਹੈਰਾਨ ਕਰਨ ਵਾਲੇ ਕਾਰਨਾਮਿਆਂ ਦੀ ਦਾਸਤਾਨ ਦੇ ਜਾਂਦੇ ਹਨ।੩।

***ਭਾਵਾਰਥ :*** ਉਨ੍ਹਾਂ ਦੇ ਜੀਵਨ ਭਰ ਵਿਚ ਪਾਏ ਸ਼ੁਭ ਕਰਮਾਂ ਦੇ ਪੂਰਨਿਆਂ ਤੋਂ ਪ੍ਰੇਰਨਾ ਲੈ ਕੇ ਬਹੁਤ ਸਾਰੇ ਲੋਕ ਆਪਣੇ ਜੀਵਨਾਂ ਨੂੰ ਸੁਧਾਰਨ ਦਾ ਉਪਰਾਲਾ ਕਰਦੇ ਹਨ, ਕਿਉਂਕਿ ਉਨ੍ਹਾਂ ਦੀ ਮਾਨਸਕ ਉੱਚੀ ਅਵਸਥਾ ਲੁਕਾਈ ਵਾਸਤੇ ਇਕ ਪ੍ਰਕਾਰ ਦਾ ਉੱਚਾ ਮੁਨਾਰਾ ਬਣ ਜਾਂਦੀ ਹੈ ਜਿਸ ਦੀ ਸੇਧ 'ਤੇ ਪ੍ਰਮਾਰਥ ਦੇ ਪਾਂਧੀ ਸਦਾ ਹੀ ਸਫ਼ਰ ਕਰਦੇ ਰਹਿੰਦੇ ਹਨ ਤੇ ਆਪਣਾ ਜੀਵਨ ਸਫਲਾਉਂਦੇ ਹਨ। ਐਸੇ ਨਿਰਲੇਪ ਜੀਵਨ ਵਾਲੇ ਗੁਰਮੁਖਾਂ ਦੀ ਉੱਚੀ ਮਾਨਸਕ ਅਵਸਥਾ ਨੂੰ ਤੱਕ ਕੇ ਹੀ ਕਿਸੇ ਬੁਧੀ-ਜੀਵੀ ਨੇ ਆਪਣੇ ਵੀਚਾਰ ਇਕ ਕਬਿੱਤ ਵਿਚ ਅੰਕਤ ਕੀਤੇ ਹਨ, ਜਿਵੇਂ ਕਿ :

ਕਬਿਤ—ਆਏ ਕੋ ਹਰਖ ਨਹੀਂ ਗਏ ਕੋ ਸੋਗ ਨਹੀਂ
ਕੈਸੇ ਨ੍ਰਿਦ੍ਵੰਦ ਭਏ ਸਮਝਨੇ ਕੀ ਬਾਤ ਹੈ।
ਦੇਹ ਨੇਹ ਨੇਰੇ ਨਾਹੀ ਲਛਮੀ ਕੋ ਹੇਰੇ ਨਾਹੀ,
ਮਨ ਕਾਹੂੰ ਫੇਰੇ ਨਾਹੀ ਪਾਹਨ ਸਮ ਗਾਤ ਹੈ।
ਲੋਗਨ ਕੀ ਰੀਤ ਨਾਹੀ ਕਾਹੂੰ ਸਿਉਂ ਪ੍ਰੀਤ ਨਾਹੀ
ਹਾਰ ਨਾਹੀ ਜੀਤ ਨਾਹੀ ਵਰਣ ਹੈ ਨ ਜਾਤ ਹੈ।
ਐਸੋ ਜਬ ਗਿਆਨ ਹੋਤ ਤਬੈ ਕਿਛ ਧਿਆਨ ਹੋਤ
ਬ੍ਰਹਮ ਕੇ ਸਮਾਨ ਹੋਤ ਬ੍ਰਹਮ ਮੇ ਸਮਾਤ ਹੈ।

## ੪. ਗੁਰਮੁਖ, ਜੀਵਨ-ਮਾਰਗ ਪਰ ਚੱਲਣ ਦੀ ਜਾਚ ਜਾਣਦਾ ਹੈ

**੧. ਗੋਇਲੜਾ ਦਿਨ ਚਾਰਿ**
**ਗੁਰਮੁਖ ਜਾਣੀਐ।**
**੨. ਮੰਞੀ ਲੈ ਮਿਹਵਾਰਿ**
**ਚੋਜ ਵਿਡਾਣੀਐ।**
**੩. ਵਰਸੈ ਨਿੱਝਰਧਾਰਿ**
**ਅੰਮ੍ਰਿਤ ਵਾਣੀਐ।**
**੪. ਵੰਝਲੀਐ ਝੀਂਗਾਰਿ**
**ਮਜਲਸਿ ਮਾਣੀਐ।**
**੫. ਗਾਵਣਿ ਮਾਝ ਮਲ੍ਹਾਰਿ**
**ਸੁਘੜ ਸੁਜਾਣੀਐ।**
**੬. ਹਉਮੈਂ ਗਰਬੁ ਨਿਵਾਰਿ**
**ਮਨਿ ਵਸਿ ਆਣੀਐ।**
**੭. ਗੁਰਮੁਖ ਸ਼ਬਦੁ ਵੀਚਾਰਿ ਸੱਚਿ ਸਿਵਾਣੀਐ ॥੪॥**

***ਪਦ ਅਰਥ :*** ਗੋਇਲੜਾ—ਜਿਥੇ ਗੁਜਰ ਲੋਕ ਰੱਖਾਂ ਵਿਚ ਮਾਲ ਚਾਰਦੇ ਹਨ, ਉਜਾੜ, ਚਰਨ ਵਾਲੀ ਥਾਂ। ਮਿਹਵਾਰਿ—ਮਾਹੀ, ਮਹੀਆਂ ਵਾਲੇ। ਵਾਣੀਐ—ਬਾਣੀ, ਵੰਨੀ, ਰੰਗ। ਵੰਝਲੀਐ ਝੀਂਗਾਰਿ—ਬਾਂਸਰੀਆਂ ਦੀ ਧੁਨੀ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਿਵੇਂ ਆਪ ਜੀ ਇਸ ਸੰਸਾਰ ਨੂੰ ਬਾਣੀ ਅਨੁਸਾਰ ਸਾਗਰ ਦੀ ਤੁਲਨਾ ਦੇਂਦੇ ਹੋ, ਪਰ ਅਸੀਂ ਇਹ ਭੀ ਤੱਕਦੇ ਹਾਂ ਕਿ ਜਿਵੇਂ ਸਾਗਰ ਵਿਚ ਅਨੇਕਾਂ ਹੀ ਛੋਟੇ ਵੱਡੇ ਜੀਵ-ਜੰਤ ਵਿਚਰਦੇ ਹਨ, ਇਸੇ ਤਰ੍ਹਾਂ ਇਸ ਸੰਸਾਰ ਸਾਗਰ ਵਿਚ ਭੀ ਵਿਗਿਆਨਕਾਰਾਂ ਨੇ ਮਨੁੱਖਾਂ ਦੀ ਗਿਣਤੀ ਲਗਪਗ ਅਰਬ ਦੀ ਦੱਸੀ ਹੈ, ਪਰ ਵੇਖਣ ਵਿਚ ਇਉਂ ਹੀ ਨਜ਼ਰ ਆਉਂਦਾ ਹੈ ਕਿ ਹਰ ਮਨੁੱਖ ਦੀ ਵੀਚਾਰਧਾਰਾ ਵਖੋ ਵੱਖ ਹੈ, ਜਿਵੇਂ ਕੋਈ ਹਜ਼ਾਰਾਂ ਪਤੀ, ਲੱਖ ਪਤੀ ਹੋਣਾ ਚਾਹੁੰਦਾ ਹੈ ਤੇ ਲੱਖਾਂ ਪਤੀ, ਕਰੋੜ ਪਤੀ ਹੋਣ ਦੀ ਚਾਹਤ ਰੱਖਦਾ ਹੈ, ਇਸੇ ਤਰ੍ਹਾਂ ਇਕ ਛੋਟਾ ਰਜਵਾੜਾ ਚੱਕ੍ਰਵਰਤੀ ਹੋਣ ਦੀ ਇੱਛਾ ਕਰਦਾ ਹੈ, ਪਰ ਕਿਸੇ ਦੇ ਮਨ ਵਿਚ ਇਹੋ ਵੇਗ ਵਗਦਾ ਵੇਖੀਦਾ ਹੈ, ਉਸ ਨੂੰ ਇਹੋ ਕਹਿੰਦਾ ਸੁਣਦੇ ਹਾਂ ਕਿ ਇਸ ਸੰਸਾਰ ਵਿਚ ਇਹ ਮਨੁੱਖ ਜਾਮਾਂ ਕੇਵਲ ਖਾਣ, ਪੀਣ ਅਤੇ ਐਸ਼ ਕਰਨ ਲਈ ਹੀ ਮਿਲਿਆ ਹੈ, ਇਸ ਲਈ ਖਾਓ, ਪੀਓ, ਚਾਰ ਦਿਨ ਮੌਜਾਂ ਮਾਣ ਲੌ, ਕਿਉਂਕਿ ਇਹ 'ਜਗ ਮਿੱਠਾ, ਅਗਲਾ ਕਿੰਨ ਡਿੱਠਾ' ਮੁੜਕੇ ਇਸ ਸੰਸਾਰ ਵਿਚ ਨਹੀਂ ਆਉਣਾ, ਕਿਉਂ ਜੀ ! ਦੱਸੋਗੇ ਕਿ ਇਸ ਅਥਾਹ ਸੰਸਾਰ ਦੇ ਵਗ ਰਹੇ ਵਾਸ਼ਨਾਂ ਦੇ ਵੇਗ ਵਿਚ ਗੁਰਮੁਖਾਂ ਦੇ ਮਨ ਦੀ ਵੀਚਾਰਧਾਰਾ ਕੈਸੀ ਹੈ, ਕਿਉਂਕਿ ਵੇਖਣ ਵਿਚ ਤਾਂ ਸਾਰੇ ਸਮਾਨ ਹੀ ਦਿਸਦੇ ਹਨ, ਗੁਰਮੁਖਾਂ ਨੂੰ ਕਿਵੇਂ ਪਛਾਣਿਆਂ ਜਾਵੇ ?

ਉ: ਹੇ ਭਾਈਓ ! ਜਦੋਂ ਅਸੀਂ ਗੁਰਮੁਖਾਂ ਦੀ ਮਾਨਸਕ ਅਵਸਥਾ ਵੱਲ ਨਜ਼ਰ ਮਾਰਦੇ ਹਾਂ ਤਾਂ ਬਾਕੀ ਦੇ ਸੰਸਾਰਕ ਲੋਕਾਂ ਨਾਲੋਂ ਉਨ੍ਹਾਂ ਦੀ ਵੀਚਾਰਧਾਰਾ ਵਿਚ ਬੜਾ ਹੀ ਅੰਤਰਾ ਨਜ਼ਰ ਆਉਂਦਾ ਹੈ, ਕਿਉਂਕਿ ਉਨ੍ਹਾਂ ਨੇ ਆਪਣੇ ਮਨ ਨੂੰ ਗੁਰਬਾਣੀ ਵਿਚ ਦਰਸਾਏ ਸੱਚੇ ਮਾਰਗ ਨੂੰ ਅਪਣਾ ਕੇ ਸਦਾ ਸੰਸਾਰ ਦੀਆਂ ਮਾਇਕੀ ਵਾਸ਼ਨਾਂ ਵੱਲੋਂ ਹੋੜੀ ਰੱਖਿਆ ਹੈ, ਉਨ੍ਹਾਂ ਨੇ ਬਾਣੀ ਦੇ ਉਪਦੇਸ਼ ਨੂੰ ਕੇਵਲ ਸੁਣਿਆ ਹੀ ਨਹੀਂ, ਸਗੋਂ ਮਨ ਵਿਚ ਧਾਰਨ ਕੀਤਾ ਹੈ, ਕਿਉਂਕਿ ਗਾਵਿਆ ਸੁਣਿਆ ਹਰੀ ਉਨ੍ਹਾਂ ਦਾ ਹੀ ਰੱਬੀ ਦਰਬਾਰ ਵਿਚ ਕਬੂਲ ਕਰਦਾ ਹੈ, ਜਿਨ੍ਹਾਂ ਨੇ ਗੁਰੂ ਦੇ ਉਪਦੇਸ਼ ਨੂੰ ਧਾਰਨ ਕਰਕੇ ਆਪਣੇ ਮਨ ਨੂੰ ਉਚਾਣਾਂ ਵੱਲ ਨੂੰ ਟੋਰ ਕੇ ਜੀਵਨ ਨੂੰ ਸਫਲਾਇਆ ਹੈ। ਉਨ੍ਹਾਂ ਨੇ ਗੁਰਬਾਣੀ ਵਿਚ ਆਏ ਸ਼ਬਦਾਂ ਤੋਂ ਪ੍ਰੇਰਨਾ ਲੈ ਕੇ ਇਸ ਸੰਸਾਰ ਨੂੰ ਗੋਇਲ ਵਾਸਾ ਦੀ ਨਿਆਈਂ ਨਿਸਚਾ ਕਰ ਲਿਆ ਹੈ, ਜਿਵੇਂ ਕਿ :

ਗੋਇਲਿ ਆਇਆ ਗੋਇਲੀ ਕਿਆ ਤਿਸੁ ਡੰਫੁ ਪਸਾਰੁ ॥
ਮੁਹਲਤਿ ਪੁੰਨੀ ਚਲਣਾ ਤੂੰ ਸੰਮਲੁ ਘਰ ਬਾਰੁ ॥੧॥
ਹਰਿ ਗੁਣ ਗਾਉ ਮਨਾ ਸਤਿਗੁਰੁ ਸੇਵਿ ਪਿਆਰਿ ॥
ਕਿਆ ਥੋੜੜੀ ਬਾਤ ਗੁਮਾਨੁ ॥੧॥ਰਹਾਉ॥
ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ ॥
ਕਿਆ ਤੂੰ ਰਤਾ ਗਿਰਸਤ ਸਿਉ
ਸਭ ਫੁਲਾ ਕੀ ਬਾਗਾਤਿ ॥੨॥
ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ ॥
ਸਰਪਰ ਉਠੀ ਚਲਣਾ ਛਡਿ ਜਾਸੀ ਲਖ ਕਰੋੜਿ ॥੩॥
ਲਖ ਚਉਰਾਸੀਹ ਭ੍ਰਮਤਿਆ ਦੁਲਭੁ ਜਨਮੁ ਪਾਇਓਇ ॥
ਨਾਨਕ ਨਾਮੁ ਸਮਾਲਿ ਤੂੰ
ਸੋ ਦਿਨੁ ਨੇੜਾ ਆਇਓਇ ॥੪॥

*(ਸਿਰੀ ਰਾਗੁ ਮ: ੫, ਪੰਨਾ ੫੦)*

ਇਸੇ ਭਾਵ ਦੇ ਗੁਰਬਾਣੀ ਵਿਚ ਬਹੁਤ ਸਾਰੇ ਸ਼ਬਦ ਪੜ੍ਹਨ ਵਿਚ ਆਉਂਦੇ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਗੁਰਮੁਖਾਂ ਨੇ ਇਸ ਸੰਸਾਰ ਵਿਚ ਮਨੁੱਖ ਦੇ ਜੀਵਨ ਨੂੰ ਇਉਂ ਹੀ ਅਨੁਭਵ ਕੀਤਾ ਹੈ ਕਿ ਜਿਵੇਂ ਕਾਲ ਪੈਣ ਤੋਂ ਗੋਇਲੀ ਲੋਕ ਗਾਈਆਂ ਮੱਝਾਂ ਲੈ ਕੇ ਕੁਝ ਦਿਨਾਂ ਲਈ ਦਰਿਆਵਾਂ ਦੇ ਉਜਾੜਾਂ ਵਿਚ ਚਲੇ ਜਾਂਦੇ ਹਨ, ਉਨ੍ਹਾਂ ਨੇ ਉਥੇ ਵਧੇਰੇ ਸਮਾਂ ਨਹੀਂ ਰਹਿਣਾ ਹੁੰਦਾ, ਕੁਝ ਦਿਨ ਗੁਜ਼ਾਰ ਕੇ ਵਾਪਸ ਆਪਣੇ ਟਿਕਾਣੇ 'ਤੇ ਆ ਜਾਣਾ ਹੁੰਦਾ ਹੈ, ਇਸ ਲਈ ਉਹ ਉਥੇ ਦਰਿਆਵਾਂ ਦੇ ਕਿਨਾਰਿਆਂ 'ਤੇ ਰਹਿਣ ਲਈ ਕੋਈ ਮਹਲ ਮਾੜੀਆਂ ਨਹੀਂ ਉਸਾਰਦੇ, ਕਿਉਂਕਿ ਉਨ੍ਹਾਂ ਦੇ ਮਨ ਵਿਚ ਉਥੋਂ ਛੇਤੀ ਹੀ ਟੁਰ ਜਾਣ ਦਾ ਸੰਸਕਾਰ ਬਣਿਆ ਰਹਿੰਦਾ ਹੈ।

ਸੋ, ਗੁਰਮੁਖ ਵੀ ਇਸੇ ਤਰ੍ਹਾਂ ਇਸ ਸੰਸਾਰ ਵਿਚ ਆਪਣੇ ਆਪ ਨੂੰ ਚਾਰ ਦਿਨਾਂ ਦੇ ਕੱਟਣ ਲਈ ਆਇਆ ਜਾਣ ਕੇ ਵਧੇਰੇ ਮਾਇਕੀ ਵਾਸ਼ਨਾਂ ਦੇ ਪਸਾਰੇ ਨਹੀਂ ਪਸਾਰਦਾ ਉਹ ਜਿਥੋਂ ਆਇਆ ਹੈ ਉਹ ਉਸ ਸਚੇ ਘਰ ਜਾਣ ਲਈ ਸਦਾ ਹੀ ਤਿਆਰ ਰਹਿੰਦਾ ਹੈ। ਜਾਂ ਉਹ ਇਉਂ ਭੀ ਸੰਸਕਾਰ ਦ੍ਰਿੜ੍ਹ ਕਰੀ ਰੱਖਦਾ ਹੈ, ਜਿਵੇਂ ਕੋਈ ਪ੍ਰਾਹੁਣਾ ਕਿਤੇ ਰਾਤ ਕੱਟਣ ਲਈ ਗਿਆ ਹੈ ਉਹ ਸਵੇਰੇ ਹੀ ਉੱਠ ਕੇ ਤੁਰ ਜਾਂਦਾ ਹੈ। ਇਸੇ ਤਰ੍ਹਾਂ ਗੁਰਮੁਖ ਭੀ ਇਸ ਸੰਸਾਰ ਵਿਚ ਜੀਵਨ ਦੀ ਰਾਤ ਕੱਟਣ ਆਇਆ ਜਾਣ ਕੇ ਉਹ ਇਸ ਸੰਸਾਰ ਵਿਚ ਮਨ ਕਰਕੇ ਕਦੀ ਭੀ ਖੱਚਤ ਨਹੀਂ ਹੁੰਦਾ, ਉਹ ਆਪਣੇ ਪਰਮ ਪ੍ਰਯੋਜਨ ਪ੍ਰਭੂ ਦਾ ਸਿਮਰਨ ਕਰਦੇ ਰਹਿਣ ਨੂੰ ਹੀ ਧਿਆਨ ਵਿਚ ਰੱਖਦਾ ਹੈ। ਉਹ ਬਾਣੀ ਦੇ ਇਸ ਸੱਚੇ ਸੰਦੇਸ਼ਾਂ ਨੂੰ ਸਦਾ ਹੀ ਚੇਤੇ ਰੱਖਦਾ ਹੈ, ਜਿਵੇਂ ਕਿ :

ਪ੍ਰਾਣੀ ਤੂੰ ਆਇਆ ਲਾਹਾ ਲੈਣਿ॥
ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥
*(ਸ੍ਰੀ ਰਾਗੁ ਮ: ੫, ਪੰਨਾ ੪੩)*

ਦਿਨ ਤੇ ਪਹਰ ਪਹਰ ਤੇ ਘਰੀਆਂ
ਆਵ ਘਟੈ ਤਨੁ ਛੀਜੈ॥
ਕਾਲੁ ਅਹੇਰੀ ਫਿਰੈ ਬਧਿਕ ਜਿਉ
ਕਹਹੁ ਕਵਨ ਬਿਧਿ ਕੀਜੈ॥੧॥
ਸੋ ਦਿਨੁ ਆਵਨ ਲਾਗਾ॥
ਮਾਤਾ ਪਿਤਾ ਭਾਈ ਸੁਤ ਬਨਿਤਾ
ਕਹਹੁ ਕੋਊ ਹੈ ਕਾ ਕਾ॥੧॥ਰਹਾਉ॥
*(ਰਾਗੁ ਧਨਾਸਰੀ ਕਬੀਰ ਜੀ, ਪੰਨਾ ੬੯੨)*

ਜੋ ਦਿਨ ਆਵਹਿ ਸੋ ਦਿਨ ਜਾਹੀ॥
ਕਰਨਾ ਕੂਚੁ ਰਹਨੁ ਥਿਰੁ ਨਾਹੀ॥
ਸੰਗੁ ਚਲਤ ਹੈ ਹਮ ਭੀ ਚਲਨਾ॥
ਦੂਰਿ ਗਵਨੁ ਸਿਰ ਊਪਰਿ ਮਰਨਾ॥੧॥
ਕਿਆ ਤੂ ਸੋਇਆ ਜਾਗੁ ਇਆਨਾ॥
ਤੈ ਜੀਵਨੁ ਜਗਿ ਸਚੁ ਕਰਿ ਜਾਨਾ॥੧॥ਰਹਾਉ॥
*(ਸੂਹੀ, ਪੰਨਾ ੭੯੩)*

ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ॥
ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ॥੭੩॥
*(ਸਲੋਕ ਫਰੀਦ ਜੀ, ਪੰਨਾ ੧੩੮੧)*

ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ॥
ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ॥੧॥
ਜਾਗਹੁ ਜਾਗਹੁ ਸੂਤਿਹੋ, ਚਲਿਆ ਵਣਜਾਰਾ॥
*(ਆਸਾ ਮ: ੧, ਪੰਨਾ ੪੧੮)*

ਨਾਂਗੇ ਆਵਨੁ ਨਾਂਗੇ ਜਾਨਾ॥
ਕੋਇ ਨ ਰਹਿਹੈ ਰਾਜਾ ਰਾਨਾ॥੧॥.......
ਆਵਤ ਸੰਗ ਨ ਜਾਤ ਸੰਗਾਤੀ॥
ਕਹਾ ਭਇਓ ਦਰਿ ਬਾਂਧੇ ਹਾਥੀ॥੨॥
ਲੰਕਾ ਗਢੁ ਸੋਨੇ ਕਾ ਭਇਆ॥
ਮੂਰਖੁ ਰਾਵਨੁ ਕਿਆ ਲੇ ਗਇਆ॥੩॥
ਕਹਿ ਕਬੀਰ ਕਿਛੁ ਗੁਨੁ ਬੀਚਾਰਿ॥
ਚਲੇ ਜੁਆਰੀ ਦੁਇ ਹਥ ਝਾਰਿ॥੪॥੨॥
*(ਭੈਰਉ ਕਬੀਰ ਜੀ, ਪੰਨਾ ੧੧੫੭)*

ਜਿਹ ਸਿਰਿ ਰਚਿ ਰਚਿ ਬਾਧਤ ਪਾਗ॥
ਸੋ ਸਿਰੁ ਚੁੰਚ ਸਵਾਰਹਿ ਕਾਗ॥੧॥
ਇਸੁ ਤਨ ਧਨ ਕੋ ਕਿਆ ਗਰਬਈਆ॥
ਰਾਮ ਨਾਮੁ ਕਾਹੇ ਨ ਦ੍ਰਿੜ੍ਹੀਆ॥੧॥ਰਹਾਉ॥
ਕਹਤ ਕਬੀਰ ਸੁਨਹੁ ਮਨ ਮੇਰੇ॥
ਇਹੀ ਹਵਾਲ ਹੋਹਿਗੇ ਤੇਰੇ॥੨॥
*(ਗਉੜੀ ਕਬੀਰ ਜੀ, ਪੰਨਾ ੩੩੦)*

ਜਲ ਕੀ ਭੀਤਿ ਪਵਨ ਕਾ ਥੰਭਾ
ਰਕਤ ਬੁੰਦ ਕਾ ਗਾਰਾ॥
ਹਾਡ ਮਾਸ ਨਾੜੀ ਕੋ ਪਿੰਜਰੁ
ਪੰਖੀ ਬਸੈ ਬਿਚਾਰਾ॥੧॥
ਪ੍ਰਾਨੀ ਕਿਆ ਮੇਰਾ ਕਿਆ ਤੇਰਾ॥
ਜੈਸੇ ਤਰਵਰ ਪੰਖਿ ਬਸੇਰਾ॥੧॥ਰਹਾਉ॥
*(ਸੋਰਠਿ ਰਵਿਦਾਸ ਜੀਉ, ਪੰਨਾ ੬੫੯)*

ਰੇ ਮਨ ਤੇਰੋ ਕੋਇ ਨਹੀ, ਖਿੰਚਿ ਲੇਇ ਜਿਨਿ ਭਾਰੁ ॥
ਬਿਰਖ ਬਸੇਰੋ ਪੰਖਿ ਕੋ, ਤੈਸੋ ਇਹੁ ਸੰਸਾਰੁ ॥੧॥
*(ਗਉੜੀ ਕਬੀਰ ਜੀ, ਪੰਨਾ ੩੩੭)*

ਹਰਿ ਬਿਨੁ ਕਉਨੁ ਸਹਾਈ ਮਨ ਕਾ ॥
ਮਾਤ ਪਿਤਾ ਭਾਈ ਸੁਤ ਬਨਿਤਾ
ਹਿਤੁ ਲਾਗੋ ਸਭ ਫਨ ਕਾ ॥੧॥ਰਹਾਉ॥
ਆਗੇ ਕਉ ਕਿਛੁ ਤੁਲਹਾ ਬਾਂਧਹੁ
ਕਿਆ ਭਰਵਾਸਾ ਧਨ ਕਾ ॥
ਕਹਾ ਬਿਸਾਸਾ ਇਸ ਭਾਂਡੇ ਕਾ
ਇਤਨ ਕੁ ਲਾਗੈ ਠਨ ਕਾ ॥੧॥
*(ਸਾਰੰਗ ਕਬੀਰ ਜੀਉ, ਪੰਨਾ ੧੨੫੩)*

ਉਪਜੈ ਨਿਪਜੈ ਨਿਪਜਿ ਸਮਾਈ ॥
ਨੈਨਹ ਦੇਖਤ ਇਹੁ ਜਗੁ ਜਾਈ ॥੧॥
ਲਾਜ ਨ ਮਰਹੁ ਕਹਹੁ ਘਰੁ ਮੇਰਾ ॥
ਅੰਤ ਕੀ ਬਾਰ ਨਹੀ ਕਛੁ ਤੇਰਾ ॥੧॥ਰਹਾਉ॥
ਅਨਿਕ ਜਤਨ ਕਰਿ ਕਾਇਆ ਪਾਲੀ ॥
ਮਰਤੀ ਬਾਰ ਅਗਨਿ ਸੰਗ ਜਾਲੀ ॥੨॥
ਚੋਆ ਚੰਦਨੁ ਮਰਦਨ ਅੰਗਾ ॥
ਸੋ ਤਨੁ ਜਲੈ ਕਾਠ ਕੈ ਸੰਗਾ ॥੩॥
ਕਹੁ ਕਬੀਰ ਸੁਨਹੁ ਰੇ ਗੁਨੀਆ ॥
ਬਿਨਸੈਗੋ ਰੂਪੁ ਦੇਖੈ ਸਭ ਦੁਨੀਆ ॥੪॥ *(ਪੰਨਾ ੩੨੫)*

ਇਸ ਤੋਂ ਆਦਿ ਬਾਣੀ ਵਿਚ ਹੋਰ ਵੀ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਗੁਰਮੁਖਾਂ ਨੇ ਇਸ ਸੰਸਾਰ ਨੂੰ ਮੁਸਾਫ਼ਰਾਂ ਦੀ ਸਰਾਂ ਜਾਣ ਕੇ ਮਾਇਕੀ ਪਦਾਰਥਾਂ ਤੋਂ ਨਿਰਲੇਪ ਰਹਿਕੇ ਜੀਵਨ ਗੁਜ਼ਾਰਿਆ ਹੈ, ਜਿਸਦਾ ਸਦਕਾ ਉਹ ਲੋਕ ਪ੍ਰਲੋਕ ਵਿਚ ਸਦਾ ਹੀ ਅਬਿਨਾਸ਼ੀ ਸੁਖ ਪ੍ਰਾਪਤ ਕਰਦੇ ਹਨ। ਸੋ ਮੈਂ ਭੀ ਉਪ੍ਰੋਕਤ ਗੁਰਮੁਖਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਅੰਕਤ ਕੀਤੀਆਂ ਹਨ, ਜਿਵੇਂ ਕਿ :

(੧) (ਗੁਰਮੁਖਾਂ ਨੂੰ ਬਾਣੀ ਦੁਆਰੇ ਪੂਰਨ ਨਿਸਚਾ ਹੋ ਆਇਆ ਹੈ ਕਿ) ਇਹ ਸੰਸਾਰ ਗੋਇਲੜੇ (ਗਾਈਆਂ ਮਹੀਆਂ ਦੇ ਚਰਨ ਵਾਲੀ ਥਾਂ ਵਾਂਗ) ਚਾਰ ਦਿਨਾਂ ਦਾ ਮੇਲਾ ਹੈ, ਗੁਰਮੁਖ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਹਨ।

(੨) ਮਾਹੀ ਲੋਕ (ਗਊਆਂ ਮੱਝਾਂ ਚਾਰਨ ਵਾਲੇ) ਜਿਵੇਂ ਗਊਆਂ ਮਹੀਆਂ ਨੂੰ ਚਾਰਨ ਲਈ ਬਾਹਰ ਬੇ-ਅਬਾਦ ਥਾਵਾਂ 'ਤੇ ਲੈ ਕੇ ਚਲੇ ਜਾਂਦੇ ਹਨ, ਗਊਆਂ ਮਹੀਆਂ ਚਰਦੀਆਂ ਹਨ ਤੇ ਉਹ ਉਥੇ ਅਸਚਰਜ (ਦੌੜ ਭੱਜ ਦੀਆਂ) ਖੇਡਾਂ ਖੇਡਦੇ ਹਨ।

(੩) (ਉਹ) ਮੀਂਹ ਦੀ ਨਿਝਰ ਧਾਰਾ ਵਰਸਦੀ ਵਿਚ ਵੀ ਜਾਂਦੇ ਹਨ ਤੇ ਉਥੇ ਬਹਿ ਕੇ ਮਿੱਠੇ ਮਿੱਠੇ ਗੀਤ ਗੌਂਦੇ ਹਨ।

(੪) ਵੰਝਲੀਆਂ (ਬੰਸਰੀਆਂ) ਦੀ ਮਸਤ ਧੁਨ ਵਜਾ ਕੇ ਆਪਣੇ ਸਾਥੀਆਂ ਨਾਲ ਰੰਗ ਮਾਣਦੇ ਹਨ।

(੫) (ਉਹ ਰਾਗਾਂ ਦੇ ਜਾਣੂ ਹੁੰਦੇ ਹਨ, ਇਸ ਲਈ) ਸਿਆਣੇ ਗਵਈਆਂ ਵਾਂਗ ਮਾਝ ਤੇ ਮਲਾਰ ਦੀਆਂ ਧੁਨਾਂ ਗੌਂਦੇ ਹਨ ਤੇ ਮਨ ਨੂੰ ਵੱਸ ਕਰ ਲੈਣ ਵਾਲੇ ਰਾਗ ਅਲਾਪਦੇ ਹਨ।

(੬) ਹੰਕਾਰ ਨੂੰ ਦੂਰ ਕਰਕੇ ਮਨ ਨੂੰ ਵੱਸ ਵਿਚ ਲਿਆਉਂਦੇ ਹਨ।

(੭) ਗੁਰਮੁਖ ਵੀ ਇਸੇ ਤਰ੍ਹਾਂ ਸ਼ਬਦ ਦੀ ਵੀਚਾਰ ਕਰਕੇ ਸੱਚ ਨੂੰ ਪਛਾਣ ਲੈਂਦੇ ਹਨ ਕਿ ਇਹ ਸੰਸਾਰ ਮੁਸਾਫ਼ਰਖਾਨੇ ਵਾਂਗ ਹੀ ਹੈ।੪।

***ਭਾਵਾਰਥ :*** ਗੁਰਮੁਖ ਸੰਸਾਰ ਵਿਚ ਆਪਣੇ ਚਿਤ ਨੂੰ ਖੋਭ ਕੇ ਜੀਵਨ ਨੂੰ ਨਹੀਂ ਗੁਜ਼ਾਰਦੇ, ਸਦਾ ਤਿਆਗੀ ਤੇ ਹਰਦਮ ਕੂਚ ਕਰ ਜਾਣ ਦੇ ਖ਼ਿਆਲ ਨੂੰ ਹੀ ਦ੍ਰਿੜ੍ਹ ਕਰੀ ਰੱਖਦੇ ਹਨ। ਸੁਰਤ ਨੂੰ ਸ਼ਬਦ ਵਿਚ ਪਰੋ ਕੇ ਸੰਸਾਰ ਦੇ ਮਾਇਕੀ ਕੂੜੇ ਪਦਾਰਥਾਂ ਤੋਂ ਨਿਰਲੇਪ ਰਹਿ ਕੇ ਜੀਵਨ ਗੁਜ਼ਾਰਦੇ ਹਨ, ਇਹੋ ਗੁਰਮੁਖਾਂ ਦੀ ਪਛਾਣ ਹੈ।

## ੫. ਸੰਸਾਰ ਸਰਾਂ ਦਾ ਵੱਸਣਾ ਹੈ

**੧. ਵਾਟ ਵਟਾਊ ਰਾਤਿ**
**ਸਰਾਈਂ ਵੱਸਿਆ।**
**੨. ਉਠਿ ਚਲਿਆ ਪਰਭਾਤਿ**
**ਮਾਰਗਿ ਦੱਸਿਆ।**
**੩. ਨਾਹਿ ਪਰਾਈ ਤਾਤਿ**
**ਨ ਚਿੱਤਿ ਰਹੱਸਿਆ।**
**੪. ਮੁਏ ਨ ਪੁਛੈ ਜਾਤਿ**
**ਵਿਵਾਹ ਨ ਹੱਸਿਆ।**
**੫. ਦਾਤਾ ਕਰੇ ਜੁ ਦਾਤਿ**
**ਨ ਭੁੱਖਾ ਤੱਸਿਆ।**
**੬. ਗੁਰਮੁਖ ਸਿਮਰਣੁ ਵਾਤਿ ਕਵਲੁ ਵਿਗੱਸਿਆ ॥੫॥**

**ਪਦ ਅਰਥ :** ਵਾਟ ਵਟਾਊ—ਰਾਹ ਦਾ ਮੁਸਾਫ਼ਰ, ਯਾਤ੍ਰੀ। ਪਰਭਾਤਿ—ਪਹੁ ਫੁਟਣਾ। ਮਾਰਗਿ—ਰਸਤਾ। ਤਾਤਿ—ਪਰਾਈ ਚਿੰਤਾ, ਦ੍ਵੈਤ। ਰਹੱਸਿਆ—ਅਨੰਦ। ਤੱਸਿਆ—ਤਿਹਾਇਆ। ਵਾਤਿ—ਮੁਖ। ਵਿਗੱਸਿਆ—ਖਿੜਿਆ।

### ਅਰਥ :

ਪ੍ਰ: ਭਾਈ ਸਾਹਿਬ ਜੀਉ ! ਸਾਰੇ ਸੰਸਾਰ ਵਿਚ ਵੱਸਣ ਵਾਲੇ ਲੋਕ ਵੇਖਣ ਵਿਚ ਤਾਂ ਸਮਾਨ ਹੀ ਨਜ਼ਰ ਆਉਂਦੇ ਹਨ, ਜਿਵੇਂ ਕਿ ਸਭ ਦਾ ਕਾਰੋ ਬਾਰ ਕਰਨਾ, ਖਾਣਾ ਪੀਣਾ ਪਹਿਨਣਾ, ਸੌਣਾ ਜਾਗਣਾ, ਭਾਵ ਸਭਨਾਂ ਦੀ ਸਰੀਰਕ ਕ੍ਰਿਆ ਬਰਾਬਰ ਹੀ ਵੇਖਦੇ ਹਾਂ, ਪਰ ਤੁਸੀਂ ਜਿਨ੍ਹਾਂ ਗੁਰਮੁਖਾਂ ਦਾ ਜ਼ਿਕਰ ਕਰਦੇ ਆ ਰਹੇ ਹੋ, ਉਨ੍ਹਾਂ ਵਿਚ ਬਾਕੀ ਲੋਕਾਂ ਨਾਲੋਂ ਕੀ ਵਿਸ਼ੇਸ਼ਤਾ ਹੈ ?

ਉ: ਹੇ ਭਾਈਓ ! ਗੁਰਮੁਖਾਂ ਦੀ ਬਾਹਰੋਂ ਸਰੀਰਕ ਕ੍ਰਿਆ ਤਾਂ ਭਾਵੇਂ ਸਮਾਨ ਹੀ ਦਿਸਦੀ ਹੈ, ਪਰ ਉਨ੍ਹਾਂ ਦੀ ਮਾਨਸਕ ਅਵਸਥਾ ਵਿਚ ਬਾਕੀ ਦੇ ਲੋਕਾਂ ਨਾਲੋਂ ਬਹੁਤ ਅੰਤਰਾ ਹੈ, ਕਿਉਂਕਿ ਉਨ੍ਹਾਂ ਨੇ ਆਪਣੇ ਮਨ ਨੂੰ ਬਾਣੀ ਦੇ ਅਨੁਸਾਰ ਢਾਲਿਆ ਹੋਇਆ ਹੈ ਭਾਵ ਗੁਰਮਤ ਦੇ ਦਸੇ ਮਾਰਗ 'ਤੇ ਟੋਰਿਆ ਹੈ, ਜਿਵੇਂ ਕਿ ਬਾਣੀ ਵਿਚ ਫ਼ੁਰਮਾਨ ਆਇਆ ਹੈ ਕਿ :

ਜੋ ਦੀਸੈ ਸੋ ਚਲਸੀ
ਕੂੜਾ ਮੋਹੁ ਨ ਵੇਖੁ ॥
ਵਾਟ ਵਟਾਊ ਆਇਆ
ਨਿਤ ਚਲਦਾ ਸਾਥੁ ਦੇਖੁ ॥੨॥
*(ਸਿਰੀ ਰਾਗੁ ਮ: ੧, ਪੰਨਾ ੬੧)*

ਵਾਟ ਵਟਾਊ ਆਵੈ ਜਾਇ ॥
ਕਿਆ ਲੇ ਆਇਆ ਕਿਆ ਪਲੈ ਪਾਇ ॥
ਵਿਣੁ ਨਾਵੈ ਤੋਟਾ ਸਭ ਥਾਇ ॥
*(ਰਾਮਕਲੀ ਮ: ੧, ਪੰਨਾ ੯੩੧)*

ਜੇਤੀ ਸਮਗ੍ਰੀ ਦੇਖਹੁ ਰੇ ਨਰ
ਤੇਤੀ ਹੀ ਛਡਿ ਜਾਨੀ ॥
ਰਾਮ ਨਾਮ ਸੰਗਿ ਕਰਿ ਬਿਉਹਾਰਾ
ਪਾਵਹਿ ਪਦੁ ਨਿਰਬਾਨੀ ॥੧॥
*(ਸੋਰਠਿ ਮ: ੫, ਪੰਨਾ ੬੧੪)*

ਐਸੋ ਇਹੁ ਸੰਸਾਰੁ ਪੇਖਨਾ
ਰਹਨੁ ਨ ਕੋਊ ਪਈਹੈ ਰੇ ॥
ਸੂਧੇ ਸੂਧੇ ਰੇਗਿ ਚਲਹੁ ਤੁਮ
ਨਤਰ ਕੁਧਕਾ ਦਿਵਈਹੈ ਰੇ ॥੧॥ਰਹਾਉ॥
ਬਾਰੇ ਬੂਢੇ ਤਰੁਨੇ ਭਈਆ
ਸਭਹੂ ਜਮੁ ਲੈ ਜਈਹੈ ਰੇ ॥
ਮਾਨਸੁ ਬਪੁਰਾ ਮੂਸਾ ਕੀਨੋ
ਮੀਚੁ ਬਿਲਈਆ ਖਈਹੈ ਰੇ ॥੧॥
ਧਨਵੰਤਾ ਅਰੁ ਨਿਰਧਨ ਮਨਈ
ਤਾ ਕੀ ਕਛੂ ਨ ਕਾਨੀ ਰੇ ॥
ਰਾਜਾ ਪਰਜਾ ਸਮ ਕਰਿ ਮਾਰੈ
ਐਸੋ ਕਾਲੁ ਬਡਾਨੀ ਰੇ ॥੨॥
*(ਬਿਲਾਵਲੁ ਭਗਤ ਕਬੀਰ ਜੀ, ਪੰਨਾ ੮੫੫)*

ਦਿਨ ਤੇ ਪਹਰ ਪਹਰ ਤੇ ਘਰੀਆਂ
ਆਵ ਘਟੈ ਤਨੁ ਛੀਜੈ ॥
ਕਾਲੁ ਅਹੇਰੀ ਫਿਰੈ ਬਧਿਕ ਜਿਉ
ਕਹਹੁ ਕਵਨ ਬਿਧਿ ਕੀਜੈ ॥੧॥
ਸੋ ਦਿਨੁ ਆਵਨ ਲਾਗਾ ॥
*(ਧਨਾਸਰੀ, ਕਬੀਰ ਜੀ, ਪੰਨਾ ੬੯੨)*

ਬੀਤ ਜੈਹੈ ਬੀਤ ਜੈਹੈ ਜਨਮੁ ਅਕਾਜੁ ਰੇ ॥
ਨਿਸਿ ਦਿਨੁ ਸੁਨਿ ਕੈ ਪੁਰਾਨ
ਸਮਝਤ ਨਹ ਰੇ ਅਜਾਨ ॥
ਕਾਲੁ ਤਉ ਪਹੂਚਿਓ ਆਨਿ
ਕਹਾ ਜੈਹੈ ਭਾਜਿ ਰੇ ॥੧॥ਰਹਾਉ॥
ਅਸਥਿਰੁ ਜੋ ਮਾਨਿਓ ਦੇਹ
ਸੋ ਤਉ ਤੇਰਉ ਹੋਇ ਹੈ ਖੇਹ ॥
ਕਿਉ ਨ ਹਰਿ ਕੋ ਨਾਮੁ ਲੇਹਿ
ਮੂਰਖ ਨਿਲਾਜ ਰੇ ॥੧॥
ਰਾਮ ਭਗਤਿ ਹੀਏ ਆਨਿ
ਛਾਡਿ ਦੇ ਤੈ ਮਨ ਕੋ ਮਾਨੁ ॥
ਨਾਨਕ ਜਨ ਇਹ ਬਖਾਨ
ਜਗ ਮਹਿ ਬਿਰਾਜੁ ਰੇ ॥੨॥੪॥
*(ਜੈਜਾਵੰਤੀ ਮ: ੯, ਪੰਨਾ ੧੩੫੨)*

ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥
ਸ੍ਰਵਨ ਗੁਨ ਸੁਨਉ
ਅਰੁ ਗਾਉ ਰਸਨਾ ਗੀਤਿ ॥.....
ਕਾਲੁ ਬਿਆਲੁ ਜਿਉ ਪਰਿਓ ਡੋਲੈ
ਮੁਖੁ ਪਸਾਰੇ ਮੀਤ ॥੧॥
ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ
ਸਮਝਿ ਰਾਖਉ ਚੀਤਿ ॥
ਕਹੈ ਨਾਨਕੁ ਰਾਮੁ ਭਜਿ ਲੈ
ਜਾਤੁ ਅਉਸਰੁ ਬੀਤ ॥੨॥
*(ਸੋਰਠਿ ਮ: ੯, ਪੰਨਾ ੬੩੧)*

ਕਬੀਰ ਕਾਲਿ ਕਰੰਤਾ ਅਬਹਿ ਕਰੁ
ਅਬ ਕਰਤਾ ਸੁਇ ਤਾਲ॥
ਪਾਛੈ ਕਛੂ ਨ ਹੋਇਗਾ
ਜਉ ਸਿਰ ਪਰਿ ਆਵੈ ਕਾਲੁ॥੧੩੮॥

*(ਸਲੋਕ ਕਬੀਰ ਜੀ, ਪੰਨਾ ੧੩੭੧)*

ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ॥
ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ॥੭੩॥

*(ਸਲੋਕ ਫਰੀਦ ਜੀ, ਪੰਨਾ ੧੩੮੧)*

ਸਾਰੇ ਸੰਸਾਰ ਵਿਚ-ਜਦੋਂ ਨਜ਼ਰ ਮਾਰਦੇ ਹਾਂ ਤਾਂ ਸੰਸਾਰੀ ਲੋਕਾਂ ਨਾਲੋਂ ਗੁਰਮੁਖਾਂ ਦੀ ਜੀਵਨ ਸ਼ੈਲੀ ਵਿਚ ਇਹੋ ਵੱਖਰਾ ਪਨ ਦਿਸਦਾ ਹੈ ਕਿ ਗੁਰਮੁਖਾਂ ਨੇ ਗੁਰਬਾਣੀ ਦੇ ਇਲਾਹੀ ਉਪਦੇਸ਼ ਤੋਂ ਪ੍ਰੇਰਨਾ ਲੈ ਕੇ ਇਸੇ ਧਾਰਨਾ ਨੂੰ ਧਾਰਨ ਕਰ ਲਿਆ ਹੈ ਕਿ ਮਨੁੱਖ ਸੰਸਾਰ ਵਿਚ ਮਨੁੱਖ ਜਾਮਾ ਧਾਰ ਕੇ ਆਉਣ ਦਾ ਮੁਖ ਪ੍ਰਯੋਜਨ ਕੇਵਲ ਵਾਹਿਗੁਰੂ ਦਾ ਸਿਮਰਨ ਹੀ ਕਰਨਾ ਹੈ ਕਿਉਂਕਿ ਇਸ ਦਾ ਅੰਤ ਦਾ ਸਮਾਂ ਬੜੀ ਤੇਜ਼ੀ ਨਾਲ ਆ ਰਿਹਾ ਹੈ, ਇਸ ਲਈ ਗੁਰਮੁਖ ਆਪਣੇ ਮੁਖ ਪ੍ਰਯੋਜਨ ਦੀ ਸਿੱਧੀ ਲਈ ਦਿਨੇ ਰਾਤ ਉਪਰਾਲਾ ਕਰਦੇ ਰਹਿੰਦੇ ਹਨ, ਅਤੇ ਕਾਲ ਨੂੰ ਕਿਸੇ ਸਮੇਂ ਭੀ ਨਹੀਂ ਵਿਸਾਰਦੇ ! ਇਨ੍ਹਾਂ ਦੇ ਮੁਕਾਬਲੇ ਵਿਚ ਸੰਸਾਰੀ ਲੋਕ ਕਦੇ ਕਾਲ ਨੂੰ ਚੇਤੇ ਹੀ ਨਹੀਂ ਕਰਦੇ। ਸੋ, ਮੈਂ ਇਨ੍ਹਾਂ ਗੁਰਮੁਖਾਂ ਦੇ ਜੀਵਨ ਦੀ ਉੱਚੀ ਉਡਾਰੀ ਵੱਲ ਤੱਕ ਕੇ ਉਨ੍ਹਾਂ ਦੀ ਮਾਨਸਕ ਅਵਸਥਾ ਨੂੰ ਇਸ ਪਉੜੀ ਵਿਚ ਅੰਕਤ ਕੀਤਾ ਹੈ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਰਾਹੇ ਜਾਂਦਾ ਮੁਸਾਫ਼ਰ, ਰਾਤ ਸਮੇਂ, ਕਿਸੇ ਸਰਾਂ ਵਿਚ ਜਾ ਕੇ ਰਿਹਾ।

(੨) ਉਥੋਂ ਦਿਨ ਦੇ ਚੜ੍ਹਾਉ ਤੋਂ ਪਹਿਲੇ ਹੀ ਉੱਠ ਕੇ ਜਦੋਂ ਰਸਤਾ ਦਿੱਸਣ ਲੱਗ ਪਿਆ, (ਤਾਂ) ਤੁਰ ਪਿਆ।

(੩) (ਰਾਤ ਰਹਿਣ ਵਿਚ) ਨਾ ਉਸਨੂੰ ਕੋਈ ਪਰਾਏ ਦੀ ਤੰਗੀ ਹੀ ਹੋਈ, ਤੇ ਨਾ ਹੀ ਚਿੱਤ ਕਿਸੇ ਰਹੱਸ (ਸੁਆਦ) ਵਿਚ ਆਇਆ।

(੪) ਰਸਤੇ ਵਿਚ ਜਾਂਦੇ ਨਾ ਕਿਸੇ ਮਰਨ ਵਾਲੇ ਦੀ ਜਾਤ ਪੁੱਛੀ (ਕਿ ਕੌਣ ਹੈ) ਤੇ ਨਾ ਹੀ ਕਿਸੇ ਦੀ ਬਰਾਤ ਜਾਂ ਵਿਆਹ ਨੂੰ ਵੇਖ ਕੇ ਉਸਦੇ ਮਨ ਨੂੰ ਹਾਸਾ ਆਇਆ।

(੫) (ਤਿਵੇਂ ਹੀ ਗੁਰਮੁਖ, ਮੁਸਾਫ਼ਰ ਵਾਂਗ) ਦਾਤਾ (ਪਰਮੇਸ਼ਰ) ਜੋ ਦਾਤ ਦੇਵੇ, ਉਹੀ ਲੈਂਦੇ ਹਨ, ਭੁਖੇ ਜਾਂ ਤਿਹਾਏ ਰਹਿਣ ਦੀ ਸ਼ਿਕਾਇਤ ਜਾਂ ਗੱਲ ਨਹੀਂ ਕਰਦੇ।

(੬) ਗੁਰਮੁਖਾਂ ਨੂੰ ਸਿਮਰਨ ਦੀ (ਹੀ ਵੱਡੀ ਦਾਤ ਪ੍ਰਾਪਤ ਹੈ) ਇਸੇ ਲਈ ਉਨ੍ਹਾਂ ਦਾ ਮੂੰਹ ਸਿਮਰਨ ਕਰਕੇ ਕੌਲ ਵਾਂਗ ਖਿੜਿਆ ਰਹਿੰਦਾ ਹੈ।੫।

***ਭਾਵਾਰਥ :*** ਪਾਣੀ ਦਾ ਕਵਲ ਰਾਤ ਨੂੰ ਮੁੰਦਿਆ ਜਾਂਦਾ ਹੈ, ਪਰ ਗੁਰਮੁਖਾਂ ਦਾ ਕਮਲ ਸਦਾ ਹੀ ਪ੍ਰਸੰਨ ਰਹਿੰਦਾ ਹੈ। ਇਸੇ ਲਈ ਰਾਤ ਦਾ ਵਿਸ਼ੇਸ਼ਣ ਦਿਤਾ ਹੈ ਕਿ ਸਦਾ ਪ੍ਰਸੰਨ ਬਦਨ ਰਹਿੰਦੇ ਹਨ। ਅਤੇ ਆਪ ਨੂੰ ਚਾਰ ਦਿਨਾਂ ਦੇ ਯਾਤ੍ਰੀ ਮੰਨ ਕੇ ਮਮਤਾ ਵਲੋਂ ਉਦਾਸ ਰਹਿੰਦੇ ਹਨ। ਉਹ ਆਪਣੇ ਮਨ ਨੂੰ ਸਦਾ ਇਉਂ ਹੀ ਪ੍ਰੇਰਦੇ ਰਹਿੰਦੇ ਹਨ ਕਿ :

ਉਠਿ ਵੰਞੁ ਵਟਾਊੜਿਆ ਤੈ ਕਿਆ ਚਿਰੁ ਲਾਇਆ॥

ਭਾਵ ਉਹ ਮਨ ਨੂੰ ਇਉਂ ਹੀ ਪ੍ਰੇਰਦੇ ਰਹਿੰਦੇ ਹਨ ਕਿ ਹੇ ਰਾਹੀ ! ਤੂੰ ਉਠ ਕੇ ਗੁਰੂ ਦੀ ਸਤਿਸੰਗਤ ਵੱਲ ਤੁਰ ਪਉ, ਜੋ ਕੁਝ ਰੱਬ ਦੀ ਪ੍ਰਾਪਤੀ ਵਾਸਤੇ ਦੈਵੀ ਗੁਣਾਂ ਦੀ ਸਮੱਗਰੀ 'ਕੱਠੀ ਕਰਨੀ ਹੈ, ਉਹ ਕਰ ਲੈ, ਕਿਉਂਕਿ ਸਮਾਂ ਥੋੜ੍ਹਾ ਹੈ, ਚਿਰ ਨਾ ਲਾ।

ਹਰਿ ਜਪਦਿਆ ਖਿਨੁ ਢਿਲ ਨ ਕੀਜਈ
ਮੇਰੀ ਜਿੰਦੁੜੀਏ
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ॥

*(ਬਿਹਾਗੜਾ ਮ: ੪, ਪੰਨਾ ੫੪੦)*

ਹਮ ਆਦਮੀ ਹਾਂ ਇਕ ਦਮੀ
ਮੁਹਲਤਿ ਮੁਹਤੁ ਨ ਜਾਣਾ॥
ਨਾਨਕੁ ਬਿਨਵੈ ਤਿਸੈ ਸਰੇਵਹੁ
ਜਾ ਕੇ ਜੀਅ ਪਰਾਣਾ॥੧॥
ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ॥

*(ਧਨਾਸਰੀ ਮ: ੧, ਪੰਨਾ ੬੬੦)*

ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ॥
ਜਨਮ ਮਰਨ ਕਾ ਭਉ ਗਇਆ
ਜੀਵਨ ਪਦਵੀ ਪਾਇ॥

*(ਮ: ੩, ਪੰਨਾ ੫੫੬)*

## ੬. ਗੁਰਮੁਖ ਦੀ ਜੀਵਨ-ਜੁਗਤਿ

**੧. ਦੀਵਾਲੀ ਦੀ ਰਾਤਿ**
**ਦੀਵੇ ਬਾਲੀਅਨਿ।**
**੨. ਤਾਰੇ ਜਾਤਿ ਸਨਾਤਿ**
**ਅੰਬਰਿ ਭਾਲੀਅਨਿ।**

**੩. ਫੁੱਲਾਂ ਦੀ ਬਾਗਾਤਿ**
**ਚੁਣਿ ਚੁਣਿ ਚਾਲੀਅਨਿ।**
**੪. ਤੀਰਥ ਜਾਤੀ ਜਾਤਿ**
**ਨੈਣ ਨਿਹਾਲੀਅਨਿ।**
**੫. ਹਰਿਚੰਦਉਰੀ ਝਾਤਿ**
**ਵਸਾਇ ਉਚਾਲੀਅਨਿ।**
**੬. ਗੁਰਮੁਖ ਸੁਖ ਫਲ ਦਾਤਿ ਸ਼ਬਦਿ ਸਮ੍ਹਾਲੀਅਨਿ ॥੬॥**

***ਪਦ ਅਰਥ:*** ਜਾਤਿ ਸਨਾਤਿ—ਵੱਡੇ ਛੋਟੇ ਤਾਰੇ। ਅੰਬਰਿ—ਆਕਾਸ਼। ਬਾਗਾਤਿ—ਬਾਗ। ਚਾਲੀਅਨਿ—ਪੁੱਟੀ ਦੀਆਂ ਹਨ। ਉਚਾਲੀਅਨਿ—ਨਾਸ ਕੀਤੀਆਂ ਜਾਂਦੀਆਂ ਹਨ।

***ਅਰਥ:***

**ਪ੍ਰ:** ਭਾਈ ਸਾਹਿਬ ਜੀਉ! ਜਦੋਂ ਅਸੀਂ ਸੰਸਾਰ ਦੇ ਆਮ ਜੀਵਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਉਨ੍ਹਾਂ ਨੇ ਆਪੋ ਆਪਣੇ ਜੀਵਨ ਵਿਚ ਕੁਝ ਨ ਕੁਝ ਸੰਕੇਤ ਬਣਾ ਰੱਖਿਆ ਹੈ, ਜਿਵੇਂ ਕੋਈ ਦੀਵਾਲੀ ਦੀ ਰਾਤ ਨੂੰ ਦੀਵੇ ਜਗਾਉਂਦਾ ਹੈ, ਕੋਈ ਤੀਰਥਾਂ 'ਤੇ ਜਾ ਇਸ਼ਨਾਨ ਕਰਨ ਦਾ ਨਿਯਮੀ ਹੈ, ਕਿਸੇ ਨੇ ਬ੍ਰਤ ਆਦਿ ਰੱਖਣ ਦੀ ਧਾਰਨਾ ਕਰ ਰੱਖੀ ਹੈ, ਕਿਉਂ ਜੀ! ਦਸੋਗੇ ਕਿ ਗੁਰੂ ਦੇ ਗੁਰਮੁਖ ਸਿਖ ਕਿਸ ਧਾਰਨਾ ਵਿਚ ਜੀਵਨ ਗੁਜ਼ਾਰਦੇ ਹਨ?

**ਉ:** ਹੇ ਭਾਈਓ! ਜਦੋਂ ਅਸੀਂ ਗੁਰਮੁਖਾਂ ਦੀ ਜੀਵਨ ਜੁਗਤੀ ਵੱਲ ਨਜ਼ਰ ਮਾਰਦੇ ਹਾਂ ਤਾਂ ਅਸੀਂ ਉਨ੍ਹਾਂ ਦੀ ਕ੍ਰਿਆ ਸੰਸਾਰੀ ਲੋਕਾਂ ਤੋਂ ਵੱਖਰੀ ਵੇਖਦੇ ਹਾਂ, ਕਿਉਂਕਿ ਉਨ੍ਹਾਂ ਨੇ ਸੰਸਾਰੀ ਲੋਕਾਂ ਦੀ ਜੋ ਕਰਮ-ਕਾਂਡ ਦੀ ਕ੍ਰਿਆ ਹੈ, ਉਸ ਨੂੰ ਗੁਰਮਤ ਦੀ ਕਸੌਟੀ ਨਾਲ ਚੰਗੀ ਤਰ੍ਹਾਂ ਪਰਖ ਲਿਆ ਹੈ, ਕਿ ਇਹ ਜੋ ਕਰਮ-ਕਾਂਡ ਦੀ ਕ੍ਰਿਆ ਹੈ ਇਹ ਰੱਬੀ ਮਾਰਗ ਵਿਚ ਟੁਰਨ ਵਾਲੇ ਪਾਂਧੀਆਂ ਲਈ ਇਕ ਬਹੁਤ ਵੱਡੀ ਰੁਕਾਵਟ ਹੈ। ਉਨ੍ਹਾਂ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਇਹ ਸਾਫ਼ ਸਾਫ਼ ਨਜ਼ਰ ਆ ਗਿਆ ਹੈ ਕਿ ਜਿਨ੍ਹਾਂ ਧਰਮ ਦੇ ਕਰਮਾਂ ਵਿਚ ਪਾਖੰਡ ਨਜ਼ਰ ਆ ਰਿਹਾ ਹੈ ਉਹ ਰੱਬੀ ਦਰਬਾਰ ਤਕ ਨਹੀਂ ਪੁੱਜਦੇ, ਉਨ੍ਹਾਂ ਨੂੰ ਜਮ ਜਗਾਤੀਏ ਜਮ ਮਾਰਗ ਵਿਚ ਹੀ ਲੁੱਟ ਲੈਂਦੇ ਹਨ। ਬਾਣੀ ਵਿਚ ਇਹੋ ਫੁਰਮਾਨ ਆਇਆ ਹੈ, ਜਿਵੇਂ ਕਿ

ਕਰਮ ਧਰਮ ਪਾਖੰਡ ਜੋ ਦੀਸਹਿ
ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ
ਨਿਮਖ ਸਿਮਰਤ ਜਿਤੁ ਛੂਟੈ ॥੧॥ *(ਸੂਹੀ ਮ: ੫, ਪੰਨਾ ੭੪੭)*

ਇਸ ਲਈ ਉਨ੍ਹਾਂ ਗੁਰਮੁਖਾਂ ਨੇ ਗੁਰੂ ਦੇ ਦਰਸਾਏ ਗੁਰਮਤ ਮਾਰਗ ਨੂੰ ਹੀ ਅਪਨਾਇਆ ਹੈ ਤੇ ਉਸੇ ਦੇ ਅਨੁਸਾਰੀ ਹੋ ਸਦਾ ਜੀਵਨ ਗੁਜ਼ਾਰਦੇ ਹਨ, ਜਿਵੇਂ ਕਿ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥
*(ਮ: ੪, ਪੰਨਾ ੩੦੫)*

ਜਨੁ ਨਾਨਕੁ ਬੋਲੈ ਅੰਮ੍ਰਿਤ ਬਾਣੀ ॥
ਗੁਰਸਿਖਾਂ ਕੈ ਮਨਿ ਪਿਆਰੀ ਭਾਣੀ ॥
ਉਪਦੇਸੁ ਕਰੇ ਗੁਰੁ ਸਤਿਗੁਰੁ ਪੂਰਾ
ਗੁਰੁ ਸਤਿਗੁਰੁ ਪਰਉਪਕਾਰੀਆ ਜੀਉ ॥੪॥
*(ਮਾਝ ਮ: ੪, ਪੰਨਾ ੯੬)*

ਭੁਖੇ ਪ੍ਰੀਤਿ ਹੋਵੈ ਅੰਨੁ ਖਾਇ ॥
ਗੁਰਸਿਖ ਪ੍ਰੀਤਿ ਗੁਰ ਮਿਲਿ ਅਘਾਇ ॥੧॥
*(ਗਉੜੀ ਮ: ੪, ਪੰਨਾ ੧੬੪)*

ਗੁਰਸਿਖ ਮੀਤ ਚਲਹੁ ਗੁਰ ਚਾਲੀ ॥
ਜੋ ਗੁਰੁ ਕਹੈ ਸੋਈ ਭਲ ਮਾਨਹੁ
ਹਰਿ ਹਰਿ ਕਥਾ ਨਿਰਾਲੀ ॥ *(ਧਨਾਸਰੀ ਮ: ੪, ਪੰਨਾ ੬੬੭)*

ਗੁਰਮੁਖਿ ਸੇਵ ਲਗੇ ਸੇ ਉਧਰੇ ਵਡਭਾਗੀ ਸੇਵ ਕਰੰਦੇ ॥
ਜਿਨ ਹਰਿ ਜਪਿਆ ਤਿਨ ਫਲੁ ਪਾਇਆ
ਸਭਿ ਤੂਟੇ ਮਾਇਆ ਫੰਦੇ ॥੩॥
*(ਬਿਲਾਵਲੁ ਮ: ੪, ਪੰਨਾ ੮੦੦)*

ਗੁਰਮੁਖਿ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ
ਗੁਰਮੁਖਿ ਸਹਜਿ ਸਮਾਵਣਿਆ ॥੪॥

*(ਮਾਝ ਮ: ੩, ਪੰਨਾ ੧੨੫)*

ਗੁਰਮੁਖਿ ਜਾਗਿ ਰਹੇ ਦਿਨ ਰਾਤੀ ॥
ਸਾਚੇ ਕੀ ਲਿਵ ਗੁਰਮਤਿ ਜਾਤੀ ॥
ਮਨਮੁਖ ਸੋਇ ਰਹੇ ਸੇ ਲੂਟੇ
ਗੁਰਮੁਖਿ ਸਾਬਤੁ ਭਾਈ ਹੇ ॥੪॥

*(ਮਾਰੂ ਮ: ੧, ਪੰਨਾ ੧੦੨੪)*

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥
ਗੁਰ ਕੀ ਆਗਿਆ ਮਨ ਮਹਿ ਸਹੈ ॥
ਆਪਸ ਕਉ ਕਰਿ ਕਛੁ ਨ ਜਨਾਵੈ ॥
ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥
ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ ॥
ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤ ਸੁਆਮੀ ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥
ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥

*(ਸੁਖਮਨੀ, ਪੰਨਾ ੨੮੬)*

ਇਸ ਤਰ੍ਹਾਂ ਹੋਰ ਭੀ ਗੁਰਬਾਣੀ ਵਿਚ ਗੁਰੂ ਉਪਦੇਸ਼ ਮਿਲਦੇ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਗੁਰਮੁਖਾਂ ਨੇ ਆਪਣੇ ਜੀਵਨ ਦੀ ਮਾਨਸਕ ਚਾਲ ਨੂੰ ਗੁਰੂ ਦੀ ਆਗਿਆ ਅਨੁਸਾਰ ਟੋਰਨ ਦਾ ਉਪਰਾਲਾ ਕੀਤਾ ਹੈ, ਉਨ੍ਹਾਂ ਨੇ ਸਾਰੇ ਕਰਮ-ਕਾਂਡ ਦੀ ਫੋਕੀ ਪੋਪ-ਲੀਲ੍ਹਾ ਨੂੰ ਤਿਆਗ ਕੇ ਕੇਵਲ ਗੁਰੂ ਦੀ ਆਗਿਆ ਅਨੁਸਾਰ ਆਪਣੇ ਮਨ ਨੂੰ ਗੁਰੂ ਦੇ ਹੀ ਅਰਪਨ ਕਰ ਦਿਤਾ ਹੈ, ਅਤੇ ਗੁਰੂ ਦੀ ਗੁਰਬਾਣੀ ਤੋਂ ਬਿਨਾਂ ਉਹ ਹੋਰ ਕਿਸੇ ਮੰਤ੍ਰ, ਜੰਤ੍ਰਾਂ ਤੇ ਵਿਸ਼ਵਾਸ ਨਹੀਂ ਰਖਦੇ, ਕਿਉਂਕਿ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਜਾਪ, ਤਾਪ, ਨੇਮ, ਸੁਚ, ਸੰਜਮ, ਬ੍ਰਤ ਆਦਿਕ ਦੀ ਕ੍ਰਿਆ ਕਰਨ ਨਾਲ ਮਨੁੱਖ ਦਾ ਸੰਸਾਰ ਦੇ ਜੰਮਣ ਮਰਨ ਦੇ ਚੱਕ੍ਰ ਵੱਲੋਂ ਛੁਟਕਾਰਾ ਨਹੀਂ ਹੋ ਸਕਦਾ। ਇਸ ਤਰ੍ਹਾਂ ਗੁਰਮੁਖਾਂ ਦੀ ਧਾਰਨਾ ਨੂੰ ਤੱਕ ਕੇ ਮੈਂ ਇਸ ਪਉੜੀ ਅੰਦਰ ਸੰਸਾਰੀ ਲੋਕਾਂ ਵਿਚ ਬ੍ਰਤ ਆਦਿਕ ਦੀ ਚਲ ਰਹੀ ਕ੍ਰਿਆ ਦਾ ਜ਼ਿਕਰ ਕਰਕੇ ਗੁਰੂ ਦੇ ਸ਼ਬਦ ਦੀ ਕਮਾਈ ਕਰਦੇ ਰਹਿਣਾ ਹੀ ਉੱਦਮ ਦਰਸਾਇਆ ਹੈ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਦੀਵਾਲੀ ਦੀ ਰਾਤ ਨੂੰ ਹਰ ਘਰ ਵਿਚ (ਖ਼ੁਸ਼ੀ ਨਾਲ) ਦੀਵੇ ਬਾਲੇ ਜਾਂਦੇ ਹਨ, (ਜੋ ਕੁਝ ਚਿਰ ਮਗਰੋਂ ਬੁਝ ਜਾਂਦੇ ਹਨ)।

(੨) (ਇਸੇ ਤਰ੍ਹਾਂ ਰਾਤ ਵੇਲੇ) ਵੱਡੇ ਛੋਟੇ ਤਾਰੇ ਅਸਮਾਨ ਵਿਚ ਨਿਕਲ ਕੇ ਚਮਕਾਂ ਮਾਰਦੇ ਤੇ ਲਿਸ਼ਕਦੇ ਹਨ (ਪਰ ਦਿਨ ਚੜ੍ਹਦੇ ਹੀ ਖ਼ਤਮ ਹੋ ਜਾਂਦੇ ਹਨ)।

(੩) ਬਾਗਾਂ ਵਿਚ ਤਰ੍ਹਾਂ ਤਰ੍ਹਾਂ ਦੇ ਫੁਲ ਖਿੜਦੇ ਹਨ, (ਪਰ ਕੁਝ ਚਿਰ ਹੀ ਪੂਰੇ ਖਿੜਦੇ ਹਨ ਕਿ ਮਾਲੀ) ਉਨ੍ਹਾਂ ਨੂੰ ਚੁਣ ਚੁਣ ਕੇ ਤੋੜ ਲੈਂਦਾ ਹੈ।

(੪) ਯਾਤ੍ਰੀਆਂ ਦੇ ਟੋਲਿਆਂ ਦੇ ਟੋਲੇ ਤੀਰਥਾਂ ਪੁਰ ਯਾਤਰਾ ਕਰਨ ਜਾਂਦੇ ਹਨ, ਤੇ ਅੱਖਾਂ ਨਾਲ ਦੇਖਦੇ ਹਾਂ (ਕਿ ਮੁੜ ਤੀਰਥਾਂ ਨੂੰ ਖ਼ਾਲੀ ਕਰ ਆਉਂਦੇ ਹਨ)।

(੫) ਹਰਿ ਚੰਦਉਰੀ ਵਾਂਗ ਸੰਸਾਰ ਵਿਚ ਅਨੇਕਾਂ ਅਜਿਹੀਆਂ ਨਗਰੀਆਂ ਦੀ ਝਾਤੀ (ਦਿਖਾਵੇ ਮਾਤ੍ਰ) ਦਿਸਦੀ ਹੈ ਤੇ ਖ਼ਤਮ ਹੋ ਜਾਂਦੀ ਹੈ ਤੇ ਉੱਜੜ ਜਾਂਦੀ ਹੈ।

(੬) (ਪਰ ਅਸਲ ਵਿਚ) ਜੋ ਜੀਵਨ ਦਾ ਸੁਖ ਫਲ ਸ਼ਬਦ ਦੀ ਦਾਤ (ਪ੍ਰਭੂ ਦਾ ਸਿਮਰਨ ਤੇ ਭਜਨ) ਹੈ ਉਹ ਗੁਰੂ ਦੇ ਵਰੋਸਾਏ ਗੁਰਮੁਖ ਹੀ ਸੰਭਾਲਦੇ ਹਨ।੬।

***ਭਾਵਾਰਥ :*** ਗੁਰਮੁਖ ਸੇਵਕਾਂ ਨੇ ਗੁਰਬਾਣੀ ਦੁਆਰੇ ਇਹੋ ਪ੍ਰੇਰਨਾ ਲਈ ਹੈ ਕਿ ਪ੍ਰਭੂ ਦੇ ਨਾਮ ਸਿਮਰਨ ਤੋਂ ਸੱਖਣੇ ਜਿਤਨੇ ਭੀ ਜਪ, ਤਪ, ਸੰਜਮ ਦੇ ਕਰਮ-ਕਾਂਡ ਹਨ ਇਹ ਬੇਅਰਥ ਹਨ ਕਿਉਂਕਿ ਇਹ ਗਿਆਨ ਫਲ ਤੋਂ ਸੱਖਣੇ ਰੱਬੀ ਦਰਬਾਰ ਤਕ ਪੁਜਾਣ ਦੀ ਪਹੁੰਚ ਨਹੀਂ ਰਖਦੇ, ਬਾਣੀ ਦਾ ਭੀ ਇਹੋ ਫ਼ੁਰਮਾਨ ਹੈ, ਜਿਵੇਂ ਕਿ:

ਜਾਪ ਤਾਪ ਗਿਆਨ ਸਭਿ ਧਿਆਨ ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥
ਸਗਲ ਤਿਆਗਿ ਬਨ ਮਧੇ ਫਿਰਿਆ ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥
ਪੁੰਨ ਦਾਨ ਹੋਮੇ ਬਹੁ ਰਤਨਾ ॥
ਸਰੀਰੁ ਕਟਾਇ ਹੋਮੈ ਕਰਿ ਰਾਤੀ ॥
ਵਰਤ ਨੇਮ ਕਰੈ ਬਹੁ ਭਾਤੀ ॥
ਨਹੀ ਤੁਲਿ ਰਾਮ ਨਾਮ ਬੀਚਾਰ ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥

*(ਸੁਖਮਨੀ ਸਾਹਿਬ, ਪੰਨਾ ੨੬੫)*

ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ
ਅਗਨਿ ਦਹੈ ਕਾਇਆ ਕਲਪੁ ਕੀਜੈ ॥
ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ
ਰਾਮ ਨਾਮ ਸਰਿ ਤਊ ਨ ਪੂਜੈ ॥੧॥
ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ ॥
ਹਰਿ ਕਾ ਨਾਮੁ ਨਿਤ ਨਿਤਹਿ ਲੀਜੈ ॥੧॥ਰਹਾਉ॥

ਗੰਗਾ ਜਉ ਗੋਦਾਵਰਿ ਜਾਈਐ
ਕੁੰਭਿ ਜਉ ਕੇਦਾਰ ਨ੍ਹਾਈਐ
ਗੋਮਤੀ ਸਹਸ ਗਊ ਦਾਨੁ ਕੀਜੈ॥
ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ
ਰਾਮ ਨਾਮ ਸਰਿ ਤਊ ਨ ਪੂਜੈ॥੨॥
ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ
ਐਸੋ ਦਾਨੁ ਨਿਤ ਨਿਤਹਿ ਕੀਜੈ॥
ਆਤਮ ਜਉ ਨਿਰਮਾਇਲੁ ਕੀਜੈ
ਆਪ ਬਰਾਬਰਿ ਕੰਚਨੁ ਦੀਜੈ
ਰਾਮ ਨਾਮ ਸਰਿ ਤਊ ਨ ਪੂਜੈ॥੩॥
*(ਰਾਮਕਲੀ, ਪੰਨਾ ੯੭੩)*

ਜਾਪ ਤਾਪ ਨੇਮ ਸੁਚਿ ਸੰਜਮ
ਨਾਹੀ ਇਨ ਬਿਧੇ ਛੁਟਕਾਰ॥
*(ਕਾਨੜਾ ਮ: ੫, ਪੰਨਾ ੧੩੦੧)*

ਜਾਪ ਤਾਪ ਭ੍ਰਮਨ ਬਸੁਧਾ ਕਰਿ ਉਰਧ ਤਾਪ ਲੈ ਗੈਨ॥
ਇਹ ਬਿਧਿ ਨਹੀ ਪਤੀਆਨੋ ਠਾਕੁਰ
ਜੋਗ ਜੁਗਤਿ ਕਰਿ ਜੈਨ॥੨॥
*(ਧਨਾਸਰੀ ਮ: ੫, ਪੰਨਾ ੬੭੪)*

ਇਸ ਤਰ੍ਹਾਂ ਦੇ ਹੋਰ ਭੀ ਬਹੁਤ ਸਾਰੇ ਸ਼ਬਦਾਂ ਤੋਂ ਪ੍ਰੇਰਨਾ ਲੈ ਕੇ ਗੁਰਮੁਖਾਂ ਨੇ ਫੋਕੇ ਕਾਮ-ਕਾਂਡ ਦੀ ਫੋਕੀ ਕਪੋਲ ਕਲਪਣਾ ਦਾ ਤਿਆਗ ਕਰਕੇ ਕੇਵਲ ਪ੍ਰਭੂ ਦੇ ਨਾਮ ਦਾ ਹੀ ਚਿੰਤਨ ਕੀਤਾ ਹੈ, ਜੋ ਕਿ ਮਨੁੱਖ ਦੀ ਲੋਕ-ਪ੍ਰਲੋਕ ਵਿਚ ਸਹਾਇਤਾ ਕਰਦਾ ਹੈ।

## ੭. ਗੁਰਮੁਖਾਂ ਲਈ ਸੰਸਾਰ ਦਾ ਵਾਸਾ ਪੇਕਾ ਘਰ ਹੈ

**੧. ਗੁਰਮੁਖ ਮਨਿ ਪਰਗਾਸੁ ਗੁਰਿ ਉਪਦੇਸਿਆ।**
**੨. ਪੇਈਅੜੈ ਘਰਿ ਵਾਸੁ ਮਿਟੇ ਅੰਦੇਸਿਆ।**
**੩. ਆਸਾ ਵਿੱਚ ਨਿਰਾਸੁ ਗਿਆਨੁ ਅਵੇਸਿਆ।**
**੪. ਸਾਧ ਸੰਗਤਿ ਰਹਰਾਸਿ ਸ਼ਬਦ ਸੰਦੇਸਿਆ।**
**੫. ਗੁਰਮੁਖ ਦਾਸਨਿ ਦਾਸ ਮਤਿ ਪਰਵੇਸਿਆ।**
**੬. ਸਿਮਰਣ ਸਾਸ ਗਿਰਾਸ ਦੇਸ ਵਿਦੇਸਿਆ॥੭॥**

***ਪਦ ਅਰਥ :*** ਪੇਈਅੜੈ—ਪੇਕਾ ਘਰ। ਅੰਦੇਸਿਆ—ਸੰਸੇ ਤੇ ਡਰ। ਅਵੇਸਿਆ—ਨਿਵਾਸ, ਪ੍ਰਵੇਸ਼। ਵਿਦੇਸਿਆ—ਪਰਦੇਸ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਅਸੀਂ ਤੱਕਦੇ ਹਾਂ ਕਿ ਸਾਰੀਆਂ ਸਰੀਰਕ ਵਿਅਕਤੀਆਂ ਬਾਹਰੋਂ ਵੇਖਣ ਵਿਚ ਤਾਂ ਇਕੋ ਜਿਹੀਆਂ ਨਜ਼ਰ ਆਉਂਦੀਆਂ ਹਨ ਤੇ ਉਨ੍ਹਾਂ ਦੀ ਸਰੀਰਕ ਕ੍ਰਿਆ ਭੀ ਸਮਾਨ ਹੀ ਦਿਸਦੀ ਹੈ, ਪਰ ਜੋ ਰੱਬੀ ਮਾਰਗ ਪਰ ਚਲਣ ਵਾਲੇ ਲੋਕ ਹਨ ਤੁਸੀਂ ਉਨ੍ਹਾਂ ਵਿਚ ਕੀ ਅੰਤਰਾ ਤੱਕਦੇ ਹੋ, ਦੱਸਣ ਦੀ ਕ੍ਰਿਪਾ ਕਰੋ ਤਾਕਿ ਅਸੀਂ ਭੀ ਸਮਝ ਸਕੀਏ?

ਉ: ਹੇ ਭਾਈਓ! ਇਹ ਠੀਕ ਹੈ ਕਿ ਸਰੀਰ ਕਰਕੇ ਸਾਰੇ ਮਨੁੱਖ ਬਰਾਬਰ ਹੀ ਨਜ਼ਰ ਆਉਂਦੇ ਹਨ, ਪਰ ਸਾਰੇ ਮਨੁੱਖਾਂ ਦੀ ਮਾਨਸਕ ਕ੍ਰਿਆ ਸਮਾਨ ਨਹੀਂ ਹੋਇਆ ਕਰਦੀ। ਅਸੀਂ ਸਾਰੇ ਮਨੁੱਖਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡ ਸਕਦੇ ਹਾਂ ਜਿਵੇਂ ਕਿ ਇੱਕ ਸੰਸਾਰੀ ਹੈ, ਦੂਜੇ ਨਿਰੰਕਾਰੀ ਹਨ, ਭਾਵ ਇਕ ਸੰਸਾਰ ਦੇ ਮਾਰਗ 'ਤੇ ਚਲਦੇ ਹਨ, ਜਿਨ੍ਹਾਂ ਨੂੰ ਸੰਸਾਰੀ ਕਿਹਾ ਜਾ ਸਕਦਾ ਹੈ। ਦੂਜੇ ਰੱਬੀ ਮਾਰਗ 'ਤੇ ਚਲਣ ਵਾਲੇ ਨਿਰੰਕਾਰੀ ਲੋਕ ਹਨ। ਜਿਨ੍ਹਾਂ ਦਾ ਬਾਣੀ ਵਿਚ ਇਉਂ ਜ਼ਿਕਰ ਆਉਂਦਾ ਹੈ ਕਿ :

ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ॥
ਗੁਰਮੁਖਿ ਆਪਣਾ ਮਨੁ ਮਾਰਿਆ
ਸਬਦਿ ਕਸਵਟੀ ਲਾਇ॥ *(ਮ: ੩, ਪੰਨਾ ੮੭)*

ਭਾਵ ਇਕ ਨਿਰੰਕਾਰੀ ਰੱਬ ਨਾਲ ਲਿਵ ਲਾਈ ਰਖਦੇ ਹਨ, ਦੂਜੇ ਧਾ ਜਾਣ ਵਾਲੀ ਮਾਇਆ ਦੇ ਮਗਰ ਦੌੜੀ ਫਿਰਦੇ ਹਨ। ਪਰ ਗੁਰਮੁਖਾਂ ਨੇ ਆਪਣੇ ਮਨ ਨੂੰ ਸ਼ਬਦ ਦੀ ਕਸਵੱਟੀ 'ਤੇ ਲਾ ਕੇ ਮਾਰ ਲਿਆ ਹੈ ਭਾਵ ਸ਼ੁੱਧ ਕਰ ਲਿਆ ਹੈ। ਇਸ ਲਈ ਰੱਬੀ ਮਾਰਗ 'ਤੇ ਸਫ਼ਰ ਕਰਨ ਵਾਲੇ ਪਾਂਧੀਆਂ ਦੀ ਮਾਨਸਕ ਕ੍ਰਿਆ ਵਿਚ ਤੇ ਬਾਕੀ ਦੇ ਸੰਸਾਰੀ ਲੋਕਾਂ ਦੀ ਕ੍ਰਿਆ ਵਿਚ ਬਹੁਤ ਅੰਤਰਾ ਵੇਖਣ ਵਿਚ ਆਉਂਦਾ ਹੈ। ਇਕ ਜੋ ਸੰਸਾਰੀ ਲੋਕ ਹਨ, ਉਨ੍ਹਾਂ ਦੀ ਮਾਨਸਕ ਕ੍ਰਿਆ ਦਾ ਬਾਣੀ ਵਿਚ

ਇਉਂ ਜ਼ਿਕਰ ਹੈ :

ਇਕਨਾ ਮਰਣੁ ਨ ਚਿਤਿ ਆਸ ਘਣੇਰਿਆ॥
ਮਰਿ ਮਰਿ ਜੰਮਹਿ ਨਿਤ ਕਿਸੈ ਨ ਕੇਰਿਆ॥

*(ਪਉੜੀ, ਪੰਨਾ ੧੪੩)*

ਭਾਵ ਜਿਥੇ ਸੰਸਾਰੀ ਲੋਕਾਂ ਨੂੰ ਮਰਨਾ ਕਦੀ ਯਾਦ ਹੀ ਨਹੀਂ ਆਉਂਦਾ, ਉਥੇ ਬਾਣੀ ਤੋਂ ਪ੍ਰੇਰਨਾ ਲੈ ਕੇ ਨਿਰੰਕਾਰੀ ਲੋਕ ਹਰ ਸਮੇਂ ਮਰਣ ਨੂੰ ਚੇਤੇ ਰੱਖਦੇ ਹਨ ਭਾਵ ਉਨ੍ਹਾਂ ਨੂੰ ਮਰਣ ਦਾ ਕਦੀ ਭੈ ਹੀ ਨਹੀਂ ਵਿਆਪਿਆ ਕਿਉਂਕਿ ਮਰਣ ਦਾ ਭੈ ਤਾਂ ਉਨ੍ਹਾਂ ਸੰਸਾਰੀ ਲੋਕਾਂ ਨੂੰ ਹੀ ਵਿਆਪਦਾ ਹੈ ਜਿਨ੍ਹਾਂ ਨੇ ਸੰਸਾਰ ਵਿਚ ਬਹੁਤਾ ਚਿਰ ਜੀਉਂਦੇ ਰਹਿਣ ਦੀ ਆਸਾ ਬੰਨ੍ਹ ਰੱਖੀ ਹੈ, ਪਰ ਜੋ ਨਿਰੰਕਾਰੀ ਲੋਕ ਹਨ ਉਨ੍ਹਾਂ ਦੀ ਮਾਨਸਕ ਕ੍ਰਿਆ ਤਾਂ ਇਹੋ ਹੈ ਕਿ :

ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ॥
ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ॥

*(ਸ੍ਰੀ ਰਾਗੁ ਮ: ੧, ਪੰਨਾ ੨੦)*

ਮਰਣ ਜੀਵਣ ਕੀ ਚਿੰਤਾ ਗਈ
ਇਹੁ ਜੀਅੜਾ ਪ੍ਰਭ ਵਸਿ॥
ਜਿਉ ਭਾਵੈ ਤਿਉ ਰਖੁ ਤੂ
ਜਨ ਨਾਨਕ ਨਾਮੁ ਬਖਸਿ॥੧॥

*(ਸਲੋਕ ਮ: ੪, ਪੰਨਾ ੩੧੪)*

ਉਨ੍ਹਾਂ ਗੁਰਮੁਖਾਂ ਨੇ ਬਾਣੀ ਤੋਂ ਸਦਾ ਇਹੋ ਹੀ ਪ੍ਰੇਰਨਾ ਲਈ ਹੈ, ਜਿਵੇਂ ਕਿ :

ਪੇਵਕੜੈ ਦਿਨ ਚਾਰਿ ਹੈ ਸਾਹੁਰੜੈ ਜਾਣਾ॥
ਅੰਧਾ ਲੋਕੁ ਨ ਜਾਣਈ ਮੂਰਖੁ ਏਆਣਾ॥੧॥

*(ਗਉੜੀ, ਪੰਨਾ ੩੩੩)*

ਹਮ ਆਦਮੀ ਹਾਂ ਇਕ ਦਮੀ
ਮੁਹਲਤਿ ਮੁਹਤੁ ਨ ਜਾਣਾ॥
ਨਾਨਕੁ ਬਿਨਵੈ ਤਿਸੈ ਸਰੇਵਹੁ
ਜਾ ਕੇ ਜੀਅ ਪਰਾਣਾ॥੧॥

*(ਧਨਾਸਰੀ ਮ: ੧, ਪੰਨਾ ੬੬੦)*

ਪੇਵਕੜੈ ਹਰਿ ਜਪਿ ਸੁਹੇਲੀ
ਵਿਚਿ ਸਾਹੁਰੜੈ ਖਰੀ ਸੋਹੰਦੀ॥
ਸਾਹੁਰੜੈ ਵਿਚਿ ਖਰੀ ਸੋਹੰਦੀ
ਜਿਨਿ ਪੇਵਕੜੈ ਨਾਮੁ ਸਮਾਲਿਆ॥

*(ਸਿਰੀ ਰਾਗੁ ਮ: ੪, ਪੰਨਾ ੭੮)*

ਪੇਈਅੜੈ ਦਿਨ ਚਾਰਿ ਹੈ ਹਰਿ ਹਰਿ ਲਿਖਿ ਪਾਇਆ॥
ਸੋਭਾਵੰਤੀ ਨਾਰਿ ਹੈ ਗੁਰਮੁਖਿ ਗੁਣ ਗਾਇਆ॥

*(ਗਉੜੀ ਮ: ੩, ਪੰਨਾ ੧੬੨)*

ਪੇਵਕੜੈ ਧਨ ਖਰੀ ਇਆਣੀ॥
ਤਿਸੁ ਸਹ ਕੀ ਮੈ ਸਾਰ ਨ ਜਾਣੀ॥੧॥
ਸਹੁ ਮੇਰਾ ਏਕੁ ਦੂਜਾ ਨਹੀ ਕੋਈ॥
ਨਦਰਿ ਕਰੇ ਮੇਲਾਵਾ ਹੋਈ॥੧॥ਰਹਾਉ॥
ਸਾਹੁਰੜੈ ਧਨ ਸਾਚੁ ਪਛਾਣਿਆ॥
ਸਹਜਿ ਸੁਭਾਇ ਅਪਣਾ ਪਿਰੁ ਜਾਣਿਆ॥੨॥

*(ਆਸਾ ਮ: ੧, ਪੰਨਾ ੩੫੭)*

ਮਨੁ ਪਰਦੇਸੀ ਆਇਆ ਮਿਲਿਓ ਸਾਧ ਕੈ ਸੰਗਿ॥
ਜਿਸੁ ਵਖਰ ਕਉ ਚਾਹਤਾ
ਸੋ ਪਾਇਓ ਨਾਮਹਿ ਰੰਗਿ॥੨॥

*(ਆਸਾਵਰੀ ਮ: ੫, ਪੰਨਾ ੪੩੧)*

ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥
ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ॥

*(ਸੂਹੀ ਮ: ੧, ਪੰਨਾ ੭੬੭)*

ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥
ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ॥੧॥
ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉਹੁਲਾ॥
ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ॥੧॥ਰਹਾਉ॥
ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥
ਹੰਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ॥੨॥
ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ॥
ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ॥੩॥
ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ॥
ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ॥੪॥

*(ਸ੍ਰੀ ਰਾਗੁ ਮ: ੧, ਪੰਨਾ ੨੩)*

ਓਇ ਪਰਦੇਸੀਆ ਹਾਂ॥
ਸੁਨਤ ਸੰਦੇਸਿਆ ਹਾਂ॥੧॥ਰਹਾਉ॥
ਜਾ ਸਿਉ ਰਚਿ ਰਹੇ ਹਾਂ॥
ਸਭ ਕਉ ਤਜਿ ਗਏ ਹਾਂ॥
ਸੁਪਨਾ ਜਿਉ ਭਏ ਹਾਂ॥ *(ਆਸਾਵਰੀ ਮ: ੫, ਪੰਨਾ ੪੧੧)*

ਇਸ ਤੋਂ ਆਦਿ ਹੋਰ ਭੀ ਬਾਣੀ ਵਿਚ ਅਨੇਕਾਂ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਗੁਰਮੁਖਾਂ ਨੇ ਇਸ ਸੰਸਾਰ ਨੂੰ ਚਾਰ ਦਿਨਾਂ ਦਾ ਰੈਣ ਬਸੇਰਾ ਜਾਣ ਕੇ ਸਮਾਂ ਗੁਜ਼ਾਰਿਆ ਹੈ ਉਨ੍ਹਾਂ ਨੇ ਜਿਥੇ

ਜਾ ਕੇ ਅਖ਼ੀਰ ਨੂੰ ਵੱਸਣਾ ਹੈ, ਉਸ ਪ੍ਰਲੋਕ ਲਈ ਨਾਮ ਧਨ ਨੂੰ ਇਕੱਤ੍ਰ ਕਰਨ ਦਾ ਦਿਨੇ ਰਾਤ ਉਪਰਾਲਾ ਕਰਦੇ ਰਹੇ ਹਨ, ਉਨ੍ਹਾਂ ਦੀ ਉਚੇਰੀ ਮਾਨਸਕ ਅਵਸਥਾ ਨੂੰ ਤੱਕ ਕੇ ਮੈਂ ਇਹ ਚੰਦ ਸਤਰਾਂ ਉੱਕਰੀਆਂ ਹਨ:

(੧) ਗੁਰਮੁਖਾਂ ਦੇ ਮਨ ਵਿਚ ਚਾਨਣਾ ਹੋ ਜਾਂਦਾ ਹੈ, ਜਿਨ੍ਹਾਂ ਨੂੰ ਗੁਰੂ ਜੀ ਨੇ ਉਪਦੇਸ਼ ਦਿਤਾ ਹੈ (ਭਾਵ ਉਨ੍ਹਾਂ ਦੇ ਮਨ ਵਿਚ ਸਦਾ ਹੀ ਗਿਆਨ ਦਾ ਪ੍ਰਕਾਸ਼ ਹੈ)।

(੨) (ਉਹ ਸੰਸਾਰ ਦੇ ਵਸੇਬੇ ਨੂੰ) ਪੇਕੇ ਘਰ ਵਿਚ ਰਹਿਣੀ ਵਾਂਗ ਸਮਝਦੇ ਹਨ (ਕਿਉਂਕਿ) ਉਨ੍ਹਾਂ ਦੇ ਅੰਦੇਸ਼ੇ ਤੇ ਭਰਮ ਮਿਟ ਚੁੱਕੇ ਹੁੰਦੇ ਹਨ।

(੩) ਉਹ ਆਸਾ ਦੇ ਵਿਚ ਨਿਰਾਸ ਹੋ ਕੇ ਰਹਿੰਦੇ ਹਨ, ਕਿਉਂਕਿ ਉਨ੍ਹਾਂ ਦਾ ਗੁਰੂ ਦੇ ਬਖ਼ਸ਼ੇ) ਗਿਆਨ ਵਿਚ ਵਾਸਾ ਹੋ ਜਾਂਦਾ ਹੈ।

(੪) ਸਾਧ ਸੰਗਤ ਦੀ ਰਹੁ-ਰੀਤੀ (ਇਹੋ ਹੈ ਕਿ ਸਾਧ ਸੰਗਤ ਵਿਚ ਜਾਣ ਵਾਲੇ ਨੂੰ) ਗੁਰ ਸ਼ਬਦ ਦਾ ਹੀ ਸੰਦੇਸ਼ਾ ਦਿਤਾ ਜਾਂਦਾ ਹੈ।

(੫) ਗੁਰਮੁਖ ਨਿਮਰਤਾ ਧਾਰਨ ਕਰਕੇ ਦਾਸਾਂ ਦੇ ਦਾਸ ਬਣਨ ਦੀ ਮਤ ਨੂੰ ਆਪਣੇ ਹਿਰਦੇ ਵਿਚ ਵਸਾ ਲੈਂਦੇ ਹਨ।

(੬) ਉਹ ਸੁਆਸ ਗਿਰਾਸ ਪ੍ਰਭੂ ਦੇ ਸਿਮਰਨ ਵਿਚ ਹੀ ਗੁਜ਼ਾਰਦੇ ਹਨ, ਭਾਵੇਂ ਉਹ ਆਪਣੇ ਦੇਸ ਵਿਚ ਹੋਣ ਤੇ ਭਾਵੇਂ ਪ੍ਰਦੇਸ ਵਿਚ, ਸਿਮਰਨ ਨੂੰ ਹੀ ਜਾਰੀ ਰਖਦੇ ਹਨ।੭।

***ਭਾਵਾਰਥ :*** ਜਿਥੇ ਬਾਕੀ ਦੇ ਸਾਰੇ ਸੰਸਾਰੀ ਲੋਕ ਮਾਇਕੀ ਪਦਾਰਥਾਂ ਵਿਚ ਦਿਨੇ ਰਾਤ ਮਨ ਕਰਕੇ ਖੱਚਤ ਰਹਿੰਦੇ ਹਨ ਉਥੇ ਗੁਰਮੁਖ ਲੋਕ ਰਹਿੰਦੇ ਤਾਂ ਇਸੇ ਸੰਸਾਰ ਵਿਚ ਹਨ, ਪਰ ਉਹ ਇਉਂ ਪਦਾਰਥਾਂ ਵਿਚ ਨਿਰਲੇਪ ਵੱਸਦੇ ਹਨ, ਜਿਵੇਂ ਕਿ ਕਵਲ ਪਾਣੀ ਵਿਚ ਰਹਿੰਦਾ ਹੋਇਆ ਭੀ ਸਦਾ ਪਾਣੀ ਤੋਂ ਨਿਰਲੇਪ ਰਹਿੰਦਾ ਹੈ, ਪਾਣੀ ਕਿਤਨਾ ਭੀ ਉੱਚਾ ਚੜ੍ਹ ਆਵੇ ਕਵਲ ਉਤਨਾ ਹੋਰ ਉਚਾਣਾਂ 'ਤੇ ਚਲਾ ਜਾਂਦਾ ਹੈ। ਇਸੇ ਤਰ੍ਹਾਂ ਗੁਰਮੁਖਾਂ ਨੂੰ ਸੰਸਾਰ ਵਿਚ ਰਹਿੰਦਿਆਂ ਕਿਤਨੇ ਭੀ ਮਾਇਕੀ ਪਦਾਰਥ ਮਿਲ ਜਾਣ ਪਰ ਉਨ੍ਹਾਂ ਦੇ ਰੱਬੀ ਮਾਰਗ ਵਿਚ ਉਹ ਰੋਕ ਨਹੀਂ ਪਾ ਸਕਦੇ। ਬਸ ਸੰਸਾਰੀ ਤੇ ਨਿਰੰਕਾਰੀ ਲੋਕਾਂ ਵਿਚ ਇਤਨਾ ਹੀ ਅੰਤਰਾ ਹੈ।

## ੮. ਸੰਸਾਰ ਦਾ ਵਾਸਾ ਬੇੜੀ ਦੇ ਪੂਰ ਤੇ ਬ੍ਰਿਛ ਦੀ ਛਾਂ ਵਾਂਗ ਹੈ

**੧. ਨਦੀ ਨਾਵ ਸੰਜੋਗੁ**
**ਮੇਲ ਮਿਲਾਇਆ।**
**੨. ਸੁਹਣੇ ਅੰਦਰਿ ਭੋਗੁ**
**ਰਾਜੁ ਕਮਾਇਆ।**
**੩. ਕਦੇ ਹਰਖੁ ਕਦੇ ਸੋਗ**
**ਤਰਵਰ ਛਾਇਆ।**
**੪. ਕੱਟੈ ਹਉਮੈਂ ਰੋਗੁ**
**ਨ ਆਪੁ ਗਣਾਇਆ।**
**੫. ਘਰ ਹੀ ਅੰਦਰ ਜੋਗੁ**
**ਗੁਰਮੁਖ ਪਾਇਆ।**
**੬. ਹੋਵਣਹਾਰ ਸੁ ਹੋਗੁ ਗੁਰ ਸਮਝਾਇਆ ॥੮॥**

***ਪਦ ਅਰਥ :*** ਨਾਵ ਸੰਜੋਗੁ—ਬੇੜੀ ਦਾ ਪੂਰ। ਸੁਹਣੇ—ਸੁਪਨਾ। ਤਰਵਰ ਛਾਇਆ—ਬ੍ਰਿਛ ਦੀ ਛਾਂ। ਹੋਵਣਹਾਰ—ਜੋ ਕੁਝ ਹੋ ਰਿਹਾ ਹੈ। ਹੋਗੁ—ਹੁੰਦਾ ਹੈ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਨ੍ਹਾਂ ਗੁਰਮੁਖਾਂ ਦੀ ਆਪ ਜੀ ਇਤਨੀ ਉਚੇਰੀ ਮਾਨਸਕ ਅਵਸਥਾ ਦਾ ਜ਼ਿਕਰ ਕਰਦੇ ਹੋ, ਇਹ ਠੀਕ ਹੈ ਕਿ ਅਸੀਂ ਅਲਪ-ਬੁੱਧੀ ਵਾਲੇ ਤਾਂ ਭਾਵੇਂ ਨਹੀਂ ਸਮਝ ਸਕਦੇ, ਤੁਸੀਂ ਉਨ੍ਹਾਂ ਦੀਆਂ ਉੱਚੀਆਂ ਉਡਾਰੀਆਂ ਨੂੰ ਅਨੁਭਵ ਕਰਦੇ ਹੋ, ਪਰ ਇਹ ਦਸੋ ਕਿ ਉਹ ਇਸ ਸੰਸਾਰ ਸਾਗਰ ਦੇ ਅਥਾਹ ਮਾਇਕੀ ਪਦਾਰਥਾਂ ਵਿਚ ਰਹਿੰਦੇ ਹੋਏ ਭੀ ਆਪਣਾ ਜੀਵਨ ਨਿਰਲੇਪ ਕਿਵੇਂ ਗੁਜ਼ਾਰਦੇ ਹਨ, ਉਨ੍ਹਾਂ ਨੇ ਇਹ ਪ੍ਰੇਰਨਾ ਕਿਥੋਂ ਲਈ ਹੈ?

ਉ: ਹੇ ਭਾਈਓ! ਉਹ ਗੁਰਮੁਖ ਲੋਕ ਹਮੇਸ਼ਾ ਆਪਣਾ ਜੀਵਨ ਗੁਰੂ ਦੀ ਸਤਿਸੰਗਤ ਵਿਚ ਹੀ ਗੁਜ਼ਾਰਦੇ ਹਨ, ਸੰਗਤ ਵਿਚੋਂ ਜੋ ਬਾਣੀ ਦੁਆਰੇ ਉਪਦੇਸ਼ ਮਿਲਦਾ ਹੈ ਉਹ ਆਪਣੇ ਜੀਵਨ ਨੂੰ ਉਸੇ ਦੇ ਅਨੁਸਾਰ ਢਾਲਦੇ ਹਨ, ਬਾਣੀ ਵਿਚ ਇਸ ਸੰਸਾਰ ਤੋਂ ਨਿਰਲੇਪ ਰਹਿ ਕੇ ਜੀਵਨ ਗੁਜ਼ਾਰਨ ਦੇ ਕਈ ਕੁ ਉਦਾਹਰਣ ਮਿਲਦੇ ਹਨ, ਗੁਰਮੁਖ ਲੋਕ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਜਗਤ

ਵਿਚ ਨਿਰਲੇਪ ਜੀਵਨ ਗੁਜ਼ਾਰਦੇ ਹਨ, ਜਿਵੇਂ ਕਿ ਉਹ ਬਾਣੀ ਦੁਆਰੇ ਉਪਦੇਸ਼ ਸੁਣਦੇ ਹਨ :

ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮਜਾਲੇ ॥
ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ ॥੩॥
*(ਸ੍ਰੀ ਰਾਗੁ ਮ: ੩, ਪੰਨਾ ੩੦)*

ਵਿਣੁ ਸਤਿਗੁਰ ਪਰਤੀਤਿ ਨ ਆਵਈ,
ਨਾਮਿ ਨ ਲਾਗੋ ਭਾਉ ॥
ਸੁਪਨੈ ਸੁਖੁ ਨ ਪਾਵਈ ਦੁਖ ਮਹਿ ਸਵੈ ਸਮਾਇ ॥੨॥
*(ਸਿਰੀਰਾਗੁ ਮ: ੩, ਪੰਨਾ ੬੫)*

ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥
ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥
ਆਰਜਾ ਗਈ ਵਿਹਾਇ ਧੰਧੈ ਧਾਇਆ ॥
ਪੂਰਨ ਭਏ ਨ ਕਾਮ ਮੋਹਿਆ ਮਾਇਆ ॥
*(ਪਉੜੀ, ਪੰਨਾ ੭੦੭)*

ਸੁਪਨੈ ਹਭਿ ਰੰਗ ਮਾਣਿਆ ਮਿਠਾ ਲਗੜਾ ਮੋਹੁ ॥
ਨਾਨਕ ਨਾਮ ਵਿਹੂਣੀਆ ਸੁੰਦਰਿ ਮਾਇਆ ਧ੍ਰੋਹੁ ॥੨॥
*(ਪੰਨਾ ੭੦੭)*

ਪੇਖਤ ਲੀਲਾ ਰੰਗ ਰੂਪ
ਚਲਨੈ ਦਿਨੁ ਆਇਆ ॥
ਸੁਪਨੇ ਕਾ ਸੁਪਨਾ ਭਇਆ
ਸੰਗਿ ਚਲਿਆ ਕਮਾਇਆ ॥੩॥
*(ਬਿਲਾਵਲੁ ਮ: ੫, ਪੰਨਾ ੮੧੩)*

ਸੁਪਨ ਕੀ ਬਾਤ ਸੁਨੀ ਪੇਖੀ ਸੁਪਨਾ
ਨਾਮ ਮੰਤ੍ਰੁ ਸਤਿਗੁਰ ਦ੍ਰਿੜਾਇਆ ॥
*(ਕਾਨੜਾ ਮ: ੫, ਪੰਨਾ ੧੩੦੦)*

ਸੁਪਨੇ ਜਿਉ ਧਨੁ ਪਛਾਨੁ ਕਾਹੇ ਪਰਿ ਕਰਤ ਮਾਨੁ ॥
ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ ॥੧॥
*(ਰਾਗੁ ਜੈਜਾਵੰਤੀ ਮ: ੯, ਪੰਨਾ ੧੩੫੨)*

ਸੁਪਨੰਤਰੁ ਸੰਸਾਰੁ ਸਭੁ ਬਾਜੀ ਖੇਲੁ ਖਿਲਾਵੈਗੋ ॥
ਲਾਹਾ ਨਾਮੁ ਗੁਰਮਤਿ ਲੈ ਚਾਲਹੁ
ਹਰਿ ਦਰਗਹ ਪੈਧਾ ਜਾਵੈਗੋ ॥੫॥
*(ਕਾਨੜਾ ਮ: ੪, ਪੰਨਾ ੧੩੧੧)*

ਸੁਪਨ ਰੀ ਸੰਸਾਰੁ ॥ ਮਿਥਨੀ ਬਿਸਥਾਰੁ ॥
ਸਖੀ ਕਾਇ ਮੋਹਿ ਮੋਹਿਲੀ ਪ੍ਰਿਅ ਪ੍ਰੀਤਿ ਰਿਦੈ ਮੇਲ ॥੧॥
*(ਸਾਰਗ ਮ: ੫, ਪੰਨਾ ੧੨੨੯)*

ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥
ਦ੍ਰਿਸਟਿਮਾਨ ਸਭ ਬਿਨਸੀਐ
ਕਿਆ ਲਗਹਿ ਗਵਾਰ ॥੨॥
ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ ॥
*(ਬਿਲਾਵਲੁ ਮ: ੫, ਪੰਨਾ ੮੦੮)*

ਬਾਣੀ ਦੀਆਂ ਇਨ੍ਹਾਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਗੁਰਮੁਖਾਂ ਨੇ ਇਸ ਸੰਸਾਰ ਨੂੰ ਰਾਤ ਦੇ ਸੁਪਨੇ ਦੀ ਨਿਆਈਂ ਜਾਣ ਕੇ ਇਸ ਵਿਚ ਆਪਣੇ ਮਨ ਨੂੰ ਨਿਰਲੇਪ ਇਉਂ ਹੀ ਰੱਖਿਆ ਹੈ, ਜਿਵੇਂ ਪਾਣੀ ਵਿਚ ਮੁਰਗਾਈ ਦੇ ਖੰਭ ਨਹੀਂ ਭਿੱਜਦੇ ਅਤੇ ਕਵਲ ਦਾ ਫੁਲ ਜਿਵੇਂ ਦਿਨੇ ਰਾਤ ਪਾਣੀ ਵਿਚ ਵੱਸਦਾ ਹੋਇਆ ਭੀ ਪਾਣੀ ਤੋਂ ਸਦਾ ਹੀ ਨਿਰਲੇਪ ਰਹਿੰਦਾ ਹੈ। ਦੂਜਾ ਉਹ ਪ੍ਰਵਾਰ ਤੇ ਸਾਰੇ ਸੰਸਾਰ ਦੇ ਲੋਕਾਂ ਦਾ ਸੰਬੰਧ ਕੁਝ ਦਿਨਾਂ ਲਈ ਇਉਂ ਹੀ ਅਨੁਭਵ ਕਰਦੇ ਹਨ, ਜਿਵੇਂ ਕਿ ਕਿਸੇ ਨਦੀ ਦੇ ਕਿਨਾਰੇ ਤੇ ਬੇੜੀ ਪਰ ਚੜ੍ਹਨ ਵਾਲਿਆਂ ਦਾ ਸੰਜੋਗ ਥੋੜ੍ਹੇ ਸਮੇਂ ਲਈ ਹੀ ਹੋਇਆ ਕਰਦਾ ਹੈ। ਉਹ ਇਉਂ ਹੀ ਆਪਣੇ ਅੰਦਰ ਦ੍ਰਿੜ੍ਹ ਨਿਸਚਾ ਕਰਦੇ ਹਨ :

ਕਬੀਰ ਨਉਬਤਿ ਆਪਨੀ ਦਿਨ ਦਸ ਲੇਹੁ ਬਜਾਇ ॥
ਨਦੀ ਨਾਵ ਸੰਜੋਗ ਜਿਉ
ਬਹੁਰਿ ਨ ਮਿਲਹੈ ਆਇ ॥੮੦॥
*(ਸਲੋਕ ਕਬੀਰ ਜੀ, ਪੰਨਾ ੧੩੬੮)*

ਨਦਰੀ ਆਵਦਾ ਨਾਲਿ ਨ ਚਲਈ
ਵੇਖਹੁ ਕੋ ਵਿਉਪਾਇ ॥
ਸਤਿਗੁਰਿ ਸਚੁ ਦ੍ਰਿੜਾਇਆ ਸਚਿ ਰਹਹੁ ਲਿਵ ਲਾਇ ॥
*(ਮ: ੩, ਪੰਨਾ ੮੪)*

ਤੀਸਰਾ ਉਹ ਬ੍ਰਿਖ ਤੋਂ ਪ੍ਰੇਰਨਾ ਲੈਂਦੇ ਹਨ ਜਦ ਉਹ ਬਾਣੀ ਵਿਚ ਇਹ ਪੜ੍ਹਦੇ ਹਨ, ਕਿ ਸੰਸਾਰ ਇਕ ਬਿਰਛ ਦੀ ਤਰ੍ਹਾਂ ਹੈ, ਇਹ ਸਾਰੇ ਜੀਵ-ਜੰਤ ਅਨੇਕਾਂ ਪੰਛੀਆਂ ਦੀ ਤਰ੍ਹਾਂ ਥੋੜੇ ਸਮੇਂ ਲਈ ਇਕੱਤ੍ਰ ਹੋਏ ਹਨ, ਇਨ੍ਹਾਂ ਨੇ ਸ਼ੀਘਰ ਹੀ ਵਿਛੜ ਜਾਣਾ ਹੈ :

ਬਿਰਖੈ ਹੇਠਿ ਸਭਿ ਜੰਤ ਇਕਠੇ ॥
ਇਕਿ ਤਤੇ ਇਕਿ ਬੋਲਨਿ ਮਿਠੇ ॥
ਅਸਤੁ ਉਦੋਤੁ ਭਇਆ ਉਠਿ ਚਲੇ
ਜਿਉ ਜਿਉ ਅਉਧ ਵਿਹਾਣੀਆ ॥੧॥
*(ਮਾਰੂ ਮ: ੫, ਪੰਨਾ ੧੦੧੯)*

ਬਿਰਖ ਕੀ ਛਾਇਆ ਸਿਉ ਰੰਗੁ ਲਾਵੈ ॥
ਓਹ ਬਿਨਸੈ ਉਹੁ ਮਨਿ ਪਛੁਤਾਵੈ ॥

ਜੋ ਦੀਸੈ ਸੋ ਚਾਲਨਹਾਰੁ॥
ਲਪਟਿ ਰਹਿਓ ਤਹ ਅੰਧ ਅੰਧਾਰੁ॥
ਬਟਾਊ ਸਿਉ ਜੋ ਲਾਵੈ ਨੇਹ॥
ਤਾ ਕਉ ਹਾਥਿ ਨ ਆਵੈ ਕੇਹ॥

*(ਸੁਖਮਨੀ ਸਾਹਿਬ, ਪੰਨਾ ੨੬੮)*

ਬਿਰਖ ਛਾਇਆ ਜੈਸੇ ਬਿਨਸਤ
ਪਵਨ ਝੂਲਤ ਮੇਹ॥
ਹਰਿ ਭਗਤਿ ਦ੍ਰਿੜੁ ਮਿਲੁ ਸਾਧ ਨਾਨਕ
ਤੇਰੈ ਕਾਮਿ ਆਵਤ ਏਹ॥੨॥

*(ਮਾਰੂ ਮ: ੫, ਪੰਨਾ ੧੦੦੬)*

ਰੇ ਮਨ ਤੇਰੋ ਕੋਇ ਨਹੀ ਖਿੰਚਿ ਲੇਇ ਜਿਨਿ ਭਾਰੁ॥
ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰੁ॥੧॥

*(ਗਉੜੀ, ਪੰਨਾ ੩੩੨)*

ਇਸ ਤਰ੍ਹਾਂ ਦੀਆਂ ਹੋਰ ਭੀ ਬਾਣੀ ਵਿਚੋਂ ਪੰਗਤੀਆਂ ਪੜ੍ਹਨ ਵਿਚ ਆਉਂਦੀਆਂ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਗੁਰਮੁਖਾਂ ਨੇ ਇਸ ਸੰਸਾਰ ਨੂੰ ਚੰਦ ਰੋਜ਼ ਦਾ ਚਮਤਕਾਰ ਨਿਸਚੇ ਕਰਕੇ ਰੱਬੀ ਮਾਰਗ 'ਤੇ ਟੁਰਦੇ ਰਹਿਣ ਨੂੰ ਹੀ ਅਪਨਾਇਆ ਹੈ, ਇਸੀ ਕਰਕੇ ਉਹ ਦਿਨੇ ਰਾਤ ਉਸੇ ਪ੍ਰਭੂ ਦੀ ਯਾਦ ਵਿਚ ਰਹਿ ਕੇ ਸਮਾਂ ਸਫਲ ਕਰਦੇ ਹਨ, ਮੈਂ ਭੀ ਉਨ੍ਹਾਂ ਦੀ ਮਾਨਸਕ ਨਿਰਲੇਪਤਾ ਨੂੰ ਤੱਕ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉਲੀਕੀਆਂ ਹਨ, ਜਿਵੇਂ ਕਿ ਉਨ੍ਹਾਂ ਦੇ ਮਨ ਦਾ ਨਿਸਚਾ ਹੈ:

(੧) (ਗੁਰਮੁਖਾਂ ਦੇ ਸਾਹਮਣੇ ਜੋ ਵੀ ਸ਼ੈ ਆਉਂਦੀ ਹੈ ਉਹ ਉਸ ਤੋਂ ਹੀ ਪ੍ਰੇਰਨਾ ਲੈ ਕੇ ਆਪਣੇ ਜੀਵਨ ਵਿਚ ਢਾਲਦੇ ਹਨ ਜਦ ਉਹ ਵੇਖਦੇ ਹਨ ਕਿ) ਜਿਵੇਂ ਨਦੀ ਵਿਚ (ਬੇੜੀ ਦੇ ਪੂਰ) ਦਾ ਮੇਲ ਹੁੰਦਾ ਹੈ, ਪਰ ਨਦੀ ਤੋਂ ਪਾਰ ਹੁੰਦੇ ਹੀ ਸਭ ਆਪੋ ਆਪਣੀ ਰਾਹੀਂ ਪੈ ਜਾਂਦੇ ਹਨ।

(੨) (ਇਸਤ੍ਰਾਂ) ਸੁਪਨੇ ਵਿਚ ਜੇ ਕੋਈ ਰਾਜਾ ਬਣ ਜਾਏ ਤਾਂ ਸੁਪਨੇ ਵਿਚ ਹੀ ਰਾਜਾ ਰਹੇਗਾ, ਜਾਗ ਖੁਲ੍ਹਣ 'ਤੇ ਸਭ ਕੁਝ ਖ਼ਤਮ ਹੋ ਜਾਂਦਾ ਹੈ।

(੩) (ਜਿਵੇਂ) ਕਦੇ ਖ਼ੁਸ਼ੀ ਅਤੇ ਕਦੀ ਗਮੀ ਆ ਜਾਂਦੀ ਹੈ, ਬ੍ਰਿਛ ਦੀ ਛਾਂ ਵਾਂਗੂੰ ਟਿਕਣ ਵਾਲੀ ਕੋਈ ਵਸਤੂ ਨਹੀਂ ਹੈ।

(੪) (ਪਰ ਜਿਨ੍ਹਾਂ ਗੁਰਮੁਖਾਂ ਦੇ ਸਤਿਗੁਰੂ ਦੀ ਕ੍ਰਿਪਾ ਨਾਲ) ਹਉਮੈਂ ਦੇ ਰੋਗ ਕੱਟੇ ਗਏ ਹਨ, ਉਹ ਆਪਣੀ ਇਸ ਵਡਿਆਈ ਨੂੰ ਕਿਸੇ ਤਾਈਂ ਜਣੌਂਦੇ ਨਹੀਂ।

(੫) (ਉਨ੍ਹਾਂ ਨੇ) ਘਰ ਵਿਚ ਰਹਿੰਦੇ ਹੀ ਜੋਗ ਜੁਗਤ ਨੂੰ ਗੁਰਮੁਖਤਾਈ ਨਾਲ ਪ੍ਰਾਪਤ ਕਰ ਲਿਆ ਹੈ।

(੬) ਉਨ੍ਹਾਂ ਗੁਰਮੁਖਾਂ ਨੂੰ ਸਤਿਗੁਰੂ ਜੀ ਨੇ ਇਹ ਗੱਲ ਦ੍ਰਿੜ੍ਹ ਕਰਵਾ ਦਿਤੀ ਹੈ ਕਿ ਜੋ ਕੁਝ ਵਰਤ ਰਿਹਾ ਹੈ, ਇਹ ਸਭ ਪ੍ਰਭੂ ਦਾ ਭਾਣਾ ਹੈ, (ਇਸ ਲਈ ਉਹ ਭਾਣੇ ਵਿਚ ਸ਼ਾਕਰ ਰਹਿੰਦੇ ਹਨ।) ।੮।

***ਭਾਵਾਰਥ :*** ਉੱਕਤ ਪਉੜੀ ਵਿਚ ਤਿੰਨ ਦ੍ਰਿਸ਼ਟਾਂਤ ਜਗਤ ਦੀ ਅਨਿਤਤਾ ਪਰ ਮੰਨ ਕੇ ਗੁਰਮੁਖ ਅਕਾਲ ਪੁਰਖ ਦੇ ਭਾਣੇ ਵਿਚ ਹੀ ਜੀਵਨ ਗੁਜ਼ਾਰਦੇ ਹਨ, ਘਰ ਵਿਚ ਹੀ ਹਰੀ ਨੂੰ ਹਾਜ਼ਰ ਨਾਜ਼ਰ ਜਾਣਕੇ ਗਿਆਨ ਜੋਗ ਪਾ ਲੈਂਦੇ ਹਨ, ਉਹ ਵੇਖਦੇ ਹਨ ਕਿ ਨਦੀ ਦੇ ਪੂਰ ਵਾਂਗ ਅਤੇ ਬ੍ਰਿਛ ਦੀ ਛਾਂ ਅਤੇ ਸੁਪਨੇ ਦੀ ਸਾਰੀ ਸਮੱਗ੍ਰੀ ਚੰਦ ਸਮੇਂ ਲਈ ਇਕ ਚਮਤਕਾਰ ਹੈ, ਇਸ ਲਈ ਉਹ ਮਨ ਕਰਕੇ ਕਿਸੇ ਭੀ ਸ਼ੈ ਵਿਚ ਖੱਚਤ ਨਹੀਂ ਹੁੰਦੇ।

## *੯. ਗੁਰਮੁਖਾਂ ਦੀ ਜੀਵਨ-ਜੁਗਤ (ਅਚਾਹਤਾ)*

**੧. ਗੁਰਮੁਖ ਸਾਧੂ ਸੰਗੁ**
**ਚੱਲਣੁ ਜਾਣਿਆ।**
**੨. ਚੇਤਿ ਬਸੰਤੁ ਸੁਰੰਗ**
**ਸਭ ਰੰਗ ਮਾਣਿਆ।**
**੩. ਸਾਵਣ ਲਹਰਿ ਤਰੰਗ**
**ਨੀਰੁ ਨੀਵਾਣਿਆ।**
**੪. ਸਜਣ ਮੇਲੁ ਸੁਢੰਗ**
**ਚੋਜ ਵਿਡਾਣਿਆ।**
**੫. ਗੁਰਮੁਖ ਪੰਥੁ ਨਿਪੰਗੁ**
**ਦਰਿ ਪਰਵਾਣਿਆ।**
**੬. ਗੁਰਮਤਿ ਮੇਲੁ ਅਭੰਗੁ ਸੱਤਿ ਸੁਹਾਣਿਆ॥੯॥**

***ਪਦ ਅਰਥ :*** ਚੇਤਿ ਬਸੰਤੁ—ਬਸੰਤ ਦਾ ਮੌਸਮ, ਭਾਵ ਮਨੁਖਾ-ਜਨਮ। ਸੁਰੰਗ—ਸੁਹਣਾ ਪ੍ਰੇਮ, ਪ੍ਰੇਮ ਕਰਕੇ। ਸਾਵਣ—ਬਰਸਾਤ ਭਾਵ ਸਤਿਸੰਗ ਦੀ ਬਰਖਾ। ਲਹਰਿ ਤਰੰਗ—ਕਥਾ ਤੇ ਸ਼ਬਦ ਦੇ ਪ੍ਰਵਾਹ। ਨੀਰੁ—ਪਾਣੀ ਭਾਵ

ਉਪਦੇਸ਼। ਨੀਵਾਣਿਆ—ਨਿਮਰਤਾ। ਸੁਢੰਗ—ਚੰਗੇ ਢੰਗ ਵਾਲਾ। ਨਿਪੰਗੁ—ਚਿੱਕੜ ਤੋਂ ਰਹਿਤ, ਸ਼ੁੱਧ।

**ਅਰਥ :**

**ਪ੍ਰ:** ਭਾਈ ਸਾਹਿਬ ਜੀਉ ! ਆਪ ਪਿਛੇ ਕਹਿ ਆਏ ਹੋ ਕਿ ਗੁਰਮੁਖਾਂ ਨੇ ਸਾਧਸੰਗਤ ਦੁਆਰੇ ਇਸ ਨਾਸਵੰਤ ਸੰਸਾਰ ਤੋਂ ਚਲੇ ਜਾਣ ਦੀ ਜੁਗਤੀ ਨੂੰ ਅਪਣਾਇਆ ਹੈ, ਜਿਸ ਕਰਕੇ ਉਹ ਸੰਸਾਰ ਦੇ ਮਿਥਿਆ ਮਾਇਕੀ ਪਦਾਰਥਾਂ ਤੋਂ ਮਨ ਕਰਕੇ ਨਿਰਲੇਪ ਰਹਿ ਕੇ ਜੀਵਨ ਗੁਜ਼ਾਰਦੇ ਹਨ। ਪਰ ਕਿਉਂ ਜੀ ! ਸਾਧ ਸੰਗਤ ਵਿਚ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਆਉਂਦੇ ਹਨ ਉਹ ਸਾਰੇ ਹੀ ਇਸ ਜੀਵਨ ਜੁਗਤੀ ਨੂੰ ਕਿਉਂ ਨਹੀਂ ਅਪਨਾਉਂਦੇ, ਇਸਦਾ ਸਹੀ ਕਾਰਨ ਕੀ ਹੈ ?

**ਉ:** ਹੇ ਭਾਈਓ ! ਜੇ ਇਸ ਪੱਖ ਨੂੰ ਨਿਰਪੱਖ ਹੋ ਕੇ ਵੀਚਾਰੀਏ ਤਾਂ ਸਾਨੂੰ ਇਸ ਤੋਂ ਇਹੋ ਸੋਝੀ ਮਿਲੇਗੀ ਕਿ ਸਾਧ ਸੰਗਤ ਵਿਚ ਆਉਣ ਵਾਲੇ ਸੱਜਨਾਂ ਦੀ ਵੀਚਾਰਧਾਰਾ ਇਕੋ ਜਿਹੀ ਨਹੀਂ ਹੁੰਦੀ, ਸਗੋਂ ਭਿੰਨ ਭਿੰਨ ਹੋਇਆ ਕਰਦੀ ਹੈ, ਇਨ੍ਹਾਂ ਵਿਚ ਇਕ ਤਾਂ ਉਹ ਸੱਜਨ ਹਨ ਜਿਨ੍ਹਾਂ ਦੀ ਧਾਰਨਾ ਇਹੋ ਹੈ ਕਿ ਅਸਾਂ ਸੰਗਤ ਵਿਚ ਜਾ ਕੇ ਕੇਵਲ ਇਸ ਮਨੁੱਖ ਜਾਮੇ ਨੂੰ ਸਫਲ ਕਰਨ ਦੀ ਜੀਵਨ ਜੁਗਤੀ ਨੂੰ ਹੀ ਅਪਨਾਉਣਾ ਹੈ, ਉਹ ਸੰਗਤ ਵਿਚੋਂ ਬਾਣੀ ਦੇ ਕਥਾ ਕੀਰਤਨ ਨੂੰ ਸੁਣ ਕੇ ਉਨ੍ਹਾਂ ਦੈਵੀਗੁਣਾਂ ਨੂੰ ਹੀ ਧਾਰਨ ਕਰਦੇ ਹਨ, ਜਿਨ੍ਹਾਂ ਦੁਆਰੇ ਉਨ੍ਹਾਂ ਦੀ ਸਹਿਜੇ ਸਹਿਜੇ ਮਾਨਸਕ ਅਵਸਥਾ ਉਚਾਣਾਂ ਵੱਲ ਨੂੰ ਟੁਰਦੀ ਰਵੇ। ਪਰ ਦੂਸਰੇ ਉਹ ਲੋਕ ਭੀ ਸੰਗਤ ਵਿਚ ਆਉਂਦੇ ਹਨ, ਜਿਨ੍ਹਾਂ ਦਾ ਸ਼ੁਭ ਗੁਣਾਂ ਦੀ ਧਾਰਨਾ ਨਾਲ ਤਾਂ ਕੋਈ ਵਾਸਤਾ ਨਹੀਂ ਉਨ੍ਹਾਂ ਨੇ ਕੇਵਲ ਰਸਮ ਪੂਰੀ ਕਰਨ ਲਈ ਆਉਣਾ ਹੈ ਉਨ੍ਹਾਂ ਦੀ ਅੰਦਰੂਨੀ ਚਾਹਤ ਇਹੋ ਹੁੰਦੀ ਹੈ ਕਿ ਲੋਕੀ ਮੈਨੂੰ ਸੰਗਤ ਵਿਚ ਬੈਠਿਆਂ ਵੇਖ ਕੇ ਕਹਿਣ ਕਿ ਮੈਂ ਸਤਿਸੰਗੀ ਹਾਂ, ਉਹ ਇਸੇ ਚਾਹਤ ਨੂੰ ਪੂਰਨ ਕਰਨ ਲਈ ਸੰਗਤ ਦੇ ਜੋੜੇ ਭੀ ਝਾੜਦੇ ਹਨ, ਭਾਂਡਿਆਂ ਦੀ ਤੇ ਝਾੜੂ ਦੇਣ ਦੀ ਸੇਵਾ ਭੀ ਕਰਦੇ ਹਨ, ਹਜ਼ਾਰਾਂ ਦਾ ਦਾਨ ਭੀ ਕਰਦੇ ਹਨ, ਪਰ ਉਨ੍ਹਾਂ ਦੇ ਅੰਤਰ-ਆਤਮੇ ਜੀਵਨ ਦੀ ਸਹੀ ਜੁਗਤ ਨੂੰ ਧਾਰਨ ਦੀ ਕੋਈ ਵੀਚਾਰ ਨਹੀਂ, ਇਹੋ ਕਾਰਨ ਹੈ ਕਿ ਅਜਿਹੇ ਲੋਕਾਂ ਨੂੰ ਸੰਗਤ ਵਿਚ ਆਉਂਦਿਆਂ (੪੦) ਚਾਲ੍ਹੀ ਸਾਲ ਗੁਜ਼ਰ ਗਏ, ਪਰ ਉਨ੍ਹਾਂ ਦੀ ਜੀਵਨ ਸ਼ੈਲੀ ਵਿਚ ਕੋਈ ਭੀ ਬਦਲ ਨਹੀਂ ਆਈ ਅਰਥਾਤ ਉਨ੍ਹਾਂ ਦਾ ਸੁਭਾਉ ਪਹਿਲੋਂ ਵਾਂਗੂੰ ਹੀ ਕ੍ਰੋਧੀ, ਝਗੜਾਲੂ, ਈਰਖਾਲੂ, ਦ੍ਵੈਤ-ਵਾਦੀ, ਨਿੰਦਾ ਕਰਨ ਦਾ ਚਲਿਆ ਆਉਂਦਾ ਹੈ, ਅਜਿਹੇ ਲੋਕ ਭਾਵੇਂ ਜੀਵਨ ਭਰ ਹੀ ਸੰਗਤ ਵਿਚ ਆਉਂਦੇ ਰਹਿਣ ਉਨ੍ਹਾਂ ਨੂੰ ਸਹੀ ਜੀਵਨ ਜੁਗਤ ਹਾਸਲ ਨਹੀਂ ਹੋ ਸਕਦੀ, ਉਹ ਤਾਂ ਸਗੋਂ ਬਾਕੀ ਦੇ ਲੋਕਾਂ ਪਰ ਭੀ ਬੁਰਾ ਅਸਰ ਪਾਉਂਦੇ ਹਨ, ਕਿਉਂਕਿ ਉਹ ਸਮਝਦੇ ਹਨ ਕਿ ਜੇ ਸੰਗਤ ਵਿਚ ਜਾ ਕੇ ਇਨ੍ਹਾਂ ਲੋਕਾਂ ਦੀ ਜੀਵਨੀ ਵਿਚ ਕੋਈ ਬਦਲ ਨਹੀਂ ਆਈ ਤਾਂ ਸਾਨੂੰ ਭੀ ਜਾਣ ਦੀ ਕੀ ਲੋੜ ਹੈ ? ਖ਼ਾਸ ਕਰਕੇ ਬੱਚਿਆਂ ਦੇ ਸੁਭਾਵਾਂ ਪਰ ਬਹੁਤ ਬੁਰਾ ਅਸਰ ਹੁੰਦਾ ਹੈ ਉਹ ਵੇਖਦੇ ਹਨ ਕਿ ਬਾਪੂ ਦੇ ਝਗੜਾਲੂ ਤੇ ਕ੍ਰੋਧੀ ਸੁਭਾਉ ਵਿਚ ਜਦ ਕਿ ਪੰਜਾਹ ਸਾਲਾਂ ਵਿਚ ਕੋਈ ਫ਼ਰਕ ਨਹੀਂ ਆਇਆ ਤਾਂ ਸਾਨੂੰ ਭੀ ਅਜਿਹੀ ਸੰਗਤ ਵਿਚ ਜਾਣ ਦਾ ਕੀ ਲਾਭ ਹੋਵੇਗਾ ? ਇਸ ਲਈ ਸਾਨੂੰ ਜਾਣ ਦੀ ਲੋੜ ਹੀ ਨਹੀਂ, ਇਹੋ ਕਾਰਨ ਹੈ ਜਿਥੋਂ ਬੱਚਿਆਂ ਦੇ ਮਨਾਂ ਅੰਦਰ ਨਾਸਤਕਤਾ ਦਾ ਬੀਜ ਬੋਇਆ ਜਾਂਦਾ ਹੈ। ਪਰ ਜੋ ਗੁਰਮੁਖ ਲੋਕ ਹਨ ਉਨ੍ਹਾਂ ਦੇ ਸੰਗਤ ਵਿਚ ਆਉਣ ਦਾ ਸਹੀ ਪ੍ਰਯੋਜਨ ਹੈ ਇਸ ਮਨੁੱਖਤਾ ਦੇ ਸਫਲ ਕਰਨ ਲਈ ਸਾਧ ਸੰਗਤ ਦੁਆਰਾ ਜੀਵਨ ਦੀ ਸਹੀ ਜੁਗਤ ਨੂੰ ਧਾਰਨ ਕਰਨਾ, ਇਸ ਲਈ ਮੈਂ ਉਨ੍ਹਾਂ ਦੇ ਜੀਵਨ ਵੱਲ ਤੱਕ ਕੇ ਇਹ ਚੰਦ ਸਤਰਾਂ ਉੱਕਰੀਆਂ ਹਨ :

(੧) (ਅਸੀਂ ਵੇਖਦੇ ਹਾਂ ਕਿ) ਗੁਰਮੁਖਾਂ ਨੇ (ਸਾਧੂਆਂ ਦੇ ਸੰਗ ਵਿਚ ਬੈਠ ਕੇ) ਇਸ ਗੱਲ ਨੂੰ (ਨਿਸਚਿਤ ਤੌਰ 'ਤੇ) ਜਾਣਿਆ ਹੈ ਕਿ ਇਸ (ਫਾਨੀ ਸੰਸਾਰ ਤੋਂ ਜ਼ਰੂਰ) ਚਲਣਾ ਪੈਣਾ ਹੈ।

(੨) (ਉਹ ਅਨੁਭਵ ਕਰਦੇ ਹਨ ਕਿ ਮਨੁਖਾ ਜਨਮ) ਬਸੰਤ ਦੀ ਬਹਾਰ ਵਰਗਾ ਖੇੜੇ ਵਾਲਾ ਸਮਾਂ ਹੈ, ਜਿਸਦੇ ਸਭ ਰੰਗਾਂ ਨੂੰ (ਗੁਰਮੁਖ ਨੇ ਹਿਰਦੇ ਵਿਚ ਸਾਧ ਸੰਗਤ ਕਰਕੇ) ਮਾਣ ਲਿਆ ਹੈ।

(੩) ਸਾਵਣ ਦੇ ਮਹੀਨੇ ਵਿਚ ਵਰਖਾ ਦੇ ਮੀਂਹ ਦਾ ਪਾਣੀ ਨਿਵਾਣ ਵੱਲ ਹੀ ਜਾਂਦਾ ਹੈ। (ਗੁਰਮੁਖਾਂ ਨੇ ਇਸ ਤੋਂ ਸਿਖਿਆ ਲੈ ਕੇ ਨਿਮਰਤਾ ਧਾਰਨ ਕੀਤੀ ਹੈ, ਤੇ ਸੰਸਾਰਕ ਭੋਗਾਂ ਤੇ ਰਸਾਂ ਤੋਂ ਮੂੰਹ ਭਵਾ ਲਿਆ ਹੈ)।

(੪) (ਐਸੇ ਗੁਰਮੁਖ) ਸੱਜਣਾਂ ਦਾ ਮੇਲ ਬੜੇ ਹੀ ਸੁੰਦਰ ਰੰਗ ਢੰਗ ਵਾਲਾ ਤੇ ਅਸਚਰਜ ਕੌਤਕਾਂ ਵਾਲਾ ਹੁੰਦਾ ਹੈ।

(੫) ਗੁਰਮੁਖਾਂ ਦਾ ਪੰਥ (ਰਸਤਾ) ਨਿਰਮਲ ਸ਼ੁੱਧ (ਮੈਲ ਜਾਂ ਦ੍ਵੈਤ-ਭਾਵ ਤੋਂ ਰਹਿਤ ਹੁੰਦਾ ਹੈ) ਜੋ ਪਰਮੇਸ਼ਰ ਦੇ ਦਰ (ਦਰਵਾਜ਼ੇ) ਦਾ ਪ੍ਰਮਾਣੀਕ ਰਾਹ ਹੈ।

(੬) ਗੁਰਮੁਖ ਦਾ ਮੇਲ ਟੁਟਣ ਵਾਲਾ ਨਹੀਂ ਹੈ, ਉਨ੍ਹਾਂ ਨੂੰ ਸਤਿ ਸਰੂਪ (ਅਕਾਲ ਪੁਰਖ) ਹੀ ਸੁੰਦਰ ਤੇ ਸੋਭਾ ਵਾਲਾ

ਲਗਦਾ ਹੈ, ਤੇ ਉਹ ਉਸੇ ਵਿਚ ਹੀ ਇਕ ਰਸ ਲੀਨ ਹੋਏ ਰਹਿੰਦੇ ਹਨ।੯।

***ਭਾਵਾਰਥ :*** ਗੁਰਮੁਖ ਲੋਕ ਵੀਚਾਰਦੇ ਹਨ ਕਿ ਜਿਵੇਂ ਚੇਤ ਬਸੰਤ ਦੇ ਰੰਗ ਆ ਕੇ ਟੁਰ ਜਾਂਦੇ ਹਨ, ਇਸੇ ਤਰ੍ਹਾਂ ਨਿਰਇੱਛਤ ਲੋਕ ਵੀਚਾਰ ਕਰ ਲੈਂਦੇ ਹਨ ਕਿ ਇਹ ਸਾਰੇ ਪਦਾਰਥਾਂ ਨੂੰ ਕਈ ਵਾਰ ਭੋਗਿਆ ਹੈ, ਇਸ ਲਈ ਇਨ੍ਹਾਂ ਵਿਚ ਬਾਰ ਬਾਰ ਖੱਚਤ ਹੋਣ ਦਾ ਕੋਈ ਲਾਭ ਨਹੀਂ ਹੈ, ਇਸ ਲਈ ਉਹ ਆਤਮਕ ਰਸ ਵਿਚ ਹੀ ਸਦਾ ਲੀਨ ਰਹਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਇਹ ਗਿਆਨ ਹੋ ਆਉਂਦਾ ਹੈ ਕਿ ਇਹ ਸਾਰੇ ਪਦਾਰਥ ਨਾਸਵੰਤ ਤੇ ਰੋਗਾਂ ਦਾ ਕਾਰਨ ਹਨ, ਉਨ੍ਹਾਂ ਨੂੰ ਇਹ ਬਾਣੀ ਦੁਆਰੇ ਬੋਧ ਮਿਲ ਚੁੱਕਾ ਹੈ ਕਿ :

(ਭੋਗੰ ਤਾਂ ਰੋਗੰ) ਜੋ ਵਧੇਰੇ ਭੋਗ ਭੋਗਣੇ ਹਨ ਇਹ ਵਧੇਰੇ ਰੋਗਾਂ ਦਾ ਕਾਰੇਨ ਹਨ, ਇਸੇ ਤਰ੍ਹਾਂ ਹੋਰ ਫ਼ੁਰਮਾਨ ਆਉਂਦਾ ਹੈ ਕਿ :

ਜਿਤੇ ਭੋਗੇ ਭੋਗ ਦੁਖ ਸਬਾਇਆ ॥

ਇਸੇ ਭਾਵ ਨੂੰ ਭਰਥਰੀ ਜੀ ਵੈਰਾਗ ਸ਼ਤਕ ਵਿਚ ਅੰਕਤ ਕਰਦੇ ਹਨ ਕਿ :

ਭੁਗਤਾ ਜਾਨ ਭੋਗ ਮੈਂ ਭੋਗੇ ਭੋਗਿਓ ਗਇਓ ਮੂੜ ਮੈਂ ਆਪ।

ਭਾਵ, ਮੈਂ ਆਪਣੇ ਆਪ ਨੂੰ ਭੋਗਾਂ ਦੇ ਭੋਗਣ ਵਾਲਾ ਜਾਣ ਕੇ ਦਿਨੇ ਰਾਤ ਭੋਗਾਂ ਨੂੰ ਭੋਗਦਾ ਰਿਹਾ ਪਰ ਆਖ਼ਰ ਮੈਂ ਭੋਗਾਂ ਨੂੰ ਭੋਗਦਾ ਭੋਗਦਾ ਆਪ ਹੀ ਭੋਗਿਆ ਗਿਆ ਅਰਥਾਤ ਮੈਂ ਆਪਣਾ ਹੀ ਭੋਗ ਪਾ ਬੈਠਾ, ਭੋਗ ਉਸੇ ਤਰ੍ਹਾਂ ਹੀ ਕਾਇਮ ਰਹੇ। ਇਸ ਲਈ ਗੁਰਮੁਖਾਂ ਨੇ ਇਨ੍ਹਾਂ ਸਾਰੇ ਮਾਇਕੀ ਭੋਗਾਂ ਨੂੰ ਦੁਖਾਂ ਦਾ ਕਾਰਨ ਜਾਣ ਕੇ ਤਿਆਗ ਦਿਤਾ ਜੋ ਸਦੀਵੀ ਸੁਖਾਂ ਦਾ ਕਾਰਨ ਪ੍ਰਭੂ ਦਾ ਚਿੰਤਨ ਹੈ ਉਹ ਉਸੇ ਦੇ ਸਿਮਰਨ ਵਿਚ ਸਮਾਂ ਗੁਜ਼ਾਰਦੇ ਹਨ।

## *੧੦. ਪ੍ਰੇਮਾ-ਭਗਤੀ ਗੁਰਮੁਖਾਂ ਦੇ ਜਨਮ ਦੀ ਸਫਲਤਾ ਹੈ*

**੧. ਗੁਰਮੁਖ ਸਫਲ ਜਨੰਮ**
**ਜਗ ਵਿਚ ਆਇਆ।**
**੨. ਗੁਰਮਤਿ ਪੂਰ ਕਰੰਮੁ**
**ਆਪੁ ਗਵਾਇਆ।**
**੩. ਭਾਉ ਭਗਤਿ ਕਰਿ ਕੰਮ**
**ਸੁਖ ਫਲ ਪਾਇਆ।**
**੪. ਗੁਰ ਉਪਦੇਸ਼ ਅਗੰਮੁ**
**ਰਿਦੈ ਵਸਾਇਆ।**
**੫. ਧੀਰਜੁ ਧੁਜਾ ਧਰੰਮੁ**
**ਸਹਿਜ ਸੁਭਾਇਆ।**
**੬. ਸਹੈ ਨ ਦੂਖ ਸਹੰਮੁ ਭਾਣਾ ਭਾਇਆ ॥੧੦॥**

***ਪਦ ਅਰਥ :*** ਕਰੰਮੁ—ਬਖ਼ਸ਼ਸ਼। ਅਗੰਮੁ—ਅਕੱਥ। ਭਾਉ ਭਗਤਿ—ਪ੍ਰੇਮਾ ਭਗਤੀ। ਧੁਜਾ ਧਰੰਮੁ—ਧਰਮ ਦੀ ਧੁਜਾ, ਆਸਰਾ, ਝੰਡਾ। ਸਹੰਮੁ—ਕਸ਼ਟ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਮਨੁੱਖ ਸ਼ਰੇਣੀ ਵਿਚ ਤਾਂ ਬਹੁਤ ਲੋਕ ਆਏ ਹੋਏ ਦਿਸਦੇ ਹਨ, ਪਰ ਦਸੋ ਗੁਰਮਤ ਅਨੁਸਾਰ ਜਗਤ ਵਿਚ ਆਇਆ ਕਿਸਦਾ ਸਫਲਾ ਮੰਨਿਆ ਗਿਆਂ ਹੈ?

ਉ: ਹੇ ਭਾਈਓ! ਜਦੋਂ ਬਾਣੀ ਦੀ ਪੜਚੋਲ ਕਰੀਏ ਤਾਂ ਬਾਣੀ ਨੇ ਗੁਰਮੁਖਾਂ ਦੇ ਜਨਮ ਨੂੰ ਹੀ ਸਫਲਾ ਮੰਨਿਆ ਹੈ, ਕਿਉਂਕਿ ਉਨ੍ਹਾਂ ਗੁਰਮੁਖਾਂ ਨੇ ਗੁਰਬਾਣੀ ਦੇ ਹੁਕਮ ਅਨੁਸਾਰ ਆਪਣੇ ਜੀਵਨ ਨੂੰ ਢਾਲਿਆ ਹੈ, ਭਾਵ ਉਨ੍ਹਾਂ ਨੇ ਅੱਠੇ ਪਹਿਰ ਆਪਣੀ ਰਸਨਾ ਦਵਾਰੇ ਹਰੀ ਦੇ ਨਾਮ ਦਾ ਚਿੰਤਨ ਕੀਤਾ ਹੈ, ਬਾਣੀ ਵਿਚ ਬਾਰ ਬਾਰ ਇਹੋ ਪ੍ਰੇਰਨਾ ਦਿਤੀ ਗਈ ਹੈ, ਜਿਵੇਂ ਕਿ :

ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥
ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥੧॥
*(ਸਲੋਕੁ, ਪੰਨਾ ੨੫੨)*

ਆਇਆ ਸਫਲ ਤਾਹੂ ਕੋ ਗਨੀਐ ॥
ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥
ਆਇ ਬਸਹਿ ਸਾਧੂ ਕੈ ਸੰਗੇ ॥
ਅਨਦਿਨੁ ਨਾਮੁ ਧਿਆਵਹਿ ਰੰਗੇ ॥
ਆਵਤ ਸੋ ਜਨੁ ਨਾਮਹਿ ਰਾਤਾ ॥
ਜਾ ਕਉ ਦਇਆ ਮਇਆ ਬਿਧਾਤਾ ॥
ਏਕਹਿ ਆਵਨ ਫਿਰਿ ਜੋਨਿ ਨ ਆਇਆ ॥
ਨਾਨਕ ਹਰਿ ਕੈ ਦਰਸਿ ਸਮਾਇਆ ॥੧੩॥
*(ਪਉੜੀ, ਪੰਨਾ ੨੫੨)*

ਆਇਆ ਸ ਪਰਵਾਣੁ ਹੈ ਭਾਈ
ਜਿ ਗੁਰ ਸੇਵਾ ਚਿਤੁ ਲਾਇ ॥ *(ਸੋਰਠਿ ਮ: ੩, ਪੰਨਾ ੬੦੩)*

ਆਇਆ ਓਹੁ ਪਰਵਾਣੁ ਹੈ
ਜਿ ਕੁਲ ਕਾ ਕਰੇ ਉਧਾਰੁ ॥
ਅਗੈ ਜਾਤਿ ਨ ਪੁਛੀਐ
ਕਰਣੀ ਸਬਦੁ ਹੈ ਸਾਰੁ ॥

*(ਮ: ੩, ਪੰਨਾ ੧੦੯੪)*

ਆਪਿ ਤਰਹਿ ਸਗਲੇ ਕੁਲ ਤਾਰੇ ॥
ਆਏ ਸੇ ਪਰਵਾਣੁ ਹੋਏ
ਮਿਲਿ ਪ੍ਰੀਤਮ ਸੁਖੁ ਪਾਵਣਿਆ ॥੬॥

*(ਮਾਝ ਮ: ੩, ਪੰਨਾ ੧੧੭)*

ਆਏ ਸੇ ਪਰਵਾਣੁ ਹੈ
ਸਭੁ ਕੁਲ ਕਾ ਕਰਹਿ ਉਧਾਰੁ ॥੭॥

*(ਸ੍ਰੀ ਰਾਗੁ ਮ: ੩, ਪੰਨਾ ੬੬)*

ਆਏ ਸੇ ਪਰਵਾਣੁ ਹਹਿ
ਜਿਨ ਗੁਰੁ ਮਿਲਿਆ ਸੁਭਾਇ ॥
ਸਚੇ ਸੇਤੀ ਰਤਿਆ ਦਰਗਹ ਬੈਸਣੁ ਜਾਇ ॥

*(ਸਿਰੀ ਰਾਗੁ ਮ: ੫, ਪੰਨਾ ੫੨)*

ਇਤਿਆਦਿ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਗੁਰਮੁਖਾਂ ਨੇ ਸਦਾ ਨਾਮ ਦਾ ਹੀ ਚਿੰਤਨ ਕਰਕੇ ਇਸ ਜਗਤ ਵਿਚ ਆਉਣ ਦਾ ਮੁਖ ਪ੍ਰਯੋਜਨ ਅਨੁਭਵ ਕਰ ਲਿਆ ਹੈ, ਜਿਸ ਦਾ ਸਦਕਾ ਗੁਰਮੁਖਾਂ ਦਾ ਇਹ ਮਨੁੱਖਾ ਜਨਮ ਸਫਲ ਹੋ ਗਿਆ ਹੈ। ਗੁਰਮੁਖਾਂ ਦੀ ਇਸ ਸਫਲਤਾ ਨੂੰ ਮੁੱਖ ਰਖ ਕੇ ਮੈਂ ਇਸ ਪਉੜੀ ਦੀਆਂ ਕੁਝ ਕੁ ਪੰਗਤੀਆਂ ਅੰਕਤ ਕੀਤੀਆਂ ਹਨ, ਜਿਨ੍ਹਾਂ ਵਿਚ ਗੁਰਮੁਖਾਂ ਦੇ ਆਪਾ-ਭਾਵ ਨੂੰ ਗਵਾ ਕੇ ਦੈਵੀ ਗੁਣਾਂ ਦੇ ਧਾਰਨੀ ਹੋਣ ਦਾ ਫਲ ਇਸ ਮਨੁੱਖਾ-ਜਨਮ ਦੀ ਸਫਲਤਾ ਦਰਸਾਈ ਹੈ :

(੧) (ਜਿਵੇਂ ਕਿ ਅਸੀਂ ਵੇਖਦੇ ਹੀ ਹਾਂ ਕਿ) ਗੁਰਮੁਖਾਂ ਦਾ ਜੱਗ ਵਿਚ ਆਉਣਾ ਸਫਲਾ ਹੈ (ਕਿਉਂਕਿ ਉਨ੍ਹਾਂ ਦਾ ਮਾਰਗ ਗੁਰੂ ਦਾ ਦਸਿਆ ਉਪਦੇਸ਼ ਹੁੰਦਾ ਹੈ ਤੇ ਉਹ ਉਸ ਤੋਂ ਲਾਂਭੇ ਨਹੀਂ ਜਾਂਦੇ)।

(੨) (ਉਨ੍ਹਾਂ ਤੇ) ਗੁਰੂ ਦੀ ਮਤ ਪੂਰੀ ਬਖ਼ਸ਼ਸ਼ ਕਰਦੀ ਹੈ, ਕਿਉਂਕਿ ਉਨ੍ਹਾਂ ਨੇ ਆਪਾ-ਭਾਵ (ਦ੍ਵੈਤ ਤੇ ਦੂਈ ਨੂੰ ਆਪਣੇ ਹਿਰਦੇ ਵਿਚੋਂ) ਗਵਾ ਦਿਤਾ ਹੁੰਦਾ ਹੈ।

(੩) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਉਨ੍ਹਾਂ ਦਾ ਹਰ ਕੰਮ ਭਾਉ (ਪ੍ਰੇਮਾ) ਭਗਤੀ ਦੇ ਦਾਇਰੇ ਵਿਚ ਹੁੰਦਾ ਹੈ, ਜਿਸ ਕਰਕੇ ਉਹ ਸੁਖ ਫਲ ਪ੍ਰਾਪਤ ਕਰਦੇ ਹਨ।

(੪) ਉਨ੍ਹਾਂ ਨੇ ਆਪਣੇ ਹਿਰਦੇ ਵਿਚ ਸਤਿਗੁਰੂ ਦੇ ਬਖ਼ਸ਼ੇ ਅਗੰਮ (ਅਪਹੁੰਚ ਪ੍ਰਭੂ ਦੇ) ਉਪਦੇਸ਼ ਨੂੰ ਵਸਾ ਲਿਆ ਹੁੰਦਾ ਹੈ।

(੫) ਉਨ੍ਹਾਂ ਨੇ ਸਹਿਜ ਸੁਭਾਅ ਹੀ ਆਪਣੇ ਆਪ ਨੂੰ ਧੀਰਜ ਤੇ ਧਰਮ ਦੀ ਧੁਜਾ ਬਣਾਇਆ ਹੋਇਆ ਹੈ।

(੬) ਉਹ ਦੁਖਾਂ ਤੋਂ ਦੁਖੀ ਨਹੀਂ ਹੁੰਦੇ, ਕਿਉਂਕਿ ਉਨ੍ਹਾਂ ਨੂੰ ਪ੍ਰਭੂ ਦਾ ਭਾਣਾ ਮਿੱਠਾ ਲੱਗਦਾ ਹੈ।੧੦।

***ਭਾਵਾਰਥ :*** ਉਨ੍ਹਾਂ ਗੁਰਮੁਖਾਂ ਨੇ ਗੁਰਬਾਣੀ ਦੇ ਮਹਾਂਵਾਕ ਤੋਂ ਪ੍ਰੇਰਨਾ ਲਈ ਹੈ ਕਿ :

ਜੋ ਨਰੁ ਦੁਖ ਮੈ ਦੁਖ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ
ਕੰਚਨ ਮਾਟੀ ਮਾਨੈ ॥੧॥ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ
ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ
ਨਾਹਿ ਮਾਨ ਅਪਮਾਨਾ ॥੧॥
ਆਸਾ ਮਨਸਾ ਸਗਲ ਤਿਆਗੈ
ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ
ਤਿਹ ਘਟਿ ਬ੍ਰਹਮੁ ਨਿਵਾਸਾ ॥੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ
ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ
ਜਿਉ ਪਾਨੀ ਸੰਗਿ ਪਾਨੀ ॥੩॥੧੧॥

*(ਸੋਰਠਿ ਮ: ੯, ਪੰਨਾ ੬੩੩)*

ਦੂਖੁ ਸੁਖੁ ਗੁਰਮੁਖਿ ਸਮ ਕਰਿ ਜਾਣਾ
ਹਰਖ ਸੋਗ ਤੇ ਬਿਰਕਤੁ ਭਇਆ ॥
ਆਪੁ ਮਾਰਿ ਗੁਰਮੁਖਿ ਹਰਿ ਪਾਏ
ਨਾਨਕ ਸਹਜਿ ਸਮਾਇ ਲਇਆ ॥੧੨॥

*(ਰਾਮਕਲੀ ਮ: ੧, ਪੰਨਾ ੯੦੭)*

ਦੁਖੁ ਸੁਖੁ ਤੇਰੈ ਭਾਣੈ ਹੋਵੈ
ਕਿਸਥੈ ਜਾਇ ਰੂਆਈਐ ॥
ਹੁਕਮੀ ਹੁਕਮਿ ਚਲਾਏ ਵਿਗਸੈ
ਨਾਨਕ ਲਿਖਿਆ ਪਾਈਐ ॥੭॥੧੨॥

*(ਰਾਗੁ ਆਸਾ ਮ: ੧, ਪੰਨਾ ੪੧੮)*

ਗੁਰਮੁਖਾਂ ਨੇ ਉਪ੍ਰੋਕਤ ਇਲਾਹੀ ਮਹਾਂਵਾਕਾਂ ਦੇ ਅਨੁਸਾਰ ਆਪਣਾ ਜੀਵਨ ਢਾਲਿਆ ਹੈ।

## ੧੧. ਗੁਰਮੁਖ ਦੀ ਮਾਨਸਕ ਕਿਰਿਆ

**੧. ਗੁਰਮੁਖ ਦੁਰਲਭ ਦੇਹ ਅਉਸਰੁ ਜਾਣਦੇ।**
**੨. ਸਾਧ ਸੰਗਤਿ ਅਸਨੇਹ ਸਭ ਰੰਗ ਮਾਣਦੇ।**
**੩. ਸ਼ਬਦ ਸੁਰਤਿ ਲਿਵ ਲੇਹ ਆਖਿ ਵਖਾਣਦੇ।**
**੪. ਦੇਹੀ ਵਿੱਚ ਬਿਦੇਹ ਸੱਚੁ ਸਿਞਾਣਦੇ।**
**੫. ਦੁਬਿਧਾ ਓਹੁ ਨ ਏਹੁ ਇੱਕੁ ਪਛਾਣਦੇ।**
**੬. ਚਾਰਿ ਦਿਹਾੜੇ ਥੇਹੁ ਮਨ ਵਿਚ ਆਣਦੇ ॥੧੧॥**

***ਪਦ ਅਰਥ :*** ਅਉਸਰੁ—ਵੇਲਾ, ਸਮਾਂ। ਅਸਨੇਹ—ਪ੍ਰੇਮ ਪਿਆਰ। ਲੇਹ—ਰਸ। ਬਿਦੇਹ—ਜੀਵਨ-ਮੁਕਤ। ਥੇਹੁ—ਟਿਕਾਣਾ, ਸੰਸਾਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਦੋਂ ਅਸੀਂ ਆਮ ਸੰਸਾਰੀ ਲੋਕਾਂ ਵੱਲ ਤੱਕਦੇ ਹਾਂ ਤਾਂ ਉਨ੍ਹਾਂ ਦੀ ਮਾਨਸਕ ਕ੍ਰਿਆ ਸਾਨੂੰ ਭਿੰਨ ਭਿੰਨ ਵੇਖਣ ਵਿਚ ਆਉਂਦੀ ਹੈ, ਜਿਵੇਂ ਕਿ ਕਿਸੇ ਨੇ ਇਸ ਸੰਸਾਰ ਵਿਚ ਧਨ, ਦੌਲਤ ਨੂੰ ਵਧੇਰੇ 'ਕੱਠੀ ਕਰਨਾ ਹੀ ਦੁਰਲੱਭ ਮੰਨਿਆ ਹੈ, ਕਿਸੇ ਨੇ ਵੱਡੇ ਵੱਡੇ ਮਹਲ, ਮਾੜੀਆਂ ਤੇ ਵਧੇਰੇ ਜਾਇਦਾਦ ਨੂੰ ਇਕੱਤ੍ਰ ਕਰਨਾ ਦੁਰਲੱਭ ਮੰਨ ਲਿਆ ਹੈ, ਕਿਸੇ ਨੇ ਪੁਤ੍ਰ ਧੀਆਂ ਪਰਵਾਰ, ਮਿੱਤ੍ਰ ਦੋਸਤਾਂ ਦੇ ਵਧੇਰੇ ਸੰਜੋਗ ਨੂੰ ਦੁਰਲੱਭ ਮੰਨਿਆ ਹੈ, ਕਿਸੇ ਨੇ ਲੋਕਾਂ ਵਿਚ ਆਪਣੀ ਮਾਣ ਪ੍ਰਤਿਸ਼ਟਾ ਕਰਾਉਣ ਨੂੰ ਹੀ ਦੁਰਲੱਭ ਮੰਨ ਲਿਆ ਹੈ, ਭਾਵ ਹਰ ਮਨੁੱਖ ਦੀ ਮਾਨਸਕ ਕ੍ਰਿਆ ਸੰਸਾਰ ਵਿਚ ਮਾਇਕੀ ਪਦਾਰਥਾਂ ਦੇ ਹੀ ਉਦਾਲੇ ਘੁੰਮਦੀ ਹੈ, ਪਰ ਕੀ ਦਸੋਗੇ ਕਿ ਗੁਰਮੁਖਾਂ ਦੀ ਮਾਨਸਕ ਕ੍ਰਿਆ ਕਿਥੇ ਖਲੋਤੀ ਹੈ ਭਾਵ ਉਨ੍ਹਾਂ ਨੇ ਸੰਸਾਰ ਵਿਚ ਕਿਸ ਪਦਾਰਥ ਨੂੰ ਦੁਰਲੱਭ ਮੰਨਿਆ ਹੈ?

ਉ: ਹੇ ਭਾਈਓ! ਜਦੋਂ ਅਸੀਂ ਗੁਰਬਾਣੀ ਤੇ ਪੁਰਾਤਨ ਇਤਿਹਾਸ ਦੀ ਪੜਚੋਲ ਕਰਦੇ ਹਾਂ ਤਾਂ ਸਾਨੂੰ ਇਹੋ ਬੋਧ ਮਿਲਦਾ ਹੈ ਕਿ (ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ) ਭਾਵ ਸੰਸਾਰੀ ਤੇ ਰੱਬੀ ਮਾਰਗ ਤੇ ਸਫ਼ਰ ਕਰਨ ਵਾਲਿਆਂ ਲੋਕਾਂ ਦੀ ਮਾਨਸਕ ਕ੍ਰਿਆ ਦਾ ਆਦਿ ਤੋਂ ਹੀ ਤਾਲ-ਮੇਲ ਨਹੀਂ ਹੋ ਸਕਿਆ, ਕਿਉਂਕਿ ਸੰਸਾਰੀ ਲੋਕਾਂ ਦੀ ਮਾਨਸਕ ਕ੍ਰਿਆ ਕੇਵਲ ਮਾਇਕੀ ਪਦਾਰਥਾਂ ਵਿਚ ਹੀ ਰੁਕੀ ਹੋਈ ਹੈ, ਇਸ ਲਈ ਉਨ੍ਹਾਂ ਨੂੰ ਮਾਇਕੀ ਪਦਾਰਥਾਂ ਤੋਂ ਅਗੇ ਕੁਝ ਨਜ਼ਰ ਹੀ ਨਹੀਂ ਆਉਂਦਾ, ਪਰ ਗੁਰਮੁਖਾਂ ਦੀ ਸੁਰਤ ਪਦਾਰਥਾਂ ਤੋਂ ਅਗੇ ਰੱਬੀ ਮਾਰਗ ਵੱਲ ਹੀ ਸਫ਼ਰ ਕਰਦੀ ਹੈ ਜਿਸਦਾ ਸਦਕਾ ਉਨ੍ਹਾਂ ਦੀ ਦਿੱਬ-ਦ੍ਰਿਸ਼ਟੀ ਜਾਗ ਆਈ ਹੈ ਜਿਸਦੀ ਰੌਸ਼ਨੀ ਵਿਚ ਉਨ੍ਹਾਂ ਨੂੰ ਅਸਲੀਅਤ ਨਜ਼ਰ ਆ ਗਈ ਹੈ ਕਿ ਸਾਰੇ ਸੰਸਾਰੀ ਪਦਾਰਥਾਂ ਵਿਚ ਕੇਵਲ ਇਕ ਮਨੁੱਖ ਦੇਹੀ ਹੀ ਦੁਰਲੱਭ ਹੈ ਜਿਸ ਦੇ ਰਾਹੀ ਸਿਮਰਨ ਕਰਕੇ ਉਸ ਆਪਣੇ ਸਹੀ ਸਰੂਪ ਵਿਚ ਅਭੇਦ ਹੋ ਸਕੀਦਾ ਹੈ। ਗੁਰੂ ਦੀ ਸਾਧ ਸੰਗਤ ਦੁਆਰਾ ਉਨ੍ਹਾਂ ਨੇ ਇਹ ਬਾਣੀ ਵਿਚੋਂ ਜਾਣਕਾਰੀ ਹਾਸਲ ਕੀਤੀ ਹੈ ਕਿ ਸਾਰੇ ਪਦਾਰਥਾਂ ਵਿਚ ਦੁਰਲੱਭ ਪਦਾਰਥ ਕੇਵਲ ਮਨੁੱਖਾ ਦੇਹੀ ਹੈ, ਤੇ ਪ੍ਰਭੂ ਦੇ ਮਿਲਾਪ ਦਾ ਭੀ ਇਹੋ ਇਕ ਅਉਸਰ ਹੈ:

ਲਖ ਚਉਰਾਸੀਹ ਜੋਨਿ ਸਬਾਈ॥
ਮਾਣਸ ਕਉ ਪ੍ਰਭਿ ਦੀਈ ਵਡਿਆਈ॥
ਇਸੁ ਪਉੜੀ ਤੇ ਜੋ ਨਰੁ ਚੂਕੈ
ਸੋ ਆਇ ਜਾਇ ਦੁਖੁ ਪਾਇਦਾ॥੨॥

*(ਮਾਰੂ ਮ: ੫, ਪੰਨਾ ੧੦੭੫)*

ਮਾਣਸ ਜਨਮਿ ਸਬਦਿ ਚਿਤੁ ਲਾਇਆ॥
ਬਿਨੁ ਸਬਦੈ ਸਭੁ ਅੰਧ ਅੰਧੇਰਾ
ਗੁਰਮੁਖਿ ਕਿਸਹਿ ਬੁਝਾਇਦਾ॥੫॥
ਇਕਿ ਕਿਤੁ ਆਏ ਜਨਮੁ ਗਵਾਏ॥
ਮਨਮੁਖ ਲਾਗੇ ਦੂਜੈ ਭਾਏ॥
ਏਹ ਵੇਲਾ ਫਿਰਿ ਹਾਥਿ ਨ ਆਵੈ
ਪਗਿ ਖਿਸਿਐ ਪਛੁਤਾਇਦਾ॥੬॥

*(ਮਾਰੂ ਮ: ੩, ਪੰਨਾ ੧੦੬੫)*

ਮਾਣਸ ਜਨਮਿ ਹਰਿ ਪਾਈਐ
ਹਰਿ ਰਾਵਣ ਵੇਰਾ ਰਾਮ॥
ਗੁਰਮੁਖਿ ਮਿਲੁ ਸੋਹਾਗਣੀ ਰੰਗੁ ਹੋਇ ਘਣੇਰਾ ਰਾਮ॥
ਜਿਨ ਮਾਣਸ ਜਨਮਿ ਨ ਪਾਇਆ
ਤਿਨ੍ਹ ਭਾਗੁ ਮੰਦੇਰਾ ਰਾਮ॥

*(ਬਿਲਾਵਲੁ ਮ: ੪, ਪੰਨਾ ੮੪੪)*

ਗੁਰ ਕੇ ਬਚਨ ਸਤਿ ਜੀਅ ਧਾਰਹੁ॥
ਮਾਣਸ ਜਨਮੁ ਦੇਹ ਨਿਸ੍ਤਾਰਹੁ॥

*(ਸਵਈਏ ਮ: ੪ ਕੇ, ਪੰਨਾ ੧੪੦੧)*

ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ॥
ਪੂਰੈ ਭਾਗਿ ਸਤਿਗੁਰੁ ਮਿਲੈ ਹਰਿ ਨਾਮੁ ਧਿਆਇ॥੬॥

*(ਵਡਹੰਸੁ ਮ: ੩, ਪੰਨਾ ੫੬੫)*

ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ॥
ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ॥੧॥
ਚਲੈ ਜਨਮੁ ਸਵਾਰਿ ਵਖਰੁ ਸਚੁ ਲੈ॥
ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ॥

*(ਸੂਹੀ ਮ: ੧, ਪੰਨਾ ੭੫੧)*

ਮਾਣਸ ਜਨਮੁ ਪੁੰਨਿ ਕਰਿ ਪਾਇਆ
ਬਿਨੁ ਨਾਵੈ ਧ੍ਰਿਗੁ ਧ੍ਰਿਗੁ ਬਿਰਥਾ ਜਾਈ॥

*(ਗੂਜਰੀ ਮ: ੪, ਪੰਨਾ ੪੯੩)*

ਮਾਣਸ ਜਨਮੁ ਵਡ ਪੁੰਨੇ ਪਾਇਆ
ਦੇਹ ਸੁ ਕੰਚਨ ਚੰਗੜੀਆ॥
ਗੁਰਮੁਖਿ ਰੰਗੁ ਚਲੂਲਾ ਪਾਵੈ
ਹਰਿ ਹਰਿ ਹਰਿ ਨਵ ਰੰਗੜੀਆ॥

*(ਵਡਹੰਸੁ ਮ: ੪, ਪੰਨਾ ੫੭੫)*

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥
ਜਿਉ ਬਨ ਫਲ ਪਾਕੇ ਭੁਇ ਗਿਰਹਿ
ਬਹੁਰਿ ਨ ਲਾਗਹਿ ਡਾਰ॥੩੦॥

*(ਸਲੋਕ ਕਬੀਰ ਜੀ, ਪੰਨਾ ੧੩੬੬)*

ਮਾਨਸ ਕੋ ਜਨਮੁ ਲੀਨੁ
ਸਿਮਰਨੁ ਨਹ ਨਿਮਖ ਕੀਨੁ॥
ਦਾਰਾ ਸੁਖ ਭਇਓ ਦੀਨੁ ਪਗਹੁ ਪਰੀ ਬੇਰੀ॥੧॥

*(ਰਾਗੁ ਜੈਜਾਵੰਤੀ, ਮ: ੯, ਪੰਨਾ ੧੩੫੨)*

ਮਾਨਸ ਜਨਮ ਅਕਾਰਥ ਖੋਵਤ
ਲਾਜ ਨ ਲੋਕ ਹਸਨ ਕੀ॥
ਨਾਨਕ ਹਰਿ ਜਸੁ ਕਿਉ ਨਹੀ ਗਾਵਤ
ਕੁਮਤਿ ਬਿਨਾਸੈ ਤਨ ਕੀ॥੨॥

*(ਆਸਾ ਮ: ੯, ਪੰਨਾ ੪੧੧)*

ਮਾਨਸ ਜਨਮੁ ਅਮੋਲਕੁ ਪਾਇਓ
ਬਿਰਥਾ ਕਾਹਿ ਗਵਾਵਉ॥ *(ਗਉੜੀ ਮ: ੯, ਪੰਨਾ ੨੧੯)*

ਭਜਹੁ ਗੋਬਿੰਦ ਭੂਲਿ ਮਤ ਜਾਹੁ॥
ਮਾਨਸ ਜਨਮ ਕਾ ਏਹੀ ਲਾਹੁ॥

*(ਭੈਰਉ ਬਾਣੀ ਕਬੀਰ ਜੀ, ਪੰਨਾ ੧੧੫੯)*

ਲਖ ਚਉਰਾਸੀਹ ਆਪਿ ਉਪਾਏ॥
ਮਾਨਸ ਜਨਮਿ ਗੁਰ ਭਗਤਿ ਦ੍ਰਿੜਾਏ॥
ਬਿਨੁ ਭਗਤੀ ਬਿਸਟਾ ਵਿਚਿ ਵਾਸਾ
ਬਿਸਟਾ ਵਿਚਿ ਫਿਰਿ ਪਾਇਦਾ॥੧੧॥

*(ਮਾਰੂ ਮ: ੩, ਪੰਨਾ ੧੦੬੧)*

ਮਾਨਸ ਜਨਮੁ ਦੀਓ ਜਿਹ ਠਾਕੁਰਿ
ਸੋ ਤੈ ਕਿਉ ਬਿਸਰਾਇਓ॥
ਮੁਕਤੁ ਹੋਤ ਨਰ ਜਾ ਕੈ ਸਿਮਰੈ
ਨਿਮਖ ਨ ਤਾ ਕਉ ਗਾਇਓ॥੨॥

*(ਰਾਮਕਲੀ ਮ: ੯, ਪੰਨਾ ੯੦੨)*

ਬਹੁਤੁ ਜਨਮ ਭਰਮਤ ਤੈ ਹਾਰਿਓ
ਅਸਥਿਰ ਮਤਿ ਨਹੀ ਪਾਈ॥
ਮਾਨਸ ਦੇਹ ਪਾਇ ਪਦ ਹਰਿ ਭਜੁ
ਨਾਨਕ ਬਾਤ ਬਤਾਈ॥੩॥

*(ਸੋਰਠਿ ਮ: ੯, ਪੰਨਾ ੬੩੨)*

ਮਾਨਸ ਦੇਹ ਬਹੁਰਿ ਨਹ ਪਾਵੈ
ਕਛੂ ਉਪਾਉ ਮੁਕਤਿ ਕਾ ਕਰੁ ਰੇ॥

*(ਗਉੜੀ ਮ: ੯, ਪੰਨਾ ੨੨੦)*

ਇਸ ਤੋਂ ਆਦਿ ਬਾਣੀ ਵਿਚ ਹੋਰ ਭੀ ਅਨੇਕਾਂ ਗੁਰੂ ਫ਼ੁਰਮਾਨ ਆਉਂਦੇ ਹਨ, ਜਿਨ੍ਹਾਂ ਤੋਂ ਗੁਰਮੁਖਾਂ ਨੂੰ ਪ੍ਰੇਰਨਾ ਮਿਲੀ ਹੈ ਕਿ ਚਉਰਾਸੀਹ ਲੱਖ ਜੂਨਾਂ ਵਿਚ ਕੇਵਲ ਇਹੋ ਮਨੁੱਖਾ-ਦੇਹੀ ਅਮੋਲਕ ਹੈ ਜੋ ਬਾਰ ਬਾਰ ਨਹੀਂ ਮਿਲਦੀ, ਇਹੋ ਇਕ ਦੁਰਲੱਭ ਜਨਮ ਹੈ ਜਿਸ ਦੁਆਰੇ ਸਿਮਰਨ ਕਰਕੇ ਉਸ ਪ੍ਰਭੂ ਦਾ ਮਿਲਾਪ ਹੋ ਸਕਦਾ ਹੈ, ਇਸ ਲਈ ਗੁਰਮੁਖ ਚਉਰਾਸੀ ਲੱਖ ਜੂਨਾਂ ਦੇ ਚੱਕ੍ਰ ਤੋਂ ਛੁਟਕਾਰਾ ਪਾਉਣ ਲਈ ਸਾਧ ਸੰਗਤ ਦੁਆਰਾ ਅੱਠੇ ਪਹਿਰ ਸਿਮਰਨ ਕਰਦੇ ਰਹਿਣ ਦਾ ਉਪਰਾਲਾ ਕਰਦੇ ਹਨ, ਜਿਸ ਸਿਮਰਨ ਦਾ ਸਦਕਾ ਉਨ੍ਹਾਂ ਦੀ ਮਾਨਸਕ ਅਵਸਥਾ ਇਤਨੀ ਚੜ੍ਹਦੀ ਕਲਾ ਵਿਚ ਹੋ ਆਈ ਹੈ, ਜਿਸਨੂੰ ਮੈਂ ਤੱਕ ਕੇ ਇਸ ਪਉੜੀ ਦੀਆਂ ਇਹ ਕੁਝ ਕੁ ਲਾਈਨਾਂ ਉੱਕਰੀਆਂ ਹਨ, ਜਿਸ ਵਿਚ ਭੀ ਇਹੋ ਵੀਚਾਰ ਅੰਕਤ ਕੀਤੇ ਹਨ ਕਿ ਉਸ ਪ੍ਰਭੂ ਦੇ ਸੰਜੋਗ ਦਾ ਅਉਸਰ ਇਹੋ ਮਾਣਸ ਦੇਹ ਹੈ:

(੧) (ਜਦੋਂ ਅਸੀਂ ਗੁਰਮੁਖਾਂ ਦੀ ਜੀਵਨ ਕ੍ਰਿਆ ਵੱਲ ਨਜ਼ਰ ਮਾਰਦੇ ਹਾਂ ਤਾਂ ਉਹ) ਗੁਰਮੁਖ (ਮਨੁਖਾ) ਦੇਹ ਨੂੰ ਇਕ ਅਲੱਭ ਵਸਤੂ ਦੇ ਲੱਭਣ ਵਾਲਾ ਸਮਾਂ ਜਾਣਦੇ ਹਨ।

(੨) ਉਹ ਸਾਧ ਸੰਗਤ ਵਿਚ ਆਪਣਾ ਪ੍ਰੇਮ ਲਾਉਂਦੇ ਹਨ (ਤੇ ਸ਼ਬਦ ਦੀ ਵੀਚਾਰ ਵਿਚ ਹੀ) ਸਾਰੇ ਰੰਗ ਮਾਣਦੇ ਹਨ।

(੩) (ਸਾਧ ਸੰਗਤ ਵਿਚ ਜਾ ਕੇ ਉਹ) ਸ਼ਬਦ ਤੇ ਸੁਰਤ ਦੀ ਲਿਵ ਲਾਉਂਦੇ ਤੇ ਲਿਵ-ਧਿਆਨ ਦੇ ਰਸ ਨੂੰ ਹੀ ਮਾਣਦੇ ਤੇ ਵਖਾਣਦੇ (ਮੂੰਹੋਂ ਕਹਿੰਦੇ) ਹਨ।

(੪) ਦੇਹੀ ਵਿਚ ਰਹਿੰਦੇ ਹੋਏ ਹੀ ਉਹ ਦੇਹ ਦੇ ਨਾਸਵਾਨ

ਸੁਖਾਂ ਦਾ ਤਿਆਗ ਕਰ ਦੇਂਦੇ ਹਨ, ਤੇ ਇਕ ਸੱਚ ਨੂੰ ਹੀ ਸਿਆਣਦੇ ਹਨ।

(੫) ਉਨ੍ਹਾਂ ਲਈ ਦੁਬਿਧਾ ਨਾ ਏਥੇ ਨਾ ਓਥੇ (ਅੱਗੇ) ਹੈ (ਕਿਉਂਕਿ ਉਹ ਕੇਵਲ) ਇਕ (ਪ੍ਰਭੂ) ਨੂੰ ਹੀ ਪਛਾਣਦੇ ਹਨ।

(੬) (ਉਹ ਸਮਝ ਲੈਂਦੇ ਹਨ ਕਿ) ਇਹ ਸੰਸਾਰ ਚਾਰ ਦਿਨਾਂ ਲਈ (ਜ਼ਿੰਦਗੀ) ਹੈ (ਤੇ ਇਹੋ ਗੱਲ) ਉਹ ਮਨ ਵਿਚ ਵਸਾ ਲੈਂਦੇ ਹਨ।੧੧।

***ਭਾਵਾਰਥ :*** ਇਸ ਮਨੁੱਖਾ-ਦੇਹੀ ਦੀ ਦੁਰਲੱਭਤਾ ਦਾ ਗਿਆਨ ਗੁਰਮੁਖਾਂ ਨੂੰ ਸਾਧਸੰਗਤ ਦੁਆਰੇ ਹੀ ਮਿਲਦਾ ਹੈ ਕਿ ਵਾਹਿਗੁਰੂ ਦੀ ਬੰਦਗੀ ਕੇਵਲ ਇਸੇ ਜਨਮ ਵਿਚ ਹੋ ਸਕਦੀ ਹੈ, ਬੰਦਗੀ ਤੋਂ ਸੱਖਣਾ ਮਨੁੱਖ ਵੇਖਣ ਵਿਚ ਤਾਂ ਭਾਵੇਂ ਬੰਦਾ ਨਜ਼ਰ ਆਉਂਦਾ ਹੈ, ਪਰ ਵਾਸਤਵ ਵਿਚ ਬਾਣੀ ਨੇ ਉਸ ਨੂੰ ਬੰਦਿਆਂ ਦੀ ਸ਼੍ਰੇਣੀ ਵਿਚ ਸ਼ਾਮਲ ਨਹੀਂ ਕੀਤਾ, ਜਿਵੇਂ ਫ਼ੁਰਮਾਨ ਹੈ :

ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥
ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ॥੧॥
*(ਸਲੋਕੁ, ਪੰਨਾ ੨੫੨)*

ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥੩॥
*(ਗੂਜਰੀ ਮ: ੧, ਪੰਨਾ ੪੮੯)*

ਚਿਰੰਕਾਲ ਪਾਈ ਦ੍ਰੁਲਭ ਦੇਹ॥
ਨਾਮ ਬਿਹੂਣੀ ਹੋਈ ਖੇਹ॥
ਪਸੂ ਪਰੇਤ ਮੁਗਧ ਤੇ ਬੁਰੀ॥
ਤਿਸਹਿ ਨ ਬੂਝੈ ਜਿਨਿ ਏਹ ਸਿਰੀ॥੩॥
*(ਰਾਮਕਲੀ ਮ: ੫, ਪੰਨਾ ੮੯੦)*

ਪਸੂਆ ਕਰਮ ਕਰੈ ਨਹੀ ਬੂਝੈ
ਕੂੜ ਕਮਾਵੈ ਕੂੜੋ ਹੋਇ॥
ਸਤਿਗੁਰ ਮਿਲੈ ਤ ਉਲਟੀ ਹੋਵੈ
ਖੋਜਿ ਲਹੈ ਜਨੁ ਕੋਇ॥੨॥ *(ਭੈਰਉ ਮ: ੩, ਪੰਨਾ ੧੧੩੨)*

ਜੋ ਨ ਸੁਨਹਿ ਜਸੁ ਪਰਮਾਨੰਦਾ॥
ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ॥੩॥
*(ਗਉੜੀ ਮ: ੫, ਪੰਨਾ ੧੮੮)*

ਇਨ੍ਹਾਂ ਮਹਾਂਵਾਕਾਂ ਤੋਂ ਪ੍ਰੇਰਤ ਹੋ ਕੇ ਗੁਰਮੁਖਾਂ ਨੇ ਇਸ ਜਨਮ ਨੂੰ ਸਫਲਾ ਕਰਨ ਦਾ ਦਿਨੇ ਰਾਤ ਉਪਰਾਲਾ ਕੀਤਾ ਹੈ, ਜਿਸ ਕਰਕੇ ਉਹ ਪਸੂ ਸ਼੍ਰੇਣੀ ਤੋਂ ਉੱਚੇ ਹੋ ਗਏ ਹਨ।

## ੧੨. ਜਗਤ ਵਿਚ ਗੁਰਮੁਖਾਂ ਦੀ ਦੁਰਲੱਭਤਾ ਹੈ

**੧. ਗੁਰਮੁਖ ਪਰਉਪਕਾਰੀ ਵਿਰਲਾ ਆਇਆ।**
**੨. ਗੁਰਮੁਖ ਸੁਖ ਫਲ ਪਾਇ ਆਪੁ ਗਵਾਇਆ।**
**੩. ਗੁਰਮੁਖ ਸਾਖੀ ਸ਼ਬਦ ਸਿਖ ਸੁਣਾਇਆ।**
**੪. ਗੁਰਮੁਖ ਸ਼ਬਦ ਵੀਚਾਰਿ ਸੱਚੁ ਕਮਾਇਆ।**
**੫. ਸੱਚੁ ਰਿਦੈ ਮੁਹਿ ਸੱਚੁ ਸੱਚਿ ਸੁਹਾਇਆ।**
**੬. ਗੁਰਮੁਖ ਜਨਮੁ ਸਵਾਰਿ ਜਗਤੁ ਤਰਾਇਆ॥੧੨॥**

***ਪਦ ਅਰਥ :*** ਵਿਰਲਾ—ਕੋਈ ਚੋਣਵਾਂ। ਆਪੁ—ਆਪਾ-ਭਾਵ। ਸੱਚੁ ਕਮਾਇਆ—ਸੱਚ ਦੀ ਕਮਾਈ ਕੀਤੀ। ਸਵਾਰਿ—ਸਫਲਾ ਕਰਕੇ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜਦੋਂ ਅਸੀਂ ਸੰਸਾਰ ਅੰਦਰ ਮਨੁੱਖਤਾ ਦੀ ਗਿਣਤੀ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਭਿੰਨ ਭਿੰਨ ਖ਼ਿਆਲਾਂ ਦੇ ਲੋਕ ਨਜ਼ਰ ਆਉਂਦੇ ਹਨ, ਜਿਨ੍ਹਾਂ ਨੂੰ ਗਿਣਿਆ ਹੀ ਨਹੀਂ ਜਾ ਸਕਦਾ, ਜਿਵੇਂ ਕਿ ਅਨਗਿਣਤ ਚੋਰ, ਯਾਰ, ਠੱਗ, ਕੂੜੇ, ਬਦਮਾਸ਼, ਵਿਕਾਰੀ ਅਤੇ ਲੜਾਕੇ ਲੋਕ ਹਨ। ਕਿਉਂ ਜੀ! ਜਿਨ੍ਹਾਂ ਗੁਰਮੁਖ ਲੋਕਾਂ ਦਾ ਆਪ ਜੀ ਜ਼ਿਕਰ ਕਰਦੇ ਆ ਰਹੇ ਹੋ, ਤੁਸਾਂ ਉਨ੍ਹਾਂ ਵੱਲ ਭੀ ਕਦੀ ਧਿਆਨ ਦਿਤਾ ਹੈ ਕਿ ਉਨ੍ਹਾਂ ਦੀ ਸੰਸਾਰ ਵਿਚ ਕਿਤਨੀਕੁ ਗਿਣਤੀ ਹੈ?

**ਉ:** ਹੇ ਭਾਈਓ! ਇਸ ਪੱਖ ਨੂੰ ਜਦੋਂ ਅਸੀਂ ਵੀਚਾਰ ਦ੍ਰਿਸ਼ਟੀ ਨਾਲ ਤੱਕੀਏ ਤਾਂ ਸਾਨੂੰ ਬੋਧ ਮਿਲੇਗਾ ਕਿ ਸੰਸਾਰ ਵਿਚ ਜਿਤਨੀਆਂ ਭੀ ਉੱਤਮ ਸ਼ੈਆਂ ਹਨ, ਉਹ ਬਹੁਤ ਘੱਟ ਗਿਣਤੀ ਵਿਚ ਹੁੰਦੀਆਂ ਹਨ ਅਤੇ ਉਨ੍ਹਾਂ ਦੀ ਪਛਾਣ ਕਰਨ ਵਾਲੇ ਭੀ ਵਧੇਰੇ ਲੋਕ ਨਹੀਂ ਹੋਇਆ ਕਰਦੇ, ਜਿਵੇਂ ਅਸੀਂ ਪ੍ਰਤੱਖ ਵੇਖਦੇ ਹਾਂ ਕਿ ਵੱਡੇ ਵੱਡੇ ਸ਼ਹਿਰਾਂ ਵਿਚ ਹਜ਼ਾਰਾਂ ਹੀ ਉਹ ਦੁਕਾਨਾਂ ਹਨ ਜਿਥੇ ਘਟੀਆ ਕੀਮਤ ਦੀਆਂ ਸ਼ੈਆਂ ਆਟਾ, ਦਾਲ, ਸਬਜ਼ੀ ਭਾਜੀ ਹੋਰ ਕੱਪੜੇ ਆਦਿ ਦੀਆਂ ਵਸਤੂਆਂ ਮਿਲਦੀਆਂ ਹਨ, ਪਰ ਜਿਥੋਂ ਹੀਰੇ, ਮੋਤੀ, ਲਾਲ, ਜਵਾਹਰਾਤ ਮਿਲਦੇ ਹਨ, ਉਨ੍ਹਾਂ ਸਰਾਫ਼ਾਂ ਦੀ ਦੁਕਾਨ ਕੋਈ ਵਿਰਲੀ ਹੀ ਵੇਖੀਦੀ ਹੈ, ਇਸੇ ਤਰ੍ਹਾਂ ਸੰਸਾਰੀ, ਮਾਇਕੀ ਪਦਾਰਥਾਂ ਦੀ ਚਾਹਤ ਵਾਲੇ ਲੋਕ ਤਾਂ ਸਾਨੂੰ ਵੇਖਣ ਵਿਚ ਬਹੁਤ

ਆਉਂਦੇ ਹਨ, ਪਰ ਨਿਰੰਕਾਰੀ ਮਾਰਗ 'ਤੇ ਚੱਲਣ ਵਾਲੇ ਗੁਰਮੁਖ ਲੋਕ ਜਗਤ ਵਿਚ ਬਹੁਤ ਹੀ ਘੱਟ ਵੇਖੀਦੇ ਹਨ, ਇਸ ਪੱਖ ਨੂੰ ਬਾਣੀ ਵਿਚ ਕਈ ਥਾਵਾਂ 'ਤੇ ਪ੍ਰਗਟਾਇਆ ਹੈ, ਜਿਵੇਂ ਕਿ :

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥੧੨॥

*(ਸਲੋਕ ਵਾਰਾਂ ਤੇ ਵਧੀਕ ਮ: ੧, ਪੰਨਾ ੧੪੧੧)*

ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥
ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥੧॥

*(ਸਲੋਕ ਮ: ੫, ਪੰਨਾ ੫੧੭)*

ਪਰਉਪਕਾਰੀ ਸਰਬ ਸਧਾਰੀ ਸਫਲ ਦਰਸਨ ਸਹਜਇਆ ॥
ਕਹੁ ਨਾਨਕ ਨਿਰਗੁਣ ਕਉ ਦਾਤਾ
ਚਰਣ ਕਮਲ ਉਰਧਰਿਆ ॥੨॥

*(ਦੇਵਗੰਧਾਰੀ ਮ: ੫, ਪੰਨਾ ੫੩੩)*

ਜੀਅ ਜੰਤ ਸਭਿ ਸੁਖਿ ਬਸੇ ਸਭ ਕੈ ਮਨਿ ਲੋਚ ॥
ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥੨॥

*(ਬਿਲਾਵਲੁ ਮ: ੫, ਪੰਨਾ ੮੧੫)*

ਪਰਉਪਕਾਰੁ ਪੁੰਨੁ ਬਹੁ ਕੀਆ
ਭਉ ਦੁਤਰੁ ਤਾਰਿ ਪਰਾਵੈ ॥੨॥

*(ਗਉੜੀ ਮ: ੪, ਪੰਨਾ ੧੭੧)*

ਸਾਧੂ ਸਾਧ ਸਰਨਿ ਮਿਲਿ ਸੰਗਤਿ
ਜਿਤੁ ਹਰਿ ਕਾਢਿ ਕਢੀਜੈ ॥
ਪਰਉਪਕਾਰ ਬੋਲਹਿ ਬਹੁ ਗੁਣੀਆ
ਮੁਖਿ ਸੰਤ ਭਗਤ ਹਰਿ ਦੀਜੈ ॥੭॥

*(ਕਲਿਆਨੁ ਮ: ੪, ਪੰਨਾ ੧੩੨੬)*

ਜੀਅ ਦਾਨੁ ਦੇਇ ਤ੍ਰਿਪਤਾਸੇ ਸਚੈ ਨਾਮਿ ਸਮਾਹੀ ॥
ਅਨਦਿਨੁ ਹਰਿ ਰਵਿਆ ਰਿਦ ਅੰਤਰਿ
ਸਹਜਿ ਸਮਾਧਿ ਲਗਾਹੀ ॥੨॥

*(ਮਲਾਰ ਮ: ੩, ਪੰਨਾ ੧੨੫੯)*

ਭਾਗਠੜੇ ਹਰਿ ਸੰਤ ਤੁਮ੍ਾਰੇ
ਜਿਨ੍ ਘਰਿ ਧਨੁ ਹਰਿ ਨਾਮਾ ॥
ਪਰਵਾਣੁ ਗਣੀ ਸੇਈ ਇਹ ਆਏ
ਸਫਲ ਤਿਨਾ ਕੇ ਕਾਮਾ ॥੧॥.....
ਜਨਮ ਮਰਣ ਦੁਹਹੂ ਮਹਿ ਨਾਹੀ
ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ
ਹਰਿ ਸਿਉ ਲੈਨਿ ਮਿਲਾਏ ॥੨॥

*(ਸੂਹੀ ਮ: ੫, ਪੰਨਾ ੭੪੯)*

ਇਸ ਤੋਂ ਆਦਿ ਹੋਰ ਭੀ ਬਾਣੀ ਵਿਚੋਂ ਬਹੁਤ ਉਪਦੇਸ਼ ਮਿਲਦਾ ਹੈ, ਜਿਸ ਤੋਂ ਪ੍ਰੇਰਨਾ ਲੈ ਕੇ ਗੁਰਮੁਖਾਂ ਨੇ ਸਾਧ ਸੰਗਤ ਦੁਆਰਾ ਦੈਵੀਗੁਣਾਂ ਦੀ ਧਾਰਨਾ ਕਰਕੇ ਦਿਨੇ ਰਾਤ ਪ੍ਰਭੂ ਦਾ ਸਿਮਰਨ ਕਰਦਿਆਂ ਆਪਣੀ ਮਾਨਸਕ ਅਵਸਥਾ ਨੂੰ ਇਤਨਾ ਉਚਾਣਾਂ 'ਤੇ ਲੈ ਗਏ ਜਿਸਦਾ ਸਦਕਾ ਹੁਣ ਉਨ੍ਹਾਂ ਨੂੰ ਇਸ ਮਨੁੱਖਾ-ਜਾਮੇ ਦਾ ਪਰਮ ਪ੍ਰਯੋਜਨ ਕੇਵਲ ਪਰਉਪਕਾਰ ਕਰਦੇ ਰਹਿਣਾ ਹੀ ਦ੍ਰਿਸ਼ਟੀ-ਗੋਚਰ ਹੁੰਦਾ ਹੈ, ਉਨ੍ਹਾਂ ਦੀ ਮਾਨਸਕ ਨਿਰਲੇਪਤਾ ਨੂੰ ਮੁਖ ਰਖ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ :

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਕੋਈ ਪਰਉਪਕਾਰੀ ਗੁਰਮੁਖ (ਸੰਸਾਰ ਤੇ) ਵਿਰਲਾ ਹੀ ਜਨਮ ਲੈਂਦਾ ਹੈ।

(੨) (ਗੁਰਮੁਖ ਭੀ ਓਹੀ ਹੈ) ਜਿਸ ਵਿਚ ਆਪਾ (ਦ੍ਵੈਤ-ਭਾਵ) ਨਹੀਂ, ਉਸੇ ਗੁਰਮੁਖ ਨੇ ਹੀ (ਪ੍ਰਭੂ ਦੇ ਬਖ਼ਸ਼ੇ) ਸੁਖ ਫਲ (ਗੁਰਮੁਖਤਾਈ) ਨੂੰ ਪ੍ਰਾਪਤ ਕੀਤਾ ਹੈ।

(੩) ਗੁਰਮੁਖਾਂ (ਦਾ ਕੰਮ ਏਹੀ ਹੈ ਕਿ ਉਹ) ਸ਼ਬਦ ਤੇ ਸ਼ਬਦ ਦੀ ਕਥਾ (ਸਾਖੀ) ਤੇ ਉਸਦੀ ਸਿਖਿਆ ਹੋਰ ਸਿਖਾਂ ਨੂੰ ਸੁਣਾਉਂਦੇ ਹਨ।

(੪) ਗੁਰਮੁਖ ਸ਼ਬਦ ਦੀ ਵੀਚਾਰ ਵਿਚ ਹੀ ਲਿਵਲੀਨ ਰਹਿੰਦੇ ਹਨ ਤੇ (ਸੱਚ) ਦੇ ਉਪਦੇਸ਼ ਦੀ ਹੀ ਕਮਾਈ ਕਰਦੇ ਹਨ (ਸੱਚ ਵਿਚ ਜ਼ਿੰਦਗੀ ਨੂੰ ਢਾਲ ਦੇਂਦੇ ਹਨ)।

(੫) ਉਨ੍ਹਾਂ ਦੇ ਹਿਰਦੇ ਵਿਚ ਭੀ ਸੱਚ ਤੇ ਮੂੰਹ ਵਿਚ ਭੀ ਸੱਚ ਹੀ ਹੁੰਦਾ ਹੈ, ਭਾਵ ਉਹ ਅੰਦਰੋਂ ਬਾਹਰੋਂ ਸੱਚੇ ਹੁੰਦੇ ਹਨ, ਤੇ ਸੱਚ ਹੀ ਉਨ੍ਹਾਂ ਨੂੰ ਸੋਹਣਾ ਲਗਦਾ ਹੈ ਤੇ ਸੱਚ ਨਾਲ ਉਹ ਆਪ ਵੀ ਸੋਭਾ ਵਾਲੇ ਹੋ ਜਾਂਦੇ ਹਨ।

(੬) (ਇਸ ਤਰ੍ਹਾਂ) ਗੁਰਮੁਖ ਆਪਣੇ ਜੀਵਨ ਨੂੰ ਸਵਾਰ (ਭਾਵ ਸਫਲਾ ਕਰ) ਲੈਂਦੇ ਹਨ (ਤੇ ਅਜਿਹੇ ਗੁਰਮੁਖਾਂ ਦੀ ਸੰਗਤ ਕਰਨ ਵਾਲਾ) ਜਗਤ ਵੀ ਤਰ ਜਾਂਦਾ ਹੈ।੧੨।

***ਭਾਵਾਰਥ :*** ਜਿਥੇ ਸਾਰਾ ਸੰਸਾਰ ਮਾਇਆ ਦੇ ਕੂੜ ਕਬਾੜ ਵਿਚ ਗਲਤਾਨ ਹੈ, ਉਥੇ ਗੁਰਮੁਖ ਕੇਵਲ ਸੱਚ ਦਾ ਹੀ ਅਭਿਆਸ ਕਰਦੇ ਹਨ। ਇਸ ਲਈ ਉਹ ਆਪਣਾ ਜਨਮ ਸਫਲਾ ਕਰਕੇ ਜਗਤ ਦਾ ਭੀ ਉੱਧਾਰ ਕਰ ਸਕਦੇ ਹਨ ਜਿਵੇਂ ਬਾਣੀ ਦਾ ਫ਼ੁਰਮਾਨ ਹੈ। ਮੰਨੈ ਤਰੈ ਤਾਰੇ ਗੁਰੁਸਿਖ। ਭਾਵ ਮੰਨਣ ਕਰਨ ਵਾਲਾ ਗੁਰਮੁਖ ਆਪ ਤਰਕੇ ਹੋਰ ਨੂੰ ਭੀ ਸਿੱਖਿਆ ਦੇ ਕੇ ਤਾਰਦਾ ਹੈ।

## ੧੩. ਗੁਰਮੁਖ ਦੀ ਜੀਵਨ-ਚਾਲ

**੧. ਗੁਰਮੁਖ ਆਪੁ ਗਵਾਇ ਆਪੁ ਪਛਾਣਿਆ।**
**੨. ਗੁਰਮੁਖ ਸਤਿ ਸੰਤੋਖੁ ਸਹਜਿ ਸਮਾਣਿਆ।**
**੩. ਗੁਰਮੁਖ ਧੀਰਜੁ ਧਰਮੁ ਦਇਆ ਸੁਖੁ ਮਾਣਿਆ।**
**੪. ਗੁਰਮੁਖ ਅਰਥ ਵੀਚਾਰਿ ਸਬਦੁ ਵਖਾਣਿਆ।**
**੫. ਗੁਰਮੁਖ ਹੋਂਦੇ ਤਾਣ ਰਹੈ ਨਿਤਾਣਿਆ।**
**੬. ਗੁਰਮੁਖ ਦਰਗਹ ਮਾਣ ਹੋਇ ਨਿਮਾਣਿਆ ॥੧੩॥**

***ਪਦ ਅਰਥ :*** ਸਮਾਣਿਆ—ਲੀਨ ਹੋ ਗਏ, ਤਦਾਕਾਰ ਹੋ ਗਏ। ਵਖਾਣਿਆ—ਕਿਹਾ। ਮਾਣਿਆ—ਮਾਨਣਾ ਕੀਤਾ, ਭੋਗਿਆ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਆਪ ਜੀ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜੋਤ ਗੁਰੂ ਅਰਜਨ ਦੇਵ ਜੀ ਦੀ ਚਰਨ ਸ਼ਰਨ ਵਿਚ ਦੇਰ ਕਾਲ ਰਹੇ ਹੋ ਅਤੇ ਸਾਰੇ ਗੁਰੂ ਗ੍ਰੰਥ ਸਾਹਿਬ ਦੀ ਪਵਿੱਤ੍ਰ ਬਾਣੀ ਭੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪ ਜੀ ਤੋਂ ਹੀ ਲਿਖਵਾਈ ਹੈ ਇਤਨੇ ਲੰਮੇ ਸਮੇਂ ਵਿਚ ਤਾਂ ਆਪ ਜੀ ਨੇ ਕਈ ਗੁਰਮੁਖਾਂ ਦੇ ਦਰਸ਼ਨ ਕੀਤੇ ਹੋਣਗੇ, ਪਰ ਕੀ ਦੱਸਣ ਦੀ ਕ੍ਰਿਪਾ ਕਰੋਗੇ ਕਿ ਉਨ੍ਹਾਂ ਗੁਰਮੁਖਾਂ ਵਿਚ ਤੁਸੀਂ ਆਮ ਲੁਕਈ ਨਾਲੋਂ ਕੀ ਵਿਸ਼ੇਸ਼ਤਾ ਤੱਕੀ ਹੈ ਕਿਉਂਕਿ ਬਾਹਰੋਂ ਤੱਕਣ ਵਿਚ ਤਾਂ ਸਾਰੇ ਲੋਕ ਸਮਾਨ ਹੀ ਨਜ਼ਰ ਆਉਂਦੇ ਹਨ, ਇਸ ਲਈ ਸਾਡੀ ਅਸਥੂਲ ਦ੍ਰਿਸ਼ਟੀ ਉਨ੍ਹਾਂ ਦੀ ਪਰਖ ਕਰਨ ਵੱਲੋਂ ਅਸਮਰੱਥ ਹੈ ?

ਉ: ਹੇ ਭਾਈਓ ! ਜੋ ਗੁਰਮੁਖਾਂ ਵਿਚ ਆਮ ਲੋਕਾਈ ਨਾਲੋਂ ਵਿਸ਼ੇਸ਼ ਗੁਣ ਹਨ, ਉਨ੍ਹਾਂ ਨੂੰ ਦਰਸਾਉਣ ਦੀ ਕਿਸੇ ਸਾਧਾਰਣ ਵਿਅਕਤੀ ਵਿਚ ਸ਼ਕਤੀ ਨਹੀਂ ਕਿਉਂਕਿ ਉਹ ਦੈਵੀ ਗੁਣਾਂ ਦੇ ਭੰਡਾਰ ਹਨ, ਜਿਨ੍ਹਾਂ ਨੂੰ ਬਿਆਨਿਆ ਹੀ ਨਹੀਂ ਜਾ ਸਕਦਾ ਪਰ ਜੇ ਅਸੀਂ ਬਾਣੀ ਦੀ ਰੌਸ਼ਨੀ ਵਿਚ ਤੱਕੀਏ ਤਾਂ ਇਉਂ ਹੀ ਬੋਧ ਮਿਲਦਾ ਹੈ ਕਿ ਇਹ ਮਨੁੱਖ-ਜਾਮਾ ਮਨੁਖ ਨੂੰ ਆਪਣੇ ਸ੍ਵੈ-ਸਰੂਪ ਦੀ ਪਛਾਣ ਕਰਨ ਲਈ ਮਿਲਿਆ ਹੈ, ਪਰ ਇਸ ਮੁੱਖ ਪ੍ਰਯੋਜਨ ਵੱਲ ਕਿਸੇ ਭੀ ਮਨੁਖ ਦਾ ਧਿਆਨ ਨਹੀਂ ਕੇਵਲ ਇਕ ਗੁਰਮੁਖ ਲੋਕ ਹੀ ਹਨ ਜਿਨ੍ਹਾਂ ਨੇ ਹੰਕਾਰ ਨੂੰ ਗੁਵਾ ਕੇ ਆਪਣੇ ਮੁਖ ਫ਼ਰਜ਼ ਨੂੰ ਪਛਾਣਿਆ ਹੈ, ਪਰ ਜਦੋਂ ਪੜਚੋਲ ਕਰੀਏ ਤਾਂ ਅਜਿਹੇ ਗੁਰਮੁਖ ਵਧੇਰੇ ਨਹੀਂ ਮਿਲਦੇ, ਜਿਵੇਂ ਕਿ :

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥੧੨॥
*(ਵਾਰਾਂ ਤੇ ਵਧੀਕ, ਪੰਨਾ ੧੪੧੧)*

ਇਕਸੁ ਦੁਹੁ ਚਹੁ ਕਿਆ ਗਣੀ
ਸਭ ਇਕਤੁ ਸਾਦਿ ਮੁਠੀ ॥
ਇਕੁ ਅਧੁ ਨਾਇ ਰਸੀਅੜਾ
ਕਾ ਵਿਰਲੀ ਜਾਇ ਵੁਠੀ ॥੩॥
ਭਗਤ ਸਚੇ ਦਰਿ ਸੋਹਦੇ ਅਨਦ ਕਰਹਿ ਦਿਨ ਰਾਤਿ ॥
ਰੰਗਿ ਰਤੇ ਪਰਮੇਸਰੈ
ਜਨ ਨਾਨਕ ਤਿਨ ਬਲਿ ਜਾਤ ॥੪॥
*(ਗਉੜੀ ਮ: ੫, ਪੰਨਾ ੨੧੮)*

ਜਦੋਂ ਬਾਣੀ ਦੀ ਰੌਸ਼ਨੀ ਵਿਚ ਨਜ਼ਰ ਮਾਰਦੇ ਹਾਂ ਤਾਂ ਇਕ ਦੋ, ਚਾਰ ਦੀ ਗਿਣਤੀ ਨਹੀਂ, ਸਗੋਂ ਤੱਕਣ ਵਿਚ ਇਹੋ ਹੀ ਆਉਂਦਾ ਹੈ ਕਿ ਸਾਰੀ ਲੋਕਾਈ ਪਦਾਰਥਾਂ ਦੇ ਰਸਾਂ ਵਿਚ ਖੱਚਤ ਹੋ ਰਹੀ ਹੈ, ਸਾਰੇ ਸੰਸਾਰ ਵਿਚ ਕੋਈ ਇਕ ਅੱਧਾ ਹੀ ਗੁਰਮੁਖ ਨਾਮ ਦਾ ਰਸੀਆ ਹੈ ਜਿਸ ਨੇ ਆਪਣੇ ਅੰਦਰੋਂ ਆਪਾ-ਭਾਵ ਗਵਾ ਕੇ ਖ਼ੁਦ ਨੂੰ ਪਛਾਣਿਆ ਹੈ। ਉਨ੍ਹਾਂ ਗੁਰਮੁਖਾਂ ਨੂੰ ਜਦੋਂ ਦੂਰ-ਦਰਸ਼ੀ ਨਜ਼ਰਾਂ ਨਾਲ ਤੱਕੀਏ ਤਾਂ ਉਨ੍ਹਾਂ ਵਿਚ ਸੁਭਾਵਕ ਹੀ ਦੈਵੀ ਗੁਣਾਂ ਦਾ ਭੰਡਾਰ ਭਰਿਆ ਤੱਕਣ ਵਿਚ ਆਉਂਦਾ ਹੈ, ਜਿਵੇਂ ਕਿ :

ਗੁਰਮੁਖਿ ਆਪੁ ਗਵਾਇਆ
ਨਿਤ ਹਰਿ ਹਰਿ ਜਾਪੈ ਰਾਮ ॥
ਮੇਰੇ ਹਰਿ ਪ੍ਰਭ ਭਾਵੈ ਸੋ ਕਰੈ
ਹਰਿ ਰੰਗਿ ਹਰਿ ਰਾਪੈ ਰਾਮ ॥
*(ਬਿਲਾਵਲੁ ਮ: ੪, ਪੰਨਾ ੮੪੪)*

ਗੁਰਮੁਖਿ ਆਪਣਾ ਮਨੁ ਮਾਰਿਆ
ਸਬਦਿ ਕਸਵਟੀ ਲਾਇ ॥
ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ
ਮਨ ਹੀ ਮੰਝਿ ਸਮਾਇ ॥
*(ਮ: ੩, ਪੰਨਾ ੮੭)*

ਗੁਰਮੁਖਿ ਆਪੁ ਪਛਾਣਿਆ
ਹਰਿ ਨਾਮੁ ਵਸਿਆ ਮਨਿ ਆਇ ॥
ਅਨਦਿਨੁ ਭਗਤੀ ਰਤਿਆ
ਹਰਿ ਨਾਮੇ ਸੁਖਿ ਸਮਾਇ ॥੩॥
*(ਗਉੜੀ ਮ: ੩, ਪੰਨਾ ੧੬੨)*

ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥
ਹਉਮੈ ਵਿਚਹੁ ਤਜੇ ਵਿਕਾਰ ॥੩॥

*(ਗਉੜੀ ਮ: ੩, ਪੰਨਾ ੧੫੯)*

ਗੁਰਮੁਖਿ ਸਚੁ ਬੈਣੀ ਗੁਰਮੁਖਿ ਸਚੁ ਨੈਣੀ ॥
ਗੁਰਮੁਖਿ ਸਚੁ ਕਮਾਵੈ ਕਰਣੀ ॥
ਸਦ ਹੀ ਸਚੁ ਕਹੈ ਦਿਨੁ ਰਾਤੀ
ਅਵਰਾ ਸਚੁ ਕਹਾਇਦਾ ॥੫॥

*(ਮਾਰੂ ਮ: ੩, ਪੰਨਾ ੧੦੫੮)*

ਗੁਰਮੁਖਿ ਏਕਸੁ ਸਿਉ ਲਿਵ ਲਾਏ ॥
ਤ੍ਰਿਬਿਧਿ ਮਨਸਾ ਮਨਹਿ ਸਮਾਏ ॥
ਸਾਚੈ ਸਬਦਿ ਸਦਾ ਹੈ ਮੁਕਤਾ
ਮਾਇਆ ਮੋਹੁ ਚੁਕਾਇਦਾ ॥੫॥ *(ਮਾਰੂ ਮ: ੩, ਪੰਨਾ ੧੦੬੬)*

ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ ॥
ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਇ ॥੭॥

*(ਸੂਹੀ ਮ: ੩, ਪੰਨਾ ੭੫੭)*

ਸੇ ਜਨ ਸਾਚੇ ਸਦਾ ਸਦਾ ਜਿਨੀ ਹਰਿ ਰਸੁ ਪੀਤਾ ॥
ਗੁਰਮੁਖਿ ਸਚਾ ਮਨਿ ਵਸੈ ਸਚੁ ਸਉਦਾ ਕੀਤਾ ॥

*(ਪਉੜੀ, ੯੫੫)*

ਗੁਰਮੁਖਿ ਮਨੁ ਜੀਤਾ ਹਉਮੈ ਮਾਰਿ ॥
ਗੁਰਮੁਖਿ ਸਾਚੁ ਰਖਿਆ ਉਰਧਾਰਿ ॥
ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ ॥
ਗੁਰਮੁਖਿ ਦਰਗਹ ਨ ਆਵੈ ਹਾਰਿ ॥
ਗੁਰਮੁਖਿ ਮੇਲਿ ਮਿਲਾਏ ਸੁੋ ਜਾਣੈ ॥
ਨਾਨਕ ਗੁਰਮੁਖਿ ਸਬਦਿ ਪਛਾਣੈ ॥੭੧॥

*(ਰਾਮਕਲੀ ਸਿਧ ਗੋਸਟਿ ਮ: ੧, ਪੰਨਾ ੯੪੬)*

ਗੁਰਮੁਖਿ ਸਾਇਰਿ ਪਾਹਣ ਤਾਰੇ ॥
ਗੁਰਮੁਖਿ ਕੋਟਿ ਤੇਤੀਸ ਉਧਾਰੇ ॥੪੦॥
ਗੁਰਮੁਖਿ ਚੂਕੈ ਆਵਣ ਜਾਣੁ ॥
ਗੁਰਮੁਖਿ ਦਰਗਹ ਪਾਵੈ ਮਾਣੁ ॥
ਗੁਰਮੁਖਿ ਖੋਟੇ ਖਰੇ ਪਛਾਣੁ ॥
ਗੁਰਮੁਖਿ ਲਾਗੈ ਸਹਜਿ ਧਿਆਨੁ ॥
ਗੁਰਮੁਖਿ ਦਰਗਹ ਸਿਫਤਿ ਸਮਾਇ ॥
ਨਾਨਕ ਗੁਰਮੁਖਿ ਬੰਧੁ ਨ ਪਾਇ ॥੪੧॥
ਗੁਰਮੁਖਿ ਨਾਮੁ ਨਿਰੰਜਨ ਪਾਏ ॥
ਗੁਰਮੁਖਿ ਹਉਮੈ ਸਬਦਿ ਜਲਾਏ ॥
ਗੁਰਮੁਖਿ ਸਾਚੇ ਕੇ ਗੁਣ ਗਾਏ ॥
ਗੁਰਮੁਖਿ ਸਾਚੈ ਰਹੈ ਸਮਾਏ ॥
ਗੁਰਮੁਖਿ ਸਾਚਿ ਨਾਮਿ ਪਤਿ ਊਤਮ ਹੋਇ ॥
ਨਾਨਕ ਗੁਰਮੁਖਿ ਸਗਲ ਭਵਣ ਕੀ ਸੋਝੀ ਹੋਇ ॥੪੨॥

*(ਰਾਮਕਲੀ ਸਿਧ ਗੋਸਟਿ ਮ: ੧, ਪੰਨਾ ੯੪੨)*

ਇਸ ਤੋਂ ਆਦਿ ਗੁਰਮੁਖਾਂ ਵਿਚ ਹੋਰ ਭੀ ਅਨੇਕਾਂ ਗੁਣ ਗੁਰਬਾਣੀ ਨੇ ਦਰਸਾਏ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ ਅਤੇ ਗੁਰਮੁਖਾਂ ਦੇ ਦੈਵੀ ਗੁਣਾਂ ਦੀ ਧਾਰਨਾ ਦਾ ਰੰਚਕ ਮਾਤ੍ਰ ਜ਼ਿਕਰ ਕੀਤਾ ਹੈ :

(੧) (ਜਦੋਂ ਅਸੀਂ ਗੁਰਮੁਖਾਂ ਦੇ ਜੀਵਨ ਵੱਲ ਗਹਿਰੀ ਦ੍ਰਿਸ਼ਟੀ ਦੁਆਰਾ ਤੱਕਦੇ ਹਾਂ ਤਾਂ ਸਾਨੂੰ ਬੋਧ ਮਿਲਦਾ ਹੈ ਕਿ) ਗੁਰਮੁਖਾਂ ਨੇ ਆਪਾ-ਭਾਵ (ਹਉਮੈਂ ਤੇ ਹੰਗਤਾ) ਨੂੰ ਗਵਾ ਕੇ ਆਪਣੇ ਆਪੇ (ਸ੍ਵੈ-ਸਰੂਪ) ਨੂੰ ਪਛਾਣ ਲਿਆ ਹੈ।

(੨) (ਅਜਿਹਾ) ਗੁਰਮੁਖ ਸਤਿ, ਸੰਤੋਖ ਵਿਚ ਹੀ ਵਰਤਦਾ ਹੈ, ਤੇ ਫਿਰ ਆਖ਼ਰ ਨੂੰ ਸਹਿਜ-ਪਦ ਵਿਚ ਸਮਾ ਜਾਂਦਾ ਹੈ।

(੩) (ਉਹ) ਗੁਰਮੁਖ ਧੀਰਜਵਾਨ, ਧਰਮ ਵਾਲਾ ਤੇ ਦਇਆ (ਨੂੰ ਆਪਣੇ ਜੀਵਨ ਦਾ ਅੰਗ ਬਣਾ ਕੇ ਸੱਚਾ) ਸੁਖ ਮਾਣਦਾ ਹੈ।

(੪) (ਉਸ) ਗੁਰਮੁਖ ਨੇ ਸ਼ਬਦ ਦੇ ਅਰਥਾਂ ਨੂੰ ਵੀਚਾਰ (ਸਮਝ ਕੇ) ਫਿਰ ਸ਼ਬਦ ਦਾ ਜਾਪ ਕੀਤਾ ਤੇ ਵਰਣਨ ਕੀਤਾ ਹੈ।

(੫) (ਅਜਿਹੇ) ਗੁਰਮੁਖ ਵਿਚ ਭਾਵੇਂ ਕਿਤਨਾ ਹੀ ਤਾਣ (ਜ਼ੋਰ) ਹੋਵੇ ਪਰ ਉਹ ਤਾਣ ਹੁੰਦੇ ਵੀ ਨਿਤਾਣਾ ਰਹਿੰਦਾ ਹੈ (ਕਿਸੇ ਨਾਲ ਜ਼ੋਰ ਨਹੀਂ ਕਰਦਾ, ਨਾ ਦਿਖਾਉਂਦਾ ਹੈ)।

(੬) (ਇਸੇ ਤਰ੍ਹਾਂ ਦੀ ਗੁਜ਼ਰਾਨ ਕਰਕੇ ਐਸੇ) ਨਿਤਾਣਾ ਰਹਿਣ ਵਾਲੇ ਗੁਰਮੁਖ ਨੂੰ (ਪ੍ਰਭੂ ਦੀ ਦਰਗਾਹ (ਦਰਬਾਰ) ਵਿਚ ਮਾਣ ਪ੍ਰਾਪਤ ਹੁੰਦਾ ਹੈ।੧੩।

***ਭਾਵਾਰਥ :*** ਜਦੋਂ ਅਸੀਂ ਸਾਰੇ ਸੰਸਾਰ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਬਹੁਤੇ ਲੋਕ ਅਜਿਹੇ ਭੀ ਵੇਖਣ ਵਿਚ ਆਉਂਦੇ ਹਨ ਜਿਨ੍ਹਾਂ ਦੀ ਮਾਣ ਪਤਿਸ਼ਟਾ ਵਡਿਆਈ ਲੋਕਾਂ ਵਿਚ ਹੁੰਦੀ ਹੈ, ਪਰ ਉਹ ਮਹਿਮਾ ਉਨ੍ਹਾਂ ਧਨਪਤੀਆਂ ਦੀ ਹੁੰਦੀ ਹੈ ਜਿਨ੍ਹਾਂ ਨੇ ਬੇ-ਧਰਮੀ ਹੋ ਕੇ ਗ਼ਰੀਬ ਲੋਕਾਂ ਦਾ ਹੱਕ ਮਾਰ ਕੇ ਦਿਨੇ ਰਾਤ ਪਾਪ ਕਰਮ ਕਰਕੇ ਦੌਲਤ ਇਕੱਠੀ ਕੀਤੀ ਹੈ, ਕਿਉਂਕਿ ਵਧੇਰੇ ਧਨ ਤਾਂ ਵਧੇਰੇ ਪਾਪਾਂ ਨਾਲ ਹੀ ਜਮ੍ਹਾਂ ਕੀਤਾ ਜਾਂਦਾ ਹੈ, ਇਸ ਭਾਵ ਨੂੰ ਬਾਣੀ ਵਿਚ ਇਸ ਪ੍ਰਕਾਰ ਦਰਸਾਇਆ ਗਿਆ ਹੈ :

ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥
*(ਆਸਾ ਮ: ੧, ਪੰਨਾ ੪੧੭)*

ਭਾਵ ਜਿਨ੍ਹਾਂ ਪਾਸ ਧਨ ਦਾ ਤਾਣ ਹੈ ਉਨ੍ਹਾਂ ਦਾ ਮਾਣ ਲੋਕਾਂ ਵਿਚ ਉਤਨੇ ਦਿਨ ਹੀ ਰਹਿੰਦਾ ਹੈ ਜਿਤਨੇ ਦਿਨ ਕੋਲ ਧਨ ਹੈ। ਜਦੋਂ ਪੁੰਨ ਮੁੱਕਣ ਨਾਲ ਧਨ ਚਲਾ ਗਿਆ ਤਾਂ ਉਨ੍ਹਾਂ ਦਾ ਮਾਣ ਭੀ ਲੋਕਾਂ ਵਿਚੋਂ ਖ਼ਤਮ ਹੋ ਜਾਂਦਾ ਹੈ। ਪਰ ਜੋ ਗੁਰਮੁਖਾਂ ਨੂੰ ਨਾਮ ਧਨ ਦੁਆਰੇ ਮਾਣ-ਸਤਿਕਾਰ ਪ੍ਰਾਪਤ ਹੁੰਦਾ ਹੈ ਉਨ੍ਹਾਂ ਦਾ ਮਾਣ ਲੋਕ-ਪ੍ਰਲੋਕ ਵਿਚ ਸਦੀਵੀ ਕਾਲ ਹੀ ਸਾਥ ਦੇਂਦਾ ਹੈ, ਇਸ ਮਾਣ ਸਤਿਕਾਰ ਦੀ ਪ੍ਰਾਪਤੀ ਗੁਰਮੁਖਾਂ ਨੂੰ ਮਾਣ ਹੁੰਦਿਆਂ ਹੀ ਨਿਰਮਾਣ ਜੀਵਨ ਗੁਜ਼ਾਰਨ ਕਰਦੇ ਰਹਿਣ ਨਾਲ ਹਾਸਲ ਹੁੰਦੀ ਹੈ। ਹੁਕਮ ਭੀ ਬਾਣੀ ਦਾ ਇਹੋ ਹੈ, ਜਿਵੇਂ ਕਿ:

ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ॥
ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ॥
*(ਮ: ੧, ਪੰਨਾ ੮੫)*

ਰੱਬੀ ਦਰਬਾਰ ਵਿਚ ਇਸ ਸੰਸਾਰ ਦੇ ਮਾਇਕੀ ਪਦਾਰਥਾਂ ਨੂੰ ਵਧੇਰੇ 'ਕੱਠੇ ਕਰਨ ਵਾਲੇ ਨੂੰ ਮਾਣ ਨਹੀਂ ਮਿਲਦਾ, ਉਸ ਸੱਚੀ ਦਰਗਾਹ ਵਿਚ ਤਾਂ ਸੱਚੇ ਨਾਮ ਦਾ ਚਿੰਤਨ ਕਰਨ ਵਾਲੇ ਨੂੰ ਹੀ ਮਾਣ ਸਤਿਕਾਰ ਮਿਲਦਾ ਹੈ।

## ੧੪. ਗੁਰਮੁਖ ਦੀ ਜੀਵਨ-ਯਾਤਰਾ ਸਫਲ ਹੈ

**੧. ਗੁਰਮੁਖ ਜਨਮੁ ਸਵਾਰ ਦਰਗਹ ਚੱਲਿਆ।**
**੨. ਸੱਚੀ ਦਰਗਹ ਜਾਇ ਸੱਚਾ ਪਿੜ ਮੱਲਿਆ।**
**੩. ਗੁਰਮੁਖ ਭੋਜਨੁ ਭਾਉ ਚਾਉ ਅਲੱਲਿਆ।**
**੪. ਗੁਰਮੁਖ ਨਿਹਚਲ ਚਿੱਤ ਨ ਹੱਲੈ ਹੱਲਿਆ।**
**੫. ਗੁਰਮੁਖ ਸੱਚ ਅਲਾਉ ਭਲੀ ਹੂੰ ਭੱਲਿਆ।**
**੬. ਗੁਰਮੁਖ ਸੱਦੇ ਜਾਨਿ ਆਵਨਿ ਘੱਲਿਆ॥੧੪॥**

***ਪਦ ਅਰਥ :*** ਸਵਾਰ—ਸਫਲਾ ਕਰਕੇ। ਪਿੜ—ਮੈਦਾਨ, ਭਾਵ ਸਿਦਕ। ਅਲੱਲਿਆ—ਅਡੋਲ, ਸਥਿਰ। ਅਲਾਉ—ਬੋਲਦੇ ਹਨ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜਦੋਂ ਅਸੀਂ ਸਾਰੇ ਸੰਸਾਰ ਦੇ ਸਰੀਰ ਧਾਰੀ ਮਨੁੱਖਾਂ ਵੱਲ ਤੱਕਦੇ ਹਾਂ ਤਾਂ ਸਾਨੂੰ ਇਨ੍ਹਾਂ ਦਾ ਜਨਮ ਧਾਰ ਕੇ ਸੰਸਾਰ ਵਿਚ ਆਉਣਾ ਤੇ ਸਰੀਰ ਤਿਆਗ ਕੇ ਸੰਸਾਰ ਤੋਂ ਚਲੇ ਜਾਣਾ ਸਮਾਨ ਹੀ ਦਿਸਦਾ ਹੈ, ਕਿਉਂ ਜੀ! ਤੁਸੀਂ ਇਨ੍ਹਾਂ ਮਨੁੱਖਾਂ ਦੇ ਆਉਣ ਜਾਣ ਵਿਚ ਕੋਈ ਅੰਤਰਾ ਅਨੁਭਵ ਕਰਦੇ ਹੋ, ਜੇ ਗੁਰਮਤ ਅਨੁਸਾਰ ਮਨੁੱਖਤਾ ਵਿਚ ਤੁਹਾਨੂੰ ਕੋਈ ਵਿਤਕਰਾ ਨਜ਼ਰ ਆਇਆ ਹੈ ਤਾਂ ਜਾਣਕਾਰੀ ਦਿਓ?

**ਉ:** ਹੇ ਭਾਈਓ! ਜੇ ਅਸੀਂ ਤੁਹਾਡੇ ਇਸ ਪੱਖ ਨੂੰ ਆਪਣੀ ਅਸਥੂਲ ਦ੍ਰਿਸ਼ਟੀ ਦੁਆਰੇ ਤੱਕੀਏ ਤਾਂ ਹੋ ਸਕਦਾ ਹੈ ਕਿ ਸਾਨੂੰ ਕੋਈ ਇਨ੍ਹਾਂ ਵਿਚ ਮੱਤ ਭੇਦ ਨਜ਼ਰ ਨਾ ਆਵੇ, ਪਰ ਜਦੋਂ ਅਸੀਂ ਗੁਰਬਾਣੀ ਦੇ ਅਧਾਰਤ ਹੋ ਵੀਚਾਰ ਕਰੀਏ ਤਾਂ ਸਾਨੂੰ ਇਕੋ ਹੀ ਇਸ ਮਨੁੱਖ ਸ਼ਰੇਣੀ ਵਿਚ ਭਿੰਨਤਾ ਦਿਸ ਆਵੇਗੀ, ਜਿਸਨੂੰ ਅਸੀਂ ਦੋ ਹਿੱਸਿਆਂ ਵਿਚ ਵੰਡ ਸਕਦੇ ਹਾਂ, ਇਕ ਸ਼ਰੇਣੀ ਨੂੰ ਸੰਸਾਰੀ ਨਾਮ ਦੇ ਸਕਦੇ ਹਾਂ, ਦੂਸਰੀ ਨੂੰ ਨਿਰੰਕਾਰੀ। ਇਹ ਠੀਕ ਹੈ ਕਿ ਜਦੋਂ ਅਸੀਂ ਬਾਣੀ ਦੀ ਵੀਚਾਰ ਕਰਦੇ ਹਾਂ ਤਾਂ ਸਾਨੂੰ ਇਲਾਹੀ ਪੈਗ਼ਾਮ ਮਿਲਦਾ ਹੈ ਕਿ:

ਆਵਨ ਆਏ ਸ੍ਰਿਸਟਿ ਮਹਿ
ਬਿਨੁ ਬੂਝੇ ਪਸੁ ਢੋਰ॥
ਨਾਨਕ ਗੁਰਮੁਖਿ ਸੋ ਬੁਝੈ
ਜਾ ਕੈ ਭਾਗ ਮਥੋਰ॥੧॥
*(ਸਲੋਕ, ਪੰਨਾ ੨੫੧)*

ਭਾਵ ਹੈ ਕਿ ਆਉਣ ਮਾਤ੍ਰ ਤਾਂ ਸਾਰੀ ਮਨੁੱਖਤਾ ਸੰਸਾਰ ਵਿਚ ਜਨਮ ਧਾਰ ਕੇ ਇਕੋ ਸਮਾਨ ਆਈ ਹੈ, ਪਰ ਉਨ੍ਹਾਂ ਆਉਣ ਵਾਲਿਆਂ ਵਿਚ ਇਕ ਗੁਰਮੁਖ ਸ਼ਰੇਣੀ ਹੈ, ਜਿਨ੍ਹਾਂ ਨੇ ਇਸ ਸੰਸਾਰ ਵਿਚ ਮਨੁੱਖ ਜਾਮਾ ਧਾਰ ਕੇ ਆਉਣ ਦਾ ਮੁੱਖ ਪ੍ਰਯੋਜਨ ਉਸ ਪਰੀਪੂਰਨ ਪਰਮੇਸ਼ਰ ਦਾ ਸਿਮਰਨ ਕਰਕੇ ਉਸੇ ਵਿਚ ਲੀਨ ਹੋ ਜਾਣਾ ਅਨੁਭਵ ਕਰ ਲਿਆ ਹੈ।

ਦੂਸਰੀ ਸ਼ਰੇਣੀ ਸੰਸਾਰੀ ਲੋਕਾਂ ਦੀ ਹੈ, ਜਿਨ੍ਹਾਂ ਨੂੰ ਇਸ ਮਨੁੱਖਤਾ ਦੀ ਕੋਈ ਭੀ ਸੂਝ-ਬੂਝ ਨਹੀਂ। ਉਨ੍ਹਾਂ ਨੇ ਇਸ ਮਨੁੱਖ ਜਾਮੇ ਵਿਚ ਆਉਣ ਦਾ ਮੁਖ ਪ੍ਰਯੋਜਨ ਕੇਵਲ:

ਖਾਣਾ ਪੀਣਾ ਹਸਣਾ ਸਉਣਾ
ਵਿਸਰਿ ਗਇਆ ਹੈ ਮਰਣਾ ॥
ਖਸਮੁ ਵਿਸਾਰਿ ਖੁਆਰੀ ਕੀਨੀ
ਧ੍ਰਿਗੁ ਜੀਵਣੁ ਨਹੀ ਰਹਣਾ ॥੧॥

*(ਮਲਾਰ ਮ: ੧, ਪੰਨਾ ੧੨੫੪)*

ਅਜਿਹੇ ਲੋਕਾਂ ਨੇ ਇਸ ਮਨੁੱਖ ਜਾਮੇ ਨੂੰ ਖਾਣ, ਪੀਣ, ਹੱਸਣ ਅਤੇ ਸੁੱਤੇ ਰਹਿਣ ਲਈ ਹੀ ਮੰਨ ਲਿਆ ਹੈ, ਉਨ੍ਹਾਂ ਦੇ ਕਦੀ ਮਰਣਾ ਚੇਤੇ ਹੀ ਨਹੀਂ ਆਇਆ ਅਜਿਹੇ ਲੋਕਾਂ ਨੂੰ ਬਾਣੀ ਨੇ ਪਸੂ ਢੋਰਾਂ ਤੋਂ ਭੀ ਬਦਤਰ ਮੰਨਿਆ ਹੈ, ਅਤੇ ਉਨ੍ਹਾਂ ਦੇ ਜੀਵਨ ਨੂੰ ਧ੍ਰਿਕਾਰਾਂ ਪਾਈਆਂ ਹਨ :

ਪਸੂ ਮਿਲਹਿ ਚੰਗਿਆਈਆ
ਖੜੁ ਖਾਵਹਿ ਅੰਮ੍ਰਿਤੁ ਦੇਹਿ ॥
ਨਾਮ ਵਿਹੂਣੇ ਆਦਮੀ
ਧ੍ਰਿਗੁ ਜੀਵਣ ਕਰਮ ਕਰੇਹਿ ॥੩॥

*(ਗੂਜਰੀ ਮ: ੧, ਪੰਨਾ ੪੮੯)*

ਭਾਵ, ਪਸ਼ੂਆਂ ਨੂੰ ਸਾਰੇ ਹੀ ਲੋਕ ਚੰਗਾ ਚੰਗਾ ਕਹਿੰਦੇ ਹਨ, ਕਿਉਂਕਿ ਉਹ ਘਾਹ ਫੂਸ ਖਾ ਕੇ ਅੰਮ੍ਰਿਤ ਦੇ ਸਮਾਨ ਦੁੱਧ ਦੇਂਦੇ ਹਨ, ਪਰ ਨਾਮ ਸਿਮਰਨ ਤੋਂ ਸੱਖਣੇ ਆਦਮੀ ਧ੍ਰਿਕਾਰ ਹਨ, ਉਨ੍ਹਾਂ ਦਾ ਜੀਵਨ ਅਤੇ ਉਨ੍ਹਾਂ ਦੇ ਕੀਤੇ ਕਰਮ। ਇਥੇ ਹੀ ਬੱਸ ਨਹੀਂ :

ਨਰੂ ਮਰੈ ਨਰੁ ਕਾਮਿ ਨ ਆਵੈ ॥
ਪਸੂ ਮਰੈ ਦਸ ਕਾਜ ਸਵਾਰੈ ॥੧॥

*(ਗੋਂਡ, ਪੰਨਾ ੮੭੦)*

ਭਾਵ ਮਨੁਖ ਮਰ ਜਾਂਦਾ ਹੈ, ਮਨੁਖ ਦਾ ਸਰੀਰ ਕਿਸੇ ਭੀ ਕੰਮ ਨਹੀਂ ਆਉਂਦਾ। ਪਰ ਜਦੋਂ ਪਸ਼ੂ ਮਰਦਾ ਹੈ ਤਾਂ ਉਸਦਾ ਸਰੀਰ ਅਨੇਕਾਂ ਕਾਜ ਸਵਾਰਦਾ ਹੈ ਭਾਵ ਉਸਦੇ ਸਾਰੇ ਸਰੀਰਕ ਅੰਗ ਕੰਮ ਆਉਂਦੇ ਹਨ। ਇਸ ਤੋਂ ਇਹੋ ਬੋਧ ਮਿਲਦਾ ਹੈ ਕਿ ਸਰੂਪ ਦੀ ਲਖਤਾ ਤੋਂ ਸੱਖਣੇ ਮਨੁੱਖ ਨਾਲੋਂ ਪਸ਼ੂ ਭੀ ਚੰਗੇ ਹਨ।

ਇਸੇ ਭਾਵ ਨੂੰ ਸਾਰਕੁਤਾਵਲੀ ਦੇ ਕਰਤਾ ਹਰਿਦਿਆਲ ਪੰਡਤ ਨੇ ਪ੍ਰਗਟਾਇਆ ਹੈ :

ਨਿੰਦ੍ਰਾ, ਭੋਜਨ, ਭੋਗ, ਭੈ, ਇਹ ਪਸੁ ਪੁਰਖ ਸਮਾਨ ॥
ਨਰਨ ਗਿਆਨ ਨਿਜ ਅਧਿਕਤਾ
ਗਿਆਨ ਬਿਨਾ ਪਸੂ ਜਾਨ ॥ *(ਸਾਰਕੁਤਾਵਲੀ)*

ਆਪ ਜੀ ਕਹਿੰਦੇ ਹਨ ਕਿ ਪਸ਼ੂ ਤੇ ਮਨੁੱਖ ਦੀਆਂ ਚਾਰ ਸ਼ੈਆਂ ਇਕੋ ਹੀ ਸਮਾਨ ਵੇਖਣ ਵਿਚ ਆਉਂਦੀਆਂ ਹਨ, ਜਿਵੇਂ ਕਿ—ਸੌਣਾ, ਖਾਣਾ, ਭੋਗ ਭੋਗਣੇ ਅਤੇ ਭੈ ਡਰ। ਪਰ ਨਰ ਵਿਚ ਪਸ਼ੂਆਂ ਨਾਲੋਂ ਇਕੋ ਹੀ ਵਿਸ਼ੇਸ਼ਤਾ ਹੈ ਜੇ ਕਰ ਕਿਸੇ ਮਨੁੱਖ ਨੂੰ ਆਪਣੇ ਸ੍ਵੈ-ਸਰੂਪ ਦਾ ਗਿਆਨ ਹੋਵੇ, ਨਹੀਂ ਤਾਂ ਪਸ਼ੂ ਹੀ ਹੈ।

ਸੋ, ਗੁਰਮੁਖਾਂ ਨੇ ਇਸ ਸੰਸਾਰ ਵਿਚ ਮਨੁੱਖ ਜਾਮਾ ਧਾਰ ਕੇ ਆਉਣ ਦਾ ਮੁੱਖ ਪ੍ਰਯੋਜਨ ਸਮਝ ਲਿਆ ਹੈ ਕਿ ਪਰਮੇਸ਼ਰ ਸ਼ਾਹ ਨੇ ਸਾਨੂੰ ਇਸ ਸੰਸਾਰ ਰੂਪ ਪ੍ਰਦੇਸ ਵਿਚ ਸੁਆਸਾਂ ਦੀ ਪੂੰਜੀ ਦੇ ਕੇ ਨਾਮ ਸਿਮਰਨ ਕਰਨ ਦਾ ਵਣਜ ਕਰਨ ਲਈ ਭੇਜਿਆ ਹੈ, ਇਸ ਲਈ ਉਹ ਗੁਰਮੁਖ ਆਪਣੇ ਇਸ ਮੁਖ ਪ੍ਰਯੋਜਨ ਨੂੰ ਜੀਵਨ ਭਰ ਕਦੀ ਭੀ ਨਹੀਂ ਭੁੱਲਦੇ, ਜਿਸ ਸਿਮਰਨ ਦਾ ਸਦਕਾ ਉਹ ਇਸ ਮਨੁੱਖ ਜਾਮੇ ਨੂੰ ਸਫਲਾ ਕਰਕੇ ਆਪਣੇ ਦੇਸ ਰੱਬੀ ਦਰਗਾਹ ਨੂੰ ਜਾਂਦੇ ਹਨ ਉਨ੍ਹਾਂ ਦੀ ਯਾਤ੍ਰਾ ਬਾਣੀ ਅਨੁਸਾਰ :

ਸਫਲ ਸਫਲ ਭਈ ਸਫਲ ਜਾਤ੍ਰਾ ॥
ਆਵਣ ਜਾਣ ਰਹੇ ਮਿਲੇ ਸਾਧਾ ॥੧॥

*(ਧਨਾਸਰੀ ਮ: ੫, ਪੰਨਾ ੬੮੭)*

ਇਸ ਤਰ੍ਹਾਂ ਉਨ੍ਹਾਂ ਗੁਰਮੁਖਾਂ ਨੇ ਗੁਰਬਾਣੀ ਦੀ ਪ੍ਰੇਰਨਾ ਲੈ ਕੇ ਆਪਣੇ ਜਨਮ ਨੂੰ ਸਫਲਾ ਕੇ ਇਸ ਸੰਸਾਰ ਤੋਂ ਵਿਦਾ ਹੋ ਕੇ ਸੱਚੇ ਦੀ ਸੱਚੀ ਦਰਗਾਹ ਨੂੰ ਜਾਣਾ ਕੀਤਾ ਹੈ।

ਸੋ, ਮੈਂ ਭੀ ਉਨ੍ਹਾਂ ਦੀ ਮਾਨਸਕ ਨਿਰਲੇਪਤਾ ਨੂੰ ਤੱਕ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉਲੀਕੀਆਂ ਹਨ, ਕਿ ਸਾਨੂੰ ਭੀ ਉਨ੍ਹਾਂ ਦੀ ਜੀਵਨ ਜਾਤ੍ਰਾ ਤੋਂ ਸ਼ੁਭ ਪ੍ਰੇਰਨਾ ਮਿਲ ਸਕੇ :

(੧) (ਸਾਨੂੰ ਬਾਣੀ ਅਨੁਸਾਰ ਬੋਧ ਮਿਲਦਾ ਹੈ ਕਿ) ਗੁਰਮੁਖ (ਜਗਤ ਵਿਚੋਂ ਆਪਣੇ ਜਨਮ ਨੂੰ ਸੰਵਾਰ ਕੇ (ਭਾਵ ਸਫਲਾ ਕਰਕੇ) ਦਰਗਾਹ (ਪਰਲੋਕ) ਨੂੰ ਚਲਦੇ ਹਨ।

(੨) (ਉਥੇ ਜਾ ਕੇ ਕੀ ਕਰਦੇ ਹਨ) ਉਨ੍ਹਾਂ ਨੇ ਪ੍ਰਭੂ ਦੀ ਸੱਚੀ ਦਰਗਾਹ (ਦਰਬਾਰ) ਵਿਚ ਜਾ ਕੇ ਸੱਚਾ ਪਿੜ (ਸੱਚ ਵਾਲੇ ਪਾਸੇ ਜਿਥੇ ਅਗੇ ਵੀ ਮਹਾਨ ਪੁਰਖ ਬੈਠੇ ਹੁੰਦੇ ਹਨ ਉਥੇ) ਆਪਣੀ ਰੱਖੀ ਥਾਂ ਨੂੰ ਜਾ ਮੱਲਿਆ। ਉਥੋਂ ਫਿਰ ਉਨ੍ਹਾਂ ਦਾ :

ਆਵਣ ਜਾਣੁ ਰਹਿਓ ॥
ਤਪਤ ਕੜਾਹਾ ਬੁਝਿ ਗਇਆ
ਗੁਰਿ ਸੀਤਲ ਨਾਮੁ ਦੀਓ ॥ *(ਪੰਨਾ ੧੦੦੨)*

(੩) (ਉਨ੍ਹਾਂ) ਗੁਰਮੁਖਾਂ ਦਾ ਭੋਜਨ ਵੀ ਪ੍ਰੇਮ ਦਾ ਹੀ ਭੋਜਨ

ਹੈ, ਤੇ ਉਤਸ਼ਾਹ ਵੀ ਐਸਾ ਵੱਡਾ ਤੇ ਅਡੋਲ (ਸਥਿਰ ਰਹਿਣ ਵਾਲਾ) ਹੈ ਕਿ ਚਾਉ ਮੁੱਕਦਾ ਹੀ ਨਹੀਂ (ਸਦਾ ਹੀ ਖੇੜਾ ਤੇ ਉਤਸ਼ਾਹ ਕਾਇਮ ਰਹਿੰਦਾ ਹੈ)।

(੪) ਗੁਰਮੁਖਾਂ ਦਾ ਚਿੱਤ (ਸਿਮਰਨ ਵਿਚ) ਨਿਹਚਲ ਹੈ, (ਜੋ ਦੁਖਾਂ ਸੁਖਾਂ ਦੇ) ਹਿਲਾਏ ਹਿੱਲਦੇ ਨਹੀਂ।

(੫) ਗੁਰਮੁਖ ਜੋ ਬੋਲਦੇ ਹਨ, ਸਭ ਸੱਚ ਹੀ ਬੋਲਦੇ ਹਨ ਤੇ ਉਨ੍ਹਾਂ ਦਾ ਬੋਲਣਾ ਭਲਿਆਂ ਤੋਂ ਭੀ ਭਲਾ ਹੁੰਦਾ ਹੈ।

(੬) (ਅਜਿਹੇ) ਗੁਰਮੁਖ (ਪ੍ਰਭੂ ਦੇ) ਸੱਦੇ ਆਉਣ 'ਤੇ ਹੀ (ਪ੍ਰਭੂ ਕੋਲ) ਜਾਂਦੇ ਹਨ ਤੇ ਉਸਦੇ ਘੱਲਣ ਨਾਲ ਹੀ (ਸੰਸਾਰ 'ਚ) ਆਉਂਦੇ ਹਨ।੧੪।

***ਭਾਵਾਰਥ :*** ਗੁਰਮੁਖ ਸਾਰੀ ਸ੍ਰਿਸ਼ਟੀ ਨੂੰ ਅਕਾਲ ਪੁਰਖ ਦੀ ਆਗਿਆ ਵਿਚ ਕ੍ਰਿਆ ਕਰਦੀ ਤੱਕਦੇ ਹਨ, ਇਸ ਸੰਸਾਰ ਵਿਚ ਜਨਮ ਧਾਰ ਕੇ ਆਉਣ ਨੂੰ ਉਹ ਇਕ ਜੀਵਨ ਯਾਤ੍ਰਾ ਅਨੁਭਵ ਕਰਦੇ ਹਨ, ਉਨ੍ਹਾਂ ਨੂੰ ਮਾਇਕੀ ਪਦਾਰਥਾਂ ਦੇ ਸੰਜੋਗ ਤੇ ਵਿਯੋਗ ਹੋਣ ਦਾ ਕੋਈ ਭੀ ਹਰਖ ਸੋਗ ਨਹੀਂ ਹੈ, ਉਹ ਇਸ ਸੰਸਾਰ ਤੋਂ ਇਸ ਜਨਮ ਨੂੰ ਸਫਲਾ ਕਰਕੇ ਜਾਣ ਦੇ ਆਹਰ ਵਿਚ ਸਦਾ ਹੀ ਤਤਪਰ ਰਹਿੰਦੇ ਹਨ, ਅਤੇ ਦੁੱਖ-ਸੁੱਖ ਨੂੰ ਉਸ ਪ੍ਰਭੂ ਦੀ ਆਗਿਆ ਜਾਣ ਕੇ ਸਦਾ ਹੀ ਉਸ ਰਾਜ਼ਕ ਦੀ ਰਜ਼ਾ ਵਿਚ ਪ੍ਰਸੰਨ ਰਹਿੰਦੇ ਹਨ, ਉਨ੍ਹਾਂ ਦੀ ਮਾਨਸਕ ਉਚੇਰੀ ਅਵਸਥਾ ਨੂੰ ਤੱਕ ਕੇ ਹੀ ਕਿਸੇ ਬੁਧੀਜੀਵੀ ਨੇ ਚੰਦ ਸਤਰਾਂ ਉੱਕਰੀਆਂ ਹਨ :

ਕਬਿਤ—ਆਏ ਕੋ ਹਰਖ ਨਹੀਂ ਗਏ ਕੋ ਸੋਗ ਨਹੀਂ,
ਕੈਸੇ ਨ੍ਰਿਦ੍ਵੰਦ ਭਏ ਸਮਝਨੇ ਕੀ ਬਾਤ ਹੈ।
ਦੇਹ ਨੇਹ ਨੇਰੇ ਨਹੀਂ ਲਛਮੀ ਕੋ ਹੇਰੇ ਨਹੀਂ,
ਮਨ ਕਾਹੂੰ ਫੇਰੇ ਨਾਹੀ ਪਾਹਨ ਸੰਮ ਗਾਤ ਹੈ।
ਲੋਗਨ ਕੀ ਰੀਤ ਨਹੀਂ ਕਾਹੂੰ ਸਿਉਂ ਪ੍ਰੀਤ ਨਹੀਂ,
ਹਾਰ ਨਾਹੀ ਜੀਤ ਨਾਹੀ ਵਰਣ ਹੈ ਨ ਜਾਤ ਹੈ।
ਐਸੋ ਜਬ ਗਿਆਨ ਹੋਤ ਤਬੈ ਕਿਛੁ ਧਿਆਨ ਹੋਤ,
ਬ੍ਰਹਮ ਕੇ ਸਮਾਨ ਹੋਤ ਬ੍ਰਹਮ ਮੈਂ ਸਮਾਤ ਹੈ।

## ੧੫. ਗੁਰਮੁਖ ਦੇ ਅਮੋਲਕ ਗੁਣ

**੧. ਗੁਰਮੁਖ ਸਾਧਿ ਅਸਾਧੁ ਸਾਧੁ ਵਖਾਣੀਐ।**
**੨. ਗੁਰਮੁਖ ਬੁੱਧਿ ਬਿਬੇਕ ਬਿਬੇਕੀ ਜਾਣੀਐ।**
**੩. ਗੁਰਮੁਖ ਭਾਉ ਭਗੱਤਿ ਭਗਤੁ ਪਛਾਣੀਐ।**
**੪. ਗੁਰਮੁਖ ਬ੍ਰਹਮ ਗਿਆਨੁ ਗਿਆਨੀ ਬਾਣੀਐ।**
**੫. ਗੁਰਮੁਖ ਪੂਰਣ ਮੱਤਿ ਸ਼ਬਦਿ ਨੀਸ਼ਾਣੀਐ।**
**੬. ਗੁਰਮੁਖ ਪਉੜੀ ਪੱਤਿ ਪਿਰਮ ਰਸੁ ਮਾਣੀਐ॥੧੫॥**

***ਪਦ ਅਰਥ :*** ਅਸਾਧੁ—ਨ ਸਾਧੇ ਜਾਣ ਵਾਲੇ। ਬਿਬੇਕੀ—ਤੱਤ ਮਿਥਿਆ ਦੇ ਵੀਚਾਰ ਵਾਲੇ। ਬਾਣੀਐ—ਬਾਣ ਵਾਲੇ। ਪਿਰਮ ਰਸ—ਪ੍ਰੀਤਮ ਤੇ ਅਨੰਦ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜਦੋਂ ਸਾਰੇ ਦੇਸ ਭਰ ਵਿਚ ਨਜ਼ਰ ਮਾਰੀਏ ਤਾਂ ਸੈਂਕੜੇ ਨਹੀਂ ਸਗੋਂ ਹਜ਼ਾਰਾਂ ਦੀ ਗਿਣਤੀ ਵਿਚ ਸਾਧੂਆਂ ਦੇ ਲਿਬਾਸ ਵਿਚ ਲੋਕੀ ਨਜ਼ਰ ਆਉਂਦੇ ਹਨ, ਪਰ ਕੀ ਉਨ੍ਹਾਂ ਸਾਰਿਆਂ ਨੂੰ ਹੀ ਸਾਧੂ ਮੰਨ ਲਿਆ ਜਾਵੇ, ਕੀ ਦਸੋਗੇ ਕਿ ਇਸ ਬਾਰੇ ਤੁਹਾਡੇ ਕੀ ਵੀਚਾਰ ਹਨ ?

**ਉ:** ਹੇ ਭਾਈਓ! ਜੇ ਬਾਣੀ ਦੁਆਰੇ ਇਸ ਪੱਖ ਨੂੰ ਵੀਚਾਰੀਏ ਤਾਂ ਸਾਧੂ ਤੇ ਅਸਾਧੂ ਦਾ ਭੀ ਵੇਰਵਾ ਮਿਲਦਾ ਹੈ। ਕਿਉਂਕਿ ਬਾਣੀ ਨੇ ਕੇਵਲ ਸਰੀਰ ਦੇ ਸਾਧੂ ਲਿਬਾਸ ਬਦਲ ਲੈਣ ਨੂੰ ਕੋਈ ਵਧੇਰੇ ਮਹਾਨਤਾ ਨਹੀਂ ਦਿੱਤੀ ਜਦ ਤਕ ਕਿ ਆਪਣੇ ਅੰਦਰ ਦੀਆਂ ਮੰਦ-ਭਾਵਨਾ ਨੂੰ ਨਹੀਂ ਬਦਲਿਆ ਜਾਂਦਾ। ਸੋ, ਬਾਣੀ ਵਿਚੋਂ ਉਪਦੇਸ਼ ਮਿਲਦਾ ਹੈ ਕਿ ਜਿਤਨੇ ਭੀ ਸਾਧੂਆਂ ਦੇ ਲਿਬਾਸ ਵਿਚ ਸਾਧੂ ਲੋਕ ਨਜ਼ਰ ਆਉਂਦੇ ਹਨ, ਉਨ੍ਹਾਂ ਵਿਚੋਂ ਕੇਵਲ ਉਹੀ ਸਾਧ ਹੈ ਜਿਸਨੇ ਆਪਣੇ ਅਸਾਧ ਮਨ ਨੂੰ ਸਾਧ ਲਿਆ ਹੈ, ਜੋ ਕਰਮ ਨਿਰਮਲ ਕਰਦਾ ਹੈ। ਬਾਣੀ ਦਾ ਫ਼ੁਰਮਾਨ ਹੈ :

ਸਾਧ ਨਾਮ ਨਿਰਮਲ ਤਾ ਕੇ ਕਰਮ॥
*(ਸੁਖਮਨੀ, ਪੰਨਾ ੨੯੬)*

ਜੇ ਕਿਸੇ ਮੈਲੇ ਮਨ ਵਾਲੇ ਨੇ ਸਰੀਰ 'ਤੇ ਨਿਰਮਲ ਪਹਿਰਾਵਾ ਪਹਿਨ ਲਿਆ ਹੈ ਤਾਂ ਬਾਣੀ ਵਿਚ ਉਸਦਾ ਜ਼ੋਰਦਾਰ ਖੰਡਨ ਕੀਤਾ ਗਿਆ ਹੈ, ਜਿਵੇਂ ਕਬੀਰ ਜੀ ਉਸਦੇ ਲੋਕ ਵਿਖਾਵੇ ਦਾ ਖੰਡਨ ਕਰਦੇ ਹਨ :

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥
ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥੧॥
ਐਸੇ ਸੰਤ ਨ ਮੋਕਉ ਭਾਵਹਿ॥
ਡਾਲਾ ਸਿਉ ਪੇਡਾ ਗਟਕਾਵਹਿ॥ *(ਆਸਾ, ਪੰਨਾ ੪੭੬)*

ਇਸ ਲਈ ਬਾਣੀ ਵਿਚ ਸੰਤ ਦੀ ਰਹਿਤ ਇਉਂ ਦਰਸਾਈ ਹੈ :

ਜਿਨਾ ਸਾਸਿ ਗਿਰਾਸਿ ਨ ਵਿਸਰੈ
ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥੧॥

*(ਮ: ੫, ਪੰਨਾ ੩੧੯)*

ਆਠ ਪਹਰ ਨਿਕਟਿ ਕਰਿ ਜਾਨੈ ॥
ਪ੍ਰਭ ਕਾ ਕੀਆ ਮੀਠਾ ਮਾਨੈ ॥
ਏਕੁ ਨਾਮੁ ਸੰਤਨ ਆਧਾਰੁ ॥
ਹੋਇ ਰਹੇ ਸਭ ਕੀ ਪਗ ਛਾਰੁ ॥੧॥
ਸੰਤ ਰਹਤ ਸੁਨਹੁ ਮੇਰੇ ਭਾਈ ॥
ਉਆ ਕੀ ਮਹਿਮਾ ਕਥਨੁ ਨ ਜਾਈ ॥੧॥ਰਹਾਉ॥
ਵਰਤਣਿ ਜਾ ਕੈ ਕੇਵਲ ਨਾਮ ॥
ਅਨਦ ਰੂਪ ਕੀਰਤਨੁ ਬਿਸ੍ਰਾਮ ॥
ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ ॥
ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥੨॥

*(ਆਸਾ ਮ: ੫, ਪੰਨਾ ੩੯੨)*

ਅਵਰਿ ਪੰਚ ਹਮ ਏਕ ਜਨਾ
ਕਿਉ ਰਾਖਉ ਘਰ ਬਾਰੁ ਮਨਾ ॥
ਮਾਰਹਿ ਲੂਟਹਿ ਨੀਤ ਨੀਤ
ਕਿਸੁ ਆਗੈ ਕਰੀ ਪੁਕਾਰ ਜਨਾ ॥੧॥

*(ਗਉੜੀ ਮ: ੫, ਪੰਨਾ ੧੫੫)*

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ
ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ
ਕੋਇ ਨ ਸੁਣੈ ਪੂਕਾਰਾ ॥

*(ਸੋਰਠਿ ਮ: ੩, ਪੰਨਾ ੬੦੦)*

ਗੁਰਮੁਖ ਕਰਣੀ ਕਾਰ ਕਮਾਵੈ ॥
ਤਾ ਇਸੁ ਮਨ ਕੀ ਸੋਝੀ ਪਾਵੈ ॥
ਮਨੁ ਮੈ ਮਤੁ ਮੈਗਲ ਮਿਕਦਾਰਾ ॥
ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥੨॥
ਮਨੁ ਅਸਾਧੁ ਸਾਧੈ ਜਨੁ ਕੋਇ ॥
ਅਚਰੁ ਚਰੈ ਤਾ ਨਿਰਮਲੁ ਹੋਇ ॥
ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥
ਹਉਮੈ ਵਿਚਹੁ ਤਜੇ ਵਿਕਾਰ ॥੩॥
ਜੋ ਧੁਰਿ ਰਾਖਿਅਨੁ ਮੇਲਿ ਮਿਲਾਇ ॥
ਕਦੇ ਨ ਵਿਛੁੜਹਿ ਸਬਦਿ ਸਮਾਇ ॥

*(ਗਉੜੀ ਮ: ੩, ਪੰਨਾ ੧੫੯)*

ਗੁਰੂ ਗ੍ਰੰਥ ਸਾਹਿਬ ਜੀ ਨੇ ਇਨ੍ਹਾਂ ਉਪ੍ਰੋਕਤ ਪੰਗਤੀਆਂ ਦੁਆਰੇ ਸਾਧੂ ਸੰਤਾਂ ਦੀ ਮਾਨਸਕ ਰਹਿਤ ਦਰਸਾਈ ਹੈ। ਜਿਨ੍ਹਾਂ ਗੁਰਮੁਖ ਸਾਧੂਆਂ ਨੇ ਇਸ ਰਹਿਤ ਨੂੰ ਮਨ ਵਿਚ ਧਾਰ ਕੇ ਇਨ੍ਹਾਂ ਪੰਜਾਂ ਵਿਕਾਰਾਂ ਦੀਆਂ ਵਾਸ਼ਨਾ ਤੇ ਕਾਬੂ ਪਾ ਲਿਆ ਹੈ ਉਸੇ ਨੂੰ ਹੀ ਗੁਰਬਾਣੀ ਨੇ ਪੂਰਨ ਗੁਰਮੁਖ ਅਤੇ ਸੰਤ ਸਰੂਪ ਮੰਨਿਆ ਹੈ, ਇਸ ਮਾਨਸਕ ਰਹਿਤ ਤੋਂ ਜੋ ਸੱਖਣੇ ਲੋਕਾਂ ਨੇ ਕੇਵਲ ਆਪਣੇ ਸਰੀਰ ਦਾ ਪਹਿਰਾਵਾ ਹੀ ਬਦਲਿਆ ਹੈ ਉਹ ਸੱਚੇ ਰੱਬ ਦੀ ਸੱਚੀ ਦਰਗਾਹ ਵਿਚ ਕਬੂਲੇ ਨਹੀਂ ਜਾਣਗੇ। ਸੋ, ਮੈਂ ਭੀ ਅਜਿਹੇ ਸਾਧੂਆਂ ਦੀ ਮਾਨਸਕ ਰਹਿਣੀ ਨੂੰ ਤੱਕ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉਲੀਕੀਆਂ ਹਨ, ਜਿਨ੍ਹਾਂ ਵਿਚ ਉਨ੍ਹਾਂ ਦੇ ਅੰਤਰ-ਆਤਮੇ ਧਾਰਨ ਕੀਤੇ ਦੈਵੀ ਗੁਣਾਂ ਦਾ ਜ਼ਿਕਰ ਕੀਤਾ ਹੈ :

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਕਾਮ, ਕ੍ਰੋਧਾਦਿਕ ਪੰਜ ਦੂਤ ਜੋ ਕਿਸੇ ਤੋਂ ਭੀ) ਜਿੱਤੇ ਨਹੀਂ ਜਾਂਦੇ, ਗੁਰਮੁਖਾਂ ਨੇ ਉਹ ਵੱਸ ਕਰ ਲਏ ਹਨ (ਇਸੇ ਕਰਕੇ ਉਹ) ਸਾਧੂ ਕਹੇ ਜਾਂਦੇ ਹਨ।

(੨) (ਫਿਰ ਉਨ੍ਹਾਂ) ਗੁਰਮੁਖਾਂ ਦੀ ਬੁੱਧੀ ਬਿਬੇਕ (ਵੀਚਾਰਵਾਨ) ਵਾਲੀ ਹੁੰਦੀ ਹੈ, ਇਸੇ ਲਈ ਹੀ ਉਹ ਸ਼ੁਭ ਵਿਚਾਰਾਂ ਵਾਲੇ ਜਾਣੇ ਜਾਂਦੇ ਹਨ।

(੩) (ਉਨ੍ਹਾਂ) ਗੁਰਮੁਖਾਂ ਵਿਚ ਪ੍ਰੇਮਾ-ਭਗਤੀ ਹੁੰਦੀ ਹੈ, ਇਸ ਕਰਕੇ ਉਹ ਭਗਤ ਕਰਕੇ ਹੀ ਪਛਾਣੇ ਜਾਂਦੇ ਹਨ।

(੪) ਗੁਰਮੁਖਾਂ ਨੂੰ ਇਹ ਗਿਆਨ ਹੁੰਦਾ ਹੈ ਕਿ ਸੰਸਾਰ ਵਿਚ ਸਭ ਕੁਝ ਬ੍ਰਹਮ ਹੀ ਬ੍ਰਹਮ ਹੈ ਇਸੇ ਲਈ ਉਹ ਬ੍ਰਹਮ ਗਿਆਨੀ ਕਰਕੇ ਜਾਣੇ ਜਾਂਦੇ ਹਨ।

(੫) ਗੁਰਮੁਖ ਪੂਰਨ ਮਤਵਾਨ ਹੁੰਦੇ ਹਨ ਉਨ੍ਹਾਂ ਦੀ ਮਤ (ਬੋਲਾਂ) ਵਿਚੋਂ ਗੁਰੂ ਦੇ ਸ਼ਬਦ ਦੀ ਸਿਖਿਆ ਵਾਲੀ ਮਤ ਦੀ ਹੀ ਨਿਸ਼ਾਨੀ ਪ੍ਰਗਟ ਹੁੰਦੀ ਹੈ।

(੬) ਗੁਰਮੁਖ (ਪ੍ਰਭੂ ਦੀ ਬਖ਼ਸ਼ੀ) ਪਤ ਆਬਰੋ (ਇਜ਼ਤ ਸਨਮਾਨ) ਦੀ ਪਉੜੀ ਤੇ ਚੜ੍ਹਕੇ (ਪ੍ਰਭੂ ਦੇ) ਪ੍ਰੇਮ ਰਸ ਨੂੰ ਮਾਣਦੇ ਹਨ।੧੫।

***ਭਾਵਾਰਥ :*** ਗੁਰਮੁਖਾਂ ਦਾ ਇਹ ਭਗਤੀ ਮਾਰਗ ਅਕਾਲ ਪੁਰਖ ਦੀ ਪ੍ਰਾਪਤੀ ਦੀ ਪਉੜੀ ਹੈ, ਜੋ ਇਸ 'ਤੇ ਸਫ਼ਰ ਕਰਦਾ ਹੈ ਉਹ ਪ੍ਰਭੂ ਨਾਲ ਅਭੇਦ ਹੋ ਜਾਂਦਾ ਹੈ। ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ।

## ੧੬. ਗੁਰਮੁਖ ਦੀਆਂ ਵਡਿਆਈਆਂ

**੧. ਸੱਚ ਨਾਉਂ ਕਰਤਾਰ ਗੁਰਮੁਖ ਪਾਈਐ।**
**੨. ਗੁਰਮੁਖ ਓਅੰਕਾਰ ਸਬਦਿ ਧਿਆਈਐ।**

**੩. ਗੁਰਮੁਖ ਸ਼ਬਦ ਵੀਚਾਰੁ ਸ਼ਬਦ ਲਿਵਲਾਈਐ।**
**੪. ਗੁਰਮੁਖ ਸੱਚ ਆਚਾਰ ਸੱਚ ਕਮਾਈਐ।**
**੫. ਗੁਰਮੁਖ ਮੋਖ ਦੁਆਰੁ ਸਹਜਿ ਸਮਾਈਐ।**
**੬. ਗੁਰਮੁਖ ਨਾਮ ਅਧਾਰੁ ਨ ਪਛੋਤਾਈਐ ॥੧੬॥**

***ਪਦ ਅਰਥ :*** ਸ਼ਬਦ—ਪ੍ਰਮੇਸ਼ਰ ਦਾ ਨਾਮ। ਲਿਵ—ਧਿਆਨ। ਆਚਾਰ—ਕਰਤੱਬ, ਜੀਵਨ ਚੱਜ। ਮੋਖ—ਮੁਕਤੀ। ਸਹਜਿ—ਚੌਥਾ ਪਦ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਆਪ ਜੀ ਨੇ ਪਿਛੇ ਉਨ੍ਹਾਂ ਗੁਰਮੁਖ ਸਾਧੂਆਂ ਦੇ ਜੀਵਨ ਬਾਰੇ ਜ਼ਿਕਰ ਕੀਤਾ ਹੈ, ਜਿਨ੍ਹਾਂ ਨੇ ਪ੍ਰਭੂ ਸਿਮਰਨ ਦਾ ਸਦਕਾ ਵਿਕਾਰਾਂ ਦੇ ਅਸਾਧ ਰੋਗਾਂ ਨੂੰ ਸਾਧ ਲਿਆ ਹੈ ਅਤੇ ਆਪਣੇ ਜੀਵਨ ਪੱਧਰ ਨੂੰ ਇਤਨਾ ਉਚੇਰਾ ਕਰ ਲਿਆ ਹੈ ਜਿਥੇ ਪੁੱਜ ਕੇ ਸੰਸਾਰਕ ਮਾਇਕੀ ਪਦਾਰਥਾਂ ਦੀਆਂ ਵਾਸ਼ਨਾਵਾਂ ਦਾ ਅਭਾਵ ਹੋ ਜਾਂਦਾ ਹੈ, ਅਤੇ ਉਹ ਆਪਣੇ ਪਿਆਰੇ ਦੇ ਪਿਰਮ ਰਸ ਵਿਚ ਸਦਾ ਹੀ ਲੀਨ ਰਹਿੰਦੇ ਹਨ, ਜਿਸ ਦਾ ਸਦਕਾ ਉਨ੍ਹਾਂ ਦੇ ਬਾਰ ਬਾਰ ਜਨਮ ਧਾਰ ਕੇ ਆਉਣ ਜਾਣ ਦਾ ਚੱਕ੍ਰ ਹੀ ਮੁੱਕ ਜਾਂਦਾ ਹੈ। ਕਿਉਂ ਜੀ! ਉਨ੍ਹਾਂ ਗੁਰਮੁਖਾਂ ਦੇ ਜੀਵਨ ਤੋਂ ਹੋਰ ਕਿਸੇ ਨੂੰ ਭੀ ਕੁਝ ਲਾਭ ਪ੍ਰਾਪਤ ਹੁੰਦਾ ਹੈ, ਦੱਸਣ ਦੀ ਕ੍ਰਿਪਾ ਕਰੋ?

**ਉ:** ਹੇ ਭਾਈਓ! ਜਦੋਂ ਅਸੀਂ ਅਜਿਹੇ ਗੁਰਮੁਖਾਂ ਦੇ ਜੀਵਨਾਂ ਬਾਰੇ ਬਾਣੀ ਦੀ ਵੀਚਾਰ ਕਰਦੇ ਹਾਂ ਤਾਂ ਬੋਧ ਮਿਲਦਾ ਹੈ ਕਿ ਅਜਿਹੇ ਗੁਰਮੁਖਾਂ ਦਾ ਜੀਵਨ ਸੰਸਾਰੀ ਜੀਵਾਂ ਨੂੰ ਜੀਅ ਦਾਨ ਦੇ ਕੇ ਉਨ੍ਹਾਂ ਨੂੰ ਭਗਤੀ ਦ੍ਰਿੜ੍ਹ ਕਰਵਾਉਣ ਦਾ ਉਪਕਾਰ ਕਰਨ ਲਈ ਹੀ ਹੋਇਆ ਹੈ, ਅਜਿਹੇ ਸੰਤਾਂ ਦਾ ਸੰਸਾਰ ਵਿਚ ਆਉਣਾ ਪ੍ਰਵਾਣ ਮੰਨਿਆ ਹੈ, ਜਿਵੇਂ ਕਿ :

ਭਾਗਠੜੇ ਹਰਿ ਸੰਤ ਤੁਮਾਰੇ
ਜਿਨ੍ ਘਰਿ ਧਨੁ ਹਰਿ ਨਾਮਾ॥
ਪਰਵਾਣੁ ਗਣੀ ਸੇਈ ਇਹ ਆਏ
ਸਫਲ ਤਿਨਾ ਕੇ ਕਾਮਾ॥੧॥
ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ॥
ਕੇਸਾ ਕਾ ਕਰਿ ਚਵਰੁ ਢੁਲਾਵਾ
ਚਰਣ ਧੂੜਿ ਮੁਖਿ ਲਾਈ॥੧॥ਰਹਾਉ॥
ਜਨਮ ਮਰਣ ਦੁਹਹੂ ਮਹਿ ਨਾਹੀ
ਜਨ ਪਰਉਪਕਾਰੀ ਆਏ॥
ਜੀਅ ਦਾਨੁ ਦੇ ਭਗਤੀ ਲਾਇਨਿ
ਹਰਿ ਸਿਉ ਲੈਨਿ ਮਿਲਾਏ ॥੨॥ *(ਸੂਹੀ ਮ: ੪, ਪੰਨਾ ੭੪੯)*

ਭਾਵ, ਸੰਤਾਂ ਦਾ ਜੀਵਨ ਇਵੇਂ ਹੀ ਪਰਉਪਕਾਰੀ ਹੈ ਜਿਵੇਂ ਇਕ ਬ੍ਰਿਛ ਨੂੰ ਅਨੇਕਾਂ ਫਲ ਲਗਦੇ ਹਨ, ਉਹ ਆਪ ਨਹੀਂ ਖਾਂਦਾ ਲੋੜਵੰਦ ਪੰਛੀਆਂ ਤੇ ਭੁਖੇ ਰਾਹੀਆਂ ਲਈ ਸੰਭਾਲ ਕੇ ਰਖਦਾ ਹੈ।

ਜਾਂ, ਜਿਵੇਂ ਸਮੁੰਦਰ ਵਿਚ ਅਨੇਕਾਂ ਹੀਰੇ ਮੋਤੀ ਪੈਦਾ ਹੁੰਦੇ ਹਨ, ਪਰ ਉਹ ਸਮੁੰਦਰ ਭੀ ਆਪ ਨਹੀਂ ਖਾਂਦਾ ਹੰਸਾਂ ਤੇ ਮਰਜੀਵੜਿਆਂ ਲਈ ਸੰਭਾਲ ਕੇ ਰੱਖਦਾ ਹੈ, ਇਸੇ ਤਰ੍ਹਾਂ ਹੀ ਗੁਰਮੁਖ ਸਾਧੂਆਂ ਦਾ ਸਰੀਰ ਭੀ ਉਪਕਾਰੀ ਹੈ ਜੋ ਲੋੜਵੰਦ ਸ਼ਰਧਾਲੂਆਂ ਨੂੰ ਦੈਵੀ ਗੁਣਾਂ ਦੀ ਦਾਤ ਬਖ਼ਸ਼ ਕੇ ਉਨ੍ਹਾਂ ਨੂੰ ਜੀਅ ਦਾਨ ਦੇ ਕੇ ਤ੍ਰਿਪਤ ਕਰਦੇ ਹਨ।

ਅਜਿਹੇ ਗੁਰਮੁਖਾਂ ਦੇ ਉਪਕਾਰੀ ਜੀਵਨ ਵੱਲ ਤੱਕ ਕੇ ਮੈਂ ਚੰਦ ਸੱਤਰਾਂ ਉੱਕਰੀਆਂ ਹਨ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ ਅਜਿਹੇ) ਗੁਰਮੁਖਾਂ ਤੋਂ ਸੱਚੇ ਪ੍ਰਭੂ ਦਾ ਸੱਚਾ ਨਾਮ ਪ੍ਰਾਪਤ ਹੁੰਦਾ ਹੈ।

(੨) (ਉਹ) ਗੁਰਮੁਖ ਓਅੰਕਾਰ (ਪ੍ਰਭੂ ਦੇ ਸੱਚੇ) ਨਾਮ ਤੇ ਸ਼ਬਦ ਦਾ ਧਿਆਨ ਹੀ ਧਰਦੇ ਹਨ।

(੩) (ਜਿਵੇਂ ਅਸੀਂ ਵੇਖਦੇ ਹਾਂ ਕਿ) ਗੁਰਮੁਖਾਂ ਕੋਲ ਹੀ ਪ੍ਰਭੂ ਦੇ ਸੱਚੇ ਸ਼ਬਦ ਦੀ ਵੀਚਾਰ ਹੁੰਦੀ ਹੈ, ਤੇ ਉਹ ਸਦਾ ਸ਼ਬਦ ਦੀ ਵਿਚਾਰ ਵਿਚ ਹੀ ਮਨ ਨੂੰ ਜੋੜਦੇ (ਲਿਵ ਲਾਉਂਦੇ) ਹਨ।

(੪) (ਉਨ੍ਹਾਂ) ਗੁਰਮੁਖਾਂ ਦਾ ਆਚਾਰ (ਵਰਤੋਂ-ਵਿਹਾਰ) ਸੱਚਾ ਹੈ, ਤੇ ਉਹ ਸਦਾ ਸੱਚ ਦੀ ਹੀ ਕਮਾਈ ਕਰਦੇ ਹਨ।

(੫) (ਕਿਉਂਕਿ ਉਹ ਸੱਚ ਤੇ ਸੱਚੇ ਦੇ ਨਾਮ ਸਿਮਰਨ ਤੋਂ ਐਧਰ ਓਧਰ ਨਹੀਂ ਹੁੰਦੇ) ਇਸ ਲਈ ਗੁਰਮੁਖਾਂ ਦੇ ਦਰਸ਼ਨ ਹੀ ਮੋਖ ਦਰਵਾਜ਼ਾ ਹਨ (ਤੇ ਉਨ੍ਹਾਂ ਦੇ ਦਰਸ਼ਨਾਂ ਨਾਲ) ਸਹਿਜ ਪਦ ਵਿਚ ਲੀਨ ਹੋ ਜਾਈਦਾ ਹੈ।

(੬) (ਗੁਰਮੁਖਾਂ ਨੂੰ ਕੇਵਲ ਸੱਚੇ) ਨਾਮ ਦਾ ਹੀ ਆਸਰਾ ਹੈ, (ਨਾਮ ਦੇ ਅਧਾਰ ਨਾਲ ਉਹ) ਦੁਖ ਦਾ ਪਛੋਤਾਵਾ ਨਹੀਂ ਕਰਦੇ, ਭਾਵ ਦੁਖ ਨੂੰ ਦੁਖ ਨਹੀਂ ਮੰਨਦੇ, ਭਾਣੇ ਵਿਚ ਹੀ ਖ਼ੁਸ਼ ਤੇ ਪ੍ਰਸੰਨ ਰਹਿੰਦੇ ਹਨ।੧੬।

***ਭਾਵਾਰਥ :*** ਜਦੋਂ ਅਸੀਂ ਬਾਣੀ ਦੀ ਖੋਜ ਕਰਦੇ ਹਾਂ ਤਾਂ ਬੋਧ ਮਿਲਦਾ ਹੈ ਕਿ ਗੁਰਮੁਖਾਂ ਦੇ ਰਾਹੀਂ ਹੀ ਸੱਚੇ ਕਰਤਾਰ ਦਾ ਨਾਮ ਪਾਈਦਾ ਹੈ, ਕਿਉਂਕਿ ਉਹ ਗੁਰਮੁਖ ਆਪ ਮਨ ਕਰਕੇ ਮੂਲ ਮੰਤ੍ਰ ਦਾ ਧਿਆਨ ਕਰਦੇ ਹਨ। ਉਸੇ ਦੇ ਵੀਚਾਰ ਵਿਚ ਹੀ ਉਨ੍ਹਾਂ ਨੇ ਪ੍ਰੀਤ ਲਾਈ ਹੈ, ਸੱਚਾ ਹੀ ਉਨ੍ਹਾਂ ਦਾ ਕਰਤਬ ਹੈ, ਕਿਉਂਕਿ ਉਹ ਸੱਚ ਦਾ ਹੀ ਅਭਯਾਸ ਕਰਦੇ

ਹਨ। ਮੁਕਤੀ ਦਾ ਦਰਵਾਜ਼ਾ ਭੀ ਐਸੇ ਗੁਰਮੁਖ ਹੀ ਹਨ। ਉਹ ਨਾਮ ਦਾ ਆਧਾਰ ਰੱਖ ਕੇ ਹੀ ਸੰਸਾਰਕ ਕਸ਼ਟਾਂ ਵਿਚ ਪਸਚਾਤਾਪ ਨਹੀਂ ਕਰਦੇ, ਜਿਸ ਤਰ੍ਹਾਂ ਕੋਈ ਪਹਾੜ ਪੁਰ ਚੜ੍ਹਿਆ ਹੋਇਆ ਕਿਸੇ ਹੇਠਲੀ ਝਾੜੀ ਨੂੰ ਅੱਗ ਲੱਗੀ ਹੋਈ ਵੇਖਦਾ ਹੈ। ਗੁਰਮੁਖ ਗਿਆਨਵਾਨ ਇਸੇ ਤਰ੍ਹਾਂ ਆਪ ਨੂੰ ਅਲੇਪ ਮੰਨ ਕੇ ਸਰੀਰਕ ਦੁਖਾਂ ਦਾ ਕੋਈ ਪਛੋਤਾਪ ਨਹੀਂ ਕਰਦਾ। ਉਹੀ ਗੁਰਮੁਖ ਲੋਕ ਹਨ ਜੋ ਗੁਰੂ ਵੱਲ ਸਨਮੁਖ ਹੋਏ ਹਨ। ਅਰਥਾਤ ਸੁਰਤ ਸ਼ਬਦ ਦੁਆਰਾ ਚੜ੍ਹ ਕੇ ਸਾਖੀ ਖੇਡ ਵਿਚ ਪਹੁੰਚੇ ਹਨ, ਉਨ੍ਹਾਂ ਦਾ ਕਰਨਾ, ਵੀਚਾਰ, ਲਿਵ ਸਭ ਨਾਮ ਸਿਮਰਨ ਹੀ ਹੁੰਦੀ ਹੈ, ਉਨ੍ਹਾਂ ਗੁਰਮੁਖਾਂ ਦੇ ਸਤਿਸੰਗ ਨਾਲ ਮਿਲਕੇ ਹੀ ਨਾਮ ਦਾ ਚਿੰਤਨ ਕਰਦਿਆਂ ਜੀਵਨ ਗੁਜ਼ਾਰਦੇ ਰਹਿਣਾ ਚਾਹੀਦਾ ਹੈ।

## ੧੭. ਗੁਰਮੁਖਾਂ ਦੀ ਵਿਸ਼ੇਸ਼ਤਾਈ

**੧. ਗੁਰਮੁਖ ਪਾਰਸੁ ਪਰਸਿ ਪਾਰਸੁ ਹੋਈਐ।**
**੨. ਗੁਰਮੁਖ ਹੋਇ ਅਪਰਸੁ ਦਰਸੁ ਅਲੋਈਐ।**
**੩. ਗੁਰਮੁਖ ਬ੍ਰਹਮ ਧਿਆਨੁ ਦੁਬਿਧਾ ਖੋਈਐ।**
**੪. ਗੁਰਮੁਖ ਪਰ ਧਨ ਰੂਪ ਨਿੰਦ ਨ ਗੋਈਐ।**
**੫. ਗੁਰਮੁਖ ਅੰਮ੍ਰਿਤ ਨਾਉ ਸ਼ਬਦ ਵਿਲੋਈਐ।**
**੬. ਗੁਰਮੁਖ ਹੱਸਦਾ ਜਾਇ ਅੰਞੁ ਨ ਰੋਈਐ ॥੧੭॥**

***ਪਦ ਅਰਥ :*** ਪਰਸਿ—ਛੁਹ ਕੇ। ਅਪਰਸੁ—ਅਛੋਹ, ਨਿਰਲੇਪ। ਅਲੋਈਐ—ਵੇਖਣਾ। ਗੋਈਐ—ਕਥਨ ਕਰਨਾ, ਕਹਿਣਾ। ਵਿਲੋਈਐ—ਰਿੜਕਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਦੋਂ ਅਸੀਂ ਸਾਰੀ ਲੋਕਾਈ ਵੱਲ ਤੱਕਦੇ ਹਾਂ, ਤਾਂ ਹਰ ਵਿਅਕਤੀ ਵਿਚ ਵਖੋ ਵੱਖਰੀ ਭਿੰਨਤਾ ਨਜ਼ਰ ਆਉਂਦੀ ਹੈ, ਜੋ ਭਿੰਨਤਾ ਹਰ ਮਨੁੱਖ ਨੂੰ ਇਕ ਦੂਜੇ ਤੋਂ ਵੱਖਰਾ ਦਰਸਾਉਂਦੀ ਹੈ, ਉਹ ਵਖਰਾਪਣ ਹੀ ਉਸਦੀ ਵਿਸ਼ੇਸ਼ਤਾਈ ਮੰਨੀ ਜਾਂਦੀ ਹੈ, ਕਿਉਂ ਜੀ! ਦਸੋਗੇ ਕਿ ਜਿਨ੍ਹਾਂ ਗੁਰਮੁਖਾਂ ਦਾ ਤੁਸੀਂ ਜ਼ਿਕਰ ਕਰਦੇ ਆ ਰਹੇ ਹੋ, ਉਨ੍ਹਾਂ ਵਿਚ ਭੀ ਕੋਈ ਖ਼ਾਸ ਵਿਸ਼ੇਸ਼ਤਾ ਹੈ ?

ਉ: ਹੇ ਭਾਈਓ! ਜੇ ਅਸੀਂ ਦੂਰ-ਦਰਸ਼ੀ ਨਜ਼ਰਾਂ ਰਾਹੀਂ ਤੱਕੀਏ ਤਾਂ ਸਾਨੂੰ ਗੁਰਮੁਖਾਂ ਵਿਚ ਜੋ ਬਾਕੀ ਦੇ ਲੋਕਾਂ ਨਾਲੋਂ ਵਿਸ਼ੇਸ਼ਤਾ ਹੈ ਉਹ ਕਹੀ ਨਹੀਂ ਜਾ ਸਕਦੀ ਕਿਉਂਕਿ ਬਾਕੀ ਦੇ ਸੰਸਾਰੀ ਲੋਕਾਂ ਨਾਲੋਂ ਉਨ੍ਹਾਂ ਦੀ ਵਿਸ਼ੇਸ਼ਤਾ ਦਾ ਕੋਈ ਭੀ ਤਾਲ-ਮੇਲ ਨਹੀਂ ਹੋ ਸਕਦਾ। ਇਹ ਪੁਰਾਤਨ ਨਿਯਮ ਚਲਿਆ ਆਉਂਦਾ ਹੈ ਕਿ :

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥
*(ਪੰਨਾ ੧੪੫)*

ਭਾਵ ਹੈ ਕਿ ਗੁਰਮੁਖਾਂ ਤੇ ਮਨਮੁਖ ਲੋਕਾਂ ਦਾ ਪ੍ਰਸਪਰ ਕਦੀ ਭੀ ਜੋੜ ਨਹੀਂ ਬਣਿਆ, ਇਹ ਗੱਲ ਵੱਖਰੀ ਹੈ ਕਿ ਸੰਸਾਰੀ ਤੇ ਨਿਰੰਕਾਰੀ ਲੋਕਾਂ ਦੀ ਬਾਹਰਲੀ ਕਾਰੋਬਾਰ, ਖਾਣ-ਪੀਣ ਤੇ ਜਾਗਣ-ਸੌਣ ਦੀ ਕ੍ਰਿਆ ਸਮਾਨ ਹੀ ਨਜ਼ਰ ਆਵੇ, ਪਰ ਉਨ੍ਹਾਂ ਦੇ ਗੁਣ ਤੇ ਅਵਗੁਣਾਂ ਵਿਚ ਬਹੁਤ ਅੰਤਰਾ ਪਾਇਆ ਜਾਂਦਾ ਹੈ, ਭਾਵ ਮਨਮੁਖਾਂ ਦੇ ਅੰਦਰ ਅਵਗੁਣਾਂ ਦੀ ਪ੍ਰਧਾਨਤਾ ਹੈ, ਗੁਰਮੁਖਾਂ ਵਿਚ ਦੈਵੀਗੁਣਾਂ ਦੀ ਵਧੇਰੇ ਵਿਸ਼ੇਸ਼ਤਾ ਹੈ, ਮਨਮੁਖਾਂ ਵਿਚ ਜੋ ਆਸੁਰੀ ਸੰਪਦਾ, ਭਾਵ ਕੂੜ, ਕਪਟ, ਛਲ, ਫ਼ਰੇਬ, ਨਿੰਦਾ ਆਦਿਕ ਦੇ ਅਵਗੁਣ ਹਨ, ਉਹ ਅਨੰਤ ਹਨ, ਪਰ ਜੋ ਗੁਰਮੁਖਾਂ ਦੇ ਅੰਤਰ-ਆਤਮੇ ਦੈਵੀ ਗੁਣ, ਸਤਿ, ਸੰਤੋਖ, ਦਇਆ, ਧਰਮ, ਸਤਿ ਦੀ ਵੀਚਾਰ ਆਦਿ ਗੁਣ ਹਨ ਇਹ ਉਨ੍ਹਾਂ ਵਿਚ ਇਤਨੀ ਵਿਸ਼ੇਸ਼ਤਾ ਹੈ ਜਿਸਨੂੰ ਬਿਆਨਿਆ ਨਹੀਂ ਜਾ ਸਕਦਾ, ਜੇ ਕਦੀ ਉਨ੍ਹਾਂ ਦੀ ਵਿਸ਼ੇਸ਼ਤਾ ਨੂੰ ਪਾਰਸ ਦੀ ਤੁਲਨਾ ਦਿੱਤੀ ਜਾਵੇ ਤਾਂ ਭੀ ਸਮਤਾ ਨਹੀਂ ਹੋ ਸਕਦੀ।

ਕਿਉਂਕਿ ਜਦ ਪਾਰਸ ਕਿਸੇ ਲੋਹੇ ਨੂੰ ਸਪਰਸ਼ ਕਰਦਾ ਹੈ ਤਾਂ ਉਹ ਉਸਨੂੰ ਸੋਨਾ ਬਣਾ ਦੇਂਦਾ ਹੈ, ਪਰ ਉਹ ਅਗੇ ਹੋਰ ਕਿਸੇ ਲੋਹੇ ਨੂੰ ਸੋਨਾ ਨਹੀਂ ਕਰ ਸਕਦਾ, ਪਰ ਗੁਰਮੁਖ ਪਰਮ ਪਾਰਸ ਹੈ ਜੋ ਅਗੇ ਤੋਂ ਅਗੇ ਸੰਗਤ ਕਰਨ ਵਾਲਿਆਂ ਨੂੰ ਆਪਣੇ ਸਮਾਨ ਹੀ ਬਣਾ ਲੈਂਦਾ ਹੈ, ਇਸ ਲਈ ਜਦੋਂ ਗੁਰਮੁਖਾਂ ਦੇ ਜੀਵਨ ਪੱਧਰ ਵੱਲ ਨਜ਼ਰ ਮਾਰਦੇ ਹਾਂ ਤਾਂ ਉਹ ਸਾਨੂੰ ਅਨੰਤ ਗੁਣਾਂ ਦੇ ਭੰਡਾਰ ਨਜ਼ਰ ਆਉਂਦੇ ਹਨ, ਜਿਨ੍ਹਾਂ ਨੂੰ ਤੱਕ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ :

(੧) (ਜਦੋਂ ਗਹੁ ਨਾਲ ਤੱਕੀਏ ਤਾਂ ਸਾਨੂੰ ਦਿਸ ਆਵੇਗਾ ਕਿ) ਗੁਰਮੁਖ ਰੂਪੀ (ਪਾਰਸ) ਦੀ ਇਹ ਵਿਸ਼ੇਸ਼ਤਾ ਹੈ ਕਿ ਉਸ ਨਾਲ ਛੋਹਣ ਕਰਕੇ ਉਸ ਵਰਗੇ ਪਾਰਸ ਹੀ ਬਣ ਜਾਈਦਾ ਹੈ।

(੨) (ਉਹ) ਗੁਰਮੁਖ (ਸੰਸਾਰ ਵਿਚ ਰਹਿੰਦੇ ਹੋਏ, ਸੰਸਾਰੀ ਵਿਕਾਰਾਂ) ਤੋਂ ਨਿਰਲੇਪ ਰਹਿੰਦੇ ਹਨ ਤੇ (ਹਿਰਦੇ ਵਿਚ ਕੇਵਲ ਪ੍ਰਭੂ ਦੇ) ਦਰਸ਼ਨਾਂ ਨੂੰ ਹੀ ਲੋਚਦੇ ਹਨ।

(੩) (ਇਸੇ ਲਈ ਉਨ੍ਹਾਂ) ਗੁਰਮੁਖਾਂ ਦਾ ਬ੍ਰਹਮ (ਪਰਮੇਸ਼ਰ) ਵਿਚ ਹੀ ਧਿਆਨ ਲੱਗਾ ਰਹਿੰਦਾ ਹੈ ਤੇ ਉਹ ਦੁਬਿਧਾ (ਦ੍ਵੈਤ-ਭਾਵ) ਨੂੰ ਮੇਟ ਤੇ ਗਵਾ ਦੇਂਦੇ ਹਨ।

(੪) (ਉਹ) ਗੁਰਮੁਖ ਪਰ ਧਨ ਤੇ (ਪਰ-ਇਸਤ੍ਰੀ ਦੇ) ਰੂਪ ਵੱਲ (ਨਹੀਂ ਵੇਖਦੇ) ਨਾ ਨਿੰਦਿਆ ਸੁਣਦੇ ਹਨ ਤੇ ਨਾ ਹੀ ਕਰਦੇ ਹਨ।

(੫) ਗੁਰਮੁਖ ਕੇਵਲ (ਪ੍ਰਭੂ ਦੇ) ਅੰਮ੍ਰਿਤ ਨਾਮ ਨੂੰ ਸੁਣਦੇ ਜਪਦੇ ਹਨ ਤੇ (ਗੁਰੂ ਦੇ) ਸ਼ਬਦ ਦਾ ਵੀਚਾਰ (ਰਿੜਕਨ) ਕਰਦੇ ਹਨ।

(੬) (ਉਹ) ਗੁਰਮੁਖ ਅੰਤ ਸਮੇਂ (ਪ੍ਰਭੂ ਕੋਲ ਜਾਂਦੇ) ਹੱਸਦੇ ਹਨ ਤੇ (ਮੌਤ ਦੇ ਦੁਖ ਨਾਲ) ਰੋਂਦੇ ਵੀ ਨਹੀਂ, ਭਾਵ ਅੰਤ ਸਮੇਂ ਵੀ ਅਨੰਦ ਵਿਚ ਹੀ ਰਹਿੰਦੇ ਹਨ।੧੭।

***ਭਾਵਾਰਥ :*** ਗੁਰਮੁਖਾਂ ਦੀ ਮਾਨਸਕ ਅਵਸਥਾ ਇਤਨੀ ਉਚੇਰੀ ਹੋ ਗਈ ਹੈ ਕਿ ਉਹ ਆਮ ਅਗਯਾਨੀ ਜੀਵਾਂ ਵਾਂਗੂੰ ਕਿਸੇ ਰੂਪ ਵਿਚ ਭੀ ਵਿਰਲਾਪ ਨਹੀਂ ਕਰਦੇ, ਉਹ ਗੁਰੂ ਦੀ ਰਜ਼ਾ ਨੂੰ ਹੀ ਸਿਰ ਮੱਥੇ 'ਤੇ ਮੰਨਦੇ ਹਨ, ਉਹ ਇਸ ਮਹਾਵਾਕ 'ਤੇ ਅਸਰ ਕਰਦੇ ਹਨ ਕਿ (ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ)। (ਪੰਨਾ ੧੪੧)

ਗੁਰਮੁਖ ਨੂੰ ਪਾਰਸ ਦੀ ਨਿਆਈਂ ਮੰਨਦੇ ਹਨ, ਉਸ ਵਿਚ ਉਹ ਪਾਰਸ ਵਾਲੇ ਗੁਣ ਤੇ ਲੱਛਣ ਦਸਦੇ ਹਨ। ਜਿਵੇਂ ਪਾਰਸ ਦੇ ਸਤਿਸੰਗ ਨਾਲ ਪਾਰਸ ਹੋ ਜਾਈਦਾ ਹੈ, ਤਿਵੇਂ ਗੁਰਮੁਖ ਨੇ ਸੰਸਾਰ ਤੋਂ ਹੱਸਦੇ ਜਾਣਾ ਹੈ, ਇਸ ਲਈ ਅਸੀਂ ਭੀ ਗੁਰਮੁਖ ਨਾਲ ਛੋਹੀਏ ਤਾਂ ਜੋ ਪਾਰਸ ਹੋ ਕੇ ਸੰਸਾਰ ਤੋਂ ਹੱਸਦੇ ਜਾਈਏ।

## ੧੮. ਗੁਰਮੁਖ ਦਾ ਅਸਲ ਸਰੂਪ

**੧. ਗੁਰਮੁਖ ਪੰਡਿਤ ਹੋਇ ਜਗ ਪਰਬੋਧੀਐ।**
**੨. ਗੁਰਮੁਖ ਆਪੁ ਗਵਾਇ ਅੰਦਰਿ ਸੋਧੀਐ।**
**੩. ਗੁਰਮੁਖ ਸਤੁ ਸੰਤੋਖੁ ਨ ਕਾਮੁ ਕਰੋਧੀਐ।**
**੪. ਗੁਰਮੁਖ ਹੈ ਨਿਰਵੈਰੁ ਨ ਵੈਰ ਵਿਰੋਧੀਐ।**
**੫. ਚਹੁੰ ਵਰਨਾਂ ਉਪਦੇਸ਼ ਸਹਜਿ ਸਮੋਧੀਐ।**
**੬. ਧੰਨ ਜਣੇਂਦੀ ਮਾਉ ਜੋਧਾ ਜੋਧੀਐ ॥੧੮॥**

***ਪਦ ਅਰਥ :*** ਪਰਬੋਧੀਐ—ਗਿਆਨ ਦੇਣਾ। ਵਿਰੋਧੀਐ—ਵਿਰੋਧਤਾ ਤੇ ਵੈਰ-ਭਾਵਨਾ। ਸਮੋਧੀਐ—ਸਮਾਉਣਾ। ਜੋਧਾ ਜੋਧੀਐ—ਜੋਧਿਆਂ ਵਿਚੋਂ ਵੱਡਾ ਜੋਧਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜਿਨ੍ਹਾਂ ਗੁਰਮੁਖਾਂ ਦੇ ਜੀਵਨ ਨੂੰ ਆਪ ਜੀ ਪਾਰਸ ਰੂਪ ਹੋਣ ਦਾ ਦਰਜਾ ਦੇਂਦੇ ਹੋ, ਅਤੇ ਉਹ ਸੰਸਾਰ ਸਾਗਰ ਦੇ ਵਿਕਾਰਾਂ ਰੂਪ ਪਾਣੀ ਤੋਂ ਭੀ ਨਿਰਲੇਪ ਰਹਿੰਦੇ ਹਨ, ਕੀ ਤੁਸੀਂ ਉਨ੍ਹਾਂ ਵਿਚ ਹੋਰ ਭੀ ਕਿਸੇ ਖ਼ਾਸ ਗੁਣਾਂ ਦੀ ਵਿਸ਼ੇਸ਼ਤਾ ਤੱਕਦੇ ਹੋ?

**ਉ:** ਹੇ ਭਾਈਓ! ਜੋ ਉਨ੍ਹਾਂ ਗੁਰਮੁਖਾਂ ਦੇ ਜੀਵਨ ਵਿਚ ਪ੍ਰਤੱਖ ਗੁਣ ਵੇਖਣ ਵਿਚ ਆਉਂਦੇ ਹਨ ਉਹ ਤਾਂ ਭਾਵੇਂ ਨਾਮ-ਮਾਤ੍ਰ ਕਹੇ ਜਾ ਸਕਦੇ ਹਨ, ਪਰ ਜੋ ਉਨ੍ਹਾਂ ਦੇ ਅੰਤਰ-ਆਤਮੇ ਦੈਵੀ ਗੁਣਾਂ ਦੀ ਪ੍ਰਧਾਨਤਾ ਹੈ ਉਨ੍ਹਾਂ ਸ਼ੁਭ ਗੁਣਾਂ ਨੂੰ ਨਹੀਂ ਕਿਹਾ ਜਾ ਸਕਦਾ, ਪਰ ਜੋ ਮੈਂ ਉਨ੍ਹਾਂ ਵਿਚ ਪਰਤੱਖ ਗੁਣ ਵੇਖੇ ਹਨ ਉਨ੍ਹਾਂ ਦਾ ਇਸ ਪਉੜੀ ਵਿਚ ਜ਼ਿਕਰ ਕੀਤਾ ਹੈ:

(੧) (ਹੇ ਪਿਆਰੇ! ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਗੁਰਮੁਖ ਪੰਡਤ (ਵਿਦਵਾਨ) ਹੋ ਕੇ ਜਗਤ ਨੂੰ ਉਪਦੇਸ਼ (ਸ਼ੁਭ ਸਿਖਿਆ) ਦੇਂਦੇ ਹਨ।

(੨) (ਫਿਰ ਉਹ) ਗੁਰਮੁਖ ਆਪਾ-ਭਾਵ (ਦ੍ਵੈਤ) ਨੂੰ ਗਵਾ ਦੇਂਦੇ ਹਨ ਤੇ ਆਪਣੇ (ਇੰਦ੍ਰਿਆਂ ਤੇ ਮਨ ਦੀ) ਸੋਧ ਸੁਧਾਈ ਕਰਦੇ ਹਨ।

(੩) ਗੁਰਮੁਖ ਸਤਿ ਤੇ ਸੰਤੋਖ (ਸੱਚ ਅਤੇ ਸਬਰ) ਦੇ ਧਨੀ ਹੁੰਦੇ ਹਨ, ਤੇ ਉਨ੍ਹਾਂ ਅੰਦਰ ਨਾ ਕਾਮ-ਵਾਸ਼ਨਾ ਹੁੰਦੀ ਹੈ ਤੇ ਨਾ ਹੀ ਕ੍ਰੋਧ ਦੀ ਭਾਵਨਾ ਜਨਮ ਲੈਂਦੀ ਹੈ।

(੪) (ਉਹ) ਗੁਰਮੁਖ ਨਿਰਵੈਰ ਹੁੰਦੇ ਹਨ, ਤੇ ਉਨ੍ਹਾਂ ਦਾ ਕਿਸੇ ਨਾਲ ਵੈਰ-ਵਿਰੋਧ ਨਹੀਂ ਹੁੰਦਾ (ਉਹ ਸਬਰ ਨਾਲ ਇਨ੍ਹਾਂ ਭਾਵਨਾਂ ਨੂੰ ਦਬਾ ਲੈਂਦੇ ਹਨ ਤੇ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਹਨ)।

(੫) ਉਹ ਚਾਰੇ ਵਰਨਾਂ ਦੇ ਲੋਕਾਂ ਨੂੰ ਉਪਦੇਸ਼ ਦੇਂਦੇ ਹਨ, ਤੇ ਸਹਿਜ ਵਿਖੇ ਲਿਵਲੀਨ ਹੋਏ ਰਹਿੰਦੇ ਹਨ।

(੬) (ਐਸੇ) ਗੁਰਮੁਖਾਂ ਦੀ ਜਨਨੀ (ਮਾਤਾ) ਧੰਨ ਹੈ, ਜਿਸਨੇ ਐਸਾ ਸੂਰਮਾ (ਜੋ ਵਿਕਾਰਾਂ ਦੀ ਫ਼ੌਜ ਦਾ ਜੇਤੂ ਹੈ) ਜੋਧਾ ਤੇ ਬਹਾਦਰ ਪੁਤ੍ਰ ਪੈਦਾ ਕੀਤਾ ਹੈ।੧੮।

***ਭਾਵਾਰਥ :*** ਅਜਿਹੇ ਗੁਰਮੁਖਾਂ ਦੇ ਜੀਵਨ ਬਾਰੇ ਹੀ ਬਾਣੀ ਵਿਚ ਫ਼ੁਰਮਾਨ ਆਇਆ ਹੈ:

ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥੨॥

*(ਪੰਨਾ, ੪੮੮)*

ਪਰ, ਜਿਸ ਮਾਂ ਨੇ ਐਸੇ ਦੈਵੀ ਗੁਣਾਂ ਦੀ ਪ੍ਰਧਾਨਤਾ ਵਾਲੇ ਪੁੱਤ੍ਰ ਨੂੰ ਜਨਮ ਨਹੀਂ ਦਿਤਾ ਉਸ ਮਾਂ ਤੇ ਉਸ ਕੁਲ ਨੂੰ ਭਗਤ ਜੀ ਘਿਰਣਾ ਦੀ ਨਜ਼ਰ ਨਾਲ ਤੱਕਦੇ ਹਨ, ਜਿਵੇਂ ਕਿ:

ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥
ਬਿਧਵਾ ਕਸ ਨ ਭਈ ਮਹਤਾਰੀ॥੧॥
ਜਿਹ ਨਰ ਰਾਮ ਭਗਤਿ ਨਹਿ ਸਾਧੀ॥
ਜਨਮਤ ਕਸ ਨ ਮੁਓ ਅਪਰਾਧੀ॥੧॥ਰਹਾਉ॥
ਮੁਚੁ ਮੁਚੁ ਗਰਭ ਗਏ ਕੀਨ ਬਚਿਆ॥
ਬੁਡਭੁਜ ਰੂਪ ਜੀਵੇ ਜਗ ਮਝਿਆ॥੨॥
ਕਹੁ ਕਬੀਰ ਜੈਸੇ ਸੁੰਦਰ ਸਰੂਪ॥
ਨਾਮ ਬਿਨਾ ਜੈਸੇ ਕੁਬਜ ਕੁਰੂਪ॥੩॥

*(ਗਉੜੀ ਕਬੀਰ ਜੀ, ਪੰਨਾ ੩੨੮)*

ਕਬੀਰ ਸੋਈ ਕੁਲ ਭਲੀ ਜਾ ਕੁਲ ਹਰਿ ਕੋ ਦਾਸੁ॥
ਜਿਹ ਕੁਲ ਦਾਸੁ ਨ ਊਪਜੈ
ਸੋ ਕੁਲ ਢਾਕੁ ਪਲਾਸੁ॥੧੧੧॥

*(ਸਲੋਕ ਕਬੀਰ ਜੀ, ਪੰਨਾ ੧੩੭੦)*

ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ॥
ਸਤਗੁਰੁ ਸੇਵਿ ਸੁਖੁ ਪਾਇਆ
ਵਿਚਹੁ ਗਇਆ ਗੁਮਾਨੁ॥

*(ਸਿਰੀ ਰਾਗੁ ਮ: ੩, ਪੰਨਾ ੩੨)*

ਇਸ ਤਰ੍ਹਾਂ ਦਾ ਬਾਣੀ ਵਿਚ ਬਹੁਤ ਉਪਦੇਸ਼ ਮਿਲਦਾ ਹੈ, ਜਿਨ੍ਹਾਂ ਦੇ ਧਾਰਨੀ ਹੋ ਗੁਰਮੁਖਾਂ ਨੇ ਆਪਣੇ ਜੀਵਨ ਨੂੰ ਸਫਲਾਇਆ ਹੈ, ਗੁਰੂ ਗ੍ਰੰਥ ਸਾਹਿਬ ਜੀ ਨੇ ਭੀ ਉਸੇ ਗੁਰਮੁਖ ਦੀ ਜੀਵਨ ਯਾਤ੍ਰਾ ਨੂੰ ਸਫਲ ਫ਼ੁਰਮਾਇਆ ਹੈ, ਜਿਵੇਂ ਕਿ :

ਆਇਆ ਸਫਲ ਤਾਹੂ ਕੋ ਗਨੀਐ॥ *(ਪੰਨਾ ੨੫੨)*

ਆਇਆ ਸੋ ਪ੍ਰਵਾਣ ਹੈ॥.... *(ਪੰਨਾ ੬੦੩)*

ਭਗਤੀ ਤੋਂ ਹੀਣੇ ਪੁੱਤ੍ਰ ਨੂੰ ਜਨਮ ਦੇਣ ਵਾਲੀ ਮਾਂ ਪ੍ਰਤੀ ਤੁਲਸੀ ਜੀ ਭੀ ਆਪਣੇ ਵੀਚਾਰ ਅੰਕਤ ਕਰਦੇ ਹਨ :

ਜਨਨੀ ਜਨੇ ਤਾ ਭਗਤ ਜਨ ਕੈ ਦਾਤਾ ਕੈ ਸੂਰ॥
ਨਹੀਂ ਤਾ ਜਨਨੀ ਬਾਂਝ ਰਹੇ ਕਾਹੇ ਗਵਾਵੇ ਨੂਰ॥

## ੧੯. ਗੁਰਮੁਖ ਦੀ ਕਿਰਿਆ

**੧. ਗੁਰਮੁਖ ਸਤਿਗੁਰ ਵਾਹ ਸ਼ਬਦਿ ਸਲਾਹੀਐ।**
**੨. ਗੁਰਮੁਖ ਸਿਫਤਿ ਸਲਾਹ ਸੱਚੀ ਪਾਤਿਸ਼ਾਹੀਐ।**
**੩. ਗੁਰਮੁਖ ਸੱਚ ਸਨਾਹੁ ਦਾਤ ਇਲਾਹੀਐ।**
**੪. ਗੁਰਮੁਖ ਗਾਡੀ ਰਾਹੁ ਸੱਚ ਨਿਬਾਹੀਐ।**
**੫. ਗੁਰਮੁਖ ਮਤਿ ਅਗਾਹੁ ਨ ਗਹਣ ਗਹਾਈਐ।**
**੬. ਗੁਰਮੁਖ ਬੇਪਰਵਾਹ ਨ ਬੇਪਰਵਾਹੀਐ॥੧੯॥**

***ਪਦ ਅਰਥ :*** ਵਾਹ—ਸਿਫ਼ਤੀ ਲਾਇਕ, ਧੰਨਤਾ ਜੋਗ। ਸਨਾਹੁ—ਸੰਜੋਅ। ਦਾਤ ਇਲਾਹੀਐ—ਨਿਰੰਕਾਰ ਦੀ ਬਖ਼ਸ਼ਸ਼। ਗਾਡੀ ਰਾਹੁ—ਸੌਖਾ ਤੇ ਪੱਧਰਾ ਰਾਹ। ਅਗਾਹੁ—ਡੂੰਘਾ।

***ਅਰਥ :***

ਪ੍ਰ: ਕਿਉਂ ਭਾਈ ਸਾਹਿਬ ਜੀਉ! ਤੁਸੀਂ ਗੁਰਮੁਖਾਂ ਵਿਚ ਹੋਰ ਕੀ ਸਿਫ਼ਤ ਤੱਕਦੇ ਹੋ, ਜਾਣਕਾਰੀ ਦਿਓ, ਕਿਉਂਕਿ ਅਸੀਂ ਅਸਥੂਲ ਬੁਧੀ ਵਾਲੇ ਹਾਂ ਜੋ ਉਨ੍ਹਾਂ ਦੀ ਸੂਖਸ਼ਮ ਧਾਰਨਾ ਨੂੰ ਸਮਝ ਨਹੀਂ ਸਕਦੇ ?

ਉ: ਹੇ ਭਾਈਓ! ਮੈਂ ਤਾਂ ਜਦੋਂ ਭੀ ਗਹਿਰੀ ਨਜ਼ਰ ਰਾਹੀਂ ਵੇਖਦਾ ਹਾਂ ਤਾਂ ਮੈਨੂੰ ਤਾਂ ਉਨ੍ਹਾਂ ਵਿਚ ਅਨੇਕਾਂ ਗੁਣ ਵੇਖਣ ਵਿਚ ਆਉਂਦੇ ਹਨ, ਜਿਵੇਂ ਕਿ :

(੧) ਗੁਰਮੁਖ ਸਤਿ ਸਰੂਪ ਵਾਹਿਗੁਰੂ (ਤੇ ਸਤਿਗੁਰੂ) ਦੇ ਸ਼ਬਦ ਦੀ ਸਿਫ਼ਤ ਸਲਾਹੁਤਾ ਕਰਦੇ ਹਨ।

(੨) ਗੁਰਮੁਖਾਂ ਕੋਲ ਸਿਫ਼ਤ-ਸਾਲਾਹ (ਕੇਵਲ) ਸੱਚੇ ਪਾਤਸ਼ਾਹ (ਪਰਮੇਸ਼ਰ ਤੇ ਸਤਿਗੁਰੂ) ਜੀ ਦੀ ਹੈ (ਤੇ ਉਨ੍ਹਾਂ ਕੋਲ ਸੱਚੀ ਪਾਤਿਸ਼ਾਹੀ ਵੀ ਇਸੇ ਗੱਲ ਦੀ ਹੀ ਹੈ)।

(੩) ਗੁਰਮੁਖ ਸੱਚੇ (ਪਰਮੇਸ਼ਰ ਨੂੰ ਹੀ) ਸਲਾਹੁੰਦੇ (ਤੇ ਵਡਿਆਈ ਕਰਦੇ) ਹਨ ਤੇ ਉਨ੍ਹਾਂ ਕੋਲ ਇਕ ਕਿਸਮ ਦੀ ਦਾਤ ਇਲਾਹੀ (ਰੱਬੀ ਬਖ਼ਸ਼ਸ਼ ਹੈ)।

(੪) ਗੁਰਮੁਖਾਂ ਦਾ ਰਸਤਾ (ਗੁਰੂ ਦਾ ਦੱਸਿਆ) ਗਾਡੀ ਰਾਹ ਹੈ, ਜੋ (ਸੱਚ ਸੱਚੇ ਪ੍ਰਭੂ ਤੀਕ) ਪਹੁੰਚਾ ਦੇਂਦਾ ਹੈ।

(੫) ਗੁਰਮੁਖਾਂ ਦੀ ਮਤਿ (ਵਿਚ ਗੁਰੂ ਦੇ ਉਪਦੇਸ਼ ਦਾ ਅਸਰ ਹੁੰਦਾ ਹੈ, ਜਿਸ ਕਰਕੇ ਉਹ) ਗਹਿਰੇ ਵਿਦਵਾਨਾਂ ਵਾਲੀ ਹੁੰਦੀ ਹੈ ਜਿਸ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ।

(੬) ਗੁਰਮੁਖ ਬੇਪਰਵਾਹ ਹੁੰਦੇ ਹਨ, (ਪਰ ਜੇ ਕੋਈ ਆਸਾ ਕਰਕੇ ਉਨ੍ਹਾਂ ਦੀ ਸ਼ਰਨ ਵਿਚ ਆਵੇ, ਤਾਂ ਉਸਦੀ ਮਦਦ ਕਰਨ ਤੋਂ) ਬੇਪਰਵਾਹ ਨਹੀਂ ਹੁੰਦੇ।੧੯।

***ਭਾਵਾਰਥ :*** ਉਨ੍ਹਾਂ ਗੁਰਮੁਖਾਂ ਦੇ ਅੰਦਰ ਕੋਈ ਭੀ ਕਿਸੇ ਕਿਸਮ ਦੀ ਲਾਲਸਾ ਨਹੀਂ, ਪਰ ਉਹ ਦੂਸਰੇ ਲੋੜਵੰਦਾਂ ਦੀ ਸਹਾਇਤਾ ਕਰਨ ਲਈ ਹਮੇਸ਼ਾਂ ਹੀ ਤਤਪਰ ਰਹਿੰਦੇ ਹਨ, ਕਿਉਂਕਿ ਅਜਿਹੇ ਗੁਰਮੁਖਾਂ ਦਾ ਜੀਵਨ ਹੀ ਉਪਕਾਰ ਕਰਨਾ ਮੁਖ ਫ਼ਰਜ਼ ਸਮਝਦਾ ਹੈ।

## ੨੦. ਗੁਰਮੁਖਾਂ ਦੇ ਵਿਸ਼ੇਸ਼ ਗੁਣ

**੧. ਗੁਰਮੁਖ ਪੂਰਾ ਤੋਲੁ ਨ ਤੋਲਣਿ ਤੋਲੀਐ।**
**੨. ਗੁਰਮੁਖ ਪੂਰਾ ਬੋਲ ਨ ਬੋਲਣਿ ਬੋਲੀਐ।**
**੩. ਗੁਰਮੁਖ ਮੱਤਿ ਅਡੋਲ ਨ ਡੋਲਣਿ ਡੋਲੀਐ।**
**੪. ਗੁਰਮੁਖ ਪਿਰਮ ਅਮੋਲ ਨ ਮੋਲਣਿ ਮੋਲੀਐ।**
**੫. ਗੁਰਮੁਖ ਪੰਥ ਨਿਰੋਲ ਨ ਰੋਲਣਿ ਰੋਲੀਐ।**
**੬. ਗੁਰਮੁਖ ਸ਼ਬਦ ਅਲੋਲ ਪੀ ਅੰਮ੍ਰਿਤੁ ਝੋਲੀਐ ॥੨੦॥**

***ਪਦ ਅਰਥ :*** ਤੋਲਣਿ—ਤੱਕੜ। ਪਿਰਮ—ਪਿਆਰ। ਨਿਰੋਲ—ਰਲੇ ਤੋਂ ਬਿਨਾ, ਸ਼ੁੱਧ। ਅਲੋਲ—ਸਥਿਰ, ਅਚੰਚਲ। ਝੋਲੀਐ—ਝੋਲ ਕੇ, ਨਿਤਾਰ ਕੇ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਆਪ ਜੀ ਨੂੰ ਤਾਂ ਦੁਨੀਆ ਵਿਚ ਹਰ ਬੰਦੇ ਨਾਲ ਹੀ ਵੀਚਾਰ ਵਿਟਾਂਦਰਾ ਕਰਦੇ ਰਹਿਣ ਦਾ ਸਮਾਂ ਬਣਿਆ ਹੈ, ਪਰ ਤੁਸੀਂ ਆਮ ਲੋਕਾਂ ਨਾਲੋਂ ਗੁਰਮੁਖਾਂ ਵਿਚ ਕੀ ਅੰਤਰਾ ਤੱਕਿਆ ਹੈ, ਕਿਉਂਕਿ ਸਾਨੂੰ ਤਾਂ ਆਪਣੀ ਮੋਟੀ ਮੱਤ ਕਰਕੇ ਸਾਰੇ ਲੋਕ ਸਮਾਨ ਹੀ ਨਜ਼ਰ ਆਉਂਦੇ ਹਨ, ਕਿਉਂ ਜੀ! ਇਸ ਗੁੱਝੇ ਭੇਦ ਬਾਰੇ ਸਾਨੂੰ ਕੁਝ ਜਾਣਕਾਰੀ ਦਿਓਗੇ?

**ਉ:** ਹੇ ਭਾਈਓ! ਜਦੋਂ ਅਸੀਂ ਗਹਿਰੀ ਨਜ਼ਰ ਰਾਹੀਂ ਤੱਕੀਏ ਤਾਂ ਸਾਨੂੰ ਸੰਸਾਰ ਵਿਚ ਦੋ ਤਰ੍ਹਾਂ ਦੇ ਮਨੁੱਖ ਵੇਖਣ ਵਿਚ ਆਉਣਗੇ, ਉਨ੍ਹਾਂ ਵਿਚ ਇਕਨਾ ਨੂੰ ਅਸੀਂ ਦੁਨੀਆਂਦਾਰ ਕਹਿ ਸਕਦੇ ਹਾਂ, ਦੂਸਰਿਆਂ ਨੂੰ ਅਸੀਂ ਦੀਨਦਾਰ ਦੇ ਨਾਮ ਨਾਲ ਪੁਕਾਰ ਸਕਦੇ ਹਾਂ। ਦੀਨਦਾਰ ਉਹ ਮਨੁੱਖ ਹੈ ਜਿਸਨੇ ਆਪਣੇ ਦੀਨ ਧਰਮ ਨੂੰ ਮੁਖ ਰਖਿਆ ਹੈ ਉਸਦਾ ਹਰ ਬੋਲ, ਹਰ ਤੋਲ ਗੁਰੂ ਪਰਮੇਸ਼ਰ ਨੂੰ ਪ੍ਰਸੰਨ ਕਰਨ ਲਈ ਹੈ, ਪਰ ਜੋ ਮਨੁੱਖ ਦੁਨੀਆਦਾਰ ਹੈ ਉਸਦਾ ਹਰ ਕਰਮ ਲੋਕਾਂ ਦੀ ਖ਼ੁਸ਼ੀ ਹਾਸਲ ਕਰਨ ਲਈ ਹੈ, ਉਸਨੂੰ ਗੁਰੂ ਤੇ ਪਰਮੇਸ਼ਰ ਦੀ ਪ੍ਰਸੰਨਤਾ ਦਾ ਕਦੀ ਸੰਸਕਾਰ ਹੀ ਨਹੀਂ ਹੋਇਆ, ਅਜਿਹੇ ਲੋਕਾਂ ਵੱਲ ਤੱਕ ਕੇ ਹੀ ਸਤਿਗੁਰਾਂ ਨੂੰ ਬਾਣੀ ਵਿਚ ਫ਼ੁਰਮਾਨ ਕਰਨਾ ਪਿਆ ਹੈ, ਜਿਵੇਂ ਕਿ :

ਦੀਨੁ ਬਿਸਾਰਿਓ ਰੇ ਦਿਵਾਨੇ ਦੀਨੁ ਬਿਸਾਰਿਓ ਰੇ॥
ਪੇਟੁ ਭਰਿਓ ਪਸੂਆ ਜਿਉ ਸੋਇਓ
ਮਨੁਖੁ ਜਨਮੁ ਹੈ ਹਾਰਿਓ ॥੧॥ਰਹਾਉ॥
ਸਾਧ ਸੰਗਤਿ ਕਬਹੂ ਨਹੀ ਕੀਨੀ ਰਚਿਓ ਧੰਧੈ ਝੂਠ॥
ਸੁਆਨ ਸੂਕਰ ਬਾਇਸ ਜਿਵੈ
ਭਟਕਤੁ ਚਾਲਿਓ ਊਠਿ॥੧॥
ਆਪਸ ਕਉ ਦੀਰਘੁ ਕਰਿ ਜਾਨੈ
ਅਉਰਨ ਕਉ ਲਗ ਮਾਤ॥
ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ ਜਾਤ ॥੨॥
ਕਾਮੀ ਕ੍ਰੋਧੀ ਚਾਤੁਰੀ ਬਾਜੀਗਰ ਬੇਕਾਮ॥
ਨਿੰਦਾ ਕਰਤੇ ਜਨਮੁ ਸਿਰਾਨੋ
ਕਬਹੂ ਨ ਸਿਮਰਿਓ ਰਾਮੁ ॥੩॥
ਕਹਿ ਕਬੀਰ ਚੇਤੈ ਨਹੀ ਮੂਰਖੁ ਮੁਗਧੁ ਗਵਾਰੁ॥
ਰਾਮੁ ਨਾਮੁ ਜਾਨਿਓ ਨਹੀ ਕੈਸੇ ਉਤਰਸਿ ਪਾਰਿ ॥੪॥੧॥

*(ਮਾਰੂ ਕਬੀਰ ਜੀ, ਪੰਨਾ ੧੧੦੫)*

ਕਬੀਰ ਦੀਨੁ ਗਵਾਇਆ ਦੁਨੀ ਸਿਉ
ਦੁਨੀ ਨ ਚਾਲੀ ਸਾਥਿ॥
ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ ॥੧੩॥

*(ਸਲੋਕ ਕਬੀਰ ਜੀ, ਪੰਨਾ ੧੩੬੫)*

ਅਜਿਹੀ ਧਾਰਨਾ ਵਾਲੇ ਮਨੁੱਖ ਨੂੰ ਕਬੀਰ ਜੀ ਨੇ ਕਮਲਾ, ਸ਼ੁਦਾਈ ਮੰਨਿਆ ਹੈ ਕਿਉਂਕਿ ਉਸਨੇ ਆਪਣੇ ਮੁਖ ਮੰਤਵ ਨੂੰ ਤਿਆਗ ਕੇ ਦੁਨੀਆ ਦੇ ਪਿੱਛੇ ਲੱਗ ਕੇ ਆਪਣੇ ਇਸ ਅਮੋਲਕ ਜਨਮ ਨੂੰ ਵਿਅਰਥ ਹੀ ਗਵਾ ਲਿਆ ਹੈ।

ਦੂਸਰੇ ਪਾਸੇ ਜੋ ਗੁਰਮੁਖ ਦੀਨਦਾਰ ਹਨ, ਉਨ੍ਹਾਂ ਨੇ ਆਪਣੇ ਮੁਖ ਧਰਮ ਨੂੰ ਹੀ ਮਾਨਤਾ ਦਿਤੀ ਹੈ, ਇਸ ਲਈ ਉਹ ਊਠਤ-ਬੈਠਤ ਸਦਾ ਨਾਮ ਦਾ ਹੀ ਚਿੰਤਨ ਕਰਦੇ ਹਨ, ਕਿਉਂਕਿ ਉਹ ਹਰ ਕ੍ਰਿਤ ਕਰਨ ਦੀ ਪ੍ਰੇਰਨਾ ਬਾਣੀ ਤੋਂ ਲੈਂਦੇ ਹਨ, ਉਹ ਸੰਸਾਰ ਦੀ ਗਿਣਤੀ ਨੂੰ ਤਿਆਗ ਕੇ ਹਰ ਸਮੇਂ ਹੀ :

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥
ਨਾਨਕ ਗੁਰਮੁਖਿ ਸਾਚਿ ਸਮਾਵੈ ॥੨੭॥

*(ਸਿਧ ਗੋਸਟਿ, ਪੰਨਾ ੯੪੧)*

ਇਸ ਤਰ੍ਹਾਂ ਜੋ ਗੁਰਮੁਖ ਰੋਮ ਰੋਮ ਧਿਆਉਂਦੇ ਰਹਿਣ ਦੀ ਕ੍ਰਿਤ ਦੇ ਧਾਰਨੀ ਹਨ, ਉਹ ਆਖ਼ਰ ਨੂੰ ਆਪਣੇ ਸਹੀ ਸਰੂਪ ਸੱਚ ਵਿਚ ਹੀ ਸਮਾਉਂਦੇ ਹਨ। ਸੋ, ਮੈਂ ਭੀ ਉਨ੍ਹਾਂ ਵਿਚ ਪੂਰੇ ਤੋਲ ਬੋਲ ਦੀ ਸਚਿਆਈ ਨੂੰ ਤੱਕ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉਲੀਕੀਆਂ ਹਨ :

**(੧) (ਜਦੋਂ ਅਸੀਂ ਗਹਿਰਾਈਆਂ ਭਰੀ ਨਜ਼ਰ ਰਾਹੀਂ ਤੱਕੀਏ ਤਾਂ ਸਾਨੂੰ) ਗੁਰਮੁਖਾਂ ਦੀ ਹਰ ਵਸਤੂ ਦਾ ਪੂਰਾ ਤੋਲ**

(ਹੀ ਦਿਸੇਗਾ) ਜਿਸਨੂੰ ਕੋਈ ਚਾਹੇ ਕਿ ਅਕਲ ਦੀ ਤੱਕੜੀ ਨਾਲ ਤੋਲੇ ਤਾਂ ਤੋਲ ਨਹੀਂ ਸਕਦਾ।

(੨) ਗੁਰਮੁਖਾਂ ਦਾ ਬਚਨ ਭੀ ਪੂਰਾ ਹੈ (ਉਹ ਕੱਚਾ ਬਚਨ ਨਹੀਂ ਕਰਦੇ, ਜੋ ਕਹਿੰਦੇ ਹਨ, ਉਹ ਪੂਰਾ ਕਰਕੇ ਦਿਖਾਉਂਦੇ ਹਨ) ਜੋ ਰੀਸ ਕਰਨ ਨਾਲ ਬੋਲ ਕੇ ਬੋਲਿਆ ਨਹੀਂ ਜਾਂਦਾ (ਭਾਵ ਜੇ ਕੋਈ ਕਰਨੀ ਰਹਿਤ ਮਨੁੱਖ ਉਨ੍ਹਾਂ ਦੇ ਬੋਲਾਂ ਦੀ ਰੀਸ ਕਰਨਾ ਚਾਹੇ, ਤਾਂ ਨਹੀਂ ਕਰ ਸਕਦਾ)।

(੩) ਗੁਰਮੁਖਾਂ ਦੀ ਮਤਿ ਸਥਿਰਤਾ ਵਾਲੀ ਹੈ, (ਜੋ ਕਿਸੇ ਦੇ ਦਬਾਇਆਂ ਜਾਂ ਹੋਰ ਭਰਮ ਭੁਲੇਖੇ ਵਿਚ ਪਾ ਕੇ) ਡੁਲਾਇਆਂ ਡੋਲਦੀ ਨਹੀਂ।

(੪) ਗੁਰਮੁਖਾਂ ਦਾ ਪਿਆਰ ਵੀ ਬੜੀ ਅਮੋਲਕ ਵਸਤੂ ਹੈ, ਜੋ ਕਿਸੇ ਮੁੱਲ ਨਾਲ ਖ਼ਰੀਦਿਆ ਨਹੀਂ ਜਾ ਸਕਦਾ।

(੫) ਗੁਰਮੁਖਾਂ ਦਾ ਪੰਥ (ਰਸਤਾ) ਵੀ ਨਿਰੋਲ (ਮਿਲਾਵਟ ਰਹਿਤ) ਹੈ ਜੋ ਕਿਸੇ ਦੇ ਰੋਲਿਆਂ ਜਾਂ ਰਲਾਇਆਂ (ਕਿਸੇ ਹੋਰ ਨਾਲ ਰਲਦਾ) ਰੁਲਦਾ ਨਹੀਂ ਹੈ।

(੬) ਗੁਰਮੁਖਾਂ ਦਾ ਸ਼ਬਦ (ਉਪਦੇਸ਼ ਅੰਮ੍ਰਿਤ) ਸਥਿਰਤਾ ਵਾਲਾ ਹੈ (ਜਿਸਨੂੰ ਵਿਸ਼ਿਆਂ ਦੇ ਬੂਰ ਨੂੰ ਹਟਾ ਕੇ) ਝੋਲ ਕੇ ਪੀਤਾ ਜਾ ਸਕਦਾ ਹੈ।੨੦।

***ਭਾਵਾਰਥ :*** ਗੁਰਮੁਖਾਂ ਦੇ ਅੰਤਰ-ਆਤਮੇ ਦੈਵੀ ਗੁਣਾਂ ਦਾ ਇਤਨਾ ਅਮੁਕ ਖ਼ਜ਼ਾਨਾ ਹੈ, ਜਿਸਨੂੰ ਸੰਸਾਰਕ ਬ੍ਰਿਤੀ ਦੁਆਰੇ ਤੋਲ ਕੇ ਜਾਂ ਬੋਲ ਕੇ ਕਿਵੇਂ ਭੀ ਦਰਸਾਇਆ ਨਹੀਂ ਜਾ ਸਕਦਾ, ਬਾਰ ਬਾਰ ਗੁਰਮੁਖਾਂ ਦੇ ਲੱਛਣ ਏਸੇ ਲਈ ਕਹੇ ਗਏ ਹਨ ਕਿ ਗੁਰਮੁਖ ਦੀ ਧਾਰਨਾ ਧਾਰਨ ਕਰਨੀ ਚਾਹੀਦੀ ਹੈ।

## ੨੧. ਗੁਰਮੁਖਾਂ ਦੀ ਵੱਡੀ ਵਡਿਆਈ ਹੈ

**੧. ਗੁਰਮੁਖ ਸੁਖ ਫਲ ਪਾਇ ਸਭ ਫਲ ਪਾਇਆ।**
**੨. ਰੰਗੁ ਸੁਰੰਗੁ ਚੜ੍ਹਾਇ ਸਭ ਰੰਗ ਲਾਇਆ।**
**੩. ਗੰਧ ਸੁਗੰਧ ਸਮਾਇ ਬੋਹਿ ਬੁਹਾਇਆ।**
**੪. ਅੰਮ੍ਰਿਤ ਰਸ ਤ੍ਰਿਪਤਾਇ ਸਭ ਰਸ ਆਇਆ।**
**੫. ਸ਼ਬਦ ਸੁਰਤਿ ਲਿਵਲਾਇ ਅਨਹਦ ਵਾਇਆ।**
**੬. ਨਿਜਘਰਿ ਨਿਹਚਲ ਜਾਇ ਨ ਦਹਦਿਸ ਧਾਇਆ ॥੨੧॥੧੯॥**

***ਪਦ ਅਰਥ :*** ਸੁਰੰਗ—ਸੋਹਣਾ ਰੰਗ, ਲਾਲ ਰੰਗ। ਬੁਹਾਇਆ—ਸੁਗੰਧਤ ਕੀਤਾ। ਤ੍ਰਿਪਤਾਇ—ਰੱਜ ਕੇ। ਵਾਇਆ—ਵੱਜਾਇਆ। ਨਿਹਚਲ—ਅਡੋਲ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਗੁਰਮੁਖਾਂ ਨੂੰ ਆਖ਼ਰ ਗੁਰਮੁਖ-ਤਾਈ ਦਾ ਫਲ ਕੀ ਪ੍ਰਾਪਤ ਹੋਇਆ ਹੈ, ਜਿਸਦਾ ਸਦਕਾ ਉਹ ਸਦਾ ਹੀ ਖੇੜੇ ਵਿਚ ਰਹਿੰਦੇ ਹਨ?

(੧) **ਉ:** ਹੇ ਭਾਈਓ! ਗੁਰਮੁਖਾਂ ਨੇ ਸੁਖ ਫਲ (ਆਤਮ ਫਲ) ਪਾ ਲਿਆ ਹੈ, ਇਸੇ ਦੀ ਬਦੌਲਤ ਹੋਰ ਸਭ ਸੁਖ ਪ੍ਰਾਪਤ ਕਰ ਲਏ ਹਨ।

(੨) (ਉਨ੍ਹਾਂ 'ਤੇ ਜੀਵਨ ਪਦ ਦਾ) ਸੁੰਦਰ ਰੰਗ ਚੜ੍ਹ ਗਿਆ ਹੈ (ਜਿਸ ਨਾਲ ਗੁਰਮੁਖਾਂ ਨੂੰ ਹੋਰ ਵੀ) ਸਭ (ਭਾਗ) ਰੰਗ ਲੱਗ ਗਏ ਹਨ।

(੩) (ਗੁਰਮੁਖਾਂ ਦੇ ਅੰਦਰ ਸੇਵਾ ਤੇ ਸਿਮਰਨ ਦੀ) ਖ਼ੁਸ਼ਬੋ ਤੇ ਸੁਗੰਧੀ ਸਮਾਈ ਹੋਈ ਹੈ (ਜਿਸ ਸੁਗੰਧੀ ਨਾਲ ਉਨ੍ਹਾਂ ਨੇ ਆਪਣੇ ਸਭ ਆਲੇ ਦੁਆਲੇ ਨੂੰ) ਸੁਗੰਧਤ ਕਰ ਦਿਤਾ ਹੈ।

(੪) ਉਹ ਅੰਮ੍ਰਿਤ ਰਸ (ਦੇ ਭੋਜਨ ਨਾਲ) ਤ੍ਰਿਪਤ ਹੋ ਗਏ ਹਨ ਭਾਵ ਰੱਜ ਗਏ ਹਨ, ਜਿਸ ਨਾਲ ਉਨ੍ਹਾਂ ਨੂੰ ਸਾਰੇ ਹੀ ਰਸ ਪ੍ਰਾਪਤ ਹੋ ਗਏ ਹਨ।

(੫) (ਗੁਰਮੁਖਾਂ ਨੇ) ਸ਼ਬਦ ਨੂੰ ਸੁਰਤੀ (ਧਿਆਨ) ਵਿਚ ਰੱਖ ਕੇ ਲਿਵ ਜੋੜੀ ਹੈ ਤੇ ਆਪਣੇ ਅੰਦਰ ਅਨਹਦ (ਇਕ ਰਸ) ਦੇ ਵਾਜੇ ਵੱਜਦੇ ਸੁਣੇ ਹਨ।

(੬) (ਇਸ ਤਰ੍ਹਾਂ ਗੁਰਮੁਖ) ਆਪਣੇ ਨਿਜ ਘਰ ਦੇ ਅਸਥਿਰ 'ਤੇ ਪੁੱਜ ਜਾਂਦੇ ਹਨ (ਤੇ ਉਹ ਮਨਮੁਖਾਂ ਦੇ ਦੁਖਦਾਈ) ਦਸੋ ਦਿਸ਼ਾਂ ਦੀ ਭੱਜ ਨੱਠ ਦੇ ਚੱਕਰ ਵਿਚ ਨਹੀਂ ਪੈਂਦੇ।੨੧।੧੯।

***ਭਾਵਾਰਥ :*** ਗੁਰਮੁਖਾਂ ਦੇ ਮਨ ਦੀ ਉਡਾਣ ਇਤਨੀ ਉਚੇਰੀ ਜਾ ਚੜ੍ਹੀ ਹੈ ਕਿ ਉਹ ਆਪਣਾ ਜੀਵਨ ਸੰਸਾਰ ਵਿਚ ਰਹਿੰਦੇ ਹੋਏ ਹੀ ਨਿਰਲੇਪ ਗੁਜ਼ਾਰਦੇ ਹਨ, ਉਨ੍ਹਾਂ ਦੇ ਮਨ ਵਿਚ ਅੰਤਰ ਬਾਹਰ ਦਾ ਵਿਤਕਰਾ ਮੁੱਕ ਗਿਆ ਹੈ, ਉਨ੍ਹਾਂ ਨੇ ਘਰ ਵਿਚ ਰਹਿੰਦਿਆਂ ਹੀ :

ਬਾਹਰਿ ਢੂਢਨ ਤੇ ਛੂਟਿ ਪਰੇ
ਗੁਰਿ ਘਰ ਹੀ ਮਾਹਿ ਦਿਖਾਇਆ ਥਾ॥

*(ਪੰਨਾ ੧੦੦੨)*

ਉਨ੍ਹਾਂ ਦੀ ਮਾਨਸਕ ਅਵਸਥਾ : 'ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ' ਵਰਗੀ ਹੋ ਜਾਂਦੀ ਹੈ।

(ਉੱਨੀਵੀਂ ਵਾਰ ਸਮਾਪਤ)

# ਵਾਰ ੨੦

ੴ ਸਤਿਗੁਰ ਪ੍ਰਸਾਦਿ॥

## (ਮੰਗਲਾਚਰਨ)
## ੧. ਸਤਿਗੁਰੂ ਸਾਹਿਬਾਨ ਦੀ ਸਿਫ਼ਤ-ਸਾਲਾਹ

**੧. ਸਤਿਗੁਰ ਨਾਨਕ ਦੇਉ**
**ਆਪੁ ਉਪਾਇਆ।**
**੨. ਗੁਰ ਅੰਗਦ ਗੁਰਸਿਖ**
**ਬਬਾਣੇ ਆਇਆ।**
**੩. ਗੁਰਸਿਖੁ ਹੈ ਗੁਰ ਅਮਰੁ**
**ਸਤਿਗੁਰ ਭਾਇਆ।**
**੪. ਰਾਮ ਦਾਸ ਗੁਰ ਸਿਖੁ**
**ਗੁਰ ਸਦਵਾਇਆ।**
**੫. ਗੁਰੁ ਅਰਜਨ ਗੁਰ ਸਿਖੁ**
**ਪ੍ਰਗਟੀ ਆਇਆ।**
**੬. ਗੁਰਸਿਖੁ ਹਰਿਗੋਬਿੰਦ ਨ ਲੁਕੈ ਲੁਕਾਇਆ॥੧॥**

***ਪਦ ਅਰਥ :*** ਆਪੁ—ਵਾਹਿਗੁਰੂ ਨੇ। ਬਾਬਾਣੇ—ਬਾਬੇ ਦੀ ਸ਼ਰਨ (ਹਜ਼ੂਰੀ ਵਿਚ)। ਭਾਇਆ—ਚੰਗਾ ਲੱਗਾ। ਪ੍ਰਗਟੀ—ਪਰਸਿੱਧਤਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਅਸੀਂ ਆਪ ਜੀ ਦੀ ਭਾਵਨਾ 'ਤੇ ਸ਼ੱਕ ਤਾਂ ਕੋਈ ਨਹੀਂ ਕਰਦੇ, ਪਰ ਅਸੀਂ ਆਪਣੀ ਸ਼ਰਧਾ ਦੀ ਪ੍ਰਪੱਕਤਾ ਲਈ ਬੇਨਤੀ ਰੂਪ ਵਿਚ ਜਾਣਕਾਰੀ ਕਰਨਾ ਚਾਹੁੰਦੇ ਹਾਂ ਕਿ ਤੁਹਾਡਾ ਆਦਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਤਕ ਕੀ ਨਿਸਚਾ ਹੈ, ਦੱਸਣ ਦੀ ਕ੍ਰਿਪਾ ਕਰੋ ਤਾਂ ਕਿ ਅਸੀਂ ਭੀ ਆਪਣੀਆਂ ਭਾਵਨਾਵਾਂ ਨੂੰ ਪ੍ਰਪੱਕ ਕਰ ਸਕੀਏ?

ਉ: ਹੇ ਭਾਈਓ! ਇਹ ਠੀਕ ਹੈ ਕਿ ਮੈਂ ਵਧੇਰੇ ਦੂਰ-ਦਰਸ਼ੀ ਨਜ਼ਰਾਂ ਤਾਂ ਨਹੀਂ ਰਖਦਾ, ਪਰ ਜੋ ਮੈਨੂੰ ਗੁਰਬਾਣੀ ਵਿਚੋਂ ਪ੍ਰੇਰਨਾ ਮਿਲਦੀ ਹੈ ਮੈਂ ਉਸੇ ਦੇ ਆਧਾਰਤ ਹੋ ਆਪਣੀ ਭਾਵਨਾ ਪਰਪੱਕ ਕਰਦਾ ਹਾਂ, ਗੁਰੂ ਦੇ ਸੰਬੰਧ ਵਿਚ ਜੋ ਗੁਰੂ ਨਾਨਕ ਦੀ ਪੰਜਵੀਂ ਜੋਤ ਗੁਰੂ ਅਰਜਨ ਦੇਵ ਜੀ ਨੇ ਮੇਰੇ ਕੋਲੋਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਕਰਵਾਇਆ ਹੈ, ਮੇਰਾ ਉਸੇ ਪਰ ਹੀ ਦ੍ਰਿੜ੍ਹ ਵਿਸ਼ਵਾਸ ਹੈ, ਜਿਵੇਂ ਕਿ ਬਾਣੀ ਵਿਚੋਂ ਬਾਰ ਬਾਰ ਪ੍ਰੇਰਨਾ ਮਿਲਦੀ ਹੈ :

ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥
ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ॥
ਨਾਨਕ ਗੁਰ ਸਰਣਾਗਤੀ ਮਰੈ ਨ ਆਵੈ ਜਾਇ॥੪॥
*(ਸਿਰੀਰਾਗੁ ਮ: ੫, ਪੰਨਾ ੫੩)*

ਗੁਰੁ ਪਰਮੇਸਰੁ ਏਕੋ ਜਾਣੁ॥
ਜੋ ਤਿਸੁ ਭਾਵੈ ਸੋ ਪਰਵਾਣੁ॥
*(ਗੋਂਡ ਮ: ੫, ਪੰਨਾ ੮੬੪)*

ਗੁਰ ਪਰਮੇਸਰੁ ਸਗਲ ਨਿਵਾਸ॥
ਘਟਿ ਘਟਿ ਰਵਿ ਰਹਿਆ ਗੁਣਤਾਸ॥
*(ਰਾਮਕਲੀ ਮ: ੫, ਪੰਨਾ ੯੦੦)*

ਗੁਰ ਕੀ ਮਹਿਮਾ ਕਥਨੁ ਨ ਜਾਇ॥
ਗੁਰੁ ਪਰਮੇਸਰੁ ਸਾਚੈ ਨਾਇ॥ *(ਮਲਾਰ ਮ: ੫, ਪੰਨਾ ੧੨੭੧)*

ਗੁਰੁ ਦਾਤਾ ਸਮਰਥੁ ਗੁਰੁ
ਗੁਰੁ ਸਭ ਮਹਿ ਰਹਿਆ ਸਮਾਇ॥
ਗੁਰੁ ਪਰਮੇਸਰੁ ਪਾਰਬ੍ਰਹਮੁ
ਗੁਰੁ ਡੁਬਦਾ ਲਏ ਤਰਾਇ॥੨॥
*(ਸਿਰੀ ਰਾਗੁ ਮ: ੫, ਪੰਨਾ ੪੯)*

ਗੁਰੁ ਕਰਤਾ ਗੁਰੁ ਕਰਣੈ ਜੋਗੁ ॥
ਗੁਰੁ ਪਰਮੇਸਰੁ ਹੈ ਭੀ ਹੋਗੁ ॥ *(ਗੋਂਡ ਮ: ੫, ਪੰਨਾ ੮੬੪)*

ਗੁਰੁ ਪਰਮੇਸਰੁ ਗੁਰੁ ਗੋਬਿੰਦੁ ॥
ਗੁਰੁ ਕਰਤਾ ਗੁਰੁ ਸਦ ਬਖਸੰਦੁ ॥
*(ਮਾਰੂ ਮ: ੫, ਪੰਨਾ ੧੦੮੦)*

ਗੁਰੁ ਪਰਮੇਸਰੁ ਗੁਰੁ ਗੋਵਿੰਦੁ ॥
ਗੁਰੁ ਦਾਤਾ ਦਇਆਲ ਬਖਸਿੰਦੁ ॥
ਗੁਰ ਚਰਨੀ ਜਾ ਕਾ ਮਨੁ ਲਾਗਾ ॥
ਨਾਨਕ ਦਾਸ ਤਿਸੁ ਪੂਰਨ ਭਾਗਾ ॥੪॥
*(ਰਾਮਕਲੀ ਮ: ੫, ਪੰਨਾ ੮੯੭)*

ਜਪ ਤਪ ਸੰਜਮ ਕਰਮ ਨ ਜਾਨਾ
ਨਾਮੁ ਜਪੀ ਪ੍ਰਭ ਤੇਰਾ ॥
ਗੁਰੁ ਪਰਮੇਸਰੁ ਨਾਨਕ ਭੇਟਿਓ
ਸਾਚੈ ਸਬਦਿ ਨਿਬੇਰਾ ॥੩॥
*(ਰਾਮਕਲੀ ਮ: ੧, ਪੰਨਾ ੮੭੮)*

ਗੁਰੁ ਪਰਮੇਸਰੁ ਪੂਜੀਐ ਮਨਿ ਤਨਿ ਲਾਇ ਪਿਆਰੁ ॥
ਸਤਿਗੁਰੁ ਦਾਤਾ ਜੀਅ ਕਾ ਸਭਸੈ ਦੇਇ ਅਧਾਰੁ ॥
*(ਸਿਰੀ ਰਾਗੁ ਮ: ੫, ਪੰਨਾ ੫੨)*

ਇਸ ਤੋਂ ਆਦਿ ਹੋਰ ਵੀ ਬਹੁਤ ਪਰਮਾਣ ਮਿਲਦੇ ਹਨ, ਜਿਨ੍ਹਾਂ ਵਿਚ ਗੁਰੂ ਤੇ ਪਰਮੇਸ਼ਰ ਦੀ ਅਭੇਦਤਾ ਦਰਸਾਈ ਹੈ। ਸੋ, ਮੈਂ ਭੀ ਉਪ੍ਰੋਕਤ ਬਾਣੀ ਦੇ ਉਦਾਹਰਣਾਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਅੰਕਤ ਕਰਨ ਦਾ ਇਕ ਨਿਮਾਣਾ ਜਿਹਾ ਯਤਨ ਕੀਤਾ ਹੈ :

(੧) (ਇਲਾਹੀ ਬਾਣੀ ਦੁਆਰੇ ਸਾਨੂੰ ਇਹੋ ਹੀ ਪ੍ਰੇਰਨਾ ਮਿਲਦੀ ਹੈ ਕਿ) ਸਤਿਗੁਰੂ ਨਾਨਕ ਦੇਵ ਜੀ ਨੂੰ (ਪਰਮੇਸ਼ਰ ਨੇ) ਆਪ (ਇਸ ਜਗਤ ਵਿਖੇ) ਉਪਾਇਆ ਹੈ।
(੨) (ਇਸ ਤੋਂ ਅੱਗੇ) ਗੁਰੂ ਅੰਗਦ ਦੇਵ ਜੀ ਗੁਰੂ ਦੇ ਸਿਖ ਬਣ ਕੇ ਬਾਬੇ ਦੇ ਚਰਨੀ ਆਣ ਲੱਗੇ (ਤੇ ਸੇਵਾ ਕਰਕੇ ਗੁਰੂ ਦਾ ਸਰੂਪ ਹੀ ਬਣ ਗਏ)।
(੩) (ਅੱਗੇ ਤੀਜੇ) ਗੁਰੂ ਅਮਰਦਾਸ ਜੀ ਗੁਰੂ ਦੇ ਸਿਖ ਹੋਏ (ਜੋ ਸੇਵਾ ਕਰਦੇ ਹੋਏ) ਸਤਿਗੁਰੂ (ਜੀ ਦੇ ਮਨ) ਨੂੰ ਭਾ ਗਏ। (ਮਨਜ਼ੂਰ ਹੋ ਗਏ)।
(੪) ਫਿਰ ਰਾਮਦਾਸ ਜੀ ਗੁਰਸਿਖ ਹੋਏ (ਜੋ ਸੇਵਾ ਕਰਕੇ ਤੇ ਨਿਮਰਤਾ ਦੇ ਪਿਆਰ ਨਾਲ ਗੁਰੂ ਦੀ ਨਜ਼ਰ ਚੜ੍ਹ ਗਏ ਤੇ ਗੁਰੂ ਅਮਰਦਾਸ ਦਾ ਰੂਪ ਹੋ ਗਏ) ਗੁਰੂ ਸਦਵਾਏ।
(੫) ਗੁਰੂ ਅਰਜਨ ਦੇਵ ਜੀ ਫਿਰ ਗੁਰਸਿਖ ਦੇ ਰੂਪ ਵਿਚ ਸਤਿਗੁਰੂ ਜੀ ਦੇ ਸਨਮੁਖ ਆਏ ਤੇ ਗੁਰੂ ਬਣਕੇ ਹੀ ਫਿਰ ਪ੍ਰਗਟ (ਪ੍ਰਸਿੱਧ) ਹੋਏ।
(੬) ਗੁਰੂ ਦੇ ਸਿਖ ਗੁਰੂ ਹਰਿਗੋਬਿੰਦ ਸਾਹਿਬ (ਫਿਰ ਐਸੇ ਪ੍ਰਗਟ ਹੋਏ ਕਿ ਪ੍ਰਿਥੀ ਚੰਦ ਤੇ ਚੰਦੂ ਸਵਾਹੀ ਦੇ ਸਾਰਾ ਜ਼ੋਰ ਲਾਉਣ 'ਤੇ ਵੀ) ਲੁਕਾਇਆਂ ਲੁਕ ਨ ਸਕੇ ਚੜ੍ਹਦੀ ਕਲਾ ਵਿਚ ਗਏ।੧।

ਗੁਰੂ ਨਾਨਕ ਦੇਵ ਜੀ ਦੇ ਸੰਬੰਧ ਵਿਚ ਭੱਟ ਵੀ ਆਪਣਾ ਵੀਚਾਰ ਦੇਂਦੇ ਹਨ :

ਆਪਿ ਨਰਾਇਣੁ ਕਲਾਧਾਰਿ
ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ
ਜਗ ਮੰਡਲਿ ਕਰਿਯਉ ॥
ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥
ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ ॥
ਨਾਨਕ ਕੁਲਿ ਨਿੰਮਲੁ ਅਵਤਰ੍ਹਿਉ
ਅੰਗਦ ਲਹਣੇ ਸੰਗਿ ਹੁਅ ॥
ਗੁਰ ਅਮਰਦਾਸ ਤਾਰਣ ਤਰਣ
ਜਨਮ ਜਨਮ ਪਾ ਸਰਣਿ ਤੁਅ ॥੨॥੧੬॥
*(ਪੰਨਾ ੧੩੯੫)*

***ਭਾਵਾਰਥ :*** ਵਾਹਿਗੁਰੂ ਜੀ ਨੇ ਗੁਰੂ ਨਾਨਕ ਜੀ ਨੂੰ ਆਪਣਾ ਸਿਖ ਬਣਾਇਆ ਅਤੇ ਸਾਰੇ ਗੁਰਸਿਖ ਹੋਣ ਕਰਕੇ ਗੁਰੂ ਹੋਏ ਭਾਵ ਹੈ ਕਿ ਸਿੱਖੀ ਤੋਂ ਬਿਨਾਂ ਗੁਰਿਆਈ ਕਿਸੇ ਨੂੰ ਨਾ ਮਿਲੀ।

## ੨. ਇਕ ਜੋਤਿ ਦੇ ਪ੍ਰਕਾਸ਼ਕ ਸਤਿਗੁਰੂ

**੧. ਗੁਰਮੁਖ ਪਾਰਸੁ ਹੋਇ**
**ਪੂਜ ਕਰਾਇਆ।**
**੨. ਅਸਟ ਧਾਤ ਇਕ ਧਾਤ**
**ਜੋਤਿ ਜਗਾਇਆ।**
**੩. ਬਾਵਨ ਚੰਦਨ ਹੋਇ**
**ਬਿਰਖ ਬੋਹਾਇਆ।**
**੪. ਗੁਰਸਿਖ ਸਿਖ ਗੁਰ ਹੋਇ**
**ਅਚਰਜ ਦਿਖਾਇਆ।**

**੫. ਜੋਤੀ ਜੋਤਿ ਜਗਾਇ ਦੀਪ ਦੀਪਾਇਆ।**
**੬. ਨੀਰੈ ਅੰਦਰ ਨੀਰੁ ਮਿਲੈ ਮਿਲਾਇਆ ॥੨॥**

***ਪਦ ਅਰਥ :*** ਅਸਟ—ਅੱਠ। ਬੋਹਾਇਆ—ਸੁਗੰਧਤ ਕੀਤਾ। ਅਚਰਜ—ਕੌਤਕ। ਦੀਪਾਇਆ—ਪ੍ਰਕਾਸ਼ ਕੀਤਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਿਥੇ ਆਪ ਜੀ ਨੇ ਗੁਰਮੁਖਾਂ ਵਿਚ ਕਈ ਪ੍ਰਕਾਰ ਦੇ ਗੁਣ ਦਰਸਾਏ ਹਨ, ਕੀ ਆਪ ਇਨ੍ਹਾਂ ਤੋਂ ਇਲਾਵਾ ਕੋਈ ਹੋਰ ਭੀ ਵਿਸ਼ੇਸ਼ਤਾ ਵੇਖਦੇ ਹੋ ?

ਉ: ਹੇ ਭਾਈਓ ! ਮੈਂ ਤਾਂ ਜਦੋਂ ਗੁਰਬਾਣੀ ਦੀ ਰੌਸ਼ਨੀ ਵਿਚ ਤੱਕਦਾ ਹਾਂ ਤਾਂ ਮੈਨੂੰ ਗੁਰਮੁਖ ਪਾਰਸ ਦੇ ਰੂਪ ਵਿਚ ਨਜ਼ਰ ਆਉਂਦੇ ਹਨ, ਕਿਉਂਕਿ ਉਨ੍ਹਾਂ ਨੂੰ ਪਾਰਸ ਰੂਪ ਗੁਰੂ ਦੀ ਚਰਨ ਸ਼ਰਨ ਪ੍ਰਾਪਤ ਹੋਈ ਹੈ, ਜਿਸ ਕਰਕੇ ਉਹ ਪਰਮ ਪਾਰਸ ਹੋ ਗਏ ਹਨ, ਬਾਣੀ ਵਿਚ ਭੀ ਇਹੋ ਫ਼ੁਰਮਾਨ ਆਉਂਦਾ ਹੈ, ਜਿਵੇਂ ਕਿ :

ਪਾਰਸੁ ਜਬ ਭੇਟੈ ਗੁਰੁ ਪੂਰਾ
ਤਾ ਪਾਰਸੁ ਪਰਸਿ ਦਿਖਾਇਣਾ ॥੭॥
ਕਈ ਬੈਕੁੰਠ ਨਾਹੀ ਲਵੈ ਲਾਗੇ ॥
ਮੁਕਤਿ ਬਪੁੜੀ ਗਿਆਨੀ ਤਿਆਗੇ ॥
*(ਮਾਰੂ ਮ: ੫, ਪੰਨਾ ੧੦੭੮)*

ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ ॥
ਜਿਨ ਕਉ ਪੂਰਬਿ ਲਿਖਿਆ
ਤਿਨ ਸਤਿਗੁਰੁ ਮਿਲਿਆ ਆਇ ॥੪॥
*(ਸ੍ਰੀ ਰਾਗੁ ਮ: ੩, ਪੰਨਾ ੨੭)*

ਰਸਨ ਰਸਾਏ ਨਾਮਿ ਤਿਸਾਏ
ਗੁਰ ਕੈ ਸਬਦਿ ਵਿਕਾਣੇ ॥
ਪਾਰਸਿ ਪਰਸਿਐ ਪਾਰਸੁ ਹੋਏ ਜਾ ਤੇਰੈ ਮਨਿ ਭਾਣੇ ॥
*(ਧਨਾਸਰੀ ਮ: ੧, ਪੰਨਾ ੬੮੮)*

ਪਾਰਸਿ ਪਰਸਿਐ ਪਾਰਸੁ ਹੋਵੈ ਸਚਿ ਰਹੈ ਲਿਵ ਲਾਇ ॥
ਜਿਸੁ ਪੂਰਬਿ ਹੋਵੈ ਲਿਖਿਆ
ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ ॥
*(ਸਲੋਕ ਮ: ੩, ਪੰਨਾ ੬੪੯)*

ਪਰਚੈ ਰਾਮੁ ਰਵੈ ਜਉ ਕੋਈ ॥
ਪਾਰਸੁ ਪਰਸੈ ਦੁਬਿਧਾ ਨ ਹੋਈ ॥
*(ਰਵਿਦਾਸ ਜੀ, ਪੰਨਾ ੧੧੬੭)*

ਪਾਰਸੁ ਪਰਸਿ ਪਰਸੁ ਪਰਸਿ
ਗੁਰਿ ਗੁਰੂ ਕਹਾਯਉ ॥
ਭਨਿ ਮਥੁਰਾ ਮੂਰਤਿ ਸਦਾ ਥਿਰੁ
ਲਾਇ ਚਿਤੁ ਸਨਮੁਖ ਰਹਹੁ ॥
*(ਸਵਈਏ ਮ: ੫ ਕੇ, ਪੰਨਾ ੧੪੦੮)*

ਗਗਨਿ ਨਿਵਾਸਿ ਸਮਾਧਿ ਲਗਾਵੈ ॥
ਪਾਰਸੁ ਪਰਸਿ ਪਰਮਪਦੁ ਪਾਵੈ ॥੨॥
*(ਆਸਾ ਮ: ੧, ਪੰਨਾ ੪੧੧)*

ਪਾਰਸ ਪਰਸੇ ਫਿਰਿ ਪਾਰਸੁ ਹੋਏ
ਹਰਿ ਜੀਉ ਅਪਨੀ ਕਿਰਪਾ ਧਾਰੀ ॥੨॥
*(ਰਾਮਕਲੀ ਮ: ੩, ਪੰਨਾ ੯੧੧)*

ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ ॥
ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥੩॥
*(ਆਸਾ, ਪੰਨਾ ੪੮੧)*

ਹਰਿ ਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ ॥
ਪਾਰਸਿ ਭੇਟਿਐ ਕੰਚਨੁ ਭਇਆ
ਕੀਮਤਿ ਕਹੀ ਨ ਜਾਇ ॥੧੦॥
*(ਪ੍ਰਭਾਤੀ ਮ: ੩, ਪੰਨਾ ੧੩੪੬)*

ਪਾਰਸੁ ਭੇਟਿ ਕੰਚਨੁ ਧਾਤੁ ਹੋਈ
ਸਤਸੰਗਤਿ ਕੀ ਵਡਿਆਈ ॥੬॥
*(ਗੂਜਰੀ ਮ: ੧, ਪੰਨਾ ੫੦੫)*

ਪਾਰਸੁ ਭੇਟਿ ਭਏ ਸੇ ਪਾਰਸ
ਨਾਨਕ ਹਰਿ ਗੁਰ ਸੰਗਿ ਥੀਏ ॥੪॥
*(ਬਸੰਤੁ ਮ: ੧, ਪੰਨਾ ੧੧੭੨)*

ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥੫॥
ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥
*(ਗਉੜੀ ਬੈਰਾਗਣਿ, ਪੰਨਾ ੩੪੬)*

ਇਸ ਤੋਂ ਆਦਿ ਹੋਰ ਭੀ ਅਨੇਕਾਂ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਜਾਣਕਾਰੀ ਮਿਲਦੀ ਹੈ ਕਿ ਗੁਰਮੁਖਾਂ ਨੇ ਪਾਰਸ ਰੂਪ ਗੁਰੂ ਦੀ ਚਰਨ ਸ਼ਰਨ ਪ੍ਰਾਪਤ ਕਰਕੇ ਬਾਰਾਵੰਨੀ ਦੇ ਸੋਨਾ ਬਣਨ ਵਾਂਗ ਉਹ ਸ਼ੁੱਧਤਾ ਹਾਸਲ ਕਰ ਲਈ ਹੈ, ਜਿਸਦਾ ਸਦਕਾ ਉਹ ਦੈਵੀ ਗੁਣਾਂ ਦੇ ਭੰਡਾਰ ਬਣ ਗਏ, ਜਿਨ੍ਹਾਂ ਗੁਣਾਂ ਨੂੰ ਕਥਨ ਕਰਨ ਦੀ ਕਿਸੇ ਵਿਚ ਭੀ ਸਮਰੱਥਾ ਨਹੀਂ ਹੈ। ਸੋ ਮੈਂ ਭੀ ਉਨ੍ਹਾਂ ਗੁਰਮੁਖਾਂ ਦੀ ਵਿਸ਼ੇਸ਼ਤਾ ਨੂੰ ਤੱਕ ਕੇ ਇਸ ਪਉੜੀ ਵਿਚ ਰੰਚਕ-ਮਾਤ੍ਰ ਜ਼ਿਕਰ ਕੀਤਾ ਹੈ, ਜਿਨ੍ਹਾਂ ਨੇ ਆਪਣੀ

ਨੇੜਤਾ ਹਾਸਲ ਕਰਨ ਵਾਲਿਆਂ ਸਿੱਖਾਂ ਨੂੰ ਲੋਕਾਂ ਵਿਚ ਪੂਜਨੀਕ ਬਣਾ ਦਿਤਾ ਹੈ:

(੧) (ਜਿਵੇਂ ਕਿ ਅਸੀਂ ਆਮ ਹੀ ਵੇਖਦੇ ਹਾਂ ਕਿ) ਗੁਰਮੁਖ ਪਾਰਸ ਦਾ ਰੂਪ ਹਨ, ਜੋ ਸਿੱਖਾਂ ਨੂੰ ਆਪਣੀ ਸੰਗਤ (ਸਿਖਿਆ) ਨਾਲ ਪੂਜਨੀਕ ਬਣਾ ਦੇਂਦੇ ਹਨ।

(੨) (ਇਥੇ ਹੀ ਬੱਸ ਨਹੀਂ ਉਹ) ਗੁਰਮੁਖ ਅੱਠਾਂ ਧਾਤਾਂ (ਭਾਵ ਚਾਰੇ ਵਰਨਾਂ ਤੇ ਚਾਰੇ ਆਸ਼ਰਮਾਂ) ਨੂੰ ਸਿਖ ਮੱਤ ਦੇ ਕੇ ਉਨ੍ਹਾਂ ਦੇ ਅੰਦਰ ਪ੍ਰਭੂ ਦੀ ਜਗ ਮਗ ਕਰ ਰਹੀ ਜੋਤ ਦਾ ਪ੍ਰਕਾਸ਼ ਕਰ ਦਿੰਦੇ ਹਨ।

(੩) (ਜਿਵੇਂ ਕਿ) ਇਕ ਚੰਦਨ ਦਾ ਬ੍ਰਿਛ (ਆਪਣੇ ਆਲੇ ਦੁਆਲੇ ਦੇ ਸਾਰੇ) ਬ੍ਰਿਛਾਂ ਨੂੰ ਸੁਗੰਧਤ ਕਰ ਦੇਂਦਾ ਹੈ।

(੪) ਇਸੇ ਤਰ੍ਹਾਂ ਹੀ ਜਿਹੜੇ ਗੁਰੂ ਦੇ ਸਿਖ ਬਣਦੇ ਹਨ, ਉਨ੍ਹਾਂ ਵਿਚੋਂ ਹੀ ਸਿਖ ਗੁਰੂ ਦਾ ਸਰੂਪ ਹੋ ਕੇ ਅਸਚਰਜਤਾ (ਇਕ ਜੋਤ ਤੇ ਦੋ ਰੂਪ) ਪ੍ਰਗਟ ਕਰਦੇ ਹਨ।

(੫) (ਇਹ ਇਉਂ ਹੀ ਹੈ, ਜਿਵੇਂ) ਇਕ ਜੋਤ ਤੋਂ ਦੂਸਰੀ ਜੋਤ ਨੂੰ (ਦੀਵੇ ਨਾਲ ਦੀਵਾ ਬਾਲ ਕੇ) ਪ੍ਰਕਾਸ਼ਮਾਨ ਕਰ ਦੇਈਦਾ ਹੈ।

(੬) (ਉਸੇ ਤਰ੍ਹਾਂ ਜਿਵੇਂ ਕਿ) ਪਾਣੀ ਵਿਚ ਪਾਣੀ ਨੂੰ ਮਿਲਾ ਕੇ ਪਾਣੀ ਨੂੰ ਇਕ ਰੂਪ ਕਰ ਦੇਈਦਾ ਹੈ।੨।

***ਭਾਵਾਰਥ :*** ਇਸੇ ਤਰ੍ਹਾਂ ਗੁਰੂ ਨੇ ਸਿਖ ਨੂੰ ਆਪਣੇ ਨਾਲ ਮੇਲ ਕੇ ਆਪਣਾ ਰੂਪ ਹੀ ਬਣਾ ਦਿਤਾ ਹੈ। ਸ੍ਰੀ ਗੁਰੂ ਨਾਨਕ ਤੋਂ ਆਦਿ ਛੀ ਗੁਰੂ ਕਹਿਣ ਨੂੰ ਤਾਂ ਨਾਮ ਰੂਪ ਭਿੰਨ ਭਿੰਨ ਹਨ, ਪਰ ਜੋਤਿ ਰੂਪ ਕਰਕੇ ਇਕ ਰੂਪ ਹੀ ਹਨ।

## *੩. ਗੁਰਮੁਖ ਰਹਿਣੀ ਦੀ ਵਿਲੱਖਣਤਾ*

**੧. ਗੁਰਮੁਖ ਸਫਲੁ ਜਨੰਮੁ**
**ਸਤਿਗੁਰੁ ਪਾਇਆ।**
**੨. ਗੁਰਮੁਖ ਪੂਰ ਕਰੰਮੁ**
**ਸਰਣੀ ਆਇਆ।**
**੩. ਸਤਿਗੁਰ ਪੈਰੀਂ ਪਾਇ**
**ਨਾਉਂ ਦ੍ਰਿੜ੍ਹਾਇਆ।**
**੪. ਘਰ ਹੀ ਵਿੱਚ ਉਦਾਸ**
**ਨ ਵਿਆਪੈ ਮਾਇਆ।**
**੫. ਗੁਰ ਉਪਦੇਸ਼ ਕਮਾਇ**
**ਅਲਖ ਲਖਾਇਆ।**
**੬. ਗੁਰਮੁਖ ਜੀਵਨ ਮੁਕਤੁ ਆਪੁ ਗਵਾਇਆ ॥੩॥**

***ਪਦ ਅਰਥ :*** ਸਫਲੁ ਜਨੰਮੁ—ਫਲ ਸਹਿਤ ਜਨਮ, ਭਾਵ ਮੁਕਤ ਹੋ ਗਏ ਹਨ। ਕਰੰਮੁ—ਬਖ਼ਸ਼ਸ਼। ਜੀਵਨ ਮੁਕਤੁ—ਜੀਉਂਦੇ ਜੀਅ ਮੁਕਤੀ। ਨ ਵਿਆਪੈ—ਪੋਂਹਦੀ ਨਹੀਂ, ਦੁਖ ਨਹੀਂ ਦੇਂਦੀ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਦੋਂ ਅਸੀਂ ਸਾਰੀ ਮਨੁੱਖਤਾ ਨੂੰ ਆਪਣੀ ਅਸਥੂਲ ਦ੍ਰਿਸ਼ਟੀ ਰਾਹੀਂ ਤੱਕਦੇ ਹਾਂ ਤਾਂ ਸਾਨੂੰ ਮਨੁੱਖ ਜਾਮੇਂ ਵਿਚ ਆਏ ਲੋਕ ਸਮਾਨ ਰੂਪ ਹੀ ਨਜ਼ਰ ਆਉਂਦੇ ਹਨ, ਭਾਵ ਸਾਰਿਆਂ ਦੇ ਅੰਗ ਪਰਤੰਗ ਖਾਣ, ਪੀਣ ਦੀ ਕ੍ਰਿਆ ਵਿਚ ਕੋਈ ਅੰਤਰਾ ਨਹੀਂ ਦਿਸਦਾ। ਕਿਉਂ ਜੀ! ਦੱਸੋਗੇ ਕਿ ਗੁਰਮੱਤ ਅਨੁਸਾਰ ਸਾਰੇ ਮਨੁੱਖਾਂ ਵਿਚੋਂ ਤੁਸੀਂ ਸਫਲ ਜਨਮ ਕਿਸਦਾ ਮੰਨਦੇ ਹੋ?

ਉ: ਹੇ ਭਾਈਓ! ਜਦੋਂ ਮੈਂ ਇਸ ਪੱਖ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਤੱਕਦਾ ਹਾਂ, ਤਾਂ ਬੋਧ ਮਿਲਦਾ ਹੈ ਕਿ ਮਨੁੱਖਾ-ਜਨਮ ਕਿਸਦਾ ਸਫਲ ਮੰਨਿਆ ਗਿਆ ਹੈ ਤਾਂ ਇਸ ਸੰਬੰਧ ਵਿਚ ਗੁਰੂ ਗ੍ਰੰਥ ਸਾਹਿਬ ਜੀ ਨੇ ਬਾਰ ਬਾਰ ਜਾਣਕਾਰੀ ਦਿਤੀ ਹੈ, ਜਿਵੇਂ ਕਿ:

ਮਾਈ ਜੋ ਪ੍ਰਭ ਕੇ ਗੁਨ ਗਾਵੈ ॥
ਸਫਲ ਆਇਆ ਜੀਵਨ ਫਲੁ ਤਾ ਕੋ
ਪਾਰਬ੍ਰਹਮ ਲਿਵ ਲਾਵੈ ॥ *(ਦੇਵਗੰਧਾਰੀ ਮ: ੫, ਪੰਨਾ ੫੩੧)*

ਜੋ ਹਰਿ ਹਰਿ ਜਸੁ ਸੁਨੇ ਹਾਂ ॥
ਸਭੁ ਕੋ ਤਿਸੁ ਮੰਨੇ ਹਾਂ ॥
ਸਫਲੁ ਸੁ ਆਇਆ ਹਾਂ ॥
ਨਾਨਕ ਪ੍ਰਭ ਭਾਇਆ ਮੇਰੇ ਮਨਾ ॥੨॥
*(ਆਸਾਵਰੀ ਮ: ੫, ਪੰਨਾ ੪੧੦)*

ਸਾਸਿ ਸਾਸਿ ਨਹ ਵੀਸਰੈ ਅਨ ਕਤਹਿ ਨ ਧਾਵਉ ॥
ਸਫਲ ਦਰਸਨ ਗੁਰੁ ਭੇਟੀਐ ਮਾਨੁ ਮੋਹੁ ਮਿਟਾਵਉ ॥੩॥
ਸਤੁ ਸੰਤੋਖ ਦਇਆ ਧਰਮੁ ਸੀਗਾਰੁ ਬਨਾਵਉ ॥
ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥੪॥
*(ਬਿਲਾਵਲੁ ਮ: ੫, ਪੰਨਾ ੮੧੨)*

ਸਫਲ ਸਫਲ ਸਫਲ ਦਰਸੁ ਰੇ
ਪਰਸਿ ਪਰਸਿ ਗੁਨ ਗਾਈਐ ॥
ਨਾਨਕ ਤਤ ਤਤ ਸਿਉ ਮਿਲੀਐ
ਹੀਰੈ ਹੀਰੁ ਬਿਧਾਈਐ ॥੨॥ *(ਕਲਿਆਨ ਮ: ੫, ਪੰਨਾ ੧੩੨੧)*

ਸਫਲ ਸਫਲ ਭਈ ਸਫਲ ਜਾਤ੍ਰਾ॥
ਆਵਣ ਜਾਣ ਰਹੇ ਮਿਲੇ ਸਾਧਾ॥੧॥
*(ਧਨਾਸਰੀ ਮ: ੫, ਪੰਨਾ ੬੮੭)*

ਦੁਲਭ ਦੇਹ ਆਈ ਪਰਵਾਨੁ॥
ਸਫਲ ਹੋਈ ਜਪਿ ਹਰਿ ਹਰਿ ਨਾਮੁ॥
ਕਹੁ ਨਾਨਕ ਪ੍ਰਭਿ ਕਿਰਪਾ ਕਰੀ॥
ਸਾਸਿ ਗਿਰਾਸਿ ਜਪਉ ਹਰਿ ਹਰੀ॥੪॥
*(ਭੈਰਉ ਮ: ੫, ਪੰਨਾ ੧੧੪੮)*

ਸਫਲ ਹੋਤ ਇਹ ਦੁਰਲਭ ਦੇਹੀ॥
ਜਾ ਕਉ ਸਤਿਗੁਰ ਮਇਆ ਕਰੇਹੀ॥੨॥
*(ਕਾਨੜਾ ਮ: ੫, ਪੰਨਾ ੧੨੯੯)*

ਪੂਰੈ ਭਾਗਿ ਸਚੁ ਕਾਰ ਕਮਾਵੈ॥
ਏਕੋ ਚੇਤੈ ਫਿਰਿ ਜੋਨਿ ਨ ਆਵੈ॥
ਸਫਲ ਜਨਮੁ ਇਸੁ ਜਗ ਮਹਿ ਆਇਆ॥
ਸਾਚਿ ਨਾਮਿ ਸਹਜਿ ਸਮਾਇਆ॥੧॥
*(ਬਸੰਤੁ ਮ: ੩, ਪੰਨਾ ੧੧੭੪)*

ਸਫਲੁ ਜਨਮੁ ਸਰੀਰੁ ਸਭੁ ਹੋਆ
ਜਿਤੁ ਰਾਮ ਨਾਮੁ ਪਰਗਾਸਿਆ॥
ਨਾਨਕ ਹਰਿ ਭਜੁ ਸਦਾ ਦਿਨੁ ਰਾਤੀ
ਗੁਰਮੁਖਿ ਨਿਜ ਘਰ ਵਾਸਿਆ॥੬॥
*(ਆਸਾ ਮ: ੪, ਪੰਨਾ ੪੪੪)*

ਗੁਣ ਗੋਪਾਲ ਗਾਵਹੁ ਨਿਤ ਸਖੀਹੋ
ਸਗਲ ਮਨੋਰਥ ਪਾਏ ਰਾਮ॥
ਸਫਲ ਜਨਮੁ ਹੋਆ ਮਿਲਿ ਸਾਧੂ
ਏਕੰਕਾਰੁ ਧਿਆਏ ਰਾਮੁ॥
*(ਸੂਹੀ ਮ: ੫, ਪੰਨਾ ੭੮੨)*

ਪਰਮ ਪਦੁ ਪਾਇਆ ਆਪੁ ਮਿਟਾਇਆ
ਹਰਿ ਪੂਰਨ ਕਿਰਪਾ ਧਾਰੀ॥
ਸਫਲ ਜਨਮੁ ਹੋਆ ਭਉ ਭਾਗਾ
ਹਰਿ ਭੇਟਿਆ ਏਕੁ ਮੁਰਾਰੀ॥
*(ਸੂਹੀ ਮ: ੫, ਪੰਨਾ ੭੮੦)*

ਸਫਲੁ ਜਨਮੁ ਹਰਿ ਜਨ ਕਾ ਉਪਜਿਆ
ਜਿਨਿ ਕੀਨੋ ਸਉਤੁ ਬਿਧਾਤਾ॥
ਸਗਲ ਸਮੂਹ ਲੈ ਉਧਰੇ ਨਾਨਕ
ਪੂਰਨ ਬ੍ਰਹਮੁ ਪਛਾਤਾ॥੨॥
*(ਦੇਵਗੰਧਾਰੀ ਮ: ੫, ਪੰਨਾ ੫੩੨)*

ਬਿਨੁ ਹਰਿ ਨਾਮ ਨ ਜੀਵਦੇ
ਜਿਉ ਜਲ ਬਿਨੁ ਮੀਨਾ ਰਾਮ॥
ਸਫਲ ਜਨਮੁ ਹਰਿ ਪਾਇਆ
ਨਾਨਕ ਪ੍ਰਭਿ ਕੀਨਾ ਰਾਮ॥੪॥
*(ਬਿਲਾਵਲੁ ਮ: ੪, ਪੰਨਾ ੮੪੫)*

ਹਉ ਬਲਿਹਾਰੀ ਜੋ ਪ੍ਰਭੂ ਧਿਆਵਤ॥
ਜਲਨਿ ਬੁਝੈ ਹਰਿ ਹਰਿ ਗੁਨ ਗਾਵਤ॥੧॥ਰਹਾਉ॥
ਸਫਲ ਜਨਮੁ ਹੋਵਤ ਬਡਭਾਗੀ॥
ਸਾਧ ਸੰਗਿ ਰਾਮਹਿ ਲਿਵ ਲਾਗੀ॥੨॥
*(ਬਿਲਾਵਲੁ ਮ: ੫, ਪੰਨਾ ੮੦੫)*

ਸਫਲ ਜਨਮੁ ਹੋਵੈ ਪਰਵਾਣੁ॥
ਗੁਰੁ ਪਾਰਬ੍ਰਹਮੁ ਨਿਕਟਿ ਕਰਿ ਜਾਣੁ॥੩॥
*(ਗਉੜੀ ਮ: ੫, ਪੰਨਾ ੧੯੩)*

ਸਫਲ ਜਨਮੁ ਜਿਨਾ ਸਤਿਗੁਰੁ ਪਾਇਆ॥
ਦੂਜਾ ਭਾਉ ਗੁਰ ਸਬਦਿ ਜਲਾਇਆ॥
ਏਕੋ ਰਵਿ ਰਹਿਆ ਘਟ ਅੰਤਰਿ
ਮਿਲਿ ਸਤਸੰਗਤਿ ਹਰਿ ਗੁਣ ਗਾਵਣਿਆ॥੬॥
*(ਮਾਝ ਮ: ੪, ਪੰਨਾ ੧੨੯)*

ਹਰਿ ਰੰਗਿ ਰਹਹਿ ਸਦਾ ਰੰਗਿ ਰਾਤੇ
ਰਸਨਾ ਹਰਿ ਰਸੁ ਪਿਆਏ॥
ਸਫਲੁ ਜਨਮੁ ਜਿਨੀ ਗੁਰਮੁਖਿ ਜਾਤਾ
ਹਰਿ ਜੀਉ ਰਿਦੈ ਵਸਾਏ॥ *(ਪਉੜੀ, ਪੰਨਾ ੫੧੩)*

ਸਫਲ ਜਨਮੁ ਜੀਵਨ ਪਰਵਾਣੁ॥
ਗੁਰ ਪਰਸਾਦੀ ਹਰਿ ਰੰਗੁ ਮਾਣੁ॥੩॥
ਬਿਨਸੇ ਕਾਮ ਕ੍ਰੋਧ ਅਹੰਕਾਰ॥
ਨਾਨਕ ਗੁਰਮੁਖਿ ਉਤਰਹਿ ਪਾਰਿ॥੪॥
*(ਪ੍ਰਭਾਤੀ ਮ: ੫, ਪੰਨਾ ੧੩੩੯)*

ਗੁਰਿ ਦੁਖੁ ਕਾਟਿਆ ਦੀਨੋ ਦਾਨੁ॥
ਸਫਲ ਜਨਮੁ ਜੀਵਨ ਪਰਵਾਨੁ॥
*(ਬਿਲਾਵਲੁ ਮ: ੫, ਪੰਨਾ ੮੦੬)*

ਸਫਲ ਜਨਮੁ ਤਿਸ ਕਾ ਜਗ ਭੀਤਰਿ
ਸਾਧ ਸੰਗਿ ਨਾਉ ਜਾਪੇ॥
ਸਗਲ ਮਨੋਰਥ ਤਿਸ ਕੇ ਪੂਰਨ
ਜਿਸੁ ਦਇਆ ਕਰੇ ਪ੍ਰਭੁ ਆਪੇ॥੩॥
*(ਸੂਹੀ ਮ: ੫, ਪੰਨਾ ੭੫੦)*

ਗੁਰ ਸਬਦੀ ਮਨੁ ਨਿਰਮਲੁ ਹੋਆ
ਚੂਕਾ ਮਨਿ ਅਭਿਮਾਨੁ ॥
ਸਫਲੁ ਜਨਮੁ ਤਿਸੁ ਪ੍ਰਾਨੀ ਕੇਰਾ
ਹਰਿ ਕੈ ਨਾਮਿ ਸਮਾਨ ॥੧॥

*(ਪ੍ਰਭਾਤੀ ਮ: ੩, ਪੰਨਾ ੧੩੩੪)*

ਸਫਲੁ ਜਨਮੁ ਤਾ ਕਾ ਪਰਵਾਣੁ
ਪਾਰਬ੍ਰਹਮੁ ਨਿਕਟਿ ਕਰਿ ਜਾਣੁ ॥

*(ਗੋਂਡ ਮ: ੫, ਪੰਨਾ ੮੬੯)*

ਕਹੁ ਨਾਨਕ ਜੋ ਲਾਇਆ ਨਾਮ ॥
ਸਫਲ ਜਨਮੁ ਤਾ ਕਾ ਪਰਵਾਨ ॥੪॥

*(ਆਸਾ ਮ: ੫, ਪੰਨਾ ੩੮੯)*

ਜਿਨਿ ਜਨਿ ਧਿਆਇਆ ਖਸਮੁ
ਤਿਨਿ ਸੁਖੁ ਪਾਇਆ ॥
ਸਫਲੁ ਜਨਮੁ ਪਰਵਾਨੁ ਗੁਰਮੁਖਿ ਆਇਆ ॥

*(ਮ: ੫, ਪੰਨਾ ੫੨੩)*

ਭਗਤ ਜਨਾ ਕੀ ਊਤਮ ਬਾਣੀ
ਗਾਵਹਿ ਅਕਥ ਕਥਾ ਨਿਤ ਨਿਆਰੀ ॥
ਸਫਲ ਜਨਮੁ ਭਇਆ ਤਿਨ ਕੇਰਾ
ਆਪਿ ਤਰੇ ਕੁਲ ਤਾਰੀ ॥੪॥

*(ਗੂਜਰੀ ਮ: ੪, ਪੰਨਾ ੫੦੭)*

ਇਸੇ ਭਾਵ ਦੀਆਂ ਬਾਣੀ ਵਿਚ ਹੋਰ ਭੀ ਬਹੁਤ ਪੰਗਤੀਆਂ ਆਉਂਦੀਆਂ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਗੁਰਮੁਖਾਂ ਨੇ ਇਸ ਮਨੁੱਖਾ ਜਨਮ ਦੀ ਸਫਲਤਾ ਗੁਰੂ ਦੀ ਸੰਗਤ ਵਿਚੋਂ ਹਾਸਲ ਕੀਤੀ ਹੈ, ਉਨ੍ਹਾਂ ਗੁਰਮੁਖਾਂ ਨੇ ਆਪ ਤਾਂ ਜੀਵਨ ਮੁਕਤੀ ਪ੍ਰਾਪਤ ਕਰ ਲਈ ਅਤੇ ਬਾਕੀ ਆਪਣੀਆਂ ਕੁਲਾਂ ਦਾ ਭੀ ਉੱਧਾਰ ਕਰ ਲਿਆ ਹੈ, ਉਨ੍ਹਾਂ ਗੁਰਮੁਖਾਂ ਨੂੰ ਆਪਣਾ ਘਰ ਬਾਰ ਤਿਆਗ ਕੇ ਕਿਤੇ ਜੰਗਲਾਂ ਵਿਚ ਜਾਣ ਦੀ ਲੋੜ ਨਹੀਂ ਪਈ ਉਹ ਮਾਇਆ ਵਿਚ ਰਹਿੰਦੇ ਹੋਏ ਹੀ ਜੀਵਨ ਨੂੰ ਸਫਲਾ ਕਰ ਜਾਂਦੇ ਹਨ। ਸੋ, ਮੈਂ ਭੀ ਉਨ੍ਹਾਂ ਦੀ ਮਾਨਸ ਨਿਰਲੇਪਤਾ ਨੂੰ ਤੱਕ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ :

(੧) (ਜਦੋਂ ਅਸੀਂ ਗਹਿਰਾਈਆਂ ਭਰੀ ਨਜ਼ਰ ਰਾਹੀਂ ਤੱਕੀਏ ਤਾਂ ਸਾਨੂੰ ਬੋਧ ਮਿਲਦਾ ਹੈ ਕਿ) ਗੁਰਮੁਖਾਂ ਦਾ ਜਨਮ (ਸੰਸਾਰ 'ਤੇ ਆਇਆ) ਸਫਲਾ ਹੈ, ਜਿਨ੍ਹਾਂ ਨੇ ਪੂਰੇ ਸਤਿਗੁਰੂ ਨੂੰ ਪ੍ਰਾਪਤ ਕੀਤਾ ਹੈ।

(੨) (ਉਹ) ਗੁਰਮੁਖ ਪੂਰਨ ਕਰਮਾਂ (ਭਾਗਾਂ) ਵਾਲੇ ਹਨ, ਜਿਨ੍ਹਾਂ ਨੇ ਸੱਚੇ ਸਤਿਗੁਰੂ ਦੀ ਸ਼ਰਨ ਪ੍ਰਾਪਤ ਕੀਤੀ ਹੈ।

(੩) (ਗੁਰਮੁਖਾਂ ਨੂੰ) ਸਤਿਗੁਰੂ ਜੀ ਨੇ ਸ਼ਰਨ ਵਿਚ ਰੱਖ ਕੇ ਚਰਨੀ ਲਾ ਕੇ (ਪ੍ਰਭੂ ਦੇ) ਨਾਮ ਸਿਮਰਨ ਵਿਚ ਦ੍ਰਿੜ੍ਹ ਕਰ ਦਿੱਤਾ ਹੈ।

(੪) (ਸਤਿਗੁਰੂ ਦੀ ਸਿਖਿਆ ਪ੍ਰਾਪਤ ਕਰਕੇ) ਗੁਰਮੁਖ ਘਰ ਵਿਚ ਰਹਿੰਦੇ ਖਾਂਦੇ ਪੀਂਦੇ, ਹੱਸਦੇ ਖੇਡਦੇ) ਸੁਰਤੀ ਵਿਚ ਉਦਾਸ ਹੋ ਕੇ ਰਹਿੰਦੇ ਹਨ ਤੇ ਮਾਇਆ (ਦੇ ਵਿਸ਼ੇ-ਵਿਕਾਰ) ਉਨ੍ਹਾਂ ਨੂੰ ਨਹੀਂ ਵਿਆਪਦੇ।

(੫) ਗੁਰਮੁਖ ਨਾਮ ਦੇ ਅਭਿਆਸ ਨਾਲ ਕਮਾਈ ਕਰਦੇ ਹਨ ਤੇ ਉਸ ਅਲਖ (ਨਾ ਲਖੇ ਜਾਣ ਵਾਲੇ ਪ੍ਰਭੂ ਨੂੰ) ਲੱਖ ਲੈਂਦੇ ਹਨ। ਭਾਵ ਉਨ੍ਹਾਂ ਦੇ ਗਿਆਨ ਦੇ ਨੇਤ੍ਰ ਖੁਲ੍ਹ ਜਾਂਦੇ ਹਨ।

(੬) ਇਸ ਜੀਵਨ ਜੁਗਤੀ ਨਾਲ ਗੁਰਮੁਖ ਇਸ ਜੀਵਨ ਵਿਚ ਹੀ ਮੁਕਤ ਹੋ ਜਾਂਦੇ ਹਨ, ਕਿਉਂਕਿ ਉਹ ਆਪਾ-ਭਾਵ (ਹਉਮੈ ਤੇ ਮੈਂ ਮੇਰੀ) ਨੂੰ ਉੱਕਾ ਹੀ ਮਿਟਾ ਦੇਂਦੇ ਹਨ।੩।

***ਭਾਵਾਰਥ :*** (ਆਵਨ ਆਏ ਜਗਤ ਮਹਿ) ਆਉਣ ਨੂੰ ਤਾਂ ਮਨੁੱਖ ਸਾਰੇ ਹੀ ਮਨੁੱਖ ਜਾਮੇ ਵਿਚ ਆਏ ਹਨ, ਪਰ ਜਿਨ੍ਹਾਂ ਨੇ ਇਸ ਮਨੁੱਖ ਜਾਮੇ ਵਿਚ ਆਉਣ ਦੇ ਮੁਖ ਮੰਤਵ ਨੂੰ ਨਹੀਂ ਜਾਣਿਆ, ਉਸ ਨੂੰ ਗੁਰਬਾਣੀ ਨੇ ਮਨੁੱਖ ਸ਼ਰੇਣੀ ਵਿਚ ਨਹੀਂ ਗਿਣਿਆ, ਉਹ ਮਨੁੱਖ ਤਾਂ ਪ੍ਰਭੂ ਦੀ ਬੰਦਗੀ ਤੋਂ ਸੱਖਣੇ ਪਸ਼ੂਆਂ ਤੋਂ ਭੀ ਬਦਤਰ ਹਨ, ਕਿਉਂਕਿ ਪਸ਼ੂ ਘਾਹ ਫੂਸ ਖਾ ਕੇ ਅੰਮ੍ਰਿਤ ਸਮਾਨ ਦੁੱਧ ਦੇਂਦੇ ਹਨ, ਪਰ ਇਹ ਮਨੁੱਖ ਉਸ ਦੁੱਧ ਤੋਂ ਬਣੇ ਛੱਤੀ ਪ੍ਰਕਾਰ ਕੇ ਭੋਜਨਾਂ ਨੂੰ ਖਾ ਕੇ ਵਿਸ਼ਟਾ ਰੂਪ ਵਿਚ ਬਦਲ ਦੇਂਦਾ ਹੈ। ਇਸ ਲਈ ਗੁਰਬਾਣੀ ਵਿਚ ਉਸੇ ਮਨੁੱਖ ਦਾ ਆਇਆ ਸਫਲ ਮੰਨਿਆ ਹੈ ਜਿਸਨੇ ਅੱਠੇ ਪਹਿਰ ਰਸਨਾ ਦੁਆਰੇ ਪ੍ਰਭੂ ਦਾ ਸਿਮਰਨ ਕਰਕੇ ਇਸ ਮਨੁੱਖ ਜਾਮੇ ਨੂੰ ਸਫਲਾ ਕੀਤਾ ਹੈ।

## ੪. ਗੁਰਮੁਖ ਦੀ ਜੀਵਨ ਰਹੁ-ਰੀਤੀ

**੧. ਗੁਰਮੁਖ ਆਪੁ ਗਵਾਇ**
**ਨ ਆਪੁ ਗਣਾਇਆ।**
**੨. ਦੂਜਾ ਭਾਉ ਮਿਟਾਇ**
**ਇੱਕੁ ਧਿਆਇਆ।**

**੩. ਗੁਰ ਪਰਮੇਸ਼ਰ ਜਾਣਿ**
**ਸਬਦੁ ਕਮਾਇਆ।**
**੪. ਸਾਧ ਸੰਗਤਿ ਚਲਿ ਜਾਇ**
**ਸੀਸੁ ਨਿਵਾਇਆ।**
**੫. ਗੁਰਮੁਖ ਕਾਰ ਕਮਾਇ**
**ਸੁਖ ਫਲ ਪਾਇਆ।**
**੬. ਪਿਰਮ ਪਿਆਲਾ ਪਾਇ ਅਜਰ ਜਰਾਇਆ ॥੪॥**

***ਪਦ ਅਰਥ :*** ਆਪੁ—ਆਪਾ-ਭਾਵ। ਦੂਜਾ ਭਾਉ—ਮੇਰ ਤੇਰ ਦੀ ਪਕੜ, ਅਗਯਾਨ। ਸੁਖ ਫਲ—ਜੀਵਨ ਜੁਗਤਿ। ਪਿਰਮ ਪਿਆਲਾ—ਪ੍ਰੇਮ ਦਾ ਪਿਆਲਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜਦੋਂ ਅਸੀਂ ਸੰਸਾਰ ਦੇ ਹਰ ਮਨੁੱਖ ਵੱਲ ਨਜ਼ਰ ਮਾਰਦੇ ਹਾਂ ਤਾਂ ਹਰ ਬੰਦਾ ਹੀ ਆਪੋ ਆਪਣੀ ਮਾਨਸਕ ਕ੍ਰਿਆ ਜਾਂ ਸਰੀਰਕ ਕ੍ਰਿਆ ਵਿਚ ਰੁਝਾ ਹੋਇਆ ਸਦਾ ਆਪਣੇ ਆਪ ਨੂੰ ਹੀ ਜਣੌਂਦੇ ਰਹਿਣ ਵਿਚ ਗਲਤਾਨ ਰਹਿੰਦਾ ਹੈ, ਕਿਉਂ ਜੀ! ਦਸੋਗੇ ਕਿ ਗੁਰਮੁਖਾਂ ਦੀ ਮਾਨਸਕ ਕ੍ਰਿਆ ਕਿਸ ਰੂਪ ਵਿਚ ਵਰਤਦੀ ਹੈ, ਕਿਉਂਕਿ ਅਸੀਂ ਤਾਂ ਮੋਟੀ ਮਤਿ ਵਾਲੇ ਉਨ੍ਹਾਂ ਦੀ ਸੂਖਮ ਕ੍ਰਿਆ ਨੂੰ ਅਨੁਭਵ ਨਹੀਂ ਕਰ ਸਕਦੇ। ਪਰ ਆਪ ਜੀ ਤਾਂ ਅਵੱਸ਼ ਹੀ ਜਾਣਕਾਰੀ ਰਖਦੇ ਹੋ, ਦੱਸਣ ਦੀ ਕ੍ਰਿਪਾ ਕਰੋ?

**ਉ:** ਹੇ ਭਾਈਓ! ਜੇ ਅਸੀਂ ਵੀਚਾਰ ਕਰਕੇ ਵੇਖੀਏ ਤਾਂ ਸਾਨੂੰ ਗੁਰਮੁਖਾਂ ਤੇ ਬਾਕੀ ਲੋਕਾਂ ਦੀ ਮਾਨਸਕ ਕ੍ਰਿਆ ਵਿਚ ਬਹੁਤ ਅੰਤਰਾ ਦਿਸ ਆਵੇਗਾ, ਕਿਉਂਕਿ ਗੁਰਮੁਖਾਂ ਨੇ ਆਪਣੀ ਮਾਨਸਕ ਕ੍ਰਿਆ ਨੂੰ ਗੁਰਮਤ ਅਨੁਸਾਰ ਢਾਲਿਆ ਹੋਇਆ ਹੈ, ਪਰ ਬਾਕੀ ਦੇ ਲੋਕ ਆਪੋ ਆਪਣੀ ਮਨ ਦੀ ਮੱਤ ਨੂੰ ਅੱਗੇ ਲਾ ਕੇ ਟੁਰਦੇ ਹਨ। ਗੁਰਮੁਖਾਂ ਵਿਚ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਨ੍ਹਾਂ ਨੇ ਗੁਰੂ ਦੀ ਸਾਧ ਸੰਗਤ ਦੁਆਰੇ ਜੋ ਉਨ੍ਹਾਂ ਨੂੰ ਦੈਵੀ ਗੁਣਾਂ ਦੀ ਧਾਰਨਾ ਕਰਨ ਦਾ ਉਪਦੇਸ਼ ਮਿਲਿਆ ਹੈ ਉਹ ਉਨ੍ਹਾਂ ਨੇ ਮਨ ਕਰਕੇ ਧਾਰਨ ਕਰ ਲਿਆ ਹੈ, ਜਿਸ ਕਰਕੇ ਉਨ੍ਹਾਂ ਦੀ ਮਾਨਸਕ ਕ੍ਰਿਆ ਦਿਨੋਂ ਦਿਨ ਚੜ੍ਹਦੀ ਕਲਾ ਵਲ ਵਧਦੀ ਹੀ ਤੱਕਣ ਵਿਚ ਆਉਂਦੀ ਹੈ, ਸੰਗਤ ਵਿਚ ਤਾਂ ਬਾਕੀ ਦੇ ਲੋਕ ਭੀ ਭਾਵੇਂ ਹਰ ਰੋਜ਼ ਆਉਂਦੇ ਵੇਖੀਦੇ ਹਨ, ਪਰ ਉਨ੍ਹਾਂ ਦਾ ਆਉਣਾ **ਕੇਵਲ ਰਸਮੀਆ** ਤੌਰ ਪਰ ਹੈ ਇਹੋ ਕਾਰਨ ਹੈ ਕਿ ਉਨ੍ਹਾਂ ਨੂੰ ਚਾਲ੍ਹੀ ਚਾਲ੍ਹੀ ਸਾਲ ਸੰਗਤ ਵਿਚ ਆਉਂਦਿਆਂ ਗੁਜ਼ਰ ਗਏ, ਪਰ ਉਨ੍ਹਾਂ ਦੀ ਮਾਨਸਕ ਕ੍ਰਿਆ ਵਿਚ ਰੰਚਕ-ਮਾਤ੍ਰ ਭੀ ਬਦਲ ਨਹੀਂ ਆਈ, ਗੁਰਮੁਖਾਂ ਨੇ ਗੁਰੂ ਦੀ ਸੰਗਤ ਵਿਚੋਂ ਪ੍ਰੇਰਨਾ ਲੈ ਕੇ ਦ੍ਵੈਤ-ਭਾਵ ਨੂੰ ਮਿਟਾ ਲਿਆ, ਕਿਉਂਕਿ ਉਨ੍ਹਾਂ ਨੂੰ ਸਾਧ ਸੰਗਤ ਵਿਚੋਂ ਇਹੋ ਪ੍ਰੇਰਨਾ ਮਿਲੀ ਹੈ ਜਿਸਦੇ ਉਹ ਦ੍ਰਿੜ੍ਹ ਵਿਸ਼ਵਾਸੀ ਹੋ ਗਏ ਹਨ। ਬਾਣੀ ਦਾ ਫ਼ੁਰਮਾਨ ਹੈ ਕਿ :

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ ॥੧॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ
ਏ ਸੁਮਤਿ ਸਾਧੂ ਤੇ ਪਾਈ ॥੨॥

*(ਕਾਨੜਾ ਮ: ੫, ਪੰਨਾ ੧੨੯੯)*

ਚਰਨ ਕਮਲ ਸੰਗਿ ਲਾਗੀ ਪ੍ਰੀਤਿ ॥
ਬਿਸਰਿ ਗਈ ਸਭ ਦੁਰਮਤਿ ਰੀਤਿ ॥
ਮਨ ਤਨ ਅੰਤਰਿ ਹਰਿ ਹਰਿ ਮੰਤ ॥
ਨਾਨਕ ਭਗਤਨ ਕੈ ਘਰਿ ਸਦਾ ਅਨੰਦ ॥੪॥

*(ਬਿਲਾਵਲੁ ਮ: ੫, ਪੰਨਾ ੮੦੨)*

ਗੁਰ ਮਿਲਿ ਤਿਆਗਿਓ ਦੂਜਾ ਭਾਉ ॥
ਗੁਰਮੁਖਿ ਜਪਿਓ ਹਰਿ ਕਾ ਨਾਉ ॥
ਬਿਸਰੀ ਚਿੰਤ ਨਾਮਿ ਰੰਗੁ ਲਾਗਾ ॥
ਜਨਮ ਜਨਮ ਕਾ ਸੋਇਆ ਜਾਗਾ ॥੧॥

*(ਭੈਰਉ ਮ: ੫, ਪੰਨਾ ੧੧੪੮)*

ਆਠ ਪਹਰ ਅਪਨਾ ਪ੍ਰਭੁ ਸਿਮਰਹ
ਏਕੋ ਨਾਮੁ ਧਿਆਏ ਰਾਮ ॥
ਧਿਆਇ ਸੋ ਪ੍ਰਭੁ ਤਰੇ ਭਵਜਲ ਰਹੇ ਆਵਣ ਜਾਣਾ ॥

*(ਰਾਮਕਲੀ ਮ: ੫, ਪੰਨਾ ੯੨੬)*

ਉਠਦਿਆ ਬਹਦਿਆ ਸੁਤਿਆ
ਸਦਾ ਸਦਾ ਹਰਿ ਨਾਮੁ ਧਿਆਈਐ
ਜਨ ਨਾਨਕ ਗੁਰਮੁਖਿ ਹਰਿ ਲਹੀਐ ॥੨੧॥

*(ਪਉੜੀ, ਪੰਨਾ ੫੯੪)*

ਹਰਿ ਹਰਿ ਹਰਿ ਹਰਿ ਹਰਿ ਹਰੇ
ਹਰਿ ਹਰਿ ਹਰਿ ਹੇਤ ॥
ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ ॥

*(ਬਿਲਾਵਲੁ ਮ: ੫, ਪੰਨਾ ੮੧੦)*

ਊਠਤ ਬੈਠਤ ਸੋਵਤ ਜਾਗਤ
ਜੀਅ ਪ੍ਰਾਨ ਧਨ ਮਾਲ॥੨॥
ਦਰਸਨ ਪਿਆਸ ਬਹੁਤੁ ਮਨਿ ਮੇਰੈ
ਨਾਨਕ ਦਰਸ ਨਿਹਾਲ॥੩॥ *(ਨਟ ਮ: ੫, ਪੰਨਾ ੯੮੦)*

ਆਰਾਧਉ ਤੁਝਹਿ ਸੁਆਮੀ ਅਪਨੇ॥
ਊਠਤ ਬੈਠਤ ਸੋਵਤ ਜਾਗਤ
ਸਾਸਿ ਸਾਸਿ ਸਾਸਿ ਹਰਿ ਜਪਨੇ॥
*(ਕਾਨੜਾ ਮ: ੫, ਪੰਨਾ ੧੨੯੮)*

ਊਠਤ ਬੈਠਤ ਸੋਵਤ ਜਾਗਤ
ਇਹੁ ਮਨੁ ਤੁਝਹਿ ਚਿਤਾਰੈ॥
ਸੂਖ ਦੂਖ ਇਸੁ ਮਨ ਕੀ ਬਿਰਥਾ
ਤੁਝਹੀ ਆਗੈ ਸਾਰੈ॥੧॥ *(ਬਿਲਾਵਲੁ ਮ: ੫, ਪੰਨਾ ੮੨੦)*

ਊਠਤ ਬੈਠਤ ਸੋਵਤ ਨਾਮ॥
ਕਹੁ ਨਾਨਕ ਜਨ ਕੈ ਸਦ ਕਾਮ॥੬॥
*(ਸੁਖਮਨੀ, ਪੰਨਾ ੨੮੬)*

ਇਹ ਹੈ, ਗੁਰਮੁਖਾਂ ਦੀ ਮਾਨਸਕ ਕ੍ਰਿਆ ਜਿਸ ਵਿਚ ਮਸਤ ਹੋਏ ਉਹ ਸਦਾ ਹੀ ਆਪਣਾ ਜੀਵਨ ਗੁਜ਼ਾਰਦੇ ਹਨ, ਅਜਿਹੀ ਪ੍ਰੇਰਨਾ ਬਾਣੀ ਵਿਚੋਂ ਉਨ੍ਹਾਂ ਨੂੰ ਸਤਿਸੰਗਤ ਦੁਆਰੇ ਹਰ ਰੋਜ਼ ਹੀ ਮਿਲਦੀ ਰਹੀ ਹੈ, ਜਿਸ ਦੇ ਅਧਾਰਤ ਹੋ ਉਨ੍ਹਾਂ ਨੇ ਆਪਣੀ ਸੁਰਤ ਨੂੰ ਰੱਬੀ ਮਾਰਗ 'ਤੇ ਟੋਰਨ ਦਾ ਸਦਾ ਹੀ ਉਪਰਾਲਾ ਕੀਤਾ ਹੈ। ਮੈਂ ਭੀ ਉਨ੍ਹਾਂ ਦੀਆਂ ਮਾਨਸਕ ਉੱਚੀਆਂ ਉਡਾਣਾਂ ਨੂੰ ਤੱਕ ਕੇ ਇਸ ਪਉੜੀ ਵਿਚ ਉਨ੍ਹਾਂ ਦੇ ਤੁੱਛ-ਮਾਤ੍ਰ ਦੈਵੀ ਗੁਣਾਂ ਦਾ ਜ਼ਿਕਰ ਕੀਤਾ ਹੈ, ਤਾਂਕਿ ਸਾਡੇ ਜੈਸੇ ਨਿਰਗੁਣਿਆਂ ਨੂੰ ਭੀ ਉਨ੍ਹਾਂ ਦੇ ਸ਼ੁਭ ਗੁਣਾਂ ਦੀ ਧਾਰਨਾ ਨਸੀਬ ਹੋ ਆਵੇ।

(੧) (ਪਹਿਲਾ ਗੁਣ ਉਨ੍ਹਾਂ ਵਿਚ ਅਸੀਂ ਇਹ ਵੇਖਦੇ ਹਾਂ ਕਿ) ਗੁਰਮੁਖਾਂ ਨੇ (ਮਨ ਕਰਕੇ) ਮੈਂ ਮੇਰੀ ਦਾ ਆਪਾ-ਭਾਵਾ ਮਿਟਾ ਦਿਤਾ ਹੈ, ਪਰ ਇਸ ਆਪਾ-ਭਾਵ ਮਿਟਾਉਣ ਦੀ ਮਹੱਤਤਾ ਨੂੰ ਕਿਸੇ ਤਾਈਂ ਜਣਾਇਆ ਨਹੀਂ।

(੨) ਉਨ੍ਹਾਂ ਨੇ ਦੂਜੇ ਭਾਵ ਦੇ ਅੰਧੇਰੇ ਨੂੰ ਮਿਟਾ ਕੇ ਇਕ ਪ੍ਰਭੂ ਪਰਮੇਸ਼ਰ ਦਾ ਹੀ ਸਿਮਰਨ ਕੀਤਾ ਹੈ।

(੩) ਗੁਰੂ (ਸਿਖਿਆ ਦੇਣ ਵਾਲੇ ਸਤਿਗੁਰੂ ਜੀ) ਨੂੰ ਪਰਮੇਸ਼ਰ ਦਾ ਰੂਪ ਜਾਣਕੇ, ਉਨ੍ਹਾਂ ਵਲੋਂ ਮਿਲੇ ਗੁਰ ਸ਼ਬਦ ਦੀ ਕਮਾਈ ਕੀਤੀ ਹੈ।

(੪) ਉਹ ਸਾਧ ਸੰਗਤ ਵਿਚ ਅੰਮ੍ਰਿਤ ਵੇਲੇ ਚਲ ਕੇ ਜਾਂਦੇ ਹਨ ਤੇ ਸੀਸ ਨਿਵਾ ਕੇ ਬੈਠ ਕੇ ਸ਼ਬਦ ਦਾ ਕੀਰਤਨ ਸੁਣਦੇ ਹਨ।

(੫) ਉਹ ਗੁਰਮੁਖਾਂ ਦੀ ਕਾਰ ਕਰਦੇ (ਨਾਮ ਸਿਮਰਨ ਦੇ ਅਭਿਆਸ ਦੀ) ਕਮਾਈ ਕਰਦੇ ਹਨ (ਜਿਸ ਦਾ ਨਤੀਜਾ) ਸੁਖ ਫਲ ਪ੍ਰਾਪਤ ਕਰਦੇ ਹਨ।

(੬) ਸੁਖ ਫਲ ਪ੍ਰਾਪਤ ਕਰਕੇ, ਸ਼ਬਦ ਦੀ ਕਮਾਈ ਕਰਕੇ ਪ੍ਰਭੂ ਪ੍ਰੇਮ ਦਾ ਪਿਆਲਾ ਪੀਂਦੇ ਹਨ ਤੇ ਇਸ ਪ੍ਰੇਮ ਰਸ ਦੇ ਮਹਾਨ ਆਤਮਕ ਸ਼ਕਤੀ ਦੇ ਸੁਖ ਦਾ ਨਾ ਜਰੇ ਜਾਣ ਵਾਲਾ ਅਨੰਦ ਮਾਣਦੇ ਹਨ, ਕਿਸੇ ਨੂੰ ਜਣਾਉਂਦੇ ਨਹੀਂ।੪।

***ਭਾਵਾਰਥ :*** ਉਨ੍ਹਾਂ ਗੁਰਮੁਖਾਂ ਨੂੰ ਜੋ ਨਾਮ ਦਾ ਚਿੰਤਨ ਕਰਦਿਆਂ ਰਸ ਪ੍ਰਾਪਤ ਹੋਇਆ ਹੈ ਉਹ ਗੂੰਗੇ ਦੇ ਗੁੜ ਖ਼ਾਣ ਵਾਂਗੂੰ ਹੈ, ਭਾਵ ਉਹ ਬਿਆਨ ਨਹੀਂ ਕਰ ਸਕਦੇ ਕੇਵਲ ਉਹ ਖ਼ੁਦ ਹੀ ਅਨੁਭਵ ਕਰਦੇ ਹਨ, ਕਿਉਂਕਿ ਉਸ ਰਸ ਨੂੰ ਜ਼ਬਾਨ ਕਹਿ ਨਹੀਂ ਸਕਦੀ।

## ੫. ਗੁਰਮੁਖਾਂ ਦੀ ਨਿੱਤ ਕਿਰਿਆ

**੧. ਅੰਮ੍ਰਿਤ ਵੇਲੇ ਉਠਿ**
**ਜਾਗਿ ਜਗਾਇਆ।**
**੨. ਗੁਰਮੁਖ ਤੀਰਥ ਨ੍ਹਾਇ**
**ਨ ਭਰਮ ਭੁਲਾਇਆ।**
**੩. ਗੁਰਮੁਖ ਮੰਤ ਸਮ੍ਹਾਲਿ**
**ਜਾਪੁ ਜਪਾਇਆ।**
**੪. ਗੁਰਮਤਿ ਨਿਹਚਲ ਹੋਇ**
**ਇਕ ਮਨ ਧਿਆਇਆ।**
**੫. ਮੱਥੈ ਟਿੱਕਾ ਲਾਲ**
**ਨਿਸ਼ਾਣ ਸੁਹਾਇਆ।**
**੬. ਪੈਰੀਂ ਪੈ ਗੁਰਸਿੱਖ ਪੈਰੀਂ ਪਾਇਆ॥੫॥**

***ਪਦ ਅਰਥ :*** ਜਾਗਿ ਜਗਾਇਆ—ਆਪ ਜਾਗੇ ਤੇ ਹੋਰਨਾਂ ਨੂੰ ਜਗਾਇਆ। ਸਮ੍ਹਾਲਿ—ਸੋਧਕੇ, ਠੀਕ ਤਰ੍ਹਾਂ ਨਾਲ। ਮੰਤ—ਗੁਰ ਮੰਤ੍ਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਿਵੇਂ ਅਸੀਂ ਵੇਖਦੇ ਹਾਂ ਕਿ ਹਰ ਧਰਮ ਵਿਚ ਹੀ ਹਰ ਧਰਮੀ ਬੰਦਾ ਆਪੋ ਆਪਣੀ ਭਿੰਨ

ਭਿੰਨ ਨਿੱਤ ਦੀ ਕ੍ਰਿਆ ਕਰਦਾ ਹੈ, ਜਿਵੇਂ ਕਿ ਇਸਲਾਮੀ ਲੋਕ ਪੰਜ ਵਕਤ ਪੰਜ ਨਿਮਾਜ਼ਾਂ ਪੜ੍ਹਨ ਦੇ ਧਾਰਨੀ ਹਨ, ਸਨਾਤਨੀ ਹਿੰਦੂ ਲੋਕ ਤਿੰਨ ਸਮੇਂ ਪੂਜਾ ਪਾਠ ਕਰਦੇ ਹਨ, ਕਿਉਂ ਜੀ ! ਦਸੋਗੇ ਕਿ ਗੁਰਮੁਖਾਂ ਦੀ ਭੀ ਇਸੇ ਤਰ੍ਹਾਂ ਦੀ ਕੋਈ ਹਰ ਰੋਜ਼ ਦੀ ਕ੍ਰਿਆ ਹੈ, ਜਿਸ ਨੂੰ ਗੁਰਮੁਖ ਨਿਤਾ-ਪ੍ਰਤੀ ਕਰਦੇ ਹਨ ?

**ਉ:** ਹੇ ਭਾਈਓ ! ਮੈਂ ਤਾਂ ਵੇਖਦਾ ਹਾਂ ਕਿ ਗੁਰਮੁਖਾਂ ਨੇ ਨਿੱਤ ਦੀ ਕ੍ਰਿਆ ਉਹੀ ਧਾਰਨ ਕਰ ਰੱਖੀ ਹੈ, ਜਿਸਦੀ ਪ੍ਰੇਰਨਾ ਉਨ੍ਹਾਂ ਨੂੰ ਸੰਗਤ ਦੁਆਰਾ ਬਾਣੀ ਵਿਚੋਂ ਮਿਲੀ ਹੈ। ਕਿਉਂਕਿ ਬਾਣੀ ਵਿਚ ਜਿਥੇ ਹਰ ਬੰਦੇ ਦੇ ਧਰਮ ਧਾਰਨ ਵਾਲੇ ਨੂੰ ਉਸਦੇ ਧਰਮ ਵਿਚ ਰਹਿਣ ਦੀ ਅੰਤ੍ਰੀਵ ਧਾਰਨਾ ਦਰਸਾਈ ਹੈ, ਇਸੇ ਤਰ੍ਹਾਂ ਗੁਰਮੁਖਾਂ ਨੂੰ ਭੀ ਨਿਤ ਦੀ ਕ੍ਰਿਆ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਇਸ ਲਈ ਗੁਰਮੁਖ ਸਦਾ ਬਾਣੀ ਵਿਚ ਆਈ ਪ੍ਰੇਰਨਾ ਅਨੁਸਾਰ ਹੀ ਨਿੱਤ ਦੀ ਕ੍ਰਿਆ ਕਰਨ ਦੇ ਨਿਯਮੀ ਵੇਖਣ ਵਿਚ ਆਉਂਦੇ ਹਨ, ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੁ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥

*(ਮ: ੪, ਪੰਨਾ ੩੦੫)*

ਮੈ ਮੂਰਖ ਕੀ ਗਤਿ ਕੀਜੈ ਮੇਰੇ ਰਾਮ ॥
ਗੁਰ ਸਤਿਗੁਰ ਸੇਵਾ ਹਰਿ ਲਾਇ ਹਮ ਕਾਮ ॥

*(ਗਉੜੀ ਮ: ੪, ਪੰਨਾ ੧੬੬)*

ਗੁਰਸਿਖਾ ਕੈ ਮਨਿ ਭਾਵਦੀ
ਗੁਰ ਸਤਿਗੁਰ ਕੀ ਵਡਿਆਈ ॥
ਹਰਿ ਰਾਖਹੁ ਪੈਜ ਸਤਿਗੁਰੂ ਕੀ ਨਿਤ ਚੜੈ ਸਵਾਈ ॥

*(ਮ: ੪, ਪੰਨਾ ੩੧੦)*

ਗੁਰਿ ਸਤਿਗੁਰਿ ਦਾਤੈ ਪੰਥੁ ਬਤਾਇਆ
ਹਰਿ ਮਿਲਿਆ ਆਇ ਪ੍ਰਭੁ ਮੇਰੀ ॥
ਅਨਦਿਨੁ ਅਨਦੁ ਭਇਆ ਵਡਭਾਗੀ
ਸਭ ਆਸ ਪੁਜੀ ਜਨ ਕੇਰੀ ॥੩॥

*(ਗਉੜੀ ਮ: ੪, ਪੰਨਾ ੧੭੦)*

ਗੁਰ ਸਤਿਗੁਰਿ ਨਾਮੁ ਦ੍ਰਿੜਾਇਓ ਹਰਿ ਹਰਿ
ਹਮ ਮੁਏ ਜੀਵੇ ਹਰਿ ਜਪਿਭਾ ॥

*(ਪ੍ਰਭਾਤੀ ਮ: ੪, ਪੰਨਾ ੧੩੩੭)*

ਜਾਗਤ ਰਹੇ ਤਿਨੀ ਪ੍ਰਭ ਪਾਇਆ
ਸਬਦੇ ਹਉਮੈ ਮਾਰੀ ॥
ਗਿਰਹੀ ਮਹਿ ਸਦਾ ਹਰਿ ਜਨ ਉਦਾਸੀ
ਗਿਆਨ ਤਤ ਬੀਚਾਰੀ ॥
ਸਤਿਗੁਰੁ ਸੇਵਿ ਸਦਾ ਸੁਖੁ ਪਾਇਆ
ਹਰਿ ਰਾਖਿਆ ਉਰਧਾਰੀ ॥੨॥

*(ਸੋਰਠਿ ਮ: ੩, ਪੰਨਾ ੫੯੯)*

ਜਾਗਨਾ ਜਾਗਨੁ ਨੀਕਾ
ਹਰਿ ਕੀਰਤਨ ਮਹਿ ਜਾਗਨਾ ॥

*(ਮਾਰੂ ਮ: ੫, ਪੰਨਾ ੧੦੧੮)*

ਜਾਗੁ ਰੇ ਮਨ ਜਾਗਨਹਾਰੇ ॥
ਬਿਨੁ ਹਰਿ ਅਵਰੁ ਨ ਆਵਸਿ ਕਾਮਾ
ਝੂਠਾ ਮੋਹੁ ਮਿਥਿਆ ਪਸਾਰੇ ॥ *(ਆਸਾ ਮ: ੫, ਪੰਨਾ ੩੮੭)*

ਫਰੀਦਾ ਪਿਛਲ ਰਾਤਿ ਨ ਜਾਗਿਓਹਿ
ਜੀਵਦੜੋ ਮੁਇਓਹਿ ॥
ਜੇ ਤੈ ਰਬੁ ਵਿਸਾਰਿਆ
ਤ ਰਬਿ ਨ ਵਿਸਰਿਓਹਿ ॥੧੦੭॥

*(ਸਲੋਕ ਫਰੀਦ ਜੀ, ਪੰਨਾ ੧੩੮੩)*

ਫਰੀਦਾ ਬੇਨਿਵਾਜਾ ਕੁਤਿਆ ਏ ਨ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥੭੦॥
ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥੭੧॥
ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥੭੨॥

*(ਸਲੋਕ ਫਰੀਦ ਜੀ, ਪੰਨਾ ੧੩੮੧)*

ਕਬੀਰ ਸੂਤਾ ਕਿਆ ਕਰਹਿ ਜਾਗੁ ਰੋਇ ਭੈ ਦੁਖ ॥
ਜਾ ਕਾ ਬਾਸਾ ਗੋਰ ਮਹਿ ਸੋ ਕਿਉ ਸੋਵੈ ਸੁਖ ॥੧੨੭॥
ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ ॥
ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ ॥੧੨੮॥

ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ ॥
ਜਾ ਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗਿ ਲਾਗੁ ॥੧੨੯॥

*(ਸਲੋਕ ਕਬੀਰ ਜੀ, ਪੰਨਾ ੧੩੭੧)*

ਜਾਗਿ ਲੇਹੁ ਰੇ ਮਨਾ ਜਾਗਿ ਲੇਹੁ
ਕਹਾ ਗਾਫਲ ਸੋਇਆ ॥
ਜੋ ਤਨੁ ਉਪਜਿਆ ਸੰਗ ਹੀ
ਸੋ ਭੀ ਸੰਗਿ ਨ ਹੋਇਆ ॥ *(ਤਿਲੰਗ ਮ: ੯, ਪੰਨਾ ੭੨੬)*

ਕਿਆ ਤੂ ਸੋਇਆ ਜਾਗੁ ਇਆਨਾ ॥
ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥

*(ਸੂਹੀ, ਪੰਨਾ ੭੯੪)*

ਇਸੇ ਭਾਵ ਦੀਆਂ ਹੋਰ ਭੀ ਅਨੇਕਾਂ ਪੰਗਤੀਆਂ ਗੁਰਬਾਣੀ ਵਿਚੋਂ ਗੁਰਮੁਖਾਂ ਦੇ ਪੜ੍ਹਨ ਵਿਚ ਆਈਆਂ ਹਨ, ਜਿਨ੍ਹਾਂ ਨੂੰ ਗੁਰਮੁਖਾਂ ਨੇ ਆਪਣੇ ਜੀਵਨ ਦਾ ਅੰਗ ਬਣਾ ਲਿਆ ਹੈ ਤੇ ਹਰ ਰੋਜ਼ ਹੀ ਅੰਮ੍ਰਿਤ ਵੇਲੇ ਉਠ ਕੇ ਉਸ ਪ੍ਰਭੂ ਦੀ ਯਾਦ ਵਿਚ ਜੁੜ ਜਾਂਦੇ ਹਨ, ਸਹਿਜੇ ਸਹਿਜੇ ਉਨ੍ਹਾਂ ਦੀ ਮਾਨਸਕ ਅਵਸਥਾ ਇਤਨੀ ਉਡਾਣਾਂ ਵਿਚ ਚਲੀ ਗਈ ਹੈ ਕਿ ਉਹ ਸੰਸਾਰ ਦੇ ਵਿਚ ਰਹਿੰਦਿਆਂ ਹੀ ਆਪਣਾ ਜੀਵਨ ਨਿਰਲੇਪ ਗੁਜ਼ਾਰ ਜਾਂਦੇ ਹਨ। ਸੋ, ਮੈਂ ਭੀ ਉਨ੍ਹਾਂ ਦੀ ਮਾਨਸਕ ਨਿਰਲੇਪਤਾ ਨੂੰ ਤੱਕ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉਲੀਕੀਆਂ ਹਨ, ਜਿਨ੍ਹਾਂ ਵਿਚ ਉਨ੍ਹਾਂ ਦੇ ਦੈਵੀ ਗੁਣਾਂ ਦੀ ਰੰਚਕ-ਮਾਤ੍ਰ ਵਿਸ਼ੇਸ਼ਤਾ ਵਿਖਾਈ ਹੈ:

(੧) (ਹੇ ਭਾਈਓ ! ਮੈਂ ਤਾਂ ਹਰ ਰੋਜ਼ ਹੀ ਜਦੋਂ ਗੁਰਮੁਖਾਂ ਵੱਲ ਤੱਕਦਾ ਹਾਂ ਉਹ ਆਪ) ਅੰਮ੍ਰਿਤ ਵੇਲੇ ਉਠਦੇ ਹਨ ਤੇ (ਇਸ਼ਨਾਨ ਕਰਕੇ) ਸੁਚੇਤ ਹੋ (ਸਿਮਰਨ ਭਜਨ ਵਿਚ) ਜਾਗਦੇ (ਤੇ ਹੋਰਨਾਂ ਨੂੰ ਇਸ ਸੁਚੱਜੇ ਪਾਸੇ ਚਲਣ ਲਈ) ਜਗਾਉਂਦੇ ਹਨ।

(੨) (ਉਹ) ਗੁਰਮੁਖ (ਸਿਮਰਨ ਭਜਨ ਦੇ) ਤੀਰਥ ਵਿਚ ਇਸ਼ਨਾਨ ਕਰਕੇ ਸਭ ਭਰਮਾਂ ਭੁਲੇਖਿਆਂ ਨੂੰ ਦੂਰ ਕਰਦੇ ਹਨ।

(੩) ਗੁਰਮੁਖ ਲੋਕ ਗੁਰ-ਮੰਤ੍ਰ (ਗੁਰ-ਸਿਖਿਆ ਨੂੰ) ਸੰਭਾਲਦੇ ਹਨ, ਭਾਵ ਦ੍ਰਿੜ੍ਹਤਾ ਨਾਲ ਆਪ ਜਾਪ ਜਪਦੇ (ਤੇ ਹੋਰਨਾਂ ਤੋਂ) ਜਪਾਉਂਦੇ ਹਨ।

(੪) ਗੁਰਮੁਖ ਮਨ ਨੂੰ ਅਡੋਲ ਕਰਕੇ, ਨਿਹਚਲ ਹੋ ਇਕ ਮਨ ਹੋ (ਪਰਮੇਸ਼ਰ ਨੂੰ) ਧਿਆਉਂਦੇ ਹਨ ਤੇ ਇਸ ਘਾਲ ਕਮਾਈ ਨਾਲ ਉਹ ਜੀਵਨ ਖੇਡ ਨੂੰ ਜਿੱਤ ਜਾਂਦੇ ਹਨ।

(੫) ਇਸ ਪੁੱਗੇ ਹੋਏ ਗੁਰਮੁਖ ਦੇ ਮੱਥੇ ਤੇ ਪ੍ਰਵਾਣਗੀ ਦਾ ਜਲਾਲ-ਮਈ ਟਿੱਕਾ (ਪ੍ਰਤਾਪ ਦਾ) ਨੀਸ਼ਾਨ ਸੋਭਾ ਪਾਉਂਦਾ ਹੈ।

(੬) (ਗੁਰਮੁਖ) ਆਪ ਗੁਰਸਿੱਖਾਂ ਦੇ ਪੈਰੀਂ ਪੈਂਦੇ ਹਨ (ਗੁਰਸਿੱਖੀ ਦੀ ਰਹੁ-ਰੀਤੀ ਨੂੰ ਨਿਭਾਉਂਦੇ ਹਨ ਤੇ ਇਸੇ ਕ੍ਰਿਆ ਨੂੰ ਅਗੋਂ ਸਿੱਖਾਂ ਵਿਚ) ਪੈਰੀਂ ਪੈਣਾ ਪ੍ਰਚੱਲਤ ਕਰ ਦਿੰਦੇ ਹਨ।੫।

***ਭਾਵਾਰਥ :*** ਅਜਿਹੇ ਗੁਰਸਿੱਖਾਂ ਦੀ ਚਲੀ ਆ ਰਹੀ ਪਰੰਪਰਾ ਰਹੁ-ਰੀਤੀ ਨੂੰ ਅਗੇ ਤੇ ਅਗੇ ਗੁਰੂ ਦੇ ਸਿਖ ਧਾਰਨ ਕਰਦੇ ਹੋਏ ਆਪਣੀ ਇਸ ਮਨੁੱਖ ਜਾਮੇ ਦੀ ਜੀਵਨ ਯਾਤਰਾ ਨੂੰ ਸਫ਼ਲ ਕਰਦੇ ਹਨ ਤੇ ਅਗੋਂ ਹੋਰਨਾਂ ਨੂੰ ਭੀ ਪ੍ਰੇਰਨਾ ਮਿਲਦੀ ਹੈ।

## *੬. ਗੁਰਸਿੱਖ ਦੀ ਰਹੁ-ਰੀਤ*

**੧. ਪੈਰੀਂ ਪੈ ਗੁਰਸਿੱਖ**
**ਪੈਰ ਧੁਆਇਆ।**
**੨. ਅੰਮ੍ਰਿਤ ਬਾਣੀ ਚੱਖੁ**
**ਮਨ ਵਸਿ ਆਇਆ।**
**੩. ਪਾਣੀ ਪੱਖਾ ਪੀਹਿ**
**ਭੱਠੁ ਝੁਕਾਇਆ।**
**੪. ਗੁਰਬਾਣੀ ਸੁਣਿ ਸਿਖਿ**
**ਲਿਖਿ ਲਿਖਾਇਆ।**
**੫. ਨਾਮੁ ਦਾਨੁ ਇਸ਼ਨਾਨੁ**
**ਕਰਮ ਕਮਾਇਆ।**
**੬. ਨਿਵ ਚੱਲਣੁ ਮਿਠ ਬੋਲ ਘਾਲਿ ਖਵਾਇਆ ॥੬॥**

***ਪਦ ਅਰਥ :*** ਅੰਮ੍ਰਿਤ ਬਾਣੀ—ਗੁਰਬਾਣੀ ਦਾ ਰਸ। ਭਠੁ ਝੁਕਾਇਆ—ਲੰਗਰ ਦੀ ਸੇਵਾ। ਲਿਖਿ ਲਿਖਾਇਆ—ਲਿਖਦੇ ਤੇ ਲਿਖਾਉਂਦੇ। ਘਾਲਿ ਖਵਾਇਆ—ਦਸਾਂ ਨੌਹਾਂ ਦੀ ਕਿਰਤ ਕਰਕੇ ਆਪ ਖਾਂਦੇ ਤੇ ਹੋਰਨਾਂ ਨੂੰ ਖੁਆਉਂਦੇ ਹਨ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਅਸੀਂ ਤਾਂ ਆਪੋ ਆਪਣੇ ਕਾਰੋਬਾਰਾਂ ਵਿਚ ਸਦਾ ਹੀ ਰੁੱਝੇ ਰਹਿੰਦੇ ਹਾਂ, ਪਰ ਆਪ ਜੀ ਤਾਂ ਹਮੇਸ਼ਾਂ ਹੀ ਗੁਰਸਿੱਖਾਂ ਦੀ ਰਹੁ-ਰੀਤ ਨੂੰ ਤੱਕਦੇ

ਰਹਿੰਦੇ ਹੋ, ਕੀ ਸਾਨੂੰ ਇਸ ਪੱਖ ਦੀ ਭੀ ਜਾਣਕਾਰੀ ਦਿਓਗੇ ਕਿ ਗੁਰਸਿੱਖਾਂ ਦੀ ਨਿਰਮਲ ਰਹੁ-ਰੀਤ ਕੀ ਹੈ ਜਿਸ ਦੇ ਕਰਦੇ ਰਹਿਣ ਨਾਲ ਉਨ੍ਹਾਂ ਦੀ ਮਾਨਸਕ ਉਡਾਰੀ ਇਤਨੀ ਉਚਾਣਾਂ 'ਤੇ ਜਾ ਪੁੱਜੀ ਹੈ ਜਿਥੇ ਕਿ ਆਮ ਲੁਕਾਈ ਦੇ ਮਨ ਦੀ ਗੰਮਤਾ ਨਹੀਂ ਹੈ ?

**ਉ:** ਹੇ ਭਾਈਓ ! ਮੈਂ ਜਦੋਂ ਭੀ ਗੁਰਸਿੱਖਾਂ ਦੀ ਰਹੁ-ਰੀਤੀ ਵੱਲ ਨਜ਼ਰ ਮਾਰਦਾ ਹਾਂ ਤਾਂ ਉਨ੍ਹਾਂ ਨੇ ਓਹੀ ਰਹੁ-ਰੀਤ ਨੂੰ ਅਪਨਾਇਆ ਹੈ ਜੋ ਗੁਰੂ ਨੇ ਗੁਰਬਾਣੀ ਵਿਚ ਧਾਰਨ ਕਰਨ ਦੀ ਪ੍ਰੇਰਨਾ ਕੀਤੀ ਹੈ, ਜਿਵੇਂ ਕਿ ਗੁਰਬਾਣੀ ਦਾ ਫ਼ੁਰਮਾਨ ਹੈ ਕਿ :

ਗੁਰਸਿਖ ਮੀਤ ਚਲਹੁ ਗੁਰ ਚਾਲੀ ॥
ਜੋ ਗੁਰੁ ਕਹੈ ਸੋਈ ਭਲ ਮਾਨਹੁ
ਹਰਿ ਹਰਿ ਕਥਾ ਨਿਰਾਲੀ ॥

*(ਧਨਾਸਰੀ ਮ: ੪, ਪੰਨਾ ੬੬੭)*

ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥....
ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ ॥

*(ਗੂਜਰੀ ਮ: ੫, ਪੰਨਾ ੫੧੭)*

ਸੋ ਸਿਖੁ ਸਖਾ ਬੰਧਪੁ ਹੈ ਭਾਈ
ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥
ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ
ਫਿਰਿ ਫਿਰਿ ਪਛੋਤਾਵੈ ॥੧॥

*(ਸੋਰਠਿ ਮ: ੩, ਪੰਨਾ ੬੦੧)*

ਜੇ ਤੂ ਤੁਠਾ ਕ੍ਰਿਪਾ ਨਿਧਾਨ
ਨਾ ਦੂਜਾ ਵੇਖਾਲਿ ॥
ਏਹਾ ਪਾਈ ਮੂ ਦਾਤੜੀ
ਨਿਤ ਹਿਰਦੈ ਰਖਾ ਸਮਾਲਿ ॥੩॥
ਪਾਵ ਜੁਲਾਈ ਪੰਧ ਤਉ ਨੈਣੀ ਦਰਸੁ ਦਿਖਾਲਿ ॥
ਸ੍ਰਵਣੀ ਸੁਣੀ ਕਹਾਣੀਆ ਜੇ ਗੁਰੁ ਥੀਵੈ ਕਿਰਪਾਲਿ ॥੪॥

*(ਸੂਹੀ ਮ: ੫, ਪੰਨਾ ੭੬੧)*

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥
ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥
ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥
ਆਪੁ ਛਡਿ ਸਦਾ ਰਹੈ ਪਰਣੈ
ਗੁਰ ਬਿਨੁ ਅਵਰੁ ਨ ਜਾਣੈ ਕੋਏ ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥੨੧॥

*(ਅਨੰਦੁ, ਪੰਨਾ ੯੧੯)*

ਪਾਵ ਮਲੋਵਉ ਸੰਗਿ ਨੈਨ ਭਤੀਰੀ ॥
ਜਹਾ ਪਠਾਵਹੁ ਜਾਂਉ ਤਤੀ ਰੀ ॥੨॥
ਜਪ ਤਪ ਸੰਜਮ ਦੇਉ ਜਤੀ ਰੀ ॥
ਇਕ ਨਿਮਖ ਮਿਲਾਵਹੁ ਮੋਹਿ ਪ੍ਰਾਨ ਪਤੀ ਰੀ ॥੩॥
ਮਾਣੁ ਤਾਣੁ ਅਹੰਬੁਧਿ ਹਤੀ ਰੀ ॥
ਸਾ ਨਾਨਕ ਸੋਹਾਗਵਤੀ ਰੀ ॥੪॥

*(ਸੂਹੀ ਮ: ੫, ਪੰਨਾ ੭੩੯)*

ਸ੍ਰਵਨੀ ਸੁਨਉ ਹਰਿ ਹਰਿ ਹਰੇ ਠਾਕੁਰ ਜਸੁ ਗਾਵਉ ॥
ਸੰਤ ਚਰਣ ਕਰ ਸੀਸੁ ਧਰਿ ਹਰਿ ਨਾਮੁ ਧਿਆਵਉ ॥੧॥
ਕਰਿ ਕਿਰਪਾ ਦਇਆਲ ਪ੍ਰਭ
ਇਹ ਨਿਧਿ ਸਿਧਿ ਪਾਵਉ ॥
ਸੰਤ ਜਨਾ ਕੀ ਰੇਣੁਕਾ ਲੈ ਮਾਥੈ ਲਾਵਉ ॥੧॥ਰਹਾਉ॥
ਨੀਚ ਤੇ ਨੀਚੁ ਅਤਿ ਨੀਚੁ ਹੋਇ
ਕਰਿ ਬਿਨਉ ਬੁਲਾਵਉ ॥
ਪਾਵ ਮਲੋਵਾ ਆਪੁ ਤਿਆਗਿ ਸੰਤ ਸੰਗਿ ਸਮਾਵਉ ॥੨॥
ਸਾਸਿ ਸਾਸਿ ਨਹ ਵੀਸਰੈ ਅਨ ਕਤਹਿ ਨ ਧਾਵਉ ॥
ਸਫਲ ਦਰਸਨ ਗੁਰੁ ਭੇਟੀਐ ਮਾਨੁ ਮੋਹੁ ਮਿਟਾਵਉ ॥੩॥
ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥
ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥੪॥

*(ਬਿਲਾਵਲੁ ਮਹਲਾ ੫, ਪੰਨਾ ੮੧੨)*

ਸੁਣਿ ਮੀਤਾ ਧੂਰੀ ਕਉ ਬਲਿ ਜਾਈ ॥
ਇਹੁ ਮਨੁ ਤੇਰਾ ਭਾਈ ॥ਰਹਾਉ॥
ਪਾਵ ਮਲੋਵਾ ਮਲਿ ਮਲਿ ਧੋਵਾ
ਇਹੁ ਮਨੁ ਤੈ ਕੂ ਦੇਸਾ ॥
ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ
ਪ੍ਰਭ ਮਿਲਉ ਦੇਹੁ ਉਪਦੇਸਾ ॥੨॥
ਮਾਨੁ ਨ ਕੀਜੈ ਸਰਣਿ ਪਰੀਜੈ
ਕਰੈ ਸੁ ਭਲਾ ਮਨਾਈਐ ॥
ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ
ਇਉ ਦਰਸਨੁ ਹਰਿ ਜੀਉ ਪਾਈਐ ॥੩॥

*(ਸੋਰਠਿ ਮ: ੫, ਪੰਨਾ ੬੧੨)*

ਧਨੁ ਧਨੁ ਹਰਿ ਜਨ ਜਿਨਿ ਹਰਿ ਪ੍ਰਭੁ ਜਾਤਾ ॥
ਜਾਇ ਪੁਛਾ ਜਨ ਹਰਿ ਕੀ ਬਾਤਾ ॥
ਪਾਵ ਮਲੋਵਾ ਮਲਿ ਮਲਿ ਧੋਵਾ
ਮਿਲਿ ਹਰਿ ਜਨ ਹਰਿ ਰਸੁ ਪੀਚੈ ਜੀਉ ॥੨॥

*(ਮਾਝ ਮ: ੪, ਪੰਨਾ ੯੬)*

ਕਬੀਰਾ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ ॥
ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ ॥੧੪੬॥

ਕਬੀਰ ਰੋੜਾ ਹੂਆ ਤ ਕਿਆ ਭਇਆ
ਪੰਥੀ ਕਉ ਦੁਖੁ ਦੇਇ ॥
ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ ॥੧੪੭॥
ਕਬੀਰ ਖੇਹ ਹੂਈ ਤਉ ਕਿਆ ਭਇਆ
ਜਉ ਉਡਿ ਲਾਗੈ ਅੰਗ ॥
ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ ॥੧੪੮॥
ਕਬੀਰ ਪਾਨੀ ਹੂਆ ਤ ਕਿਆ ਭਇਆ
ਸੀਰਾ ਤਾਤਾ ਹੋਇ ॥
ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ ॥੧੪੯॥
*(ਸਲੋਕ ਕਬੀਰ ਜੀ, ਪੰਨਾ ੧੩੭੨)*

ਇਸ ਤਰ੍ਹਾਂ ਹੋਰ ਭੀ ਗੁਰਬਾਣੀ ਵਿਚ ਗੁਰਮੁਖਾਂ ਲਈ ਰਹੁ-ਰੀਤੀ ਧਾਰਨ ਕਰਨ ਦਾ ਉਪਦੇਸ਼ ਮਿਲਦਾ ਹੈ, ਜਿਸ ਉਪਦੇਸ਼ ਨੂੰ ਗੁਰਮੁਖਾਂ ਨੇ ਗੁਰੂ ਦੀ ਸਾਧਸੰਗਤ ਦੁਆਰੇ ਆਪਣੇ ਜੀਵਨ ਦਾ ਅੰਗ ਬਣਾ ਲਿਆ ਹੈ, ਜਿਸ ਦੀ ਧਾਰਨਾ ਦਾ ਸਦਕਾ ਗੁਰਮੁਖਾਂ ਦੀ ਮਾਨਸਕ ਅਵਸਥਾ ਇਤਨੀ ਉਚਾਣਾਂ 'ਤੇ ਜਾ ਪੁੱਜੀ ਹੈ, ਜਿਸ ਨੂੰ ਸੰਸਾਰੀ ਸਾਧਾਰਨ ਲੋਕ ਅਨੁਭਵ ਨਹੀਂ ਕਰ ਸਕਦੇ। ਸੋ, ਮੈਂ ਉਨ੍ਹਾਂ ਦੇ ਦੈਵੀ ਗੁਣਾਂ ਦੀ ਧਾਰਨਾ ਵੱਲ ਤੱਕ ਕੇ ਹੀ ਇਸ ਪਉੜੀ ਦੀਆਂ ਚੰਦ ਸਤਰਾਂ ਉਲੀਕੀਆਂ ਹਨ, ਜਿਨ੍ਹਾਂ ਵਿਚ ਉਨ੍ਹਾਂ ਦੇ ਸੰਪੂਰਨ ਗੁਣ ਤਾਂ ਨਹੀਂ, ਪਰ ਰੰਚਕ-ਮਾਤ੍ਰ ਹੀ ਕੁਝ ਕਹਿ ਸਕਿਆ ਹਾਂ:

(੧) (ਮੈਂ ਤਾਂ ਜਦੋਂ ਭੀ ਵੇਖਦਾ ਹਾਂ ਤਾਂ ਗੁਰਮੁਖ ਆਪਣੇ ਘਰ ਆਏ) ਗੁਰਸਿਖ ਦੇ ਪੈਰੀਂ ਪੈਂਦੇ (ਭਾਵ ਚਰਨਾਂ ਨੂੰ ਪਰਸਦੇ ਹਨ ਤੇ ਫੇਰ ਉਨ੍ਹਾਂ ਦੇ) ਪੈਰ ਧੋ ਕੇ ਸੇਵਾ ਕਰਦੇ ਹਨ।

(੨) (ਫਿਰ ਉਸ) ਅੰਮ੍ਰਿਤ ਬਾਣੀ ਦੇ ਰਸ ਨੂੰ ਪੀਂਦੇ ਹਨ, ਜਿਸ ਨਾਲ ਕਿ (ਅਮੋੜ) ਮਨ ਨੂੰ ਵੱਸ ਵਿਚ ਕਰ ਲਈਦਾ ਹੈ।

(੩) (ਫਿਰ ਉਹ) ਗੁਰਮੁਖ ਪਾਣੀ ਢੋਂਦੇ, ਪੱਖਾ ਝੱਲਣ (ਦੀ ਸੇਵਾ ਕਰਦੇ ਤੇ ਲੰਗਰ ਵਿਚ ਅੱਗ) ਬਾਲਣ ਦੀ ਸੇਵਾ ਕਰਦੇ (ਰੋਟੀਆਂ ਪਕਾਉਂਦੇ) ਹਨ।

(੪) ਉਹ ਗੁਰਬਾਣੀ ਨੂੰ ਸੁਣਦੇ, ਸਿਖਦੇ ਤੇ ਸਿਖਾਉਂਦੇ ਹਨ।

(੫) (ਇਸ ਤਰ੍ਹਾਂ) ਨਾਮ ਦਾਨ ਤੇ ਇਸ਼ਨਾਨ (ਗੁਰਸਿੱਖੀ ਦੇ ਵੱਡੇ ਅਸੂਲਾਂ ਦੇ) ਕਰਮਾਂ ਦੀ ਕਮਾਈ ਕਰਦੇ ਹਨ।

(੬) (ਫਿਰ ਉਹ ਸਦਾ ਹੀ) ਨਿਮਰਤਾ ਨਾਲ ਰਹਿੰਦੇ, ਮਿੱਠਾ ਬੋਲਦੇ, ਦਸਾਂ ਨੌਹਾਂ ਦੀ ਕਿਰਤ ਕਰਕੇ ਖਾਂਦੇ ਹਨ ਤੇ ਹੋਰਨਾਂ ਨੂੰ ਖੁਆਉਂਦੇ ਹਨ ਭਾਵ ਲੋੜਵੰਦਾਂ ਦੀ ਸੇਵਾ ਕਰਦੇ ਹਨ।੬।

***ਭਾਵਾਰਥ :*** ਗੁਰਮੁਖਾਂ ਦੇ ਜੀਵਨ ਦੀ ਜੋ ਜੀਵਨ-ਜੁਗਤੀ ਹੈ ਉਸ ਨੂੰ ਬਾਣੀ ਦੇ ਅਧਾਰਤ ਹੋ ਗੁਰਮੁਖਾਂ ਨੇ ਮਨ, ਬਾਣੀ, ਸਰੀਰ ਕਰਕੇ ਧਾਰਨ ਕਰ ਰੱਖਿਆ ਹੈ, ਕਿਉਂਕਿ ਗੁਰਮੁਖਾਂ ਦੀ ਮੁਖ ਧਾਰਨਾ ਹੈ ਕਿ:

ਗੁਰਮੁਖਿ ਨਾਮੁ ਦਾਨੁ ਇਸਨਾਨੁ ॥
ਗੁਰਮੁਖਿ ਲਾਗੈ ਸਹਜਿ ਧਿਆਨੁ ॥
ਗੁਰਮੁਖਿ ਪਾਵੈ ਦਰਗਹ ਮਾਨੁ ॥
*(ਸਿਧ ਗੋਸਟਿ ਮ: ੧, ਪੰਨਾ ੯੪੨)*

ਨਾਮੁ ਜਪਣਾ, ਕ੍ਰਿਤ ਕਰਨੀ ਅਤੇ ਵੰਡ ਛਕਣਾ ਇਸ ਗੁਰਮਤ ਦੀ ਧਾਰਨਾ ਨੂੰ ਗੁਰਮੁਖਾਂ ਨੇ ਆਪਣੇ ਜੀਵਨ ਦਾ ਅੰਗ ਬਣਾ ਲਿਆ ਹੈ, ਜਿਸ ਦਾ ਸਦਕਾ ਉਨ੍ਹਾਂ ਗੁਰਮੁਖਾਂ ਦਾ ਜੀਵਨ ਲੋਕ ਪ੍ਰਲੋਕ ਵਿਚ ਪ੍ਰਵਾਨ ਹੁੰਦਾ ਹੈ। ਇਸੇ ਗੁਰਮੁਖਾਂ ਦੀ ਧਾਰਨਾ ਤੋਂ ਹੋਰ ਭੀ ਬਹੁਤੇ ਸ਼ਰਧਾਲੂਆਂ ਨੂੰ ਰੱਬੀ ਮਾਰਗ 'ਤੇ ਚਲਣ ਦੀ ਪ੍ਰੇਰਨਾ ਮਿਲਦੀ ਹੈ ਜੋ ਆਪਣੇ ਜੀਵਨ ਨੂੰ ਸਫਲਾ ਕਰ ਲੈਂਦੇ ਹਨ।

## ੭. ਗੁਰਸਿੱਖਾਂ ਦਾ ਪਰਸਪਰ ਮੇਲ-ਮਿਲਾਪ

**੧. ਗੁਰਸਿੱਖਾਂ ਗੁਰਸਿੱਖ**
**ਮੇਲਿ ਮਿਲਾਇਆ।**
**੨. ਭਾਇ ਭਗਤਿ ਗੁਰਪੁਰਬ**
**ਕਰੈ ਕਰਾਇਆ।**
**੩. ਗੁਰਸਿੱਖ ਦੇਵੀ ਦੇਵ**
**ਜਠੇਰੇ ਭਾਇਆ।**
**੪. ਗੁਰਸਿੱਖ ਮਾਂ ਪਿਉ ਵੀਰ**
**ਕੁਟੰਬ ਸਬਾਇਆ।**
**੫. ਗੁਰਸਿੱਖ ਖੇਤੀ ਵਣਜ**
**ਲਾਹਾ ਪਾਇਆ ॥**
**੬. ਹੰਸ ਵੰਸ ਗੁਰਸਿੱਖ ਗੁਰਸਿੱਖ ਜਾਇਆ ॥੭॥**

***ਪਦ ਅਰਥ :*** ਭਾਇ ਭਗਤਿ—ਪ੍ਰੇਮਾ ਭਗਤੀ। ਜਠੇਰੇ—ਵੱਡ ਵਡੇਰੇ। ਵੀਰ—ਮਾਂ ਪਿਉ ਜਾਏ ਭਰਾ। ਵਣਜ—ਵਿਉਪਾਰ।

**ਅਰਥ :**

ਪ੍ਰ: ਭਾਈ ਸਾਹਿਬ ਜੀਉ! ਅਸੀਂ ਵੇਖਦੇ ਹਾਂ ਕਿ ਮੇਲ-ਮਿਲਾਪ ਤਾਂ ਆਮ ਸੰਸਾਰੀ ਲੋਕਾਂ ਦਾ ਭੀ ਹੁੰਦਾ ਹੈ, ਪਰ ਉਹ ਮਿਲਾਪ ਦੇਰ ਕਾਲ ਨਹੀਂ ਰਹਿੰਦਾ, ਥੋੜੇ ਦਿਨਾਂ ਅੰਦਰ ਹੀ ਖ਼ਤਮ ਹੋ ਜਾਂਦਾ ਹੈ, ਪਰ ਜਦੋਂ ਅਸੀਂ ਗੁਰਸਿੱਖਾਂ ਦੇ ਮਿਲਾਪ ਵੱਲ ਨਜ਼ਰ ਮਾਰਦੇ ਹਾਂ ਤਾਂ ਉਹ ਮਿਲਾਪ ਸਦੀਵੀ-ਕਾਲ ਬਣਿਆ ਰਹਿੰਦਾ ਹੈ ਕਦੇ ਭੀ ਸਿੱਥਲ ਨਹੀਂ ਵੇਖੀਦਾ, ਕਿਉਂ ਜੀ! ਦੱਸੋਗੇ ਇਸਦਾ ਸਹੀ ਕਾਰਨ ਕੀ ਹੈ?

ਉ: ਹੇ ਭਾਈਓ! ਜਦੋਂ ਅਸੀਂ ਦੂਰ-ਦਰਸ਼ੀ ਨਜ਼ਰਾਂ ਨਾਲ ਤੱਕੀਏ ਤਾਂ ਸਾਨੂੰ ਸੰਸਾਰੀ ਲੋਕਾਂ ਤੇ ਗੁਰਸਿੱਖਾਂ ਦੇ ਮੇਲ ਮਿਲਾਪ ਵਿਚ ਬਹੁਤ ਅੰਤਰਾ ਦਿਸ ਆਵੇਗਾ, ਕਿਉਂਕਿ ਸੰਸਾਰੀ ਲੋਕਾਂ ਦਾ ਮਿਲਾਪ ਇਕ ਦੂਜੇ ਨਾਲ ਕੇਵਲ ਆਪਣੀ ਗ਼ਰਜ਼ ਪੂਰੀ ਕਰਨ ਲਈ ਹੁੰਦਾ ਹੈ, ਬਿਨਾਂ ਗ਼ਰਜ਼ ਤੋਂ ਕੋਈ ਭੀ ਕਿਸੇ ਨਾਲ ਨੇੜਤਾ ਨਹੀਂ ਕਰਦਾ, ਅਸੀਂ ਵੇਖਦੇ ਹਾਂ ਕਿ ਜਦੋਂ ਕਿਸੇ ਤੋਂ ਕਿਸੇ ਦੀ ਗ਼ਰਜ਼ ਪੂਰੀ ਨਾ ਹੋਵੇ ਤਾਂ ਉਸ ਨਾਲ ਦੇਰਕਾਲ ਵਿਚ ਗੰਢੀ ਹੋਈ ਪਿਆਰ ਦੀ ਗੰਢ ਇਕ ਖਿਨ ਵਿਚ ਟੁੱਟ ਜਾਂਦੀ ਹੈ। ਇਸ ਪੱਖ ਨੂੰ ਸਪਸ਼ਟ ਕਰਨ ਲਈ ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁਛੀਏ ਤਾਂ ਆਪ ਜੀ ਫ਼ੁਰਮਾਨ ਕਰਦੇ ਹਨ ਕਿ:

ਚਲੇ ਚਲਣਹਾਰ ਵਿਚਾਰਾ ਲੇਇ ਮਨੋ ॥
ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ ॥
*(ਆਸਾ ਸੇਖ ਫਰੀਦ, ਪੰਨਾ ੪੮੮)*

ਭਾਵ ਹੈ ਕਿ ਸੰਸਾਰੀ ਲੋਕਾਂ ਦਾ ਮਾਇਕੀ ਪਿਆਰ ਦੇਰ ਕਾਲ ਤੱਕ ਨਹੀਂ ਨਿਭਦਾ, ਪਰ ਗੁਰਸਿੱਖਾਂ ਦਾ ਮਿਲਾਪ ਕਿਸੇ ਸੰਸਾਰੀ ਵਾਸ਼ਨਾ ਦੀ ਪੂਰਤੀ ਲਈ ਨਹੀਂ ਉਨ੍ਹਾਂ ਦੇ ਅੰਤਰ-ਆਤਮੇ ਕੇਵਲ ਗੁਰਸਿੱਖੀ ਦਾ ਹੀ ਸ਼ਿਰੋਮਣੀ ਰਿਸ਼ਤਾ ਹੈ, ਇਸੇ ਲਈ ਬਾਣੀ ਦਾ ਫ਼ੁਰਮਾਨ ਹੈ:

ਗੁਰਮੁਖਿ ਸਖੀਆ ਸਿਖ ਗੁਰੂ ਮੇਲਾਈਆ ॥
ਇਕਿ ਸੇਵਕ ਗੁਰ ਪਾਸਿ
ਇਕਿ ਗੁਰਿ ਕਾਰੈ ਲਾਈਆ ॥.....
ਗੁਰਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ ॥
*(ਪਉੜੀ, ਪੰਨਾ ੬੪੮)*

ਭਾਵ ਗੁਰਸਿੱਖਾਂ ਦਾ ਪਰਸਪਰ ਗੁਰੂ ਸਿੱਖੀ ਦਾ ਹੀ ਨਾਤਾ ਹੈ, ਕੋਈ ਉਨ੍ਹਾਂ ਦੀ ਸੰਸਾਰੀ ਗ਼ਰਜ਼ ਨਹੀਂ।

ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥
ਰਾਮ ਨਾਮ ਮੰਤੁ ਹਿਰਦੈ ਦੇਵੈ
ਨਾਨਕ ਮਿਲਣੁ ਸੁਭਾਏ ॥੮॥ *(ਆਸਾ ਮ: ੪, ਪੰਨਾ ੪੪੪)*

ਗੁਰਸਿਖਾਂ ਅੰਦਰਿ ਸਤਿਗੁਰੁ ਵਰਤੈ
ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ ॥
ਸਤਿਗੁਰੁ ਆਖੈ ਸੁ ਕਾਰ ਕਮਾਵਨਿ
ਸੁ ਜਪੁ ਕਮਾਵਹਿ ਗੁਰਸਿਖਾਂ ਕੀ ਘਾਲ
ਸਚਾ ਥਾਇ ਪਾਵੈ ॥ *(ਮ: ੪, ਪੰਨਾ ੩੧੭)*

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥
ਗੁਰ ਕੀ ਆਗਿਆ ਮਨ ਮਹਿ ਸਹੈ ॥
ਆਪਸ ਕਉ ਕਰਿ ਕਛੁ ਨ ਜਨਾਵੈ ॥
ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥
ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ ॥
ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥
ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥
*(ਸੁਖਮਨੀ, ਪੰਨਾ ੨੮੬)*

ਐਸੀ ਗੁਰੂ ਦੀ ਮਤ ਦੇ ਧਾਰਨੀ ਜੋ ਗੁਰਸਿੱਖ ਹਨ, ਉਨ੍ਹਾਂ ਨੇ ਆਪਣੀ ਮਨ ਮੱਤ ਨੂੰ ਤਿਆਗ ਕੇ (ਗੁਰੂ ਦੇ ਗ੍ਰਿਹਿ) ਸੰਗਤ ਵਿਚ ਨਿਵਾਸ ਕਰ ਲਿਆ ਹੈ, ਉਨ੍ਹਾਂ ਨੇ ਆਪਣੇ ਮਨ ਨੂੰ ਸਤਿਗੁਰੂ ਦੇ ਪਾਸ ਵੇਚ ਦਿਤਾ ਹੈ, ਉਹ ਗੁਰੂ ਸੰਗਤ ਦੀ ਨਿਸ਼ਕਾਮ ਸੇਵਾ ਕਰਦੇ ਹਨ, ਐਸੀ ਧਾਰਨਾ ਦੇ ਧਾਰਨ ਵਾਲੇ ਗੁਰਸਿੱਖਾਂ ਨੂੰ ਗੁਰੂ ਨੇ ਸੰਗਤ ਦੇ ਮੇਲ ਵਿਚ ਮਿਲਾ ਕੇ ਦੈਵੀਗੁਣਾਂ ਦੇ ਧਾਰਨੀ ਕਰ ਦਿਤਾ ਹੈ। ਉਨ੍ਹਾਂ ਦੇ ਜੀਵਨ ਵੱਲ ਤੱਕ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ:

(੧) (ਜਿਵੇਂ ਅਸੀਂ ਵੇਖਦੇ ਹਾਂ ਕਿ ਸਤਿਗੁਰੂ ਨੇ) ਗੁਰਸਿੱਖਾਂ ਦਾ ਮੇਲ ਗੁਰਸਿੱਖਾਂ ਨਾਲ ਹੀ ਮਿਲਾ ਦਿਤਾ ਹੈ।

(੨) (ਸੰਗਤ ਵਿਚ ਮਿਲਕੇ) ਗੁਰਸਿਖ ਪ੍ਰੇਮ-ਭਾਵਨਾ ਨਾਲ ਗੁਰਪੁਰਬ (ਸਤਿਗੁਰਾਂ ਦੇ ਜੋੜ ਮੇਲੇ) ਕਰਦੇ ਤੇ ਮਨਾਉਂਦੇ ਹਨ।

(੩) (ਐਸੇ ਗੁਰਸਿਖ) ਗੁਰਸਿੱਖਾਂ ਨੂੰ ਹੀ ਆਪਣੇ ਪੂਜਯ ਦੇਵੀ ਦੇਵਤੇ ਤੇ ਵਡੇਰੇ ਜਾਣਦੇ ਹਨ।

(੪) ਉਹ ਗੁਰਸਿੱਖਾਂ ਨੂੰ ਮਾਤਾ-ਪਿਤਾ ਤੇ ਸੱਕੇ ਮਾਂ ਪਿਉ ਜਾਏ ਵੀਰਾਂ (ਭਰਾਵਾਂ) ਵਾਂਗਰ ਇਕੋ ਪ੍ਰਵਾਰ ਦੇ ਹੀ ਮੈਂਬਰਾਂ ਵਾਂਗ ਸਾਰਿਆਂ ਨੂੰ ਜਾਣਦੇ ਹਨ।

(੫) ਗੁਰਸਿਖ ਦੀ ਸੇਵਾ ਨੂੰ ਹੀ ਸੱਚੀ ਖੇਤੀ (ਜ਼ਿਮੀਦਾਰਾ) ਤੇ ਵਿਉਪਾਰ ਵਿਚ ਲਾਭ ਪ੍ਰਾਪਤ ਕਰਨਾ ਜਾਣਦੇ ਹਨ।

(੬) ਗੁਰਸਿੱਖਾਂ ਦੀ ਬੰਸ ਹੰਸਾਂ ਦੀ ਬੰਸ ਵਾਂਗ ਪਵਿੱਤ੍ਰ ਗੁਣਾਂ ਵਾਲੀ ਜਾਣਦੇ ਹਨ, (ਗੁਰਸਿੱਖਾਂ ਦੇ ਜਾਏ, ਭਾਵ ਗੁਰਸਿੱਖਾਂ ਦੇ ਘਰ ਜਨਮ ਲੈਣ ਵਾਲਿਆਂ ਨੂੰ ਹੀ ਪਰਮ ਸਤਿਗੁਰੂ ਦੇ ਸੇਵਕ ਜਾਣ ਕੇ ਉਨ੍ਹਾਂ ਨਾਲ ਹੀ ਸਭ ਵਰਤੋਂ ਵਿਹਾਰ ਤੇ ਉਨ੍ਹਾਂ ਦੀ ਸੇਵਾ ਤੇ ਸੰਗਤ ਕਰਨ ਵਿਚ ਹੀ ਜੀਵਨ ਪਦ ਨੂੰ ਠੀਕ ਤਰ੍ਹਾਂ ਗ੍ਰਹਿਣ ਕਰਨਾ ਜਾਣਦੇ ਹਨ।) ।੭।

***ਭਾਵਾਰਥ :*** ਉਹ ਗੁਰਬਾਣੀ ਦੇ ਹੁਕਮ ਅਨੁਸਾਰ ਇਉਂ ਹੀ ਭਾਵਨਾ ਰਖਦੇ ਹਨ :

ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥
ਸੰਤਨ ਸਿਉ ਹਮ ਲਾਹਾ ਖਾਟਿਆ
ਹਰਿ ਭਗਤਿ ਭਰੇ ਭੰਡਾਰਾ ॥੨॥

*(ਸੋਰਠਿ ਮ: ੫, ਪੰਨਾ ੬੧੪)*

## ੮. ਗੁਰਸਿੱਖਾਂ ਨੂੰ ਸਗਨ ਅਪਸਗਨ ਦੇ ਭਰਮ ਨਹੀਂ

**੧. ਸੱਜਾ ਖੱਬਾ ਸਉਣ**
**ਨ ਮੰਨਿ ਵਸਾਇਆ।**
**੨. ਨਾਰ ਪੁਰਖ ਨੋ ਵੇਖਿ**
**ਨ ਪੈਰੁ ਹਟਾਇਆ।**
**੩. ਭਾਖ ਸੁਭਾਖ ਵੀਚਾਰਿ**
**ਨ ਛਿੱਕ ਮਨਾਇਆ।**
**੪. ਦੇਵੀ ਦੇਵ ਨ ਸੇਵ**
**ਨ ਪੂਜ ਕਰਾਇਆ।**
**੫. ਭੰਭਲਭੂਸੇ ਖਾਇ**
**ਨ ਮਨ ਭਰਮਾਇਆ।**
**੬. ਗੁਰਸਿੱਖ ਸੱਚਾ ਖੇਤੁ ਬੀਜ ਫਲਾਇਆ ॥੮॥**

***ਪਦ ਅਰਥ :*** ਸੱਜਾ ਖੱਬਾ—ਭਲਾ ਬੁਰਾ, ਦੁਖ ਸੁਖ। ਸਉਣ—ਸਗਨ। ਭਾਖ ਸੁਭਾਖ—ਚੰਗਾ ਮੰਦਾ ਬੋਲ। ਭੰਭਲਭੂਸੇ—ਚਿੰਤਾ, ਘਬਰਾਹਟ, ਸੋਚ ਤੇ ਦੁਚਿੱਤਾ ਪਨ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਦੋਂ ਅਸੀਂ ਆਮ ਲੁਕਾਈ ਵੱਲ ਨਜ਼ਰ ਮਾਰਦੇ ਹਾਂ ਤਾਂ ਬਹੁਤ ਲੋਕ ਪੰਡਿਤ ਲੋਕਾਂ ਦੀਆਂ ਪੱਤਰੀਆਂ ਦੇ ਚੱਕ੍ਰ ਵਿਚ ਚਕਰਾਏ ਹੋਏ ਹਮੇਸ਼ਾਂ ਹੀ ਸਗਨ ਅਪਸਗਨ ਦੇ ਭਰਮਾਂ ਵਿਚ ਭਟਕਦੇ ਰਹਿੰਦੇ ਹਨ, ਕਿਉਂ ਜੀ ! ਕੀ ਗੁਰੂ ਦੇ ਸਿਖ ਭੀ ਇਸ ਭਰਮ ਵਿਚ ਯਕੀਨ ਰਖਦੇ ਹਨ, ਤੁਸਾਂ ਤਾਂ ਇਸ ਪੱਖ ਨੂੰ ਚੰਗੀ ਤਰ੍ਹਾਂ ਪੜਚੋਲਿਆ ਹੈ, ਜਾਣਕਾਰੀ ਦਿਓ, ਧੰਨਵਾਦੀ ਹੋਵਾਂਗੇ ?

ਉ: ਹੇ ਭਾਈਓ ! ਜਿਥੇ ਤਕ ਮੈਂ ਗੁਰੂ ਦੇ ਸਿੱਖਾਂ ਦੇ ਜੀਵਨਾਂ ਨੂੰ ਪਰਖ ਕੇ ਵੇਖਿਆ ਹੈ ਮੇਰੇ ਵੇਖਣ ਵਿਚ ਤਾਂ ਇਹੋ ਆਇਆ ਹੈ ਕਿ ਸੰਸਾਰ ਵਿਚ ਜਿਤਨੇ ਭੀ ਪੁਰਾਤਨ ਕਰਮ ਪ੍ਰਚੱਲਤ ਹਨ, ਗੁਰੂ ਦਾ ਸਿਖ ਜਿਤਨਾ ਚਿਰ ਗੁਰਬਾਣੀ ਦੀ ਕਸਵੱਟੀ ਰਾਹੀਂ ਕਿਸੇ ਭੀ ਕਰਮ ਨੂੰ ਪਰਖ ਨਹੀਂ ਲੈਂਦਾ, ਉਹ ਉਸ ਕਰਮ ਵਿਚ ਕਦਾਚਿੱਤ ਭੀ ਪ੍ਰਵਿਰਤ ਨਹੀਂ ਹੁੰਦਾ। ਕਿਉਂਕਿ ਗੁਰਸਿਖ ਪਾਸ ਹਰ ਕਰਮ ਨੂੰ ਪਰਖਣ ਲਈ ਗੁਰਬਾਣੀ ਇਕ ਕਸਵੱਟੀ ਹੈ। ਸੋ, ਜਿਸ ਕਰਮ ਕਰਨ ਦੀ ਗੁਰਮਤ ਆਗਿਆ ਨਹੀਂ ਦੇਂਦੀ ਉਹ ਉਸ ਕਰਮ ਨੂੰ ਹਰਗਿਜ਼ ਹੀ ਕਬੂਲ ਨਹੀਂ ਕਰਦਾ। ਸੋ ਇਨ੍ਹਾਂ ਸਗਨ ਅਪਸਗਨਾਂ ਦੇ ਬਾਰੇ ਜਦੋਂ ਗੁਰੂ ਦਾ ਸਿਖ ਗੁਰਬਾਣੀ ਦੁਆਰੇ ਇਹ ਗੁਰੂ ਫ਼ੁਰਮਾਨ ਪੜ੍ਹਦਾ ਹੈ ਕਿ :

ਸਗੁਨ ਅਪਸਗੁਨ ਤਿਸ ਕਉ ਲਗਹਿ
ਜਿਸੁ ਚੀਤਿ ਨ ਆਵੈ ॥
ਤਿਸੁ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ ॥੨॥
ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ॥
ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ ॥੩॥

*(ਆਸਾ ਮ: ੫, ਪੰਨਾ ੪੦੧)*

ਸੋ, ਗੁਰੂ ਦੀ ਬਾਣੀ ਪੜ੍ਹਨ ਵਾਲਾ ਸਿਖ ਜਿਉਂ ਜਿਉਂ ਬਾਣੀ ਪੜ੍ਹਦਾ ਹੈ ਉਸ ਨੂੰ ਇਹੋ ਬੋਧ ਮਿਲਦਾ ਹੈ ਕਿ ਪ੍ਰਭੂ ਦੇ ਨਾਮ ਤੋਂ ਸੱਖਣੇ ਜਿਤਨੇ ਭੀ ਜਪ, ਤਪ, ਕਰਮ-ਕਾਂਡ ਹਨ ਇਹ ਰੱਬੀ ਦਰਬਾਰ ਵਿਚ ਕਬੂਲ ਨਹੀਂ ਹੁੰਦੇ, ਜਿਵੇਂ ਕਿ :

ਜਾਪ ਤਾਪ ਗਿਆਨ ਸਭਿ ਧਿਆਨ ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥
ਸਗਲ ਤਿਆਗਿ ਬਨ ਮਧੇ ਫਿਰਿਆ ॥

ਅਨਿਕ ਪ੍ਰਕਾਰ ਕੀਏ ਬਹੁ ਜਤਨਾ॥
ਪੁੰਨ ਦਾਨ ਹੋਮੇ ਬਹੁ ਰਤਨਾ॥
ਸਰੀਰੁ ਕਟਾਇ ਹੋਮੈ ਕਰਿ ਰਾਤੀ॥
ਵਰਤ ਨੇਮ ਕਰੈ ਬਹੁ ਭਾਤੀ॥
ਨਹੀ ਤੁਲਿ ਰਾਮ ਨਾਮ ਬੀਚਾਰ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥੧॥
ਨਉਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ॥
ਮਹਾ ਉਦਾਸੁ ਤਪੀਸਰੁ ਥੀਵੈ॥
ਅਗਨਿ ਮਾਹਿ ਹੋਮਤ ਪਰਾਨ॥
ਕਨਿਕ ਅਸ੍ਵ ਹੈਵਰ ਭੂਮਿ ਦਾਨ॥
ਨਿਉਲੀ ਕਰਮ ਕਰੈ ਬਹੁ ਆਸਨ॥
ਜੈਨ ਮਾਰਗ ਸੰਜਮ ਅਤਿ ਸਾਧਨ॥
ਨਿਮਖ ਨਿਮਖ ਕਰਿ ਸਰੀਰੁ ਕਟਾਵੈ॥
ਤਉ ਭੀ ਹਉਮੈ ਮੈਲੁ ਨ ਜਾਵੈ॥
ਹਰਿ ਕੇ ਨਾਮ ਸਮਸਰਿ ਕਛੁ ਨਾਹਿ॥
ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ॥੨॥
ਮਨ ਕਾਮਨਾ ਤੀਰਥ ਦੇਹ ਛੁਟੈ॥
ਗਰਬੁ ਗੁਮਾਨੁ ਨ ਮਨ ਤੇ ਹੁਟੈ॥
ਸੋਚ ਕਰੈ ਦਿਨਸੁ ਅਰੁ ਰਾਤਿ॥
ਮਨ ਕੀ ਮੈਲੁ ਨ ਤਨ ਤੇ ਜਾਤਿ॥
ਇਸ ਦੇਹੀ ਕਉ ਬਹੁ ਸਾਧਨਾ ਕਰੈ॥
ਮਨ ਤੇ ਕਬਹੂ ਨ ਬਿਖਿਆ ਟਰੈ॥
ਜਲਿ ਧੋਵੈ ਬਹੁ ਦੇਹ ਅਨੀਤਿ॥
ਸੁਧ ਕਹਾ ਹੋਇ ਕਾਚੀ ਭੀਤਿ॥
ਮਨ ਹਰਿ ਕੇ ਨਾਮ ਕੀ ਮਹਿਮਾ ਊਚ॥
ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ॥੩॥

*(ਸੁਖਮਨੀ, ਪੰਨਾ ੨੬੫)*

ਇਸ ਤਰ੍ਹਾਂ ਹੋਰ ਭੀ ਕਰਮਾਂ ਧਰਮਾਂ ਦਾ ਗੁਰਮੁਖਾਂ ਨੂੰ ਸੀਨੇ-ਬ-ਸੀਨੇ ਚਲੇ ਆ ਰਹੇ ਪਖੰਡ ਦਾ ਗੁਰਬਾਣੀ ਦੁਆਰੇ ਬੋਧ ਮਿਲਦਾ ਹੈ, ਉਹ ਉਸ ਲੋਕ ਵਿਖਾਵੇ ਨੂੰ ਤਿਆਗ ਕੇ ਕੇਵਲ ਗੁਰਮਤ ਦੇ ਅਧਾਰਤ ਹੀ ਆਪਣਾ ਜੀਵਨ ਗੁਜ਼ਾਰਦੇ ਹਨ। ਸੋ ਮੈਂ ਭੀ ਉਨ੍ਹਾਂ ਦੇ ਨਿਰਮਲ, ਪਵਿੱਤ੍ਰ ਜੀਵਨ ਨੂੰ ਤੱਕ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉਲੀਕੀਆਂ ਹਨ:

(੧) (ਹੇ ਭਾਈਓ! ਜਦੋਂ ਅਸੀਂ ਆਮ ਲੁਕਾਈ ਵੱਲ ਤਕਦੇ ਹਾਂ ਤਾਂ ਉਹ) ਸੱਜਾ ਅੰਗ ਫਰਕਣ ਨੂੰ ਚੰਗਾ ਤੇ ਖੱਬੇ ਅੰਗ ਦੇ ਫਰਕਣ ਨੂੰ ਮੰਦਾ ਸਗਨ ਆਖਦੇ ਹਨ, ਪਰ ਗੁਰਸਿੱਖ ਇਨ੍ਹਾਂ ਗੱਲਾਂ ਨੂੰ ਮਨ ਵਿਚ ਨਹੀਂ ਲਿਆਉਂਦੇ।

(੨) (ਅਤੇ) ਇਸਤ੍ਰੀ, ਪੁਰਖ ਵੇਖ ਕੇ ਪੈਰ ਪਿਛਾਂਹ ਨਹੀਂ ਹਟਾਉਂਦੇ (ਭਾਵ ਸਗਨ ਕੁਸਗਨ ਨਹੀਂ ਜਾਣਦੇ)।

(੩) (ਅਤੇ) ਬੋਲ ਕਬੋਲ (ਕੁੱਤੇ ਬਿੱਲੀ ਜਾਂ ਕਾਂ ਬੋਲਣ ਆਦਿ) ਦੀ ਵੀਚਾਰ ਨਹੀਂ ਕਰਦੇ, ਨਾ ਹੀ ਨਿੱਛ ਵੱਜਣ ਵੱਲ ਧਿਆਨ ਦੇਂਦੇ ਹਨ।

(੪) ਗੁਰਸਿਖ ਦੇਵੀ ਦੇਵਤਿਆਂ (ਸ਼ੁਕਰ, ਸ਼ਨੀ, ਮੰਗਲ ਜਾਂ ਗੁਗਾ ਪੀਰ, ਸ਼ਿਵਜੀ ਗਰੁੜ ਜਾਂ ਭੈਰਉ ਆਦਿ) ਦੀ ਪੂਜਾ ਨਹੀਂ ਕਰਦੇ। (ਇਸ ਭਰਮ ਵਿਚ ਪੈ ਕੇ ਕਿ ਫਲਾਣਾ, ਫਲਾਣੇ ਕੰਮ ਸਵਾਰਦਾ ਹੈ ਜਾਂ ਫਲਾਣਾ ਫਲਾਣੇ ਕੰਮ ਵਿਗਾੜਦਾ ਹੈ)।

(੫) ਗੁਰਸਿੱਖ ਇਸ ਤਰ੍ਹਾਂ ਦੇ ਵਹਿਮਾਂ ਤੇ ਭਰਮਾਂ ਦੇ ਭੰਭਲਭੂਸਿਆਂ (ਡਿਕੋ ਡੋਲਿਆਂ) ਵਿਚ ਨਹੀਂ ਪੈਂਦੇ।

(੬) ਗੁਰੂ ਦੇ ਸਿਖ ਸੱਚਾ ਖੇਤ ਹਨ (ਜਿਥੇ ਸ਼ਰਧਾ ਭਾਵਨਾ ਦਾ) ਬੀਜ ਵਧਦਾ ਫੁਲਦਾ ਹੈ ਤੇ ਅਗੇ ਤੋਂ ਅੰਗੇ ਫੈਲਦਾ ਹੈ।੮।

## ੯. ਸਾਧਸੰਗਤ ਰੂਪ ਹੀ ਸੱਚਾ ਸੱਚਖੰਡ ਹੈ

**੧. ਕਿਰਤਿ ਵਿਰਤਿ ਮਨ ਧਰਮ**
**ਸੱਚ ਦ੍ਰਿੜਾਇਆ।**
**੨. ਸੱਚ ਨਾਉਂ ਕਰਤਾਰ**
**ਆਪੁ ਉਪਾਇਆ।**
**੩. ਸਤਿਗੁਰ ਪੁਰਖ ਦਇਆਲ**
**ਦਇਆ ਕਰਿ ਆਇਆ।**
**੪. ਨਿਰੰਕਾਰ ਆਕਾਰ**
**ਸ਼ਬਦ ਸੁਣਾਇਆ।**
**੫. ਸਾਧਸੰਗਤਿ ਸੱਚਖੰਡ**
**ਥੇਹੁ ਵਸਾਇਆ।**
**੬. ਸੱਚਾ ਤਖਤੁ ਬਣਾਇ ਸਲਾਮੁ ਕਰਾਇਆ॥੯॥**

***ਪਦ ਅਰਥ :*** ਕਿਰਤਿ ਵਿਰਤਿ—ਉਪਜੀਵਕਾ ਲਈ ਕਿਰਤ ਕਰਨੀ। ਆਕਾਰ—ਸਰੂਪ। ਥੇਹੁ—ਅਸਥਾਨ ਜਾਂ ਨਗਰ। ਸਲਾਮੁ—ਨਮਸਕਾਰ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਇਹ ਤਾਂ ਠੀਕ ਹੈ ਕਿ ਗੁਰੂ ਦੇ ਸਿਖ ਸਗਨ ਅਪਸਗਨ ਦੇ ਭਰਮ ਭੁਲੇਖਿਆਂ ਵਿਚ ਆਪਣੇ ਮਨ ਨੂੰ ਨਹੀਂ ਭਰਮਾਉਂਦੇ ਅਤੇ ਨਾ ਹੀ ਉਹ ਦੇਵੀ ਦੇਵਤਿਆਂ ਦੇ ਪੁਜਾਰੀ ਹਨ, ਕਿਉਂ ਜੀ ! ਉਨ੍ਹਾਂ ਦੀ ਹਰ ਰੋਜ਼ ਦੀ ਕਿਰਤ ਕੀ ਹੈ ਇਸ ਬਾਰੇ ਭੀ ਕੁਝ ਜਾਣਕਾਰੀ ਦਿਓ ?

ਉ: ਹੇ ਭਾਈਓ ! ਗੁਰਮਤ ਨੇ ਜੋ ਗੁਰੂ ਦੇ ਸਿਖ ਲਈ ਧਾਰਨਾ ਕਾਇਮ ਕੀਤੀ ਹੈ, ਉਹ ਉਸੇ ਧਾਰਨਾ ਵਿਚ ਨਿਯਮਬਧ ਰਹਿੰਦੇ ਹਨ, ਜਿਵੇਂ ਕਿ ਗੁਰੂ ਫ਼ੁਰਮਾਨ ਹੈ :

ਗੁਰਮੁਖਿ ਨਾਮੁ ਦਾਨੁ ਇਸਨਾਨੁ ॥
ਗੁਰਮੁਖਿ ਲਾਗੈ ਸਹਜਿ ਧਿਆਨੁ ॥
ਗੁਰਮੁਖਿ ਪਾਵੈ ਦਰਗਹ ਮਾਨੁ ॥....
ਗੁਰਮੁਖਿ ਵੈਰ ਵਿਰੋਧ ਗਵਾਵੈ ॥
ਗੁਰਮੁਖਿ ਸਗਲੀ ਗਣਤ ਮਿਟਾਵੈ ॥
ਗੁਰਮੁਖਿ ਰਾਮ ਨਾਮ ਰੰਗਿ ਰਾਤਾ ॥
ਨਾਨਕ ਗੁਰਮੁਖਿ ਖਸਮ ਪਛਾਤਾ ॥੩੭॥

*(ਸਿਧ ਗੋਸਟਿ ਮ: ੧, ਪੰਨਾ ੯੪੨)*

ਨਿਜ ਘਰਿ ਵਸੈ ਸਹਜਿ ਸੁਭਾਇ ॥
ਗੁਰਮੁਖਿ ਨਾਮੁ ਵਸੈ ਮਨਿ ਆਇ ॥੩॥

*(ਭੈਰਉ ਮ: ੩, ਪੰਨਾ ੧੧੨੯)*

ਗੁਰਮੁਖਿ ਵਿਚਹੁ ਹਉਮੈ ਜਾਇ ॥
ਗੁਰਮੁਖਿ ਮੈਲੁ ਨ ਲਾਗੈ ਆਇ ॥
ਗੁਰਮੁਖਿ ਨਾਮੁ ਵਸੈ ਮਨਿ ਆਇ ॥੨॥
ਗੁਰਮੁਖਿ ਕਰਮ ਧਰਮ ਸਚਿ ਹੋਈ ॥
ਗੁਰਮੁਖਿ ਅਹੰਕਾਰੁ ਜਲਾਏ ਦੋਈ ॥
ਗੁਰਮੁਖਿ ਨਾਮਿ ਰਤੇ ਸੁਖੁ ਹੋਈ ॥੩॥

*(ਗਉੜੀ ਮ: ੩, ਪੰਨਾ ੨੩੦)*

ਇਸ ਤਰ੍ਹਾਂ ਬਾਣੀ ਅੰਦਰ ਗੁਰਮੁਖਾਂ ਦੀ ਧਾਰਨਾ ਨੂੰ ਕਈ ਥਾਵਾਂ 'ਤੇ ਬਾਰ ਬਾਰ ਦਰਸਾਇਆ ਗਿਆ ਹੈ, ਜਿਸਦੀ ਗੁਰਮੁਖ ਜੀਵਨ ਭਰ ਹੀ ਪਾਲਣਾ ਕਰਦੇ ਹੋਏ ਆਪਣਾ ਜੀਵਨ ਸਫਲਾ ਕਰਦੇ ਹਨ, ਅਤੇ ਨਾਲ ਹੀ ਇਸ ਨਿਯਮ ਦੇ ਧਾਰਨੀ ਹਨ :

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥੧॥

*(ਸਲੋਕ ਮ: ੧, ਪੰਨਾ ੧੨੪੫)*

ਇਸ ਤਰ੍ਹਾਂ ਉਹ ਨਾਮ ਜਪਣਾ, ਕਿਰਤ ਕਰਨੀ ਅਤੇ ਵੰਡ ਛਕਣ ਦੇ ਸਦਾ ਹੀ ਧਾਰਨੀ ਰਹਿੰਦੇ ਹਨ, ਜਿਸਦਾ ਸਦਕਾ ਉਹ ਸੱਚੇ ਮਾਰਗ ਦੇ ਪਾਂਧੀ ਕਹੇ ਜਾਂਦੇ ਹਨ।

ਮੈਂ ਉਨ੍ਹਾਂ ਦੀ ਇਸ ਤਰ੍ਹਾਂ ਦੀ ਸੱਚੀ ਰਹਿਤ ਬਹਿਤ ਨੂੰ ਵੇਖ ਕੇ ਹੀ ਇਸ ਪਉੜੀ ਦੀਆਂ ਚੰਦ ਸਤਰਾਂ ਅੰਕਤ ਕੀਤੀਆਂ ਹਨ :

(੧) (ਹੇ ਭਾਈਓ ! ਮੈਂ ਵੇਖਦਾ ਹਾਂ ਕਿ ਸਤਿਗੁਰੂ ਦੇ ਸਿਖ ਹਮੇਸ਼ਾਂ ਹੀ) ਉਪਜੀਵਕਾ ਲਈ ਧਰਮ ਦੀ ਕਿਰਤ ਕਰਦੇ ਹਨ ਤੇ ਸੱਚ ਨੂੰ ਹੀ ਦ੍ਰਿੜ੍ਹਤਾ ਨਾਲ ਧਾਰਨ ਕਰਦੇ ਹਨ।

(੨) (ਉਹ ਜਾਣਦੇ ਹਨ ਕਿ) ਸੱਚਾ ਨਾਮ ਕਰਤਾਰ ਦਾ ਹੈ, ਜੋ ਉਸ ਪ੍ਰਭੂ ਨੇ ਆਪ ਹੀ ਪੈਦਾ ਕੀਤਾ ਹੈ।

(੩) ਸਤਿਗੁਰੂ ਪੁਰਖ ਜੋ ਦਇਆਲੂ ਹਨ ਉਹ ਦਇਆ ਕਰਕੇ (ਗੁਰਸਿੱਖਾਂ ਕੋਲ) ਆਪ ਹੀ ਆਉਂਦੇ ਹਨ।

(੪) ਸਤਿਗੁਰੂ ਨਿਰੰਕਾਰ ਦਾ ਸਰੂਪ ਹਨ, ਜਿਨ੍ਹਾਂ ਨੇ ਸੱਚਾ ਸ਼ਬਦ (ਉਪਦੇਸ਼) ਸੁਣਾਇਆ ਹੈ।

(੫) (ਸ਼ਬਦ ਦੀ ਵੀਚਾਰ ਲਈ) ਸਤਿਗੁਰੂ ਜੀ ਨੇ ਸਾਧ ਸੰਗਤ ਰੂਪੀ ਸੱਚਖੰਡ ਦਾ ਥੇਹੁ (ਨਗਰ) ਵਸਾ ਦਿੱਤਾ ਹੈ।

(੬) ਸਤਿਸੰਗਤ ਸੱਚਾ ਤਖ਼ਤ ਹੈ ਤੇ ਪ੍ਰਭੂ ਦੇ ਸੱਚੇ ਤਖ਼ਤ ਦਾ ਟਿਕਾਣਾ ਹੈ, ਜਿਥੇ ਗੁਰਸਿਖ ਬੈਠ ਕੇ ਸੱਚੇ ਸ਼ਬਦ ਦਾ ਕੀਰਤਨ ਸੁਣਦੇ ਹਨ ਤੇ ਇਸ ਸੱਚੇ ਤਖ਼ਤ ਨੂੰ ਨਮਸਕਾਰਾਂ ਕਰਦੇ ਹਨ।੯।

**ਭਾਵਾਰਥ :** ਬਾਣੀ ਵਿਚ ਸਾਧ ਸੰਗਤ ਨੂੰ ਹੀ ਸੱਚਾ ਤਖ਼ਤ ਦਰਸਾਇਆ ਗਿਆ ਹੈ ਜਿਸ ਦੁਆਰੇ ਸਿਖ ਸਹਿਜੇ ਸਹਿਜੇ ਇਤਨੀ ਉੱਚਾਣ 'ਤੇ ਜਾ ਪੁਜਦਾ ਹੈ ਜਿਥੇ ਉਸਦੇ ਮਨ ਵਿਚ ਸੁਰਗ ਤੇ ਬੈਕੁੰਠ ਵਾਸੀ ਹੋਣ ਦੀ ਕਲਪਣਾ ਹੀ ਮੁੱਕ ਜਾਂਦੀ ਹੈ, ਕਿਉਂਕਿ ਉਨ੍ਹਾਂ ਨੂੰ ਬਾਣੀ ਦੁਆਰੇ ਨਿਸਚਾ ਹੋ ਜਾਂਦਾ ਹੈ ਕਿ :

ਜਬ ਲਗੁ ਮਨਿ ਬੈਕੁੰਠ ਕੀ ਆਸ ॥
ਤਬ ਲਗੁ ਹੋਇ ਨਹੀ ਚਰਨ ਨਿਵਾਸ ॥
ਕਹੁ ਕਬੀਰ ਇਹ ਕਹੀਐ ਕਾਹਿ ॥
ਸਾਧ ਸੰਗਤਿ ਬੈਕੁੰਠੈ ਆਹਿ ॥੪॥

*(ਗਉੜੀ ਕਬੀਰ ਜੀ, ਪੰਨਾ ੩੨੫)*

ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ ॥
ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ ॥੧॥

*(ਗਉੜੀ ਪੂਰਬੀ, ਕਬੀਰ ਜੀ, ਪੰਨਾ ੩੩੭)*

ਕਬੀਰ ਸੁਰਗ ਨਰਕ ਤੇ ਮੈ ਰਹਿਓ
ਸਤਿਗੁਰ ਕੇ ਪਰਸਾਦਿ॥
ਚਰਨ ਕਮਲ ਕੀ ਮਉਜ ਮਹਿ
ਰਹਉ ਅੰਤਿ ਅਰੁ ਆਦਿ॥੧੨੦॥

*(ਸਲੋਕ ਕਬੀਰ ਜੀ, ਪੰਨਾ ੧੩੭੦)*

ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ
ਜਿਸੁ ਤੂੰ ਆਪਿ ਕਰਾਇਹਿ॥
ਤਹਾ ਬੈਕੁੰਠ ਜਹ ਕੀਰਤਨੁ ਤੇਰਾ
ਤੂੰ ਆਪੇ ਸਰਧਾ ਲਾਇਹਿ॥੨॥

*(ਸੂਹੀ ਮ: ੫, ਪੰਨਾ ੭੪੯)*

ਅਠਸਠਿ ਤੀਰਥ ਜਹ ਸਾਧ ਪਗ ਧਰਹਿ॥
ਤਹ ਬੈਕੁੰਠ ਜਹ ਨਾਮੁ ਉਚਰਹਿ॥

*(ਰਾਮਕਲੀ ਮ: ੫, ਪੰਨਾ ੮੯੦)*

ਇਸ ਤਰ੍ਹਾਂ ਹੋਰ ਭੀ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਗੁਰਮੁਖਾਂ ਨੇ ਸੁਰਗ ਤੇ ਬੈਕੁੰਠ ਦੇ ਵਾਸੀ ਹੋਣ ਦੀ ਕਲਪਣਾ ਨੂੰ ਹੀ ਤਿਆਗ ਦਿਤਾ ਹੈ। ਉਨ੍ਹਾਂ ਨੇ ਸੱਚਾ ਤਖ਼ਤ ਅਤੇ ਸੱਚਾ ਬੈਕੁੰਠ ਸਾਧ ਸੰਗਤ ਨੂੰ ਹੀ ਨਿਸਚਿਤ ਕਰ ਲਿਆ ਹੈ, ਜਿਥੇ ਉਹ ਹਮੇਸ਼ਾਂ ਹੀ ਆਪਣੇ ਮਨ ਨੂੰ ਸ਼ਾਂਤ ਰੱਖਣ ਦਾ ਸਾਧਨ ਮੰਨਦੇ ਹਨ।

## ੧੦. ਗੁਰਸਿੱਖਾਂ ਦੀ ਸੇਵਾ

**੧. ਗੁਰ ਸਿੱਖਾਂ ਗੁਰ ਸਿੱਖ**
**ਸੇਵਾ ਲਾਇਆ।**
**੨. ਸਾਧਸੰਗਤਿ ਕਰਿ ਸੇਵ**
**ਸੁਖ ਫਲ ਪਾਇਆ।**
**੩. ਤੱਪੜ ਝਾੜ ਵਛਾਇ**
**ਧੂੜੀ ਨ੍ਹਾਇਆ।**
**੪. ਕੋਰੇ ਮੱਟ ਅਣਾਇ**
**ਨੀਰ ਭਰਾਇਆ।**
**੫. ਆਣਿ ਮਹਾਂ ਪਰਸਾਦ ਵੰਡਿ ਖੁਆਇਆ॥੧੦॥**

***ਪਦ ਅਰਥ :*** ਸੁਖ ਫਲ—ਆਤਮਕ ਸੁਖ, ਸ਼ਾਂਤੀ। ਤੱਪੜ—ਦਰੀਆਂ ਤੇ ਵਿਛੌਣੇ। ਧੂੜੀ—ਸੰਗਤ ਦੇ ਚਰਨਾਂ ਦੀ ਧੂੜ। ਮਹਾਂ ਪਰਸਾਦ—ਕੜਾਹ ਪ੍ਰਸਾਦਿ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਨ੍ਹਾਂ ਗੁਰਮੁਖ ਸਿੱਖਾਂ ਦਾ ਪਵਿੱਤ੍ਰ ਜੀਵਨ ਆਪ ਜੀ ਹਰ ਪਖੋਂ ਉਚੇਰਾ ਦਰਸਾ ਰਹੇ ਹੋ, ਕੀ ਤੁਸੀਂ ਉਨ੍ਹਾਂ ਦੇ ਅੰਤਰ-ਆਤਮੇ ਸੇਵਾ-ਭਾਵ ਭੀ ਵੇਖਦੇ ਹੋ। ਇਸ ਪੱਖ ਦੀ ਭੀ ਜਾਣਕਾਰੀ ਦਿਓ ਤਾਂ ਕਿ ਸਾਡੇ ਮਨਾਂ ਵਿਚ ਭੀ ਸੇਵਾ ਕਰਨ ਦਾ ਅੰਕੁਰ ਪੈਦਾ ਹੋਵੇ ?

ਉ: ਹੇ ਭਾਈਓ! ਮੈਂ ਤਾਂ ਜਦੋਂ ਗੁਰਸਿੱਖਾਂ ਦੇ ਨਿਰਮਲ ਜੀਵਨ ਸਫ਼ਰ ਵੱਲ ਤੱਕਦਾ ਹਾਂ ਤਾਂ ਉਹ ਮੈਨੂੰ ਹਮੇਸ਼ਾਂ ਹੀ ਹਰ ਪਖੋਂ ਪੂਰਨ ਪ੍ਰਤੀਤ ਹੁੰਦੇ ਹਨ, ਪਰ ਸੇਵਾ ਪੱਖ ਨੂੰ ਉਨ੍ਹਾਂ ਨੇ ਰੱਬੀ ਮਾਰਗ ਪਰ ਟੁਰਨ ਦਾ ਮੁੱਖ ਸਾਧਨ ਮੰਨਿਆ ਹੈ, ਕਿਉਂਕਿ ਗੁਰਬਾਣੀ ਵਿਚੋਂ ਉਨ੍ਹਾਂ ਨੂੰ ਹਰ ਮਨੁੱਖ-ਮਾਤ੍ਰ ਦੀ ਸੇਵਾ ਕਰਦੇ ਰਹਿਣ ਦੀ ਬਾਰ ਬਾਰ ਪ੍ਰੇਰਨਾ ਮਿਲਦੀ ਰਹੀ ਹੈ, ਜਿਵੇਂ ਕਿ :

ਸੇਵਕੋ ਗੁਰ ਸੇਵਾ ਲਾਗਾ
ਜਿਨਿ ਮਨੁ ਤਨੁ ਅਰਪਿ ਚੜਾਇਆ ਰਾਮ॥
ਮਨੁ ਤਨੁ ਅਰਪਿਆ ਬਹੁਤੁ ਮਨਿ ਸਰਧਿਆ
ਗੁਰ ਸੇਵਕ ਭਾਇ ਮਿਲਾਏ॥

*(ਆਸਾ ਮ: ੪, ਪੰਨਾ ੪੪੪)*

ਸੇਵਕ ਜਨ ਸੇਵਹਿ ਸੇ ਵਡਭਾਗੀ
ਰਿਦ ਮਨਿ ਤਨਿ ਪ੍ਰੀਤਿ ਲਗਾਵੈ॥
ਬਿਨੁ ਪ੍ਰੀਤੀ ਕਰਹਿ ਬਹੁ ਬਾਤਾ
ਕੂੜੁ ਬੋਲਿ ਕੂੜੋ ਫਲੁ ਪਾਵੈ॥੩॥

*(ਰਾਮਕਲੀ ਮ: ੪, ਪੰਨਾ ੮੮੧)*

ਤੇ ਧੰਨੁ ਜਨ ਵਡ ਪੁਰਖ ਪੂਰੇ
ਜੋ ਗੁਰਮਤਿ ਹਰਿ ਜਪਿ ਭਉ ਬਿਖਮੁ ਤਰੇ॥
ਸੇਵਕ ਜਨ ਸੇਵਹਿ ਤੇ ਪਰਵਾਣੁ
ਜਿਨ ਸੇਵਿਆ ਗੁਰਮਤਿ ਹਰੇ॥੩॥

*(ਤੁਖਾਰੀ ਮ: ੪, ਪੰਨਾ ੧੧੧੫)*

ਸੇਵਕ ਜਨ ਸੇਵਹਿ ਤੇ ਪਰਵਾਣੁ
ਜਿਨ ਸੇਵਿਆ ਗੁਰਮਤਿ ਹਰੇ॥
ਤਿਨ ਕੇ ਕੋਟਿ ਸਭਿ ਪਾਪ ਖਿਨੁ ਪਰਹਰਿ
ਹਰਿ ਦੂਰਿ ਕਰੇ॥ *(ਤੁਖਾਰੀ ਮ: ੪, ਪੰਨਾ ੧੧੧੪)*

ਸੇਵਕੁ ਜਨ ਕੀ ਸੇਵਾ ਮਾਗੈ ਪੂਰੈ ਕਰਮਿ ਕਮਾਵਾ॥
ਨਾਨਕ ਕੀ ਬੇਨੰਤੀ ਸੁਆਮੀ
ਤੇਰੇ ਜਨ ਦੇਖਣੁ ਪਾਵਾ॥੨॥

*(ਬਿਲਾਵਲੁ ਮ: ੫, ਪੰਨਾ ੮੦੨)*

ਸੇਵਕ ਜਨ ਬਨੇ ਠਾਕੁਰ ਲਿਵ ਲਾਗੇ ॥
ਜੋ ਤੁਮਰਾ ਜਸੁ ਕਹਤੇ ਗੁਰਮਤਿ
ਤਿਨ ਮੁਖ ਭਾਗ ਸਭਾਗੇ ॥
*(ਦੇਵਗੰਧਾਰੀ ਮ: ੪, ਪੰਨਾ ੫੨੭)*

ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ
ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ
ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ
ਨਿਤ ਦੇਵਹਿ ਚੜਹਿ ਸਵਾਇਆ ॥
ਵਡਿਆਈ ਵਡਾ ਪਾਇਆ ॥੭॥ *(ਪਉੜੀ ੭, ਪੰਨਾ ੪੬੭)*

ਸੇਵਕੁ ਪ੍ਰਭ ਕੈ ਲਾਗੈ ਪਾਇ ॥
ਸਤਿਗੁਰੁ ਪੂਰੈ ਮਿਲੈ ਮਿਲਾਇ ॥੩॥
*(ਧਨਾਸਰੀ ਮ: ੧, ਪੰਨਾ ੬੮੬)*

ਸੇਵਕ ਭਾਇ ਸੇ ਜਨ ਮਿਲੇ ਗੁਰ ਸਬਦਿ ਸਵਾਰੇ ॥
ਤੂ ਸਚਾ ਸਾਹਿਬੁ ਅਲਖੁ ਹੈ ਗੁਰ ਸਬਦਿ ਲਖਾਰੇ ॥੧੪॥
*(ਪਉੜੀ ੧੪, ਪੰਨਾ ੩੦੮)*

ਹਰਿ ਹਰਿ ਨਾਮੁ ਜਿਨੀ ਆਰਾਧਿਆ
ਤਿਨ ਕਾ ਦੁਖੁ ਭਰਮੁ ਭਉ ਭਾਗਾ ॥
ਸੇਵਕ ਭਾਇ ਮਿਲੇ ਵਡਭਾਗੀ
ਜਿਨ ਗੁਰ ਚਰਨੀ ਮਨੁ ਲਾਗਾ ॥
*(ਵਡਹੰਸੁ ਮ: ੪, ਪੰਨਾ ੫੭੨)*

ਸੇਵਾ ਕਰਉ ਦਾਸ ਦਾਸਨ ਕੀ
ਅਨਿਕ ਭਾਂਤਿ ਤਿਸੁ ਕਰਉ ਨਿਹੋਰਾ ॥
ਤੁਲਾਧਾਰਿ ਤੋਲੇ ਸੁਖ ਸਗਲੇ
ਬਿਨੁ ਹਰਿ ਦਰਸ ਸਭੋ ਹੀ ਥੋਰਾ ॥੧॥
*(ਗਉੜੀ ਮ: ੫, ਪੰਨਾ ੨੦੪)*

ਆਪੇ ਮੇਲੇ ਮੇਲਿ ਮਿਲਾਏ ॥
ਸੇਵਾ ਤੇ ਸਦਾ ਸੁਖੁ ਪਾਇਆ
ਗੁਰਮੁਖਿ ਸਹਜਿ ਸਮਾਵਣਿਆ ॥੭॥
*(ਮਾਝ ਮ: ੩, ਪੰਨਾ ੧੨੫)*

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ
ਚਲਤੇ ਰਾਖਿਓ ਚੀਤਿ ॥ *(ਮਾਰੂ ਮ: ੫, ਪੰਨਾ ੧੦੦੦)*

ਇਸ ਤਰ੍ਹਾਂ ਗੁਰਬਾਣੀ ਵਿਚੋਂ ਗੁਰਮੁਖਾਂ ਨੂੰ ਜਿਥੇ ਆਪ ਸੇਵਾ ਕਰਨ ਦੀ ਪ੍ਰੇਰਨਾ ਮਿਲਦੀ ਹੈ, ਉਥੇ ਉਨ੍ਹਾਂ ਨੂੰ ਹੋਰਨਾਂ ਤੋਂ ਸੇਵਾ ਕਰਾਉਂਦੇ ਰਹਿਣ ਦਾ ਉਪਰਾਲਾ ਕਰਨ ਦਾ ਉਤਸ਼ਾਹ ਭੀ ਮਿਲਦਾ ਹੈ, ਗੁਰਬਾਣੀ ਦੁਆਰੇ ਗੁਰਸਿੱਖਾਂ ਨੂੰ ਇਹ ਪੂਰਨ ਨਿਸਚਾ ਹੋ ਆਉਂਦਾ ਹੈ, ਕਿ ਜੋ ਆਪ ਸੇਵਾ ਕਰਦਾ ਹੈ ਤੇ ਹੋਰਨਾਂ ਤੋਂ ਕਰਾਉਂਦੇ ਰਹਿਣ ਦੀ ਪ੍ਰੇਰਨਾ ਕਰਦਾ ਹੈ ਉਸ ਸੇਵਕ ਦੀ ਪ੍ਰੀਤ ਓੜਕ ਤੱਕ ਪੂਰਨ ਨਿਭਦੀ ਹੈ, ਭਾਵ ਉਸਦੀ ਨਿਸ਼ਕਾਮ ਸੇਵਾ ਰੱਬੀ ਦਰਬਾਰ ਵਿਚ ਕਬੂਲ ਹੁੰਦੀ ਹੈ ਉਹ ਆਪਣਾ ਇਹ ਮਨੁੱਖ ਜਾਮਾ ਸਫਲਾ ਕਰ ਜਾਂਦਾ ਹੈ। ਸੋ, ਮੈਂ ਭੀ ਉਨ੍ਹਾਂ ਗੁਰਮੁਖਾਂ ਦੀ ਨਿਸ਼ਕਾਮ ਸੇਵਾ ਤੋਂ ਪ੍ਰੇਰਤ ਹੋ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉਲੀਕੀਆਂ ਹਨ :

(੧) (ਹੇ ਭਾਈਓ ! ਮੈਂ ਤਾਂ ਹਮੇਸ਼ਾਂ ਇਹੋ ਤੱਕਦਾ ਹਾਂ ਕਿ ਜਿਥੇ) ਗੁਰਮੁਖ ਆਪ ਸੇਵਾ ਕਰਦਾ ਹੈ ਤੇ ਹੋਰ ਗੁਰਸਿੱਖਾਂ ਨੂੰ (ਗੁਰੂ ਦੀ ਸੇਵਾ ਵਿਚ) ਲਾਉਂਦਾ ਹੈ।

(੨) ਗੁਰਮੁਖ ਸਾਧ ਸੰਗਤ ਦੀ ਸੇਵਾ ਕਰਕੇ ਸੁਖ ਫਲ (ਆਤਮਕ ਤੇ ਪ੍ਰਮਾਰਥਕ ਸੁਖ ਤੇ ਸ਼ਾਂਤੀ) ਨੂੰ ਪ੍ਰਾਪਤ ਕਰਦਾ ਹੈ।

(੩) (ਉਹ ਗੁਰਮੁਖ ਨਿਤ ਸੇਵਾ ਕਰਦੇ ਹਨ ਤੇ ਸੰਗਤ ਦੇ ਬੈਠਣ ਲਈ) ਤੱਪੜ (ਦਰੀਆਂ ਤੇ ਚਾਦਰਾਂ) ਆਦਿ ਝਾੜ ਕੇ ਵਿਛਾਉਂਦੇ ਹਨ ਤੇ (ਸਾਧ ਸੰਗਤ ਦੇ ਚਰਨਾਂ ਦੀ ਧੂੜੀ ਵਿਚ) ਇਸ਼ਨਾਨ ਕਰਦੇ ਹਨ। (ਤੱਪੜ ਤੇ ਦਰੀਆਂ ਝਾੜਨ ਨਾਲ ਧੂੜੀ ਉਨ੍ਹਾਂ ਉਤੇ ਪੈਂਦੀ ਹੈ)।

(੪) (ਫਿਰ ਸੰਗਤ ਦੇ ਜਲ ਛਕਣ ਲਈ ਗੁਰਸਿੱਖ) ਕੋਰੇ ਮੱਟ (ਵੱਡੇ ਘੜੇ) ਖ਼ਰੀਦ ਕੇ ਲਿਆਉਂਦੇ ਹਨ ਤੇ ਉਨ੍ਹਾਂ ਨੂੰ ਭਰ ਕੇ ਠੰਢਾ ਜਲ ਸੰਗਤ ਨੂੰ ਪਿਆਉਂਦੇ ਹਨ।

(੫) ਫਿਰ ਸਾਧ ਸੰਗਤ ਦੇ ਅਗੇ ਮਹਾਂ ਪਰਸਾਦ (ਕੜਾਹ ਪ੍ਰਸਾਦਿ) ਲਿਆ ਕੇ ਭੇਟਾ ਕਰਦੇ ਹਨ ਤੇ ਸਭ ਸੰਗਤ ਵਿਚ ਵੰਡ ਕੇ ਸਭ ਨੂੰ ਛਕਾਉਂਦੇ ਹਨ।੧੦।

***ਭਾਵਾਰਥ :*** ਜਦੋਂ ਭੀ ਅਸੀਂ ਪੁਰਾਤਨ ਰਿਖੀਆਂ ਮੁਨੀਆਂ ਦੀਆਂ ਧਾਰਮਿਕ ਪੁਸਤਕਾਂ ਪੜ੍ਹਦੇ ਜਾਂ ਸੁਣਦੇ ਹਾਂ ਤਾਂ ਉਨ੍ਹਾਂ ਰਾਹੀਂ ਸਾਨੂੰ ਬੋਧ ਮਿਲਦਾ ਹੈ ਕਿ ਪੁਰਾਣੇ ਧਾਰਮਿਕ ਲੋਕ ਪਰਮ ਪਦਵੀ ਨੂੰ ਪ੍ਰਾਪਤ ਕਰਨ ਲਈ ਕਿਤਨੇ ਕਸ਼ਟ ਸਹਾਰਦੇ, ਭਾਵ ਜਪ, ਤਪ, ਜੋਗ ਸਾਧਨਾ ਕਰਦੇ ਸਨ, ਪਰ ਫਿਰ ਭੀ ਉਨ੍ਹਾਂ ਨੂੰ ਉਹ ਆਤਮਕ ਅਨੰਦ ਨਹੀਂ ਸੀ ਮਿਲਦਾ, ਜਿਸ ਲਈ ਉਹ ਇਤਨੇ ਸਰੀਰ ਪਰ ਕਸ਼ਟ ਸਹਾਰਦੇ ਸਨ। ਕਿਉਂਕਿ ਉਹ ਆਪਣੀ ਕੀਤੀ ਤਪੱਸਿਆ ਦਾ ਹੰਕਾਰ ਕਰ ਬੈਠਦੇ ਸਨ। ਪਰ ਸਤਿਗੁਰੂ ਜੀ ਨੇ ਮਨੁੱਖ ਨੂੰ ਆਤਮਕ ਸ਼ਾਂਤੀ ਦਾ ਸੁਖੈਨ ਸਾਧਨ ਸੇਵਾ ਕਰਦੇ ਰਹਿਣਾ ਹੀ ਦਰਸਾਇਆ ਹੈ, ਪਰ ਉਸ ਸੇਵਾ ਕਰਨ ਵਾਲੇ ਸੇਵਕ ਲਈ

ਨਾਲ ਇਕ ਨਿਯਮ ਕਾਇਮ ਕਰ ਦਿਤਾ ਹੈ, ਜਿਵੇਂ ਕਿ :

ਸੇਵਾ ਕਰਤ ਹੋਇ ਨਿਹਕਾਮੀ॥
ਤਿਸ ਕਉ ਹੋਤ ਪਰਾਪਤਿ ਸੁਆਮੀ॥

*(ਸੁਖਮਨੀ, ਪੰਨਾ ੨੮੬)*

ਜੋ ਸੇਵਕ ਨਿਸ਼ਕਾਮ ਸੇਵਾ ਕਰਦਾ ਹੈ, ਗੁਰਬਾਣੀ ਵਿਚ ਉਸਨੂੰ ਸਾਰੇ ਤਪਾਂ ਦਾ ਸ਼ਿਰੋਮਣੀ ਦਰਜਾ ਦਿਤਾ ਗਿਆ ਹੈ, ਜਿਵੇਂ ਕਿ ਗੁਰੂ ਫ਼ੁਰਮਾਣ ਹੈ ਕਿ :

ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ॥

*(ਆਸਾ ਮ: ੩, ਪੰਨਾ ੪੨੩)*

ਭਾਵ ਹੈ ਕਿ ਜੋ ਗੁਰੂ ਦਾ ਸਿਖ ਹਰ ਲੋੜਵੰਦ ਦੀ ਹਰ ਪਖੋਂ ਸੇਵਾ ਕਰਦਾ ਹੈ ਉਸਨੂੰ ਹੋਰ ਕਿਸੇ ਸਾਧਨ ਕਰਨ ਦੀ ਲੋੜ ਨਹੀਂ, ਉਹ ਪਰਮ ਪਦਵੀ ਨੂੰ ਪ੍ਰਾਪਤ ਕਰ ਲੈਂਦਾ ਹੈ।

## ੧੧. ਗੁਰਸਿੱਖ ਕਿਹੋ ਜੇਹੀ ਘਾਲਣਾ ਘਾਲੇ

**੧. ਹੋਇ ਬਿਰਖ ਸੰਸਾਰ
ਸਿਰ ਤਲਵਾਇਆ।
੨. ਨਿਹਚਲ ਹੋਇ ਨਿਵਾਸ
ਸੀਸ ਨਿਵਾਇਆ।
੩. ਹੋਇ ਸੁਫਲ ਫਲ ਸੁਫਲ
ਵੱਟ ਸਹਾਇਆ।
੪. ਸਿਰਿ ਕਰਵੱਤੁ ਧਰਾਇ
ਜਹਾਜ਼ ਬਣਾਇਆ।
੫. ਪਾਣੀ ਦੇ ਸਿਰਿ ਵਾਟ
ਰਾਹੁ ਚਲਾਇਆ।
੬. ਸਿਰ ਕਰਵੱਤ ਧਰਾਇ ਸੀਸ ਚੜ੍ਹਾਇਆ ॥੧੧॥**

***ਪਦ ਅਰਥ :*** ਸਿਰ ਤਲਵਾਇਆ—ਸਿਰ ਦੇ ਭਾਰ, ਮੂੰਧੇ ਸਿਰ। ਵੱਟ—ਢੇਮਾਂ ਤੇ ਵੱਟੇ। ਕਰਵੱਤੁ—ਵੱਡਾ ਆਰਾ। ਚੜਾਇਆ—ਚੜ੍ਹਾਉਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਦੋਂ ਅਸੀਂ ਸੰਸਾਰ ਭਰ ਦੇ ਲੋਕਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਉਹ ਸਾਨੂੰ ਆਪੋ ਆਪਣੇ ਸੁਭਾਅ ਮੁਤਾਬਕ ਜੀਵਨ ਗੁਜ਼ਾਰਦੇ ਦਿੱਸਣ ਵਿਚ ਆਉਂਦੇ ਹਨ, ਜਿਵੇਂ ਕਈ ਮਨਮੁਖ ਲੋਕ ਹਨ, ਉਹ ਆਪਣੇ ਮਨਮੁਖਤਾ ਦੇ ਸੁਭਾਉ ਵਿਚ ਹੀ ਜੀਵਨ ਗੁਜ਼ਾਰ ਜਾਂਦੇ ਹਨ, ਉਹ ਜੇ ਚੰਗੇ ਗੁਰਮੁਖਾਂ ਦੀ ਸੰਗਤ ਵਿਚ ਭੀ ਰਹਿਣ ਤਾਂ ਵੀ ਉਹ ਆਪਣੇ ਬੁਰੇ ਸੁਭਾਉ ਨੂੰ ਨਹੀਂ ਤਿਆਗਦੇ, ਕਿਉਂ ਜੀ, ਦਸੋਗੇ ਕਿ ਜਿਨ੍ਹਾਂ ਗੁਰਮੁਖਾਂ ਦਾ ਆਪ ਜੀ ਜ਼ਿਕਰ ਕਰਦੇ ਆ ਰਹੇ ਹੋ, ਉਨ੍ਹਾਂ ਦਾ ਆਪਣਾ ਆਦੀ ਸੁਭਾਉ ਕਿਹੋ ਜਿਹਾ ਹੈ ਜਿਸਦੇ ਅਨੁਸਾਰ ਉਹ ਸਦਾ ਹੀ ਆਪਣਾ ਜੀਵਨ ਗੁਜ਼ਾਰਦੇ ਰਹਿੰਦੇ ਹਨ, ਕਿਉਂਕਿ ਆਪ ਜੀ ਨੂੰ ਤਾਂ ਹਰ ਇਕ ਸਿਖ ਦੇ ਜੀਵਨ ਦੀ ਜਾਣਕਾਰੀ ਹੈ ?

ਉ: ਹੇ ਭਾਈਓ ! ਜਦੋਂ ਅਸੀਂ ਵੀਚਾਰ ਦ੍ਰਿਸ਼ਟੀ ਦੁਆਰੇ ਤੱਕੀਏ ਤਾਂ ਸਾਨੂੰ ਆਮ ਸੰਸਾਰੀ ਲੋਕਾਂ ਨਾਲੋਂ ਗੁਰਸਿਖ ਦਾ ਜੀਵਨ ਵਿਲੱਖਣ ਦਿੱਸਣ ਵਿਚ ਆਵੇਗਾ ਕਿਉਂਕਿ ਆਮ ਸੰਸਾਰੀ ਲੋਕ ਲੋਕਾਂ ਦੀ ਖ਼ੁਸ਼ੀ ਹਾਸਲ ਕਰਨ ਲਈ ਕਰਮ ਕਰਦੇ ਹਨ, ਪਰ ਗੁਰੂ ਦਾ ਸਿਖ ਆਮ ਲੋਕਾਂ ਦੀ ਪ੍ਰਸੰਨਤਾ ਨੂੰ ਨਹੀਂ ਮੁਖ ਰਖਦਾ, ਉਹ ਤਾਂ ਉਸੇ ਕਰਮ ਕਰਨ ਵਿਚ ਪ੍ਰਵਿਰਤ ਹੁੰਦਾ ਹੈ, ਜਿਸ ਦੁਆਰੇ ਉਸਨੂੰ ਗੁਰੂ ਦੀ ਖ਼ੁਸ਼ੀ ਹਾਸਲ ਹੋਵੇ, ਉਹ ਹਰ ਤਰ੍ਹਾਂ ਦੀ ਕਿਰਤ ਕਰਨ ਲਈ ਹਮੇਸ਼ਾਂ ਹੀ ਗੁਰਬਾਣੀ ਦੀ ਪ੍ਰੇਰਨਾ ਲੈਂਦਾ ਹੈ, ਜਿਸ ਬਾਰੇ ਕਰਮ ਦੇ ਕਰਨ ਵਿਚ ਗੁਰੂ ਸਹਿਮਤ ਨਹੀਂ, ਉਹ ਉਸਨੂੰ ਕਦੇ ਭੀ ਕਰਨ ਦਾ ਸੰਕਲਪ ਨਹੀਂ ਕਰਦਾ, ਭਾਵੇਂ ਉਸਨੂੰ ਕਸ਼ਟ ਹੀ ਸਹਾਰਨਾ ਪਵੇ। ਇਸ ਪੱਖ ਦੀ ਪੂਰਤੀ ਲਈ ਜੋ ਭੀ ਸ਼ੈ ਸਾਹਮਣੇ ਆਉਂਦੀ ਹੈ ਉਹ ਉਸ ਤੋਂ ਚੰਗੀ ਪ੍ਰੇਰਨਾ ਹੀ ਲੈਂਦਾ ਹੈ, ਉਹ ਜਦੋਂ ਗੁਰਬਾਣੀ ਵਿਚ ਇਹ ਹੁਕਮ ਪੜ੍ਹਦਾ ਹੈ, ਜਿਵੇਂ ਕਿ :

ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ॥
ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ॥੧॥

*(ਮਾਰੂ ਮ: ੫, ਪੰਨਾ ੧੦੧੭)*

ਫਰੀਦਾ ਜੋ ਤੈ ਮਾਰਨਿ ਮੁਕੀਆਂ
ਤਿਨਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ॥੭॥

*(ਸਲੋਕ ਫਰੀਦ ਜੀ, ਪੰਨਾ ੧੩੭੮)*

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥੧੮॥

*(ਸਲੋਕ ਫਰੀਦ ਜੀ, ਪੰਨਾ ੧੩੮੧)*

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧ ਸੰਗਤਿ ਮੋਹਿ ਪਾਈ॥੧॥ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ॥੧॥

*(ਕਾਨੜਾ ਮ: ੫, ਪੰਨਾ ੧੨੯੯)*

ਬੁਰਾ ਭਲਾ ਕੋਈ ਨ ਕਹੀਜੈ॥
ਛੋਡਿ ਮਾਨੁ ਹਰਿ ਚਰਨ ਗਹੀਜੈ॥੩॥

*(ਗਉੜੀ ਮ: ੫, ਪੰਨਾ ੧੮੬)*

ਬੁਰਾ ਭਲਾ ਕਹੁ ਕਿਸ ਨੋ ਕਹੀਐ॥
ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ॥

*(ਆਸਾ ਮ: ੧, ਪੰਨਾ ੩੫੩)*

ਚੀਤਿ ਆਵੈ ਤਾਂ ਸਦਾ ਦਇਆਲਾ
ਲੋਗਨ ਕਿਆ ਵੇਚਾਰੇ॥
ਬੁਰਾ ਭਲਾ ਕਹੁ ਕਿਸ ਨੋ ਕਹੀਐ
ਸਗਲੇ ਜੀਅ ਤੁਮ੍ਹਾਰੇ॥ *(ਆਸਾ ਮ: ੫, ਪੰਨਾ ੩੮੩)*

ਬੁਰਾ ਭਲਾ ਕਿਛੁ ਆਪਸ ਤੇ ਜਾਨਿਆ
ਏਈ ਸਗਲ ਵਿਕਾਰਾ॥
ਇਹੁ ਫੁਰਮਾਇਆ ਖਸਮ ਕਾ ਹੋਆ
ਵਰਤੈ ਇਹੁ ਸੰਸਾਰਾ॥੨॥ *(ਮਾਰੂ ਮ: ੩, ਪੰਨਾ ੯੯੩)*

ਘਘੈ ਘਾਲ ਸੇਵਕੁ ਜੇ ਘਾਲੈ
ਸਬਦਿ ਗੁਰੂ ਕੈ ਲਾਗਿ ਰਹੈ॥
ਬੁਰਾ ਭਲਾ ਜੇ ਸਮ ਕਰਿ ਜਾਣੈ
ਇਨ ਬਿਧਿ ਸਾਹਿਬੁ ਰਮਤੁ ਰਹੈ॥੮॥

*(ਆਸਾ ਮ: ੧, ਪੰਨਾ ੪੩੨)*

ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ॥
ਮੰਦਾ ਕਿਸ ਨੋ ਆਖੀਐ ਸਬਦਿ ਵੇਖਹੁ ਲਿਵ ਲਾਇ॥੬॥
ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ॥

*(ਸੂਹੀ ਮ: ੩, ਪੰਨਾ ੭੫੭)*

ਤੂੰ ਕਰਤਾ ਸਭੁ ਕਿਛੁ ਆਪੇ ਜਾਣਹਿ
ਕਿਆ ਤੁਧੁ ਪਹਿ ਆਖਿ ਸੁਣਾਈਐ॥
ਬੁਰਾ ਭਲਾ ਤੁਧੁ ਸਭੁ ਕਿਛੁ ਸੂਝੈ
ਜੇਹਾ ਕੋ ਕਰੇ ਤੇਹਾ ਕੋ ਪਾਈਐ॥੧॥

*(ਸੂਹੀ ਮ: ੪, ਪੰਨਾ ੭੩੫)*

ਹੁਕਮੁ ਬੁਝੈ ਸੋ ਸੇਵਕੁ ਕਹੀਐ॥
ਬੁਰਾ ਭਲਾ ਦੁਇ ਸਮਸਰਿ ਸਹੀਐ॥

*(ਮਾਰੂ ਮ: ੫, ਪੰਨਾ ੧੦੭੬)*

ਬੁਰਾ ਭਲਾ ਦੁਇ ਮਸਤਕਿ ਲੀਖੇ
ਪਾਪੁ ਪੁੰਨ ਬੀਜਾਇਦਾ॥੧੪॥

*(ਮਾਰੂ ਮ: ੧, ਪੰਨਾ ੧੦੩੮)*

ਅਜਿਹੀਆਂ ਹੋਰ ਭੀ ਬਾਣੀ ਵਿਚ ਬਹੁਤ ਪੰਗਤੀਆਂ ਆਉਂਦੀਆਂ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਗੁਰਮੁਖ ਆਪਣੇ ਜੀਵਨ ਦਾ ਸਫ਼ਰ ਤਹਿ ਕਰਦੇ ਹਨ, ਉਨ੍ਹਾਂ ਦੀ ਨਜ਼ਰ ਦੇ ਸਾਹਮਣੇ ਜੋ ਭੀ ਸ਼ੈਅ ਨਜ਼ਰ ਆਉਂਦੀ ਹੈ ਉਹ ਉਸ 'ਤੇ ਘਿਰਨਾ ਨਹੀਂ ਕਰਦੇ ਸਗੋਂ ਆਪਣੇ ਜੀਵਨ ਸਫ਼ਰ ਲਈ ਉਸਦੀ ਬੁਰਾਈ ਨੂੰ ਛੱਡ ਕੇ ਚੰਗਿਆਈ ਦੀ ਪ੍ਰੇਰਨਾ ਲੈਂਦੇ ਹਨ। ਜਿਵੇਂ ਉਹ ਕਿਸੇ ਦਰੱਖ਼ਤ ਕੱਟਣ ਵਾਲੇ ਨੂੰ ਤੱਕਦੇ ਹਨ ਕਿ ਉਸਨੇ ਤਿੱਖੇ ਸ਼ਸਤਰ ਨਾਲ ਦਰੱਖ਼ਤ ਨੂੰ ਕੱਟਿਆ ਹੈ ਉਸ ਦੀਆਂ ਫਟੀਆਂ ਚੀਰ ਕੇ ਇਕ ਬੇੜੀ ਤਿਆਰ ਕੀਤੀ, ਉਹ ਬੇੜੀ ਦਰਯਾ ਦੇ ਗੰਭੀਰ ਪਾਣੀ ਤੋਂ ਮੁਸਾਫ਼ਰਾਂ ਨੂੰ ਪਾਰ ਕਰਦੀ ਹੈ, ਪਰ ਉਸ ਦਰਯਾ ਤੋਂ ਪਾਰ ਹੋਣ ਲਈ ਅੱਜ ਉਹ ਬੰਦਾ ਭੀ ਬੇੜੀ 'ਤੇ ਅਸਵਾਰ ਹੁੰਦਾ ਹੈ ਜਿਸਨੇ ਕਦੀ ਉਸ ਦਰੱਖ਼ਤ ਨੂੰ ਕੱਟਿਆ ਸੀ ਜਿਸਦੀ ਉਹ ਬੇੜੀ ਬਣੀ ਹੈ, ਪਰ ਉਹ ਬੇੜੀ ਉਸ ਕੱਟਣ ਵਾਲੇ ਨੂੰ ਭੀ ਦਰਯਾ ਤੋਂ ਪਾਰ ਕਰਦੀ ਹੈ ਉਹ ਉਸ ਦੋਸ਼ੀ ਦੇ ਦੋਸ਼ ਵੱਲ ਨਹੀਂ ਤੱਕਦੀ ਉਹ ਉਸਦਾ ਭੀ ਭਲਾ ਹੀ ਲੋੜਦੀ ਹੈ, ਇਸੇ ਤਰ੍ਹਾਂ ਗੁਰਮੁਖ ਭੀ ਗੁਰੂ ਦੀ ਸੰਗਤ ਤੋਂ ਪ੍ਰੇਰਨਾ ਲੈ ਕੇ ਬੁਰੇ ਦਾ ਭੀ ਭਲਾ ਕਰਦੇ ਰਹਿਣ ਦੇ ਸੁਭਾਉ ਵਿਚ ਵਰਤਦੇ ਹਨ ਕਿਉਂਕਿ ਉਨ੍ਹਾਂ ਦੇ ਅੰਦਰੋਂ ਵੈਰ-ਭਾਵ ਮਿਟ ਗਿਆ ਹੈ, ਉਹ ਉਸ ਦਰੱਖ਼ਤ ਵਾਂਗ ਹੀ ਪਰਉਪਕਾਰੀ ਹੁੰਦੇ ਹਨ।

ਸੋ, ਗੁਰਮੁਖਾਂ ਨੇ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਆਪਣੇ ਸੁਭਾਉ ਵਿਚ ਨਿਰਵੈਰਤਾ ਧਾਰਨ ਕਰ ਰੱਖੀ ਹੈ, ਇਸੇ ਨਿਰਵੈਰਤਾ ਧਾਰਨ ਦਾ ਸਦਕਾ ਉਨ੍ਹਾਂ ਨੇ ਆਪਣੀ ਸੁਰਤ ਨੂੰ ਇਤਨੀ ਉਚੇਰੀ ਕਰ ਲਿਆ ਹੈ, ਕਿ ਉਹ ਸੰਸਾਰ ਸਾਗਰ ਦੇ ਪਦਾਰਥਾਂ ਰੂਪ ਪਾਣੀ ਤੋਂ ਆਪਣੇ ਜੀਵਨ ਨੂੰ ਸਦਾ ਹੀ ਨਿਰਲੇਪ ਰੱਖਦੇ ਹਨ। ਸੋ, ਮੈਂ ਭੀ ਉਨ੍ਹਾਂ ਦੀ ਉਚੇਰੀ ਸੋਚਣੀ ਨੂੰ ਤੱਕ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਦਾ ਜੀਵਨ ਇਕ ਪਰਉਪਕਾਰੀ ਬ੍ਰਿਛ ਦੀ ਤਰ੍ਹਾਂ ਨਿਰ-ਹੰਕਾਰ, ਨਿਰਮਾਣ ਹੋ ਕੇ ਵਿਚਰਦਾ ਹੈ:

(੧) (ਹੇ ਭਾਈਓ, ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਬ੍ਰਿਛ ਸਿਰ ਥੱਲੇ ਨੂੰ ਕਰਕੇ ਸੰਸਾਰ ਵਿਚ ਪੈਦਾ ਹੋਇਆ ਹੈ।

ਇਸੇ ਤਰ੍ਹਾਂ ਸਿਖ ਸਿਰ (ਹੰਕਾਰ) ਨੂੰ ਥੱਲੇ ਤੇ ਪੈਰ (ਆਪਣੀਆਂ ਨੇਕ ਕਰਨੀਆਂ ਨਿਮ੍ਰਤਾ ਆਦਿ) ਨੂੰ ਉਚਿਆਂ ਰੱਖੇ।

(੨) ਸਿਖ ਦੇ ਮਨ ਦਾ ਨਿਵਾਸ (ਬ੍ਰਿਛ ਵਾਂਗ) ਅਡੋਲ ਇਕ ਥਾਂ ਟਿਕੇ ਤੇ ਸੀਸ ਨਿਮ੍ਰਤਾ ਧਾਰਨ ਕਰਕੇ ਹਮੇਸ਼ਾਂ ਨਿਵਿਆ ਰਹੇ।

(੩) ਜਿਵੇਂ ਬ੍ਰਿਛ ਫਲਾਂ ਵਾਲਾ ਹੁੰਦਾ ਹੈ, ਤਾਂ ਲੋਕ ਉਸਨੂੰ ਵੱਟੇ ਤੇ ਢੇਮਾਂ ਮਾਰਦੇ ਹਨ ਤੇ ਬ੍ਰਿਛ ਅਗੋਂ ਉਨ੍ਹਾਂ ਨੂੰ ਫਲ ਖਾਣ ਲਈ ਦੇਂਦਾ ਹੈ (ਇਸੇ ਤਰ੍ਹਾਂ ਨਿਰਮਾਣ ਹੋ ਕੇ ਸਿਖ ਸੇਵਾ ਦੀ ਘਾਲ ਕਮਾਈ ਕਰੇ)।

(੪) ਜਿਵੇਂ ਲੱਕੜ ਨੂੰ ਸਿਰ 'ਤੇ ਆਰਾ ਰੱਖ ਕੇ ਚੀਰਦੇ ਹਨ ਤੇ ਫੱਟੇ ਬਣਾ ਕੇ ਜਹਾਜ਼ ਬਣਾਉਂਦੇ ਹਨ ਤੇ ਜਹਾਜ਼ ਫਿਰ ਲੋਕਾਂ ਨੂੰ ਚੜ੍ਹਾ ਕੇ ਅਥਾਹ ਪਾਣੀ ਤੋਂ ਪਾਰ ਕਰਦਾ ਹੈ, (ਇਸੇ ਤਰ੍ਹਾਂ ਸਿਖ ਦੁੱਖ ਸਹਾਰ ਕੇ ਕੁਰਬਾਨੀ ਦੇ ਕੇ ਪਰਉਪਕਾਰੀ ਬਣੇ)।

(੫) ਪਾਣੀ ਦੇ ਸਿਰ 'ਤੇ ਬੈਠ ਜਿਵੇਂ ਪਾਰ ਹੋਈਦਾ ਹੈ ਜਾਂ ਰਸਤੇ ਪਈਦਾ ਹੈ (ਇਸੇ ਤਰ੍ਹਾਂ ਗੁਰਸਿਖ ਸੰਸਾਰ ਦੇ ਵਿਚ ਡੁੱਬੇ ਨ, ਸਿਰ 'ਤੇ ਚਲਣ ਵਾਂਗ ਤੁਰੇ ਤੇ ਭਵਜਲ ਨੂੰ ਲੰਘ ਜਾਏ)।

(੬) ਜਿਵੇਂ ਲੱਕੜ ਦੇ ਸਿਰ 'ਤੇ ਆਰਾ ਰੱਖਣ ਵਾਲੇ ਤਰਖਾਣ ਨੂੰ ਵੀ ਲੱਕੜ ਸਿਰ 'ਤੇ ਬਿਠਾ ਕੇ ਦਰਿਆ ਤੋਂ ਪਾਰ ਕਰਦੀ ਹੇ (ਤਿਵੇਂ ਸਿਖ ਬੁਰਾ ਕਰਨ ਵਾਲੇ ਦਾ ਭੀ ਭਲਾ ਕਰੇ)।੧੧।

***ਭਾਵਾਰਥ:*** ਜਿਵੇਂ ਅਸੀਂ ਵੇਖਦੇ ਹਾਂ ਕਿ ਬ੍ਰਿਛ ਪਰਉਪਕਾਰ ਦੀ ਮੂਰਤ ਹੈ ਕਿਉਂਕਿ ਇਕ ਤਾਂ ਉਹ ਵੱਟੇ ਮਾਰਨ ਵਾਲਿਆਂ ਦੀ ਉਦਰ-ਪੂਰਨਾ ਕਰਦਾ ਹੈ, ਦੂਜੇ ਚੀਰਨ ਵਾਲੇ ਨੂੰ ਸਿਰ ਪਰ ਧਾਰਨ ਕਰਕੇ ਨਦੀਓਂ ਪਾਰ ਕਰਦਾ ਹੈ, ਇਸ ਤਰ੍ਹਾਂ ਬ੍ਰਿਛ ਵਿਚ ਹਜ਼ਾਰਾਂ ਗੁਣ ਹਨ। ਇਸੇ ਭਾਵ ਨੂੰ ਪੁਰਾਤਨ ਬੁਧੀ-ਜੀਵੀਆਂ ਨੇ ਆਪਣੇ ਵੀਚਾਰਾਂ ਰਾਹੀਂ ਉੱਕਰਿਆ ਹੈ, ਜਿਵੇਂ ਕਿ:

ਸੰਤ ਕਰੈ ਨਹੀ ਵੈਰ ਕਹੂੰ
ਸਭ ਕੇ ਹਿਤ ਮਹਿ ਵਰਤੇ ਅਤਿ ਹੀ।
ਜੈਸੇ ਕੁਠਾਰ ਕੱਟੇ ਤਰ ਚੰਦਨ
ਗੰਧ ਤਿਸੈ ਮੁਖ ਦੇਵਤ ਹੀ। *(ਸਾਰਕੁਤਾਵਲੀ)*

ਭਾਵ, ਜਿਵੇਂ ਕੁਹਾੜਾ ਚੰਦਨ ਦੇ ਬ੍ਰਿਛ ਨੂੰ ਕੱਟਦਾ ਹੈ ਪਰ ਉਹ ਅਗੋਂ ਉਸ ਕੁਹਾੜੇ ਦੇ ਮੁੱਖ ਨੂੰ ਸੁਗੰਧੀ ਦੇਂਦਾ ਹੈ। ਇਸੇ ਤਰ੍ਹਾਂ ਗੁਰਮੁਖ ਭੀ ਨਿਰਵੈਰ ਹੁੰਦੇ ਹਨ ਜੇ ਉਨ੍ਹਾਂ ਨੂੰ ਕੋਈ ਕਸ਼ਟ ਭੀ ਦੇਂਦਾ ਹੈ ਤਾਂ ਉਹ ਉਸਦਾ ਭੀ ਭਲਾ ਹੀ ਕਰਦੇ ਹਨ, ਕਿਉਂਕਿ ਉਨ੍ਹਾਂ ਦੇ ਅੰਦਰੋਂ ਸੰਗਤ ਦਾ ਸਦਕਾ ਵੈਰ-ਭਾਵ ਮਿਟ ਗਿਆ ਹੈ।

## ੧੨. ਪਰਉਪਕਾਰੀ ਮਨੁੱਖ ਦੀ ਮਹਾਨਤਾ

**੧. ਲੋਹੇ ਤੱਛਿ ਤਛਾਇ**
**ਲੋਹਿ ਜੜਾਇਆ।**
**੨. ਲੋਹਾ ਸੀਸੁ ਚੜਾਇ**
**ਨੀਰਿ ਤਰਾਇਆ।**
**੩. ਆਪਨੜਾ ਪੁਤ ਪਾਲਿ**
**ਨ ਨੀਰਿ ਡੁਬਾਇਆ।**
**੪. ਅਗਰੈ ਡੋਬੈ ਜਾਣਿ**
**ਡੋਬਿ ਤਰਾਇਆ।**
**੫. ਗੁਣ ਕੀਤੇ ਗੁਣ ਹੋਇ**
**ਜਗ ਪਤੀਆਇਆ।**
**੬. ਅਵਗੁਣ ਸਹਿ ਗੁਣ ਕਰੈ ਘੋਲਿ ਘੁਮਾਇਆ ॥੧੨॥**

***ਪਦ ਅਰਥ:*** ਤੱਛਿ ਤਛਾਇ—ਵਢਾ ਟੁਕੀ ਕਰਕੇ ਸਫ਼ਾਈ ਕਰਨੀ। ਨੀਰਿ—ਪਾਣੀ। ਜੜਾਇਆ—ਜੜਨਾ। ਪਤੀਆਇਆ—ਪਤੀਜਣਾ, ਯਕੀਨ ਕਰਨਾ। ਘੋਲਿ ਘੁਮਾਇਆ—ਬਲਿਹਾਰੇ ਜਾਣਾ।

***ਅਰਥ:***

ਪ੍ਰ: ਭਾਈ ਸਾਹਿਬ ਜੀਉ! ਜਿਥੇ ਆਪ ਜੀ ਸੰਸਾਰੀ ਲੋਕਾਂ ਨਾਲੋਂ ਗੁਰਮੁਖਾਂ ਵਿਚ ਅਨੇਕਾਂ ਹੀ ਗੁਣਾਂ ਦੀ ਵਿਸ਼ੇਸ਼ਤਾ ਦਰਸਾਉਂਦੇ ਆ ਰਹੇ ਹੋ, ਇਸੇ ਤਰ੍ਹਾਂ ਜੇਕਰ ਆਪ ਜੀ ਨੂੰ ਗੁਰਮੁਖਾਂ ਵਿਚ ਹੋਰ ਭੀ ਗੁਣਾਂ ਦੀ ਅਧਿਕਤਾ ਦਿਸਦੀ ਹੋਵੇ ਤਾਂ ਉਹ ਭੀ ਦਰਸਾਉਣ ਦੀ ਖੇਚਲਾ ਕਰੋ ਤਾਂ ਕਿ ਸਾਨੂੰ ਭੀ ਹੋਰ ਲਾਭ ਪ੍ਰਾਪਤ ਹੋ ਸਕੇ?

ਉ: ਅਸਲ ਵਿਚ ਹੇ ਭਾਈਓ! ਗੁਰਮੁਖ ਦੈਵੀਗੁਣਾਂ ਦੇ ਭੰਡਾਰ ਹਨ, ਉਨ੍ਹਾਂ ਦੇ ਸੰਪੂਰਨ ਗੁਣਾਂ ਨੂੰ ਕਥਨ ਕਰਨ ਦੀ ਕਿਸੇ ਵਿਚ ਭੀ ਸਮਰੱਥਾ ਨਹੀਂ। ਪਰ ਹਾਂ, ਉਨ੍ਹਾਂ ਵਿਚ ਜੋ ਬਾਹਰਲੇ ਗੁਣ ਵੇਖਣ ਵਿਚ ਆਉਂਦੇ ਹਨ

ਉਨ੍ਹਾਂ ਵਿਚੋਂ ਨਾਮ ਮਾਤ੍ਰ ਗੁਣ ਕਹੇ ਜਾ ਸਕਦੇ ਹਨ, ਉਹ ਭੀ ਸਾਰੇ ਗੁਣ ਬਿਆਨੇ ਨਹੀਂ ਜਾ ਸਕਦੇ। ਮੈਂ ਉਨ੍ਹਾਂ ਦੇ ਬਾਹਰਲੇ ਗੁਣਾਂ ਵਿਚੋਂ ਇਕ ਵਿਸ਼ੇਸ਼ ਗੁਣ ਤੱਕਦਾ ਹਾਂ, ਪਰਉਪਕਾਰ ਦਾ। ਜਿਸ ਗੁਣ ਦੇ ਉਹ ਸਦਾ ਹੀ ਧਾਰਨੀ ਹਨ, ਇਸ ਗੁਣ ਦੀ ਧਾਰਨਾ ਭੀ ਉਨ੍ਹਾਂ ਨੇ ਗੁਰੂ ਦੀ ਸੰਗਤ ਦੁਆਰਾ ਬਾਣੀ ਰਾਹੀਂ ਪ੍ਰੇਰਨਾ ਲਈ ਹੈ, ਕਿਉਂਕਿ ਬਾਣੀ ਦਾ ਫ਼ੁਰਮਾਨ ਹੈ ਕਿ ਗੁਰਮੁਖ ਕਿਸੇ ਅਵਗੁਣ ਕਰਨ ਵਾਲੇ ਗੁਨਾਹੀ ਦੇ ਗੁਨਾਹਾਂ ਵੱਲ ਨਹੀਂ ਤੱਕਦਾ ਉਹ ਉਸ 'ਤੇ ਭੀ ਪਰਉਪਕਾਰ ਕਰਦਾ ਹੈ, ਜਿਵੇਂ ਫੁਰਮਾਨ ਹੈ :

ਤੇ ਸੰਤ ਭਲੇ ਗੁਰਸਿਖ ਹੈ
ਜਿਨ ਨਾਹੀ ਚਿੰਤ ਪਰਾਈ ਚੁਖਾ ॥
ਧਨੁ ਧੰਨੁ ਤਿਨਾ ਕਾ ਗੁਰੂ ਹੈ
ਜਿਸੁ ਅੰਮ੍ਰਿਤ ਫਲ ਹਰਿ ਲਾਗੇ ਮੁਖਾ ॥੬॥

*(ਪਉੜੀ, ਪੰਨਾ ੫੮੮)*

ਅਵਗੁਣ ਛੋਡਿ ਗੁਣਾ ਕਉ ਧਾਵਹੁ
ਕਰਿ ਅਵਗੁਣ ਪਛੁਤਾਹੀ ਜੀਉ ॥

*(ਸੋਰਠਿ ਮ: ੧, ਪੰਨਾ ੫੯੮)*

ਇਸੇ ਤਰ੍ਹਾਂ ਜਦੋਂ ਗੁਰਸਿਖ ਗੁਰ ਇਤਿਹਾਸ ਪੜ੍ਹਦਾ ਹੈ ਤਾਂ ਉਸਨੂੰ ਪ੍ਰੇਰਨਾ ਮਿਲਦੀ ਹੈ ਕਿ ਪੁਰਾਤਨ ਵਕਤ ਦੀਆਂ ਜ਼ਾਲਮ ਹਕੂਮਤਾਂ ਵਲੋਂ ਕਿਤਨੇ ਅਸਹਿ ਅਤੇ ਅਕਹਿ ਕਸ਼ਟ ਦਿਤੇ ਗਏ, ਫਿਰ ਭੀ ਉਨ੍ਹਾਂ ਨੂੰ ਸਰਾਪ ਨਹੀਂ ਦਿਤਾ ਗਿਆ, ਭਾਈ ਮਨੀ ਸਿੰਘ ਦੇ ਬੰਦ ਬੰਦ ਕੱਟੇ ਗਏ, ਭਾਈ ਦਿਆਲੇ ਨੂੰ ਦੇਗ ਵਿਚ ਉਬਾਲਿਆ ਗਿਆ, ਭਾਈ ਤਾਰੂ ਸਿੰਘ ਦੀ ਖੋਪਰੀ ਲੁਹਾਈ ਗਈ, ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ ਅਤੇ ਸ਼ਹੀਦਾਂ ਦੇ ਸਿਰਤਾਜ ਗੁਰੂ ਨਾਨਕ ਦੀ ਪੰਜਵੀਂ ਜੋਤ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ਪਰ ਬੈਠਾ ਕੇ ਗਰਮ ਰੇਤ ਸੀਸ 'ਤੇ ਪੁਆਈ ਗਈ, ਪਰ ਆਪ ਜੀ ਵਲੋਂ ਸਜ਼ਾਵਾਂ ਦੇਣ ਵਾਲੇ ਜ਼ਾਲਮਾਂ ਨੂੰ ਬਦਲੇ ਵਿਚ ਕੋਈ ਸਰਾਪ ਨਹੀਂ ਦਿਤਾ ਗਿਆ, ਸਗੋਂ ਇਹੋ ਕਿਹਾ ਕਿ :

ਤੇਰਾ ਕੀਆ ਮੀਠਾ ਲਾਗੈ ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥

*(ਆਸਾ ਮ: ੫, ਪੰਨਾ ੩੯੪)*

ਇਸ ਤਰ੍ਹਾਂ ਗੁਰਮੁਖਾਂ ਨੂੰ ਗੁਰ-ਇਤਿਹਾਸ ਤੇ ਗੁਰਬਾਣੀ ਦੁਆਰੇ ਪਰਉਪਕਾਰ ਕਰਦੇ ਰਹਿਣ ਦੀ ਸਦਾ ਹੀ ਪ੍ਰੇਰਨਾ ਮਿਲਦੀ ਰਹਿੰਦੀ ਹੈ, ਜਿਵੇਂ ਕਿ ਫੁਰਮਾਨ ਹੈ ਕਿ :

ਪਰਉਪਕਾਰੀ ਸਰਬ ਸਧਾਰੀ
ਸਫਲ ਦਰਸਨ ਸਹਜਾਇਆ ॥

*(ਦੇਵਗੰਧਾਰੀ ਮ: ੫, ਪੰਨਾ ੫੩੩)*

ਪਰਉਪਕਾਰ ਨ ਕਬਹੂ ਕੀਏ
ਨਹੀ ਸਤਿਗੁਰੁ ਸੇਵਿ ਧਿਆਇਓ ॥

*(ਟੋਡੀ ਮ: ੫, ਪੰਨਾ ੭੧੨)*

ਜੀਅ ਜੰਤ ਸਭਿ ਸੁਖਿ ਬਸੇ ਸਭ ਕੈ ਮਨਿ ਲੋਚ ॥
ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥੨॥

*(ਬਿਲਾਵਲੁ ਮ: ੫, ਪੰਨਾ ੮੧੫)*

ਪਰਉਪਕਾਰੁ ਪੁੰਨੁ ਬਹੁ ਕੀਆ
ਭਉ ਦੁਤਰੁ ਤਾਰਿ ਪਰਾਢੇ ॥੨॥

*(ਗਉੜੀ ਮ: ੪, ਪੰਨਾ ੧੭੧)*

ਸਾਧੂ ਸਾਧ ਸਰਨਿ ਮਿਲਿ ਸੰਗਤਿ
ਜਿਤੁ ਹਰਿ ਰਸੁ ਕਾਢਿ ਕਢੀਜੈ ॥
ਪਰਉਪਕਾਰ ਬੋਲਹਿ ਬਹੁ ਗੁਣੀਆ
ਮੁਖਿ ਸੰਤ ਭਗਤ ਹਰਿ ਦੀਜੈ ॥੭॥

*(ਕਲਿਆਨੁ ਮ: ੪, ਪੰਨਾ ੧੩੨੬)*

ਸੋ, ਹੇ ਭਾਈਓ ! ਮੈਂ ਭੀ ਗੁਰਮੁਖਾਂ ਦੀ ਇਸ ਉਪਕਾਰ ਕਰਨ ਦੀ ਧਾਰਨਾ ਨੂੰ ਮੁੱਖ ਰੱਖ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਵੇਂ ਕਿ :

(੧) ਹੇ ਭਾਈਓ ! ਜਿਵੇਂ ਕਿ ਅਸੀਂ ਵੇਖਦੇ ਹਾਂ ਕਿ (ਲੋਹੇ ਦੇ ਤੇਸੇ ਤੇ ਆਰੇ ਨਾਲ) ਕੱਟ ਵੱਢ ਕਰਕੇ, ਸਾਫ਼ ਸੁਥਰਾ ਕਰਕੇ (ਲੱਕੜ ਦੇ ਚੀਰੇ ਫਟਿਆਂ ਨੂੰ ਫਿਰ) ਲੋਹੇ ਦੇ ਕਿੱਲਾਂ ਨਾਲ ਜੋੜ ਦੇਈਦਾ ਹੈ।

(੨) (ਪਰਉਪਕਾਰੀ ਲੱਕੜ ਫਿਰ ਵੀ) ਲੋਹੇ ਨੂੰ ਸਿਰ 'ਤੇ ਚੁੱਕ ਕੇ ਪਾਣੀ ਵਿਚੋਂ ਤਾਰ ਕੇ ਪਾਰ ਕਰ ਦੇਂਦੀ ਹੈ।

(੩) ਪਾਣੀ ਨੇ (ਬ੍ਰਿਛ ਆਦਿ ਲੱਕੜੀ ਨੂੰ) ਪੁੱਤਰ ਵਾਂਗ ਪਾਲਿਆ ਹੈ, ਪਾਣੀ ਉਸਨੂੰ ਫਿਰ ਆਪਣੇ ਵਿਚ ਡੋਬਦਾ ਨਹੀਂ।

(੪) (ਪਰ) ਅਗਰ ਦੀ ਲੱਕੜ ਨੂੰ ਪਾਣੀ ਜਾਣ ਕੇ ਡੋਬਦਾ ਹੈ, (ਇਸ ਲਈ ਕਿ) ਡੁੱਬ ਕੇ ਤਰਨ ਮਗਰੋਂ ਉਸ ਦੀ ਕੀਮਤ ਵਧ ਜਾਂਦੀ ਹੈ।

(੫) (ਪਾਣੀ ਇਹ) ਗੁਣ ਕਰਦਾ ਹੈ ਤੇ ਇਸ ਗੁਣ ਕਰਕੇ ਹੀ ਅਗਰ ਪ੍ਰਵਾਨ ਹੁੰਦਾ ਹੈ ਤੇ ਜਗਤ ਨੂੰ ਇਸੇ ਤਰ੍ਹਾਂ ਉਸ 'ਤੇ ਪ੍ਰਤੀਤ ਹੁੰਦੀ ਹੈ (ਕਿ ਠੀਕ ਇਹ ਅਗਰ ਹੀ ਹੈ)।

(੬) (ਭਲੇ ਨਾਲ ਤਾਂ ਸਾਰੇ ਭਲਾ ਵਰਤਾਉ ਹੀ ਕਰਦੇ ਹਨ, ਪਰ ਇਹੋ ਜਿਹਾ ਕੋਈ ਵਿਰਲਾ ਹੈ) ਜੋ ਬੁਰੇ ਨਾਲ

(ਬੁਰਾਈ ਨੂੰ ਸਹਾਰਕੇ) ਵੀ ਗੁਣ ਕਰੇ। (ਐਸੇ ਪੁਰਸ਼, ਗੁਰਮੁਖ, ਗੁਰਸਿਖ ਤੋਂ) ਮੈਂ ਬਲਿਹਾਰੇ ਜਾਂਦਾ ਹਾਂ।੧੨।

***ਭਾਵਾਰਥ :*** ਸੰਤਾਂ ਗੁਰਮੁਖ ਲੋਕਾਂ ਦਾ ਜੋ ਬੁਰਾ ਚਿਤਵਦੇ ਹਨ, ਉਹ ਉਨ੍ਹਾਂ ਦਾ ਭੀ ਬੁਰਾ ਨਹੀਂ ਕਰਦੇ, ਸਗੋਂ ਉਨ੍ਹਾਂ ਦੇ ਭਲੇ ਵਿਚ ਹੀ ਵਰਤਦੇ ਹਨ। ਜਿਵੇਂ ਕਿ ਇਕ ਉਦਾਹਰਣ ਮਿਲਦਾ ਹੈ ਕਿ ਸੰਤ ਦੇ ਸਿਰ ਪਰ ਕਿਸੇ ਨੇ ਸਵੇਰ ਦੇ ਵੇਲੇ ਕੂੜੇ ਦੀ ਭਰੀ ਹੋਈ ਬਾਟੀ ਸੁੱਟੀ, ਸੰਤ ਨੇ ਆਪਣਾ ਸਿਰ ਮੂੰਹ ਝਾੜ ਕੇ ਉਸਦਾ ਧੰਨਵਾਦ ਕੀਤਾ ਤੇ ਨਿੰਮ੍ਰਤਾ ਸਹਿਤ ਬੇਨਤੀ ਕੀਤੀ ਕਿ ਤੁਸਾਂ ਮੇਰੇ ਸਿਰ ਪਰ ਠੰਡੀ ਚੀਜ਼ ਪਾਈ ਹੈ, ਪਰ ਮੇਰੇ ਕਰਮ ਤਾਂ ਅੱਗ ਦੇ ਲਾਇਕ ਸਨ।

ਅਗਰ ਨੂੰ ਡੋਬਣ ਦਾ ਭੀ ਇਹੋ ਭਾਵ ਲੈਂਦੇ ਹਨ ਕਿ ਜੋ ਜਗਯਾਸੂ ਚਤੁਸਟੇ ਸਾਧਨਾ ਸੰਪੰਨ ਹੋ ਜਾਂਦੇ ਹਨ, ਉਨ੍ਹਾਂ ਨੂੰ ਆਪਣੇ ਵਿਖ ਮਿਲਾ ਕੇ ਬ੍ਰਹਮਾਨੰਦ ਦੀਆਂ ਡੁਬਕੀਆਂ ਲਵਾਉਂਦੇ ਹਨ, ਤਾਕਿ ਉਹ ਜੀਵਨ ਮੁਕਤੀ ਦੀ ਕੀਮਤ ਨਾ ਪਾ ਲੈਣ। 'ਅਗਰ' ਦੀ ਲੱਕੜ ਪਾਣੀ ਵਿਚ ਡੁਬਦੀ ਹੈ, ਇਹੋ ਹੀ ਸੁੱਚੇ ਅਗਰ ਦੀ ਪਛਾਣ ਹੈ, ਸੋ ਉਸਨੂੰ ਡੋਬਣਾ ਉਸਦੀ ਕਦਰ ਪਵਾਉਣੀ ਹੈ।

ਬੁਰੇ ਨਾਲ ਸਭ ਕਰਨ ਬੁਰਾਈ
ਮਾਫ਼ ਕਰਨ ਕਈ ਸਿਆਣੇ।
ਬੁਰੇ ਨਾਲ ਭਲਿਆਈ ਕਰਨੀ
ਇਹ ਗੁਰੂ ਨਾਨਕ ਜਾਣੇ।

ਬੁਰਾ ਕਰਨ ਵਾਲੇ ਬੁਰੇ ਆਦਮੀ ਨਾਲ ਤਾਂ ਸਾਰੇ ਬੁਰਾ ਵਰਤਾਉ ਹੀ ਕਰਦੇ ਹਨ, ਪਰ ਕਈ ਸਿਆਣੇ ਐਸੇ ਭੀ ਹਨ ਜੋ ਕਿਸੇ ਦੀ ਬੁਰਾਈ ਮਾਫ਼ ਭੀ ਕਰ ਦੇਂਦੇ ਹਨ, ਪਰ ਕਿਸੇ ਬੁਰੇ ਦੀ ਬੁਰਾਈ ਵੱਲ ਭੀ ਤੱਕ ਕੇ ਉਸਦੀ ਭਲਾਈ ਕਰਨੀ ਇਹ ਗੁਰੂ ਨਾਨਕ ਦੇਵ ਜੀ ਪਰਉਪਕਾਰੀ ਦਾ ਹੀ ਮੱਤ ਹੈ, ਜਿਸ ਗੁਰੂ ਨਾਨਕ ਦੇਵ ਜੀ ਦੇ ਪਾਇਆਂ ਪੂਰਨਿਆਂ 'ਤੇ ਚਲਦੇ ਹੋਏ ਗੁਰੂ ਨਾਨਕ ਨਾਮ-ਲੇਵਾ ਜਗਿਆਸੂ ਆਪਣਾ ਜੀਵਨ ਸਫਲ ਕਰਦੇ ਹਨ।

## ੧੩. ਹੁਕਮ ਮੰਨਣ ਦੀ ਮਹਾਨਤਾ

**੧. ਮੰਨੇ ਸਤਿਗੁਰ ਹੁਕਮ**
**ਹੁਕਮ ਮਨਾਇਆ।**
**੨. ਭਾਣਾ ਮੰਨੇ ਹੁਕਮ**
**ਗੁਰ ਫੁਰਮਾਇਆ।**
**੩. ਪਿਰਮ ਪਿਆਲਾ ਪੀਇ**
**ਅਲਖ ਲਖਾਇਆ।**
**੪. ਗੁਰਮੁਖ ਅਲਖ ਲਖਾਇ**
**ਨ ਅਲਖ ਲਖਾਇਆ।**
**੫. ਗੁਰਮੁਖ ਆਪੁ ਗਵਾਇ**
**ਨ ਆਪੁ ਗਣਾਇਆ॥**
**੬. ਗੁਰਮੁਖ ਸੁਖ ਫਲ ਪਾਇ ਬੀਜ ਫਲਾਇਆ॥੧੩॥**

***ਪਦ ਅਰਥ :*** ਪਿਰਮ ਪਿਆਲਾ—ਪ੍ਰੇਮ ਰਸ ਦਾ ਪਿਆਲਾ। ਅਲਖ—ਨ ਲਖੇ ਜਾਣ ਵਾਲਾ ਪ੍ਰਮੇਸ਼ਰ। ਗਣਾਇਆ—ਜਤਾਉਣਾ। ਫਲਾਇਆ—ਫੈਲਾਉ ਕੀਤਾ।

***ਅਰਥ :***

ਪ੍ਰ: ਭਾਈ ਸਾਹਿਬ ਜੀਓ! ਵੇਖਣ ਵਿਚ ਆਉਂਦਾ ਹੈ ਕਿ ਸਤਿਗੁਰ ਦੀ ਸੰਗਤ ਵਿਚ ਤਾਂ ਬਹੁਤ ਲੋਕ ਆਉਂਦੇ ਹਨ ਕੀ ਉਹ ਸਾਰੇ ਹੀ ਗੁਰੂ ਦੇ ਦਰ ਕਬੂਲ ਹੋ ਜਾਂਦੇ ਹਨ ਇਸ ਬਾਰੇ ਆਪ ਕੀ ਕਹਿਣਾ ਚਾਹੋਗੇ, ਦੱਸਣ ਦੀ ਕ੍ਰਿਪਾ ਕਰੋ?

ਉ: ਹੇ ਭਾਈਓ! ਇਸ ਪੱਖ ਨੂੰ ਜਦੋਂ ਅਸੀਂ ਗੁਰਬਾਣੀ ਰਾਹੀਂ ਵੀਚਾਰੀਏ ਤਾਂ ਬੋਧ ਮਿਲਦਾ ਹੈ ਕਿ ਸੰਗਤ ਵਿਚ ਆਉਣ ਵਾਲੇ ਲੋਕ ਤਾਂ ਬਹੁਤ ਹਨ, ਜਿਨ੍ਹਾਂ ਵਿਚ ਬਾਣੀ ਪੜ੍ਹਨ ਸੁਣਨ ਵਾਲੇ ਤੇ ਕਥਾ ਕੀਰਤਨ ਕਰਨ ਵਾਲੇ ਸੈਂਕੜੇ ਹੀ ਨਹੀਂ ਸਗੋਂ ਸੰਸਾਰ ਵਿਚ ਲੱਖਾਂ ਦੀ ਗਿਣਤੀ ਵਿਚ ਹਨ, ਪਰ ਉਨ੍ਹਾਂ ਵਿਚੋਂ ਗੁਰੂ ਦੀ ਦਰਗਾਹ ਵਿਚ ਕਬੂਲ ਹੋਣ ਵਾਲੇ ਬਹੁਤ ਘੱਟ ਲੋਕ ਹਨ, ਜਿਵੇਂ ਗੁਰਬਾਣੀ ਵਿਚ ਫ਼ੁਰਮਾਨ ਆਇਆ ਹੈ ਕਿ ਗੁਰੂ ਦੇ ਸਿਖ ਓਹੀ ਰੱਬੀ ਦਰਬਾਰ ਵਿਚ ਕਬੂਲੇ ਜਾਂਦੇ ਹਨ ਜਿਨ੍ਹਾਂ ਨੇ ਸਤਿਗੁਰੂ ਦੀ ਆਗਿਆ ਨੂੰ ਹਿਰਦੇ ਅੰਦਰ ਧਾਰਨ ਕੀਤਾ ਹੈ, ਜਿਵੇਂ ਕਿ:

ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ
ਸਤਿ ਸਤਿ ਕਰਿ ਮਾਨੀ॥੧॥

*(ਧਨਾਸਰੀ ਮ: ੪, ਪੰਨਾ ੬੬੯)*

ਹੁਕਮਿ ਮੰਨਿਐ ਹੋਵੈ ਪਰਵਾਣੁ
ਤਾ ਖਸਮੈ ਕਾ ਮਹਲੁ ਪਾਇਸੀ॥
ਖਸਮੈ ਭਾਵੈ ਸੋ ਕਰੇ
ਮਨਹੁ ਚਿੰਦਿਆ ਸੋ ਫਲੁ ਪਾਇਸੀ॥
*(ਪਉੜੀ, ਪੰਨਾ ੪੭੧)*

ਹੁਕਮੁ ਮੰਨੇ ਸੋਈ ਸੁਖੁ ਪਾਏ
ਹੁਕਮੁ ਸਿਰਿ ਸਾਹਾ ਪਾਤਿਸਾਹਾ ਹੇ॥੩॥
*(ਮਾਰੂ ਮ: ੩, ਪੰਨਾ ੧੦੫੫)*

ਹੁਕਮੁ ਮੰਨਿ ਸੁਖੁ ਪਾਇਆ ਪ੍ਰੇਮ ਸੁਹਾਗਣਿ ਹੋਇ॥੧॥
*(ਸਲੋਕ ਮ: ੩, ਪੰਨਾ ੫੧੦)*

ਹੁਕਮੁ ਮੰਨੇ ਸੋ ਜਨੁ ਪਰਵਾਣੁ॥
ਗੁਰ ਕੈ ਸਬਦਿ ਨਾਮਿ ਨੀਸਾਣੁ॥
*(ਬਸੰਤੁ ਮ: ੩, ਪੰਨਾ ੧੧੭੫)*

ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ॥
ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ॥੯॥
*(ਅਨੰਦੁ ਸਾਹਿਬ, ਪੰਨਾ ੯੧੮)*

ਹੁਕਮੁ ਮੰਨਹਿ ਤਾ ਹਰਿ ਮਿਲੈ
ਤਾ ਵਿਚਹੁ ਹਉਮੈ ਜਾਇ॥
*(ਵਡਹੰਸੁ ਮ: ੩, ਪੰਨਾ ੫੬੦)*

ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ॥
ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ॥੪॥
*(ਆਸਾ ਮ: ੧, ਪੰਨਾ ੪੨੧)*

ਇਸੇ ਤਰ੍ਹਾਂ ਸਾਨੂੰ ਬਾਣੀ ਵਿਚੋਂ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਇਹੋ ਭਾਵ ਸਿੱਧ ਹੁੰਦਾ ਹੈ ਕਿ ਗੁਰੂ ਦੇ ਦਰਬਾਰ ਵਿਚ ਆਉਣ ਵਾਲਿਆਂ ਵਿਚੋਂ ਗੁਰੂ ਦੀ ਦਰਗਾਹ ਵਿਚ ਓਹੀ ਕਬੂਲ ਹੁੰਦੇ ਹਨ ਜਿਨ੍ਹਾਂ ਨੇ ਗੁਰੂ ਦੇ ਹੁਕਮ ਅਨੁਸਾਰ ਆਪਣਾ ਜੀਵਨ ਗੁਜ਼ਾਰਿਆ ਹੈ, ਜਿਵੇਂ ਫ਼ੁਰਮਾਨ ਹੈ:

ਗਾਵੀਐ ਸੁਣੀਐ ਮਨਿ ਰਖੀਐ ਭਾਉ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥
*(ਜਪੁਜੀ ਸਾਹਿਬ, ਪੰਨਾ ੨)*

ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ॥
ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ॥
*(ਸ੍ਰੀ ਰਾਗੁ ਮ: ੩, ਪੰਨਾ ੨੭)*

ਇਨ੍ਹਾਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਅੰਕਤ ਕੀਤੀਆਂ ਹਨ, ਜਿਨ੍ਹਾਂ ਵਿਚ ਸਤਿਗੁਰੂ ਦੇ ਹੁਕਮ ਮੰਨਣ ਵਾਲਿਆਂ ਦੀ ਮਹਾਨਤਾ ਦਰਸਾਈ ਹੈ, ਜਿਵੇਂ ਕਿ:

(੧) (ਅਸੀਂ ਵੇਖਦੇ ਹਾਂ ਕਿ) ਜੋ ਵੀ ਸਤਿਗੁਰੂ ਦਾ ਹੁਕਮ (ਸਹੀ ਅਰਥਾਂ ਵਿਚ ਮੰਨਦਾ ਹੈ, ਜਿਵੇਂ ਕਿ ਗੁਰੂ ਅੰਗਦ ਦੇਵ ਜੀ ਜਾਂ ਗੁਰੂ ਅਮ੍ਰਦਾਸ ਜੀ ਨੇ ਮੰਨਿਆ, ਤਾਂ ਉਨ੍ਹਾਂ ਨੇ ਗੁਰਤਾ ਪ੍ਰਾਪਤ ਕਰ ਸ਼੍ਰੋਮਣੀ ਹੋ) ਆਪਣੇ ਹੁਕਮ (ਨੂੰ ਸਿੱਖਾਂ ਤੋਂ) ਮੰਨਵਾਇਆ।

(੨) ਪਰਮੇਸ਼ਰ ਦਾ ਭਾਣਾ ਮੰਨਣਾ ਹੁਕਮ ਹੈ ਇਹ (ਹੁਕਮ ਅਗੇ) ਸਤਿਗੁਰੂ ਜੀ ਨੇ (ਸਿੱਖਾਂ ਪ੍ਰਤੀ) ਫ਼ੁਰਮਾਇਆ ਹੈ।

(੩) (ਗੁਰਸਿੱਖਾਂ ਨੇ) ਪ੍ਰੇਮ ਰਸ ਦਾ ਪਿਆਲਾ ਪੀ ਕੇ ਅਲੱਖ (ਪ੍ਰਭੂ) ਲੱਖ (ਜਾਣ) ਲੀਤਾ ਹੈ।

(੪) (ਪਰ) ਗੁਰਮੁਖ ਅਲਖ (ਪ੍ਰਭੂ ਦੇ ਭੇਦ) ਨੂੰ ਪਾ ਕੇ (ਇਹ) ਨਹੀਂ ਜਤਾਉਂਦੇ (ਕਿ ਅਸਾਂ ਪ੍ਰਭੂ ਨੂੰ ਪਾ ਲਿਆ ਹੈ)।

(੫) ਗੁਰਮੁਖ ਨੇ ਆਪਾ-ਭਾਵ ਨੂੰ ਗੁਆ ਕੇ (ਦੂਈ ਦ੍ਵੈਤ ਨੂੰ ਤਿਆਗ ਕੇ) ਆਪਣੇ ਆਪ ਨੂੰ ਜਣਾਇਆ ਨਹੀਂ। (ਭਾਵ ਉਹ ਹਉਮੈ ਤੋਂ ਬਚ ਜਾਂਦੇ ਹਨ ਤੇ ਆਪਣੀ ਮਹੱਤਤਾ ਵਡਿਆਈ ਨੂੰ ਐਵੇਂ ਨਹੀਂ ਕਿਸੇ ਤਾਈਂ ਜਤਾਉਂਦੇ ਫਿਰਦੇ)।

(੬) ਗੁਰਮੁਖ ਨੇ ਇਸ ਆਤਮਕ ਸੁਖ ਫਲ ਨੂੰ ਪ੍ਰਾਪਤ ਕਰਕੇ (ਹੋਰ ਗੁਰਸਿੱਖਾਂ ਦੀਆਂ ਸਰੀਰ ਰੂਪੀ ਖੇਤੀਆਂ ਵਿਚ ਬੀਜ ਕੇ) ਇਸ ਬੀਜ ਨੂੰ ਹੋਰ ਅਗੇ ਫੈਲਾਇਆ ਹੈ।੧੩।

***ਭਾਵਾਰਥ :*** ਇਸ ਭਾਵ ਨੂੰ ਬਾਣੀ ਵਿਚ ਕਈ ਥਾਵਾਂ 'ਤੇ ਪ੍ਰਗਟਾਇਆ ਹੈ ਕਿ ਜਿਨ੍ਹਾਂ ਨਾਮ ਰਸੀਆਂ ਨੇ ਨਾਮ ਦੇ ਰਸ ਨੂੰ ਹਾਸਲ ਕਰ ਲਿਆ ਹੈ ਉਹ ਉਸਨੂੰ ਪ੍ਰਗਟ ਨਹੀਂ ਕਰਦੇ ਉਹ ਉਸ ਰਸ ਨੂੰ ਛੁਪਾ ਕੇ ਰੱਖਣ ਦਾ ਹੀ ਜਤਨ ਕਰਦੇ ਹਨ, ਜਿਵੇਂ ਕਿ:

ਜਿਨਿ ਹਰਿ ਪਾਇਓ ਤਿਨਹਿ ਛਪਾਇਓ॥
*(ਪੰਨਾ ੭੧੮)*

ਪੁਨਾ—ਕਹੁ ਕਬੀਰ ਗੂੰਗੈ ਗੁੜੁ ਖਾਇਆ
ਪੂਛੇ ਤੇ ਕਿਆ ਕਹੀਐ॥ *(ਪੰਨਾ ੩੩੪)*

ਭਾਵ, ਜਿਵੇਂ ਕਿਸੇ ਗੂੰਗੇ ਨੇ ਗੁੜ ਖਾਧਾ ਹੈ, ਜੇ ਉਸਨੂੰ ਪੁਛੀਏ ਤਾਂ ਉਹ ਕੁਝ ਭੀ ਨਹੀਂ ਦੱਸਦਾ। ਇਸ ਦਾ ਭਾਵ ਇਹ ਨਹੀਂ ਕਿ ਉਸਨੂੰ ਰਸ ਨਹੀਂ ਆਇਆ, ਰਸ ਤਾਂ ਬਹੁਤ ਆਇਆ ਹੈ, ਪਰ ਉਸ ਪਾਸ ਉਸ ਰਸ ਨੂੰ ਬਿਆਨ ਕਰਨ ਵਾਲੀ ਜ਼ੁਬਾਨ ਨਹੀਂ, ਇਸੀ ਤਰ੍ਹਾਂ ਨਾਮ ਦੇ ਰਸੀਆਂ ਨੂੰ ਜੋ ਰਸ ਪ੍ਰਾਪਤ ਹੋਇਆ ਹੈ ਉਹ ਵੀ ਅਕਹਿ ਰਸ ਹੈ ਜਿਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ।

## ੧੪. ਗੁਰੂ ਚੇਲੇ ਦੀ ਘਾਲ ਕਮਾਈ

੧. ਸਤਿਗੁਰ ਦਰਸ਼ਨ ਦੇਖਿ
ਧਿਆਨ ਧਰਾਇਆ।
੨. ਸਤਿਗੁਰ ਸ਼ਬਦ ਵੀਚਾਰਿ
ਗਿਆਨ ਕਮਾਇਆ।
੩. ਚਰਨ ਕਵਲ ਗੁਰ ਮੰਤ੍ਰ
ਚਿੱਤਿ ਵਸਾਇਆ।
੪. ਸਤਿਗੁਰ ਸੇਵ ਕਮਾਇ
ਸੇਵੇਂ ਕਰਾਇਆ।
੫. ਗੁਰ ਚੇਲਾ ਪਰਚਾਇ
ਜਗ ਪਰਚਾਇਆ।
੬. ਗੁਰਮੁਖ ਪੰਥ ਚਲਾਇ ਨਿਜ ਘਰਿ ਛਾਇਆ ॥੧੪॥

***ਪਦ ਅਰਥ :*** ਪਰਚਾਇ—ਪ੍ਰਸੰਨਤਾ ਨਾਲ ਪ੍ਰਚਾਉਣਾ। ਸੇਵ ਕਰਾਇਆ—ਸੇਵਾ ਕਰਾਉਂਦਾ ਹੈ। ਛਾਇਆ—ਅਸਥਿਰ ਹੋਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਇਹ ਭੀ ਦੱਸਣ ਦੀ ਕ੍ਰਿਪਾ ਕਰੋਗੇ ਕਿ ਗੁਰੂ ਅਤੇ ਗੁਰੂ ਦੇ ਚੇਲੇ ਦੀ ਪ੍ਰਸਪਰ ਕਿਤਨੀ ਕੁ ਨੇੜਤਾ ਹੈ?

ਉ: ਹੇ ਭਾਈਓ! ਇਸ ਪੱਖ ਨੂੰ ਮੈਂ ਜਦੋਂ ਗੁਰਬਾਣੀ ਦੁਆਰੇ ਪੜਚੋਲਿਆ ਹੈ ਤਾਂ ਗੁਰਬਾਣੀ ਵਿਚੋਂ ਮੈਨੂੰ ਇਸ ਸੰਬੰਧ ਵਿਚ ਕਈ ਕੁ ਉਦਾਹਰਣ ਮਿਲੇ ਹਨ, ਜਿਵੇਂ ਕਿ :

ਗੁਰਿ ਅਲਖੁ ਲਖਾਇਆ ਜਾ ਤਿਸੁ ਭਾਇਆ
ਜਾ ਪ੍ਰਭਿ ਕਿਰਪਾ ਧਾਰੀ ॥
ਜਗ ਜੀਵਨੁ ਦਾਤਾ ਪੁਰਖੁ ਬਿਧਾਤਾ
ਸਹਜਿ ਮਿਲੇ ਬਨਵਾਰੀ ॥

*(ਤੁਖਾਰੀ ਮ: ੧, ਪੰਨਾ ੧੧੧੨)*

ਮਨਸਾ ਏਕ ਮਾਨਿ ਹਾਂ ॥
ਗੁਰ ਸਿਉ ਨੇਤ ਧਿਆਨਿ ਹਾਂ ॥
ਦ੍ਰਿੜੁ ਸੰਤ ਮੰਤ ਗਿਆਨਿ ਹਾਂ ॥
ਸੇਵਾ ਗੁਰ ਚਰਾਨਿ ਹਾਂ ॥
ਤਉ ਮਿਲੀਐ ਗੁਰ ਕ੍ਰਿਪਾਨਿ ਮੇਰੇ ਮਨਾ ॥

*(ਆਸਾ ਮ: ੫, ਪੰਨਾ ੪੦੯)*

ਹਰਿ ਪ੍ਰਭੁ ਵੇਖੈ ਸਦਾ ਹਜੂਰਿ ॥
ਗੁਰ ਪਰਸਾਦਿ ਰਹਿਆ ਭਰਪੂਰਿ ॥
ਜਹਾ ਜਾਉ ਤਹ ਵੇਖਾ ਸੋਇ ॥
ਗੁਰ ਬਿਨੁ ਦਾਤਾ ਅਵਰੁ ਨ ਕੋਇ ॥੩॥

*(ਆਸਾ ਮ: ੩, ਪੰਨਾ ੩੬੩)*

ਅਗਮੁ ਅਗੋਚਰੁ ਗੁਰੂ ਦਿਖਾਇਆ ॥
ਭੂਲਾ ਮਾਰਗਿ ਸਤਿਗੁਰਿ ਪਾਇਆ ॥
ਗੁਰ ਸੇਵਕ ਕਉ ਬਿਘਨੁ ਨ ਭਗਤੀ
ਹਰਿ ਪੂਰ ਦ੍ਰਿੜਾਇਆ ਗਿਆਨਾਂ ਹੇ ॥੫॥

*(ਮਾਰੂ ਮ: ੫, ਪੰਨਾ ੧੦੭੫)*

ਗੁਰ ਸਾਖੀ ਅੰਤਰਿ ਜਾਗੀ ॥
ਤਾ ਚੰਚਲ ਮਤਿ ਤਿਆਗੀ ॥
ਗੁਰ ਸਾਖੀ ਕਾ ਉਜੀਆਰਾ ॥
ਤਾ ਮਿਟਿਆ ਸਗਲ ਅੰਧ੍ਯਾਰਾ ॥੨॥
ਗੁਰ ਚਰਨੀ ਮਨੁ ਲਾਗਾ ॥
ਤਾ ਜਮ ਕਾ ਮਾਰਗੁ ਭਾਗਾ ॥
ਭੈ ਵਿਚਿ ਨਿਰਭਉ ਪਾਇਆ ॥
ਤਾ ਸਹਜੈ ਕੈ ਘਰਿ ਆਇਆ ॥੩॥

*(ਸੋਰਠਿ ਮ: ੧ ਪੰਨਾ ੫੯੯)*

ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ
ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ ॥
ਸਤਿਗੁਰੁ ਆਖੈ ਸੁ ਕਾਰ ਕਮਾਵਨਿ
ਸੁ ਜਪੁ ਕਮਾਵਹਿ
ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ ॥
ਵਿਣੁ ਸਤਿਗੁਰ ਕੇ ਹੁਕਮੈ
ਜਿ ਗੁਰਸਿਖਾਂ ਪਾਸਹੁ ਕੰਮੁ ਕਰਾਇਆ ਲੋੜੇ
ਤਿਸੁ ਗੁਰਸਿਖ ਫਿਰਿ ਨੇੜਿ ਨ ਆਵੈ ॥
ਗੁਰ ਸਤਿਗੁਰ ਅਗੈ ਕੋ ਜੀਉ ਲਾਇ ਘਾਲੈ
ਤਿਸੁ ਅਗੈ ਗੁਰਸਿਖੁ ਕਾਰ ਕਮਾਵੈ ॥

*(ਮ: ੪, ਪੰਨਾ ੩੧੭)*

ਗੁਰੁ ਸਿਖੁ ਸਿਖੁ ਗੁਰੁ ਹੈ ਏਕੋ ਗੁਰ ਉਪਦੇਸੁ ਚਲਾਏ ॥
ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥

*(ਆਸਾ ਮ: ੪, ਪੰਨਾ ੪੪੪)*

ਗੁਰਸਿਖ ਹਰਿ ਬੋਲਹੁ ਹਰਿ ਗਾਵਹੁ
ਲੇ ਗੁਰਮਤਿ ਹਰਿ ਜਪਣੇ ॥
ਜੋ ਉਪਦੇਸੁ ਸੁਣੇ ਗੁਰ ਕੇਰਾ
ਸੋ ਜਨੁ ਪਾਵੈ ਹਰਿ ਸੁਖ ਘਣੇ ॥੨॥

ਧੰਨੁ ਸੁ ਵੰਸੁ ਧੰਨੁ ਸੁ ਪਿਤਾ
ਧੰਨੁ ਸੁ ਮਾਤਾ ਜਿਨਿ ਜਨ ਜਣੇ ॥
ਜਿਨ ਸਾਸਿ ਗਿਰਾਸਿ ਧਿਆਇਆ ਮੇਰਾ ਹਰਿ ਹਰਿ
ਸੇ ਸਾਚੀ ਦਰਗਹ ਹਰਿ ਜਨ ਬਣੇ ॥੩॥

*(ਭੈਰਉ ਮ: ੪, ਪੰਨਾ ੧੧੩੫)*

ਗੁਰਸਿਖਾ ਕੇ ਮੁਹ ਉਜਲੇ ਕਰੇ ਹਰਿ ਪਿਆਰਾ
ਗੁਰ ਕਾ ਜੈਕਾਰੁ ਸੰਸਾਰਿ ਸਭਤੁ ਕਰਾਏ ॥.

*(ਮ: ੪, ਪੰਨਾ ੩੦੮)*

ਗੁਰਸਿਖਾ ਕੇ ਮੁਖ ਉਜਲੇ ਹਰਿ ਦਰਗਹ ਭਾਵਹਿ ॥
ਗੁਰੁ ਸਤਿਗੁਰ ਬੋਹਲੁ ਹਰਿ ਨਾਮ ਕਾ
ਵਡਭਾਗੀ ਸਿਖ ਗੁਣ ਸਾਂਝ ਕਰਾਵਹਿ ॥
ਤਿਨਾ ਗੁਰਸਿਖਾ ਕੰਉ ਹਉ ਵਾਰਿਆ
ਜੋ ਬਹਦਿਆ ਉਠਦਿਆ ਹਰਿ ਨਾਮੁ ਧਿਆਵਹਿ ॥੧੧॥

*(ਪਉੜੀ, ਪੰਨਾ ੫੯੦)*

ਨਰ ਪ੍ਰਾਣੀ ਪ੍ਰੀਤਿ ਮਾਇਆ ਧਨੁ ਖਾਟੇ ॥
ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ ॥
ਜਨ ਨਾਨਕ ਪ੍ਰੀਤਿ ਸਾਧ ਪਗ ਚਾਟੇ ॥੪॥

*(ਗਉੜੀ ਮ: ੪, ਪੰਨਾ ੧੬੪)*

ਇਸ ਤਰ੍ਹਾਂ ਗੁਰੂ ਅਤੇ ਸਿਖ ਦੀ ਨੇੜਤਾ ਦੇ ਸੰਬੰਧ ਵਿਚ ਬਾਣੀ ਅੰਦਰ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਦੀ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਅੰਕਤ ਕੀਤੀਆਂ ਹਨ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਸਤਿਗੁਰੂ ਜੀ ਦਾ ਦਰਸ਼ਨ ਕਰਕੇ (ਚੇਲਾ ਆਪਣੇ ਪੂਰਨ ਸਤਿਗੁਰੂ ਜੀ ਦਾ ਨੇਤ੍ਰ ਮੁੰਦ ਕੇ ਹਿਰਦੇ ਵਿਚ) ਧਿਆਨ ਧਰਦਾ ਹੈ। (ਭਾਵ ਸਤਿਗੁਰੂ ਜੀ ਨੂੰ ਸਰਬ ਥਾਂ ਪੂਰਨ ਜਾਣਦਾ ਹੈ)।
(੨) (ਫਿਰ) ਚੇਲਾ ਸਤਿਗੁਰੂ ਦੇ ਸ਼ਬਦ (ਬਖ਼ਸ਼ੇ ਉਪਦੇਸ਼) ਦੀ ਵੀਚਾਰ ਕਰਦਾ ਹੈ, (ਤੇ ਗੁਰੂ ਦੇ) ਬਖ਼ਸ਼ੇ ਧਿਆਨ ਅਨੁਸਾਰ ਕਮਾਈ ਕਰਦਾ ਹੈ, (ਭਾਵ ਨਿਧਯਾਸਨ ਕਰਦਾ ਹੈ)।
(੩) ਸਤਿਗੁਰੂ ਦੇ ਚਰਨਾਂ ਕਵਲਾਂ ਅਤੇ ਗੁਰ ਮੰਤ੍ਰ ਨੂੰ ਚਿੱਤ ਵਿਚ ਵਸਾਉਂਦਾ ਹੈ।
(੪) ਉਹ ਸਤਿਗੁਰੂ (ਦੇ ਬਖ਼ਸ਼ੇ ਹੁਕਮ ਤੇ ਰਹੁ-ਰੀਤੀ ਅਨੁਸਾਰ) ਸੇਵਾ ਦੀ ਕਮਾਈ ਕਰਦਾ ਹੈ ਤੇ (ਅਗੋਂ ਹੋਰਨਾਂ ਕੋਲੋਂ) ਸੇਵਾ ਕਰਾਉਂਦਾ ਹੈ।
(੫) ਚੇਲਾ ਸਤਿਗੁਰੂ ਤੇ ਪੂਰਨ ਪ੍ਰਤੀਤ ਕਰਦਾ ਹੈ, ਤੇ ਅਗੋਂ ਜਗਤ ਨੂੰ (ਸਤਿਗੁਰੂ ਦੇ ਸੱਚੇ ਉਪਦੇਸ਼ ਦੀ) ਪ੍ਰਤੀਤੀ ਕਰਾਉਂਦਾ ਹੈ।
(੬) ਗੁਰਮੁਖ (ਆਪਣੇ ਸਤਿਗੁਰੂ ਦੇ ਚਲਾਏ) ਪੰਥ ਨੂੰ ਚਲਾਉਂਦਾ ਹੈ ਤੇ ਨਿਜ ਘਰ (ਆਪਣੇ ਸ੍ਵੈ-ਸਰੂਪ) ਵਿਚ ਪ੍ਰਵਿਰਤ ਹੋ ਕੇ ਆਪਣੇ ਜੀਵਨ ਤੇ ਛਾ ਜਾਂਦਾ ਹੈ, ਭਾਵ ਜੀਵਨ-ਮੁਕਤੀ ਪ੍ਰਾਪਤ ਕਰ ਲੈਂਦਾ ਹੈ।੧੪।

***ਭਾਵਾਰਥ :*** ਗੁਰੂ ਦੇ ਪੂਰਨ ਸਾਧਕ ਸਿਖ ਨੂੰ ਗੁਰੂ ਦੀ ਇਤਨੀ ਨੇੜਤਾ ਨਸੀਬ ਹੋ ਜਾਂਦੀ ਹੈ ਕਿ ਉਹ ਵੇਖਣ ਨੂੰ ਤਾਂ ਭਾਵੇਂ ਵਖੋ ਵੱਖ ਹੋਣ ਪਰ ਅੰਤ੍ਰ ਆਤਮਾ ਇਕੋ ਹੁੰਦੀ ਹੈ।

## ੧੫. ਜੋਗ ਦੀ ਜੁਗਤੀ ਦਾ ਦਾਤਾ ਗੁਰੂ ਹੈ

**੧. ਜੋਗ ਜੁਗਤਿ ਗੁਰ ਸਿੱਖ**
**ਗੁਰ ਸਮਝਾਇਆ।**
**੨. ਆਸਾ ਵਿੱਚ ਨਿਰਾਸ**
**ਨਿਰਾਸ ਵਲਾਇਆ।**
**੩. ਥੋੜਾ ਪਾਣੀ ਅੰਨ**
**ਖਾਇ ਪੀਆਇਆ।**
**੪. ਥੋੜਾ ਬੋਲਣ ਬੋਲ**
**ਨ ਝੱਖ ਝਖਾਇਆ।**
**੫. ਥੋੜੀਂ ਰਾਤੀਂ ਨੀਂਦ**
**ਨ ਮੋਹਿ ਫਹਾਇਆ।**
**੬. ਸੁਹਣੇ ਅੰਦਰ ਜਾਇ ਨ ਲੋਭ ਲੁਭਾਇਆ ॥੧੫॥**

***ਪਦ ਅਰਥ :*** ਜੋਗ ਜੁਗਤਿ—ਜੀਵਨ ਜਾਚ ਦੀ ਜੁਗਤੀ। ਵਲਾਇਆ—ਸਮਾਂ ਬਤੀਤ ਕਰਨਾ। ਝੱਖ—ਝੂਠ ਜਾਂ ਬਕਵਾਦ। ਸੁਹਣੇ—ਸੁਪਨੇ ਵਿਚ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਦੋਂ ਅਸੀਂ ਸਾਰੇ ਸੰਸਾਰ ਅੰਦਰ ਨਜ਼ਰ ਮਾਰਦੇ ਹਾਂ ਤਾਂ ਅਜੋਕੇ ਸਮੇਂ ਵਿਚ ਆਮ ਲੁਕਾਈ ਪਰ ਜੋ ਭਰਥਰੀ ਤੋਂ ਜੋਗ ਮੱਤ ਅਰੰਭ ਹੋਇਆ ਹੈ, ਉਸਦਾ ਬਹੁਤ ਪ੍ਰਭਾਵ ਹੈ, ਭਾਵੇਂ ਜੋਗ ਮੱਤ ਵਿਚ ਭੀ ਭਿੰਨ ਭਿੰਨ (੧੨) ਬਾਰ੍ਹਾਂ ਫਿਰਕੇ ਪ੍ਰਚੱਲਤ ਹਨ। ਫਿਰ ਭੀ ਜੋਗ ਮੱਤ ਦਾ ਲੋਕਾਂ ਦੇ ਮਨਾਂ ਪਰ ਬੜਾ ਅਸਰ ਹੈ ਕਿਉਂਕਿ ਆਮ ਲੋਕੀ ਇਹ ਅਨੁਭਵ ਕਰਦੇ

ਹਨ ਕਿ ਰੱਬੀ ਦਰਬਾਰ ਵਿਚ ਪ੍ਰੁੱਜਣ ਦਾ ਇਹੋ ਹੀ ਸ਼੍ਰੋਮਣੀ ਮਾਰਗ ਹੈ। ਕਿਉਂਜੀ! ਤੁਸਾਂ ਤਾਂ ਬਾਣੀ ਦੀ ਗੁਰੂ ਅਰਜਨ ਦੇਵ ਜੀ ਦੀ ਚਰਨ ਸ਼ਰਨ ਵਿਚ ਰਹਿ ਕੇ ਲਿਖਤ ਰੂਪ ਵਿਚ ਭੀ ਸੇਵਾ ਕੀਤੀ ਹੈ, ਪਰ ਤੁਸੀਂ ਜੋਗ ਮੱਤ ਬਾਰੇ ਬਾਣੀ ਅਨੁਸਾਰ ਕਿਵੇਂ ਨਿਸਚਾ ਰੱਖਦੇ ਹੋ, ਦੱਸਣ ਦੀ ਕ੍ਰਿਪਾ ਕਰੋ ਤਾਂ ਕਿ ਅਸੀਂ ਭੀ ਨਿਰਸੰਦੇਹ ਹੋ ਸਕੀਏ?

**ਉ:** ਹੇ ਭਾਈਓ! ਇਹ ਠੀਕ ਹੈ ਕਿ ਮੈਥੋਂ ਸ੍ਰੀ ਗੁਰੂ ਅਰਜਨ ਪਾਤਿਸ਼ਾਹ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬਾਣੀ ਲਿਖਵਾਉਣ ਦੀ ਮੇਹਰ ਕੀਤੀ ਹੈ, ਉਸ ਦੌਰਾਨ ਜੋ ਮੈਨੂੰ ਗੁਰਮਤ ਦੀ ਜਾਣਕਾਰੀ ਹੋ ਸਕੀ ਹੈ, ਉਹ ਸੰਪੂਰਨ ਬਾਣੀ ਦਾ ਬੋਧ ਤਾਂ ਮੈਨੂੰ ਭਾਵੇਂ ਨਹੀਂ ਹੋ ਸਕਿਆ ਪਰ ਜਿਤਨੀ ਕੁ ਮੇਰੀ ਅਸਥੂਲ ਜਿਹੀ ਮੱਤ ਸੀ, ਉਤਨੀਕੁ ਜਾਣਕਾਰੀ ਮੈਂ ਜ਼ਰੂਰ ਕਰ ਸਕਿਆ ਹਾਂ। ਪਰ ਮੈਨੂੰ ਗੁਰਮਤ ਤੇ ਜੋਗ ਮੱਤ ਦੋਨਾਂ ਹੀ ਪੱਖਾਂ ਨੂੰ ਪੜਚੋਲਨ ਦਾ ਸਮਾਂ ਮਿਲਿਆ ਹੈ ਜਿਸ ਤੋਂ ਮੈਨੂੰ ਗੁਰਮੱਤ ਅਤੇ ਜੋਗ ਮੱਤ ਵਿਚ ਬਹੁਤ ਅੰਤਰਾ ਪ੍ਰਤੀਤ ਹੋਇਆ ਹੈ। ਕਿਉਂਕਿ ਜੋਗ ਮੱਤ ਕਹਿੰਦਾ ਹੈ ਕਿ ਮਾਇਕੀ ਪਦਾਰਥਾਂ ਨੂੰ ਤਿਆਗ ਕੇ ਕੇਵਲ ਜੋਗ ਮੱਤ ਦੇ ਚਿੰਨ੍ਹ ਧਾਰਨ ਕਰ ਲੈਣਾ ਅਤੇ ਜੰਗਲ ਵਾਸੀ ਹੋ ਜਾਣਾ ਹੀ ਜੋਗ ਦੀ ਪੂਰਨ ਕ੍ਰਿਆ ਹੈ, ਪਰ ਜੋਗੀਆਂ ਦੇ ਇਸ ਖ਼ਿਆਲ ਨਾਲ ਗੁਰਮਤ ਉੱਕਾ ਹੀ ਸਹਿਮਤ ਨਹੀਂ ਹੈ ਕਿਉਂਕਿ ਜੋਗ ਸ਼ਬਦ ਦਾ ਅੱਖਰੀਂ ਅਰਥ ਹੈ ਜੁੜਨਾ ਭਾਵ ਜਿਸ ਰੱਬ ਤੋਂ ਅਸੀਂ ਟੁੱਟੇ ਹੋਏ ਹਾਂ ਉਸ ਨਾਲ ਮੁੜ ਅਭੇਦ ਹੋ ਜਾਣਾ, ਪਰ ਜੇ ਕੋਈ ਘਰ ਬਾਰ ਤੇ ਪ੍ਰਵਾਰ ਨੂੰ ਤਿਆਗ ਕੇ ਜੰਗਲ ਵਾਸੀ ਹੋ ਰੱਬ ਨਾਲ ਨਹੀਂ ਜੁੜ ਸਕਿਆ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਹ ਸਹੀ ਰੂਪ ਵਿਚ ਜੋਗੀ ਨਹੀਂ; ਉਸਨੇ ਕੇਵਲ ਜੋਗੀ ਦਾ ਬੁਰਕਾ ਹੀ ਪਹਿਰਿਆ ਹੋਇਆ ਹੈ, ਜੋ ਰੱਬੀ ਦਰਬਾਰ ਵਿਚ ਕਬੂਲਿਆ ਨਹੀਂ ਜਾਵੇਗਾ। ਰੱਬ ਨਾਲ ਜੁੜਨ ਦੀ ਜੁਗਤੀ ਤੋਂ ਸੱਖਣਾ ਜੇ ਕੋਈ ਚਿੰਨ੍ਹ ਧਾਰਨ ਕਰ ਲੈਣ ਨੂੰ ਹੀ ਆਪਣੇ ਆਪ ਨੂੰ ਸਹੀ ਜੋਗੀ ਮੰਨਦਾ ਹੈ, ਉਸਨੂੰ ਗੁਰਮਤ ਨਹੀਂ ਕਬੂਲ ਕਰਦੀ ਕਿਉਂਕਿ ਇਸ ਦਾ ਬਾਣੀ ਵਿਚ ਖੁਲਾਸਾ ਸ੍ਰੀ ਗੁਰੂ ਨਾਨਕ ਦੇਵ ਜੀ ਇਉਂ ਕਰਦੇ ਹਨ:

ਜੋਗੁ ਨ ਖਿੰਥਾ ਜੋਗੁ ਨ ਡੰਡੈ
ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ
ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਇਵ ਪਾਈਐ॥੧॥
ਗਲੀ ਜੋਗੁ ਨ ਹੋਈ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ
ਜੋਗੀ ਕਹੀਐ ਸੋਈ॥੧॥ਰਹਾਉ॥
ਜੋਗੁ ਨ ਬਾਹਰਿ ਮੜੀ ਮਸਾਣੀ
ਜੋਗੁ ਨ ਤਾੜੀ ਲਾਈਐ॥
ਜੋਗੁ ਨ ਦੇਸਿ ਦਿਸੰਤਰਿ ਭਵਿਐ
ਜੋਗੁ ਨ ਤੀਰਥਿ ਨਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਇਵ ਪਾਈਐ॥੨॥

*(ਸੂਹੀ ਮ: ੧, ਪੰਨਾ ੭੩੦)*

ਜੋਗੈ ਕਾ ਮਾਰਗੁ ਬਿਖਮੁ ਹੈ ਜੋਗੀ
ਜਿਸ ਨੋ ਨਦਰਿ ਕਰੇ ਸੋ ਪਾਏ॥
ਅੰਤਰਿ ਬਾਹਰਿ ਏਕੋ ਵੇਖੈ
ਵਿਚਹੁ ਭਰਮੁ ਚੁਕਾਏ॥੧੧॥

*(ਰਾਮਕਲੀ ਮ: ੩, ਪੰਨਾ ੯੦੯)*

ਬਾਰਹ ਮਹਿ ਰਾਵਲ ਖਪਿ ਜਾਵਹਿ
ਚਹੁ ਛਿਅ ਮਹਿ ਸੰਨਿਆਸੀ॥
ਜੋਗੀ ਕਾਪੜੀਆ ਸਿਰ ਖੂਥੇ
ਬਿਨੁ ਸਬਦੈ ਗਲਿ ਫਾਸੀ॥੧॥

*(ਪ੍ਰਭਾਤੀ ਮ: ੧, ਪੰਨਾ ੧੩੩੨)*

ਸੋ ਜੋਗੀ ਜੋ ਜੁਗਤਿ ਪਛਾਣੈ॥
ਗੁਰਪਰਸਾਦੀ ਏਕੋ ਜਾਣੈ॥

*(ਧਨਾਸਰੀ ਮ: ੧, ਪੰਨਾ ੬੬੨)*

ਜੋਗ ਜਗ ਨਿਹਫਲ ਤਿਹ ਮਾਨਉ
ਜੋ ਪ੍ਰਭ ਜਸੁ ਬਿਸਰਾਵੈ॥੧॥
ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ॥

*(ਬਿਲਾਵਲੁ ਮ: ੯, ਪੰਨਾ ੮੩੧)*

ਜੋਗੀ ਜੰਗਮੁ ਅਰੁ ਸੰਨਿਆਸ॥
ਸਭ ਹੀ ਪਰਿ ਡਾਰੀ ਇਹ ਫਾਸ॥੧॥

*(ਬਸੰਤੁ ਮ: ੯, ਪੰਨਾ ੧੧੮੬)*

ਜੋਗੀ ਜੰਗਮ ਸੰਨਿਆਸੀ ਭੁਲੇ
ਓਨ੍ਹਾ ਅਹੰਕਾਰੁ ਬਹੁ ਗਰਬੁ ਵਧਾਇਆ॥
ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ
ਮਨਹਠਿ ਜਨਮੁ ਗਵਾਇਆ॥

*(ਮ: ੩, ਪੰਨਾ ੫੧੩)*

ਜੋਗੀ ਜੰਗਮ ਸੰਨਿਆਸੀ ਭੁਲੇ
ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ
ਤਿਨ੍ਹੀ ਬਿਰਥਾ ਜਨਮੁ ਗਵਾਇਆ ॥

*(ਸਲੋਕ ਮ: ੩, ਪੰਨਾ ੮੫੨)*

ਕਾਜੀ ਮੁਲਾਂ ਹੋਵਹਿ ਸੇਖ ॥
ਜੋਗੀ ਜੰਗਮ ਭਗਵੇ ਭੇਖ ॥
ਕੋ ਗਿਰਹੀ ਕਰਮਾ ਕੀ ਸੰਧਿ ॥
ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥

*(ਬਸੰਤੁ ਮ: ੩, ਪੰਨਾ ੧੧੬੯)*

ਜੋਗੀ ਜਤੀ ਜੁਗਤਿ ਮਹਿ ਰਹਤੇ
ਕਰਿ ਕਰਿ ਭਗਵੇ ਭੇਖ ਭਏ ॥੧॥

*(ਆਸਾ ਮ: ੧, ਪੰਨਾ ੩੫੮)*

ਹਰਿ ਕੀ ਗਤਿ ਨਹਿ ਕੋਊ ਜਾਨੈ ॥
ਜੋਗੀ ਜਤੀ ਤਪੀ ਪਚਿ ਹਾਰੇ
ਅਰੁ ਬਹੁ ਲੋਗ ਸਿਆਨੇ ॥

*(ਬਿਹਾਗੜਾ ਮ: ੯, ਪੰਨਾ ੫੩੭)*

ਜੋਗੀ ਜਤਨ ਕਰਤ ਸਭ ਹਾਰੇ
ਗੁਨੀ ਰਹੇ ਗੁਨ ਗਾਈ ॥
ਜਨ ਨਾਨਕ ਹਰਿ ਭਏ ਦਇਆਲਾ
ਤਉ ਸਭ ਬਿਧਿ ਬਨਿ ਆਈ ॥੨॥

*(ਗਉੜੀ ਮ: ੯, ਪੰਨਾ ੨੧੯)*

ਹੋਇ ਅਉਧੂਤ ਬੈਠੇ ਲਾਇ ਤਾਰੀ ॥
ਜੋਗੀ ਜਤੀ ਪੰਡਿਤ ਬੀਚਾਰੀ ॥
ਗ੍ਰਿਹਿ ਮੜੀ ਮਸਾਣੀ ਬਨ ਮਹਿ ਬਸਤੇ
ਉਠਿ ਤਿਨਾ ਕੈ ਲਾਗੀ ਪਲੀਆ ॥੪॥

*(ਮਾਰੂ ਮ: ੫, ਪੰਨਾ ੧੦੦੪)*

ਜੋਗੀ ਜਤੀ ਬੈਸਨੋ ਰਾਮਦਾਸ ॥
ਮਿਤਿ ਨਾਹੀ ਬ੍ਰਹਮ ਅਬਿਨਾਸ ॥੨॥
ਕਰਣ ਪਲਾਹ ਕਰਹਿ ਸਿਵ ਦੇਵ ॥
ਤਿਲੁ ਨਹੀ ਬੂਝਹਿ ਅਲਖ ਅਭੇਵ ॥
ਪ੍ਰੇਮ ਭਗਤਿ ਜਿਸੁ ਆਪੇ ਦੇਇ ॥
ਜਗ ਮਹਿ ਵਿਰਲੇ ਕੇਈ ਕੇਇ ॥੩॥

*(ਗੋਂਡ ਮ: ੫, ਪੰਨਾ ੮੬੭)*

ਜੋਗੀ ਗਿਰਹੀ ਜਟਾ ਬਿਭੂਤ ॥
ਆਗੈ ਪਾਛੈ ਰੋਵਹਿ ਪੂਤ ॥
ਜੋਗੁ ਨ ਪਾਇਆ ਜੁਗਤਿ ਗਵਾਈ ॥
ਕਿਤੁ ਕਾਰਣਿ ਸਿਰਿ ਛਾਈ ਪਾਈ ॥

*(ਸਲੋਕੁ ਮ: ੧, ਪੰਨਾ ੯੫੧)*

ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ ॥
ਨਾਨਕ ਘਰਿ ਬੈਠਿਆ ਜੋਗੁ ਪਾਈਐ
ਸਤਿਗੁਰ ਕੈ ਉਪਦੇਸਿ ॥੬੪॥

*(ਸਲੋਕ ਮ: ੩, ਪੰਨਾ ੧੪੨੧)*

ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥

*(ਆਸਾ ਮ: ੫, ਪੰਨਾ ੩੮੫)*

ਇਨ੍ਹਾਂ ਉਪ੍ਰੋਕਤ ਪੰਗਤੀਆਂ ਤੋਂ ਇਲਾਵਾ ਹੋਰ ਭੀ ਬਹੁਤ ਸਾਰੇ ਪ੍ਰਮਾਨ ਮਿਲਦੇ ਹਨ, ਜਿਨ੍ਹਾਂ ਤੋਂ ਸਾਬਤ ਹੁੰਦਾ ਹੈ ਕਿ ਕੇਵਲ ਸਰੀਰ ਉਤੇ ਜੋਗ ਦੇ ਚਿੰਨ੍ਹ ਧਾਰਨ ਕਰ ਲੈਣ ਨਾਲ ਕੋਈ ਸਹੀ ਰੂਪ ਵਿਚ ਜੋਗੀ ਨਹੀਂ ਬਣ ਜਾਂਦਾ ਜਿਤਨਾ ਚਿਰ ਉਹ ਮਨ ਕਰਕੇ ਪਰੀਪੂਰਨ ਪਰਮੇਸ਼ਰ ਨਾਲ ਨਹੀਂ ਜੁੜ ਜਾਂਦਾ। ਜੋ ਮਨ ਕਰਕੇ ਉਸ ਪ੍ਰਭੂ ਨਾਲ ਜੁੜਿਆ ਹੋਇਆ ਹੈ ਉਸਦੇ ਸਰੀਰ ਪਰ ਜੇ ਜੋਗ ਦੇ ਚਿੰਨ੍ਹ ਨਹੀਂ ਭੀ ਧਾਰਨ ਕੀਤੇ ਹੋਏ ਤਾਂ ਭੀ ਉਹ ਗ੍ਰਿਹਸਤ ਵਿਚ ਰਹਿੰਦਾ ਹੋਇਆ ਹੀ ਗੁਰਮਤ ਅਨੁਸਾਰ ਜੋਗੀ ਹੈ, ਗੁਰੂ ਨੇ ਸਿਖ ਨੂੰ ਉਸ ਪ੍ਰਭੂ ਦੇ ਜਸ ਗਾਇਨ ਕਰਦੇ ਰਹਿਣ ਦਾ ਸੱਚਾ ਮਾਰਗ ਦਰਸਾਇਆ ਹੈ, ਮੈਂ ਭੀ ਗੁਰਬਾਣੀ ਦੀਆਂ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਤ ਹੋ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਅੰਕਤ ਕੀਤੀਆਂ ਹਨ, ਜਿਨ੍ਹਾਂ ਵਿਚ ਇਹੋ ਭਾਵ ਦਰਸਾਇਆ ਹੈ ਕਿ ਗੁਰੂ ਨੇ ਸਿਖ ਨੂੰ ਸੱਚੇ ਗੁਰਮਤ ਦੇ ਜੋਗ ਵਿਚ ਜੁੜੇ ਰਹਿਣ ਦੀ ਪ੍ਰੇਰਨਾ ਕੀਤੀ ਹੈ :

(੧) ਸਤਿਗੁਰੂ ਜੀ ਨੇ ਸਿੱਖਾਂ ਨੂੰ ਜੋਗ ਦੀ ਜੁਗਤੀ (ਭਾਵ ਜੀਵਨ-ਜਾਚ) ਇਹੋ ਸਮਝਾਈ ਹੈ—

(੨) (ਕਿ ਉਹ) ਆਸਾ ਭਰੇ (ਸੰਸਾਰ ਵਿਚ) ਆਸਾ ਤੋਂ ਰਹਿਤ ਹੋ ਕੇ ਹੀ ਸਮਾਂ ਬਤੀਤ ਕਰਦੇ ਹਨ।

(੩) ਅਤੇ ਉਹ ਅੰਨ ਥੋੜ੍ਹਾ ਖਾਂਦੇ ਹਨ ਤੇ ਪਾਣੀ ਥੋੜ੍ਹਾ ਹੀ ਪੀਂਦੇ ਹਨ, ਭਾਵ ਸੁਆਦਾਂ ਦੇ ਲੋਭ ਤੇ ਸਰੀਰਕ ਸੁਖਾਂ ਦੀ ਆਸ ਤੋਂ ਵੀ ਨਿਰਾਸ ਹੋ ਰਹਿੰਦੇ ਹਨ।

(੪) (ਗੁਰਸਿਖ) ਬੋਲਦੇ ਭੀ ਥੋੜ੍ਹਾ ਹੀ ਹਨ ਤੇ ਐਵੇਂ ਵਾਧੂ ਘਾਟੂ ਨਹੀਂ ਬੋਲਦੇ।

(੫) ਉਹ ਨੀਂਦ ਭੀ ਘਟ ਹੀ ਲੈਂਦੇ ਹਨ ਤੇ ਨਾ ਹੀ ਕਿਸੇ (ਵਿਕਾਰ ਦੇ) ਮੋਹ ਵਿਚ ਫਸਦੇ ਹਨ। ਭਾਵ ਵਿਸ਼ਿਆਂ ਤੋਂ ਉਪਰਾਮ ਰਹਿੰਦੇ ਹਨ।

(੬) (ਇਥੋਂ ਤੱਕ ਕਿ ਜੀਵਨ ਅਭਿਆਸ ਨਾਲ) ਜੇ ਉਹ ਸੁਪਨੇ ਵਿਚ ਵੀ ਚਲੇ ਜਾਣ ਤਾਂ ਉਸ ਵਿਚ ਵੀ (ਕਿਸੇ ਵਿਕਾਰੀ) ਲੋਭ ਦੇ ਲੁਭਾਇਮਾਨ ਨਹੀਂ ਹੁੰਦੇ।੧੫।

***ਭਾਵਾਰਥ :*** ਜੋ ਗੁਰਮਤ ਦੀ ਜੋਗ ਦੀ ਜੁਗਤੀ ਵਿਚ ਗੁਰਮੁਖ ਜੁੜੇ ਹੋਏ ਹਨ ਉਹ ਹਰ ਸਮੇਂ ਚਿੱਤ ਨੂੰ ਪਰਮੇਸ਼ਰ ਤੇ ਸਤਿਗੁਰੂ ਨਾਲ ਜੋੜਦੇ ਹਨ ਤੇ ਅਭਿਆਸੀ ਰੰਗ ਵਿਚ ਸਦਾ ਹੀ ਰੰਗੇ ਰਹਿੰਦੇ ਹਨ ਵਾਧੂ ਘਾਟੂ ਗੱਲਾਂ ਦਾ ਉਨ੍ਹਾਂ ਦੇ ਮਨ ਪਰ ਕੋਈ ਭੀ ਅਸਰ ਨਹੀਂ ਹੁੰਦਾ।

## ੧੬. ਜੀਵਨ-ਜੁਗਤੀ ਦਾ ਵਰਣਨ

**੧. ਮੁੰਦ੍ਰਾ ਗੁਰ ਉਪਦੇਸ਼**
**ਮੰਤ੍ਰ ਸੁਣਾਇਆ।**
**੨. ਖਿੰਥਾ ਖਿਮਾ ਸਿਵਾਇ**
**ਝੋਲੀ ਪਤਿ ਪਾਇਆ।**
**੩. ਪੈਰੀਂ ਪੈ ਪਾ ਖਾਕ**
**ਬਿਭੂਤ ਬਣਾਇਆ।**
**੪. ਪਿਰਮ ਪਿਆਲਾ ਪੱਤ**
**ਭੋਜਨ ਭਾਇਆ।**
**੫. ਡੰਡਾ ਗਿਆਨ ਵੀਚਾਰੁ**
**ਦੂਤ ਸਿਧਾਇਆ।**
**੬. ਸਹਜ ਗੁਫਾ ਸਤਸੰਗ ਸਮਾਧ ਸਮਾਇਆ ॥੧੬॥**

***ਪਦ ਅਰਥ :*** ਮੁੰਦ੍ਰਾ—ਕੰਨ ਵਿਚ ਪਾਉਣ ਵਾਲੀਆਂ। ਖਿੰਥਾ—ਖਫਨੀ। ਪਤਿ—ਭਾਵ ਗਿਆਨ। ਪਿਰਮ ਪਿਆਲਾ—ਪ੍ਰੇਮ ਰਸ ਦਾ ਪਿਆਲਾ। ਸਿਧਾਇਆ—ਸਿੱਧ ਕੀਤੇ, ਵੱਸ ਕੀਤੇ। ਗੁਫਾ—ਇਕਾਂਤ, ਕੁੰਜ ਵਾਸ।

***ਅਰਥ :***

**ਪ੍ਰ:** ਕਿਉਂ ਭਾਈ ਸਾਹਿਬ ਜੀਉ ! ਜਿਵੇਂ ਜੋਗੀਆਂ ਨੇ ਜੋਗ ਮੱਤ ਧਾਰਨ ਕਰਨ ਵਾਲੇ ਮਨੁੱਖ ਲਈ ਸਰੀਰ ਪਰ ਜੋਗ ਦੇ ਚਿੰਨ੍ਹ, ਜਿਵੇਂ ਕਿ ਕੰਨਾਂ ਵਿਚ ਮੁੰਦ੍ਰਾਂ, ਸਰੀਰ 'ਤੇ ਗੋਦੜੀ ਪਹਿਨਣਾ, ਸੁਆਹ ਮਲਣੀ ਤੇ ਹੱਥ ਵਿਚ ਡੰਡਾ ਧਾਰਨ ਕਰਨਾ ਆਦਿ ਕਈ ਚਿੰਨ੍ਹ ਧਾਰਨ ਕਰਨ ਦਾ ਸੰਕੇਤ ਬਣਾ ਰੱਖਿਆ ਹੈ ਕਿਆ ਇਸੇ ਤਰ੍ਹਾਂ ਗੁਰਮਤ ਦੇ ਜੋਗ ਧਾਰਨ ਵਾਲੇ ਭੀ ਕੁਝ ਚਿੰਨ੍ਹ ਧਾਰਨ ਦਾ ਨਿਯਮ ਹੈ, ਜੇ ਕੋਈ ਹੈ ਤਾਂ ਗੁਰਬਾਣੀ ਅਨੁਸਾਰ ਜਾਣਕਾਰੀ ਦੇਣ ਦੀ ਕ੍ਰਿਪਾ ਕਰੋ, ਧੰਨਵਾਦੀ ਹੋਵਾਂਗੇ ?

**ਉ:** ਹੇ ਭਾਈਓ ! ਜਦੋਂ ਅਸੀਂ ਗੁਰਬਾਣੀ ਦੀ ਰੌਸ਼ਨੀ ਵਿਚ ਇਸ ਪੱਖ ਨੂੰ ਗਹੁ ਨਾਲ ਵੀਚਾਰਦੇ ਹਾਂ ਤਾਂ ਜੋਗ ਮੱਤ ਤੇ ਗੁਰਮਤ ਦੇ ਚਿੰਨ੍ਹਾਂ ਵਿਚ ਬੜਾ ਅੰਤਰਾ ਹੈ ਕਿਉਂਕਿ ਜੋਗ ਮੱਤ ਦੇ ਅਸਥੂਲ ਚਿੰਨ੍ਹ ਹਨ ਜੋ ਅਸਥੂਲ ਸਰੀਰ ਦੇ ਅੰਗਾਂ ਨੂੰ ਪਹਿਨਾਏ ਜਾਂਦੇ ਹਨ, ਪਰ ਗੁਰਮੱਤ ਜੋਗ ਦੇ ਚਿੰਨ੍ਹ ਸੂਖਮ ਹਨ, ਜਿਨ੍ਹਾਂ ਨੂੰ ਇਨ੍ਹਾਂ ਅਸਥੂਲ ਨੇਤ੍ਰਾਂ ਦੁਆਰੇ ਨਹੀਂ ਤੱਕਿਆ ਜਾ ਸਕਦਾ, ਉਨ੍ਹਾਂ ਨੂੰ ਤਾਂ ਅੰਤਰ ਆਤਮੇ ਅਨੁਭਵ ਹੀ ਕੀਤਾ ਜਾਂਦਾ ਹੈ। ਇਹੋ ਗੁਰਮਤ ਜੋਗ ਦੇ ਚਿੰਨ੍ਹ ਸਾਧਕ ਨੂੰ ਰੱਬੀ ਮਾਰਗ ਪਰ ਟੁਰਨ ਲਈ ਸਹਾਇਕ ਬਣਦੇ ਹਨ, ਇਨ੍ਹਾਂ ਚਿੰਨ੍ਹਾਂ ਦਾ ਬਾਣੀ ਵਿਚ ਕਈ ਥਾਵਾਂ 'ਤੇ ਜ਼ਿਕਰ ਆਉਂਦਾ ਹੈ, ਜਿਵੇਂ ਕਿ :

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ
ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ
ਜੁਗਤਿ ਡੰਡਾ ਪਰਤੀਤਿ ॥
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥
*(ਜਪੁਜੀ ਸਾਹਿਬ, ਪੰਨਾ ੬)*

ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ
ਕਾਂਇਆ ਕੀਜੈ ਖਿੰਥਾਤਾ ॥
ਪੰਚ ਚੇਲੇ ਵਸਿ ਕੀਜਹਿ ਰਾਵਲ
ਇਹੁ ਮਨੁ ਕੀਜੈ ਡੰਡਾਤਾ ॥੧॥
ਜੋਗ ਜੁਗਤਿ ਇਵ ਪਾਵਸਿਤਾ ॥
ਏਕੁ ਸਬਦੁ ਦੂਜਾ ਹੋਰੁ ਨਾਸਤਿ
ਕੰਦ ਮੂਲਿ ਮਨੁ ਲਾਵਸਿਤਾ ॥੧॥ਰਹਾਉ॥
ਮੂੰਡਿ ਮੁੰਡਾਇਐ ਜੇ ਗੁਰੁ ਪਾਈਐ
ਹਮ ਗੁਰੁ ਕੀਨੀ ਗੰਗਾਤਾ ॥
*(ਗਉੜੀ ਮ: ੧, ਪੰਨਾ ੧੫੫)*

ਜੋਗੀ ਕੈ ਘਰਿ ਜੁਗਤਿ ਦਸਾਈ ॥
ਤਿਤੁ ਕਾਰਣਿ ਕਨਿ ਮੁੰਦ੍ਰਾ ਪਾਈ ॥
ਮੁੰਦ੍ਰਾ ਪਾਇ ਫਿਰੈ ਸੰਸਾਰਿ ॥
ਜਿਥੈ ਕਿਥੈ ਸਿਰਜਣਹਾਰੁ ॥ *(ਮ: ੧, ਪੰਨਾ ੯੫੨)*

ਮੁੰਦ੍ਰਾ ਮੋਨਿ ਦਇਆ ਕਰਿ ਝੋਲੀ
ਪਤ੍ਰ ਕਾ ਕਰਹੁ ਬੀਚਾਰੁ ਰੇ ॥
ਖਿੰਥਾ ਇਹੁ ਤਨੁ ਸੀਅਉ ਅਪਨਾ
ਨਾਮੁ ਕਰਉ ਆਧਾਰੁ ਰੇ ॥੧॥
ਐਸਾ ਜੋਗੁ ਕਮਾਵਹੁ ਜੋਗੀ ॥
ਜਪ ਤਪ ਸੰਜਮੁ ਗੁਰਮੁਖਿ ਭੋਗੀ ॥੧॥ਰਹਾਉ॥

ਬੁਧਿ ਬਿਭੂਤਿ ਚਢਾਵਉ ਅਪੁਨੀ
ਸਿੰਗੀ ਸੁਰਤਿ ਮਿਲਾਈ॥
ਕਰਿ ਬੈਰਾਗੁ ਫਿਰਉ ਤਨਿ ਨਗਰੀ
ਮਨ ਕੀ ਕਿੰਗੁਰੀ ਬਜਾਈ॥੨॥

*(ਰਾਮਕਲੀ ਕਬੀਰ ਜੀ, ਪੰਨਾ ੯੭੦)*

ਨਗਨ ਫਿਰਤ ਜੌ ਪਾਈਐ ਜੋਗੁ॥
ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥੧॥
ਕਿਆ ਨਾਗੇ ਕਿਆ ਬਾਧੇ ਚਾਮ॥
ਜਬ ਨਹੀ ਚੀਨਸਿ ਆਤਮਰਾਮ॥੧॥ਰਹਾਉ॥
ਮੂਡ ਮੁੰਡਾਏ ਜੌ ਸਿਧਿ ਪਾਈ॥
ਮੁਕਤੀ ਭੇਡ ਨ ਗਈਆ ਕਾਈ॥੨॥
ਬਿੰਦੁ ਰਾਖਿ ਜੌ ਤਰੀਐ ਭਾਈ॥
ਖੁਸਰੈ ਕਿਉ ਨ ਪਰਮਗਤਿ ਪਾਈ॥੩॥
ਕਹੁ ਕਬੀਰ ਸੁਨਹੁ ਨਰ ਭਾਈ॥
ਰਾਮ ਨਾਮ ਬਿਨੁ ਕਿਨਿ ਗਤਿ ਪਾਈ॥੪॥

*(ਗਉੜੀ ਕਬੀਰ ਜੀ, ਪੰਨਾ ੩੨੪)*

ਹਾਥ ਕਮੰਡਲੁ ਕਾਪੜੀਆ
ਮਨਿ ਤ੍ਰਿਸਨਾ ਉਪਜੀ ਭਾਰੀ॥
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ
ਚਿਤੁ ਲਾਇਆ ਪਰ ਨਾਰੀ॥

*(ਮਾਰੂ ਮ: ੧, ਪੰਨਾ ੧੦੧੩)*

ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ॥
ਮਨੂਆ ਡੋਲੈ ਦਹਦਿਸਿ ਧਾਵੈ
ਬਿਨੁ ਰਤ ਆਤਮ ਗਿਆਨਾ॥

*(ਮਾਰੂ ਮ: ੧, ਪੰਨਾ ੧੦੧੩)*

ਇਸ ਤੋਂ ਆਦਿ ਹੋਰ ਭੀ ਬਾਣੀ ਵਿਚੋਂ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਬੋਧ ਮਿਲਦਾ ਹੈ ਕਿ ਗੁਰਮਤ ਨੇ ਅੰਤਰ ਆਤਮੇ ਜੋਗ ਦੀ ਜੁਗਤੀ ਨੂੰ ਧਾਰਨ ਤੋਂ ਸੱਖਣੇ ਸਰੀਰਕ ਜੋਗ ਸਾਧਨ ਨੂੰ ਕੋਈ ਵਧੇਰੇ ਮਹਾਨਤਾ ਨਹੀਂ ਦਿਤੀ। ਸੋ, ਮੈਂ ਭੀ ਗੁਰਬਾਣੀ ਦੀਆਂ ਉਪ੍ਰੋਕਤ ਪੰਗਤੀਆਂ ਦੀ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਵਿਚ ਗੁਰਮਤ ਦੇ ਸਹੀ ਜੋਗ ਨੂੰ ਦਰਸਾਇਆ ਹੈ, ਜੋ ਰੱਬੀ ਦਰਬਾਰ ਵਿਚ ਮਨੁੱਖ ਦੀ ਸਹਾਇਤਾ ਕਰਦਾ ਹੈ।

(੧) (ਹੇ ਭਾਈਓ! ਜਿਵੇਂ ਅਸੀਂ ਵੇਖਦੇ ਹਾਂ ਕਿ ਜੋਗੀ ਤਾਂ ਕੰਨ ਵਿਚ ਮੁੰਦ੍ਰਾ ਜੋਗ ਦੀ ਨਿਸ਼ਾਨੀ ਵਜੋਂ ਪਾਉਂਦੇ ਹਨ, ਪਰ ਗੁਰਸਿੱਖ ਦੀਆਂ) ਮੁੰਦ੍ਰਾਂ ਗੁਰ ਉਪਦੇਸ਼ ਹੈ (ਜੋ ਉਸਨੇ ਕੰਨਾਂ ਨਾਲ) ਗੁਰ ਮੰਤ੍ਰ ਨੂੰ ਸੁਣਿਆ ਹੈ।

(੨) ਗੁਰਸਿਖ ਖਿੰਥਾ (ਖਫਨੀ) ਖਿਮਾਂ ਦੀ ਬਣਾਉਂਦੇ ਹਨ (ਤੇ ਖੈਰ ਲੈਣ ਲਈ) ਝੋਲੀ ਪਤਿ (ਇੱਜ਼ਤ ਆਬਰੋ) ਦੀ ਪਾਉਂਦੇ ਹਨ ਜੋ ਮਾਇਆ (ਦੇ ਵਿਚ ਰਹਿੰਦਿਆਂ ਉਨ੍ਹਾਂ ਨੂੰ ਮਾਇਆ) ਤੋਂ ਨਿਰਲੇਪ ਰਖਦੀ ਹੈ।

(੩) ਪੈਰੀਂ ਪੈਂਦੇ ਹਨ ਤੇ ਪੈਰਾਂ ਦੀ ਧੂੜ ਦੀ ਹੀ (ਗੁਰਸਿੱਖ) ਬਿਭੂਤੀ ਲਾਉਂਦੇ ਹਨ (ਚੁਲ੍ਹੇ ਦੀ ਸੁਆਹ ਪਿੰਡੇ ਤੇ ਨਹੀਂ ਮਲਦੇ)।

(੪) ਪ੍ਰੇਮ ਦਾ ਪਿਆਲਾ (ਭਾਵ ਰਸ ਜੋ ਪੀਂਦੇ ਹਨ, ਇਹੀ ਉਨ੍ਹਾਂ ਦੀ) ਪਤਿ ਹੈ, ਤੇ ਇਹ ਪ੍ਰੇਮ ਦੇ ਰਸ ਦਾ ਭੋਜਨ ਹੀ ਉਨ੍ਹਾਂ ਨੂੰ ਭਾਉਂਦਾ (ਚੰਗਾ ਲਗਦਾ ਹੈ)।

(੫) (ਗੁਰਸਿਖ) ਗੁਰ ਗਿਆਨ ਦੀ ਵੀਚਾਰ ਦਾ ਡੰਡਾ ਹੱਥ ਵਿਚ ਰੱਖਦੇ ਹਨ (ਜਿਸ ਨਾਲ ਉਹ ਕਾਮ ਕ੍ਰੋਧ ਆਦਿ) ਵਿਕਾਰਾਂ (ਦੂਤਾਂ) ਨੂੰ ਸੋਧਦੇ (ਦੂਰ ਰਖਦੇ) ਹਨ।

(੬) ਸਹਿਜ ਦੀ ਗੁਫਾ ਰੂਪ ਸਤਿ ਸੰਗਤ ਵਿਚ ਸਮਾਧੀ ਜੋੜਦੇ ਹਨ (ਤੇ ਇਸੇ ਲਗਨ ਵਿਚ ਫਿਰ) ਜੁੜੇ ਹੀ ਰਹਿੰਦੇ (ਭਾਵ ਸਮਾਏ ਰਹਿੰਦੇ) ਹਨ।੧੬।

***ਭਾਵਾਰਥ :*** ਜਦੋਂ ਗੁਰੂ ਨਾਨਕ ਦੇਵ ਜੀ ਲੋਕਾਈ ਨੂੰ ਸਤਿ ਦੀ ਪ੍ਰਾਪਤੀ ਦਾ ਉਪਦੇਸ਼ ਦੇਂਦੇ ਹੋਏ ਸੁਮੇਰ ਪਰਬਤ ਪਰ ਬੈਠੇ ਜੋਗੀਆਂ ਪਾਸ ਪੁੱਜੇ ਤਾਂ ਉਨ੍ਹਾਂ ਨੂੰ ਆਪ ਜੀ ਦੇ ਗਿਆਨ ਭਰੇ ਵੀਚਾਰ ਸੁਣ ਕੇ ਇਹ ਲਾਲਸਾ ਹੋ ਆਈ ਕਿ ਇਸ ਬਾਲਕੇ ਦੀ ਉਮਰ ਤਾਂ ਭਾਵੇਂ ਬਹੁਤ ਛੁਟੇਰੀ ਹੈ, ਪਰ ਇਸ ਦੇ ਵੀਚਾਰ ਬੜੇ ਤ੍ਰਿਗੁਣ ਅਤੀਤ ਗਿਆਨ ਭਰੇ ਹਨ। ਕਿੰਨਾ ਚੰਗਾ ਹੋਵੇ ਇਹ ਸਾਡੇ ਜੋਗ ਮੱਤ ਨੂੰ ਧਾਰਨ ਕਰ ਲਵੇ, ਇਹ ਸੋਚ ਕੇ ਜੋਗੀਆਂ ਨੇ ਕਿਹਾ ਕਿ ਹੇ ਬਾਲਕ! ਤੂੰ ਜੋਗ ਮੱਤ ਧਾਰਨ ਕਰ ਲੈ, ਤੈਨੂੰ ਅਸੀਂ ਜੋਗੀਆਂ ਦਾ ਸ਼੍ਰੋਮਣੀ ਮੁਖੀਆ ਬਣਾ ਦੇਂਦੇ ਹਾਂ। ਤਾਂ ਆਪ ਜੀ ਨੇ ਕਿਹਾ ਕਿ ਹੇ ਜੋਗੀਓ! ਮੈਂ ਤਾਂ ਪਹਿਲੋਂ ਹੀ ਜੋਗ ਮੱਤ ਦਾ ਧਾਰਨੀ ਹਾਂ, ਜੋਗੀਆਂ ਨੇ ਕਿਹਾ ਕਿ ਹੇ ਬਾਲਕ! ਤੇਰੇ ਪਾਸ ਜੋਗ ਦੇ ਚਿੰਨ੍ਹ ਨਹੀਂ, ਤੂੰ ਜੋਗੀ ਕਿਵੇਂ ਹੋ ਸਕਦਾ ਹੈਂ, ਤਾਂ ਆਪ ਜੀ ਨੇ ਕਿਹਾ ਸੀ ਕਿ ਹੇ ਜੋਗੀਓ! ਤੁਹਾਡਾ ਸਰੀਰਕ ਜੋਗ ਹੈ ਜੋ ਬਾਹਰਲੇ ਅਸਥੂਲ ਨੇਤ੍ਰਾਂ ਰਾਹੀਂ ਦਿਸ ਸਕਦਾ ਹੈ, ਪਰ ਮੇਰਾ ਗੁਰਮਤ ਦਾ ਸੂਖਮ ਜੋਗ ਹੈ ਜੋ ਅੰਤਰ ਆਤਮੇ ਧਾਰਨ ਕੀਤਾ ਜਾਂਦਾ ਹੈ ਜੋ ਇਨ੍ਹਾਂ ਬਾਹਰਲੇ ਨੇਤ੍ਰਾਂ ਦਾ ਵਿਸ਼ਾ ਨਹੀਂ, ਉਸਨੂੰ ਕੇਵਲ ਅਨੁਭਵ ਹੀ ਕੀਤਾ ਜਾ ਸਕਦਾ ਹੈ ਅਤੇ ਇਹੋ ਸੱਚਾ ਜੋਗ ਹੈ ਜਿਸ ਦੀ ਪਹੁੰਚ ਰੱਬੀ ਦਰਬਾਰ ਤਕ ਹੈ, ਪਰ ਤੁਹਾਡੇ ਜੋਗ ਦਾ ਸਰੀਰ ਦੇ ਨਾਸ ਹੋ ਜਾਣ ਨਾਲ ਹੀ ਅੰਤ ਹੋ ਜਾਂਦਾ ਹੈ। ਉਹ ਗੁਰਮਤ ਦਾ ਸੱਚਾ ਜੋਗ ਗੁਰੂ

ਨਾਨਕ ਪਾਤਿਸ਼ਾਹ ਨੇ ਜਪੁਜੀ ਸਾਹਿਬ ਦੀ ੨੯ਵੀਂ ਪਉੜੀ (ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ) ਵਿਚ ਦਰਸਾਇਆ ਹੈ। ਜੋ ਸਾਰਿਆਂ ਦੇ ਹੀ ਧਾਰਨ ਕਰਨ ਜੋਗ ਹੈ।

## ੧੭. ਗੁਰਮੁਖਾਂ ਦੀ ਕਰਨੀ ਦਾ ਵਰਣਨ

**੧. ਸਿੰਙੀ ਸੁਰਤਿ ਵਿਸੇਖ**
**ਸਬਦ ਵਜਾਇਆ।**
**੨. ਗੁਰਮੁਖ ਆਈ ਪੰਥੁ**
**ਨਿਜ ਘਰੁ ਪਾਇਆ।**
**੩. ਆਦਿ ਪੁਰਖ ਆਦੇਸ**
**ਅਲਖ ਲਖਾਇਆ।**
**੪. ਗੁਰ ਚੇਲੇ ਰਹਰਾਸਿ**
**ਮਨ ਪਰਚਾਇਆ।**
**੫. ਵੀਹ ਇਕੀਹ ਚੜਾਇ ਸ਼ਬਦ ਮਿਲਾਇਆ ॥੧੭॥**

***ਪਦ ਅਰਥ :*** ਸਿੰਙੀ—ਜੋਗੀ ਇਸਨੂੰ ਵਜਾਉਂਦੇ ਹਨ। ਆਈ ਪੰਥੁ—ਜੋਗੀਆਂ ਦਾ ਇਕ ਵਿਸ਼ੇਸ਼ ਪੰਥ। ਵੀਹ ਇਕੀਹ—ਸੰਸਾਰੀ ਹਾਲਤ ਤੋਂ ਅਗੇ ਈਸ਼੍ਵਰੀ ਮਿਲਾਪ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜੋਗੀਆਂ ਵਿਚ ਤਾਂ ਹੋਰ ਭੀ ਕਈ ਚਿੰਨ੍ਹ ਵੇਖਣ ਵਿਚ ਆਉਂਦੇ ਹਨ ਜਿਵੇਂ ਕਿ ਜੋਗੀ ਲੋਕ ਮੰਗਣ ਜਾਣ ਸਮੇਂ ਸਿੰਙੀ ਵਜਾਉਂਦੇ ਹਨ, ਉਨ੍ਹਾਂ ਵਿਚ ਇਕ ਆਈ ਪੰਥ ਹੈ ਜਿਸਨੂੰ ਸ਼ਿਰੋਮਣੀ ਮੰਨਿਆ ਜਾਂਦਾ ਹੈ, ਪਰ ਗੁਰਮਤ ਦੇ ਜੋਗ ਵਿਚ ਇਨ੍ਹਾਂ ਬਾਰੇ ਕਿਵੇਂ ਜਾਣਕਾਰੀ ਮਿਲਦੀ ਹੈ, ਇਹ ਭੀ ਦੱਸਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ ? ਜਦੋਂ ਭੀ ਮੈਂ ਗਹੁ ਨਾਲ ਬਾਣੀ ਨੂੰ ਵੀਚਾਰਿਆ ਹੈ ਤਾਂ ਸੰਸਾਰ ਭਰ ਦੇ ਜਿਤਨੇ ਭੀ ਪੰਥਾਂ ਦੇ ਬਾਹਰਲੇ ਚਿੰਨ੍ਹ ਵੇਖਣ ਵਿਚ ਆਏ ਉਨ੍ਹਾਂ ਨੂੰ ਬਾਣੀ ਵਿਚ ਅੰਤ੍ਰੀਵ ਭਾਵ ਵਿਚ ਦਰਸਾਇਆ ਗਿਆ ਹੈ, ਜਿਵੇਂ ਕਿ ਕਬੀਰ ਜੀ ਨੇ ਭੀ ਜੋਗੀਆਂ ਦੇ ਸਰੀਰਕ ਚਿੰਨ੍ਹਾਂ ਨੂੰ ਅੰਤ੍ਰੀਵ ਰੂਪ ਵਿਚ ਦਰਸਾਇਆ ਹੈ :

ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ
ਪਰਮਿਤਿ ਬਾਹਰਿ ਖਿੰਥਾ ॥
ਸੁੰਨ ਗੁਫਾ ਮਹਿ ਆਸਣੁ ਬੈਸਣੁ
ਕਲਪ ਬਿਬਰਜਿਤ ਪੰਥਾ ॥੧॥
ਮੇਰੇ ਰਾਜਨ ਮੈ ਬੈਰਾਗੀ ਜੋਗੀ ॥
ਮਰਤ ਨ ਸੋਗ ਬਿਓਗੀ ॥੧॥ਰਹਾਉ॥
ਖੰਡ ਬ੍ਰਹਮੰਡ ਮਹਿ ਸਿੰਙੀ ਮੇਰਾ ਬਟੂਆ
ਸਭੁ ਜਗੁ ਭਸਮਾਧਾਰੀ ॥
ਤਾੜੀ ਲਾਗੀ ਤ੍ਰਿਪਲੁ ਪਲਟੀਐ ਛੂਟੈ ਹੋਇ ਪਸਾਰੀ ॥੨॥
ਮਨੁ ਪਵਨੁ ਦੁਇ ਤੂੰਬਾ ਕਰੀ ਹੈ
ਜੁਗ ਜੁਗ ਸਾਰਦ ਸਾਜੀ ॥
ਥਿਰੁ ਭਈ ਤੰਤੀ ਤੂਟਸਿ ਨਾਹੀ
ਅਨਹਦ ਕਿੰਗੁਰੀ ਬਾਜੀ ॥੩॥
ਸੁਨਿ ਮਨ ਮਗਨ ਭਏ ਹੈ ਪੂਰੇ
ਮਾਇਆ ਡੋਲ ਨ ਲਾਗੀ ॥
ਕਹੁ ਕਬੀਰ ਤਾ ਕਉ ਪੁਨਰਪਿ ਜਨਮੁ ਨਹੀ
ਖੇਲਿ ਗਇਓ ਬੈਰਾਗੀ ॥੪॥੨॥੫੩॥

*(ਗਉੜੀ ਕਬੀਰ ਜੀ, ਪੰਨਾ ੩੩੪)*

ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ ॥
ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ ॥੧॥

*(ਰਾਮਕਲੀ ਮ: ੧, ਪੰਨਾ ੮੭੭)*

ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥
ਵਸਗਤਿ ਪੰਚ ਕਰੇ ਨਹ ਡੋਲੈ ॥
ਐਸੀ ਜੁਗਤਿ ਜੋਗ ਕਉ ਪਾਲੇ ॥
ਆਪਿ ਤਰੈ ਸਗਲੇ ਕੁਲ ਤਾਰੇ ॥੧॥
ਸੋ ਅਉਧੂਤੁ ਐਸੀ ਮਤਿ ਪਾਵੈ ॥
ਅਹਿਨਿਸਿ ਸੁੰਨ ਸਮਾਧਿ ਸਮਾਵੈ ॥੧॥ਰਹਾਉ॥
ਭਿਖਿਆ ਭਾਇ ਭਗਤਿ ਭੈ ਚਲੈ ॥
ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ ॥
ਧਿਆਨ ਰੂਪਿ ਹੋਇ ਆਸਣੁ ਪਾਵੈ ॥
ਸਚਿ ਨਾਮਿ ਤਾੜੀ ਚਿਤੁ ਲਾਵੈ ॥੨॥
ਨਾਨਕੁ ਬੋਲੈ ਅੰਮ੍ਰਿਤ ਬਾਣੀ ॥
ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ ॥
ਆਸਾ ਮਾਹਿ ਨਿਰਾਸੁ ਵਲਾਏ ॥
ਨਿਹਚਉ ਨਾਨਕ ਕਰਤੇ ਪਾਏ ॥੩॥

*(ਰਾਮਕਲੀ ਮ: ੧, ਪੰਨਾ ੮੭੭)*

ਇਸ ਤੋਂ ਆਦਿ ਹੋਰ ਭੀ ਬਾਣੀ ਵਿਚੋਂ ਸਾਨੂੰ ਅਨੇਕਾਂ ਉਦਾਹਰਣ ਮਿਲਦੇ ਹਨ, ਜਿਨ੍ਹਾਂ ਵਿਚ ਜੋਗੀਆਂ ਦੇ

ਬਾਹਰਲੇ ਚਿੰਨ੍ਹਾਂ ਨੂੰ ਅੰਤ੍ਰੀਵ ਭਾਵ ਦਰਸਾ ਕੇ ਧਾਰਨ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ, ਕਿਉਂਕਿ ਬਾਹਰਲੇ ਚਿੰਨ੍ਹਾਂ ਤੋਂ ਤਾਂ ਕੇਵਲ ਅੰਤ੍ਰੀਵ ਗੁਣਾਂ ਦੀ ਧਾਰਨਾ ਕਰਨ ਦੀ ਪ੍ਰੇਰਨਾ ਲੈਣੀ ਹੈ, ਅੰਤ੍ਰੀਵ ਗੁਣਾਂ ਤੋਂ ਸੱਖਣੇ ਬਾਹਰਲੇ ਚਿੰਨ੍ਹਾਂ ਨੂੰ ਗੁਰਮਤ ਨੇ ਕੋਈ ਮਹਾਨਤਾ ਨਹੀਂ ਦਿੱਤੀ, ਉਨ੍ਹਾਂ ਫੋਕੇ ਚਿੰਨ੍ਹਾਂ ਨੂੰ ਧਾਰਨ ਦਾ ਨਾ ਹੀ ਉਸ ਧਾਰਨ ਵਾਲੇ ਨੂੰ ਕੋਈ ਲਾਭ ਹੈ ਅਤੇ ਨਾ ਹੀ ਕਿਸੇ ਹੋਰ ਨੂੰ। ਹਾਂ ਇਤਨਾਕੁ ਜ਼ਰੂਰ ਹੋ ਸਕਦਾ ਹੈ ਕਿ ਉਹ ਅਨਜਾਣ ਲੋਕਾਂ ਤੋਂ ਚਾਰ ਦਿਨ ਆਪਣੀ ਵਾਹ ਵਾਹ ਕਰਵਾ ਲੈਂਦੇ ਹਨ, ਪਰ ਇਹ ਵਾਹ ਵਾਹ ਰੱਬੀ ਦਰਬਾਰ ਤਕ ਨਹੀਂ ਪੁੱਜ ਸਕਦੀ। ਸੋ ਮੈਂ ਭੀ ਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ:

(੧) (ਜਿਵੇਂ ਅਸੀਂ ਵੇਖਦੇ ਹਾਂ ਕਿ ਜੋਗੀ ਲੋਕ ਘਰ ਘਰ ਮੰਗਣ ਜਾਂਦੇ ਹਨ, ਤਾਂ ਗਲ ਵਿਚ ਪਾਈ) ਸਿੰਙੀ ਨੂੰ ਵਜਾਉਂਦੇ ਹਨ। (ਪਰ ਗੁਰਮੁਖ) ਸੁਰਤ ਦੀ ਵਿਸ਼ੇਸ਼ ਸਿੰਙੀ ਬਣਾ ਕੇ ਉਸ ਰਾਹੀਂ (ਗੁਰੂ ਦੇ ਬਖ਼ਸ਼ੇ ਉਪਦੇਸ਼ ਰੂਪ) ਸ਼ਬਦ ਨੂੰ ਵਜਾਉਂਦੇ ਹਨ।

(੨) ਗੁਰਮੁਖਾਂ ਦਾ ਆਈ ਪੰਥ (ਜੋਗੀਆਂ ਦੇ ਇਕ ਵੱਡੇ ਪੰਥ ਦਾ ਨਾਮ 'ਆਈ ਪੰਥ' ਹੈ) ਇਹੀ ਹੈ ਕਿ ਉਹ ਨਿਜ ਘਰ (ਆਪਣੇ ਸ੍ਵੈ-ਸਰੂਪ) ਨੂੰ ਪ੍ਰਾਪਤ ਕਰ ਲੈਂਦੇ ਹਨ।

(੩) (ਜੋਗੀ ਜਿਥੇ ਜਾਂਦੇ ਹਨ 'ਆਦੇਸ' ਦਾ ਉਚਾਰਨ ਕਰਦੇ ਹਨ, ਪਰ) ਗੁਰਮੁਖ ਆਦਿ ਪੁਰਖ (ਨਿਰੰਕਾਰ ਪਰਮੇਸ਼ਰ) ਨੂੰ (ਨਮਸਕਾਰ) ਆਦੇਸ ਕਰਦੇ ਹਨ ਤੇ ਉਸ ਅਲਖ (ਨ ਲਖੇ ਜਾਣ ਵਾਲੇ ਪ੍ਰਭੂ) ਨੂੰ ਜਾਣ ਲੈਂਦੇ ਹਨ (ਕਿ ਉਹ ਸਭ ਪਾਸੇ ਵਿਆਪਕ ਹੈ ਤੇ ਇਸ ਗੱਲ ਨੂੰ ਦ੍ਰਿੜ੍ਹਤਾ ਨਾਲ ਪੱਲੇ ਬੰਨ੍ਹ ਲੈਂਦੇ ਹਨ)।

(੪) ਗੁਰੂ ਦੇ ਚੇਲੇ (ਗੁਰਸਿਖ) ਨੂੰ ਸੱਚੀ ਰਹੁ-ਰੀਤੀ ਵੱਲ ਤੋਰ ਕੇ ਉਸਦੇ ਮਨ ਨੂੰ (ਸੱਚੇ ਪ੍ਰਭੂ ਦੀ) ਪ੍ਰਤੀਤੀ ਵਿਚ ਦ੍ਰਿੜ੍ਹ ਕਰ ਦਿਤਾ ਹੈ।

(੫) (ਇਸ ਤਰ੍ਹਾਂ) ਗੁਰੂ ਦੇ ਬਖ਼ਸ਼ੇ ਸ਼ਬਦ (ਉਪਦੇਸ਼) ਨੇ ਸਿਖ ਨੂੰ ਵੀਹ (ਸੰਸਾਰ) ਤੋਂ ਅੱਗੇ ਇਕੀਹ (ਪਰਮੇਸ਼ਰ) ਨਾਲ ਮੇਲ ਕਰਾ ਦਿੱਤਾ ਹੈ।੧੭।

***ਭਾਵਾਰਥ :*** ਇਸ ਤਰ੍ਹਾਂ ਉਨ੍ਹਾਂ ਨੂੰ ਤੁਰੀਆ ਅਵਸਥਾ ਦੀ ਰੰਗਣ ਚੜ੍ਹ ਗਈ ਹੈ ਭਾਵ ਹੈ ਕਿ ਉਨ੍ਹਾਂ ਨੂੰ ਸ਼ਬਦ ਦਾ ਮਿਲਾਪ ਹੋ ਗਿਆ ਹੈ, ਉਹ ਬ੍ਰਹਮ ਵਿਖੇ ਅਭੇਦ ਹੋ ਗਏ ਹਨ, ਜਿਵੇਂ:

ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥

*(ਸੁਖਮਨੀ ਸਾਹਿਬ, ਪੰਨਾ ੨੭੮)*

## ੧੮. ਚਉਪੜ ਦੀ ਬਾਜ਼ੀ

**੧. ਗੁਰ ਸਿੱਖ ਸੁਣਿ ਗੁਰ ਸਿੱਖ ਸਿੱਖ ਸਦਾਇਆ।**
**੨. ਗੁਰ ਸਿੱਖੀ ਗੁਰ ਸਿੱਖ ਸਿੱਖ ਸੁਣਾਇਆ।**
**੩. ਗੁਰ ਸਿੱਖ ਸੁਣਿ ਕਰਿ ਭਾਉ ਮੰਨਿ ਵਸਾਇਆ।**
**੪. ਗੁਰ ਸਿੱਖਾਂ ਗੁਰ ਸਿੱਖ ਭਾਣਾ ਭਾਇਆ।**
**੫. ਗੁਰ ਸਿੱਖ ਗੁਰ ਸਿੱਖ ਸੰਗ ਮੇਲ ਮਿਲਾਇਆ।**
**੬. ਚਉਪੜ ਸੋਲਹ ਸਾਰ ਜੁਗ ਜਿਣਿ ਆਇਆ ॥੧੮॥**

***ਪਦ ਅਰਥ :*** ਗੁਰ ਸਿੱਖ—ਗੁਰੂ ਦੀ ਸਿਖਿਆ। ਭਾਉ—ਪ੍ਰੇਮ। ਸੋਲਹ ਸਾਰ—ਚਉਪੜ ਦੀਆਂ ਸੋਲ੍ਹਾਂ ਨਰਦਾਂ। ਜੁਗ—ਜੋੜਾ, ਭਾਵ ਦੋ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਕੀ ਇਹ ਭੀ ਜਾਣਕਾਰੀ ਦਿਓਗੇ ਕਿ ਇਸ ਜਗਤ ਦੀ ਬਾਜ਼ੀ ਨੂੰ ਕੌਣ ਜਿੱਤਦਾ ਹੈ?

ਉ: ਹੇ ਭਾਈਓ! ਜਦੋਂ ਗੁਰਬਾਣੀ ਦੁਆਰੇ ਵੀਚਾਰ ਕਰੀਏ ਤਾਂ ਬੋਧ ਮਿਲਦਾ ਹੈ ਕਿ ਗੁਰੂ ਦਾ ਸਿਖ ਹੀ ਇਸ ਜਗਤ ਦੀ ਬਾਜ਼ੀ ਨੂੰ ਜਿੱਤਦਾ ਹੈ, ਪਰ ਗੁਰੂ ਦਾ ਸਿਖ ਭੀ ਓਹੀ ਹੈ ਜੋ ਗੁਰੂ ਦੀ ਸਿਖਿਆ ਸੁਣ ਕੇ ਉਸੇ ਮਾਰਗ ਪਰ ਟੁਰਦਾ ਹੈ, ਇਸੇ ਭਾਵ ਨੂੰ ਮੁਖ ਰੱਖ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ:

(੧) (ਹੇ ਭਾਈਓ! ਜਿਵੇਂ ਅਸੀਂ ਵੇਖਦੇ ਹਾਂ ਕਿ ਗੁਰੂ ਦੀ ਸਿਖਿਆ ਨੂੰ ਤਾਂ ਬਹੁਤ ਲੋਕ ਸੁਣਦੇ ਹਨ, ਪਰ ਜਿਸ ਨੇ) ਗੁਰੂ ਦੀ ਸਿਖਿਆ ਨੂੰ ਸੁਣ ਕੇ (ਜਿਸ) ਗੁਰ ਸਿਖ

ਨੇ ਆਪਣੇ ਆਪ ਨੂੰ (ਸਹੀ ਰੂਪ ਵਿਚ) ਸਿਖ ਸਦਵਾਇਆ ਹੈ।

(੨) ਸਿਖ ਨੇ ਗੁਰੂ ਸਿਖਿਆ ਨੂੰ ਗੁਰੂ ਪਾਸੋਂ ਸਿੱਖ ਕੇ ਹੀ ਅਗੋਂ (ਆਪਣੇ ਗੁਰਭਾਈ) ਸਿਖ ਨੂੰ (ਓਹੀ ਉਪਦੇਸ਼ ਤੇ ਸਿਖਿਆ ਨੂੰ) ਸੁਣਾਇਆ ਹੈ।

(੩) ਗੁਰੂ ਦੀ ਸਿਖਿਆ ਨੂੰ ਸੁਣਕੇ ਹੀ ਸਿੱਖ ਨੇ, ਮਨ ਵਿਚ ਪ੍ਰੇਮ ਨੂੰ ਵਸਾਇਆ (ਭਾਵ ਦ੍ਰਿੜ੍ਹ ਕੀਤਾ ਹੈ)।

(੪) ਗੁਰਸਿੱਖਾਂ ਨੂੰ ਗੁਰੂ ਦੀ ਸਿਖਿਆ ਤੇ ਗੁਰੂ ਦੀ ਸਿਖਿਆ ਨੂੰ ਗ੍ਰਹਿਣ ਕਰਨ ਵਾਲੇ ਗੁਰਸਿਖ ਹੀ ਚੰਗੇ ਲਗੇ (ਭਾਵ ਭਾਏ ਹਨ)।

(੫) ਗੁਰੂ ਦੇ ਸਿਖ ਨੇ ਗੁਰੂ ਦੇ ਸਿਖ ਨਾਲ ਹੀ (ਸਾਕ ਸਨਬੰਧ ਤੇ ਹੋਰ ਰਿਸ਼ਤੇ ਆਦਿ ਦਾ) ਮੇਲ ਮਿਲਾਪ ਕੀਤਾ ਹੈ (ਗੁਰਸਿਖ ਤੋਂ ਬਿਨਾ ਹੋਰ ਮਨਮਤੀਆਂ ਨਾਲ ਮੇਲ ਨਹੀਂ ਕਰਦਾ)।

(੬) (ਇਸ ਤਰ੍ਹਾਂ ਗੁਰੂ ਦੀ ਸਿਖਿਆ 'ਤੇ ਚਲ ਕੇ ਗੁਰਸਿਖ) ਨੇ ਸੰਸਾਰ ਦੀ ਸੋਲ੍ਹਾਂ ਨਰਦਾਂ ਵਾਲੀ ਚਉਪੜ ਦੀ ਖੇਡ (ਸ਼ਤਰੰਜ) ਨੂੰ ਜਿੱਤ ਲਿਆ ਹੈ।

***ਭਾਵਾਰਥ :*** ਗੁਰ ਸਿਖਿਆ ਸੁਣ ਕੇ ਮੰਨਣ ਵਾਲੇ ਤੇ ਕਥਨ ਕਰਕੇ ਹੋਰਨਾਂ ਨੂੰ ਗੁਰਸਿੱਖੀ ਦੀ ਚੇਟਕ ਲਾਉਣ ਵਾਲੇ ਦੋਵੇਂ ਤਰ੍ਹਾਂ ਦੇ ਗੁਰਸਿਖ ਚਉਪੜ ਜਿੱਤ ਕੇ ਹੀ ਜਾਂਦੇ ਹਨ, ਤੇ ਜੋ ਨਹੀਂ ਸੁਣਦੇ ਜਾਂ ਸੁਣਾਂਦੇ ਉਹ ਦੋਵੇਂ ਹਾਰ ਕੇ ਜਾਂਦੇ ਹਨ।

ਇਕ ਵਰਣ ਵਿਖੇ ਚਾਰ ਚਾਰ ਆਸ਼੍ਰਮ ਹਨ, ਏਹੋ ਸੋਲ੍ਹਾਂ ਨਰਦਾਂ ਵਾਲੀ ਜਗਤ ਰੂਪ ਚਉਪੜ ਦੀ ਬਾਜ਼ੀ ਹੈ, ਇਸਨੂੰ ਜੋੜਾ ਹੀ ਜਿੱਤਦਾ ਹੈ, ਭਾਵ ਜੋ ਪਰਸਪਰ ਮੇਲ-ਮਿਲਾਪ ਰਖਦੇ ਹਨ, ਅਰ ਪ੍ਰੀਤ ਨਾਲ ਕਥਾ ਕੀਰਤਨ ਸੁਣਦੇ ਹਨ ਉਹ ਜਨਮ ਮਰਨ ਤੋਂ ਛੁੱਟ ਜਾਂਦੇ ਹਨ, ਨਹੀਂ ਤਾਂ ਫੇਰ ਚੌਰਾਸੀ ਘਰ ਨਰਦ ਵਾਸਤੇ ਤਿਆਰ ਹਨ, ਜਿਸ ਦੇ ਵਿਚ ਸਦਾ ਹੀ ਚੱਕ੍ਰ ਲਗਦਾ ਰਹੇਗਾ।

## ੧੯. ਗੁਰਮੁਖ ਲਈ ਜਗਤ ਸ਼ਤਰੰਜ ਦੀ ਖੇਡ ਹੈ

**੧. ਸ਼ਤਰੰਜ ਬਾਜੀ ਖੇਲੁ**
**ਬਿਸਾਤਿ ਬਣਾਇਆ।**
**੨. ਹਾਥੀ ਘੋੜੇ ਰਥ**
**ਪਿਆਦੇ ਆਇਆ।**
**੩. ਹੋਇ ਪਾਤਸ਼ਾਹ ਵਜ਼ੀਰ**
**ਦੁਇ ਦਲ ਛਾਇਆ।**
**੪. ਹੋਇ ਗਡਾਵਢਿ ਜੋਧ**
**ਜੁੱਧੁ ਮਚਾਇਆ।**
**੫. ਗੁਰਮੁਖਿ ਚਾਲ ਚਲਾਇ**
**ਹਾਲ ਪੁਜਾਇਆ।**
**੬. ਪਾਇਕ ਹੋਇ ਵਜ਼ੀਰ ਗੁਰ ਪਹੁਚਾਇਆ ॥੧੯॥**

***ਪਦ ਅਰਥ :*** ਬਿਸਾਤਿ—ਸਾਜੋ ਸਮਾਨ, ਸਮੱਗ੍ਰੀ, ਚੌਂਕ। ਗਡਾਵਢਿ—ਆਪੋ ਵਿਚ ਭਿੜ ਕੇ, ਖਹਿ ਕੇ। ਗੁਰਮੁਖਿ ਚਾਲ—ਗੁਰਮੁਖਾਂ ਦੇ ਮਾਰਗ 'ਤੇ ਤੋਰ ਕੇ। ਪਾਇਕ—ਦਾਸ, ਸੇਵਕ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਉਂਞ ਤਾਂ ਅਸੀਂ ਸੰਸਾਰ ਵਿਚ ਸੰਸਾਰਕ ਕਾਰੋਬਾਰਾਂ ਅੰਦਰ ਰੁੱਝੇ ਹੀ ਰਹਿੰਦੇ ਹਾਂ, ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਨ ਦਾ ਬਹੁਤ ਘੱਟ ਸਮਾਂ ਮਿਲਦਾ ਹੈ ਪਰ ਜਦੋਂ ਭੀ ਕਦੀ ਮੌਕਾ ਬਣਦਾ ਹੈ ਤਾਂ ਪਾਠ ਕਰਨ ਸਮੇਂ ਕਈ ਅਜਿਹੀਆਂ ਪੰਗਤੀਆਂ ਆ ਜਾਂਦੀਆਂ ਹਨ, ਜਿਨ੍ਹਾਂ ਨੂੰ ਸਮਝਣ ਵੱਲੋਂ ਸਾਡੀ ਬੁਧੀ ਅਸਮਰੱਥ ਹੁੰਦੀ ਹੈ, ਜਿਵੇਂ ਕਿ ਪੰਗਤੀ ਪੜ੍ਹਦੇ ਹਾਂ :

ਸਤਰੰਜ ਬਾਜੀ ਪਕੈ ਨਾਹੀ ਕਚੀ ਆਵੈ ਸਾਰੀ॥
*(ਆਸਾ ਮ: ੧, ਪੰਨਾ ੩੫੯)*

ਕਿਉਂ ਜੀ, ਇਸਦੇ ਭਾਵ ਨੂੰ ਸੁਖੈਨ ਰੂਪ ਵਿਚ ਸਮਝਾਉਣ ਦੀ ਕ੍ਰਿਪਾ ਕਰੋਗੇ ਕਿ ਅਸੀਂ ਨਿਰਸੰਦੇਹ ਹੋ ਜਾਈਏ ?

ਉ: ਹੇ ਭਾਈਓ! ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਪਾਠ ਪੜ੍ਹਦੇ ਹਾਂ ਤਾਂ ਸਾਨੂੰ ਇਸ ਜਗਤ ਸੰਬੰਧੀ ਭਿੰਨ ਭਿੰਨ ਰੂਪਾਂ ਵਿਚ ਕਈ ਪ੍ਰਮਾਣ ਮਿਲਦੇ ਹਨ, ਕਿਸੇ ਥਾਂ ਇਸ ਸੰਸਾਰ ਨੂੰ ਸੁਪਨੇ ਦੇ ਰੂਪ ਵਿਚ ਦਰਸਾਇਆ ਹੈ, ਜਿਵੇਂ ਕਿ ਫ਼ੁਰਮਾਨ ਹੈ (ਸੁਪਨੇ ਜਿਉ ਸੰਸਾਰ) ਕਿਸੇ ਥਾਂ ਇਸ ਜਗਤ ਨੂੰ ਬਾਜੀਗਰ ਦੀ ਖੇਡ ਦੇ ਰੂਪ ਵਿਚ ਫ਼ੁਰਮਾਇਆ ਹੈ, ਜਿਵੇਂ ਕਿ :

ਬਾਜੀ ਖੇਲਿ ਗਏ ਬਾਜੀਗਰ
ਜਿਉ ਨਿਸਿ ਸੁਪਨੈ ਭਖਲਾਈ ਹੇ ॥੯॥
*(ਮਾਰੂ ਮ: ੧, ਪੰਨਾ ੧੦੨੩)*

ਬਾਜੀਗਰਿ ਇਕ ਬਾਜੀ ਪਾਈ॥
ਪੂਰੇ ਗੁਰ ਤੇ ਨਦਰੀ ਆਈ॥ *(ਮਾਰੂ ਮ: ੩, ਪੰਨਾ ੧੦੬੧)*

ਕਹਿ ਰਵਿਦਾਸ ਬਾਜੀ ਜਗੁ ਭਾਈ॥
ਬਾਜੀਗਰ ਸਉ ਮੁੋਹਿ ਪ੍ਰੀਤਿ ਬਨਿ ਆਈ॥੩॥੬॥
*(ਆਸਾ, ਪੰਨਾ ੪੮੭)*

ਬਾਜੀਗਰ ਡੰਕ ਬਜਾਈ॥
ਸਭ ਖਲਕ ਤਮਾਸੇ ਆਈ॥
ਬਾਜੀਗਰ ਸ੍ਵਾਂਗੁ ਸਕੇਲਾ॥
ਅਪਨੇ ਰੰਗ ਰਵੈ ਅਕੇਲਾ॥੨॥
*(ਸੋਰਠਿ ਕਬੀਰ ਜੀ, ਪੰਨਾ ੬੫੫)*

ਕਿਸੇ ਥਾਂ ਇਸਨੂੰ ਪੁਤਲੀਆਂ ਦੇ ਰੂਪ ਵਿਚ ਦਰਸਾਇਆ ਹੈ, ਜਿਵੇਂ ਕਿ:

ਐਸੋ ਇਹੁ ਸੰਸਾਰੁ ਪੇਖਨਾ ਰਹਨੁ ਨ ਕੋਊ ਪਈਹੈ ਰੇ॥
*(ਬਿਲਾਵਲੁ ਕਬੀਰ ਜੀ, ਪੰਨਾ ੮੫੫)*

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥੨੩॥
*(ਸਲੋਕ ਮ: ੯, ਪੰਨਾ ੧੪੨੭)*

ਭਾਵ, ਇਹ ਸਾਰਾ ਜਗਤ ਇਕ ਪੁਤਲੀਆਂ ਦੇ ਤਮਾਸ਼ੇ ਦੀ ਨਿਆਈਂ ਹੈ ਜੋ ਕੇਵਲ ਦੇਖਣ ਮਾਤ੍ਰ ਹੀ ਹੈ, ਵਾਸਤਵ ਵਿਚ ਕੁਝ ਭੀ ਨਹੀਂ, ਪੁਤਲੀਆਂ ਦਾ ਤਮਾਸ਼ਾ ਅਤੇ ਰਾਤ ਦੇ ਸੁਪਨੇ ਵਿਚ ਵੇਖੇ ਹੋਏ ਪਦਾਰਥ ਖਿਨ ਮਾਤ੍ਰ ਹੀ ਹੁੰਦੇ ਹਨ, ਸਦੀਵੀ ਕਾਲ ਨਹੀਂ।

ਇਸੇ ਤਰ੍ਹਾਂ ਇਸ ਸੰਸਾਰ ਨੂੰ ਬਾਣੀ ਵਿਚ ਕਈ ਥਾਵਾਂ 'ਤੇ ਸ਼ਤਰੰਜ ਬਾਜ਼ੀ ਦੀ ਖੇਡ ਰੂਪ ਵਿਚ ਭੀ ਦਰਸਾਇਆ ਹੈ, ਪਰ ਇਸ ਸੰਸਾਰ ਦੀ ਸ਼ਤਰੰਜ ਬਾਜ਼ੀ ਨੂੰ ਕੇਵਲ ਗੁਰਮੁਖਾਂ ਨੇ ਹੀ ਜਿੱਤਿਆ ਹੈ। ਸੋ ਮੈਂ ਭੀ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਕੁਝ ਕੁ ਪੰਗਤੀਆਂ ਅੰਕਤ ਕੀਤੀਆਂ ਹਨ, ਜਿਵੇਂ ਕਿ:

(੧) (ਜੋ ਅਸੀਂ ਪ੍ਰਤੱਖ ਰੂਪ ਵਿਚ ਇਸ ਸੰਸਾਰ ਦੀ ਖੇਡ) ਸ਼ਤਰੰਜ ਦੀ ਬਾਜ਼ੀ ਰੂਪ ਖੇਡ ਨੂੰ ਤੇ ਉਸਦਾ ਸਾਰਾ ਸਾਮਾਨ (ਨਰਦਾਂ ਆਦਿ ਤੱਕਦੇ ਹਾਂ ਇਹ ਪਰਮੇਸ਼ਰ ਨੇ) ਬਣਾਇਆ ਹੈ।

(੨) (ਇਸ ਖੇਡ ਵਿਚ) ਹਾਥੀ (ਮਸਤ ਚਾਲ ਚਲਣ ਵਾਲੇ) ਘੋੜੇ (ਤੇਜ਼ੀ ਵਾਲੇ) ਤੇ ਰਥ ਘੋੜਿਆਂ ਵਾਲੇ ਪਿਆਦੇ (ਸਿਪਾਹੀ) ਸਭ ਤਰ੍ਹਾਂ ਦੇ ਲੋਕ, ਨੀਵੇਂ ਉੱਚੇ ਤੇ ਵੱਡੇ ਪੈਦਾ ਕੀਤੇ ਹਨ।

(੩) ਚਉਪੜ ਵਿਚ ਪਾਤਿਸ਼ਾਹ ਤੇ ਵਜ਼ੀਰ ਦੀ ਖੇਡ ਹੈ (ਪਰ ਸੰਸਾਰ ਦਾ ਮਾਲਕ ਵਾਹਿਗੁਰੂ ਤੇ ਉਸਦਾ ਵਜ਼ੀਰ ਸਤਿਗੁਰੂ ਜੀ ਹਨ) ਦੋ ਦਲ (ਗੁਰਮੁਖਾਂ ਤੇ ਮਨਮੁਖਾਂ ਦੇ) ਸੰਸਾਰ ਵਿਚ ਛਾਏ ਹੋਏ ਹਨ।

(੪) ਜੋਧੇ ਆਪਸ ਵਿਚ (ਭਲਾਈ ਤੇ ਬੁਰਾਈ ਦੇ ਸੂਚਕ) ਘਮਸਾਣ ਮਚਾ ਰਹੇ ਹਨ, ਇਕ ਦੂਜੇ ਨੂੰ (ਭਾਵ ਸੱਚ ਨੂੰ ਝੂਠ ਤੇ ਝੂਠ ਨੂੰ ਸੱਚ) ਮਾਤ ਕਰਨ ਦੇ ਯਤਨ ਕਰ ਰਹੇ ਹਨ।

(੫) (ਪਰ ਇਨ੍ਹਾਂ ਵਿਚੋਂ) ਗੁਰਮੁਖ (ਸੂਰਮਾ) ਆਪਣੀ ਹੀ ਚਾਲੇ ਚਲ ਰਿਹਾ ਹੈ, ਆਪਣੇ ਨਾਲ (ਸਮੇਂ ਤੇ ਸਰੀਰ ਨੂੰ ਸਫਲਾ ਬਣਾ ਕੇ) ਅਗੇ ਅਗੇ ਜਾ ਰਿਹਾ ਹੈ।

(੬) ਜੋ ਵੀ ਦਾਸ (ਬਣ ਕੇ ਨਿੰਮ੍ਰਤਾ ਧਾਰਦਾ ਹੈ ਗੁਰੂ) ਵਜ਼ੀਰ ਉਸਨੂੰ ਵਾਹਿਗੁਰੂ ਨਾਲ ਮੇਲਦਾ ਹੈ (ਭਾਵ ਸੰਸਾਰ ਦੀ ਖੇਡ ਵਿਚੋਂ ਜੇਤੂ ਬਣਾ ਕੇ ਤਾਰ ਦਿੰਦਾ ਹੈ।੧੯।

***ਭਾਵਾਰਥ:*** ਉਸਦੀ ਪੁਰੀ ਸੱਚ ਖੰਡ ਵਿਖੇ ਉਸਦਾ ਨਿਵਾਸ ਕਰਦਾ ਹੈ।

## ੨੦. ਗੁਰਮੁਖ ਦਾ ਜੀਵਨ ਸਫ਼ਰ ਸਦਾ ਰੱਬੀ ਭੈ ਵਿਚ ਹੈ

**੧. ਭੈ ਵਿੱਚ ਨਿੰਮਣ ਨਿੰਮ
ਭੈ ਵਿੱਚ ਜਾਇਆ।
੨. ਭੈ ਵਿੱਚ ਗੁਰਮੁਖ ਪੰਥ
ਸਰਣੀ ਆਇਆ।
੩. ਭੈ ਵਿੱਚ ਸੰਗਤਿ ਸਾਧ
ਸ਼ਬਦ ਕਮਾਇਆ।
੪. ਭੈ ਵਿੱਚ ਜੀਵਨ ਮੁਕਤਿ
ਭਾਣਾ ਭਾਇਆ।
੫. ਭੈ ਵਿੱਚ ਜਨਮ ਸਵਾਰਿ
ਸਹਜਿ ਸਮਾਇਆ।
੬. ਭੈ ਵਿੱਚ ਨਿਜ ਘਰਿ ਜਾਇ ਪੂਰਾ ਪਾਇਆ॥੨੦॥**

***ਪਦ ਅਰਥ:*** ਨਿੰਮਣ ਨਿੰਮ—ਗਰਭ ਵਿਚ ਆ ਕੇ।

ਭਾਇਆ—ਚੰਗਾ ਲੱਗਾ। ਸਹਜਿ—ਸ਼ਾਂਤ ਪਦ। ਪੂਰਾ ਪਾਇਆ—ਪਰਮੇਸ਼ਰ ਨੂੰ ਪ੍ਰਾਪਤ ਕੀਤਾ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਸਰੀਰਕ ਤੌਰ ਪਰ ਤਾਂ ਮਨੁੱਖ ਵੇਖਣ ਵਿਚ ਸਮਾਨ ਹੀ ਨਜ਼ਰ ਆਉਂਦੇ ਹਨ, ਪਰ ਜੋ ਗੁਰਮੁਖ ਸੰਗਤ ਵਿਚ ਰਹਿ ਕੇ ਜੀਵਨ ਗੁਜ਼ਾਰਦੇ ਹਨ, ਬਾਕੀ ਦੇ ਲੋਕਾਂ ਨਾਲੋਂ ਉਨ੍ਹਾਂ ਦੇ ਜੀਵਨ ਸਫ਼ਰ ਵਿਚ ਕੀ ਅੰਤਰਾ ਹੈ, ਜਾਣਕਾਰੀ ਦਿਓ ?

ਉ: ਹੇ ਭਾਈਓ ! ਇਹ ਠੀਕ ਹੈ ਕਿ ਸਾਰੇ ਹੀ ਮਨੁੱਖਾਂ ਦੀ ਸਰੀਰਕ ਬਨਾਵਟ ਬਰਾਬਰ ਹੈ, ਪਰ ਗੁਰਮੁਖਾਂ ਦੀ ਮਾਨਸਕ ਰੂਪ ਰੇਖਾ ਵਿਚ ਬਾਕੀ ਦੇ ਲੋਕਾਂ ਨਾਲੋਂ ਬੜਾ ਅੰਤਰਾ ਹੈ, ਕਿਉਂਕਿ ਉਨ੍ਹਾਂ ਨੇ ਗੁਰਬਾਣੀ ਦੀ ਕਸਵੱਟੀ ਦੁਆਰੇ ਆਪਣੇ ਮਨ ਨੂੰ ਇਤਨੀ ਉਚਾਣਾਂ 'ਤੇ ਜਾ ਟਿਕਾਇਆ ਹੈ ਜਿਥੇ ਜਾ ਕੇ ਉਨ੍ਹਾਂ ਨੂੰ ਸਾਰੀ ਅਸਥੂਲ ਤੇ ਸੂਖਮ ਰਚਨਾ ਉਸ ਪਰੀਪੂਰਨ ਪਰਮੇਸ਼ਰ ਦੇ ਭੈ ਵਿਚ ਕ੍ਰਿਆ ਕਰਦੀ ਨਜ਼ਰ ਆਉਂਦੀ ਹੈ, ਜਿਵੇਂ ਕਿ :

ਭੈ ਵਿਚਿ ਪਵਣੁ ਵਹੈ ਸਦ ਵਾਉ ॥
ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥
ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥
ਭੈ ਵਿਚਿ ਰਾਜਾ ਧਰਮ ਦੁਆਰੁ।
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥
ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥
ਭੈ ਵਿਚਿ ਆਡਾਣੇ ਆਕਾਸ ॥
ਭੈ ਵਿਚਿ ਜੋਧ ਮਹਾਬਲ ਸੂਰ ॥
ਭੈ ਵਿਚਿ ਆਵਹਿ ਜਾਵਹਿ ਪੂਰ ॥
ਸਗਲਿਆ ਭਉ ਲਿਖਿਆ ਸਿਰਿ ਲੇਖੁ ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥

*(ਸਲੋਕ ਮ: ੧, ਪੰਨਾ ੪੬੪)*

ਆਠ ਪਹਰ ਗੁਨ ਗਾਇ ਗੁਬਿੰਦ ॥
ਭੈ ਬਿਨਸੇ ਉਤਰੀ ਸਭ ਚਿੰਦ ॥੧॥

*(ਪ੍ਰਭਾਤੀ ਮ: ੫, ਪੰਨਾ ੧੩੩੯)*

ਅਬ ਮਨਿ ਬਸਿਆ ਕਰਨੈਹਾਰਾ ॥
ਭੈ ਬਿਨਸੇ ਆਤਮ ਸੁਖ ਸਾਰਾ ॥੨॥

*(ਗਉੜੀ ਮ: ੫, ਪੰਨਾ ੨੦੨)*

ਭੈ ਬਿਨਸੇ ਤਿਹੁ ਲੋਕ ਕੇ ਪਾਏ ਸੁਖ ਥਾਨ ॥
ਦਇਆ ਕਰੀ ਸਮਰਥ ਗੁਰਿ ਬਸਿਆ ਮਨਿ ਨਾਮ ॥੩॥

*(ਬਿਲਾਵਲੁ ਮ: ੫, ਪੰਨਾ ੮੧੩)*

ਭੈ ਬਿਨਸੇ ਨਿਰਭਉ ਹਰਿ ਧਿਆਇਆ ॥
ਸਾਧ ਸੰਗਿ ਹਰਿ ਕੇ ਗੁਣ ਗਾਇਆ ॥

*(ਗਉੜੀ ਮ: ੫, ਪੰਨਾ ੧੯੧)*

ਭੈ ਬਿਨਸੇ ਨਿਰਭੈ ਪਦੁ ਪਾਇਆ ॥
ਗੁਰ ਮਿਲਿ ਨਾਨਕਿ ਖਸਮੁ ਧਿਆਇਆ ॥੨॥

*(ਬਸੰਤੁ ਮ: ੫, ਪੰਨਾ ੧੧੮੪)*

ਭੈ ਬਿਨਸੇ ਭ੍ਰਮ ਮੋਹ ਗਏ ਕੋ ਦਿਸੈ ਨ ਬੀਆ ॥
ਨਾਨਕ ਰਾਖੇ ਪਾਰਬ੍ਰਹਮਿ ਫਿਰਿ ਦੂਖੁ ਨ ਥੀਆ ॥

*(ਆਸਾ ਮ: ੫, ਪੰਨਾ ੪੦੧)*

ਭੈ ਬਿਨੁ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ ॥
ਸਤਿਗੁਰਿ ਮਿਲਿਐ ਭਉ ਊਪਜੈ
ਭੈ ਭਾਇ ਰੰਗੁ ਸਵਾਰਿ ॥ *(ਮ: ੩, ਪੰਨਾ ੭੮੮)*

ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ ॥
ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ ॥
ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ ॥
ਭੈ ਤੇ ਭੈਜਲੁ ਲੰਘੀਐ ਗੁਰਮਤੀ ਵੀਚਾਰੁ ॥
ਭੈ ਤੇ ਨਿਰਭਉ ਪਾਈਐ
ਜਿਸ ਦਾ ਅੰਤੁ ਨ ਪਾਰਾਵਾਰੁ ॥

*(ਪਉੜੀ, ਪੰਨਾ ੧੨੮੮)*

ਇਸੇ ਭਾਵ ਦੀਆਂ ਹੋਰ ਭੀ ਬਹੁਤ ਪੰਗਤੀਆਂ ਹਨ, ਜਿਨ੍ਹਾਂ ਤੋਂ ਗੁਰਮੁਖ ਇਹੋ ਪ੍ਰੇਰਨਾ ਲੈਂਦੇ ਹਨ ਕਿ ਸਾਰੀ ਚਰਾਚਰ ਉਸੇ ਪ੍ਰਭੂ ਦੇ ਭੈ ਵਿਚ ਚਲਦੀ ਹੈ। ਨਾਲ ਹੀ ਉਹ ਆਪਣਾ ਜੀਵਨ ਭੀ ਪ੍ਰਮੇਸ਼ਰ ਦੇ ਭੈ ਅੰਦਰ ਗੁਜ਼ਾਰਦੇ ਹਨ, ਕਿਉਂਕਿ ਉਨ੍ਹਾਂ ਨੂੰ ਸੰਗਤ ਵਿਚੋਂ ਇਹੋ ਹੀ ਪ੍ਰੇਰਨਾ ਮਿਲਦੀ ਹੈ ਕਿ ਉਸ ਕਰਤਾਰ ਦੇ ਭੈ ਵਿਚ ਰਹਿ ਕੇ ਹੀ ਨਾਮ ਦਾ ਚਿੰਤਨ ਕਰਦਿਆਂ ਸੁਰਤ ਨੂੰ ਉੱਚਾ ਉਡਾਣਾਂ 'ਤੇ ਲੈ ਜਾਇਆ ਜਾ ਸਕਦਾ ਹੈ। ਪ੍ਰਭੂ ਦੇ ਭੈ ਤੋਂ ਸੱਖਣਾ ਮਨੁੱਖ ਸਦਾ ਹੀ ਜੰਮਣ ਮਰਣ ਦੇ ਭੈ ਵਿਚ ਆਉਂਦਾ ਜਾਂਦਾ ਚੌਰਾਸੀ ਦੇ ਚੱਕ੍ਰ ਵਿਚ ਫਿਰਦਾ ਰਹਿੰਦਾ ਹੈ। ਸੋ ਜਿਨ੍ਹਾਂ ਗੁਰਮੁਖਾਂ ਨੇ ਨਾਮ ਦਾ ਸਿਮਰਨ ਕਰਕੇ ਆਪਣੀ ਮਾਨਸਕ ਅਵਸਥਾ ਨੂੰ ਉਚਾਣਾਂ 'ਤੇ ਜਾ ਟਿਕਾਇਆ ਹੈ, ਉਨ੍ਹਾਂ ਦੇ ਪਵਿੱਤ੍ਰ ਜੀਵਨਾਂ ਵੱਲ ਤੱਕ ਕੇ ਮੈਂ ਇਸ ਪਉੜੀ ਵਿਚ ਉਨ੍ਹਾਂ ਦੀ ਮਾਨਸਕ ਅਵਸਥਾ ਦਾ ਜ਼ਿਕਰ ਕੀਤਾ ਹੈ ਉਹ

ਗੁਰਮੁਖ ਆਪਣੇ ਅੰਤਰ ਆਤਮੇ ਕਿਵੇਂ ਅਨੁਭਵ ਕਰਦੇ ਹਨ, ਉਨ੍ਹਾਂ ਦਾ ਇਹੋ ਵਿਸ਼ਵਾਸ ਹੈ ਕਿ:

(੧) (ਮਨੁੱਖ ਪਰਮੇਸ਼ਰ ਦੇ) ਭੈ ਵਿਚ ਹੀ ਮਾਤਾ ਦੇ ਗਰਭ ਵਿਚ ਨਿੰਮਦਾ ਹੈ, ਭਾਵ ਟਿਕਦਾ ਹੈ, ਅਰ ਭੈ ਵਿਚ ਹੀ ਫਿਰ ਜਨਮ ਲੈਂਦਾ ਹੈ।

(੨) ਭੈ ਵਿਚ ਹੀ (ਮਨੁੱਖ) ਗੁਰਮੁਖਾਂ ਦੇ ਪੰਥ ਵਿਚ ਸ਼ਰਨੀ ਆਣ ਪੈਂਦਾ ਹੈ।

(੩) (ਪ੍ਰਭੂ ਦੇ) ਭੈ ਵਿਚ ਹੀ (ਮਨੁੱਖ) ਸਾਧ ਸੰਗਤ ਵਿਚ ਆ ਕੇ ਸ਼ਬਦ ਦੀ ਕਮਾਈ ਕਰਦਾ ਹੈ।

(੪) (ਮਨੁੱਖ) ਭੈ ਵਿਚ ਪੈ ਕੇ (ਘਾਲ ਕਮਾਈ ਕਰਕੇ) ਜੀਵਨ ਪਦਵੀ ਨੂੰ ਪ੍ਰਾਪਤ ਕਰਕੇ (ਪਰਮੇਸ਼ਰ ਦੇ) ਭਾਣੇ ਨੂੰ ਹੀ ਚੰਗਾ ਜਾਣਦਾ ਹੈ, (ਭਾਵ ਭਾਣੇ ਵਿਚ ਹੀ ਚਲਦਾ ਹੈ ਤੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ)।

(੫) ਗੁਰਮੁਖ ਭੈ ਵਿਚ ਰਹਿ ਕੇ ਹੀ ਜਨਮ ਨੂੰ ਸਵਾਰਦਾ ਹੈ ਤੇ ਸਹਜਿ (ਆਤਮਕ ਅਨੰਦ) ਵਿਚ ਲੀਨ ਹੋ ਜਾਂਦਾ ਹੈ।

(੬) ਭੈ ਵਿਚ ਰਹਿ ਕੇ, (ਪ੍ਰਭੂ ਦੇ ਭਾਣੇ ਨੂੰ ਸਿਰ ਮੱਥੇ 'ਤੇ ਮੰਨ ਕੇ) ਗੁਰਮੁਖ ਨਿਜ ਘਰ (ਆਪਣੇ ਸ੍ਵੈ-ਸਰੂਪ ਜਾਂ ਆਤਮਕ ਮੰਡਲ ਵਿਚ) ਪਹੁੰਚ ਜਾਂਦਾ ਹੈ (ਜਿਥੇ ਜਾ ਕੇ ਅੰਤਰ ਆਤਮੇ ਉਹ) ਪੂਰੇ ਸਾਖਯਾਤ ਪ੍ਰਭੂ ਦੇ ਦਰਸ਼ਨਾਂ ਨੂੰ ਪ੍ਰਾਪਤ ਕਰ ਲੈਂਦਾ ਹੈ (ਭਾਵ ਅਭੇਦ ਹੋ ਜਾਂਦਾ ਹੈ)।੨੦।

***ਭਾਵਾਰਥ :*** ਉਹ ਗੁਰਮੁਖ ਪ੍ਰਭੂ ਦੀ ਪੁਰੀ ਸੱਚ-ਖੰਡ ਵਿਖੇ ਨਿਵਾਸ ਕਰਦਾ ਹੈ। ਹੁਕਮ ਹੈ ਕਿ:

ਸਗਲਿਆ ਭਉ ਲਿਖਿਆ ਸਿਰਿ ਲੇਖੁ ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕ ॥੧॥

*(ਪੰਨਾ ੪੬੪)*

ਇਥੇ ਭੈ ਦਾ ਅਰਥ ਵਾਹਿਗੁਰੂ ਦੇ ਰਚੇ ਨਿਯਮ ਹਨ। ਨਿਯਮੋਂ ਬਾਹਰ ਖ਼ੁਨਾਮੀਆਂ ਹੀ ਹਨ, ਨਿਯਮ ਸਭ ਦੇ ਸਿਰ 'ਤੇ ਹੈ।

## ੨੧. ਸਤਿਗੁਰੂ ਦੀ ਵਡਿਆਈ

**੧. ਗੁਰ ਪਰਮੇਸ਼ਰ ਜਾਣਿ
ਸਰਣੀ ਆਇਆ।**

**੨. ਗੁਰ ਚਰਣੀ ਚਿਤ ਲਾਇ
ਨ ਚਲੈ ਚਲਾਇਆ।**

**੩. ਗੁਰਮਤਿ ਨਿਹਚਲ ਹੋਇ
ਨਿਜ ਪਦ ਪਾਇਆ।**

**੪. ਗੁਰਮੁਖਿ ਕਾਰ ਕਮਾਇ
ਭਾਣਾ ਭਾਇਆ।**

**੫. ਗੁਰਮੁਖਿ ਆਪੁ ਗਵਾਇ
ਸੱਚ ਸਮਾਇਆ।**

**੬. ਸਫਲ ਜਨਮ ਜਗਿ ਆਇ ਜਗਤੁ ਤਰਾਇਆ ॥੨੧॥੨੦॥**

***ਪਦ ਅਰਥ :*** ਨਿਹਚਲ—ਅਡੋਲ। ਨਿਜ ਪਦ—ਸਹਿਜ ਅਵਸਥਾ। ਭਾਇਆ—ਚੰਗਾ ਲੱਗਾ। ਸਮਾਇਆ—ਲੀਨ ਹੋ ਜਾਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਥੇ ਆਪ ਜੀ ਨੇ ਗੁਰਮੁਖਾਂ ਦੀ ਮਾਨਸਕ ਨਿਰਲੇਪਤਾ ਦਾ ਜ਼ਿਕਰ ਕੀਤਾ ਹੈ ਉਥੇ ਉਨ੍ਹਾਂ ਦੀ ਅੰਤਰ ਭਾਵਨਾ ਸੰਬੰਧੀ ਭੀ ਕੁਝ ਜਾਣਕਾਰੀ ਦਿਓ ਕਿ ਉਨ੍ਹਾਂ ਦੇ ਮਨ ਵਿਚ ਗੁਰੂ ਤੇ ਪਰਮੇਸ਼ਰ ਬਾਰੇ ਕੀ ਭਾਵਨਾ ਹੈ, ਭਾਵ ਉਹ ਗੁਰੂ ਤੇ ਪਰਮੇਸ਼ਰ ਵਿਚ ਕਿਵੇਂ ਨਿਹਚਾ ਰੱਖਦੇ ਹਨ ?

ਉ: ਹੇ ਭਾਈਓ! ਜਦੋਂ ਅਸੀਂ ਬਾਣੀ ਦੁਆਰੇ ਵੀਚਾਰ ਕਰਦੇ ਹਾਂ ਤਾਂ ਸਾਨੂੰ ਗੁਰਮੁਖਾਂ ਦੀਆਂ ਭਾਵਨਾਵਾਂ ਦਾ ਬੋਧ ਹਾਸਲ ਹੁੰਦਾ ਹੈ ਕਿ ਉਨ੍ਹਾਂ ਨੇ ਆਪਣੀ ਹਰ ਭਾਵਨਾ ਨੂੰ ਗੁਰੂ ਗ੍ਰੰਥ ਸਾਹਿਬ ਜੀ ਤੋਂ ਪ੍ਰੇਰਨਾ ਲੈ ਹੀ ਸਥਿਰ ਕੀਤਾ ਹੈ, ਗੁਰਬਾਣੀ ਵਿਚੋਂ ਉਨ੍ਹਾਂ ਨੂੰ ਬਾਰ ਬਾਰ ਇਹੋ ਹੀ ਪ੍ਰੇਰਨਾ ਮਿਲੀ ਹੈ ਕਿ ਗੁਰੂ ਤੇ ਪਰਮੇਸ਼ਰ ਇਕੋ ਹੀ ਸਰੂਪ ਹਨ, ਜਿਵੇਂ ਕਿ:

ਨਾਨਕ ਸੋਧੇ ਸਿੰਮ੍ਰਿਤਿ ਬੇਦ ॥
ਪਾਰਬ੍ਰਹਮ ਗੁਰ ਨਾਹੀ ਭੇਦ ॥ *(ਭੈਰਉ ਮ: ੫, ਪੰਨਾ ੧੧੪੨)*

ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥
ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ ॥

*(ਸ੍ਰੀ ਰਾਗੁ ਮ: ੫, ਪੰਨਾ ੫੩)*

ਗੁਰੁ ਪਰਮੇਸਰੁ ਏਕੋ ਜਾਣੁ ॥
ਜੋ ਤਿਸੁ ਭਾਵੈ ਸੋ ਪਰਵਾਣੁ ॥ *(ਗੋਂਡ ਮ: ੫, ਪੰਨਾ ੮੬੪)*

ਗੁਰ ਪਰਮੇਸੁਰ ਸਗਲ ਨਿਵਾਸ ॥
ਘਟਿ ਘਟਿ ਰਵਿ ਰਹਿਆ ਗੁਣਤਾਸ ॥

*(ਰਾਮਕਲੀ ਮ: ੫, ਪੰਨਾ ੯੦੦)*

ਗੁਰੁ ਮੇਰਾ ਖਸਮੁ ਸਤਿਗੁਰ ਸਰਣਾਈ॥
ਨਾਨਕ ਗੁਰੁ ਪਾਰਬ੍ਰਹਮੁ ਜਾ ਕੀ ਕੀਮ ਨ ਪਾਈ ॥੪॥੧॥੧੯॥

*(ਮਲਾਰ ਮ: ੫, ਪੰਨਾ ੧੨੭੦)*

ਗੁਰ ਕੀ ਮਹਿਮਾ ਕਥਨੁ ਨ ਜਾਇ॥
ਗੁਰੁ ਪਰਮੇਸਰੁ ਸਾਚੈ ਨਾਇ॥

*(ਮਲਾਰ ਮ: ੫, ਪੰਨਾ ੧੨੭੧)*

ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ ॥੨॥

*(ਸਿਰੀ ਰਾਗੁ ਮ: ੫, ਪੰਨਾ ੪੯)*

ਗੁਰੁ ਕਰਤਾ ਗੁਰੁ ਕਰਣੈ ਜੋਗੁ॥
ਗੁਰੁ ਪਰਮੇਸਰੁ ਹੈ ਭੀ ਹੋਗੁ॥ *(ਗੋਂਡ ਮ: ੫, ਪੰਨਾ ੮੬੪)*

ਗੁਰੁ ਪਰਮੇਸਰੁ ਗੁਰੁ ਗੋਬਿੰਦੁ॥
ਗੁਰੁ ਕਰਤਾ ਗੁਰੁ ਸਦ ਬਖਸੰਦੁ॥

*(ਮਾਰੂ ਮਹਲਾ ੫, ਪੰਨਾ ੧੦੮੦)*

ਗੁਰੁ ਪਰਮੇਸਰੁ ਗੁਰੁ ਗੋਵਿੰਦੁ॥
ਗੁਰੁ ਦਾਤਾ ਦਇਆਲ ਬਖਸਿੰਦੁ॥

*(ਰਾਮਕਲੀ ਮ: ੫, ਪੰਨਾ ੮੯੭)*

ਜਪ ਤਪ ਸੰਜਮ ਕਰਮ ਨ ਜਾਨਾ
ਨਾਮੁ ਜਪੀ ਪ੍ਰਭ ਤੇਰਾ॥
ਗੁਰੁ ਪਰਮੇਸਰੁ ਨਾਨਕ ਭੇਟਿਓ
ਸਾਚੈ ਸਬਦਿ ਨਿਬੇਰਾ॥੩॥੬॥

*(ਰਾਮਕਲੀ ਮਹਲਾ ੧, ਪੰਨਾ ੮੭੮)*

ਗੁਰੁ ਪਰਮੇਸਰੁ ਪੂਜੀਐ ਮਨਿ ਤਨਿ ਲਾਇ ਪਿਆਰੁ॥
ਸਤਿਗੁਰੁ ਦਾਤਾ ਜੀਅ ਕਾ ਸਭਸੈ ਦੇਇ ਅਧਾਰੁ॥

*(ਸਿਰੀ ਰਾਗੁ ਮਹਲਾ ੫, ਪੰਨਾ ੫੨)*

ਗੁਰੁ ਦਾਤਾ ਸਮਰਥੁ ਗੁਰੁ
ਗੁਰੁ ਸਭ ਮਹਿ ਰਹਿਆ ਸਮਾਇ॥
ਗੁਰੁ ਪਰਮੇਸਰੁ ਪਾਰਬ੍ਰਹਮੁ
ਗੁਰੁ ਡੁਬਦਾ ਲਏ ਤਰਾਇ॥੨॥

*(ਸਿਰੀ ਰਾਗੁ ਮ: ੫, ਪੰਨਾ ੪੯)*

ਗੁਰੁ ਪਰਮੇਸਰੁ ਭੇਟਿ ਨਿਹਾਲ॥
ਸੋ ਦਰਸਨੁ ਪਾਏ ਜਿਸੁ ਹੋਇ ਦਇਆਲੁ॥

*(ਰਾਮਕਲੀ ਮ: ੫, ਪੰਨਾ ੮੯੯)*

ਇਸੇ ਤਰ੍ਹਾਂ ਬਾਣੀ ਦੁਆਰਾ ਗੁਰਮੁਖਾਂ ਨੂੰ ਹੋਰ ਭੀ ਅਨੇਕਾਂ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਗੁਰਮੁਖਾਂ ਨੇ ਆਪਣੇ ਅੰਤਰ ਆਤਮੇ ਗੁਰੂ ਤੇ ਪਰਮੇਸ਼ਰ ਨੂੰ ਇਕੋ ਰੂਪ ਹੋਣ ਦਾ ਪੱਕਾ ਨਿਸਚਾ ਪ੍ਰਪੱਕ ਕਰ ਲਿਆ ਹੈ, ਜਿਨ੍ਹਾਂ ਦੀ ਭਾਵਨਾ ਨੂੰ ਕੋਈ ਡੁਲਾ ਨਹੀਂ ਸਕਦਾ। ਸੋ ਮੈਂ ਭੀ ਉਨ੍ਹਾਂ ਗੁਰਮੁਖਾਂ ਦੀ ਅਡੋਲ ਮਾਨਸਕ ਅਵਸਥਾ ਨੂੰ ਤੱਕ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਵੇਂ ਕਿ ਅਸੀਂ ਵੇਖਦੇ ਹਾਂ ਕਿ :

(੧) (ਗੁਰਮੁਖ ਗੁਰਸਿਖ) ਗੁਰੂ ਨੂੰ ਪਰਮੇਸ਼ਰ ਦਾ ਰੂਪ ਜਾਣਕੇ ਹੀ ਗੁਰੂ ਜੀ ਦੀ ਸ਼ਰਨ ਵਿਚ ਆਉਂਦਾ ਹੈ।

(੨) (ਐਸੇ ਪੂਰੇ) ਗੁਰੂ ਦੇ ਚਰਣਾਂ ਦੀ ਪ੍ਰੀਤੀ ਕਰਕੇ ਉਹ ਕਿਸੇ ਦਾ ਚਲਾਇਆ ਚਲਾਇਮਾਨ ਨਹੀਂ ਹੁੰਦਾ (ਭਾਵ ਦ੍ਰਿੜ੍ਹ ਵਿਸ਼ਵਾਸੀ ਹੋ ਜਾਂਦਾ ਹੈ)।

(੩) ਗੁਰੂ ਦੀ ਮਤ (ਸਿਖਿਆ 'ਤੇ ਅਮਲ ਕਰਕੇ ਗੁਰਸਿਖ) ਅਸਥਿਰ ਤੇ ਅਡੋਲ ਹੋ ਕੇ ਨਿਜ ਪਦ (ਆਪਣੇ ਆਤਮਕ ਸਰੂਪ) ਨੂੰ ਪ੍ਰਾਪਤ ਕਰ ਲੈਂਦਾ ਹੈ।

(੪) ਗੁਰਸਿਖ ਗੁਰਮੁਖਾਂ ਵਾਲੀ ਕਾਰ ਕਮਾ ਕੇ (ਘਾਲ ਕਮਾਈ ਕਰਕੇ ਪਰਮੇਸ਼ਰ ਦੇ ਵਰਤ ਰਹੇ) ਭਾਣੇ ਨੂੰ ਹੀ ਚੰਗਾ ਜਾਣਦਾ ਹੈ ਤੇ (ਉਸ ਤੋਂ ਮੂੰਹ ਨਹੀਂ ਮੋੜਦਾ)।

(੫) ਗੁਰਮੁਖ ਆਪਾ-ਭਾਵ (ਮੈਂ ਮੇਰੀ) ਨੂੰ ਗਵਾ ਕੇ (ਹਉਮੈਂ ਨੂੰ ਮੇਟ ਕੇ) ਸੱਚ ਵਿਚ ਸਮਾ ਜਾਂਦਾ ਹੈ (ਉਸਨੂੰ ਸਭ ਪਾਸੇ ਭਲੇ ਬੁਰੇ ਵਿਚ ਪਰਮੇਸ਼ਰ ਹੀ ਵਿਆਪਕ ਜਾਪਦਾ ਹੈ)।

(੬) ਐਸੇ ਗੁਰਮੁਖ ਦਾ ਸੰਸਾਰ 'ਤੇ ਆਉਣਾ ਸਫਲਾ ਹੈ, ਉਸਦਾ ਜੀਵਨ ਸਫਲਾ ਹੋ ਗਿਆ ਹੈ ਤੇ ਉਸਦੀ ਸੰਗਤ ਨਾਲ ਜਗਤ ਤਰਦਾ ਹੈ।੨੧।੨੦।

***ਭਾਵਾਰਥ :*** ਅਜਿਹੇ ਗੁਰਮੁਖਾਂ ਦੇ ਸੰਬੰਧ ਵਿਚ ਹੀ ਬਾਣੀ ਅੰਦਰ ਫੁਰਮਾਨ ਆਇਆ ਹੈ ਕਿ :

ਆਪਿ ਮੁਕਤੁ ਅਵਰਾ ਮੁਕਤੁ ਕਰਾਵੈ॥

*(ਧਨਾਸਰੀ ਮ: ੩, ਪੰਨਾ ੬੬੪)*

ਆਪਿ ਮੁਕਤੁ ਸੰਗੀ ਤਰੇ ਕੁਲ ਕੁਟੰਬੁ ਉਧਾਰੇ॥
ਸਫਲ ਸੇਵਾ ਗੁਰਦੇਵ ਕੀ ਨਿਰਮਲ ਦਰਬਾਰੇ॥੩॥

*(ਬਿਲਾਵਲੁ ਮ: ੫, ਪੰਨਾ ੮੧੪)*

(ਵੀਹਵੀਂ ਵਾਰ ਸਮਾਪਤ)

# ਵਾਰ ੨੧

ੴ ਸਤਿਗੁਰ ਪ੍ਰਸਾਦਿ॥

## ੧. ਮੰਗਲਾ ਚਰਨ, ਵਾਹਿਗੁਰੂ ਤੇ ਸਤਿਗੁਰੂ ਜੀ ਦੀ ਮਹਿਮਾ

**੧. ਪਾਤਿਸ਼ਾਹਾਂ ਪਾਤਿਸ਼ਾਹ ਸੱਤਿ ਸੁਹਾਣੀਐ।**
**੨. ਵੱਡਾ ਬੇਪਰਵਾਹ ਅੰਤ ਨ ਜਾਣੀਐ।**
**੩. ਲਉਬਾਲੀ ਦਰਗਾਹ ਆਖਿ ਵਖਾਣੀਐ।**
**੪. ਕੁਦਰਤਿ ਅਗਮ ਅਥਾਹ ਚੋਜ ਵਿਡਾਣੀਐ।**
**੫. ਸੱਚੀ ਸਿਫਤਿ ਸਲਾਹ ਅਕਥ ਕਹਾਣੀਐ।**
**੬. ਸਤਿਗੁਰ ਸਚੇ ਵਾਹ ਸਦ ਕੁਰਬਾਣੀਐ ॥੧॥**

***ਪਦ ਅਰਥ :*** ਸੁਹਾਣੀਐ—ਸੋਭਾ ਪਾਉਂਦਾ। ਲਉਬਾਲੀ—ਬੇਪ੍ਰਵਾਹ। ਅਕਥ—ਨ ਕਥੀ ਜਾਣ ਵਾਲੀ। ਵਾਹ—ਅਸਚਰਜ।

***ਅਰਥ :***

**ਪ੍ਰ:** ਭਾਈ ਸਾਹਿਬ ਜੀਓ! ਜੋ ਸਨਾਤਨ ਪੁਸਤਕਾਂ ਦੇ ਕਰਤਾ ਲੋਕ ਲਿਖਾਰੀ ਹਨ, ਉਨ੍ਹਾਂ ਨੇ ਆਪੋ ਆਪਣੀ ਪੁਸਤਕ ਵਿਚ ਉਸਦੀ ਨਿਰਬਿਘਨਤਾ ਲਈ ਆਦਿ ਵਿਚ ਭਿੰਨ ਭਿੰਨ ਕਿਸੇ ਨੇ ਕਿਸੇ ਦੇਵੀ ਦੇਵਤੇ ਦਾ ਮੰਗਲ ਕੀਤਾ ਹੈ, ਜਿਵੇਂ ਕਿਸੇ ਨੇ ਬ੍ਰਹਮਾ, ਵਿਸ਼ਨੂੰ ਸ਼ਿਵਾਂ ਦਾ, ਕਿਸੇ ਨੇ ਕਿਸੇ ਦੇਵੀ ਤੇ ਗਣੇਸ਼ ਦਾ, ਪਰ ਗੁਰਮਤ ਅਨੁਸਾਰ ਤੁਸੀਂ ਕਿਸ ਦੇਵਤੇ ਦੇ ਮੰਗਲ ਨੂੰ ਮਹਾਨਤਾ ਦੇਂਦੇ ਹੋ, ਦੱਸਣ ਦੀ ਕ੍ਰਿਪਾ ਕਰੋ ?

**ਉ:** ਹੇ ਭਾਈਓ! ਇਸ ਪੱਖ ਨੂੰ ਜਦੋਂ ਅਸੀਂ ਗੁਰਬਾਣੀ ਦੁਆਰੇ ਖੋਜਨਾ ਕਰੀਏ ਤਾਂ ਸਾਨੂੰ ਬੋਧ ਮਿਲਦਾ ਹੈ ਕਿ ਇਨ੍ਹਾਂ ਦੇਵੀ ਦੇਵਤਿਆਂ ਦੇ ਆਦਿ ਰੂਪ ਪਰਮੇਸ਼ਰ ਨੂੰ ਵਿਸਾਰ ਕੇ ਇਨ੍ਹਾਂ ਦੀ ਅਰਾਧਨਾ ਕਰਨੀ ਇਉਂ ਹੈ ਕਿ ਜਿਵੇਂ ਦਰੱਖ਼ਤ ਦੇ ਮੁੱਢ ਨੂੰ ਤਿਆਗ ਕੇ ਉਸਦੇ ਪੱਤ੍ਰਾਂ ਤੇ ਸ਼ਾਖ਼ਾਂ ਨੂੰ ਪਾਣੀ ਸਿੰਜਣਾ ਹੈ, ਕਿਉਂਕਿ ਸਾਰੇ ਦੇਵੀ ਦੇਵਤੇ ਉਸ ਕਰਤੇ ਪੁਰਖ ਦੀ ਕਿਰਤ ਹਨ, ਇਸ ਲਈ ਸਤਿਗੁਰੂ ਜੀ ਨੇ ਹਰ ਗੁਰੂ ਨਾਨਕ ਨਾਮ ਲੇਵਾ ਗੁਰਸਿਖ ਲਈ ਗੁਰੂ ਤੇ ਪਰਮੇਸ਼ਰ ਦਾ ਹਰ ਕਾਰਜ ਦੇ ਅਰੰਭ ਵਿਚ ਹੀ ਮੰਗਲ ਕਰਦੇ ਰਹਿਣ ਦੀ ਪ੍ਰੇਰਨਾ ਕੀਤੀ ਹੈ। ਇਸ ਗੁਰੂ ਤੇ ਪਰਮੇਸ਼ਰ ਦੇ ਮੰਗਲ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਪੰਜਾਂ ਰੂਪਾਂ ਵਿਚ ਵਰਤਿਆ ਹੈ, ਜਿਵੇਂ ਕਿ :

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਇਹ ਮੰਗਲ ਸੰਪੂਰਨ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਤੇਤੀ (੩੩) ਵੇਰ ਆਇਆ ਹੈ।

ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ॥

ਇਹ ਮੰਗਲ ਅੱਠ (੮) ਵੇਰ ਅੰਕਤ ਹੈ।

ੴ ਸਤਿ ਨਾਮੁ ਗੁਰ ਪ੍ਰਸਾਦਿ॥

ਇਹ ਮੰਗਲ ਦੋ ਵੇਰ ਆਇਆ ਹੈ।

ੴ ਸਤਿਗੁਰ ਪ੍ਰਸਾਦਿ॥

ਇਹ ਮੰਗਲ (੫੨੩) ਵਾਰ ਲਿਖਿਆ ਗਿਆ ਹੈ।

ੴ ਇਸ ਮੰਗਲ ਨੂੰ ਸਤਿਗੁਰੂ ਜੀ ਨੇ ਕੇਵਲ ਇਕੋ ਵਾਰ ਹੀ ਲਿਖਿਆ ਹੈ। ਇਹ ਮੰਗਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ (ਪੁਰਾਤਨ ਸਰੂਪਾਂ ਵਿਚ) ਪੰਨਾ ੧੩੫੩ ਪਰ ਹੈ।

ਸੋ, ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਗੁਰਮਤ ਦੇ ਲੇਖਕਾਂ ਨੂੰ ਇਨ੍ਹਾਂ ਪੰਜਾਂ ਹੀ ਮੰਗਲਾਂ ਦੇ ਕਰਦੇ ਰਹਿਣ ਦੀ ਪ੍ਰੇਰਨਾ ਦਿਤੀ ਗਈ ਹੈ। ਇਨ੍ਹਾਂ ਮੰਗਲਾਂ ਤੋਂ ਇਲਾਵਾ ਬਾਕੀ ਦੇ ਦੇਵੀ ਦੇਵਤਿਆਂ ਦੇ ਮੰਗਲ ਅਤੇ

ਉਨ੍ਹਾਂ ਦੀ ਅਰਾਧਨਾ ਕਰਨੋਂ ਗੁਰੂ ਗ੍ਰੰਥ ਸਾਹਿਬ ਜੀ ਨੇ ਬਾਰ ਬਾਰ ਵਰਜਿਆ ਹੈ, ਕਿਉਂਕਿ ਇਨ੍ਹਾਂ ਦੀ ਪੂਜਾ ਕਰਨ ਵਾਲਾ ਪੁਜਾਰੀ ਸੰਸਾਰ ਦੇ ਜੰਮਣ ਮਰਨ ਦੇ ਚੱਕ੍ਰ ਵਿਚ ਘਿਰਿਆ ਰਹਿੰਦਾ ਹੈ, ਕਿਉਂਕਿ ਇਹ ਦੇਵਤੇ ਖ਼ੁਦ ਸੰਸਾਰ ਦੇ ਆਵਾਗਵਨ ਵਿਚ ਘਿਰੇ ਹੋਏ ਹਨ। ਸੋ ਇਨ੍ਹਾਂ ਦੇ ਪੁਜਾਰੀਆਂ ਦੀ ਜੋ ਦਸ਼ਾ ਹੁੰਦੀ ਹੈ ਉਹ ਭੀ ਬਾਣੀ ਵਿਚ ਦਰਸਾਈ ਗਈ ਹੈ, ਜਿਵੇਂ ਕਿ :

ਭੈਰਉ ਭੂਤ ਸੀਤਲਾ ਧਾਵੈ ॥
ਖਰ ਬਾਹਨੁ ਉਹੁ ਛਾਰੁ ਉਡਾਵੈ ॥੧॥
ਹਉ ਤਉ ਏਕੁ ਰਮਈਆ ਲੈਹਉ ॥
ਆਨ ਦੇਵ ਬਦਲਾਵਨਿ ਦੈਹਉ ॥੧॥ਰਹਾਉ॥
ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥
ਬਰਦ ਚਢੇ ਡਉਰੂ ਢਮਕਾਵੈ ॥੨॥
ਮਹਾ ਮਾਈ ਕੀ ਪੂਜਾ ਕਰੈ ॥
ਨਰ ਸੈ ਨਾਰਿ ਹੋਇ ਅਉਤਰੈ ॥੩॥
ਤੂ ਕਹੀਅਤ ਹੀ ਆਦਿ ਭਵਾਨੀ ॥
ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥
ਗੁਰਮਤਿ ਰਾਮ ਨਾਮ ਗਹੁ ਮੀਤਾ ॥
ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥੨॥੬॥

*(ਗੋਂਡ ਨਾਮਦੇਵ ਜੀ, ਪੰਨਾ ੮੭੪)*

ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥
ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ ॥
ਸਿਵ ਪੁਰੀ ਕਾ ਹੋਇਗਾ ਕਾਲਾ ॥
ਤ੍ਰੈਗੁਣ ਮਾਇਆ ਬਿਨਸਿ ਬਿਤਾਲਾ ॥੨॥

*(ਗਉੜੀ ਮ: ੫, ਪੰਨਾ ੨੩੭)*

ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ
ਨਿਹਚਲੁ ਕੋ ਥਾਉ ਨਾਹਿ ॥
ਬਿਨੁ ਹਰਿ ਸੇਵਾ ਸੁਖੁ ਨਹੀ ਹੋ
ਸਾਕਤ ਆਵਹਿ ਜਾਹਿ ॥੩॥

*(ਗਉੜੀ ਮ: ੫, ਪੰਨਾ ੨੧੪)*

ਸਿਵ ਬਿਰੰਚਿ ਅਸੁਰ ਸੁਰ ਜੇਤੇ
ਕਾਲ ਅਗਨਿ ਮਹਿ ਜਰਤੇ ॥

*(ਮਲਾਰ ਮ: ੫, ਪੰਨਾ ੧੨੬੭)*

ਸਿਵ ਬਿਰੰਚ ਅਰੁ ਇੰਦ੍ਰ ਲੋਕ
ਤਾ ਮਹਿ ਜਲਤੌ ਫਿਰਿਆ ॥
ਸਿਮਰਿ ਸਿਮਰਿ ਸੁਆਮੀ ਭਏ ਸੀਤਲ
ਦੂਖੁ ਦਰਦੁ ਭ੍ਰਮ ਹਿਰਿਆ ॥੧॥

*(ਸਾਰਗ ਮ: ੫, ਪੰਨਾ ੧੨੧੯)*

ਇਸ ਤੋਂ ਆਦਿ ਹੋਰ ਭੀ ਸਾਨੂੰ ਬਾਣੀ ਵਿਚੋਂ ਕਈ ਉਦਾਹਰਣ ਮਿਲਦੇ ਹਨ, ਜੋ ਕਿ ਗੁਰਮਤ ਨੇ ਉਸ ਸਭ ਦੇਵੀ ਦੇਵਤਿਆਂ ਦੀ ਆਦਿ ਪਰੀਪੂਰਨ ਪਰਮੇਸ਼ਰ ਨੂੰ ਹੀ ਸਦਾ ਅਰਾਧਨਾ ਕਰਦੇ ਰਹਿਣ ਦੀ ਪ੍ਰੇਰਨਾ ਦਿਤੀ ਹੈ। ਸੋ, ਗੁਰਮੁਖਾਂ ਦੀ ਗੁਰਮਤ ਅਨੁਸਾਰ ਇਹ ਭਾਵਨਾ ਪ੍ਰਪੱਕ ਹੈ, ਮੈਂ ਭੀ ਉਨ੍ਹਾਂ ਪਰਮੇਸ਼ਰ ਦੇ ਸਾਦਕਾਂ ਨੂੰ ਤੱਕ ਕੇ ਇਹ ਪਉੜੀ ਅੰਕਤੀ ਕੀਤੀ ਹੈ, ਕਿ ਗੁਰਮੁਖਾਂ ਦਾ ਇਹੋ ਨਿਸਚਾ ਹੈ ਕਿ ਉਹ ਪਰਮੇਸ਼ਰ :

(੧) ਪਾਤਿਸ਼ਾਹਾਂ ਦਾ ਪਾਤਿਸ਼ਾਹ ਹੈ, ਸੱਚ ਸਰੂਪ ਹੈ ਤੇ ਸਦਾ ਹੀ (ਇਕ ਰਸ) ਸੋਭਾ ਵਾਲਾ (ਸੁੰਦਰ) ਹੈ।
(੨) ਉਹ ਵੱਡਾ ਵੇਪ੍ਰਵਾਹ ਹੈ ਤੇ ਉਸਦਾ ਅੰਤ ਨਹੀਂ ਜਾਣਿਆ ਜਾ ਸਕਦਾ।
(੩) ਉਸਦੀ ਦਰਗਾਹ (ਦਰਬਾਰ, ਸੱਚ ਖੰਡ) ਵੀ ਵੇਪਰਵਾਹੀਆਂ ਵਾਲੀ ਹੈ, ਇਸੇ ਲਈ ਉਸਨੂੰ ਵੇਪ੍ਰਵਾਹ ਹੀ ਆਖਿਆ ਜਾਂਦਾ ਹੈ (ਕਿਉਂਕਿ ਹੋਰ ਉਸਦੀ ਬਰਾਬਰੀ ਵਾਲਾ ਹੈ ਹੀ ਕੋਈ ਨਹੀਂ)।
(੪) (ਉਸ ਕਾਦਰ ਦੀ) ਕੁਦਰਤ ਦਾ ਵੀ ਥਾਹ ਨਹੀਂ ਲਗਦਾ ਤੇ ਨਾ ਹੀ ਉਸਦੇ ਅੰਤ ਤੀਕ ਕੋਈ ਪਹੁੰਚ ਹੀ ਸਕਦਾ ਹੈ ਉਹ ਵੱਡੇ ਕੌਤਕਾਂ ਵਾਲਾ ਹੈ।
(੫) ਉਸਦੀ ਸਿਫ਼ਤ ਸਾਲਾਹ ਸੱਚੀ ਹੈ ਕਿਉਂਕਿ ਉਸਦੀ ਸੋਭਾ ਤੇ ਕੀਰਤੀ (ਮਨੁੱਖੀ ਸਮਝ ਦੇ) ਕਹਿਣ ਤੇ ਕਥਨ ਦੇ ਦਾਇਰੇ ਵਿਚ ਆ ਹੀ ਨਹੀਂ ਸਕਦੀ।
(੬) ਉਸ ਪਰਮੇਸ਼ਰ ਤੇ ਸੱਚੇ ਵਾਹਿਗੁਰੂ ਤੋਂ ਮੈਂ ਕੁਰਬਾਨ ਜਾਂਦਾ ਹਾਂ।੧।

***ਭਾਵਾਰਥ :*** ਇਹ ਪਉੜੀ ਮੰਗਲਾਚਰਨ ਰੂਪ ਹੈ, ਇਸ ਵਿਚ ਅਕਾਲ ਪੁਰਖ ਤੇ ਸਤਿਗੁਰੂ ਜੀ ਦੀ ਉਸਤਤ ਹੈ, ਨਾਲ ਹੀ ਪ੍ਰੇਰਨਾ ਦਿਤੀ ਗਈ ਹੈ ਕਿ ਗੁਰਮਤ ਅਨੁਸਾਰ ਗੁਰਸਿਖ ਨੂੰ ਗੁਰੂ ਅਤੇ ਪਰਮੇਸ਼ਰ ਤੋਂ ਬਿਨਾਂ ਹੋਰ ਕਿਸੇ ਦੀ ਵੀ ਅਰਾਧਨਾ ਨਹੀਂ ਕਰਨੀ ਚਾਹੀਦੀ।

## ੨. ਆਦਿ ਪੁਰਖ ਦੀ ਸਿਫ਼ਤੋ-ਸਾਲਾਹ

**੧. ਬ੍ਰਹਮੇ ਬਿਸ਼ਨ ਮਹੇਸ ਲੱਖ ਧਿਆਇੰਦੇ।**
**੨. ਨਾਰਦ ਸਾਰਦ ਸੇਸ ਕੀਰਤਿ ਗਾਇੰਦੇ।**
**੩. ਗਣ ਗੰਧਰਬ ਗਣੇਸ ਨਾਦ ਵਜਾਇੰਦੇ।**
**੪. ਛਿਅ ਦਰਸ਼ਨ ਕਰਿ ਵੇਸ ਸਾਂਗ ਬਣਾਇੰਦੇ।**

**੫. ਗੁਰ ਚੇਲੇ ਉਪਦੇਸ ਕਰਮ ਕਮਾਇੰਦੇ।**
**੬. ਆਦਿ ਪੁਰਖ ਆਦੇਸ ਪਾਰ ਨ ਪਾਇੰਦੇ ॥੨॥**

***ਪਦ ਅਰਥ :*** ਸਾਰਦ—ਸੁਰੱਸ੍ਵਤੀ, ਰਸਨਾ 'ਤੇ ਨਿਵਾਸ ਕਰਨ ਵਾਲੀ ਗੈਬੀ ਸ਼ਕਤੀ। ਸੇਸ—ਸ਼ੇਸ਼ਨਾਗ। ਕੀਰਤਿ—ਮਹਿਮਾ। ਨਾਦ—ਧੁਨੀਆਂ, ਵਾਜੇ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਆਪ ਜੀ ਨੇ ਤਾਂ ਪੁਰਾਤਨ ਪੁਸਤਕਾਂ ਨੂੰ ਬਹੁਤ ਪੜਚੋਲਿਆ ਹੈ, ਜਿਨ੍ਹਾਂ ਵਿਚ ਪੁਰਾਤਨ ਰਿਖੀਆਂ ਮੁਨੀਆਂ ਨੇ ਉਸ ਆਦੀ ਪੁਰਖ ਪਰਮੇਸ਼ਰ ਦੇ ਸੰਬੰਧ ਵਿਚ ਆਪੋ ਆਪਣੇ ਵੀਚਾਰ ਅੰਕਤ ਕੀਤੇ ਹਨ, ਜਿਨ੍ਹਾਂ ਤੋਂ ਜਾਣਕਾਰੀ ਮਿਲਦੀ ਹੈ ਕਿ ਸਭਨਾਂ ਨੇ ਇਕ ਦੂਜੇ ਤੋਂ ਅੱਗੇ ਵਧ ਕੇ ਆਪੋ ਆਪਣੇ ਖ਼ਿਆਲ ਪ੍ਰਗਟਾਏ ਹਨ ਤੇ ਆਪੋ ਆਪਣੀ ਸਿਆਣਪ ਭੀ ਦਰਸਾਈ ਹੈ, ਪਰ ਆਪ ਜੀ ਉਸ ਆਦੀ ਪੁਰਖ ਪਰਮੇਸ਼ਰ ਬਾਰੇ ਆਪਣੇ ਕੀ ਵੀਚਾਰ ਰਖਦੇ ਹੋ ਜੋ ਤੁਸਾਂ ਨੇ ਗੁਰਬਾਣੀ ਦੁਆਰੇ ਸੋਝੀ ਹਾਸਲ ਕੀਤੀ ਹੈ ਉਸ ਬਾਰੇ ਸਾਨੂੰ ਭੀ ਕੁਝ ਜਾਣਕਾਰੀ ਦਿਓ ?

**ਉ:** ਹੇ ਭਾਈਓ! ਇਹ ਠੀਕ ਹੈ ਕਿ ਮੈਨੂੰ ਹਿੰਦੂ ਮੱਤ ਦੇ ਸਨਾਤਨ ਪੁਸਤਕਾਂ ਦੀ ਖੋਜ ਕਰਨ ਦਾ ਭੀ ਸਮਾਂ ਮਿਲਿਆ ਹੈ, ਪਰ ਗੁਰਬਾਣੀ ਦੀ ਰੌਸ਼ਨੀ ਵਿਚ ਉਨ੍ਹਾਂ ਸਾਰੇ ਹੀ ਵੀਚਾਰਾਂ ਨੂੰ ਮੈਂ ਧੁੰਦਲੇ ਰੂਪ ਵਿਚ ਵੇਖਿਆ ਹੈ। ਕਿਉਂਕਿ ਮੈਂ ਜਿਤਨੇ ਭੀ ਬ੍ਰਹਮਾ, ਵਿਸ਼ਨੂੰ, ਨਾਰਦ, ਸ਼ੇਸ਼ਨਾਗ ਆਦਿਕਾਂ ਨੂੰ ਪੜ੍ਹਿਆ ਹੈ ਬਾਣੀ ਵਿਚ ਉਹ ਉਸ ਆਦਿ ਪੁਰਖ ਪਰਮੇਸ਼ਰ ਦੇ ਦਰ ਦੇ ਜਾਚਕ ਨਜ਼ਰ ਆਏ ਹਨ, ਅਤੇ ਇਨ੍ਹਾਂ ਨੇ ਉਸ ਪਰਮੇਸ਼ਰ ਦੇ ਸੰਬੰਧ ਵਿਚ ਜੋ ਭੀ ਉਸਦੀ ਵਡਿਆਈ ਅੰਕਤ ਕੀਤੀ ਹੈ ਉਹ ਇਕ ਦੂਜੇ ਤੋਂ ਸੁਣ ਕੇ ਜਾਂ ਪੁਰਾਤਨ ਪੁਸਤਕਾਂ ਦੀ ਸਹਾਇਤਾ ਲੈ ਕੇ ਆਪੋ ਆਪਣੀ ਬੁਧੀ ਦੁਆਰੇ ਵੀਚਾਰ ਦਰਸਾਏ ਹਨ, ਇਸ ਬਾਰੇ ਬਾਣੀ ਵਿਚ ਭੀ ਫ਼ੁਰਮਾਨ ਆਇਆ ਹੈ, ਜਿਵੇਂ ਕਿ :

ਸੁਣਿ ਵਡਾ ਆਖੈ ਸਭੁ ਕੋਇ ॥
ਕੇਵਡੁ ਵਡਾ ਡੀਠਾ ਹੋਇ ॥
ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥

*(ਆਸਾ ਮ: ੧, ਪੰਨਾ ੯)*

ਭਾਵ ਹੈ ਉਸ ਆਦਿ ਪੁਰਖ ਪਰਮੇਸ਼ਰ ਨੂੰ ਸਾਰੇ ਹੀ ਇਕ ਦੂਜੇ ਤੋਂ ਸੁਣ ਸੁਣ ਕੇ ਹੀ ਵੱਡਾ ਆਖਦੇ ਹਨ। ਪਰ ਉਹ ਕਿੱਡਾ ਕੁ ਵੱਡਾ ਹੈ ਇਹ ਤਾਂ ਉਹੀ ਕਹਿ ਸਕਦਾ ਹੈ ਜਿਸਨੇ ਉਸਨੂੰ ਵੇਖਿਆ ਹੈ ਪਰ ਜਿਸਨੇ ਉਸਨੂੰ ਵੇਖਿਆ ਹੈ ਉਹ ਤਾਂ ਉਸਦੇ ਵਿਚ ਹੀ ਸਮਾ ਜਾਂਦਾ ਹੈ ਉਸਨੇ ਉਸ ਬਾਰੇ ਕੀ ਕਹਿਣਾ ਹੈ।

ਜਦੋਂ ਅਸੀਂ ਇਨ੍ਹਾਂ ਬ੍ਰਹਮਾ ਆਦਿ ਦੇਵਤਿਆਂ ਬਾਰੇ ਬਾਣੀ ਵਿਚ ਪੜ੍ਹਦੇ ਹਾਂ ਤਾਂ ਇਨ੍ਹਾਂ ਦੀ ਅਰਾਧਨਾ ਕਰਨ ਵਾਲਿਆਂ ਨੇ ਇਹ ਸੰਬੋਧਨ ਕੀਤਾ ਕਿ ਹੇ ਭਾਈਓ! ਇਹ ਬ੍ਰਹਮਾ ਆਦਿਕ ਦੇਵਤੇ ਤਾਂ ਉਸਦਾ ਰੰਚਕ ਮਾਤ੍ਰ ਭੀ ਭੇਦ ਨਹੀਂ ਜਾਣਦੇ, ਉਹ ਜਦੋਂ ਉਸ ਆਦਿ ਪੁਰਖ ਪਰਮੇਸ਼ਰ ਦੇ ਦਰ ਦੇ ਆਪ ਹੀ ਮੰਗਤੇ ਹਨ ਤੁਸੀਂ ਉਨ੍ਹਾਂ ਤੋਂ ਕੀ ਲਾਭ ਹਾਸਲ ਕਰ ਸਕਦੇ ਹੋ, ਜਿਵੇਂ ਕਿ :

ਮਹਿਮਾ ਨ ਜਾਨਹਿ ਬੇਦ ॥
ਬ੍ਰਹਮੇ ਨਹੀ ਜਾਨਹਿ ਭੇਦ ॥
ਅਵਤਾਰ ਨ ਜਾਨਹਿ ਅੰਤੁ ॥
ਪਰਮੇਸਰੁ ਪਾਰਬ੍ਰਹਮ ਬੇਅੰਤੁ ॥੧॥
ਅਪਨੀ ਗਤਿ ਆਪਿ ਜਾਨੈ ॥
ਸੁਣਿ ਸੁਣਿ ਅਵਰ ਵਖਾਨੈ ॥੧॥ਰਹਾਉ॥
ਸੰਕਰਾ ਨਹੀ ਜਾਨਹਿ ਭੇਵ ॥
ਖੋਜਤ ਹਾਰੇ ਦੇਵ ॥
ਦੇਵੀਆ ਨਹੀ ਜਾਨੈ ਮਰਮ ॥
ਸਭ ਊਪਰਿ ਅਲਖ ਪਾਰਬ੍ਰਹਮ ॥੨॥

*(ਰਾਮਕਲੀ ਮ: ੫, ਪੰਨਾ ੮੯੪)*

ਸਨਕ ਸਨੰਦ ਮਹੇਸ ਸਮਾਨਾਂ ॥
ਸੇਖ ਨਾਗਿ ਤੇਰੋ ਮਰਮੁ ਨ ਜਾਨਾਂ ॥੧॥.....
ਹਨੂਮਾਨ ਸਰਿ ਗਰੁੜ ਸਮਾਨਾਂ ॥
ਸੁਰਪਤਿ ਨਰਪਤਿ ਨਹੀ ਗੁਨ ਜਾਨਾਂ ॥੨॥
ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ ॥
ਕਮਲਾਪਤਿ ਕਵਲਾ ਨਹੀ ਜਾਨਾਂ ॥੩॥
ਕਹਿ ਕਬੀਰ ਸੋ ਭਰਮੈ ਨਾਹੀ ॥
ਪਗ ਲਗਿ ਰਾਮ ਰਹੈ ਸਰਨਾਂਹੀ ॥੪॥੧॥

*(ਧਨਾਸਰੀ ਭਗਤ ਕਬੀਰ ਜੀ, ਪੰਨਾ ੬੯੧)*

ਇਨ੍ਹਾਂ ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿ ਦੇਵਤਿਆਂ ਨੂੰ ਤਾਂ ਉਸ ਆਦੀ ਪੁਰਖ ਪਰਮੇਸ਼ਰ ਦੇ ਚੇਲਿਆਂ ਦਾ ਦਰਜਾ ਦਿਤਾ ਹੈ, ਕਿਉਂਕਿ ਇਹ ਉਹੋ ਕਾਰ ਕਰਦੇ ਹਨ ਜੋ ਉਸ ਪਰਮੇਸ਼ਰ ਦਾ ਇਨ੍ਹਾਂ ਨੂੰ ਹੁਕਮ ਹੁੰਦਾ ਹੈ, ਉਹ ਆਦਿ ਪੁਰਖ ਇਨ੍ਹਾਂ ਦੀ ਹਰ ਕਿਰਿਆ ਨੂੰ ਵੇਖਦਾ ਹੈ, ਪਰ ਉਹ ਦੇਵਤੇ ਉਸ ਪਰਮੇਸ਼ਰ ਨੂੰ ਵੇਖ ਹੀ ਨਹੀਂ

ਸਕਦੇ, ਜਿਵੇਂ ਕਿ ਹੁਕਮ ਆਇਆ ਹੈ :

ਏਕਾ ਮਾਈ ਜੁਗਤਿ ਵਿਆਈ
ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥
ਓਹੁ ਵੇਖੈ ਓਨਾ ਨਦਰਿ ਨ ਆਵੈ
ਬਹੁਤਾ ਏਹੁ ਵਿਡਾਣੁ ॥

*(ਜਪੁਜੀ ਸਾਹਿਬ, ਪੰਨਾ ੭)*

ਇਸ ਤੋਂ ਆਦਿ ਹੋਰ ਭੀ ਗੁਰਬਾਣੀ ਵਿਚੋਂ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਉਸੇ ਆਦਿ ਪੁਰਖ ਦੀ ਅਰਾਧਨਾ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਬਾਣੀ ਦੁਆਰੇ ਇਹ ਬੋਧ ਮਿਲ ਜਾਂਦਾ ਹੈ ਕਿ ਜੋ ਦੇਵਤੇ ਆਪ ਹੀ ਉਸ ਆਦਿ ਪੁਰਖ ਦੇ ਦਰ ਦੇ ਜਾਚਕ ਹਨ ਉਨ੍ਹਾਂ ਦੀ ਆਰਾਧਨਾ ਕਰਨ ਦਾ ਸਾਨੂੰ ਕੀ ਲਾਭ ਹੈ ? ਸੋ, ਮੈਂ ਅਜਿਹੇ ਗੁਰਮੁਖਾਂ ਦੇ ਉਚੇਰੇ ਜੀਵਨ ਨੂੰ ਤੱਕ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਕਿਉਂਕਿ :

(੧) (ਉਹ ਗੁਰਮੁਖ ਵੇਖਦੇ ਹਨ ਕਿ ਉਸ ਸਭ ਦੇ ਕਰਤੇ ਪਰਮੇਸ਼ਰ ਦਾ) ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਵਰਗੇ ਲੱਖਾਂ ਹੀ ਸਿਮਰਨ ਕਰ ਰਹੇ ਹਨ।

(੨) (ਹੇ ਪ੍ਰਭੂ !) ਨਾਰਦ ਰਿਖੀ ਸੁਰੱਸ੍ਵਤੀ ਦੇਵੀ, ਸ਼ੇਸ਼ਨਾਗ (ਹਜ਼ਾਰ ਰਸਨਾਂ ਵਾਲਾ) ਤੇਰੀ ਸਿਫ਼ਤ-ਸਾਲਾਹ ਨੂੰ ਗਾ ਰਹੇ ਹਨ।

(੩) (ਨੰਦੀ ਭ੍ਰਿੰਗੀ ਆਦਿ) ਗਣ ਗੰਧਰਬ (ਤੇ ਸ਼ਿਵਜੀ ਦਾ ਪੁੱਤ੍ਰ) ਗਣੇਸ਼ ਵਾਜਿਆਂ ਨਾਲ ਸੁਰਾਂ ਵਿਚ ਗਾ ਰਹੇ ਹਨ।

(੪) ਛੇ ਦਰਸ਼ਨ (ਧਰਮ) ਜੋਗੀ, ਜੰਗਮ, ਆਦਿ ਅਨੇਕਾਂ ਭੇਸ ਧਾਰ ਕੇ (ਪ੍ਰਭੂ ਦੀ ਕੀਰਤੀ ਨੂੰ ਸੁਹੱਪਣ ਦੇਣ ਲਈ) ਸਾਂਗ ਬਣਾ ਬਣਾ ਕੇ ਦੱਸ ਰਹੇ ਹਨ।

(੫) ਗੁਰੂ ਚੇਲਿਆਂ ਨੂੰ ਉਪਦੇਸ਼ ਦੇ ਰਹੇ, (ਤੇ ਅਗੇ ਚੇਲੇ, ਗੁਰੂ ਦੀ ਸਿਖਿਆ ਅਨੁਸਾਰ) ਕਰਮ ਕਰ ਰਹੇ ਹਨ।

(੬) (ਸੋ ਇਸ ਲਈ) ਅਦੇਸ (ਨਮਸਕਾਰ ਹੈ ਉਸ ਬੇਅੰਤ) ਆਦਿ ਪੁਰਖ ਨੂੰ ਜਿਸ ਦੇ ਅੰਤ ਨੂੰ ਕੋਈ ਵੀ ਨਹੀਂ ਪਾ ਸਕਦਾ।੨।

***ਭਾਵਾਰਥ :*** ਪਿਛੇ ਜਿਨ੍ਹਾਂ ਦੇ ਨਾਮ ਗਿਣਕੇ ਕਿਹਾ ਹੈ ਕਿ ਉਹ ਪਾਰ ਨਹੀਂ ਪਾ ਸਕਦੇ, ਇਸਦਾ ਭਾਵ ਇਹੋ ਹੈ ਕਿ ਇਹ ਸਾਰੇ ਦੇਵੀ ਦੇਵਤੇ ਇਕ ਇਕ ਅੰਗ ਵਿਚ, ਇਕ ਇਕ ਗੁਣ ਵਿਚ, ਹੋਰ ਸ੍ਰਿਸ਼ਟੀ ਨਾਲੋਂ ਵਿਸ਼ੇਸ਼ ਹਨ। ਸਰਵ ਗੁਣ ਸੰਪੰਨ ਕੇਵਲ ਵਾਹਿਗੁਰੂ ਹੀ ਹੈ, ਉਸ ਕਰਤੇ ਦੇ ਕੀਤੇ ਹੋਏ ਸਰਵ ਗੁਣਾਂ ਦੇ ਭੰਡਾਰ ਨਹੀਂ, ਉਹ ਕਰਨਹਾਰ ਸਰਵ ਗੁਣ ਸੰਪੰਨ ਨੂੰ ਕਿਵੇਂ ਜਾਣ ਸਕਦੇ ਹਨ। ਇਸ ਲਈ ਸਰਬ ਕਲਾ ਸਮਰੱਥ ਪ੍ਰਭੂ ਨੂੰ ਛੱਡ ਕੇ ਗੁਰਮੁਖ ਹੋਰ ਕਿਸੇ ਦੇਵੀ ਦੇਵਤੇ ਦੀ ਅਰਾਧਨਾ ਨਹੀਂ ਕਰਦੇ।

## *੩. ਆਦਿ ਪੁਰਖ ਦੀ ਉਸਤਤਿ*

**੧. ਪੀਰ ਪੈਕੰਬਰ ਹੋਇ ਕਰਦੇ ਬੰਦਗੀ।**
**੨. ਸੇਖ ਮਸਾਇਕ ਹੋਇ ਕਰਿ ਮੁਹਿਛੰਦਗੀ।**
**੩. ਗਉਸ ਕੁਤਬ ਕਈ ਲੋਗ ਦਰ ਬਖਸ਼ੰਦਗੀ।**
**੪. ਦਰ ਦਰਵੇਸ਼ ਖਲੋਇ ਮਸਤ ਮਸੰਦਗੀ।**
**੫. ਵਲੀਉਲਹ ਸੁਣਿ ਸੋਇ ਕਰਨਿ ਪਸੰਦਗੀ।**
**੬. ਦਰਗਹ ਵਿਰਲਾ ਕੋਇ ਬਖਤ ਬਲੰਦਗੀ ॥੩॥**

***ਪਦ ਅਰਥ :*** ਬੰਦਗੀ—ਭਜਨ ਸਿਮਰਨ, ਨਿੰਮ੍ਰਤਾ ਸਹਿਤ। ਮਸਾਇਕ—ਘਾਲ ਕਮਾਈਆਂ ਵਿਚ ਲਗੇ, ਸ਼ੇਖ ਦਾ ਬਹੁ ਵਚਨ ਭੀ ਹੈ। ਮੁਹਿਛੰਦਗੀ—ਮੁਹਤਾਜੀ। ਮਸੰਦਗੀ—ਮਸਨਦ (ਗੱਦੀ) 'ਤੇ ਬੈਠਣ ਵਾਲੇ। ਪਸੰਦਗੀ—ਪਸੰਦ। ਗਉਸ ਕੁਤਬ—ਮੁਸਲਮਾਨੀ ਮੱਤ ਦੇ ਵਿਦਵਾਨ।

***ਅਰਥ :***

(੧) (ਉਪ੍ਰੋਕਤ ਪਉੜੀ ਦੇ ਭਾਵ ਨੂੰ ਹੀ ਅਗੇ ਹੋਰ ਪ੍ਰਗਟ ਕਰਦੇ ਹਨ ਕਿ ਮੁਸਲਮਾਨੀ ਮੱਤ ਦੇ) ਪੀਰ ਪੈਕੰਬਰ ਹੋ ਕੇ (ਪਰਮੇਸ਼ਰ ਦੀ) ਬੰਦਗੀ ਕਰਦੇ ਹਨ।

(੨) (ਅਤੇ) ਸੇਖ ਮਸਾਇਕ (ਵੱਡੇ ਵੱਡੇ ਨਾਮੀ ਮੁਸਲਮਾਨ ਵਿਦਵਾਨ) ਹੋ ਕੇ (ਪਰਮੇਸ਼ਰ ਦੀ) ਮੁਹਤਾਜੀ ਹੀ ਕਰਦੇ ਹਨ (ਭਾਵ ਬੰਦਗੀ ਵਿਚ ਰਹਿੰਦੇ ਹਨ)।

(੩) ਗਉਸ ਅਤੇ ਕੁਤਬ (ਆਦਿ ਨਾਮੀ ਮੁਸਲਮਾਨਾਂ ਦੇ ਵਿਦਵਾਨ ਪ੍ਰਭੂ ਦੀ) ਦਰਗਾਹ ਤੋਂ ਬਖ਼ਸ਼ਸ਼ਾਂ ਹੀ ਮੰਗਦੇ ਹਨ।

(੪) (ਤੇ ਕਈ ਇਨ੍ਹਾਂ ਪ੍ਰਭੂ ਦੀ) ਦਰਗਾਹ ਦੇ ਦਰ ਦੇ ਦਰਵੇਸ਼ (ਫ਼ਕੀਰੀ ਧਾਰਨ ਕਰਕੇ) ਹੋ ਖਲੋਤੇ ਹਨ, ਤੇ ਇਸ ਗੱਲ ਵਿਚ ਹੀ ਉਹ ਮਸਤ ਹੋ ਮਸਨਦਾਂ 'ਤੇ ਬੈਠਣ ਵਾਲਿਆਂ ਵਾਂਗ ਹੋ ਰਹੇ ਹਨ।

(੫) (ਅਤੇ) ਕਈ ਵਲੀ ਉਲਹ (ਅੱਲਾ ਦੇ ਸੱਚੇ ਖ਼ਿਦਮਤਗਾਰ ਸਾਈਂ ਲੋਕ) ਬਣ ਰਹੇ ਹਨ ਤੇ ਏਸੇ

ਹਾਲਤ ਵਿਚ ਰਹਿਣ ਨੂੰ ਉਹ ਪਸੰਦ ਕਰਦੇ ਹਨ।

(੬) (ਪਰ ਏਨੀਆਂ ਘਾਲ ਕਮਾਈਆਂ ਦੇ ਬਾਵਜੂਦ) ਕੋਈ ਵਿਰਲਾ ਹੀ ਹੈ (ਜੋ ਪਰਮੇਸ਼ਰ ਦੀ) ਦਰਗਹ (ਦਰਬਾਰ) ਵਿਚ ਉੱਚੇ ਮੁਰਾਤਬੇ ਨੂੰ ਹਾਸਲ ਕਰਦਾ ਹੈ (ਭਾਵ ਹਉਮੈਂ ਤੇ ਹੰਕਾਰ ਦੀਆਂ ਊਣਤਾਈਆਂ ਦਾ ਸ਼ਿਕਾਰ ਹੋ ਕੇ ਉੱਚ ਦਰਜੇ 'ਤੇ ਨਹੀਂ ਪੁੱਜ ਸਕਦੇ)।੩।

## ੪. ਕਾਦਰ ਨੂੰ ਹੀ ਕਰਤਾ ਜਾਣੋ

**੧. ਸੁਣਿ ਆਖਾਣਿ ਵਖਾਣੁ ਆਖਿ ਵਖਾਣਿਆ।**
**੨. ਹਿੰਦੂ ਮੁਸਲਮਾਣ ਨ ਸੱਚ ਸਿਵਾਣਿਆ।**
**੩. ਦਰਗਹ ਪਤਿ ਪਰਵਾਣ ਮਾਣ ਨ੍ਰਿਮਾਣਿਆ।**
**੪. ਵੇਦ ਕਤੇਬ ਕੁਰਾਣ ਨ ਆਖਰ ਜਾਣਿਆ।**
**੫. ਦੀਨ ਦੁਨੀ ਹੈਰਾਣ ਚੋਜ ਵਿਡਾਣਿਆ।**
**੬. ਕਾਦਰ ਨੋਂ ਕੁਰਬਾਣ ਕੁਦਰਤਿ ਮਾਣਿਆ॥੪॥**

***ਪਦ ਅਰਥ :*** ਆਖਾਣਿ ਵਖਾਣੁ—ਆਖੇ ਹੋਏ ਕਥਨਾਂ ਦੇ ਵਰਣਨ, ਭਾਵ ਸ਼ਾਸਤਰਾਂ ਦੇ ਵਖਿਆਨ। ਆਖਰ—ਅੰਤ ਨੂੰ। ਚੋਜ—ਕੌਤਕ। ਵਿਡਾਣਿਆ—ਅਸਚਰਜ। ਕੁਦਰਤਿ—ਪ੍ਰਭੂ ਦੀ ਪ੍ਰਪੰਚ ਰੂਪ ਰਚਨਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜਦੋਂ ਅਸੀਂ ਪੰਡਤਾਂ ਰਾਹੀਂ ਪੁਰਾਤਨ ਪੁਸਤਕਾਂ ਦੀ ਕਥਾ ਸੁਣਦੇ ਹਾਂ ਤਾਂ ਉਨ੍ਹਾਂ ਵਿਚੋਂ ਵੱਖੋ ਵੱਖ ਫਿਰਕਿਆਂ ਨੇ ਇਸ ਸੰਸਾਰ ਦੀ ਰਚਨਾ ਨੂੰ ਹੋਂਦ ਵਿਚ ਆਉਣ ਦੇ ਭਿੰਨ ਭਿੰਨ ਸਾਧਨ ਦਰਸਾਏ ਹਨ, ਜਿਨ੍ਹਾਂ ਦਾ ਆਪੋ ਵਿਚ ਉੱਕਾ ਹੀ ਤਾਲ-ਮੇਲ ਨਹੀਂ ਬੈਠਦਾ, ਸੁਣਨ ਵਾਲੇ ਸ੍ਰੋਤੇ ਭਰਮ ਭੁਲੇਖੇ ਵਿਚ ਪਏ ਰਹਿੰਦੇ ਹਨ, ਕਿਉਂ ਜੀ! ਤੁਸੀਂ ਗੁਰਮਤ ਅਨੁਸਾਰ ਜਾਣਕਾਰੀ ਦਿਓਗੇ ਕਿ ਇਸ ਪ੍ਰਪੰਚ ਦੀ ਰਚਨਾ ਕਦੋਂ ਤੇ ਕਿਵੇਂ ਹੋਂਦ ਵਿਚ ਆਈ ਹੈ, ਤਾਕਿ ਅਸੀਂ ਨਿਰਸੰਦੇਹ ਹੋ ਸਕੀਏ ?

**ਉ:** ਹੇ ਭਾਈਓ! ਇਸ ਤੁਹਾਡੇ ਪ੍ਰਸ਼ਨ ਦੇ ਉੱਤਰ ਦੇਣ ਦੀ ਮੇਰੇ ਵਿਚ ਤਾਂ ਕੋਈ ਸਮਰੱਥਾ ਨਹੀਂ। ਪਰ ਹਾਂ, ਇਹੋ ਪ੍ਰਸ਼ਨ ਸਿੱਧਾਂ ਨੇ ਭੀ ਗੁਰੂ ਨਾਨਕ ਦੇਵ ਜੀ ਨੂੰ ਕੀਤਾ ਸੀ। ਜਦੋਂ ਗੁਰੂ ਨਾਨਕ ਦੇਵ ਜੀ ਜਗਤ ਦੇ ਭੁਲੇ ਹੋਏ ਲੋਕਾਂ ਨੂੰ ਸੱਚ ਦਾ ਮਾਰਗ ਦਰਸਾਉਂਦੇ ਹੋਏ ਸੁਮੇਰ ਪਰਬਤ ਪਰ ਪੁਜੇ ਤਾਂ ਸਿੱਧਾਂ ਨੇ ਕਈ ਪ੍ਰਕਾਰ ਦੇ ਪ੍ਰਸ਼ਨ ਕੀਤੇ, ਜਿਨ੍ਹਾਂ ਵਿਚੋਂ ਇਹ ਭੀ ਇਕ ਪ੍ਰਸ਼ਨ ਸੀ ਕਿ ਹੇ ਬਾਲੇ! ਸਾਨੂੰ ਇਹ ਦੱਸ ਕਿ ਇਸ ਜਗਤ ਦੀ ਰਚਨਾ ਕਦੋਂ ਤੇ ਕਿਵੇਂ ਰਚੀ ਗਈ ਹੈ, ਤਾਂ ਗੁਰੂ ਜੀ ਨੇ ਉਨ੍ਹਾਂ ਦੇ ਕੀਤੇ ਪ੍ਰਸ਼ਨ ਨੂੰ ਬਾਣੀ ਦੁਆਰੇ ਅੰਕਤ ਕੀਤਾ ਹੈ, ਜਿਵੇਂ ਕਿ :

ਕਵਣੁ ਸੁ ਵੇਲਾ ਵਖਤੁ ਕਵਣੁ
ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ
ਜਿਤੁ ਹੋਆ ਆਕਾਰੁ॥ *(ਜਪੁਜੀ ਸਾਹਿਬ, ਪੰਨਾ ੪)*

ਭਾਵ ਹੇ ਨਾਨਕ! ਇਹ ਦੱਸ ਜਦੋਂ ਇਸ ਜਗਤ ਦਾ ਆਕਾਰ ਹੋਂਦ ਵਿਚ ਆਇਆ ਹੈ, ਤਦੋਂ ਵੇਲਾ, ਵਖਤ, ਥਿਤ, ਵਾਰ, ਰੁੱਤ, ਮਹੀਨਾ, ਕਿਹੜਾ ਸੀ ? ਤਾਂ ਗੁਰੂ ਨਾਨਕ ਪਾਤਿਸ਼ਾਹ ਨੇ ਉਤਰ ਦਿਤਾ ਸੀ ਕਿ ਹੇ ਸਿੱਧੋ! ਸੁਣੋ ਇਸ ਸੰਬੰਧੀ ਤਾਂ :

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥
ਵਖਤੁ ਨ ਪਾਇਓ ਕਾਦੀਆ
ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰੁ ਨਾ ਜੋਗੀ ਜਾਣੈ
ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥
*(ਜਪੁਜੀ ਸਾਹਿਬ, ਪੰਨਾ ੪)*

ਹੇ ਭਾਈ! ਇਸ ਪੱਖ ਨੂੰ ਪੰਡਿਤ, ਕਾਜ਼ੀ, ਜੋਗੀ ਕੋਈ ਭੀ ਨਹੀਂ ਜਾਣਦਾ, ਕਿਉਂਕਿ ਜੇ ਕੋਈ ਜਾਣਕਾਰੀ ਰੱਖਦਾ ਤਾਂ ਕਿਸੇ ਪੁਰਾਣ, ਕੁਰਾਣ ਵਿਚ ਇਸ ਬਾਰੇ ਕੋਈ ਕੁਝ ਜ਼ਰੂਰ ਲਿਖਦਾ, ਪਰ ਇਸ ਸੰਬੰਧ ਵਿਚ ਕਿਸੇ ਨੇ ਭੀ ਕੁਝ ਨਹੀਂ ਲਿਖਿਆ। ਬਸ, ਇਸ ਬਾਰੇ ਤਾਂ ਕੇਵਲ ਇਹੋ ਹੀ ਕਿਹਾ ਜਾ ਸਕਦਾ ਹੈ ਕਿ ਜਿਸ ਕਰਤੇ ਕਰਤਾਰ ਨੇ ਇਸ ਸੰਸਾਰ ਦੀ ਰਚਨਾ ਰਚੀ ਹੈ, ਇਸਨੂੰ ਉਹ ਆਪੇ ਹੀ ਜਾਣਦਾ ਹੈ :

ਜਦਹੁ ਆਪੇ ਥਾਟੁ ਕੀਆ ਬਹਿ ਕਰਤੈ
ਤਦਹੁ ਪੁਛਿ ਨ ਸੇਵਕੁ ਬੀਆ॥
ਤਦਹੁ ਕਿਆ ਕੋ ਲੇਵੈ ਕਿਆ ਕੋ ਦੇਵੈ
ਜਾਂ ਅਵਰੁ ਨ ਦੂਜਾ ਕੀਆ॥ *(ਪਉੜੀ, ਪੰਨਾ ੫੫੧)*

ਪੁਛਿ ਨ ਸਾਜੇ ਪੁਛਿ ਨ ਦੇਵੈ ਲੇਇ॥
ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ॥
*(ਸਿਰੀਰਾਗੁ ਮ: ੧, ਪੰਨਾ ੫੩)*

ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥੩॥
*(ਰਾਮਕਲੀ ਮ: ੧, ਪੰਨਾ ੯੩੦)*

ਇਸ ਭਾਵ ਦੀਆਂ ਹੋਰ ਵੀ ਬਹੁਤ ਪੰਗਤੀਆਂ ਪੜ੍ਹਨ ਵਿਚ ਆਉਂਦੀਆਂ ਹਨ, ਜਿਨ੍ਹਾਂ ਤੋਂ ਸਾਬਤ ਹੁੰਦਾ ਹੈ ਕਿ ਉਸ ਕਰਤੇ ਨੇ ਜਦੋਂ ਇਸ ਜਗਤ ਦੀ ਰਚਨਾ ਰਚੀ ਹੈ ਤਾਂ ਉਸ ਵੇਲੇ ਕਿਸੇ ਨੂੰ ਪੁੱਛ ਕੇ ਨਹੀਂ ਰਚੀ ਅਤੇ ਨਾਹੀ ਕਿਸੇ ਤੋਂ ਢਾਉਣ ਵੇਲੇ ਹੀ ਪੁਛਦਾ ਹੈ, ਕਿਉਂਕਿ ਉਸ ਤੋਂ ਬਿਨਾਂ ਕੋਈ ਦੂਜਾ ਹੈ ਹੀ ਨਹੀਂ ਸੀ, ਇਸ ਲਈ ਉਸ ਕਰਤੇ ਦੀ ਮਰਯਾਦਾ ਨੂੰ ਉਹ ਕਰਤਾ ਹੀ ਜਾਣਦਾ ਹੈ ਜਾਂ ਗੁਰੂ ਸੂਰਮੇ ਜਾਣਦੇ ਹਨ।

ਪੁਰਾਤਨ ਰਿਖੀਆਂ ਮੁਨੀਆਂ ਨੇ ਜੋ ਸ਼ਾਸਤ੍ਰ ਪੁਰਾਣਾਂ ਵਿਚ ਇਸ ਸੰਸਾਰ ਦੀ ਰਚਨਾ ਬਾਰੇ ਆਪੋ ਆਪਣੇ ਖ਼ਿਆਲ ਅੰਕਤ ਕੀਤੇ ਹਨ, ਇਹ ਭੀ ਉਨ੍ਹਾਂ ਦੇ ਪਿੱਛੇ ਹੋ ਗੁਜ਼ਰੇ ਸਿਆਣਿਆਂ ਦੇ ਸੁਣੇ ਸੁਣਾਏ ਕਿਆਸ ਹਨ, ਜਿਨ੍ਹਾਂ 'ਤੇ ਪੂਰਨ ਨਿਸਚਾ ਨਹੀਂ ਕੀਤਾ ਜਾ ਸਕਦਾ। ਕਿਉਂਕਿ ਪੁਰਾਣੇ ਲਿਖਾਰੀਆਂ ਦੇ ਲੇਖ ਇਕ ਦੂਜੇ ਨਾਲ ਤਾਲ-ਮੇਲ ਹੀ ਨਹੀਂ ਰੱਖਦੇ। ਪਰਸਪਰ ਖੰਡਨ ਮੰਡਨ ਕਰਦੇ ਰਹਿਣ ਵਿਚ ਹੀ ਸਮਾਂ ਗੁਜ਼ਾਰਦੇ ਰਹੇ ਹਨ। ਪਰ ਜਦੋਂ ਇਨ੍ਹਾਂ ਸਾਰੇ ਪੁਰਾਤਨ ਮੱਤਾਂ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਤੱਕਿਆ ਜਾਏ ਤਾਂ ਇਹ ਸਾਰੇ ਮੱਤ ਧੁੰਦਲੇ ਨਜ਼ਰ ਆਉਂਦੇ ਹਨ। ਜਿਤਨੇ ਭੀ ਸੰਸਾਰ ਭਰ ਦੇ ਮੱਤਾਂ ਨੂੰ ਖੋਜਿਆ ਜਾਏ ਉਹ ਜਿਥੇ ਜਾ ਕੇ ਖਲੋ ਜਾਂਦੇ ਹਨ ਗੁਰੂ ਦੀ ਗੁਰਮਤ ਉਥੋਂ ਅਗੋ ਸ਼ੁਰੂ ਹੁੰਦੀ ਹੈ, ਭਾਵ ਸਾਰੇ ਹੀ ਮੱਤ ਉਰਾਰ ਰਹਿ ਜਾਂਦੇ ਹਨ ਗੁਰਮਤ ਸਿਖ਼ਰਾਂ ਨੂੰ ਛੋਂਹਦੀ ਹੈ, ਇਸ ਲਈ ਗੁਰਬਾਣੀ ਦੇ ਖੋਜੀ ਕੇਵਲ ਗੁਰਬਾਣੀ ਦੇ ਆਧਾਰਿਤ ਹੋ ਜੀਵਨ ਗੁਜ਼ਾਰਦੇ ਹਨ, ਉਹ ਭਿੰਨ ਭਿੰਨ ਮੱਤਾਂ ਦੇ ਭਰਮ ਭੁਲੇਖਿਆਂ ਵਿਚ ਨਹੀਂ ਭਰਮਦੇ। ਸੋ, ਮੈਂ ਉਨ੍ਹਾਂ ਗੁਰਮਤੀਆਂ ਦੀਆਂ ਭਾਵਨਾਵਾਂ ਨੂੰ ਮੁਖ ਰੱਖ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ ਕਿ ਗੁਰਮੁਖਾਂ ਦੇ ਕੀ ਵੀਚਾਰ ਹਨ :

(੧) (ਗੁਰਮੁਖ ਇਹੋ ਹੀ ਅਨੁਭਵ ਕਰਦੇ ਹਨ ਕਿ ਪੁਰਾਤਨ ਜਿਤਨੇ ਭੀ ਲੇਖਕ ਹਨ ਉਹ ਸਾਰੇ ਹੀ ਹੋਰਨਾਂ ਦੇ) ਅਖਾਣਾਂ ਨੂੰ (ਭਾਵ ਧਰਮ ਪੁਸਤਕਾਂ ਦੀਆਂ ਲਿਖਤਾਂ ਨੂੰ) ਸੁਣ ਕੇ ਹੀ ਆਖਦੇ (ਭਾਵ ਅਗੋਂ ਕਥਾ ਵਾਚਕ ਲੋਕਾਂ ਨੂੰ ਸੁਣਾਉਂਦੇ) ਹਨ।

(੨) ਹਿੰਦੂ ਤੇ ਮੁਸਲਮਾਨ ਦੋਹਾਂ ਨੇ ਹੀ ਸੱਚ ਨੂੰ ਨਹੀਂ ਪਛਾਣਿਆ।

(੩) (ਇਸ ਅਸਲੀਅਤ ਨੂੰ ਨਹੀਂ ਜਾਣਿਆ ਕਿ ਰੱਬ ਦੀ) ਦਰਗਾਹ ਵਿਚ ਤਾਂ ਪਤਿ (ਇੱਜ਼ਤ) ਉਸੇ ਦੀ ਹੀ ਪ੍ਰਵਾਣ ਹੋਣੀ ਹੈ ਜਿਸਨੇ ਮਾਣ ਹੁੰਦੇ ਹੋਏ ਵੀ ਨਿਮਾਣਾ ਹੋ ਕੇ (ਨਿੰਮ੍ਰਤਾ ਧਾਰਨ ਕੀਤੀ) ਹੈ।

(੪) ਵੇਦਾਂ ਕਤੇਬਾਂ ਤੇ ਕੁਰਾਣਾਂ ਆਦਿ (ਧਰਮ ਗ੍ਰੰਥਾਂ) ਨੇ ਵੀ (ਪਰਮੇਸ਼ਰ ਦਾ) ਅੰਤ ਨਹੀਂ ਪਾਇਆ। ਹੱਦਾਂ ਵਾਲੀਆਂ ਵਸਤਾਂ, ਬੇਹੱਦ ਦਾ ਅੰਤ ਕਿਵੇਂ ਪਾ ਸਕਦੀਆਂ ਹਨ ?

(੫) ਦੀਨ ਅਤੇ ਦੁਨੀਆ (ਏਥੇ ਓਥੇ, ਦੋਹਾਂ ਜਹਾਨਾਂ) ਦੇ ਲੋਕ ਹੈਰਾਨ ਹੋ ਰਹੇ ਹਨ ਕਿ ਪਰਮੇਸ਼ਰ ਕਿੰਨੇ ਅਸਚਰਜ ਕੌਤਕਾਂ ਵਾਲਾ ਹੈ।

(੬) ਐਸੇ ਕਾਦਰ (ਸ੍ਰਿਸ਼ਟੀ ਦੇ ਸਾਜਨਹਾਰ) ਤੋਂ ਵਾਰਨੇ ਤੇ ਬਲਿਹਾਰੇ ਜਾਈਏ, ਜਿਸਨੇ ਐਡੀ ਕੁਦਰਤ ਨੂੰ ਆਸਰਾ ਤੇ ਮਾਣ ਦੇ ਰਖਿਆ ਹੈ।੪।

***ਭਾਵਾਰਥ :*** ਜਦੋਂ ਅਸੀਂ ਉਸ ਕਾਦਰ ਦੀ ਕੁਦਰਤ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਉਸਦੀ ਇਕ ਇਕ ਸ਼ੈ ਵਿਚੋਂ ਬੇਅੰਤਤਾ ਦੀ ਝਲਕ ਦਿੱਸਦੀ ਹੈ, ਜਿਵੇਂ ਅਸੀਂ ਪੜ੍ਹਦੇ ਹਾਂ :

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥
*(ਜਪੁਜੀ, ਪੰਨਾ ੫)*

ਭਾਵ ਜਿਸ ਰਚਨਹਾਰ ਕਰਤਾਰ ਨੇ ਇਸ ਸਾਰੀ ਰਚਨਾ ਨੂੰ ਇਕ ਅੱਖ ਦੇ ਫਰਕਣ ਵਿਚ ਰਚਕੇ ਫਿਰ ਸ਼ੀਘਰ ਹੀ ਅਭਾਵ ਕਰ ਦਿਤਾ ਹੈ, ਉਸਦਾ ਲੇਖਾ ਕੌਣ ਲਿਖ ਸਕਦਾ ਹੈ, ਕਈ ਲੇਖਾ ਲਿਖਣ ਵਾਲੇ ਲਿਖਦੇ ਲਿਖਦੇ ਉਸਦਾ ਲੇਖਾ ਤਾਂ ਨਹੀਂ ਲਿਖ ਸਕੇ, ਆਖ਼ਰ ਨੂੰ ਆਪਣਾ ਹੀ ਅੰਤ ਕਰ ਬੈਠੇ :

ਅੰਤ ਕਉ ਚਾਹਨ ਜੋ ਗਏ ਸੇ ਆਏ ਅੰਤ ਗਵਾਏ ॥
*(ਦਸਮ ਗ੍ਰੰਥ)*

## ੫. ਮਾਇਕੀ ਰਸਾਂ ਕਸਾਂ ਦੇ ਰਸੀਏ ਪ੍ਰਭੂ ਦੇ ਨਾਮ ਰਸ ਨੂੰ ਨਹੀਂ ਪਾ ਸਕਦੇ

**੧. ਲੱਖ ਲੱਖ ਰੂਪ ਸਰੂਪ ਅਨੂਪ ਸਿਧਾਵਹੀਂ।**
**੨. ਰੰਗ ਬਿਰੰਗ ਸੁਰੰਗ ਤਰੰਗ ਬਣਾਵਹੀਂ।**

**੩. ਰਾਗ ਨਾਦ ਵਿਸਮਾਦ ਗੁਣ ਨਿਧਿ ਗਾਵਹੀਂ।**
**੪. ਰਸ ਕਸ ਲੱਖ ਸੁਆਦ ਚੱਖਿ ਚਖਾਵਹੀਂ।**
**੫. ਗੰਧ ਸੁਗੰਧ ਕਰੋੜਿ ਮਹ ਮਹਕਾਵਹੀਂ।**
**੬. ਗੈਰ ਮਹਲਿ ਸੁਲਤਾਨ ਮਹਲ ਨ ਪਾਵਹੀਂ ॥੫॥**

***ਪਦ ਅਰਥ :*** ਸਿਧਾਵਹੀਂ-ਖ਼ਤਮ ਹੋ ਜਾਂਦੇ ਹਨ, ਮਰ ਜਾਂਦੇ ਹਨ। ਤਰੰਗ–ਕੌਤਕ, ਤਰ੍ਹਾਂ ਤਰ੍ਹਾਂ ਦੇ ਖੇਲ। ਵਿਸਮਾਦ–ਹੈਰਾਨੀ ਜਨਕ। ਗੁਣ ਨਿਧਿ–ਗੁਣਾਂ ਦਾ ਸਮੁੰਦਰ। ਮਹ ਮਹਕਾਵਹੀਂ–ਧਰਤੀ ਨੂੰ ਸੁਗੰਧਤ ਕਰਦੇ ਹਨ। ਗੈਰ ਮਹਿਲ–ਮਹਲ ਤੋਂ ਦੂਰ, ਸਰੂਪ ਪ੍ਰਾਪਤ ਤੋਂ ਠੀਕ ਦੂਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਤੁਸਾਂ ਤਾਂ ਵਰਤਮਾਨ ਸਮੇਂ ਦੀ ਸਾਰੀ ਲੁਕਾਈ ਨੂੰ ਹਰ ਪੱਖੋਂ ਹੀ ਪੜਚੋਲਿਆ ਹੈ, ਆਪ ਜੀ ਨੂੰ ਹਰੇਕ ਬੰਦੇ ਦੇ ਸੁਭਾਉ ਤੇ ਵਰਤਾਉ ਵਲੋਂ ਚੰਗੀ ਸੂਝ ਬੂਝ ਹੈ, ਪਰ ਆਪ ਜੀ ਨੇ ਉਸ ਪਰਮੇਸ਼ਰ ਪਾਤਿਸ਼ਾਹ ਦੀ ਨੇੜਤਾ ਰੱਖਣ ਵਾਲੇ ਕਿਤਨੇ ਕੁ ਲੋਕ ਵੇਖੇ ਹਨ, ਕਿਉਂਕਿ ਆਪਣੇ ਆਪ ਵਿਚ ਤਾਂ ਸਾਰੇ ਹੀ ਅਨੁਭਵ ਕਰਦੇ ਹਨ ਕਿ ਮੈਂ ਉਸ ਪਰਮੇਸ਼ਰ ਨੂੰ ਪਾ ਲਿਆ ਹੈ, ਜਿਵੇਂ ਹੁਕਮ ਆਉਂਦਾ ਹੈ ਕਿ :

ਘਾਟਿ ਨ ਕਿਨਹੀ ਕਹਾਇਆ ॥
ਸਭ ਕਹਤੇ ਹੈ ਪਾਇਆ ॥ *(ਸ੍ਰੀਰਾਗੁ ਮ: ੫, ਪੰਨਾ ੭੧)*

ਭਾਵ ਜਦੋਂ ਅਸੀਂ ਉਨ੍ਹਾਂ ਦੀ ਰਹਿਤ, ਬਹਿਤ, ਕਰਨੀ ਵੱਲ ਨਜ਼ਰ ਮਾਰਦੇ ਹਾਂ ਤਾਂ ਇਹ ਜਾਣਕਾਰੀ ਮਿਲਦੀ ਹੈ ਕਿ ਇਨ੍ਹਾਂ ਦੀ ਕਹਿਣੀ ਕਥਨੀ ਫੋਕੀ ਹੈ, ਕਿਉਂਕਿ ਉਹ ਮਨ ਕਰਕੇ ਮਾਇਕੀ ਪਦਾਰਥਾਂ ਵਿਚ ਖੱਚਤ ਹੋਏ ਦਿਸਦੇ ਹਨ, ਕਿਉਂ ਜੀ, ਤੁਸਾਂ ਦਾ ਅਜਿਹੇ ਲੋਕਾਂ ਬਾਰੇ ਆਪਣਾ ਕੀ ਨਿਸਚਾ ਹੈ, ਬਾਣੀ ਰਾਹੀਂ ਦਰਸਾਉਣ ਦੀ ਕ੍ਰਿਪਾ ਕਰੋ ?

ਪ੍ਰ: ਹੇ ਭਾਈਓ ! ਅਜਿਹੇ ਲੋਕਾਂ ਦੇ ਜੀਵਨ ਨੂੰ ਜਦੋਂ ਬਾਣੀ ਦੁਆਰੇ ਪਰਖੀਏ ਤਾਂ ਸਾਬਤ ਹੁੰਦਾ ਹੈ ਕਿ ਉਨ੍ਹਾਂ ਦੇ ਮਨ ਅੰਦਰ ਜੋ ਪਦਾਰਥਾਂ ਦੇ ਰਸ ਕਸ ਵੱਸਦੇ ਹਨ ਤਾਂ ਉਨ੍ਹਾਂ ਦਾ ਰੱਬ ਨੂੰ ਪਾ ਲੈਣ ਦਾ ਕਹਿਣਾ ਥੋਥਾ ਹੈ, ਕਿਉਂਕਿ ਜਦੋਂ ਤੀਕ ਕਿਸੇ ਦੇ ਮਨ ਵਿਚ ਸੰਸਾਰ ਦੇ ਰਸ ਕਸ ਵੱਸਦੇ ਹਨ ਉਸ ਦੇ ਅੰਤਰ ਆਤਮੇ ਨਾਮ ਦਾ ਪ੍ਰੇਮ ਰਸ ਨਿਵਾਸ ਹੀ ਨਹੀਂ ਕਰ ਸਕਦਾ, ਜਿਵੇਂ ਬਾਣੀ ਦਾ ਫ਼ੁਰਮਾਨ ਹੈ :

ਰਾਰਾ ਰਸੁ ਨਿਰਸ ਕਰਿ ਜਾਨਿਆ ॥
ਹੋਇ ਨਿਰਸ ਸੁ ਰਸੁ ਪਹਿਚਾਨਿਆ ॥
ਇਹ ਰਸ ਛਾਡੇ ਉਹ ਰਸੁ ਆਵਾ ॥
ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥੩੫॥
*(ਬਾਵਨ ਅਖਰੀ ਕਬੀਰ ਜੀ, ਪੰਨਾ ੩੪੨)*

ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥
*(ਮ: ੨, ਪੰਨਾ ੪੭੪)*

ਰਸੁ ਸੁਇਨਾ ਰਸੁ ਰੁਪਾ ਕਾਮਣਿ
ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥
*(ਸ੍ਰੀ ਰਾਗੁ ਮ: ੧, ਪੰਨਾ ੧੫)*

ਆਨ ਰਸਾ ਜੇਤੇ ਤੈ ਚਾਖੇ ॥
ਨਿਮਖ ਨ ਤ੍ਰਿਸਨਾ ਤੇਰੀ ਲਾਥੇ ॥
ਹਰਿ ਰਸ ਕਾ ਤੂੰ ਚਾਖਹਿ ਸਾਦੁ ॥
ਚਾਖਤ ਹੋਇ ਰਹਹਿ ਬਿਸਮਾਦੁ ॥੧॥
ਅੰਮ੍ਰਿਤੁ ਰਸਨਾ ਪੀਉ ਪਿਆਰੀ ॥
ਇਹ ਰਸ ਰਾਤੀ ਹੋਇ ਤ੍ਰਿਪਤਾਰੀ ॥੧॥ਰਹਾਉ॥
*(ਗਉੜੀ ਮ: ੫, ਪੰਨਾ ੧੮੦)*

ਇਨ੍ਹਾਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਦੁਆਰੇ ਸਾਨੂੰ ਬੋਧ ਮਿਲਦਾ ਹੈ ਕਿ ਜਿਤਨਾ ਚਿਰ ਕਿਸੇ ਦੇ ਅੰਤਰ ਆਤਮੇ ਇਨ੍ਹਾਂ ਮਾਇਕੀ ਪਦਾਰਥਾਂ ਦੇ ਰੰਗ ਰੰਗ ਦੇ ਰਸ ਵੱਸਦੇ ਹਨ, ਉਨ੍ਹਾਂ ਦੇ ਅੰਦਰ ਨਾਮ ਰਸ ਦਾ ਨਿਵਾਸ ਨਹੀਂ ਹੋ ਸਕਦਾ। ਕਿਉਂਕਿ ਜਦੋਂ ਤੀਕ ਕਿਸੇ ਬਰਤਨ ਵਿਚੋਂ ਪਹਿਲੀ ਪਈ ਵਸਤੂ ਨੂੰ ਨਹੀਂ ਨਿਕਾਲਿਆ ਜਾਂਦਾ ਉਤਨਾ ਚਿਰ ਦੂਸਰੀ ਵਸਤੂ ਉਸ ਵਿਚ ਪਾਈ ਨਹੀਂ ਜਾ ਸਕਦੀ। ਕਿਉਂਕਿ ਜ਼ਰੂਰੀ ਹੈ ਕਿ ਕਿਸੇ ਭਾਂਡੇ ਵਿਚ ਅੰਮ੍ਰਿਤ ਪਾਉਣ ਲਈ ਪਹਿਲੋਂ ਉਸ ਵਿਚੋਂ ਜ਼ਹਿਰ ਨਿਕਾਲੀ ਜਾਏ। ਸੋ, ਜਿਨ੍ਹਾਂ ਲੋਕਾਂ ਦੇ ਮਨਾਂ ਵਿਚ ਪਦਾਰਥਾਂ ਦੇ ਰਸ ਵੱਸਦੇ ਹਨ, ਉਹ ਭਾਵੇਂ ਕਿਤਨਾ ਭੀ ਕਹਿੰਦੇ ਰਹਿਣ ਕਿ ਸਾਨੂੰ ਨਾਮ ਦਾ ਰਸ ਪ੍ਰਾਪਤ ਹੋ ਗਿਆ ਹੈ, ਉਨ੍ਹਾਂ ਦਾ ਇਹ ਕਹਿਣਾ ਥੋਥਾ ਹੈ। ਜਿਨ੍ਹਾਂ ਨੂੰ ਨਾਮ ਰਸ ਦੀ ਪ੍ਰਾਪਤੀ ਹੋ ਜਾਏ, ਉਹ ਤਾਂ ਉਸ ਰਸ ਨੂੰ ਕੇਵਲ ਅਨੁਭਵ ਹੀ ਕਰਦੇ ਹਨ, ਉਸ ਬਾਰੇ ਉਹ ਕੁਝ ਕਹਿ ਨਹੀਂ ਸਕਦੇ, ਕਿਉਂਕਿ ਉਸ ਰਸ ਦੀ ਮਹਾਨਤਾ ਵਿਚ ਪੁੱਜਿਆ ਰਸੀਆ ਉਸ ਅਵੱਸਥਾ ਵਿਚ ਚਲਾ ਜਾਂਦਾ ਹੈ, ਜਿਥੇ ਜਾ ਕੇ ਕਥਨ ਦਾ ਭੀ ਅਭਾਵ ਹੋ ਜਾਂਦਾ ਹੈ, ਉਹ ਗੁੰਗੇ ਦੀ

ਮਠਿਆਈ ਖਾਣ ਵਾਂਙੂ ਕੁੱਝ ਕਹਿ ਨਹੀਂ ਸਕਦਾ, ਜਿਵੇਂ :

ਕਹੁ ਕਬੀਰ ਗੂੰਗੈ ਗੁੜੁ ਖਾਇਆ
ਪੂਛੇ ਤੇ ਕਿਆ ਕਹੀਐ ॥੪॥੭॥੫੧॥

*(ਗਉੜੀ ਕਬੀਰ ਜੀ, ਪੰਨਾ ੩੩੪)*

ਭਾਵ ਹੈ ਜੇ ਕਿਸੇ ਗੂੰਗੇ ਨੂੰ ਗੁੜ ਖਵਾ ਕੇ ਪੁਛਿਆ ਜਾਏ ਕਿ ਦੱਸ ਤੈਨੂੰ ਕੀ ਰਸ ਆਇਆ ਹੈ, ਉਹ ਕੁਝ ਭੀ ਨਹੀਂ ਕਹਿ ਸਕਦਾ। ਉਸਦੇ ਨਾ ਦੱਸਣ ਦਾ ਇਹ ਭਾਵ ਨਹੀਂ ਕਿ ਉਸਨੂੰ ਕੋਈ ਰਸ ਹੀ ਨਹੀਂ ਆਇਆ, ਰਸ ਤਾਂ ਉਸਨੂੰ ਬਹੁਤ ਆਇਆ ਹੈ, ਪਰ ਉਸ ਰਸ ਨੂੰ ਬਿਆਨ ਕਰਨ ਲਈ ਉਸ ਪਾਸ ਜ਼ੁਬਾਨ ਨਹੀਂ। ਇਸੇ ਤਰ੍ਹਾਂ ਨਾਮ ਦੀ ਪ੍ਰਾਪਤੀ ਵਾਲਾ ਕਿਸੇ ਨੂੰ ਕੁਝ ਦੱਸ ਨਹੀਂ ਸਕਦਾ, ਜੇ ਕੋਈ ਦੱਸਦਾ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਸਦੇ ਦੱਸਣ ਵਿਚ ਫੋਕਾਪਣ ਹੈ। ਸੋ ਅਜਿਹੇ ਕਥਨੀ ਦੇ ਕੱਚੇ ਲੋਕ ਉਸ ਪਰਮੇਸ਼ਰ ਪਾਤਿਸ਼ਾਹ ਦੇ ਸਰੂਪ ਰੂਪੀ ਮਹਿਲ ਤੋਂ ਸੈਂਕੜੇ ਕੋਹਾਂ ਦੂਰ ਰਹਿੰਦੇ ਹਨ, ਉਹ ਵੇਖਣ ਨੂੰ ਤਾਂ ਭਾਵੇਂ ਰੂਪ ਰੰਗ ਵਿਚ ਚਮਕਦੇ ਨਜ਼ਰ ਆਉਂਦੇ ਹਨ, ਆਖ਼ਰ ਨੂੰ ਉਹ ਇਸ ਜਗਤ ਤੋਂ ਖ਼ਾਲੀ ਚਲੇ ਜਾਂਦੇ ਹਨ, ਜਿਨ੍ਹਾਂ ਦੇ ਫੋਕੇਪਨ ਨੂੰ ਤੱਕ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ :

(੧) (ਜਿਵੇਂ ਆਮ ਹੀ ਵੇਖਣ ਵਿਚ ਆਉਂਦਾ ਹੈ ਕਿ) ਲੱਖਾਂ ਹੀ ਰੂਪ ਵਾਲੇ, ਚੰਗੇ ਸਰੂਪ ਵਾਲੇ ਤੇ ਐਸੇ ਅਨੂਪਮ ਰੂਪ ਵਾਲੇ, ਜਿਨ੍ਹਾਂ ਦੇ ਰੂਪ ਦਾ ਮੁਕਾਬਲਾ ਕਰਨ ਵਾਲਾ ਕੋਈ ਨਹੀਂ ਹੈ, ਇਹੋ ਜਿਹੇ ਸਭ ਚਲੇ ਜਾਂਦੇ (ਭਾਵ ਮਰ ਮੁੱਕ ਜਾਂਦੇ ਹਨ)।

(੨) ਕਈ ਤਰ੍ਹਾਂ ਦੇ ਰੰਗ ਤੇ ਬਿਰੰਗ (ਬਿਨਾ ਰੰਗ ਦੇ) ਤੇ ਚੰਗੇ ਰੰਗਾਂ ਵਾਲੇ ਤਰੰਗ (ਇਸ ਸੰਸਾਰ ਸਮੁੰਦਰ ਵਿਚ ਬੁਲਬੁਲਿਆਂ ਵਾਂਗ ਅਨੇਕਾਂ ਕੌਤਕ ਹੁੰਦੇ ਹਨ)। ਉਠਦੇ ਤੇ ਬਣ ਕੇ ਮੁੱਕ ਜਾਂਦੇ ਹਨ।

(੩) ਕਈ ਤਰ੍ਹਾਂ ਦੇ ਰਾਗ ਹਨ, ਸਾਜਾਂ ਦੇ ਨਾਦ ਵੱਜਦੇ ਹਨ ਜੋ ਮਸਤੀ ਤੇ ਵਜਦ ਵਿਚ ਲੈ ਆਉਂਦੇ ਹਨ, ਇਹ ਸਭ ਅਕਾਲ ਪੁਰਖ ਦੀਆਂ ਸਿਫ਼ਤਾਂ ਗਾ ਰਹੇ ਹਨ।

(੪) ਲੱਖਾਂ ਹੀ (ਮਿੱਠੇ) ਰਸ, ਕੌੜੇ ਰਸ ਤੇ ਸੁਆਦ ਹਨ, ਜੋ ਚੱਖੇ ਤੇ ਚਖਾਏ ਜਾ ਰਹੇ ਹਨ।

(੫) ਕਰੋੜਾਂ ਹਨ ਜੋ ਕੇਵਲ ਗੰਧ ਸੁਗੰਧ (ਵਾਸ਼ਨਾ ਤੇ ਖ਼ੁਸ਼ਬੂ) ਦੇ ਰਸ ਵਿਚ ਲਗੇ ਮਹਿਕਾਂ ਨੂੰ ਹੀ ਮਹਿਕਾਈ ਰਖਦੇ ਹਨ।

(੬) (ਪਰ ਪਰਮੇਸ਼ਰ ਵੱਲੋਂ ਭੁਲ ਕੇ, ਐਸੇ ਲੋਕ) ਮਾਲਕ ਦੇ ਮਹਿਲ ਤੋਂ ਦੂਰ ਹੋਰ ਥਾਵਾਂ 'ਤੇ ਹੀ ਰਹਿਣਗੇ ਮਾਲਕ (ਪ੍ਰਭੂ ਦਾ) ਮਹਿਲ ਪ੍ਰਾਪਤ ਨਹੀਂ ਕਰ ਸਕਣਗੇ, ਭਾਵ ਜੂਨੀਆਂ ਵਿਚ ਭਟਕਣਗੇ, ਉਹ ਮੋਖ ਪ੍ਰਾਪਤ ਨਹੀਂ ਕਰ ਸਕਣਗੇ।੫।

***ਭਾਵਾਰਥ :*** ਜਦੋਂ ਅਸੀਂ ਬਾਣੀ ਦੁਆਰੇ ਵੀਚਾਰ ਕਰੀਏ ਤਾਂ ਸਾਰੇ ਪਦਾਰਥਾਂ ਵਿਚੋਂ ਇਕ ਨਾਮ ਪਦਾਰਥ ਹੀ ਸ਼ਰੋਮਣੀ ਹੈ, ਜੋ ਮਨੁੱਖ ਨੂੰ ਰੱਬੀ ਦਰਬਾਰ ਤਕ ਪੁਚਾਉਣ ਦੀ ਸਮਰੱਥਾ ਰਖਦਾ ਹੈ ਬਾਕੀ ਸਾਰੇ ਪਦਾਰਥ ਇਥੇ ਹੀ ਰਹਿ ਜਾਂਦੇ ਹਨ, ਭਾਵੇਂ ਕਿਸੇ ਕੋਲ ਕਿਤਨੀ ਭੀ ਦੌਲਤ ਸੁਇਨਾ, ਹੀਰੇ, ਜਵਾਹਰਾਤ ਤੇ ਲਾਲ ਮਣੀਆਂ ਹਨ, ਬਾਣੀ ਦਾ ਫ਼ੁਰਮਾਨ ਹੈ :

ਲਖ ਮਣ ਸੁਇਨਾ ਲਖ ਮਣ ਰੁਪਾ
ਲਖ ਸਾਹਾ ਸਿਰਿ ਸਾਹ ॥
ਲਖ ਲਸਕਰ ਲਖ ਵਾਜੇ ਨੇਜੇ
ਲਖੀ ਘੋੜੀ ਪਾਤਿਸਾਹ ॥
ਜਿਥੈ ਸਾਇਰੁ ਲੰਘਣਾ ਅਗਨਿ ਪਾਣੀ ਅਸਗਾਹ ॥
ਕੰਧੀ ਦਿਸਿ ਨ ਆਵਈ ਧਾਹੀ ਪਵੈ ਕਹਾਹ ॥
ਨਾਨਕ ਓਥੈ ਜਾਣੀਅਹਿ ਸਾਹ ਕੇਈ ਪਾਤਿਸਾਹ ॥੪॥

*(ਮ: ੧, ਪੰਨਾ ੧੨੮੭)*

ਲਖ ਲਸਕਰ ਲਖ ਵਾਜੇ ਨੇਜੇ
ਲਖ ਉਠਿ ਕਰਹਿ ਸਲਾਮੁ ॥
ਲਖਾ ਉਪਰਿ ਫੁਰਮਾਇਸਿ ਤੇਰੀ
ਲਖ ਉਠਿ ਰਾਖਹਿ ਮਾਨ ॥
ਜਾਂ ਪਤਿ ਲੇਖੈ ਨਾ ਪਾਵੈ
ਤਾਂ ਸਭਿ ਨਿਰਾਫਲ ਕਾਮ ॥੧॥.......
ਲਖ ਖਟੀਅਹਿ ਲਖ ਸੰਜੀਅਹਿ ਖਾਜਹਿ
ਲਖ ਆਵਹਿ ਲਖ ਜਾਹਿ ॥
ਜਾਂ ਪਤਿ ਲੇਖੈ ਨਾ ਪਵੈ
ਤਾਂ ਜੀਅ ਕਿਥੈ ਫਿਰਿ ਪਾਹਿ ॥੨॥
ਲਖ ਸਾਸਤ ਸਮਝਾਵਣੀ
ਲਖ ਪੰਡਿਤ ਪੜਹਿ ਪੁਰਾਣ ॥
ਜਾਂ ਪਤਿ ਲੇਖੈ ਨਾ ਪਵੈ ਤਾਂ ਸਭੇ ਕੁਪਰਵਾਣੁ ॥੩॥

*(ਆਸਾ ਮ: ੧, ਪੰਨਾ ੩੫੮)*

ਇਸ ਤੋਂ ਆਦਿ ਹੋਰ ਭੀ ਉਦਾਹਰਣ ਮਿਲਦੇ ਹਨ ਕਿ ਨਾਮ ਤੋਂ ਸਖਣਾ ਮਨੁੱਖ ਕਿਤਨਾ ਭੀ ਕੋਈ ਪਦਾਰਥਾਂ ਨਾਲ ਭਰਪੂਰ ਹੋਵੇ ਉਹ ਰੱਬੀ ਦਰਬਾਰ ਵਿਚ ਕਬੂਲ ਨਹੀਂ ਹੁੰਦਾ।

## ੬. ਚੇਤਨ ਤੇ ਜੜ੍ਹ ਸ਼ਕਤੀਆਂ ਦੀ ਦੁਬਿਧਾ

**੧. ਸ਼ਿਵ ਸ਼ਕਤੀ ਦਾ ਮੇਲੁ ਦੁਬਿਧਾ ਹੋਵਈ।**
**੨. ਤ੍ਰੈ ਗੁਣ ਮਾਇਆ ਖੇਲੁ ਭਰਿ ਭਰਿ ਧੋਵਈ।**
**੩. ਚਾਰ ਪਦਾਰਥ ਭੇਲੁ ਹਾਰ ਪਰੋਵਈ।**
**੪. ਪੰਜਿ ਤੱਤ ਪਰਵੇਲ ਅੰਤਿ ਵਿਗੋਵਈ।**
**੫. ਛਿਅ ਰੁਤਿ ਬਾਰਹ ਮਾਹ ਹਸਿ ਹਸਿ ਰੋਵਈ।**
**੬. ਰਿੱਧਿ ਸਿੱਧਿ ਨਵ ਨਿੱਧਿ ਨੀਂਦ ਨ ਸੋਵਈ ॥੬॥**

***ਪਦ ਅਰਥ :*** ਸ਼ਿਵ ਸ਼ਕਤੀ—ਚੇਤਨ ਤੇ ਜੜ੍ਹ। ਦੁਬਿਧਾ—ਜਗਤ। ਭੇਲੁ—ਮੇਲ। ਪਰਵੇਲ—ਪੁਤਲਾ। ਵਿਗੋਵਈ—ਨਾਸ ਹੁੰਦੇ ਹਨ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਅਸੀਂ ਵਧੇਰੀ ਸੂਝ ਬੂਝ ਤਾਂ ਨਹੀਂ ਰੱਖਦੇ, ਪਰ ਤੁਸੀਂ ਸਾਨੂੰ ਮੋਟੇ ਜਿਹੇ ਸ਼ਬਦਾਂ ਵਿਚ ਇਹ ਦੱਸਣ ਦੀ ਖੇਚਲ ਕਰੋ ਕਿ ਇਸ ਜਗਤ ਦਾ ਪਸਾਰਾ ਕਿਵੇਂ ਬਣਦਾ ਹੈ ਤੇ ਇਸ ਦੀ ਸਾਰੀ ਹਿਲਜੁਲ ਕਿਵੇਂ ਖ਼ਤਮ ਹੋ ਜਾਂਦੀ ਹੈ। ਕਿਉਂਕਿ ਜਦੋਂ ਅਸੀਂ ਕਥਾਕਾਰ ਪੰਡਤਾਂ ਤੋਂ ਪੁਰਾਤਨ ਪੁਸਤਕਾਂ ਦੀਆਂ ਕਥਾਵਾਂ ਸੁਣਦੇ ਹਾਂ ਤਾਂ ਉਹ ਸਰੋਤਿਆਂ ਨੂੰ ਸਹੀ ਬੋਧ ਦੇਣ ਦੀ ਬਜਾਇ ਕਈ ਤਰ੍ਹਾਂ ਦੇ ਭਰਮ ਭੁਲੇਖਿਆਂ ਵਿਚ ਭਰਮਾ ਦੇਂਦੇ ਹਨ, ਇਸ ਲਈ ਤੁਸੀਂ ਸਾਨੂੰ ਇਹ ਪੱਖ ਸਧਾਰਨ ਸ਼ਬਦਾਂ ਵਿਚ ਸਮਝਾਓ ਕਿ ਇਸ ਪੱਖ ਨੂੰ ਗੁਰਮਤ ਨੇ ਕਿਵੇਂ ਦਰਸਾਇਆ ਹੈ, ਤਾਕਿ ਸਾਨੂੰ ਰੱਬੀ ਮਾਰਗ ਪਰ ਚੱਲਣ ਦੀ ਸਹੀ ਪ੍ਰੇਰਨਾ ਮਿਲ ਸਕੇ?

ਉ: ਹੇ ਭਾਈਓ! ਜਦੋਂ ਅਸੀਂ ਇਸ ਪੱਖ ਨੂੰ ਬਾਣੀ ਦੁਆਰੇ ਵੀਚਾਰੀਏ ਤਾਂ ਗੁਰੂ ਗ੍ਰੰਥ ਸਾਹਿਬ ਜੀ ਨੇ ਸਾਨੂੰ ਸਨਾਤਨ ਪੁਸਤਕਾਂ ਵਾਂਗ ਭਰਮਾਂ ਵਿਚ ਨਹੀਂ ਪਾਇਆ, ਸਗੋਂ ਸੰਸਿਆਂ ਤੋਂ ਬਚਣ ਲਈ ਸਹੀ ਸਿਧਾਂਤ ਦਰਸਾ ਦਿਤਾ ਹੈ ਕਿ ਇਨ੍ਹਾਂ ਭਰਮਾਂ ਵਿਚ ਪੈਣ ਦੀ ਲੋੜ ਹੀ ਨਹੀਂ। ਬਸ, ਇਸੇ ਇਕ ਸਿਧਾਂਤ ਨੂੰ ਸਮਝ ਲਓ ਕਿ ਅਰੰਭ ਵਿਚ ਤਾਂ ਕੇਵਲ:

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ
ਸੁੰਨ ਸਮਾਧਿ ਲਗਾਇਦਾ॥੧॥
ਖਾਣੀ ਨ ਬਾਣੀ ਪਉਣ ਨ ਪਾਣੀ॥
ਓਪਤਿ ਖਪਤਿ ਨ ਆਵਣ ਜਾਣੀ॥
ਖੰਡ ਪਤਾਲ ਸਪਤ ਨਹੀ ਸਾਗਰ
ਨਦੀ ਨ ਨੀਰੁ ਵਹਾਇਦਾ॥੨॥
ਨਾ ਤਦਿ ਸੁਰਗੁ ਮਛੁ ਪਇਆਲਾ॥
ਦੋਜਕੁ ਭਿਸਤੁ ਨਹੀ ਖੈ ਕਾਲਾ॥
ਨਰਕੁ ਸੁਰਗੁ ਨਹੀ ਜੰਮਣੁ ਮਰਣਾ
ਨਾ ਕੋ ਆਇ ਨ ਜਾਇਦਾ॥੩॥
ਬ੍ਰਹਮਾ ਬਿਸਨੁ ਮਹੇਸੁ ਨ ਕੋਈ॥
ਅਵਰੁ ਨ ਦੀਸੈ ਏਕੋ ਸੋਈ॥
ਨਾਰਿ ਪੁਰਖੁ ਨਹੀ ਜਾਤਿ ਨ ਜਨਮਾ
ਨਾ ਕੋ ਦੁਖੁ ਸੁਖੁ ਪਾਇਦਾ॥੪॥
ਨਾ ਤਦਿ ਜਤੀ ਸਤੀ ਬਨਵਾਸੀ॥
ਨਾ ਤਦਿ ਸਿਧ ਸਾਧਿਕ ਸੁਖ ਵਾਸੀ॥
ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ॥੫॥
ਜਪ ਤਪ ਸੰਜਮ ਨਾ ਬ੍ਰਤ ਪੂਜਾ।
ਨਾ ਕੋ ਆਖਿ ਵਖਾਣੈ ਦੂਜਾ॥
ਆਪੇ ਆਪਿ ਉਪਾਇ ਵਿਗਸੈ
ਆਪੇ ਕੀਮਤਿ ਪਾਇਦਾ॥੬॥
ਨਾ ਸੁਚਿ ਸੰਜਮੁ ਤੁਲਸੀ ਮਾਲਾ॥
ਗੋਪੀ ਕਾਨੁ ਨ ਗਊ ਗੋੁਆਲਾ॥
ਤੰਤੁ ਮੰਤੁ ਪਾਖੰਡੁ ਨ ਕੋਈ
ਨਾ ਕੋ ਵੰਸੁ ਵਜਾਇਦਾ॥੭॥
ਕਰਮ ਧਰਮ ਨਹੀ ਮਾਇਆ ਮਾਖੀ॥
ਜਾਤਿ ਜਨਮੁ ਨਹੀ ਦੀਸੈ ਆਖੀ॥
ਮਮਤਾ ਜਾਲੁ ਕਾਲੁ ਨਹੀ ਮਾਥੈ
ਨਾ ਕੋ ਕਿਸੈ ਧਿਆਇਦਾ॥੮॥
ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ॥
ਨਾ ਤਦਿ ਗੋਰਖੁ ਨਾ ਮਾਛਿੰਦੋ॥
ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ
ਨਾ ਕੋ ਗਣਤ ਗਣਾਇਦਾ॥੯॥
ਵਰਨ ਭੇਖ ਨਹੀ ਬ੍ਰਹਮਣ ਖਤ੍ਰੀ॥
ਦੇਉ ਨ ਦੇਹੁਰਾ ਗਊ ਗਾਇਤ੍ਰੀ॥
ਹੋਮ ਜਗ ਨਹੀ ਤੀਰਥਿ ਨਾਵਣੁ
ਨਾ ਕੋ ਪੂਜਾ ਲਾਇਦਾ॥੧੦॥
ਨਾ ਕੋ ਮੁਲਾ ਨਾ ਕੋ ਕਾਜੀ॥
ਨਾ ਕੋ ਸੇਖੁ ਮਸਾਇਕੁ ਹਾਜੀ॥
ਰਈਅਤਿ ਰਾਉ ਨ ਹਉਮੈ ਦੁਨੀਆ
ਨਾ ਕੋ ਕਹਣੁ ਕਹਾਇਦਾ॥੧੧॥

ਭਾਉ ਨ ਭਗਤੀ ਨਾ ਸਿਵ ਸਕਤੀ ॥
ਸਾਜਨੁ ਮੀਤੁ ਬਿੰਦੁ ਨਹੀ ਰਕਤੀ ॥
ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ ॥੧੨॥
ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ॥
ਪਾਠ ਪੁਰਾਣ ਉਦੈ ਨਹੀ ਆਸਤ ॥
ਕਹਤਾ ਬਕਤਾ ਆਪਿ ਅਗੋਚਰੁ
ਆਪੇ ਅਲਖੁ ਲਖਾਇਦਾ ॥੧੩॥
ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥
ਬਾਝੁ ਕਲਾ ਆਡਾਣੁ ਰਹਾਇਆ ॥
ਬ੍ਰਹਮਾ ਬਿਸਨੁ ਮਹੇਸੁ ਉਪਾਏ
ਮਾਇਆ ਮੋਹੁ ਵਧਾਇਦਾ ॥੧੪॥
ਵਿਰਲੇ ਕਉ ਗੁਰਿ ਸਬਦੁ ਸੁਣਾਇਆ ॥
ਕਰਿ ਕਰਿ ਦੇਖੈ ਹੁਕਮੁ ਸਬਾਇਆ ॥
ਖੰਡ ਬ੍ਰਹਮੰਡ ਪਾਤਾਲ ਅਰੰਭੇ
ਗੁਪਤਹੁ ਪਰਗਟੀਆਇਦਾ ॥੧੫॥
ਤਾ ਕਾ ਅੰਤੁ ਨ ਜਾਣੈ ਕੋਈ ॥
ਪੂਰੇ ਗੁਰ ਤੇ ਸੋਝੀ ਹੋਈ ॥
ਨਾਨਕ ਸਾਚਿ ਰਤੇ ਬਿਸਮਾਦੀ
ਬਿਸਮ ਭਏ ਗੁਣ ਗਾਇਦਾ ॥੧੬॥੩॥੧੫॥

*(ਮਾਰੂ ਮਹਲਾ ੧, ਪੰਨਾ ੧੦੩੫)*

ਇਸ ਮਹਾਂਵਾਕ ਅੰਦਰ ਗੁਰੂ ਨਾਨਕ ਦੇਵ ਜੀ ਨੇ ਸਰਲ ਜਿਹੀਆਂ ਪੰਗਤੀਆਂ ਵਿਚ ਇਸ ਜਗਤ ਸੰਬੰਧੀ ਸਾਰਾ ਹੀ ਬੋਧ ਕਰਵਾ ਦਿਤਾ ਹੈ, ਕਿ ਅਰੰਭ ਵਿਚ ਅਰਬਾਂ ਖਰਬਾਂ ਵਰ੍ਹੇ ਧੁੰਧੂਕਾਰ ਹੀ ਸੀ, ਇਸ ਜਗਤ ਦੀ ਰਚਨਾ ਬਾਰੇ ਪੁਰਾਤਨ ਬੁਧੀਜੀਵੀਆਂ ਨੇ ਭਾਵੇਂ ਆਪੋ ਆਪਣੇ ਰਚੇ ਸ਼ਾਸਤ੍ਰਾਂ ਦੁਆਰੇ ਭਿੰਨ ਭਿੰਨ ਖ਼ਿਆਲ ਉੱਕਰੇ ਹਨ, ਪਰ ਜਦੋਂ ਉਨ੍ਹਾਂ ਦੇ ਵੀਚਾਰਾਂ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਤੱਕਦੇ ਹਾਂ ਤਾਂ ਉਹ ਸਾਰੇ ਹੀ ਅਸਲੀਅਤ ਤੋਂ ਉਰਾਰ ਹੀ ਰਹਿ ਜਾਂਦੇ ਹਨ, ਇਕ ਗੁਰਮਤ ਹੀ ਹੈ ਜੋ ਸਾਨੂੰ ਸਚਾਈ ਦੀਆਂ ਸਿਖ਼ਰਾਂ ਤਕ ਪਹੁੰਚਾਉਂਦੀ ਹੈ, ਕਿਉਂਕਿ ਸਾਰੇ ਧਰਮਾਂ ਦੇ ਮੱਤ ਮਤਾਂਤ੍ਰਾਂ ਨੂੰ ਖੋਜ ਕਰਨ ਤੋਂ ਇਹੋ ਬੋਧ ਮਿਲਦਾ ਹੈ ਕਿ ਪੁਰਾਤਨ ਰਿਖੀਆਂ ਮੁਨੀਆਂ ਦੇ ਸਿਧਾਂਤ ਜਿਥੇ ਜਾ ਕੇ ਖਲੋ ਜਾਂਦੇ ਹਨ, ਗੁਰਮਤ ਉਥੋਂ ਅਗੇ ਅਰੰਭ ਹੁੰਦੀ ਹੈ ਜੋ ਸਾਨੂੰ ਅਸਲੀਅਤ ਦੀਆਂ ਸਿਖ਼ਰਾਂ ਤਕ ਪੁਚਾਉਂਦੀ ਹੈ। ਇਸ ਲਈ ਪੁਰਾਣੇ ਲੋਕਾਂ ਦੇ ਭਿੰਨ ਭਿੰਨ ਜਗਤ ਸੰਬੰਧੀ ਭਰਮ ਭੁਲੇਖਿਆਂ ਵਿਚੋਂ ਬਚਣ ਲਈ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਇਕੋ ਪੰਗਤੀ ਵਿਚ ਫ਼ੈਸਲਾ ਕਰ ਦਿਤਾ ਹੈ ਕਿ :

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥

*(ਜਪੁਜੀ, ਪੰਨਾ ੪)*

ਸੋ, ਮੈਂ ਭੀ ਗੁਰਬਾਣੀ ਦੇ ਉਪ੍ਰੋਕਤ ਭਾਵਾਂ ਤੋਂ ਪ੍ਰੇਰਤ ਹੋ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਵਿਚ ਜੜ੍ਹ ਚੇਤਨ ਦੁਆਰੇ ਇਸ ਜਗਤ ਦਾ ਪਸਾਰਾ ਪਸਾਰਿਆ ਗਿਆ ਹੈ :

(੧) (ਗੁਰਮਤ ਦੁਆਰੇ ਇਹੋ ਬੋਧ ਮਿਲਦਾ ਹੈ ਕਿ) ਸ਼ਿਵ ਸ਼ਕਤੀ (ਭਾਵ ਜੜ੍ਹ ਚੇਤਨ) ਦੇ ਮੇਲ ਤੋਂ ਇਹ ਦੁਬਿਧਾ ਰੂਪ ਜਗਤ ਦਾ ਪਸਾਰਾ ਪੈਦਾ ਹੁੰਦਾ ਹੈ, ਜੋ ਜੜ੍ਹ ਤੇ ਚੇਤਨ ਅਵਸਥਾ ਦਾ ਸਥੂਲ ਰੂਪ ਪ੍ਰਕ੍ਰਿਤੀ ਬਣਦਾ ਹੈ ਤੇ ਇਸੇ ਨਾਲ ਹੀ ਸੰਸਾਰ ਵਿਚ ਸਾਰੇ ਕਾਰ ਵਿਹਾਰ ਦੀ ਹਲਚਲ ਹੋ ਰਹੀ ਹੈ (ਪਰ ਜਦੋਂ ਜੜ੍ਹ ਤੇ ਸ਼ਕਤੀ ਇਕ ਰੂਪ ਹੋ ਜਾਣ ਉਦੋਂ ਹੀ ਸੰਸਾਰ ਦੀ ਖੇਡ (ਹਿਲਜੁਲ) ਖ਼ਤਮ ਹੋ ਜਾਂਦੀ ਹੈ)।

(੨) ਤਿੰਨਾਂ ਗੁਣਾਂ (ਰਜੋ, ਸਤੋ, ਤਮੋ) ਵਾਲੀ ਮਾਇਆ ਦਾ ਖੇਲ ਹੋ ਰਿਹਾ ਹੈ (ਲੋਕ ਔਗੁਣਾਂ ਰਜੋ ਤਮੋ ਦੀ ਬਰਕਤ ਨਾਲ) ਆਪਣੇ ਆਪ ਨੂੰ ਭਰਦੇ ਤੇ ਫਿਰ (ਸਤੋ ਗੁਣੀ ਕਰਮਾਂ ਨਾਲ ਅਉਗੁਣਾਂ ਨੂੰ) ਧੋਣ ਦਾ ਯਤਨ ਕਰਦੇ ਹਨ।

(੩) ਚਾਰ ਪਦਾਰਥ (ਧਰਮ, ਅਰਥ, ਕਾਮ ਤੇ ਮੋਖ) ਨੂੰ ਮੇਲ ਕੇ ਹਾਰ ਵਾਂਗ ਪਰੋ ਕੇ (ਗਲ ਪਾਉਂਦੇ ਹਨ)।

(੪) ਪੰਜ ਤੱਤਾਂ ਦੇ ਪੁਤਲੇ (ਸਰੀਰ) ਅੰਤ ਨੂੰ (ਆਯੂ ਭੋਗ ਕੇ) ਨਾਸ ਹੁੰਦੇ ਤੇ ਮੁੜ ਮੁੜ ਜਨਮ ਲੈਣ ਦੇ ਚੱਕ੍ਰ ਵਿਚ ਪੈ ਜਾਂਦੇ ਹਨ।

(੫) ਫਿਰ ਉਨ੍ਹਾਂ ਲਈ ਛੀਏ ਰੁੱਤਾਂ ਤੇ ਬਾਰਾਂ ਹੀ ਮਹੀਨੇ, ਕਦੀ ਹੱਸਣ ਵਾਲੇ ਤੇ ਕਦੀ ਰੋਣ ਵਾਲੇ (ਦੁਖ ਸੁਖ) ਬਣ ਜਾਂਦੇ ਹਨ)

(੬) (ਕਿਉਂਕਿ ਦੁਬਿਧਾ ਪ੍ਰਕ੍ਰਿਤੀ ਹੈ ਹੀ ਐਸੀ ਕਿ ਜੇ) ਰਿਧੀਆਂ ਸਿਧੀਆਂ ਨਿਧੀਆਂ ਪ੍ਰਾਪਤ ਕਰ ਵੀ ਲੈਣ, ਤਦ ਵੀ ਉਨ੍ਹਾਂ ਦਾ ਮਨ ਪਤੀਜਦਾ ਨਹੀਂ ਤੇ (ਸ਼ਾਂਤੀ ਦੀ) ਨੀਂਦ ਕਦੇ ਵੀ ਨਹੀਂ ਸੌਂ ਸਕਦੇ। (ਦ੍ਵੈਤ ਵਿਚ ਹੀ ਭਰਮਦੇ ਤੇ ਕਲਪਦੇ ਰਹਿੰਦੇ ਹਨ)।੬।

***ਭਾਵਾਰਥ :*** ਮਨੁੱਖ ਨੂੰ ਦੁਬਿਧਾ ਵਿਚ ਸੁਖ ਕਿਤੋਂ ਭੀ ਹਾਸਲ ਨਹੀਂ ਹੁੰਦਾ ਕਿਉਂ ਕਿ ਸੁਖ ਸ਼ਾਂਤੀ ਤਾਂ ਕੇਵਲ ਏਕਤਾ ਵਿਚ ਹੈ। ਪਰ ਏਕਤਾ ਵਿਚ ਤਦੇ ਹੀ ਪਹੁੰਚ ਸਕੀਦਾ ਹੈ ਜਦੋਂ ਇਹ ਦ੍ਰਿਸ਼ਟਮਾਨ ਨਾਲੋਂ ਪਿਆਰ ਛੱਡੇ ਅਤੇ ਦ੍ਰਿਸ਼ਟਾ ਵਿਚ ਪਿਆਰ ਪਾਵੇ।

## ੭. ਪ੍ਰੇਮਾ-ਭਗਤੀ ਤੋਂ ਸੱਖਣੇ ਸਾਰੇ ਕਰਮ ਨਿਸਫਲ ਹਨ

**੧. ਸਹਸ ਸਿਆਣਪ ਲੱਖ ਕੰਮਿ ਨ ਆਵਹੀਂ।**
**੨. ਗਿਆਨ ਧਿਆਨ ਉਨਮਾਨੁ ਅੰਤੁ ਨ ਪਾਵਹੀਂ।**
**੩. ਲੱਖ ਸਸੀਅਰ ਲਖ ਭਾੱਨੁ ਅਹਿਨਿਸ ਧਾਵਹੀਂ।**
**੪. ਲੱਖ ਪਰਕਿਰਤਿ ਪਰਾਣ ਕਰਮ ਕਮਾਵਹੀਂ।**
**੫. ਲੱਖ ਲੱਖ ਗਰਬ ਗੁਮਾਨ ਲੱਖ ਲਜਾਵਹੀਂ।**
**੬. ਲੱਖ ਲੱਖ ਦੀਨ ਈਮਾਨ ਤਾੜੀ ਲਾਵਹੀਂ।**
**੭. ਭਾਉ ਭਗਤਿ ਭਗਵਾਨ ਸੱਚਿ ਸਮਾਵਹੀਂ॥੭॥**

***ਪਦ ਅਰਥ :*** ਸਿਆਣਪ—ਅਕਲਾਂ, ਚਤਰਾਈਆਂ। ਉਨਮਾਨੁ—ਮਸਤੀ ਵਿਚ ਰਹਿਣ ਵਾਲੇ। ਸਸੀਅਰ—ਚੰਦ੍ਰਮਾ। ਭਾੱਨੁ—ਸੂਰਜ। ਪਰਕਿਰਤਿ ਪਰਾਣ—ਮਾਇਕ ਰੂਪ ਜਾਂ ਮਾਇਆ ਦੇ ਆਸਰਤ ਹੋ ਰਹੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਸੰਸਾਰ ਵਿਚ ਅਨੇਕਾਂ ਹੀ ਲੋਕ ਹਨ ਜੋ ਆਪੋ ਆਪਣੇ ਫ਼ਿਰਕਿਆਂ ਦੇ ਨੀਅਤ ਕੀਤੇ ਹੋਏ ਸਾਧਨਾਂ ਨੂੰ ਹੀ ਉਸ ਪਰਮੇਸ਼ਰ ਦੇ ਮਿਲਾਪ ਦਾ ਸ਼੍ਰੋਮਣੀ ਸਾਧਨ ਮੰਨਦੇ ਹਨ ਅਤੇ ਬਹੁਤ ਲੋਕ ਆਪਣੀ ਵਧੇਰੇ ਸਿਆਣਪ ਪਰ ਮਾਣ ਕਰਦੇ ਹਨ, ਪਰ ਆਪ ਜੀ ਗੁਰਮਤ ਅਨੁਸਾਰ ਦੱਸਣ ਦੀ ਖੇਚਲਾ ਕਰੋ ਕਿ ਉਸ ਪ੍ਰਭੂ ਦੇ ਮਿਲਾਪ ਦਾ ਉੱਤਮ ਸਾਧਨ ਕੀ ਹੈ ?

ਉ: ਹੇ ਭਾਈਓ! ਮੈਨੂੰ ਤਾਂ ਸੰਸਾਰ ਭਰ ਦੇ ਪੁਰਾਤਨ ਮੱਤਾਂ ਨੂੰ ਖੋਜਣ ਦਾ ਬਹੁਤ ਸਮਾਂ ਮਿਲਿਆ ਹੈ, ਜਿਨ੍ਹਾਂ ਵਿਚ ਉਨ੍ਹਾਂ ਨੇ ਆਪੋ ਆਪਣੇ ਫ਼ਿਰਕਿਆਂ ਦੇ ਨੀਅਤ ਕੀਤੇ ਸਾਧਨਾਂ ਨੂੰ ਹੀ ਪਰਮੇਸ਼ਰ ਪ੍ਰਾਪਤੀ ਦੇ ਉੱਤਮ ਸਾਧਨ ਮੰਨਿਆ ਹੈ, ਜਿਵੇਂ ਕਿ ਕਿਸੇ ਨੇ ਵੇਦ ਸ਼ਾਸਤ੍ਰਾਂ ਨੂੰ ਪੜ੍ਹਦੇ ਰਹਿਣਾ, ਕਿਸੇ ਨੇ ਯੋਗ ਸਾਧਨਾ ਨੂੰ, ਕਿਸੇ ਨੇ ਜੱਗ ਕਰਨ ਨੂੰ, ਕਿਸੇ ਨੇ ਘਰ ਬਾਰ ਤਿਆਗ ਕੇ ਜੰਗਲ ਵਾਸੀ ਹੋਣ ਨੂੰ ਭਾਵ ਅਜਿਹੇ ਅਨੇਕਾਂ ਸਾਧਨ ਹਨ, ਜਿਨ੍ਹਾਂ ਨੂੰ ਬਹੁਤ ਲੋਕਾਂ ਨੇ ਮੁਕਤ ਪ੍ਰਾਪਤੀ ਦੇ ਸਾਧਨ ਮੰਨਿਆ ਹੈ, ਪਰ ਜਦੋਂ ਗੁਰਮੱਤ ਦੀ ਵੀਚਾਰ ਪੜ੍ਹੀਏ ਤਾਂ ਗੁਰਬਾਣੀ ਨੇ ਇਨ੍ਹਾਂ ਸਾਰੇ ਸਾਧਨਾਂ ਨੂੰ ਮੁਕਤ ਪ੍ਰਾਪਤੀ ਦੇ ਸਾਧਨ ਨਹੀਂ ਮੰਨਿਆ, ਇਹ ਸਾਰੇ ਸਾਧਨ ਰੱਬੀ ਦਰਬਾਰ ਤਕ ਨਹੀਂ ਪਹੁੰਚਦੇ ਉਰਾਰ ਹੀ ਰਹਿ ਜਾਂਦੇ ਹਨ। ਇਨ੍ਹਾਂ ਸਾਧਨਾਂ ਨੂੰ ਬਾਣੀ ਵਿਚ ਕਈ ਥਾਵਾਂ 'ਤੇ ਪ੍ਰਗਟਾਇਆ ਹੈ ਕਿ ਇਨ੍ਹਾਂ ਸਾਰੇ ਹੀ ਸਾਧਨਾਂ ਦੁਆਰੇ ਉਸ ਪ੍ਰਭੂ ਨਾਲ ਮਿਲਾਪ ਨਹੀਂ ਹੋ ਸਕਦਾ ਕਿਉਂਕਿ ਇਨ੍ਹਾਂ ਪੁਰਾਤਨ ਕਰਮ-ਕਾਂਡਾਂ ਨੂੰ ਖੋਜ ਕਰਕੇ ਸਤਿਗੁਰੂ ਜੀ ਨੇ ਗੁਰਮਤ ਦੇ ਸਿਧਾਂਤਕ ਵੀਚਾਰਾਂ ਨੂੰ ਬਾਣੀ ਦੁਆਰੇ ਪ੍ਰਗਟਾਇਆ ਹੈ, ਜਿਵੇਂ ਕਿ :

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ
ਨਿਵਲਿ ਭੁਅੰਗਮ ਸਾਧੇ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ
ਅਧਿਕ ਅਹੰਬੁਧਿ ਬਾਧੇ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ
ਮੈ ਕੀਏ ਕਰਮ ਅਨੇਕਾ॥
ਹਾਰਿ ਪਰਿਓ ਸੁਆਮੀ ਕੈ ਦੁਆਰੈ
ਦੀਜੈ ਬੁਧਿ ਬਿਬੇਕਾ॥ਰਹਾਉ॥
ਮੋਨਿ ਭਇਓ ਕਰ ਪਾਤੀ ਰਹਿਓ
ਨਗਨ ਫਿਰਿਓ ਬਨ ਮਾਹੀ॥
ਤਟ ਤੀਰਥ ਸਭ ਧਰਤੀ ਭ੍ਰਮਿਓ
ਦੁਬਿਧਾ ਛੁਟਕੈ ਨਾਹੀ॥੨॥
ਮਨ ਕਾਮਨਾ ਤੀਰਥ ਜਾਇ ਬਸਿਓ
ਸਿਰਿ ਕਰਵਤ ਧਰਾਏ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ
ਜੇ ਲਖ ਜਤਨ ਕਰਾਏ॥੩॥
ਕਨਿਕ ਕਾਮਿਨੀ ਹੈਵਰ ਗੈਵਰ
ਬਹੁ ਬਿਧਿ ਦਾਨ ਦਾਤਾਰਾ॥
ਅੰਨ ਬਸਤ੍ਰ ਭੂਮਿ ਬਹੁ ਅਰਪੇ
ਨਹ ਮਿਲੀਐ ਹਰਿਦੁਆਰਾ॥੪॥
ਪੂਜਾ ਅਰਚਾ ਬੰਦਨ ਡੰਡਉਤ
ਖਟੁ ਕਰਮਾ ਰਤੁ ਰਹਤਾ॥
ਹਉ ਹਉ ਕਰਤ ਬੰਧਨ ਮਹਿ ਪਰਿਆ
ਨਹ ਮਿਲੀਐ ਇਹ ਜੁਗਤਾ॥੫॥
ਜੋਗ ਸਿਧ ਆਸਣ ਚਉਰਾਸੀਹ
ਏ ਭੀ ਕਰਿ ਕਰਿ ਰਹਿਆ॥
ਵਡੀ ਆਰਜਾ ਫਿਰਿ ਫਿਰਿ ਜਨਮੈ
ਹਰਿ ਸਿਉ ਸੰਗੁ ਨ ਗਹਿਆ॥੬॥
ਰਾਜ ਲੀਲਾ ਰਾਜਨ ਕੀ ਰਚਨਾ
ਕਰਿਆ ਹੁਕਮੁ ਅਫਾਰਾ॥
ਸੇਜ ਸੋਹਨੀ ਚੰਦਨੁ ਚੋਆ
ਨਰਕ ਘੋਰ ਕਾ ਦੁਆਰਾ॥੭॥

ਹਰਿ ਕੀਰਤਿ ਸਾਧ ਸੰਗਤਿ ਹੈ
ਸਿਰਿ ਕਰਮਨ ਕੈ ਕਰਮਾ॥
ਕਹੁ ਨਾਨਕ ਤਿਸੁ ਭਇਓ ਪਰਾਪਤਿ
ਜਿਸੁ ਪੁਰਬ ਲਿਖੇ ਕਾ ਲਹਨਾ॥੮॥
ਤੇਰੋ ਸੇਵਕੁ ਇਹ ਰੰਗਿ ਮਾਤਾ॥
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ
ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥ਰਹਾਉ ਦੂਜਾ॥੧॥੩॥
*(ਸੋਰਠਿ ਮ: ੫, ਪੰਨਾ ੬੪੧)*

ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥
ਨਾਮੁ ਨ ਜਪਈ ਕਿਉ ਸੁਖੁ ਪਾਵੈ
ਬਿਨੁ ਨਾਵੈ ਕਿਉ ਸੋਹੈ॥੪॥
ਮੂੰਡੁ ਮੁਡਾਇ ਜਟਾ ਸਿਖ ਬਾਧੀ
ਮੋਨਿ ਰਹੈ ਅਭਿਮਾਨਾ॥
ਮਨੂਆ ਡੋਲੈ ਦਹਦਿਸ ਧਾਵੈ
ਬਿਨੁ ਰਤ ਆਤਮ ਗਿਆਨਾ॥......
ਹਾਥ ਕਮੰਡਲੁ ਕਾਪੜੀਆ
ਮਨਿ ਤ੍ਰਿਸਨਾ ਉਪਜੀ ਭਾਰੀ॥
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ
ਚਿਤੁ ਲਾਇਆ ਪਰ ਨਾਰੀ॥
*(ਮਾਰੂ ਮ: ੧, ਪੰਨਾ ੧੦੧੩)*

ਹਠੁ ਅਹੰਕਾਰੁ ਕਰੈ ਨਹੀ ਪਾਵੈ॥
ਪਾਠ ਪੜੈ ਲੇ ਲੋਕ ਸੁਣਾਵੈ॥
ਤੀਰਥ ਭਰਮਸਿ ਬਿਆਧਿ ਨ ਜਾਵੈ॥
ਨਾਮ ਬਿਨਾ ਕੈਸੇ ਸੁਖੁ ਪਾਵੈ॥੪॥
ਜਤਨ ਕਰੈ ਬਿੰਦੁ ਕਿਵੈ ਨ ਰਹਾਈ॥
ਮਨੂਆ ਡੋਲੈ ਨਰਕੇ ਪਾਈ॥
ਜਮਪੁਰਿ ਬਾਧੋ ਲਹੈ ਸਜਾਈ॥
ਬਿਨੁ ਨਾਵੈ ਜੀਉ ਜਲਿ ਬਲਿ ਜਾਈ॥੫॥
*(ਰਾਮਕਲੀ ਮ: ੧, ਪੰਨਾ ੯੦੫)*

ਕਬੀਰ ਮੈ ਜਾਨਿਓ ਪੜਿਬੋ ਭਲੋ
ਪੜਿਬੇ ਸਿਉ ਭਲ ਜੋਗੁ॥
ਭਗਤਿ ਨ ਛਾਡਉ ਰਾਮ ਕੀ
ਭਾਵੈ ਨਿੰਦਉ ਲੋਗੁ॥੪੫॥
*(ਸਲੋਕ ਕਬੀਰ ਜੀ, ਪੰਨਾ ੧੩੬੬)*

ਇਸ ਤਰ੍ਹਾਂ ਦੇ ਭਾਵ ਪੂਰਤ ਸਾਨੂੰ ਬਾਣੀ ਵਿਚੋਂ ਹੋਰ ਭੀ ਬਹੁਤ ਸਾਰੇ ਉਦਾਹਰਣ ਮਿਲਦੇ ਹਨ ਜੋ ਇਸੇ ਪੱਖ ਨੂੰ ਪ੍ਰਗਟ ਕਰਦੇ ਹਨ ਕਿ ਸੰਸਾਰ ਦਾ ਕੋਈ ਭੀ ਪੁਰਾਤਨ ਸਾਧਨ ਰੱਬੀ ਦਰਬਾਰ ਤਕ ਪੁਚਾਉਣ ਦੀ ਗੰਮਤਾ ਨਹੀਂ ਰੱਖਦਾ ਕੇਵਲ ਇਕੋ ਪਰਮੇਸ਼ਰ ਦੀ ਪ੍ਰੇਮਾ-ਭਗਤੀ ਹੈ, ਜੋ ਮਨੁੱਖ ਨੂੰ ਉਸ ਪ੍ਰਭੂ ਦੇ ਸੱਚ ਸਰੂਪ ਵਿਚ ਅਭੇਦ ਕਰ ਸਕਦੀ ਹੈ। ਉਪ੍ਰੋਕਤ ਬਾਣੀ ਦੇ ਸ਼ਬਦਾਂ ਤੋਂ ਪ੍ਰੇਰਤ ਹੋ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਵਿਚ ਇਹ ਗੁਰਮਤ ਦਾ ਸਿਧਾਂਤ ਦਰਸਾਇਆ ਹੈ ਕਿ ਲੱਖਾਂ ਸਿਆਣਪਾਂ ਤੇ ਲੱਖਾਂ ਕਰਮ-ਕਾਂਡ ਰੱਬੀ ਦਰਬਾਰ ਤਕ ਨਹੀਂ ਪੁੱਜਦੇ ਕੇਵਲ ਪ੍ਰਭੂ ਦੀ ਭਾਉ ਭਗਤੀ ਹੀ ਸਚੇ ਪ੍ਰਭੂ ਦਾ ਮਿਲਾਪ ਕਰਵਾ ਸਕਦੀ ਹੈ:

(੧) (ਗੁਰਮੱਤ ਸਾਨੂੰ ਇਹੋ ਸਿਧਾਂਤ ਦਰਸਾਉਂਦੀ ਹੈ ਕਿ) ਹਜ਼ਾਰਾਂ ਲੱਖਾਂ ਚਤੁਰਾਈਆਂ ਕੰਮ ਨਹੀਂ ਆਉਂਦੀਆਂ, (ਜਦੋਂ ਪਰਮੇਸ਼ਰ ਦੀ ਭਾਵੀ ਆਣ ਕੇ ਵੱਗਦੀ ਹੈ, ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ)।

(੨) ਲੱਖਾਂ ਗਿਆਨੀ ਤੇ ਧਿਆਨ ਲਾ ਕੇ ਉਨਮਨ ਅਵਸਥਾ (ਮਸਤੀ) ਵਿਚ ਪਹੁੰਚ ਜਾਣ ਵਾਲੇ (ਪਰਮੇਸ਼ਰ ਗਤੀ) ਦਾ ਅਨੁਮਾਨ ਨਹੀਂ ਲਾ ਸਕਦੇ, ਨਾ ਅੰਤ ਹੀ ਪਾ ਸਕਦੇ ਹਨ।

(੩) ਲੱਖਾਂ ਚੰਦ੍ਰਮਾ ਤੇ ਲੱਖਾਂ ਹੀ ਸੂਰਜ (ਪਰਮੇਸ਼ਰ ਦੀ) ਰਾਤ ਦਿਨੇ ਅਰਾਧਨਾ ਕਰਦੇ ਹਨ। (ਪਰ ਜਿਸ ਪ੍ਰੇਮ-ਮਈ ਹਾਲਤ ਦੀ ਲੋੜ ਹੁੰਦੀ ਹੈ ਉਸ ਤੋਂ ਕਿਤੇ ਦੂਰ ਰਹਿੰਦੇ ਹਨ)।

(੪) ਲੱਖਾਂ ਹੀ ਲੋਕ ਮਾਇਆ ਦੇ ਸਹਾਰੇ (ਯੱਗ ਆਦਿਕਾਂ ਤੇ ਪੁੰਨ ਦਾਨ ਦੇ ਪਰਾਇਣ ਹੋ ਕਰਮ ਕਮਾਉਂਦੇ ਹਨ।

(੫) ਲੱਖਾਂ ਹੀ ਐਸੇ ਲੋਕ ਹਨ ਜੋ ਗਰੂਰ ਤੇ ਹੰਕਾਰ ਨਾਲ ਭਰੇ ਹੋਏ ਹਨ ਤੇ ਲੱਖਾਂ ਹੀ ਲਜਾਵਾਨ (ਸ਼ਰਮ ਨਾਲ) ਜੋ ਸਿਰ ਨੀਵਾਂ ਪਾਈ ਰੱਖਦੇ ਹਨ।

(੬) (ਪਰ) ਪਰਮੇਸ਼ਰ ਦੀ ਸੱਚੀ ਭਾਉ ਭਗਤੀ (ਪ੍ਰੇਮ) ਹੀ ਇਕ ਅਜਿਹੀ ਵਸਤੂ ਹੈ ਜੋ ਪ੍ਰਭੂ ਦੇ ਸੱਚੇ ਪ੍ਰੇਮ ਵਿਚ ਮਿਲਾ ਦੇਂਦੀ ਹੈ (ਭਾਵ ਪ੍ਰੇਮ-ਭਗਤੀ ਵਾਲੇ ਹੀ ਪ੍ਰਭੂ ਨੂੰ ਪ੍ਰਾਪਤ ਕਰਦੇ ਹਨ)।੭।

***ਭਾਵਾਰਥ:*** ਕਬੀਰ ਜੀ ਨੇ ਭੀ ਇਸੇ ਭਾਵ ਨੂੰ ਪ੍ਰਗਟਾਇਆ ਹੈ ਕਿ ਪਹਿਲੋਂ ਪਹਿਲ ਮੈਂ ਭੀ ਇਹੋ ਵੀਚਾਰ ਕਰਦਾ ਸਾਂ ਕਿ ਰੱਬੀ ਮਾਰਗ 'ਤੇ ਚੱਲਣ ਲਈ ਵਧੇਰੇ ਪੁਸਤਕਾਂ ਪੜ੍ਹਦੇ ਰਹਿਣਾ ਚੰਗਾ ਹੈ, ਫਿਰ ਪੜ੍ਹਦਿਆਂ ਪੜ੍ਹਦਿਆਂ ਸੋਝੀ ਪਈ ਕਿ ਪੜ੍ਹਦੇ ਰਹਿਣ ਨਾਲੋਂ ਜੋਗ ਮਾਰਗ

ਦੇ ਅਭਿਆਸੀ ਹੋਣਾ ਚੰਗਾ ਹੈ, ਆਖ਼ਰ ਇਸ ਸਾਧਨਾ ਤੋਂ ਜਦੋਂ ਅਗੇ ਵੀਚਾਰ ਕੀਤੀ ਤਾਂ ਬੋਧ ਹੋਇਆ ਕਿ ਉਸ ਪ੍ਰਭੂ ਦੇ ਪ੍ਰੇਮਾ-ਭਗਤੀ ਨਾਲ ਹੀ ਜੁੜੇ ਰਹਿਣਾ ਜੋਗ ਹੈ ਹੁਣ ਮੈਂ ਇਸੇ ਪਰਮੇਸ਼ਰ ਦੀ ਪਿਆਰ ਭਗਤੀ ਨੂੰ ਹੀ ਪ੍ਰਭੂ ਮਿਲਣ ਦੇ ਮੁਖ ਸਾਧਨ ਮੰਨਦਾ ਹਾਂ, ਹੁਣ ਮੈਨੂੰ ਹੋਰ ਕਿਸੇ ਦੀ ਪ੍ਰਵਾਹ ਭੀ ਕੋਈ ਨਹੀਂ ਬੇਸ਼ਕ ਮੈਨੂੰ ਸੰਸਾਰੀ ਲੋਕ ਨਿੰਦਦੇ ਰਹਿਣ ਮੈਂ ਹੁਣ ਪਰਮੇਸ਼ਰ ਦੀ ਭਗਤੀ ਦੀ ਮਸਤੀ ਵਿਚ ਮਸਤ ਹਾਂ।

ਪਰ ਇਹ ਪਰਮੇਸ਼ਰ ਦੀ ਪ੍ਰੇਮਾ-ਭਗਤੀ ਕਿਸੇ ਸੰਸਾਰੀ ਪਦਾਰਥ ਨਾਲ ਨਹੀਂ ਖ਼ਰੀਦੀ ਜਾ ਸਕਦੀ ਇਸ ਦੀ ਪ੍ਰਾਪਤੀ ਲਈ ਤਾਂ ਆਪਾ-ਭਾਵ ਹੀ ਮਿਟਾਉਣਾ ਪੈਂਦਾ ਹੈ, ਜਿਵੇਂ ਫ਼ੁਰਮਾਨ ਹੈ ਕਿ :

ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ॥
ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ॥੧॥
*(ਚਉਬੋਲੇ ਮਹਲਾ ੫, ਪੰਨਾ ੧੩੬੩)*

## ੮. ਭਾਉ-ਭਗਤੀ ਤੋਂ ਬਿਨਾ ਹੋਰ ਵਾਧੂ ਪਰਚੇ ਹਨ

**੧. ਲੱਖ ਪੀਰ ਪਾਤਿਸ਼ਾਹ ਪਰਚੇ ਲਾਵਹੀਂ।**
**੨. ਜੋਗ ਭੋਗ ਲੱਖ ਰਾਹ ਸੰਗਿ ਚਲਾਵਹੀਂ।**
**੩. ਦੀਨ ਦੁਨੀ ਅਸਗਾਹ ਹਾਥ ਨ ਪਾਵਹੀਂ।**
**੪. ਕਟਕ ਮੁਰੀਦ ਪਨਾਹ ਸੇਵ ਕਮਾਵਹੀਂ।**
**੫. ਅੰਤ ਨ ਸਿਫਤਿ ਸਲਾਹ ਆਖਿ ਸੁਣਾਵਹੀਂ।**
**੬. ਲਉਬਾਲੀ ਦਰਗਾਹ ਖੜੇ ਧਿਆਵਹੀਂ॥੮॥**

***ਪਦ ਅਰਥ :*** ਪਰਚੇ—ਕਰਾਮਾਤਾਂ ਦੀ ਪ੍ਰਤੀਤ। ਸੰਗਿ—ਸਾਥੀ, ਮੰਡਲੀਆਂ। ਹਾਥ—ਥਾਹ, ਅੰਤ। ਕਟਕ—ਸਮੂੰਹ। ਪਨਾਹ—ਓਟ, ਆਸਰਾ, ਸ਼ਰਣ। ਲਉਬਾਲੀ—ਬੇਪ੍ਰਵਾਹ।

***ਅਰਥ :***

ਪ੍ਰ: ਭਾਈ ਸਾਹਿਬ ਜੀਓ! ਬਹੁਤੇ ਲੋਕਾਂ ਨੂੰ ਵੇਖੀਦਾ ਹੈ ਕਿ ਉਨ੍ਹਾਂ ਨੇ ਅਰੰਭ ਵਿਚ ਤਾਂ ਜਪ ਤਪ ਕਰਕੇ ਕੁਝ ਰਿਧੀ ਸਿਧੀ ਤੇ ਕਰਾਮਾਤਾਂ ਹਾਸਿਲ ਕਰ ਲਈਆਂ ਹਨ, ਅਤੇ ਉਨ੍ਹਾਂ ਨੇ ਸ਼ਕਤੀਆਂ ਦਾ ਪ੍ਰਭਾਵ ਵਿਖਾ ਕੇ ਹਜ਼ਾਰਾਂ ਲੋਕਾਂ ਨੂੰ ਆਪਣੇ ਮਗਰ ਭੀ ਲਗਾ ਲਿਆ ਹੈ, ਅਤੇ ਵੱਡੇ ਵੱਡੇ ਡੇਰੇ, ਆਸ਼੍ਰਮ ਬਣਾ ਕੇ ਦਿਨੇ ਰਾਤ ਭੋਲੇ ਭਾਲੇ ਲੋਕਾਂ ਤੋਂ ਆਪਣੀ ਪੂਜਾ ਕਰਾਉਣ ਦੀ ਮਸਤੀ ਵਿਚ ਮਸਤ ਹਨ। ਕਿਉਂ ਜੀ, ਦਸੋਗੇ ਕਿ ਉਨ੍ਹਾਂ ਲੋਕਾਂ ਦੀ ਰੱਬੀ ਦਰਬਾਰ ਵਿਚ ਭੀ ਕੋਈ ਪਹੁੰਚ ਹੋਵੇਗੀ, ਗੁਰਮਤ ਅਨੁਸਾਰ ਉਨ੍ਹਾਂ ਬਾਰੇ ਆਪ ਜੀ ਕੀ ਵਿਸ਼ਵਾਸ ਰੱਖਦੇ ਹੋ, ਦੱਸਣ ਦੀ ਖੇਚਲ ਕਰੋ?

ਉ: ਹੇ ਭਾਈਓ! ਜੇ ਕਦੀ ਅਸੀਂ ਉਨ੍ਹਾਂ ਦੇ ਜੀਵਨ ਸਫ਼ਰ ਨੂੰ ਗੁਰਬਾਣੀ ਦੁਆਰੇ ਤੱਕੀਏ ਤਾਂ ਗੁਰਮਤ ਨੇ ਉਨ੍ਹਾਂ ਦੇ ਵਤੀਰੇ ਨੂੰ ਕਬੂਲ ਨਹੀਂ ਕੀਤਾ। ਇਹ ਠੀਕ ਹੈ ਕਿ ਉਹ ਲੋਕ ਘਰੋਂ ਰੱਬੀ ਮਿਲਾਪ ਦੇ ਖ਼ਿਆਲ ਨੂੰ ਮੁਖ ਰੱਖ ਕੇ ਟੁਰੇ ਸਨ (ਚਾਲੇ ਥੇ ਹਰਿ ਮਿਲਨ ਕਉ ਬੀਚੇ ਅਟਕਿਓ ਚੀਤ) ਪਰ ਉਹ ਰਸਤੇ ਵਿਚ ਹੀ ਅਟਕ ਗਏ ਭਾਵ ਉਹ ਰਿਧੀਆਂ ਸਿਧੀਆਂ ਦੇ ਚੱਕ੍ਰ ਵਿਚ ਹੀ ਉਲਝ ਗਏ, ਕਿਉਂਕਿ ਰਿਧੀਆਂ, ਸਿਧੀਆਂ, ਕਰਾਮਾਤਾਂ ਰੱਬੀ ਮਾਰਗ ਵਿਚ ਇਕ ਬਹੁਤ ਵੱਡੀ ਰੋਕ ਹਨ, ਇਸ ਲਈ ਗੁਰਮਤ ਨੇ ਇਨ੍ਹਾਂ ਨੂੰ ਕਬੂਲ ਨਹੀਂ ਕੀਤਾ, ਗੁਰਬਾਣੀ ਵਿਚ ਇਨ੍ਹਾਂ ਸਾਰੀਆਂ ਹੀ ਸ਼ਕਤੀਆਂ ਨੂੰ ਉਸ ਪਰਮੇਸ਼ਰ ਦੇ ਨਾਮ ਸਿਮਰਨ ਕਰਨ ਵਾਲੇ ਅਧਿਕਾਰੀ ਦੇ ਰੱਬੀ ਮਾਰਗ ਵਿਚ ਇਕ ਬਹੁਤ ਵੱਡੀ ਰੁਕਾਵਟ ਦਰਸਾਇਆ ਹੈ, ਜਿਵੇਂ ਕਿ :

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ
ਅਗਿਆਨੁ ਅੰਧੇਰਾ ਜਾਇ॥ *(ਸਲੋਕ ਮ: ੩, ਪੰਨਾ ੫੯੩)*

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥
ਮਤੁ ਦੇਖਿ ਭੂਲਾ ਵੀਸਰੈ
ਤੇਰਾ ਚਿਤਿ ਨ ਆਵੈ ਨਾਉ॥੩॥
*(ਸਿਰੀਰਾਗੁ ਮ: ੧, ਪੰਨਾ ੧੪)*

ਹੇ ਭਾਈਓ! ਇਹ ਠੀਕ ਹੈ ਕਿ ਰੱਬੀ ਮਾਰਗ 'ਤੇ ਸਫ਼ਰ ਕਰਨ ਵਾਲਿਆਂ ਲੋਕਾਂ ਨੂੰ ਰਸਤੇ ਵਿਚ ਇਹ ਰਿਧੀਆਂ ਸਿਧੀਆਂ ਅਨੇਕਾਂ ਹੀ ਪ੍ਰਾਪਤ ਹੁੰਦੀਆਂ ਹਨ, ਪਰ ਜੋ ਲੋਕ ਇਨ੍ਹਾਂ ਕਰਾਮਾਤਾਂ ਦੇ ਆਸਰੇ ਲੋਕਾਂ ਤੋਂ ਪੂਜਾ ਕਰਾਉਣ ਦੇ ਪ੍ਰਪੰਚ ਵਿਚ ਉਲਝ ਗਏ, ਸਮਝ ਲਓ ਕਿ ਉਹ ਲੋਕ ਤਾਂ ਆਪਣੇ ਸਹੀ ਮਾਰਗ ਤੋਂ ਖੁੰਝ ਕੇ ਗ਼ਲਤ ਰਸਤੇ ਜਾ ਪਏ ਹਨ, ਉਨ੍ਹਾਂ ਬਾਰੇ ਤਾਂ ਇਉਂ ਹੀ ਕਹਿਣਾ ਪਵੇਗਾ ਕਿ ਉਨ੍ਹਾਂ ਨੇ ਇਕ ਆਪਣਾ ਛੋਟਾ ਜਿਹਾ ਘਰ ਬਾਰ ਤਾਂ ਛੱਡ ਦਿਤਾ ਹੈ ਪਰ, ਬਾਹਰ ਜਾ ਕੇ ਇਕ ਬਹੁਤ ਵੱਡਾ ਆਸ਼੍ਰਮ, ਡੇਰਾ ਬਣਾ ਲਿਆ

ਅਤੇ ਇਕ ਛੋਟਾ ਜਿਹਾ ਬੱਚੇ ਬੱਚੀਆਂ ਦਾ ਪ੍ਰਵਾਰ ਤਾਂ ਛੱਡ ਆਇਆ ਹੈ, ਪਰ ਬਾਹਰ ਜਾ ਕੇ ਇਕ ਬਹੁਤ ਵੱਡਾ ਚੇਲੇ ਚੇਲੀਆਂ ਦਾ ਪ੍ਰਵਾਰ ਬਣਾ ਲਿਆ ਹੈ, ਇਹ ਕਹਿਣਾ ਪਵੇਗਾ ਕਿ ਉਸਨੇ ਆਪਣੇ ਪਹਿਲੇ ਛੋਟੇ ਜਿਹੇ ਜਾਲ ਨੂੰ ਛੱਡ ਕੇ ਇਕ ਬਹੁਤ ਵੱਡਾ ਜੰਜਾਲ ਤਿਆਰ ਕਰ ਲਿਆ ਹੈ, ਜਿਸ ਵਿਚੋਂ ਹੁਣ ਉਸਦਾ ਨਿਕਲਣਾ ਬਹੁਤ ਮੁਸ਼ਕਲ ਹੋ ਗਿਆ ਹੈ।

ਏਸੇ ਹੀ ਰਿਧੀਆਂ ਸਿਧੀਆਂ ਦੇ ਚੱਕ੍ਰ ਵਿਚ ਉਲਝੇ ਹੋਏ ਸੁਮੇਰ ਪਰਬਤ ਪਰ ਬੈਠੇ ਸਿਧਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਸੰਬੋਧਨ ਕੀਤਾ ਸੀ ਕਿ ਹੇ ਸਿਧੋ! ਇਹ (ਰਿਧਿ ਸਿਧਿ ਅਵਰਾ ਸਾਦਿ) ਹੈ ਭਾਵ ਇਨ੍ਹਾਂ ਕਰਾਮਾਤਾਂ ਦਾ ਦੂਸਰੇ ਲੋਕਾਂ ਨੂੰ ਹੀ ਲਾਭ ਮਿਲਦਾ ਹੈ ਜਿਨ੍ਹਾਂ ਨੂੰ ਤੁਸੀਂ ਵਰ ਤੇ ਸਰਾਪ ਦੇਂਦੇ ਹੋ, ਪਰ ਤੁਹਾਡਾ ਆਪਣਾ ਤਾਂ ਨੁਕਸਾਨ ਹੀ ਹੁੰਦਾ ਹੈ ਕਿਉਂਕਿ ਤੁਹਾਡਾ ਕੀਤਾ ਹੋਇਆ ਜਪ ਤਪ ਨਸ਼ਟ ਹੋ ਜਾਂਦਾ ਹੈ। ਇਸ ਲਈ ਕਿਤਨਾ ਚੰਗਾ ਹੋਵੇ ਕਿ ਤੁਸੀਂ ਜਿਸ ਰੱਬ ਦੀ ਪ੍ਰਾਪਤੀ ਦੇ ਪ੍ਰਯੋਜਨ ਨੂੰ ਮੁਖ ਰਖ ਕੇ ਸਭੋ ਕੁਝ ਦਾ ਤਿਆਗ ਕਰ ਆਏ ਹੋ ਉਸੇ ਸੱਚੇ ਮਾਰਗ ਨੂੰ ਅਪਨਾਓ, ਜਿਸ ਦਾ ਤੁਹਾਨੂੰ ਤੇ ਹੋਰਨਾਂ ਲੋਕਾਂ ਨੂੰ ਭੀ ਲਾਭ ਪ੍ਰਾਪਤ ਹੋਵੇ। ਸੋ, ਇਸੇ ਭਾਵ ਨੂੰ ਬਾਣੀ ਵਿਚ ਬਾਰ ਬਾਰ ਪ੍ਰਗਟਾਇਆ ਹੈ ਕਿ ਸੰਸਾਰ ਵਿਚ ਲੱਖਾਂ ਹੀ ਲੋਕ ਕਰਾਮਾਤਾਂ ਦੇ ਪ੍ਰਭਾਵ ਵਿਖਾ ਕੇ ਲੋਕਾਂ ਨੂੰ ਵੱਸ ਕਰਕੇ ਆਪਣੀ ਪੂਜਾ ਕਰਾਉਣ ਦੇ ਪਰਚੇ ਵਿਚ ਪਰਚੇ ਹੋਏ ਹਨ, ਪਰ ਇਸ ਪ੍ਰਪੰਚ ਦੇ ਪਰਚੇ ਨੂੰ ਗੁਰਮਤ ਨੇ ਕਬੂਲ ਨਹੀਂ ਕੀਤਾ, ਇਸੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ਾਂ ਤੋਂ ਪ੍ਰਭਾਵਤ ਹੋ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਅੰਕਤ ਕੀਤੀਆਂ ਹਨ, ਜਿਸ ਵਿਚ ਇਹੋ ਸਾਰ ਸਿਧਾਂਤ ਹੈ ਕਿ ਜਿਸ ਪਰਮੇਸ਼ਰ ਦੀ ਸਾਰੇ ਪੀਰ ਪਾਤਿਸ਼ਾਹ ਅਰਾਧਨਾ ਕਰਦੇ ਹਨ ਉਸੇ ਦੀ ਸਿਫ਼ਤ-ਸਾਲਾਹ ਵਿਚ ਜੁੜ ਕੇ ਜਨਮ ਸਫਲਾ ਕਰੋ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਲੱਖਾਂ ਪੀਰੀਆਂ ਦੇ ਪਾਤਿਸ਼ਾਹ (ਵਡੇ ਪੀਰ) ਕਰਾਮਾਤਾਂ ਨਾਲ ਆਪਣੇ ਪ੍ਰਭਾਵ ਲੋਕਾਂ 'ਤੇ ਪਾਉਂਦੇ ਹਨ।

(੨) ਜੋਗ ਤੇ ਭੋਗ ਦੇ ਲੱਖਾਂ ਰਾਹ ਚਲਾ ਕੇ, ਆਪਣੇ ਨਾਲ ਚੇਲਿਆਂ ਦੀਆਂ ਮੰਡਲੀਆਂ ਤੋਰ ਲੈਂਦੇ ਹਨ।

(੩) (ਉਹ ਏਨੇ ਪ੍ਰਭਾਵਸ਼ਾਲੀ ਹਨ, ਪਰ ਇਹ ਦੁਨੀਆਂ ਨੂੰ ਭਰਮਾਉਣ ਵਾਲੇ) ਬੇਅੰਤ ਨ ਦੁਨੀਆ ਦੀ ਹਾਥ ਪਾ ਸਕਦੇ ਹਨ ਨ ਦੀਨ (ਧਰਮ) ਦੀ ਗੌਰਵਤਾ ਨੂੰ ਹੀ ਜਾਣ ਸਕਦੇ ਹਨ।

(੪) ਭਾਵੇਂ ਮੁਰੀਦਾਂ ਦੇ ਟੋਲਿਆਂ ਦੇ ਟੋਲੇ, ਉਨ੍ਹਾਂ ਦੀ ਪਨਾਹ ਵਿਚ ਰਹਿੰਦੇ ਹਨ ਤੇ ਸੇਵਾ ਕਰਦੇ, ਭਾਵ ਜੋ ਪੀਰ ਫ਼ੁਰਮਾਉਂਦੇ, ਓਹੀ ਸੇਵਾ ਕਰਦੇ ਹਨ।

(੫) (ਪਰਮੇਸ਼ਰ ਦੀ) ਸਿਫ਼ਤ ਤੇ ਸਲਾਹੁਤਾ ਦਾ ਅੰਤ ਨਹੀਂ ਹੈ (ਇਹ ਗੱਲ ਵੀ ਉਹ) ਕਈਆਂ ਨੂੰ ਆਖ ਕੇ ਸੁਣਾਉਂਦੇ ਹਨ।

(੬) ਪਰ ਉਹ ਵਿਰਲੇ ਹੀ ਹਨ, ਜੋ ਬੇਪਰਵਾਹ (ਪਰਮੇਸ਼ਰ ਦੀ) ਦਰਗਾਹ ਦੇ (ਬੂਹੇ ਅੱਗੇ) ਖੜੇ ਹੋ (ਅਕਾਲ ਪੁਰਖ ਦੀ) ਅਰਾਧਨਾ ਕਰ ਰਹੇ ਹਨ, ਭਾਵ ਅੰਤਰ ਆਤਮੇ ਧਿਆਨ ਵਿਚ ਮਸਤ ਹਨ।੮।

## ੯. ਭਾਉ-ਭਗਤੀ ਤੋਂ ਸੱਖਣਾ ਸਭੋ ਕੁਝ ਨਿਸਫਲ ਹੈ

**੧. ਲੱਖ ਸਾਹਿਬ ਸਿਰਦਾਰ ਆਵਣ ਜਾਵਣੇ।**
**੨. ਲੱਖ ਬੜੇ ਦਰਬਾਰ ਬਣਤ ਬਣਾਵਣੇ।**
**੩. ਦਰਬ ਭਰੇ ਭੰਡਾਰ ਗਣਤ ਗਣਾਵਣੇ।**
**੪. ਪਰਵਾਰੈ ਸਾਧਾਰ ਬਿਰਦ ਸਦਾਵਣੇ।**
**੫. ਲੋਭ ਮੋਹ ਅਹੰਕਾਰ ਧੋਹ ਕਮਾਵਣੇ।**
**੬. ਕਰਦੇ ਚਾਰੁ ਵੀਚਾਰਿ ਦਹ ਦਿਸਿ ਧਾਵਣੇ।**
**੭. ਲਖ ਲਖ ਬਜ਼ੁਰਗਵਾਰ ਮਨ ਪਰਚਾਵਣੇ ॥੯॥**

***ਪਦ ਅਰਥ :*** ਬਣਤ—ਬਨਾਵਟਾਂ ਤੇ ਸਜਾਵਟਾਂ, ਜਲਸੇ। ਗਣਤ—ਗਿਣਤੀਆਂ, ਹਿਸਾਬ। ਬਿਰਦ—ਪੈਜ। ਧੋਹ—ਧੋਖਾ। ਚਾਰੁ ਵੀਚਾਰਿ—ਸੁੰਦਰ ਸਲਾਹਾਂ ਵਾਲੇ। ਬਜ਼ੁਰਗਵਾਰ—ਬਜ਼ੁਰਗ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜਦੋਂ ਅਸੀਂ ਆਮ ਲੋਕਾਈ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਰੀ ਲੋਕਾਈ ਆਪੋ ਆਪਣਾ ਸਮਾਂ ਪੂਰਾ ਕਰਕੇ ਟੁਰਦੀ ਜਾ ਰਹੀ ਹੈ, ਪਰ ਅਸੀਂ ਸੰਸਾਰੀ ਲੋਕ ਫਿਰ ਭੀ ਇਸ ਸਚਾਈ ਵੱਲ ਧਿਆਨ ਬਹੁਤ ਘੱਟ ਹੀ ਦੇਂਦੇ ਹਾਂ, ਕਿਉਂ ਜੀ, ਇਸ ਦਾ ਸਹੀ ਕਾਰਨ ਕੀ ਹੈ? ਗੁਰਮਤ ਅਨੁਸਾਰ ਉੱਤਰ ਦੇਣ ਦੀ ਕ੍ਰਿਪਾ ਕਰੋ ਤਾ ਕਿ ਸਾਨੂੰ ਭੀ ਸਹੀ ਬੋਧ ਮਿਲ ਸਕੇ?

**ਉ:** ਹੇ ਭਾਈਓ! ਇਸ ਭਾਵ ਨੂੰ ਸਤਿਗੁਰੂ ਜੀ ਨੇ ਬਾਣੀ

ਦੁਆਰੇ ਬਾਰ ਬਾਰ ਪ੍ਰਗਟਾਇਆ ਹੈ, ਉਸਨੂੰ ਅਸੀਂ ਪੜ੍ਹਦੇ ਸੁਣਦੇ ਭੀ ਹਾਂ ਪਰ ਉਸ 'ਤੇ ਅਮਲ ਬਹੁਤ ਘੱਟ ਕਰਦੇ ਹਾਂ ਜਿਤਨਾ ਚਿਰ ਅਸੀਂ ਬਾਣੀ ਪੜ੍ਹੀ ਤੇ ਸੁਣੀ ਜਾ ਰਹੇ ਹਾਂ, ਪਰ ਅਮਲ ਨਹੀਂ ਕਰਦੇ ਉਤਨਾ ਚਿਰ ਸਾਡੇ ਅਗਿਆਨਤਾ ਭਰੇ ਖ਼ਿਆਲਾਂ ਵਿਚ ਬਦਲ ਨਹੀਂ ਆ ਸਕਦੀ, ਪੁਰਾਣੇ ਅਗਿਆਨਤਾ ਭਰੇ ਭਰਮ ਭੁਲੇਖੇ ਬਣੇ ਹੀ ਰਹਿੰਦੇ ਹਨ, ਜਿਨ੍ਹਾਂ ਦੀ ਘੁੰਮਣ ਘੇਰੀ ਵਿਚ ਪਿਆ ਮਨੁੱਖ ਆਪਣਾ ਸਾਰਾ ਹੀ ਜੀਵਨ ਨਿਸਫਲ ਗਵਾ ਜਾਂਦਾ ਹੈ, ਪਰ ਬਾਣੀ ਸਾਨੂੰ ਸੰਬੋਧਨ ਕਰਦੀ ਹੈ ਕਿ ਹੇ ਮਨੁੱਖ! ਤੂੰ ਸਤਿਗੁਰਾਂ ਦੇ ਦਿਤੇ ਉਪਦੇਸ਼ ਨੂੰ ਸਾਹਮਣੇ ਰੱਖ ਜਿਸ ਵਿਚ ਗੁਰਬਾਣੀ ਦੁਆਰੇ ਇਹੋ ਗਿਆਨ ਬਖ਼ਸ਼ਿਆ ਹੈ, ਜਿਸ ਦੁਆਰੇ ਸਾਨੂੰ ਸੱਚਾ ਉਪਦੇਸ਼ ਮਿਲਦਾ ਹੈ ਕਿ :

ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ ॥
ਹਟ ਪਟਣ ਬਾਜਾਰ ਹੁਕਮੀ ਢਹਸੀਓ ॥
ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ ॥
ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ ॥
ਤਾਜੀ ਰਥ ਤੁਖਾਰ ਹਾਥੀ ਪਾਖਰੇ ॥
ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ ॥
ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ ॥
ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ ॥੮॥
*(ਪਉੜੀ, ਪੰਨਾ ੧੪੧)*

ਰਾਜੁ ਮਾਲੁ ਅਨੇਕ ਭੋਗ ਰਸ
ਸਗਲ ਤਰਵਰ ਕੀ ਛਾਮ ॥
ਧਾਇ ਧਾਇ ਬਹੁ ਬਿਧਿ ਕਉ ਧਾਵੈ
ਸਗਲ ਨਿਰਾਰਥ ਕਾਮ ॥੧॥ *(ਟੋਡੀ ਮ: ੫, ਪੰਨਾ ੭੧੩)*

ਰਾਜ ਮਾਲ ਸਾਦਨ ਦਰਬਾਰ ॥
ਸਿਮਰਤ ਨਾਮ ਪੂਰਨ ਆਚਾਰ ॥੩॥
ਨਾਨਕ ਦਾਸ ਇਹੁ ਕੀਆ ਬੀਚਾਰੁ ॥
ਬਿਨੁ ਹਰਿ ਨਾਮ ਮਿਥਿਆ ਸਭ ਛਾਰੁ ॥੪॥੮॥
*(ਭੈਰਉ ਮ: ੫, ਪੰਨਾ ੧੧੩੭)*

ਰਾਜ ਮਿਲਕ ਸਿਕਦਾਰੀਆ ਰਸ ਭੋਗਣ ਬਿਸਥਾਰ ॥
ਬਾਗ ਸੁਹਾਵੇ ਸੋਹਣੇ ਚਲੈ ਹੁਕਮੁ ਅਫਾਰ ॥
ਰੰਗ ਤਮਾਸੇ ਬਹੁ ਬਿਧੀ ਚਾਇ ਲਗਿ ਰਹਿਆ ॥
ਚਿਤਿ ਨ ਆਇਓ ਪਾਰਬ੍ਰਹਮੁ
ਤਾ ਸਰਪ ਕੀ ਜੂਨਿ ਗਇਆ ॥੬॥
*(ਸਿਰੀ ਰਾਗੁ ਮ: ੫, ਪੰਨਾ ੭੦)*

ਰਾਜ ਮਿਲਕ ਜੋਬਨ ਗ੍ਰਿਹ ਸੋਭਾ ਰੂਪਵੰਤੁ ਜੋੁਆਨੀ ॥
ਬਹੁਤੁ ਦਰਬੁ ਹਸਤੀ ਅਰੁ ਘੋੜੇ
ਲਾਲ ਲਾਖ ਬੈ ਆਨੀ ॥
ਆਗੈ ਦਰਗਹਿ ਕਾਮਿ ਨ ਆਵੈ
ਛੋਡਿ ਚਲੈ ਅਭਿਮਾਨੀ ॥੧॥
*(ਆਸਾ ਮ: ੫, ਪੰਨਾ ੩੭੯)*

ਰਾਜ ਮਿਲਖ ਅਰੁ ਬਹੁਤੁ ਫੁਰਮਾਇਸਿ ॥
ਮਨੁ ਨਹੀ ਧ੍ਰਾਪੈ ਤ੍ਰਿਸਨਾ ਨ ਜਾਇਸਿ ॥
*(ਆਸਾ ਮਹਲਾ ੫, ਪੰਨਾ ੩੭੩)*

ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ ॥੧॥...
ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ ॥
ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ ॥੨॥
*(ਬਿਲਾਵਲੁ ਮ: ੫, ਪੰਨਾ ੮੧੧)*

ਰਾਜ ਮਿਲਖ ਧਨ ਜੋਬਨਾ
ਨਾਮੈ ਬਿਨੁ ਬਾਦਿ ॥੧॥ਰਹਾਉ॥
ਰੂਪ ਧੂਪ ਸੋਗੰਧਤਾ ਕਾਪਰ ਭੋਗਾਦਿ ॥
ਮਿਲਤ ਸੰਗਿ ਪਾਪਿਸਟ ਤਨ ਹੋਏ ਦੁਰਗਾਦਿ ॥੨॥
*(ਬਿਲਾਵਲੁ ਮ: ੫, ਪੰਨਾ ੮੧੦)*

ਕਪੜ ਭੋਗ ਸੁਗੰਧ ਤਨਿ ਮਰਦਨ ਮਾਲਣਾ ॥
ਬਿਨੁ ਸਿਮਰਨ ਤਨੁ ਛਾਰੁ ਸਰਪਰ ਚਾਲਣਾ ॥੩॥
*(ਆਸਾ ਮ: ੫, ਪੰਨਾ ੩੯੮)*

ਰਾਜੁ ਮਾਲੁ ਜੋਬਨੁ ਸਭੁ ਛਾਂਵ ॥
ਰਥਿ ਫਿਰੰਦੈ ਦੀਸਹਿ ਥਾਵ ॥
ਦੇਹ ਨ ਨਾਉ ਨ ਹੋਵੈ ਜਾਤਿ ॥
ਓਥੈ ਦੇਹੁ ਐਥੈ ਸਭ ਰਾਤਿ ॥੨॥
*(ਮਲਾਰ ਮਹਲਾ ੧, ਪੰਨਾ ੧੨੫੭)*

ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ॥
ਰਾਜੁ ਮਾਲੁ ਝੂਠੀ ਸਭ ਮਾਇਆ ॥
ਲੋਭੀ ਨਰ ਰਹੇ ਲਪਟਾਇ ॥
ਹਰਿ ਕੇ ਨਾਮ ਬਿਨੁ ਦਰਗਹ ਮਿਲੈ ਸਜਾਇ ॥੧੨॥
*(ਭੈਰਉ ਮ: ੩, ਪੰਨਾ ੧੧੫੫)*

ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥
ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥
ਏਨਾ ਠਗਨਿ੍ ਠਗ ਸੇ ਜਿ ਗੁਰ ਕੀ ਪੈਰੀ ਪਾਹਿ ॥
ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ ॥੨॥
*(ਮ: ੧, ਪੰਨਾ ੧੨੮੮)*

ਰਾਜ ਰੰਗ ਰੂਪ ਸਭਿ ਕੂਰ ॥
ਨਾਮ ਬਿਨਾ ਹੋਇ ਜਾਸੀ ਧੂਰ ॥੨॥
ਭਰਮਿ ਭੂਲੇ ਬਾਦਿ ਅਹੰਕਾਰੀ ॥
ਸੰਗਿ ਨਾਹੀ ਰੇ ਸਗਲ ਪਸਾਰੀ ॥
ਸੋਗ ਹਰਖ ਮਹਿ ਦੇਹ ਬਿਰਧਾਨੀ ॥
ਸਾਕਤ ਇਵ ਹੀ ਕਰਤ ਬਿਹਾਨੀ ॥੩॥

*(ਰਾਮਕਲੀ ਮ: ੫, ਪੰਨਾ ੮੮੮)*

ਵਡੇ ਵਡੇ ਜੋ ਦੀਸਹਿ ਲੋਗ ॥
ਤਿਨ ਕਉ ਬਿਆਪੈ ਚਿੰਤਾ ਰੋਗ ॥੧॥
ਕਉਨ ਵਡਾ ਮਾਇਆ ਵਡਿਆਈ ॥
ਸੋ ਵਡਾ ਜਿਨਿ ਰਾਮ ਲਿਵ ਲਾਈ ॥੧॥ਰਹਾਉ॥
ਭੂਮੀਆ ਭੂਮਿ ਊਪਰਿ ਨਿਤ ਲੁਝੈ ॥
ਛੋਡਿ ਚਲੈ ਤ੍ਰਿਸਨਾ ਨਹੀ ਬੁਝੈ ॥੨॥
ਕਹੁ ਨਾਨਕ ਇਹੁ ਤਤੁ ਬੀਚਾਰਾ ॥
ਬਿਨੁ ਹਰਿ ਭਜਨ ਨਾਹੀ ਛੁਟਕਾਰਾ ॥੩॥੪੪॥੧੧੩॥

*(ਗਉੜੀ ਮਹਲਾ ੫, ਪੰਨਾ ੧੮੮)*

ਵਡੇ ਵਡੇ ਜੋ ਦੁਨੀਆਦਾਰ ॥
ਕਾਹੂ ਕਾਜਿ ਨਾਹੀ ਗਾਵਾਰ ॥
ਹਰਿ ਕਾ ਦਾਸੁ ਨੀਚ ਕੁਲੁ ਸੁਣਹਿ ॥
ਤਿਸ ਕੈ ਸੰਗਿ ਖਿਨ ਮਹਿ ਉਧਰਹਿ ॥੨॥

*(ਗਉੜੀ ਮਹਲਾ ੫, ਪੰਨਾ ੨੩੮)*

ਵਡੇ ਵਡੇ ਰਾਜਨ ਅਰੁ ਭੂਮਨ
ਤਾ ਕੀ ਤ੍ਰਿਸਨ ਨ ਬੂਝੀ ॥
ਲਪਟਿ ਰਹੇ ਮਾਇਆ ਰੰਗ ਮਾਤੇ
ਲੋਚਨ ਕਛੂ ਨ ਸੂਝੀ ॥੧॥
ਬਿਖਿਆ ਮਹਿ ਕਿਨ ਹੀ ਤ੍ਰਿਪਤ ਨ ਪਾਈ ॥
ਜਿਉ ਪਾਵਕੁ ਈਧਨਿ ਨਹੀ ਧ੍ਰਾਪੈ
ਬਿਨੁ ਹਰਿ ਕਹਾ ਅਘਾਈ ॥ਰਹਾਉ॥

*(ਧਨਾਸਰੀ ਮ: ੫, ਪੰਨਾ ੬੭੨)*

ਇਨ੍ਹਾਂ ਉਪ੍ਰੋਕਤ ਬਾਣੀ ਦੇ ਮਹਾਂਵਾਕਾਂ ਤੋਂ ਬੋਧ ਮਿਲਦਾ ਹੈ ਕਿ ਸੰਸਾਰ ਵਿਚ ਜਿਤਨੇ ਭੀ ਵਡੇ ਵਡੇ ਦੁਨੀਆਂਦਾਰ ਆਏ ਹਨ ਉਹ ਚਿੰਤਾ ਦੇ ਰੋਗ ਵਿਚ ਗ੍ਰਸੇ ਹੋਏ ਸਦਾ ਹੀ ਚਿੰਤਾਤੁਰ ਰਹੇ, ਕਿਉਂਕਿ ਉਨ੍ਹਾਂ ਦੇ ਮਨ ਨੂੰ ਸਦਾ ਹੀ ਸੰਸਾਰ ਦੇ ਪਦਾਰਥਾਂ ਨੇ ਗ੍ਰਸੀ ਰੱਖਿਆ, ਜਿਸ ਕਰਕੇ ਉਨ੍ਹਾਂ ਨੂੰ ਜੀਵਨ ਭਰ ਕਦੇ ਭੀ ਸ਼ਾਂਤੀ ਨਹੀਂ ਪ੍ਰਾਪਤ ਹੋਈ। ਇਸੇ ਅਸ਼ਾਂਤੀ ਦਾ ਸਦਕਾ ਵੱਡੇ ਵੱਡੇ ਸਾਹਿਬ ਅਤੇ ਸਰਦਾਰ ਚੌਰਾਸੀ ਲੱਖ ਜੂਨ ਦੇ ਚੱਕ੍ਰ ਵਿਚ ਹੀ ਆਉਂਦੇ ਜਾਂਦੇ ਰਹੇ।

ਇਨ੍ਹਾਂ ਸਤਿਗੁਰਾਂ ਦੀ ਬਾਣੀ ਵਿਚ ਆਏ ਮਹਾਂਵਾਕਾਂ ਦੀ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਦਾ ਭਾਵ ਇਹੋ ਹੈ ਕਿ ਪੁਰਾਤਨ ਅਤੇ ਵਰਤਮਾਨ ਸਮੇਂ ਦੇ ਸਾਰੇ ਹੀ ਮਨੁੱਖ ਨਾਮ ਤੋਂ ਸੱਖਣੇ ਸਦਾ ਹੀ ਵਿਲਕਦੇ ਰਹੇ, ਨਾਮ ਤੋਂ ਸੱਖਣੇ ਕਿਸੇ ਭੀ ਮਨੁੱਖ ਨੂੰ ਸ਼ਾਂਤੀ ਨਹੀਂ ਪ੍ਰਾਪਤ ਹੋਈ ਅਤੇ ਨਾ ਹੀ ਹੋ ਸਕੇਗੀ।

(੧) (ਜਦੋਂ ਸੰਸਾਰ ਭਰ ਵਿਚ ਨਜ਼ਰ ਮਾਰੀਏ ਤਾਂ ਵੇਖਣ ਵਿਚ ਆਉਂਦਾ ਹੈ ਕਿ) ਲੱਖਾਂ ਹੀ ਸਾਹਿਬ ਸਰਦਾਰ (ਸਭਾ ਸ਼ਿੰਗਾਰਾਂ ਵਾਲੇ ਹਨ) ਜੋ ਆਉਣ ਜਾਣ ਵਾਲੇ ਹੀ ਹਨ (ਭਾਵ ਉਹ ਸਾਰੇ ਸੰਸਾਰ ਵਿਚ ਮੁਸਾਫ਼ਰ ਦੀ ਨਿਆਈਂ ਹਨ)।

(੨) ਲੱਖਾਂ ਹੀ ਵੱਡੇ ਦਰਬਾਰਾਂ ਵਾਲੇ, ਜੋ ਹਰ ਸਮੇਂ ਬਣਤਾਂ (ਸਕੀਮਾਂ, ਕਿਸੇ ਨੂੰ ਜਿੱਤਣ ਦੀਆਂ, ਕਿਸੇ ਨੂੰ ਮਾਰਨ ਦੀਆਂ) ਬਣਾਉਂਦੇ ਰਹਿੰਦੇ ਹਨ।

(੩) ਜਿਨ੍ਹਾਂ ਦੇ ਖ਼ਜ਼ਾਨੇ ਧਨ ਨਾਲ ਭਰੇ ਹੋਏ ਹਨ (ਉਹ) ਆਪਣੇ ਧਨ ਦੀ ਗਿਣਤੀ ਹੀ ਗਿਣਾਉਂਦੇ (ਭਾਵ ਹਿਸਾਬ ਕਿਤਾਬ) ਕਰਦੇ ਰਹਿੰਦੇ ਹਨ।

(੪) ਕਈ ਪਰਵਾਰਾਂ ਦੇ ਸੁਧਾਰ (ਭਾਵ ਸੇਵਾ ਕਰਦੇ ਹਨ ਜੋ ਆਪਣੇ ਆਪ ਨੂੰ ਇਸੇ ਗੱਲ ਲਈ) ਬਿਰਦ (ਲਾਜ) ਰਖਣ ਵਾਲੇ ਸਦਵਾਉਂਦੇ ਹਨ (ਕਿ ਸਾਡੇ ਬਿਨਾ ਐਸਾ ਕੋਈ ਹੋਰ ਕਰ ਹੀ ਨਹੀਂ ਸਕਦਾ)।

(੫) ਲੋਭ, ਮੋਹ ਦੇ ਵਸ ਹੋਏ ਫਿਰ ਹੰਕਾਰ ਭੀ ਕਰਦੇ ਹਨ (ਤੇ ਹੰਕਾਰ ਵਿਚ ਆਏ ਲੋਕਾਂ ਨਾਲ) ਧੋਖਾ ਤੇ ਕਪਟ ਵੀ ਕਮਾਉਂਦੇ ਹਨ।

(੬) ਕਈ ਸੁੰਦਰ ਵੀਚਾਰਾਂ ਵਿਚ ਲਗੇ ਦਸੋ ਦਿਸ਼ਾ ਵਿਚ ਦੌੜਦੇ ਫਿਰਦੇ ਹਨ।

(੭) ਲੱਖਾਂ ਹੀ ਬਜ਼ੁਰਗ ਮਹੰਤ (ਆਪਣੇ ਆਪ ਨੂੰ ਆਖਦੇ) ਹਨ ਤੇ ਆਪਣਾ ਮਨ (ਇਸ ਗੱਲ ਨਾਲ ਹੀ) ਪਰਚਾਉਂਦੇ ਹਨ (ਕਿ ਅਸੀਂ ਬੜੇ ਵੱਡੇ ਹਾਂ)।੯।

***ਭਾਵਾਰਥ :*** ਕਿਤਨਾ ਚੰਗਾ ਹੋਵੇ ਕਿ ਜਿਨ੍ਹਾਂ ਲੋਕਾਂ ਨੂੰ ਉਸ ਦਾਤਾਰ ਨੇ ਅਨੰਤ ਦਾਤਾਂ ਬਖ਼ਸ਼ੀਆਂ ਹਨ ਉਹ ਉਸ ਦਾਤਾਂ ਦੇਣ ਵਾਲੇ ਦਾ ਸ਼ੁਕਰਾਨਾ ਕਰਦੇ ਹੋਏ ਆਪਣਾ ਜੀਵਨ ਨਿਰ-ਹੰਕਾਰ ਹੋ ਕੇ ਗੁਜ਼ਾਰਨ, ਜਿਸਦਾ ਸਦਕਾ ਉਨ੍ਹਾਂ ਦਾ ਜੀਵਨ ਸਫਲਾ ਹੋਵੇ ਤੇ ਲੋਕ ਪ੍ਰਲੋਕ ਵਿਚ ਸੁਖ ਹਾਸਲ ਹੋ ਸਕੇ।

## ੧੦. ਲੱਖਾਂ ਹੀ ਭਿੰਨ ਭਿੰਨ ਕਰਮ ਕਰਨ ਵਾਲੇ ਹਨ

**੧. ਲੱਖ ਦਾਤੇ ਦਾਤਾਰ ਮੰਗਿ ਮੰਗਿ ਦੇਵਹੀਂ।**
**੨. ਅਉਤਰਿ ਲੱਖ ਅਵਤਾਰ ਕਾਰ ਕਰੇਵਹੀਂ।**
**੩. ਅੰਤ ਨ ਪਾਰਾਵਾਰ ਖੇਵਟ ਖੇਵਹੀਂ।**
**੪. ਵੀਚਾਰੀ ਵੀਚਾਰਿ ਭੇਤੁ ਨ ਦੇਵਹੀਂ।**
**੫. ਕਰਤੂਤੀਂ ਆਚਾਰਿ ਕਰਿ ਜਸੁ ਲੇਵਹੀਂ।**
**੬. ਲੱਖ ਲੱਖ ਜੇਵਣਵਾਰ ਜੇਵਣ ਜੇਵਹੀਂ।**
**੭. ਲੱਖ ਦਰਗਹ ਦਰਬਾਰ ਸੇਵਕ ਸੇਵਹੀਂ ॥੧੦॥**

***ਪਦ ਅਰਥ :*** ਅਉਤਰਿ—ਅਵਤਾਰ ਧਾਰਨਾ। ਖੇਵਟ—ਮਲਾਹ। ਖੇਵਹੀਂ—ਜਹਾਜ਼ ਚਲਾਉਂਦੇ ਹਨ। ਜੇਵਣਵਾਰ—ਰਸੋਈਏ। ਜੇਵਣ—ਰਸੋਈ, ਭੋਜਨ। ਦਰਗਹ—ਦਰਬਾਰ, ਸ਼ਾਹੀ ਅਦਾਲਤ ਜਾਂ ਦਰਬਾਰ, ਹਜ਼ੂਰੀ ਕਚਹਿਰੀ, ਸਭਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਇਹ ਤਾਂ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ ਕਿ ਚਾਰੇ ਖਾਣੀਆਂ ਦੇ ਜੀਵਾਂ ਦੀ ਭਿੰਨ ਭਿੰਨ ਕ੍ਰਿਆ ਦੀ ਰੂਪ ਰੇਖਾ ਕੀ ਹੈ? ਪਰ ਤੁਸਾਂ ਕਦੇ ਮਨੁੱਖਾਂ ਦੀ ਕ੍ਰਿਤ ਵੱਲ ਭੀ ਨਜ਼ਰ ਦੁੜਾਈ ਹੈ ਜੇ ਕਦੇ ਇਸ ਪੱਖ ਨੂੰ ਵੀਚਾਰਿਆ ਹੋਵੇ ਤਾਂ ਜਾਣਕਾਰੀ ਦਿਓ ਕਿ ਮਨੁੱਖਾਂ ਦੀ ਕਿਰਤ ਕਿਸ ਕਿਸ ਰੂਪ ਵਿਚ ਵਰਤਦੀ ਹੈ, ਕਿਉਂਕਿ ਆਪ ਜੀ ਤਾਂ ਸੰਸਾਰ ਨੂੰ ਹਰ ਪੱਖੋਂ ਪੜਚੋਲਦੇ ਹੀ ਰਹਿੰਦੇ ਹੋ?

ਉ: ਹੇ ਭਾਈਓ! ਇਹ ਪੱਖ ਕਿਸੇ ਮਨੁੱਖ ਦੀ ਦ੍ਰਿਸ਼ਟੀ ਗੋਚਰੇ ਹੋਣ ਵਾਲਾ ਨਹੀਂ ਕਿਉਂਕਿ ਜਦੋਂ ਅਸੀਂ ਬਾਣੀ ਦੀ ਵੀਚਾਰ ਕਰਦੇ ਹਾਂ ਤਾਂ ਬਾਣੀ ਵਿਚ ਭੀ ਇਸ ਪੱਖ ਨੂੰ ਬੇਅੰਤਤਾ ਦਾ ਹੀ ਰੂਪ ਕਥਨ ਕੀਤਾ ਹੈ, ਜਿਉਂ ਜਿਉਂ ਬਾਣੀ ਦੀ ਪੜਚੋਲ ਕਰੀਏ ਤਾਂ ਬਾਰ ਬਾਰ ਮਨੁੱਖਤਾ ਦੀ ਹੋ ਰਹੀ ਕਿਰਤ ਨੂੰ ਬੇਅੰਤ ਬੇਅੰਤ ਕਰਕੇ ਅੰਕਿਤ ਕੀਤਾ ਹੈ ਜੋ, ਮੇਰੇ ਪੜ੍ਹਨ ਵਿਚ ਭੀ ਬਾਣੀ ਵਿਚ ਇਉਂ ਹੀ ਆਇਆ ਹੈ, ਜਿਵੇਂ ਕਿ:

ਆਪਹਿ ਸੂਖਮ ਆਪਹਿ ਅਸਥੂਲਾ ॥
ਲਖੀ ਨ ਜਾਈ ਨਾਨਕ ਲੀਲਾ ॥੧॥

*(ਗਉੜੀ ਮ: ੫, ਪੰਨਾ ੨੫੦)*

ਪਸਰਿਓ ਆਪਿ ਹੋਇ ਅਨਤ ਤਰੰਗ ॥
ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥

*(ਸੁਖਮਨੀ ਸਾਹਿਬ, ਪੰਨਾ ੨੭੫)*

ਲਖ ਲਸਕਰ ਲਖ ਵਾਜੇ ਨੇਜੇ
ਲਖ ਉਠਿ ਕਰਹਿ ਸਲਾਮੁ ॥
ਲਖਾ ਉਪਰਿ ਫੁਰਮਾਇਸਿ ਤੇਰੀ
ਲਖ ਉਠਿ ਰਾਖਹਿ ਮਾਨੁ ॥
ਜਾਂ ਪਤਿ ਲੇਖੈ ਨਾ ਪਾਵੈ
ਤਾਂ ਸਭਿ ਨਿਰਾਫਲ ਕਾਮ ॥੧॥
ਹਰਿ ਕੇ ਨਾਮ ਬਿਨਾ ਜਗੁ ਧੰਧਾ ॥
ਜੇ ਬਹੁਤਾ ਸਮਝਾਈਐ ਭੋਲਾ
ਭੀ ਸੋ ਅੰਧੋ ਅੰਧਾ ॥੧॥ਰਹਾਉ॥
ਲਖ ਖਟੀਅਹਿ ਲਖ ਸੰਜੀਅਹਿ ਖਾਜਹਿ
ਲਖ ਆਵਹਿ ਲਖ ਜਾਹਿ ॥
ਜਾਂ ਪਤਿ ਲੇਖੈ ਨਾ ਪਾਵੈ
ਤਾਂ ਜੀਅ ਕਿਥੈ ਫਿਰਿ ਪਾਹਿ ॥੨॥
ਲਖ ਸਾਸਤ ਸਮਝਾਵਣੀ
ਲਖ ਪੰਡਿਤ ਪੜਹਿ ਪੁਰਾਣ ॥
ਜਾਂ ਪਤਿ ਲੇਖੈ ਨਾ ਪਵੈ ਤਾਂ ਸਭੇ ਕੁਪਰਵਾਣ ॥੩॥
ਸਚ ਨਾਮਿ ਪਤਿ ਊਪਜੈ ਕਰਮਿ ਨਾਮੁ ਕਰਤਾਰੁ ॥
ਅਹਿਨਿਸਿ ਹਿਰਦੈ ਜੇ ਵਸੈ
ਨਾਨਕ ਨਦਰੀ ਪਾਰੁ ॥੪॥੧॥੩੧॥

*(ਆਸਾ ਮ: ੧, ਪੰਨਾ ੩੫੮)*

ਲਾਖ ਭਗਤ ਜਾ ਕਉ ਆਰਾਧਹਿ ॥
ਲਾਖ ਤਪੀਸਰ ਤਪੁ ਹੀ ਸਾਧਹਿ ॥
ਲਾਖ ਜੋਗੀਸਰ ਕਰਤੇ ਜੋਗਾ ॥
ਲਾਖ ਭੋਗੀਸਰ ਭੋਗਹਿ ਭੋਗਾ ॥੨॥

*(ਵਡਹੰਸੁ ਮ: ੫, ਪੰਨਾ ੫੬੨)*

ਇਸ ਤਰ੍ਹਾਂ ਜਿਉਂ ਜਿਉਂ ਬਾਣੀ ਦੀ ਪੜਚੋਲ ਕਰਦੇ ਜਾਈਏ ਤਿਉਂ ਤਿਉਂ ਬੋਧ ਮਿਲਦਾ ਹੈ ਕਿ ਮਨੁੱਖ ਸ਼੍ਰੇਣੀ ਵਿਚ ਲੱਖਾਂ ਹੀ ਜਪੀ, ਤਪੀ, ਜੋਗੀ, ਸਾਧਨਾ ਕਰਨ ਵਾਲੇ ਹਨ ਅਤੇ ਲੱਖਾਂ ਹੀ ਦਾਤੇ ਮੰਗਤੇ, ਪਾਤਿਸ਼ਾਹ ਨਜ਼ਰ ਆਉਂਦੇ ਹਨ, ਜਿਨ੍ਹਾਂ ਦੀ ਭਿੰਨ ਭਿੰਨ ਕਿਰਿਆ ਹੁੰਦੀ ਵੇਖਦੇ ਹਾਂ, ਪਰ ਹਰ ਇਕ ਦੀ ਕਿਰਿਆ ਵੱਖੋ ਵੱਖ ਹੋ ਰਹੀ ਹੈ। ਇਕ ਦੀ ਕ੍ਰਿਆ ਦਾ ਕਿਸੇ ਦੂਸਰੇ ਨਾਲ ਕੋਈ ਤਾਲਮੇਲ ਨਹੀਂ ਨਜ਼ਰ ਆਉਂਦਾ, ਪਰ ਇਨ੍ਹਾਂ ਸਾਰਿਆਂ ਦੀ ਕਿਰਤ ਰੱਬੀ ਦਰਬਾਰ ਤਕ ਪਹੁੰਚਾਉਣ ਨੂੰ ਸਮਰੱਥ ਨਹੀਂ, ਰੱਬੀ

ਦਰਬਾਰ ਵਿਚ ਇਕ ਭਾਉ ਭਗਤੀ ਕਰਨ ਵਾਲਾ ਹੀ ਕਬੂਲ ਹੁੰਦਾ ਹੈ, ਬਾਕੀ ਸਭ ਰਾਜੇ ਮਹਾਰਾਜੇ ਪਾਤਿਸ਼ਾਹ ਉਰਾਰ ਹੀ ਰਹਿ ਜਾਂਦੇ ਹਨ, ਇਨ੍ਹਾਂ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ :

(੧) (ਜਦੋਂ ਦੂਰ-ਦਰਸ਼ੀ ਨਜ਼ਰਾਂ ਦੁਆਰੇ ਤੱਕਦੇ ਹਾਂ ਤਾਂ ਵੇਖਣ ਵਿਚ ਆਉਂਦਾ ਹੈ ਕਿ) ਲੱਖਾਂ ਹੀ ਦਾਤੇ ਦਾਨ ਕਰਨ ਵਾਲੇ ਹਨ, ਜੋ ਦਾਨ ਮੰਗਣ ਵਾਲਿਆਂ ਨੂੰ ਮੂੰਹ ਮੰਗੇ ਦਾਨ ਦੇਂਦੇ ਹਨ।

(੨) ਲੱਖਾਂ ਅਵਤਾਰ, ਅਵਤਾਰ ਧਾਰ ਕੇ ਅਵਤਾਰਾਂ ਵਾਲੀ ਕਾਰ ਕਰਦੇ ਹਨ।

(੩) (ਇਸ ਸੰਸਾਰ ਵਿਚ ਆ ਕੇ ਆਗੂ) ਮਲਾਹ ਬਣਦੇ ਹਨ, (ਲੋਕਾਂ ਨੂੰ ਪਾਰ ਕਰਨ ਦਾ ਨਿਸਚਾ ਤਾਂ ਦੇਂਦੇ ਹਨ ਪਰ) ਨਾ ਸੰਸਾਰ ਦਾ ਤੇ ਨਾ ਪਰਮੇਸ਼ਰ ਦਾ ਹੀ ਅੰਤ ਪਾ ਸਕਦੇ ਹਨ (ਬੱਸ ਆਪਣੀ ਬੁਧੀ ਦੀ ਸਮਝ ਅਨੁਸਾਰ ਹੀ ਦੌੜ ਲਾ ਸਕਦੇ ਹਨ)।

(੪) ਕਈ ਵੀਚਾਰਾਂ ਵੀਚਾਰਨ ਵਾਲੇ ਵੀ ਹਨ (ਆਪਣੇ ਆਪ ਨੂੰ ਸਿਆਣਪ ਵਾਲੇ ਮੰਨਦੇ ਹਨ)। ਪਰ (ਪ੍ਰਭੂ ਦੇ) ਅੰਤ ਦਾ ਪਤਾ ਨਹੀਂ ਦੇ ਸਕਦੇ।

(੫) ਕਰਤੂਤਾਂ (ਵੱਡੇ ਕੰਮ) ਕਰਨ ਵਾਲੇ (ਜੱਗ ਆਦਿਕਾਂ ਦੇ) ਕਰਮ ਕਰਦੇ ਤੇ ਜਸ ਪ੍ਰਾਪਤ ਕਰਦੇ ਹਨ।

(੬) (ਜੱਗਾਂ ਲਈ) ਲੱਖਾਂ ਹੀ ਰਸੋਈਏ (ਭੋਜਨ ਤਿਆਰ ਕਰਨ ਵਾਲੇ) ਤੇ ਲੱਖਾਂ ਹੀ ਖਾਣ ਵਾਲੇ ਹਨ।

(੭) ਲੱਖਾਂ ਹੀ ਦਰਬਾਰ ਤੇ ਸਭਾ ਲਾਉਣ ਵਾਲੇ (ਰਾਜੇ ਮਹਾਰਾਜਿਆਂ) ਦੇ ਸੇਵਕ ਹੁੰਦੇ ਹਨ ਜੋ ਸੇਵਾ ਦਾ ਕੰਮ ਕਰਦੇ ਹਨ। ਪਰ ਕੋਈ ਅੰਤ ਨਹੀਂ ਪਾ ਸਕਿਆ ਅਤੇ ਭਾਉ ਭਗਤੀ ਵਾਲਿਆਂ ਦੇ ਰਸਾਂ ਨੂੰ ਨਹੀਂ ਜਾਣ ਸਕਿਆ।

## ੧੧. *ਭਗਤੀ ਤੋਂ ਸੱਖਣੇ ਹੋਰ ਕਰਮ-ਕਾਂਡ ਨਿਸਫਲ ਹਨ*

**੧. ਸੂਰਬੀਰ ਵਰਿਆਮ ਜੋਰੁ ਜਣਾਵਹੀਂ।**
**੨. ਸੁਣਿ ਸੁਣਿ ਸੁਰਤੇ ਲੱਖ ਆਖਿ ਸੁਣਾਵਹੀਂ।**
**੩. ਖੋਜੀ ਖੋਜਣਿ ਖੋਜਿ ਦਹ ਦਿਸਿ ਧਾਵਹੀਂ।**
**੪. ਚਿਰਜੀਵੇ ਲਖ ਹੋਇ ਨ ਓੜਕੁ ਪਾਵਹੀਂ।**
**੫. ਖਰੇ ਸਿਆਣੇ ਹੋਇ ਨ ਮਨੁ ਸਮਝਾਵਹੀਂ।**
**੬. ਲਉਬਾਲੀ ਦਰਗਾਹ ਚੋਟਾਂ ਖਾਵਹੀਂ॥੧੧॥**

***ਪਦ ਅਰਥ :*** ਵਰਿਆਮ—ਅਤਿਰਥੀ ਜੋ ਹਜ਼ਾਰ ਨਾਲ ਲੜੇ, ਬਹੁਤ ਬਹਾਦਰ। ਸੁਰਤੇ—ਸੁਣਨ ਵਾਲੇ, ਸ੍ਰੋਤੇ। ਲਉਬਾਲੀ—ਬੇਪਰਵਾਹ। ਚੋਟਾਂ—ਸਜ਼ਾਵਾਂ।

***ਅਰਥ :***

ਪ੍ਰ: ਕਿਉਂ ਭਾਈ ਸਾਹਿਬ ਜੀਉ! ਸੰਸਾਰ ਵਿਚ ਬੜੇ ਬੜੇ ਸੂਰਬੀਰ ਬਹਾਦਰ ਆਪੋ ਆਪਣਾ ਜ਼ੋਰ ਜਣਾਉਂਦੇ ਹਨ, ਅਤੇ ਲੱਖਾਂ ਹੀ ਖੋਜੀ ਹਨ, ਤੇ ਅਨੇਕਾਂ ਹੀ ਸਿਆਣੇ ਵੇਖਦੇ ਹਾਂ, ਪਰ ਇਨ੍ਹਾਂ ਵਿਚੋਂ ਦਸੋਗੇ ਕਿ ਰੱਬੀ ਦਰਬਾਰ ਵਿਚ ਕੌਣ ਕਬੂਲ ਹੋਵੇਗਾ ?

ਉ: ਹੇ ਭਾਈਓ! ਜਦੋਂ ਬਾਣੀ ਦੀ ਵੀਚਾਰ ਕਰੀਏ ਤਾਂ ਜਾਣਕਾਰੀ ਮਿਲਦੀ ਹੈ ਕਿ ਉਸ ਪ੍ਰਭੂ ਦੀ ਭਾਉ ਭਗਤੀ ਤੋਂ ਸੱਖਣਾ ਮਨੁੱਖ ਭਾਵੇਂ ਦੁਨਿਆਵੀ ਤੌਰ ਤੇ ਕਿਤਨੀ ਭੀ ਪ੍ਰਭਤਾ ਹਾਸਿਲ ਕਰ ਲਵੇ, ਉਹ ਉਸ ਸੱਚੇ ਦੀ ਦਰਗਾਹ ਵਿਚ ਅਸਫਲ ਹੀ ਰਹੇਗਾ, ਕਿਉਂਕਿ ਇਸ ਸੰਬੰਧ ਵਿਚ ਬਾਣੀ ਅੰਦਰ ਕਿਤਨੇ ਹੀ ਉਦਾਹਰਣ ਮਿਲਦੇ ਹਨ, ਜਿਵੇਂ ਕਿ :

ਦੇਹਨ ਗੇਹਨ ਨੇਹਨ ਨੀਤਾ
ਮਾਇਆ ਮਤ ਕਹਾ ਲਉ ਗਾਰਹੁ॥
ਛਤ੍ਰਨ ਪਤ੍ਰਨ ਚਉਰਨ ਚਾਵਰ
ਬਹਤੀ ਜਾਤ ਰਿਦੈ ਨ ਬਿਚਾਰਹੁ॥
ਰਥਨ ਅਸ੍ਵਨ ਗਜ ਸਿੰਘਾਸਨ
ਛਿਨ ਮਹਿ ਤਿਆਗਤ ਨਾਂਗ ਸਿਧਾਰਹੁ॥
ਸੂਰਨ ਬੀਰਨ ਮੀਰਨ ਖਾਨਮ
ਸੰਗਿ ਨ ਕੋਊ ਦ੍ਰਿਸਟਿ ਨਿਹਾਰਹੁ॥
ਕੋਟਨ ਓਟਨ ਕੋਸ ਨ ਛੋਟਾ
ਕਰਤ ਬਿਕਾਰ ਦੋਊ ਕਰ ਝਾਰਹੁ॥
ਮਿਤ੍ਰਨ ਪੁਤ੍ਰ ਕਲਤ੍ਰ ਸਾਜਨ ਸਖ ਉਲਟਤ
ਜਾਤ ਬਿਰਖ ਕੀ ਛਾਂਰਹੁ॥
ਦੀਨ ਦਯਾਲ ਪੁਰਖ ਪ੍ਰਭ ਪੂਰਨ
ਛਿਨ ਛਿਨ ਸਿਮਰਹੁ ਅਗਮ ਅਪਾਰਹੁ॥
ਸ੍ਰੀਪਤਿ ਨਾਥ ਸਰਣਿ ਨਾਨਕ ਜਨ
ਹੇ ਭਗਵੰਤ ਕ੍ਰਿਪਾ ਕਰਿ ਤਾਰਹੁ॥੫॥

*(ਸਵਈਏ ਮ: ੫ ਕੇ, ਪੰਨਾ ੧੩੮੮)*

ਸੂਰਬੀਰ ਵਰੀਆਮ ਕਿਨੈ ਨ ਹੋੜੀਐ॥
ਫਉਜ ਸਤਾਣੀ ਹਾਠ ਪੰਚਾ ਜੋੜੀਐ॥

ਦਸ ਨਾਰੀ ਅਉਧੂਤ ਦੇਨਿ ਚਮੋੜੀਐ ॥
ਜਿਨਿ ਜਿਨਿ ਲੈਨ੍ਹਿ ਰਲਾਇ ਏਹੋ ਏਨਾ ਲੋੜੀਐ ॥
ਤ੍ਰੈਗੁਣ ਇਨ ਕੈ ਵਸਿ ਕਿਨੈ ਨ ਮੋੜੀਐ ॥
ਭਰਮੁ ਕੋਟੁ ਮਾਇਆ ਖਾਈ ਕਹੁ ਕਿਤੁ ਬਿਧਿ ਤੋੜੀਐ ॥
ਗੁਰੁ ਪੂਰਾ ਆਰਾਧਿ ਬਿਖਮ ਦਲੁ ਫੋੜੀਐ ॥
ਹਉ ਤਿਸੁ ਅਗੈ ਦਿਨੁ ਰਾਤਿ ਰਹਾ ਕਰ ਜੋੜੀਐ ॥੧੫॥
*(ਪਉੜੀ, ਪੰਨਾ ੫੨੨)*

ਲਾਖ ਅਡੰਬਰ ਬਹੁਤੁ ਬਿਸਥਾਰਾ ॥
ਨਾਮ ਬਿਨਾ ਝੂਠੇ ਪਸਾਰਾ ॥੭॥
*(ਗਉੜੀ ਮ: ੫, ਪੰਨਾ ੨੪੦)*

ਕੋਟਿ ਮਜਨ ਕੀਨੋ ਇਸਨਾਨ ॥
ਲਾਖ ਅਰਬ ਖਰਬ ਦੀਨੋ ਦਾਨੁ ॥
*(ਗਉੜੀ ਮ: ੫, ਪੰਨਾ ੨੦੨)*

ਲਾਖ ਹਿਕਮਤੀ ਜਾਨੀਐ ॥
ਆਗੈ ਤਿਲੁ ਨਹੀ ਮਾਨੀਐ ॥੨॥
ਅਹੰਬੁਧਿ ਕਰਮ ਕਮਾਵਨੇ ॥
ਗ੍ਰਿਹ ਬਾਲੂ ਨੀਰਿ ਬਹਾਵਨੇ ॥੩॥
*(ਗਉੜੀ ਮ: ੫, ਪੰਨਾ ੨੧੧)*

ਲਾਖ ਕੋਟਿ ਬਿਖਿਆ ਕੇ ਬਿੰਜਨ
ਤਾ ਮਹਿ ਤ੍ਰਿਸਨ ਨ ਬੂਝੀ ॥
ਸਿਮਰਤ ਨਾਮੁ ਕੋਟਿ ਉਜੀਆਰਾ
ਬਸਤੁ ਅਗੋਚਰ ਸੂਝੀ ॥੩॥ *(ਗੂਜਰੀ ਮ: ੫, ਪੰਨਾ ੪੯੭)*

ਲਾਖ ਕਰੋਰੀ ਮਿਲੈ ਨ ਕੇਹ ॥
ਜਿਸਹਿ ਪਰਾਪਤਿ ਤਿਸ ਹੀ ਦੇਹਿ ॥੩॥
*(ਆਸਾ ਮ: ੫, ਪੰਨਾ ੩੭੭)*

ਲਾਖ ਭਗਤ ਜਾ ਕਉ ਆਰਾਧਹਿ ॥
ਲਾਖ ਤਪੀਸਰ ਤਪੁ ਹੀ ਸਾਧਹਿ ॥
ਲਾਖ ਜੋਗੀਸਰ ਕਰਤੇ ਜੋਗਾ ॥
ਲਾਖ ਭੋਗੀਸਰ ਭੋਗਹਿ ਭੋਗਾ ॥੨॥
*(ਵਡਹੰਸ ਮ: ੫, ਪੰਨਾ ੫੬੨)*

ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥
ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥
ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥
ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ ॥
ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥
ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ ॥੨॥
*(ਮ: ੧, ਪੰਨਾ ੪੬੭)*

ਸਹਸ ਸਿਆਣਪਾ ਲਖ ਹੋਹਿ
ਤ ਇਕ ਨ ਚਲੈ ਨਾਲਿ ॥ *(ਜਪੁਜੀ, ਪੰਨਾ ੧)*

ਇਸ ਤੋਂ ਆਦਿ ਹੋਰ ਭੀ ਬਾਣੀ ਵਿਚੋਂ ਸਾਨੂੰ ਅਨੇਕਾਂ ਉਦਾਹਰਣ ਮਿਲਦੇ ਹਨ, ਜਿਨ੍ਹਾਂ ਦੁਆਰਾ ਸਾਨੂੰ ਇਹੋ ਬੋਧ ਮਿਲਦਾ ਹੈ ਕਿ ਜਿਨ੍ਹਾਂ ਦੇ ਅੰਤਰ ਆਤਮੇ ਉਸ ਪਰੀਪੂਰਨ ਪਰਮਾਤਮਾ ਦੀ ਭਾਉ ਭਗਤੀ ਨਹੀਂ ਉਹ ਲੋਕਾਂ ਤੋਂ ਪੂਜਾ ਪਤਿਸ਼ਟਾ ਕਰਾਉਣ ਲਈ ਭਾਂਵੇਂ ਲੱਖਾਂ ਜਪ, ਤਪ, ਦਾਨ, ਪੁੰਨ ਭੀ ਕਰਦੇ ਰਹਿਣ, ਲੱਖਾਂ ਸਿਆਣਪਾਂ ਵਿਖਾਉਣ ਵਿਚ ਭੀ ਚਤਰ ਹੋਣ ਪਰ ਉਹ ਰੱਬੀ ਦਰਬਾਰ ਵਿਚ ਕਬੂਲੇ ਨਹੀਂ ਜਾਣਗੇ, ਕਿਉਂਕਿ ਉਹ ਅਨੇਕਾਂ ਸਾਧਨ ਕਰਦੇ ਹੋਏ ਭੀ ਮਨ ਕਰਕੇ ਅਸ਼ਾਂਤ ਰਹੇ ਹਨ, ਅਜਿਹੇ ਲੋਕਾਂ ਵੱਲ ਤੱਕ ਕੇ ਹੀ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ, ਜਿਨ੍ਹਾਂ ਦਾ ਭਾਵ ਵੀ ਇਹੋ ਹੈ ਕਿ ਰੱਬੀ ਪਿਆਰ ਤੋਂ ਸੱਖਣੇ ਮਨੁੱਖ ਰੱਬੀ ਦਰਗਾਹ ਵਿਚ ਸਜ਼ਾਵਾਂ ਹੀ ਪਾਉਣਗੇ :

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਸੂਰਬੀਰ ਤੇ ਬਹਾਦਰ ਅਤਿਰਥੀ ਜੋਧੇ, ਆਪੋ ਆਪਣਾ ਬਲ ਵਿਖਾਉਂਦੇ ਹਨ।
(੨) ਲੱਖਾਂ ਹੀ ਸੁਣਨ ਵਾਲੇ ਤੇ ਲੱਖਾਂ ਹੀ ਆਖ ਆਖ ਕੇ (ਧਰਮ ਪੁਸਤਕਾਂ ਦੇ ਵਖਿਆਨ) ਸੁਣਾਉਣ ਵਾਲੇ ਹਨ।
(੩) ਲੱਖਾਂ ਹੀ ਖੋਜੀ ਖੋਜਾਂ ਕਰਦੇ (ਪਰਮੇਸ਼ਰ ਨੂੰ ਲਭਦੇ ਫਿਰਦੇ) ਦਸਾਂ ਹੀ ਦਿਸ਼ਾਂ ਵਿਚ ਦੌੜੀ ਜਾ ਰਹੇ ਹਨ।
(੪) ਲੱਖਾਂ ਹੀ ਚਿਰ ਜੀਵਨ ਵਾਲੇ (ਮਾਰਕੰਡਾ ਰਿਖੀ ਵਾਂਗ) ਹੋਏ ਹਨ, (ਜੋ ਖੋਜਾਂ ਕਰਦੇ ਰਹੇ, ਭਜਨ ਸਿਮਰਨ ਵਿਚ ਭੀ ਲਗੇ ਰਹੇ) ਪਰ ਓੜਕ ਤੇ ਅੰਤ ਕਿਸੇ ਨੂੰ ਭੀ ਹੱਥ ਨਹੀਂ ਲੱਗਾ।
(੫) ਵੱਡੇ ਵੱਡੇ ਸਿਆਣੇ ਹੋਏ ਹਨ, (ਜੋ ਹੋਰਨਾਂ ਨੂੰ ਤਾਂ ਸਮਝਾਉਂਦੇ ਰਹੇ, ਪਰ ਉਨ੍ਹਾਂ ਨੇ) ਆਪਣੇ ਮਨ ਜਾਂ ਆਪਣੇ ਆਪ ਨੂੰ ਸਮਝਣ ਦਾ ਜਤਨ ਨਹੀਂ ਕੀਤਾ।
(੬) (ਪ੍ਰਭੂ) ਦੀ ਦਰਗਾਹ ਬੇਪਰਵਾਹੀ ਵਾਲੀ ਹੈ, ਉਥੇ ਕਿਸੇ ਦਾ ਲਿਹਾਜ਼ ਜਾਂ ਮੁਲਾਹਜ਼ਾ ਨਹੀਂ ਚਲਦਾ, (ਉਥੇ ਤਾਂ ਭੁੱਲੇ ਹੋਏ ਲੋਕਾਂ ਨੂੰ) ਚੋਟਾਂ ਪੈਂਦੀਆਂ ਹਨ ਤੇ ਡੰਡੇ ਵੱਜਦੇ ਹਨ, ਸਜ਼ਾਵਾਂ ਭੁਗਤਦੇ ਹਨ।੧੧।

**ਭਾਵਾਰਥ :** ਉਸ ਸੱਚੇ ਪ੍ਰਭੂ ਦੀ ਸੱਚੀ ਦਰਗਾਹ ਵਿਚ ਸੱਚਾ ਹੀ ਇਨਸਾਫ਼ ਹੁੰਦਾ ਹੈ, ਜਿਵੇਂ ਕਿ ਬਾਣੀ ਵਿਚ ਫ਼ੁਰਮਾਨ ਆਇਆ ਹੈ :

ਨਾਨਕ ਜੀਅ ਉਪਾਇ ਕੈ
ਲਿਖਿ ਨਾਵੈ ਧਰਮੁ ਬਹਾਲਿਆ॥
ਓਥੈ ਸਚੇ ਹੀ ਸਚਿ ਨਿਬੜੈ
ਚੁਣਿ ਵਖਿ ਕਢੇ ਜਜਮਾਲਿਆ॥
ਥਾਉ ਨ ਪਾਇਨਿ ਕੂੜਿਆਰ
ਮੁਹ ਕਾਲ੍ਹੈ ਦੋਜਕਿ ਚਾਲਿਆ॥
ਤੇਰੈ ਨਾਇ ਰਤੇ ਸੇ ਜਿਣਿ ਗਏ
ਹਾਰਿ ਗਏ ਸਿ ਠਗਣ ਵਾਲਿਆ॥
ਲਿਖਿ ਨਾਵੈ ਧਰਮੁ ਬਹਾਲਿਆ॥੨॥

*(ਪਉੜੀ, ਪੰਨਾ ੪੬੩)*

## ੧੨. ਹੰਕਾਰ ਖ਼ੁਦੀ ਦੇ ਦੁੱਖ ਤੇ ਸਬਰ, ਸੰਤੋਖ ਦੇ ਸੁੱਖ

**੧. ਹਿਕਮਤਿ ਲੱਖ ਹਕੀਮ ਚਲਿਤ ਬਣਾਵਹੀਂ।**
**੨. ਆਕਲ ਹੋਇ ਫਹੀਮ ਮਤੇ ਮਤਾਵਹੀਂ।**
**੩. ਗਾਫਲ ਹੋਇ ਗਨੀਮ ਵਾਦ ਵਧਾਵਹੀਂ।**
**੪. ਲੜਿ ਲੜਿ ਕਰਨਿ ਮੁਹੀਮ ਆਪੁ ਜਣਾਵਹੀਂ।**
**੫. ਹੋਇ ਜਦੀਦ ਕਦੀਮ ਨ ਖੁਦੀ ਮਿਟਾਵਹੀਂ।**
**੬. ਸਾਬਰ ਹੋਇ ਹਲੀਮ ਆਪੁ ਗਵਾਵਹੀਂ॥੧੨॥**

***ਪਦ ਅਰਥ :*** ਹਿਕਮਤਿ—ਚਕਿਤਸਾ। ਹਕੀਮ—ਵੈਦ ਲੋਕ। ਚਲਿਤ—ਇਲਾਜ, ਦਵਾਈ ਖਾਨੇ। ਆਕਲ—ਵਿਦਵਾਨ। ਫਹੀਮ—ਸਮਝ ਵਾਲੇ, ਸਿਆਣੇ। ਮਤੇ—ਸਲਾਹਾਂ। ਮਤਾਵਹੀਂ—ਸਕੀਮਾਂ ਬਣਾਉਂਦੇ। ਗਨੀਮ—ਦੁਸ਼ਮਣ, ਚੋਰ ਵਾਲੇ। ਕਦੀਮ—ਪੁਰਾਤਨ। ਖੁਦੀ—ਗਰਬ, ਅਭਿਮਾਨ। ਸਾਬਰ—ਸਬਰ ਵਾਲੇ। ਹਲੀਮ—ਸਹਿਨ ਸ਼ੀਲ, ਖ਼ਿਮਾ ਕਰਨ ਵਾਲੇ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜਦੋਂ ਅਸੀਂ ਸੰਸਾਰ ਦੀ ਸਾਰੀ ਮਨੁੱਖਤਾ ਵੱਲ ਨਜ਼ਰ ਮਾਰਦੇ ਹਾਂ ਤਾਂ ਹਰ ਮਨੁੱਖ ਦੇ ਅੰਤਰ ਆਤਮੇ ਆਪਣੇ ਆਪ ਨੂੰ ਹਰ ਪਖੋਂ ਸੁਖੀਆ ਵੇਖਣ ਦੀ ਚਾਹਤ ਹੈ, ਪਰ ਵੇਖਣ ਵਿਚ ਇਸ ਤੋਂ ਉਲਟ ਨਜ਼ਰ ਆਉਂਦਾ ਹੈ ਕਿ ਹਰ ਬੰਦਾ ਹੀ ਦੁਖੀਆ ਹੈ ਇਸ ਦਾ ਅਸਲ ਕਾਰਣ ਕੀ ਹੈ, ਇਸ ਪੱਖ ਨੂੰ ਖੁਲਾਸੇ ਰੂਪ ਵਿਚ ਸਮਝਾਉਣ ਦੀ ਕ੍ਰਿਪਾ ਕਰੋ?

**ਉ:** ਹੇ ਭਾਈਓ! ਜਦੋਂ ਅਸੀਂ ਬਾਣੀ ਦੀ ਪੜਚੋਲ ਕਰੀਏ ਤਾਂ ਗੁਰੂ ਨਾਨਕ ਦੇਵ ਜੀ ਨੇ ਭੀ ਇਹੋ ਫ਼ੁਰਮਾਨ ਕੀਤਾ ਹੈ ਕਿ (ਨਾਨਕ ਦੁਖੀਆ ਸਭ ਸੰਸਾਰ) ਪਰ ਗੁਰੂ ਗ੍ਰੰਥ ਸਾਹਿਬ ਜੀ ਨੇ ਇਸ ਦੁਖ ਦਾ ਮੂਲ ਕਾਰਣ ਭੀ ਦਰਸਾਇਆ ਹੈ, ਜਿਵੇਂ ਕਿ:

ਬਿਨੁ ਸਤਿਗੁਰ ਸੋਝੀ ਨਾ ਪਵੈ
ਅਹੰਕਾਰੁ ਨ ਵਿਚਹੁ ਜਾਇ॥
ਅਹੰਕਾਰੀਆ ਨੋ ਦੁਖ ਭੁਖ ਹੈ
ਹਥੁ ਤਡਹਿ ਘਰਿ ਘਰਿ ਮੰਗਾਇ॥

*(ਮ: ੪, ਪੰਨਾ ੩੦੩)*

ਅਹੰਕਾਰੁ ਕਰਹਿ ਅਹੰਕਾਰੀਆ
ਵਿਆਪਿਆ ਮਨ ਕੀ ਮਤਿ॥
ਤਿਨਿ ਪ੍ਰਭਿ ਆਪਿ ਭੁਲਾਇਆ
ਨਾ ਤਿਸੁ ਜਾਤਿ ਨ ਪਤਿ॥੩॥

*(ਸਿਰੀ ਰਾਗੁ ਮ: ੫, ਪੰਨਾ ੪੨)*

ਬਿਖਿਆ ਕਾ ਧਨੁ ਬਹੁਤੁ ਅਭਿਮਾਨੁ॥
ਅਹੰਕਾਰਿ ਡੂਬੈ ਨ ਪਾਵੈ ਮਾਨੁ॥
ਆਪੁ ਛੋਡਿ ਸਦਾ ਸੁਖੁ ਹੋਈ॥
ਗੁਰਮਤਿ ਸਾਲਾਹੀ ਸਚੁ ਸੋਈ॥੩॥

*(ਧਨਾਸਰੀ ਮ: ੩, ਪੰਨਾ ੬੬੬)*

ਅਹੰਕਾਰੁ ਤਿਸਨਾ ਰੋਗੁ ਲਗਾ
ਬਿਰਥਾ ਜਨਮੁ ਗਵਾਵਹੇ॥
ਮਨਮੁਖ ਮੁਗਧ ਚੇਤਹਿ ਨਾਹੀ
ਅਗੈ ਗਇਆ ਪਛੁਤਾਵਹੇ॥
ਇਉ ਕਹੈ ਨਾਨਕੁ ਮਨ ਤੂੰ ਗਾਰਬਿ ਅਟਿਆ
ਗਾਰਬਿ ਲਦਿਆ ਜਾਵਹੇ॥੬॥

*(ਆਸਾ ਮ: ੩, ਪੰਨਾ ੪੪੧)*

ਹਰਿ ਜੀਉ ਅਹੰਕਾਰੁ ਨ ਭਾਵਈ
ਵੇਦ ਕੂਕਿ ਸੁਣਾਵਹਿ॥
ਅਹੰਕਾਰਿ ਮੁਏ ਸੇ ਵਿਗਤੀ ਗਏ
ਮਰਿ ਜਨਮਹਿ ਫਿਰਿ ਆਵਹਿ॥੯॥

*(ਪਉੜੀ, ਪੰਨਾ ੧੦੮੯)*

ਅਹੰਕਾਰੀਆ ਨਿੰਦਕਾ ਪਿਠਿ ਦੇਇ
ਨਾਮਦੇਉ ਮੁਖਿ ਲਾਇਆ॥

*(ਆਸਾ ਮ: ੪, ਪੰਨਾ ੪੫੧)*

ਭਾਵ ਹੈ ਕਿ ਸੁਖ ਦੀ ਚਾਹਿਤ ਤਾਂ ਹਰ ਮਨੁੱਖ ਹੀ ਕਰਦਾ ਹੈ, ਪਰ ਕਰਦਾ ਉਹ ਕੁਝ ਹੈ ਜਿਸ ਦਾ ਫਲ

ਇਸ ਨੂੰ ਦੁਖ ਮਿਲੇ, ਜਿਵੇਂ ਮਨੁੱਖ ਦੇ ਮਨ ਵਿਚ ਇਹ ਪਰਬਲ ਸੰਸਕਾਰ ਸਦਾ ਹੀ ਬਣਿਆ ਰਹਿੰਦਾ ਹੈ ਕਿ ਮੇਰੇ ਪਾਸ ਬਹੁਤਾ ਧਨ ਇਕੱਤ੍ਰ ਹੋ ਜਾਏ ਫਿਰ ਮੈਂ ਸੁਖੀਆ ਹੋ ਜਾਵਾਂਗਾ, ਜਾਂ ਮੈਨੂੰ ਦੁਨੀਆ ਦੇ ਰੰਗ ਤਮਾਸ਼ੇ ਨਿਰਤਕਾਰੀਆਂ ਵੇਖਣ ਨੂੰ ਮਿਲਦੀਆਂ ਰਹਿਣ ਜਿਸਦਾ ਸਦਕਾ ਮੈਂ ਸੁਖੀ ਹੋ ਜਾਵਾਂਗਾ, ਜਾਂ ਮੈਂ ਸਾਰੇ ਦੇਸ ਦਾ ਚੱਕ੍ਰਵਰਤੀ ਰਾਜਾ ਹੋਵਾਂ ਤਾਂ ਮੈਨੂੰ ਸਾਰੇ ਸੁਖ ਹਾਸਲ ਹੋ ਜਾਣਗੇ, ਪਰ ਇਹ ਸਭੋ ਕੁਝ ਪ੍ਰਾਪਤ ਹੋ ਜਾਣ ਤੋਂ ਭੀ ਮਨੁੱਖ ਨੂੰ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਇਹ ਗੱਲ ਵੱਖਰੀ ਹੈ ਕਿ ਉਹ ਦੂਰੋਂ ਵੇਖਣ ਤੋਂ ਸਰੀਰਕ ਸੁਖ ਕਰਕੇ ਸੁਖੀਆ ਪ੍ਰਤੀਤ ਹੁੰਦਾ ਹੈ, ਪਰ ਵਾਸਤਵ ਵਿਚ ਜਦੋਂ ਉਸਦੇ ਨੇੜੇ ਹੋ ਕੇ ਗਹਿਰਾਈਆਂ ਭਰੀ ਨਜ਼ਰਾਂ ਦੁਆਰੇ ਤੱਕੀਏ ਤਾਂ ਉਹ ਮਾਨਸਕ ਰੋਗਾਂ ਨਾਲ ਬਾਕੀ ਲੋਕਾਈ ਨਾਲੋਂ ਵਧੇਰੇ ਰੋਗਾਂ ਨਾਲ ਗ੍ਰਸਿਆ ਹੋਇਆ ਵੇਖਣ ਵਿਚ ਆਵੇਗਾ ਕਿਉਂਕਿ ਜਦੋਂ ਅਸੀਂ ਗੁਰਬਾਣੀ ਦੀ ਵੀਚਾਰ ਕਰੀਏ ਤਾਂ ਸਾਨੂੰ ਬੋਧ ਮਿਲਦਾ ਹੈ ਕਿ ਜਿਨ੍ਹਾਂ ਸਾਧਨਾਂ ਨੂੰ ਅਸੀਂ ਸੁਖ ਦੇ ਸਾਧਨ ਮੰਨਦੇ ਹਾਂ ਗੁਰੂ ਗ੍ਰੰਥ ਸਾਹਿਬ ਜੀ ਨੇ ਇਨ੍ਹਾਂ ਨੂੰ ਦੁਖਾਂ ਦਾ ਮੂਲ ਕਾਰਨ ਫ਼ੁਰਮਾਇਆ ਹੈ, ਜਿਵੇਂ ਕਿ ਹੁਕਮ ਹੈ :

ਸੁਖੁ ਨਾਹੀ ਬਹੁਤੈ ਧਨਿ ਖਾਟੇ ॥
ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥
ਸੁਖੁ ਨਾਹੀ ਬਹੁ ਦੇਸ ਕਮਾਏ ॥
ਸਰਬ ਸੁਖਾ ਹਰਿ ਹਰਿ ਗੁਣ ਗਾਏ ॥੧॥

*(ਭੈਰਉ ਮਹਲਾ ੫, ਪੰਨਾ ੧੧੪੭)*

ਸਚਾ ਸੇਵੀ ਸਚੁ ਸਲਾਹੀ ॥
ਸਚੈ ਨਾਇ ਦੁਖੁ ਕਬ ਹੀ ਨਾਹੀ ॥
ਸੁਖ ਦਾਤਾ ਸੇਵਨਿ ਸੁਖੁ ਪਾਇਨਿ
ਗੁਰਮਤਿ ਮੰਨਿ ਵਸਾਵਣਿਆ ॥੧॥

*(ਮਾਝ ਮ: ੩, ਪੰਨਾ ੧੨੨)*

ਸੁਖਦਾਤਾ ਹਰਿ ਏਕੁ ਹੈ ਹੋਰਥੈ ਸੁਖੁ ਨ ਪਾਹਿ ॥
ਸਤਿਗੁਰੁ ਜਿਨੀ ਨ ਸੇਵਿਆ ਦਾਤਾ
ਸੇ ਅੰਤਿ ਗਏ ਪਛੁਤਾਹਿ ॥੩॥
ਸਤਿਗੁਰੁ ਸੇਵਿ ਸਦਾ ਸੁਖੁ ਪਾਇਆ
ਫਿਰਿ ਦੁਖੁ ਨ ਲਾਗੈ ਧਾਇ ॥ *(ਭੈਰਉ ਮ: ੩, ਪੰਨਾ ੧੧੩੨)*

ਦੁਖ ਭੁਖ ਨਹ ਵਿਆਪਈ ਜੇ ਸੁਖ ਦਾਤਾ ਮਨਿ ਹੋਇ ॥
ਸੁਖ ਦਾਤਾ ਗੁਰੁ ਸੇਵੀਐ
ਸਭਿ ਅਵਗਣ ਕਢੈ ਧੋਇ ॥੨॥

*(ਸ੍ਰੀ ਰਾਗੁ ਮ: ੫, ਪੰਨਾ ੪੩)*

ਨਾਨਕ ਭਗਤਾ ਭਲੀ ਰੀਤਿ ॥
ਸੁਖ ਦਾਤਾ ਜਪਦੇ ਨੀਤ ਨੀਤਿ ॥੪॥੩॥੧੬॥

*(ਬਸੰਤੁ ਮ: ੫, ਪੰਨਾ ੧੧੮੪)*

ਸੁਖ ਦਾਤਾ ਤੇਰੈ ਮਨਿ ਵਸੈ ਹਉਮੈ ਜਾਇ ਅਭਿਮਾਨੁ ॥
ਨਾਨਕ ਨਦਰੀ ਪਾਈਐ ਅੰਮ੍ਰਿਤੁ ਗੁਣੀ ਨਿਧਾਨੁ ॥੨॥

*(ਸਲੋਕ ਮ: ੩, ਪੰਨਾ ੮੫੧)*

ਸਿਮਰਿ ਸਿਮਰਿ ਨਾਨਕ ਸੁਖੁ ਪਾਇਆ ॥
ਆਠ ਪਹਰ ਤੇਰੇ ਗੁਣ ਗਾਇਆ ॥

*(ਮਾਝ ਮ: ੫, ਪੰਨਾ ੧੦੬)*

ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥
ਕਹੁ ਨਾਨਕ ਸੁਨਿ ਰੇ ਮਨਾ
ਦੁਰਲਭ ਮਾਨੁਖ ਦੇਹ ॥੨੭॥

*(ਸਲੋਕ ਮ: ੯, ਪੰਨਾ ੧੪੨੭)*

ਉਪ੍ਰੋਕਤ ਸਮੂੰਹ ਪੰਗਤੀਆਂ ਦਾ ਭਾਵ ਇਹੋ ਹੀ ਹੈ ਕਿ ਮਨੁੱਖ ਨੂੰ ਸੰਸਾਰ ਦੇ ਸਮੂੰਹ ਪਦਾਰਥਾਂ ਦੀ ਪ੍ਰਾਪਤੀ ਹੋਣ ਨਾਲ ਇਸੇ ਹੀ ਤਰ੍ਹਾਂ ਤ੍ਰਿਪਤੀ ਨਹੀਂ ਹੋ ਸਕਦੀ। ਜਿਵੇਂ ਕਿ ਅਗਨੀ ਨੂੰ ਸੈਂਕੜੇ ਮਣਾਂ ਲੱਕੜਾਂ ਪਾਉਂਦੇ ਰਹਿਣ ਨਾਲ ਉਸ ਨੂੰ ਤ੍ਰਿਪਤ ਨਹੀਂ ਕੀਤਾ ਜਾ ਸਕਦਾ। ਸਰੀਰ ਕਰਕੇ ਹੋਰ ਭੀ ਜੇ ਕਿਸੇ ਅੰਦਰ ਸਿਆਣਪਾਂ ਜਾਂ ਚਤੁਰਾਈਆਂ ਹਨ, ਤਾਂ ਜਿਤਨਾ ਚਿਰ ਉਸਨੇ ਆਪਣੇ ਅੰਤਰ ਆਤਮੇ ਸੰਤੋਖ ਅਤੇ ਭਾਉ ਭਗਤੀ ਨੂੰ ਨਹੀਂ ਧਾਰਨ ਕੀਤਾ ਉਤਨਾ ਚਿਰ ਉਸਨੂੰ ਸ਼ਾਂਤੀ, ਤ੍ਰਿਪਤੀ ਨਹੀਂ ਹਾਸਲ ਹੋ ਸਕਦੀ। ਇਸੇ ਭਾਵ ਨੂੰ ਪ੍ਰਗਟਾਉਣ ਵਾਲੇ ਹੋਰ ਭੀ ਉਦਾਹਰਣ ਮਿਲਦੇ ਹਨ, ਜਿਨ੍ਹਾਂ ਦੀ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਦਾ ਭਾਵ ਭੀ ਇਹੋ ਹੈ ਕਿ ਪ੍ਰਭੂ ਦੀ ਭਾਉ ਭਗਤੀ ਤੋਂ ਸਖਣਾ ਮਨੁੱਖ ਰੱਬੀ ਦਰਬਾਰ ਵਿਚ ਕਬੂਲ ਨਹੀਂ ਹੁੰਦਾ :

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਲੱਖਾਂ ਹਕੀਮ ਲੋਕ 'ਹਿਕਮਤ' ਬੀਮਾਰਾਂ ਦੀ ਚਕਿਸਤਾ ਕਰਨ ਵਾਲੇ ਵੈਦ ਜਾਂ ਹਕੀਮ, (ਦੁਆਵਾਂ ਦੇ ਨੁਸਖੇ) ਬਣਾਉਂਦੇ ਹਨ ਤੇ ਦੁਕਾਨਾਂ ਚਲਾਉਂਦੇ ਹਨ।

(੨) (ਅਤੇ) ਬੁਧੀਵਾਨ ਲੋਕ (ਆਪੋ ਆਪਣੇ ਹੁਨਰਾਂ ਲਈ) ਸੋਚਾਂ ਕਰਦੇ, ਸਲਾਹਾਂ ਕਰਦੇ ਤੇ (ਵਾਧੇ ਦੀਆਂ) ਸਕੀਮਾਂ ਬਣਾਉਂਦੇ ਹਨ।

(੩) (ਕਈ ਦੁਸ਼ਮਣ ਵਲੋਂ) ਗਾਫਲ (ਬੇਪਰਵਾਹ ਜਾਂ ਅਵੇਸਲੇ ਹੋ ਕੇ) ਆਪਣੇ ਲਈ ਖ਼ਤਰੇ ਤੇ ਝਗੜੇ ਵਧਾ ਲੈਂਦੇ ਹਨ।

(੪) (ਕਈ) ਲੜਨ ਲਈ ਮੁਹਿੰਮਾਂ (ਫ਼ੌਜਾਂ) ਲੈ ਕੇ ਚੜ੍ਹਦੇ ਹਨ ਤੇ ਲੜ ਲੜ ਕੇ ਆਪਣਾ ਜ਼ੋਰ ਜਤਾਉਂਦੇ ਹਨ (ਕਿ ਸਾਡੇ ਨਾਲ ਜੋ ਵੀ ਲੜੇਗਾ, ਉਹ ਮਰੇਗਾ)।

(੫) ਕਈ ਜਨਮ ਤੇ ਮਰਨ ਪ੍ਰਯੰਤ ਹੰਕਾਰ ਕਰਨੋਂ ਨਹੀਂ ਹਟਦੇ ਤੇ ਦੁਖੀ ਰਹਿੰਦੇ ਹਨ, ਹਉਮੈ ਹੰਕਾਰ ਵਿਚ ਸੜਦੇ ਰਹਿੰਦੇ ਹਨ, (ਪਰ ਸੁਖੀ ਹੋਣ ਲਈ) ਹੰਕਾਰ ਨੂੰ ਨਹੀਂ ਮਿਟਾਉਂਦੇ।

(੬) ਜਿਨ੍ਹਾਂ ਨੇ ਸੰਤੋਖ ਤੇ ਸਹਿਨ ਸ਼ੀਲਤਾ ਨੂੰ ਧਾਰਨ ਕੀਤਾ ਹੈ ਉਹ ਆਪਾ-ਭਾਵ ਨੂੰ ਮਿਟਾ ਦੇਂਦੇ ਹਨ।੧੨।

***ਭਾਵਾਰਥ :*** ਹਉਮੈ ਦਾ ਦੀਰਘ ਰੋਗ ਹੈ ਜਿਸਦਾ ਗ੍ਰਸਿਆ ਮਨੁੱਖ ਸਦਾ ਹੀ ਵਿਲਕਦਾ ਰਹਿੰਦਾ ਹੈ।

## ੧੩. ਖ਼ੁਦੀ ਛੱਡਣ ਵਾਲੇ ਹੀ ਰੱਬੀ ਦਰਬਾਰ ਵਿਚ ਕਬੂਲ ਹੁੰਦੇ ਹਨ

**੧. ਲੱਖ ਲੱਖ ਪੀਰ ਮੁਰੀਦ ਮੇਲ ਮਿਲਾਵਹੀਂ।**
**੨. ਸੁਹਦੇ ਲੱਖ ਸ਼ਹੀਦ ਜ਼ਾਰਤ ਲਾਵਹੀਂ।**
**੩. ਲਖ ਰੋਜ਼ ਲੱਖ ਈਦ ਨਿਵਾਜ ਕਰਾਵਹੀਂ।**
**੪. ਕਰਿ ਕਰਿ ਗੁਫ਼ਤ ਸ਼ੁਨੀਦ ਮਨ ਪਰਚਾਵਹੀਂ।**
**੫. ਹੁਜਰੇ ਕੁਲਫ਼ ਕੁਲੀਦ ਜੁਹਦ ਕਮਾਵਹੀਂ।**
**੬. ਦਰਿ ਦਰਵੇਸ਼ ਰਸੀਦ ਨ ਆਪੁ ਜਣਾਵਹੀਂ॥੧੩॥**

***ਪਦ ਅਰਥ :*** ਸੁਹਦੇ—ਗ਼ਰੀਬ, ਮਜ਼ਲੂਮ। ਸ਼ਹੀਦ—ਧਰਮ ਲਈ ਲੜ ਮਰਨ ਵਾਲੇ ਸੂਰਬੀਰ। ਜ਼ਾਰਤ—ਯਾਤਰਾ। ਗੁਫ਼ਤ ਸ਼ੁਨੀਦ—ਸਵਾਲ ਜਵਾਬ, ਕਹਿਣਾ ਸੁਣਨਾ, ਉੱਤਰ ਪ੍ਰਸ਼ਨ। ਹੁਜਰੇ—ਪੂਜਾ ਦੀ ਥਾਂ। ਕੁਲਫ਼—ਜੰਦਰਾ। ਕੁਲੀਦ—ਕੁੰਜੀ। ਜੁਹਦ—ਤਪ ਤਿਆਗ। ਰਸੀਦ—ਪੁੱਜੇ ਹੋਏ, ਪਹੁੰਚੇ ਹੋਏ, ਭਜਨੀਕ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਿਵੇਂ ਕਿ ਅਸੀਂ ਹਿੰਦੂਆਂ ਵਿਚ ਭਿੰਨ ਭਿੰਨ ਰੂਪਾਂ ਅੰਦਰ ਅਨੇਕਾਂ ਹੀ ਸਾਧੂਆਂ ਨੂੰ ਵੇਖਦੇ ਹਾਂ ਕਿ ਉਹ ਸੈਂਕੜੇ ਹੀ ਆਪਣੇ ਚੇਲੇ ਤੇ ਆਪੋ ਆਪਣੇ ਵੱਡੇ ਵੱਡੇ ਡੇਰੇ ਬਣਾ ਆਪਣੀ ਪੂਜਾ ਕਰਾਉਣ ਵਿਚ ਮਸਤ ਹਨ। ਇਸੇ ਹੀ ਤਰ੍ਹਾਂ ਇਸਲਾਮ ਮੱਤ ਵਿਚ ਭੀ ਲੱਖਾਂ ਹੀ ਪੀਰ ਵੇਖਣ ਵਿਚ ਆਉਂਦੇ ਹਨ, ਜੋ ਲੱਖਾਂ ਦੀ ਗਿਣਤੀ ਦੇ ਮੁਰੀਦ ਬਣਾ ਉਨ੍ਹਾਂ ਦੇ ਇਕੱਠ ਵਿਚ ਆਪਣੇ ਆਪ ਨੂੰ ਵਡੇਰਾ ਜਣਾਉਂਦੇ ਹਨ ਅਤੇ ਲੱਖਾਂ ਹੀ ਰੋਜ਼ੇ ਰਖਦੇ, ਨਿਮਾਜ਼ਾਂ ਪੜ੍ਹਦੇ ਤੇ ਈਦ ਮਨਾਉਂਦੇ ਹਨ ਅਤੇ ਕਈ ਲੋਕ ਹੋਰ ਭੀ ਆਪਣੀ ਸ਼ਰ੍ਹਾ ਅਨੁਸਾਰ ਕਰਮ ਕਰਕੇ ਮਨ ਪਰਚਾਉਂਦੇ ਵੇਖਣ ਵਿਚ ਆਉਂਦੇ ਹਨ, ਕੀ ਦਸੋਗੇ ਕਿ ਖ਼ੁਦਾ ਦੀ ਦਰਗਾਹ ਵਿਚ ਕੌਣ ਕਬੂਲਿਆ ਜਾਵੇਗਾ, ਇਸ ਸੰਬੰਧ ਵਿਚ ਗੁਰਮਤ ਦੇ ਕੀ ਵੀਚਾਰ ਹਨ ?

ਉ: ਹੇ ਭਾਈਓ ! ਮੈਨੂੰ ਤਾਂ ਗੁਰਬਾਣੀ ਦੀ ਖੋਜ ਦੁਆਰੇ ਇਹੋ ਹੀ ਬੋਧ ਮਿਲਿਆ ਹੈ ਕਿ ਖ਼ੁਦਾ ਦੀ ਦਰਗ਼ਾਹ ਵਿਚ ਓਹੀ ਕਬੂਲਿਆ ਜਾਵੇਗਾ ਜਿਸ ਨੇ ਨਿਰਿਛਤ ਹੋ ਕੇ ਉਸ ਖ਼ੁਦਾ ਦੀ ਬੰਦਗੀ ਕਰਦਿਆਂ ਆਪਣੇ ਅੰਦਰੋਂ ਖ਼ੁਦੀ ਨੂੰ ਮਿਟਾ ਦਿਤਾ ਹੈ, ਬਾਕੀ ਦੀ ਕ੍ਰਿਆ ਤਾਂ ਸਭ ਲੋਕ-ਵਿਖਾਵਾ ਹੈ ਜੋ ਇਸੇ ਲੋਕ ਵਿਚ ਰਹਿ ਜਾਂਦਾ ਹੈ, ਰੱਬੀ ਦਰਬਾਰ ਤਕ ਨਹੀਂ ਪਹੁੰਚਦਾ ਇਸੇ ਭਾਵ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੇ ਕਈ ਥਾਵਾਂ 'ਤੇ ਬਾਰ ਬਾਰ ਪ੍ਰਗਟਾਇਆ ਹੈ ਕਿ ਰੋਜ਼ਾ, ਬਾਂਗ, ਨਿਮਾਜ਼, ਪੀਰ, ਪੈਗੰਬਰ, ਔਲੀਏ, ਏਹ ਸਾਰੇ ਹੀ ਆਖ਼ਰ ਨੂੰ ਇਥੋਂ ਚਲੇ ਜਾਂਦੇ ਹਨ, ਜਿਵੇਂ ਕਿ :

ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ॥
ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ॥
ਰੋਜਾ ਬਾਗ ਨਿਵਾਜ ਕਤੇਬ ਵਿਣੁ ਬੁਝੇ ਸਭ ਜਾਸੀ॥
ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ॥
ਨਿਹਚਲੁ ਸਚੁ ਖੁਦਾਇ ਏਕੁ
ਖੁਦਾਇ ਬੰਦਾ ਅਬਿਨਾਸੀ॥੧੭॥

*(ਪਉੜੀ, ਪੰਨਾ ੧੧੦੦)*

ਪੀਰ ਪਿਕਾਬਰ ਸੇਖ ਮਸਾਇਕ ਅਉਲੀਏ॥
ਓਤਿ ਪੋਤਿ ਨਿਰੰਕਾਰ ਘਟਿ ਘਟਿ ਮਉਲੀਏ॥
ਕੂੜਹੁ ਕਰੇ ਵਿਣਾਸੁ ਧਰਮੇ ਤਗੀਐ॥
ਜਿਤੁ ਜਿਤੁ ਲਾਇਹਿ ਆਪਿ ਤਿਤੁ ਤਿਤੁ ਲਗੀਐ॥੨॥

*(ਪਉੜੀ, ਪੰਨਾ ੫੧੯)*

ਦਰ ਘਰ ਮਹਲਾ ਹਸਤੀ ਘੋੜੇ
ਛੋਡਿ ਵਿਲਾਇਤਿ ਦੇਸ ਗਏ॥
ਪੀਰ ਪੈਕੰਬਰ ਸਾਲਿਕ ਸਾਦਿਕ
ਛੋਡੀ ਦੁਨੀਆ ਥਾਇ ਪਏ॥੨॥

*(ਆਸਾ ਮ: ੧, ਪੰਨਾ ੩੫੯)*

ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ ॥
ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ ॥
ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ ॥੩॥

*(ਸਿਰੀ ਰਾਗੁ ਮ: ੧, ਪੰਨਾ ਪ੩)*

ਪ੍ਰ: ਕਿਉਂ ਭਾਈ ਸਾਹਿਬ ਜੀਉ ! ਜੋ ਮੁਸਲਮਾਨ ਉਸ ਖ਼ੁਦਾ ਦੇ ਦਰ ਪਰ ਕਬੂਲਿਆ ਜਾਂਦਾ ਹੈ ਕੀ ਉਸਦੀ ਰੂਪ ਰੇਖਾ ਭੀ ਗੁਰਬਾਣੀ ਵਿਚ ਅੰਕਤ ਕੀਤੀ ਗਈ ਹੈ, ਜੇ ਆਪ ਜੀ ਦੀ ਦ੍ਰਿਸ਼ਟੀ-ਗੋਚਰ ਹੋਈ ਹੋਵੇ ਤਾਂ ਸਾਨੂੰ ਭੀ ਜਾਣਕਾਰੀ ਦਿਓ ਤਾਕਿ ਸਾਨੂੰ ਭੀ ਸਹੀ ਮੁਸਲਮਾਨ ਦੀ ਪਛਾਣ ਹੋ ਸਕੇ, ਧੰਨਵਾਦੀ ਹੋਵਾਂਗੇ ?

ਉ: ਹੇ ਭਾਈਓ ! ਉਂਝ ਤਾਂ ਗੁਰੂ ਗ੍ਰੰਥ ਸਾਹਿਬ ਜੀ ਨੇ ਸਹੀ ਮੁਸਲਮਾਨ ਹੋਣ ਦਾ ਬੋਧ ਕਈ ਥਾਵਾਂ 'ਤੇ ਦਰਸਾਇਆ ਹੈ, ਪਰ ਗੁਰੂ ਅਰਜਨ ਦੇਵ ਜੀ ਨੇ ਰੱਬੀ ਦਰਬਾਰ ਵਿਚ ਕਬੂਲ ਹੋਣ ਵਾਲੇ ਮੁਸਲਮਾਨ ਦੀ ਰੂਪ ਰੇਖਾ ਇਕ ਸ਼ਬਦ ਵਿਚ ਇਉਂ ਉੱਕਰੀ ਹੈ, ਜਿਵੇਂ ਕਿ :

ਅਲਹ ਅਗਮ ਖੁਦਾਈ ਬੰਦੇ ॥
ਛੋਡਿ ਖਿਆਲ ਦੁਨੀਆ ਕੇ ਧੰਧੇ ॥
ਹੋਇ ਪੈ ਖਾਕ ਫਕੀਰ ਮੁਸਾਫਰੁ
ਇਹੁ ਦਰਵੇਸੁ ਕਬੂਲੁ ਦਰਾ ॥੧॥
ਸਚੁ ਨਿਵਾਜ ਯਕੀਨ ਮੁਸਲਾ ॥
ਮਨਸਾ ਮਾਰਿ ਨਿਵਾਰਿਹੁ ਆਸਾ ॥
ਦੇਹ ਮਸੀਤਿ ਮਨੁ ਮਉਲਾਣਾ
ਕਲਮ ਖੁਦਾਈ ਪਾਕੁ ਖਰਾ ॥੨॥
ਸਰਾ ਸਰੀਅਤਿ ਲੇ ਕੰਮਾਵਹੁ ॥
ਤਰੀਕਤਿ ਤਰਕ ਖੋਜਿ ਟੋਲਾਵਹੁ ॥
ਮਾਰਫਤਿ ਮਨੁ ਮਾਰਹੁ ਅਬਦਾਲਾ
ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ ॥੩॥
ਕੁਰਾਣੁ ਕਤੇਬ ਦਿਲ ਮਾਹਿ ਕਮਾਹੀ ॥
ਦਸ ਅਉਰਾਤ ਰਖਹੁ ਬਦ ਰਾਹੀ ॥
ਪੰਚ ਮਰਦ ਸਿਦਕਿ ਲੇ ਬਾਧਹੁ
ਖੈਰਿ ਸਬੂਰੀ ਕਬੂਲ ਪਰਾ ॥੪॥
ਮਕਾ ਮਿਹਰ ਰੋਜਾ ਪੈ ਖਾਕਾ ॥
ਭਿਸਤੁ ਪੀਰ ਲਫਜ ਕਮਾਇ ਅੰਦਾਜਾ ॥
ਹੂਰ ਨੂਰ ਮੁਸਕੁ ਖੁਦਾਇਆ
ਬੰਦਗੀ ਅਲਹ ਆਲਾ ਹੁਜਰਾ ॥੫॥
ਸਚੁ ਕਮਾਵੈ ਸੋਈ ਕਾਜੀ ॥
ਜੋ ਦਿਲੁ ਸੋਧੈ ਸੋਈ ਹਾਜੀ ॥
ਸੋ ਮੁਲਾ ਮਲਊਨ ਨਿਵਾਰੈ
ਸੋ ਦਰਵੇਸੁ ਜਿਸੁ ਸਿਫਤਿ ਧਰਾ ॥੬॥
ਸਭੇ ਵਖਤ ਸਭੇ ਕਰਿ ਵੇਲਾ ॥
ਖਾਲਕੁ ਯਾਦਿ ਦਿਲੈ ਮਹਿ ਮਉਲਾ ॥
ਤਸਬੀ ਯਾਦਿ ਕਰਹੁ ਦਸ ਮਰਦਨੁ
ਸੁੰਨਤਿ ਸੀਲੁ ਬੰਧਾਨਿ ਬਰਾ ॥੭॥
ਦਿਲ ਮਹਿ ਜਾਨਹੁ ਸਭ ਫਿਲਹਾਲਾ ॥
ਖਿਲਖਾਨਾ ਬਿਰਾਦਰ ਹਮੂ ਜੰਜਾਲਾ ॥
ਮੀਰ ਮਲਕ ਉਮਰੇ ਫਾਨਾਇਆ
ਏਕ ਮੁਕਾਮ ਖੁਦਾਇ ਦਰਾ ॥੮॥
ਅਵਲਿ ਸਿਫਤਿ ਦੂਜੀ ਸਾਬੂਰੀ ॥
ਤੀਜੈ ਹਲੇਮੀ ਚਉਥੈ ਖੈਰੀ ॥
ਪੰਜਵੈ ਪੰਜੇ ਇਕਤੁ ਮੁਕਾਮੈ
ਏਹਿ ਪੰਜਿ ਵਖਤ ਤੇਰੇ ਅਪਰ ਪਰਾ ॥੯॥
ਸਗਲੀ ਜਾਨਿ ਕਰਹੁ ਮਉਦੀਫਾ ॥
ਬਦ ਅਮਲ ਛੋਡਿ ਕਰਹੁ ਹਥਿ ਕੂਜਾ ॥
ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ
ਬੁਰਗੂ ਬਰਖੁਰਦਾਰ ਖਰਾ ॥੧੦॥
ਹਕੁ ਹਲਾਲੁ ਬਖੋਰਹੁ ਖਾਣਾ ॥
ਦਿਲ ਦਰੀਆਉ ਧੋਵਹੁ ਮੈਲਾਣਾ ॥
ਪੀਰੁ ਪਛਾਣੈ ਭਿਸਤੀ ਸੋਈ
ਅਜਰਾਈਲੁ ਨ ਦੋਜ ਠਰਾ ॥੧੧॥
ਕਾਇਆ ਕਿਰਦਾਰ ਅਉਰਤ ਯਕੀਨਾ ॥
ਰੰਗ ਤਮਾਸੇ ਮਾਣਿ ਹਕੀਨਾ ॥
ਨਾਪਾਕ ਪਾਕੁ ਕਰਿ ਹਦੂਰਿ ਹਦੀਸਾ
ਸਾਬਤ ਸੂਰਤਿ ਦਸਤਾਰ ਸਿਰਾ ॥੧੨॥
ਮੁਸਲਮਾਣੁ ਮੋਮ ਦਿਲਿ ਹੋਵੈ ॥
ਅੰਤਰ ਕੀ ਮਲੁ ਦਿਲ ਤੇ ਧੋਵੈ ॥
ਦੁਨੀਆ ਰੰਗ ਨ ਆਵੈ ਨੇੜੈ
ਜਿਉ ਕੁਸਮ ਪਾਟੁ ਘਿਉ ਪਾਕੁ ਖਰਾ ॥੧੩॥
ਜਾ ਕਉ ਮਿਹਰ ਮਿਹਰ ਮਿਹਰਵਾਨਾ ॥
ਸੋਈ ਮਰਦੁ ਮਰਦੁ ਮਰਦਾਨਾ ॥
ਸੋਈ ਸੇਖੁ ਮਸਾਇਕੁ ਹਾਜੀ
ਸੋ ਬੰਦਾ ਜਿਸੁ ਨਜਰਿ ਨਰਾ ॥੧੪॥
ਕੁਦਰਤਿ ਕਾਦਰ ਕਰਣ ਕਰੀਮਾ ॥
ਸਿਫਤਿ ਮੁਹਬਤਿ ਅਥਾਹ ਰਹੀਮਾ ॥
ਹਕੁ ਹੁਕਮੁ ਸਚੁ ਖੁਦਾਇਆ
ਬੁਝਿ ਨਾਨਕ ਬੰਦਿ ਖਲਾਸ ਤਰਾ ॥੧੫॥੩॥੧੨॥

*(ਮਾਰੂ ਮ: ੫, ਪੰਨਾਂ ੧੦੮੪)*

ਇਸ ਉਪ੍ਰੋਕਤ ਸ਼ਬਦ ਦੁਆਰਾ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਸਹੀ ਮੁਸਲਮਾਨ ਦੀ ਸਹੀ ਰੂਪ ਰੇਖਾ ਚਿੱਤ੍ਰੀ ਹੈ, ਜਿਸ ਤੋਂ ਸਾਬਤ ਹੁੰਦਾ ਹੈ ਕਿ ਇਸ ਅੰਤ੍ਰੀਵ ਦੈਵੀ

ਗੁਣਾਂ ਦੀ ਧਾਰਨਾ ਤੋਂ ਸਖਣਾ ਮੁਸਲਮਾਨ ਅਧੂਰਾ ਹੀ ਮੰਨਿਆ ਜਾਵੇਗਾ ਜਿਸ ਦੀ ਪਹੁੰਚ ਰੱਬੀ ਦਰਬਾਰ ਤਕ ਨਹੀਂ ਹੋ ਸਕਦੀ। ਸੋ, ਮੈਂ ਭੀ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ :

(੧) (ਜਿਵੇਂ ਕਿ ਵੇਖਣ ਵਿਚ ਆਉਂਦਾ ਹੈ ਕਿ) ਲੱਖਾਂ ਪੀਰ, ਲੱਖਾਂ ਹੀ ਮੁਰੀਦਾਂ ਦੇ ਮੇਲ ਨੂੰ ਮਿਲਾਉਂਦੇ ਭਾਵ (ਇਕੱਠਾ ਕਰਦੇ) ਹਨ।

(੨) ਲੱਖਾਂ ਹੀ ਗ਼ਰੀਬ ਤੇ ਮਜ਼ਲੂਮ ਹਨ ਤੇ ਲੱਖਾਂ ਹੀ ਸ਼ਹੀਦ ਹਨ, ਜਿਨ੍ਹਾਂ ਦੀਆਂ ਕਬਰਾਂ ਦੀਆਂ ਲੋਕ ਜ਼ਿਆਰਤਾਂ (ਯਾਤਰਾਂ) ਕਰਦੇ ਤੇ ਮੇਲੇ ਲਾਉਂਦੇ ਹਨ।

(੩) ਲੱਖਾਂ ਹੀ ਰੋਜ਼ੇ ਤੇ ਲੱਖਾਂ ਈਦਾਂ ਮਨਾਉਂਦੇ, ਨਿਮਾਜ਼ਾਂ ਪੜ੍ਹਾਉਂਦੇ ਤੇ ਆਪ ਨਿਮਾਜ਼ਾਂ ਕਰਦੇ ਹਨ।

(੪) (ਫਿਰ) ਉੱਤਰ ਪ੍ਰਸ਼ਨ (ਸਵਾਲ ਜਵਾਬ) ਕਰ ਕਰ ਕੇ ਇਕ ਦੂਜੇ ਨਾਲ ਮਨ ਪਰਚਾਉਂਦੇ ਹਨ।

(੫) (ਮਨ ਰੂਪੀ) ਜਿੰਦਰੇ ਨੂੰ ਖੋਹਲਣ ਲਈ ਜੁਹਦ (ਤਪ, ਤਿਆਗ ਅਤੇ ਪਰਹੇਜ਼ਗਾਰੀ) ਮਸਜਦਾਂ ਵਿਚ ਜਾ ਜਾ ਘਾਲਣਾ ਘਾਲਦੇ ਹਨ।

(੬) (ਪਰ) ਪ੍ਰਭੂ (ਖ਼ੁਦਾ ਦੀ) ਦਰਗਾਹ ਦੇ ਦਰਵਾਜ਼ੇ 'ਤੇ ਉਸੇ ਨੂੰ ਪਹੁੰਚਣਾ ਨਸੀਬ ਹੁੰਦਾ ਹੈ, ਜੋ ਆਪਾ-ਭਾਵ (ਖ਼ੁਦੀ) ਨੂੰ ਮਿਟਾਉਂਦੇ ਹਨ ਤੇ ਨਿਰਇੱਛਤ ਹੋ ਕੇ ਖ਼ੁਦਾ ਦੀ ਬੰਦਗੀ ਕਰਦੇ ਹਨ।੧੩।

***ਭਾਵਾਰਥ :*** ਖ਼ੁਦਾ ਤੇ ਖ਼ੁਦੀ ਦਾ ਪਰਸਪਰ ਵਿਰੋਧ ਹੈ ਇਹ ਇਕੱਠੇ ਨਹੀਂ ਰਹਿ ਸਕਦੇ, ਇਸ ਭਾਵ ਨੂੰ ਗੁਰਬਾਣੀ ਵਿਚ ਗੁਰੂ ਜੀ ਨੇ ਕਈ ਥਾਵਾਂ 'ਤੇ ਫ਼ੁਰਮਾਇਆ ਹੈ ਕਿ ਮਨੁੱਖ ਨੂੰ ਮਾਨਸਕ ਸੁਖ ਦੀ ਤਦੇ ਹੀ ਪ੍ਰਾਪਤੀ ਹੁੰਦੀ ਹੈ, ਜਦ ਇਸਦੇ ਅੰਦਰੋਂ ਖ਼ੁਦੀ ਤੇ ਹੰਕਾਰ ਮਿਟ ਜਾਂਦੇ ਹਨ, ਜਿਵੇਂ ਕਿ ਗੁਰੂ ਦਾ ਫ਼ੁਰਮਾਨ ਹੈ :

ਖੁਦੀ ਮਿਟੀ ਚੂਕਾ ਭੋਲਾਵਾ
ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ ॥੩॥
*(ਮਾਝ ਮਹਲਾ ੫, ਪੰਨਾ ੧੦੪)*

ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ ॥
ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ ॥੧॥
*(ਸਲੋਕੁ, ਪੰਨਾ ੨੬੦)*

ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ॥
ਹਉਮੈ ਵਿਚਿ ਸੇਵਾ ਨ ਹੋਵਈ
ਤਾ ਮਨੁ ਬਿਰਥਾ ਜਾਇ॥੧॥
*(ਵਡਹੰਸੁ ਮ: ੩, ਪੰਨਾ ੫੬੦)*

ਇਸ ਤਰ੍ਹਾਂ ਜਿਨ੍ਹਾਂ ਦੇ ਅੰਦਰੋਂ ਸ਼ਬਦ ਦੀ ਕਮਾਈ ਕਰਕੇ ਖ਼ੁਦੀ, ਹਉਮੈਂ, ਹੰਕਾਰ ਨਹੀਂ ਮਿਟਿਆ, ਉਹ ਮਨ ਕਰਕੇ ਮਾਇਕੀ ਪਦਾਰਥਾਂ ਦੀ ਵਾਸ਼ਨਾ ਕਰਕੇ ਸਦਾ ਹੀ ਤਪਦੇ ਰਹਿਣਗੇ, ਸਦੀਵੀ ਸੁਖ ਅਤੇ ਸ਼ਾਂਤੀ ਪ੍ਰਾਪਤ ਕਰਨ ਲਈ ਤਾਂ ਕੇਵਲ ਉਸ ਪ੍ਰਭੂ ਦਾ ਚਿੰਤਨ ਕਰਦੇ ਰਹਿਣਾ ਹੀ ਜੋਗ ਹੈ।

## ੧੪. ਦੁਨੀਆਦਾਰ ਰੱਬੀ ਦਰਬਾਰ ਵਿਚ ਡਰਾਉਣੇ ਹਨ

**੧. ਉਚੇ ਮਹਲ ਉਸਾਰਿ ਵਿਛਾਇ ਵਿਛਾਵਣੇ।**
**੨. ਵੱਡੇ ਦੁਨੀਆਦਾਰ ਨਾਉਂ ਗਣਾਵਣੇ।**
**੩. ਕਰਿ ਗੜ੍ਹ ਕੋਟ ਹਜ਼ਾਰ ਰਾਜ ਕਮਾਵਣੇ।**
**੪. ਲੱਖ ਲੱਖ ਮਨਸਬਦਾਰ ਵਜਹੁ ਵਧਾਵਣੇ।**
**੫. ਪੂਰ ਭਰੇ ਅਹੰਕਾਰ ਆਵਣ ਜਾਵਣੇ।**
**੬. ਤਿਤ ਸਚੇ ਦਰਬਾਰ ਖਰੇ ਡਰਾਵਣੇ ॥੧੪॥**

***ਪਦ ਅਰਥ :*** ਵਿਛਾਵਣੇ--ਪਲੰਘਾਂ 'ਤੇ ਵਿਛਾਈਆਂ ਦਰੀਆਂ ਆਦਿ। ਦੁਨੀਆਦਾਰ—ਸੰਸਾਰੀ ਲੋਕ, ਮਾਇਆ ਧਾਰੀ। ਮਨਸਬਦਾਰ—ਅਹੁਦੇਦਾਰੀ। ਵਜਹੁ—ਮਾਹਵਾਰੀ ਤਨਖ਼ਾਹ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜੋ ਵੱਡੇ ਵੱਡੇ ਦੁਨੀਆਦਾਰ, ਵੱਡੇ ਵੱਡੇ ਮਹਲ ਉਸਾਰ ਕੇ ਆਪੋ ਆਪਣੇ ਨਾਮਾਂ ਦੀ ਗਿਣਤੀ ਕਰਾਉਂਦੇ ਹਨ ਕੀ ਇਨ੍ਹਾਂ ਲੋਕਾਂ ਨੂੰ ਰੱਬੀ ਦਰਬਾਰ ਵਿਚ ਭੀ ਮਾਨਤਾ ਮਿਲੇਗੀ। ਇਨ੍ਹਾਂ ਲੋਕਾਂ ਬਾਰੇ ਤੁਸੀਂ ਬਾਣੀ ਦੁਆਰੇ ਕੀ ਰੂਪ ਰੇਖਾ ਅਨੁਭਵ ਕੀਤੀ ਹੈ, ਜਾਣਕਾਰੀ ਦਿਓ ?

ਉ: ਹੇ ਭਾਈਓ! ਜੇ ਅਸੀਂ ਇਨ੍ਹਾਂ ਦੁਨੀਆਦਾਰਾਂ ਦੇ ਸੰਬੰਧੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁੱਛ ਕਰੀਏ ਤਾਂ ਇਹ ਹੁਕਮ ਆਉਂਦਾ ਹੈ ਕਿ ਹੇ ਭਾਈ! ਇਹ ਦੁਨੀਆਦਾਰ ਲੋਕ ਤਾਂ ਇਸੇ ਲੋਕ ਵਿਚ ਭੀ ਮਾਨਸਕ ਚਿੰਤਾ ਦੇ ਰੋਗ ਵਿਚ ਗ੍ਰਸੇ ਰਹਿੰਦੇ ਹਨ, ਰੱਬੀ ਦਰਬਾਰ ਵਿਚ ਤਾਂ ਇਨ੍ਹਾਂ ਦੀਆਂ ਡਰਾਵਣੀਆਂ ਸ਼ਕਲਾਂ ਸਜ਼ਾ ਦੀਆਂ ਹੱਕਦਾਰ ਹੋਣਗੀਆਂ, ਕਿਉਂਕਿ ਇਨ੍ਹਾਂ ਨੇ ਲੋਕਾਂ ਦੇ ਹੱਕ ਖੋਹ ਕੇ ਜੋ ਮਹੱਲ ਮਾੜੀਆਂ ਉਸਾਰੀਆਂ ਹਨ ਇਹ

ਇਨ੍ਹਾਂ ਕੂੜੇ ਮੰਦਰਾਂ ਦੇ ਹੰਕਾਰ ਵਿਚ ਸਦਾ ਮੱਤੇ ਰਹਿੰਦੇ ਹਨ, ਜਿਸ ਦਾ ਫਲ ਇਨ੍ਹਾਂ ਨੂੰ ਸਦਾ ਹੀ ਚਿੰਤਾ ਦਾ ਰੋਗ ਗ੍ਰਸੀ ਰਖਦਾ ਹੈ, ਇਸ ਭਾਵ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੇ ਬਾਰ ਬਾਰ ਪ੍ਰਗਟਾਇਆ ਹੈ, ਜਿਵੇਂ ਕਿ ਫ਼ੁਰਮਾਨ ਹੈ :

ਵਡੇ ਵਡੇ ਜੋ ਦੀਸਹਿ ਲੋਗ ॥
ਤਿਨ ਕਉ ਬਿਆਪੈ ਚਿੰਤਾ ਰੋਗ ॥੧॥
ਕਉਨ ਵਡਾ ਮਾਇਆ ਵਡਿਆਈ ॥
ਸੋ ਵਡਾ ਜਿਨਿ ਰਾਮ ਲਿਵ ਲਾਈ ॥੧॥ਰਹਾਉ॥
ਭੂਮੀਆ ਭੂਮਿ ਊਪਰਿ ਨਿਤ ਲੁਝੈ ॥
ਛੋਡਿ ਚਲੈ ਤ੍ਰਿਸਨਾ ਨਹੀ ਬੁਝੈ ॥੨॥
ਕਹੁ ਨਾਨਕ ਇਹੁ ਤਤੁ ਬੀਚਾਰਾ ॥
ਬਿਨੁ ਹਰਿ ਭਜਨ ਨਾਹੀ ਛੁਟਕਾਰਾ ॥੩॥
*(ਗਉੜੀ ਮ: ੫, ਪੰਨਾ ੧੮੮)*

ਵਡੇ ਵਡੇ ਜੋ ਦੁਨੀਆਦਾਰ ॥
ਕਾਹੂ ਕਾਜਿ ਨਾਹੀ ਗਾਵਾਰ ॥
*(ਗਉੜੀ ਮਹਲਾ ੫, ਪੰਨਾ ੨੩੮)*

ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ ॥
ਲਪਟਿ ਰਹੇ ਮਾਇਆ ਰੰਗ ਮਾਤੇ
ਲੋਚਨ ਕਛੂ ਨ ਸੂਝੀ ॥੧॥
ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ ॥
ਜਿਉ ਪਾਵਕੁ ਈਧਨਿ ਨਹੀ ਧ੍ਰਾਪੈ
ਬਿਨੁ ਹਰਿ ਕਹਾ ਅਘਾਈ ॥ਰਹਾਉ॥
ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ
ਤਾ ਕੀ ਮਿਟੈ ਨ ਭੂਖਾ ॥
ਉਦਮੁ ਕਰੈ ਸੁਆਨ ਕੀ ਨਿਆਈ
ਚਾਰੇ ਕੁੰਟਾ ਘੋਖਾ ॥੨॥
ਕਾਮਵੰਤ ਕਾਮੀ ਬਹੁ ਨਾਰੀ
ਪਰ ਗ੍ਰਿਹ ਜੋਹ ਨ ਚੂਕੈ ॥
ਦਿਨ ਪ੍ਰਤਿ ਕਰੈ ਕਰੈ ਪਛੁਤਾਪੈ
ਸੋਗ ਲੋਭ ਮਹਿ ਸੂਕੈ ॥੩॥
ਹਰਿ ਹਰਿ ਨਾਮੁ ਅਪਾਰ ਅਮੋਲਾ
ਅੰਮ੍ਰਿਤੁ ਏਕੁ ਨਿਧਾਨਾ ॥
ਸੂਖੁ ਸਹਜੁ ਆਨੰਦੁ ਸੰਤਨ ਕੈ
ਨਾਨਕ ਗੁਰ ਤੇ ਜਾਨਾ ॥੪॥੬॥
*(ਧਨਾਸਰੀ ਮ: ੫, ਪੰਨਾ ੬੭੨)*

ਚਉਧਰੀ ਰਾਜੇ ਨਹੀ ਕਿਸੈ ਮੁਕਾਮੁ ॥
ਸਾਹ ਮਰਹਿ ਸੰਚਹਿ ਮਾਇਆ ਦਾਮ ॥.....
ਰਯਤਿ ਮਹਰ ਮੁਕਦਮ ਸਿਕਦਾਰੈ ॥
ਨਿਹਚਲੁ ਕੋਇ ਨ ਦਿਸੈ ਸੰਸਾਰੈ ॥
ਅਫਰਿਉ ਕਾਲੁ ਕੂੜੁ ਸਿਰਿ ਮਾਰੈ ॥੫॥.....
ਕਾਜੀ ਸੇਖ ਭੇਖ ਫਕੀਰਾ ॥
ਵਡੇ ਕਹਾਵਹਿ ਹਉਮੈ ਤਨਿ ਪੀਰਾ ॥
ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ ॥੭॥
*(ਗਉੜੀ ਮ: ੧, ਪੰਨਾ ੨੨੭)*

ਜਿਸ ਕੈ ਅੰਤਰਿ ਰਾਜ ਅਭਿਮਾਨੁ ॥
ਸੋ ਨਰਕਪਾਤੀ ਹੋਵਤ ਸੁਆਨੁ ॥
ਜੋ ਜਾਨੈ ਮੈ ਜੋਬਨਵੰਤੁ ॥
ਸੋ ਹੋਵਤ ਬਿਸਟਾ ਕਾ ਜੰਤੁ ॥
ਆਪਸ ਕਉ ਕਰਮਵੰਤੁ ਕਹਾਵੈ ॥
ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥
ਧਨ ਭੂਮਿ ਕਾ ਜੋ ਕਰੈ ਗੁਮਾਨੁ ॥
ਸੋ ਮੂਰਖੁ ਅੰਧਾ ਅਗਿਆਨੁ ॥
ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥੧॥
ਧਨਵੰਤਾ ਹੋਇ ਕਰਿ ਗਰਬਾਵੈ ॥
ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ ॥
ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥
ਪਲ ਭੀਤਰਿ ਤਾ ਕਾ ਹੋਇ ਬਿਨਾਸ ॥
ਸਭ ਤੇ ਆਪ ਜਾਨੈ ਬਲਵੰਤੁ ॥
ਖਿਨ ਮਹਿ ਹੋਇ ਜਾਇ ਭਸਮੰਤੁ ॥
ਕਿਸੈ ਨ ਬਦੈ ਆਪਿ ਅਹੰਕਾਰੀ ॥
ਧਰਮ ਰਾਇ ਤਿਸੁ ਕਰੇ ਖੁਆਰੀ ॥
ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ ॥
ਸੋ ਜਨੁ ਨਾਨਕ ਦਰਗਹ ਪਰਵਾਨੁ ॥੨॥
*(ਸੁਖਮਨੀ ਸਾਹਿਬ, ਪੰਨਾ ੨੭੮)*

ਇਸ ਤੋਂ ਆਦਿ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੋਰ ਵੀ ਸਾਨੂੰ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਦਾ ਸਮੁੱਚਾ ਭਾਵ ਇਹੋ ਹੈ ਕਿ ਸੰਸਾਰ ਵਿਚ ਜਿਤਨੇ ਭੀ ਹੋ ਗੁਜ਼ਰੇ ਵਰਤਮਾਨ ਸਮੇਂ ਵਿਚ ਵੇਖਦੇ ਹਾਂ ਇਹ ਸਾਰੇ ਹੀ ਵੱਡੇ ਵੱਡੇ ਦੁਨੀਆਦਾਰ ਲੋਕ ਮਹਿਲ ਮਾੜੀਆਂ ਦੇ ਹੰਕਾਰ ਵਿਚ ਮੱਤੇ ਹੋਇ ਦਿਨੇ ਰਾਤ ਚਿੰਤਾ ਵਿਚ ਵਿਲਕਦੇ ਰਹੇ ਹਨ, ਅਤੇ ਚਿੰਤਾ ਦੇ ਵੱਡੇ ਰੋਗ ਵਿਚ ਭਵਿਖਤ ਦੇ ਲੋਕ ਭੀ ਸਦਾ ਹੀ ਇਸ ਚਿੰਤਾ ਦੀ ਚਿਖਾ ਵਿਚ ਸੜਦੇ ਰਹਿਣਗੇ। ਗੁਰਬਾਣੀ ਵਿਚ ਗੁਰੂ ਜੀ ਨੇ ਇਹ ਸਿਧਾਂਤਕ ਵਿਚਾਰ ਅੰਕਤ ਕਰ ਦਿਤੀ ਹੈ ਕਿ ਅਸੀਂ ਵੇਖ ਰਹੇ ਹਾਂ ਕਿ ਸੰਸਾਰ ਦੇ ਸਾਰੇ ਲੋਕ ਮਾਇਕੀ ਪਦਾਰਥਾਂ ਦੀ ਚਿੰਤਾ ਵਿਚ ਵਿਲਕ ਰਹੇ

ਦਿਸਦੇ ਹਨ, ਜਿਸ ਕਰਕੇ ਇਨ੍ਹਾਂ ਨੂੰ ਸੁਖ ਦੀ ਪ੍ਰਾਪਤੀ ਨਹੀਂ ਹੋ ਰਹੀ, ਪਰ ਸੁਖ ਦੀ ਪ੍ਰਾਪਤੀ ਦਾ ਕੇਵਲ ਇਕੋ ਹੀ ਸਾਧਨ ਹੈ ਕਿ ਮਨੁੱਖ ਉਸ ਪਰੀਪੂਰਨ ਪਰਮੇਸ਼ਰ ਦਾ ਸਦਾ ਚਿੰਤਨ ਕਰੇ, ਜਿਵੇਂ ਕਿ:

ਚਿੰਤਤ ਹੀ ਦੀਸੈ ਸਭੁ ਕੋਇ॥
ਚੇਤਹਿ ਏਕੁ ਤਹੀ ਸੁਖੁ ਹੋਇ॥

*(ਰਾਮਕਲੀ ਮ: ੧, ਪੰਨਾ ੯੩੨)*

ਸੋ ਇਨ੍ਹਾਂ ਉਪਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉਲੀਕੀਆਂ ਹਨ:

(੧) (ਜਿਵੇਂ ਅਸੀਂ ਵੇਖਦੇ ਹਨ ਕਿ) ਉੱਚੇ ਉੱਚੇ ਮਹੱਲ ਤੇ ਮੰਦਰ ਉਸਾਰ ਕੇ (ਅਮੀਰ ਲੋਕ ਕੀਮਤੀ ਤੇ ਸ਼ਾਨਦਾਰ) ਵਿਛਾਉਣੇ ਵਿਛਾਉਂਦੇ ਹਨ।
(੨) ਵੱਡੇ ਦੁਨੀਆਦਾਰੀ (ਸੰਸਾਰੀ) ਬਣ ਕੇ (ਕੋਈ ਸ਼ਾਹ, ਕੋਈ ਜ਼ਿਮੀਦਾਰ, ਕੋਈ ਰਾਜਾ, ਕੋਈ ਮਹਾਰਾਜਾ ਤੇ ਕਈ ਅਮੀਰ ਵਜ਼ੀਰ) ਨਾਵਾਂ ਨੂੰ ਗਿਣਾਉਂਦੇ ਹਨ।
(੩) ਹਜ਼ਾਰਾਂ ਹੀ ਕਿਲ੍ਹੇ ਤੇ ਕੋਟ (ਧਨ ਮਾਲ ਅਤੇ ਫ਼ੌਜਾਂ ਦੇ ਰੱਖਣ ਲਈ ਬਣਾਉਂਦੇ) ਹਨ ਅਤੇ (ਦੂਰ ਦੂਰ ਤਕ) ਰਾਜ ਕਮਾਉਂਦੇ ਹਨ।
(੪) ਜਿਨ੍ਹਾਂ ਦੇ ਲੱਖਾਂ ਹੀ ਅਹੁਦੇਦਾਰ ਹਨ ਤੇ ਜਿਨ੍ਹਾਂ ਦੀਆਂ ਲੱਖਾਂ ਤੀਕ ਤਨਖ਼ਾਹਾਂ ਵਧੀਆਂ ਹੋਈਆਂ ਹਨ।
(੫) (ਪਰ) ਇਹ ਸਭ ਹੰਕਾਰ (ਦੀ ਬੇੜੀ 'ਤੇ ਚੜ੍ਹੇ ਹੋਏ) ਪੂਰਾਂ ਦੇ ਪੂਰ ਹੀ ਹਨ।
(੬) (ਉਹ ਪ੍ਰਭੂ ਜੋ ਸਭਨਾਂ ਨੂੰ ਰੋਜ਼ੀ ਤੇ ਰਿਜ਼ਕ ਪਹੁੰਚਾਉਂਦਾ ਹੈ ਉਸਨੂੰ ਭੁਲਾ ਦੇਣ ਕਰਕੇ) ਸੱਚੇ ਦਰਬਾਰ ਵਿਚ (ਜਦੋਂ ਏਹ ਹੰਕਾਰੀ, ਵੱਡੇ ਵੱਡੇ ਦੁਨੀਆਦਾਰ ਲੋਕ) ਜਾਂਦੇ ਹਨ, ਤਾਂ ਓਥੇ ਖਰੇ ਡਰਾਉਣੇ ਰੂਪ ਵਾਲੇ ਹੁੰਦੇ ਹਨ (ਕਰਮਾਂ ਦਾ ਫਲ ਮਿਲਣ ਕਰਕੇ, ਜਮਾਂ ਦੀ ਮਾਰ ਨਾਲ ਕਰੂਪ ਹੋ, ਡਰਾਉਣੇ ਲਗਦੇ ਹਨ)।੧੪।

***ਭਾਵਾਰਥ:*** ਕਪੜੁ ਰੂਪੁ ਸੁਹਾਵਣਾ
ਛਡਿ ਦੁਨੀਆ ਅੰਦਰਿ ਜਾਵਣਾ॥
ਮੰਦਾ ਚੰਗਾ ਆਪਣਾ
ਆਪੇ ਹੀ ਕੀਤਾ ਪਾਵਣਾ॥
ਹੁਕਮ ਕੀਏ ਮਨਿ ਭਾਵਦੇ
ਰਾਹਿ ਭੀੜੈ ਅਗੈ ਜਾਵਣਾ॥
ਨੰਗਾ ਦੋਜਕਿ ਚਾਲਿਆ
ਤਾ ਦਿਸੈ ਖਰਾ ਡਰਾਵਣਾ॥
ਕਰਿ ਅਉਗਣ ਪਛੋਤਾਵਣਾ॥੧੪॥

*(ਆਸਾ ਦੀ ਵਾਰ, ਪੰਨਾ ੪੭੦)*

ਸਿਕੰਦਰ ਬਾਦਸ਼ਾਹ ਨੇ ਕਿਹਾ ਸੀ ਕਿ ਮੇਰਾ ਜਦੋਂ ਜਨਾਜ਼ਾ ਨਿਕਲੇ ਤਾਂ ਮੇਰੇ ਦੋਵੇਂ ਹੱਥ ਕਫਨ ਤੋਂ ਬਾਹਰ ਕੱਢ ਕੇ ਸਭ ਨੂੰ ਵਿਖਾ ਦੇਣਾ ਕਿ ਮੈਂ ਦੁਨੀਆਂ ਤੋਂ ਖ਼ਾਲੀ ਹੱਥ ਜਾ ਰਿਹਾ ਹਾਂ।

## ੧੫. ਰੱਬੀ ਦਰਬਾਰ ਵਿਚ ਪਾਖੰਡੀ, ਕਰਮ-ਕਾਂਡ ਨਹੀਂ ਪੁੱਜਦਾ

**੧. ਤੀਰਥ ਲਖ ਕਰੋੜਿ ਪੁਰਬੀਂ ਨ੍ਹਾਵਣਾ।**
**੨. ਦੇਵੀ ਦੇਵ ਸਥਾਨ ਸੇਵ ਕਰਾਵਣਾ।**
**੩. ਜਪ ਤਪ ਸੰਜਮ ਲੱਖ ਸਾਧਿ ਸਿਧਾਵਣਾ।**
**੪. ਹੋਮ ਜੱਗ ਨਈਵੇਦ ਭੋਗ ਲਗਾਵਣਾ।**
**੫. ਵਰਤ ਨੇਮ ਲੱਖ ਦਾਨ ਕਰਮ ਕਮਾਵਣਾ।**
**੬. ਲਉਬਾਲੀ ਦਰਗਾਹਿ ਪਖੰਡ ਨ ਜਾਵਣਾ॥੧੫॥**

***ਪਦ ਅਰਥ:*** ਪੁਰਬੀਂ—ਮਿਥਿਆ ਹੋਇਆ ਚੰਗਾ ਦਿਨ, ਪਵਿੱਤ੍ਰ ਦਿਨ। ਨਈਵੇਦ—ਠਾਕਰਾਂ ਨੂੰ ਲੱਡੂ ਪੇੜਿਆਂ ਦਾ ਭੋਗ ਲਗਾਉਣਾ। ਸਾਧਿ—ਸਾਧਨਾ ਕਰਨੀਆਂ। ਲਉਬਾਲੀ ਦਰਗਾਹਿ—ਬੇਪ੍ਰਵਾਹ ਪਰਮੇਸ਼ਰ ਦੀ ਥਾਂ।

***ਅਰਥ:***

**ਪ੍ਰ:** ਭਾਈ ਸਾਹਿਬ ਜੀਉ! ਸਨਾਤਨੀ ਧਰਮ ਵਿਚ ਵਧੇਰੇ ਮਹਾਨਤਾ ਕਰਮ-ਕਾਂਡ ਨੂੰ ਹੀ ਦਿਤੀ ਗਈ ਹੈ, ਜਿਵੇਂ ਜਪ, ਤਪ, ਵਰਤ, ਨੇਮ ਤੇ ਹੋਮ ਜੱਗ ਆਦਿਕ ਕਰਮ ਕਰਨੇ ਉਹ ਲੋਕ ਰੱਬੀ ਦਰਬਾਰ ਤਕ ਪੁੱਜਣ ਦਾ ਇਹੋ ਹੀ ਮਹਾਨ ਸਾਧਨ ਮੰਨਦੇ ਹਨ, ਕਿਉਂ ਜੀ, ਗੁਰਮਤ ਨੇ ਇਨ੍ਹਾਂ ਸਾਧਨਾਂ ਬਾਰੇ ਕੀ ਵੀਚਾਰ ਦਿਤੇ ਹਨ, ਤੁਸਾਂ ਤਾਂ ਗੁਰਬਾਣੀ ਨੂੰ ਖੋਜਿਆ ਹੈ, ਸਾਨੂੰ ਭੀ ਜਾਣਕਾਰੀ ਦਿਓ?

**ਉ:** ਹੇ ਭਾਈਓ! ਜਦੋਂ ਅਸੀਂ ਇਨ੍ਹਾਂ ਕਰਮਾਂ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁੱਛ ਕਰੀਏ ਤਾਂ ਉਨ੍ਹਾਂ ਵੱਲੋਂ ਇਹੋ ਹੀ ਹੁਕਮ ਮਿਲਦਾ ਹੈ ਕਿ ਹੇ ਭਾਈਓ! ਜਿਨ੍ਹਾਂ ਧਰਮ ਦੇ ਕਰਮਾਂ ਵਿਚ ਪਖੰਡ ਦਿਸਦਾ ਹੈ ਉਹ ਰੱਬੀ ਦਰਬਾਰ ਤਕ ਨਹੀਂ ਪੁੱਜਦੇ ਉਰਾਰ ਹੀ ਰਹਿ ਜਾਂਦੇ ਹਨ, ਜਿਵੇਂ ਫ਼ੁਰਮਾਨ ਹੈ:

ਕਰਮ ਧਰਮ ਪਾਖੰਡ ਜੋ ਦੀਸਹਿ
ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ
ਨਿਮਖ ਸਿਮਰਤ ਜਿਤੁ ਛੂਟੈ ॥੧॥
ਸੰਤਹੁ ਸਾਗਰੁ ਪਾਰਿ ਉਤਰੀਐ ॥
ਜੇ ਕੋ ਬਚਨੁ ਕਮਾਵੈ ਸੰਤਨ ਕਾ
ਸੋ ਗੁਰ ਪਰਸਾਦੀ ਤਰੀਐ ॥੧॥ਰਹਾਉ॥
ਕੋਟਿ ਤੀਰਥ ਮਜਨ ਇਸਨਾਨਾ
ਇਸੁ ਕਲਿ ਮਹਿ ਮੈਲੁ ਭਰੀਜੈ ॥
ਸਾਧ ਸੰਗਿ ਜੋ ਹਰਿ ਗੁਣ ਗਾਵੈ
ਸੋ ਨਿਰਮਲੁ ਕਰਿ ਲੀਜੈ ॥੨॥
ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ
ਇਨ੍ਹ ਪੜਿਆ ਮੁਕਤਿ ਨ ਹੋਈ ॥
ਏਕੁ ਅਖਰੁ ਜੋ ਗੁਰਮੁਖਿ ਜਾਪੈ
ਤਿਸ ਕੀ ਨਿਰਮਲ ਸੋਈ ॥੩॥
ਖਤ੍ਰੀ ਬ੍ਰਾਹਮਣ ਸੂਦ ਵੈਸ
ਉਪਦੇਸੁ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ
ਘਟਿ ਘਟਿ ਨਾਨਕ ਮਾਝਾ ॥੪॥੩॥੫੦॥
*(ਸੂਹੀ ਮ: ੫, ਪੰਨਾ ੭੪੭)*

ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ ॥
ਕਰਮ ਧਰਮ ਅਨੇਕ ਕਿਰਿਆ
ਸਭ ਊਪਰਿ ਨਾਮੁ ਅਚਾਰੁ ॥੨॥
*(ਆਸਾ ਮ: ੫, ਪੰਨਾ ੪੦੫)*

ਜਾਪ ਤਾਪ ਦੇਵਉ ਸਭ ਨੇਮਾ ॥
ਕਰਮ ਧਰਮ ਅਰਪਉ ਸਭ ਹੋਮਾ ॥
*(ਆਸਾ ਮ: ੫, ਪੰਨਾ ੩੯੧)*

ਕਰਮ ਧਰਮ ਇਹੁ ਤਤੁ ਗਿਆਨੁ ॥
ਸਾਧ ਸੰਗਿ ਜਪੀਐ ਹਰਿ ਨਾਮੁ ॥
*(ਗੋਂਡ ਮ: ੫, ਪੰਨਾ ੮੬੬)*

ਕਰਮ ਧਰਮ ਸਚੁ ਸਾਚਾ ਨਾਉ ॥
ਤਾ ਕੈ ਸਦ ਬਲਿਹਾਰੈ ਜਾਉ ॥
*(ਆਸਾ ਮ: ੧, ਪੰਨਾ ੩੫੩)*

ਕਰਮ ਧਰਮ ਸੁਚਿ ਸੰਜਮੁ ਕਰਹਿ
ਅੰਤਰਿ ਲੋਭੁ ਵਿਕਾਰ ॥
ਨਾਨਕ ਮਨਮੁਖਿ ਜਿ ਕਮਾਵੈ ਸੁ ਥਾਇ ਨ ਪਵੈ
ਦਰਗਹ ਹੋਇ ਖੁਆਰੁ ॥੨੩॥
*(ਸਲੋਕ ਮ: ੪, ਪੰਨਾ ੧੪੨੩)*

ਕਰਮ ਧਰਮ ਸੁਚ ਸੰਜਮ ਕਰਹਿ
ਅੰਤਰਿ ਲੋਭੁ ਵਿਕਾਰੁ ॥
ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨਾ ਪਵੈ
ਦਰਗਹਿ ਹੋਇ ਖੁਆਰੁ ॥੨॥ *(ਮ: ੪, ਪੰਨਾ ੫੫੨)*

ਕਰਮ ਧਰਮ ਸੰਜਮ ਸੁਚ ਨੇਮਾ
ਚੰਚਲ ਸੰਗਿ ਸਗਲ ਬਿਧਿ ਹਾਰੀ ॥
ਪਸੁ ਪੰਖੀ ਬਿਰਖ ਅਸਥਾਵਰ
ਬਹੁ ਬਿਧਿ ਜੋਨਿ ਭ੍ਰਮਿਓ ਅਤਿ ਭਾਰੀ ॥
ਖਿਨੁ ਪਲੁ ਚਸਾ ਨਾਮੁ ਨਹੀ ਸਿਮਰਿਓ
ਦੀਨਾਨਾਥ ਪ੍ਰਾਨਪਤਿ ਸਾਰੀ ॥
*(ਸਵਯੇ ਮ: ੫ ਕੇ, ਪੰਨਾ ੧੩੮੮)*

ਤੀਰਥ ਨਾਇ ਨ ਉਤਰਸਿ ਮੈਲੁ ॥
ਕਰਮ ਧਰਮ ਸਭਿ ਹਉਮੈ ਫੈਲੁ ॥
ਲੋਕ ਪਚਾਰੈ ਗਤਿ ਨਹੀ ਹੋਇ ॥
ਨਾਮ ਬਿਹੂਣੇ ਚਲਸਹਿ ਰੋਇ ॥੨॥
ਬਿਨੁ ਹਰਿ ਨਾਮ ਨ ਟੂਟਸਿ ਪਟਲ ॥
ਸੋਧੇ ਸਾਸਤ੍ਰ ਸਿਮ੍ਰਿਤਿ ਸਗਲ ॥
*(ਰਾਮਕਲੀ ਮ: ੫, ਪੰਨਾ ੮੯੦)*

ਕਰਮ ਧਰਮ ਸਭਿ ਬੰਧਨਾ ਪਾਪ ਪੁੰਨ ਸਨਬੰਧੁ ॥
ਮਮਤਾ ਮੋਹੁ ਸੁ ਬੰਧਨਾ ਪੁਤ੍ਰ ਕਲਤ੍ਰ ਸੁ ਧੰਧੁ ॥
ਜਹ ਦੇਖਾ ਤਹ ਜੇਵਰੀ ਮਾਇਆ ਕਾ ਸਨਬੰਧੁ ॥
ਨਾਨਕ ਸਚੇ ਨਾਮ ਬਿਨੁ ਵਰਤਣਿ ਵਰਤੈ ਅੰਧੁ ॥੧॥
*(ਸਲੋਕ ਮ: ੩, ਪੰਨਾ ੫੫੧)*

ਦੁਬਿਧਾ ਮੇਟਿ ਖਿਮਾ ਗਹਿ ਰਹਹੁ ॥
ਕਰਮ ਧਰਮ ਕੀ ਸੂਲ ਨ ਸਹਹੁ ॥੭॥
*(ਗਉੜੀ ਕਬੀਰ ਜੀ, ਪੰਨਾ ੩੪੩)*

ਕਰਮ ਧਰਮ ਕੀ ਸਾਰ ਨ ਜਾਣੈ
ਸੁਰਤਿ ਮੁਕਤਿ ਕਿਉ ਪਾਈਐ ॥
ਨਾਨਕ ਗੁਰਮੁਖਿ ਸਬਦਿ ਪਛਾਣੈ
ਅਹਿਨਿਸਿ ਨਾਮੁ ਧਿਆਈਐ ॥੧॥
*(ਆਸਾ ਮ: ੧, ਪੰਨਾ ੪੩੭)*

ਕਰਮੁ ਧਰਮੁ ਕਿਛੁ ਉਪਜਿ ਨ ਆਇਓ
ਨਹ ਉਪਜੀ ਨਿਰਮਲ ਕਰਣੀ ॥
ਛਾਡਿ ਸਿਆਣਪ ਸੰਜਮ ਨਾਨਕ
ਲਾਗੋ ਗੁਰ ਕੀ ਚਰਣੀ ॥੨॥੯॥
*(ਦੇਵਗੰਧਾਰੀ ਮ: ੫, ਪੰਨਾ ੫੩੦)*

ਜੇਤੇ ਜਤਨ ਕਰਤ ਤੇ ਡੂਬੇ
ਭਵ ਸਾਗਰੁ ਨਹੀ ਤਾਰਿਓ ਰੇ॥
ਕਰਮ ਧਰਮ ਕਰਤੇ ਬਹੁ ਸੰਜਮ
ਅਹੰਬੁਧਿ ਮਨੁ ਜਾਰਿਓ ਰੇ॥੧॥
ਸਾਸ ਗ੍ਰਾਸ ਕੋ ਦਾਤੋ ਠਾਕੁਰੁ
ਸੋ ਕਿਉ ਮਨਹੁ ਬਿਸਾਰਿਓ ਰੇ॥

*(ਗਉੜੀ ਕਬੀਰ ਜੀ, ਪੰਨਾ ੩੩੫)*

ਰਾਜੇ ਧਰਮੁ ਕਰਹਿ ਪਰਥਾਏ॥
ਆਸਾ ਬੰਧੇ ਦਾਨੁ ਕਰਾਏ॥
ਰਾਮ ਨਾਮ ਬਿਨੁ ਮੁਕਤਿ ਨ ਹੋਈ
ਥਾਕੇ ਕਰਮ ਕਮਾਈ ਹੇ॥੯॥
ਕਰਮ ਧਰਮ ਕਰਿ ਮੁਕਤਿ ਮੰਗਾਹੀ॥
ਮੁਕਤਿ ਪਦਾਰਥੁ ਸਬਦਿ ਸਲਾਹੀ॥
ਬਿਨੁ ਗੁਰ ਸਬਦੈ ਮੁਕਤਿ ਨ ਹੋਈ
ਪਰਪੰਚੁ ਕਰਿ ਭਰਮਾਈ ਹੇ॥੧੦॥

*(ਮਾਰੂ ਮ: ੧, ਪੰਨਾ ੧੦੨੪)*

ਕਰਮ ਧਰਮ ਜੁਗਤਾ ਨਿਮਖ ਨ ਹੇਤੁ ਕਰਤਾ
ਗਰਬਿ ਗਰਬਿ ਪੜੈ ਕਹੀ ਨ ਲੇਖੈ॥
ਜਿਸੁ ਭੇਟੀਐ ਸਫਲ ਮੂਰਤਿ ਕਰੈ ਸਦਾ ਕੀਰਤਿ
ਗੁਰ ਪਰਸਾਦਿ ਕੋਊ ਨੇਤ੍ਰਹ ਪੇਖੈ॥੬॥
ਮਨ ਹਠਿ ਜੋ ਕਮਾਵੈ ਤਿਲੁ ਨ ਲੇਖੈ ਪਾਵੈ
ਬਗੁਲ ਜਿਉ ਧਿਆਨੁ ਲਾਵੈ
ਮਾਇਆ ਰੇ ਧਾਰੀ॥
ਕੋਈ ਐਸੋ ਰੇ ਸੁਖਹਦਾਈ ਪ੍ਰਭ ਕੀ ਕਥਾ ਸੁਨਾਈ
ਤਿਸੁ ਭੇਟੇ ਗਤਿ ਹੋਇ ਹਮਾਰੀ॥੭॥

*(ਧਨਾਸਰੀ ਮ: ੫, ਪੰਨਾ ੬੮੭)*

ਕਰਮ ਧਰਮ ਜੁਗਤਿ ਬਹੁ ਕਰਤਾ
ਕਰਣੈਹਾਰੁ ਨ ਜਾਨੈ॥
ਉਪਦੇਸੁ ਕਰੈ ਆਪਿ ਨ ਕਮਾਵੈ
ਤਤ ਸਬਦੁ ਨ ਪਛਾਨੈ॥
ਨਾਂਗਾ ਆਇਆ ਨਾਂਗੋ ਜਾਸੀ
ਜਿਉ ਹਸਤੀ ਖਾਕੁ ਛਾਨੈ॥੩॥

*(ਆਸਾ ਮ: ੫, ਪੰਨਾ ੩੮੦)*

ਕਰਮ ਧਰਮ ਨੇਮ ਬ੍ਰਤ ਪੂਜਾ॥
ਪਾਰਬ੍ਰਹਮ ਬਿਨੁ ਜਾਨੁ ਨ ਦੂਜਾ॥੨॥
ਤਾ ਕੀ ਪੂਰਨ ਹੋਈ ਘਾਲ॥
ਜਾ ਕੀ ਪ੍ਰੀਤਿ ਅਪੁਨੇ ਪ੍ਰਭ ਨਾਲਿ॥੩॥

*(ਗਉੜੀ ਮ: ੫, ਪੰਨਾ ੧੯੯)*

ਇਸ ਤੋਂ ਆਦਿ ਹੋਰ ਭੀ ਸਾਨੂੰ ਕਈ ਉਦਾਹਰਣ ਬਾਣੀ ਵਿਚੋਂ ਮਿਲਦੇ ਹਨ, ਜਿਨ੍ਹਾਂ ਵਿਚ ਸਤਿਗੁਰੂ ਜੀ ਨੇ ਨਾਮ ਤੋਂ ਸੱਖਣੇ ਸਾਰੇ ਕਰਮਾਂ ਧਰਮਾਂ ਨੂੰ ਹੀ ਫੋਕਟ ਕਰਮ ਦਰਸਾਇਆ ਹੈ ਕਿਉਂਕਿ ਇਨ੍ਹਾਂ ਸਾਰੇ ਹੀ ਕਰਮ-ਕਾਂਡਾਂ ਦਾ ਫਲ ਕੇਵਲ ਬਾਰ ਬਾਰ ਜੰਮਣ ਮਰਨ ਦੇ ਚੱਕ੍ਰ ਵਿਚ ਆਉਂਦੇ ਜਾਂਦੇ ਰਹਿਣਾ ਹੈ, ਰੱਬੀ ਮਾਰਗ ਪਰ ਸਫ਼ਰ ਕਰਨ ਵਾਲੇ ਪਾਂਧੀ ਦੇ ਮਾਰਗ ਵਿਚ ਇਹ ਬਹੁਤ ਵੱਡੀ ਰੋਕ ਹੈ, ਜਿਸ ਕਰਕੇ ਗੁਰਮਤ ਨੇ ਇਨ੍ਹਾਂ ਸਾਰੇ ਹੀ ਕਰਮ-ਕਾਂਡਾਂ ਨੂੰ ਕਬੂਲ ਨਹੀਂ ਕੀਤਾ, ਇਨ੍ਹਾਂ ਉਪ੍ਰੋਕਤ ਮਹਾਵਾਕਾਂ ਤੋਂ ਪ੍ਰੇਰਨਾ ਲੈ ਕੇ ਹੀ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉਲੀਕੀਆਂ ਹਨ :

(੧) (ਜਿਵੇਂ ਅਸੀਂ ਆਮ ਹੀ ਲੋਕਾਂ ਨੂੰ ਵੇਖਦੇ ਹਾਂ ਕਿ) ਤੀਰਥਾਂ 'ਤੇ ਲੱਖਾਂ ਵਾਰੀ ਜਾਣਾ ਤੇ ਪੁਰਬੀਆਂ (ਪਵਿੱਤ੍ਰ ਮੰਨੇ ਜਾਂਦੇ ਨਿਸਚਿਤ ਦਿਨਾਂ) ਤੇ ਇਸ਼ਨਾਨ ਕਰਨੇ।

(੨) ਦੇਵੀ ਦੇਵਤਿਆਂ ਦੇ ਪੂਜ ਸਥਾਨਾਂ 'ਤੇ ਜਾ ਕੇ ਪੂਜਾ ਅਤੇ ਸੇਵਾ ਆਦਿ ਕਰਨੀਆਂ।

(੩) ਲੱਖਾਂ ਹੀ ਜਪ, ਤਪ ਤੇ ਸੰਜਮ (ਵਰਤ ਨੇਮ ਆਦਿ) ਦੀ ਸਾਧਨਾਂ ਦੇ ਸਾਧਨ ਕਰਨੇ।

(੪) ਹੋਮ ਜੱਗ ਕਰਨੇ ਤੇ ਨਈਵੇਦਾਂ ਨਾਲ (ਠਾਕਰਾਂ ਨੂੰ) ਭੋਗ ਲਗਾਉਣੇ।

(੫) ਵਰਤ ਰਖਣੇ, ਨੇਮ ਨਿਭਾਹੁਣੇ ਤੇ ਲੱਖਾਂ ਹੀ ਪ੍ਰਕਾਰ ਦੇ ਦਾਨ ਪੁੰਨ ਕਰਨੇ ਤੇ ਹੋਰ ਕਰਮ-ਕਾਂਡ ਆਦਿ ਕਰਨਾ (ਸਭ ਦੇਖਾ ਦੇਖੀ ਦੇ ਹੀ ਕਰਮ ਕਾਂਡ ਹਨ।

(੬) (ਕਿਉਂਕਿ) ਪ੍ਰਭੂ ਦੀ ਦਰਗਾਹ (ਪਰਮੇਸ਼ਰ ਦੇ ਦਰਬਾਰ) ਵਿਚ (ਇਹ ਵਰਤ ਨੇਮ ਜਾਂ ਦਾਨ ਪੁੰਨ ਦੇ ਕਰਮ) ਸਭ ਪਖੰਡ ਰੂਪ ਹੀ ਗਿਣੇ ਜਾਂਦੇ ਹਨ ਤੇ ਉਥੋਂ ਤਕ ਪੁੱਜਣ ਦੀ ਇਨ੍ਹਾਂ ਕਰਮ-ਕਾਂਡਾਂ ਵਿਚ ਸ਼ਕਤੀ ਹੀ ਨਹੀਂ ਕਿਉਂਕਿ ਇਨ੍ਹਾਂ ਕਰਮ-ਕਾਂਡਾਂ ਨੂੰ ਜਮ ਮਾਰਗ ਵਿਚ ਜਮ ਜਗਾਤੀਏ ਹੀ ਲੁੱਟ ਲੈਂਦੇ ਹਨ (ਇਹ ਓਰੇ ਹੀ ਮੁਸੇ)।੧੫।

***ਭਾਵਾਰਥ :***

ਜਾਪ ਤਾਪ ਨੇਮ ਸੁਚਿ ਸੰਜਮ
ਨਾਹੀ ਇਨ ਬਿਧੇ ਛੁਟਕਾਰ॥

*(ਕਾਨੜਾ ਮ: ੫, ਪੰਨਾ ੧੩੦੧)*

## ੧੬. ਬੰਦਗੀ ਕਰਨ ਵਾਲੇ ਬੰਦੇ ਸਭ ਤੋਂ ਉਚੇਰੇ ਹਨ

**੧. ਪੋਪਲੀਆਂ ਭਰਨਾਲਿ ਲੱਖ ਤਰੰਦੀਆਂ।**
**੨. ਓੜਕ ਓੜਕ ਭਾਲਿ ਸੁਧਿ ਨ ਲਹੰਦੀਆਂ।**
**੩. ਅਨਲ ਮਨਲ ਕਰਿ ਖਿਆਲ ਉਮਗਿ ਉਡੰਦੀਆਂ।**
**੪. ਉਛੱਲਿ ਕਰਨਿ ਉਛਾਲ ਨ ਊਭਿ ਚੜੰਦੀਆ।**
**੫. ਲੱਖ ਅਗਾਸ ਪਤਾਲ ਕਰਿ ਮੁਹਛੰਦੀਆਂ।**
**੬. ਦਰਗਹ ਇੱਕ ਰਵਾਲ ਬੰਦੇ ਬੰਦੀਆਂ ॥੧੬॥**

***ਪਦ ਅਰਥ :*** ਪੋਪਲੀਆਂ—ਪੋਪਲੀ, ਭਾਵ ਬੇੜੀਆਂ, ਸਰਨਾਈਆਂ। ਭਰਨਾਲਿ—ਦਰਿਆ, ਸਮੁੰਦਰ। ਅਨਲ ਮਨਲ—ਇਕ ਪੰਛੀ, ਜੋ ਹਰ ਸਮੇਂ ਉਡਦਾ ਹੀ ਰਹਿੰਦਾ ਹੈ ਜੋ ਅਕਾਸ਼ ਵਿਚ ਉਡਦਿਆਂ ਹੀ ਅੰਡੇ ਦੇਂਦਾ ਹੈ ਅਤੇ ਜ਼ਮੀਨ ਤਕ ਪਹੁੰਚਣ ਤੋਂ ਪਹਿਲਾਂ ਹੀ ਉਨ੍ਹਾਂ ਵਿਚੋਂ ਬੱਚੇ ਪੈਦਾ ਹੋ ਕੇ ਅਕਾਸ਼ ਮੰਡਲ ਵਿਚ ਉਡਣਾ ਸ਼ੁਰੂ ਕਰ ਦੇਂਦੇ ਹਨ। ਉਮਗਿ—ਉਮਾਹ, ਖ਼ੁਸ਼ੀ ਨਾਲ। ਰਵਾਲ—ਕਿਣਕਾ ਭਰ। ਬੰਦੇ—ਬੰਦਗੀ ਕਰਨ ਵਾਲੇ।

***ਅਰਥ :***

**ਪ੍ਰ:** ਭਾਈ ਸਾਹਿਬ ਜੀਓ! ਜਿਸ ਪਰਮੇਸ਼ਰ ਨੂੰ ਸਾਰੇ ਹੀ ਬੇਅੰਤ ਬੇਅੰਤ ਕਰਕੇ ਕਥਨ ਕਰਦੇ ਹਨ, ਅਤੇ ਉਸਦਾ ਅੰਤ ਪਾਉਣ ਲਈ ਭੀ ਹਜ਼ਾਰਾਂ ਹੀ ਲੋਕ ਜਪ, ਤਪ, ਸਾਧਨ, ਕਰਦੇ ਵੇਖਣ ਵਿਚ ਆਉਂਦੇ ਹਨ ਕੀ ਤੁਹਾਡੀਆਂ ਨਜ਼ਰਾਂ ਵਿਚ ਕੋਈ ਐਸਾ ਵਿਅਕਤੀ ਆਇਆ ਹੈ ਜੋ ਉਸ ਬੇਅੰਤ ਪ੍ਰਭੂ ਦਾ ਅੰਤ ਪਾ ਸਕਿਆਂ ਹੋਵੇ ਜੇ ਕੋਈ ਹੈ ਤਾਂ ਸਾਨੂੰ ਭੀ ਉਸਦੀ ਜਾਣਕਾਰੀ ਦਿਓ, ਧੰਨਵਾਦੀ ਹੋਵਾਂਗੇ?

**ਉ:** ਹੇ ਭਾਈਓ! ਅਸਲ ਵਿਚ ਜਿਸ ਪੱਖ ਦੇ ਸੰਬੰਧ ਵਿਚ ਸਤਿਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪਣਾ ਆਖ਼ਰੀ ਸਿਧਾਂਤਕ ਫ਼ੈਸਲਾ ਅੰਕਤ ਕਰ ਦਿਤਾ ਹੈ ਮੈਂ ਉਸੇ ਵੀਚਾਰ 'ਤੇ ਹੀ ਆਪਣਾ ਦ੍ਰਿੜ੍ਹ ਨਿਸਚਾ ਰੱਖਦਾ ਹਾਂ ਕਿਉਂਕਿ ਮੇਰਾ ਵਿਸ਼ਵਾਸ ਹੈ ਕਿ ਬਾਣੀ ਵਿਚ ਦਰਸਾਇਆ ਸਿਧਾਂਤ ਸਦੀਵੀ ਅਟੱਲ ਹੈ, ਜਿਸ ਨੂੰ ਆਪਣੀਆਂ ਨਜ਼ਰਾਂ ਤੋਂ ਓਹਲੇ ਕਰਨਾ ਇਕ ਬਹੁਤ ਵੱਡੀ ਭੁੱਲ ਹੈ ਕਿਉਂਕਿ ਸਿਖ ਲਈ ਆਖ਼ਰੀ ਹਿਦਾਇਤ ਇਹੋ ਹੈ ਕਿ (ਹੁਕਮ ਮੰਨਿਐ ਹੋਵੈ ਪ੍ਰਵਾਨ)।

ਇਹ ਠੀਕ ਹੈ ਕਿ ਭੂਤਕਾਲ ਅਤੇ ਵਰਤਮਾਨ ਸਮੇਂ ਦੇ ਲੱਖਾਂ ਲੋਕ ਉਸ ਬੇਅੰਤ ਪ੍ਰਭੂ ਦਾ ਅੰਤ ਪਾਉਣ ਲਈ ਅਨੇਕਾਂ ਸਾਧਨ ਕਰਦੇ ਰਹੇ, ਪਰ ਉਸ ਦਾ ਅੰਤ ਨਹੀਂ ਪਾ ਸਕੇ, ਅਤੇ ਨਾਹੀ ਆਉਣ ਵਾਲੇ ਸਮੇਂ ਵਿਚ ਉਸਦਾ ਕੋਈ ਅੰਤ ਪਾ ਸਕੇਗਾ, ਇਸੇ ਭਾਵ ਨੂੰ ਸਾਰੇ ਹੀ ਪੀਰ, ਪੈਗੰਬਰ ਅਉਲੀਏ ਕਹਿੰਦੇ ਆਏ ਹਨ, ਅਤੇ ਬੇਦ ਭੀ ਇਹੋ ਕੁਝ ਕਹਿੰਦਾ ਹੈ:

ਨੇਤ ਨੇਤ ਕਥੰਤ ਬੇਦਾ॥

ਪਰ ਜਦੋਂ ਗੁਰਬਾਣੀ ਪੜ੍ਹਦੇ ਹਾਂ ਤਾਂ ਇਹੋ ਬੋਧ ਮਿਲਦਾ ਹੈ ਕਿ ਉਹ ਪ੍ਰਭੂ ਬੇਅੰਤ ਹੈ:

ਸਨਕ ਸਨੰਦ ਮਹੇਸ ਸਮਾਨਾਂ॥
ਸੇਖਨਾਗਿ ਤੇਰੋ ਮਰਮੁ ਨ ਜਾਨਾਂ॥੧॥
ਸੰਤ ਸੰਗਤਿ ਰਾਮੁ ਰਿਦੈ ਬਸਾਈ॥੧॥ਰਹਾਉ॥
ਹਨੂਮਾਨ ਸਰਿ ਗਰੁੜ ਸਮਾਨਾਂ॥
ਸੁਰਪਤਿ ਨਰਪਤਿ ਨਹੀ ਗੁਨ ਜਾਨਾਂ॥੨॥
ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ॥
ਕਮਲਾਪਤਿ ਕਵਲਾ ਨਹੀ ਜਾਨਾਂ॥੩॥

*(ਧਨਾਸਰੀ ਭਗਤ ਕਬੀਰ ਜੀ, ਪੰਨਾ ੬੯੧)*

ਚਾਰੇ ਵੇਦ ਬ੍ਰਹਮੇ ਕਉ ਦੀਏ
ਪੜਿ ਪੜਿ ਕਰੇ ਵੀਚਾਰੀ॥
ਤਾ ਕਾ ਹੁਕਮੁ ਨ ਬੂਝੈ ਬਪੁੜਾ
ਨਰਕਿ ਸੁਰਗਿ ਅਵਤਾਰੀ॥੬॥

*(ਆਸਾ ਮ: ੩, ਪੰਨਾ ੪੨੩)*

ਬਸੁਧ ਕਾਗਦ ਬਨਰਾਜ ਕਲਮਾ
ਲਿਖਣ ਕਉ ਜੇ ਹੋਇ ਪਵਨ॥
ਬੇਅੰਤ ਅੰਤੁ ਨ ਜਾਇ ਪਾਇਆ
ਗਹੀ ਨਾਨਕ ਚਰਣ ਸਰਨ॥੪॥੫॥੮॥

*(ਆਸਾ ਮ: ੫, ਪੰਨਾ ੪੫੮)*

ਨਾਨਕ ਦਾਸ ਤੇਰੈ ਕੁਰਬਾਣੁ॥
ਬੇਅੰਤ ਸਾਹਿਬੁ ਮੇਰਾ ਮਿਹਰਵਾਣੁ॥੪॥੨੬॥੩੭॥

*(ਰਾਮਕਲੀ ਮ: ੫, ਪੰਨਾ ੮੯੪)*

ਬੇਅੰਤ ਗੁਣ ਅਨੇਕ ਮਹਿਮਾ
ਕੀਮਤਿ ਕਛੂ ਨ ਜਾਇ ਕਹੀ॥
ਪ੍ਰਭ ਏਕ ਅਨਿਕ ਅਲਖ ਠਾਕੁਰ
ਓਟ ਨਾਨਕ ਤਿਸੁ ਗਹੀ॥੧॥

*(ਆਸਾ ਮ: ੫, ਪੰਨਾ ੪੫੮)*

ਬੇਅੰਤ ਗੁਣ ਤੇਰੇ ਕਥੇ ਨ ਜਾਹੀ
ਸਤਿਗੁਰ ਪੁਰਖ ਮੁਰਾਰੇ ॥
ਬਿਨਵੰਤਿ ਨਾਨਕ ਟੇਕ ਰਾਖੀ
ਜਿਤੁ ਲਗਿ ਤਰਿਆ ਸੰਸਾਰੇ ॥੪॥੨॥
*(ਗਉੜੀ ਮ: ੫, ਪੰਨਾ ੨੪੮)*

ਆਇ ਨ ਜਾਵੈ ਨਿਹਚਲੁ ਧਨੀ ॥
ਬੇਅੰਤ ਗੁਨਾ ਤਾ ਕੇ ਕੇਤਕ ਗਨੀ ॥
*(ਗੋਂਡ ਮ: ੫, ਪੰਨਾ ੮੬੩)*

ਬੇਅੰਤਾ ਬੇਅੰਤ ਗੁਣ ਤੇਰੇ ਕੇਤਕ ਗਾਵਾ ਰਾਮ ॥
ਤੇਰੇ ਚਰਣਾ ਤੇਰੇ ਚਰਣ ਧੂੜਿ
ਵਡਭਾਗੀ ਪਾਵਾ ਰਾਮ ॥ *(ਆਸਾ ਮ: ੫, ਪੰਨਾ ੪੫੩)*

ਬੇਅੰਤ ਮਹਿਮਾ ਤਾ ਕੀ ਕੇਤਕ ਬਰਨ ॥
ਬਲਿ ਬਲਿ ਜਾਈਐ ਤਾ ਕੇ ਚਰਨ ॥੨॥
*(ਰਾਮਕਲੀ ਮ: ੫, ਪੰਨਾ ੮੮੮)*

ਬੇਸੁਮਾਰ ਬੇਅੰਤ ਸੁਆਮੀ
ਤੇਰੋ ਅੰਤੁ ਨ ਕਿਨਹੀ ਲਹੀਐ ॥੧॥ਰਹਾਉ॥
*(ਧਨਾਸਰੀ ਮ: ੫, ਪੰਨਾ ੬੭੪)*

ਅੰਤ ਕਾਰਣਿ ਕੇਤੇ ਬਿਲਲਾਹਿ ॥
ਤਾ ਕੇ ਅੰਤ ਨ ਪਾਏ ਜਾਹਿ ॥
ਏਹੁ ਅੰਤੁ ਨ ਜਾਣੈ ਕੋਇ ॥
ਬਹੁਤਾ ਕਹੀਐ ਬਹੁਤਾ ਹੋਇ ॥
ਵਡਾ ਸਾਹਿਬੁ ਊਚਾ ਥਾਉ ॥
ਊਚੇ ਉਪਰਿ ਊਚਾ ਨਾਉ ॥
ਏਵਡੁ ਊਚਾ ਹੋਵੈ ਕੋਇ ॥
ਤਿਸੁ ਊਚੇ ਕਉ ਜਾਣੈ ਸੋਇ ॥
ਜੇਵਡੁ ਆਪਿ ਜਾਣੈ ਆਪਿ ਆਪਿ ॥
ਨਾਨਕ ਨਦਰੀ ਕਰਮੀ ਦਾਤਿ ॥੨੪॥
*(ਜਪੁਜੀ ਸਾਹਿਬ, ਪੰਨਾ ੫)*

ਗੁਰੂ ਨਾਨਕ ਪਾਤਿਸ਼ਾਹ ਨੂੰ ਭੀ ਸਿੱਧਾਂ ਨੇ ਸੁਮੇਰ ਪਰਬਤ ਪਰ ਇਹੋ ਪ੍ਰਸ਼ਨ ਕੀਤਾ ਸੀ ਕਿ ਹੇ ਨਾਨਕ ! ਜੇ ਤੈਂ ਉਸ ਪਰਮੇਸ਼ਰ ਨੂੰ ਜਾਣ ਲਿਆ ਹੈ ਤਾਂ ਤੂੰ ਉਸ ਬਾਰੇ ਕੁਝ ਕਹਿ ਕੇ ਸਮਝਾ ਤਾਂ ਆਪ ਨੇ ਕਿਹਾ ਸੀ ਕਿ ਹੇ ਸਿਧੋ :

ਜੇ ਹਉ ਜਾਣਾ ਆਖਾ ਨਾਹੀ
ਕਹਣਾ ਕਥਨੁ ਨ ਜਾਈ ॥
ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ ॥੫॥ *(ਜਪੁਜੀ, ਪੰਨਾ ੨)*

ਭਾਵ, ਹੇ ਸਿਧੋ ! ਜੇ ਮੈਂ ਉਸਨੂੰ ਜਾਣ ਭੀ ਲਿਆ ਹੈ ਤਾਂ ਮੈਂ ਕਹਿਣਾ ਨਹੀਂ ਕਿਉਂਕਿ ਉਹ ਮੇਰੇ ਕਹਿਣ ਤੇ ਕਥਨ ਵਿਚ ਨਹੀਂ ਆ ਸਕਦਾ। ਇਸ ਲਈ ਮੈਨੂੰ ਤਾਂ ਮੇਰੇ ਗੁਰੂ ਨੇ ਇਹੋ ਗੱਲ ਸਮਝਾ ਦਿਤੀ ਹੈ ਕਿ ਉਹ ਬੇਅੰਤ ਪ੍ਰਭੂ ਸਭਨਾਂ ਜੀਆਂ ਕਾ ਇਕੋ ਦਾਤਾ ਹੈ ਜੋ ਮੈਨੂੰ ਮਨ ਕਰਕੇ ਕਦੇ ਭੀ ਨਾ ਵਿਸਰੇ।

ਇਸ ਤੋਂ ਆਦਿ ਸਾਨੂੰ ਗੁਰਬਾਣੀ ਵਿਚੋਂ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ ਕਿ ਉਹ ਪਰੀਪੂਰਨ ਪਰਮੇਸ਼ਰ ਬੇਅੰਤ ਹੈ, ਬੇਅੰਤ ਹੈ, ਜਿਸਦਾ ਨਾ ਪਿਛੇ, ਨਾ ਵਰਤਮਾਨ ਸਮੇਂ ਵਿਚ ਕੋਈ ਅੰਤ ਪਾ ਸਕਿਆ ਹੈ, ਪਰ ਹਾਂ ਜਿਤਨੀ ਜਿਤਨੀ ਕਿਸੇ ਵਿਚ ਸੱਤਾ ਸੀ ਉਹ ਉਤਨੀ ਕਹਿਣ ਦਾ ਜਤਨ ਕਰਦੇ ਰਹੇ ਹਨ, ਪਰ ਉਸਦੀ ਸੰਪੂਰਨ ਬੇਅੰਤਤਾ ਦਾ ਕਥਨ ਨਹੀਂ ਕਰ ਸਕੇ, ਉਹ ਇਉਂ ਹੀ ਕਿਹਾ ਜਾ ਸਕਦਾ ਹੈ ਕਿ ਜਿਤਨੀ ਜਿਤਨੀ ਕਿਸੇ ਪੰਛੀ ਦੇ ਖੰਭਾਂ ਵਿਚ ਤਾਕਤ ਹੈ ਉਹ ਅਕਾਸ਼ ਵਿਚ ਉਡਾਰੀ ਮਾਰ ਕੇ ਉਤਨਾ ਉਚੇਰਾ ਜਾ ਸਕਦਾ ਹੈ, ਪਰ ਅਥਾਹ ਅਕਾਸ਼ ਦਾ ਅੰਤ ਨਹੀਂ ਪਾ ਸਕਦਾ। ਸੋ, ਮੈਂ ਭੀ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ :

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਲੱਖਾਂ ਹੀ ਬੇੜੀਆਂ ਅਥਾਹ ਸਮੁੰਦਰ ਦੇ ਉਤੇ ਤਰਦੀਆਂ ਹਨ।

(੨) ਇਹ ਬੇੜੀਆਂ ਭਾਵੇਂ ਦੂਰ ਦੂਰ ਤਕ ਪਾਣੀ ਵਿਚ ਜਾਂਦੀਆਂ ਹਨ (ਪਰ ਜੇ ਆਖੋ ਕਿ ਇਹ ਸਮੁੰਦਰ ਦੀ ਗਹਿਰ ਗੰਭੀਰਤਾ ਦਾ ਕੋਈ ਥਾਹ ਥੰਨਾ ਲੱਭ ਲੈਣ, ਤਾਂ ਨਹੀਂ ਲੱਭ ਸਕਦੀਆਂ।

(੩) (ਇਸੇ ਤਰ੍ਹਾਂ) ਅਨਲ ਮਨਲ ਨਾਂ ਦਾ ਪੰਛੀ ਵੀ ਇਹੀ ਖ਼ਿਆਲ ਕਰਕੇ (ਕਿ ਅਕਾਸ਼ ਦਾ ਅੰਤ, ਕੋਈ ਹਿਸਾਬ) ਲੈ ਲਵਾਂ, ਖ਼ੁਸ਼ੀਆਂ ਨਾਲ ਅਕਾਸ਼ ਵਿਚ ਉਡਦਾ ਫਿਰਦਾ ਹੈ, (ਪਰ ਅੰਤ ਨਹੀਂ ਲੈ ਸਕਦਾ)।

(੪) (ਅਨਲ ਮਨਲ) ਦੇ ਬੱਚੇ (ਆਂਡੇ) ਵੀ ਉਛਲ ਉਛਲ ਕੇ ਅਕਾਸ਼ ਨੂੰ ਉੱਡ ਜਾਂਦੇ ਹਨ (ਪਰ ਅਕਾਸ਼ ਵਿਚ ਰਹਿੰਦੇ) ਉਸਦਾ ਅੰਤ ਨਹੀਂ ਪਾ ਸਕਦੇ।

(੫) ਲੱਖਾਂ ਹੀ ਅਕਾਸ਼ ਤੇ ਪਾਤਾਲ (ਜਿਨ੍ਹਾਂ ਦਾ ਕੋਈ ਅੰਤ ਨਹੀਂ ਪਾ ਸਕਦਾ, ਐਸੇ ਅਥਾਹ ਸਮੁੰਦਰ ਤੇ ਉਸ ਕਰਤੇ ਪਰਮੇਸ਼ਰ) ਦਾ ਅੰਤ ਨਹੀਂ ਪਾ ਸਕਦੇ (ਤੇ ਅਕਾਸ਼ ਪਾਤਾਲ ਦੇ ਵਾਸੀ ਪਰਮੇਸ਼ਰ ਦੀ ਹੀ) ਮੁਛੰਦਗੀ ਭਾਵ ਮੁਥਾਜੀ ਕਰਦੇ ਹਨ।

(੬) ਇਹ ਅਥਾਹ ਸਮੁੰਦਰ ਤੇ ਅਕਾਸ਼ (ਪ੍ਰਭੂ ਦੀ) ਦਰਗਾਹ

ਦੇ ਦਾਸ ਵਾਸੀਆਂ ਅਗੇ ਇਕ ਕਿਣਕੇ ਦੇ ਸਮਾਨ ਹਨ।੧੬।

***ਭਾਵਾਰਥ :*** ਗੁਰੂ ਨਾਨਕ ਦੇਵ ਜੀ ਨੇ ਇਹੋ ਭਾਵ ਕਈ ਥਾਵਾਂ 'ਤੇ ਪ੍ਰਗਟਾਇਆ ਹੈ :

ਕਿਆ ਹਉ ਕਥੀ ਕਥੇ ਕਥਿ ਦੇਖਾ
ਮੈ ਅਕਥੁ ਨ ਕਥਨਾ ਜਾਈ ॥

*(ਬਿਲਾਵਲੁ ਮ: ੧, ਪੰਨਾ ੭੯੫)*

ਕਿਆ ਹਉ ਆਖਾ ਕਿਰਮ ਜੰਤੁ ॥
ਤੇਰਾ ਕਿਨੈ ਨ ਪਾਇਆ ਆਦਿ ਅੰਤੁ ॥੧॥

*(ਬਸੰਤੁ ਮ: ੩, ਪੰਨਾ ੧੧੭੨)*

ਕਿਆ ਹਮ ਕਿਰਮ ਨਾਨ੍ ਨਿਕ ਕੀਰੇ
ਤੁਮ੍ ਵਡ ਪੁਰਖ ਵਡਭਾਗੀ ॥
ਤੁਮ੍ਰੀ ਗਤਿ ਮਿਤਿ ਕਹਿ ਨ ਸਕਹ ਪ੍ਰਭ
ਹਮ ਕਿਉ ਕਰਿ ਮਿਲਹ ਅਭਾਗੀ ॥੩॥

*(ਧਨਾਸਰੀ ਮ: ੪, ਪੰਨਾ ੬੬੭)*

ਸਤਿਗੁਰੂ ਜੀ ਤਾਂ ਇਹੋ ਬੋਧ ਦੇਂਦੇ ਹਨ ਕਿ ਹੇ ਭਾਈਓ! ਜੋ ਲੋਕ ਉਸ ਬੇਅੰਤ ਪ੍ਰਭੂ ਦਾ ਅੰਤ ਪਾਉਣ ਲਈ ਟੁਰੇ ਸਨ, ਉਹ ਆਖਰ ਨੂੰ ਆਪਣਾ ਹੀ ਅੰਤ ਕਰ ਬੈਠੇ ਉਸ ਅਥਾਹ ਰੂਪ ਪ੍ਰਭੂ ਦੀ ਹਾਥ ਨਹੀਂ ਪਾ ਸਕੇ।

## ੧੭. ਪ੍ਰਭੂ ਦੀ ਅਥਾਹ ਸ਼ਕਤੀ

**੧. ਤ੍ਰੈ ਗੁਣ ਮਾਇਆ ਖੇਲ ਕਰਿ ਦੇਖਾਲਿਆ।**
**੨. ਖਾਣੀ ਬਾਣੀ ਚਾਰਿ ਚਲਤੁ ਉਠਾਲਿਆ।**
**੩. ਪੰਜ ਤੱਤ ਉਤਪਤਿ ਬੰਧਿ ਬਹਾਲਿਆ।**
**੪. ਛਿਅ ਰੁਤਿ ਬਾਰਹ ਮਾਹ ਸਿਰਜਿ ਸਮ੍ਹਾਲਿਆ।**
**੫. ਅਹਿਨਿਸਿ ਸੂਰਜ ਚੰਦ ਦੀਵੇ ਬਾਲਿਆ।**
**੬. ਇਕ ਕਵਾਉ ਪਸਾਉ ਨਦਰਿ ਨਿਹਾਲਿਆ ॥੧੭॥**

***ਪਦ ਅਰਥ :*** ਖੇਲ—ਕੌਤਕ, ਪਸਾਰਾ। ਚਲਤੁ—ਕੌਤਕ। ਬੰਧਿ—ਨੇਮ। ਸਿਰਜਿ—ਬਣਾ ਕੇ। ਸਮ੍ਹਾਲਿਆ—ਸੰਭਾਲ ਕੀਤੀ। ਕਵਾਉ—ਬਚਨ, ਵਾਕ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜਿਸ ਪਰਮੇਸ਼ਰ ਨੂੰ ਸਾਰੇ ਬੇਦ, ਸ਼ਾਸਤ੍ਰ, ਪੀਰ, ਪੈਗੰਬਰ, ਅਉਲੀਏ ਬੇਅੰਤ ਬੇਅੰਤ ਕਥਨ ਕਰਦੇ ਆ ਰਹੇ ਹਨ, ਕੀ ਦਸੋਗੇ ਕਿ ਤੁਸੀਂ ਉਸ ਵਿਚ ਕਿਤਨੀ ਕੁ ਸ਼ਕਤੀ ਦਾ ਅਨੁਮਾਨ ਕਰਦੇ ਹੋ ਭਾਵ ਉਸ ਪਰਮਾਤਮਾ ਵਿਚ ਕਿਤਨੀ ਕੁ ਸਮਰੱਥਾ ਹੈ, ਕਿਉਂਕਿ ਉਸ ਬੇਅੰਤ ਪ੍ਰਭੂ ਵਿਚ ਤਾਂ ਸ਼ਕਤੀ ਭੀ ਬੇਅੰਤ ਹੋਵੇਗੀ, ਪਰ ਆਪ ਜੀ ਇਹ ਜਾਣਕਾਰੀ ਦਿਓ ਕਿ ਉਹ ਪਰਮੇਸ਼ਰ ਆਪਣੀ ਬੇਅੰਤ ਸ਼ਕਤੀ ਦਾ ਪ੍ਰਯੋਗ ਕਿਸ ਰੂਪ ਵਿਚ ਕਰਦਾ ਹੈ?

**ਉ:** ਹੇ ਭਾਈਓ! ਜੇ ਦੂਰ-ਦਰਸ਼ੀ ਨਜ਼ਰਾਂ ਦੁਆਰੇ ਤੱਕੀਏ ਤਾਂ ਇਉਂ ਹੀ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਉਹ ਪਰਮੇਸ਼ਰ ਬੇਅੰਤ ਹੈ, ਉਸੇ ਤਰ੍ਹਾਂ ਉਸ ਦੀ ਸ਼ਕਤੀ ਭੀ ਕਥਨ ਤੋਂ ਰਹਿਤ ਹੈ ਪਰ ਜੋ ਤੁਸੀਂ ਇਹ ਜਾਣਨਾ ਚਾਹੁੰਦੇ ਹੋ ਕਿ ਉਹ ਪਰਮੇਸ਼ਰ ਆਪਣੀ ਸ਼ਕਤੀ ਦਾ ਪ੍ਰਯੋਗ ਕਿਵੇਂ ਕਰਦਾ ਹੈ, ਇਹ ਬੋਧ ਹਾਸਲ ਕਰਨ ਲਈ ਭੀ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁੱਛ ਕਰਨੀ ਪਵੇਗੀ, ਜਿਵੇਂ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ ਕਿ ਇਹ ਜੋ ਸਾਰੇ ਪ੍ਰਪੰਚ ਦਾ ਪਸਾਰਾ ਵੇਖਣ ਵਿਚ ਆਉਂਦਾ ਹੈ ਇਹ ਸਾਰਾ ਹੀ ਉਸ ਪਰਮਾਤਮਾ ਦੀ ਸ਼ਕਤੀ ਦਾ ਚਮਤਕਾਰ ਹੈ। ਕਿਉਂਕਿ ਇਸ ਸੰਸਾਰ ਦੀ ਰਚਨਾ ਤੋਂ ਪਹਿਲੋਂ ਦੇ ਸਮੇਂ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਨੇ ਇਸ਼ਾਰਾ ਕੀਤਾ ਹੈ ਕਿ (ਅਰਬਦ ਨਰਬਦ ਧੁੰਧੂਕਾਰਾ) ਭਾਵ ਇਸ ਸੰਸਾਰ ਦਾ ਪਸਾਰਾ ਪਸਰਨ ਤੋਂ ਪਹਿਲੋਂ ਅਰਬਾਂ ਖਰਬਾਂ ਵਰ੍ਹੇ ਧੁੰਧੂਕਾਰ ਹੀ ਸੀ, ਉਪ੍ਰੰਤ ਉਸ ਨਿਰੰਕਾਰ ਨੇ ਆਪਣੀ ਸ਼ਕਤੀ ਦਾ ਪ੍ਰਯੋਗ ਕੀਤਾ, ਭਾਵ ਇਕ ਤੋਂ ਅਨੇਕ ਰੂਪ ਧਾਰਨ ਕਰ ਲੈਣ ਦਾ ਫੁਰਨਾ ਕੀਤਾ, ਜਿਸ ਤੋਂ ਇਹ ਸਾਰਾ ਪਸਾਰਾ ਪਸਰਿਆ ਗਿਆ ਹੈ, ਜਿਸ ਬਾਰੇ ਬਾਣੀ ਵਿਚ ਫ਼ੁਰਮਾਨ ਕਈ ਥਾਵਾਂ 'ਤੇ ਪੜ੍ਹਨ ਵਿਚ ਆਉਂਦਾ ਹੈ, ਜਿਵੇਂ ਕਿ :

ਕੀਤਾ ਪਸਾਉ ਏਕੋ ਕਵਾਉ ॥
ਤਿਸ ਤੇ ਹੋਏ ਲਖ ਦਰੀਆਉ ॥ *(ਜਪੁਜੀ, ਪੰਨਾ ੩)*

ਓਅੰਕਾਰਿ ਉਤਪਾਤੀ ॥
ਕੀਆ ਦਿਨਸੁ ਸਭ ਰਾਤੀ ॥
ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥
ਚਾਰਿ ਬੇਦ ਚਾਰੇ ਖਾਣੀ ॥
ਖੰਡ ਦੀਪ ਸਭਿ ਲੋਆ ॥
ਏਕ ਕਵਾਵੈ ਤੇ ਸਭਿ ਹੋਆ ॥੧॥

*(ਮਾਰੂ ਮ: ੫, ਪੰਨਾ ੧੦੦੩)*

ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥੫॥

*(ਰਾਮਕਲੀ ਮ: ੧, ਪੰਨਾ ੯੩੦)*

ਏਕੰਕਾਰੁ ਏਕੁ ਪਸਾਰਾ ਏਕੈ ਅਪਰ ਅਪਾਰਾ ॥
ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ ॥੩॥
*(ਬਿਲਾਵਲੁ ਮ: ੫, ਪੰਨਾ ੮੨੧)*

ਏਕੋ ਕਰਤਾ ਅਵਰੁ ਨ ਕੋਇ ॥
ਗੁਰ ਸਬਦੀ ਮੇਲਾਵਾ ਹੋਇ ॥
*(ਬਸੰਤੁ ਮ: ੩, ਪੰਨਾ ੧੧੭੪)*

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥
ਓਹੁ ਵੇਖੈ ਓਨਾ ਨਦਰਿ ਨ ਆਵੈ
ਬਹੁਤਾ ਏਹੁ ਵਿਡਾਣੁ ॥ *(ਜਪੁਜੀ, ਪੰਨਾ ੭)*

ਇਸ ਤਰ੍ਹਾਂ ਹੋਰ ਭੀ ਬਾਣੀ ਦੁਆਰਾ ਸਾਨੂੰ ਅਨੇਕਾਂ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਉਸ ਪਰਮੇਸ਼ਰ ਦੀ ਅਨੰਤ ਸ਼ਕਤੀ ਦਾ ਬੋਧ ਮਿਲਦਾ ਹੈ ਕਿ ਉਸਨੇ ਆਪਣੀ ਸ਼ਕਤੀ ਰਾਹੀਂ ਪਹਿਲੋਂ ਮਾਇਆ ਉਤਪੰਨ ਕੀਤੀ ਜਿਸ ਤੋਂ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਤਿੰਨ ਦੇਵਤੇ ਪੈਦਾ ਹੋਏ, ਜਿਨ੍ਹਾਂ ਵਿਚ ਪੈਦਾ ਕਰਨ ਦੀ, ਪਾਲਣਾ ਕਰਨ ਤੇ ਸੰਘਾਰ ਕਰਨ ਦੀ ਸਮਰੱਥਾ ਅਰਪਨ ਕੀਤੀ, ਪਰ ਇਨ੍ਹਾਂ ਤੋਂ ਆਪਣੇ ਆਪ ਨੂੰ ਗੁਪਤ ਰਖਿਆ ਭਾਵ ਉਹ ਇਨ੍ਹਾਂ ਤਿੰਨਾਂ ਹੀ ਦੇਵਤਿਆਂ ਦੀ ਕਿਰਤ ਨੂੰ ਤਾਂ ਵੇਖ ਰਿਹਾ ਹੈ, ਪਰ ਉਹ ਇਨ੍ਹਾਂ ਦੇਵਤਿਆਂ ਦੀ ਨਜ਼ਰ ਵਿਚ ਨਹੀਂ ਆਉਂਦਾ ਇਹੋ ਉਸ ਪ੍ਰਭੂ ਦੀ ਅਨੰਤ ਸ਼ਕਤੀ ਵਿਚ ਅਸਚਰਜਤਾ ਹੈ, ਇਸ ਲਈ ਉਸ ਪ੍ਰਭੂ ਦੀ ਸ਼ਕਤੀ ਨੂੰ ਕਥਨ ਕਰਨਾ ਅਸੰਭਵ ਹੈ। ਸੋ ਮੈਂ ਭੀ ਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਅੰਕਤ ਕੀਤੀਆਂ ਹਨ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ ਉਸ ਕਰਤਾਰ ਨੇ) ਮਾਇਆ ਦੁਆਰਾ ਤਿੰਨ ਗੁਣ (ਰਜੋ, ਸਤੋ, ਤਮੋ) ਨੂੰ ਰਚ ਕੇ ਉਸ ਨਾਲ (ਸ੍ਰਿਸ਼ਟੀ ਦਾ) ਸਾਰਾ ਖੇਲ (ਚਲਦਾ) ਵਿਖਾ ਦਿਤਾ ਹੈ।

(੨) (ਫਿਰ) ਚਾਰੇ ਖਾਣੀਆਂ ਅੰਡਜ, ਜੇਰਜ, ਸੇਤਜ ਅਤੇ ਉਤਭੁਜ, ਅਤੇ ਚਾਰ ਬਾਣੀਆਂ (ਪਰਾ, ਪਸੰਤੀ ਮਧਵਾ ਤੇ ਬੈਖਰੀ) ਚਲਿਤ (ਤਮਾਸਾ) ਰਚਾ ਦਿਤਾ ਹੈ।

(੩) ਪੰਜ ਤੱਤ (ਪ੍ਰਿਥਵੀ, ਅਕਾਸ਼, ਹਵਾ, ਅਗਨੀ ਤੇ ਪਾਣੀ) ਪੈਦਾ ਕਰਕੇ ਸ੍ਰਿਸ਼ਟੀ ਦੀ ਰਚਨਾ ਨੂੰ ਉਨ੍ਹਾਂ ਦੇ ਨਿਯਮ ਵਿਚ ਰੱਖ ਦਿਤਾ ਹੈ।

(੪) ਛੇ ਰੁੱਤਾਂ ਤੇ ਬਾਰਾਂ ਮਹੀਨੇ (ਵਕਤ ਦੀ ਵੰਡ ਦਾ ਹਿਸਾਬ) ਬਣਾ ਕੇ (ਸਾਰੀ ਪ੍ਰਿਥਵੀ ਨੂੰ ਉਸਦੇ ਨਿਯਮ ਵਿਚ) ਸੰਭਾਲ ਦਿਤਾ ਹੈ।

(੫) ਦਿਨ ਤੇ ਰਾਤ ਲਈ ਸੂਰਜ ਤੇ ਚੰਦ੍ਰਮਾ ਦੀਵੇ ਬਾਲ ਕੇ (ਅਕਾਸ਼ ਵਿਚ ਚੜ੍ਹਾ ਦਿਤੇ ਹਨ)।

(੬) (ਇਹ ਪਰਮੇਸ਼ਰ ਦੇ) ਇਕੋ ਵਾਕ ਨਾਲ ਹੋਇਆ ਪਸਾਰਾ ਹੈ, (ਜਿਸ ਵਿਚ ਅਕਾਲ ਪੁਰਖ ਆਪ ਬੈਠ ਕੇ) ਸਭ ਨੂੰ ਆਪਣੀ ਨਜ਼ਰ ਥੱਲੇ ਰੱਖ ਰਿਹਾ ਹੈ।੧੭।

***ਭਾਵਾਰਥ :*** ਜਦੋਂ ਅਸੀਂ ਬਾਣੀ ਦੁਆਰੇ ਵੀਚਾਰ ਕਰਦੇ ਹਾਂ ਤਾਂ ਸਾਨੂੰ ਏਹੋ ਬੋਧ ਮਿਲਦਾ ਹੈ ਕਿ (ਰਵਿ ਰਹਿਆ ਸਰਬਤ੍ਰ ਮਹਿ) ਭਾਵ ਉਸਦੀ ਹੋਂਦ ਤੋਂ ਬਿਨਾ ਕੋਈ ਭੀ ਥਾਂ ਖ਼ਾਲੀ ਨਹੀਂ ਹੈ ਤੇ ਉਸਦੀ ਨਜ਼ਰ ਤੋਂ ਕੋਈ ਭੀ ਦੂਰ ਨਹੀਂ।

## ੧੮. ਉਹ ਕਰਤਾ ਪੁਰਖ ਆਪ ਨਿਰਲੇਪ ਹੈ

**੧. ਕੁਦਰਤਿ ਇੱਕੁ ਕਵਾਉ ਥਾਪ ਉਥਾਪਦਾ।**
**੨. ਤਿਦੂੰ ਲਖ ਦਰੀਆਉ ਨ ਓੜਕੁ ਜਾਪਦਾ।**
**੩. ਲੱਖ ਬ੍ਰਹਮੰਡ ਸਮਾਉ ਨ ਲਹਰਿ ਵਿਆਪਦਾ।**
**੪. ਕਰਿ ਕਰਿ ਵੇਖੈ ਚਾਉ ਲੱਖ ਪਰਤਾਪਦਾ।**
**੫. ਕਉਣੁ ਕਰੇ ਅਰਥਾਉ ਵਰ ਨ ਸਰਾਪ ਦਾ।**
**੬. ਲਹੈ ਨ ਪਛੋਤਾਉ ਪੁੰਨ ਨ ਪਾਪ ਦਾ ॥੧੮॥**

***ਪਦ ਅਰਥ :*** ਕਵਾਉ—ਵਾਕ। ਉਥਾਪਦਾ—ਢਾਹ ਦਿੰਦਾ। ਸਮਾਉ—ਸਮਾ ਰਿਹਾ। ਪਰਤਾਪਦਾ—ਪ੍ਰਗਟ ਹੋ ਰਿਹਾ ਹੈ। ਅਰਥਾਉ—ਨਿਰਣਾ, ਸਿਧਾਂਤ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਆਪ ਜੀ ਨੇ ਬਾਣੀ ਦੁਆਰਾ ਇਹ ਸਿੱਧ ਕੀਤਾ ਹੈ ਕਿ (ਕੀਤਾ ਪਸਾਉ ਏਕੋ ਕਵਾਉ) ਭਾਵ ਉਸ ਕਾਦਰ ਨੇ ਇਸ ਬ੍ਰਹਿਮੰਡ ਦੀ ਰਚਨਾ ਦਾ ਪਸਾਰਾ ਆਪਣੇ ਇਕੋ ਵਾਕ ਤੋਂ ਕੀਤਾ ਹੈ, ਕਿਉਂ ਜੀ ! ਇਹ ਭੀ ਦੱਸਣ ਦੀ ਕ੍ਰਿਪਾ ਕਰੋਗੇ ਕਿ ਇਸ ਸਾਰੇ ਬ੍ਰਹਿਮੰਡ ਦਾ ਕਿਤਨਾ ਕੁ ਪਸਾਰਾ ਹੈ ?

ਉ: ਹੇ ਭਾਈਓ ! ਜੇ ਤੁਹਾਡੇ ਇਸ ਸੁਆਲ ਦਾ ਜੁਆਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁੱਛ ਕਰੀਏ ਤਾਂ ਆਪ ਜੀ ਨੇ ਇਸ ਬਾਰੇ ਕਈ ਥਾਵਾਂ 'ਤੇ ਜ਼ਿਕਰ ਕੀਤਾ ਹੈ,

ਕਿ ਬ੍ਰਹਿਮੰਡ ਇਕ ਨਹੀਂ ਜਿਸ ਦੇ ਸੰਬੰਧ ਵਿਚ ਕੁਝ ਕਿਹਾ ਜਾਵੇ ਕਿਉਂਕਿ ਬ੍ਰਹਮੰਡ ਤਾਂ ਕ੍ਰੋੜਾਂ ਹਨ, ਜਿਵੇਂ ਕਿ:

ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ॥

*(ਸੋਰਠਿ ਮ: ੫, ਪੰਨਾ ੬੧੨)*

ਭਾਵ ਹੈ, ਕਿ ਕ੍ਰੋੜਾਂ ਬ੍ਰਹਿਮੰਡਾਂ ਦੇ ਵੱਖ ਵੱਖ ਸਾਜਨ ਵਾਲੇ ਬ੍ਰਹਮੇ ਭੀ ਕ੍ਰੋੜਾਂ ਹਨ, ਫਿਰ ਇਥੇ ਹੀ ਬੱਸ ਨਹੀਂ ਇਨ੍ਹਾਂ ਕ੍ਰੋੜਾਂ ਬ੍ਰਹਿਮੰਡਾਂ ਦੇ ਪਸਾਰੇ ਨੂੰ ਕਈ ਵਾਰ ਪਸਰਿਆ ਹੈ, ਉਸਦੇ ਤਾਂ ਇਕ ਬ੍ਰਹਿਮੰਡ ਦੀ ਕਥਾ ਭੀ ਅਨੰਤ ਹੈ, ਜੋ ਬਿਆਨੀ ਨਹੀਂ ਜਾਂ ਸਕਦੀ, ਪਰ ਕ੍ਰੋੜਾਂ ਬ੍ਰਹਿਮੰਡਾਂ ਦੀ ਜਾਣਕਾਰੀ ਕੌਣ ਕਰ ਸਕਦਾ ਹੈ। ਭਗਤ ਕਬੀਰ ਜੀ ਦੀ ਸੁਰਤੀ ਜਦੋਂ ਉਸ ਕ੍ਰੋੜਾਂ ਬ੍ਰਹਿਮੰਡਾਂ ਦੇ ਮਾਲਕ ਦੀ ਖੋਜ ਕਰਦਿਆਂ ਕਰਦਿਆਂ ਸਿਖ਼ਰਾਂ 'ਤੇ ਪੁੱਜੀ ਤਾਂ ਉਸ ਚਾਣਨ ਮੁਨਾਰੇ ਵਿਚ ਜੋ ਕੁਝ ਉਨ੍ਹਾਂ ਨੂੰ ਨਜ਼ਰ ਆਇਆ ਹੈ ਉਹ ਉਨ੍ਹਾਂ ਨੇ ਆਪਣੀ ਰਚਨਾ ਦੁਆਰੇ ਇਉਂ ਪ੍ਰਗਟਾਇਆ ਹੈ, ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਅੰਕਤ ਕੀਤਾ ਹੈ:

ਕੋਟਿ ਸੂਰ ਜਾ ਕੈ ਪਰਗਾਸ॥
ਕੋਟਿ ਮਹਾਦੇਵ ਅਰੁ ਕਬਿਲਾਸ॥
ਦੁਰਗਾ ਕੋਟਿ ਜਾ ਕੈ ਮਰਦਨੁ ਕਰੈ॥
ਬ੍ਰਹਮਾ ਕੋਟਿ ਬੇਦ ਉਚਰੈ॥੧॥
ਜਉ ਜਾਚਉ ਤਉ ਕੇਵਲ ਰਾਮ॥
ਆਨ ਦੇਵ ਸਿਉ ਨਾਹੀ ਕਾਮ॥੧॥ਰਹਾਉ॥
ਕੋਟਿ ਚੰਦ੍ਰਮੇ ਕਰਹਿ ਚਰਾਕ॥
ਸੁਰ ਤੇਤੀਸਉ ਜੇਵਹਿ ਪਾਕ॥
ਨਵ ਗ੍ਰਹ ਕੋਟਿ ਠਾਢੇ ਦਰਬਾਰ॥
ਧਰਮ ਕੋਟਿ ਜਾ ਕੈ ਪ੍ਰਤਿਹਾਰ॥੨॥
ਪਵਨ ਕੋਟਿ ਚਉਬਾਰੇ ਫਿਰਹਿ॥
ਬਾਸਕ ਕੋਟਿ ਸੇਜ ਬਿਸਥਰਹਿ॥
ਸਮੁੰਦ ਕੋਟਿ ਜਾ ਕੈ ਪਾਨੀਹਾਰ॥
ਰੋਮਾਵਲਿ ਕੋਟਿ ਅਠਾਰਹ ਭਾਰ॥੩॥
ਕੋਟਿ ਕਮੇਰ ਭਰਹਿ ਭੰਡਾਰ॥
ਕੋਟਿਕ ਲਖਮੀ ਕਰੈ ਸੀਗਾਰ॥
ਕੋਟਿਕ ਪਾਪ ਪੁੰਨ ਬਹੁ ਹਿਰਹਿ॥
ਇੰਦ੍ਰ ਕੋਟਿ ਜਾ ਕੇ ਸੇਵਾ ਕਰਹਿ॥੪॥
ਛਪਨ ਕੋਟਿ ਜਾ ਕੈ ਪ੍ਰਤਿਹਾਰ॥
ਨਗਰੀ ਨਗਰੀ ਖਿਅਤ ਅਪਾਰ॥
ਲਟ ਛੂਟੀ ਵਰਤੈ ਬਿਕਰਾਲ॥
ਕੋਟਿ ਕਲਾ ਖੇਲੈ ਗੋਪਾਲ॥੫॥
ਕੋਟਿ ਜਗ ਜਾ ਕੇ ਦਰਬਾਰ॥
ਗੰਧ੍ਰਬ ਕੋਟਿ ਕਰਹਿ ਜੈਕਾਰ॥
ਬਿਦਿਆ ਕੋਟਿ ਸਭੈ ਗੁਨ ਕਹੈ॥
ਤਉ ਪਾਰਬ੍ਰਹਮ ਕਾ ਅੰਤੁ ਨ ਲਹੈ॥੬॥
ਬਾਵਨ ਕੋਟਿ ਜਾ ਕੈ ਰੋਮਾਵਲੀ॥
ਰਾਵਨ ਸੈਨਾ ਜਹ ਤੇ ਛਲੀ॥
ਸਹਸ ਕੋਟਿ ਬਹੁ ਕਹਤ ਪੁਰਾਨ॥
ਦੁਰਜੋਧਨ ਕਾ ਮਥਿਆ ਮਾਨੁ॥੭॥
ਕੰਦ੍ਰਪ ਕੋਟਿ ਜਾ ਕੈ ਲਵੈ ਨ ਧਰਹਿ॥
ਅੰਤਰ ਅੰਤਰਿ ਮਨਸਾ ਹਰਹਿ॥
ਕਹਿ ਕਬੀਰ ਸੁਨਿ ਸਾਰਿੰਗਪਾਨ॥
ਦੇਹਿ ਅਭੈ ਪਦੁ ਮਾਂਗਉ ਦਾਨੁ॥੮॥੨॥

*(ਭੈਰਉ ਕਬੀਰ ਜੀ, ਪੰਨਾ ੧੧੬੨)*

ਕੋਟਿ ਬਿਸਨ ਕੀਨੇ ਅਵਤਾਰ॥
ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ॥
ਕੋਟਿ ਮਹੇਸ ਉਪਾਇ ਸਮਾਏ॥
ਕੋਟਿ ਬ੍ਰਹਮੇ ਜਗੁ ਸਾਜਣ ਲਾਏ॥੧॥
ਐਸੋ ਧਣੀ ਗੁਵਿੰਦੁ ਹਮਾਰਾ॥
ਬਰਨਿ ਨ ਸਾਕਉ ਗੁਣ ਬਿਸਥਾਰਾ॥੧॥ਰਹਾਉ॥
ਕੋਟਿ ਮਾਇਆ ਜਾ ਕੈ ਸੇਵਕਾਇ॥
ਕੋਟਿ ਜੀਅ ਜਾ ਕੀ ਸਿਹਜਾਇ॥
ਕੋਟਿ ਉਪਾਰਜਨਾ ਤੇਰੈ ਅੰਗਿ॥
ਕੋਟਿ ਭਗਤ ਬਸਤ ਹਰਿ ਸੰਗਿ॥੨॥
ਕੋਟਿ ਛਤ੍ਰਪਤਿ ਕਰਤ ਨਮਸਕਾਰ॥
ਕੋਟਿ ਇੰਦ੍ਰ ਠਾਢੇ ਹੈ ਦੁਆਰ॥
ਕੋਟਿ ਬੈਕੁੰਠ ਜਾ ਕੀ ਦ੍ਰਿਸਟੀ ਮਾਹਿ॥
ਕੋਟਿ ਨਾਮ ਜਾ ਕੀ ਕੀਮਤਿ ਨਾਹਿ॥੩॥
ਕੋਟਿ ਪੂਰੀਅਤ ਹੈ ਜਾ ਕੇ ਨਾਦ॥
ਕੋਟਿ ਅਖਾਰੇ ਚਲਿਤ ਬਿਸਮਾਦ॥
ਕੋਟਿ ਸਕਤਿ ਸਿਵ ਆਗਿਆਕਾਰ॥
ਕੋਟਿ ਜੀਅ ਦੇਵੈ ਆਧਾਰ॥੪॥
ਕੋਟਿ ਤੀਰਥ ਜਾ ਕੇ ਚਰਨ ਮਝਾਰ॥
ਕੋਟਿ ਪਵਿਤ੍ਰ ਜਪਤ ਨਾਮ ਚਾਰ॥
ਕੋਟਿ ਪੂਜਾਰੀ ਕਰਤੇ ਪੂਜਾ॥
ਕੋਟਿ ਬਿਸਥਾਰਨੁ ਅਵਰੁ ਨ ਦੂਜਾ॥੫॥
ਕੋਟਿ ਮਹਿਮਾ ਜਾ ਕੀ ਨਿਰਮਲ ਹੰਸ॥
ਕੋਟਿ ਉਸਤਤਿ ਜਾ ਕੀ ਕਰਤ ਬ੍ਰਹਮੰਸ॥

ਕੋਟਿ ਪਰਲਉ ਓਪਤਿ ਨਿਮਖ ਮਾਹਿ॥
ਕੋਟਿ ਗੁਣਾ ਤੇਰੇ ਗਣੇ ਨ ਜਾਹਿ॥੬॥
ਕੋਟਿ ਗਿਆਨੀ ਕਥਹਿ ਗਿਆਨੁ॥
ਕੋਟਿ ਧਿਆਨੀ ਧਰਤ ਧਿਆਨੁ॥
ਕੋਟਿ ਤਪੀਸਰ ਤਪ ਹੀ ਕਰਤੇ॥
ਕੋਟਿ ਮੁਨੀਸਰ ਮੋੁਨਿ ਮਹਿ ਰਹਤੇ॥੭॥
ਅਵਿਗਤ ਨਾਥੁ ਅਗੋਚਰ ਸੁਆਮੀ॥
ਪੂਰਿ ਰਹਿਆ ਘਟ ਅੰਤਰਜਾਮੀ॥
ਜਤ ਕਤ ਦੇਖਉ ਤੇਰਾ ਵਾਸਾ॥
ਨਾਨਕ ਕਉ ਗੁਰਿ ਕੀਓ ਪ੍ਰਗਾਸਾ॥੮॥੨॥੫॥

*(ਭੈਰਉ ਮਹਲਾ ੫, ਪੰਨਾ ੧੧੫੬)*

ਇਸ ਤਰ੍ਹਾਂ ਬਾਣੀ ਦੁਆਰਾ ਸਾਨੂੰ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ ਜਿਨ੍ਹਾਂ ਦੁਆਰਾ ਇਹੋ ਬੋਧ ਮਿਲਦਾ ਹੈ ਕਿ ਉਸ ਦੇ ਇਕ ਬ੍ਰਹਿਮੰਡ ਦੀ ਕਥਾ ਦਾ ਭੀ ਕਥਨ ਕਰਨਾ ਕਥਨ ਤੋਂ ਰਹਿਤ ਹੈ, ਪਰ ਜਿਸ ਪਰਮੇਸ਼ਰ ਦੇ ਇਕ ਇਕ ਰੋਮ ਵਿਚ ਕ੍ਰੋੜਾਂ ਹੀ ਬ੍ਰਹਿਮੰਡ ਹਨ, ਉਨ੍ਹਾਂ ਸਾਰਿਆਂ ਦੇ ਬਾਰੇ ਕੋਈ ਕਿਵੇਂ ਜਾਣਕਾਰੀ ਲੈ ਸਕਦਾ ਹੈ। ਸੋ, ਮੈਂ ਭੀ ਉਪ੍ਰੋਕਤ ਬਾਣੀ ਸ਼ਬਦਾਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਦਾ ਭਾਵ ਭੀ ਇਹੋ ਹੈ ਕਿ ਉਸ ਦੇ ਇਕ ਬ੍ਰਹਿਮੰਡ ਦੀ ਅਪਾਰ ਕਥਾ ਹੈ:

(੧) (ਜਿਵੇਂ ਅਸੀਂ ਵੇਖਦੇ ਹਾਂ ਕਿ ਉਹ ਅਕਾਲ ਪੁਰਖ ਆਪਣੀ) ਕੁਦਰਤ ਰੂਪ ਰਚਨਾ ਨੂੰ ਇਕੋ ਵਾਕ ਨਾਲ ਥਾਪ ਦਿੰਦਾ (ਤੇ ਫਿਰ ਇਕੋ ਵਾਕ ਨਾਲ) ਨਾਸ ਭੀ ਕਰ ਦਿੰਦਾ ਹੈ (ਇਹ ਉਸਦੀ ਖੇਡ ਹੈ)।

(੨) (ਫਿਰ ਇਕ ਵਾਕ ਤੋਂ ਹੀ) ਲੱਖਾਂ ਦਰਿਆਵਾਂ ਦੇ ਵਹਿਣ ਵਗ ਤੁਰੇ ਹਨ, ਜਿਨ੍ਹਾਂ ਦਾ ਕੋਈ ਅੰਤ ਨਹੀਂ ਆਉਂਦਾ।

(੩) (ਇਉਂ ਹੀ ਪ੍ਰਤੀਤ ਹੁੰਦਾ ਹੈ ਕਿ ਜਿਵੇਂ) ਲੱਖਾਂ ਬ੍ਰਹਿਮੰਡ (ਉਸਦੇ ਇਕ ਵਾਕ ਵਿਚ ਹੀ) ਸਮਾਏ ਹੋਏ ਹਨ, (ਜਿਨ੍ਹਾਂ ਦੀ ਆਪ ਉਸ ਨੂੰ ਕੋਈ) ਲਹਿਰਿ (ਭਾਵ ਖਿੱਚ) ਨਹੀਂ ਵਿਆਪਦੀ (ਆਪ ਪਰਮੇਸ਼ਰ ਇਸ ਬਦਲਦੀ ਸ੍ਰਿਸ਼ਟੀ ਵਿਚ, ਇਕ ਰਸ ਤੇ ਇਕ ਸਾਰ ਹੋ ਕੇ ਰਹਿੰਦਾ ਹੈ)।

(੪) ਉਹ (ਪਰਮੇਸ਼ਰ ਬੜੇ) ਚਾਉ (ਉਮਾਹੀ) ਨਾਲ ਆਪਣੀ ਰਚਨਾ ਨੂੰ ਕਰ ਕਰ (ਭਾਵ ਥਾਪ ਕੇ) ਦੇਖ ਰਿਹਾ ਹੈ, ਲੱਖਾਂ ਹੀ ਪ੍ਰਭਾਵਸ਼ਾਲੀ ਪ੍ਰਤਾਪਵਾਨਾਂ ਨੂੰ ਪੈਦਾ ਕਰਦਾ ਹੈ।

(੫) (ਹੁਣ) ਕੌਣ ਹੈ, ਜੋ ਉਸਦੇ ਅਰਥਾਉ (ਨਿਸਚੈ ਜਾਂ ਨਿਰਣੈ) ਨੂੰ ਕਹਿ ਸਕਦਾ ਹੈ ਕਿ ਉਹ ਕਿਸੇ ਵਰ ਜਾਂ ਸਰਾਪ (ਦੇ ਅਧੀਨ ਐਸਾ) ਕਰਦਾ ਹੈ।

(੬) (ਪਰ ਇਹ ਗੱਲ ਜਾਣ ਲੈਣੀ ਚਾਹੀਦੀ ਹੈ ਕਿ ਉਹ) ਨਾ ਕਿਸੇ ਪੁੰਨ ਦਾ ਫਲ ਲੈਂਦਾ ਹੈ ਨਾ ਕਿਸੇ ਪਾਪ ਦਾ (ਸਭ ਕੁਝ ਸ੍ਰਿਸ਼ਟੀ ਦੇ ਨਾਲ ਹੀ ਉਪਜਦਾ ਤੇ ਨਾਲ ਹੀ ਖ਼ਤਮ ਹੋ ਜਾਂਦਾ ਹੈ) ਉਸਨੂੰ ਕਿਸੇ ਵੀ ਚੀਜ਼ ਦਾ ਪਛਤਾਵਾ ਨਹੀਂ ਹੈ।੧੮।

***ਭਾਵਾਰਥ :***

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥

*(ਜਪੁਜੀ, ਪੰਨਾ ੫)*

## ੧੯. ਬੇਪਰਵਾਹ ਪ੍ਰਭੂ ਦੀ ਬੇਅੰਤ ਕੁਦਰਤ ਹੈ

**੧. ਕੁਦਰਤਿ ਅਗਮੁ ਅਥਾਹੁ ਅੰਤੁ ਨ ਪਾਈਐ।**
**੨. ਕਾਦਰ ਬੇਪਰਵਾਹ ਕਿਨ ਪਰਚਾਈਐ।**
**੩. ਕੇਵਡੁ ਹੈ ਦਰਗਾਹ ਆਖਿ ਸੁਣਾਈਐ।**
**੪. ਕੋਇ ਨ ਦੱਸੈ ਰਾਹੁ ਕਿਤੁ ਬਿਧਿ ਜਾਈਐ।**
**੫. ਕੇਵਡੁ ਸਿਫਤਿ ਸਲਾਹ ਕਿਉਂਕਰਿ ਧਿਆਈਐ।**
**੬. ਅਬਿਗਤਿ ਗਤਿ ਅਸਗਾਹੁ ਨ ਅਲਖੁ ਲਖਾਈਐ॥੧੯॥**

***ਪਦ ਅਰਥ :*** ਕੁਦਰਤਿ—ਰਚਨਾ ਦਾ ਪਸਾਰਾ। ਕਾਦਰ—ਕੁਦਰਤ ਦਾ ਕਰਤਾ। ਅਸਗਾਹੁ—ਅਥਾਹ, ਅੰਤ ਰਹਿਤ। ਦਰਗਾਹ—ਪ੍ਰਭੂ ਦਾ ਦਰਬਾਰ।

***ਅਰਥ***

ਪ੍ਰ: ਭਾਈ ਸਾਹਿਬ ਜੀਉ! ਜਿਵੇਂ ਆਪ ਜੀ ਨੇ ਉਸ ਕਾਦਰ ਦੇ ਸੰਬੰਧ ਵਿਚ ਗੁਰਮਤਿ ਦੇ ਵੀਚਾਰ ਦਰਸਾਏ ਹਨ, ਕਿ ਉਸ ਕਰਤੇ ਨੇ ਇਸ ਸੰਸਾਰ ਦੀ ਬਣਤਰ ਇਕ ਫੁਰਨੇ ਤੋਂ ਉਪਜਾਈ ਹੈ, ਕੀ ਇਸੇ ਤਰ੍ਹਾਂ ਉਸ ਦੀ ਕੁਦਰਤ ਬਾਰੇ ਭੀ ਕੁਝ ਜਾਣਕਾਰੀ ਦਿਓਗੇ, ਕਿਉਂਕਿ ਆਪ ਜੀ ਨੇ ਤਾਂ ਪੁਰਾਤਨ ਤੇ ਵਰਤਮਾਨ ਬੁਧੀਜੀਵੀਆਂ ਦੇ ਵੀਚਾਰਾਂ ਨੂੰ ਪੜ੍ਹਿਆ ਤੇ ਸੁਣਿਆ ਹੈ, ਪਰ ਤੁਸਾਂ ਇਨ੍ਹਾਂ ਸਾਰਿਆਂ ਦੇ ਵੀਚਾਰਾਂ ਨੂੰ ਪੜਚੋਲ ਕੇ ਆਪਣਾ ਨਿਸਚਾ ਕਿਵੇਂ ਠਹਿਰਾਇਆ ਹੈ?

**ਉ:** ਹੇ ਭਾਈਓ! ਜੋ ਮੈਨੂੰ ਪੁਰਾਤਨ ਤੇ ਅਜੋਕੇ ਸਮੇਂ ਦੇ ਸਾਰੇ ਵਿਦਵਾਨਾਂ ਦੇ ਵੀਚਾਰ ਦ੍ਰਿਸ਼ਟੀਗੋਚਰ ਹੋਏ ਹਨ, ਉਹ ਸਾਰੇ ਗੁਰਮਤ ਦੀ ਖੋਜ ਤੋਂ ਉਰਾਰ ਹੀ ਨਜ਼ਰ ਆਏ ਹਨ, ਕਿਉਂਕਿ ਜਿਥੇ ਇਨ੍ਹਾਂ ਸਾਰਿਆਂ ਦੀ ਖੋਜ ਜਾ ਕੇ ਖਲੋ ਜਾਂਦੀ ਹੈ ਉਥੋਂ ਅੱਗੇ ਗੁਰਮਤ ਅਰੰਭ ਹੁੰਦੀ ਹੈ, ਭਾਵ ਗੁਰਮਤ ਖੋਜ ਕਰਨ ਵਾਲੇ ਖੋਜੀ ਨੂੰ ਸਿਖ਼ਰਾਂ ਤਕ ਪਹੁੰਚਾਉਣ ਦੀ ਸਮਰੱਥਾ ਰੱਖਦੀ ਹੈ, ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਨੇ ਇਸ ਭਾਵ ਨੂੰ ਕਈ ਥਾਵਾਂ 'ਤੇ ਪ੍ਰਗਟਾਇਆ ਹੈ ਕਿ ਜਿਵੇਂ ਉਹ ਕਾਦਰ ਬੇਅੰਤ ਹੈ ਇਸੇ ਤਰ੍ਹਾਂ ਉਸ ਦੀ ਕੁਦਰਤ ਭੀ ਅਗੰਮ ਅਥਾਹ ਹੈ ਕਿਉਂਕਿ ਇਹ ਸਾਰਾ ਪ੍ਰਪੰਚ ਉਸ ਕਾਦਰ ਨੇ ਆਪਣੀ ਕੁਦਰਤ ਰਾਹੀ ਹੋਂਦ ਵਿਚ ਲਿਆਂਦਾ ਹੈ, ਜਿਵੇਂ ਕਿ ਬਾਣੀ ਦਾ ਫ਼ੁਰਮਾਨ ਹੈ:

ਕੁਦਰਤਿ ਅਹਿ ਵੇਖਾਲੀਅਨੁ
ਜਿਣਿ ਐਵਡ ਪਿਡ ਠਿਣਕਿਓਨੁ ॥

*(ਰਾਮਕਲੀ ਕੀ ਵਾਰ, ਪੰਨਾ ੯੬੭)*

ਕੁਦਰਤਿ ਹੈ ਕੀਮਤਿ ਨਹੀ ਪਾਇ ॥
ਜਾ ਕੀਮਤਿ ਪਾਇ ਤ ਕਹੀ ਨ ਜਾਇ ॥

*(ਸਲੋਕ ਮ: ੧, ਪੰਨਾ ੮੪)*

ਕੁਦਰਤਿ ਕਾਦਰ ਕਰਣ ਕਰੀਮਾ ॥
ਸਿਫਤਿ ਮੁਹਬਤਿ ਅਥਾਹ ਰਹੀਮਾ ॥

*(ਮਾਰੂ ਮ: ੫, ਪੰਨਾ ੧੦੮੪)*

ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹੁ ॥

*(ਤਿਲੰਗ ਮਹਲਾ ੫, ਪੰਨਾ ੭੨੪)*

ਕੁਦਰਿਤ ਕੀਮ ਨ ਪਾਇ ਅਲਖ ਬ੍ਰਹਮਟਿਆ ॥
ਅਗਮ ਅਥਾਹ ਬੇਅੰਤ ਪਰੈ ਪਰਟਿਆ ॥

*(ਪਉੜੀ, ਪੰਨਾ ੯੫੭)*

ਕੁਦਰਤਿ ਕਰਨੈਹਾਰ ਅਪਾਰਾ ॥
ਕੀੜੇ ਕਾ ਨਾਹੀ ਕਿਹੁ ਚਾਰਾ ॥

*(ਮਾਰੂ ਮ: ੧, ਪੰਨਾ ੧੦੪੨)*

ਕੁਦਰਤਿ ਕਰਮੁ ਨ ਕਹਣਾ ਜਾਈ ॥
ਧਿਆਇ ਧਿਆਇ ਜੀਵਹਿ ਜਨ ਤੇਰੇ
ਸਚੁ ਸਬਦੁ ਮਨਿ ਮਾਣੋ ਜੀਉ ॥੨॥

*(ਮਾਝ ਮ: ੫, ਪੰਨਾ ੧੦੭)*

ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥ *(ਜਪੁਜੀ, ਪੰਨਾ ੩)*

ਕੁਦਰਤਿ ਦਿਸੈ ਕੁਦਰਤਿ ਸੁਣੀਐ
ਕੁਦਰਤਿ ਭਉ ਸੁਖ ਸਾਰੁ ॥
ਕੁਦਰਤਿ ਪਾਤਾਲੀ ਆਕਾਸੀ
ਕੁਦਰਤਿ ਸਰਬ ਆਕਾਰੁ ॥
ਕੁਦਰਤਿ ਵੇਦ ਪੁਰਾਣ ਕਤੇਬਾ
ਕੁਦਰਤਿ ਸਰਬ ਵੀਚਾਰੁ ॥
ਕੁਦਰਤਿ ਖਾਣਾ ਪੀਣਾ ਪੈਨ੍ਣੁ
ਕੁਦਰਤਿ ਸਰਬ ਪਿਆਰੁ ॥
ਕੁਦਰਤਿ ਜਾਤੀ ਜਿਨਸੀ ਰੰਗੀ
ਕੁਦਰਤਿ ਜੀਅ ਜਹਾਨ ॥
ਕੁਦਰਤਿ ਨੇਕੀਆ ਕੁਦਰਤਿ ਬਦੀਆ
ਕੁਦਰਤਿ ਮਾਨੁ ਅਭਿਮਾਨੁ ॥
ਕੁਦਰਤਿ ਪਉਣੁ ਪਾਣੀ ਬੈਸੰਤਰੁ
ਕੁਦਰਤਿ ਧਰਤੀ ਖ਼ਾਕੁ ॥
ਸਭ ਤੇਰੀ ਕੁਦਰਤਿ ਤੂੰ ਕਾਦਿਰ ਕਰਤਾ
ਪਾਕੀ ਨਾਈ ਪਾਕੁ ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥੨॥

*(ਮ: ੧, ਪੰਨਾ ੪੬੪)*

ਕੁਦਰਤਿ ਵਰਤੈ ਰੂਪ ਅਰੁ ਰੰਗਾ ॥੧॥

*(ਆਸਾ ਮ: ੫, ਪੰਨਾ ੩੭੬)*

ਇਨ੍ਹਾਂ ਮਹਾਵਾਕਾਂ ਤੋਂ ਸਿੱਧ ਹੁੰਦਾ ਹੈ ਕਿ ਜਿਵੇਂ ਉਹ ਕਾਦਰ ਅਗਮ ਅਥਾਹ ਹੈ ਇਸੇ ਤਰ੍ਹਾਂ ਉਸਦੀ ਕੁਦਰਤ ਵੀ ਬੇਅੰਤ ਹੈ, ਜਿਸ ਦੀ ਰੂਪ ਰੇਖਾ ਕਥਨ ਕਰਨ ਵਿਚ ਨਹੀਂ ਆ ਸਕਦੀ। ਸੋ, ਮੈਂ ਭੀ ਇਨ੍ਹਾਂ ਗੁਰ ਪ੍ਰਮਾਣਾਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ:

(੧) (ਜਿਵੇਂ ਪ੍ਰਤੱਖ ਹੀ ਵੇਖਣ ਵਿਚ ਆਉਂਦਾ ਹੈ ਕਿ ਉਸ ਪਰਮੇਸ਼ਰ ਦੀ ਅਗੰਮ ਕਥਾ ਹੈ ਇਸੇ ਤਰ੍ਹਾਂ ਉਸਦੀ) ਕੁਦਰਤ (ਭਾਵ ਜਗਤ ਪਸਾਰਾ) ਏਨੀ ਅਪਹੁੰਚ ਤੇ ਅਥਾਹ ਹੈ ਕਿ ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ।

(੨) ਕਰਤਾ ਪੁਰਖ ਵੇਪਰਵਾਹ ਹੈ, ਤੇ (ਉਸਨੂੰ) ਪਰਚਾਉਣਾ (ਭਾਵ ਵੱਸ ਵਿਚ ਕਰਨਾ) ਕੋਈ ਸੌਖੀ ਗੱਲ ਨਹੀਂ ਹੈ।

(੩) (ਐਸੇ ਵੇਪਰਵਾਹ ਪ੍ਰਭੂ ਦਾ) ਦਰਬਾਰ ਕਿੰਨਾ ਵੱਡਾ ਹੈ ਤੇ ਉਸਦੇ ਵਿਸਥਾਰ ਨੂੰ ਕੌਣ ਕੋਈ ਆਖ ਕੇ ਸੁਣਾ ਸਕਦਾ ਹੈ।

(੪) (ਕਰਤੇ ਦੀ ਦਰਗਾਹ ਵੱਲ) ਜਾਣ ਦਾ ਕੋਈ ਰਸਤਾ ਦਸੇ (ਤਾਂ ਚਲੇ ਜਾਈਏ, ਪਰ ਠੀਕ ਤਰ੍ਹਾਂ ਦੀ ਵਾਕਫ਼ੀ

ਵਾਲਾ ਰਾਹ ਕੋਈ ਨਹੀਂ ਜਾਣਦਾ, ਇਸ ਲਈ ਫਿਰ) ਕਿਹੜੀ ਬਿਧੀ ਨਾਲ ਉਥੇ ਪੁੱਜੀਏ ?

(੫) ਏਨੀ ਵੱਡੀ ਸਿਫ਼ਤ ਸਾਲਾਹ (ਵਾਲੇ ਪ੍ਰਭੂ ਨੂੰ) ਕਿਸ ਤਰੀਕੇ ਨਾਲ ਧਿਆਈਏ ਜਾਂ (ਉਸਦਾ) ਜਾਪ ਕਰੀਏ।

(੬) ਉਸਦੀ ਗਤੀ (ਹਾਲਤ) ਨਾ ਜਾਣੇ ਜਾ ਸਕਣ ਵਾਲੀ ਗਤੀ ਹੈ, ਜੋ ਅਸਗਾਹ (ਅਥਾਹ) ਹੈ। ਐਸੇ ਅਲਖ ਪ੍ਰਭੂ ਨੂੰ ਕਿਵੇਂ ਜਾਣਿਆ ਜਾ ਸਕਦਾ ਹੈ ?।੧੯।

## ੨੦. ਪ੍ਰਭੂ ਪ੍ਰਾਪਤੀ ਦਾ ਸਾਧਨ ਕੇਵਲ ਗੁਰੂ ਕ੍ਰਿਪਾ ਹੈ

**੧. ਆਦਿ ਪੁਰਖੁ ਪਰਮਾਦਿ ਅਚਰਜ ਆਖੀਐ।**
**੨. ਆਦਿ ਅਨੀਲ ਅਨਾਦਿ ਸ਼ਬਦ ਨ ਸਾਖੀਐ।**
**੩. ਵਰਤੈ ਆਦਿ ਜੁਗਾਦਿ ਨ ਗੱਲੀਂ ਗਾਖੀਐ।**
**੪. ਭਗਤਵਛਲ ਅਛਲਾਦਿ ਸਹਜਿ ਸੁਭਾਖੀਐ।**
**੫. ਉਨਮਨਿ ਅਨਹਦਿ ਨਾਦਿ ਲਿਵ ਅਭਿਲਾਖੀਐ।**
**੬. ਵਿਸਮਾਦੇ ਵਿਸਮਾਦ ਪੂਰਨ ਪਾਖੀਐ।**
**੭. ਪੂਰੈ ਗੁਰ ਪਰਸਾਦਿ ਕੇਵਲ ਕਾਂਖੀਐ ॥੨੦॥੨੧॥**

***ਪਦ ਅਰਥ :*** ਪਰਮਾਦਿ—ਸਭ ਦਾ ਆਦਿ ਕਾਰਣ। ਅਨੀਲ—ਅਣਗਿਣਤ। ਗਾਖੀਐ—ਵਿਚਾਰਿਆ ਜਾਂਦਾ ਹੈ। ਅਛਲਾਦਿ—ਨ ਛਲੇ ਜਾਣ ਵਾਲਾ। ਪਾਖੀਐ—ਪੱਖਾਂ ਵਾਲਾ। ਕਾਂਖੀਐ—ਮਿਲ ਸਕਦਾ ਹੈ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਆਪ ਜੀ ਨੇ ਉਸ ਆਦਿ ਪੁਰਖ ਪਰਮੇਸ਼ਰ ਨੂੰ ਅਨਾਦ ਰੂਪ ਦਰਸਾਇਆ ਹੈ, ਪਰ ਉਸਦਾ ਨੀਯਤ ਸਮਾਂ ਕੋਈ ਨਹੀਂ ਮਿਲਦਾ ਤੇ ਨਾਹੀ ਉਸਦੀ ਪ੍ਰਾਪਤੀ ਦਾ ਕੋਈ ਸਾਧਨ ਨਜ਼ਰ ਆਉਂਦਾ ਹੈ, ਆਪ ਜੀ ਸਾਨੂੰ ਉਸ ਪਰਮੇਸ਼ਰ ਦੀ ਪ੍ਰਾਪਤੀ ਦਾ ਕੋਈ ਸਹੀ ਸਾਧਨ ਦਸੋ, ਜਿਸਦਾ ਸਦਕਾ ਅਸੀਂ ਉਸ ਪ੍ਰਭੂ ਨਾਲ ਮਿਲਾਪ ਕਰ ਸਕੀਏ ?

**ਉ:** ਹੇ ਭਾਈਓ! ਇਸ ਤੁਹਾਡੇ ਪ੍ਰਸ਼ਨ ਦਾ ਉੱਤਰ ਤਾਂ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਜਪੁਜੀ ਸਾਹਿਬ ਦੇ ਅਰੰਭ ਵਿਚ ਹੀ ਦਰਸਾ ਦਿਤਾ ਹੈ ਕਿ ਉਸ ਕਰਤਾ ਪੁਰਖ ਦੀ ਪ੍ਰਾਪਤੀ ਦਾ ਮੁਖ ਸਾਧਨ ਕੇਵਲ ਪੂਰੇ ਗੁਰੂ ਦੀ ਕ੍ਰਿਪਾ ਹੈ, ਜਿਸ ਤੋਂ ਬਿਨਾਂ ਅਸੀਂ ਉਸ ਆਦਿ ਪੁਰਖ ਨਾਲ ਸੰਜੋਗ ਹਾਸਲ ਨਹੀਂ ਕਰ ਸਕਦੇ, ਇਸ ਭਾਵ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੇ ਬਾਰ ਬਾਰ ਪ੍ਰਗਟਾਇਆ ਹੈ, ਜਿਵੇਂ ਕਿ :

ਗੁਰ ਪਰਸਾਦਿ ਐਸੀ ਬੁਧਿ ਸਮਾਨੀ ॥
ਚੂਕਿ ਗਈ ਫਿਰਿ ਆਵਨ ਜਾਨੀ ॥੩॥
*(ਗਉੜੀ ਕਬੀਰ ਜੀ, ਪੰਨਾ ੩੩੭)*

ਸੋ ਬੂਝੈ ਜਿਸੁ ਆਪਿ ਬੁਝਾਏ ॥
ਗੁਰ ਪਰਸਾਦੀ ਸੇਵ ਕਰਾਏ ॥੧॥
*(ਆਸਾ ਮ: ੩, ਪੰਨਾ ੩੬੪)*

ਜੋ ਦੇਵੈ ਤਿਸ ਕਉ ਬਲਿ ਜਾਈਐ ॥
ਗੁਰ ਪਰਸਾਦੀ ਆਪੁ ਗਵਾਈਐ ॥
*(ਬਿਲਾਵਲੁ ਮ: ੩, ਪੰਨਾ ੮੪੧)*

ਗੁਰ ਪਰਸਾਦੀ ਆਪੁ ਗਵਾਈਐ
ਨਾਨਕ ਨਾਮਿ ਪਤਿ ਪਾਈ ॥
*(ਵਡਹੰਸੁ ਮ: ੩, ਪੰਨਾ ੫੭੦)*

ਗੁਰ ਪਰਸਾਦੀ ਏਕੋ ਜਾਣਹਿ
ਤਾਂ ਦੂਜਾ ਭਾਉ ਨ ਹੋਈ ॥ *(ਆਸਾ ਮ: ੩, ਪੰਨਾ ੪੪੧)*

ਗੁਰ ਪਰਸਾਦੀ ਸਾਚੁ ਨਦਰੀ ਆਵੈ
ਸਚੇ ਹੀ ਸੁਖੁ ਪਾਵਣਿਆ ॥੬॥
*(ਮਾਝ ਮ: ੩, ਪੰਨਾ ੧੨੦)*

ਗੁਰ ਪ੍ਰਸਾਦਿ ਸਿਮਰਤ ਰਹੈ ਜਾਹੂ ਮਸਤਕਿ ਭਾਗ ॥
*(ਪਉੜੀ, ਪੰਨਾ ੨੫੪)*

ਗੁਰ ਪਰਸਾਦੀ ਕਿਸੈ ਦੇ ਵਡਿਆਈ
ਨਾਮੋ ਨਾਮੁ ਧਿਆਇਦਾ ॥੫॥
*(ਮਾਰੂ ਮ: ੩, ਪੰਨਾ ੧੦੬੨)*

ਇਸ ਤੋਂ ਆਦਿ ਹੋਰ ਭੀ ਬਹੁਤ ਉਦਾਹਰਣ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਮਿਲਦੇ ਹਨ, ਜਿਨ੍ਹਾਂ ਦਾ ਮੁਖ ਭਾਵ ਇਹੋ ਹੈ ਕਿ ਉਸ ਆਦਿ ਪੁਰਖ ਅਲੱਖ ਨਿਰੰਕਾਰ ਨੂੰ ਲਖਣ ਦਾ ਸਾਧਨ ਕੇਵਲ ਸੱਚੇ ਗੁਰੂ ਦੀ ਸ਼ਰਣ ਪ੍ਰਾਪਤ ਕਰਨੀ ਹੀ ਹੈ, ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਪੰਗਤੀਆਂ ਰਚੀਆਂ ਹਨ, ਜਿਵੇਂ ਕਿ :

(੧) (ਹੇ ਭਾਈਓ ! ਜਦੋਂ ਅਸੀਂ ਵੀਚਾਰ ਦ੍ਰਿਸ਼ਟੀ ਦੁਆਰੇ ਤੱਕੀਏ ਤਾਂ ਗੁਰਬਾਣੀ ਦੁਆਰੇ ਉਹ ਪਰਮੇਸ਼ਰ ਸਾਨੂੰ ਇਉਂ ਹੀ ਪ੍ਰਤੀਤ ਹੋਵੇਗਾ ਕਿ ਉਹ) ਆਦਿ ਪੁਰਖ ਹੈ,

(ਪਰ ਉਸ ਆਦਿ ਪੁਰਖ ਦਾ ਨੀਯਤ ਸਮਾਂ ਕੋਈ ਨਹੀਂ ਮਿਲਦਾ, ਇਸ ਲਈ) ਉਹ ਪਰਮਾਦਿ ਹੈ ਅਤੇ ਉਹ ਕੌਤਕੀ, ਅਸਚਰਜ ਤੇ ਅਦਭੁਤ ਆਖਿਆ ਜਾਂਦਾ ਹੈ।

(੨) (ਉਹ) ਆਦਿ ਪੁਰਖ, ਜੋ ਅਨਗਿਣਤ ਹੈ, ਆਦਿ ਤੋਂ ਰਹਿਤ ਹੈ (ਇਸ ਬਾਰੇ ਕੋਈ ਵੀ) ਸ਼ਬਦ, ਸਾਖੀ ਜਾਂ ਕਥਾ, ਇਸ ਗੱਲ ਦੀ ਗਵਾਹੀ ਨਹੀਂ ਦਿੰਦਾ (ਕਿ ਉਹ ਫਲਾਣੇ ਸਮੇਂ ਤੋਂ ਹੈ)।

(੩) (ਉਹ ਪਰਮੇਸ਼ਰ ਹੀ) ਮੁਢੋਂ ਤੇ ਆਦਿ ਜੁਗਾਦਿ ਤੋਂ ਵਰਤ ਰਿਹਾ ਹੈ ਜਿਸਨੂੰ (ਕੇਵਲ) ਗੱਲਾਂ ਨਾਲ ਸਾਬਤ ਨਹੀਂ ਕੀਤਾ ਜਾ ਸਕਦਾ।

(੪) ਉਹ ਭਗਤਾਂ ਦੀ ਪੈਜ ਰੱਖਣ ਵਾਲਾ, ਨਾ ਛਲੇ ਜਾਣ ਵਾਲਿਆਂ ਨੂੰ ਵੀ ਛਲਣ ਵਾਲਾ ਹੈ, ਸਹਿਜ ਅਵਸੰਥਾ ਦਾ ਪ੍ਰਤੀਕ ਕਿਹਾ ਜਾਂਦਾ ਹੈ।

(੫) ਜਦੋਂ ਉਨਮਨ (ਚੌਥੇ ਪਦ ਦੀ ਸਹਿਜ ਅਵਸਥਾ ਵਿਚ ਜਾ ਕੇ) ਅਨਹਦ ਨਾਦ ਸੁਣਨ ਵਾਲੀ ਲਿਵ ਲੱਗ ਜਾਂਦੀ ਹੈ, ਤਾਂ ਫਿਰ ਇਸ ਲਿਵ ਨਾਲ ਹੀ ਪਿਆਰ ਤੇ ਉਸੇ ਦੀ ਆਸ ਚੰਗੀ ਲਗਦੀ ਹੈ।

(੬) ਇਸ ਵਿਸਮਾਦੀ (ਮਸਤੀ ਦੀ ਹਾਲਤ ਵਿਚ) ਮਸਤ ਹੋ ਕੇ ਹੀ ਉਸ ਪੂਰਨ (ਪਰਮੇਸ਼ਰ) ਨੂੰ ਪਾਈਦਾ ਹੈ।

(੭) (ਪਰ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ) ਪ੍ਰਭੂ ਦਾ ਮਿਲਾਪ ਕੇਵਲ ਪੂਰੇ ਗੁਰੂ ਦੀ ਕ੍ਰਿਪਾ ਨਾਲ ਹੀ ਹੁੰਦਾ ਹੈ (ਹੋਰ ਕੋਈ ਸਾਧਨ ਨਹੀਂ ਹੈ)।੨੦।੨੧।

**ਭਾਵਾਰਥ :**

ਪੂਰੇ ਗੁਰ ਕਾ ਸੁਨਿ ਉਪਦੇਸੁ ॥
ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥
ਸਾਸਿ ਸਾਸਿ ਸਿਮਰਹੁ ਗੋਬਿੰਦ ॥
ਮਨ ਅੰਤਰ ਕੀ ਉਤਰੈ ਚਿੰਦ ॥

*(ਸੁਖਮਨੀ, ਪੰਨਾ ੨੯੫)*

ਪੂਰੈ ਗੁਰਿ ਸਮਝਾਇਆ ਮਤਿ ਊਤਮ ਹੋਈ ॥
ਅੰਤਰੁ ਸੀਤਲੁ ਸਾਂਤਿ ਹੋਇ ਨਾਮੇ ਸੁਖੁ ਹੋਈ ॥੬॥

*(ਆਸਾ ਮ: ੩, ਪੰਨਾ ੪੨੪)*

ਪੇਈਅੜੈ ਪਿਰੁ ਮੰਨਿ ਵਸਾਇਆ ॥
ਪੂਰੈ ਗੁਰਿ ਹਦੂਰਿ ਦਿਖਾਇਆ ॥

*(ਮਾਝ ਮ: ੩, ਪੰਨਾ ੧੨੭)*

ਪੂਰੈ ਗੁਰਿ ਕਿਰਪਾ ਧਾਰੀ ॥
ਤਾ ਗਤਿ ਭਈ ਹਮਾਰੀ ॥੧॥

*(ਸੋਰਠਿ ਮ: ੫, ਪੰਨਾ ੬੨੨)*

ਪੂਰੇ ਗੁਰ ਕੀ ਸੇਵਾ ਕੀਨੀ
ਅਚਿੰਤੁ ਹਰਿ ਮੰਨਿ ਵਸਾਇਆ ॥
ਮਨੁ ਤਨੁ ਨਿਰਮਲੁ ਸਦਾ ਸੁਖੁ ਅੰਤਰਿ
ਵਿਚਹੁ ਭਰਮੁ ਚੁਕਾਇਆ ॥੩॥

*(ਸੋਰਠਿ ਮ: ੩, ਪੰਨਾ ੬੦੦)*

(ਭਾਵ ਹੈ ਕਿ ਇਹ ਅਮੋਲਕ ਦਾਤ ਗੁਰੂ ਦੀ ਕ੍ਰਿਪਾ ਦੁਆਰੇ ਹੀ ਮਿਲ ਸਕਦੀ ਹੈ।)

(ਇੱਕੀਵੀਂ ਵਾਰ ਸਮਾਪਤ)

# ਵਾਰ ੨੨

ੴ ਸਤਿਗੁਰ ਪ੍ਰਸਾਦਿ॥

## ੧. ਨਿਰੰਕਾਰ ਦੀ ਸਿਫ਼ਤ-ਸਾਲਾਹ ਦਾ 'ਮੰਗਲ' ਤੇ ਪ੍ਰਭੂ ਰਚਨਾ

੧. ਨਿਰਾਧਾਰ ਨਿਰੰਕਾਰੁ
ਨ ਅਲਖੁ ਲਖਾਇਆ।
੨. ਹੋਆ ਏਕੰਕਾਰ
ਆਪੁ ਉਪਾਇਆ।
੩. ਓਅੰਕਾਰਿ ਅਕਾਰੁ
ਚਲਿਤ ਰਚਾਇਆ।
੪. ਸੱਚ ਨਾਉਂ ਕਰਤਾਰ
ਬਿਰਦ ਸਦਾਇਆ।
੫. ਸੱਚਾ ਪਰਵਦਿਗਾਰ
ਤ੍ਰੈ ਗੁਣ ਮਾਇਆ।
੬. ਸਿਰਠੀ ਸਿਰਜਣਹਾਰ
ਲੇਖਿ ਲਿਖਾਇਆ।
੭. ਸਭਸੈ ਦੇ ਆਧਾਰੁ
ਨ ਤੋਲਿ ਤੁਲਾਇਆ।
੮. ਲਿਖਿਆ ਥਿੱਤਿ ਨ ਵਾਰੁ
ਨ ਮਾਹ ਜਣਾਇਆ।
੯. ਵੇਦ ਕਤੇਬ ਵੀਚਾਰੁ ਨ ਆਖਿ ਸੁਣਾਇਆ ॥੧॥

***ਪਦ ਅਰਥ :*** ਨਿਰਾਧਾਰ—ਆਸਰੇ ਤੋਂ ਬਗ਼ੈਰ। ਏਕੰਕਾਰ—ਕੇਵਲ ਇਕ ਪ੍ਰਭੂ। ਪਰਵਦਿਗਾਰ—ਪਾਲਣਾ ਕਰਨ ਵਾਲਾ। ਸਿਰਠੀ—ਰਚਨਾ, ਸ੍ਰਿਸ਼ਟੀ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਿਸ ਪਰਮੇਸ਼ਰ ਨੂੰ ਤੁਸੀਂ ਸਾਰਿਆਂ ਦਾ ਆਸਰਾ ਦਰਸਾ ਰਹੇ ਹੋ, ਕੀ ਉਸਦਾ ਭੀ ਕੋਈ ਆਸਰਾ ਹੈ, ਕਿਉਂਕਿ ਆਸਰੇ ਤੋਂ ਬਗ਼ੈਰ ਤਾਂ ਕੋਈ ਭੀ ਵਸਤੂ ਰਹਿ ਨਹੀਂ ਸਕਦੀ। ਸੋ, ਤੁਸੀਂ ਉਸ ਕਰਤਾਰ ਦਾ ਆਸਰਾ ਕਿਸਨੂੰ ਅਨੁਭਵ ਕਰਦੇ ਹੋ, ਆਪਣਾ ਨਿਸਚਾ ਦਰਸਾਉਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ! ਮੈਂ ਤਾਂ ਆਪਣਾ ਵਿਸ਼ਵਾਸ ਗੁਰਬਾਣੀ ਅਨੁਸਾਰ ਹੀ ਦ੍ਰਿੜ੍ਹ ਤੇ ਅਡੋਲ ਕਾਇਮ ਕਰ ਰੱਖਿਆ ਹੈ, ਕਿਉਂਕਿ ਗੁਰਬਾਣੀ ਨੇ ਉਸ ਪਰਮੇਸ਼ਰ ਨੂੰ ਨਿਰਾਧਾਰ ਹੀ ਬਿਆਨ ਕੀਤਾ ਹੈ, ਭਾਵ ਉਸਦਾ ਕੋਈ ਭੀ ਆਸਰਾ ਨਹੀਂ, ਉਹ ਖ਼ੁਦ ਹੀ ਜਗਤ ਦੇ ਜੀਵਾਂ ਦਾ ਆਸਰਾ ਹੈ। ਬਾਣੀ ਵਿਚ ਉਸ ਨਿਰੰਕਾਰ ਦੇ ਅਨੇਕਾਂ ਹੀ ਵਿਸ਼ੇਸ਼ ਗੁਣ ਦਰਸਾਏ ਹਨ ਜਿਵੇਂ ਕਿ ਅਸੀਂ ਪੜ੍ਹਦੇ ਆ ਰਹੇ ਹਾਂ ਕਿ ਉਹ ਨਿਰੰਕਾਰ :

ਨਿਰਹਾਰੀ ਕੇਸਵ ਨਿਰਵੈਰਾ॥
ਕੋਟਿ ਜਨਾ ਜਾ ਕੇ ਪੂਜਹਿ ਪੈਰਾ॥
*(ਮਾਝ ਮ: ੫, ਪੰਨਾ ੯੮)*

ਕਾਹੂ ਬੋਲ ਨ ਪਹੁਚਤ ਪ੍ਰਾਨੀ॥
ਅਗਮ ਅਗੋਚਰ ਪ੍ਰਭ ਨਿਰਬਾਨੀ॥
ਨਿਰਾਹਾਰ ਨਿਰਵੈਰ ਸੁਖਦਾਈ॥
ਤਾ ਕੀ ਕੀਮਤਿ ਕਿਨੈ ਨ ਪਾਈ॥
*(ਸੁਖਮਨੀ ਸਾਹਿਬ, ਪੰਨਾ ੨੮੭)*

ਨਿਰਾਹਾਰੀ ਨਿਰਵੈਰੁ ਸਮਾਇਆ॥
ਧਾਰਿ ਖੇਲੁ ਚਤੁਰਭੁਜ ਕਹਾਇਆ॥
*(ਮਾਰੂ ਮ: ੫, ਪੰਨਾ ੧੦੮੨)*

ਨਿਰੰਕਾਰਿ ਆਕਾਰੁ ਉਪਾਇਆ॥
ਮਾਇਆ ਮੋਹੁ ਹੁਕਮਿ ਬਣਾਇਆ॥
*(ਮਾਰੂ ਮ: ੩, ਪੰਨਾ ੧੦੬੫)*

ਨਿਰੰਕਾਰੁ ਆਕਾਰੁ ਅਛਲ ਪੂਰਨ ਅਬਿਨਾਸੀ॥
ਹਰਖਵੰਤ ਆਨੰਤ ਰੂਪ ਨਿਰਮਲ ਬਿਗਾਸੀ॥
ਗੁਣ ਗਾਵਹਿ ਬੇਅੰਤ ਅੰਤੁ ਇਕੁ ਤਿਲੁ ਨਹੀ ਪਾਸੀ॥
*(ਸਵਈਏ ਮ: ੫ ਕੇ, ਪੰਨਾ ੧੩੯੯)*

ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ॥
ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ॥੧॥
*(ਬਾਵਨ ਅਖਰੀ ਮ: ੫, ਪੰਨਾ ੨੫੦)*

ਨਿਰੰਕਾਰੁ ਆਕਾਰੁ ਹੈ ਆਪੇ ਆਪੇ ਭਰਮਿ ਭੁਲਾਏ॥
ਕਰਿ ਕਰਿ ਕਰਤਾ ਆਪੇ ਵੇਖੈ
ਜਿਤੁ ਭਾਵੈ ਤਿਤੁ ਲਾਏ॥
*(ਮਲਾਰ ਮ: ੩, ਪੰਨਾ ੧੨੫੭)*

ਸੋ ਹਰਿ ਪੁਰਖੁ ਅਗੰਮੁ ਹੈ ਕਹੁ ਕਿਤੁ ਬਿਧਿ ਪਾਈਐ॥
ਤਿਸੁ ਰੂਪੁ ਨ ਰੇਖ ਅਦ੍ਰਿਸਟੁ
ਕਹੁ ਜਨ ਕਿਉ ਧਿਆਈਐ॥
ਨਿਰੰਕਾਰੁ ਨਿਰੰਜਨੁ ਹਰਿ ਅਗਮੁ
ਕਿਆ ਕਹਿ ਗੁਣ ਗਾਈਐ॥
*(ਪਉੜੀ, ਪੰਨਾ ੬੪੪)*

ਅਗਮ ਅਨੰਤੁ ਅਨਾਦਿ ਆਦਿ ਜਿਸੁ ਕੋਇ ਨ ਜਾਣੈ॥
ਸਿਵ ਬਿਰੰਚਿ ਧਾਰਿ ਧ੍ਯਾਨੁ ਨਿਤਹਿ ਜਿਸੁ ਬੇਦੁ ਬਖਾਣੈ॥
ਨਿਰੰਕਾਰੁ ਨਿਰਵੈਰੁ ਅਵਰੁ ਨਹੀ ਦੂਸਰ ਕੋਈ॥
ਭੰਜਨ ਗੜ੍ਹਣ ਸਮਥੁ ਤਰਣ ਤਾਰਣ ਪ੍ਰਭੁ ਸੋਈ॥
ਨਾਨਾ ਪ੍ਰਕਾਰ ਜਿਨਿ ਜਗੁ ਕੀਓ
ਜਨੁ ਮਥੁਰਾ ਰਸਨਾ ਰਸੈ॥
ਸ੍ਰੀ ਸਤਿਨਾਮੁ ਕਰਤਾ ਪੁਰਖੁ
ਗੁਰ ਰਾਮਦਾਸ ਚਿਤਹ ਬਸੈ॥੧॥
*(ਸਵਈਏ ਮ: ੪ ਕੇ, ਪੰਨਾ ੧੪੦੪)*

ਇਸ ਤੋਂ ਆਦਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਉਸ ਨਿਰੰਕਾਰ ਦੇ ਅਨੇਕਾਂ ਹੀ ਗੁਣ ਦਰਸਾਏ ਹਨ, ਜਿਨ੍ਹਾਂ ਵਿਚ ਉਸ ਏਕੰਕਾਰ ਦੇ ਬੇਅੰਤ ਗੁਣਾਂ ਦਾ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਨੂੰ ਅਲਪ ਬੁਧੀ ਵਾਲਾ ਮਨੁੱਖ ਬਿਆਨ ਹੀ ਨਹੀਂ ਕਰ ਸਕਦਾ। ਵੇਦਾਂ ਕਤੇਬਾਂ ਨੇ ਉਸ ਦੀ ਰਚਨਾ ਦਾ ਭਾਵੇਂ ਜ਼ਿਕਰ ਕੀਤਾ ਹੈ, ਪਰ ਆਖ਼ਰ ਨੂੰ ਵੇਦਾਂ ਨੂੰ ਭੀ ਬੇਅੰਤ ਹੀ ਕਹਿਣਾ ਪਿਆ ਹੈ। ਸੋ, ਮੈਂ ਭੀ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਉਸ ਰਚਨਹਾਰ ਦਾ ਇਸ ਪਉੜੀ ਵਿਚ ਰੰਚਕ ਮਾਤ੍ਰ ਜ਼ਿਕਰ ਕੀਤਾ ਹੈ, ਜਿਵੇਂ ਕਿ:

(੧) (ਵੇਦਾਂ ਸ਼ਾਸਤ੍ਰਾਂ ਦੁਆਰੇ ਵੀਚਾਰਿਆ ਜਾਂਦਾ ਹੈ ਕਿ ਉਹ) ਨਿਰੰਕਾਰ (ਪਰਮੇਸ਼ਰ) ਕਿਸੇ ਦੇ ਆਸਰੇ ਨਹੀਂ ਹੈ (ਉਹ ਤਾਂ ਸਗੋਂ ਐਸਾ ਹੈ ਕਿ ਉਸ) ਅਲਖ (ਨਾ ਲੱਖੇ ਜਾਣ ਵਾਲੇ ਨੇ) ਕਿਸੇ ਨੂੰ ਆਪਣਾ ਆਪ ਲਖਾਇਆ ਹੀ ਨਹੀਂ।

(੨) (ਜਿਵੇਂ ਸੀਨੇ-ਬ-ਸੀਨੇ ਸੁਣਦੇ ਆ ਰਹੇ ਹਾਂ ਕਿ ਉਹ) ਇਕ ਤੋਂ ਫਿਰ ਓਅੰਕਾਰ (ਪਸਾਰੇ ਵਾਲਾ) ਸਰਗੁਣ ਰੂਪ ਹੋਇਆ (ਭਾਵ ਆਪ ਇਕੱਲਾ ਪ੍ਰਗਟ ਹੋਇਆ)।

(੩) ਫਿਰ ਇਕ ਆਪੇ ਤੋਂ ਆਕਾਰ (ਪਸਾਰਾ ਕਰਕੇ) ਸਾਰਾ ਕੌਤਕ ਰਚ ਦਿਤਾ।

(੪) ਓਅੰਕਾਰ ਤੋਂ ਸੱਚਾ ਨਾਮ (ਸਤਿਨਾਮੁ) ਤੇ ਫਿਰ ਕਰਤਾਰ (ਕਰਤਾ ਪੁਰਖ) ਹੋ ਕੇ (ਭਗਤਾਂ ਦੀ ਪੈਜ ਰਖਣ) ਬਿਰਦ (ਪਾਲਣ) ਸਦਵਾਇਆ।

(੫) (ਉਸ) ਸੱਚੇ ਸਭ ਦੀ ਪਾਲਨਾ ਕਰਨ ਵਾਲੇ ਪਰਮੇਸ਼ਰ ਨੇ (ਫਿਰ) ਤਿੰਨ ਗੁਣੀ ਮਾਇਆ ਦਾ ਰੂਪ ਬਣਾ ਦਿਤਾ (ਤੇ ਆਪ ਫਿਰ ਨਿਰੰਕਾਰ ਤੇ ਨਿਰਾਧਾਰ ਹੀ ਹੋ ਰਿਹਾ)।

(੬) (ਤ੍ਰਿਗੁਣੀ ਸੰਸਾਰ ਭਾਵ) ਸ੍ਰਿਸ਼ਟੀ ਦੇ ਸਿਰਜਨਹਾਰ ਨੇ ਲੇਖ ਲਿਖ ਦਿਤਾ ਕਿ (ਕਰਮਾਂ ਅਨੁਸਾਰ ਫਲ ਮਿਲਦਾ ਜਾਏ, ਸੋ ਜੇਹਾ ਕਰਮ ਤੇਹਾ ਫਲ ਦੇ ਅਸੂਲ 'ਤੇ ਸੰਸਾਰ ਚਲਦਾ ਗਿਆ)।

(੭) ਸੰਸਾਰ ਨੂੰ ਭਾਵ (ਲੇਖੇ ਵਿਚ ਪਾ ਕੇ ਵੀ ਉਹ ਪਰਮੇਸ਼ਰ) ਸਭਸ ਨੂੰ ਆਸਰਾ ਤੇ ਆਧਾਰ ਦੇ ਰਿਹਾ ਹੈ (ਤੇ ਅਜਿਹਾ ਆਸਰਾ ਜਿਸ ਨੂੰ) ਕੋਈ ਤੋਲ ਨਹੀਂ ਸਕਦਾ। (ਭਾਵ ਉਸਦੀ ਆਸਰਾ ਰੂਪ ਵਡਿਆਈ ਨੂੰ ਵੀ ਕੋਈ ਤੋਲ ਜਾਂ ਅੰਦਾਜ਼ਾ ਨਹੀਂ ਲਾ ਸਕਦਾ)।

(੮) ਥਿੱਤ ਜਾਂ ਵਾਰ (ਇਸ ਸ੍ਰਿਸ਼ਟੀ ਦੇ ਮੁੱਢ ਦਾ) ਨਹੀਂ ਲਿਖਿਆ ਨਾ ਕੋਈ ਮਹੀਨਾ ਹੀ ਲਿਖਿਆ ਹੈ।

(੯) (ਇਹ ਸ੍ਰਿਸ਼ਟੀ ਕਦੋਂ ਦੀ ਹੈ ?) ਇਸ ਬਾਰੇ ਵੇਦਾਂ ਕਤੇਬਾਂ ਨੇ ਵੀ ਕੋਈ ਵਿਚਾਰ (ਨਹੀਂ ਦੱਸੇ) ਨਾ ਕਿਸੇ ਕੁਝ ਇਸ ਬਾਰੇ ਆਖ ਕੇ ਹੀ ਸੁਣਾਇਆ ਹੈ।੧।

***ਭਾਵਾਰਥ :*** ਭਾਈ ਸਾਹਿਬ ਜੀ ਨੇ ਉਸ ਨਿਰੰਕਾਰ ਦੇ ਨਿਰਗੁਣ ਰੂਪ ਤੋਂ ਸਰਗੁਣ ਹੋਣ ਅਤੇ ਸਰਗੁਣ ਹੋ ਕੇ ਸ੍ਰਿਸ਼ਟੀ ਰਚਨਾ ਕਰਨ ਦਾ ਜ਼ਿਕਰ ਮਹਿਮਾ ਦੇ ਰੂਪ ਵਿਚ ਕੀਤਾ ਹੈ। ਉਸ ਨਿਰੰਕਾਰ ਤੋਂ ੧, ੧ ਤੋਂ ਓਅੰ, ਓਅੰ ਤੋਂ ਸਤਿਨਾਮੁ, ਸਤਿਨਾਮੁ ਤੋਂ ਕਰਤਾ ਪੁਰਖੁ ਆਦਿ ਉਸ ਦੇ ਅਕ੍ਰਿਤਮ ਨਾਮਾਂ ਦੀ ਪ੍ਰਸੰਗਲੀ ਸੂਖਮਤਾ ਦੇ ਲਿਹਾਜ਼ ਰਾਹੀਂ ਕਹੀ ਹੈ, ਜੋ ਸਰੂਪ ਲੱਖਣ ਹੋ ਕੇ ਨਾਮ ਤੱਕ ਅਰ ਕਰਤਾ ਪੁਰਖ ਪਰਵਰਦਗਾਰ ਤਟਸਥ ਲੱਖਣ ਹੋ ਕੇ ਉਸੇ ਨੂੰ ਜਣਾਉਂਦੀ ਹੈ। ਭਾਵ ਵਿਚ ਏਹੋ ਹੈ ਕਿ ਪਹਿਲੇ, ਪਿਛੋਂ ਮੱਧ ਵਿਚ ਆਪਾ ਸਦਾ ਤ੍ਰਿਕਾਲ ਅਬਾਧ, ਇਕੋ ਰਸ, ਇਕ ਰੂਪ ਹੈ, ਇਹ ਨ ਸਮਝਣਾ ਕਿ ਉਸਦੇ ਸਰੂਪ ਵਿਚ ਕੋਈ ਫ਼ਰਕ ਪੈ ਜਾਂਦਾ

ਹੈ। ਕਿਉਂਕਿ ਬਾਣੀ ਵਿਚ ਫ਼ੁਰਮਾਨ ਆਇਆ ਹੈ ਕਿ :

ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ॥
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ
ਬਿਰਲਾ ਬੂਝੈ ਕੋਈ॥੧॥
ਸਭੁ ਗੋਬਿੰਦੁ ਹੈ ਸਭੁ ਗੋਬਿੰਦ ਹੈ
ਗੋਬਿੰਦ ਬਿਨੁ ਨਹੀ ਕੋਈ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ
ਓਤਿ ਪੋਤਿ ਪ੍ਰਭੁ ਸੋਈ॥੧॥ਰਹਾਉ॥
ਜਲ ਤਰੰਗ ਅਰੁ ਫੇਨ ਬੁਦਬੁਦਾ
ਜਲ ਤੇ ਭਿੰਨ ਨ ਹੋਈ॥
ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ
ਬਿਚਰਤ ਆਨ ਨ ਹੋਈ॥੨॥

*(ਆਸਾ ਕਬੀਰ ਜੀ, ਪੰਨਾ ੪੮੫)*

ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ॥

*(ਪਉੜੀ, ਪੰਨਾ ੫੧੯)*

ਅਨੇਕ ਹੈ ਫਿਰ ਏਕ ਹੈ॥ *(ਜਾਪੁ ਸਾਹਿਬ)*

## ੨. ਪ੍ਰਭੂ ਦਾ ਅਥਾਹ ਬਲ

**੧. ਨਿਰਾਲੰਬੁ ਨਿਰਬਾਣੁ**
**ਬਾਣੁ ਚਲਾਇਆ।**
**੨. ਉਡੈ ਹੰਸ ਉਚਾਣ**
**ਕਿਨਿ ਪਹੁੰਚਾਇਆ।**
**੩. ਖੰਭੀਂ ਚੋਜ ਵਿਡਾਣੁ**
**ਆਣਿ ਮਿਲਾਇਆ।**
**੪. ਧ੍ਰੂ ਚੜ੍ਹਿਆ ਅਸਮਾਣਿ**
**ਨ ਟਲੈ ਟਲਾਇਆ।**
**੫. ਮਿਲੈ ਨਿਮਾਣੈ ਮਾਣੁ**
**ਆਪੁ ਗਵਾਇਆ।**
**੬. ਦਰਗਹ ਪਤਿ ਪਰਵਾਣੁ ਗੁਰਮੁਖ ਧਿਆਇਆ॥੨॥**

***ਪਦ ਅਰਥ :*** ਨਿਰਾਲੰਬੁ—ਆਸਰੇ ਤੋਂ ਬਿਨਾ। ਨਿਰਬਾਣੁ—ਬੰਧਨ ਰਹਿਤ। ਉਚਾਣ—ਉੱਚਾ, ਅਕਾਸ਼ ਵਿਚ। ਖੰਭੀਂ—ਖੰਭਾਂ ਨਾਲ। ਵਿਡਾਣੁ—ਅਸਚਰਜ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਸ ਪ੍ਰਭੂ ਦਾ ਆਪ ਜ਼ਿਕਰ ਕਰਦੇ ਆ ਰਹੇ ਹੋ, ਉਸਦੇ ਬਲ ਅਤੇ ਜ਼ੋਰ ਦਾ ਭੀ ਕੁਝ ਚਮਤਕਾਰ ਵਿਖਾਓ ਤਾਕਿ ਸਾਨੂੰ ਭੀ ਉਸਦਾ ਕੁਝ ਬੋਧ ਹੋ ਸਕੇ?

ਉ: ਹੇ ਭਾਈਓ! ਜੇ ਉਸ ਪ੍ਰਭੂ ਦੇ ਕਿਸੇ ਪੱਖ ਵੱਲ ਭੀ ਨਜ਼ਰ ਮਾਰੀਏ ਤਾਂ ਉਸ ਦਾ ਬਲ ਜਾਂ ਜ਼ੋਰ ਕਥਨ ਵਿਚ ਨਹੀਂ ਆਉਂਦਾ ਕਿਉਂਕਿ ਪਿਛਲੇ ਹੋ ਗੁਜ਼ਰੇ ਤੇ ਵਰਤਮਾਨ ਸਮੇਂ ਦੇ ਜਿਤਨੇ ਭੀ ਬੁਧੀ-ਜੀਵੀਆਂ ਨੇ ਉਸ ਪ੍ਰਭੂ ਦੇ ਬਲ ਨੂੰ ਕਥਨ ਕੀਤਾ ਹੈ ਉਹ ਕਥਨ ਕਰਦੇ ਕਰਦੇ ਥੱਕ ਗਏ ਆਖ਼ਰ ਨੂੰ ਉਨ੍ਹਾਂ ਨੇ ਇਹੋ ਕਿਹਾ ਹੈ ਕਿ ਉਸ ਪ੍ਰਭੂ ਦਾ ਬਲ ਤੇ ਜ਼ੋਰ ਕਥਨ ਤੋਂ ਅਕੱਥ ਹੈ ਪਰ ਜਦੋਂ ਅਸੀਂ ਉਸ ਪ੍ਰਭੂ ਦੇ ਬਲ ਸੰਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁੱਛ ਕਰੀਏ ਤਾਂ ਉਨ੍ਹਾਂ ਵੱਲੋਂ ਬਾਰ ਬਾਰ ਇਉਂ ਹੀ ਜਣਾਇਆ ਗਿਆ ਹੈ ਕਿ ਹੇ ਭਾਈਓ! ਸੁਣੋ :

ਗਿਆਨੁ ਧਿਆਨੁ ਕਥੈ ਸਭੁ ਕੋਈ॥
ਕਥਿ ਕਥਿ ਬਾਦੁ ਕਰੇ ਦੁਖੁ ਹੋਈ॥
ਕਥਿ ਕਹਣੈ ਤੇ ਰਹੈ ਨ ਕੋਈ॥
ਬਿਨੁ ਰਸ ਰਾਤੇ ਮੁਕਤਿ ਨ ਹੋਈ॥੨॥

*(ਬਿਲਾਵਲੁ ਮ: ੧, ਪੰਨਾ ੮੩੧)*

ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨੁ ਬੀਚਾਰੁ॥
ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ॥

*(ਸਲੋਕ ਮ: ੨, ਪੰਨਾ ੧੨੪੩)*

ਕਥਨਾ ਕਥੀ ਨ ਆਵੈ ਤੋਟਿ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥ *(ਜਪੁਜੀ, ਪੰਨਾ ੨)*

ਕਥਨੀ ਕਹਹਿ ਕਹਹਿ ਸੇ ਮੂਏ॥
ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ॥

*(ਆਸਾ ਮ: ੧, ਪੰਨਾ ੩੫੪)*

ਕਥਨ ਕਹਣ ਕਉ ਸੋਝੀ ਨਾਹੀ
ਜੋ ਪੇਖੈ ਤਿਸੁ ਬਣਿ ਆਵੈ॥੨॥

*(ਰਾਮਕਲੀ ਮ: ੫, ਪੰਨਾ ੮੮੩)*

ਕਥਨੈ ਕਹਣਿ ਨ ਛੁਟੀਐ ਨਾ ਪੜਿ ਪੁਸਤਕ ਭਾਰ॥

*(ਸਿਰੀ ਰਾਗੁ ਮ: ੧, ਪੰਨਾ ੫੯)*

ਕਥਨੀ ਕਹਿ ਭਰਮੁ ਨ ਜਾਈ॥
ਸਭ ਕਥਿ ਕਥਿ ਰਹੀ ਲੁਕਾਈ॥

*(ਘਰੁ ੨, ਪੰਨਾ ੬੫੫)*

ਕਥਨੀ ਕਥਉ ਨ ਆਵੈ ਓਰੁ॥
ਗੁਰੁ ਪੁਛਿ ਦੇਖਿਆ ਨਾਹੀ ਦਰੁ ਹੋਰੁ॥

*(ਗਉੜੀ ਮ: ੧, ਪੰਨਾ ੨੨੩)*

ਕਥਨੁ ਨ ਜਾਇ ਅਕਥੁ ਸੁਆਮੀ
ਸਦਕੈ ਜਾਇ ਨਾਨਕੁ ਵਾਰਿਆ॥੫॥੧॥੩॥

*(ਭਖਣਾ, ਪੰਨਾ ੮੧)*

ਕਥਨੀ ਬਦਨੀ ਕਰਤਾ ਫਿਰੈ ਹੁਕਮੁ ਨ ਬੂਝੈ ਸਚੁ॥

*(ਸਲੋਕ ਮ: ੩, ਪੰਨਾ ੬੫੦)*

ਕਥਨੀ ਬਦਨੀ ਕਰਤਾ ਫਿਰੈ ਹੁਕਮੈ
ਮੂਲਿ ਨ ਬੁਝਈ ਅੰਧਾ ਕਚੁ ਨਿਕਚੁ॥੨॥

*(ਮ: ੩, ਪੰਨਾ ੫੦੬)*

ਕਥਨੀ ਬਦਨੀ ਕਹਨੁ ਕਹਾਵਨੁ॥
ਸਮਝਿ ਪਰੀ ਤਉ ਬਿਸਰਿਓ ਗਾਵਨੁ॥੩॥

*(ਆਸਾ ਕਬੀਰ ਜੀ, ਪੰਨਾ ੪੭੮)*

ਕਥਨੀ ਬਦਨੀ ਜੇ ਕਰੇ ਮਨਮੁਖਿ ਬੂਝ ਨ ਹੋਇ॥

*(ਗੂਜਰੀ ਮ: ੩, ਪੰਨਾ ੪੯੨)*

ਕਹਣਾ ਸੁਨਣਾ ਅਕਥ ਘਰਿ ਜਾਇ॥
ਕਥਨੀ ਬਦਨੀ ਨਾਨਕ ਜਲਿ ਜਾਇ॥੪॥੫॥

*(ਪ੍ਰਭਾਤੀ ਮ: ੧, ਪੰਨਾ ੧੩੨੮)*

ਕਥਨੀ ਬਦਨੀ ਪੜਿ ਪੜਿ ਭਾਰੁ॥
ਲੇਖ ਅਸੰਖ ਅਲੇਖੁ ਅਪਾਰੁ॥੧॥

*(ਆਸਾ ਮ: ੧, ਪੰਨਾ ੪੧੨)*

ਕਥਨੀ ਬਦਨੀ ਰਹੈ ਨਿਭਰਾਂਤਿ॥
ਸੋ ਬੂਝੈ ਹੋਵੈ ਜਿਸੁ ਦਾਤਿ॥

*(ਮਲਾਰ ਮ: ੧, ਪੰਨਾ ੧੨੫੬)*

ਇਸ ਤੋਂ ਆਦਿ ਸਾਨੂੰ ਰੱਬੀ ਬਾਣੀ ਵਿਚੋਂ ਅਨੇਕਾਂ ਉਦਾਹਰਣ ਮਿਲਦੇ ਹਨ ਕਿ ਉਹ ਪਰੀਪੂਰਨ ਪਰਮੇਸ਼ਰ ਬੇਅੰਤ ਹੈ, ਉਸਨੂੰ ਕਿਸੇ ਭੀ ਰੂਪ ਵਿਚ ਕਥਨ ਨਹੀਂ ਕੀਤਾ ਜਾ ਸਕਦਾ। ਸੋ, ਮੈਂ ਭੀ ਗੁਰਬਾਣੀ ਦੀਆਂ ਉਪ੍ਰੋਕਤ ਪੰਗਤੀਆਂ ਦੀ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਅੰਕਤ ਕੀਤੀਆਂ ਹਨ, ਜਿਨ੍ਹਾਂ ਦਾ ਭੀ ਅੰਤ੍ਰੀਵ ਭਾਵ ਉਸ ਪ੍ਰਭੂ ਨੂੰ ਬੇਅੰਤ ਬੇਅੰਤ ਕਥਨ ਕਰਨਾ ਹੈ:

(੧) (ਹੇ ਭਾਈਓ! ਜਿਵੇਂ ਕਿ ਅਸੀਂ ਪ੍ਰਤੱਖ ਰੂਪ ਵਿਚ ਵੇਖ ਹੀ ਰਹੇ ਹਾਂ ਕਿ ਉਸ ਪਰਮੇਸ਼ਰ ਨੇ) ਬਿਨਾਂ ਸਹਾਰੇ ਤੇ ਬਿਨਾਂ ਬੰਧਨ ਤੋਂ ਬਾਣ (ਤੀਰ) ਚਲਾਇਆ ਹੈ।

(੨) (ਜਿਵੇਂ ਕਿ) ਹੰਸ ਉਚੀਆਂ ਉਡਾਣਾਂ ਲਾਉਂਦਾ ਤੇ (ਮਾਨ ਸਰੋਵਰ 'ਤੇ ਜੋ ਸਭ ਤੋਂ ਉਪਰ ਤੇ ਉੱਚੀ ਚੋਟੀ 'ਤੇ ਹੈ) ਜਾ ਪਹੁੰਚਦਾ ਹੈ।

ਪ੍ਰ: ਕਿਉਂ ਜੀ, ਦਸੋਗੇ ਕਿ ਐਸਾ ਕੌਣ ਹੈ?

(੩) **ਉ:** (ਹੇ ਭਾਈਓ! ਐਸਾ ਇਕ ਪ੍ਰਭੂ ਹੀ ਹੈ) ਕਿ ਜਿਸ ਪਰਮੇਸ਼ਰ ਨੇ ਹੰਸ ਦੇ ਖੰਭਾਂ ਵਿਚ ਅਜਿਹੀ ਅਸਚਰਜਤਾ ਭਰੀ, ਸ਼ਕਤੀ ਭਰ ਦਿਤੀ ਹੈ (ਕਿ ਜਿਨ੍ਹਾਂ ਨਾਲ ਉਡ ਕੇ ਉਹ ਥਲਿਓਂ ਫਿਰ ਉੱਚਾ) ਮਾਨ ਸਰੋਵਰ ਦੀ ਉਚਾਈ 'ਤੇ ਜਾ ਪਹੁੰਚਦਾ (ਭਾਵ ਜਾ ਮਿਲਦਾ ਹੈ)।

(੪) ਧ੍ਰੂ ਨੂੰ (ਤਾਰਾ ਬਣਾ) ਅਸਮਾਨ 'ਤੇ ਚੜ੍ਹਾ ਦਿਤਾ ਹੈ (ਜੋ ਸਤਿਜੁਗ ਦੇ ਸਮੇਂ ਤੋਂ ਆਕਾਸ਼ ਵਿਚ ਥਿਰ ਹੈ ਤੇ ਕਿਸੇ ਦੇ) ਟਲਾਇਆਂ, ਭਾਵ ਹਿਲਾਇਆਂ ਨਹੀਂ ਹਿਲਦਾ।

(੫) (ਇਹ) ਆਪਾ-ਭਾਵ ਗਵਾ ਕੇ (ਹਉਮੈਂ ਰਹਿਤ ਭਗਤੀ ਦਾ ਸਿੱਟਾ ਹੈ ਕਿ ਬਾਲਕ ਧ੍ਰੂ) ਨਿਮਾਣੇ ਨੂੰ ਏਡਾ ਵੱਡਾ ਮਾਣ ਮਿਲਿਆ ਹੈ।

(੬) ਦਰਗਹ (ਪਰਮੇਸ਼ਰ ਦੇ ਦਰਬਾਰ) ਵਿਚ ਉਸੇ ਦੀ ਪਤਿ (ਇਜ਼ਤ-ਆਬਰੋ) ਪਰਵਾਨ ਭਾਵ ਮਨਜ਼ੂਰ ਹੁੰਦੀ ਹੈ, ਜਿਸਨੇ ਗੁਰੂ 'ਤੇ ਭਰੋਸਾ ਰਖ ਕੇ (ਗੁਰਮੁਖ ਬਣ ਕੇ) ਪ੍ਰਭੂ ਨੂੰ ਅਰਾਧਿਆ (ਭਾਵ ਸਿਮਰਿਆ, ਚੇਤੇ ਕੀਤਾ ਹੈ)।

ਸਿਧਾਂਤ ਇਹੋ ਹੈ ਕਿ ਗੁਰਮਤ ਅਨੁਸਾਰੀ ਜੀਵਨ ਗੁਜ਼ਾਰਦੇ ਹੋਏ ਮਾਣ ਪਾਓ ਤੇ ਵਾਹਿਗੁਰੂ ਨੂੰ ਸਵਾਸ ਸਵਾਸ ਸਿਮਰਦੇ ਰਹੋ।

## ੩. ਪ੍ਰਭੂ-ਸੱਤਾ ਦਾ ਬਿਰਤਾਂਤ

**੧. ਓੜਕ ਓੜਕ ਭਾਲਿ
ਨ ਓੜਕੁ ਪਾਇਆ।**

**੨. ਓੜਕ ਭਾਲਣਿ ਗਏ
ਸਿ ਫੇਰ ਨ ਆਇਆ।**

**੩. ਓੜਕ ਲੱਖ ਕਰੋੜਿ
ਭਰਮਿ ਭੁਲਾਇਆ।**

**੪. ਆਦਿ ਵੱਡਾ ਵਿਸਮਾਦ
ਨ ਅੰਤੁ ਸੁਣਾਇਆ।**

**੫. ਹਾਥਿ ਨ ਪਾਰਾਵਾਰ**
**ਲਹਰੀਂ ਛਾਇਆ।**
**੬. ਇੱਕ ਕਵਾਉ ਪਸਾਉ**
**ਨ ਅਲਖ ਲਖਾਇਆ।**
**੭. ਕਾਦਰੁ ਨੋਂ ਕੁਰਬਾਣੁ**
**ਕੁਦਰਤਿ ਮਾਇਆ।**
**੮. ਆਪੇ ਜਾਣੈ ਆਪੁ ਗੁਰ ਸਮਝਾਇਆ ॥੩॥**

***ਪਦ ਅਰਥ :*** ਓੜਕ—ਅੰਤ, ਆਖ਼ਰੀ ਦਮ ਤਕ। ਵਿਸਮਾਦ—ਹੈਰਾਨੀ ਜਨਕ, ਅਸਚਰਜ ਰੂਪ। ਹਾਥਿ—ਥਾਹ, ਅੰਤ। ਲਹਰੀਂ—ਅਨੰਦ-ਮਈ ਝਲਕਾਰੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਨੇ ਤਾਂ ਪੁਰਾਤਨ ਹੋ ਗੁਜ਼ਰੇ ਸਾਰੇ ਸ਼ਾਸਤ੍ਰਕਾਰਾਂ ਦੇ ਜੀਵਨਾਂ ਨੂੰ ਚੰਗੀ ਤਰ੍ਹਾਂ ਪੜਚੋਲਿਆ ਹੈ, ਕੀ ਤੁਸਾਂ ਨੇ ਉਨ੍ਹਾਂ ਦੇ ਜੀਵਨਾਂ ਵਿਚ ਇਸ ਪੱਖ ਨੂੰ ਭੀ ਵਿਚਾਰਿਆ ਹੈ ਕਿ ਜਿਥੇ ਉਨ੍ਹਾਂ ਨੇ ਆਪਣੀ ਬੁੱਧੀ ਦਾ ਵਿਕਾਸ ਚਾਰ ਵੇਦ, ਛੇ ਸ਼ਾਸਤ੍ਰ, ਅਠਾਰਾਂ ਪੁਰਾਣ ਅਤੇ ਇਕ ਸੌ ਅੱਠ ਉਪਨਿਸ਼ਦਾਂ ਦਾ ਉਚਾਰਨ ਕੀਤਾ ਹੈ, ਕੀ ਉਥੇ ਉਨ੍ਹਾਂ ਨੇ ਉਸ ਪਰਮੇਸ਼ਰ ਦੀ ਪ੍ਰਾਪਤੀ ਦੇ ਖੋਜ ਕਰਨ ਵਿਚ ਭੀ ਸਮਾ ਗੁਜ਼ਾਰਿਆ ਹੈ? ਜੇ ਕਿਸੇ ਨੇ ਉਸਦੀ ਭਾਲ ਕੀਤੀ ਹੈ ਤਾਂ ਕੀ ਉਸਨੇ ਉਸਦੇ ਓੜਕ ਨੂੰ ਵੀ ਲੱਭ ਲਿਆ? ਜੇ ਕੋਈ ਉਸ ਦੀ ਓੜਕ ਤੱਕ ਪੁੱਜ ਸਕਿਆ ਹੋਵੇ ਤਾਂ ਉਸ ਬਾਰੇ ਸਾਨੂੰ ਭੀ ਕੁਝ ਜਾਣਕਾਰੀ ਦਿਓ, ਕਿਉਂਕਿ ਇਹ ਇਕ ਬਹੁਤ ਗੁੰਝਲਦਾਰ ਪ੍ਰਕਰਨ ਹੈ, ਜਿਸ ਨੂੰ ਹਰ ਕੋਈ ਸਮਝ ਨਹੀਂ ਸਕਦਾ ਤੁਸਾਂ ਨੇ ਪੁਰਾਤਨ ਤੇ ਵਰਤਮਾਨ ਸਮੇਂ ਦੇ ਸਾਰੇ ਬੁਧੀ-ਜੀਵੀਆਂ ਦੇ ਜੀਵਨਾਂ ਨੂੰ ਪੜਚੋਲਿਆ ਹੈ ਆਸ ਹੈ ਕਿ ਤੁਸੀਂ ਇਸ ਬਾਰੇ ਸਾਡੀ ਜ਼ਰੂਰ ਤਸੱਲੀ ਕਰਾਓਗੇ?

ਉ: ਹੇ ਭਾਈਓ! ਅਸਲ ਵਿਚ ਮੈਂ ਤਾਂ ਇਹੋ ਯਕੀਨ ਰਖਦਾ ਹਾਂ ਕਿ ਜੋ ਸਿਖ ਗੁਰੂ ਗ੍ਰੰਥ ਸਾਹਿਬ ਦਾ ਪੁਜਾਰੀ ਹੈ, ਉਸਨੂੰ ਹੋਰ ਕਿਸੇ ਭੀ ਪੁਸਤਕ ਦੀ ਵੀਚਾਰ ਕਰਨ ਦੀ ਲੋੜ ਨਹੀਂ ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਨੇ ਇਸ ਪੱਖ ਨੂੰ ਚੰਗੀ ਤਰ੍ਹਾਂ ਉਜਾਗਰ ਕਰ ਦਿਤਾ ਹੈ ਕਿ ਉਹ ਪਰਮੇਸ਼ਰ ਬੇਅੰਤ ਹੈ ਉਸਦੀ ਓੜਕ ਲੈਣ ਲਈ ਬਹੁਤ ਲੋਕਾਂ ਨੇ ਯਤਨ ਕੀਤੇ ਹਨ, ਪਰ ਉਹ ਸਫਲ ਨਹੀਂ ਹੋ ਸਕੇ। ਇਸ ਭਾਵ ਨੂੰ ਬਾਣੀ ਵਿਚ ਬਾਰ ਬਾਰ ਦਰਸਾਇਆ ਗਿਆ ਹੈ, ਜਿਵੇਂ ਕਿ:

ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥
*(ਜਪੁਜੀ, ਪੰਨਾ ੫)*

ਅੰਤ ਕਾਰਣਿ ਕੇਤੇ ਬਿਲਲਾਹਿ ॥
ਤਾ ਕੇ ਅੰਤ ਨ ਪਾਏ ਜਾਹਿ ॥
ਏਹੁ ਅੰਤੁ ਨ ਜਾਣੈ ਕੋਇ ॥
ਬਹੁਤਾ ਕਹੀਐ ਬਹੁਤਾ ਹੋਇ ॥
ਵਡਾ ਸਾਹਿਬੁ ਊਚਾ ਥਾਉ ॥
ਊਚੇ ਉਪਰਿ ਊਚਾ ਨਾਉ ॥
ਏਵਡੁ ਊਚਾ ਹੋਵੈ ਕੋਇ ॥
ਤਿਸੁ ਊਚੇ ਕਉ ਜਾਣੈ ਸੋਇ ॥
ਜੇਵਡੁ ਆਪਿ ਜਾਣੈ ਆਪਿ ਆਪਿ ॥
ਨਾਨਕ ਨਦਰੀ ਕਰਮੀ ਦਾਤਿ ॥੨੪॥
*(ਜਪੁਜੀ, ਪੰਨਾ ੫)*

ਮਹਿਮਾ ਨ ਜਾਨਹਿ ਬੇਦ ॥
ਬ੍ਰਹਮੇ ਨਹੀ ਜਾਨਹਿ ਭੇਦ ॥
ਅਵਤਾਰ ਨ ਜਾਨਹਿ ਅੰਤੁ ॥
ਪਰਮੇਸਰੁ ਪਾਰਬ੍ਰਹਮੁ ਬੇਅੰਤੁ ॥੧॥
ਅਪਨੀ ਗਤਿ ਆਪਿ ਜਾਨੈ ॥
ਸੁਣਿ ਸੁਣਿ ਅਵਰ ਵਖਾਨੈ ॥੧॥ਰਹਾਉ॥
ਸੰਕਰਾ ਨਹੀ ਜਾਨਹਿ ਭੇਵ ॥
ਖੋਜਤ ਹਾਰੇ ਦੇਵ ॥
ਦੇਵੀਆ ਨਹੀ ਜਾਨੈ ਮਰਮ ॥
ਸਭ ਊਪਰਿ ਅਲਖ ਪਾਰਬ੍ਰਹਮ ॥੨॥
*(ਰਾਮਕਲੀ ਮ: ੫, ਪੰਨਾ ੮੯੪)*

ਹਰਿ ਕੀ ਗਤਿ ਨਹਿ ਕੋਊ ਜਾਨੈ ॥
ਜੋਗੀ ਜਤੀ ਤਪੀ ਪਚਿ ਹਾਰੇ
ਅਰੁ ਬਹੁ ਲੋਗ ਸਿਆਨੇ ॥੧॥ਰਹਾਉ॥
*(ਬਿਹਾਗੜਾ ਮਹਲਾ ੯, ਪੰਨਾ ੫੩੭)*

ਹਰਿ ਅੰਤੁ ਨਾਹੀ ਪਾਰਾਵਾਰੁ
ਕਉਨੁ ਹੈ ਕਰੈ ਬੀਚਾਰ
ਜਗਤ ਪਿਤਾ ਹੈ ਸ੍ਰਬ ਪ੍ਰਾਨ ਕੋ ਅਧਾਰੁ ॥
ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ
ਏਕ ਜੀਹ ਕਿਆ ਬਖਾਨੈ ॥
*(ਸਵਈਏ ਮ: ੫ ਕੇ, ਪੰਨਾ ੧੩੮੫)*

ਸਨਕ ਸਨੰਦ ਮਹੇਸ ਸਮਾਨਾਂ ॥
ਸੇਖਨਾਗਿ ਤੇਰੋ ਮਰਮੁ ਨ ਜਾਨਾਂ ॥੧॥....
ਹਨੂਮਾਨ ਸਰਿ ਗਰੁੜ ਸਮਾਨਾਂ ॥
ਸੁਰਪਤਿ ਨਰਪਤਿ ਨਹੀ ਗੁਨ ਜਾਨਾਂ ॥੨॥
ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ ॥
ਕਮਲਾਪਤਿ ਕਵਲਾ ਨਹੀ ਜਾਨਾਂ ॥੩॥

*(ਧਨਾਸਰੀ ਬਾਣੀ ਕਬੀਰ ਜੀ, ਪੰਨਾ ੬੯੧)*

ਏਸ ਤਰ੍ਹਾਂ ਸਾਨੂੰ ਬਾਣੀ ਵਿਚੋਂ ਹੋਰ ਭੀ ਬੇਅੰਤ ਪ੍ਰਮਾਣ ਮਿਲਦੇ ਹਨ ਕਿ ਉਹ ਪਰੀਪੂਰਨ ਪਰਮੇਸ਼ਰ ਬੇਅੰਤ ਹੈ, ਉਸਦਾ ਓੜਕ ਭਾਲਣ ਲਈ ਪਿਛਲੇ ਸਮੇਂ ਵਿਚ ਬਹੁਤ ਜਪੀਆਂ ਤਪੀਆਂ ਨੇ ਸਾਧਨ ਕੀਤੇ ਹਨ ਅਤੇ ਅਜੋਕੇ ਸਮੇਂ ਦੇ ਲੋਕ ਹੁਣ ਭੀ ਬਹੁਤ ਯਤਨ ਕਰਦੇ ਹਨ ਅਤੇ ਕਰਦੇ ਭੀ ਰਹਿਣਗੇ ਆਖ਼ਰ ਸਭ ਨੂੰ ਇਹੋ ਹੀ ਕਹਿਣਾ ਬਣਦਾ ਆਇਆ ਹੈ ਕਿ ਉਹ ਕਰਤਾ ਪੁਰਖ ਬੇਅੰਤ ਹੈ, ਬੇਅੰਤ ਹੈ। ਸੋ, ਮੈਂ ਭੀ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ :

(੧) (ਪੁਰਾਤਨ ਬੇਦ ਸ਼ਾਸਤ੍ਰਾਂ ਦੇ ਕਰਤਿਆਂ ਦੁਆਰਾ ਇਹੋ ਹੀ ਸਾਬਤ ਹੁੰਦਾ ਹੈ ਕਿ ਪਿਛੇ ਅਨੇਕਾਂ ਹੀ ਲੋਕਾਂ ਨੇ) ਬੜੇ ਉਪਾਅ, ਸਿਆਣਪਾਂ ਤੇ ਚਤਰਾਈਆਂ ਨਾਲ ਉਸ ਅਥਾਹ ਪਰਮੇਸ਼ਰ ਦੇ ਅੰਤ ਨੂੰ ਲੱਭਣ ਦੀ ਕੋਸ਼ਸ਼ ਕੀਤੀ, ਪਰ ਕਿਸੇ ਨੂੰ ਅੰਤ ਨਹੀਂ ਮਿਲ ਸਕਿਆ (ਨਾ ਹੀ ਮਿਲ ਹੀ ਸਕੇਗਾ)।

(੨) (ਕਿਉਂਕਿ) ਜੇਹੜੇ ਵੀ ਏਸ ਪਾਸੇ ਪਏ ਅੰਤ ਨੂੰ ਪਾਉਣਾ ਚਾਹਿਆ, ਉਹ ਆਪਣਾ ਹੀ ਅੰਤ ਕਰਵਾ ਬੈਠੇ, ਮੁੜ ਕੇ (ਉਹ) ਪ੍ਰਤੀਤੀ ਦੇ ਘਰ ਨਹੀਂ ਪਰਤੇ, ਆਖ਼ਰ ਭਰਮਾਂ ਵਿਚ ਹੀ ਖ਼ਤਮ ਹੋ ਗਏ।

(੩) (ਤੇ ਹੋਰ) ਲੱਖਾਂ ਕ੍ਰੋੜਾਂ ਨੂੰ ਭੀ ਇਸੇ ਅੰਤ ਦੇ ਲੱਭਣ ਨੇ ਭਰਮਾਂ ਵਿਚ ਪਾ ਕੇ ਭੁਲਾ ਦਿਤਾ ਹੈ।

(੪) ਜਿਸ (ਪ੍ਰਭੂ ਦਾ) ਆਦਿ (ਮੁੱਢ) ਏਨਾ ਅਸਚਰਜ ਹੈ (ਕਿ ਜਿਸਦਾ ਪਤਾ ਹੀ ਨਹੀਂ, ਤਾਂ ਇਸਦੇ) ਅੰਤ ਨੂੰ (ਕੌਣ) ਆਖ ਕੇ ਸੁਣਾ ਸਕਦਾ ਹੈ।

(੫) (ਜਿਸ ਪ੍ਰਭੂ ਦਾ ਸਮੁੰਦ੍ਰ ਵਾਂਗ) ਉਰਾਰ ਪਾਰ ਦਾ ਪਤਾ ਨਹੀਂ ਲਗਦਾ, ਉਸਦੀ ਥਾਹ (ਹਾਥ) ਕੌਣ ਪਾਵੇ ?। ਤੇ (ਉਸਦੀਆਂ ਕੁਦਰਤੀ ਜੋ) ਲਹਿਰਾਂ (ਬੇਪਰਵਾਹੀਆਂ) ਛਾ ਰਹੀਆਂ ਹਨ (ਉਨ੍ਹਾਂ ਨੂੰ ਕੌਣ ਸਮਝੇ ?)

(੬) ਇਕ ਵਾਕ ਨਾਲ ਏਨਾ ਵੱਡਾ ਪਸਾਰਾ ਕਰਨ ਵਾਲੇ ਪ੍ਰਭੂ ਨੇ ਆਪਣੇ ਭੇਦ ਨੂੰ ਰਤਾ ਭਰ ਵੀ ਕਿਸੇ ਤਾਈਂ ਜਣਾਇਆ, ਲਖਾਇਆ ਨਹੀਂ ਹੈ।

(੭) ਉਸ ਕਾਦਰ (ਕੁਦਰਤ ਦੇ ਰਚਨਹਾਰ) ਤੋਂ ਬਲਿਹਾਰ ਜਾਂਦੇ ਹਾਂ, ਜਿਸ ਦੀ ਸ਼ਕਤੀ (ਮਾਇਆ) ਕੁਦਰਤ ਦੇ ਪਸਾਰੇ ਵਿਚ ਪਰਮੇਸ਼ਰ ਵਾਂਗ ਹੀ ਵਿਆਪਕ ਹੋ ਰਹੀ ਹੈ (ਭਾਵ ਹਰ ਇਕ ਦੇ ਉਤੇ ਹਾਵੀ ਹੈ ਕੋਈ ਇਸ ਤੇ ਰਹਿਤ ਨਹੀਂ ਹੈ)।

(੮) ਸਾਨੂੰ ਗੁਰਦੇਵ ਜੀ ਨੇ ਸਮਝਾ ਦਿਤਾ ਹੈ (ਤੇ ਸਾਨੂੰ ਉਸਦੇ ਅੰਤ ਨੂੰ ਜਾਨਣ ਦੇ ਭਰਮ ਵੱਲੋਂ ਹਟਾ ਦਿਤਾ ਹੈ) ਕਿ ਪਰਮੇਸ਼ਰ ਆਪਣੇ ਆਪ ਨੂੰ ਹੀ ਜਾਣਦਾ ਹੈ।੩।

***ਭਾਵਾਰਥ :*** ਜਦੋਂ ਅਸੀਂ ਬਾਣੀ ਦੁਆਰੇ ਇਹ ਖੋਜ ਕਰੀਏ ਕਿ ਜੋ ਉਸ ਪ੍ਰਭੂ ਦੀ ਭਾਲ ਕਰਨ ਗਏ ਹਨ, ਉਨ੍ਹਾਂ ਦੀ ਰੂਪ ਰੇਖਾ ਕੀ ਹੈ ? ਤਾਂ ਉਹ ਸਾਨੂੰ ਦੋ ਰੂਪਾਂ ਵਿਚ ਨਜ਼ਰ ਆਉਂਦੇ ਹਨ, ਜਿਵੇਂ ਇਕ ਤਾਂ ਉਹ ਹਨ ਜੋ ਅੰਤ ਭਾਲਣ ਗਏ ਉਹ ਬੇਅੰਤ ਪ੍ਰਭੂ ਦੇ ਚਰਨਾਂ ਵਿਚ ਹੀ ਸਦਾ ਲਈ ਇਉਂ ਹੀ ਲੀਨ ਹੋ ਗਏ ਜਿਵੇਂ ਪਾਣੀ ਵਿਚ ਪਾਣੀ ਮਿਲਕੇ ਪਾਣੀ ਦਾ ਰੂਪ ਹੋ ਜਾਂਦਾ ਹੈ। ਇਸ ਤਰ੍ਹਾਂ (ਅੰਤ ਕੋ ਚਾਹਨ ਜੋ ਗਏ ਸੋ ਆਏ ਅੰਤ ਗਵਾਇ) ਦੂਜੇ ਉਹ ਜੋ ਭਰਮ ਕੇ ਅੰਤ ਨਾ ਪਾ ਸਕੇ, ਆਖ਼ਰ ਮੁੜ ਆਏ, ਫੇਰ ਆਧੁਨਿਕ ਵੈਦਾਂਤੀ ਯਾ ਨਾਸਤਕ ਹੋ ਗਏ। ਜਾਂ ਅਸੀਂ ਬ੍ਰਹਮਾਦਿਕਾਂ ਦੀਆਂ ਕਥਾਵਾਂ ਭੀ ਸੁਣਦੇ ਹਾਂ ਕਿ ਉਹ ਭਾਲਣ ਗਏ ਤੇ ਉਨ੍ਹਾਂ ਨੂੰ ਅੰਤ ਨ ਲੱਭਾ, ਹਾਰ ਕੇ ਮੁੜ ਆਏ, ਕਿਸੇ ਨੇ ਭੀ ਥਹੁ ਨ ਦਿਤਾ, ਜੇ ਦਿਤਾ ਤਾਂ ਬਸ ਏਨਾ ਹੀ ਕਹਿ ਗਏ ਕਿ ਉਹ ਅਸਚਰਜ ਹੈ। ਕਾਰਨ ਕੀ ? ਕਿ ਕਰਤੇ ਨੇ ਆਪ ਲਖਾਇਆ ਨਹੀਂ, ਤੇ ਉਂਞ ਕੁਦਰਤ ਵਿਚ ਉਹ ਹਰ ਜਗ੍ਹਾ ਸਮਾ ਰਿਹਾ ਹੈ, ਉਸਦੇ ਕਰਤਬ ਵੇਖ ਵੇਖ ਕੇ ਕੁਰਬਾਨ ਹੋਣਾ ਅਤੇ ਇਹੋ ਕਹਿਣਾ ਬਣਦਾ ਹੈ ਕਿ ਤੂੰ ਧੰਨ ਹੈਂ, ਇਹ ਭੇਤ ਗੁਰੂ ਜੀ ਨੇ ਹਰ ਪ੍ਰਾਣੀ ਮਾਤ੍ਰ ਲਈ ਸੁਖ ਪ੍ਰਾਪਤੀ ਦਾ ਸਾਧਨ ਦਰਸਾਇਆ ਹੈ।

## ੪. ਸ੍ਰਿਸ਼ਟੀ ਰਚਨਹਾਰ ਦੀਆਂ ਵਡਿਆਈਆਂ

**੧. ਸੱਚਾ ਸਿਰਜਣਹਾਰੁ**
**ਸੱਚਿ ਸਮਾਇਆ।**
**੨. ਸੱਚਹੁੰ ਪਉਣੁ ਉਪਾਇ**
**ਘਟਿ ਘਟਿ ਛਾਇਆ।**

**੩. ਪਵਣਹੁ ਪਾਣੀ ਸਾਜਿ**
**ਸੀਸ ਨਿਵਾਇਆ।**
**੪. ਤੁਲਹਾ ਧਰਤਿ ਬਣਾਇ**
**ਨੀਰ ਤਰਾਇਆ।**
**੫. ਨੀਰਹੁੰ ਉਪਜੀ ਅੱਗਿ**
**ਵਣਖੰਡੁ ਛਾਇਆ।**
**੬. ਅੱਗੋ ਹੋਂਦੀ ਬਿਰਖੁ**
**ਸਫਲੁ ਫਲਾਇਆ।**
**੭. ਪਉਣੁ ਪਾਣੀ ਬੈਸੰਤਰੁ**
**ਮੇਲਿ ਮਿਲਾਇਆ।**
**੮. ਆਦਿ ਪੁਰਖੁ ਆਦੇਸੁ ਖੇਲੁ ਰਚਾਇਆ॥੪॥**

***ਪਦ ਅਰਥ :*** ਸਿਰਜਣਹਾਰੁ—ਸ੍ਰਿਸ਼ਟੀ ਦਾ ਕਰਤਾ। ਤੁਲਹਾ—ਸਹਾਰਾ ਰੂਪ। ਅੱਗ—ਬੜਵਾ ਅਗਨੀ। ਵਣਖੰਡੁ—ਬਨਾਸਪਤੀ। ਬੈਸੰਤਰੁ—ਅਗਨੀ। ਆਦੇਸੁ—ਨਮਸਕਾਰ।

***ਅਰਥ :***

ਪ੍ਰ: ਕਿਉਂ ਭਾਈ ਸਾਹਿਬ ਜੀਉ! ਸਾਨੂੰ ਕਈ ਵਾਰ ਇਹ ਭਰਮ ਭਰਾਂਤੀ ਹੋ ਆਉਂਦੀ ਹੈ ਕਿ ਇਸ ਸੰਸਾਰਕ ਰਚਨਾ ਨੂੰ ਰਚਨ ਵਾਲਾ ਸਿਰਜਨਹਾਰ ਭੀ ਇਸ ਰਚਨਾ ਤੋਂ ਇਵੇਂ ਹੀ ਵੱਖਰਾ ਹੋਵੇਗਾ, ਜਿਵੇਂ ਕਿ ਅਨੇਕਾਂ ਮੂਰਤਾਂ ਨੂੰ ਘੜਨ ਵਾਲਾ ਮੂਰਤ ਘਾੜਾ ਮੂਰਤਾਂ ਤੋਂ ਵੱਖਰਾ ਹੁੰਦਾ ਹੈ, ਕਿਉਂਕਿ ਇਹ ਅਸੀਂ ਵੇਖ ਹੀ ਰਹੇ ਹਾਂ ਕਿ ਅਨੇਕਾਂ ਮੂਰਤਾਂ ਵੱਖੋ ਵੱਖ ਥਾਵਾਂ 'ਤੇ ਹੁੰਦੀਆਂ ਹਨ, ਪਰ ਉਨ੍ਹਾਂ ਮੂਰਤਾਂ ਦਾ ਮੂਰਤ ਘਾੜਾ ਕਿਸੇ ਹੋਰ ਥਾਂ ਹੁੰਦਾ ਹੈ, ਭਾਵ ਉਹ ਮੂਰਤਾਂ ਤੋਂ ਵੱਖਰਾ ਹੁੰਦਾ ਹੈ, ਕਿਉਂ ਜੀ! ਕੀ ਇਸ ਸੰਸਾਰ ਦੀਆਂ ਮੂਰਤਾਂ ਨੂੰ ਘੜਨ ਵਾਲਾ ਭੀ ਇਸ ਤੋਂ ਵੱਖਰਾ ਹੈ ਇਸ ਦੇ ਸੰਬੰਧ ਵਿਚ ਸਾਨੂੰ ਗੁਰਬਾਣੀ ਦੁਆਰਾ ਬੋਧ ਦਿਓ ਤਾਕਿ ਅਸੀਂ ਭੀ ਨਿਰਸੰਦੇਹ ਹੋ ਜਾਵੀਏ?

ਉ: ਹੇ ਭਾਈਓ! ਜਦੋਂ ਅਸੀਂ ਤੁਹਾਡੇ ਇਸ ਪ੍ਰਸ਼ਨ ਦਾ ਉਤਰ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁੱਛੀਏ ਤਾਂ ਉਨ੍ਹਾਂ ਵੱਲੋਂ ਸਾਨੂੰ ਇਹੋ ਹੀ ਜਵਾਬ ਮਿਲਦਾ ਹੈ ਕਿ ਹੇ ਪਿਆਰੇ! ਉਹ ਸਿਰਜਨਹਾਰ ਇਸ ਸੰਸਾਰ ਦੀ ਮੂਰਤੀ ਘੜ ਕੇ ਕਿਤੇ ਵੱਖਰਾ ਨਹੀਂ ਜਾ ਬੈਠਾ, ਉਹ ਤਾਂ ਇਸ ਦੇ ਵਿਚ ਹੀ ਸਮਾਇਆ ਹੋਇਆ ਹੈ, ਬਾਣੀ ਵਿਚ ਇਸਦਾ ਖੁਲਾਸਾ ਇਉਂ ਕੀਤਾ ਗਿਆ ਹੈ :

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥
*(ਮ: ੨, ਪੰਨਾ ੪੬੩)*

ਭਾਵ ਹੈ ਕਿ ਇਹ ਸਾਰਾ ਜਗਤ ਉਸ ਸੱਚੇ ਨੇ ਆਪਣੇ ਰਹਿਣ ਲਈ ਇਕ ਪ੍ਰਕਾਰ ਦੀ ਕੋਠੜੀ ਬਣਾਈ ਹੈ, ਜਿਸ ਵਿਚ ਸੱਚੇ ਸਿਰਜਨਹਾਰ ਦਾ ਸਦਾ ਹੀ ਨਿਵਾਸ ਹੈ, ਉਹ ਇਸ ਤੋਂ ਕਦੀ ਭੀ ਵੱਖਰਾ ਨਹੀਂ ਹੁੰਦਾ।

ਪ੍ਰ: ਕਿਉਂ ਜੀ, ਜਿਵੇਂ ਕਿਸੇ ਨੇ ਆਪਣੇ ਰਹਿਣ ਲਈ ਕੋਠੜੀ ਬਣਾਈ ਹੈ, ਉਹ ਉਸ ਵਿਚ ਵੱਸਦਾ ਪ੍ਰਤੱਖ ਨਜ਼ਰ ਆਉਂਦਾ ਹੈ, ਪਰ ਇਸ ਸੰਸਾਰ ਕੋਠੜੀ ਵਿਚ ਵੱਸਣ ਵਾਲਾ ਮਾਲਕ ਤਾਂ ਨਜ਼ਰ ਹੀ ਨਹੀਂ ਆਉਂਦਾ, ਇਹ ਕਿਵੇਂ ਮੰਨਿਆ ਜਾਵੇ ਕਿ ਉਸ ਸਿਰਜਨਹਾਰ ਦਾ ਇਸ ਵਿਚ ਨਿਵਾਸ ਹੈ?

ਉ: ਹੇ ਭਾਈਓ! ਇਹ ਭੀ ਕੋਈ ਜ਼ਰੂਰੀ ਸੰਕੇਤ ਨਹੀਂ ਮੰਨਿਆ ਜਾ ਸਕਦਾ ਕਿ ਜੋ ਵਸਤੂ ਸਾਨੂੰ ਦਿਸਦੀ ਨਹੀਂ ਉਹ ਹੈ ਹੀ ਨਹੀਂ, ਕਿਉਂਕਿ ਇਸ ਪੱਖ ਵਿਚ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਪ੍ਰਤੱਖਸ਼ ਪ੍ਰਮਾਣ ਦੁਆਰੇ ਸਰਲ ਜਿਹੇ ਢੰਗ ਵਿਚ ਸਮਝਾ ਦਿਤਾ ਹੈ, ਜਿਵੇਂ ਕਿ ਗੁਰੂ ਫ਼ੁਰਮਾਨ ਹੈ ਕਿ :

ਸਗਲ ਬਨਸਪਤਿ ਮਹਿ ਬੈਸੰਤਰੁ
ਸਗਲ ਦੂਧ ਮਹਿ ਘੀਆ॥
ਊਚ ਨੀਚ ਮਹਿ ਜੋਤਿ ਸਮਾਣੀ
ਘਟਿ ਘਟਿ ਮਾਧਉ ਜੀਆ॥੧॥
ਸੰਤਹੁ ਘਟਿ ਘਟਿ ਰਹਿਆ ਸਮਾਹਿਓ॥
ਪੂਰਨ ਪੂਰਿ ਰਹਿਓ ਸਰਬ ਮਹਿ
ਜਲਿ ਥਲਿ ਰਮਈਆ ਆਹਿਓ॥੧॥ਰਹਾਉ॥
*(ਸੋਰਠਿ ਮ: ੫, ਪੰਨਾ ੬੧੭)*

ਭਾਵ ਹੈ ਜਿਵੇਂ ਸਾਰੀ ਬਨਸਪਤੀ ਵਿਚ ਸਮਾਨ ਅਗਨੀ ਵਿਆਪਕ ਹੈ, ਹਰ ਦੁੱਧ ਵਿਚ ਘਿਓ ਹੈ ਪਰ ਨਜ਼ਰ ਨਹੀਂ ਆਉਂਦਾ, ਕੀ ਅਸੀਂ ਇਹ ਕਵਾਂਗੇ, ਕਿ ਬਨਸਪਤੀ ਵਿਚ ਅਗਨੀ ਨਹੀਂ, ਦੁੱਧ ਵਿਚ ਘਿਓ ਨਹੀਂ ਕਿਉਂਕਿ ਸਾਨੂੰ ਦਿਸਦਾ ਜੁ ਨਹੀਂ, ਕਈ ਸ਼ੈਆਂ ਐਸੀਆਂ ਹਨ ਜੋ ਇਨ੍ਹਾਂ ਨੇਤ੍ਰਾਂ ਦਾ ਵਿਸ਼ਾ ਨਹੀਂ ਪਰ ਸਾਨੂੰ ਉਹ ਨਾ ਦਿਸਦੀਆਂ ਹੋਣ ਕਰਕੇ ਅਸੀਂ ਉਨ੍ਹਾਂ ਦੀ ਹੋਂਦ ਤੋਂ ਇਨਕਾਰੀ ਨਹੀਂ ਹੋ ਸਕਦੇ। ਇਸੇ ਤਰ੍ਹਾਂ ਅਸੀਂ ਉਸ ਨਿਰੰਕਾਰ ਦੀ ਹੋਂਦ ਤੋਂ ਇਨਕਾਰੀ ਨਹੀਂ ਹੋ ਸਕਦੇ ਕਿਉਂਕਿ ਜਿਵੇਂ ਬਨਸਪਤੀ ਵਿਚੋਂ ਅਗਨੀ ਤੇ ਦੁੱਧ ਵਿਚੋਂ ਘਿਉ ਵੇਖਣ ਲਈ ਮਿਹਨਤ ਕਰਨੀ ਪੈਂਦੀ ਹੈ, ਇਸੇ ਤਰ੍ਹਾਂ ਉਸ ਸਿਰਜਨਹਾਰ ਨੂੰ ਇਨ੍ਹਾਂ

ਨੇਤ੍ਰਾਂ ਦੁਆਰੇ ਨਹੀਂ ਵੇਖਿਆ ਜਾ ਸਕਦਾ ਕਿਉਂਕਿ ਉਸ ਨੂੰ ਪ੍ਰਤੱਖ ਰੂਪ ਵਿਚ ਦੇਖਣ ਲਈ ਤਾਂ ਬਾਣੀ ਦਾ ਫ਼ੁਰਮਾਨ ਹੈ ਕਿ:

ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ॥
ਨਾਨਕ ਸੇ ਅਖੜੀਆ ਬਿਅੰਨਿ
ਜਿਨੀ ਡਿਸੰਦੋ ਮਾ ਪਿਰੀ॥੩॥ *(ਮ: ੫, ਪੰਨਾ ੧੦੯੯)*

ਭਾਵ ਉਸ ਨੂੰ ਵੇਖਣ ਲਈ ਤਾਂ ਗਿਆਨ ਦੇ ਹੀ ਨੇਤ੍ਰ ਹਨ।

**ਪ੍ਰ:** ਕਿਉਂ ਭਾਈ ਸਾਹਿਬ ਜੀਉ! ਬਹੁਤੇ ਲੋਕ ਉਸ ਸਿਰਜਨਹਾਰ ਨੂੰ ਪ੍ਰਤੱਖ ਰੂਪ ਵਿਚ ਵੇਖਣ ਲਈ ਘਰ ਬਾਰ ਤੇ ਪ੍ਵਾਰ ਨੂੰ ਛੱਡ ਕੇ ਜੰਗਲਾਂ ਪਹਾੜਾਂ ਵਿਚ ਜਾਂਦੇ ਹਨ, ਉਨ੍ਹਾਂ ਬਾਰੇ ਆਪ ਜੀ ਕੀ ਕਹਿਣਾ ਚਾਹੋਗੇ, ਕੁਝ ਜਾਣਕਾਰੀ ਦਿਓ?

**ਉ:** ਹੇ ਭਾਈਓ! ਇਸ ਸੰਬੰਧ ਵਿਚ ਤਾਂ ਮੇਰੇ ਕੁਝ ਭੀ ਕਹਿਣ ਦੀ ਲੋੜ ਨਹੀਂ, ਕਿਉਂਕਿ ਇਸ ਬਾਰੇ ਭੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਫ਼ੁਰਮਾਨ ਹੈ ਕਿ:

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ
ਤੋਹੀ ਸੰਗਿ ਸਮਾਈ॥੧॥ਰਹਾਉ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ
ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੈ ਨਿਰੰਤਰਿ
ਘਟ ਹੀ ਖੋਜਹੁ ਭਾਈ॥੧॥
ਬਾਹਰਿ ਭੀਤਰਿ ਏਕੋ ਜਾਨਹੁ
ਇਹੁ ਗੁਰ ਗਿਆਨੁ ਬਤਾਈ॥
ਜਨ ਨਾਨਕ ਬਿਨੁ ਆਪਾ ਚੀਨੈ
ਮਿਟੈ ਨ ਭ੍ਰਮ ਕੀ ਕਾਈ॥੨॥੧॥

*(ਧਨਾਸਰੀ ਮ: ੯, ਪੰਨਾ ੬੮੪)*

ਹੇ ਭਾਈਓ! ਉਹ ਪਰਮੇਸ਼ਰ ਸਾਰਿਆਂ ਵਿਚ ਵੱਸਦਾ ਹੋਇਆ ਭੀ ਨਿਰਲੇਪ ਹੈ, ਜਿਵੇਂ ਫੁਲਾਂ ਵਿਚ ਵਾਸ਼ਨਾ ਤੇ ਸ਼ੀਸ਼ੇ ਵਿਚ ਸਾਡੀ ਛਾਇਆ ਹੈ, ਉਹ ਸਾਰਿਆਂ ਵਿਚ ਵੱਸਦਾ ਤਾਂ ਇਉਂ ਹੈ, ਜਿਵੇਂ ਸਾਰੇ ਫੁਲਾਂ ਵਿਚ ਵਾਸ਼ਨਾ ਵੱਸਦੀ ਹੈ ਤੇ ਨਿਰਲੇਪ ਇਉਂ ਹੈ ਜਿਵੇਂ ਸ਼ੀਸ਼ੇ ਵਿਚ ਸਾਡੀ ਛਾਇਆ ਦਿਸਦੀ ਹੈ, ਪਰ ਅਸੀਂ ਸਰੀਰ ਕਰਕੇ ਉਸ ਵਿਚ ਨਹੀਂ ਹਾਂ। ਇਸੇ ਤਰ੍ਹਾਂ ਉਹ ਪਰਮੇਸ਼ਰ ਸਾਰਿਆਂ ਅਕਾਰਾਂ ਵਿਚ ਵਿਆਪਕ ਹੈ ਪਰ ਉਸ ਨੂੰ ਪਰਤੱਖ ਵੇਖਣ ਲਈ ਖੋਜ ਕਰਨੀ ਪੈਂਦੀ ਹੈ, ਜਿਵੇਂ ਕਿ ਗੁਰਬਾਣੀ ਦਾ ਫ਼ੁਰਮਾਨ ਹੈ:

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥

*(ਪੀਪਾ ਭਗਤ, ਪੰਨਾ ੬੯੫)*

ਕਤ ਜਾਈਐ ਰੇ ਘਰ ਲਾਗੋ ਰੰਗੁ॥
ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ॥.....
ਬੇਦ ਪੁਰਾਨ ਸਭ ਦੇਖੇ ਜੋਇ॥
ਊਹਾਂ ਤਉ ਜਾਈਐ ਜਉ ਈਹਾਂ ਨ ਹੋਇ॥੨॥

*(ਰਾਮਾਨੰਦ, ਪੰਨਾ ੧੧੯੫)*

ਇਸ ਤਰ੍ਹਾਂ ਜਦੋਂ ਬਾਣੀ ਦੀ ਖੋਜ ਕਰੀਏ ਤਾਂ ਬੋਧ ਮਿਲਦਾ ਹੈ ਕਿ ਉਹ ਇਸ ਸੰਸਾਰ ਦੀ ਮੂਰਤੀ ਨੂੰ ਘੜ ਕੇ ਘੜਨਹਾਰਾ ਪ੍ਰਭੂ ਇਸ ਤੋਂ ਕੋਈ ਵੱਖਰਾ ਨਹੀਂ ਹੋ ਬੈਠਾ, ਉਹ ਇਸ ਦੇ ਵਿਚ ਹੀ ਵਿਆਪਕ ਹੈ, ਇਸ ਤਰ੍ਹਾਂ ਦੇ ਉਦਾਹਰਣ ਸਾਨੂੰ ਬਾਣੀ ਵਿਚੋਂ ਅਨੇਕਾਂ ਹੀ ਮਿਲਦੇ ਹਨ, ਜਿਨ੍ਹਾਂ ਦੀ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀ ਰਚਨਾ ਰਚੀ ਹੈ:

(੧) (ਜਦੋਂ ਅਸੀਂ ਵੀਚਾਰ ਦ੍ਰਿਸ਼ਟੀ ਰਾਹੀਂ ਗਹੁ ਨਾਲ ਤੱਕੀਏ ਤਾਂ ਇਉਂ ਹੀ ਨਜ਼ਰ ਆਵੇਗਾ ਕਿ ਉਹ) ਸ੍ਰਿਸ਼ਟੀ ਦਾ ਰਚਨਹਾਰ (ਕਰਤਾਰ) ਆਪ ਸੱਚਾ ਹੈ ਤੇ ਸੱਚ ਰੂਪ ਹੋ ਕੇ ਆਪਣੀ ਰਚਨਾ (ਸੰਸਾਰ) ਵਿਚ ਵਿਆਪਕ ਹੈ।

(੨) ਸੱਚ ਤੋਂ ਹੀ ਪਉਣ ਪੈਦਾ ਕੀਤੀ (ਜੋ ਹਰ ਜੀਵ ਜੰਤੂ ਵਿਚ) ਛਾਈ ਹੋਈ ਹੈ।

(੩) ਪਉਣ ਤੋਂ ਪਾਣੀ ਨੂੰ ਪੈਦਾ ਕਰਕੇ (ਸਭ ਨੂੰ ਹਰਿਆ ਰਖਣ ਲਈ) ਨੀਵੇਂ ਪਾਸੇ ਜਾਣ ਵਾਲਾ (ਸੀਸ ਨਿਵਾ ਕੇ ਚਲਣ ਵਾਲਾ) ਬਣਾ ਦਿਤਾ।

(੪) (ਪਾਣੀ ਦੇ ਚਲਣ ਲਈ) ਧਰਤੀ ਨੂੰ ਆਸਰਾ ਰੂਪ ਬਣਾ ਕੇ, ਫਿਰ ਧਰਤੀ ਨੂੰ ਪਾਣੀ ਉਤੇ ਹੀ ਰਖ ਦਿਤਾ। (ਜਿਥੇ ਕਿਥੇ ਧਰਤੀ ਦੇ ਥੱਲੇ ਪਾਣੀ ਹੈ ਤੇ ਇਸੇ ਅਟਲ ਸਚਾਈ ਨੂੰ ਹੀ ਬਿਆਨ ਕਰ ਰਹੇ ਹਨ)।

(੫) ਪਾਣੀ ਤੋਂ ਅਗਨੀ ਪੈਦਾ ਕਰ ਦਿਤੀ, (ਭਾਵ ਧਰਤੀ ਉਤੇ ਪਾਣੀ ਦੀ ਤਰਾਉਤ ਨਾਲ) ਵਣਖੰਡ (ਬਨਾਸਪਤੀ, ਲੱਕੜੀ) ਜੰਗਲਾਂ ਦੇ ਜੰਗਲ ਉਗਾ ਦਿਤੇ।

(੬) ਪਰਮੇਸ਼ਰ ਦਾ ਅਜਬ ਕੌਤਕ ਹੈ ਕਿ ਬਨਾਸਪਤੀ ਵਿਚ ਅੱਗ ਹੈ, (ਪਰ ਅੱਗ ਦੇ ਹੁੰਦੇ ਵੀ ਉਹ) ਬਨਸਪਤੀ ਪਾਣੀ ਨਾਲ ਹੀ ਫਲਦੀ ਫੁਲਦੀ ਹੈ।

(੭) (ਪਰਮੇਸ਼ਰ ਨੇ ਵਿਰੋਧੀ ਤੱਤਾਂ) ਅੱਗ, ਹਵਾ ਤੇ ਪਾਣੀ ਦਾ ਮਿਲਾਪ ਕਰ ਦਿਤਾ ਹੈ।

(੮) (ਸੋ) ਐਸੇ ਪਰਮ ਪੁਰਖ (ਆਦਿ ਪੁਰਖ) ਨੂੰ ਨਮਸਕਾਰ (ਆਦੇਸ) ਹੈ, ਜਿਸਨੇ ਇਸ ਸਾਰੇ ਖੇਲ ਨੂੰ ਪੈਦਾ ਕੀਤਾ ਹੈ।੪।

***ਭਾਵਾਰਥ :*** ਮਦਾਰੀ ਲੋਕਾਂ ਦੀ ਰਚਨਾ ਵੇਖ ਕੇ ਮਨੁੱਖਾਂ ਦੀ ਬੁੱਧੀ ਚਕ੍ਰੱਤ ਹੋ ਜਾਂਦੀ ਹੈ। ਪਰ, ਉਸ ਸੱਚੇ ਕਾਰੀਗਰ ਸਿਰਜਨਹਾਰ ਦੀ ਰਚਨਾ ਦਾ ਕੌਣ ਅੰਤ ਪਾ ਸਕਦਾ ਹੈ, ਇਸ ਲਈ ਉਸ ਨਿਰੰਕਾਰ ਨੂੰ ਨਮਸਕਾਰ ਹੀ ਕਰਨੀ ਬਣਦੀ ਹੈ।

## ੫. ਸ੍ਰਿਸ਼ਟੀ ਦੀ ਵਿਚਿੱਤ੍ਰ ਰਚਨਾ

**੧. ਕੇਵਡੁ ਆਖਾਂ ਸੱਚ**
**ਸੱਚੇ ਭਾਇਆ।**
**੨. ਕੇਵਡੁ ਹੋਆ ਪਉਣੁ**
**ਫਿਰੈ ਚਉਵਾਇਆ।**
**੩. ਚੰਦਨ ਖਾਸ ਨਿਵਾਸ**
**ਬਿਰਖ ਬੋਹਾਇਆ।**
**੪. ਖਹਿ ਖਹਿ ਵੰਸੁ ਗਵਾਇ**
**ਵਾਂਸੁ ਜਲਾਇਆ।**
**੫. ਸ਼ਿਵ ਸ਼ਕਤੀ ਸਹਲੰਗ**
**ਅੰਗ ਜਣਾਇਆ।**
**੬. ਕੋਇਲ ਕਾਉਂ ਨਿਆਉ**
**ਬਚਨ ਸੁਣਾਇਆ।**
**੭. ਖਾਣੀ ਬਾਣੀ ਚਾਰਿ**
**ਸ਼ਾਹ ਗਣਾਇਆ।**
**੮. ਪੰਜ ਸ਼ਬਦ ਪ੍ਰਵਾਣ ਨੀਸ਼ਾਣ ਵਜਾਇਆ ॥੫॥**

***ਪਦ ਅਰਥ :*** ਚਉਵਾਇਆ—ਚਾਰੇ ਪਾਸੇ। ਬੋਹਾਇਆ—ਸੁਗੰਧਤ ਕੀਤਾ। ਸ਼ਿਵ ਸ਼ਕਤੀ—ਸਤੋਗੁਣ ਤੇ ਤਮੋਗੁਣ। ਸਹਲੰਗ—ਮਿਲਾਪ। ਸ਼ਾਹ—ਸਵਾਸ। ਅੰਗ—ਗੁਣ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਇਸ ਜਗਤ ਦੇ ਰਚਨਹਾਰ ਕਰਤਾਰ ਨੂੰ ਬੇਅੰਤ, ਬੇਅੰਤ ਕਥਨ ਕਰਦੇ ਆ ਰਹੇ ਹੋ, ਜੇ ਕੋਈ ਉਸ ਦੇ ਸੰਬੰਧ ਵਿਚ ਉਸ ਨੂੰ ਵੱਡਾ ਆਖਦਾ ਭੀ ਹੈ, ਇਕ ਦੂਸਰੇ ਤੋਂ ਸੁਣ ਸੁਣ ਕੇ ਹੀ ਉਸ ਪਰਮੇਸ਼ਰ ਨੂੰ ਵੱਡਾ ਆਖਦਾ ਹੈ, ਪੂਰਨ ਰੂਪ ਵਿਚ ਉਸਦੀ ਵਡਿਆਈ ਨੂੰ ਕੋਈ ਆਖ ਹੀ ਨਹੀਂ ਸਕਦਾ। ਪੂਰਨ ਰੂਪ ਵਿਚ ਤਾਂ ਉਸਦੀ ਮਹਾਨਤਾ ਤਦੋਂ ਹੀ ਕਹੀ ਜਾ ਸਕਦੀ ਹੈ ਜੇ ਉਸ ਰਚਨਹਾਰ ਕਰਤਾਰ ਨੂੰ ਕਿਸੇ ਨੇ ਪ੍ਰਤੱਖ ਰੂਪ ਵਿਚ ਵੇਖਿਆ ਹੋਵੇ। ਇਸ ਭਾਵ ਨੂੰ ਆਪ ਜੀ ਨੇ ਗੁਰਬਾਣੀ ਦੁਆਰੇ ਪ੍ਰਗਟਾਇਆ ਹੈ, ਜਿਵੇਂ ਕਿ :

ਸੁਣਿ ਵਡਾ ਆਖੈ ਸਭੁ ਕੋਇ॥
ਕੇਵਡੁ ਵਡਾ ਡੀਠਾ ਹੋਇ॥
*(ਰਹਿਰਾਸ, ਆਸਾ ਮ: ੧, ਪੰਨਾ ੯)*

ਭਾਈ ਸਾਹਿਬ ਜੀਉ! ਇਹ ਤਾਂ ਆਪ ਜੀ ਨੇ ਗੁਰਬਾਣੀ ਦੁਆਰੇ ਸਿੱਧ ਕਰ ਹੀ ਦਿਤਾ ਹੈ ਕਿ ਉਹ ਸੁਆਮੀ ਪ੍ਰਤੱਖ ਰੂਪ ਵਿਚ ਕਿਸੇ ਨੇ ਵੇਖਿਆ ਨਹੀਂ, ਜਿਸ ਕਰਕੇ ਉਸ ਦੇ ਬਾਰੇ ਕੋਈ ਕੁਝ ਵੀ ਨਹੀਂ ਕਹਿ ਸਕਦਾ। ਇਹ ਤਾਂ ਠੀਕ ਹੈ, ਪਰ ਇਹ ਸਾਰਾ ਬ੍ਰਹਿਮੰਡ ਤਾਂ ਪ੍ਰਤੱਖ ਵੇਖਣ ਵਿਚ ਆਉਂਦਾ ਹੈ ਇਸ ਬਾਰੇ ਤਾਂ ਕੁਝ ਜਾਣਕਾਰੀ ਦਿਓ ਕਿ ਇਸਦਾ ਵਿਸਥਾਰ ਕਿੱਡਾ ਕੁ ਵੱਡਾ ਹੈ। ਹੋ ਸਕਦਾ ਹੈ ਕਿ ਤੁਸਾਂ ਪਿਛੇ ਹੋ ਗੁਜ਼ਰੇ ਬੁਧੀਜੀਵੀਆਂ ਦੇ ਵੀਚਾਰ ਪੜ੍ਹੇ ਹੋਣ ਉਨ੍ਹਾਂ ਦੇ ਖ਼ਿਆਲਾਂ ਦਾ ਸਾਨੂੰ ਬੋਧ ਦਿਓ ਤਾਕਿ ਸਾਡੀ ਜਾਣਕਾਰੀ ਵਿਚ ਭੀ ਵਾਧਾ ਹੋ ਸਕੇ ?

ਉ: ਹੇ ਭਾਈਓ! ਜੇ ਅਸੀਂ ਤੁਹਾਡੇ ਇਸ ਪ੍ਰਸ਼ਨ ਦਾ ਉੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁੱਛੀਏ ਕਿ ਇਸ ਪ੍ਰਤੱਖ ਬ੍ਰਹਿਮੰਡ ਦੇ ਆਕਾਰ ਬਾਰੇ ਸਾਨੂੰ ਕੁਝ ਜਾਣਕਾਰੀ ਦਿਓ ਤਾਂ ਉਨ੍ਹਾਂ ਵੱਲੋਂ ਇਹੋ ਫ਼ੁਰਮਾਨ ਮਿਲਦਾ ਹੈ ਕਿ ਹੇ ਭਾਈਓ! ਜਿਵੇਂ ਉਹ ਪਰਮੇਸ਼ਰ ਇਸ ਬ੍ਰਹਿਮੰਡ ਨੂੰ ਰਚਨ ਵਾਲਾ ਬੇਅੰਤ ਹੈ, ਇਸੇ ਤਰ੍ਹਾਂ ਇਹ ਬ੍ਰਹਿਮੰਡ ਭੀ ਬੇਅੰਤ ਹੈ। ਜਿਸ ਤਰ੍ਹਾਂ ਅਸੀਂ ਇਸ ਪ੍ਰਤੱਖ ਬ੍ਰਹਿਮੰਡ ਦਾ ਵੱਡਾ ਵਿਸਥਾਰ ਵੇਖਦੇ ਹਾਂ, ਇਸ ਤਰ੍ਹਾਂ ਦੇ ਗੁਰਬਾਣੀ ਨੇ ਕ੍ਰੋੜਾਂ ਬ੍ਰਹਿਮੰਡਾਂ ਦਾ ਜ਼ਿਕਰ ਕੀਤਾ ਹੈ, ਜਿਵੇਂ ਕਿ ਰੱਬੀ ਫ਼ੁਰਮਾਨ ਹੈ ਕਿ :

ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ॥
*(ਸੋਰਠਿ ਮ: ੫, ਪੰਨਾ ੬੧੨)*

ਭਾਵ ਹੈ, ਉਸ ਸੁਆਮੀ ਨੇ ਕ੍ਰੋੜਾਂ ਬ੍ਰਹਿਮੰਡਾਂ ਦੀ ਰਚਨਾ ਰਚੀ ਹੈ, ਇਥੇ ਹੀ ਬੱਸ ਨਹੀਂ ਸਗੋਂ ਉਸ ਪਰਮੇਸ਼ਰ ਨੇ ਆਪਣੇ ਇਕ ਇਕ ਰੋਮ ਵਿਚ ਕ੍ਰੋੜਾਂ ਬ੍ਰਹਿਮੰਡ ਧਾਰਨ

ਕੀਤੇ ਹੋਏ ਹਨ, ਜਿਨ੍ਹਾਂ ਦੇ ਆਕਾਰ ਵਿਸਥਾਰ ਨੂੰ ਜਾਣਿਆ ਹੀ ਨਹੀਂ ਜਾ ਸਕਦਾ। ਜਿਵੇਂ ਕਿ:

ਕੋਟਿ ਬਿਸਨ ਕੀਨੇ ਅਵਤਾਰ॥
ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ॥
ਕੋਟਿ ਮਹੇਸ ਉਪਾਇ ਸਮਾਏ॥
ਕੋਟਿ ਬ੍ਰਹਮੇ ਜਗੁ ਸਾਜਣ ਲਾਏ॥੧॥

*(ਭੈਰਉ ਮ: ੫, ਪੰਨਾ ੧੧੫੬)*

ਭਾਵ, ਉਸ ਪਰਮੇਸ਼ਰ ਨੇ ਕ੍ਰੋੜਾਂ ਹੀ ਬ੍ਰਹਮੇ ਕ੍ਰੋੜਾਂ ਬ੍ਰਹਿਮੰਡਾਂ ਦੇ ਸਾਜਣ ਵਾਸਤੇ ਤਤਪਰ ਕੀਤੇ ਹੋਏ ਹਨ, ਜੋ ਬਾਰ ਬਾਰ ਇਨ੍ਹਾਂ ਬ੍ਰਹਿਮੰਡਾਂ ਦੀ ਸਾਜਨਾ ਹੀ ਕਰਦੇ ਰਹਿੰਦੇ ਹਨ। ਜਦੋਂ ਇਸ ਤੋਂ ਅਗੇ ਵੀਚਾਰ ਕਰੀਏ ਤਾਂ ਸੋਝੀ ਪੈਂਦੀ ਹੈ ਕਿ ਇਕ ਇਕ ਬ੍ਰਹਿਮੰਡ ਵਿਚ ਲੱਖਾਂ ਕ੍ਰੋੜਾਂ, ਸੂਰਜ, ਚੰਦ੍ਰਮਾ, ਪਵਣ, ਪਾਣੀ, ਅਗਨੀ ਅਤੇ ਆਕਾਸ਼ ਆਦਿ ਤੱਤ ਹਨ, ਜਿਨ੍ਹਾਂ ਦੀ ਅੱਜ ਤੋਂ ਪੰਜ ਸੌ ਸਾਲ ਪਹਿਲੋਂ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਜਾਣਕਾਰੀ ਦਿਤੀ ਹੈ, ਜਿਵੇਂ ਕਿ:

ਭੈ ਵਿਚਿ ਪਵਣੁ ਵਹੈ ਸਦ ਵਾਉ॥
ਭੈ ਵਿਚਿ ਚਲਹਿ ਲਖ ਦਰੀਆਉ॥
ਭੈ ਵਿਚਿ ਅਗਨਿ ਕਢੈ ਵੇਗਾਰਿ॥
ਭੈ ਵਿਚਿ ਧਰਤੀ ਦਬੀ ਭਾਰਿ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥
ਭੈ ਵਿਚਿ ਰਾਜਾ ਧਰਮ ਦੁਆਰੁ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥
ਕੋਹ ਕਰੋੜੀ ਚਲਤ ਨ ਅੰਤੁ॥

*(ਸਲੋਕ ਮ: ੧, ਪੰਨਾ ੪੬੪)*

ਕੋਟਿ ਸੂਰ ਜਾ ਕੈ ਪਰਗਾਸ॥
ਕੋਟਿ ਮਹਾਦੇਵ ਅਰੁ ਕਬਿਲਾਸ॥
ਦੁਰਗਾ ਕੋਟਿ ਜਾ ਕੈ ਮਰਦਨੁ ਕਰੈ॥
ਬ੍ਰਹਮਾ ਕੋਟਿ ਬੇਦ ਉਚਰੈ॥੧॥

*(ਭੈਰਉ ਕਬੀਰ ਜੀਉ, ਪੰਨਾ ੧੧੬੨)*

ਇਸ ਤਰ੍ਹਾਂ ਜਿਉਂ ਜਿਉਂ ਅਸੀਂ ਬਾਣੀ ਦੀ ਵੀਚਾਰ ਕਰਾਂਗੇ ਤਿਉਂ ਤਿਉਂ ਸਾਨੂੰ ਅਗੇ ਤੋਂ ਅਗੇ ਬੋਧ ਮਿਲੇਗਾ ਕਿ ਉਸ ਪਰਮੇਸ਼ਰ ਦੇ ਇਕ ਇਕ ਬ੍ਰਹਿਮੰਡ ਵਿਚ ਲੱਖਾਂ ਹੀ ਚੰਦ੍ਰਮਾ, ਸੂਰਜ, ਤਾਰੇ ਹਨ ਜਦ ਕਿ ਉਨ੍ਹਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ ਤਾਂ ਫਿਰ ਕ੍ਰੋੜਾਂ ਬ੍ਰਹਿਮੰਡਾਂ ਦੀ ਸਮਗ੍ਰੀ ਨੂੰ ਕੌਣ ਜਾਣ ਸਕਦਾ ਹੈ। ਇਸ ਤੋਂ ਭਾਵ ਸਿੱਧ ਹੁੰਦਾ ਹੈ ਕਿ ਉਸ ਕਰਤੇ ਦੀ ਸੰਪੂਰਨ ਸਮਗ੍ਰੀ ਨੂੰ ਜਾਨਣ ਦੀ ਕਿਸੇ ਵਿਚ ਭੀ ਸਮਰੱਥਾ ਨਹੀਂ, ਬਾਣੀ ਦੇ ਇਸੇ ਭਾਵ ਤੋਂ ਪ੍ਰੇਰਤ ਹੋ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਅੰਕਤ ਕੀਤੀਆਂ ਹਨ ਜਿਸਦਾ ਭਾਵ ਭੀ ਇਹੋ ਹੈ ਕਿ ਉਸ ਸੱਚੇ ਦੀ ਵਡਿਆਈ ਨੂੰ ਕਿਸੇ ਰੂਪ ਵਿਚ ਭੀ ਆਖਿਆ ਨਹੀਂ ਜਾ ਸਕਦਾ, ਇਸ ਲਈ ਇਉਂ ਹੀ ਕਹਿਣਾ ਬਣਦਾ ਹੈ:

(੧) ਹੇ ਭਾਈਓ! ਜੇ ਮੈਂ ਉਸ ਸੱਚੇ ਦੇ ਸੱਚ ਦਾ ਵਿਸਥਾਰ ਕਰਾਂ ਭੀ ਤਾਂ ਮੈਂ ਕਿਤਨਾ ਕੁ ਕਰ ਸਕਦਾ ਹਾਂ (ਕਿਉਂਕਿ ਉਹ ਸੱਚ ਕਿਤਨਾ ਕੁ ਮਹਾਨ ਹੈ, ਜੋ) ਸੱਚੇ ਨੂੰ ਭਾਉਂਦਾ ਹੋਵੇ।

(੨) (ਫਿਰ ਮੈਂ ਉਸ) ਪਉਣ ਬਾਰੇ ਕੀ ਕਹਿ ਕੇ ਦੱਸਾਂ, ਕਿ ਕਿੱਡੀ ਕੁ ਹੈ ਜੋ ਚਾਰੇ ਪਾਸੇ (ਹਨੇਰੀਆਂ, ਝੱਖੜ ਤੇ ਤੂਫ਼ਾਨਾਂ ਦੇ ਰੂਪ ਵਿਚ) ਫਿਰ ਰਹੀ ਹੈ।

(੩) ਚੰਦਨ ਵਿਚ ਸੁਗੰਧੀ ਦਾ ਵਾਸ ਹੈ (ਜੋ ਚਾਰੇ ਪਾਸੇ ਬ੍ਰਿਛਾਂ ਨੂੰ) ਸੁਗੰਧਤ ਕਰ ਦਿੰਦੀ ਹੈ।

(੪) ਪਰ ਉਸਦੇ ਨਾਲ ਹੀ ਵਾਂਸਾਂ ਦਾ ਜੰਗਲ ਹੁੰਦਾ ਹੈ ਜੋ ਪੈਦਾ ਤਾਂ ਇਕੱਠੇ ਹੁੰਦੇ ਹਨ, ਪਰ ਵੱਡੇ ਹੋ ਖਹਿ ਖਹਿ ਕੇ ਮਰਦੇ ਹਨ (ਤੇ ਆਪਣੀ ਖਹਿ ਖਹਿ ਦੇ ਕਲੇਸ਼ ਵਿਚੋਂ ਨਿਕਲੀ ਅੱਗ ਨਾਲ) ਸੜ ਭੁਜ ਜਾਂਦੇ ਹਨ, ਤੇ ਆਪਣੀ ਵੰਸ ਕੁਟੰਬ ਦਾ ਖ਼ਾਤਮਾ ਕਰਾ ਲੈਂਦੇ ਹਨ।

(੫) (ਇਸਦਾ ਭਾਵ ਇਹ ਹੈ ਕਿ) ਸ਼ਿਵ (ਸਤੋਗੁਣੀ ਚੰਦਨ ਵਰਗੀ ਸੀਤਲਤਾ) ਤੇ ਸ਼ਕਤੀ (ਵਾਂਸਾਂ ਦੀ ਅੱਗ) ਦੇ ਮੇਲ ਨਾਲ ਦੋਹਾਂ ਨੇ ਆਪੋ ਆਪਣਾ ਅੰਗ (ਪੱਖ) ਪਾਲਿਆ ਹੈ (ਜਾਂ ਪੱਖ ਪ੍ਰਗਟ ਕੀਤਾ ਹੈ)।

(੬) ਕੋਇਲ (ਸੁਰੀਲੀ ਤੇ ਦੈਵੀ ਅਵਾਜ਼) ਤੇ ਕਾਂ (ਦਾ ਨਿਖੇੜਾ) ਉਨ੍ਹਾਂ ਦੀ ਬੋਲੀ ਤੋਂ ਹੀ ਹੋ ਜਾਂਦਾ ਹੈ (ਭਾਵ ਝਟ ਹੀ ਸਮਝ ਆ ਜਾਂਦੀ ਹੈ ਕਿ ਇਹ ਅਵਾਜ਼ ਕਾਂ ਦੀ ਤੇ ਇਹ ਕੋਇਲ ਦੀ ਹੈ।)

(੭) ਚਾਰੇ ਖਾਣੀਆਂ ਦੇ ਜੀਵ ਜੰਤੂਆਂ ਦੀ ਜੋ ਬਣਾਵਟ ਬਣਾਈ ਹੈ ਉਸ ਵਿਚ ਸੁਆਸ (ਪ੍ਰਾਣ) ਗਿਣ ਕੇ ਹਿਸਾਬ ਨਾਲ) ਪਾਏ ਹਨ।

(੮) ਪੰਜ ਸ਼ਬਦ (ਅਨਹਦ ਸ਼ਬਦ) ਹੀ (ਪ੍ਰਭੂ ਦੇ ਦਰ) ਪ੍ਰਵਾਨ ਹੁੰਦੇ ਹਨ, ਜਿਨ੍ਹਾਂ ਦੇ ਵੱਜਣ ਤੋਂ ਹੀ ਉਹ (ਆਪਣੇ ਆਪ) ਪ੍ਰਗਟ ਹੋ ਜਾਂਦੇ ਹਨ।੫।

***ਭਾਵਾਰਥ :*** ਇਥੇ ਪਰਮੇਸ਼ਰ ਦੀ ਰਚਨਾ ਦੀ ਗਿਣਤੀ ਹੈ, ਇਸ ਵਿਚ ਭਲੇ ਬੁਰੇ ਦੀ ਪਛਾਣ ਬੋਲੀ ਦੱਸਦੀ ਹੈ। ਸ਼ਬਦ ਦੋ ਪ੍ਰਕਾਰ ਦਾ ਹੈ। ਇਕ ਆਹਤ ਤੇ ਦੂਸਰਾ ਅਨਾਹਤ। ਜੋ ਆਹਤ ਹੈ ਉਹ ਪ੍ਰਕ੍ਰਿਤੀ ਦਾ ਖੇਲ ਹੈ। ਉਹ

ਸ਼ਬਦ ਜਿਵੇਂ ਕੁਦਰਤ ਵਿਚ ਜੀਵਾਂ ਤੇ ਵਰਤਣ ਵਿਵਹਾਰ ਵਿਚ ਹੋ ਰਿਹਾ ਹੈ ਉਹ ਪੰਜ ਤਰ੍ਹਾਂ ਦਾ ਹੈ। ਜਦ ਵਿਗਯਾਨ ਆਸਰੇ ਉਸਨੂੰ ਪਰਖੀ ਦਾ ਹੈ ਤਾਂ ਉਸਦੇ ਮੁਖ ਤ੍ਰੈ ਦਰਜੇ ਤੇ ਫੇਰ ਸੱਤ ਲਭਦੇ ਹਨ, ਜਿਨ੍ਹਾਂ ਨੂੰ ਸੱਤ ਸੁਰਾਂ ਕਹਿੰਦੇ ਹਨ।

ਅਨਾਹਤ ਸ਼ਬਦ ਆਤਮਾ ਤੋਂ ਹੁੰਦਾ ਹੈ, ਉਹ ਦੂਜੇ ਦੀ ਲੋੜ ਨਹੀਂ ਰਖਦਾ। ਉਹ ਕੰਨਾਂ ਦਾ ਵਿਸ਼ਾ ਨਹੀਂ ਹੈ, ਇਸ ਕਰਕੇ ਉਸਦਾ ਸੁਣਨੇ ਦਾ ਤਰੀਕਾ ਸਿਮਰਨ ਹੈ।

ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ॥

*(ਸੁਖਮਨੀ ਸਾਹਿਬ, ਪੰਨਾ ੨੬੩)*

ਉਹ ਪਹਿਲੇ ਪੰਜ ਪ੍ਰਕਾਰ ਦਾ ਹੁੰਦਾ ਹੈ, ਫਿਰ ਸ਼ਬਦ ਬ੍ਰਹਮ ਦੀ ਏਕਤਾ ਵਿਚ ਤੇ ਉਥੋਂ ਨਿਰਾਕਾਰ ਵਿਚ ਲੈ ਜਾਂਦਾ ਹੈ।

## ੬. ਸਾਧੂ ਦੀ ਘਾਲਣਾ ਦਾ ਵਰਣਨ

**੧. ਰਾਗ ਨਾਦ ਸੰਬਾਦ**
**ਗਿਆਨ ਚੇਤਾਇਆ।**
**੨. ਨਉਂ ਦਰਵਾਜੇ**
**ਸਾਧਿ ਸਾਧੁ ਸਦਾਇਆ।**
**੩. ਵੀਹ ਇਕੀਹ ਉਲੰਘਿ**
**ਨਿਜ ਘਰਿ ਆਇਆ।**
**੪. ਪੂਰਕ ਕੁੰਭਕ ਰੇਚਕ**
**ਤ੍ਰਾਟਕ ਧਾਇਆ।**
**੫. ਨਿਉਲੀ ਕਰਮ ਭੁਯੰਗ**
**ਆਸਣ ਲਾਇਆ।**
**੬. ਇੜਾ ਪਿੰਗੁਲਾ ਝਾਗ**
**ਸੁਖਮਨਿ ਛਾਇਆ।**
**੭. ਖੇਚਰ ਭੂਚਰ ਚਾਚਰਿ**
**ਸਾਧਿ ਸਦਵਾਇਆ।**
**੮. ਸਾਧ ਅਗੋਚਰ ਖੇਲ ਉਨਮਨਿ ਆਇਆ ॥੬॥**

***ਪਦ ਅਰਥ :*** ਸੰਬਾਦ—ਚਰਚਾ, ਬਹਿਸ। ਸਾਧਿ—ਸੋਧ ਕੇ, ਰੋਕ ਕੇ। ਵੀਹ—ਜਗਤ। ਇਕੀਹ—ਈਸ਼ੁਰ। ਪੂਰਕ—ਸੁਆਸਾਂ ਦਾ ਚੜ੍ਹਨਾ। ਰੇਚਕ—ਸੁਆਸ ਉਤਾਰਨੇ। ਤ੍ਰਾਟਕ—ਇੜਾ, ਪਿੰਗਲਾ, ਸੁਖਮਨਾ, ਤ੍ਰਿੰਨ ਨਾੜੀਆਂ। ਭੁਯੰਗ—ਕੰਗਰੋੜ ਦੀ ਨਾੜੀ। ਚਾਚਰਿ—ਜੋਗ ਦੀ ਮੁੰਦਰਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜੋਗੀ ਲੋਕਾਂ ਵਿਚ ਸਹੀ ਸਾਧ ਕੌਣ ਹੈ ਤੇ ਉਸਦੀ ਹਮੇਸ਼ਾਂ ਦੀ ਕ੍ਰਿਆ ਦੀ ਰੂਪ ਰੇਖਾ ਕਿਸ ਪ੍ਰਕਾਰ ਦੀ ਹੈ, ਕਿਉਂਕਿ ਜੋਗੀਆਂ ਵਿਚ ਭੀ ਜੋ ਸਾਧੂ ਹਨ ਉਨ੍ਹਾਂ ਦੀ ਭਿੰਨ ਭਿੰਨ ਕ੍ਰਿਆ ਵੇਖਣ ਵਿਚ ਆਉਂਦੀ ਹੈ, ਉਨ੍ਹਾਂ ਬਾਰੇ ਆਪ ਜੀ ਦੇ ਵੀਚਾਰ ਕੀ ਹਨ, ਸਾਨੂੰ ਭੀ ਸਹੀ ਸਾਧੂਆਂ ਦੀ ਜਾਣਕਾਰੀ ਦਿਓ?

**ਉ:** ਹੇ ਭਾਈਓ! ਇਹ ਤਾਂ ਠੀਕ ਹੈ ਕਿ ਜੋਗੀਆਂ ਵਿਚ 'ਆਈ ਪੰਥ' ਆਦਿ '੧੨' ਫ਼ਿਰਕੇ ਮੰਨੇ ਜਾਂਦੇ ਹਨ, ਇਨ੍ਹਾਂ ਦੀ ਕ੍ਰਿਆ ਤੇ ਸਾਧਨਾ ਕਰਨ ਵਿਚ ਭੀ ਪ੍ਰਸਪਰ ਅੰਤਰਾ ਹੈ, ਪਰ ਅਸਲ ਵਿਚ ਸਾਧ ਨਾਮ ਹੈ, ਜੋ ਸਾਧੇ ਭਾਵ ਬ੍ਰਿਤੀਆਂ ਨੂੰ ਰੋਕੇ ਭਾਵੇਂ ਉਹ ਕਿਸੇ ਯਤਨ ਨਾਲ ਰੋਕੇ। ਕੋਈ ਰਾਗ ਨਾਲ, ਕੋਈ ਨਾਦ ਨਾਲ, ਕੋਈ ਗਿਆਨ ਨਾਲ, ਕੋਈ ਸਰੀਰ ਦੇ ਰਸਤੇ ਰੋਕੇ, ਕੋਈ ਪ੍ਰਾਣਾਯਾਮ ਕਰਕੇ, ਕੋਈ ਨਿਉਲੀ ਕਰਮ ਆਦਿ (ਹਠ ਕਰਕੇ) ਕੋਈ ਆਸਨ ਸਾਧ ਕੇ, ਕੋਈ ਮੁੰਦ੍ਰਾ ਸਾਧ ਕੇ ਸਾਧੂ ਹੋਣ ਦਾ ਪਰਯਤਨ ਕਰਦੇ ਹਨ, ਕਹਿੰਦੇ ਹਨ ਕਿ ਸਾਧੂ ਦਾ ਖੇਲ ਅਗੋਚਰ ਹੈ, ਇੰਦ੍ਰੀਆਂ ਅਗੋਚਰ ਨਹੀਂ, ਕਿਉਂਕਿ ਉਸ ਤੁਰੀਆ ਪਦ ਵਿਚ ਜੋ ਖੇਡਦਾ ਹੈ, ਜੋ ਉਪਰ ਕਹੇ ਬਾਹਰਲੇ ਲੱਛਣ ਦਿੱਸਣ ਉਹ ਸਾਧੂ ਦੇ ਲਖਾਇਕ ਨਹੀਂ ਹੋ ਸਕਦੇ। ਪਰ ਜਦੋਂ ਵੀਚਾਰ ਕਰਕੇ ਵੇਖੀਏ ਤਾਂ ਇਉਂ ਹੀ ਪ੍ਰਤੀਤ ਹੁੰਦਾ ਹੈ ਜਿਸਨੂੰ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਉੱਕਰਿਆ ਹੈ, ਜਿਵੇਂ ਕਿ:

(੧) (ਜੇ ਸਹੀ ਰੂਪ ਵਿਚ ਵੇਖੀਏ ਤਾਂ) ਰਾਗ ਤੇ ਨਾਦ (ਅਵਾਜ਼) ਇਹ ਸ਼ਬਦ ਦਾ ਸੰਬਾਦ (ਆਪਸੀ ਵਿਚਾਰ, ਪ੍ਰਭੂ ਦੇ ਬਾਰ) ਗਿਆਨ ਦਾ ਹੀ ਚੇਤਾ ਕਰਾਉਂਦੇ ਹਨ।

(੨) (ਉਹ ਹੋਰ ਕੀ ਕ੍ਰਿਆ ਕਰਦੇ ਹਨ) ਹੇ ਭਾਈ! ਉਹ ਨੌਂ ਦਰਵਾਜ਼ੇ (ਗੋਲਕਾਂ) ਨੂੰ ਸੋਧ ਕੇ (ਭਾਵ ੯ ਗੋਲਕਾਂ ਨੂੰ ਸੰਸਾਰ ਵੱਲੋਂ ਰੋਕ ਕੇ, ਅੰਤ੍ਰਜਾਮੀ ਹੋ ਕੇ) ਸਾਧ ਅਖਵਾਉਂਦੇ ਹਨ।

(੩) (ਐਸੇ ਸਾਧੂ ਫਿਰ ਇਸ ਤਰ੍ਹਾਂ ਦੀ ਘਾਲ ਕਮਾਈ ਕਰਦੇ ਹੋਏ) ਵੀਹ (ਇਸ ਸੰਸਾਰ ਦੇ ਝੰਜਟਾਂ ਵਿਚੋਂ) ਨਿਕਲ ਕੇ ਇਕੀਹ (ਈਸ਼ਵਰੀ ਪੂਰਨ ਗਿਆਨ ਦੇ ਦਾਇਰੇ ਵਿਚੋਂ ਸ੍ਵੈ-ਸਰੂਪ ਵਿਚ ਜਾ ਪਹੁੰਚਦੇ ਹਨ।

(੪) ਸੁਆਸਾਂ ਨੂੰ ਚੜ੍ਹਾਉਣਾ ਉਤਾਰਨਾ ਆਦਿ ਤਿੰਨਾਂ ਨਾੜੀਆਂ ਨੂੰ ਲੰਘ ਜਾਂਦਾ ਹੈ।

(੫) ਫਿਰ ਨਿਉਲੀ ਕਰਮ (ਸਰੀਰ ਨੂੰ ਸੋਧ ਕੇ) ਭੁਯੰਗਮ ਕੰਗਰੋੜ ਦੀ ਨਾੜੀ ਦੁਆਰੇ ਲੰਘ (ਦਸਮ ਦੁਆਰ ਵਿਚ) ਜਾ ਆਸਣ ਲਾਉਂਦੇ ਹਨ।

(੬) ਇੜਾ ਤੇ ਪਿੰਗਲਾ (ਸੱਜੀ ਖੱਬੀ ਨਾਸਕਾ ਰਾਹੀਂ ਸੁਆਸਾਂ ਦੇ ਉਤਾਰ ਚੜ੍ਹਾਉ ਦੀ) ਘਾਲਣਾ ਨੂੰ ਤਿਆਗ (ਘਾਲ ਕੇ) ਦਸਮ ਦੁਆਰ ਦੀ ਤੀਜੀ ਨਾੜ ਸੁਖਮਨਾ ਉਤੇ ਛਾ ਜਾਂਦੇ (ਭਾਵ ਪੂਰਨ ਟਿਕਾਉ ਪ੍ਰਾਪਤ ਕਰ ਲੈਂਦੇ ਹਨ)।

(੭) ਖੇਚਰ, ਭੂਚਰ ਤੇ ਚਾਚਰ (ਇਹ ਜੋਗੀਆਂ ਦੀਆਂ ਅਗੋਚਰੀ, ਉਨਮਨੀ ਆਦਿ ਪੰਜ ਮੁੰਦ੍ਰਾ) ਸਾਧ ਲੈਂਦੇ ਹਨ, ਤਾਂ ਜਾ ਕੇ ਸਾਧ ਸਦਾਉਂਦੇ ਹਨ (ਜੋਗੀ ਏਨੀਆਂ ਘਾਲਣਾ ਘਾਲ ਕੇ ਜੋਗੀ ਸਦਵਾਉਂਦੇ ਹਨ ਤੇ ਇਸਨੂੰ ਜੋਗੀ ਦੀ ਮੁਕੰਮਲ ਘਾਲਣਾ ਕਿਹਾ ਜਾਂਦਾ ਹੈ।)

(੮) ਇਉਂ ਸਾਧੂ ਅਗੋਚਰ ਖੇਲ (ਸਮਝ ਤੇ ਪਹੁੰਚ ਤੋਂ ਪਰੇ ਦੀ ਖੇਡ) ਦੇ ਮਾਲਕ ਹੋ ਕੇ ਰੂਪ, ਰਸ, ਗੰਧ, ਸ਼ਬਦ ਤੇ ਸਪਰਸ਼ ਆਦਿਕ (ਇੰਦ੍ਰੀਆਂ ਦੇ ਰਸਾਂ ਦੀ ਪਕੜ ਤੋਂ ਅਜ਼ਾਦ ਹੋ ਕੇ) ਉਨਮਨ (ਸਹਿਜ ਅਵਸਥਾ, ਚੌਥੇ ਪਦ) ਵਿਚ ਪਹੁੰਚ ਜਾਂਦੇ ਹਨ।੬।

***ਭਾਵਾਰਥ :*** ਇੜਾ ਪਿੰਗਲਾ ਸੁਖਮਨ, ਇਹ ਤ੍ਰੈ ਨਾੜੀਆਂ ਸਾਸ ਰੋਕਣ ਵਾਲੇ ਸੱਜੀ ਖੱਬੀ ਨਾਸਕਾ ਤੇ ਵਿਚਲੀ ਥਾਂ ਜਾਣਦੇ ਹਨ ਅਤੇ ਸਥੂਲ ਪ੍ਰਾਣ ਦੀ ਆਵਾਜਾਈ ਏਧਰ ਹੋਣ ਕਰਕੇ ਪ੍ਰਾਣਾਯਾਮ ਇਸ ਪਾਸੇ ਖ਼ਿਆਲ ਰਖਕੇ ਹੁੰਦਾ ਹੈ, ਪਰ ਸੂਖਮ ਪ੍ਰਾਣ ਜੋ ਸੰਸਾਰ ਵਿਚ ਆਸਰਾ ਰੂਪ ਹਨ, ਉਨ੍ਹਾਂ ਦਾ ਰੋਕਣਾ ਕੰਗਰੋੜ ਵਿਚ ਹੁੰਦਾ ਹੈ। ਕੰਗਰੋੜ ਦੇ ਮੁਹਰੇ ਇਕ ਦੂਜੇ ਨਾਲ ਜੁੜੇ ਹੇਠ ਤੋਂ ਉਪਰ ਨਖਾਅ ਅਰਥਾਤ ਹਰਾਮ ਮਗਜ ਤਕ ੦੦ ਇਸ ਸ਼ਕਲ ਦੇ ਹਨ, ਇਕ ਦੂਜੇ ਨਾਲ ਜੁੜੇ ਹਨ। ਇਕ ਛੇਕ ਇੜਾ ਹੈ, ਦੂਜਾ ਪਿੰਗਲਾ। ਇਨ੍ਹਾਂ ਵਿਚ ਐਸਾਬ (ਯਾ ਪਠਨਾੜੀਆਂ) ਦਾ ਸਿਲਸਿਲਾ ਹੈ, ਜਿਨ੍ਹਾਂ ਦੁਆਰਾ ਹਿਸ ਤੇ ਹਰਕਤ ਸਾਰੇ ਸਰੀਰ ਵਿਚ ਵੱਸਦੀ ਹੈ। ਸੁਰਤ ਸਰੀਰ ਵਿਚ ਇਨ੍ਹਾਂ ਐਸਾਬਾਂ ਦੁਆਰੇ ਕੰਮ ਕਰਦੀ ਹੈ, ਪਰ ਅੰਤ੍ਰੀਵ ਪ੍ਰਾਣਾਯਾਮ ਨਾਲ ਕੰਗਰੋੜ ਦੇ ਵਿਚਕਾਰ ਜੋ ਦੋਹਾਂ ਮੋਰੀਆਂ ਦੇ ਵਿਚ ਗੱਠ ਜਿਹੀ ਹੈ, ਇਸਦੇ ਅੰਦਰ ਇਕ ਸੂਖਮ ਅਦ੍ਰਿਸ਼ਯ ਛੇਕ ਹੈ ਸੋ ਖੁਲ੍ਹ ਜਾਂਦਾ ਹੈ। ਹੇਠਾਂ ਕੁੰਡਲਨੀ ਸ਼ਕਲ ਦੀ ਪਠਨਾੜੀ ਨੇ ਮੂੰਹ ਬੰਦ ਕੀਤਾ ਹੈ, ਸੋ ਖੁਲ੍ਹ ਜਾਂਦੀ ਹੈ, 'ਕੁੰਡਲਨੀ ਸੁਰਝੀ ਸਤਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ' ਫੇਰ ਸੁਰਤ ਪਠਨਾੜੀਆਂ ਦੀ ਮਦਦ ਤੋਂ ਬਿਨਾ ਇਸ ਨਾੜੀ (ਸੁਖਮਨਾ) ਵਿਚ ਵੜ ਕੇ ਸਰੀਰ ਦੇ ਇੰਦ੍ਰਿਆਂ ਤੋਂ ਬਿਨਾਂ ਕੰਮ ਕਰਦੀ ਹੈ, ਹੇਠ ਤੋਂ ਉਪਰ ਤਕ ਦਿਮਾਗ ਦੇ ਵਿਚ ਤ੍ਰਿਕੋਣਾ ਜਿਹਾ ਵੇਹਲਾ ਥਾਉਂ ਹੈ, ਜਿਥੋਂ ਤਕ ਏਸ ਸੁਖਮਨਾ ਦਾ ਥਾਂ ਹੈ, ਉਸਨੂੰ ਦਸ ਦੁਆਰ ਕਹਿੰਦੇ ਹਨ। ਸੁਰਤ ਏਥੇ ਪਹੁੰਚ ਕੇ ਨਾਮ ਦੇ ਰਸ ਵਿਚ ਨਿਮਗਨ ਹੋ ਜਾਂਦੀ ਹੈ, ਅਰ ਪਾਰਦਰਸ਼ਕ ਤੇ ਦਿੱਬ ਦ੍ਰਿਸ਼ਟਿ ਹੋ ਜਾਂਦੀ ਹੈ, ਇਹ ਅੰਤ੍ਰੀਵ ਪਰਾਣਾਯਾਮ ਦਾ ਪ੍ਰਕਾਰ ਹੈ।

## ੭. ਜੋਗੀਆਂ ਦੇ ਜੋਗ ਬਾਰੇ ਜਾਣਕਾਰੀ

**੧. ਤ੍ਰੈ ਸਤ ਅੰਗੁਲ ਲੈ**
**ਮਨੁ ਪਵਣੁ ਮਿਲਾਇਆ।**
**੨. ਸੋ ਹੰ ਸਹਜਿ ਸੁਭਾਇ**
**ਅਲਖ ਲਖਾਇਆ।**
**੩. ਨਿੱਝਰਿ ਧਾਰਿ ਚੁਆਇ**
**ਅਪਿਉ ਪੀਆਇਆ।**
**੪. ਅਨਹਦ ਧੁਨਿ ਲਿਵ ਲਾਇ**
**ਨਾਦ ਵਜਾਇਆ।**
**੫. ਅਜਪਾ ਜਾਪੁ ਜਪਾਇ**
**ਸੁੰਨ ਸਮਾਇਆ।**
**੬. ਸੁੰਨ ਸਮਾਧਿ ਸਮਾਇ**
**ਆਪੁ ਗਵਾਇਆ।**
**੭. ਗੁਰਮੁਖ ਪਿਰਮ ਚਖਾਇ**
**ਨਿਜ ਘਰਿ ਛਾਇਆ।**
**੮. ਗੁਰ ਸਿਖਿ ਸੰਧਿ ਮਿਲਾਇ ਪੂਰਾ ਪਾਇਆ॥੭॥**

***ਪਦ ਅਰਥ :*** ਤ੍ਰੈ ਸਤ ਅੰਗੁਲ—ਦਸ ਅੰਗੁਲ ਪ੍ਰਮਾਣ। ਨਿੱਝਰਿ—ਇਕ ਰਸ ਧਾਰਾ। ਅਪਿਉ—ਅੰਮ੍ਰਿਤ। ਸੁੰਨ—ਅਫੁਰ। ਪਿਰਮ—ਪ੍ਰੇਮ ਰਸ। ਸੰਧਿ—ਮਿਲਾਪ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਥੇ ਆਪ ਜੀ ਸਾਨੂੰ ਹੋਰ ਅਨੇਕਾਂ ਪ੍ਰਕਾਰ ਦੀ ਜਾਣਕਾਰੀ ਦੇਂਦੇ ਆ ਰਹੇ ਹੋ, ਉਥੇ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਸਾਨੂੰ ਗੁਰਮਤ ਦੇ

ਜੋਗ ਬਾਰੇ ਅਤੇ ਜੋਗੀਆਂ ਦੇ ਜੋਗ ਮੱਤ ਬਾਰੇ ਜਾਣਕਾਰੀ ਦਿਓ ਕਿ ਇਨ੍ਹਾਂ ਦੋਵੇਂ ਪੱਖਾਂ ਵਿਚ ਪ੍ਰਸਪਰ ਕਿਤਨਾ ਕੁ ਅੰਤਰਾ ਹੈ ਕਿਉਂਕਿ ਆਪ ਜੀ ਨੇ ਤਾਂ ਦੋਵੇਂ ਮੱਤਾਂ ਨੂੰ ਚੰਗੀ ਤਰ੍ਹਾਂ ਪੜਚੋਲਿਆ ਹੈ, ਇਸ ਲਈ ਸਾਨੂੰ ਭੀ ਇਨ੍ਹਾਂ ਬਾਰੇ ਚੰਗੀ ਤਰ੍ਹਾਂ ਬੋਧ ਕਰਵਾਓ, ਧੰਨਵਾਦੀ ਹੋਵਾਂਗੇ ?

**ਉ:** ਹੇ ਭਾਈਓ ! ਮੈਨੂੰ ਵੱਖੋ ਵੱਖ ਮੱਤ ਮਤਾਂਤ੍ਰਾਂ ਦੇ ਬਾਰੇ ਖੋਜ ਕਰਦੇ ਰਹਿਣ ਦਾ ਸਮਾਂ ਮਿਲਦਾ ਰਿਹਾ ਹੈ, ਸਾਰੇ ਹੀ ਮੱਤ ਆਪੋ ਆਪਣੇ ਮੱਤਾਂ ਦੀ ਸ਼ਲਾਘਾ ਹੀ ਕਰਦੇ ਨਜ਼ਰ ਆਏ ਹਨ, ਪਰ ਜਦ ਮੈਂ ਜੋਗ ਮੱਤ ਵੱਲ ਨਜ਼ਰ ਦੁੜਾਈ ਤਾਂ ਉਹ ਇਉਂ ਹੀ ਕਹਿੰਦੇ ਸੁਣੇ ਗਏ ਕਿ :

ਜੋਗੀ ਕਹਹਿ ਜੋਗੁ ਭਲ ਮੀਠਾ
ਅਵਰੁ ਨ ਦੂਜਾ ਭਾਈ ॥
ਰੁੰਡਿਤ ਮੁੰਡਿਤ ਏਕੈ ਸਬਦੀ
ਏਇ ਕਹਹਿ ਸਿਧਿ ਪਾਈ ॥੧॥
ਹਰਿ ਬਿਨੁ ਭਰਮਿ ਭੁਲਾਨੇ ਅੰਧਾ ॥
ਜਾ ਪਹਿ ਜਾਉ ਆਪੁ ਛੁਟਕਾਵਨਿ
ਤੇ ਬਾਧੇ ਬਹੁ ਫੰਧਾ ॥੧॥ਰਹਾਉ॥

*(ਗਉੜੀ, ਪੰਨਾ ੩੩੪)*

ਜੋਗ ਮੱਤ ਵਾਲੇ ਤਾਂ ਇਹੋ ਦਾਅਵਾ ਕਰਦੇ ਹਨ ਕਿ ਸਾਡੇ ਜੋਗ ਮੱਤ ਤੋਂ ਹੋਰ ਸਾਰੇ ਮੱਤ ਨੀਵੇਂ ਤੇ ਕਮਜ਼ੋਰ ਹਨ, ਬੰਧਨਾਂ ਤੋਂ ਨਿਰਬੰਧ ਕਰਨ ਵਾਲਾ ਕੇਵਲ ਜੋਗ ਮੱਤ ਹੀ ਹੈ, ਪਰ ਜਦੋਂ ਮੈਂ ਜੋਗ ਮੱਤ ਅਤੇ ਹੋਰ ਅਨੇਕਾਂ ਮੱਤਾਂ ਨੂੰ ਪੜਚੋਲ ਕੇ ਆਖ਼ਰ ਗੁਰਮਤ ਦੇ ਸਿਧਾਂਤ ਨੂੰ ਖੋਜਿਆ ਤਾਂ ਇਹੋ ਬੋਧ ਮਿਲਿਆ ਕਿ ਗੁਰਮਤ ਦੇ 'ਜੋਗ ਮੱਤ' ਤੋਂ ਬਾਕੀ ਸਾਰੇ ਮੱਤ ਉਰਾਰ ਹੀ ਰਹਿ ਜਾਂਦੇ ਹਨ, ਕੇਵਲ ਗੁਰਮਤ ਦਾ ਜੋਗ ਹੀ ਸਿਖ਼ਰਾਂ ਤਕ ਪਹੁੰਚਾਉਂਦਾ ਹੈ। ਕਿਉਂਕਿ :

ਜਦੋਂ ਅਸੀਂ ਗੁਰਮਤ ਅਨੁਸਾਰ 'ਜੋਗ' ਦੀ ਵੀਚਾਰ ਕਰਦੇ ਹਾਂ, ਤਾਂ ਇਸਦਾ ਅੱਖਰੀ ਅਰਥ ਹੈ ਜੁੜਨਾ। ਜੁੜਨਾ ਭੀ ਉਸ ਨਾਲ ਹੈ ਜਿਸ ਤੋਂ ਅਸੀਂ ਵਿਛੜੇ ਹੋਏ ਹਾਂ, ਜੋ ਸਾਡੇ ਵਿਜੋਗ ਨੂੰ ਸੰਜੋਗ ਵਿਚ ਨਹੀਂ ਬਦਲਦਾ ਤਾਂ ਉਸਨੂੰ ਪੂਰਾ ਜੋਗ ਨਹੀਂ ਕਿਹਾ ਜਾ ਸਕਦਾ, ਉਹ ਅਧੂਰਾ ਜੋਗ ਹੈ। ਕਿਉਂਕਿ ਜੋਗੀਆਂ ਦੇ ਜੋਗ ਮੱਤ ਬਾਰੇ ਸਾਨੂੰ ਬਾਣੀ ਵਿਚੋਂ ਬਾਰ ਬਾਰ ਉਦਾਹਰਣ ਮਿਲਦੇ ਹਨ ਕਿ ਇਹ ਸਾਨੂੰ ਸਾਡੇ ਸਹੀ ਸਰੂਪ ਦੇ ਮਿਲਾਪ ਤੋਂ ਸਖਣਾ ਹੀ ਰੱਖਦਾ ਹੈ, ਜਿਵੇਂ ਕਿ ਗੁਰੂ ਫ਼ੁਰਮਾਨ ਹੈ ਕਿ :

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ
ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ
ਅਧਿਕ ਅਹੰਬੁਧਿ ਬਾਧੇ ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ
ਮੈ ਕੀਏ ਕਰਮ ਅਨੇਕਾ ॥ *(ਸੋਰਠਿ ਮ: ੫, ਪੰਨਾ ੬੪੧)*

ਜੋਗ ਸਿਧ ਆਸਣ ਚਉਰਾਸੀਹ
ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ
ਹਰਿ ਸਿਉ ਸੰਗੁ ਨ ਗਹਿਆ ॥੬॥

*(ਸੋਰਠਿ ਮ: ੫, ਪੰਨਾ ੬੪੨)*

ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ ॥
ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ ॥

*(ਸਲੋਕੁ ਮ: ੩, ਪੰਨਾ ੧੦੮੯)*

ਜੋਗੀ ਗਿਰਹੀ ਜਟਾ ਬਿਭੂਤ ॥
ਆਗੈ ਪਾਛੈ ਰੋਵਹਿ ਪੂਤ ॥
ਜੋਗੁ ਨ ਪਾਇਆ ਜੁਗਤਿ ਗਵਾਈ ॥
ਕਿਤੁ ਕਾਰਣਿ ਸਿਰਿ ਛਾਈ ਪਾਈ ॥

*(ਸਲੋਕੁ ਮ: ੧, ਪੰਨਾ ੯੫੧)*

ਜੋਗੀ ਗ੍ਰਿਹੀ ਪੰਡਿਤ ਭੇਖ ਧਾਰੀ ॥
ਏ ਸੂਤੇ ਅਪਣੈ ਅਹੰਕਾਰੀ ॥੧॥
ਮਾਇਆ ਮਦਿ ਮਾਤਾ ਰਹਿਆ ਸੋਇ ॥
ਜਾਗਤੁ ਰਹੈ ਨ ਮੂਸੈ ਕੋਇ ॥੧॥ਰਹਾਉ॥

*(ਭੈਰਉ ਮ: ੩, ਪੰਨਾ ੧੧੨੮)*

ਪੰਡਿਤ ਸਾਸਤ ਸਿਮ੍ਰਿਤਿ ਪੜਿਆ ॥
ਜੋਗੀ ਗੋਰਖੁ ਗੋਰਖੁ ਕਰਿਆ ॥
ਮੈ ਮੂਰਖ ਹਰਿ ਹਰਿ ਜਪੁ ਪੜਿਆ ॥੧॥

*(ਗਉੜੀ ਮ: ੪, ਪੰਨਾ ੧੬੩)*

ਮੂੰਡਿ ਮੁੰਡਾਇਐ ਜੇ ਗੁਰੁ ਪਾਈਐ
ਹਮ ਗੁਰੁ ਕੀਨੀ ਗੰਗਾਤਾ ॥
ਤ੍ਰਿਭਵਣ ਤਾਰਣਹਾਰੁ ਸੁਆਮੀ
ਏਕੁ ਨ ਚੇਤਸਿ ਅੰਧਾਤਾ ॥੨॥

*(ਗਉੜੀ ਮ: ੧, ਪੰਨਾ ੧੫੫)*

ਜੋਗੀ ਜੁਗਤਿ ਗਵਾਈ ਹੰਢੈ
ਪਾਖੰਡਿ ਜੋਗੁ ਨ ਪਾਈ ॥੧੦॥
ਸਿਵ ਨਗਰੀ ਮਹਿ ਆਸਣਿ ਬੈਸੈ
ਗੁਰ ਸਬਦੀ ਜੋਗੁ ਪਾਈ ॥੧੧॥

*(ਰਾਮਕਲੀ ਮ: ੩, ਪੰਨਾ ੯੦੯)*

ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥੨॥
ਸੋ ਜੋਗੀ ਜੋ ਜੁਗਤਿ ਪਛਾਣੈ॥
ਗੁਰ ਪਰਸਾਦੀ ਏਕੋ ਜਾਣੈ॥

*(ਧਨਾਸਰੀ ਮ: ੧, ਪੰਨਾ ੬੬੨)*

ਕਹਾ ਭਇਓ ਤੀਰਥ ਬ੍ਰਤ ਕੀਏ
ਰਾਮ ਸਰਨਿ ਨਹੀ ਆਵੈ॥
ਜੋਗ ਜਗ ਨਿਹਫਲ ਤਿਹ ਮਾਨਉ
ਜੋ ਪ੍ਰਭ ਜਸੁ ਬਿਸਰਾਵੈ॥੧॥

*(ਬਿਲਾਵਲੁ ਮ: ੯, ਪੰਨਾ ੮੩੦)*

ਜੋਗੀ ਜੰਗਮ ਅਰੁ ਸੰਨਿਆਸ॥
ਸਭ ਹੀ ਪਰਿ ਡਾਰੀ ਇਹ ਫਾਸ॥੧॥

*(ਬਸੰਤੁ ਮ: ੯, ਪੰਨਾ ੧੧੮੬)*

ਜੋਗੀ ਜਤਨ ਕਰਤ ਸਭਿ ਹਾਰੇ
ਗੁਨੀ ਰਹੇ ਗੁਨ ਗਾਈ॥
ਜਨ ਨਾਨਕ ਹਰਿ ਭਏ ਦਇਆਲਾ
ਤਉ ਸਭ ਬਿਧਿ ਬਨਿ ਆਈ॥੨॥੪॥

*(ਗਉੜੀ ਮ: ੯, ਪੰਨਾ ੨੧੯)*

ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ
ਕਰਿ ਗਏ ਗੋਸਟਿ ਢੋਆ॥

*(ਤੁਖਾਰੀ ਮ: ੪, ਪੰਨਾ ੧੧੧੬)*

ਜੋਗੁ ਨ ਖਿੰਥਾ ਜੋਗੁ ਨ ਡੰਡੈ
ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ
ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਇਵ ਪਾਈਐ॥੧॥
ਗਲੀ ਜੋਗੁ ਨ ਹੋਈ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ
ਜੋਗੀ ਕਹੀਐ ਸੋਈ॥੧॥ਰਹਾਉ॥
ਜੋਗੁ ਨ ਬਾਹਰਿ ਮੜੀ ਮਸਾਣੀ
ਜੋਗੁ ਨ ਤਾੜੀ ਲਾਈਐ॥
ਜੋਗੁ ਨ ਦੇਸਿ ਦਿਸੰਤਰਿ ਭਵਿਐ
ਜੋਗੁ ਨ ਤੀਰਥਿ ਨਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਇਵ ਪਾਈਐ॥੨॥
ਸਤਿਗੁਰੁ ਭੇਟੈ ਤਾ ਸਹਸਾ ਤੂਟੈ
ਧਾਵਤੁ ਵਰਜਿ ਰਹਾਈਐ॥
ਨਿਝਰੁ ਝਰੈ ਸਹਜ ਧੁਨਿ ਲਾਗੈ
ਘਰ ਹੀ ਪਰਚਾ ਪਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਇਵ ਪਾਈਐ॥੩॥
ਨਾਨਕ ਜੀਵਤਿਆ ਮਰਿ ਰਹੀਐ
ਐਸਾ ਜੋਗੁ ਕਮਾਈਐ॥
ਵਾਜੇ ਬਾਝਹੁ ਸਿੰਙੀ ਵਾਜੈ
ਤਉ ਨਿਰਭਉ ਪਦੁ ਪਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਤਉ ਪਾਈਐ॥੪॥੧॥੮॥

*(ਸੂਹੀ ਮ: ੧, ਪੰਨਾ ੭੩੦)*

ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥
ਨਾਨਕ ਘਰਿ ਬੈਠਿਆ ਜੋਗੁ ਪਾਈਐ
ਸਤਿਗੁਰ ਕੈ ਉਪਦੇਸਿ॥੬੪॥

*(ਸਲੋਕ ਮਹਲਾ ੩, ਪੰਨਾ ੧੪੨੧)*

ਇਸ ਤ੍ਰਾਂ ਬਾਣੀ ਵਿਚੋਂ ਸਾਨੂੰ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ ਕਿ ਜੋਗੀਆਂ ਦੇ ਜੋਗ ਅਤੇ ਗੁਰਮਤ ਦੇ ਜੋਗ ਵਿਚ ਕੀ ਅੰਤਰਾ ਹੈ, ਗੁਰਮਤ ਦਾ ਜੋਗ ਸਾਨੂੰ ਇਹੋ ਸੰਬੋਧਨ ਕਰਾਉਂਦਾ ਹੈ ਕਿ ਘਰ ਬਾਰ ਤੇ ਪ੍ਰਵਾਰ ਨੂੰ ਤਿਆਗ ਕੇ ਸਰੀਰਕ ਪਹਿਰਾਵਾ ਬਦਲ ਲੈਣ ਨੂੰ ਸਹੀ ਜੋਗ ਨਹੀਂ ਕਿਹਾ ਜਾ ਸਕਦਾ, ਸਗੋਂ ਸਹੀ ਜੋਗ ਤਾਂ ਇਹੋ ਹੈ ਜਦ ਕਿ ਕੋਈ ਗੁਰੂ ਦੁਆਰੇ ਆਪਣੀਆਂ ਮਲੀਨ ਵਾਸ਼ਨਾਵਾਂ ਨੂੰ ਬਦਲ ਕੇ ਗੁਰਮਤ ਦਾ ਧਾਰਨੀ ਹੋ ਆਪਣਾ ਜੀਵਨ ਗੁਜ਼ਾਰਦਾ ਹੈ, ਅਜਿਹਾ ਮਨੁੱਖ ਜੋ ਆਪਣਾ ਨਿਰਲੇਪ ਜੀਵਨ ਗੁਜ਼ਾਰਦਾ ਹੈ, ਉਹ ਭਾਵੇਂ ਸਰੀਰ ਕਰਕੇ ਕਿਤੇ ਭੀ ਰਹਿੰਦਾ ਹੈ ਗੁਰਮਤ ਉਸਨੂੰ ਸਹੀ ਜੋਗੀ ਹੋਣ ਦਾ ਦਰਜਾ ਪ੍ਰਦਾਨ ਕਰਦੀ ਹੈ। ਸੋ ਮੈਂ ਭੀ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਅੰਕਤ ਕੀਤੀਆਂ ਹਨ, ਜਿਨ੍ਹਾਂ ਵਿਚ ਗੁਰਮਤ ਦਾ ਜੋਗ ਤੇ ਬਹਿਰੂਨੀ ਜੋਗ ਦਾ ਅੰਤਰਾ ਦਰਸਾਇਆ ਹੈ :

(੧) (ਜੋ ਜੋਗ ਮੱਤ ਦੇ ਧਾਰਣੀ ਹਨ ਉਹ) ਜੋਗੀ ਦਸ ਉਂਗਲ ਦੇ ਪ੍ਰਮਾਣ (ਅਨੁਸਾਰ ਸੁਆਸਾਂ ਨੂੰ ਬਾਹਰ ਖਿੱਚ ਕੇ, ਫਿਰ ਅੰਦਰ ਲਿਜਾ ਕੇ) ਉਨ੍ਹਾਂ ਵਿਚ ਮਨ ਤੇ ਪਉਣ ਨੂੰ ਮਿਲਾਉਂਦੇ ਹਨ।

(੨) (ਇਸ ਤਰੀਕੇ ਨਾਲ) ਸੋ ਹੰ ਮੰਤ੍ਰ (ਦਾ ਜਾਪ ਕਰਦੇ,

ਪ੍ਰਾਣ ਚੜ੍ਹਾਉਂਦੇ ਤੇ ਉਤਾਰਦੇ ਇਸ ਅਭਿਆਸ ਵਿਚ ਮੁਕੰਮਲ ਹੋ ਜਾਂਦੇ ਹਨ ਤਾਂ) ਸੁਭਾਵਕ ਹੀ ਅਲਖ ਪਰਮੇਸ਼ਰ ਨੂੰ ਸਹਿਜ ਸੁਭਾਵ ਲਖਿਆ (ਜਾਣ ਜਾਂਦੇ ਹਨ)।

(੩) (ਉਨ੍ਹਾਂ ਵਿਚ ਫਿਰ ਇਹ ਨਿਸ਼ਾਨੀ ਪ੍ਰਗਟ ਹੁੰਦੀ ਹੈ ਕਿ ਦਸਮ ਦੁਆਰ ਵਿਚੋਂ) ਇਕ ਰਸ ਅੰਮ੍ਰਿਤ ਦੀ ਧਾਰ ਵੱਗ ਤੁਰਦੀ ਹੈ, (ਜਿਸਨੂੰ ਅਭਿਆਸੀ ਪੀਂਦਾ ਹੈ)।

(੪) ਇਸ ਉਪਰੰਤ ਇਕ ਰਸ ਅਨਹਦ ਧੁਨੀ ਵਾਲੇ ਵਾਜੇ ਵੱਜਦੇ ਹਨ (ਅਨਹਦ ਧੁਨੀ) ਵਿਚ ਲਿਵ ਲੱਗ ਜਾਂਦੀ ਹੈ (ਜੋ) ਨਾਦ ਦੇ ਵੱਜਣ ਦੀ ਮਸਤੀ ਮਸਤ ਕਰਕੇ (ਸਮਾਧੀ ਸਥਿਰ ਕਰ ਦੇਂਦੀ ਹੈ)।

(੫) (ਇਉਂ ਆਪਣੇ ਆਪ ਸੋ ਹੰ ਸ਼ਬਦ ਦਾ) ਅਜਪਾ ਜਾਪ ਸੁੰਨ ਸਮਾਧੀ ਦੀ ਅਫੁਰ ਦਸ਼ਾ ਵਰਤ ਜਾਂਦੀ ਹੈ।

(੬) ਜੋਗੀ ਇਸ ਤਰ੍ਹਾਂ ਸੁੰਨ (ਅਫੁਰ ਸਮਾਧੀ ਵਿਚ ਜੁੜ ਕੇ ਆਪਣੀ ਬਿਰਤੀ-ਸੁਰਤ ਤੇ ਪ੍ਰਾਣਾਂ ਨੂੰ ਰੋਕ ਛੱਡਦੇ ਹਨ।

(੭) (ਇਹ ਤਾਂ ਜੋਗੀਆਂ ਦੀ ਕਮਾਈ ਹੈ, ਪਰ) ਗੁਰਮੁਖ ਲੋਕ (ਗੁਰੂ ਦੀ ਕ੍ਰਿਪਾ ਨਾਲ ਸੁਤੇ ਸਿਧ ਹੀ) ਪ੍ਰੇਮ ਰਸ ਨੂੰ ਚਖ ਕੇ ਨਿਜ ਸਰੂਪ ਵਿਚ ਛਾਏ (ਮਗਨ) ਰਹਿੰਦੇ ਹਨ।

(੮) ਗੁਰ ਤੇ ਸਿਖ ਦੀ ਇਸ ਪ੍ਰਸਪਰ ਏਕਤਾ ਤੇ ਮਿਲਾਪ ਨਾਲ ਪੂਰੇ ਗੁਰੂ ਦੀ ਕਿਰਪਾ ਨਾਲ ਪਰਮੇਸ਼ਰ ਦਾ ਮਿਲਾਪ ਹੋ ਜਾਂਦਾ ਹੈ।੭।

***ਭਾਵਾਰਥ :*** ਭਾਈ ਸਾਹਿਬ ਨੇ ਇਸ ਪਉੜੀ ਦੀਆਂ ਛੇ ਪੰਗਤੀਆਂ ਵਿਚ ਕਰਮ ਯੋਗ ਦੇ ਹਠ ਜੋਗ ਨੂੰ ਦਰਸਾ ਕੇ ਸਤਵੀਂ ਤੇ ਅਠਵੀਂ ਪੰਗਤੀ ਵਿਚ ਗੁਰਮੁਖਾਂ ਦਾ ਸੁਖੈਨ ਰਾਹ ਦਰਸਾਇਆ ਹੈ, ਜਿਸ ਵਿਚ ਅੰਗਾਂ ਪ੍ਰਤੰਗਾਂ ਦੇ ਸਾਧਨਾਂ ਦੀ ਲੋੜ ਨਹੀਂ ਕੇਵਲ ਮਨ ਕਰਕੇ ਸੱਚਾ ਪ੍ਰੇਮ ਕਰਨ ਦੀ ਲੋੜ ਹੈ।

ਬੁਧੀਜੀਵੀਆਂ ਨੇ ਜੋਗ ਮਾਰਗ ਨੂੰ ਚੀਟੀ ਮਾਰਗ ਅਤੇ ਗੁਰਮੱਤ ਨੂੰ ਬਿਹੰਗਮ ਮਾਰਗ ਦਰਸਾਇਆ ਹੈ, ਭਾਵ ਹੈ ਕਿ ਕੀੜੀ ਜਿਸ ਮਾਰਗ ਨੂੰ ਸੈਂਕੜੇ ਸਾਲਾਂ ਵਿਚ ਮੁਕਾਉਂਦੀ ਹੈ, ਉਸ ਸਫ਼ਰ ਨੂੰ ਪੰਛੀ ਥੋੜੇ ਦਿਨਾਂ ਵਿਚ ਹੀ ਮੁਕਾ ਲੈਂਦਾ ਹੈ, ਇਸ ਭਾਵ ਨੂੰ ਬਾਣੀ ਵਿਚ ਬਾਰ ਬਾਰ ਦ੍ਰਿੜ੍ਹ ਕਰਵਾਇਆ ਹੈ ਕਿ ਹੇ ਭਾਈਓ! ਇਸ ਕਲਿਜੁਗ ਦੇ ਸਮੇਂ ਵਿਚ ਰੱਬੀ ਮਾਰਗ 'ਤੇ ਸਫ਼ਰ ਕਰਨ ਲਈ ਕੇਵਲ ਗੁਰਮਤ ਦਾ ਮਾਰਗ ਹੀ ਸਫਲ ਹੈ ਕਿਉਂਕਿ ਪਿਛਲੇ ਜੁਗਾਂ ਦੇ ਧਰਮ ਉਨ੍ਹਾਂ ਜੁਗਾਂ ਦੇ ਨਾਲ ਹੀ ਗੁਜ਼ਰ ਗਏ, ਪਰ ਕਲਿਜੁਗ ਦੇ ਸਮੇਂ ਵਿਚ ਗੁਰਮਤ ਦੇ ਧਾਰਨੀ ਹੋ ਉਸ ਪ੍ਰਭੂ ਦਾ ਨਾਮ ਚਿੰਤਨ ਕਰਨਾ ਹੀ ਸਫਲ ਹੈ ਕਿਉਂਕਿ ਬਾਣੀ ਵਿਚ ਇਸ ਗੁਰਮਤ ਦੇ ਸਿਧਾਂਤ ਨੂੰ ਬਾਰ ਬਾਰ ਦ੍ਰਿੜ੍ਹ ਕਰਵਾਇਆ ਹੈ ਕਿ :

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥੧॥
*(ਗਉੜੀ ਬੈਰਾਗਣਿ, ਪੰਨਾ ੩੪੬)*

ਅਬ ਕਲੂ ਆਇਓ ਰੇ ॥
ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੁਤਿ ਨਾਹੀ ਨਾਹੀ ॥
ਮਤੁ ਭਰਮਿ ਭੂਲਹੁ ਭੂਲਹੁ ॥......
ਮਨ ਰੁਤਿ ਨਾਮ ਰੇ ॥ *(ਬਸੰਤੁ ਮ: ੫, ਪੰਨਾ ੧੧੮੫)*

## ੮. ਗੁਰੂ ਤੇ ਸਿੱਖ ਦੇ ਮਿਲਾਪ ਦੀ ਮਹਿਮਾ

**੧. ਜੋਤੀ ਜੋਤਿ ਜਗਾਇ**
**ਦੀਵਾ ਬਾਲਿਆ।**
**੨. ਚੰਦਨ ਵਾਸੁ ਨਿਵਾਸੁ**
**ਵਣਸਪਤਿ ਫਾਲਿਆ।**
**੩. ਸਲਲੈ ਸਲਲ ਸੰਜੋਗ**
**ਤ੍ਰਿਬੇਣੀ ਚਾਲਿਆ।**
**੪. ਪਵਣੈ ਪਵਣੁ ਸਮਾਇ**
**ਅਨਹਦ ਭਾਲਿਆ।**
**੫. ਹੀਰੈ ਹੀਰਾ ਬੇਧਿ**
**ਪਰੋਇ ਦਿਖਾਲਿਆ॥**
**੬. ਪੱਥਰੁ ਪਾਰਸੁ ਹੋਇ**
**ਪਾਰਸੁ ਪਾਲਿਆ।**
**੭. ਅਨਲ ਪੰਖ ਪੁਤੁ ਹੋਇ**
**ਪਿਤਾ ਸਮ੍ਹਾਲਿਆ।**
**੮. ਬ੍ਰਹਮੈ ਬ੍ਰਹਮੁ ਮਿਲਾਇ ਸਹਜਿ ਸੁਖਾਲਿਆ॥੮॥**

***ਪਦ ਅਰਥ :*** ਵਾਸੁ—ਸੁਗੰਧੀ। ਫਾਲਿਆ—ਫਲਿਆ ਜਾਂ ਫੈਲਿਆ। ਸਲਲ—ਪਾਣੀ। ਅਨਲ—ਅਕਾਸ਼ ਦਾ ਪੰਛੀ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਜਦੋਂ ਅਸੀਂ ਬਾਹਰਮੁਖੀ ਨੇਤ੍ਰਾਂ ਰਾਹੀਂ ਤੱਕਦੇ ਹਾਂ ਤਾਂ ਸਾਨੂੰ ਸਿੱਖੀ ਦੇ ਸਰੂਪ ਵਿਚ ਬਹੁਤ ਸਿਖ ਨਜ਼ਰ ਆਉਂਦੇ ਹਨ ਅਤੇ ਉਨ੍ਹਾਂ ਵਿਚ ਕਈ ਪੂਰਨ ਸਿਖ ਹੋਣ ਦਾ ਦਾਅਵਾ ਭੀ ਕਰਦੇ ਹਨ, ਪਰ ਕਈ ਉਨ੍ਹਾਂ ਸਿਖ ਹੋਣ ਦੇ ਦਾਅਵਾ ਕਰਨ ਵਾਲਿਆਂ ਨੂੰ ਤੱਕ ਕੇ ਸਾਨੂੰ ਭਰਮ ਭੁਲੇਖਾ ਭੀ ਹੋ ਆਉਂਦਾ ਹੈ ਕਿ ਹੋ ਸਕਦਾ ਹੈ ਕਿ ਇਹ ਸਹੀ ਸਿਖ ਹੀ ਹੋਵੇ, ਪਰ ਕੀ ਦਸੋਗੇ ਕਿ ਤੁਸੀਂ ਗੁਰੂ ਦੇ ਪੂਰਨ ਸਿਖ ਹੋਣ ਦੀ ਸਹੀ ਰੂਪ-ਰੇਖਾ ਕਿਸ ਤਰ੍ਹਾਂ ਦੀ ਅਨੁਭਵ ਕਰਦੇ ਹੋ ?

ਉ: ਹੇ ਭਾਈਓ ! ਅਸਲ ਵਿਚ ਮੈਂ ਤਾਂ ਗੁਰੂ ਦਾ ਸਹੀ ਸਰੂਪ ਵਿਚ ਸਿਖ ਹੋਣਾ ਉਸੇ ਨੂੰ ਹੀ ਨਿਸਚਤ ਕਰਦਾ ਹਾਂ ਜਿਸ ਨੂੰ ਗੁਰੂ ਨੇ ਖ਼ੁਦ ਆਪਣੀ ਬਾਣੀ ਵਿਚ ਉਸ ਦੀ ਰੂਪ-ਰੇਖਾ ਨੂੰ ਅੰਕਤ ਕੀਤਾ ਹੈ। ਸੋ ਬਾਣੀ ਵਿਚ ਭੀ ਉਸੇ ਗੁਰਸਿਖ ਨੂੰ ਕਬੂਲ ਕੀਤਾ ਗਿਆ ਹੈ ਜੋ ਗੁਰੂ ਦੀ ਦਸੀ ਧਾਰਨਾ ਦੇ ਅਨਕੂਲ ਹੋ ਜੀਵਨ ਗੁਜ਼ਾਰਦਾ ਹੈ, ਜਿਵੇਂ ਕਿ ਗੁਰੂ ਦਾ ਫ਼ੁਰਮਾਨ ਹੈ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥

*(ਗਉੜੀ ਕੀ ਵਾਰ, ਮ: ੪, ਪੰਨਾ ੩੦੬)*

ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥
ਰਾਮ ਨਾਮ ਮੰਤ੍ਰੁ ਹਿਰਦੈ ਦੇਵੈ
ਨਾਨਕ ਮਿਲਣੁ ਸੁਭਾਏ ॥੮॥੨॥੯॥

*(ਆਸਾ ਮ: ੪, ਪੰਨਾ ੪੪੪)*

ਭਾਵ ਹੈ ਜੋ ਸਿਖ ਹੋਣ ਦਾ ਦਾਅਵਾ ਕਰਦਾ ਹੈ, ਇਹ ਦਾਅਵਾ ਹੀ ਉਸਦਾ ਦਸਦਾ ਹੈ ਕਿ ਉਹ ਸਿੱਖੀ ਦੇ ਸਹੀ ਮਾਰਗ ਤੋਂ ਖੁੰਝਿਆ ਹੋਇਆ ਸਿਖ ਹੈ। ਕਿਉਂਕਿ ਜੋ ਗੁਰੂ ਦੀ ਦਰਸਾਈ ਹੋਈ ਸਿੱਖੀ ਦੀ ਵੀਚਾਰ ਹੈ, ਜੋ ਉਸ ਦਾ ਧਾਰਨੀ ਹੋ ਕੇ ਜੀਵਨ ਗੁਜ਼ਾਰਦਾ ਹੈ ਉਸੇ ਨੂੰ ਹੀ ਸਹੀ ਰੂਪ ਵਿਚ ਸਿਖ ਕਿਹਾ ਜਾ ਸਕਦਾ ਹੈ :

ਸਿਖੀ ਸਿਖਿਆ ਗੁਰ ਵੀਚਾਰਿ ॥ *(ਪੰਨਾ ੪੬੫)*

ਭਾਵ ਜਿਸ ਸਿਖ ਨੇ ਸਿੱਖੀ ਦੇ ਸਹੀ ਰੂਪ ਨੂੰ ਅਨੁਭਵ ਕਰ ਲਿਆ ਹੈ ਉਹ ਤਾਂ ਕਦੇ ਭੀ ਆਪਣੀ ਹੋਂਦ ਨੂੰ ਪ੍ਰਗਟਾਉਂਦਾ ਨਹੀਂ, ਸਗੋਂ ਆਪਣੇ ਆਪ ਨੂੰ ਛੁਪਾ ਕੇ ਰਖਦਾ ਹੈ ਤੇ ਉਹ ਸਦਾ ਇਉਂ ਹੀ ਕਹਿੰਦਾ ਹੈ ਕਿ :

ਹਮ ਨਹੀ ਚੰਗੇ ਬੁਰਾ ਨਹੀ ਕੋਇ ॥
ਪ੍ਰਣਵਤਿ ਨਾਨਕੁ ਤਾਰੇ ਸੋਇ ॥੪॥੧॥੨॥

*(ਸੂਹੀ ਮ: ੧, ਪੰਨਾ ੭੨੮)*

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥
ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥੭॥

*(ਸਲੋਕ ਕਬੀਰ ਜੀ, ਪੰਨਾ ੧੩੬੪)*

ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥੪॥੭॥

*(ਮਾਰੂ ਮ: ੧, ਪੰਨਾ ੯੯੧)*

ਭਾਵ, ਜੋ ਸਿਖ ਸਿੱਖੀ ਦੇ ਸਹੀ ਮਾਰਗ ਪਰ ਸਫ਼ਰ ਕਰਦਾ ਹੋਇਆ ਜੀਵਨ ਗੁਜ਼ਾਰਦਾ ਹੈ, ਉਹ ਆਪਣੀ ਹੋਂਦ ਨੂੰ ਕਿਸੇ ਰੂਪ ਵਿਚ ਭੀ ਨਹੀਂ ਪ੍ਰਗਟ ਕਰਦਾ, ਉਹ ਤਾਂ ਆਪਣੇ ਆਪ ਨੂੰ ਸਾਰਿਆਂ ਤੋਂ ਨੀਵਾਂ ਹੀ ਅਨੁਭਵ ਕਰਦਾ ਹੈ ਕਿਉਂਕਿ ਉਸਦੇ ਅੰਦਰੋਂ ਆਪਾ-ਭਾਵ ਸਦਾ ਲਈ ਮਿਟ ਗਿਆ ਹੈ।

ਬਾਹਰੋਂ ਸਿੱਖੀ ਦਾ ਪਹਿਰਾਵਾ ਪਹਿਨ ਲੈਣਾ ਹੋਰ ਗੱਲ ਹੈ, ਪਰ ਅੰਦਰੋਂ ਗੁਰਸਿੱਖੀ ਦੀ ਰਹਿਤ ਬਹਿਤ ਦਾ ਧਾਰਨੀ ਹੋਣਾ ਹੋਰ ਗੱਲ ਹੈ, ਕਿਉਂਕਿ ਬਾਹਜਮੁਖੀ ਸਿੱਖੀ ਦਾ ਬੁਰਕਾ ਪਹਿਨ ਲੈਣਾ ਇਕ ਉਹ ਕਾਗ਼ਜ਼ੀ ਫੁਲ ਹੈ ਜਿਸ ਵਿਚ ਸਾਨੂੰ ਭਾਵਨਾ ਦੀ ਸੁਗੰਧੀ ਨਹੀਂ ਮਿਲਦੀ। ਜਿਤਨਾ ਚਿਰ ਕਿਸੇ ਸਿਖ ਵਿਚ ਹੰਕਾਰ ਭਾਵਨਾ ਹੈ ਉਸ ਸਿਖ ਨੂੰ ਗੁਰੂ ਦਰਬਾਰ ਵਿਚ ਕਬੂਲਿਆ ਨਹੀਂ ਜਾਂਦਾ, ਅੰਦਰੋਂ ਬਾਹਰੋਂ ਸਿੱਖੀ ਦੇ ਜੋ ਸਹੀ ਸਰੂਪ ਦਾ ਧਾਰਨੀ ਹੈ ਉਹ ਇਕ ਅਸਲੀ ਫੁਲ ਹੈ ਜਿਸ ਵਿਚੋਂ ਸਾਨੂੰ ਸ਼ਰਧਾ ਭਾਵਨਾ ਦੀ ਸੁਗੰਧੀ ਭੀ ਮਿਲਦੀ ਹੈ, ਅਜਿਹੇ ਸਿਖ ਨੂੰ ਪਰਖ ਕੇ ਹੀ ਗੁਰੂ ਨੇ ਉਸ ਵਿਚ ਜੋਤੀ ਜੋਤ ਪ੍ਰਕਾਸ਼ ਹੋਣ ਦਾ ਜ਼ਿਕਰ ਕੀਤਾ ਹੈ।

ਬਾਣੀ ਵਿਚੋਂ ਸਾਨੂੰ ਹੋਰ ਭੀ ਬਹੁਤ ਸਾਰੇ

ਉਦਾਹਰਣ ਪੜ੍ਹਨ ਵਿਚ ਆਉਂਦੇ ਹਨ, ਜਿਨ੍ਹਾਂ ਵਿਚੋਂ ਸਾਨੂੰ ਇਹੋ ਬੋਧ ਮਿਲਦਾ ਹੈ ਕਿ ਗੁਰੂ ਦੇ ਸਿਖ ਨੂੰ ਵਧ ਤੋਂ ਵੱਧ ਦੈਵੀਗੁਣਾਂ ਦਾ ਧਾਰਨੀ ਹੋਣਾ ਚਾਹੀਦਾ ਹੈ ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਹੋਰ ਭੀ ਲੋਕ ਸ਼ੁਭ ਗੁਣਾਂ ਦੇ ਧਾਰਨੀ ਹੋ ਆਪਣੀ ਇਸ ਜੀਵਨ ਜਾਤਰਾ ਨੂੰ ਸਫਲ ਕਰਨ ਦਾ ਉਪਰਾਲਾ ਕਰਦੇ ਰਹਿਣ। ਸੋ, ਮੈਂ ਭੀ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉਲੀਕੀਆਂ ਹਨ, ਜਿਨ੍ਹਾਂ ਵਿਚ ਸਿਖ ਤੇ ਗੁਰੂ ਦੇ ਮਿਲਾਪ ਦੀ ਪ੍ਰਥਾ ਨੂੰ ਸਪਸ਼ਟ ਕੀਤਾ ਹੈ, ਜਿਵੇਂ ਕਿ :

(੧) (ਇਸ ਪਉੜੀ ਵਿਚ ਭਾਈ ਸਾਹਿਬ ਜੀ ਸਿਖ ਤੇ ਗੁਰੂ ਦੇ ਮਿਲਾਪ ਦੀ ਪ੍ਰਥਾ ਨੂੰ ਸਪਸ਼ਟ ਕਰਦੇ ਹਨ ਕਿ ਜਿਵੇਂ) ਦੀਵੇ ਦੀ ਲਾਟ ਨਾਲ ਲੱਗ ਕੇ ਦੂਜਾ ਦੀਵਾ ਜਗ ਪੈਂਦਾ ਹੈ, (ਤਿਵੇਂ ਹੀ ਸਿਖ ਦੇ ਅੰਦਰ) ਜੋਤੀ ਤੋਂ ਜੋਤ ਜਗ ਪੈਂਦੀ ਹੈ।

(੨) (ਅਗੇ ਹੋਰ ਉਦਾਹਰਣ ਦੇਂਦੇ ਹਨ ਕਿ ਜਿਵੇਂ) ਚੰਦਨ ਵਿਚ ਸੁਗੰਧੀ ਹੁੰਦੀ ਹੈ, ਉਸਦੀ ਵਾਸ਼ਨਾ ਨਾਲ ਆਲੇ ਦੁਆਲੇ ਦੀ ਸਾਰੀ ਬਨਾਸਪਤੀ ਮਹਿਕ ਉਠਦੀ ਹੈ।

(੩) ਜਿਵੇਂ ਗੰਗਾ ਜਮਨਾ ਤੇ ਸੁਰਸਤੀ ਦੇ ਪਾਣੀਆਂ ਦੇ ਮੇਲ ਨਾਲ ਤ੍ਰਿਬੈਣੀ ਬਣ ਕੇ (ਪਾਣੀ) ਇਕੱਠਾ ਇਕ ਰੂਪ ਹੋ ਚਲਦਾ ਹੈ।

(੪) ਜਿਵੇਂ ਪਉਣ ਵਿਚ ਪਉਣ ਮਿਲ ਜਾਂਦੀ ਹੈ, ਜਾਂ ਅਨਹਦ ਸ਼ਬਦ ਦੀਆਂ ਅਵਾਜ਼ਾਂ ਇਕ ਸੁਰ ਹੋ ਵੱਜਣ ਲੱਗ ਜਾਂਦੀਆਂ ਹਨ।

(੫) ਇਸੇ ਤਰ੍ਹਾਂ ਜਿਵੇਂ ਹੀਰੇ ਨਾਲ ਹੀ ਹੀਰਾ ਵਿੰਨ੍ਹਿਆ ਜਾਂਦਾ ਹੈ, ਤੇ ਫੇਰ ਹੀਰਿਆਂ ਦੀ ਮਾਲਾ ਬਣਦੀ ਹੈ।

(੬) ਜਿਵੇਂ ਪੱਥਰ ਰੂਪ ਪਾਰਸ ਪੱਥਰਾਂ ਵਿਚੋਂ ਹੀ ਪਾਈਦਾ ਹੈ।

(੭) ਜਿਵੇਂ ਅਨਲ ਪੰਛੀ ਆਪਣੇ ਬੱਚੇ ਅਕਾਸ਼ ਵਿਚ ਹੀ ਦੇਂਦਾ ਤੇ ਸਮ੍ਹਾਲਦਾ ਹੈ। (ਭਾਵ ਇਹ ਪੰਛੀ ਅਕਾਸ਼ ਵਿਚੋਂ ਧਰਤੀ ਵੱਲ ਆਉਂਦਾ ਹੀ ਨਹੀਂ)।

(੮) ਇਸੇ ਤਰ੍ਹਾਂ ਹੀ ਬ੍ਰਹਮ ਨੂੰ ਸਹਿਜੇ ਹੀ ਬ੍ਰਹਮ (ਜੋਤੀ) ਦਾ ਮਿਲਾਪ ਹੋ ਜਾਂਦਾ ਹੈ। (ਇਸ ਪਉੜੀ ਵਿਚ ਆਤਮਕ ਮੇਲ ਦੀ ਵਿਸ਼ੇਸ਼ਤਾ ਤੇ ਇਹ ਕਿਵੇਂ ਸਹਿਜ ਸੁਭਾ ਹੋ ਜਾਂਦਾ ਹੈ, ਇਹ ਵੱਖ ਵੱਖ ਦ੍ਰਿਸ਼ਟਾਂਤਾਂ—ਦੀਵੇ ਦਾ, ਚੰਦਨ ਦਾ, ਪਾਣੀ ਦਾ, ਹਵਾ ਦਾ, ਹੀਰੇ ਦਾ, ਪੱਥਰ ਰੂਪ ਪਾਰਸ ਦਾ, ਅਨਲ ਪੰਛੀ ਦਾ ਅਤੇ ਅਖੀਰ 'ਤੇ ਇਸੇ ਤਰ੍ਹਾਂ ਬ੍ਰਹਮ ਤੋਂ ਬ੍ਰਹਮ ਦਾ ਮੇਲ (ਸੰਧੀ) ਹੋ ਜਾਣਾ ਦੱਸਿਆ ਹੈ)।੮।

***ਭਾਵਾਰਥ :*** ਭਾਈ ਸਾਹਿਬ ਜੀ ਗੁਰਸਿੱਖੀ ਦੀ ਸੰਧ ਦਾ ਪ੍ਰਕਾਰ ਦਸਦੇ ਹਨ ਕਿ ਇਕ ਸੁਰਤ ਅਰੂੜ ਦੇ ਸਤਿਸੰਗ ਤੋਂ ਦੂਸਰੇ ਦੀ ਸੁਰਤਿ ਆਪਣੇ ਸੁਖ ਅਸਥਾਨ ਦੇ ਰਾਹੇ ਟੁਰ ਪੈਂਦੀ ਹੈ। ਜਿਵੇਂ ਚੰਦਨ ਆਪਣੀ ਮੁਸ਼ਕ ਸਾਰੀ ਬਨਾਸਪਤੀ ਵਿਚ ਭਰ ਦੇਂਦਾ ਹੈ, ਇਸੇ ਤਰ੍ਹਾਂ ਸੁਰਤ ਅਰੂੜ ਪੁਰਸ਼ ਦੂਸਰੇ ਵਿਚ ਨਾਮ ਦੀ ਸੁਗੰਧੀ ਭਰ ਦੇਂਦਾ ਹੈ। ਬਾਕੀ ਦੇ ਸਾਰੇ ਉਦਾਹਰਣ ਇਸ ਆਤਮਕ ਮੇਲ ਦੇ ਦਾਤ ਪ੍ਰਥਾਇ ਕਥਨ ਕੀਤੇ ਹਨ। ਇਹ ਪ੍ਰੇਮ ਯੋਗ, ਭਗਤੀ ਯੋਗ ਦਾ ਦ੍ਰਿਸ਼ ਦੱਸਿਆ ਹੈ।

## ੯. ਪਰਮੇਸ਼ਰ ਦੇ ਗੁਣਾਨਵਾਦ

**੧. ਕੇਵਡੁ ਇੱਕ ਕਵਾਉ**
**ਪਸਾਉ ਕਰਾਇਆ।**
**੨. ਕੇਂਵਡੁ ਕੰਡਾ ਤੋਲੁ**
**ਤੋਲਿ ਤੁਲਾਇਆ।**
**੩. ਕਰਿ ਬ੍ਰਹਮੰਡ ਕਰੋੜ**
**ਕਵਾਉ ਵਧਾਇਆ।**
**੪. ਲਖ ਲਖ ਧਰਤਿ ਅਕਾਸ਼ਿ**
**ਅਧਰ ਧਰਾਇਆ।**
**੫. ਪਵਣੁ ਪਾਣੀ ਬੈਸੰਤਰੁ**
**ਲੱਖ ਉਪਾਇਆ।**
**੬. ਲੱਖ ਚਉਰਾਸੀਹ ਜੋਨਿ**
**ਖੇਲੁ ਰਚਾਇਆ।**
**੭. ਜੋਨਿ ਜੋਨਿ ਜੀਅ ਜੰਤ**
**ਅੰਤੁ ਨ ਪਾਇਆ।**
**੮. ਸਿਰਿ ਸਿਰਿ ਲੇਖੁ ਲਿਖਾਇ ਅਲੇਖੁ ਧਿਆਇਆ ॥੯॥**

***ਪਦ ਅਰਥ :*** ਕਵਾਉ—ਵਾਕ। ਕੰਡਾ—ਤੱਕੜ। ਅਧਾਰ—ਬਿਨਾ ਆਸਰੇ ਦੇ। ਅਲੇਖੁ—ਲੇਖੇ ਰਹਿਤ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਤੁਸੀਂ ਕਈ ਵਾਰ ਸੰਗਤ ਵਿਚ ਆਪਣੇ ਇਹ ਵੀਚਾਰ ਪ੍ਰਗਟਾਇਆ ਕਰਦੇ ਹੋ ਕਿ ਉਸ

ਕਰਤਾਰ ਨੇ ਇਸ ਸਾਰੇ ਪਸਾਰੇ ਨੂੰ ਆਪਣੇ ਇਕ ਬਚਨ ਤੋਂ ਹੀ ਪਸਾਰਿਆ ਹੈ, ਪਰ ਕੀ ਇਹ ਭੀ ਦਸੋਗੇ ਕਿ ਉਸ ਕਰਤੇ ਦਾ ਉਹ ਵਾਕ ਕਿਤਨਾ ਕੁ ਵਡੇਰਾ ਹੋਵੇਗਾ ਜਿਸ ਦੇ ਇਕੋ ਹੀ ਵਾਕ ਨੇ ਇਹ ਸਾਰਾ ਪਸਾਰਾ ਪਸਰਿਆ ਹੈ, ਆਸ ਹੈ ਤੁਸੀਂ ਇਸ ਦੇ ਬਾਰੇ ਭੀ ਪੂਰੀ ਪੜਚੋਲ ਕੀਤੀ ਹੋਵੇਗੀ। ਸੋ ਇਸ ਦੀ ਸਾਨੂੰ ਭੀ ਜਾਣਕਾਰੀ ਦਿਓ ?

**ਉ:** ਹੇ ਭਾਈਓ! ਸੱਚ ਤਾਂ ਇਹੋ ਹੈ ਕਿ ਜੋ ਭੀ ਵੀਚਾਰ ਮੈਂ ਆਪ ਜੀ ਨੂੰ ਦਰਸਾਉਂਦਾ ਆ ਰਿਹਾ ਹਾਂ ਉਹ ਮੇਰੇ ਆਪਣੇ ਨਹੀਂ ਹੋਇਆ ਕਰਦੇ, ਕਿਉਂਕਿ ਜੋ ਮੈਨੂੰ ਮੇਰੇ ਸੱਚੇ ਸਤਿਗੁਰੂ ਦੀ ਇਲਾਹੀ ਬਾਣੀ ਵਿਚੋਂ ਵੀਚਾਰ ਮਿਲਦੇ ਹਨ, ਮੈਂ ਉਹੀ ਸੰਗਤ ਵਿਚ ਕਹਿਣ ਦਾ ਉਪਰਾਲਾ ਕਰਦਾ ਹਾਂ। ਤੁਸਾਂ ਜੋ ਇਹ ਪ੍ਰਸ਼ਨ ਕੀਤਾ ਹੈ ਕਿ ਉਸ ਨਿਰੰਕਾਰ ਦੇ ਉਸ ਮਹਾਂਵਾਕ ਦੀ ਧੁਨੀ ਦੀ ਕੀ ਰੂਪ ਰੇਖਾ ਹੈ, ਇਹ ਕਹਿਣਾ ਅਸੰਭਵ ਹੈ।

ਇਹ ਗੱਲ ਤਾਂ ਠੀਕ ਹੈ ਕਿ ਵੇਦ ਮੱਤ ਭੀ ਉਸ ਕਰਤਾਰ ਦੀ ਇਸ ਰਚਨਾ ਦੇ ਸੰਬੰਧ ਵਿਚ ਇਹੋ ਕਥਨ ਕਰਦਾ ਹੈ ਕਿ (ਏਕੋ ਬਹੁ ਸਿਆਮਾ) ਭਾਵ ਪਰਮੇਸ਼ਰ ਨੇ ਅਰੰਭ ਵਿਚ ਇਹੋ ਵਾਕ ਕਿਹਾ ਕਿ ਮੈਂ ਇਕ ਤੋਂ ਅਨੇਕ ਰੂਪ ਹੋ ਜਾਵਾਂ ਤੇ ਇਸਲਾਮ ਮੱਤ ਕਹਿੰਦਾ ਹੈ ਕਿ ਖ਼ੁਦਾ ਨੇ 'ਕੁੰਨ' ਸ਼ਬਦ ਕਿਹਾ ਤਾਂ ਇਸ ਜਗਤ ਪਸਾਰੇ ਦਾ ਆਕਾਰ ਪ੍ਰਗਟ ਹੋ ਗਿਆ, ਪਰ ਉਸ ਪ੍ਰਭੂ ਦੇ ਪਹਿਲੇ ਵਾਕ ਦੀ ਰੂਪ-ਰੇਖਾ ਦਾ ਨਿਰਣਾ ਕਿਸੇ ਭੀ ਨਹੀਂ ਦਰਸਾਇਆ ਜਿਸ ਕਰਕੇ ਉਸਦਾ ਕਥਨ ਕਰਨਾ ਅਸੰਭਵ ਹੈ।

ਜਦੋਂ ਅਸੀਂ ਗੁਰਮਤ ਦੀ ਖੋਜ ਕਰਦੇ ਹਾਂ ਤਾਂ ਸਾਨੂੰ ਇਸ ਸੰਸਾਰ ਦੀ ਰਚਨਾ ਬਾਰੇ ਬੋਧ ਮਿਲਦਾ ਹੈ, ਜਿਵੇਂ ਕਿ ਗੁਰੂ ਨਾਨਕ ਪਾਤਿਸ਼ਾਹ ਦਾ ਫ਼ੁਰਮਾਨ ਹੈ:

ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥ *(ਜਪੁਜੀ, ਪੰਨਾ ੩)*

ਓਅੰਕਾਰਿ ਉਤਪਾਤੀ॥
ਕੀਆ ਦਿਨਸੁ ਸਭ ਰਾਤੀ॥
ਵਣੁ ਤ੍ਰਿਣੁ ਤ੍ਰਿਭਵਣ ਪਾਣੀ॥
ਚਾਰਿ ਬੇਦ ਚਾਰੇ ਖਾਣੀ॥
ਖੰਡ ਦੀਪ ਸਭਿ ਲੋਆ॥
ਏਕ ਕਵਾਵੈ ਤੇ ਸਭਿ ਹੋਆ॥੧॥

*(ਮਾਰੂ ਮ: ੫, ਪੰਨਾ ੧੦੦੩)*

ਓਅੰਕਾਰ ਆਦਿ ਮੈ ਜਾਨਾ॥
ਲਿਖਿ ਅਰੁ ਮੇਟੈ ਤਾਹਿ ਨ ਮਾਨਾ॥
ਓਅੰਕਾਰ ਲਖੈ ਜਉ ਕੋਈ॥
ਸੋਈ ਲਖਿ ਮੇਟਣਾ ਨ ਹੋਈ॥੬॥

*(ਗਉੜੀ ਕਬੀਰ ਜੀ, ਪੰਨਾ ੩੪੦)*

ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ॥
ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ॥
ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ॥੧॥

*(ਰਾਮਕਲੀ ਮ: ੫, ਪੰਨਾ ੮੮੫)*

ਓਅੰਕਾਰਿ ਏਕੋ ਰਵਿ ਰਹਿਆ
ਸਭੁ ਏਕਸ ਮਾਹਿ ਸਮਾਵੈਗੋ॥
ਏਕੋ ਰੂਪੁ ਏਕੋ ਬਹੁ ਰੰਗੀ
ਸਭੁ ਏਕਤੁ ਬਚਨਿ ਚਲਾਵੈਗੋ॥੪॥

*(ਕਾਨੜਾ ਮ: ੪, ਪੰਨਾ ੧੩੧੦)*

ਓਅੰਕਾਰਿ ਬ੍ਰਹਮਾ ਉਤਪਤਿ॥
ਓਅੰਕਾਰੁ ਕੀਆ ਜਿਨਿ ਚਿਤਿ॥
ਓਅੰਕਾਰਿ ਸੈਲ ਜੁਗ ਭਏ॥
ਓਅੰਕਾਰਿ ਬੇਦ ਨਿਰਮਏ॥
ਓਅੰਕਾਰਿ ਸਬਦਿ ਉਧਰੇ॥
ਓਅੰਕਾਰਿ ਗੁਰਮੁਖਿ ਤਰੇ॥
ਓਨਮ ਅਖਰ ਸੁਣਹੁ ਬੀਚਾਰੁ॥
ਓਨਮ ਅਖਰੁ ਤ੍ਰਿਭਵਣ ਸਾਰੁ॥੧॥

*(ਰਾਮਕਲੀ ਮ: ੧, ਪੰਨਾ ੯੨੯)*

ਓਅੰਕਾਰਿ ਸਭ ਸ੍ਰਿਸਟਿ ਉਪਾਈ॥
ਸਭੁ ਖੇਲੁ ਤਮਾਸਾ ਤੇਰੀ ਵਡਿਆਈ॥

*(ਮਾਰੂ ਮ: ੩, ਪੰਨਾ ੧੦੬੧)*

ਓਅੰ ਗੁਰਮੁਖਿ ਕੀਓ ਅਕਾਰਾ॥
ਏਕਹਿ ਸੂਤਿ ਪਰੋਵਨਹਾਰਾ॥
ਭਿੰਨ ਭਿੰਨ ਤ੍ਰੈਗੁਣ ਬਿਸਥਾਰੰ॥
ਨਿਰਗੁਨ ਤੇ ਸਰਗੁਨ ਦ੍ਰਿਸਟਾਰੰ॥

*(ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੦)*

ਇਸ ਤੋਂ ਆਦਿ ਹੋਰ ਭੀ ਸਾਨੂੰ ਗੁਰਬਾਣੀ ਵਿਚੋਂ ਇਕ ਓਅੰਕਾਰ ਦੀ ਧੁਨੀ ਬਾਰੇ ਉਦਾਹਰਣ ਮਿਲਦੇ ਹਨ, ਜਿਸ ਤੋਂ ਸਿੱਧ ਹੁੰਦਾ ਹੈ ਕਿ ਉਸ ਨਿਰੰਕਾਰ ਨੇ ਆਪਣੇ ਇਕੋ ਮਹਾਂਵਾਕ ਦੁਆਰੇ ਇਹ ਸਾਰੀ ਸੂਖਮ ਤੇ ਅਸਥੂਲ ਰਚਨਾ ਨੂੰ ਰਚਿਆ ਹੈ ਜੋ ਗਿਣਤੀ ਮਿਣਤੀ ਤੋਂ ਰਹਿਤ ਹੈ, ਜਿਸ ਰਚਨਾ ਵਿਚ ਕੋਟਾਨ ਕੋਟ ਸੂਰਜ, ਚੰਦ੍ਰਮਾ,

ਗ੍ਰਹਿ, ਨਛੱਤ੍ਰ, ਤਾਰੇ, ਸਿਆਰੇ, ਖੰਡ, ਬ੍ਰਹਿਮੰਡ ਅਤੇ ਬ੍ਰਹਮਾ ਆਦਿ ਦੇਵਤੇ ਮੰਨੇ ਜਾਂਦੇ ਹਨ, ਜਿਨ੍ਹਾਂ ਦੀ ਅੱਜ ਤਕ ਕੋਈ ਭੀ ਗਿਣਤੀ ਮਿਣਤੀ ਨਹੀਂ ਕਰ ਸਕਿਆ, ਅਤੇ ਨਾ ਹੀ ਕੋਈ ਭਵਿਖ ਦਾ ਵਿਗਯਾਨਕ ਕਰ ਹੀ ਸਕੇਗਾ। ਸੋ ਜਦੋਂ ਦੂਰ-ਦਰਸ਼ੀ ਨਜ਼ਰਾਂ ਦੁਆਰੇ ਵੀਚਾਰ ਕਰੀਏ ਕਿ ਜਿਸ ਮਹਾਂਵਾਕ ਦੀ ਧੁਨੀ ਤੋਂ ਇਹ ਸਾਰੀ ਜੜ੍ਹ, ਚੇਤਨ, ਜੀਵ, ਜੰਤਾਂ ਦੀ ਰਚਨਾ ਰਚੀ ਗਈ ਹੈ ਜਦੋਂ ਉਸ ਤੋਂ ਬਣੇ ਹੋਏ ਆਕਾਰਾਂ ਨੂੰ ਹੀ ਨਹੀਂ ਬਿਆਨਿਆ ਜਾ ਸਕਦਾ ਤਾਂ ਫਿਰ ਦਸੋ ਉਸਦੇ ਇਕ ਕਵਾਉ ਦੀ ਰੂਪ ਰੇਖਾ ਨੂੰ ਕੌਣ ਬਿਆਨ ਕਰ ਸਕਦਾ ਹੈ। ਸੋ ਮੈਂ ਭੀ ਗੁਰਬਾਣੀ ਦੀਆਂ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਏਹੋ ਭਾਵ ਅੰਕਤ ਕੀਤਾ ਹੈ ਕਿ ਜਿਥੇ ਉਸ ਕਰਤੇ ਦੀ ਰਚਨਾ ਨਹੀਂ ਬਿਆਨੀ ਜਾ ਸਕਦੀ ਉਥੇ ਉਸ ਪ੍ਰਭੂ ਦੇ ਇਕ ਕਵਾਉ ਬਾਰੇ ਭੀ ਕੁਝ ਨਹੀਂ ਕਿਹਾ ਜਾ ਸਕਦਾ :

(੧) (ਜਦੋਂ ਅਸੀਂ ਵੀਚਾਰ ਦੁਆਰੇ ਤੱਕਾਂਗੇ ਕਿ) ਉਹ ਇਕੋ ਬੋਲ, ਵਾਕ ਕਿਤਨਾ ਕੁ ਵੱਡਾ ਹੋਵੇਗਾ (ਜਿਸ ਇਕ ਵਾਕ ਤੋਂ ਪ੍ਰਭੂ ਨੇ ਇਹ ਬੇ-ਗਿਣਤ ਤੇ ਅੰਤ ਤੋਂ ਰਹਿਤ) ਪਸਾਰਾ ਪਸਾਰ ਦਿਤਾ ਹੈ।

(੨) ਉਹ ਤੋਲਣ ਵਾਲਾ ਕੰਡਾ (ਤੱਕੜ) ਕਿੱਡਾ ਕੁ ਹੋਵੇਗਾ, (ਜਿਸ ਨਾਲ ਸਿਰਜਨਾ ਦੀ ਹਰ ਚੀਜ਼ ਨੂੰ ਉਸ ਪ੍ਰਭੂ ਨੇ) ਤੋਲਿਆ ਹੋਵੇਗਾ।

(੩) (ਉਸ ਪ੍ਰਭੂ ਨੇ ਆਪਣੇ ਵਾਕ ਨੂੰ ਏਨਾ) ਵਧਾ ਦਿਤਾ ਹੈ ਕਿ ਉਸ ਨਾਲ ਕ੍ਰੋੜਾਂ ਹੀ ਬ੍ਰਹਿਮੰਡ ਰਚੇ ਗਏ ਹਨ।

(੪) ਲੱਖਾਂ ਹੀ ਧਰਤੀਆਂ ਬਣਾ ਦਿਤੀਆਂ ਹਨ ਤੇ ਲੱਖਾਂ ਹੀ ਅਕਾਸ਼ ਬਿਨਾ ਆਸਰੇ ਦੇ ਖੜੇ ਕਰ ਦਿਤੇ ਹਨ।

(੫) ਲੱਖਾਂ ਹੀ ਪਉਣਾਂ (ਅਸਗਾਹ) ਪਾਣੀ ਤੇ ਅਗਨੀ ਨੂੰ ਲੱਖਾਂ (ਰੂਪਾਂ ਵਿਚ) ਪੈਦਾ ਕਰ ਦਿਤਾ ਹੈ।

(੬) ਫੇਰ ਚਉਰਾਸੀਹ ਲੱਖ ਜੂਨਾਂ ਦਾ ਖੇਲ ਰਚਾ ਦਿਤਾ ਹੈ।

(੭) ਇਕ ਇਕ ਜੋਨੀ ਵਿਚ ਏਨੇ ਜੀਵ ਤੇ ਜੰਤੂ (ਪੈਦਾ ਕਰ ਦਿਤੇ ਹਨ) ਕਿ ਜਿਨ੍ਹਾਂ ਦਾ ਅੰਤ ਹੀ ਨਹੀਂ ਆ ਸਕਦਾ।

(੮) (ਫਿਰ ਉਸਦੀ ਖੇਡ ਦਾ ਅਸਚਰਜ ਤੇ ਅਚੰਭਵ ਕੌਤਕ ਇਹ ਹੈ ਕਿ) ਕੋਈ ਵੀ ਜੀਵ ਐਸਾ ਨਹੀਂ, ਜੋ (ਪ੍ਰਭੂ ਦੇ) ਲੇਖੇ ਜਾਂ ਹਿਸਾਬ ਵਿਚ ਨ ਹੋਵੇ। ਹਰ ਇਕ ਦੇ ਸਿਰ 'ਤੇ ਲੇਖਾਂ ਦਾ ਚੱਕ੍ਰ ਪਹਿਲੇ ਹੀ ਲਿਖ ਦਿਤਾ ਹੈ (ਕਰਮਾਂ ਅਨੁਸਾਰ)। ਪਰ ਉਹ ਆਪ ਐਸਾ ਅਲੇਖ ਹੈ (ਕਿ ਉਸ ਉਤੇ ਕਿਸੇ ਦਾ ਭੀ ਲੇਖਾ ਨਹੀਂ, ਅਸੀਂ ਐਸੇ ਅਲੇਖ) ਨੂੰ ਹੀ ਸਿਮਰਦੇ ਤੇ ਉਸੇ ਦਾ ਧਿਆਨ ਧਰਦੇ ਹਾਂ।੯।

***ਭਾਵਾਰਥ :*** ਸਾਰੇ ਮੱਤ ਮਤਾਂਤਰਾਂ ਤੇ ਇਲਾਹੀ ਬਾਣੀ ਅਨੁਸਾਰ ਇਹੋ ਸਿੱਧ ਹੁੰਦਾ ਹੈ ਕਿ ਉਸ ਪਰਮਾਤਮਾ ਨੇ ਆਪਣੇ ਇਕ ਵਾਕ ਤੋਂ ਇਹ ਸਾਰਾ ਜਗਤ ਪਸਾਰਾ ਪਸਰ ਦਿਤਾ ਹੈ, ਉਹ ਪਸਾਰਾ ਅਡੋਲ ਹੈ, ਨਾ ਕੋਈ ਕੰਡਾ, ਨਾ ਕੋਈ ਤੱਕੜੀ ਉਸਦੇ ਤੋਲ ਨੂੰ ਤੋਲ ਸਕਦੀ ਹੈ। ਭਾਵ ਸਾਰੇ ਰਿਖੀ ਮੁਨੀ ਜਾਂ ਬ੍ਰਹਮਾਦਿਕਾਂ ਦੀ ਬੁੱਧੀ ਵੀ ਨਹੀਂ ਪਹੁੰਚ ਸਕਦੀ। ਕ੍ਰੋੜਾਂ ਬ੍ਰਹਿਮੰਡ ਉਸੇ ਇਕ ਵਾਕ ਤੋਂ ਵਧਾ ਦਿਤੇ ਹਨ। ਧਰਤੀ ਅਤੇ ਆਕਾਸ਼ ਨਿਰਾਸਰੇ ਰਖੇ ਹੋਏ ਹਨ। ਲੱਖਾਂ ਪੌਣ, ਜਲ, ਅਗਨੀ, ਚੌਰਾਸੀ ਲੱਖ ਜੋਨੀ ਦਾ ਕੌਤਕ ਰਚ ਛੱਡਿਆ ਹੈ। ਫਿਰ ਇਕ ਇਕ ਜੋਨੀ ਵਿਚ ਕਈ ਕਈ ਜੀਵ ਜੰਤਾਂ ਦਾ ਹੀ ਅੰਤ ਨਹੀਂ ਆ ਸਕਦਾ। ਫਿਰ ਹਰ ਇਕ ਦੇ ਸਿਰ ਪੁਰ ਲੇਖ ਲਿਖ ਦਿਤਾ ਹੈ, ਪਰ ਆਪ ਅਲੇਖ ਰੂਪ ਹੈ ਸਾਰੇ ਉਸੇ ਦਾ ਧਿਆਨ ਧਰਦੇ ਹਨ। ਗੱਲ ਕੀ ਉਹ ਅਨੰਤ ਸ਼ਕਤੀਮਾਨ ਪਰਮਾਤਮਾ ਸਰਬ ਥਾਂ ਬਿਰਾਜਮਾਨ ਹੈ। ਬਾਣੀ ਦਾ ਸੰਕੇਤ ਹੈ ਕਿ :

ਏਹੁ ਲੇਖਾ ਲਿਖਿ ਜਾਣੈ ਕੋਇ॥
ਲੇਖਾ ਲਿਖਿਆ ਕੇਤਾ ਹੋਇ॥
ਕੇਤਾ ਤਾਣੁ ਸੁਆਲਿਹੁ ਰੂਪੁ॥
ਕੇਤੀ ਦਾਤਿ ਜਾਣੈ ਕੌਣੁ ਕੂਤੁ॥ *(ਜਪੁਜੀ, ਪੰਨਾ ੩)*

## ੧੦. ਗੁਰਮੁਖ ਦਾ ਜੀਵਨ ਮਾਰਗ

**੧. ਸਤਿਗੁਰ ਸੱਚਾ ਨਾਉਂ**
**ਆਖਿ ਸੁਣਾਇਆ।**
**੨. ਗੁਰ ਮੂਰਤਿ ਸੱਚ ਥਾਉਂ**
**ਧਿਆਨੁ ਧਰਾਇਆ।**
**੩. ਸਾਧ ਸੰਗਤਿ ਅਸਰਾਉ**
**ਸੱਚ ਸੁਹਾਇਆ।**
**੪. ਦਰਗਹ ਸੱਚ ਨਿਆਉਂ**
**ਹੁਕਮੁ ਚਲਾਇਆ।**
**੫. ਗੁਰਮੁਖ ਸੱਚ ਗਿਰਾਉਂ**
**ਸ਼ਬਦ ਵਸਾਇਆ।**
**੬. ਮਿਟਿਆ ਗਰਬੁ ਗੁਆਉ**
**ਗਰੀਬੀ ਛਾਇਆ।**

**੭. ਗੁਰਮਤਿ ਸੱਚ ਹਿਆਉ**
**ਅਜਰੁ ਜਰਾਇਆ।**
**੮. ਤਿਸੁ ਬਲਿਹਾਰੈ ਜਾਉਂ ਸੁ ਭਾਣਾ ਭਾਇਆ ॥੧੦॥**

***ਪਦ ਅਰਥ :*** ਅਸਰਾਉ—ਆਸਰਾ। ਗਿਰਾਉਂ—ਨਗਰ। ਗੁਆਉ—ਗੁਮਾਨ। ਹਿਆਉ—ਹਿਰਦੇ ਵਿਚ। ਭਾਇਆ—ਚੰਗਾ ਲੱਗਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਦੋਂ ਅਸੀਂ ਸੰਸਾਰ ਦੇ ਵੱਖੋ ਵੱਖ ਫ਼ਿਰਕਿਆਂ ਦੇ ਭਿੰਨ ਭਿੰਨ ਮਾਰਗਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਉਨ੍ਹਾਂ ਨੇ ਰੱਬੀ ਦਰਾਬਰ ਤਕ ਪੁੱਜਣ ਦੇ ਆਪੋ ਆਪਣੇ ਵੱਖ ਵੱਖ ਮਾਰਗ ਨੀਅਤ ਕਰ ਰੱਖੇ ਹਨ, ਉਹ ਆਪੋ ਆਪਣੇ ਮਾਰਗ ਨੂੰ ਹੀ ਸਭ ਤੋਂ ਸੱਚਾ, ਸੁੱਚਾ ਤੇ ਉਚੇਰਾ ਅਨੁਭਵ ਕਰਦੇ ਹਨ, ਉਹ ਬਾਕੀ ਮਾਰਗਾਂ ਨੂੰ ਸਦਾ ਨੀਵੀਆਂ ਨਜ਼ਰਾਂ ਨਾਲ ਹੀ ਤੱਕਦੇ ਹਨ, ਕਿਉਂ ਜੀ ! ਕੀ ਦਸੋਗੇ ਕਿ ਇਸ ਤਰ੍ਹਾਂ ਗੁਰਮੁਖਾਂ ਨੇ ਭੀ ਕੋਈ ਰੱਬੀ ਦਰਗਾਹ ਵੱਲ ਟੁਰਨ ਦਾ ਆਪਣਾ ਕੋਈ ਵੱਖਰਾ ਮਾਰਗ ਕਾਇਮ ਕੀਤਾ ਹੋਇਆ ਹੈ, ਜਿਸ ਮਾਰਗ 'ਤੇ ਉਹ ਜੀਵਨ ਸਫ਼ਰ ਗੁਜ਼ਾਰਦੇ ਹਨ ?

ਉ: ਹੇ ਭਾਈਓ ! ਜੇ ਅਸੀਂ ਤੁਹਾਡੇ ਇਸ ਪ੍ਰਸ਼ਨ ਦਾ ਉੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਪੁੱਛ ਕਰੀਏ ਤਾਂ ਸਾਨੂੰ ਬਾਣੀ ਦੁਆਰੇ ਇਹੋ ਜਵਾਬ ਮਿਲਦਾ ਹੈ ਕਿ ਗੁਰਮੁਖਾਂ ਨੇ ਖ਼ੁਦ ਕੋਈ ਆਪਣਾ ਮਾਰਗ ਕਾਇਮ ਨਹੀਂ ਕੀਤਾ ਸਗੋਂ ਗੁਰੂ ਨੇ ਜੋ ਰੱਬੀ ਮਾਰਗ ਨੀਅਤ ਕਰ ਦਿਤਾ ਹੈ ਉਹ ਉਸੇ ਨੂੰ ਅਪਨਾ ਕੇ ਆਪਣਾ ਜੀਵਨ ਸਫ਼ਰ ਤਹਿ ਕਰਦੇ ਹਨ, ਉਸ ਪਵਿੱਤ੍ਰ ਮਾਰਗ ਨੂੰ ਸਤਿਗੁਰੂ ਜੀ ਨੇ ਬਾਣੀ ਦੁਆਰੇ ਬਾਰ ਬਾਰ ਦਰਸਾਇਆ ਹੈ, ਜਿਵੇਂ ਕਿ :

ਗੁਰਸਿਖ ਮੀਤ ਚਲਹੁ ਗੁਰ ਚਾਲੀ ॥
ਜੋ ਗੁਰੁ ਕਹੈ ਸੋਈ ਭਲ ਮਾਨਹੁ
ਹਰਿ ਹਰਿ ਕਥਾ ਨਿਰਾਲੀ ॥.......
ਸਤਿਗੁਰੁ ਸੇਵਿ ਖਰਚੁ ਹਰਿ ਬਾਧਹੁ
ਮਤ ਜਾਣਹੁ ਆਜੁ ਕਿ ਕਾਲ੍ਹਿ ॥੨॥
*(ਧਨਾਸਰੀ ਮ: ੪, ਪੰਨਾ ੬੬੭)*

ਭੀਖਕ ਪ੍ਰੀਤਿ ਭੀਖ ਪ੍ਰਭ ਪਾਇ ॥
ਭੂਖੇ ਪ੍ਰੀਤਿ ਹੋਵੈ ਅੰਨੁ ਖਾਇ ॥
ਗੁਰਸਿਖ ਪ੍ਰੀਤਿ ਗੁਰ ਮਿਲਿ ਆਘਾਇ ॥੧॥
ਹਰਿ ਦਰਸਨੁ ਦੇਹੁ ਹਰਿ ਆਸ ਤੁਮਾਰੀ ॥
ਕਰਿ ਕਿਰਪਾ ਲੋਚ ਪੂਰਿ ਹਮਾਰੀ ॥੧॥ਰਹਾਉ॥
*(ਗਉੜੀ ਮ: ੪, ਪੰਨਾ ੧੬੪)*

ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥
ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥੧॥
*(ਸਲੋਕ, ਪੰਨਾ ੨੫੧)*

ਆਵਹੁ ਸਿਖ ਸਤਿਗੁਰੂ ਕੇ ਪਿਆਰਹੋ
ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ
ਬਾਣੀਆ ਸਿਰਿ ਬਾਣੀ ॥ *(ਅਨੰਦੁ ਸਾਹਿਬ, ਪੰਨਾ ੯੨੦)*

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥
ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥
*(ਸਿਰੀ ਰਾਗੁ ਮ: ੧, ਪੰਨਾ ੧੭)*

ਆਵਹੁ ਭੈਣੇ ਤੁਸੀ ਮਿਲਹੁ ਪਿਆਰੀਆ ॥
ਜੋ ਮੇਰਾ ਪ੍ਰੀਤਮੁ ਦਸੇ ਤਿਸ ਕੈ ਹਉ ਵਾਰੀਆ ॥
*(ਮਾਝ ਮ: ੪, ਪੰਨਾ ੯੬)*

ਆਵਹੁ ਮੀਤ ਇਕਤ੍ਰ ਹੋਇ ਰਸ ਕਸ ਸਭਿ ਭੁੰਚਹ ॥
ਅੰਮ੍ਰਿਤ ਨਾਮੁ ਹਰਿ ਹਰਿ ਜਪਹੁ
ਮਿਲਿ ਪਾਪਾ ਮੁੰਚਹ ॥੧॥
ਤਤੁ ਵੀਚਾਰਹੁ ਸੰਤ ਜਨਹੁ ਤਾ ਤੇ ਬਿਘਨੁ ਨ ਲਾਗੈ ॥
*(ਆਸਾ ਮ: ੫, ਪੰਨਾ ੩੯੯)*

ਆਵਹੁ ਮੀਤ ਪਿਆਰੇ ॥
ਮੰਗਲ ਗਾਵਹੁ ਨਾਰੇ ॥
ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ
ਸੋਹਿਲੜਾ ਜੁਗ ਚਾਰੇ ॥ *(ਸੂਹੀ ਮ: ੧, ਪੰਨਾ ੭੬੪)*

ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾ ॥੧॥
*(ਵਡਹੰਸੁ ਮ: ੧, ਪੰਨਾ ੫੭੯)*

ਆਵਹੁ ਮਿਲਹੁ ਸਹੇਲੀਹੋ ਮੇਰੇ ਲਾਲ ਜੀਉ
ਹਰਿ ਹਰਿ ਨਾਮੁ ਅਰਾਧੇ ਰਾਮ ॥
ਕਰਿ ਸੇਵਹੁ ਪੂਰਾ ਸਤਿਗੁਰੂ ਮੇਰੇ ਲਾਲ ਜੀਉ
ਜਮ ਕਾ ਮਾਰਗੁ ਸਾਧੇ ਰਾਮ ॥
*(ਬਿਹਾਗੜਾ ਮ: ੫, ਪੰਨਾ ੫੪੨)*

ਆਵਹੁ ਮਿਲਹੁ ਸਹੇਲੀਹੋ ਮੈ ਪਿਰੁ ਦੇਹੁ ਮਿਲਾਇ ॥
ਪੂਰੈ ਭਾਗਿ ਸਤਿਗੁਰੁ ਮਿਲੈ
ਪਿਰੁ ਪਾਇਆ ਸਚਿ ਸਮਾਇ ॥੩॥
*(ਸਿਰੀ ਰਾਗੁ ਮ: ੩, ਪੰਨਾ ੩੮)*

ਹੋਇ ਇਕਤ੍ਰ ਮਿਲਹੁ ਮੇਰੇ ਭਾਈ
ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ
ਗੁਰਮੁਖਿ ਬੈਸਹੁ ਸਫਾ ਵਿਛਾਇ॥੧॥
ਇਨ੍ ਬਿਧਿ ਪਾਸਾ ਢਾਲਹੁ ਬੀਰ॥
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ
ਅੰਤ ਕਾਲਿ ਨਹ ਲਾਗੈ ਪੀਰ॥੧॥ਰਹਾਉ॥

*(ਬਸੰਤੁ ਮ: ੫, ਪੰਨਾ ੧੧੮੫)*

ਇਸ ਤੋਂ ਇਲਾਵਾ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ ਜਿਨ੍ਹਾਂ ਵਿਚ ਸਤਿਗੁਰੂ ਜੀ ਨੇ ਗੁਰਮੁਖ ਮਾਰਗ ਉਲੀਕ ਕੇ ਗੁਰਮੁਖਾਂ ਨੂੰ ਮੀਤ, ਭਾਈ ਅਤੇ ਸਖੀਆਂ ਸਹੇਲੀਆਂ ਦੇ ਨਾਮ ਨਾਲ ਸੰਬੋਧਨ ਕੀਤਾ ਹੈ ਕਿ ਹੇ ਭਾਈਓ ! ਦੁਬਿਧਾ ਦਾ ਤਿਆਗ ਕਰਕੇ ਇਕੱਠੇ ਹੋਵਹੁ ਤੇ ਦਿਨੇ ਰਾਤ ਨਾਮ ਦਾ ਚਿੰਤਨ ਕਰੋ, ਜਿਸਦਾ ਸਦਕਾ ਅੰਤ ਦੇ ਸਮੇਂ ਜਮਾਂ ਦੀ ਪੀੜਾ ਨਹੀਂ ਵਾਪਰੇਗੀ। ਸੋ, ਮੈਂ ਭੀ ਉਪਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉਲੀਕੀਆਂ ਹਨ, ਜਿਸ ਤੋਂ ਇਹੋ ਪ੍ਰੇਰਨਾ ਮਿਲਦੀ ਹੈ ਕਿ ਸਤਿਗੁਰੂ ਜੀ ਨੇ ਸਮੁੱਚਾ ਪ੍ਰਾਣੀ ਮਾਤ੍ਰ ਲਈ ਇਹੋ ਸੰਕੇਤ ਕਰ ਦਿਤਾ ਹੈ:

(੧) ਸਤਿਗੁਰੂ ਜੀ ਨੇ ਸੱਚਾ ਨਾਉ (ਸਭਨਾਂ ਪ੍ਰਤੀ) ਆਖ ਕੇ ਸੁਣਾ ਦਿਤਾ ਹੈ (ਕਿ ਇਕ ਪਰਮੇਸ਼ਰ ਹੀ ਸਭ ਦਾ ਰਚਨਹਾਰ ਹੈ, ਦੇਵੀ ਦੇਵਤੇ ਸਭ ਉਸਦੀ ਕ੍ਰਿਤ ਹਨ)।
(੨) ਧਿਆਨ ਧਰਨਾ ਹੈ ਤਾਂ ਕੇਵਲ ਗੁਰ ਮੂਰਤਿ ਦਾ ਹੀ ਸੱਚ ਧਿਆਨ ਧਰੋ (ਭਾਵ ਉਸਦੇ ਦਸੇ ਰਾਹ 'ਤੇ ਹੀ ਤੁਰੋ)।
(੩) (ਫਿਰ ਆਪ ਜੀ ਦਾ ਹੋਰ ਫ਼ੁਰਮਾਨ ਹੈ ਕਿ) ਸਾਧ ਸੰਗਤ ਹੀ ਸੱਚਾ ਆਸਰਾ ਹੈ ਜਿਥੇ ਕਿ ਸੱਚ ਹੀ ਸੋਭਾ ਪਾ ਰਿਹਾ ਹੈ, (ਉਥੇ ਝੂਠ ਨੂੰ ਟਿਕਾਣਾ ਨਹੀਂ ਮਿਲਦਾ)।
(੪) ਦਰਗਹ (ਪ੍ਰਭੂ ਦੇ ਦਰਬਾਰ) ਸੱਚਾ ਨਿਆਉਂ ਹੁੰਦਾ ਹੈ, ਉਥੇ (ਪ੍ਰਭੂ ਦਾ ਐਸਾ) ਹੁਕਮ ਵਰਤ (ਚਲ) ਰਿਹਾ ਹੈ। ਜਿਸ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ।
(੫) ਗੁਰਮੁਖਾਂ ਲਈ (ਸਾਧ ਸੰਗਤ ਹੀ) ਸੱਚਾ ਨਗਰ ਹੈ, ਜਿਥੇ (ਗੁਰੂ ਦੇ ਸ਼ਬਦ-ਸਿਖਿਆ) ਦਾ ਵਾਸਾ ਹੋ ਰਿਹਾ ਹੈ।
(੬) ਉਥੇ (ਸਾਧ ਸੰਗਤ ਵਿਚ ਗੁਰੂ ਦੇ ਸ਼ਬਦ ਨੂੰ ਸੁਣ ਕੇ) ਗਰਬ ਤੇ ਗੁਮਾਨ ਮਿਟ ਜਾਂਦਾ ਹੈ ਤੇ ਗ਼ਰੀਬੀ (ਨਿੰਮ੍ਰਤਾ) ਛਾ ਜਾਂਦੀ ਹੈ।
(੭) (ਗੁਰਮੁਖ ਹੀ) ਗੁਰੂ ਦੀ ਸੱਚੀ ਮੱਤ (ਸਿਖਿਆ ਨੂੰ) ਸੁਣ ਕੇ ਹਿਰਦੇ ਵਿਚ ਵਸਾ ਕੇ ਅਜਰ (ਨਾ ਜਰੇ ਜਾਣ ਵਾਲੇ, ਭਾਵ ਮੁਕਾਬਲਾ ਨਾ ਕੀਤੇ ਜਾਣ ਵਾਲੇ ਹਾਲਾਤ ਨੂੰ) ਜਰ ਲੈਂਦਾ ਹੈ।
(੮) (ਐਸੇ ਗੁਰਮੁਖ ਦੇ) ਬਲਿਹਾਰੇ ਜਾਂਦੇ ਹਾਂ, ਜਿਸਨੂੰ ਪਰਮੇਸ਼ਰ ਦਾ ਭਾਣਾ ਹੀ ਚੰਗਾ ਲਗਾ ਹੈ (ਤੇ ਜੋ ਗੁਰੂ ਦੇ ਹੁਕਮ ਵੱਲੋਂ ਭਾਵੇਂ ਕਿੰਨਾ ਸਖ਼ਤ ਹੋਵੇ, ਸਿਰ ਤੱਕ ਦੀ ਵੀ ਕੁਰਬਾਨੀ ਦੇਣ ਵਾਲਾ ਹੋਵੇ ਉਸ ਵੱਲੋਂ ਮੂੰਹ ਨਹੀਂ ਮੋੜਦੇ)।੧੦।

***ਭਾਵਾਰਥ :*** ਗੁਰਮੁਖਾਂ ਨੇ ਉਸੇ ਗੁਰਮਤ ਦੇ ਮਾਰਗ ਪਰ ਜੀਵਨ ਸਫ਼ਰ ਗੁਜ਼ਾਰਿਆ ਹੈ ਜੋ ਗੁਰੂ ਨੇ ਗੁਰਬਾਣੀ ਵਿਚ ਉਲੀਕਿਆ ਹੈ, ਉਸੇ ਦਾ ਸਦਕਾ ਉਨ੍ਹਾਂ ਦਾ ਜੀਵਨ ਰੱਬੀ ਦਰਬਾਰ ਵਿਚ ਕਬੂਲ ਹੁੰਦਾ ਹੈ।

## ੧੧. ਗੁਰਸਿਖ ਦੀ ਕਮਾਈ

**੧. ਸੱਚੀ ਖਸਮ ਰਜਾਇ**
**ਭਾਣਾ ਭਾਵਣਾ।**
**੨. ਸਤਿਗੁਰ ਪੈਰੀਂ ਪਾਇ**
**ਆਪੁ ਗਵਾਵਣਾ।**
**੩. ਗੁਰ ਚੇਲਾ ਪਰਚਾਇ**
**ਮਨ ਪਤੀਆਵਣਾ।**
**੪. ਗੁਰਮੁਖ ਸਹਜਿ ਸੁਭਾਇ**
**ਅਲਖ ਲਖਾਵਣਾ।**
**੫. ਗੁਰਸਿਖ ਤਿਲ ਨ ਤਮਾਇ**
**ਕਾਰ ਕਮਾਵਣਾ।**
**੬. ਸ਼ਬਦ ਸੁਰਤਿ ਲਿਵ ਲਾਇ**
**ਹੁਕਮ ਮਨਾਵਣਾ।**
**੭. ਵੀਹ ਇਕੀਹ ਲੰਘਾਇ**
**ਨਿਜ ਘਰਿ ਜਾਵਣਾ।**
**੮. ਗੁਰਮੁਖ ਸੁਖ ਫਲ ਪਾਇ ਸਹਜਿ ਸਮਾਵਣਾ॥੧੧॥**

***ਪਦ ਅਰਥ :*** ਰਜਾਇ—ਆਗਿਆ। ਪਰਚਾਇ—ਪ੍ਰਸੰਨ ਕਰਕੇ। ਤਮਾਇ—ਤਮ੍ਹਾਂ, ਲਾਲਚ, ਲੋਭ। ਮਨਾਵਣਾ—ਭਾਵ ਮੰਨਣਾ।

**ਅਰਥ :**

**ਪ੍ਰ:** ਕਿਉਂ ਭਾਈ ਸਾਹਿਬ ਜੀਉ! ਦਸੋਗੇ ਕਿ ਉਨ੍ਹਾਂ ਗੁਰਮਤ ਦੇ ਮਾਰਗ ਪਰ ਚਲਣ ਵਾਲਿਆਂ ਦੀ ਪਛਾਣ ਕੀ ਹੈ? ਕਿਉਂਕਿ ਅਸੀਂ ਤਾਂ ਕਈਆਂ ਦੇ ਬਾਹਰਲੇ ਲਿਬਾਸ ਵੱਲ ਤੱਕ ਕੇ ਹੀ ਉਨ੍ਹਾਂ ਨੂੰ ਗੁਰਮੁਖ ਜਾਣ ਲੈਣ ਦਾ ਭਰਮ ਭੁਲੇਖਾ ਖਾ ਜਾਂਦੇ ਹਾਂ, ਆਪ ਜੀ ਸਹੀ ਜਾਣਕਾਰੀ ਦਿਓ?

**ਉ:** ਹੇ ਭਾਈਓ! ਅਸਲ ਵਿਚ ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਸਹੀ ਗੁਰਮਤ ਦੇ ਮਾਰਗ ਪਰ ਸਫ਼ਰ ਕਰਨ ਵਾਲੇ ਗੁਰਮੁਖਾਂ ਦੀ ਪਰਖ ਕਰਨ ਲਈ ਸਾਡੇ ਪਾਸ ਗੁਰਬਾਣੀ ਦੀ ਸੱਚੀ ਕਸਵੱਟੀ ਹੈ, ਜਿਸ ਦਾ ਜੀਵਨ ਸਫ਼ਰ ਅਸੀਂ ਗੁਰਬਾਣੀ ਦੇ ਅਨੁਕੂਲ ਗੁਜ਼ਰਦਾ ਵੇਖੀਏ ਸਮਝ ਲੈਣਾ ਚਾਹੀਦਾ ਹੈ ਕਿ ਇਹ ਸਹੀ ਗੁਰਮੁਖ ਹੈ, ਕਿਉਂਕਿ ਇਸ ਬਾਰੇ ਸਾਨੂੰ ਗੁਰਬਾਣੀ ਦੁਆਰੇ ਬੋਧ ਮਿਲਦਾ ਹੈ, ਕਿ ਗੁਰਮੁਖ ਕਿਸਨੂੰ ਮੰਨਿਆ ਜਾ ਸਕਦਾ ਹੈ, ਜਿਵੇਂ ਕਿ ਫ਼ੁਰਮਾਨ ਹੈ:

ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ॥
ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ॥
ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ
ਗੁਰਮੁਖਿ ਕੀਰਤਨੁ ਗਾਏ ਜੀਉ॥੮॥

*(ਮਾਝ ਮ: ੫, ਪੰਨਾ ੧੩੧)*

ਗੁਰਮੁਖਿ ਵਿਚਹੁ ਹਉਮੈ ਜਾਇ॥
ਗੁਰਮੁਖਿ ਮੈਲੁ ਨ ਲਾਗੈ ਆਇ॥
ਗੁਰਮੁਖਿ ਨਾਮੁ ਵਸੈ ਮਨਿ ਆਇ॥੨॥
ਗੁਰਮੁਖਿ ਕਰਮ ਧਰਮ ਸਚਿ ਹੋਈ॥
ਗੁਰਮੁਖਿ ਅਹੰਕਾਰੁ ਜਲਾਏ ਦੋਈ॥
ਗੁਰਮੁਖਿ ਨਾਮਿ ਰਤੇ ਸੁਖੁ ...

*(ਗਉੜੀ ਮ: ੩, ਪੰਨਾ ੨੩੦)*

ਗੁਰਮੁਖਿ ਅਨਦਿਨੁ ਸਬਦੇ ਰਾਤਾ॥
ਗੁਰਮੁਖਿ ਜੁਗ ਚਾਰੇ ਹੈ ਜਾਤਾ॥

*(ਮਾਝ ਮ: ੩, ਪੰਨਾ ੧੨੫)*

ਗੁਰਮੁਖਿ ਆਪੁ ਗਵਾਇਆ
ਨਿਤ ਹਰਿ ਹਰਿ ਜਾਪੈ ਰਾਮ॥
ਮੇਰੇ ਹਰਿ ਪ੍ਰਭ ਭਾਵੈ ਸੋ ਕਰੈ
ਹਰਿ ਰੰਗਿ ਹਰਿ ਰਾਪੈ ਰਾਮ॥

*(ਬਿਲਾਵਲੁ ਮ: ੪, ਪੰਨਾ ੮੪੪)*

ਗੁਰਮੁਖਿ ਆਪਣਾ ਮਨੁ ਮਾਰਿਆ
ਸਬਦਿ ਕਸਵਟੀ ਲਾਇ॥
ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ
ਮਨ ਹੀ ਮੰਝਿ ਸਮਾਇ॥

*(ਮ: ੩, ਪੰਨਾ ੮੭)*

ਗੁਰਮੁਖਿ ਅੰਮ੍ਰਿਤੁ ਪੀਵਣਾ
ਨਾਨਕ ਸਬਦੁ ਵੀਚਾਰਿ॥੧॥

*(ਸਲੋਕੁ ਮ: ੩, ਪੰਨਾ ੬੪੬)*

ਗੁਰਮੁਖਿ ਅਲਿਪਤੁ ਲੇਪੁ ਕਦੇ ਨ ਲਾਗੈ
ਸਦਾ ਰਹੈ ਸਰਣਾਈ॥ *(ਪ੍ਰਭਾਤੀ ਮ: ੧, ਪੰਨਾ ੧੩੪੪)*

ਗੁਰਮੁਖਿ ਏਹੁ ਮਨੁ ਜੀਵਤੁ ਮਰੈ
ਸਚਿ ਰਹੈ ਲਿਵ ਲਾਇ॥
ਨਾਨਕ ਇਸੁ ਮਨ ਕੀ ਮਲੁ ਇਉ ਉਤਰੈ
ਹਉਮੈ ਸਬਦਿ ਜਲਾਇ॥੨॥

*(ਸਲੋਕੁ ਮ: ੩, ਪੰਨਾ ੬੫੦)*

ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਇ॥੭॥

*(ਸੂਹੀ ਮ: ੩, ਪੰਨਾ ੭੫੭)*

ਗੁਰਮੁਖਿ ਸੰਸਾ ਮੂਲਿ ਨ ਹੋਵਈ
ਚਿੰਤਾ ਵਿਚਹੁ ਜਾਇ॥
ਜੋ ਕਿਛੁ ਹੋਇ ਸੁ ਸਹਜੇ ਹੋਇ ਕਹਣਾ ਕਿਛੂ ਨ ਜਾਇ॥

*(ਸਲੋਕ ਮ: ੩, ਪੰਨਾ ੮੫੩)*

ਗੁਰਮੁਖਿ ਵੈਰ ਵਿਰੋਧ ਗਵਾਵੈ॥
ਗੁਰਮੁਖਿ ਸਗਲੀ ਗਣਤ ਮਿਟਾਵੈ॥
ਗੁਰਮੁਖਿ ਰਾਮ ਨਾਮ ਰੰਗਿ ਰਾਤਾ॥
ਨਾਨਕ ਗੁਰਮੁਖਿ ਖਸਮ ਪਛਾਤਾ॥੩੭॥

*(ਰਾਮਕਲੀ ਮ: ੧, ਪੰਨਾ ੯੪੨)*

ਗੁਰਮੁਖਿ ਇਹੁ ਮਨੁ ਲਇਆ ਸਵਾਰਿ॥
ਹਉਮੈ ਵਿਚਹੁ ਤਜੈ ਵਿਕਾਰ॥੩॥

*(ਧਨਾਸਰੀ ਮ: ੩, ਪੰਨਾ ੬੬੫)*

ਗੁਰਮੁਖਿ ਨਾਮੁ ਨਿਰੰਜਨ ਪਾਏ॥
ਗੁਰਮੁਖਿ ਹਉਮੈ ਸਬਦਿ ਜਲਾਏ॥
ਗੁਰਮੁਖਿ ਸਾਚੇ ਕੇ ਗੁਣ ਗਾਏ॥
ਗੁਰਮੁਖਿ ਸਾਚੈ ਰਹੈ ਸਮਾਏ॥
ਗੁਰਮੁਖਿ ਸਾਚਿ ਨਾਮਿ ਪਤਿ ਊਤਮ ਹੋਇ॥
ਨਾਨਕ ਗੁਰਮੁਖਿ ਸਗਲ ਭਵਣ ਕੀ ਸੋਝੀ ਹੋਇ॥੪੨॥

*(ਰਾਮਕਲੀ ਮ: ੧, ਪੰਨਾ ੯੪੨)*

ਗੁਰਮੁਖਿ ਮਨੁ ਜੀਤਾ ਹਉਮੈ ਮਾਰਿ ॥
ਗੁਰਮੁਖਿ ਸਾਚੁ ਰਖਿਆ ਉਰ ਧਾਰਿ ॥
ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ ॥
ਗੁਰਮੁਖਿ ਦਰਗਹ ਨ ਆਵੈ ਹਾਰਿ ॥
ਗੁਰਮੁਖਿ ਮੇਲਿ ਮਿਲਾਏ ਸੁੋ ਜਾਣੈ ॥
ਨਾਨਕ ਗੁਰਮੁਖਿ ਸਬਦਿ ਪਛਾਣੈ ॥੭੧॥

*(ਰਾਮਕਲੀ ਮ: ੧, ਸਿਧ ਗੋਸਟਿ, ਪੰਨਾ ੯੪੬)*

ਇਸੇ ਤਰ੍ਹਾਂ ਹੋਰ ਭੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਸਾਨੂੰ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਗੁਰਮੁਖਾਂ ਦੇ ਮਾਰਗ ਦਾ ਬੋਧ ਮਿਲਦਾ ਹੈ ਤੇ ਗੁਰਮੁਖ ਉਸੇ ਰੱਬੀ ਮਾਰਗ 'ਤੇ ਸਫ਼ਰ ਕਰਦੇ ਹੋਏ ਆਪਣਾ ਜੀਵਨ ਗੁਜ਼ਾਰਦੇ ਹਨ, ਜਿਸ ਦਾ ਸਦਕਾ ਉਨ੍ਹਾਂ ਗੁਰਮੁਖਾਂ ਨੂੰ ਰੱਬੀ ਦਰਬਾਰ ਵਿਚ ਸਤਿਕਾਰਿਆ ਜਾਂਦਾ ਹੈ। ਸੋ, ਮੈਂ ਭੀ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉਲੀਕੀਆਂ ਹਨ, ਜਿਨ੍ਹਾਂ ਵਿਚ ਗੁਰਮੁਖਾਂ ਦੀ ਰਹੁ-ਰੀਤੀ ਦਾ ਜ਼ਿਕਰ ਕੀਤਾ ਹੈ, ਜਿਵੇਂ ਕਿ :

(੧) (ਜੋ ਗੁਰਮੁਖ ਹਨ ਉਹ) ਪਰਮੇਸ਼ਰ ਦੀ ਸੱਚੀ ਰਜ਼ਾ (ਮਰਜ਼ੀ, ਹੁਕਮ) ਨੂੰ ਚੰਗਾ ਜਾਣਦੇ ਹਨ ਤੇ ਉਨ੍ਹਾਂ ਨੂੰ ਪਰਮੇਸ਼ਰ ਦਾ ਭਾਣਾ ਹੀ ਚੰਗਾ ਲਗਦਾ ਹੈ।

(੨) ਉਹ ਆਪਣੇ ਆਪ ਨੂੰ ਸਤਿਗੁਰੂ ਦੇ ਚਰਨਾਂ (ਭਾਵ ਸ਼ਰਨ) ਵਿਚ ਰਖ ਕੇ ਆਪਣੀ ਹੰਗਤਾ ਤੇ ਮੈਂ ਮੇਰੀ ਨੂੰ ਗੁਆ ਦੇਂਦੇ ਹਨ।

(੩) ਗੁਰ (ਸਿਖ ਦੀ ਸੇਵਾ ਨੂੰ ਵੇਖਕੇ ਪਤੀਜਦਾ ਹੈ) ਤੇ ਪ੍ਰਸੰਨ ਹੁੰਦਾ ਹੈ ਤੇ ਫਿਰ ਸਿਖ ਦੇ ਮਨ ਨੂੰ ਵੀ ਪਤੀਆਉਂਦਾ ਭਾਵ ਯਕੀਨ ਵਿਚ ਪੱਕਾ ਕਰ ਦੇਂਦਾ ਹੈ।

(੪) ਗੁਰੂ ਦੁਆਰੇ (ਸਿਖ) ਸਹਿਜ ਸੁਭਾਅ ਹੀ ਅਲਖ (ਪਰਮੇਸ਼ਰ) ਨੂੰ ਲਖ ਭਾਵ ਜਾਣ ਲੈਂਦਾ ਹੈ।

(੫) ਗੁਰੂ ਦੇ ਸਿਖ ਨੂੰ ਰਤਾ ਵੀ ਲੋਭ ਤੇ ਲਾਲਚ ਨਹੀਂ ਹੁੰਦਾ (ਤੇ ਉਹ ਨਿਰਇੱਛਤ ਹੋ ਕੇ) ਗੁਰੂ ਦੀ ਸੇਵਾ ਦੀ ਕਾਰ ਨੂੰ ਕਮਾਉਂਦਾ ਹੈ।

(੬) ਉਹ ਸ਼ਬਦ ਨਾਲ ਸੁਰਤ ਜੋੜ ਕੇ ਲਿਵ ਲਾਉਂਦਾ ਹੈ ਤੇ (ਗੁਰੂ ਦੇ) ਹੁਕਮ ਨੂੰ ਮੰਨਦਾ ਹੈ, (ਪਿਛਾਂਹ ਨਹੀਂ ਮੁੜਦਾ)।

(੭) ਉਹ ਵੀਹ (ਤਿੰਨ ਗੁਣੀ ਸੰਸਾਰ ਤੋਂ ਉਚਾ ਉਠ ਕੇ) ਇਕੀਹ (ਪਰਮੇਸ਼ਰ ਦੀ ਹੱਦ ਨੂੰ) ਟੱਪ ਕੇ ਆਪਣੇ ਨਿਜ ਘਰ (ਸ੍ਵੈ-ਸਰੂਪ) ਵਿਚ ਜਾ ਪਹੁੰਚਦਾ ਹੈ।

(੮) ਗੁਰਮੁਖ ਨੂੰ ਸੁਖਫਲ ਇਹੋ ਪ੍ਰਾਪਤ ਹੁੰਦਾ ਹੈ ਕਿ ਸਹਿਜ ਅਵਸਥਾ ਵਿਚ ਲੀਨ ਹੋ ਜਾਂਦਾ ਹੈ।੧੧।

***ਭਾਵਾਰਥ :*** ਸਤਿਗੁਰੂ ਜੀ ਨੇ ਜੋ ਗੁਰਮੁਖਾਂ ਲਈ ਗੁਰਮਤ ਦਾ ਭਗਤੀ ਮਾਰਗ ਕਾਇਮ ਕੀਤਾ ਹੈ, ਇਹ ਰੱਬੀ ਦਰਬਾਰ ਤੱਕ ਪਹੁੰਚਾਉਣ ਦੀ ਸਮਰੱਥਾ ਤਾਂ ਅਵੱਸ਼ਯ ਰੱਖਦਾ ਹੈ, ਪਰ ਇਸ ਮਾਰਗ 'ਤੇ ਸਫ਼ਰ ਕਰਨਾ ਬਹੁਤ ਕਠਨ ਹੈ, ਇਸੇ ਲਈ ਗੁਰੂ ਗ੍ਰੰਥ ਸਾਹਿਬ ਜੀ ਨੇ ਇਸ ਮਾਰਗ ਨੂੰ ਬਿਖਮ ਮਾਰਗ ਕਹਿ ਕੇ ਪੁਕਾਰਿਆ ਹੈ, ਕਿਉਂਕਿ ਇਹ ਜ਼ਮੀਨ ਦਾ ਮਾਰਗ ਨਹੀਂ ਪਹਾੜੀ ਮਾਰਗ ਹੈ, ਜਿਵੇਂ ਪਹਾੜ 'ਤੇ ਚੜ੍ਹਨਾ ਔਖਾ ਹੈ ਇਸੇ ਤਰ੍ਹਾਂ ਇਸ ਭਗਤੀ ਦੇ ਪਹਾੜੀ ਮਾਰਗ ਪਰ ਸਫ਼ਰ ਕਰਨਾ ਭੀ ਅਤੀ ਮੁਸ਼ਕਲ ਹੈ ਕਿਉਂਕਿ ਇਸ ਮਾਰਗ ਵਿਚ ਬਹੁਤ ਔਕੜਾਂ ਆਉਂਦੀਆਂ ਹਨ, ਇਸੇ ਲਈ ਗੁਰੂ ਅਮਰਦਾਸ ਜੀ ਨੇ ਅਨੰਦ ਸਾਹਿਬ ਦੀ ਬਾਣੀ ਵਿਚ ਫ਼ੁਰਮਾਨ ਕੀਤਾ ਹੈ ਕਿ :

ਭਗਤਾ ਕੀ ਚਾਲ ਨਿਰਾਲੀ ॥
ਚਾਲਾ ਨਿਰਾਲੀ ਭਗਤਾਹ ਕੇਰੀ
ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ
ਬਹੁਤੁ ਨਾਹੀ ਬੋਲਣਾ ॥
ਖੰਨਿਅਹੁ ਤਿਖੀ ਵਾਲਹੁ ਨਿਕੀ
ਏਤੁ ਮਾਰਗਿ ਜਾਣਾ ॥
ਗੁਰ ਪਰਸਾਦੀ ਜਿਨੀ ਆਪੁ ਤਜਿਆ
ਹਰਿ ਵਾਸਨਾ ਸਮਾਣੀ ॥
ਕਹੈ ਨਾਨਕੁ ਚਾਲ ਭਗਤਾ
ਜੁਗਹੁ ਜੁਗੁ ਨਿਰਾਲੀ ॥੧੪॥

*(ਅਨੰਦ ਸਾਹਿਬ, ਪੰਨਾ ੯੧੮)*

## ੧੨. ਸਿੱਖ ਦਾ ਗੁਰੂ ਪਦਵੀ ਤਕ ਪਹੁੰਚ ਜਾਣਾ

**੧. ਇੱਕ ਗੁਰੂ ਇਕ ਸਿੱਖ
ਗੁਰਮੁਖ ਜਾਣਿਆਂ।
੨. ਗੁਰ ਚੇਲਾ ਗੁਰ ਸਿੱਖ
ਸਚਿ ਸਮਾਣਿਆਂ।
੩. ਸੋ ਸਤਿਗੁਰ ਸੋ ਸਿੱਖ
ਸ਼ਬਦ ਵਖਾਣਿਆਂ।
੪. ਅਚਰਜ ਭੂਤ ਭਵਿੱਖ
ਸੱਚ ਸੁਹਾਣਿਆਂ।**

**੫. ਲੇਖ ਅਲੇਖ ਅਲਿੱਖ**
**ਮਾਣ ਨਿਮਾਣਿਆਂ।**
**੬. ਸਮਸਰ ਅੰਮ੍ਰਿਤ ਵਿੱਖ**
**ਨ ਆਵਣ ਜਾਣਿਆਂ।**
**੭. ਨੀਸਾਣਾ ਹੋਇ ਲਿੱਖ**
**ਹੱਦ ਨੀਸਾਣਿਆਂ।**
**੮. ਗੁਰ ਸਿੱਖਹੁ ਗੁਰ ਸਿੱਖ ਹੋਇ ਹੈਰਾਣਿਆਂ ॥੧੨॥**

***ਪਦ ਅਰਥ :*** ਸਮਾਣਿਆਂ—ਸਮਾਉਣਾ। ਸੁਹਾਣਿਆਂ—ਸੋਭਾ ਵਾਲਾ, ਸੋਭਨੀਕ। ਅਲਿੱਖ—ਲਿਖਤ ਵਿਚ ਨਾ ਆ ਸਕਣ ਵਾਲਾ। ਨੀਸਾਣਾ—ਪ੍ਰਗਟ, ਉਜਾਗਰ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਕਈ ਵਾਰ ਅਸੀਂ ਜਦੋਂ ਕੁਝ ਸੱਜਨ ਮਿਲ ਕੇ ਬੈਠਦੇ ਹਾਂ, ਤਾਂ ਪ੍ਰਸਪਰ ਕਈ ਪੱਖਾਂ 'ਤੇ ਵੀਚਾਰ ਵਿਟਾਂਦਰਾ ਭੀ ਹੁੰਦਾ ਰਹਿੰਦਾ ਹੈ, ਕਦੀ ਕਦਾਈਂ ਇਹ ਪੱਖ ਭੀ ਸਾਹਮਣੇ ਆ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਵਿਚ ਅਨੇਕਾਂ ਸਾਦਕ ਸਿਖ ਰਹਿੰਦੇ ਸਨ, ਉਨ੍ਹਾਂ ਤੋਂ ਇਲਾਵਾ ਉਨ੍ਹਾਂ ਦੇ ਆਪਣੇ ਸਾਹਿਬਜ਼ਾਦੇ ਸ੍ਰੀ ਚੰਦ ਤੇ ਲਖਮੀ ਦਾਸ ਭੀ ਮੌਜੂਦ ਸਨ। ਇਨ੍ਹਾਂ ਸਭਨਾਂ ਨੂੰ ਛੱਡ ਕੇ ਭਾਈ ਲਹਿਣਾ ਜੀ ਨੂੰ ਗੁਰਤਾ ਗੱਦੀ 'ਤੇ ਅਸਥਾਪਨ ਕਰਨ ਦਾ ਖ਼ਾਸ ਕਾਰਨ ਕੀ ਸੀ ? ਕੀ ਕੋਈ ਭਾਈ ਲਹਿਣੇ ਵਿਚ ਵਧੇਰੇ ਜਪ, ਤਪ, ਘਾਲ ਕਮਾਈ ਕਰਨ ਦੀ ਵਿਸ਼ੇਸ਼ਤਾ ਸੀ, ਜਿਸਦਾ ਸਦਕਾ ਭਾਈ ਲਹਿਣੇ ਨੂੰ ਗੁਰਤਾ ਗੱਦੀ 'ਤੇ ਅਸਥਾਪਨ ਕੀਤਾ ਗਿਆ ਸੀ ? ਇਹ ਸਾਡੇ ਵੱਲੋਂ ਕੋਈ ਤਰਕ ਦ੍ਰਿਸ਼ਟੀ ਨਹੀਂ ਕੇਵਲ ਆਪ ਜੀ ਵੱਲੋਂ ਜਾਣਕਾਰੀ ਹੀ ਲੈਣਾ ਚਾਹੁੰਦੇ ਹਾਂ, ਕਿਉਂਕਿ ਸਾਡੀ ਅਸਥੂਲ ਦ੍ਰਿਸ਼ਟੀ ਵਧੇਰੇ ਸੂਖਮਤਾ ਨੂੰ ਸਮਝਣ ਵਲੋਂ ਆਸਮਰੱਥ ਹੈ, ਆਸ ਹੈ ਕਿ ਸਾਡੇ ਭਰਮ ਭੁਲੇਖੇ ਦੀ ਨਵਿਰਤੀ ਜ਼ਰੂਰ ਕਰੋਗੇ ?

**ਉ:** ਹੇ ਭਾਈਓ ? ਸਚਾਈ ਤਾਂ ਮੈਨੂੰ ਭੀ ਇਉਂ ਹੀ ਕਬੂਲ ਕਰਨੀ ਯੋਗ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਅਗੰਮ, ਅਗਾਧ ਬੋਧ ਸ਼ਕਤੀ ਦਾ ਮੈਨੂੰ ਭੀ ਕੋਈ ਵਧੇਰੇ ਬੋਧ ਨਹੀਂ ਜੋ ਕਿ ਮੈਂ ਉਨ੍ਹਾਂ ਦੀ ਕ੍ਰਿਤ 'ਤੇ ਕੋਈ ਆਪਣੇ ਵੱਲੋਂ ਕੁਝ ਵੀਚਾਰ ਕਰ ਸਕਾਂ, ਪਰ ਜੋ ਤੁਸਾਂ ਭਾਈ ਲਹਿਣੇ ਨੂੰ ਗੁਰਤਾ ਗੱਦੀ 'ਤੇ ਸਥਾਪਨ ਕਰਨ ਦਾ ਪ੍ਰਸ਼ਨ ਕੀਤਾ ਹੈ, ਇਸ ਦਾ ਉੱਤਰ ਤਾਂ ਸਾਨੂੰ ਗੁਰਬਾਣੀ ਤੇ ਗੁਰ-ਇਤਿਹਾਸ ਵਿਚੋਂ ਭੀ ਮਿਲ ਜਾਂਦਾ ਹੈ ਕਿ ਭਾਈ ਲਹਿਣੇ ਵਿਚ ਕੀ ਵਿਸ਼ੇਸ਼ਤਾ ਸੀ :

ਹੇ ਭਾਈਓ! ਜੋ ਸੰਸਾ ਤੁਹਾਡੇ ਮਨਾਂ ਵਿਚ ਉਪਜਿਆ ਹੈ, ਇਹ ਸੰਦੇਹ ਉਸ ਸਮੇਂ ਦੇ ਲੋਕਾਂ ਅੰਦਰ ਵੀ ਪੈਦਾ ਹੋਇਆ ਸੀ, ਜਦੋਂ ਗੁਰੂ ਨਾਨਕ ਦੇਵ ਜੀ ਨੇ ਗੁਰਤਾ ਗੱਦੀ 'ਤੇ ਭਾਈ ਲਹਿਣੇ ਜੀ ਨੂੰ ਸਥਾਪਨ ਕੀਤਾ ਸੀ, ਇਸ ਦੀ ਜਾਣਕਾਰੀ ਸਾਨੂੰ (ਰਾਮਕਲੀ ਦੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ) ਵਿਚੋਂ ਪ੍ਰਤੱਖ ਸਾਬਤ ਹੁੰਦੀ ਹੈ ਕਿ :

ਹੋਰਿੰਓ ਗੰਗ ਵਹਾਈਐ
ਦੁਨਿਆਈ ਆਖੈ ਕਿ ਕਿਓਨੁ ॥ *(ਪੰਨਾ ੯੬੭)*

ਭਾਵ ਹੈ ਕਿ ਜਗਤ ਆਖਦਾ ਹੈ ਕਿ ਗੁਰੂ ਨਾਨਕ ਨੇ ਇਹ ਕੀ ਕੀਤਾ ਹੈ ? ਉਸਨੇ ਹੋਰ ਪਾਸੇ ਵੱਲੋਂ ਹੀ ਗੰਗਾ ਚਲਾ ਦਿਤੀ ਹੈ ਭਾਵ ਪੁੱਤ੍ਰਾਂ ਨੂੰ ਛੱਡ ਕੇ ਸੇਵਕ ਨੂੰ ਮਾਲਕ ਕਰ ਦਿਤਾ ਹੈ।

ਜਦੋਂ ਅਸੀਂ ਵੀਚਾਰ ਕਰੀਏ ਤਾਂ ਸੋਝੀ ਮਿਲਦੀ ਹੈ ਕਿ ਇਹ ਜੋ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਦੀ ਨਜ਼ਰਾਂ ਵਿਚ ਅਚੰਭੇ ਭਰਿਆ ਕੌਤਕ ਵਰਤਾਇਆ ਹੈ, ਇਸ ਵਿਚ ਭੀ ਕੋਈ ਖ਼ਾਸ ਰਾਜ਼ ਸੀ ? ਉਹ ਸੀ ਇਹ ਕਿ ਗੁਰੂ ਨਾਨਕ ਦੇਵ ਜੀ ਇਸ ਅਸਲੀਅਤ ਨੂੰ ਚੰਗੀ ਤਰ੍ਹਾਂ ਅਨੁਭਵ ਕਰਦੇ ਸਨ ਕਿ ਇਹ ਗੁਰਤਾ ਗੱਦੀ ਕੋਈ ਜੱਦੀ ਜਾਇਦਾਦ ਨਹੀਂ ਜੋ ਕਿ ਪੁੱਤ੍ਰਾਂ ਨੂੰ ਹੀ ਸੌਂਪੀ ਜਾ ਸਕਦੀ ਹੈ, ਇਹ ਤਾਂ ਇਕ ਅਮੋਲਕ ਇਲਾਹੀ ਦਾਤ ਹੈ ਜੋ ਕਿ ਕਿਸੇ ਧੁਰੋਂ ਬਖ਼ਸ਼ੀ ਪਵਿੱਤ੍ਰ ਵਿਅਕਤੀ ਨੂੰ ਹੀ ਮਿਲ ਸਕਦੀ ਹੈ। ਇਸ ਲਈ ਇਹ ਜ਼ਰੂਰੀ ਸੀ ਕਿ ਉਸ ਪਵਿੱਤ੍ਰ ਵਿਸ਼ਾਲ ਹਿਰਦੇ ਵਾਲੇ ਵਿਅਕਤੀ ਨੂੰ ਹੀ ਖੋਜਿਆ ਜਾਵੇ ਜਿਸ ਦੇ ਅੰਤਰ ਆਤਮੇ ਇਸ ਅਜਰ ਸ਼ਕਤੀ ਨੂੰ ਜਰਨ ਦੀ ਜੁਰਅਤ ਹੋਵੇ ਕਿਉਂਕਿ ਅਨ-ਅਧਿਕਾਰੀ ਦੇ ਹਿਰਦੇ ਵਿਚ ਇਸ ਜੋਤ ਦਾ ਟਿਕਣਾ ਇਸੇ ਤਰ੍ਹਾਂ ਹੀ ਅਸੰਭਵ ਸੀ ਜਿਵੇਂ ਕਿਸੇ ਸ਼ੇਰਨੀ ਦਾ ਦੁੱਧ ਕਿਸੇ ਸੋਨੇ ਦੇ ਬਰਤਨ ਵਿਚ ਹੀ ਟਿਕ ਸਕਦਾ ਹੈ, ਕਿਸੇ ਹੋਰ ਭਾਂਡੇ ਵਿਚ ਪਾਇਆ ਜਾਵੇ ਉਹ ਛੇਕ ਕਰਕੇ ਬਾਹਰ ਨਿਕਲ ਜਾਂਦਾ ਹੈ। ਸੋ ਗੁਰੂ ਨਾਨਕ ਦੇਵ ਜੀ ਨੇ ਭੀ ਉਸ ਉੱਤਮ ਅਧਿਕਾਰੀ ਨੂੰ ਲੱਭਣ ਲਈ ਉਪਰਾਲਾ ਕੀਤਾ ਜਿਸਦੇ ਅੰਦਰ ਇਹ ਗੁਰਤਾ ਗੱਦੀ ਦੀ ਅਗੰਮੀ ਜੋਤ ਜਗ ਸਕਦੀ ਸੀ। ਇਸ ਦੀ ਗਵਾਹੀ ਸਾਨੂੰ ਪੁਰਾਤਨ ਸਿਖ ਇਤਿਹਾਸ ਵਿਚੋਂ ਮਿਲਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਉਸੇ ਵਿਅਕਤੀ ਨੂੰ ਲੱਭਣ ਦਾ ਜਤਨ ਕੀਤਾ, ਜਿਸ ਵਿਚ

ਗੁਰਬਾਣੀ ਅਨੁਸਾਰ ਇਹ ਵਿਸ਼ੇਸ਼ ਗੁਣ ਘਟਦੇ ਸਨ, ਜਿਵੇਂ ਕਿ ਗੁਰੂ ਫ਼ੁਰਮਾਨ ਹੈ:

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥
ਗੁਰ ਕੀ ਆਗਿਆ ਮਨ ਮਹਿ ਸਹੈ॥
ਆਪਸ ਕਉ ਕਰਿ ਕਛੁ ਨ ਜਨਾਵੈ॥
ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥
ਮਨੁ ਬੇਚੈ ਸਤਿਗੁਰ ਕੈ ਪਾਸਿ॥
ਤਿਸੁ ਸੇਵਕ ਕੇ ਕਾਰਜ ਰਾਸਿ॥
ਸੇਵਾ ਕਰਤ ਹੋਇ ਨਿਹਕਾਮੀ॥
ਤਿਸ ਕਉ ਹੋਤ ਪਰਾਪਤਿ ਸੁਆਮੀ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ॥
ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ॥੨॥

*(ਸੁਖਮਨੀ, ਪੰਨਾ ੨੮੬)*

ਇਨ੍ਹਾਂ ਉਪਰੋਕਤ ਗੁਣਾਂ ਦੇ ਧਾਰਨੀ ਵਿਅਕਤੀ ਨੂੰ ਪਰਖਣ ਲਈ ਗੁਰੂ ਨਾਨਕ ਦੇਵ ਜੀ ਨੇ ਦੋ ਤਿੰਨ ਅਚੰਭਾ ਕੌਤਕ ਵਰਤਾਏ ਜਿਨ੍ਹਾਂ ਦਾ ਜ਼ਿਕਰ ਸਾਨੂੰ ਗੁਰ ਇਤਿਹਾਸ ਵਿਚੋਂ ਮਿਲਦਾ ਹੈ, ਜਿਵੇਂ ਕਿ:

ਇਕ ਵਾਰ ਗੁਰੂ ਨਾਨਕ ਦੇਵ ਜੀ ਦੀ ਹਜ਼ੂਰੀ ਵਿਚ ਬਹੁਤ ਸੰਗਤਾਂ ਦੀ ਇਕੱਤ੍ਰਤਾ ਹੋਈ ਤਾਂ ਆਪ ਜੀ ਨੇ ਆਪਣੇ ਵੱਡੇ ਸਾਹਿਬਜ਼ਾਦੇ ਸ੍ਰੀ ਚੰਦ ਨੂੰ ਕਿਹਾ ਕਿ ਬੇਟਾ! ਸੰਗਤ ਦਾ ਬਹੁਤ ਇਕੱਠ ਹੋਇਆ ਹੈ, ਮੈਂ ਚਾਹੁੰਦਾ ਹਾਂ ਕਿ ਸਾਰੀ ਸੰਗਤ ਨੂੰ ਮਿਠਿਆਈ ਖੁਵਾਈ ਜਾਵੇ, ਤਾਂ ਸ੍ਰੀ ਚੰਦ ਜੀ ਨੇ ਕਿਹਾ, ਪਿਤਾ ਜੀ! ਇਤਨੀ ਸੰਗਤ ਨੂੰ ਤਾਂ ਲੰਗਰ ਹੀ ਛਕਾਇਆ ਜਾਵੇ ਬਹੁਤ ਵੱਡਾ ਕੰਮ ਹੈ, ਪਰ ਮਿਠਿਆਈ ਛਕਾਉਣਾ ਤਾਂ ਕਿਵੇਂ ਭੀ ਨਹੀਂ ਹੋ ਸਕਦਾ। ਤਾਂ ਆਪ ਜੀ ਨੇ ਹੁਕਮ ਕੀਤਾ ਕਿ ਬੇਟਾ! ਇਸ ਸਾਹਮਣੇ ਖਲੋਤੇ ਜੰਡ ਦੇ ਦਰੱਖ਼ਤ ਉਤੇ ਚੜ੍ਹ ਕੇ ਇਸਨੂੰ ਜ਼ੋਰ ਨਾਲ ਹਿਲਾ, ਇਸ ਤੋਂ ਮਿਠਿਆਈ ਝੜੇਗੀ ਤਾਂ ਸੰਗਤਾਂ ਵਿਚ ਵਰਤਾਈ ਜਾਵੇਗੀ। ਤਾਂ ਸ੍ਰੀ ਚੰਦ ਜੀ ਨੇ ਅਗੋਂ ਜਵਾਬ ਦਿਤਾ ਕਿ ਪਿਤਾ ਜੀਉ! ਤੁਹਾਡੀ ਉਮਰ ਵਡੇਰੀ ਹੋ ਗਈ ਹੈ ਜਿਸ ਕਰਕੇ ਅਣਹੋਈਆਂ ਗੱਲਾਂ ਕਰਨ ਲੱਗ ਪਏ ਹੋ, ਆਪ ਦਸੋ ਕਦੀ ਦਰੱਖ਼ਤਾਂ ਤੋਂ ਭੀ ਮਿਠਿਆਈ ਟਪਕੀ ਹੈ? ਫਿਰ ਦਰੱਖ਼ਤ ਭੀ ਜੰਡ ਦਾ ਹੈ ਜਿਸਨੂੰ ਕੋਈ ਫੁਲ ਫਲ ਹੀ ਨਹੀਂ ਲਗਦਾ, ਮਿਠਿਆਈ ਕਿਵੇਂ ਝੜ ਸਕਦੀ ਹੈ?

ਫਿਰ ਆਪ ਜੀ ਨੇ ਆਪਣੇ ਛੋਟੇ ਸਾਹਿਬਜ਼ਾਦੇ ਲਖਮੀ ਦਾਸ ਨੂੰ ਹੁਕਮ ਕੀਤਾ, ਬੱਚਾ! ਤੂੰ ਇਸ ਦਰੱਖ਼ਤ ਪਰ ਚੜ੍ਹ ਕੇ ਇਸਨੂੰ ਜ਼ੋਰ ਨਾਲ ਹਿਲਾ, ਇਸ ਤੋਂ ਮਿਠਿਆਈ ਝੜੇਗੀ ਜਿਸ ਨੂੰ ਸਾਰੀਆਂ ਸੰਗਤਾਂ ਵਿਚ ਵਰਤਾਇਆ ਜਾਵੇਗਾ, ਤਾਂ ਲਖਮੀ ਦਾਸ ਵੱਲੋਂ ਭੀ ਇਹੋ ਜੁਆਬ ਮਿਲਿਆ ਕਿ ਪਿਤਾ ਜੀਉ! ਵੱਡੇ ਭਰਾਤਾ ਜੀ ਠੀਕ ਹੀ ਕਹਿੰਦੇ ਹਨ ਕਿ ਤੁਹਾਡੀ ਉਮਰ ਵਡੇਰੀ ਹੋ ਗਈ ਹੈ, ਜਿਸ ਕਰਕੇ ਨਾ ਹੋਣ ਵਾਲੀਆਂ ਗੱਲਾਂ ਕਰਨ ਲੱਗ ਪਏ ਹੋ, ਕਿਉਂਕਿ ਦਰੱਖ਼ਤਾਂ ਤੋਂ ਅੱਜ ਤਕ ਕਦੀ ਭੀ ਮਿਠਿਆਈ ਨਹੀਂ ਝੜੀ।

ਤੀਸਰੀ ਵਾਰ ਆਪ ਜੀ ਨੇ ਭਾਈ ਲਹਿਣੇ ਨੂੰ ਹੁਕਮ ਕੀਤਾ ਕਿ ਪੁਰਖਾ! ਤੂੰ ਇਸ ਦਰੱਖ਼ਤ ਪਰ ਚੜ੍ਹ ਜਾ ਤੇ ਜ਼ੋਰ ਨਾਲ ਇਸਨੂੰ ਝੰਜੋੜ ਜਿਸ ਤੋਂ ਟਪਕੀ ਹੋਈ ਮਿਠਿਆਈ ਸੰਗਤਾਂ ਵਿਚ ਵਰਤਾਈ ਜਾਵੇਗੀ। ਤਾਂ ਭਾਈ ਲਹਿਣਾ ਜੀ ਸਤਿ ਬਚਨ ਕਹਿ ਕੇ ਦਰੱਖ਼ਤ ਪਰ ਚੜ੍ਹਨ ਲੱਗ ਪਏ, ਤਾਂ ਸ੍ਰੀ ਚੰਦ ਰੋਕ ਰਹੇ ਹਨ ਕਿ ਭਾਈ ਲਹਿਣਾ ਜੀ! ਕਦੀ ਦਰੱਖ਼ਤਾਂ ਤੋਂ ਮਿਠਿਆਈਆਂ ਨਹੀਂ ਝੜਿਆ ਕਰਦੀਆਂ ਲੋਕ ਹੱਸਣਗੇ, ਤਾਂ ਭਾਈ ਲਹਿਣੇ ਨੇ ਸਨਿਮਰ ਬੇਨਤੀ ਕੀਤੀ, ਬਾਬਾ ਸ੍ਰੀ ਚੰਦ ਜੀਉ! ਇਸ ਦਰੱਖ਼ਤ ਤੋਂ ਮਿਠਿਆਈ ਝੜੇ ਜਾਂ ਨਾ ਝੜੇ ਸਾਡਾ ਇਸ ਨਾਲ ਕੋਈ ਮਤਲਬ ਨਹੀਂ ਹੈ, ਅਸੀਂ ਤਾਂ ਗੁਰੂ ਦੇ ਹੁਕਮ ਦੀ ਪਾਲਣਾ ਕਰਨੀ ਹੈ। ਦੋਵੇਂ ਸਾਹਿਬਜ਼ਾਦਿਆਂ ਦੀ ਕੀਤੀ ਹੋਈ ਹੁਕਮ ਅਦੂਲੀ ਨੂੰ ਰਾਮਕਲੀ ਵਾਰ ਦੇ ਕਰਤਾ ਰਾਇ ਬਲਵੰਡ ਨੇ ਅੰਕਤ ਕੀਤਾ ਹੈ ਕਿ:

ਪੁਤ੍ਰੀ ਕਉਲੁ ਨ ਪਾਲਿਓ
ਕਰਿ ਪੀਰਹੁ ਕੰਨ੍ ਮੁਰਟੀਐ॥
ਦਿਲਿ ਖੋਟੈ ਆਕੀ ਫਿਰਨ੍ਹਿ
ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ॥

*(ਰਾਮਕਲੀ ਕੀ ਵਾਰ ਰਾਇ ਬਲਵੰਡਿ, ਪੰਨਾ ੯੬੭)*

ਭਾਵ ਹੈ, ਗੁਰੂ ਨਾਨਕ ਸਾਹਿਬ ਜੀ ਨੇ ਜੋ ਭੀ ਹੁਕਮ ਕੀਤਾ ਉਹ ਭਾਈ ਲਹਿਣਾ ਜੀ ਨੇ ਸੱਚ ਕਰਕੇ ਮੰਨਿਆ ਉਸ ਦੇ ਮੰਨਣ ਵੱਲੋਂ ਆਪ ਜੀ ਨੇ ਕਦੇ ਭੀ ਨਾਂਹ ਨਹੀਂ ਕੀਤੀ, ਪਰ ਗੁਰੂ ਨਾਨਕ ਦੇਵ ਜੀ ਦੇ ਪੁਤ੍ਰਾਂ ਨੇ ਬਚਨ ਨਾ ਮੰਨਿਆ ਉਹ ਗੁਰੂ ਵੱਲ ਪਿੱਠ ਦੇ ਕੇ ਹੀ ਹੁਕਮ ਮੋੜਦੇ ਰਹੇ।

ਇਨ੍ਹਾਂ ਤੋਂ ਅੱਗੇ ਇਕ ਹੋਰ ਭੀ ਪਰਚਾ ਪਾਇਆ ਗਿਆ, ਆਪ ਜੀ ਦੇ ਹੱਥ ਵਿਚ ਇਕ ਬਹੁਤ ਸੁੰਦਰ ਲੋਟਾ ਹੈ ਜਿਸਨੂੰ ਸੁਭਾਵਕ ਹੀ ਟੁਰੇ ਜਾਂਦਿਆਂ ਨੇ ਇਕ ਐਸੇ ਛੱਪੜ ਵਿਚ ਸੁੱਟ ਦਿਤਾ, ਜਿਸ ਵਿਚ ਪਾਣੀ

ਬਹੁਤ ਘੱਟ ਸੀ ਤੇ ਚਿੱਕੜ ਵਧੇਰੇ ਸੀ। ਆਪ ਜੀ ਨੇ ਸ੍ਰੀ ਚੰਦ ਜੀ ਨੂੰ ਹੁਕਮ ਕੀਤਾ ਬੇਟਾ! ਇਸ ਲੋਟੇ ਨੂੰ ਛੱਪੜ ਵਿਚੋਂ ਕੱਢ ਕੇ ਲਿਆ, ਤਾਂ ਸ੍ਰੀ ਚੰਦ ਜੀ ਨੇ ਕਿਹਾ ਕਿ ਪਿਤਾ ਜੀ! ਜੇ ਇਹ ਲੋਟਾ ਕੱਢ ਕੇ ਹੀ ਲਿਆਉਣਾ ਹੈ ਤਾਂ ਤੁਸਾਂ ਇਸਨੂੰ ਸੁੱਟਿਆ ਹੀ ਕਿਉਂ ਹੈ ? ਸਾਡੇ ਵੇਖਦਿਆਂ ਵੇਖਦਿਆਂ ਤੁਸਾਂ ਸੁੱਟਿਆ ਹੈ, ਜੇ ਕੱਢ ਕੇ ਲਿਆਉਣਾ ਹੀ ਹੈ ਤਾਂ ਕਿਸੇ ਹੋਰ ਸੇਵਾਦਾਰ ਨੂੰ ਕਹੋ, ਸਾਡੇ ਕੱਪੜੇ ਗੰਦੇ ਹੋ ਜਾਣਗੇ। ਇਹੋ ਜਵਾਬ ਆਪ ਦੇ ਛੋਟੇ ਸਾਹਿਬਜ਼ਾਦੇ ਲਖਮੀ ਦਾਸ ਨੇ ਦਿਤਾ ਕਿ ਕਿਸੇ ਹੋਰ ਸੇਵਾਦਾਰ ਨੂੰ ਹੁਕਮ ਕਰੋ।

ਜਨਮ ਸਾਖੀ ਵਿਚ ਇਕ ਹੋਰ ਕੌਤਕ ਵਰਤਾਉਣ ਦਾ ਜ਼ਿਕਰ ਆਉਂਦਾ ਹੈ ਕਿ ਆਪ ਜੀ ਨੇ ਇਕ ਭਿਆਨਕ ਜਿਹਾ ਰੂਪ ਧਾਰਨ ਕਰਕੇ ਦੋ ਚਾਰ ਕੁੱਤੇ ਅਤੇ ਕੁੱਤੀਆਂ ਨਾਲ ਲੈ ਕੇ ਆਪ ਬੀਆਬਾਨ ਜੰਗਲ ਨੂੰ ਤੁਰ ਪਏ, ਪਿਛੇ ਪਿਛੇ ਸੰਗਤ ਭੀ ਟੁਰ ਪਈ ਤਾਂ ਆਪ ਜੀ ਨੇ ਹੱਥ ਵਿਚ ਪਕੜੇ ਹੋਏ ਸੋਟੇ ਨੂੰ ਮਾਰਦਿਆਂ ਕਿਹਾ ਕਿ ਤੁਸਾਂ ਮੈਥੋਂ ਕੀ ਲੈਣਾ ਹੈ ਜਾਓ ਪਿੱਛੇ ਮੁੜ ਜਾਓ ਤਾਂ ਕਈ ਤਾਂ ਇਹੋ ਆਖਣ ਲੱਗ ਪਏ (ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ) ਕਿ ਇਨ੍ਹਾਂ ਵਿਚ ਕੋਈ ਭੂਤ ਆ ਪ੍ਰਵੇਸ਼ ਹੋ ਗਿਆ ਹੈ, ਤਾਂ ਬਹੁਤ ਲੋਕ ਤਾਂ ਇਹੋ ਜਾਣਕੇ ਪਿਛੇ ਮੁੜ ਗਏ।

ਅਗੇ ਜਾ ਕੇ ਆਪ ਜੀ ਨੇ ਰੁਪਏ ਸੁਟ ਕੇ ਕਿਹਾ ਲਓ ਤੁਹਾਨੂੰ ਮਾਇਆ ਦੀ ਲੋੜ ਹੈ ਇਹ ਲੈ ਜਾਓ, ਮੇਰੇ ਪਿਛੇ ਕਿਉਂ ਆਉਂਦੇ ਹੋ ? ਵਾਪਸ ਮੁੜ ਜਾਓ। ਮਾਇਆ ਦੀ ਇੱਛਾ ਰੱਖਣ ਵਾਲੇ ਮਾਇਆ ਲੈ ਕੇ ਵਾਪਸ ਮੁੜ ਗਏ, ਜਦੋਂ ਆਪ ਜੀ ਨੇ ਪਿਛੇ ਨਜ਼ਰ ਮਾਰ ਕੇ ਤੱਕਿਆ ਕਿ ਸਾਰੇ ਨਹੀਂ ਮੁੜੇ ਤਾਂ ਉਨ੍ਹਾਂ ਦੀ ਪਰਖ ਕਰਨ ਲਈ ਆਪ ਜੀ ਨੇ ਮੋਹਰਾਂ ਸੁੱਟੀਆਂ ਕਿ ਇਹ ਲੈ ਜਾਓ ਮੇਰੇ ਪਿਛੇ ਕਿਉਂ ਆਉਂਦੇ ਹੋ ਤਾਂ ਬਹੁਤ ਨਿਕਟ-ਵਰਤੀ ਮੋਹਰਾਂ ਚੁੱਕ ਕੇ ਮੁੜ ਗਏ। ਪਰ ਭਾਈ ਲਹਿਣਾ ਜੀ ਹਜ਼ੂਰ ਦੇ ਪਿਛੇ ਪਿਛੇ ਹੀ ਟੁਰੀ ਆ ਰਹੇ ਹਨ। ਆਪ ਜੀ ਨੇ ਭਾਈ ਲਹਿਣੇ ਨੂੰ ਕਿਹਾ ਕਿ ਪੁਰਖਾ! ਸਾਰੇ ਹੀ ਵਾਪਸ ਗਏ ਹਨ ਤੂੰ ਭੀ ਮੁੜ ਜਾ, ਦਸ ਤੂੰ ਕਿਉਂ ਨਹੀਂ ਮੁੜਿਆ, ਤਾਂ ਭਾਈ ਲਹਿਣੇ ਨੇ ਕਿਹਾ ਕਿ ਹਜ਼ੂਰ ਜਿਨ੍ਹਾਂ ਲੋਕਾਂ ਦਾ ਪਿਛੇ ਕੋਈ ਆਸਰਾ ਸੀ ਜਾਂ ਕੋਈ ਟਿਕਾਣਾ ਸੀ ਉਹ ਵਾਪਸ ਚਲੇ ਗਏ ਹਨ, ਪਰ ਮੇਰਾ ਤਾਂ ਆਪ ਜੀ ਤੋਂ ਬਿਨਾ ਹੋਰ ਕੋਈ ਆਸਰਾ ਹੀ ਨਹੀਂ ਤੁਹਾਨੂੰ ਛੱਡ ਕੇ ਹੋਰ ਮੈਂ ਕਿਥੇ ਜਾਵਾਂ ? ਮੈਨੂੰ ਤਾਂ ਆਪ ਜੀ ਆਪਣੇ ਚਰਨਾਂ ਵਿਚ ਹੀ ਟਿਕਾਣਾ ਦਿਓ। ਇਹੋ ਵਿਸ਼ਵਾਸ ਸੀ, ਜਿਸਦਾ ਸਦਕਾ ਗੁਰੂ ਨਾਨਕ ਦੇਵ ਜੀ ਨੇ :

ਲਹਣੇ ਧਰਿਓਨੁ ਛਤ੍ਰੁ ਸਿਰਿ
ਅਸਮਾਨਿ ਕਿਆੜਾ ਛਿਕਿਓਨੁ ॥
ਜੋਤਿ ਸਮਾਣੀ ਜੋਤਿ ਮਾਹਿ
ਆਪੁ ਆਪੈ ਸੇਤੀ ਮਿਕਿਓਨੁ ॥
ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥੪॥

*(ਰਾਮਕਲੀ ਕੀ ਵਾਰ ਰਾਇ ਬਲਵੰਡਿ, ਪੰਨਾ ੯੬੭)*

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਪੁਤ੍ਰਾਂ ਤੇ ਸਿੱਖਾਂ ਨੂੰ ਹਰ ਪੱਖੋਂ ਸੋਧ ਕੇ ਭਾਈ ਲਹਿਣੇ ਜੀ ਨੂੰ ਗੁਰਤਾ ਗੱਦੀ ਪਰ ਅਸਥਾਪਨ ਕੀਤਾ, ਜਿਸਦੀ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉਲੀਕੀਆਂ ਹਨ :

(੧) (ਗੁਰੂ ਨਾਨਕ ਵਰਗਾ ਗੁਰੂ ਤੇ ਗੁਰੂ ਅੰਗਦ ਵਰਗਾ ਸਿਖ) ਇਕ ਗੁਰੂ ਤੇ ਇਕ ਸਿਖ ਇਹੋ ਗੱਲ ਗੁਰਮੁਖਾਂ ਨੇ (ਠੀਕ ਠੀਕ) ਜਾਣੀ ਹੈ।
(੨) ਗੁਰੂ ਦਾ ਚੇਲਾ ਆਖੋ, ਜਾਂ ਗੁਰੂ ਦਾ ਸਿਖ ਆਖ ਲਵੋ ਦੋਵੇਂ ਇਕ ਰੂਪ ਹੋ ਕੇ ਸੱਚ ਵਿਚ ਸਮਾ ਗਏ ਹਨ।
(੩) ਉਹੋ ਸੱਚਾ ਸਤਿਗੁਰੂ ਹੈ ਤੇ ਉਹੋ ਸੱਚਾ ਸਿਖ ਹੈ, ਜੋ ਸ਼ਬਦ ਹੀ ਆਖਦੇ (ਤੇ ਸ਼ਬਦ ਹੀ ਸੁਣਦੇ ਹਨ)।
(੪) (ਸਿਖ ਤੇ ਗੁਰੂ) ਉਹ ਅਸਚਰਜ ਰੂਪ ਹਨ ਤੇ ਭੂਤ ਭਵਿੱਖ ਵਿਚ ਵੀ ਜਿਹੜੇ ਅਸਚਰਜ ਹੀ ਸਨ, ਜੋ ਸੱਚ ਵਿਚ ਹੀ ਸੋਭਾ ਪਾਉਂਦੇ ਰਹੇ, (ਤੇ ਉਨ੍ਹਾਂ ਨੂੰ ਸੱਚ ਹੀ ਪਿਆਰਾ ਲਗਾ)।
(੫) ਲੇਖੇ ਤੋਂ ਅਲੇਖ ਅਤੇ ਅਲਿਖ (ਲਿਖਤ ਵਿਚ ਉਨ੍ਹਾਂ ਦੀ ਸੋਭਾ ਲਿਖੀ ਨਹੀਂ ਜਾ ਸਕਦੀ) ਐਸੇ ਉਹ (ਗੁਰੂ ਤੇ ਸਿਖ ਨਿਮਾਣਿਆਂ ਦੇ ਮਾਣ ਹਨ)।
(੬) (ਉਹ) ਅੰਮ੍ਰਿਤ ਤੇ ਜ਼ਹਿਰ ਨੂੰ ਇਕਸ ਜਿਹਾ ਜਾਣਦੇ ਹਨ (ਭਾਵ ਬੁਰੇ ਭਲੇ ਸਭ ਨੂੰ ਪ੍ਰਭੂ ਦੀ ਕਿਰਤ ਸਮਝ ਕੇ ਕਿਸੇ ਦਾ ਤ੍ਰਿਸਕਾਰ ਨਹੀਂ ਕਰਦੇ)।
(੭) ਇਸ ਦਾਇਰੇ ਵਿਚ ਉਹ ਪ੍ਰਗਟ (ਗੁਰਮੁਖ) ਹਨ।
(੮) (ਗੁਰੂ ਅੰਗਦ ਸਿਖ ਸਨ, ਪਰ ਜਦ ਉਹ ਗੁਰੂ ਵਰਗੇ, ਸਿਖ ਤੋਂ ਗੁਰੂ ਰੂਪ ਬਣੇ) ਤਾਂ ਬਾਕੀ ਦੇ ਗੁਰਸਿਖ ਸੁਣ ਸੁਣ ਹੈਰਾਨ ਹੋਣ (ਕਿ ਇਹ ਕੀ ਅਸਚਰਜ ਕੌਤਕ ਸਤਿਗੁਰੂ ਜੀ ਨੇ ਵਰਤਾ ਦਿਤਾ, ਸੇਵਕ ਨੂੰ ਆਪਣਾ ਰੂਪ ਬਣਾ ਦਿਤਾ ਹੈ)।੧੨।

***ਭਾਵਾਰਥ :*** ਗੁਰੂ ਨਾਨਕ ਤੇ ਗੁਰੂ ਅੰਗਦ ਆਦਿ ਵਿਚ ਇਕ ਜੋਤ ਹੈ। ਪੂਰਨ ਗੁਰਤਾ ਗੁਰੂ ਨਾਨਕ ਨੇ ਤੇ ਪੂਰਨ ਸਿਖੀ ਗੁਰੂ ਅੰਗਦ ਨੇ ਦਿਖਾਈ ਤੇ ਫੇਰ ਗੁਰੂ ਸਿਖ ਤੇ ਸਿਖ ਗੁਰੂ ਹੋ ਕੇ ਆਪਣੇ ਆਦਿ ਤੁਲ ਪਦ ਦਾ ਪ੍ਰਗਟ ਪ੍ਰਕਾਸ਼ ਵਿਖਾ ਦਿਤਾ ਦੋਵੇਂ ਗੁਰੂ ਪੂਰੇ ਗੁਰ ਅਵਤਾਰ ਸਨ।

## ੧੩. ਗੁਰਮੁਖਾਂ ਦੇ ਲੱਛਣ ਤੇ ਚਰਨ ਧੂੜ ਦੀ ਵਡਿਆਈ

**੧. ਪਿਰਮ ਪਿਆਲਾ ਪੂਰਿ**
**ਅਪਿਉ ਪੀਆਵਣਾ।**
**੨. ਮਹਰਮੁ ਹੱਕੁ ਹਜੂਰਿ**
**ਅਲੱਖ ਲਖਾਵਣਾ।**
**੩. ਘਟ ਅਵਘਟ ਭਰਪੂਰਿ**
**ਰਿਦੈ ਸਮਾਵਣਾ।**
**੪. ਬੀਅਹੁੰ ਹੋਇ ਅੰਗੂਰੁ**
**ਸੁਫਲਿ ਫਲਾਵਣਾ।**
**੫. ਬਾਵਨ ਹੋਇ ਠਰੂਰ**
**ਮਹਿ ਮਹਿਕਾਵਣਾ।**
**੬. ਚੰਦਨਿ ਚੰਦ ਕਪੂਰ**
**ਨ ਮੇਲਿ ਮਿਲਾਵਣਾ।**
**੭. ਸਸੀਅਰ ਅੰਦਰ ਸੂਰ**
**ਤਪਤਿ ਬੁਝਾਵਣਾ।**
**੮. ਚਰਨ ਕਵਲ ਦੀ ਧੂਰਿ**
**ਮਸਤਕਿ ਲਾਵਣਾ।**
**੯. ਕਾਰਣ ਲੱਖ ਅੰਕੂਰ**
**ਕਰਣ ਕਰਾਵਣਾ।**
**੧੦. ਵੱਜਣਿ ਅਨਹਦ ਤੂਰ ਜੋਤਿ ਜਗਾਵਣਾ ॥੧੩॥**

***ਪਦ ਅਰਥ :*** ਪਿਰਮ—ਪ੍ਰੇਮ। ਪੂਰਿ—ਪੂਰਨ। ਅਪਿਉ—ਅੰਮ੍ਰਿਤ। ਮਹਰਮੁ—ਦਿਲ ਦਾ ਭੇਤੀ, ਮਿੱਤ੍ਰ। ਹੱਕੁ—ਸੱਚ, ਨਿਆਉਂ। ਠਰੂਰ—ਠੰਢਾ ਠਾਰ। ਮਹਿ ਮਹਿਕਾਵਣਾ—ਚਾਰੇ ਪਾਸੇ ਸੁਗੰਧੀ ਫੈਲਾ ਦੇਣੀ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਸੰਗਤ ਵਿਚ ਗੁਰਮਤ ਦੀਆਂ ਵਿਚਾਰਾਂ ਪ੍ਰਗਟਾਉਂਦੇ ਹੋਏ ਕਈ ਵਾਰ ਪ੍ਰੇਮ ਪਦਾਰਥ ਦਾ ਭੀ ਜ਼ਿਕਰ ਕਰਦੇ ਹੋ ਕਿ ਇਹ ਪ੍ਰੇਮ ਪਦਾਰਥ ਸਾਰਿਆਂ ਪਦਾਰਥਾਂ ਵਿਚੋਂ ਸ਼੍ਰੋਮਣੀ ਪਦਾਰਥ ਹੈ। ਕਿਉਂ ਜੀ! ਦਸੋਗੇ ਕਿ ਇਸਦੇ ਪ੍ਰਾਪਤ ਕਰਨ ਦਾ ਸਹੀ ਸਾਧਨ ਕੀ ਹੈ? ਕਿਉਂਕਿ ਦੁਨੀਆ ਦੀਆਂ ਸਾਰੀਆਂ ਸ਼ੈਆਂ ਦੌਲਤ ਨਾਲ ਖ਼ਰੀਦੀਆਂ ਜਾਂਦੀਆਂ ਹਨ, ਕੀ ਇਸ ਪ੍ਰੇਮ ਨੂੰ ਭੀ ਧਨ ਖ਼ਰਚ ਕੇ ਖ਼੍ਰੀਦਿਆ ਜਾ ਸਕਦਾ ਹੈ ਜਾਂ ਕਿ ਇਸ ਨੂੰ ਹਾਸਲ ਕਰਨ ਦਾ ਕੋਈ ਹੋਰ ਸਾਧਨ ਹੈ, ਗੁਰਮਤ ਦੁਆਰੇ ਇਸ ਪੱਖ ਨੂੰ ਦਰਸਾਉਣ ਦੀ ਖੇਚਲ ਕਰੋ, ਧੰਨਵਾਦੀ ਹੋਵਾਂਗੇ?

ਉ: ਹੇ ਭਾਈਓ! ਜੋ ਮੈਨੂੰ ਗੁਰਬਾਣੀ ਦੀ ਖੋਜ ਕਰਨ ਤੋਂ ਇਸ ਪ੍ਰੇਮ ਦੇ ਸੰਬੰਧ ਵਿਚ ਬੋਧ ਹਾਸਲ ਹੋਇਆ ਹੈ ਉਹ ਤਾਂ ਇਉਂ ਹੀ ਕਿਹਾ ਜਾ ਸਕਦਾ ਹੈ ਕਿ ਪ੍ਰੇਮ ਇਕ ਇਲਾਹੀ ਦਾਤ ਹੈ ਇਹ ਕਿਸੇ ਦੁਨਿਆਵੀ ਦੌਲਤ ਦੀ ਮੁਥਾਜ ਨਹੀਂ, ਭਾਵ ਇਹ ਧਨ ਦੁਆਰੇ ਨਹੀਂ ਖ਼ਰੀਦੀ ਜਾ ਸਕਦੀ, ਜੇ ਐਸਾ ਹੁੰਦਾ ਫਿਰ ਤਾਂ ਇਸਨੂੰ ਵੱਡੇ ਵੱਡੇ ਧਨੀ ਲੋਕ ਹੀ ਖ਼ਰੀਦ ਲੈਂਦੇ ਨਿਰਧਨਾਂ ਦੇ ਤਾਂ ਇਹ ਹਿੱਸੇ ਨਾ ਆਉਂਦੀ, ਪਰ ਐਸਾ ਨਹੀਂ ਹੈ। ਕਿਉਂਕਿ ਇਸੇ ਭਾਵ ਨੂੰ ਗੁਰੂ ਅਰਜਨ ਦੇਵ ਜੀ ਆਪਣੇ ਅਨਿੰਨ ਸੇਵਕ ਭਾਈ ਸੰਮਨ ਪ੍ਰਤੀ ਪ੍ਰਗਟ ਕਰਦੇ ਹਨ ਕਿ ਹੇ ਭਾਈ ਸੰਮਨ ਜੀ! ਸੁਣੋ:

ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ॥
ਰਾਵਨ ਹੁਤੇ ਸੁ ਰੰਕ ਨਹਿ
ਜਿਨਿ ਸਿਰ ਦੀਨੇ ਕਾਟਿ॥੧॥

*(ਚਉਬੋਲੇ ਮ: ੫, ਪੰਨਾ ੧੩੬੩)*

ਭਾਵ ਹੈ ਕਿ ਹੇ ਭਾਈ ਸੰਮਨ ਜੀ! ਸੁਣੋ, ਜੇ ਇਸ ਪ੍ਰੇਮ ਦੀ ਕੀਮਤ ਕੇਵਲ ਦੌਲਤ ਹੀ ਹੁੰਦੀ ਤਾਂ ਰਾਵਣ ਕੋਈ ਕੰਗਾਲ ਨਹੀਂ ਸੀ, ਪਰ ਉਸਨੂੰ ਭੀ ਆਪਣਾ ਸਿਰ ਹੀ ਕੱਟ ਕੇ ਭੇਟਾ ਦੇਣਾ ਪਿਆ। ਸੋ, ਇਸੇ ਤਰ੍ਹਾਂ ਉਸ ਪ੍ਰਭੂ ਦਾ ਪ੍ਰੇਮ ਪ੍ਰਾਪਤ ਕਰਨ ਲਈ ਤਾਂ ਆਪਾ-ਭਾਵਾ ਹੀ ਮਿਟਾਉਣਾ ਪੈਂਦਾ ਹੈ। ਪੁਰਾਤਨ ਗੁਜ਼ਰੇ ਸਮੇਂ ਦੇ ਭਗਤ ਕਬੀਰ ਜੀ, ਰਵਿਦਾਸ ਤੇ ਨਾਮਦੇਵ ਆਦਿ ਭਗਤਾਂ ਨੂੰ ਹੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਥਾਂ ਮਿਲ ਸਕੀ ਹੈ ਜੋ ਉਸ ਸਮੇਂ ਦੇ ਨਿਰਧਨਾਂ ਦੀ ਗਿਣਤੀ ਵਿਚ ਗਿਣੇ ਜਾਂਦੇ ਸਨ, ਉਸ ਸਮੇਂ ਵਿਚ ਭਾਵੇਂ ਵੱਡੇ ਵੱਡੇ ਧਨਵੰਤ ਲੋਕ ਸਨ, ਪਰ ਉਹ ਪ੍ਰੇਮ ਦੀ ਦਾਤ ਤੋਂ ਖ਼ਾਲੀ

ਸਨ, ਜਿਨ੍ਹਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਨਹੀਂ ਦਿਤੀ। ਇਸ ਲਈ ਇਹ ਮਤਾਂ ਕੋਈ ਖ਼ਿਆਲ ਕਰੇ ਕਿ ਲੱਖਾਂ ਕ੍ਰੋੜਾਂ ਦਾ ਦਾਨ ਕਰਨ ਵਾਲੇ ਦਾਨੀ ਰੱਬ ਕੋਲ ਪਹਿਲੇ ਪਹੁੰਚ ਜਾਣਗੇ, ਇਨ੍ਹਾਂ ਦੇ ਕੀਤੇ ਹੋਏ ਦਾਨ ਦਾ ਹੰਕਾਰ ਇਨ੍ਹਾਂ ਦੇ ਦਾਨ ਨੂੰ ਇਉਂ ਹੀ ਵਿਅਰਥ ਗੁਵਾ ਦੇਂਦਾ ਹੈ ਜਿਵੇਂ ਕਿਸੇ ਹਾਥੀ ਦਾ ਕਰਵਾਇਆ ਇਸ਼ਨਾਨ ਉਹ ਮਿੱਟੀ ਪਾ ਕੇ ਉਸ ਨੂੰ ਵਿਅਰਥ ਗਵਾ ਦੇਂਦਾ ਹੈ। ਸੋ ਰੱਬੀ ਦਰਬਾਰ ਵਿਚ ਤਾਂ ਕੇਵਲ ਪਿਆਰ ਭਰੀ ਆਤਮਾ ਹੀ ਕਬੂਲ ਹੁੰਦੀ ਹੈ। ਇਸ ਲਈ ਜਦੋਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਪ੍ਰੇਮ ਸੰਬੰਧੀ ਜਾਣਕਾਰੀ ਲਈਏ ਤਾਂ ਆਪ ਜੀ ਬਾਰ ਬਾਰ ਇਹੋ ਫ਼ੁਰਮਾਨ ਕਰਦੇ ਹਨ, ਕਿ ਇਸ ਪ੍ਰੇਮ ਦੀ ਦਾਤ ਕਿਸੇ ਵਿਰਲੇ ਸਾਦਕ ਦੇ ਹਿਰਦੇ ਅੰਦਰ ਹੀ ਨਿਵਾਸ ਕਰਦੀ ਹੈ, ਜਿਵੇਂ ਕਿ ਰੱਬੀ ਫ਼ੁਰਮਾਨ ਬਾਣੀ ਦੁਆਰੇ ਮਿਲਦੇ ਹਨ :

ਪ੍ਰੇਮ ਸੁਧਾ ਰਸੁ ਪੀਵੈ ਕੋਇ॥
ਜਰਾ ਮਰਣ ਦੁਖੁ ਫੇਰਿ ਨ ਹੋਇ॥੬॥

*(ਗਉੜੀ ਕਬੀਰ ਜੀ, ਪੰਨਾ ੩੪੩)*

ਜਿਸ ਨੋ ਪ੍ਰੇਮੁ ਮੰਨਿ ਵਸਾਏ॥
ਸਾਚੈ ਸਬਦਿ ਸਹਜਿ ਸੁਭਾਏ॥
ਏਹਾ ਵੇਦਨ ਸੋਈ ਜਾਣੈ
ਅਵਰੁ ਕਿ ਜਾਣੈ ਕਾਰੀ ਜੀਉ॥੧॥
ਆਪੇ ਮੇਲੇ ਆਪਿ ਮਿਲਾਏ॥
ਆਪਣਾ ਪਿਆਰੁ ਆਪੇ ਲਾਏ॥
ਪ੍ਰੇਮ ਕੀ ਸਾਰ ਸੋਈ ਜਾਣੈ
ਜਿਸ ਨੋ ਨਦਰਿ ਤੁਮਾਰੀ ਜੀਉ॥੧॥ਰਹਾਉ॥

*(ਮਾਰੂ ਮ: ੩, ਪੰਨਾ ੧੦੧੬)*

ਪ੍ਰੇਮ ਕੇ ਸਰ ਲਾਗੇ ਤਨ ਭੀਤਰਿ
ਤਾ ਭ੍ਰਮੁ ਕਾਟਿਆ ਜਾਈ॥੧॥

*(ਸੋਰਠਿ ਮ: ੪, ਪੰਨਾ ੬੦੭)*

ਪ੍ਰੇਮ ਕੇ ਕਾਨ ਲਗੇ ਤਨ ਭੀਤਰਿ
ਵੈਦੁ ਕਿ ਜਾਣੈ ਕਾਰੀ ਜੀਉ॥੧॥

*(ਮਾਰੂ ਮ: ੧, ਪੰਨਾ ੯੯੩)*

ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ॥
ਕਹਿ ਰਵਿਦਾਸ ਛੂਟਿਬੋ ਕਵਨ ਗੁਨ॥੩॥੪॥

*(ਆਸਾ, ਪੰਨਾ ੪੮੭)*

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ॥
ਪ੍ਰੇਮ ਜਾਇ ਤਉ ਡਰਪੈ ਤੇਰੋ ਜਨੁ॥੧॥

*(ਆਸਾ, ਪੰਨਾ ੪੮੬)*

ਪ੍ਰੇਮ ਠਗਉਰੀ ਜਿਨ ਕਉ ਪਾਈ
ਤਿਨ ਰਸੁ ਪੀਅਉ ਭਾਰੀ॥
ਤਾ ਕੀ ਕੀਮਤਿ ਕਹਣੁ ਨ ਜਾਈ
ਕੁਦਰਤਿ ਕਵਨ ਹਮ੍ਾਰੀ॥੧॥

*(ਜੈਤਸਰੀ ਮ: ੫, ਪੰਨਾ ੭੦੨)*

ਪ੍ਰੇਮ ਠਗਉਰੀ ਪਾਇ ਰੀਝਾਇ
ਗੋਬਿੰਦ ਮਨੁ ਮੋਹਿਆ ਜੀਉ॥
ਸੰਤਨ ਕੈ ਪਰਸਾਦਿ ਅਗਾਧਿ
ਕੰਠੇ ਲਗਿ ਸੋਹਿਆ ਜੀਉ॥

*(ਸਿਰੀ ਰਾਗੁ ਛਖਣਾ, ਪੰਨਾ ੮੧)*

ਪ੍ਰੇਮੁ ਨ ਚਾਖਿਆ ਮੇਰੀ ਤਿਸ ਨ ਬੁਝਾਨੀ॥
ਗਇਆ ਸੁ ਜੋਬਨੁ ਧਨ ਪਛੁਤਾਨੀ॥੩॥

*(ਆਸਾ ਮਹਲਾ ੧, ਪੰਨਾ ੩੫੭)*

ਪ੍ਰੇਮ ਪਦਾਰਥੁ ਜਿਨ ਘਟਿ ਵਸਿਆ
ਸਹਜੇ ਰਹੇ ਸਮਾਈ॥
ਸਬਦਿ ਰਤੇ ਸੇ ਰੰਗਿ ਚਲੂਲੇ
ਰਾਤੇ ਸਹਜਿ ਸੁਭਾਈ॥੨॥ *(ਸਾਰਗ ਮ: ੩, ਪੰਨਾ ੧੨੩੪)*

ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ॥
ਤਿਸੁ ਭਾਵੈ ਤਾ ਮੇਲਿ ਲਏ ਭਾਈ
ਹਿਰਦੈ ਨਾਮ ਨਿਵਾਸੁ॥ *(ਸੋਰਠਿ ਮ: ੫, ਪੰਨਾ ੬੪੦)*

ਪ੍ਰੇਮ ਪਦਾਰਥੁ ਪਾਈਐ ਗੁਰ ਭਗਤੀ ਮਨ ਧੀਰਿ॥੬॥

*(ਆਸਾ ਮ: ੩, ਪੰਨਾ ੪੨੯)*

ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ॥
ਸਾ ਧਨ ਆਪੁ ਗਵਾਇਆ ਗੁਰ ਕੈ ਸਬਦਿ ਸੀਗਾਰੁ॥

*(ਸਿਰੀ ਰਾਗੁ ਮ: ੧, ਪੰਨਾ ੬੧)*

ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਆਧਾਰੁ॥੬॥

*(ਸੋਰਠਿ ਮ: ੩, ਪੰਨਾ ੬੩੮)*

ਰਤਨ ਜਵੇਹਰ ਲਾਲ ਅਪਾਰਾ॥
ਸਤਿਗੁਰੁ ਮਿਲੈ ਤ ਪੂਰਾ ਪਾਈਐ
ਪ੍ਰੇਮ ਪਦਾਰਥੁ ਪਾਇਦਾ॥੭॥
ਪ੍ਰੇਮ ਪਦਾਰਥੁ ਲਹੈ ਅਮੋਲੋ॥
ਕਬ ਹੀ ਨ ਘਾਟਸਿ ਪੂਰਾ ਤੋਲੋ॥

*(ਮਾਰੂ ਮ: ੧, ਪੰਨਾ ੧੦੩੬)*

ਪ੍ਰੇਮ ਭਗਤਿ ਉਧਰਹਿ ਸੇ ਨਾਨਕ
ਕਰਿ ਕਿਰਪਾ ਸੰਤੁ ਆਪਿ ਕਰਿਓ ਹੈ ॥੮॥
*(ਸਵਈਏ, ਪੰਨਾ ੧੩੮੮)*

ਅੰਧ ਕੂਪ ਤੇ ਕਾਢਨਹਾਰਾ
ਪ੍ਰੇਮ ਭਗਤਿ ਹੋਵਤ ਨਿਸਤਾਰਾ ॥
*(ਮਾਰੂ ਮ: ੫, ਪੰਨਾ ੧੦੦੫)*

ਪ੍ਰੇਮ ਭਗਤਿ ਜਿਸੁ ਆਪੇ ਦੇਇ ॥
ਜਗ ਮਹਿ ਵਿਰਲੇ ਕੇਈ ਕੇਇ ॥੩॥
*(ਗੋਂਡ ਮ: ੫, ਪੰਨਾ ੮੬੭)*

ਪ੍ਰੇਮ ਭਗਤਿ ਜਿਸ ਕੈ ਮਨਿ ਲਾਗੀ ॥
ਗੁਣ ਗਾਵੈ ਅਨਦਿਨੁ ਨਿਤਿ ਜਾਗੀ ॥
*(ਮਾਝ ਮ: ੫, ਪੰਨਾ ੧੦੯)*

ਪ੍ਰੇਮ ਭਗਤਿ ਪ੍ਰਭ ਲਾਗੀ ॥
ਸੋ ਪਾਏ ਜਿਸੁ ਵਡਭਾਗੀ ॥ *(ਸੋਰਠਿ ਮ: ੫, ਪੰਨਾ ੬੨੭)*

ਇਸ ਤਰ੍ਹਾਂ ਸਾਨੂੰ ਗੁਰਬਾਣੀ ਵਿਚੋਂ ਪ੍ਰੇਮ ਸੰਬੰਧੀ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਵਿਚ ਪ੍ਰਭੂ ਪ੍ਰੇਮ ਦੀ ਮਹਾਨਤਾ ਦਰਸਾਈ ਗਈ ਹੈ, ਪਰ ਇਹ ਅਮੋਲਕ ਦਾਤ ਮਾਇਆ ਰਾਹੀਂ ਨਹੀਂ ਖ਼ਰੀਦੀ ਜਾਂਦੀ, ਇਸ ਨੂੰ ਤਾਂ ਗੁਰਮੁਖਾਂ ਨੇ ਆਪਾ-ਭਾਵ ਮਿਟਾ ਕੇ ਹੀ ਹਾਸਲ ਕੀਤਾ ਹੈ। ਕਿਉਂਕਿ ਹੁਕਮ ਭੀ ਇਹੋ ਹੈ ਕਿ :

ਆਪੁ ਗਵਾਈਐ ਤਾ ਸਹੁ ਪਾਈਐ
ਅਉਰੁ ਕੈਸੀ ਚਤੁਰਾਈ ॥ *(ਤਿਲੰਗ ਮ: ੧, ਪੰਨਾ ੭੨੨)*

ਸੋ, ਮੈਂ ਭੀ ਇਨ੍ਹਾਂ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ, ਜਿਨ੍ਹਾਂ ਵਿਚ ਭੀ ਇਹੋ ਭਾਵ ਉੱਕਰਿਆ ਹੈ ਕਿ ਇਹ ਪ੍ਰੇਮ ਪਿਆਲਾ ਗੁਰਮੁਖਾਂ ਨੇ ਹੀ ਪੀ ਕੇ ਸਦੀਵੀ ਤ੍ਰਿਪਤਾਈ ਹਾਸਲ ਕੀਤੀ ਹੈ।

ਪ੍ਰ: ਭਾਈ ਸਾਹਿਬ ਜੀਉ ! ਬਾਹਰੋਂ ਵੇਖਣ ਵਿਚ ਤਾਂ ਸਾਰੇ ਲੋਕ ਸਮਾਨ ਹੀ ਨਜ਼ਰ ਆਉਂਦੇ ਹਨ, ਪਰ ਕੀ ਦਸੋਗੇ ਕਿ ਗੁਰਮਤ ਅਨੁਸਾਰ ਸਹੀ ਗੁਰਮੁਖਾਂ ਦੀ ਕੀ ਪਛਾਣ ਹੈ ?

ਉ: ਹੇ ਭਾਈਓ ! ਬਾਹਰੋਂ ਗੁਰਮੁਖ ਦਿਸ ਪੈਣਾ ਹੋਰ ਗੱਲ ਹੈ, ਪਰ ਕੋਈ ਅੰਦਰੋਂ ਗੁਰਮੁਖ ਬਣ ਗਿਆ ਹੈ ਉਸਦੀ ਪਛਾਣ ਵੱਖਰੀ ਹੈ, ਜਿਵੇਂ ਕਿ ਅਸੀਂ ਵੇਖਦੇ ਹਾਂ ਕਿ :

(੧) ਜਿਨ੍ਹਾਂ ਨੇ ਪ੍ਰੇਮ ਰੂਪੀ ਅੰਮ੍ਰਿਤ ਦਾ ਪਿਆਲਾ ਲਬਾਲਬ ਭਰਿਆ ਪੀ ਲਿਆ ਹੈ, (ਓਹੀ ਸਹੀ ਗੁਰਮੁਖ ਕਹੇ ਜਾਂਦੇ ਹਨ)।

(੨) (ਅਤੇ) ਉਹ ਹਰ ਥਾਂ ਹਾਜ਼ਰਾ ਹਜ਼ੂਰ ਪਰਮੇਸ਼ਰ ਦੇ ਜਾਣਕਾਰ ਹੋ ਜਾਂਦੇ ਹਨ, ਤੇ ਨਾ ਲਖੇ ਜਾਣ ਵਾਲੇ ਪ੍ਰਭੂ ਦੀ ਉਨ੍ਹਾਂ ਨੂੰ ਲਖਤਾ ਹੋ ਜਾਂਦੀ ਹੈ।

(੩) (ਉਹ ਵੇਖਦੇ ਹਨ ਕਿ) ਘਟਾਂ ਤੇ ਅਵਘਟਾਂ ਵਿਚ ਭਰਪੂਰ (ਵਿਆਪਕ) ਹੋ ਕੇ ਪਰਮੇਸ਼ਰ ਹਰ ਹਿਰਦੇ ਵਿਚ ਹੀ ਸਮਾ ਰਿਹਾ ਹੈ।

(੪) (ਇਹ ਗੁਰੂ ਉਪਦੇਸ਼ ਦੇ) ਬੀਜ ਦਾ ਅੰਗੂਰ (ਉਨ੍ਹਾਂ ਦੇ ਹਿਰਦੇ ਵਿਚ) ਉਗਮ ਪੈਂਦਾ ਹੈ (ਜਿਸਨੂੰ ਗਿਆਨ ਦੀ ਪ੍ਰਾਪਤੀ ਦੇ) ਫਲ ਲਗਦੇ ਹਨ।

(੫) (ਜਿਨ੍ਹਾਂ ਨੂੰ ਇਹ ਗਿਆਨ ਫਲ ਲਗਦਾ ਹੈ, ਉਨ੍ਹਾਂ ਦੀ ਨਿਸ਼ਾਨੀ ਦਸਦੇ ਹਨ ਕਿ ਉਹ) ਬਾਵਨ ਚੰਦਨ ਦੀ ਨਿਆਈਂ ਸੀਤਲਤਾ ਧਾਰਨ ਕਰਕੇ, ਗੁਰਸਿਖ (ਗੁਰੂ ਸ਼ਬਦ ਦੀ ਮਹਿਮਾ ਰੂਪ) ਸੁਗੰਧੀ ਨੂੰ ਧਰਤੀ ਤੇ ਖਲਾਰਦੇ ਹਨ।

(੬) ਚੰਦਨ, ਚੰਦ੍ਰਮਾ ਤੇ ਕਪੂਰ ਸੀਤਲ (ਮੰਨੇ ਜਾਂਦੇ ਹਨ) ਪਰ (ਗੁਰੂ ਸ਼ਬਦ ਦੇ ਪ੍ਰੇਮ ਦਾ ਪਿਆਲਾ ਪੀਣ ਵਾਲੇ ਦੀ) ਇਹ ਬਰਾਬਰੀ ਨਹੀਂ ਕਰ ਸਕਦੇ (ਗੁਰਸਿਖ ਦੇ ਮੇਲ ਨਾਲ ਨਹੀਂ ਮਿਲ ਸਕਦੇ)।

(੭) ਸੂਰਜ (ਵਿਸ਼ੇ ਵਿਕਾਰਾਂ ਦੀ ਮਚਦੀ ਅਗਨੀ ਨੂੰ ਇਹ) ਚੰਦ੍ਰਮਾ ਵਾਂਗ ਆਪਣੀ ਸੀਤਲਤਾ ਨਾਲ (ਸ਼ਾਂਤ, ਖ਼ਤਮ) ਕਰ ਦਿੰਦੇ ਹਨ।

(੮) (ਅਜਿਹੇ ਗਿਆਨਵਾਨ ਗੁਰਸਿਖ ਦੀ) ਚਰਣ ਧੂੜੀ ਮੱਥੇ 'ਤੇ ਲਾਉਣੀ ਚਾਹੀਦੀ ਹੈ।

(੯) ਇਹ ਚਰਨ ਧੂੜੀ (ਗੁਰ ਉਪਦੇਸ਼, ਸ਼ਬਦ ਦੇ ਹਿਰਦੇ ਵਿਚ) ਲੱਖਾਂ ਬੀਜਾਂ ਦੇ ਅੰਗੂਰ ਪੈਦਾ ਕਰਨ ਦੇ ਕਾਰਨ ਪੈਦਾ ਕਰ ਦਿੰਦੀ ਹੈ।

(੧੦) (ਇਸੇ ਅੰਗੂਰ ਦਾ ਹੀ ਫਲ ਹੈ ਕਿ) ਹਿਰਦੇ ਵਿਚ ਪਿਆਰੇ ਪ੍ਰਭੂ ਦੀ ਜੋਤ ਜਗ ਪੈਂਦੀ ਹੈ ਤੇ ਅਨਹਦ ਨਾਦ ਦੇ ਵਾਜੇ ਵੱਜਦੇ ਸੁਣਾਈ ਦੇਣ ਲਗ ਜਾਂਦੇ ਹਨ।੧੩।

***ਭਾਵਾਰਥ :*** ਜਿਤਨਾ ਚਿਰ ਗੁਰੂ ਦੇ ਸ਼ਬਦ ਨੂੰ ਅੰਤਰ ਆਤਮੇ ਵਸਾ ਕੇ ਨਾਮ ਅੰਮ੍ਰਿਤ ਦੇ ਪ੍ਰੇਮ ਰਸ ਵੱਲੋਂ ਸੱਖਣਾ ਹੈ ਤਾਂ ਉਸਦਾ ਬਾਹਰਲਾ ਗੁਰਮੁਖੀ ਲਿਬਾਸ ਭੀ ਇਸੇ ਤਰ੍ਹਾਂ ਦਾ ਹੈ, ਜਿਵੇਂ ਕਿਸੇ ਖ਼ਾਲੀ ਬੋਤਲ ਦੇ ਬਾਹਰਲੇ ਪਾਸੇ ਅੰਮ੍ਰਿਤ ਦਾ ਲੇਬਲ ਲੱਗਾ ਹੋਵੇ, ਉਸ ਤੋਂ ਕਿਸੇ ਨੂੰ ਭੀ ਲਾਭ ਪ੍ਰਾਪਤ ਨਹੀਂ ਹੁੰਦਾ।

## ੧੪. ਗੁਰਮੁਖਾਂ ਦੀ ਚਰਨ-ਧੂੜ ਦੀ ਮਹਿਮਾ

੧. ਇੱਕ ਕਵਾਉ ਅਤੋਲ
ਕੁਦਰਤਿ ਜਾਣੀਐ।
੨. ਓਅੰਕਾਰ ਅਬੋਲ
ਚੋਜ ਵਿਡਾਣੀਐ।
੩. ਲਖ ਦਰੀਆਉ ਅਲੋਲ
ਪਾਣੀ ਆਣੀਐ।
੪. ਹੀਰੇ ਲਾਲ ਅਮੋਲ
ਗੁਰ ਸਿਖ ਜਾਣੀਐ।
੫. ਗੁਰਮਤਿ ਅਚਲ ਅਡੋਲ
ਪਤਿ ਪਰਵਾਣੀਐ।
੬. ਗੁਰਮੁਖ ਪੰਥ ਨਿਰੋਲੁ
ਸੱਚੁ ਸੁਹਾਣੀਐ।
੭. ਸਾਇਰ ਲੱਖ ਢੰਢੋਲ
ਸ਼ਬਦ ਨੀਸਾਣੀਐ।
੮. ਚਰਣ ਕਵਲ ਰਜ ਘੋਲਿ
ਅੰਮ੍ਰਿਤ ਵਾਣੀਐ।
੯. ਗੁਰਮੁਖ ਪੀਤਾ ਰੱਜ ਅਕੱਥ ਕਹਾਣੀਐ ॥੧੪॥

***ਪਦ ਅਰਥ :*** ਕਵਾਉ—ਵਾਕ। ਅਬੋਲ—ਬੋਲ ਦੀ ਸ਼ਕਤੀ ਤੋਂ ਪਰ੍ਹੇ। ਅਲੋਲ—ਅਡੋਲ ਅੰਮ੍ਰਿਤ। ਅਚਲ—ਅਡੋਲ। ਸਾਇਰ—ਢਾਡੀ, ਕਵੀ। ਰਜ—ਧੂੜੀ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਕਈ ਵਾਰ ਗੁਰਮਤ ਦੇ ਵੀਚਾਰ ਪ੍ਰਗਟ ਕਰਦੇ ਹੋਏ ਇਹ ਭੀ ਕਈ ਵਾਰ ਖੁਲਾਸੇ ਰੂਪ ਵਿਚ ਸੰਗਤਾਂ ਪ੍ਰਤੀ ਸੰਬੋਧਨ ਕਰਿਆ ਕਰਦੇ ਹੋ, ਕਿ ਉਹ ਕਾਦਰ ਜਿਸਨੇ ਇਕੋ ਵਾਕ ਤੋਂ ਇਹ ਸਾਰੀ ਰਚਨਾ ਨੂੰ ਪ੍ਰਗਟਾਇਆ ਹੈ, ਉਸਨੂੰ ਬਿਆਨਿਆ ਨਹੀਂ ਜਾ ਸਕਦਾ। ਕਿਉਂ ਜੀ! ਜੇ ਉਸ ਕਾਦਰ ਸੰਬੰਧੀ ਕੁਝ ਨਹੀਂ ਕਿਹਾ ਜਾ ਸਕਦਾ, ਤਾਂ ਫਿਰ ਉਸਦੀ ਕੁਦਰਤ ਬਾਰੇ ਤਾਂ ਕੁਝ ਨਾ ਕੁਝ ਜਾਣਕਾਰੀ ਦਿਓ, ਤਾ ਕਿ ਕੁਦਰਤ ਨੂੰ ਕੁਝ ਸਮਝ ਸਕੀਏ?

ਉ: ਹੇ ਭਾਈਓ! ਜੇ ਤੁਹਾਡੇ ਇਸ ਕੁਦਰਤ ਬਾਰੇ ਕੀਤੇ ਪ੍ਰਸ਼ਨ ਦਾ ਉੱਤਰ ਗੁਰੂ ਗ੍ਰੰਥ ਸਾਹਿਬ ਜੀ ਤੋਂ ਲੈਣਾ ਚਾਹੀਏ ਤਾਂ ਆਪ ਜੀ ਵੱਲੋਂ ਇਸ ਬਾਰੇ ਕਈ ਥਾਵਾਂ 'ਤੇ ਉਦਾਹਰਣ ਮਿਲਦੇ ਹਨ ਕਿ ਕੁਦਰਤ ਭੀ ਕਾਦਰ ਦੀ ਨਿਆਈਂ ਕਥਨ ਤੋਂ ਪਰੇ ਹੈ, ਇਸ ਨੂੰ ਭੀ ਬਿਆਨਿਆ ਨਹੀਂ ਜਾ ਸਕਦਾ। ਜਿਵੇਂ ਕਿ ਫ਼ੁਰਮਾਨ ਹੈ:

ਕੁਦਰਤਿ ਹੈ ਕੀਮਤਿ ਨਹੀ ਪਾਇ॥
ਜਾ ਕੀਮਤਿ ਪਾਇ ਤ ਕਹੀ ਨ ਜਾਇ॥
*(ਸਲੋਕ ਮ: ੧, ਪੰਨਾ ੮੪)*

ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹੁ॥
*(ਤਿਲੰਗ ਮ: ੫, ਪੰਨਾ ੭੨੪)*

ਕੁਦਰਤਿ ਕੀਮ ਨ ਪਾਇ ਅਲਖ ਬ੍ਰਹਮਟਿਆ॥
*(ਪਉੜੀ, ਪੰਨਾ ੯੫੭)*

ਕੁਦਰਤਿ ਕਰਨੈਹਾਰ ਅਪਾਰਾ॥
ਕੀਤੇ ਕਾ ਨਾਹੀ ਕਿਹੁ ਚਾਰਾ॥
*(ਮਾਰੂ ਮ: ੧, ਪੰਨਾ ੧੦੪੨)*

ਕੁਦਰਤਿ ਕਵਣ ਕਹਾ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥ *(ਜਪੁਜੀ, ਪੰਨਾ ੩)*

ਕੁਦਰਤਿ ਦਿਸੈ ਕੁਦਰਤਿ ਸੁਣੀਐ
ਕੁਦਰਤਿ ਭਉ ਸੁਖ ਸਾਰੁ॥
ਕੁਦਰਤਿ ਪਾਤਾਲੀ ਆਕਾਸੀ
ਕੁਦਰਤਿ ਸਰਬ ਆਕਾਰੁ॥
ਕੁਦਰਤਿ ਵੇਦ ਪੁਰਾਣ ਕਤੇਬਾ
ਕੁਦਰਤਿ ਸਰਬ ਵੀਚਾਰੁ॥
ਕੁਦਰਤਿ ਖਾਣਾ ਪੀਣਾ ਪੈਨ੍ਹਣੁ
ਕੁਦਰਤਿ ਸਰਬ ਪਿਆਰੁ॥
ਕੁਦਰਤਿ ਜਾਤੀ ਜਿਨਸੀ ਰੰਗੀ
ਕੁਦਰਤਿ ਜੀਅ ਜਹਾਨ॥
ਕੁਦਰਤਿ ਨੇਕੀਆ ਕੁਦਰਤਿ ਬਦੀਆ
ਕੁਦਰਤਿ ਮਾਨੁ ਅਭਿਮਾਨੁ॥
ਕੁਦਰਤਿ ਪਉਣੁ ਪਾਣੀ ਬੈਸੰਤਰੁ
ਕੁਦਰਤਿ ਧਰਤੀ ਖਾਕੁ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ
ਪਾਕੀ ਨਾਈ ਪਾਕੁ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥੨॥
*(ਮ: ੧, ਪੰਨਾ ੪੬੪)*

ਹੇ ਭਾਈਓ ! ਇਨ੍ਹਾਂ ਉਪਰ ਆਏ ਮਹਾਂਵਾਕਾਂ ਤੋਂ ਸੋਝੀ ਮਿਲਦੀ ਹੈ ਕਿ ਉਸ ਰਚਨਹਾਰ ਕਰਤਾਰ ਦੀ ਕੁਦਰਤ ਬੇਅੰਤ ਹੈ, ਇਸਦੇ ਕਿਸੇ ਪੱਖ ਵੱਲ ਭੀ ਨਜ਼ਰ ਮਾਰੀਏ ਤਾਂ ਅਗੇ ਤੋਂ ਅਗੇ ਅਗੰਮਤਾਈ ਹੀ ਵੇਖਣ ਵਿਚ ਆਉਂਦੀ ਹੈ। ਜਿਵੇਂ ਚੰਦ, ਸੂਰਜ, ਬਿਜਲੀ, ਤਾਰੇ, ਪਉਣ, ਪਾਣੀ ਬੈਸੰਤਰ ਇਹ ਕੁਦਰਤ ਦੇ ਅਗੰਮ ਰੂਪ ਹਨ, ਜਿਨ੍ਹਾਂ ਵਿਚ ਉਸੇ ਕੁਦਰਤ ਦੀ ਅਗੰਮਤਾ ਦਾ ਝਲਕਾਰਾ ਵੇਖਣ ਵਿਚ ਨਜ਼ਰ ਆਉਂਦਾ ਹੈ, ਇਸ ਤਰ੍ਹਾਂ ਬਾਣੀ ਵਿਚੋਂ ਸਾਨੂੰ ਹੋਰ ਭੀ ਅਨੇਕਾਂ ਪ੍ਰਮਾਣ ਮਿਲਦੇ ਹਨ, ਜਿਨ੍ਹਾਂ ਤੋਂ ਸਾਨੂੰ ਉਸ ਕਾਦਰ ਦੀ ਕੁਦਰਤ ਦਾ ਪ੍ਰਤੱਖ ਗਿਆਨ ਹੁੰਦਾ ਹੈ, ਮੈਂ ਭੀ ਬਾਣੀ ਦੀਆਂ ਉਪਰ ਆਈਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀ ਰਚਨਾ ਰਚੀ ਹੈ, ਜਿਵੇਂ ਕਿ :

(੧) (ਅਸੀਂ ਵੇਖਦੇ ਹਾਂ ਕਿ) ਪ੍ਰਭੂ ਦੇ ਸ੍ਰਿਸ਼ਟੀ ਰਚਣ ਸਮੇਂ ਦੇ ਇਕ ਵਾਕ ਨੂੰ ਭੀ ਤੋਲਿਆ ਨਹੀਂ ਜਾ ਸਕਦਾ, (ਇਸੇ ਤਰ੍ਹਾਂ ਇਕ ਵਾਕ ਤੋਂ ਬਣੀ ਰਚਨਾ ਮਈ) ਕੁਦਰਤ ਨੂੰ ਵੀ ਅਤੋਲ ਹੀ ਜਾਣ ਲਵੋ।

(੨) ਓਅੰਕਾਰ (ਪ੍ਰਭੂ) ਬੋਲੀ (ਦੇ ਸ਼ਬਦਾਂ) ਰਾਹੀਂ ਨਹੀਂ ਜਾਣਿਆ ਜਾ ਸਕਦਾ, (ਕਿਉਂਕਿ) ਉਸ ਦੇ ਚੋਜ ਅਤੀ ਅਸਚਰਜ-ਮਈ ਹਨ, (ਜਿਨ੍ਹਾਂ ਦੀ ਮਨੁਖੀ ਮਨ ਨੂੰ ਸਮਝ ਪੈ ਹੀ ਨਹੀਂ ਸਕਦੀ)।

(੩) ਲੱਖਾਂ ਦਰਿਆ ਅੰਮ੍ਰਿਤ ਰੂਪੀ ਜਲ ਨੂੰ ਵਹਾਉਂਦੇ ਹਨ।

(੪) (ਇਸੇ ਤਰ੍ਹਾਂ ਗੁਰੂ ਦੇ ਉਪਦੇਸ਼ ਨਾਲ) ਅਨੇਕਾਂ ਗੁਰਸਿਖ ਹੀਰੇ ਤੇ ਲਾਲਾਂ ਵਰਗੇ ਅਮੋਲਕ ਜੀਵਨਾਂ ਵਾਲੇ ਬਣ ਗਏ ਹਨ, ਇਹ ਜਾਣ ਲਵੋ।

(੫) ਜਿਨ੍ਹਾਂ ਅੰਦਰ ਨਾ ਚਲਾਏ-ਮਾਨ ਹੋਣ ਵਾਲੀ ਗੁਰੂ ਦੀ ਮੱਤ ਤੇ ਅਡੋਲਤਾ ਹੈ, (ਉਹ) ਪ੍ਰਵਾਣ ਮੱਤ ਵਾਲੇ ਮੰਨੇ ਗਏ ਹਨ।

(੬) ਗੁਰਮੁਖਾਂ ਦਾ ਰਸਤਾ ਨਿਰੋਲ ਗੁਰੂ ਦੀ ਮੱਤ ਵਾਲਾ ਹੈ, ਜੋ ਸੱਚਾ ਤੇ ਸੋਹਣਾ ਲਗ ਰਿਹਾ ਹੈ (ਭਾਵ ਸੋਭਾ ਵਾਲਾ ਹੈ)।

(੭) ਸਾਇਰ (ਸਿਫਤਾਂ ਕਰਨ ਵਾਲੇ ਪ੍ਰਭੂ ਦੇ ਪਿਆਰੇ) ਲੱਖਾਂ ਵਿਚੋਂ ਟੋਲਣ ਤੇ ਵਿਰਲੇ ਮਿਲਦੇ ਹਨ, ਜਿਨ੍ਹਾਂ ਦੀ ਨਿਸ਼ਾਨੀ (ਕੇਵਲ) ਸ਼ਬਦ (ਦੇ ਜਾਪ ਵਾਲੀ) ਹੀ ਹੈ।

(੮) (ਉਨ੍ਹਾਂ ਦੇ) ਚਰਨ ਕਵਲਾਂ ਦੀ ਰਜ (ਧੂੜ) ਪਾਣੀ ਵਿਚ ਘੁਲੀ ਹੋਈ ਅੰਮ੍ਰਿਤ ਵਰਗੀ (ਸਰੇਸ਼ਟ) ਹੁੰਦੀ ਹੈ।

(੯) (ਇਸ ਅੰਮ੍ਰਿਤ ਨੂੰ) ਗੁਰਮੁਖਾਂ ਨੇ ਰੱਜ ਰੱਜ ਪੀਤਾ ਹੈ (ਜਿਸਦੀ ਮਹਿਮਾ) ਅਕੱਥ ਕਹਾਣੀ ਵਰਗੀ ਹੈ।੧੪।

## ੧੫. ਪਰਮੇਸ਼ਰ ਦੀ ਵਡਿਆਈ ਅਕੱਥ ਹੈ

**੧. ਕਾਦਰੁ ਨੋਂ ਕੁਰਬਾਣੁ**
**ਕੀਮ ਨ ਜਾਣੀਐ।**
**੨. ਕੇਵਡ ਵੱਡਾ ਹਾਣੁ**
**ਆਖਿ ਵਖਾਣੀਐ।**
**੩. ਕੇਵਡੁ ਆਖਾ ਤਾਣੁ**
**ਮਾਣੁ ਨਿਮਾਣੀਐ।**
**੪. ਲੱਖ ਜ਼ਿਮੀਂ ਅਸਮਾਣ**
**ਤਿਲੁ ਨ ਤੁਲਾਣੀਐ।**
**੫. ਕੁਦਰਤਿ ਲੱਖ ਜਹਾਨੁ**
**ਹੋਇ ਹੈਰਾਣੀਐ।**
**੬. ਸੁਲਤਾਨਾਂ ਸੁਲਤਾਨ**
**ਹੁਕਮੁ ਨੀਸਾਣੀਐ।**
**੭. ਲੱਖ ਸਾਇਰ ਨੈਸਾਣ**
**ਬੂੰਦ ਸਮਾਣੀਐ।**
**੮. ਕੂੜ ਅਖਾਣ ਵਖਾਣ ਅਕਥ ਕਹਾਣੀਐ ॥੧੫॥**

***ਪਦ ਅਰਥ :*** ਕਾਦਰੁ—ਕੁਦਰਤ ਦਾ ਕਰਤਾ। ਕੀਮ—ਕੀਮਤ, ਮੁੱਲ। ਹਾਣੁ—ਬਰਾਬਰ। ਸਾਇਰ—ਸਮੁੰਦਰ। ਨੈਸਾਣ—ਨਦੀਆਂ ਨਾਲੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਪਿਛੇ ਆਪ ਜੀ ਨੇ ਬਾਣੀ ਦੁਆਰੇ ਉਸ ਕਾਦਰ ਦੀ ਕੁਦਰਤ ਨੂੰ ਬੇਅੰਤਤਾ ਦੇ ਰੂਪ ਵਿਚ ਦਰਸਾਇਆ ਹੈ ਕਿ ਉਸਦਾ ਕਥਨ ਨਹੀਂ ਕੀਤਾ ਜਾ ਸਕਦਾ, ਪਰ ਉਸ ਕਾਦਰ ਦੇ ਵਿਸ਼ੇਸ਼ ਗੁਣ ਦੱਸਣ ਦੀ ਤਾਂ ਕ੍ਰਿਪਾ ਕਰੋ, ਜਿਨ੍ਹਾਂ ਨੂੰ ਸੁਣਕੇ ਸਾਡੇ ਮਨਾਂ ਅੰਦਰ ਉਸਦੇ ਪ੍ਰਾਪਤ ਕਰਨ ਦੀ ਚਾਹਤ ਪੈਦਾ ਹੋਵੇ, ਕਿਉਂਕਿ ਜਿਤਨਾ ਚਿਰ ਕਿਸੇ ਵਿਅਕਤੀ ਦੇ ਗੁਣਾਂ ਤੋਂ ਅਸੀਂ ਜਾਣੂ ਨ ਹੋਈਏ ਉਤਨਾ ਚਿਰ ਉਸਦੇ ਪ੍ਰਾਪਤ ਕਰਨ ਦੀ ਇੱਛਾ ਹੀ ਨਹੀਂ ਉਪਜਦੀ, ਇਸ ਲਈ ਉਸ ਕਾਦਰ ਦੇ ਵਿਸ਼ੇਸ਼ ਗੁਣ ਦਰਸਾਉਣ ਦੀ ਕ੍ਰਿਪਾ ਕਰੋ ? ਅਤੇ ਇਹ ਭੀ ਦੱਸਣ ਦੀ ਖੇਚਲ ਕਰੋ

ਕਿ ਉਸਨੂੰ ਹਾਸਲ ਕਰਨ ਲਈ ਕੀਮਤ ਕਿਤਨੀ ਕੁ ਦੇਣੀ ਪੈਂਦੀ ਹੈ, ਕਿਉਂਕਿ ਸੰਸਾਰ ਦੀ ਹਰ ਸ਼ੈ ਕੀਮਤਨ ਖ਼ਰੀਦੀ ਜਾ ਸਕਦੀ ਹੈ ?

**ਉ:** ਹੇ ਭਾਈਓ ! ਜਦੋਂ ਅਸੀਂ ਗਹਿਰਾਈਆਂ ਭਰੀ ਵੀਚਾਰ ਦ੍ਰਿਸ਼ਟੀ ਦੁਆਰੇ ਤੱਕਾਂਗੇ ਤਾਂ ਸਾਨੂੰ ਇਹੋ ਬੋਧ ਮਿਲੇਗਾ ਕਿ ਇਸ ਸਾਰੇ ਮਾਇਕੀ ਪਦਾਰਥਾਂ ਦਾ ਕਰਤਾ ਕਾਦਰ ਕਰੀਮ ਹੈ ਇਹ ਸਾਰੀ ਰਚਨਾ ਉਸ ਦੀ ਕ੍ਰਿਤ ਹੈ, ਇਸ ਕਿਰਤ ਦੇ ਵੱਟੇ ਵਿਚ ਉਸ ਕਾਦਰ ਨੂੰ ਨਹੀਂ ਪਾਇਆ ਜਾ ਸਕਦਾ, ਕਿਉਂਕਿ ਇਸ ਭਾਵ ਨੂੰ ਕਬੀਰ ਜੀ ਨੇ ਆਪਣੀ ਰਚਨਾ ਦੁਆਰੇ ਪ੍ਰਗਟਾਇਆ ਹੈ, ਜਿਵੇਂ ਕਿ :

ਕੰਚਨ ਸਿਉ ਪਾਈਐ ਨਹੀ ਤੋਲਿ ॥
ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥
ਅਬ ਮੋਹਿ ਰਾਮੁ ਅਪੁਨਾ ਕਰਿ ਜਾਨਿਆ ॥
ਸਹਜ ਸੁਭਾਇ ਮੇਰਾ ਮਨੁ ਮਾਨਿਆ ॥੧॥ਰਹਾਉ

*(ਗਉੜੀ, ਪੰਨਾ ੩੨੭)*

ਇਸੇ ਭਾਵ ਨੂੰ ਬਾਣੀ ਵਿਚ ਸਤਿਗੁਰੂ ਜੀ ਨੇ ਕਈ ਥਾਵਾਂ 'ਤੇ ਪ੍ਰਗਟਾਇਆ ਹੈ ਕਿ ਉਸਦੀ ਕੀਮਤ ਨੂੰ ਕੌਣ ਕਹਿ ਸਕਦਾ ਹੈ ?

ਕੀਮਤਿ ਕਉਣੁ ਕਹੈ ਬੀਚਾਰੁ ॥
ਘਟਿ ਘਟਿ ਅੰਤਰਿ ਸਗਲ ਅਧਾਰੁ ॥

*(ਧਨਾਸਰੀ ਮ: ੫, ਪੰਨਾ ੬੭੭)*

ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ ॥

*(ਬਾਰਹਮਾਹਾ ਤੁਖਾਰੀ ਮ: ੧, ਪੰਨਾ ੧੧੦੮)*

ਕੀਮਤਿ ਕਉਣੁ ਕਰੇ ਤੇਰੀ ਕਰਤੇ
ਪ੍ਰਭ ਅੰਤੁ ਨ ਪਾਰਾਵਾਰੀ ॥੭॥

*(ਰਾਮਕਲੀ ਮ: ੫, ਪੰਨਾ ੯੧੬)*

ਤੇਰੇ ਨਾਮ ਅਨੇਕ ਕੀਮਤਿ ਨਹੀ ਪਾਈ ॥
ਸਚੁ ਨਾਮੁ ਹਰਿ ਹਿਰਦੈ ਵਸਾਈ ॥
ਕੀਮਤਿ ਕਉਣੁ ਕਰੇ ਪ੍ਰਭ ਤੇਰੀ
ਤੂ ਆਪੇ ਸਹਜਿ ਸਮਾਇਆ ॥੮॥

*(ਮਾਰੂ ਮ: ੩, ਪੰਨਾ ੧੦੬੭)*

ਕੀਮਤਿ ਕਉਣੁ ਕਰੇ ਪ੍ਰਭ ਤੇਰੀ
ਤੂ ਸਰਬ ਜੀਆ ਦਇਆਲਾ ॥
ਸਭੁ ਕਿਛੁ ਕੀਤਾ ਤੇਰਾ ਵਰਤੈ
ਕਿਆ ਹਮ ਬਾਲ ਗੁਪਾਲਾ ॥

*(ਸੋਰਠਿ ਮ: ੫, ਪੰਨਾ ੬੦੮)*

ਕੀਮਤਿ ਕੋਇ ਨ ਜਾਣਈ ਕੋ ਨਾਹੀ ਤੋਲਣਹਾਰੁ ॥
ਮਨ ਤਨ ਅੰਤਰਿ ਵਸਿ ਰਹੇ ਨਾਨਕ ਨਹੀ ਸੁਮਾਰੁ ॥

*(ਮਾਝ ਮ: ੫, ਪੰਨਾ ੧੩੭)*

ਕੀਮਤਿ ਕੋਇ ਨ ਜਾਣੈ ਦੂਜਾ ॥
ਆਪੇ ਆਪਿ ਨਿਰੰਜਨੁ ਪੂਜਾ ॥

*(ਮਾਰੂ ਸੋਲਹੇ ਮ: ੫, ਪੰਨਾ ੧੦੮੧)*

ਆਪੇ ਹੋਵਹਿ ਗੁਪਤੁ ਆਪੇ ਪਰਗਟੀਐ ॥
ਕੀਮਤਿ ਕਿਸੈ ਨ ਪਾਇ ਤੇਰੀ ਥਟੀਐ ॥

*(ਪਉੜੀ, ਪੰਨਾ ੯੬੬)*

ਤੂ ਨਿਹਚਲੁ ਨਿਰਵੈਰੁ ਸਚੁ ਸਚਾ ਤੁਧੁ ਦਰਬਾਰੁ ॥
ਕੀਮਤਿ ਕਹਣੁ ਨ ਜਾਈਐ ਅੰਤੁ ਨ ਪਾਰਾਵਾਰੁ ॥

*(ਸਲੋਕ ਮ: ੫, ਪੰਨਾ ੯੬੨)*

ਕੀਮਤਿ ਕਹਣੁ ਨ ਜਾਈਐ ਸਚੁ ਸਾਹ ਅਡੋਲੈ ॥
ਸਿਧ ਸਾਧਿਕ ਗਿਆਨੀ ਧਿਆਨੀਆ
ਕਉਣੁ ਤੁਧੁਨੋ ਤੋਲੈ ॥ *(ਪਉੜੀ, ਪੰਨਾ ੧੧੦੨)*

ਕੀਮਤਿ ਕਹਣੁ ਨ ਜਾਈਐ ਸਾਗਰੁ ਗੁਣੀ ਅਥਾਹੁ ॥

*(ਸ੍ਰੀ ਰਾਗੁ ਮ: ੫, ਪੰਨਾ ੪੬)*

ਹਰਿ ਕੇ ਨਾਮ ਕੀ ਵਡਿਆਈ ॥
ਕੀਮਤਿ ਕਹਣੁ ਨ ਜਾਈ ॥੧॥ਰਹਾਉ॥

*(ਰਾਮਕਲੀ ਮ: ੫, ਪੰਨਾ ੮੯੦)*

ਕੀਮਤਿ ਕਹੀ ਨ ਜਾਈਐ
ਕਿਆ ਕਹਿ ਮੁਖਿ ਬੋਲਾ ॥੩॥

*(ਬਿਲਾਵਲੁ ਮ: ੫, ਪੰਨਾ ੮੦੮)*

ਊਚੇ ਤੇ ਨੀਚਾ ਕਰੈ ਨੀਚ ਖਿਨ ਮਹਿ ਥਾਪੈ ॥
ਕੀਮਤਿ ਕਹੀ ਨ ਜਾਈਐ ਠਾਕੁਰ ਪਰਤਾਪੈ ॥੨॥

*(ਬਿਲਾਵਲੁ ਮ: ੫, ਪੰਨਾ ੮੧੩)*

ਕੀਮਤਿ ਕਹੀ ਨ ਜਾਈ ਠਾਕੁਰ
ਤੇਰਾ ਮਹਲੁ ਅਪਾਰਾ ॥
ਸਗਲ ਗੁਣਾ ਕੇ ਦਾਤੇ ਸੁਆਮੀ
ਬਿਨਉ ਸੁਨਹੁ ਇਕ ਦੀਨਾ ॥

*(ਤੁਖਾਰੀ ਮ: ੫, ਪੰਨਾ ੧੧੧੭)*

ਕੀਮਤਿ ਕਾਗਦ ਕਹੀ ਨ ਜਾਈ ॥
ਕਹੁ ਨਾਨਕ ਬੇਅੰਤ ਗੁਸਾਈ ॥

*(ਮਾਰੂ ਮ: ੫, ਪੰਨਾ ੧੦੮੨)*

ਕੀਮਤਿ ਕਿਛੁ ਕਹਣੁ ਨ ਜਾਈ
ਸਾਚੇ ਸਚੁ ਅਲਖ ਅਭੇਵਾ ॥੧॥ਰਹਾਉ॥

*(ਰਾਮਕਲੀ ਮ: ੫, ਪੰਨਾ ੮੯੬)*

ਕੀਮਤਿ ਕਿਨੈ ਨ ਪਾਈਆ
ਸਭਿ ਸੁਣਿ ਸੁਣਿ ਆਖਹਿ ਸੋਇ॥੨॥

*(ਸਿਰੀ ਰਾਗੁ ਮ: ੧, ਪੰਨਾ ੫੩)*

ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ॥

*(ਸਿਰੀ ਰਾਗੁ ਮ: ੧, ਪੰਨਾ ੧੫)*

ਕੀਮਤਿ ਕਿਨੈ ਨ ਪਾਈਆ ਕਿਤੈ ਨ ਲਇਆ ਜਾਇ॥

*(ਸਲੋਕ ਮ: ੩, ਪੰਨਾ ੫੫੫)*

ਰਤਨੁ ਅਮੋਲਕੁ ਅਗਮ ਅਪਾਰਾ॥
ਕੀਮਤਿ ਕਵਣੁ ਕਰੇ ਵੇਚਾਰਾ॥

*(ਮਾਰੂ ਮ: ੩, ਪੰਨਾ ੧੦੫੩)*

ਕੀਮਤਿ ਪਾਇ ਨ ਕਹਿਆ ਜਾਇ॥
ਕਹਣੈ ਵਾਲੇ ਤੇਰੇ ਰਹੇ ਸਮਾਇ॥੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥੧॥ਰਹਾਉ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ॥
ਸਭ ਕੀਮਤਿ ਮਿਲਿ ਕੀਮਤਿ ਪਾਈ॥
ਗਿਆਨੀ ਧਿਆਨੀ ਗੁਰ ਗੁਰ ਹਾਈ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥

*(ਆਸਾ ਮਹਲਾ ੧, ਪੰਨਾ ੯)*

ਇਨ੍ਹਾਂ ਤੋਂ ਇਲਾਵਾ ਬਾਣੀ ਵਿਚ ਹੋਰ ਭੀ ਬਹੁਤ ਸਾਰੇ ਮਹਾਂਵਾਕ ਆਉਂਦੇ ਹਨ, ਜਿਨ੍ਹਾਂ ਤੋਂ ਸਾਬਤ ਹੁੰਦਾ ਹੈ ਕਿ ਉਸ ਕਾਦਰ ਨੂੰ ਮਾਇਕੀ ਪਦਾਰਥਾਂ ਦੇ ਵੱਟੇ ਵਿਚ ਨਹੀਂ ਖ਼ਰੀਦਿਆ ਜਾ ਸਕਦਾ। ਸੋ, ਮੈਂ ਭੀ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਵਿਚ ਭੀ ਇਹੋ ਭਾਵ ਦਰਸਾਇਆ ਹੈ ਕਿ ਉਸ ਕਾਦਰ ਤੋਂ ਕੁਰਬਾਣ ਹੀ ਜਾਂਦੇ ਰਹਿਣਾ ਚਾਹੀਦਾ ਹੈ ਉਸਦੀ ਕੀਮਤ ਨਹੀਂ ਕਹੀ ਜਾ ਸਕਦੀ, ਨਾ ਹੀ ਕੋਈ ਭਵਿੱਖਤ ਵਿਚ ਕਹਿ ਹੀ ਸਕੇਗਾ। ਇਸ ਲਈ ਇਉਂ ਹੀ ਕਹਿਣਾ ਬਣਦਾ ਹੈ ਕਿ ਉਸ ਸ੍ਰਿਸ਼ਟੀ ਦੇ:

(੧) ਰਚਨਹਾਰ (ਮਾਲਕ) ਤੋਂ ਅਸੀਂ ਕੁਰਬਾਨ ਤੇ ਵਾਰਨੇ ਜਾਂਦੇ ਹਾਂ, ਜਿਸਦੀ (ਕੁਦਰਤ-ਰਚਨਾ) ਦੀ ਕੀਮਤ ਨਹੀਂ ਪਾਈ ਜਾ ਸਕਦੀ।
(੨) ਕਿਤਨੀ ਤੇ ਕਿਸਦੀ ਬਰਾਬਰਤਾ ਵਾਲਾ ਵੱਡਾ ਕਹਿ ਕੇ (ਉਸਦੀ ਵਡਿਆਈ ਨੂੰ) ਆਖਿਆ ਜਾਵੇ (ਭਾਵ ਆਖਿਆ ਹੀ ਨਹੀਂ ਜਾ ਸਕਦਾ)।
(੩) ਉਸਦੇ ਤਾਣ (ਸ਼ਕਤੀ) ਨੂੰ ਕਿੱਡਾ ਕੁ ਵੱਡਾ ਆਖੀਏ ਜੋ ਨਿਮਾਣਿਆਂ ਨੂੰ ਮਾਣ ਦੇਣ ਵਾਲਾ (ਤੇ ਹੰਕਾਰੀਆਂ ਦੇ ਹੰਕਾਰ ਦੂਰਨ ਕਰਨ ਵਾਲਾ ਵਾਲਾ) ਹੈ।
(੪) (ਉਸ) ਪ੍ਰਭੂ ਨੇ ਲੱਖਾਂ ਹੀ ਜ਼ਮੀਨਾਂ ਤੇ ਅਸਮਾਨ (ਬਣਾ ਦਿਤੇ ਹਨ, ਜਿਨ੍ਹਾਂ ਦਾ) ਤਿਲ ਜਿਤਨਾ ਭੀ ਤੋਲ ਨਹੀਂ ਕੀਤਾ ਜਾ ਸਕਦਾ (ਭਾਵ ਉਸਦੀ ਤਿਲ-ਮਾਤਰ ਵਡਿਆਈ ਦਾ ਵੀ ਅਸੀਂ ਅੰਤ ਨਹੀਂ ਪਾ ਸਕਦੇ)।
(੫) (ਉਸਦੀ ਰਚਨਾ ਵਿਚ) ਕੁਦਰਤ ਰੂਪ ਲੱਖਾਂ ਹੀ ਜਹਾਨ (ਬ੍ਰਹਿਮੰਡ, ਧਰਤੀ ਤੇ ਅਕਾਸ਼ ਦੇ) ਹਨ (ਜਿਨ੍ਹਾਂ ਦਾ ਅੰਤ ਨਾ ਆਉਂਦਾ ਵੇਖ) ਹੈਰਾਨ ਰਹਿ ਜਾਈਦਾ ਹੈ।
(੬) (ਉਹ ਕਰਤਾ) ਸੁਲਤਾਨਾਂ ਦਾ ਸੁਲਤਾਨ (ਬਾਦਸ਼ਾਹਾਂ ਦਾ ਵੱਡਾ ਬਾਦਸ਼ਾਹ) ਹੈ (ਜਿਸਦਾ) ਹੁਕਮ ਪ੍ਰਗਟ (ਪ੍ਰਤੱਖ) ਹੈ।
(੭) ਲੱਖਾਂ ਹੀ ਸਮੁੰਦਰ ਜੋ ਅਥਾਹ ਪ੍ਰਗਟ ਹਨ, ਪਰ ਉਸ ਕਾਦਰ ਦੀ ਇਕ ਬੂੰਦ ਦੇ ਸਮਾਨ ਭੀ ਨਹੀਂ।
(੮) ਜਿਹੜੇ ਉਸ ਕਰਤੇ ਬਾਰੇ ਕੋਈ ਦਾਅਵਾ ਕਰਦੇ ਹਨ ਕਿ (ਉਹ) ਐਡਾ ਹੈ ਜਾਂ ਫਲਾਣੀ ਥਾਂ ਹੈ, (ਉਹ) ਝੂਠੇ ਹਨ, ਝੂਠ ਕਹਿੰਦੇ ਤੇ ਝੂਠ ਦੇ ਵਖਿਆਨ ਕਰਦੇ ਹਨ (ਕਿਉਂਕਿ ਕਰਤੇ ਦੀਆਂ ਤਾਂ ਬਾਤਾਂ ਹੀ) ਅਕੱਥ ਕਥਾਵਾਂ ਹਨ।੧੫।

ਇਸ ਭਾਵ ਨੂੰ ਬਾਣੀ ਅੰਦਰ ਕਈ ਥਾਵਾਂ 'ਤੇ ਪ੍ਰਗਟਾਇਆ ਹੈ:

ਕਿਆ ਹਉ ਆਖਾ ਕਿਰਮ ਜੰਤੁ॥
ਤੇਰਾ ਕਿਨੈ ਨ ਪਾਇਆ ਆਦਿ ਅੰਤੁ॥੧॥

*(ਬਸੰਤੁ ਮ: ੩, ਪੰਨਾ ੧੧੭੨)*

ਕਿਆ ਹਉ ਕਥੀ ਕਥੇ ਕਥਿ ਦੇਖਾ
ਮੈ ਅਕਥੁ ਨ ਕਥਨਾ ਜਾਈ॥

*(ਬਿਲਾਵਲੁ ਮ: ੧, ਪੰਨਾ ੭੯੫)*

ਕਿਆ ਹਮ ਜੰਤ ਬੇਚਾਰੇ
ਬਰਨਿ ਨ ਸਾਕਹ ਏਕ ਰੋਮਾਈ॥

*(ਬਿਲਾਵਲੁ ਮ: ੫ ਪੰਨਾ ੮੨੨)*

## ੧੬. ਗੁਰਮੁਖ ਦੀ ਪਛਾਣ

**੧. ਚੱਲਣੁ ਹੁਕਮੁ ਰਜਾਇ**
**ਗੁਰਮੁਖ ਜਾਣਿਆ।**
**੨. ਗੁਰਮੁਖ ਪੰਥ ਚਲਾਇ**
**ਚੱਲਣੁ ਭਾਣਿਆ।**

**੩. ਸਿਦਕ ਸਬੂਰੀ ਪਾਇ**
**ਕਰਿ ਸ਼ੁਕਰਾਣਿਆ।**
**੪. ਗੁਰਮੁਖ ਅਲਖ ਲਖਾਇ**
**ਚੋਜ ਵਿਡਾਣਿਆ।**
**੫. ਵਰਤਣ ਬਾਲ ਸੁਭਾਇ**
**ਆਦਿ ਵਖਾਣਿਆ।**
**੬. ਸਾਧ ਸੰਗਤਿ ਲਿਵ ਲਾਇ**
**ਸੱਚ ਸੁਹਾਣਿਆ।**
**੭. ਜੀਵਨ ਮੁਕਤਿ ਕਰਾਇ**
**ਸ਼ਬਦ ਸਿਞਾਣਿਆ।**
**੮. ਗੁਰਮੁਖਿ ਆਪੁ ਗਵਾਇ ਆਪੁ ਪਛਾਣਿਆ॥੧੬॥**

***ਪਦ ਅਰਥ :*** ਰਜਾਇ—ਵਾਹਿਗੁਰੂ ਦਾ ਭਾਣਾ। ਭਾਣਿਆ—ਚੰਗਾ ਲੱਗਾ ਹੈ। ਸਿਦਕ—ਦ੍ਰਿੜ੍ਹਤਾ। ਸਬੂਰੀ—ਸੰਤੋਖ। ਸ਼ੁਕਰਾਣਿਆ—ਸ਼ੁਕਰ-ਗੁਜ਼ਾਰੀ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜਦੋਂ ਅਸੀਂ ਆਮ ਮਨੁੱਖਾਂ ਦੀ ਸਰੀਰਕ ਬਣਤਰ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਰਿਆਂ ਦੇ ਸਰੀਰਾਂ ਦੀ ਰਚਨਾ ਪੰਜਾਂ ਤੱਤਾਂ ਤੋਂ ਹੀ ਰਚੀ ਗਈ ਵੇਖਦੇ ਹਾਂ, ਪਰ ਇਨ੍ਹਾਂ ਵਿਚੋਂ ਕਈਆਂ ਨੂੰ ਗੁਰਮੁਖ ਤੇ ਬਹੁਤਿਆਂ ਨੂੰ ਮਨਮੁਖ ਨਾਮ ਨਾਲ ਪੁਕਾਰਿਆ ਜਾਂਦਾ ਹੈ। ਕਿਉਂ ਜੀ! ਦਸੋਗੇ ਕਿ ਇਨ੍ਹਾਂ ਦੋਵੇਂ ਵਿਅਕਤੀਆਂ ਵਿਚ ਪ੍ਰਸਪਰ ਅੰਤਰਾ ਕੀ ਹੈ?

**ਉ:** ਹੇ ਭਾਈਓ! ਅਜਿਹੇ ਸੂਖਸ਼ਮ ਪੱਖਾਂ ਨੂੰ ਸਮਝਣ ਲਈ ਕਿਸੇ ਮਨੁੱਖ ਵਿਚ ਸਮਰੱਥਾ ਨਹੀਂ ਅਜਿਹੇ ਗੁੱਝੇ ਭਾਵਾਂ ਨੂੰ ਤਾਂ ਕੇਵਲ ਗੁਰਬਾਣੀ ਦੁਆਰੇ ਹੀ ਸਮਝਿਆ ਜਾ ਸਕਦਾ ਹੈ, ਕਿਉਂਕਿ ਹਰ ਸਰੀਰ ਦੀ ਬਣਤਰ ਤਾਂ ਵੇਖਣ ਵਿਚ ਸਮਾਨ ਹੀ ਦਿਸਦੀ ਹੈ ਪਰ ਕਿਸੇ ਦੇ ਸਰੀਰ ਵਿਚ ਅੰਤਰ ਆਤਮੇ ਕੀ ਵਿਸ਼ੇਸ਼ਤਾ ਹੈ ਇਸਨੂੰ ਅਸੀਂ ਬਾਣੀ ਦੁਆਰੇ ਹੀ ਪਰਖ ਸਕਦੇ ਹਾਂ, ਕਿਉਂਕਿ ਕਿਸੇ ਵਿਅਕਤੀ ਅੰਦਰ ਦੈਵੀਗੁਣਾਂ ਦੀ ਪ੍ਰਧਾਨਤਾ ਹੈ, ਜਿਸਨੂੰ ਗੁਰਬਾਣੀ ਨੇ ਗੁਰਮੁਖ ਦੀ ਗਿਣਤੀ ਵਿਚ ਸ਼ੁਮਾਰ ਕੀਤਾ ਹੈ, ਪਰ ਵਧੇਰੇ ਜੋ ਅੰਤਰਗਤ ਅਸ਼ੁਭ ਗੁਣਾਂ ਦੇ ਭੰਡਾਰ ਭਰੇ ਵੇਖਣ ਵਿਚ ਆਉਂਦੇ ਹਨ, ਉਨ੍ਹਾਂ ਦੀ ਗਿਣਤੀ ਮਨਮੁਖਾਂ ਵਿਚ ਗਿਣੀ ਗਈ ਹੈ, ਇਸ ਪੱਖ ਨੂੰ ਸਮਝਣ ਲਈ ਮੈਨੂੰ ਗੁਰਬਾਣੀ ਵਿਚੋਂ ਬਹੁਤ ਉਦਾਹਰਣ ਮਿਲੇ ਹਨ, ਜਿਨ੍ਹਾਂ ਦੁਆਰੇ ਗੁਰਮੁਖ ਤੇ ਮਨਮੁਖ ਦੀ ਸਹੀ ਜਾਣਕਾਰੀ ਮਿਲਦੀ ਹੈ, ਜਿਵੇਂ ਕਿ ਅਸੀਂ ਗੁਰਬਾਣੀ ਵਿਚੋਂ ਗੁਰਮੁਖਾਂ ਬਾਰੇ ਇਉਂ ਬੋਧ ਹਾਸਲ ਕਰਦੇ ਹਾਂ ਕਿ ਗੁਰਮੁਖ ਕੌਣ ਹੈ?

ਗੁਰਮੁਖਿ ਵਿਚਹੁ ਹਉਮੈ ਜਾਇ॥
ਗੁਰਮੁਖਿ ਮੈਲੁ ਨ ਲਾਗੈ ਆਇ॥
ਗੁਰਮੁਖਿ ਨਾਮੁ ਵਸੈ ਮਨਿ ਆਇ॥੨॥
ਗੁਰਮੁਖਿ ਕਰਮ ਧਰਮ ਸਚਿ ਹੋਈ॥
ਗੁਰਮੁਖਿ ਅਹੰਕਾਰੁ ਜਲਾਏ ਦੋਈ॥
ਗੁਰਮੁਖਿ ਨਾਮਿ ਰਤੇ ਸੁਖੁ ਹੋਈ॥੩॥
*(ਗਉੜੀ ਮ: ੩, ਪੰਨਾ ੨੩੦)*

ਗੁਰਮੁਖਿ ਹਰਿ ਦਰਿ ਸੋਭਾ ਪਾਏ॥
ਗੁਰਮੁਖਿ ਵਿਚਹੁ ਆਪੁ ਗਵਾਏ॥
ਆਪਿ ਤਰੈ ਕੁਲ ਸਗਲੇ ਤਾਰੇ
ਗੁਰਮੁਖਿ ਜਨਮੁ ਸਵਾਰਣਿਆ॥੩॥
ਗੁਰਮੁਖਿ ਦੁਖੁ ਕਦੇ ਨ ਲਗੈ ਸਰੀਰਿ॥
ਗੁਰਮੁਖਿ ਹਉਮੈ ਚੂਕੈ ਪੀਰ॥
ਗੁਰਮੁਖਿ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ
ਗੁਰਮੁਖਿ ਸਹਜਿ ਸਮਾਵਣਿਆ॥੪॥
ਗੁਰਮੁਖਿ ਨਾਮੁ ਮਿਲੈ ਵਡਿਆਈ॥
ਗੁਰਮੁਖਿ ਗੁਣ ਗਾਵੈ ਸੋਭਾ ਪਾਈ॥
ਸਦਾ ਅਨੰਦਿ ਰਹੈ ਦਿਨੁ ਰਾਤੀ
ਗੁਰਮੁਖਿ ਸਬਦੁ ਕਰਾਵਣਿਆ॥੫॥
ਗੁਰਮੁਖਿ ਅਨਦਿਨੁ ਸਬਦੇ ਰਾਤਾ॥
ਗੁਰਮੁਖਿ ਜੁਗ ਚਾਰੇ ਹੈ ਜਾਤਾ॥
ਗੁਰਮੁਖਿ ਗੁਣ ਗਾਵੈ ਸਦਾ ਨਿਰਮਲੁ
ਸਬਦੇ ਭਗਤਿ ਕਰਾਵਣਿਆ॥੬॥
*(ਮਾਝ ਮਹਲਾ ੩, ਪੰਨਾ ੧੨੫)*

ਗੁਰਮੁਖਿ ਆਪਣਾ ਮਨੁ ਮਾਰਿਆ
ਸਬਦਿ ਕਸਵਟੀ ਲਾਇ॥
ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ
ਮਨ ਹੀ ਮੰਝਿ ਸਮਾਇ॥
ਮਨੁ ਜੋ ਇਛੇ ਸੋ ਲਹੈ ਸਚੈ ਸਬਦਿ ਸੁਭਾਇ॥
*(ਮ: ੩, ਪੰਨਾ ੮੭)*

ਗੁਰਮੁਖਿ ਅੰਮ੍ਰਿਤੁ ਪੀਵਣਾ
ਨਾਨਕ ਸ਼ਬਦੁ ਵੀਚਾਰਿ॥੧॥
*(ਮ: ੩, ਪੰਨਾ ੬੪੬)*

ਗੁਰਮੁਖਿ ਅਲਿਪਤੁ ਰਹੈ ਸੰਸਾਰੇ ॥
ਗੁਰ ਕੈ ਤਕੀਐ ਨਾਮਿ ਅਧਾਰੇ ॥
*(ਮਾਝ ਮ: ੩, ਪੰਨਾ ੧੧੮)*

ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ ॥
ਗੁਰਮੁਖਿ ਗਿਆਨੀ ਗੁਰਮੁਖਿ ਬਕਤਾ ॥
ਧੰਨੁ ਗਿਰਹੀ ਉਦਾਸੀ ਗੁਰਮੁਖਿ
ਗੁਰਮੁਖਿ ਕੀਮਤਿ ਪਾਏ ਜੀਉ ॥੫॥
ਹਉਮੈ ਬਾਧਾ ਗੁਰਮੁਖਿ ਛੂਟਾ ॥
ਗੁਰਮੁਖਿ ਆਵਣੁ ਜਾਵਣੁ ਤੂਟਾ ॥
ਗੁਰਮੁਖਿ ਕਰਮ ਗੁਰਮੁਖਿ ਨਿਹਕਰਮਾ
ਗੁਰਮੁਖਿ ਕਰੇ ਸੁ ਸੁਭਾਏ ਜੀਉ ॥੬॥
*(ਮਾਝ ਮ: ੫, ਪੰਨਾ ੧੩੧)*

ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥
ਹਉਮੈ ਵਿਚਹੁ ਤਜੈ ਵਿਕਾਰ ॥੩॥
*(ਧਨਾਸਰੀ ਮ: ੩, ਪੰਨਾ ੬੬੫)*

ਗੁਰਮੁਖਿ ਏਕਸੁ ਸਿਉ ਲਿਵ ਲਾਏ ॥
ਤ੍ਰਿਬਿਧਿ ਮਨਸਾ ਮਨਹਿ ਸਮਾਏ ॥੩॥
ਸਾਚੈ ਸਬਦਿ ਸਦਾ ਹੈ ਮੁਕਤਾ
ਮਾਇਆ ਮੋਹੁ ਚੁਕਾਇਦਾ ॥੫॥
*(ਮਾਰੂ ਮ: ੩, ਪੰਨਾ ੧੦੬੬)*

ਬੁਰਾ ਭਲਾ ਤਿਚਰੁ ਆਖਦਾ ਜਿਚਰੁ ਦੁਹੁ ਮਾਹਿ ॥
ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਇ ॥੭॥
*(ਸੂਹੀ ਮ: ੩, ਪੰਨਾ ੭੫੭)*

ਗੁਰਮੁਖਿ ਸੋਇ ਜਿ ਹਰਿ ਜੀਉ ਭਾਇਆ ॥
ਤਿਸੁ ਕਉਣੁ ਮਿਟਾਵੈ ਜਿ ਪ੍ਰਭਿ ਪਹਿਰਾਇਆ ॥
*(ਮਾਰੂ ਮ: ੫, ਪੰਨਾ ੧੦੭੩)*

ਇਸ ਤਰ੍ਹਾਂ ਗੁਰਮੁਖਾਂ ਦੇ ਸੰਬੰਧ ਵਿਚ ਹੋਰ ਭੀ ਬਹੁਤ ਸਾਰੇ ਸਾਨੂੰ ਬਾਣੀ ਵਿਚੋਂ ਉਦਾਹਰਣ ਮਿਲਦੇ ਹਨ ਜਿਨ੍ਹਾਂ ਦੁਆਰੇ ਸਾਨੂੰ ਗੁਰਮੁਖਾਂ ਦੀ ਮਾਨਸਕ ਨਿਰਲੇਪਤਾ ਦਾ ਬੋਧ ਮਿਲਦਾ ਹੈ, ਜੋ ਨਿਰਲੇਪਤਾ ਉਨ੍ਹਾਂ ਨੂੰ ਬਾਕੀ ਦੇ ਲੋਕਾਂ ਵੱਲੋਂ ਵੱਖਰਾ ਦਰਸਾਉਂਦੀ ਹੈ।

ਗੁਰਮੁਖਾਂ ਦੇ ਮੁਕਾਬਲੇ ਵਿਚ ਦੂਜੀ ਸ਼ਰੇਣੀ ਮਨਮੁਖਾਂ ਦੀ ਹੈ, ਜਿਸਦਾ ਭੀ ਗਿਆਨ ਸਾਨੂੰ ਬਾਣੀ ਰਾਹੀਂ ਮਿਲਦਾ ਹੈ, ਜਿਵੇਂ ਕਿ :

ਮਨਮੁਖੁ ਊਧਾ ਕਉਲੁ ਹੈ ਨਾ ਤਿਸੁ ਭਗਤਿ ਨ ਨਾਉ ॥
ਸਕਤੀ ਅੰਦਰਿ ਵਰਤਦਾ ਕੂੜੁ ਤਿਸ ਕਾ ਹੈ ਉਪਾਉ ॥
ਤਿਸ ਕਾ ਅੰਦਰੁ ਚਿਤੁ ਨ ਭਿਜਈ
ਮੁਖਿ ਫੀਕਾ ਆਲਾਉ ॥
ਓਇ ਧਰਮਿ ਰਲਾਏ ਨਾ ਰਲਨਿ੍
ਓਨਾ ਅੰਦਰਿ ਕੂੜੁ ਸੁਆਉ ॥
ਨਾਨਕ ਕਰਤੈ ਬਣਤ ਬਣਾਈ
ਮਨਮੁਖ ਕੂੜੁ ਬੋਲਿ ਬੋਲਿ ਡੁਬੇ
ਗੁਰਮੁਖਿ ਤਰੇ ਜਪਿ ਹਰਿ ਨਾਉ ॥੨॥
*(ਮ: ੩, ਪੰਨਾ ੫੧੧)*

ਮਨਮੁਖ ਆਸਾ ਨਹੀ ਉਤਰੈ ਦੂਜੈ ਭਾਇ ਖੁਆਏ ॥
ਉਦਰੁ ਨੈ ਸਾਣੁ ਨ ਭਰੀਐ ਕਬਹੂ
ਤ੍ਰਿਸਨਾ ਅਗਨਿ ਪਚਾਏ ॥੧॥
*(ਭੈਰਉ ਮ: ੩, ਪੰਨਾ ੧੧੩੧)*

ਮਨਮੁਖੁ ਅਹੰਕਾਰੀ ਮਹਲੁ ਨ ਜਾਣੈ
ਖਿਨੁ ਆਗੈ ਖਿਨੁ ਪੀਛੈ ॥
ਸਦਾ ਬੁਲਾਈਐ ਮਹਲਿ ਨ ਆਵੈ
ਕਿਉ ਕਰਿ ਦਰਗਹ ਸੀਝੈ ॥
*(ਸਲੋਕ ਮ: ੩, ਪੰਨਾ ੩੧੪)*

ਮਨਮੁਖ ਅਗਿਆਨੀ ਅੰਧੁਲੇ
ਜਨਮਿ ਮਰਹਿ ਫਿਰਿ ਆਵੈ ਜਾਏ ॥
ਕਾਰਜ ਸਿਧਿ ਨ ਹੋਵਨੀ ਅੰਤਿ ਗਇਆ ਪਛੁਤਾਏ ॥
*(ਸਲੋਕ ਮ: ੩, ਪੰਨਾ ੮੫੧)*

ਮਨਮੁਖ ਅਗਿਆਨਿ ਕੁਮਾਰਗਿ ਪਾਏ ॥
ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥
ਭਵਜਲਿ ਡੂਬੇ ਦੂਜੈ ਭਾਏ ॥੩॥
*(ਗਉੜੀ ਮ: ੩, ਪੰਨਾ ੨੩੧)*

ਮਨਮੁਖ ਅੰਦਰੁ ਨ ਭਾਲਨੀ ਮੁਠੇ ਅਹੰਮਤੇ ॥
ਚਾਰੇ ਕੁੰਡਾਂ ਭਵਿ ਥਕੇ ਅੰਦਰਿ ਤਿਖ ਤਤੇ ॥
ਸਿੰਮ੍ਰਿਤਿ ਸਾਸਤ ਨ ਸੋਧਨੀ ਮਨਮੁਖ ਵਿਗੁਤੇ ॥
*(ਪਉੜੀ, ਪੰਨਾ ੧੦੯੩)*

ਮਨਮੁਖੁ ਅੰਧਾ ਅੰਧੁ ਕਮਾਏ ॥
ਬਹੁ ਸੰਕਟ ਜੋਨੀ ਭਰਮਾਏ ॥
ਜਮ ਕਾ ਜੇਵੜਾ ਕਦੇ ਨ ਕਾਟੈ
ਅੰਤੇ ਬਹੁ ਦੁਖੁ ਪਾਇਆ ॥੪॥ *(ਮਾਰੂ ਮ: ੩, ਪੰਨਾ ੧੦੬੮)*

ਮਨਮੁਖਿ ਅੰਧਾ ਅੰਧੁ ਕਮਾਵੈ ਬਿਖੁ ਖਟੇ ਸੰਸਾਰੇ ॥
ਮਾਇਆ ਮੋਹਿ ਸਦਾ ਦੁਖੁ ਪਾਏ
ਬਿਨੁ ਗੁਰ ਅਤਿ ਪਿਆਰੇ ॥੨॥
*(ਸੂਹੀ ਮ: ੩, ਪੰਨਾ ੭੫੩)*

ਮਨਮੁਖਿ ਅੰਧੇ ਸੁਧਿ ਨ ਕਾਈ ॥
ਆਤਮਘਾਤੀ ਹੈ ਜਗਤ ਕਸਾਈ ॥
ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ
ਬਿਨੁ ਮਜੂਰੀ ਭਾਰੁ ਪਹੁਚਾਵਣਿਆ ॥੪॥
*(ਮਾਝ ਮ: ੩, ਪੰਨਾ ੧੧੮)*

ਮਨਮੁਖਿ ਅੰਧਾ ਸਬਦੁ ਨ ਜਾਣੈ
ਝੂਠਾ ਭਰਮਿ ਭੁਲਾਨਾ ॥ਰਹਾਉ॥
*(ਸੋਰਠਿ ਮ: ੩, ਪੰਨਾ ੬੦੪)*

ਮਨਮੁਖ ਅੰਧਾ ਦੂਜੈ ਭਾਇ ਲਾਗੈ ॥
ਜੋ ਬੀਜੈ ਸੋਈ ਫਲੁ ਪਾਏ ਸੁਪਨੈ ਸੁਖੁ ਨ ਪਾਵਣਿਆ ॥੪॥
*(ਮਾਝ ਮਹਲਾ ੩, ਪੰਨਾ ੧੧੩)*

ਮਨਮੁਖ ਅੰਧੁਲੇ ਗਿਆਨ ਵਿਹੂਣੇ
ਦੂਜੈ ਭਾਇ ਖੁਆਈ ॥
ਬਿਨੁ ਨਾਵੈ ਕੋ ਛੂਟੈ ਨਾਹੀ ਸਭ ਬਾਧੀ ਜਮਕਾਲਿ ॥
*(ਵਡਹੰਸੁ ਮ: ੩, ਪੰਨਾ ੫੬੮)*

ਇਸ ਤਰ੍ਹਾਂ ਮਨਮੁਖਾਂ ਦੇ ਸੰਬੰਧ ਵਿਚ ਭੀ ਬਾਣੀ ਵਿਚ ਬਹੁਤ ਸਾਰੇ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਸਾਬਤ ਹੁੰਦਾ ਹੈ ਕਿ ਮਨਮੁਖਾਂ ਦੀ ਗੁਰਮੁਖਾਂ ਦੇ ਜੀਵਨ ਨਾਲ ਕਿਸੇ ਪੱਖੋਂ ਭੀ ਨੇੜਤਾ ਨਹੀਂ ਪਾਈ ਜਾਂਦੀ। ਇਨ੍ਹਾਂ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ, ਜਿਨ੍ਹਾਂ ਵਿਚ ਮੈਂ ਗੁਰਮੁਖਾਂ ਦੀ ਮਾਨਸਕ ਅਵਸਥਾ ਦਾ ਜ਼ਿਕਰ ਕੀਤਾ ਹੈ ਕਿ ਗੁਰਮੁਖਾਂ ਨੇ ਬਾਣੀ ਤੋਂ ਪ੍ਰੇਰਨਾ ਲੈ ਕੇ ਆਪਣੇ ਜੀਵਨ ਨੂੰ ਸਫਲਾਇਆ ਹੈ, ਜਿਵੇਂ ਕਿ:

(੧) (ਜਦੋਂ ਅਸੀਂ ਗੁਰਬਾਣੀ ਦੀ ਰੌਸ਼ਨੀ ਵਿਚ ਤੱਕਦੇ ਹਾਂ ਤਾਂ ਪ੍ਰਭੂ ਦੇ) ਹੁਕਮ ਤੇ ਰਜ਼ਾ ਵਿਚ ਹੀ ਗੁਰਮੁਖਾਂ ਨੇ (ਸੰਸਾਰ ਤੋਂ) ਚਲਣਾ ਜਾਣਿਆ ਹੈ (ਭਾਵ ਜੰਮਣ ਮਰਣ ਦੀ ਸਾਰੀ ਖੇਡ ਪ੍ਰਭੂ ਦੀ ਰਜ਼ਾ ਵਿਚ ਚਲ ਰਹੀ ਹੈ ਗੁਰਮੁਖਾਂ ਨੇ ਇਹ ਗੱਲ ਦ੍ਰਿੜ੍ਹਤਾ ਨਾਲ ਜਾਣ ਲਈ ਹੈ)।

(੨) ਗੁਰਮੁਖਾਂ ਦਾ ਪੰਥ (ਮਾਰਗ) ਹੀ ਇਹੋ ਜਿਹਾ ਚਲਾਇਆ ਹੈ ਕਿ ਜਿਸ ਵਿਚ ਵਾਹਿਗੁਰੂ ਦਾ ਭਾਣਾ ਹੀ ਮੰਨਣਾ ਹੈ, (ਭਾਣੇ ਦੀ ਰਜ਼ਾ ਵਿਚ ਹੀ ਰਹਿਣਾ ਹੈ)।

(੩) ਗੁਰਮੁਖ ਸਿਦਕ (ਯਕੀਨ) ਤੇ ਸਬਰ (ਸੰਤੋਖ) ਨੂੰ ਪ੍ਰਾਪਤ ਕਰਕੇ, ਹਰ ਸਮੇਂ ਸ਼ੁਕਰਗੁਜ਼ਾਰੀ ਵਿਚ ਸ਼ੁਕਰਾਨੇ ਹੀ ਕਰਦੇ ਰਹਿੰਦੇ ਹਨ।

(੪) (ਇਸ ਮਾਰਗ 'ਤੇ ਚਲ ਕੇ) ਗੁਰਮੁਖ ਅਲਖ (ਪਰਮੇਸ਼ਰ) ਨੂੰ ਜਾਣ ਜਾਂਦੇ ਹਨ ਕਿ ਉਹ ਪ੍ਰਭੂ ਅਸਚਰਜ ਕੌਤਕਾਂ ਵਾਲਾ ਹੈ।

(੫) (ਉਹ ਪ੍ਰਭੂ ਨੂੰ ਪਿਤਾ ਸਮਾਨ ਜਾਣ ਕੇ) ਆਪਣੇ ਸੁਭਾਉ ਤੇ ਹੋਰ ਵਰਤੋਂ ਵਿਹਾਰ ਨੂੰ ਬਾਲਕਾਂ ਵਾਂਗ ਹੀ ਬਣਾ ਲੈਂਦੇ ਹਨ ਤੇ ਇਹ ਸੁਭਾਉ (ਭਗਤਾਂ ਦਾ ਹੈ) ਜੋ ਮੁਢ ਕਦੀਮਾਂ ਤੋਂ ਹੀ ਕਥਨ ਕੀਤਾ ਜਾਂਦਾ ਹੈ (ਭਾਵ ਬਾਲਕਾਂ ਵਾਂਗ ਹਰਖ ਸੋਗ ਤੋਂ ਅਤੀਤ ਰਹਿੰਦੇ ਹਨ)।

(੬) ਗੁਰਮੁਖ ਸਾਧ ਸੰਗਤ ਵਿਚ ਲਿਵ ਲਾਉਂਦੇ ਹਨ ਤੇ ਸਚਾਈ ਸਦਾ ਹੀ ਉਨ੍ਹਾਂ ਦੇ ਸਦਾਚਾਰ ਦੀ ਸੁੰਦਰਤਾ ਬਣੀ ਰਹਿੰਦੀ ਹੈ।

(੭) (ਗੁਰਮੁਖ ਆਪਣੇ) ਆਪ ਨੂੰ ਜੀਵਨ ਮੁਕਤ ਬਣਾ ਲੈਂਦੇ ਹਨ (ਤੇ ਇਸ ਗੱਲ ਨੂੰ ਉਹ) ਸ਼ਬਦ ਦੀ ਕਸਵਟੀ ਨਾਲ ਪਛਾਣਦੇ ਹਨ।

(੮) ਗੁਰਮੁਖ ਨੇ ਆਪਾ (ਮੈਂ ਮੇਰੀ ਤੋਂ ਹਉਮੈ ਨੂੰ) ਗਵਾ ਕੇ (ਭਾਵ ਆਪਣੇ) ਆਤਮਕ ਸ੍ਵੈ-ਸਰੂਪ ਨੂੰ ਪਛਾਣ ਲਿਆ ਹੈ।੧੬।

***ਭਾਵਾਰਥ :*** ਮਨਮੁਖਾਂ ਨੂੰ ਉਨ੍ਹਾਂ ਦੇ ਅਸ਼ੁਭ ਮਾਰਗ ਵਿਚ ਜੀਵਨ ਗੁਜ਼ਾਰਦੇ ਰਹਿਣ ਦਾ ਇਹ ਫਲ ਮਿਲਦਾ ਹੈ ਕਿ ਉਹ ਇਸ ਚੌਰਾਸੀ ਦੇ ਗੇੜ ਵਿਚ ਸਦਾ ਹੀ ਆਉਂਦੇ ਜਾਂਦੇ ਜੰਮਦੇ ਮਰਦੇ ਰਹਿੰਦੇ ਹਨ, ਪਰ ਗੁਰਮੁਖਾਂ ਦਾ ਸਦਾ ਹੀ ਅਜਿਹੇ ਭਗਤੀ ਦੇ ਰੱਬੀ ਮਾਰਗ ਪਰ ਚਲਦਿਆਂ ਜੀਵਨ ਸਫ਼ਰ ਗੁਜ਼ਰਦਾ ਹੈ ਉਹ ਸਹਿਜੇ ਸਹਿਜੇ ਰੱਬੀ ਦਰਬਾਰ ਵਿਚ ਪਹੁੰਚ ਕੇ ਸਦੀਵੀ ਸੁਖ ਮਾਣਦੇ ਹਨ, ਇਸ ਭਾਵ ਨੂੰ ਗੁਰਬਾਣੀ ਵਿਚ ਦਰਸਾਇਆ ਹੈ, ਜਿਵੇਂ ਕਿ :

ਮਨਮੁਖਿ ਆਵੈ ਮਨਮੁਖਿ ਜਾਵੈ ॥
ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥
ਜਿਤਨੇ ਨਰਕ ਸੇ ਮਨਮੁਖਿ ਭੋਗੈ
ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥
*(ਮਾਰੂ ਮ: ੫, ਪੰਨਾ ੧੦੭੩)*

## ੧੭. ਸਤਿਗੁਰ ਦੀ ਮਹਿਮਾ

**੧. ਅਬਿਗਤਿ ਗਤਿ ਅਸਗਾਹ**
**ਆਖਿ ਵਖਾਣੀਐ।**
**੨. ਗਹਿਰ ਗੰਭੀਰ ਅਥਾਹ**
**ਹਾਥਿ ਨ ਆਣੀਐ।**

**੩. ਬੂੰਦ ਲੱਖ ਪਰਵਾਹਿ
ਹੁੱਲੜਵਾਣੀਐ।
੪. ਗੁਰਮੁਖ ਸਿਫਤਿ ਸਾਲਾਹ
ਅਕੱਥ ਕਹਾਣੀਐ।
੫. ਪਾਰਾਵਾਰ ਨ ਰਾਹੁ
ਬਿਅੰਤੁ ਸੁਹਾਣੀਐ।
੬. ਲਉਬਾਲੀ ਦਰਗਾਹ
ਨ ਆਵਣ ਜਾਣੀਐ।
੭. ਵੱਡਾ ਵੇਪਰਵਾਹ
ਤਾਣੁ ਨਿਤਾਣੀਐ।
੮. ਸਤਿਗੁਰ ਸੱਚੇ ਵਾਹੁ ਹੋਇ ਹੈਰਾਣੀਐ ॥੧੭॥**

***ਪਦ ਅਰਥ :*** ਅਬਿਗਤਿ ਗਤਿ—ਨਾ ਜਾਣੀ ਵਾਲੀ ਗਤੀ (ਹਾਲਤ)। ਹੁੱਲੜਵਾਣੀਐ—ਹੜਾਂ ਵਾਲੇ ਛਲਾਂ ਨਾਲ ਭਰਪੂਰ ਨਦੀਆਂ ਨਾਲੇ। ਲਉਬਾਲੀ—ਪ੍ਰਭੂ ਦੀ ਬੇਪਰਵਾਹੀ ਦੇ ਅਲਖ ਵਾਲੀ ਵੱਡੀ ਦਰਗਾਹ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਤੁਸਾਂ ਸਤਿਗੁਰਾਂ ਦੀ ਪਵਿੱਤ੍ਰ ਸੇਵਾ ਵਿਚ ਰਹਿ ਕੇ ਜੀਵਨ ਦਾ ਕਾਫ਼ੀ ਸਮਾਂ ਗੁਜ਼ਾਰਿਆ ਹੈ ਅਤੇ ਸਤਿਗੁਰੂ ਗੁਰੂ ਅਰਜਨ ਦੇਵ ਜੀ ਨੇ ਭੀ ਆਪ ਜੀ ਦੀ ਵਿਦਵਤਾ ਨੂੰ ਅਨੁਭਵ ਕਰਕੇ ਆਪ ਜੀ ਤੋਂ ਸੰਪੂਰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਬੀੜ ਭੀ ਲਿਖਵਾਈ ਹੈ ਪਰ ਆਪ ਜੀ ਨੇ ਬਾਣੀ ਦੁਆਰੇ ਸਤਿਗੁਰੂ ਜੀ ਦੀ ਮਹਿਮਾ ਤੇ ਵਡਿਆਈ ਬਾਰੇ ਕੀ ਅਨੁਭਵ ਕੀਤਾ ਹੈ, ਦੱਸਣ ਦੀ ਕ੍ਰਿਪਾ ਕਰੋ ਤਾਕਿ ਸਾਡੇ ਮਨਾਂ ਵਿਚ ਭੀ ਗੁਰੂ ਜੀ ਦੀ ਵਿਸ਼ੇਸ਼ ਮਹਾਨਤਾ ਦੀ ਸ਼ਰਧਾ ਉਪਜ ਆਵੇ?

ਉ: ਹੇ ਭਾਈਓ! ਗੁਰਬਾਣੀ ਦੀ ਲਿਖਤ ਰੂਪ ਵਿਚ ਸੇਵਾ ਕਰਨ ਸਮੇਂ ਜੋ ਗੁਰੂ ਦੀ ਮਹਿਮਾ ਸੰਬੰਧੀ ਪੰਗਤੀਆਂ ਮੇਰੀ ਦ੍ਰਿਸ਼ਟੀ-ਗੋਚਰ ਹੋਈਆਂ ਹਨ ਉਹ ਸੰਪੂਰਨ ਤਾਂ ਲਿਖਤ ਰੂਪ ਵਿਚ ਨਹੀਂ ਆ ਸਕਦੀਆਂ ਪਰ ਮੈਂ ਉਨ੍ਹਾਂ ਵਿਚੋਂ ਚੰਦ ਲਾਈਨਾਂ ਅੰਕਤ ਕਰਦਾ ਹਾਂ, ਜਿਨ੍ਹਾਂ ਵਿਚ ਗੁਰੂ ਦੇ ਵਿਸ਼ੇਸ਼ ਗੁਣ ਅੰਕਤ ਕੀਤੇ ਗਏ ਹਨ, ਜਿਵੇਂ ਕਿ :

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ
ਅਵਰ ਨ ਕੁੰਜੀ ਹਥਿ ॥੧॥
*(ਸਾਰਗ ਕੀ ਵਾਰ ਮ: ੪, ਪੰਨਾ ੧੨੩੭)*

ਗੁਰ ਕੀ ਟਹਲ ਗੁਰੂ ਕੀ ਸੇਵਾ
ਗੁਰ ਕੀ ਆਗਿਆ ਭਾਣੀ ॥
ਕਹੁ ਨਾਨਕ ਜਿਨਿ ਜਮ ਤੇ ਕਾਢੇ
ਤਿਸੁ ਗੁਰ ਕੈ ਕੁਰਬਾਣੀ ॥੪॥੪॥
*(ਧਨਾਸਰੀ ਮਹਲਾ ੫; ਪੰਨਾ ੬੭੧)*

ਗੁਰਿ ਕਾਢਿਓ ਭੁਜਾ ਪਸਾਰਿ ਮੋਹ ਕੂਪਾਰੀਆ ॥
ਮੈ ਜੀਤਿਓ ਜਨਮੁ ਅਪਾਰੁ ਬਹੁਰਿ ਨ ਹਾਰੀਆ ॥੬॥
*(ਰਾਗੁ ਗਉੜੀ ਮਾਝ ਮਹਲਾ ੫, ਪੰਨਾ ੨੪੧)*

ਗੁਰ ਕੈ ਬਚਨਿ ਮਿਟਿਆ ਮੇਰਾ ਆਪੁ ॥
ਗੁਰ ਕੀ ਦਇਆ ਤੇ ਮੇਰਾ ਵਡ ਪਰਤਾਪੁ ॥੩॥
ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ ॥
ਗੁਰ ਕੈ ਬਚਨਿ ਪੇਖਿਓ ਸਭੁ ਬ੍ਰਹਮੁ ॥੪॥
ਗੁਰ ਕੈ ਬਚਨਿ ਕੀਨੋ ਰਾਜੁ ਜੋਗੁ ॥
ਗੁਰ ਕੈ ਸੰਗਿ ਤਰਿਆ ਸਭੁ ਲੋਗੁ ॥੫॥
ਗੁਰ ਕੈ ਬਚਨਿ ਮੇਰੇ ਕਾਰਜ ਸਿਧਿ ॥
ਗੁਰ ਕੈ ਬਚਨਿ ਪਾਇਆ ਨਾਉ ਨਿਧਿ ॥੬॥
ਜਿਨਿ ਜਿਨਿ ਕੀਨੀ ਮੇਰੇ ਗੁਰ ਕੀ ਆਸਾ ॥
ਤਿਸ ਕੀ ਕਟੀਐ ਜਮ ਕੀ ਫਾਸਾ ॥੭॥
*(ਗਉੜੀ ਮ: ੫, ਪੰਨਾ ੨੩੯)*

ਬਿਨੁ ਗੁਰ ਸਾਕਤੁ ਕਹਹੁ ਕੋ ਤਰਿਆ ॥
ਹਉਮੈ ਕਰਤਾ ਭਵਜਲਿ ਪਰਿਆ ॥
ਬਿਨੁ ਗੁਰ ਪਾਰੁ ਨ ਪਾਵੈ ਕੋਈ
ਹਰਿ ਜਪੀਐ ਪਾਰਿ ਉਤਾਰਾ ਹੇ ॥੧੧॥
ਗੁਰ ਕੀ ਦਾਤਿ ਨ ਮੇਟੈ ਕੋਈ ॥
ਜਿਸੁ ਬਖਸੇ ਤਿਸੁ ਤਾਰੇ ਸੋਈ ॥
ਜਨਮ ਮਰਣ ਦੁਖੁ ਨੇੜਿ ਨ ਆਵੈ
ਮਨਿ ਸੋ ਪ੍ਰਭੁ ਅਪਰ ਅਪਾਰਾ ਹੇ ॥੧੨॥
ਗੁਰ ਤੇ ਭੂਲੇ ਆਵਹੁ ਜਾਵਹੁ ॥
ਜਨਮਿ ਮਰਹੁ ਫੁਨਿ ਪਾਪ ਕਮਾਵਹੁ ॥
*(ਮਾਰੂ ਮ: ੧, ਪੰਨਾ ੧੦੩੦)*

ਗੁਰ ਕਾ ਬਚਨੁ ਬਸੈ ਜੀਅ ਨਾਲੇ ॥
ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ
ਭਾਹਿ ਨ ਸਾਕੈ ਜਾਲੇ ॥੧॥ਰਹਾਉ॥
*(ਧਨਾਸਰੀ ਮ: ੫, ਪੰਨਾ ੬੭੯)*

ਗੁਰ ਕੇ ਚਰਣ ਮਨ ਮਾਹਿ ਵਸਾਇ ॥
ਦੁਖੁ ਅਨ੍ਹੇਰਾ ਅੰਦਰਹੁ ਜਾਇ ॥
ਆਪੇ ਸਾਚਾ ਲਏ ਮਿਲਾਇ ॥੨॥
ਗੁਰ ਕੀ ਬਾਣੀ ਸਿਉ ਲਾਇ ਪਿਆਰੁ ॥
ਐਥੈ ਓਥੈ ਏਹੁ ਅਧਾਰੁ ॥ *(ਪ੍ਰਭਾਤੀ ਮ: ੩, ਪੰਨਾ ੧੩੩੫)*

ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤ ਸਰੁ ॥
ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ ॥੩॥
*(ਆਸਾ ਮ: ੫, ਪੰਨਾ ੩੯੭)*

ਗੁਰ ਕੀ ਮਹਿਮਾ ਕਥਨੁ ਨ ਜਾਇ ॥
ਗੁਰੁ ਪਰਮੇਸਰੁ ਸਾਚੈ ਨਾਇ ॥
*(ਮਲਾਰ ਮ: ੫, ਪੰਨਾ ੧੨੭੧)*

ਗੁਰ ਕੀ ਮਹਿਮਾ ਬੇਦ ਨ ਜਾਣਹਿ ॥
ਤੁਛ ਮਾਤ ਸੁਣਿ ਸੁਣਿ ਵਖਾਣਹਿ ॥
ਪਾਰਬ੍ਰਹਮ ਅਪਰੰਪਰ ਸਤਿਗੁਰ
ਜਿਸੁ ਸਿਮਰਤ ਮਨੁ ਸੀਤਲਾਇਣਾ ॥੧੦॥
*(ਮਾਰੂ ਮ: ੫, ਪੰਨਾ ੧੦੭੮)*

ਗੁਰ ਕੀ ਮਤਿ ਤੂੰ ਲੇਹਿ ਇਆਨੇ ॥
ਭਗਤਿ ਬਿਨਾ ਬਹੁ ਡੂਬੇ ਸਿਆਨੇ ॥
*(ਸੁਖਮਨੀ, ਪੰਨਾ ੨੮੮)*

ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ ਨਾਰਾਇਣਹ ॥
ਗੁਰ ਦਇਆਲ ਸਮਰਥ ਗੁਰ
ਗੁਰ ਨਾਨਕ ਪਤਿਤ ਉਧਾਰਣਹ ॥੧॥
*(ਸਲੋਕ, ਪੰਨਾ ੭੧੦)*

ਗੁਰੁ ਜਹਾਜੁ ਖੇਵਟੁ ਗੁਰੂ
ਗੁਰ ਬਿਨੁ ਤਰਿਆ ਨ ਕੋਇ ॥
ਗੁਰ ਪ੍ਰਸਾਦਿ ਪ੍ਰਭੁ ਪਾਈਐ
ਗੁਰ ਬਿਨੁ ਮੁਕਤਿ ਨ ਹੋਇ ॥ *(ਸਵਈਏ, ਪੰਨਾ ੧੪੦੧)*

ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥
ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ ॥
ਨਾਨਕ ਗੁਰ ਸਰਣਾਗਤੀ
ਮਰੈ ਨ ਆਵੈ ਜਾਇ ॥੪॥੩੦॥੧੦੦॥
*(ਸਿਰੀ ਰਾਗੁ ਮ: ੫, ਪੰਨਾ ੫੩)*

ਗੁਰੁ ਪਰਮੇਸਰੁ ਏਕੋ ਜਾਣੁ ॥
ਜੋ ਤਿਸੁ ਭਾਵੈ ਸੋ ਪਰਵਾਣੁ ॥੧॥ਰਹਾਉ॥
ਗੁਰ ਚਰਣੀ ਜਾ ਕਾ ਮਨੁ ਲਾਗੈ ॥
ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ ॥
ਗੁਰ ਕੀ ਸੇਵਾ ਪਾਏ ਮਾਨੁ ॥
ਗੁਰ ਊਪਰਿ ਸਦਾ ਕੁਰਬਾਨੁ ॥੨॥
ਗੁਰ ਕਾ ਦਰਸਨੁ ਦੇਖਿ ਨਿਹਾਲ ॥
ਗੁਰ ਕੇ ਸੇਵਕ ਕੀ ਪੂਰਨ ਘਾਲ ॥
ਗੁਰ ਕੇ ਸੇਵਕ ਕਉ ਦੁਖੁ ਨ ਬਿਆਪੈ ॥
ਗੁਰ ਕਾ ਸੇਵਕੁ ਦਹ ਦਿਸਿ ਜਾਪੈ ॥੩॥
ਗੁਰ ਕੀ ਮਹਿਮਾ ਕਥਨੁ ਨ ਜਾਇ ॥
ਪਾਰਬ੍ਰਹਮੁ ਗੁਰੁ ਰਹਿਆ ਸਮਾਇ ॥
ਕਹੁ ਨਾਨਕ ਜਾ ਕੇ ਪੂਰੇ ਭਾਗ ॥
ਗੁਰ ਚਰਣੀ ਤਾ ਕਾ ਮਨੁ ਲਾਗ ॥੪॥੬॥੮॥
*(ਗੋਂਡ ਮ: ੫, ਪੰਨਾ ੮੬੪)*

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥
ਮ: ੨ ॥
ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥
*(ਆਸਾ ਦੀ ਵਾਰ, ਪੰਨਾ ੪੬੩)*

ਇਸੇ ਭਾਵ ਦੇ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੋਰ ਵੀ ਬਹੁਤ ਸਾਰੇ ਪ੍ਰਮਾਣ ਮਿਲਦੇ ਹਨ, ਜਿਨ੍ਹਾਂ ਤੋਂ ਸਾਨੂੰ ਗੁਰੂ ਵਿਅਕਤੀ ਦੇ ਵਿਸ਼ੇਸ਼ ਗੁਣਾਂ ਦਾ ਬੋਧ ਮਿਲਦਾ ਹੈ ਕਿ ਗੁਰੂ ਜੋਤੀ ਪਰਮੇਸ਼ਰ ਦਾ ਹੀ ਸਰੂਪ ਹੈ ਜੋ ਮਨੁੱਖ ਦੇ ਅੰਦਰੋਂ ਜਨਮ ਜਨਮਾਤ੍ਰਾਂ ਦੇ ਅਗਿਆਨ ਰੂਪ ਅੰਧੇਰੇ ਦਾ ਨਾਸ ਕਰਕੇ ਗਿਆਨ ਦਾ ਪ੍ਰਕਾਸ਼ ਕਰਨ ਦੀ ਸਮਰੱਥਾ ਰੱਖਦਾ ਹੈ, ਐਸੇ ਗੁਰੂ ਤੋਂ ਮੈਂ ਸਦਾ ਹੀ ਬਲਿਹਾਰ ਕੁਰਬਾਨ ਜਾਂਦਾ ਹੈ। ਇਨ੍ਹਾਂ ਗੁਰੂ ਦੇ ਉਪ੍ਰੋਕਤ ਮਹਾਂਵਾਕਾਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਗੁਰੂ-ਮਹਿਮਾ ਵਿਚ ਉਚਾਰਣ ਕੀਤੀਆਂ ਹਨ :

(੧) (ਜਦੋਂ ਵੀਚਾਰ-ਦ੍ਰਿਸ਼ਟੀ ਦੁਆਰੇ ਤੱਕੀਏ ਤਾਂ) ਪ੍ਰਭੂ ਦੀ ਸਮਝ ਵਿਚ ਨਾ ਆਉਣ ਵਾਲੀ ਡੂੰਘੀ ਤੇ ਅਥਾਹ ਗਤੀ ਆਖ ਕੇ ਕਥਨ ਕੀਤੀ ਜਾਂਦੀ ਹੈ।
(੨) ਉਹ ਗਹਿਰ ਗੰਭੀਰ ਤੇ ਅਥਾਹ (ਸ਼ਕਤੀ) ਹੈ ਜਿਸਦੀ ਹਾਥਿ (ਥਾਹ) ਹੱਥ ਨਹੀਂ ਆਉਂਦੀ।
(੩) ਉਸਦੀ ਇਕ ਬੂੰਦ ਨਾਲ ਲੱਖਾਂ ਪਰਵਾਹ ਚਲ ਪੈਂਦੇ ਹਨ, ਜਿਨ੍ਹਾਂ ਨਾਲ ਨਦੀਆਂ ਨਾਲਿਆਂ ਵਿਚ ਹੜ੍ਹ ਆ ਜਾਂਦੇ ਹਨ।
(੪) ਗੁਰਮੁਖ (ਪ੍ਰਭੂ ਦੀ) ਸਿਫ਼ਤ ਸਾਲਾਹ ਕਰਦੇ ਤੇ ਅਕੱਥ ਕਹਾਣੀਆਂ ਸੁਣਦੇ ਤੇ ਸੁਣਾਉਂਦੇ ਹਨ।

(੫) (ਪ੍ਰਭੂ ਦੀ ਸਿਫ਼ਤ ਸਾਲਾਹ ਦਾ) ਪਾਰਾਵਾਰ ਨਹੀਂ ਤੇ ਨਾ ਹੀ ਉਸਦੀ (ਸਿਫ਼ਤ ਸਾਲਾਹ ਦੀ) ਕੋਈ ਰਾਹ ਹੀ ਹੈ, ਕਿਉਂਕਿ ਉਹ ਬੇਅੰਤ ਹੈ, ਸਦਾ ਹੀ ਸੁੰਦਰ ਤੇ ਸੋਭਾ ਵਾਲਾ ਹੈ।

(੬) (ਉਸਦੀ) ਦਰਗਾਹ (ਦਰਬਾਰ) ਵੇਪ੍ਰਵਾਹ ਹੈ (ਜਿਥੇ ਕਿਸੇ ਦਾ) ਦਬਾਅ ਜਾਂ ਉੱਚਾ ਪ੍ਰਭਾਵ ਨਹੀਂ ਹੈ।

(੭) (ਪਰ ਹਾਂ ਉਸ ਦਰਬਾਰ ਵਿਚ) ਨਿਤਾਣਿਆਂ ਨੂੰ ਤਾਣ (ਸ਼ਕਤੀ ਦੀ) ਬਖ਼ਸ਼ਸ਼ ਹੁੰਦੀ ਹੈ (ਤੇ ਹੰਕਾਰੀਆਂ ਨੂੰ ਦੰਡ ਮਿਲਦਾ ਹੈ)।

(੮) ਸਤਿਗੁਰੂ ਸੱਚੇ ਪਾਤਿਸ਼ਾਹ ਵਾਹੁ (ਅਸਚਰਜਤਾ ਵਾਲੇ) ਹਨ, ਜਿਨ੍ਹਾਂ ਨੂੰ ਸੋਚ ਵਿਚਾਰ ਕੇ ਹੈਰਾਨ ਹੀ ਹੋਈਦਾ ਹੈ (ਕਿਉਂਕਿ ਪੂਰੀ ਸਮਝ ਨਹੀਂ ਪੈਂਦੀ, ਇਸੇ ਲਈ ਹੀ ਉਹ ਅਬਿਗਤ ਗਤੀ ਵਾਲੇ ਹਨ)।੧੭।

***ਭਾਵਾਰਥ :*** ਇਸ ਬ੍ਰਹਿਮੰਡ ਦੇ ਅੰਧੇਰੇ ਨੂੰ ਤਾਂ ਸੂਰਜ ਦਾ ਪ੍ਰਕਾਸ਼ ਦੂਰ ਕਰ ਦੇਂਦਾ ਹੈ, ਪਰ ਮਨੁੱਖ ਦੇ ਹਿਰਦੇ ਅੰਦਰ ਜੋ ਅਗਿਆਨਤਾ ਦਾ ਅੰਧੇਰਾ ਹੈ ਇਸਨੂੰ ਲੱਖਾਂ ਹੀ ਸੂਰਜ ਭੀ ਕਦੀ ਦੂਰ ਨਹੀਂ ਕਰ ਸਕਦੇ। ਇਕ ਜੋਤੀ ਸਰੂਪ ਸਤਿਗੁਰੂ ਦੇ ਗਿਆਨ ਦਾ ਹੀ ਉਜਾਲਾ ਹੈ ਜੋ ਮਨੁੱਖ ਦੇ ਅੰਦਰੋਂ ਅਗਿਆਨਤਾ ਦੇ ਅੰਧੇਰੇ ਨੂੰ ਨਾਸ ਕਰਨ ਦੀ ਸਮਰੱਥਾ ਰੱਖਦਾ ਹੈ।

## ੧੮. ਸਾਧ ਸੰਗਤ ਹੀ ਸੱਚ ਖੰਡ ਹੈ

**੧. ਸਾਧਸੰਗਤਿ ਸੱਚ ਖੰਡੁ<br>ਗੁਰਮੁਖ ਜਾਈਐ।**<br>**੨. ਸੱਚੁ ਨਾਉਂ ਬਲਵੰਡੁ<br>ਗੁਰਮੁਖ ਧਿਆਈਐ।**<br>**੩. ਪਰਮ ਜੋਤਿ ਪਰਚੰਡੁ<br>ਜੁਗਤਿ ਜਗਾਈਐ।**<br>**੪. ਸੋਧਿ ਡਿੱਠਾ ਬ੍ਰਹਮੰਡ<br>ਲਵੈ ਨ ਲਾਈਐ।**<br>**੫. ਤਿਸ ਨਾਹੀ ਜਮ ਦੰਡੁ<br>ਸ਼ਰਣਿ ਸਮਾਈਐ।**<br>**੬. ਘੋਰ ਪਾਪ ਕਰਿ ਖੰਡੁ<br>ਨਰਕਿ ਨ ਪਾਈਐ।**<br>**੭. ਚਾਵਲ ਅੰਦਰ ਵੰਡੁ<br>ਉਬਰਿ ਜਾਈਐ।**<br>**੮. ਸੱਚਹੁ ਸੱਚੁ ਅਖੰਡੁ ਕੂੜੁ ਛੁਡਾਈਐ ॥੧੮॥**

***ਪਦ ਅਰਥ :*** ਸੱਚ ਖੰਡੁ—ਪ੍ਰਭੂ ਦੇ ਨਿਵਾਸ ਦਾ ਥਾਂ। ਬਲਵੰਡੁ—ਸ਼ਕਤੀਸ਼ਾਲੀ। ਪਰਚੰਡੁ—ਤਿੱਖੇ ਵੇਗ ਵਾਲੀ। ਵੰਡੁ—ਛਿਲਕਾ। ਅਖੰਡੁ—ਨਾ ਟੁੱਟਣ ਵਾਲਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਦੋਂ ਅਸੀਂ ਆਮ ਲੋਕਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਉਨ੍ਹਾਂ ਵਿਚ ਬਹੁਤ ਅਜਿਹੇ ਸਾਧਨਾ ਕਰਨ ਵਾਲੇ ਸਾਧੂ ਲੋਕ ਹਨ, ਜੋ ਆਪਣੇ ਜਪ ਤਪ ਕੀਤੇ ਦੀ ਇਹੋ ਚਾਹਤ ਰੱਖਦੇ ਹਨ ਕਿ ਸਾਨੂੰ ਇਹ ਸਰੀਰ ਛੱਡਣ ਤੋਂ ਬਾਅਦ ਕਿਸੇ ਹੋਰ ਦੇਸ ਵਿਚ ਜਾ ਕੇ ਸੁਰਗ, ਬੈਕੁੰਠ ਜਾਂ ਸੱਚ ਖੰਡ ਵਿਚ ਨਿਵਾਸ ਮਿਲੇਗਾ ਜਿਥੇ ਸਾਨੂੰ ਹਮੇਸ਼ਾ ਹੀ ਸਦੀਵੀ ਸੁਖ ਦੀ ਪ੍ਰਾਪਤੀ ਹੋਵੇਗੀ, ਪਰ ਜੋ ਗੁਰਮੁਖ ਹਮੇਸ਼ਾ ਹੀ ਸਾਧ ਸੰਗਤ ਵਿਚ ਰਹਿੰਦੇ ਹਨ ਉਨ੍ਹਾਂ ਦੇ ਮਨ ਵਿਚ ਕਿਹੜੀ ਚਾਹਿਤ ਹੈ, ਦੱਸਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ ! ਮੈਂ ਤਾਂ ਜਦੋਂ ਬਾਣੀ ਦੀ ਵੀਚਾਰ ਕਰਦਾ ਹਾਂ ਤਾਂ ਮੈਨੂੰ ਤਾਂ ਗੁਰਮੁਖਾਂ ਦੇ ਮਨ ਦੀ ਜੋ ਚਾਹਿਤ ਹੈ ਇਹ ਸਾਰੇ ਲੋਕਾਂ ਦੀ ਮੰਗ ਤੋਂ ਅਗੇ ਦਿਸਦੀ ਹੈ ਕਿਉਂਕਿ ਜਿਥੇ ਬਾਕੀ ਦੇ ਲੋਕਾਂ ਦੀ ਚਾਹਿਤ ਮੁੱਕ ਜਾਂਦੀ ਹੈ ਉਥੇ ਗੁਰਮੁਖਾਂ ਦੇ ਮਨ ਦੀ ਚਾਹਿਤ ਅਰੰਭ ਹੁੰਦੀ ਹੈ, ਭਾਵ ਗੁਰਮੁਖਾਂ ਦੇ ਮਨ ਵਿਚ ਕਿਸੇ ਸਵਰਗ ਜਾਂ ਬੈਕੁੰਠ ਨੂੰ ਜਾਣ ਦੀ ਕੋਈ ਇੱਛਾ ਹੀ ਨਹੀਂ ਉਨ੍ਹਾਂ ਦੇ ਮਨ ਵਿਚ ਤਾਂ ਨਰਕ ਸਵਰਗ ਬਾਰੇ ਇਹੋ ਵੀਚਾਰ ਹੈ, ਜਿਵੇਂ ਕਿ :

ਕਬੀਰ ਸੁਰਗ ਨਰਕ ਤੇ ਮੈ ਰਹਿਓ<br>ਸਤਿਗੁਰ ਕੇ ਪਰਸਾਦਿ ॥<br>ਚਰਨ ਕਮਲ ਕੀ ਮਉਜ ਮਹਿ<br>ਰਹਉ ਅੰਤਿ ਅਰੁ ਆਦਿ ॥੧੨੦॥

ਕਬੀਰ ਚਰਨ ਕਮਲ ਕੀ ਮਉਜ ਕੋ<br>ਕਹਿ ਕੈਸੇ ਉਨਮਾਨ ॥<br>ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥

*(ਸਲੋਕ ਕਬੀਰ ਜੀ, ਪੰਨਾ ੧੩੭੦)*

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ
ਸੰਤਨ ਦੋਊ ਰਾਦੇ ॥
ਹਮ ਕਾਹੂ ਕੀ ਕਾਣਿ ਨ ਕਢਤੇ
ਅਪਨੇ ਗੁਰ ਪਰਸਾਦੇ ॥੫॥
*(ਰਾਮਕਲੀ ਬਾਣੀ ਕਬੀਰ ਜੀਉ, ਪੰਨਾ ੯੬੯)*

ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ ॥
ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ ॥੧॥
*(ਗਉੜੀ ਪੂਰਬੀ, ਪੰਨਾ ੩੩੭)*

ਇਨ੍ਹਾਂ ਮਹਾਂਵਾਕਾਂ ਤੋਂ ਸਿੱਧ ਹੁੰਦਾ ਹੈ ਕਿ ਗੁਰਮੁਖਾਂ ਦੇ ਮਨ ਵਿਚ ਕਿਸੇ ਸ੍ਵਰਗ, ਬੈਕੁੰਠ ਤੇ ਮੁਕਤ ਪ੍ਰਾਪਤੀ ਦੀ ਕੋਈ ਵੀ ਚਾਹਤ ਨਹੀਂ ਉਨ੍ਹਾਂ ਦੇ ਮਨ ਦੀ ਇੱਛਾ ਕੇਵਲ ਗੁਰੂ ਦੇ ਕਾਇਮ ਕੀਤੇ ਸਾਧਸੰਗਤ ਰੂਪੀ ਬੈਕੁੰਠ ਤੇ ਸੱਚਖੰਡ ਵਿਚ ਹੀ ਨਿਵਾਸ ਕਰਦੇ ਰਹਿਣ ਦੀ ਸੱਧਰ ਹੈ, ਕਿਉਂਕਿ ਬਾਣੀ ਵਿਚ ਸਾਧ ਸੰਗਤ ਨੂੰ ਹੀ ਬੈਕੁੰਠ ਤੇ ਸੱਚਖੰਡ ਦੀ ਤੁਲਨਾ ਦਿਤੀ ਹੈ, ਜਿਵੇਂ ਫ਼ੁਰਮਾਨ ਹੈ ਕਿ :

ਜਬ ਲਗੁ ਮਨਿ ਬੈਕੁੰਠ ਕੀ ਆਸ ॥
ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥੩॥
ਕਹੁ ਕਬੀਰ ਇਹ ਕਹੀਐ ਕਾਹਿ ॥
ਸਾਧ ਸੰਗਤਿ ਬੈਕੁੰਠੈ ਆਹਿ ॥੪॥੧੦॥
*(ਗਉੜੀ ਕਬੀਰ ਜੀ, ਪੰਨਾ ੩੨੫)*

ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ
ਜਿਸੁ ਤੂੰ ਆਪਿ ਕਰਾਇਹਿ ॥
ਤਹਾ ਬੈਕੁੰਠ ਜਹ ਕੀਰਤਨੁ ਤੇਰਾ
ਤੂੰ ਆਪੇ ਸਰਧਾ ਲਾਇਹਿ ॥੨॥
*(ਸੂਹੀ ਮ: ੫, ਪੰਨਾ ੭੪੯)*

ਸਚਖੰਡਿ ਵਸੈ ਨਿਰੰਕਾਰੁ ॥
ਕਰਿ ਕਰਿ ਵੇਖੈ ਨਦਰਿ ਨਿਹਾਲ ॥
*(ਜਪੁਜੀ ਸਾਹਿਬ ਜੀ, ਪੰਨਾ ੮)*

ਰਾਜੁ ਨ ਚਾਹਉ ਮੁਕਤਿ ਨ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ ॥
*(ਦੇਵਗੰਧਾਰੀ ਮ: ੫, ਪੰਨਾ ੫੩੪)*

ਗੁਰਮੁਖਾਂ ਨੂੰ ਬਾਣੀ ਦੁਆਰੇ ਇਹ ਭਲੀ ਪ੍ਰਕਾਰ ਬੋਧ ਹੋ ਚੁੱਕਾ ਹੈ ਕਿ ਇਕ ਸਾਧ-ਸੰਗਤ ਹੀ ਸੱਚਾ ਅਸਥਾਨ ਹੈ, ਜਿਥੇ ਪੁੱਜਣ ਨਾਲ ਮਨੁੱਖ ਦਾ ਆਵਾਗਵਨ ਮੁੱਕ ਜਾਂਦਾ ਹੈ। ਬਾਕੀ, ਸਲੋਕ, ਸਮੀਪ, ਸਰੂਪ, ਸਾਜੁਜ ਇਹ ਚਾਰ ਤਰ੍ਹਾਂ ਦੀਆਂ ਮੁਕਤੀਆਂ ਹਾਸਲ ਕਰਕੇ ਭੀ ਮਨੁਖ ਦਾ ਜੰਮਣ ਮਰਣਾ ਨਹੀਂ ਮੁਕਦਾ। ਇਸੀ ਕਰਕੇ (ਮੁਕਤਿ ਭੀ ਬਪੁੜੀ ਗਿਆਨੀ ਤਿਆਗੇ)। ਸੋ, ਇਨ੍ਹਾਂ ਉਪ੍ਰੋਕਤ ਮਹਾਂਵਾਕਾਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਵਿਚ ਗੁਰਮੁਖਾਂ ਦੇ ਮਨ ਦੀ ਸਿਖ਼ਰਾਂ 'ਤੇ ਪੁੱਜੀ ਅਵਸਥਾ ਦਾ ਜ਼ਿਕਰ ਕੀਤਾ ਹੈ :

(੧) (ਗੁਰਮੁਖਾਂ ਦਾ ਇਹ ਪੂਰਨ ਨਿਸਚਾ ਹੈ ਕਿ) ਸਾਧ ਸੰਗਤ ਹੀ ਸੱਚ ਖੰਡ ਹੈ) ਜਿਥੇ ਪ੍ਰਭੂ ਦੀ ਅਕੱਥ ਕਥਾ ਹੁੰਦੀ ਹੈ, ਤੇ ਗੁਰਮੁਖਾਂ ਨੂੰ (ਇਸ ਗੱਲ 'ਤੇ ਪੂਰਨ ਵਿਸ਼ਵਾਸ ਹੈ ਤੇ ਉਹ ਉਥੇ ਹੀ ਜਾਂਦੇ ਹਨ)।

ਪ੍ਰ: ਕਿਉਂ ਜੀ! ਉਹ ਗੁਰਮੁਖ ਸਾਧ ਸੰਗਤ ਵਿਚ ਕਰਦੇ ਕੀ ਹਨ ?

(੨) **ਉ**: ਹੇ ਭਾਈਓ! ਉਹ ਗੁਰਮੁਖ (ਉਥੇ) ਵਾਹਿਗੁਰੂ ਦਾ ਨਾਮ ਹੀ ਜਪਦੇ ਹਨ (ਕਿਉਂਕਿ ਉਹ ਪ੍ਰਭੂ ਦੇ) ਨਾਮ ਨੂੰ ਹੀ ਸਭ ਸ਼ਕਤੀਆਂ ਦਾ ਭੰਡਾਰ ਸਮਝਦੇ ਹਨ।

(੩) (ਉਹ) ਪਰਮ ਜੋਤ ਰੂਪ ਦੀ ਪ੍ਰਚੰਡਤਾ (ਸ਼ਕਤੀ ਰੂਪ ਚਾਨਣੇ ਨੂੰ) ਆਪਣੇ ਹਿਰਦੇ ਵਿਚ (ਜਾਪ ਤੇ ਗਿਆਨ ਦੀ) ਜੁਗਤੀ ਨਾਲ ਜਗਾ ਲੈਂਦੇ ਹਨ।

(੪) (ਗੁਰਮੁਖਾਂ ਨੇ) ਸਾਰੇ ਬ੍ਰਹਿਮੰਡ ਦੀ (ਹਰ ਵਸਤੂ ਨੂੰ ਸੋਚ ਵੀਚਾਰ ਕੇ, ਘੋਖ ਕੇ) ਸੋਧ ਲਿਆ ਹੈ (ਇਹ ਜਾਣ ਲਿਆ ਹੈ ਕਿ) ਪ੍ਰਭੂ ਦੀ ਪਰਮ ਜੋਤ ਦੇ ਬਰਾਬਰ ਹੋਰ ਕੋਈ ਜੋਤੀ ਨਹੀਂ ਹੈ।

(੫) (ਤੇ ਜਿਹੜਾ) ਪ੍ਰਭੂ ਦੀ ਸ਼ਰਨ ਵਿਚ ਸਮਾ (ਭਾਵ ਲੀਨ) ਹੋ ਜਾਂਦਾ ਹੈ, ਉਸ ਲਈ ਜਮਾਂ (ਦੇ ਦੰਡ) ਦੇ ਡਰ ਮੁੱਕ ਜਾਂਦੇ ਹਨ।

(੬) (ਸ਼ਰਨ ਵਿਚ ਜਾਂ ਪ੍ਰਭੂ ਆਸਰੇ ਹੋ ਰਹਿਣ ਵਾਲੇ ਦੇ) ਘੋਰ ਪਾਪ ਟੁਕੜੇ ਟੁਕੜੇ ਹੋ ਜਾਂਦੇ ਹਨ ਤੇ ਫਿਰ ਨਰਕਾਂ ਵਿਚ ਪੈਣ ਦਾ ਸੁਆਲ ਹੀ ਬਾਕੀ ਨਹੀਂ ਰਹਿ ਜਾਂਦਾ।

(੭) (ਪਰ ਉਥੇ ਝੂਠ ਤੇ ਸੱਚੇ ਦੋਹਾਂ ਦੀ ਪਰਖ ਹੁੰਦੀ ਹੈ ਤੇ ਝੂਠੇ ਇਉਂ ਬਾਹਰ ਸੁਟੇ ਜਾਂਦੇ ਹਨ, ਜਿਵੇਂ) ਚੌਲਾਂ ਨੂੰ ਛੱਟ ਕੇ (ਵੰਡ ਛਿੱਲੜਾਂ) ਨੂੰ ਬਾਹਰ ਸੁਟ ਦਿਤਾ ਜਾਂਦਾ ਹੈ। (ਛੱਟਣ ਨਾਲ ਉਹ ਛਿੱਲੜ) ਆਪ ਤੋਂ ਆਪ ਹੀ ਉਭਰਦੇ ਤੇ ਵੱਖ ਹੋ ਬਾਹਰ ਚਲੇ ਜਾਂਦੇ ਹਨ।

(੮) (ਇਸੇ ਤਰ੍ਹਾਂ) ਅਖੰਡ ਸੁੱਚ ਦੇ (ਭਾਵ ਸਤਿਸੰਗਤ ਦੇ) ਵਿਚੋਂ ਝੂਠੇ ਕੱਢੇ ਜਾਂਦੇ ਹਨ, ਬਾਹਰ ਧੱਕੇ ਜਾਂਦੇ ਹਨ ਤੇ ਬਲਵੰਡ ਸੱਚੇ ਨਾਮ ਅਗੇ ਉਨ੍ਹਾਂ ਦੀ ਇਕ ਵੀ ਪੇਸ਼ ਨਹੀਂ ਚਲਦੀ।੧੮।

***ਭਾਵਾਰਥ :*** ਗੁਰਮੁਖਾਂ ਨੂੰ ਗੁਰਬਾਣੀ ਦੁਆਰੇ ਇਹ ਬੋਧ ਹੋ ਆਇਆ ਹੈ ਕਿ ਆਪਣੇ ਸੱਚ ਸਰੂਪ ਦੀ ਪ੍ਰਾਪਤੀ ਦਾ

ਸੱਚਾ ਮਾਰਗ ਸਾਧ ਸੰਗਤ ਹੀ ਹੈ, ਇਸ ਲਈ ਉਹ ਸਦਾ ਸਾਧ ਸੰਗਤ ਰੂਪੀ ਸੱਚ ਖੰਡ ਵਿਚ ਹੀ ਨਿਵਾਸ ਰੱਖਦੇ ਹਨ। ਬਾਕੀ ਦੇ ਉਪਾਸ਼ਕ ਜੋ ਜਪ ਤਪ ਕਰਕੇ ਉਨ੍ਹਾਂ ਦੇਵਤਿਆਂ ਦੀਆਂ ਪੁਰੀਆਂ ਵਿਚ ਜਾਂਦੇ ਹਨ, ਉਹ ਆਪੋ ਆਪਣੀ ਕੀਤੀ ਹੋਈ ਕਮਾਈ ਦਾ ਸਦਕਾ ਕੋਈ ਕਿਸੇ ਦੇਵਤੇ ਦੀ ਪੁਰੀ ਵਿਚ ਜਾ ਵੱਸਦਾ ਹੈ, ਕੋਈ ਕਿਸੇ ਦੇਵਤੇ ਦਾ ਨਿਕਟਵਾਸੀ ਹੋ ਰਹਿੰਦਾ ਹੈ, ਕਿਸੇ ਨੂੰ ਆਪਣੇ ਦੇਵਤੇ ਦੇ ਸਮਾਨ ਰੂਪ ਹਾਸਲ ਹੋ ਜਾਂਦਾ ਹੈ, ਕੋਈ ਉਪਾਸ਼ਕ ਐਸੀ ਕਮਾਈ ਕਰਨ ਵਾਲਾ ਹੈ ਜੋ ਇਉਂ ਪ੍ਰਤੀਤ ਹੁੰਦਾ ਹੈ ਕਿ ਇਹ ਆਪਣੇ ਦੇਵਤੇ ਦੇ ਸਰੂਪ ਵਿਚ ਲੀਨ ਹੋ ਗਿਆ ਹੈ, ਪਰ ਉਹ ਹੁੰਦਾ ਵੱਖਰਾ ਹੀ ਹੈ, ਜਿਵੇਂ ਪਾਣੀ ਵਿਚ ਡੁੱਬਕੀ ਮਾਰਨ ਵਾਲਾ ਪ੍ਰਤੀਤ ਹੁੰਦਾ ਹੈ ਕਿ ਇਹ ਪਾਣੀ ਵਿਚ ਲੀਨ ਹੋ ਗਿਆ ਹੈ, ਪਰ ਵਾਸਤਵ ਵਿਚ ਉਹ ਵੱਖਰਾ ਹੀ ਹੁੰਦਾ ਹੈ। ਇਸੇ ਤਰ੍ਹਾਂ ਜਿਸ ਜਿਸ ਪੁਰੀ ਵਿਚ ਕੋਈ ਉਪਾਸ਼ਕ ਪੁੱਜਦਾ ਹੈ ਆਖ਼ਰ ਉਥੋਂ ਉਸਨੂੰ ਬਾਹਰ ਆ ਕੇ ਜੰਮਣ ਮਰਣ ਦੇ ਚੱਕ੍ਰ ਵਿਚ ਫਿਰਦੇ ਹੀ ਰਹਿਣਾ ਪੈਂਦਾ ਹੈ। ਬਾਣੀ ਦਾ ਫ਼ੁਰਮਾਨ ਹੈ ਕਿ :

> ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥
> ਓਛੇ ਤਪ ਕਰਿ ਬਾਹੁਰਿ ਐਬੋ ॥੧॥
>
> *(ਧਨਾਸਰੀ ਕਬੀਰ ਜੀ, ਪੰਨਾ ੬੯੨)*

> ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥
> ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ ॥
> ਸਿਵ ਪੁਰੀ ਕਾ ਹੋਇਗਾ ਕਾਲਾ ॥
> ਤ੍ਰੈਗੁਣ ਮਾਇਆ ਬਿਨਸਿ ਬਿਤਾਲਾ ॥੨॥
>
> *(ਗਉੜੀ ਮ: ੫, ਪੰਨਾ ੨੩੭)*

ਗੁਰਮੁਖਾਂ ਨੂੰ ਇਨ੍ਹਾਂ ਉਪ੍ਰੋਕਤ ਗੁਰਬਾਣੀ ਦੇ ਮਹਾਂਵਾਕਾਂ ਦੁਆਰੇ ਸੋਝੀ ਹੋ ਆਈ ਹੈ ਕਿ ਇੰਦ੍ਰ ਪੁਰੀ, ਬ੍ਰਹਮ ਪੁਰੀ ਅਤੇ ਸ਼ਿਵ ਪੁਰੀ ਦਾ ਆਖ਼ਰ ਨਾਸ ਹੋ ਜਾਣਾ ਹੈ, ਇਸ ਲਈ ਕਿਸੇ ਭੀ ਮੁਕਤੀ ਦੀ ਗੁਰਮੁਖ ਚਾਹਿਤ ਨਹੀਂ ਕਰਦੇ ਉਹ ਕੇਵਲ ਪ੍ਰਭੂ ਦੇ ਚਰਨਾਂ ਵਿਚ ਹੀ ਨਿਵਾਸ ਕਰਨ ਦੇ ਇੱਛੁਕ ਹਨ, ਇਸ ਲਈ ਗੁਰਮੁਖ ਸਦਾ ਹੀ ਸਾਧ ਸੰਗਤ ਵਿਚ ਰਹਿਣਾ ਪਸੰਦ ਕਰਦੇ ਹਨ, ਜਿਸ ਦਾ ਸਦਕਾ ਉਨ੍ਹਾਂ ਦਾ ਸਦੀਵੀ ਆਵਾਗਵਨ ਮਿਟ ਜਾਂਦਾ ਹੈ।

## ੧੯. ਗੁਰਸਿਖ ਦੀ ਰਹਿਤ

**੧. ਗੁਰਸਿੱਖਾਂ ਸਾਬਾਸ**
**ਜਨਮੁ ਸਵਾਰਿਆ।**
**੨. ਗੁਰ ਸਿੱਖਾਂ ਰਹਰਾਸਿ**
**ਗੁਰੂ ਪਿਆਰਿਆ।**
**੩. ਗੁਰਮੁਖ ਸਾਸਿ ਗਿਰਾਸਿ**
**ਨਾਉਂ ਚਿਤਾਰਿਆ।**
**੪. ਮਾਇਆ ਵਿੱਚ ਉਦਾਸੁ**
**ਗਰਬੁ ਨਿਵਾਰਿਆ।**
**੫. ਗੁਰਮੁਖ ਦਾਸਨਿ ਦਾਸ**
**ਸੇਵ ਸੁਚਾਰਿਆ।**
**੬. ਵਰਤਨ ਆਸ ਨਿਰਾਸ**
**ਸਬਦੁ ਵੀਚਾਰਿਆ।**
**੭. ਗੁਰਮੁਖ ਸਹਜਿ ਨਿਵਾਸੁ**
**ਮਨ ਹਠ ਮਾਰਿਆ।**
**੮. ਗੁਰਮੁਖ ਮਨਿ ਪਰਗਾਸੁ ਪਤਿਤ ਉਧਾਰਿਆ ॥੧੯॥**

***ਪਦ ਅਰਥ :*** ਰਹਰਾਸਿ—ਰਹੁ-ਰੀਤੀ। ਸੁਚਾਰਿਆ—ਸੱਚੇ ਸੁੱਚੇ ਆਚਾਰ ਵਾਲੇ। ਮਨ ਹਠ—ਮਨ ਦੀਆਂ ਅੜੀਅਲ ਬਾਤਾਂ। ਪਤਿਤ—ਪਾਪੀ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜਿਨ੍ਹਾਂ ਗੁਰਸਿੱਖਾਂ ਦਾ ਆਪ ਜ਼ਿਕਰ ਕਰਦੇ ਆ ਰਹੇ ਹੋ ਉਨ੍ਹਾਂ ਦਾ ਤੁਹਾਡੇ ਮਨ ਵਿਚ ਕਿਤਨਾ ਕੁ ਮਾਨ ਸਤਿਕਾਰ ਹੈ, ਅਤੇ ਉਨ੍ਹਾਂ ਵਿਚ ਆਪ ਜੀ ਕੇਹੜੇ ਵਿਸ਼ੇਸ਼ ਗੁਣ ਤੱਕਦੇ ਹੋ, ਦੱਸਣ ਦੀ ਕ੍ਰਿਪਾ ਕਰੋ ?

**ਉ:** ਹੇ ਭਾਈਓ! ਜਦੋਂ ਮੈਂ ਗੁਰਬਾਣੀ ਦੁਆਰੇ ਗੁਰਮੁਖਾਂ ਬਾਰੇ ਵੀਚਾਰ ਪੜ੍ਹਦਾ ਹਾਂ ਤਾਂ ਮੈਨੂੰ ਅਨੇਕਾਂ ਹੀ ਉਦਾਹਰਣ ਮਿਲਦੇ ਹਨ, ਜਿਨ੍ਹਾਂ ਵਿਚ ਉਨ੍ਹਾਂ ਗੁਰਸਿੱਖਾਂ ਦੇ ਗੁਣਾਂ ਦੀ ਸ਼ਲਾਘਾ ਕੀਤੀ ਗਈ ਹੈ, ਜਿਨ੍ਹਾਂ ਗੁਰਸਿੱਖਾਂ ਨੇ ਉਸ ਪ੍ਰਭੂ ਦਾ ਭਾਣਾ ਮੰਨ ਕੇ ਜੀਵਨ ਦਾ ਸਫ਼ਰ ਸਫਲ ਕੀਤਾ ਹੈ ਅਤੇ ਉਹ ਰੱਬੀ ਦਰਬਾਰ ਵਿਚ ਭੀ ਸਤਿਕਾਰੇ ਗਏ ਹਨ, ਜਿਵੇਂ ਕਿ

ਬਾਣੀ ਵਿਚੋਂ ਫ਼ੁਰਮਾਨ ਮਿਲਦੇ ਹਨ :

ਗੁਰਸਿਖੀ ਭਾਣਾ ਮੰਨਿਆ
ਗੁਰੁ ਪੂਰਾ ਪਾਰਿ ਲੰਘਾਇ ॥
ਗੁਰਸਿਖਾਂ ਕੀ ਹਰਿ ਧੂੜਿ ਦੇਹਿ
ਹਮ ਪਾਪੀ ਭੀ ਗਤਿ ਪਾਂਹਿ ॥ *(ਸਲੋਕ ਮ: ੪, ਪੰਨਾ ੧੪੨੪)*
ਗੁਰਸਿਖਾ ਕੀ ਘਾਲ ਥਾਇ ਪਈ
ਜਿਨ ਹਰਿ ਨਾਮੁ ਧਿਆਵਾ ॥
*(ਆਸਾ ਮ: ੪, ਪੰਨਾ ੪੫੦)*

ਗੁਰਸਿਖਾ ਕੀ ਭੁਖ ਸਭ ਗਈ
ਤਿਨ ਪਿਛੈ ਹੋਰ ਖਾਇ ਘਨੇਰੀ ॥
ਜਨ ਨਾਨਕ ਹਰਿ ਪੁੰਨੁ ਬੀਜਿਆ
ਫਿਰਿ ਤੋਟਿ ਨ ਆਵੈ ਹਰਿ ਪੁੰਨ ਕੇਰੀ ॥੩॥
*(ਆਸਾ ਮ: ੪, ਪੰਨਾ ੪੫੧)*

ਗੁਰਸਿਖਾ ਕੇ **ਮੁਹ** ਉਜਲੇ ਕਰੇ ਹਰਿ ਪਿਆਰਾ
ਗੁਰ ਕਾ ਜੈਕਾਰੁ ਸੰਸਾਰਿ ਸਭਤੁ ਕਰਾਏ ॥
*(ਮ: ੪, ਪੰਨਾ ੩੦੮)*

ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ ॥
*(ਰਾਮਕਲੀ ਕੀ ਵਾਰ, ਪੰਨਾ ੯੬੭)*

ਜਨੁ ਨਾਨਕ ਬੋਲੈ ਅੰਮ੍ਰਿਤ ਬਾਣੀ ॥
ਗੁਰਸਿਖਾਂ ਕੈ ਮਨਿ ਪਿਆਰੀ ਭਾਣੀ ॥
*(ਮਾਝ ਮ: ੪, ਪੰਨਾ ੯੬)*

ਗੁਰਸਿਖਾਂ ਮਨਿ ਹਰਿ ਪ੍ਰੀਤਿ ਹੈ ਗੁਰੁ ਪੂਜਣ ਆਵਹਿ ॥
ਹਰਿ ਨਾਮੁ ਵਣੰਜਹਿ ਰੰਗ ਸਿਉ
ਲਾਹਾ ਹਰਿ ਨਾਮੁ ਲੈ ਜਾਵਹਿ ॥
ਗੁਰਸਿਖਾ ਕੇ ਮੁਖ ਉਜਲੇ ਹਰਿ ਦਰਗਹ ਭਾਵਹਿ ॥
ਗੁਰੁ ਸਤਿਗੁਰੁ ਬੋਹਲੁ ਹਰਿ ਨਾਮ ਕਾ
ਵਡਭਾਗੀ ਸਿਖ ਗੁਣ ਸਾਂਝ ਕਰਾਵਹਿ ॥
ਤਿਨਾ ਗੁਰਸਿਖਾ ਕੰਉ ਹਉ ਵਾਰਿਆ
ਜੋ ਬਹਦਿਆ ਉਠਦਿਆ ਹਰਿ ਨਾਮੁ ਧਿਆਵਹਿ ॥੧੧॥
*(ਪਉੜੀ, ਪੰਨਾ ੫੯੦)*

ਗੁਰਸਿਖਾ ਕੈ ਮਨਿ ਭਾਵਦੀ
ਗੁਰ ਸਤਿਗੁਰ ਕੀ ਵਡਿਆਈ ॥
ਹਰਿ ਰਾਖਹੁ ਪੈਜ ਸਤਿਗੁਰੂ ਕੀ ਨਿਤ ਚੜੈ ਸਵਾਈ ॥
*(ਮ: ੪, ਪੰਨਾ ੩੧੦)*

ਗੁਰਸਿਖਾਂ ਨੋ ਸਾਬਾਸਿ ਹੈ
ਹਰਿ ਤੁਠਾ ਮੇਲਿ ਮਿਲਾਇ ॥੨੭॥
*(ਸਲੋਕ ਮ: ੪, ਪੰਨਾ ੧੪੨੪)*

ਨੰਰ ਪ੍ਰਾਣੀ ਪ੍ਰੀਤਿ ਮਾਇਆ ਧਨੁ ਖਾਟੇ ॥
ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ ॥
*(ਗਉੜੀ ਮ: ੪, ਪੰਨਾ ੧੬੪)*

ਭੀਖਕ ਪ੍ਰੀਤਿ ਭੀਖ ਪ੍ਰਭ ਪਾਇ ॥
ਭੂਖੇ ਪ੍ਰੀਤਿ ਹੋਵੈ ਅੰਨੁ ਖਾਇ ॥
ਗੁਰਸਿਖ ਪ੍ਰੀਤਿ ਗੁਰ ਮਿਲਿ ਅਘਾਇ ॥੧॥
*(ਗਉੜੀ ਮ: ੪, ਪੰਨਾ ੧੬੪)*

ਗੁਰਸਿਖਾ ਵਡਿਆਈ ਭਾਵੈ ਗੁਰ ਪੂਰੈ ਕੀ
ਮਨਮੁਖਾ ਓਹ ਵੇਲਾ ਹਥਿ ਨ ਆਇਆ ॥੨॥
*(ਮ: ੪, ਪੰਨਾ ੩੦੪)*

ਇਸ ਤਰ੍ਹਾਂ ਗੁਰਬਾਣੀ ਵਿਚ ਹੋਰ ਭੀ ਸਾਨੂੰ ਬਹੁਤ ਪ੍ਰਮਾਣ ਮਿਲਦੇ ਹਨ, ਜਿਨ੍ਹਾਂ ਵਿਚ ਗੁਰਸਿੱਖਾਂ ਦੀ ਮਾਨਸਕ ਅਵਸਥਾ ਤੇ ਉਨ੍ਹਾਂ ਵਿਚ ਦੈਵੀ ਗੁਣਾਂ ਦੀ ਪ੍ਰਧਾਨਤਾ ਦਰਸਾਈ ਹੈ। ਸੋ, ਮੈਂ ਭੀ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਉਨ੍ਹਾਂ ਗੁਰਸਿੱਖਾਂ ਦੇ ਵਿਸ਼ੇਸ਼ ਗੁਣ ਦਰਸਾਏ ਹਨ, ਜਿਨ੍ਹਾਂ ਨੇ ਸਾਧ ਸੰਗਤ ਦੀ ਸੱਚੀ ਟਕਸਾਲ ਦੁਆਰੇ ਗੁਰੂ ਦੇ ਸ਼ਬਦ ਰਾਹੀਂ ਆਪਣੇ ਮਨ, ਬੁੱਧ, ਚਿਤ ਤੇ ਹੰਕਾਰ ਨੂੰ ਘੜ ਕੇ ਆਪਣੇ ਮਨ ਨੂੰ ਸੁਧਾਰਿਆ ਹੈ :

(੧) (ਹੇ ਭਾਈਓ ! ਮੈਂ ਤਾਂ ਇਉਂ ਹੀ ਅਨੁਭਵ ਕੀਤਾ ਹੈ ਕਿ) ਜਿਨ੍ਹਾਂ ਗੁਰਸਿੱਖਾਂ ਨੇ (ਗੁਰੂ ਦੀ ਸਿਖਿਆ 'ਤੇ ਚਲ ਕੇ) ਆਪਣੇ ਜਨਮ ਨੂੰ ਸਵਾਰ ਲਿਆ ਹੈ, ਉਨ੍ਹਾਂ ਨੂੰ ਸ਼ਾਬਾਸ਼ ਹੈ।

(੨) (ਗੁਰਸਿੱਖਾਂ ਦੀ ਇਹੋ ਰਹੁ-ਰੀਤੀ ਹੈ (ਕਿ ਉਨ੍ਹਾਂ ਨੇ ਸਿਖਿਆ ਨੂੰ ਮੰਨਦਿਆਂ) ਗੁਰੂ ਨਾਲ ਪਿਆਰ ਕੀਤਾ ਹੈ।

(੩) (ਐਸੇ ਗੁਰਸਿੱਖਾਂ ਨੇ) ਗੁਰਮੁਖ ਦੀ ਪਦਵੀ ਪ੍ਰਾਪਤ ਕਰਕੇ ਸਾਸ ਗਿਰਾਸ (ਪ੍ਰਭੂ ਦੇ ਨਾਮ ਨੂੰ ਹੀ) ਚੇਤੇ ਕੀਤਾ ਹੈ ਤੇ ਸਿਮਰਨ ਕੀਤਾ ਹੈ।

(੪) ਉਹ (ਗੁਰਸਿਖ) ਮਾਇਆ ਵਿਚ ਹੀ ਉਦਾਸ ਰਹਿੰਦੇ ਹਨ (ਉਨ੍ਹਾਂ ਨੇ ਆਪਣੀ ਹਉਮੈਂ ਬਿਰਤੀ ਨੂੰ ਪਕੜ ਕੇ) ਗਰਬ ਹੰਕਾਰ ਨੂੰ ਮਿਟਾ ਦਿਤਾ ਹੈ।

(੫) ਗੁਰਸਿੱਖਾਂ ਵਿਚ (ਇਤਨੀ ਨਿਰਮਾਣਤਾ ਹੋ ਜਾਂਦੀ ਹੈ ਕਿ ਉਹ) ਦਾਸਾਂ ਦੇ ਵੀ ਦਾਸ ਬਣਦੇ ਹਨ ਤੇ ਉੱਚੇ ਸੁੱਚੇ ਸ੍ਰੇਸ਼ਟਾਚਾਰ ਵਾਲੇ ਬਣ ਜਾਂਦੇ ਹਨ।

(੬) ਆਸਾ ਵਿਚ ਹੁੰਦੇ ਭੀ ਨਿਰਾਸਤਾ ਵਾਲੇ (ਉਦਾਸ ਸੁਭਾਉ) ਹੋ ਕੇ ਰਹਿੰਦੇ ਹਨ (ਕੇਵਲ ਗੁਰੂ ਦੇ) ਸ਼ਬਦ

ਦੀ ਵੀਚਾਰ ਕਰਦੇ ਹਨ (ਹੋਰ ਵਿਚਾਰਾਂ ਦੇ ਵੀਚਾਰ ਉਨ੍ਹਾਂ ਨੂੰ ਚੰਗੇ ਨਹੀਂ ਲਗਦੇ)।

(੭) ਗੁਰਮੁਖਾਂ ਦਾ ਸਹਜਿ (ਤੁਰੀਆ ਪਦ) ਵਿਚ ਨਿਵਾਸ ਹੋ ਜਾਂਦਾ ਹੈ ਤੇ ਉਹ ਆਪਣੇ ਅੜੀਅਲ ਮਨ ਦੇ ਹਠਾਂ ਨੂੰ ਮਾਰ ਕੇ ਖ਼ਤਮ ਕਰ ਦੇਂਦੇ ਹਨ।

(੮) ਗੁਰਮੁਖ ਦੇ ਮਨ ਵਿਚ ਪਤਿਤ ਉਧਾਰਕ (ਪ੍ਰਭੂ ਦਾ) ਪ੍ਰਕਾਸ਼ ਹੋ ਜਾਂਦਾ ਹੈ, (ਤੇ ਫਿਰ ਪਤਿਤ ਉਨ੍ਹਾਂ ਦੀ ਸੰਗਤ ਕਰਕੇ ਤਰ ਜਾਂਦੇ ਹਨ)।੧੯।

***ਭਾਵਾਰਥ :*** ਜਿਨ੍ਹਾਂ ਗੁਰਸਿੱਖਾਂ ਨੇ ਜਨਮ ਸਵਾਰਿਆ ਹੈ ਉਹ ਧੰਨਤਾ ਯੋਗ ਹਨ, ਕਿਉਂਕਿ ਉਨ੍ਹਾਂ ਦਾ ਮਾਰਗ ਸੱਚਾ ਹੈ ਉਹ ਸਾਸ ਗਿਰਾਸ ਅਰਥਾਤ ਤੁਰਦੇ ਫਿਰਦੇ ਭੋਜਨ ਪਾਉਂਦੇ ਨਾਮ ਹੀ ਜਪਦੇ ਹਨ ਫਿਰ ਉਹ ਮਾਇਆ ਵਿਚ ਉਦਾਸੀਨ ਬ੍ਰਿਤੀ ਰਖਕੇ ਹੰਕਾਰ ਨੂੰ ਨੇੜੇ ਨਹੀਂ ਆਉਣ ਦੇਂਦੇ। ਗੁਰਸਿੱਖਾਂ ਦੀ ਸੇਵਾ ਵਿਚ ਦਾਸਾਂ ਦੇ ਦਾਸ ਹੋ ਕੇ ਮਨ ਲਾਉਂਦੇ ਤੇ ਭਲੇ ਆਚਾਰ ਕਰਦੇ ਹਨ, ਸਹਿਜ ਪਦ ਵਿਖੇ ਹਠ ਨਹੀਂ ਧਾਰਦੇ, ਇਸ ਕਰਕੇ ਉਨ੍ਹਾਂ ਦੇ ਮਨ ਵਿਚ ਸਦਾ ਹੀ ਆਤਮਾ ਦਾ ਪ੍ਰਕਾਸ਼ ਰਹਿੰਦਾ ਹੈ ਅਤੇ ਪਾਪੀ ਲੋਕ ਉਨ੍ਹਾਂ ਦਾ ਦਰਸ਼ਨ ਕਰਕੇ ਉਧਰ ਜਾਂਦੇ ਹਨ, ਕਿਉਂਕਿ ਬਾਣੀ ਦਾ ਫ਼ੁਰਮਾਨ ਹੈ ਕਿ ਐਸੇ ਗੁਰਮੁਖਾਂ ਦੀ ਸੰਗਤ ਕਰਨ ਦਾ ਇਤਨਾ ਲਾਭ ਹੈ :

ਸਾਧ ਕੈ ਸੰਗਿ ਨਹੀ ਕਛੁ ਘਾਲ॥
ਦਰਸਨੁ ਭੇਟਤ ਹੋਤ ਨਿਹਾਲ॥

*(ਸੁਖਮਨੀ ਸਾਹਿਬ, ਪੰਨਾ ੨੭੨)*

## ੨੦. ਗੁਰਮੁਖਾਂ ਦੀ ਘਾਲ ਕਮਾਈ

**੧. ਗੁਰ ਸਿੱਖਾਂ ਜੈਕਾਰੁ**
**ਸਤਿਗੁਰ ਪਾਇਆ।**
**੨. ਪਰਵਾਰੈ ਸਾਧਾਰੁ**
**ਸ਼ਬਦ ਕਮਾਇਆ।**
**੩. ਗੁਰਮੁਖ ਸੱਚੁ ਆਚਾਰੁ**
**ਭਾਣਾ ਭਾਇਆ।**
**੪. ਗੁਰਮੁਖ ਮੋਖ ਦੁਆਰੁ**
**ਆਪੁ ਗਵਾਇਆ।**
**੫. ਗੁਰਮੁਖ ਪਰਉਪਕਾਰ**
**ਮਨੁ ਸਮਝਾਇਆ।**
**੬. ਗੁਰਮੁਖ ਸੱਚੁ ਆਧਾਰ**
**ਸੱਚਿ ਸਮਾਇਆ।**
**੭. ਗੁਰਮੁਖਾਂ ਲੋਕਾਰੁ**
**ਲੇਪੁ ਨ ਲਾਇਆ।**
**੮. ਗੁਰਮੁਖ ਏਕੰਕਾਰੁ ਅਲਖੁ ਲਖਾਇਆ ॥੨੦॥**

***ਪਦ ਅਰਥ :*** ਸਾਧਾਰੁ—ਉਧਾਰਨਾ। ਆਚਾਰੁ—ਕਰਨੀ। ਆਧਾਰੁ—ਆਸਰਾ। ਲੋਕਾਰੁ—ਲੋਕਾਚਾਰੀ, ਲੋਕ-ਲਾਜ। ਲੇਪੁ—ਲੱਗਣਾ।

***ਅਰਥ :***

ਪ੍ਰ: ਕਿਉਂ ਭਾਈ ਸਾਹਿਬ ਜੀਉ! ਇਹ ਭੀ ਦੱਸਣ ਦੀ ਖੇਚਲ ਕਰੋਗੇ ਕਿ ਜਿਵੇਂ ਆਮ ਹੀ ਵੇਖਣ ਵਿਚ ਆਉਂਦਾ ਹੈ ਕਿ ਹਰ ਮਜ਼ਹਬ ਦੇ ਰਹਿਬਰ ਨੇ ਆਪਣੀ ਉੱਮਤ ਲਈ ਖ਼ਾਸ ਨਿਯਮ ਕਾਇਮ ਕਰ ਦਿਤੇ ਹਨ, ਜਿਨ੍ਹਾਂ ਦਾ ਧਾਰਨੀ ਹੋਣਾ ਹਰ ਇਕ ਨੂੰ ਜ਼ਰੂਰੀ ਕਰਾਰ ਦਿਤਾ ਗਿਆ ਹੈ। ਜਿਵੇਂ ਮੁਹੰਮਦ ਸਾਹਿਬ ਵੱਲੋਂ ਹਰ ਮੁਸਲਮਾਨ ਲਈ ਪੰਜ ਵਕਤ ਪੰਜ ਨਿਮਾਜ਼ਾਂ ਪੜ੍ਹਨ ਦੀ ਹਿਦਾਇਤ ਹੈ, ਜੋ ਹਰ ਮੁਸਲਮਾਨ ਨੂੰ ਜ਼ਰੂਰੀ ਇਸ ਦਾ ਧਾਰਨੀ ਹੋਣਾ ਬਣਦਾ ਹੈ।

ਇਸੇ ਤਰ੍ਹਾਂ ਹਿੰਦੂ ਮੱਤ ਵਿਚ ਤਿੰਨ ਵਕਤ ਸੰਧਿਆ, ਪੂਜਾ, ਗਾਇਤ੍ਰੀ ਆਦਿ ਕਰਨ ਦਾ ਨਿਯਮੀ ਹੋਣਾ ਅਤਿ ਜ਼ਰੂਰੀ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਹੋਰ ਵੀ ਵੱਖੋ ਵੱਖ ਫ਼ਿਰਕੇ ਹਨ, ਜਿਨ੍ਹਾਂ ਦੀ ਭਿੰਨ ਭਿੰਨ ਧਾਰਨਾ ਦਾ ਉਨ੍ਹਾਂ ਦੇ ਰਹਿਬਰਾਂ ਵੱਲੋਂ ਹਰ ਇਕ ਨੂੰ ਧਾਰਨੀ ਹੋਣਾ ਜ਼ਰੂਰੀ ਕਰਾਰ ਦਿਤਾ ਗਿਆ ਹੈ, ਕਿਉਂ ਜੀ, ਕੀ ਇਸੇ ਤਰ੍ਹਾਂ ਗੁਰਮਤ ਨੇ ਭੀ ਗੁਰਸਿੱਖਾਂ ਲਈ ਕੋਈ ਖ਼ਾਸ ਸਮਾਂ ਨੀਯਤ ਕੀਤਾ ਹੈ, ਜਿਸ ਵਿਚ ਉਸ ਪ੍ਰਭੂ ਦੀ ਪੂਜਾ ਕੀਤੀ ਜਾਵੇ ?

ਉ: ਹੇ ਭਾਈਓ! ਮੈਂ ਤਾਂ ਜਦੋਂ ਇਸ ਪੱਖ ਨੂੰ ਗੁਰਮਤ ਦੀ ਰੌਸ਼ਨੀ ਵਿਚ ਤੱਕਿਆ ਹੈ ਤਾਂ ਇਹੋ ਸੋਝੀ ਮਿਲੀ ਹੈ ਕਿ ਗੁਰਮਤ ਨੇ ਉਸ ਪਰੀਪੂਰਨ ਪਰਮੇਸ਼ਰ ਨੂੰ ਸਿਮਰਨ ਕਰਨ ਦਾ ਕੋਈ ਖ਼ਾਸ ਸਮਾਂ ਨੀਯਤ ਨਹੀਂ ਕੀਤਾ, ਸਗੋਂ ਹਰ ਮਨੁੱਖ ਮਾਤ੍ਰ ਨੂੰ ਇਹੋ ਪ੍ਰੇਰਨਾ ਦਿਤੀ ਗਈ ਹੈ ਕਿ ਹੇ ਭਾਈਓ :

ਹੋਇ ਇਕਤ੍ਰ ਮਿਲਹੁ ਮੇਰੇ ਭਾਈ
ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ
ਗੁਰਮੁਖਿ ਬੈਸਹੁ ਸਫਾ ਵਿਛਾਇ॥੧॥
ਇਨ੍ ਬਿਧਿ ਪਾਸਾ ਢਾਲਹੁ ਬੀਰ॥
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ
ਅੰਤ ਕਾਲਿ ਨਹ ਲਾਗੈ ਪੀਰ॥੧॥ਰਹਾਉ॥

*(ਬਸੰਤੁ ਮ: ੫, ਪੰਨਾ ੧੧੮੫)*

ਚਿਤਵਉ ਵਾ ਅਉਸਰ ਮਨ ਮਾਹਿ॥
ਹੋਇ ਇਕਤ੍ਰ ਮਿਲਹੁ ਸੰਤ ਸਾਜਨ
ਗੁਣ ਗੋਬਿੰਦ ਨਿਤ ਗਾਹਿ॥੧॥ਰਹਾਉ॥

*(ਸਾਰਗ ਮ: ੫, ਪੰਨਾ ੧੨੨੨)*

ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ॥
ਸਾ ਵੇਲਾ ਸੋ ਮੂਰਤੁ ਸਾ ਘੜੀ
ਸੋ ਮੁਹਤੁ ਸਫਲ ਹੈ ਮੇਰੀ ਜਿੰਦੁੜੀਏ
ਜਿਤੁ ਹਰਿ ਮੇਰਾ ਚਿਤਿ ਆਵੈ ਰਾਮ॥

*(ਬਿਹਾਗੜਾ ਮ: ੪, ਪੰਨਾ ੫੪੦)*

ਸਾ ਵੇਲਾ ਕਹੁ ਕਉਣੁ ਹੈ ਜਿਤੁ ਪ੍ਰਭ ਕਉ ਪਾਈ॥
ਸੋ ਮੂਰਤੁ ਭਲਾ ਸੰਜੋਗੁ ਹੈ ਜਿਤੁ ਮਿਲੈ ਗੁਸਾਈ॥
ਆਠ ਪਹਰ ਹਰਿ ਧਿਆਇ ਕੈ ਮਨ ਇਛ ਪੁਜਾਈ॥

*(ਪਉੜੀ, ਪੰਨਾ ੭੦੮)*

ਸਾ ਵੇਲਾ ਪਰਵਾਣੁ ਜਿਤੁ ਸਤਿਗੁਰੁ ਭੇਟਿਆ॥
ਹੋਆ ਸਾਧੂ ਸੰਗੁ ਫਿਰਿ ਦੂਖ ਨ ਤੇਟਿਆ॥

*(ਪਉੜੀ, ਪੰਨਾ ੫੨੦)*

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ
ਗਾਵਹੁ ਸਚੀ ਬਾਣੀ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥

*(ਅਨੰਦ ਸਾਹਿਬ, ਪੰਨਾ ੯੨੦)*

ਸਦਾ ਸਦਾ ਸਿਮਰਿ ਦਿਨੁ ਰਾਤਿ॥
ਊਠਤ ਬੈਠਤ ਸਾਸਿ ਗਿਰਾਸਿ॥

*(ਰਾਮਕਲੀ ਕਬੀਰ ਜੀ, ਪੰਨਾ ੯੧੧)*

ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤ॥
ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ॥੧॥ਰਹਾਉ॥

*(ਬਿਲਾਵਲੁ ਮ: ੫, ਪੰਨਾ ੮੧੦)*

ਊਠਤ ਬੈਠਤ ਸੋਵਤ ਜਾਗਤ
ਹਰਿ ਧਿਆਈਐ ਸਗਲ ਅਵਰਦਾ ਜੀਉ॥੨॥

*(ਮਾਝ ਮ: ੫, ਪੰਨਾ ੧੦੧)*

ਊਠਤ ਬੈਠਤ ਸੋਵਤ ਜਾਗਤ
ਸਾਸਿ ਸਾਸਿ ਸਾਸਿ ਹਰਿ ਜਪਨੇ॥੧॥ਰਹਾਉ॥

*(ਕਾਨੜਾ ਮ: ੫, ਪੰਨਾ ੧੨੯੮)*

ਊਠਤ ਬੈਠਤ ਸੋਵਤ ਜਾਗਤ
ਇਹੁ ਮਨੁ ਤੁਝਹਿ ਚਿਤਾਰੈ॥ *(ਬਿਲਾਵਲੁ ਮ: ੫, ਪੰਨਾ ੮੨੦)*

ਊਠਤ ਬੈਠਤ ਸੋਵਤ ਨਾਮ॥
ਕਹੁ ਨਾਨਕ ਜਨ ਕੈ ਸਦ ਕਾਮ॥੬॥
ਬੋਲਹੁ ਜਸੁ ਜਿਹਬਾ ਦਿਨੁ ਰਾਤਿ॥
ਪ੍ਰਭਿ ਅਪਨੈ ਜਨ ਕੀਨੀ ਦਾਤਿ॥

*(ਸੁਖਮਨੀ ਸਾਹਿਬ, ਪੰਨਾ ੨੮੬)*

ਇਸ ਤਰ੍ਹਾਂ ਗੁਰੂ ਬਾਣੀ ਵਿਚੋਂ ਸਾਨੂੰ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਸਾਨੂੰ ਸੂਝ-ਬੂਝ ਮਿਲਦੀ ਹੈ ਕਿ ਗੁਰਮਤ ਨੇ ਉਸ ਪ੍ਰਭੂ ਨੂੰ ਚਿੰਤਨ ਕਰਨ ਦਾ ਕੋਈ ਖ਼ਾਸ ਸਮਾਂ ਨੀਅਤ ਨਹੀਂ ਕੀਤਾ, ਜਿਵੇਂ ਕਿ ਹੋਰ ਫ਼ਿਰਕਿਆਂ ਵਿਚ ਸਮੇਂ ਨੀਅਤ ਕੀਤੇ ਗਏ ਹਨ। ਗੁਰਮਤ ਨੇ ਹਰ ਮਨੁੱਖ ਮਾਤ੍ਰ ਲਈ ਖੁਲ੍ਹ ਦਿਤੀ ਹੈ ਕਿ ਤੁਸੀਂ ਉਠਦਿਆਂ ਬੈਠਦਿਆਂ ਹਰ ਕਾਰੋਬਾਰ ਕਰਦਿਆਂ ਉਸ ਪ੍ਰਭੂ ਦਾ ਸਦਾ ਹੀ ਚਿੰਤਨ ਕਰ ਸਕਦੇ ਹੋ। ਇਨ੍ਹਾਂ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਭੀ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ, ਜਿਨ੍ਹਾਂ ਵਿਚ ਗੁਰਸਿੱਖਾਂ ਦੀ ਸਿਫ਼ਤੋ ਸਾਲਾਹ ਕੀਤੀ ਗਈ ਹੈ, ਕਿਉਂਕਿ ਉਨ੍ਹਾਂ ਦੀ ਘਾਲ ਕਮਾਈ ਉਚੇਰੀ ਹੈ:

(੧) (ਹੇ ਭਾਈਓ! ਸੰਸਾਰ ਵਿਚ ਉਨ੍ਹਾਂ) ਗੁਰਸਿੱਖਾਂ ਦੀ ਜੈ ਜੈ ਕਾਰ ਹੁੰਦੀ ਹੈ, (ਜਿਨ੍ਹਾਂ ਨੇ) ਪੂਰੇ ਸਤਿਗੁਰੂ ਦੇ ਦਰਸ਼ਨ ਕੀਤੇ ਹਨ ਤੇ ਉਨ੍ਹਾਂ ਨੇ (ਮਨ ਕਰਕੇ) ਗੁਰੂ ਧਾਰਨ ਕਰ ਲਿਆ ਹੈ।

(੨) (ਪੂਰੇ ਸਤਿਗੁਰੂ ਤੋਂ ਪ੍ਰਾਪਤ ਹੋਏ) ਸ਼ਬਦ (ਉਪਦੇਸ਼) ਦੀ ਕਮਾਈ ਨਾਲ (ਉਨ੍ਹਾਂ ਨੇ ਆਪਣਾ ਆਪ ਤੇ) ਆਪਣੇ ਪ੍ਰਵਾਰ ਨੂੰ ਉਧਾਰ ਦਿਤਾ ਹੈ।

(੩) ਗੁਰਮੁਖਾਂ ਦਾ ਆਚਾਰ (ਕਥਨੀ ਤੇ ਕਰਨੀ, ਕਰਤੱਬ) ਇਹੀ ਹੈ ਕਿ ਹਰ ਮਸਲੇ ਵਿਚ ਉਨ੍ਹਾਂ ਨੂੰ ਪ੍ਰਭੂ ਦਾ ਭਾਣਾ ਹੀ ਚੰਗਾ ਲਗਦਾ ਹੈ।

(੪) ਗੁਰਮੁਖ ਮੋਖ ਦੁਆਰੇ (ਮੁਕਤੀ) ਦਾ ਵਸੀਲਾ ਹਨ। ਉਹ ਆਪਾ (ਭਾਵ ਮੈਂ ਮੇਰੀ ਨੂੰ) ਗਵਾ ਦਿੰਦੇ ਹਨ।

(੫) ਗੁਰਮੁਖ ਪਰਉਪਕਾਰ ਕਰਦੇ ਹਨ ਤੇ ਇਹੋ ਕਹਿ ਕੇ ਮਨ ਨੂੰ ਸਮਝਾਉਂਦੇ ਹਨ ਕਿ ਪਰਉਪਕਾਰ ਚੰਗਾ ਹੈ।
(੬) ਗੁਰਮੁਖਾਂ ਨੂੰ ਕੇਵਲ ਸੱਚ ਦਾ ਹੀ ਆਸਰਾ ਹੈ ਤੇ ਉਹ ਸੱਚ (ਦੀ ਸ੍ਰੇਸ਼ਟਤਾਈ ਵਿਚ ਹੀ) ਲੀਨ ਹੋ ਰਹਿੰਦੇ ਹਨ। (ਉਹ ਸੱਚ ਤੇ ਸੱਚੇ ਆਚਾਰ ਤੋਂ ਉਪਰ ਹੋਰ ਕਿਸੇ ਨੂੰ ਨਹੀਂ ਮੰਨਦੇ)।
(੭) ਗੁਰਮੁਖਾਂ ਨੂੰ (ਸੰਸਾਰ ਦੀ) ਲੋਕਾਚਾਰੀ ਤੇ ਲੋਕ-ਲਾਜ ਦਾ ਉੱਕਾ ਹੀ ਲੇਪ ਨਹੀਂ ਲਗਦਾ (ਭਾਵ ਉਹ ਲੋਕ-ਲਾਜ ਦੀ ਕਾਣ ਨੂੰ ਹੀ ਤਿਆਗ ਦੇਂਦੇ ਹਨ ਤੇ ਉਹੋ ਕੁਝ ਕਰਦੇ ਹਨ ਜੋ ਗੁਰੂ ਦੀ ਸਿਖਿਆ ਦੇ ਅਨੁਕੂਲ ਹੁੰਦਾ ਹੈ)।
(੮) (ਐਸੇ) ਗੁਰਮੁਖਾਂ ਨੂੰ ਏਕੰਕਾਰ (ਪਰਮੇਸ਼ਰ) ਨੇ (ਆਪਣੇ) ਅਲੱਖ ਰੂਪ ਨੂੰ ਲਖਾ ਦਿੱਤਾ ਹੈ।੨੦।

***ਭਾਵਾਰਥ :*** ਐਸੇ ਗੁਰਸਿਖ ਜੋ ਗੁਰਬਾਣੀ ਦੁਆਰੇ ਆਪਣੇ ਅੰਦਰ ਦੈਵੀ ਗੁਣਾਂ ਦੇ ਧਾਰਨੀ ਹੋ ਸਦਾ ਹੀ ਸ਼ੁਭ ਗੁਣਾਂ ਦੀ ਕਮਾਈ ਕਰਦੇ ਸਦਾ ਹੀ ਆਪਣੇ ਜੀਵਨ ਨੂੰ ਸਫਲ ਕਰਦੇ ਹਨ ਗੁਰੂ ਗ੍ਰੰਥ ਸਾਹਿਬ ਜੀ ਨੇ ਉਨ੍ਹਾਂ ਨੂੰ ਧੰਨਤਾ ਯੋਗ ਪੁਕਾਰਿਆ ਹੈ, ਜਿਵੇਂ ਕਿ :

ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜੋ ਸਤਿਗੁਰ ਚਰਣੀ ਜਾਇ ਪਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ॥
ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ
ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥੧੮॥

*(ਪਉੜੀ, ਪੰਨਾ ੫੯੩)*

## ੨੧. ਗੁਰਮੁਖਾਂ ਦਾ ਸ੍ਰੇਸ਼ਟ ਸਰੂਪ

**੧. ਗੁਰਮੁਖ ਸਸੀਅਰ ਜੋਤਿ**
**ਅੰਮ੍ਰਿਤ ਵਰਸਣਾ।**
**੨. ਅਸ਼ਟ ਧਾਤੁ ਇਕ ਧਾਤੁ**
**ਪਾਰਸ ਪਰਸਣਾ।**
**੩. ਚੰਦਨ ਵਾਸ ਨਿਵਾਸੁ**
**ਬਿਰਖ ਸੁਦਰਸ਼ਣਾ।**
**੪. ਗੰਗ ਤਰੰਗ ਮਿਲਾਪੁ**
**ਨਦੀਆਂ ਸਰਸਣਾ।**
**੫. ਮਾਨ ਸਰੋਵਰ ਹੰਸ**
**ਤ੍ਰਿਸ਼ਨਾ ਤਰਸਣਾ।**
**੬. ਪਰਮ ਹੰਸ ਗੁਰ ਸਿੱਖ**
**ਦਰਸ ਅਦਰਸਣਾ।**
**੭. ਚਰਣ ਸਰਣ ਗੁਰਦੇਵ**
**ਪਰਸ ਅਪਰਸਣਾ।**
**੮. ਸਾਧਸੰਗਤਿ ਸੱਚਖੰਡੁ ਅਮਰ ਨ ਮਰਸਣਾ॥੨੧॥੨੨॥**

***ਪਦ ਅਰਥ :*** ਸਸੀਅਰ—ਚੰਦ੍ਰਮਾ। ਅਸ਼ਟ—ਅੱਠ। ਇਕ ਧਾਤੁ—ਸੋਨਾ। ਸੁਦਰਸ਼ਣਾ—ਆਪਣੇ ਵਰਗਾ ਹੀ। ਅਦਰਸਣਾ—ਸ਼ੁੱਧ ਹਿਰਦੇ ਵਾਲੇ, ਜੋ ਐਰ ਗੈਰ ਦੇ ਦਰਸ਼ਨ ਨਹੀਂ ਕਰਦੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਨ੍ਹਾਂ ਗੁਰਮੁਖਾਂ ਦਾ ਆਪ ਜ਼ਿਕਰ ਕਰਦੇ ਆ ਰਹੇ ਹੋ, ਦਸੋਗੇ ਕਿ ਉਨ੍ਹਾਂ ਦੇ ਅੰਦਰ ਖ਼ਾਸ ਸ੍ਰੇਸ਼ਟਤਾਈ ਕੀ ਹੈ ?

ਉ: ਹੇ ਭਾਈਓ! ਜੇ ਗੁਰਬਾਣੀ ਦੀ ਰੌਸ਼ਨੀ ਵਿਚ ਗੁਰਮੁਖਾਂ ਦੇ ਵਿਸ਼ੇਸ਼ ਗੁਣਾਂ ਨੂੰ ਤੱਕਿਆ ਜਾਵੇ ਤਾਂ ਉਹ ਦੈਵੀ ਗੁਣਾਂ ਦੇ ਅਨੰਤ ਭੰਡਾਰ ਨਜ਼ਰ ਆਉਂਦੇ ਹਨ, ਜਿਨ੍ਹਾਂ ਨੂੰ ਕਿਵੇਂ ਭੀ ਬਿਆਨਿਆ ਨਹੀਂ ਜਾ ਸਕਦਾ, ਜਿਉਂ ਜਿਉਂ ਗੁਰਬਾਣੀ ਨੂੰ ਵਿਚਾਰਿਆ ਜਾਵੇ ਤਿਉਂ ਤਿਉਂ ਅਗੇ ਤੋਂ ਅਗੇ ਗੁਰਮੁਖਾਂ ਦੇ ਸ੍ਰੇਸ਼ਟਤਾਈ ਭਰੇ ਦੈਵੀ ਗੁਣ ਹੀ ਦਿੱਸਣ ਵਿਚ ਆਉਂਦੇ ਹਨ, ਜਿਵੇਂ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਪਾਠ ਕਰਨ ਸਮੇਂ ਤੱਕਦੇ ਹਾਂ ਕਿ :

ਗੁਰਮੁਖਿ ਨਾਮੁ ਦਾਨੁ ਇਸਨਾਨੁ॥
ਗੁਰਮੁਖਿ ਲਾਗੈ ਸਹਜਿ ਧਿਆਨੁ॥
ਗੁਰਮੁਖਿ ਪਾਵੈ ਦਰਗਹ ਮਾਨੁ॥......
ਗੁਰਮੁਖਿ ਵੈਰ ਵਿਰੋਧ ਗਵਾਵੈ॥
ਗੁਰਮੁਖਿ ਸਗਲੀ ਗਣਤ ਮਿਟਾਵੈ॥
ਗੁਰਮੁਖਿ ਰਾਮ ਨਾਮ ਰੰਗਿ ਰਾਤਾ॥
ਨਾਨਕ ਗੁਰਮੁਖਿ ਖਸਮੁ ਪਛਾਤਾ॥੩੭॥

*(ਸਿਧ ਗੋਸਟਿ, ਪੰਨਾ ੯੪੨)*

ਆਸਣਿ ਬੈਸਣਿ ਥਿਰੁ ਨਾਰਾਇਣੁ
ਐਸੀ ਗੁਰਮਤਿ ਪਾਏ ॥
ਗੁਰਮੁਖਿ ਬੂਝੈ ਆਪੁ ਪਛਾਣੈ
ਸਚੇ ਸਚਿ ਸਮਾਏ ॥੩॥ *(ਰਾਮਕਲੀ ਮ: ੧, ਪੰਨਾ ੯੩੮)*

ਨਾਮਿ ਰਤੇ ਸਦਾ ਸੁਖੁ ਹੋਈ ॥
ਗੁਰਮੁਖਿ ਵਿਰਲਾ ਬੂਝੈ ਕੋਈ ॥੧॥
*(ਬਿਲਾਵਲੁ ਮ: ੩, ਪੰਨਾ ੮੪੧)*

ਮਾਇਆ ਮੋਹੁ ਜਗਤੁ ਗੁਬਾਰਾ ॥
ਗੁਰਮੁਖਿ ਬੂਝੈ ਕੋ ਵੀਚਾਰਾ ॥
ਗੁਰਮੁਖਿ ਹੋਵੈ ਸੋ ਨਾਇ ਰਾਚੈ
ਸਾਚੈ ਰਹਿਆ ਸਮਾਈ ਹੇ ॥੪॥
*(ਮਾਰੂ ਸੋਲਹੇ ਮ: ੩, ਪੰਨਾ ੧੦੪੩)*

ਆਸਾ ਵਿਚਿ ਅਤਿ ਦੁਖੁ ਘਣਾ
ਮਨਮੁਖਿ ਚਿਤੁ ਲਾਇਆ ॥
ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ ॥
ਵਿਚੇ ਗਿਰਹ ਉਦਾਸ ਅਲਿਪਤ ਲਿਵ ਲਾਇਆ ॥
ਓਨਾ ਸੋਗੁ ਵਿਜੋਗੁ ਨ ਵਿਆਪਈ
ਹਰਿ ਭਾਣਾ ਭਾਇਆ ॥
ਨਾਨਕ ਹਰਿ ਸੇਤੀ ਸਦਾ ਰਵਿ ਰਹੇ
ਧੁਰਿ ਲਏ ਮਿਲਾਇਆ ॥੩੧॥ *(ਪਉੜੀ, ਪੰਨਾ ੧੨੪੯)*

ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ ॥
ਨਾਨਕ ਤੇਹ ਪਰਮ ਸੁਖ ਪਾਇਆ ॥੪੦॥
*(ਪਉੜੀ, ਪੰਨਾ ੨੫੮)*

ਗੁਰਮੁਖਿ ਮੁਏ ਜੀਵਦੇ ਪਰਵਾਣੁ ਹਹਿ
ਮਨਮੁਖ ਜਨਮਿ ਮਰਾਹਿ ॥
ਨਾਨਕ ਮੁਏ ਨ ਆਖੀਅਹਿ
ਜਿ ਗੁਰ ਕੈ ਸਬਦਿ ਸਮਾਹਿ ॥੨॥ *(ਮ: ੩, ਪੰਨਾ ੬੪੩)*

ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ ॥
ਗੁਰਮੁਖਿ ਗਿਆਨੀ ਗੁਰਮੁਖਿ ਬਕਤਾ ॥
ਧੰਨੁ ਗਿਰਹੀ ਉਦਾਸੀ ਗੁਰਮੁਖਿ
ਗੁਰਮੁਖਿ ਕੀਮਤਿ ਪਾਏ ਜੀਉ ॥੫॥
ਹਉਮੈ ਬਾਧਾ ਗੁਰਮੁਖਿ ਛੂਟਾ ॥
ਗੁਰਮੁਖਿ ਆਵਣੁ ਜਾਵਣੁ ਤੂਟਾ ॥
ਗੁਰਮੁਖਿ ਕਰਮ ਗੁਰਮੁਖਿ ਨਿਹਕਰਮਾ
ਗੁਰਮੁਖਿ ਕਰੇ ਸੁ ਸੁਭਾਏ ਜੀਉ ॥੬॥
ਗੁਰਮੁਖਿ ਸੁਖੀਆ ਮਨਮੁਖਿ ਦੁਖੀਆ ॥
ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ ॥
ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ
ਗੁਰਮੁਖਿ ਬਿਧਿ ਪ੍ਰਗਟਾਏ ਜੀਉ ॥੭॥
ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ ॥
ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ ॥
ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ
ਗੁਰਮੁਖਿ ਕੀਰਤਨੁ ਗਾਏ ਜੀਉ ॥੮॥
*(ਮਾਝ ਮ: ੫, ਪੰਨਾ ੧੩੧)*

ਇਸ ਤਰ੍ਹਾਂ ਗੁਰਮੁਖਾਂ ਤੇ ਮਨਮੁਖਾਂ ਦੇ ਸੰਬੰਧ ਵਿਚ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਸਾਨੂੰ ਬਹੁਤ ਉਦਾਹਰਣ ਮਿਲਦੇ ਹਨ ਕਿ ਜਿਥੇ ਮਨਮੁਖਾਂ ਦਾ ਜੀਵਨ ਸਫ਼ਰ ਸੰਸਾਰ ਦੇ ਮਿਥਿਆ ਪਦਾਰਥਾਂ ਵਿਚ ਖੱਚਤ ਹੋਇਆ ਗੁਜ਼ਰਦਾ ਹੈ ਉਥੇ ਗੁਰਮੁਖ ਮਨ ਕਰਕੇ ਆਪਣਾ ਜੀਵਨ ਸੰਸਾਰ ਵਿਚ ਸਦਾ ਹੀ ਨਿਰਲੇਪ ਰਹਿ ਕੇ ਬਤੀਤ ਕਰਦੇ ਹਨ। ਸੋ, ਮੈਂ ਭੀ ਗੁਰਮੁਖਾਂ ਦੇ ਜੀਵਨ ਬਾਰੇ ਬਾਣੀ ਵਿਚੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਅੰਕਤ ਕੀਤੀਆਂ ਹਨ, ਜਿਨ੍ਹਾਂ ਵਿਚ ਗੁਰਮੁਖਾਂ ਦੇ ਚੰਦ ਗੁਣਾਂ ਦਾ ਜ਼ਿਕਰ ਕੀਤਾ ਹੈ ਕਿ ਉਨ੍ਹਾਂ ਵਿਚ ਕਿਹੜੇ ਕਿਹੜੇ ਗੁਣਾਂ ਦੀ ਵਿਸ਼ੇਸ਼ਤਾ ਪਾਈ ਜਾਂਦੀ ਹੈ :

(੧) (ਜਦੋਂ ਅਸੀਂ ਵੀਚਾਰ ਦ੍ਰਿਸ਼ਟੀ ਦੁਆਰੇ ਤੱਕਦੇ ਹਾਂ ਤਾਂ ਸਾਨੂੰ ਵੇਖਣ ਵਿਚ ਆਉਂਦਾ ਹੈ ਕਿ) ਗੁਰਮੁਖ ਚੰਦ੍ਰਮਾ ਦੀ ਜੋਤ (ਵਰਗੇ ਸੀਤਲ ਹਨ, ਜਿਸ ਵਿਚੋਂ ਠੰਢੇ) ਅੰਮ੍ਰਿਤ ਨਾਮ ਦੀ ਵਰਖਾ ਹੁੰਦੀ ਹੈ।

(੨) (ਗੁਰਮੁਖ) ਪਾਰਸ ਵਰਗੇ ਹਨ। (ਪਾਰਸ) ਅੱਠਾਂ ਧਾਤਾਂ ਨੂੰ ਲੱਗ ਕੇ ਇਕ ਧਾਤ (ਸੋਨਾ) ਬਣਾ ਦੇਂਦਾ ਹੈ ਤੇ (ਗੁਰਮੁਖ ਪ੍ਰਭੂ ਨਾਮ ਦੇ ਸਿਮਰਨ ਦੀ ਸੰਗਤੀਆਂ ਦੇ ਹਿਰਦੇ ਵਿਚ ਹੈ)।

(੩) (ਜਿਵੇਂ) ਚੰਦਨ (ਦਾ ਬ੍ਰਿਛ) ਆਪਣੀ ਮਹਿਕ ਨਾਲ ਆਪਣੇ ਆਸ ਪਾਸ ਦੀ ਸਾਰੀ ਬਨਾਸਪਤੀ ਨੂੰ ਮਹਿਕ ਵਾਲੇ (ਆਪਣੇ ਵਰਗੇ) ਬਣਾ ਦੇਂਦਾ ਹੈ।

(੪) (ਜਿਵੇਂ) ਗੰਗਾ ਹੋਰ ਨਦੀਆਂ ਨਾਲਿਆਂ ਦੇ ਪਾਣੀਆਂ ਨੂੰ ਆਪਣੇ ਵਿਚ ਮਿਲਾ ਕੇ ਆਪਣੇ ਵਰਗਾ ਪਵਿੱਤ੍ਰ (ਗੰਗਾ ਜਲ) ਬਣਾ ਦੇਂਦੀ ਹੈ।

(੫) (ਗੁਰਮੁਖਾਂ ਨੂੰ) ਮਾਨਸਰੋਵਰ ਦੇ ਹੰਸਾਂ ਵਾਂਗ ਸੰਸਾਰਕ ਪਦਾਰਥਾਂ ਦੀ ਨਾ ਕੋਈ ਤ੍ਰਿਸ਼ਨਾ ਤੇ ਨਾ ਹੀ ਤ੍ਰਸੇਵਾਂ ਹੁੰਦਾ ਹੈ।

(੬) ਗੁਰਮੁਖ ਸਿਖ ਪਰਮ ਹੰਸਾਂ ਵਰਗੇ ਹਨ ਜਿਨ੍ਹਾਂ ਦੇ ਦਰਸ਼ਨ ਲਈ ਉਹ ਲੋਕ ਇੱਛਾ ਕਰਦੇ ਹਨ, ਜਿਨ੍ਹਾਂ ਨੇ ਕਿਸੇ ਨੂੰ ਵੀ ਆਪ ਦਰਸ਼ਨ ਨਹੀਂ ਦਿਤੇ ਹੁੰਦੇ (ਭਾਵ

ਜਿਨ੍ਹਾਂ ਦੀ ਹੋਰ ਕਿਸੇ ਤੇ ਸ਼ਰਧਾ ਨਹੀਂ ਬੱਝਦੀ ਤੇ ਕੇਵਲ ਸ਼ੁੱਧ ਹਿਰਦੇ ਨਾਲ ਸੱਚੇ ਪ੍ਰਭੂ ਪਿਆਰਿਆਂ ਦਾ ਮਿਲਾਪ ਹੀ ਲੋਚਦੇ ਹਨ) ਸੋ ਗੁਰਸਿਖ ਹੀ ਐਸੇ ਪਰਮ ਹੰਸ ਹਨ।

(੭) (ਜਿਨ੍ਹਾਂ ਨੇ) ਕੇਵਲ (ਪੂਰੇ) ਗੁਰਦੇਵ ਦੀ ਸ਼ਰਨ ਪ੍ਰਾਪਤ ਕੀਤੀ ਹੈ (ਭਾਵ ਉਹ ਸੰਸਾਰ ਦੀ ਨਜ਼ਰ ਵਿਚ (ਅਪਰਸ) ਨੀਚ ਹੀ ਹਨ (ਪਰ ਪਰਮੇਸ਼ਰ ਦੀ ਭਗਤੀ ਦੀ ਤੁਫ਼ੈਲ ਉਹ) ਪਰਸਣ ਜੋਗ ਹੋ ਗਏ ਹਨ।

(੮) ਉਹ ਸਾਧ ਸੰਗਤ ਰੂਪ ਸੱਚ-ਖੰਡ (ਦੇ ਵਾਸੀ ਬਣ ਕੇ) ਅਮਰ ਹੋ ਜਾਂਦੇ ਹਨ ਤੇ ਜੰਮਣ ਮਰਣ ਦੇ ਰੋਗ ਤੋਂ ਮੁਕਤ ਹੋ ਜਾਂਦੇ ਹਨ।੨੧।੨੨।

***ਭਾਵਾਰਥ :*** ਚੰਦਨ, ਚੰਦ ਤੇ ਠੰਢੀ ਰੁੱਤ ਭੀ ਭਾਵੇਂ ਠੰਢ ਦੇ ਕੇਂਦਰ ਮੰਨੇ ਗਏ ਹਨ, ਪਰ ਇਹ ਮਨੁੱਖ ਦੇ ਹਿਰਦੇ ਦੀ ਜਲਨ ਨੂੰ ਸੀਤਲ ਨਹੀਂ ਕਰਦੇ, ਪਰ ਇਕੋ ਮਨੁੱਖ ਦੇ ਅੰਦਰ ਦੀ ਵਿਕਾਰਾਂ ਦੀ ਸੜਨ ਹੈ ਜਿਸਨੂੰ ਸਾਧਸੰਗਤ ਵਿਚੋਂ ਪ੍ਰਾਪਤ ਹੋਇਆ ਪ੍ਰਭੂ ਦਾ ਨਾਮ ਸਿਮਰਨ ਹੀ ਗੁਰਮੁਖਾਂ ਨੂੰ ਸਦੀਵੀ ਸ਼ਾਂਤੀ ਦਾ ਕਾਰਨ ਸਾਬਤ ਹੁੰਦਾ ਹੈ, ਜਿਵੇਂ ਕਿ ਫ਼ੁਰਮਾਨ ਹੈ :

ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ॥
ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ॥੨॥

*(ਸਲੋਕ, ਪੰਨਾ ੭੦੯)*

(ਬਾਈਵੀਂ ਵਾਰ ਸਮਾਪਤ)

# ਵਾਰ ੨੩

੧ੴ ਸਤਿਗੁਰ ਪ੍ਰਸਾਦਿ ॥

## (ਮੰਗਲਾਚਰਨ)
## ੧. ਪੂਰੇ ਗੁਰੂ ਦੇ ਪਰਤਾਪ ਦੀ ਮਹਿਮਾ

**੧. ਸੱਤਿ ਰੂਪ ਗੁਰ ਦਰਸ਼ਨੋ**
**ਪੂਰਨ ਬ੍ਰਹਮੁ ਅਚਰਜ ਦਿਖਾਯਾ।**
**੨. ਸਤਿ ਨਾਮੁ ਕਰਤਾ ਪੁਰਖੁ**
**ਪਾਰਬ੍ਰਹਮੁ ਪਰਮੇਸ਼ਰੁ ਧਿਆਯਾ।**
**੩. ਸਤਿਗੁਰ ਸ਼ਬਦ ਗਿਆਨ ਸਚੁ**
**ਅਨਹਦ ਧੁਨਿ ਵਿਸਮਾਦੁ ਸੁਣਾਯਾ ॥**
**੪. ਗੁਰਮੁਖ ਪੰਥ ਚਲਾਇਓਨੁ**
**ਨਾਮੁ ਦਾਨੁ ਇਸ਼ਨਾਨੁ ਦ੍ਰਿੜ੍ਹਾਯਾ।**
**੫. ਗੁਰ ਸਿਖੁ ਦੇ ਗੁਰੁਸਿੱਖ ਕਰਿ**
**ਸਾਧਸੰਗਤਿ ਸਚਖੰਡ ਵਸਾਯਾ।**
**੬. ਸੱਚ ਰਾਸ ਰਹਰਾਸਿ ਦੇ**
**ਸਤਿਗੁਰ ਗੁਰ ਸਿਖ ਪੈਰੀਂ ਪਾਯਾ।**
**੭. ਚਰਣ ਕਵਲ ਪਰਤਾਪੁ ਜਣਾਯਾ ॥੧॥**

***ਪਦ ਅਰਥ :*** ਵਿਸਮਾਦੁ—ਮਸਤੀ ਭਰੀ ਦਸ਼ਾ। ਗੁਰ ਸਿਖੁ—ਗੁਰੂ ਦੀ ਸਿਖਿਆ। ਰਹਰਾਸਿ—ਸੱਚਾ ਮਾਰਗ। ਜਣਾਯਾ—ਪ੍ਰਗਟ ਕੀਤਾ।

***ਅਰਥ :***

ਪ੍ਰ: ਭਾਈ ਸਾਹਿਬ ਜੀਓ! ਇਹ ਆਮ ਹੀ ਵੇਖਣ ਵਿਚ ਆਉਂਦਾ ਹੈ ਕਿ ਜਦੋਂ ਭੀ ਕੋਈ ਲੇਖਕ ਆਪਣੀ ਨਵੀਨ ਲਿਖਤ ਅਰੰਭ ਕਰਦਾ ਹੈ ਉਹ ਆਪੋ ਆਪਣੇ ਨੀਯਤ ਕੀਤੇ ਕਿਸੇ ਨਾ ਕਿਸੇ ਦੇਵੀ ਦੇਵਤੇ ਦਾ ਮੰਗਲਾ-ਚਰਨ ਕਰਦਾ ਹੈ, ਜਿਵੇਂ ਕੋਈ ਵਿਸ਼ਨੂੰ, ਕੋਈ ਸ਼ਿਵਜੀ ਕੋਈ ਗਣੇਸ਼ ਦੀ ਅਰਾਧਨਾ ਕਰਦਾ ਹੈ, ਪਰ ਆਪ ਜੀ ਕਿਸਦਾ ਮੰਗਲਾ-ਚਰਨ ਕਰਨ ਵਿਚ ਵਿਸ਼ਵਾਸ ਰਖਦੇ ਹੋ ?

ਉ: ਹੇ ਭਾਈਓ! ਮੈਂ ਤਾਂ ਜਦੋਂ ਗੁਰਬਾਣੀ ਤੇ ਗੁਰ ਇਤਿਹਾਸ ਵੱਲ ਨਜ਼ਰ ਮਾਰਦਾ ਹਾਂ ਤਾਂ ਇਹ ਵੇਖਦਾ ਹਾਂ ਕਿ ਜੋ ਭੀ ਗੁਰੂ ਨਾਨਕ ਨਾਮ-ਲੇਵਾ ਗੁਰੂ ਦਾ ਸਿਖ ਹੈ ਉਹ ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਹੋਰ ਕਿਸੇ ਭੀ ਦੇਵੀ ਦੇਵਤੇ ਪਰ ਨਿਸਚਾ ਨਹੀਂ ਰੱਖਦਾ ਕਿਉਂਕਿ ਉਸ ਨੂੰ ਗੁਰਬਾਣੀ ਦੁਆਰੇ ਪੂਰਨ ਨਿਸਚਾ ਆ ਚੁੱਕਾ ਹੈ ਕਿ ਪੂਰਨ ਗੁਰੂ ਕੇਵਲ ਗੁਰੂ ਨਾਨਕ ਦੇਵ ਜੀ ਹੀ ਹਨ, ਇਸ ਲਈ :

ਗੁਰ ਜੈਸਾ ਨਾਹੀ ਕੋ ਦੇਵ ॥
ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ ॥੧॥ਰਹਾਉ॥....
ਨਾਨਕ ਸੋਧੇ ਸਿੰਮ੍ਰਿਤਿ ਬੇਦ ॥
ਪਾਰਬ੍ਰਹਮ ਗੁਰ ਨਾਹੀ ਭੇਦ ॥੪॥

*(ਭੈਰਉ ਮ: ੫, ਪੰਨਾ ੧੧੪੨)*

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥
ਸਿਮਰਿ ਸਿਮਰਿ ਤਿਸੁ ਸਦਾ ਸਮਾਲੇ ॥੧॥ਰਹਾਉ॥

*(ਆਸਾ ਮ: ੫, ਪੰਨਾ ੩੯੪)*

ਪ੍ਰਗਟ ਭਈ ਸਗਲੇ ਜੁਗ ਅੰਤਰਿ
ਗੁਰ ਨਾਨਕ ਕੀ ਵਡਿਆਈ ॥੪॥੧੧॥

*(ਸੋਰਠਿ ਮ: ੫, ਪੰਨਾ ੬੧੧)*

ਸੋ, ਮੈਂ ਭੀ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਵਾਰ ਦੇ ਅਰੰਭ ਵਿਚ ਗੁਰੂ ਨਾਨਕ ਦੇਵ ਜੀ ਦਾ ਹੀ ਮੰਗਲ ਕੀਤਾ ਹੈ, ਜਿਸ ਵਿਚ ਗੁਰੂ ਨਾਨਕ ਦੇਵ ਜੀ ਦੀ ਮਹਾਨਤਾ ਦਰਸਾਈ ਹੈ :

(੧) (ਹੇ ਭਾਈਓ! ਮੈਂ ਤਾਂ ਇਉਂ ਹੀ ਨਿਸਚਾ ਕਰਦਾ ਹਾਂ

ਕਿ ਪਰਮੇਸ਼ਰ ਵੱਲੋਂ ਭੇਜੇ) ਸਤਿ ਸਰੂਪ ਗੁਰੂ (ਨਾਨਕ ਦੇਵ ਜੀ) ਨੇ ਪਾਰਬ੍ਰਹਮ (ਵਾਹਿਗੁਰੂ) ਨੂੰ ਹੀ ਪੂਰਨ ਅਸਚਰਜ ਰੂਪ ਵਾਲਾ ਦਿਖਾਇਆ ਹੈ।

(੨) (ਪੂਰਨ) ਗੁਰੂ ਨੇ ਸਤਿਨਾਮ ਕਰਤਾ ਪੁਰਖ, ਪਾਰਬ੍ਰਹਮ (ਪੂਰਨ) ਪਰਮੇਸ਼ਰ ਦਾ ਜਾਪ ਕੀਤਾ (ਤੇ ਕਰਵਾਇਆ ਹੈ)।

(੩) ਸਤਿਗੁਰੂ ਦਾ ਸੱਚਾ ਸ਼ਬਦ ਸੱਚਾ ਗਿਆਨ ਸੀ (ਜਿਸਨੇ ਸਿਮਰਨ ਕਰਨ ਵਾਲੇ ਨੂੰ) ਅਨਹਦ ਧੁਨੀ ਦੇ ਵਿਸਮਾਦ (ਮਸਤੀ ਭਰੇ ਮੰਡਲਾਂ ਤਕ ਪਹੁੰਚਣ ਦੀ ਬਿਧੀ ਦਾ ਗਿਆਨ ਸਮਝਾਇਆ ਤੇ) ਸੁਣਾਇਆ ਹੈ।

(੪) (ਐਸਾ ਕਰਕੇ ਪੂਰੇ ਸਤਿਗੁਰੂ ਜੀ ਨੇ ਇਕ) ਗੁਰਮੁਖਾਂ ਦਾ ਪੰਥ (ਰਾਹ ਖੋਲ੍ਹ ਦਿਤਾ) ਚਲਾਇਆ ਅਤੇ ਨਾਮ, ਦਾਨ ਤੇ ਇਸ਼ਨਾਨ ਕਰਨਾ ਦ੍ਰਿੜ ਕਰਾ ਦਿਤਾ ਹੈ।

(੫) (ਪੂਰੇ) ਗੁਰੂ ਨੇ ਸਿਖਿਆ ਦੇ ਕੇ ਗੁਰਸਿਖ ਬਣਾ ਦਿਤੇ (ਉਨ੍ਹਾਂ ਦੇ ਅਭਿਆਸ ਲਈ) ਸਾਧ ਸੰਗਤ ਰੂਪ ਸੱਚ ਖੰਡ ਵਸਾ ਦਿਤਾ (ਜਿਥੇ ਕੇਵਲ ਸ਼ਬਦ ਤੇ ਗੁਰ ਸਿਖਿਆ ਦੀਆਂ ਵਿਚਾਰਾਂ ਹੁੰਦੀਆਂ ਹਨ)।

(੬) (ਅਗੋਂ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਖ਼ਸ਼ਸ਼) ਸੱਚ ਦੀ ਰਾਸ ਤੇ ਸੱਚੀ ਰਹੁ-ਰੀਤੀ ਦਾ ਗਿਆਨ ਦੇ ਕੇ (ਆਪਣੀ ਥਾਂ ਟਿਕਾ ਕੇ) ਆਪ ਚਰਨੀ ਲੱਗੇ ਤੇ ਸਭ ਸਿੱਖਾਂ ਨੂੰ ਵੀ (ਆਪਣੇ ਥਾਪੇ) ਸਤਿਗੁਰੂ ਦੀ ਚਰਨੀ ਲਾਇਆ।

(੭) (ਇਸ ਤਰ੍ਹਾਂ) ਚਰਨ ਕੰਵਲਾਂ (ਤੇ ਨਮਸਕਾਰ ਕਰਨ ਦਾ) ਪ੍ਰਤਾਪ (ਮਹਿਮਾ) ਗੁਰਸਿੱਖਾਂ ਨੂੰ ਦੱਸਿਆ, ਜਣਾਇਆ ਤੇ ਸਮਝਾਇਆ।੧।

***ਭਾਵਾਰਥ :*** ਇਸ ਪਉੜੀ ਵਿਚ ਇਹੋ ਉਪਦੇਸ਼ ਦਿਤਾ ਹੈ ਕਿ ਗੁਰੂ ਜੀ ਦੇ ਪਰਤਾਪ ਕਰਕੇ ਹੀ ਸਾਡੀ ਉੱਨਤੀ ਤੇ ਬ੍ਰਿਧੀ ਹੈ। ਗੁਰੂ ਤੋਂ ਸੱਖਣਾ ਮਨੁੱਖ ਸਦਾ ਹੀ ਸੰਸਾਰ ਵਿਚ ਭਟਕਦਾ ਰਹਿੰਦਾ ਹੈ। ਇਸ ਸੰਸਾਰ ਦੀ ਭਟਕਣਾ ਤੋਂ ਛੁੱਟਣ ਲਈ ਗੁਰੂ ਨਾਨਕ ਦੇਵ ਜੀ ਨੇ ਸਾਧ ਸੰਗਤ ਦੁਆਰਾ ਉਸ ਇਕੋ ਪ੍ਰਭੂ ਦੇ ਸਿਮਰਨ ਕਰਨ ਦੀ ਪ੍ਰੇਰਨਾ ਕੀਤੀ ਹੈ, ਜਿਸ ਦਾ ਸਦਕਾ ਰੱਬੀ ਦਰਬਾਰ ਵਿਚ ਸਨਮਾਨ ਮਿਲਦਾ ਹੈ।

## ੨. ਸਾਧੂਆਂ ਦੇ ਚਰਨ-ਧੂੜ ਦੀ ਮਹਾਨਤਾ

**੧. ਤੀਰਥ ਨ੍ਹਾਤੈ ਪਾਪ ਜਾਨਿ**
**ਪਤਿਤ ਉਧਾਰਣ ਨਾਉਂ ਧਰਾਯਾ।**
**੨. ਤੀਰਥ ਹੋਣ ਸਕਾਰਥੇ**
**ਸਾਧ ਜਨਾਂ ਦਾ ਦਰਸ਼ਨ ਪਾਯਾ।**
**੩. ਸਾਧ ਹੋਏ ਮਨ ਸਾਧਿ ਕੈ**
**ਚਰਣ ਕਵਲ ਗੁਰੁ ਚਿੱਤਿ ਵਸਾਯਾ।**
**੪. ਉਪਮਾ ਸਾਧ ਅਗਾਧਿ ਬੋਧ**
**ਕੋਟ ਮਧੇ ਕੋ ਸਾਧ ਸੁਣਾਯਾ।**
**੫. ਗੁਰਸਿਖ ਲੱਖ ਅਸੰਖ ਜੱਗਿ**
**ਧਰਮਸਾਲ ਥਾਂਇ ਥਾਂਇ ਸੁਹਾਯਾ।**
**੬. ਪੈਰੀਂ ਪੈ ਪੈਰ ਧੋਵਣੇ**
**ਚਰਣੋਦਕੁ ਲੈ ਪੈਰ ਪੁਜਾਯਾ।**
**੭. ਗੁਰਮੁਖ ਸੁਖ ਫਲ ਅਲਖ ਲਖਾਯਾ ॥੨॥**

***ਪਦ ਅਰਥ :*** ਪਤਿਤ—ਪਾਪੀ। ਸਕਾਰਥੇ—ਸਫਲੇ। ਸਾਧਿ ਕੈ—ਜਿੱਤ ਕੇ। ਅਗਾਧਿ ਬੋਧ—ਉੱਚੇ ਤੇ ਉੱਚੇ ਵਿਚਾਰਾਂ ਵਾਲੇ। ਅਲਖ—ਪਰਮੇਸ਼ਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਦੋਂ ਅਸੀਂ ਸਨਾਤਨ ਪੁਸਤਕਾਂ ਪੜ੍ਹਦੇ ਸੁਣਦੇ ਹਾਂ ਤਾਂ ਉਨ੍ਹਾਂ ਵਿਚ ਤੀਰਥਾਂ ਦੇ ਇਸ਼ਨਾਨ ਕਰਨ ਦੀ ਬਹੁਤ ਮਹਿਮਾ ਦਰਸਾਈ ਗਈ ਹੈ, ਹਿੰਦੂ ਮੱਤ ਦੀਆਂ ਪੁਸਤਕਾਂ ਦਾ ਇਥੋਂ ਤੱਕ ਕਥਨ ਹੈ ਕਿ ਤੀਰਥਾਂ ਵਿਚ ਕੀਤੇ ਇਸ਼ਨਾਨ ਦਾ ਮਹਾਤਮ ਮਨੁੱਖ ਦੇ ਪਾਪ ਉਤਾਰ ਦੇਣ ਦਾ ਸਹੀ ਸਾਧਨ ਹੈ, ਕਿਉਂ ਜੀ ! ਦਸੋਗੇ ਕਿ ਗੁਰਮਤ ਵਿਚ ਇਸ ਪੱਖ ਬਾਰੇ ਕੀ ਜਾਣਕਾਰੀ ਦਿਤੀ ਗਈ ਹੈ ?

ਉ: ਹੇ ਭਾਈਓ ! ਜਿਥੇ ਤਕ ਮੈਨੂੰ ਗੁਰਮਤ ਦੇ ਵੀਚਾਰਾਂ ਦੀ ਪੜਚੋਲ ਕਰਨ ਦਾ ਸੁਭਾਗ ਮਿਲਿਆ ਹੈ, ਉਥੋਂ ਇਹੋ ਸਾਬਤ ਹੋਇਆ ਹੈ ਕਿ ਗੁਰਬਾਣੀ ਦੇ ਵੀਚਾਰ ਇਸ ਪੱਖ ਨਾਲ ਉੱਕਾ ਹੀ ਸਹਿਮਤ ਨਹੀਂ ਕਿ ਕਿਸੇ ਤੀਰਥ ਦੇ ਇਸ਼ਨਾਨ ਕਰਨ ਨਾਲ ਮਨੁੱਖ ਦੇ ਪਾਪ ਲਹਿ

ਜਾਂਦੇ ਹਨ, ਇਸ ਸੰਬੰਧ ਵਿਚ ਸਾਨੂੰ ਗੁਰਬਾਣੀ ਵਿਚੋਂ ਬਹੁਤ ਉਦਾਹਰਣ ਮਿਲਦੇ ਹਨ, ਜਿਵੇਂ ਕਿ :

ਪਾਪ ਕਰਹਿ ਪੰਚਾਂ ਕੇ ਬਸਿ ਰੇ ॥
ਤੀਰਥਿ ਨਾਇ ਕਹਹਿ ਸਭਿ ਉਤਰੇ ॥
ਬਹੁਰਿ ਕਮਾਵਹਿ ਹੋਇ ਨਿਸੰਕ ॥
ਜਮ ਪੁਰਿ ਬਾਂਧਿ ਖਰੇ ਕਾਲੰਕ ॥੨॥

*(ਪ੍ਰਭਾਤੀ ਮਹਲਾ ੫, ਪੰਨਾ ੧੩੪੮)*

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥੨॥

*(ਮ: ੧, ਪੰਨਾ ੭੮੯)*

ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ
ਪੂਜਨ ਕਉ ਬਹੁ ਦੇਵ ॥
ਕਹੁ ਕਬੀਰ ਛੂਟਨੁ ਨਹੀ ਮਨ ਬਉਰਾ ਰੇ
ਛੂਟਨੁ ਹਰਿ ਕੀ ਸੇਵ ॥੪॥੧॥੬॥੫੭॥

*(ਗਉੜੀ, ਪੰਨਾ ੩੩੬)*

ਤੀਰਥ ਕਰੈ ਬ੍ਰਤ ਫੁਨਿ ਰਾਖੈ
ਨਹ ਮਨੂਆ ਬਸਿ ਜਾ ਕੋ ॥
ਨਿਹਫਲ ਧਰਮੁ ਤਾਹਿ ਤੁਮ ਮਾਨਹੁ
ਸਾਚੁ ਕਹਤ ਮੈ ਯਾ ਕਉ ॥੧॥
ਜੈਸੇ ਪਾਹਨੁ ਜਲ ਮਹਿ ਰਾਖਿਓ
ਭੇਦੈ ਨਾਹਿ ਤਿਹ ਪਾਨੀ ॥
ਤੈਸੇ ਹੀ ਤੁਮ ਤਾਹਿ ਪਛਾਨਹੁ
ਭਗਤਿ ਹੀਨ ਜੋ ਪ੍ਰਾਨੀ ॥੨॥

*(ਬਿਲਾਵਲੁ ਮਹਲਾ ੯, ਪੰਨਾ ੮੩੧)*

ਤੀਰਥਿ ਜਾਉ ਤ ਹਉ ਹਉ ਕਰਤੇ ॥
ਪੰਡਿਤ ਪੂਛਉ ਤ ਮਾਇਆ ਰਾਤੇ ॥੧॥

*(ਆਸਾ ਮ: ੫, ਪੰਨਾ ੩੮੫)*

ਤੀਰਥਿ ਤੇਜੁ ਨਿਵਾਰਿ ਨ ਨ੍ਹਾਤੇ
ਹਰਿ ਕਾ ਨਾਮੁ ਨ ਭਾਇਆ ॥
ਰਤਨ ਪਦਾਰਥੁ ਪਰਹਰਿ ਤਿਆਗਿਆ
ਜਤ ਕੋ ਤਤ ਹੀ ਆਇਆ ॥

*(ਮਲਾਰ ਮ: ੧, ਪੰਨਾ ੧੨੫੫)*

ਤੀਰਥ ਦੇਖਿ ਨ ਜਲ ਮਹਿ ਪੈਸਉ
ਜੀਅ ਜੰਤ ਨ ਸਤਾਵਉਗੋ ॥
ਅਠਸਠਿ ਤੀਰਥ ਗੁਰੂ ਦਿਖਾਏ
ਘਟ ਹੀ ਭੀਤਰਿ ਨ੍ਹਾਉਗੋ ॥੩॥

*(ਰਾਮਕਲੀ ਨਾਮਦੇਵ ਜੀ, ਪੰਨਾ ੯੭੩)*

ਤੀਰਥਿ ਨਾਇ ਕਹਾ ਸੁਚਿ ਸੈਲੁ ॥
ਮਨ ਕਉ ਵਿਆਪੈ ਹਉਮੈ ਮੈਲੁ ॥

*(ਭੈਰਉ ਮ: ੫, ਪੰਨਾ ੧੧੪੯)*

ਤੀਰਥ ਨਾਇ ਨ ਉਤਰਸਿ ਮੈਲੁ ॥
ਕਰਮ ਧਰਮ ਸਭਿ ਹਉਮੈ ਫੈਲੁ ॥
ਲੋਕ ਪਚਾਰੈ ਗਤਿ ਨਹੀ ਹੋਇ ॥
ਨਾਮ ਬਿਹੂਣੇ ਚਲਸਹਿ ਰੋਇ ॥੨॥

*(ਰਾਮਕਲੀ ਮ: ੫, ਪੰਨਾ ੮੯੦)*

ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥੪॥

*(ਸਿਰੀ ਰਾਗੁ ਮ: ੧, ਪੰਨਾ ੬੧)*

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ
ਜੋ ਜੋ ਪ੍ਰਾਨੀ ਖਾਂਹਿ ॥
ਤੀਰਥ ਬਰਤ ਨੇਮ ਕੀਏ
ਤੇ ਸਭੈ ਰਸਾਤਲਿ ਜਾਂਹਿ ॥੨੩੩॥

*(ਸਲੋਕ ਕਬੀਰ ਜੀ, ਪੰਨਾ ੧੩੭੭)*

ਤੀਰਥਿ ਭਰਮਸਿ ਬਿਆਧਿ ਨ ਜਾਵੈ ॥
ਨਾਮ ਬਿਨਾ ਕੈਸੇ ਸੁਖੁ ਪਾਵੈ ॥੪॥

*(ਰਾਮਕਲੀ ਮ: ੧, ਪੰਨਾ ੯੦੬)*

ਤੀਰਥਿ ਭਰਮੈ ਰੋਗੁ ਨ ਛੂਟਸਿ
ਪੜਿਆ ਬਾਦੁ ਬਿਬਾਦੁ ਭਇਆ ॥
ਦੁਬਿਧਾ ਰੋਗੁ ਸੁ ਅਧਿਕ ਵਡੇਰਾ
ਮਾਇਆ ਕਾ ਮੁਹਤਾਜੁ ਭਇਆ ॥੮॥

*(ਭੈਰਉ ਮ: ੧, ਪੰਨਾ ੧੧੫੩)*

ਜਲ ਕੈ ਮਜਨਿ ਜੇ ਗਤਿ ਹੋਵੈ
ਨਿਤ ਨਿਤ ਮੇਂਡੁਕ ਨਾਵਹਿ ॥
ਜੈਸੇ ਮੇਂਡੁਕ ਤੈਸੇ ਓਇ ਨਰ
ਫਿਰਿ ਫਿਰਿ ਜੋਨੀ ਆਵਹਿ ॥੨॥ *(ਆਸਾ, ਪੰਨਾ ੪੮੪)*

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥
ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥੧॥

*(ਆਸਾ, ਪੰਨਾ ੪੮੪)*

ਕਬੀਰ ਗੰਗਾ ਤੀਰ ਜੁ ਘਰੁ ਕਰਹਿ
ਪੀਵਹਿ ਨਿਰਮਲ ਨੀਰੁ ॥
ਬਿਨੁ ਹਰਿ ਭਗਤਿ ਨ ਮੁਕਤਿ ਹੋਇ
ਇਉ ਕਹਿ ਰਮੇ ਕਬੀਰ ॥੫੪॥

*(ਸਲੋਕ ਕਬੀਰ ਜੀ, ਪੰਨਾ ੧੩੬੭)*

ਇਨ੍ਹਾਂ ਉਪ੍ਰੋਕਤ ਗੁਰਬਾਣੀ ਦੇ ਉਦਾਹਰਣਾਂ ਤੋਂ ਸਾਬਤ ਹੁੰਦਾ ਹੈ ਕਿ ਜੋ ਲੋਕ ਦਿਨੇ ਰਾਤ ਪਾਪ ਕਰਮ ਕਰਦੇ ਇਹ ਨਿਸਚਾ ਕਰਦੇ ਹਨ ਕਿ ਇਹ ਸਾਡੇ ਕੀਤੇ ਪਾਪ ਕਰਮ ਕਿਸੇ ਤੀਰਥ ਵਿਚ ਇਸ਼ਨਾਨ ਕਰਨ ਤੋਂ ਲਹਿ ਜਾਣਗੇ ਤਾਂ ਗੁਰਮਤ ਉਨ੍ਹਾਂ ਦੇ ਭਰਮ ਭੁਲੇਖੇ ਨੂੰ ਕਿਸੇ ਕੌੜੀ ਤੂੰਬੀ ਅਤੇ ਡੱਡੂ ਦਾ ਪ੍ਰਮਾਣ ਦੇ ਕੇ ਇਹ ਸਮਝਾਉਣ ਦਾ ਯਤਨ ਕਰਦੀ ਹੈ ਕਿ ਹੇ ਭਾਈਓ ! ਜੇ ਦਿਨੇ ਰਾਤ ਕਿਸੇ ਡੱਡੂ ਅਤੇ ਕੌੜੀ ਤੂੰਬੀ ਵਿਚ ਕੋਈ ਤੀਰਥ ਇਸ਼ਨਾਨ ਬਦਲ ਨਹੀਂ ਲਿਆ ਸਕਦਾ ਤਾਂ ਵਿਸ਼ਵਾਸ ਰਖੋ ਕਿ ਤੁਹਾਡੇ ਕੀਤੇ ਪਾਪਾਂ ਨੂੰ ਦੂਰ ਕਰਨ ਦਾ ਭੀ ਕੋਈ ਤੀਰਥ ਸਾਧਨ ਨਹੀਂ ਬਣ ਸਕਦਾ।

ਸੋ ਮੈਂ ਭੀ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਅੰਕਤ ਕੀਤੀਆਂ ਹਨ, ਕਿ ਜਿਵੇਂ ਕਬੀਰ ਜੀ ਕਹਿੰਦੇ ਹਨ ਕਿ ਹੇ ਲੋਕੋ ! ਤੁਸੀਂ ਆਪ ਹੀ ਦਸੋ ਕਿ ਤੀਰਥ ਵੱਡੇ ਹਨ ਕਿ ਹਰੀ ਦੇ ਦਾਸ ਵੱਡੇ ਹਨ :

ਤੀਰਥੁ ਬਡਾ ਕਿ ਹਰਿ ਕਾ ਦਾਸੁ ॥੩॥੪੨॥

*(ਗਉੜੀ, ਪੰਨਾ ੩੩੧)*

ਭਾਵ ਹੈ ਕਿ ਤੀਰਥ ਕਾਇਮ ਕਰਨ ਵਾਲੇ ਹਰੀ ਦੇ ਪਿਆਰੇ ਸੰਤ ਲੋਕ ਹਨ, ਕਿਉਂਕਿ ਜਿਥੇ ਜਿਥੇ ਸਾਧੂ ਜਨਾਂ ਨੇ ਬੈਠ ਕੇ ਬੰਦਗੀ ਕੀਤੀ ਹੈ ਉਹ ਅਸਥਾਨ ਪਵਿੱਤ੍ਰ ਤੇ ਪੂਜਨ ਯੋਗ ਹੋ ਗਿਆ ਹੈ :

(੧) (ਹੇ ਭਾਈਓ ! ਜਿਵੇਂ ਅਸੀਂ ਆਮ ਹੀ ਸੁਣਦੇ ਆ ਰਹੇ ਹਾਂ ਕਿ) ਤੀਰਥਾਂ 'ਤੇ ਨ੍ਹਾਤਿਆਂ ਚੜ੍ਹੇ ਪਾਪ ਲੱਥ ਜਾਂਦੇ ਹਨ (ਇਸ ਮਨੌਤ ਦੇ ਆਧਾਰ 'ਤੇ ਲੋਕਾਂ ਨੇ ਤੀਰਥਾਂ ਨੂੰ) ਪਤਿਤਾਂ (ਪਾਪੀਆਂ ਦਾ) ਉਧਾਰ (ਤਾਰਨ ਵਾਲੇ) ਕਰਨ ਵਾਲੇ ਮੰਨ ਲਿਆ ਹੈ।

(੨) (ਪਰ ਜੇ ਵੀਚਾਰ ਕਰੀਏ ਤਾਂ) ਤੀਰਥ ਤਾਂ ਆਪਣੇ ਆਪ ਨੂੰ ਸਾਧੂ ਜਨਾਂ ਦਾ ਦਰਸ਼ਨ ਕਰਕੇ ਸਫਲਾ ਸਮਝਦੇ ਹਨ (ਜਥਾ ਸ੍ਰੀ ਮੁਖ ਵਾਕ ਹੈ) (ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥ ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ)।
(ਪਰ ਸਾਧੂ ਕਿਸੇ ਭੇਖੀ ਸਾਧੂ ਨੂੰ ਨ ਸਮਝਣਾ ਸਾਧੂ ਤਾਂ ਉਹ ਹੈ)।

(੩) ਸਾਧੂ ਹੋਈ ਦਾ ਹੈ ਮਨ ਨੂੰ ਸਾਧ ਕੇ (ਵੱਸ ਕਰਕੇ, ਮਨ ਦੀਆਂ ਭੈੜੀਆਂ ਖ਼ਾਹਸ਼ਾਂ ਨੂੰ ਖ਼ਤਮ ਕਰਕੇ) ਤੇ ਸਤਿਗੁਰੂ ਦੇ ਚਰਨ ਕੰਵਲਾਂ ਨੂੰ ਚਿਤ ਵਿਚ ਵਸਾ ਕੇ।

(੪) ਇਹੋ ਜਿਹੇ ਸਾਧੂ ਦੀ ਉਪਮਾ ਅਗਾਧ ਬੋਧ (ਅਤੀ ਉੱਚਤਮ) ਹੈ ਤੇ (ਇਹੋ ਜਿਹਾ ਸਾਧੂ ਕਰੋੜਾਂ ਵਿਚੋਂ ਕੋਈ ਇਕ ਅੱਧਾ ਹੀ ਹੁੰਦਾ ਹੈ।

(੫) (ਸਤਿਗੁਰਾਂ ਦੀ ਅਗਾਧ ਮਹਿਮਾ ਤੇ ਸ਼ਰਧਾ ਰੱਖਣ ਵਾਲੇ) ਅਨੇਕਾਂ ਗੁਰ ਸਿਖ ਜਗਤ ਵਿਚ ਮੌਜੂਦ ਹਨ ਤੇ ਥਾਂ ਥਾਂ 'ਤੇ (ਗੁਰੂ ਦੀਆਂ ਥਾਪੀਆਂ) ਧਰਮਸਾਲਾਂ ਵਿਚ ਉਹ ਸੁਭਾਏਮਾਨ ਹੋ ਰਹੇ ਹਨ।

(੬) ਉਹ ਗੁਰਸਿੱਖਾਂ ਦੇ ਪੈਰ ਧੋਂਦੇ ਹਨ ਤੇ ਚਰਣੋਦਕ ਲੈ ਕੇ ਗੁਰਸਿੱਖਾਂ (ਨਾਮ ਅਭਿਆਸੀਆਂ) ਦੇ ਪੈਰ ਪੂਜਦੇ ਹਨ।

(੭) ਅਲਖ (ਪਰਮੇਸ਼ਰ) ਨੂੰ (ਅਜਿਹੇ ਗੁਰਮੁਖ ਗੁਰਸਿੱਖਾਂ ਨੇ) ਲਖ ਲਿਆ ਹੈ ਤੇ ਇਹੋ ਹੀ ਗੁਰਮੁਖਾਂ ਨੂੰ ਸੁਖ ਫਲ ਪ੍ਰਾਪਤ ਹੋਇਆ ਜਾਣੋ (ਜੋ ਧਰਮਸਾਲਾਂ ਵਿਚ ਗੁਰਸਿੱਖੀ ਦੀ ਸੇਵਾ ਤੇ ਕਮਾਈ ਕਰਦੇ ਹਨ।੨।

***ਭਾਵਾਰਥ :*** ਗੁਰੂ ਨਾਨਕ ਦੇਵ ਜੀ ਨੇ ਤਾਂ ਇਹ ਮਨੁੱਖ ਮਾਤ੍ਰ ਲਈ ਉਪਦੇਸ਼ ਕਰ ਦਿਤਾ ਹੈ ਕਿ :

ਤੀਰਥਿ ਨਾਵਾ ਜੇ ਤਿਸੁ ਭਾਵਾ
ਵਿਣੁ ਭਾਣੇ ਕਿ ਨਾਇ ਕਰੀ ॥ *(ਜਪੁਜੀ, ਪੰਨਾ ੨)*

ਕਿ ਹੇ ਭਾਈਓ ! ਤੀਰਥਾਂ ਵਿਚ ਨ੍ਹਾਣਾ ਤਦੋਂ ਹੀ ਸਫਲਾ ਹੈ ਜੇ ਕਰ ਕਿਸੇ ਦਾ ਨ੍ਹਾਵਣਾ ਉਸ ਪਰਮੇਸ਼ਰ ਨੂੰ ਭਾ ਜਾਵੇ, ਜੇ ਉਸ ਨੂੰ ਚੰਗਾ ਹੀ ਨਹੀਂ ਲਗਾ ਤਾਂ ਤੀਰਥਾਂ ਤੋਂ ਨ੍ਹਾ ਕੇ ਭੀ ਦਸੋ ਕੀ ਕਰੋਗੇ, ਭਾਵ ਨਿਸਫਲ ਹੈ।

## ੩. ਗੁਰਸਿਖ ਦੀ ਚਰਨ-ਧੂੜ

**੧. ਪੰਜਿ ਤੱਤ ਉਤਪਤਿ ਕਰਿ**
**ਗੁਰਮੁਖ ਧਰਤੀ ਆਪੁ ਗਵਾਯਾ।**
**੨. ਚਰਣ ਕਵਲ ਸ਼ਰਣਾਗਤੀ**
**ਸਭ ਨਿਧਾਨ ਸੱਭੇ ਫਲ ਪਾਯਾ।**
**੩. ਲੋਕ ਵੇਦ ਗੁਰ ਗਿਆਨ ਵਿੱਚ**
**ਸਾਧੂ ਧੂੜੀ ਜਗਤੁ ਤਰਾਯਾ।**
**੪. ਪਤਿਤ ਪੁਨੀਤ ਕਰਾਇਕੇ**
**ਪਾਵਨ ਪੁਰਖ ਪਵਿਤ੍ਰ ਕਰਾਯਾ।**

**੫. ਚਰਣੋਦਕ ਮਹਿਮਾ ਅਮਿਤ ਸ਼ੇਖ**
**ਸਹਸ ਮੁਖਿ ਅੰਤੁ ਨ ਪਾਯਾ।**
**੬. ਧੂੜੀ ਲੇਖੁ ਮਿਟਾਇਆ**
**ਚਰਣੋਦਕ ਮਨੁ ਵਸਗਤਿ ਆਯਾ।**
**੭. ਪੈਰੀਂ ਪੈ ਜਗੁ ਚਰਨੀ ਲਾਯਾ॥੩॥**

***ਪਦ ਅਰਥ :*** ਆਪੁ—ਆਪਾ-ਭਾਵ, ਹਉਮੈਂ। ਨਿਧਾਨ—ਪਦਾਰਥ ਜਾਂ ਖ਼ਜ਼ਾਨੇ। ਅਮਿਤ—ਅਗਿਣਤ। ਸ਼ੇਖ—ਸ਼ੇਸ਼ ਨਾਗ। ਲੇਖੁ—ਮਾੜੇ ਕਰਮ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਪਿਛੇ ਆਪ ਜੀ ਨੇ ਸਾਧੂਆਂ ਦੀ ਚਰਣ-ਧੂੜ ਦੀ ਮਹਾਨਤਾ ਦਰਸਾਈ ਹੈ ਕਿ ਉਹ ਤੀਰਥਾਂ ਨੂੰ ਭੀ ਪਵਿੱਤ੍ਰ ਕਰਨ ਵਾਲੀ ਹੈ, ਪਰ ਕੀ ਇਸੇ ਤਰ੍ਹਾਂ ਦਸੋਗੇ ਕਿ ਗੁਰਮੁਖਾਂ ਵਿਚ ਕਿਹੜੀ ਉੱਚਤਾ ਹੈ?

ਉ: ਹੇ ਭਾਈਓ ਜਦੋਂ ਗੁਰਬਾਣੀ ਦੀ ਵੀਚਾਰ ਕਰੀਏ ਤਾਂ ਜਾਣਕਾਰੀ ਮਿਲਦੀ ਹੈ ਕਿ ਸਤਿਗੁਰੂ ਜੀ ਨੇ ਗੁਰਸਿੱਖਾਂ ਦੀ ਚਰਣ ਧੂੜ ਨੂੰ ਭੀ ਬਹੁਤ ਵੱਡੀ ਮਹਾਨਤਾ ਦਿਤੀ ਹੈ, ਆਪ ਜੀ ਤਾਂ ਇਥੋਂ ਤਕ ਮੰਗ ਕਰਦੇ ਹਨ ਕਿ ਹੇ ਪ੍ਰਭੂ! ਮੈਂ:

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥
*(ਮ: ੪, ਪੰਨਾ ੩੦੬)*

ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ॥
ਗੁਰਸਿਖਾਂ ਕੀ ਹਰਿ ਧੂੜਿ ਦੇਹਿ
ਹਮ ਪਾਪੀ ਭੀ ਗਤਿ ਪਾਂਹਿ॥
*(ਸਲੋਕ ਮ: ੪, ਪੰਨਾ ੧੪੨੪)*

ਚਰਣ ਧੂੜਿ ਤੇਰੀ ਸੇਵਕੁ ਮਾਗੈ
ਤੇਰੇ ਦਰਸਨ ਕਉ ਬਲਿਹਾਰਾ॥੧॥
*(ਸੂਹੀ ਮ: ੫, ਪੰਨਾ ੭੪੯)*

ਚਰਣ ਧੂੜਿ ਤੇਰੇ ਜਨ ਕੀ ਹੋਵਾ
ਤੇਰੇ ਦਰਸਨ ਕਉ ਬਲਿ ਜਾਈ॥
*(ਸੂਹੀ ਮ: ੫, ਪੰਨਾ ੭੪੯)*

ਧੂੜਿ ਤਿਨਾ ਕੀ ਅਘੁਲੀਐ ਭਾਈ
ਸਤਸੰਗਤਿ ਮੇਲਿ ਮਿਲਾਇ॥੩॥
*(ਬਸੰਤੁ ਮ: ੩, ਪੰਨਾ ੧੧੭੭)*

ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ॥
ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲ॥੧॥
*(ਡਖਣਾ, ਪੰਨਾ ੮੦)*

ਧੂੜੀ ਵਿਚਿ ਲੁਡੰਦੜੀ ਸੋਹਾਂ
ਨਾਨਕ ਤੈ ਸਹ ਨਾਲੇ॥੨॥
*(ਸਲੋਕ ਮ: ੫, ਪੰਨਾ ੧੪੨੫)*

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥
*(ਬਾਰਹ ਮਾਹਾ, ਪੰਨਾ ੧੩੫)*

ਅੰਤਰਜਾਮੀ ਸੋ ਪ੍ਰਭੁ ਪੂਰਾ॥
ਦਾਨੁ ਦੇਇ ਸਾਧੂ ਕੀ ਧੂਰਾ॥੧॥
*(ਵਡਹੰਸੁ ਮ: ੫, ਪੰਨਾ ੫੬੩)*

ਇਸ ਤਰ੍ਹਾਂ ਸਾਨੂੰ ਗੁਰਬਾਣੀ ਵਿਚੋਂ ਹੋਰ ਭੀ ਖੋਜ ਕਰਨ ਤੋਂ ਅਨੇਕਾਂ ਉਦਾਹਰਣ ਮਿਲਦੇ ਹਨ, ਜਿਨ੍ਹਾਂ ਵਿਚ ਸੰਤ, ਸਾਧੂ, ਸੇਵਕ, ਜਨ, ਭਗਤ ਅਤੇ ਗੁਰਸਿੱਖਾਂ ਦੀ ਚਰਣ ਧੂੜ ਦੀ ਮਹਿਮਾ ਦਰਸਾਈ ਹੈ। ਸੋ, ਮੈਂ ਭੀ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਗੁਰਮੁਖਾਂ ਤੇ ਸਾਧੂ ਜਨਾਂ ਦੀ ਚਰਨ ਧੂੜ ਦੀ ਨਾਮ ਮਾਤ੍ਰ ਮਹਿਮਾ ਅੰਕਤ ਕੀਤੀ ਹੈ, ਜਿਵੇਂ ਕਿ:

(੧) (ਹੇ ਭਾਈਓ! ਜਿਵੇਂ ਕਿ ਅਸੀਂ ਪ੍ਰਤੱਖ ਰੂਪ ਵਿਚ ਵੇਖਦੇ ਹਾਂ ਕਿ ਪਰਮੇਸ਼ਰ ਨੇ) ਪੰਜ ਤੱਤ (ਧਰਤੀ, ਅਕਾਸ਼, ਹਵਾ, ਜਲ ਤੇ ਅਗਨੀ) ਬਣਾਏ ਹਨ, (ਜਿਨ੍ਹਾਂ ਵਿਚੋਂ ਗੁਰੂ ਦੇ ਵਰੋਸਾਏ) ਗੁਰਮੁਖ ਨੇ ਧਰਤੀ ਦੇ ਗੁਣ ਧਾਰਨ ਕਰਕੇ ਆਪਣਾ ਆਪ ਗਵਾ ਦਿਤਾ ਹੈ (ਭਾਵ ਨਿਰਖੋਭਤਾ ਦਾ ਗੁਣ ਧਾਰਨ ਕਰ ਲਿਆ ਹੈ)

(੨) (ਗੁਰਮੁਖਾਂ ਨੇ) ਚਰਨਾਂ ਦੀ ਸ਼ਰਨ ਪ੍ਰਾਪਤ ਕਰਕੇ ਸਭ (ਪਦਾਰਥਾਂ ਦੇ) ਖ਼ਜ਼ਾਨੇ ਤੇ ਹੋਰ ਸਭ ਫਲ ਪ੍ਰਾਪਤ ਕਰ ਲਏ ਹਨ।

(੩) ਆਮ ਲੋਕਾਂ ਤੇ ਵੇਦਾਂ (ਧਰਮ ਗ੍ਰੰਥਾਂ) ਦਾ ਨਿਚੋੜ ਗੁਰੂ ਦੇ ਗਿਆਨ ਵਿਚ ਹੈ ਕਿ ਸਾਧੂਆਂ ਦੀ ਧੂੜੀ ਨੇ ਸਾਰੇ ਜਗਤ ਨੂੰ ਹੀ ਤਾਰ ਦਿਤਾ ਹੈ।

(੪) (ਇਹ ਚਰਨ ਧੂੜੀ ਹੀ ਹੈ ਜੋ) ਪਾਪੀਆਂ ਨੂੰ ਵੀ ਪੁਨੀਤ ਕਰਦੀ ਹੈ ਤੇ ਪਵਿੱਤ੍ਰ ਪੁਰਖਾਂ ਦੀ ਪਵਿੱਤ੍ਰਤਾਈ ਨੂੰ ਕਾਇਮ ਰੱਖਦੀ ਹੈ।

(੫) (ਸਾਧੂ ਦੀ ਧੂੜੀ ਦੇ) ਚਰਣੋਦਕ (ਅੰਮ੍ਰਿਤ) ਦੀ ਗਿਣਤੀ ਮਿਣਤੀ ਤੋਂ ਰਹਿਤ ਮਹਿਮਾ ਹੈ ਤੇ ਸ਼ੇਸ਼ਨਾਗ ਜੋ ਹਜ਼ਾਰਾਂ ਮੂੰਹਾਂ ਵਾਲਾ ਹੈ (ਉਹ ਨਿਤ ਨਵੇਂ ਦਿਨ ਨਵੇਂ ਨਾਮ ਲੈਂਦਾ ਹੈ (ਪਰ) ਉਸਨੇ ਭੀ ਸਾਧੂ ਧੂੜੀ ਦੀ ਮਹਿਮਾ ਦਾ ਅੰਤ ਨਹੀਂ ਜਾਣਿਆ।

(੬) (ਸਾਧੂਆਂ ਦੀ ਚਰਨ) ਧੂੜੀ (ਕਰਮਾਂ ਦੇ ਮਾੜੇ) ਲੇਖਾਂ ਨੂੰ ਮੇਟਣ ਵਾਲੀ ਹੈ ਤੇ ਚਰਣੋਦਕ ਨਾਲ (ਦਹਦਿਸ ਭੱਜੇ ਫਿਰਨ ਵਾਲਾ) ਮਨ ਵੱਸ ਵਿਚ ਆ ਜਾਂਦਾ ਹੈ।
(੭) (ਗੁਰਮੁਖ ਸਾਧੂਆਂ ਨੇ ਗੁਰੂ ਦੀ) ਪੈਰੀਂ ਪੈ ਕੇ ਸਾਰੇ ਜਗਤ ਨੂੰ ਪੈਰੀਂ ਪਾ ਲਿਆ ਹੈ।੩।

***ਭਾਵਾਰਥ :*** ਗੁਰਮੁਖ ਸਾਧੂਆਂ ਦੀ ਚਰਨ ਧੂੜ ਵਿਚ ਇਸ਼ਨਾਨ ਕਰਨ ਨਾਲ ਭਾਵ ਮਸਤਕ ਨੂੰ ਲਾਉਣ ਨਾਲ ਜਨਮ ਜਨਮਾਤ੍ਰਾਂ ਦੇ ਪਾਪ ਦੂਰ ਹੋ ਜਾਂਦੇ ਹਨ, ਪਰ ਗੁਰਮੁਖ ਸਾਧੂ ਭੀ ਓਹੀ ਹੋ ਸਕਦਾ ਹੈ ਜੋ ਸਾਸ ਗਿਰਾਸ ਪ੍ਰਭੂ ਦਾ ਸਿਮਰਨ ਕਰਨ ਵਾਲਾ ਹੈ ਉਸ ਦੇ ਚਰਨਾਂ ਦੀ ਧੂੜ ਨੂੰ ਹੀ ਬਾਣੀ ਵਿਚ ਮੰਗਿਆ ਹੈ।

ਦਾਨੁ ਮਹਿੰਡਾ ਤਲੀ ਖਾਕੁ
ਜੇ ਮਿਲੈ ਤ ਮਸਤਕਿ ਲਾਈਐ ॥ *(ਪਉੜੀ, ਪੰਨਾ ੪੬੮)*

## ੪. ਸਾਧੂਆਂ ਦੀ ਚਰਨ-ਧੂੜ ਗੰਗਾ ਤੋਂ ਪਵਿੱਤ੍ਰ ਹੈ

**੧. ਚਰਣੋਦਕ ਹੋਇ ਸੁਰਸਰੀ**
**ਤਜਿ ਬੈਕੁੰਠ ਧਰਤਿ ਵਿਚ ਆਈ।**
**੨. ਨਉਂ ਸੈ ਨਦੀ ਨੜਿੰਨਵੈ**
**ਅਠਸਠਿ ਤੀਰਥਿ ਅੰਗਿ ਸਮਾਈ।**
**੩. ਤਿਹੁ ਲੋਈਂ ਪਰਵਾਣੁ ਹੈ**
**ਮਹਾਦੇਵ ਲੈ ਸੀਸ ਚੜ੍ਹਾਈ।**
**੪. ਦੇਵੀ ਦੇਵ ਸਰੇਵਦੇ**
**ਜੈ ਜੈ ਕਾਰ ਵੱਡੀ ਵਡਿਆਈ।**
**੫. ਸਣੁ ਗੰਗਾ ਬੈਕੁੰਠ ਲੱਖ**
**ਲੱਖ ਬੈਕੁੰਠ ਨਾਥਿ ਲਿਵ ਲਾਈ।**
**੬. ਸਾਧੂ ਧੂੜਿ ਦੁਲੰਭ ਹੈ**
**ਸਾਧਸੰਗਤਿ ਸਤਿਗੁਰੁ ਸਰਣਾਈ।**
**੭. ਚਰਣ ਕਵਲ ਦਲ ਕੀਮ ਨ ਪਾਈ ॥੪॥**

***ਪਦ ਅਰਥ :*** ਚਰਣੋਦਕ—ਚਰਣਾਂ ਦਾ ਧੋਤਾ ਜਾਣਾ। ਸੁਰਸਰੀ—ਗੰਗਾ। ਪਰਵਾਣੁ—ਮੰਨੇ ਜਾਣਾ। ਸਰੇਵਦੇ—ਪੂਜਾ ਕਰਦੇ ਹਨ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜਦੋਂ ਅਸੀਂ ਹਿੰਦੂ ਮੱਤ ਦੇ ਪੁਰਾਣਾਂ ਦੀਆਂ ਪੁਰਾਤਨ ਕਥਾਵਾਂ ਸੁਣਦੇ ਹਾਂ ਤਾਂ ਉਨ੍ਹਾਂ ਵਿਚੋਂ ਸਾਨੂੰ ਇਹ ਭੀ ਸੁਣਨ ਵਿਚ ਆਉਂਦਾ ਹੈ ਕਿ ਗੰਗਾ ਦਾ ਜਲ ਇਸ ਲਈ ਪਵਿੱਤ੍ਰ ਮੰਨਿਆ ਜਾਂਦਾ ਹੈ, ਕਿਉਂਕਿ ਇਹ ਬਾਵਨ ਅਵਤਾਰ ਦੇ ਚਰਣਾਂ ਦਾ ਅੰਮ੍ਰਿਤ ਹੈ, ਜਿਸ ਕਰਕੇ ਇਹ ਇਸ਼ਨਾਨ ਕਰਨ ਵਾਲੇ ਦੇ ਪਾਪਾਂ ਨੂੰ ਲਾਹ ਦੇਣ ਦਾ ਉੱਤਮ ਸਾਧਨ ਮੰਨਿਆ ਗਿਆ ਹੈ, ਕਿਉਂ ਜੀ! ਤੁਸੀਂ ਇਸ ਸੰਬੰਧ ਵਿਚ ਗੁਰਮਤ ਅਨੁਸਾਰ ਆਪਣੇ ਕੀ ਵੀਚਾਰ ਰੱਖਦੇ ਹੋ, ਜਾਣਕਾਰੀ ਦਿਓ?

**ਉ:** ਹੇ ਭਾਈਓ! ਜਦੋਂ ਅਸੀਂ ਨਿਰਪੱਖ ਹੋ ਕੇ ਗੁਰਬਾਣੀ ਦੀ ਵੀਚਾਰ ਕਰੀਏ ਤਾਂ ਸਾਨੂੰ ਬੋਧ ਮਿਲੇਗਾ ਕਿ ਇਸ ਵੀਚਾਰਧਾਰਾ ਨਾਲ ਗੁਰਮਤ ਉੱਕਾ ਹੀ ਸਹਿਮਤ ਨਹੀਂ ਕਿ ਗੰਗਾ ਦੇ ਜਲ ਵਿਚ ਇਸ਼ਨਾਨ ਕਰਨ ਦਾ ਫਲ ਪਾਪਾਂ ਦੀ ਨਵਿਰਤੀ ਦਾ ਸਾਧਨ ਹੈ। ਜਿਸ ਪਰੰਪਰਾ ਨਾਲ ਗੁਰਮਤ ਸਹਿਮਤ ਨਹੀਂ, ਉਹ ਭਾਵੇਂ ਕਿਸੇ ਵੀ ਵਿਅਕਤੀ ਦੁਆਰੇ ਅਰੰਭ ਹੋਈ ਹੈ ਉਸ ਨਾਲ ਗੁਰਸਿਖ ਦਾ ਕੋਈ ਭੀ ਸੰਬੰਧ ਨਹੀਂ।

ਜਦੋਂ ਅਸੀਂ ਦੂਰ-ਦਰਸ਼ੀ ਨਜ਼ਰਾਂ ਰਾਹੀਂ ਤੱਕੀਏ ਤਾਂ ਸਾਨੂੰ ਇਹੋ ਹੀ ਜਾਣਕਾਰੀ ਮਿਲੇਗੀ ਕਿ ਜਿਥੇ ਸਾਰੇ ਧਰਮਾਂ ਦੀ ਵੀਚਾਰਧਾਰਾ ਜਾ ਖਲੋਂਦੀ ਹੈ, ਗੁਰਮਤ ਦਾ ਮਾਰਗ ਉਥੋਂ ਅਗੇ ਅਰੰਭ ਹੁੰਦਾ ਹੈ। ਜੋ ਪੁਰਾਣਕ ਕਥਾਵਾਂ ਇਹ ਸਿੱਧ ਕਰਦੀਆਂ ਹਨ ਕਿ ਗੰਗਾ ਜਲ ਪਾਪਾਂ ਦੀ ਨਵਿਰਤੀ ਦਾ ਸਾਧਨ ਹੈ, ਪਰ ਗੁਰਮਤ ਇਸ ਵੀਚਾਰਧਾਰਾ ਨਾਲ ਸਹਿਮਤ ਨਹੀਂ ਕਿਉਂਕਿ ਗੁਰਬਾਣੀ ਤਾਂ ਇਹ ਵੀਚਾਰ ਪਰਗਟ ਕਰਦੀ ਹੈ ਕਿ ਗੰਗਾ, ਜਮਨਾ, ਸੁਰਸ੍ਵਤੀ ਤਾਂ ਇਹੋ ਮੰਗ ਕਰਦੇ ਹਨ:

ਗੰਗਾ, ਜਮੁਨਾ, ਗੋਦਾਵਰੀ, ਸਰਸੁਤੀ
ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ
ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥੧॥
*(ਮਲਾਰ ਮਹਲਾ ੪, ਪੰਨਾ ੧੨੬੩)*

ਭਾਵ ਹੈ ਕਿ ਜਦੋਂ ਗੰਗਾ, ਜਮਨਾ, ਗੁਦਾਵਰੀ ਆਦਿ ਸਾਰੇ ਤੀਰਥ ਇਹ ਉੱਦਮ ਕਰਦੇ ਹਨ ਕਿ ਸਾਨੂੰ ਸਾਧੂਆਂ ਦੇ ਚਰਨਾਂ ਦੀ ਧੂੜ ਪ੍ਰਾਪਤ ਹੋਵੇ ਤਾਂ ਕਿ ਜੋ ਸਾਡੇ ਵਿਚ ਪਾਪਾਂ ਦੀ ਮੈਲ ਭਰੀ ਹੋਈ ਹੈ ਇਸ ਨੂੰ

ਦੂਰ ਕਰ ਸਕੀਏ, ਕਿਉਂਕਿ ਸਾਡੀ ਪਾਪਾਂ ਦੀ ਮੈਲ ਨੂੰ ਸਾਧੂਆਂ ਦੀ ਧੂੜ ਹੀ ਦੂਰ ਕਰ ਸਕਦੀ ਹੈ। ਸੋ, ਜਦੋਂ ਗੰਗਾ ਆਦਿਕ ਤੀਰਥ ਹੀ ਇਹ ਪੁਕਾਰ ਕਰਦੇ ਹਨ ਕਿ ਸਾਡੇ ਪਾਪ ਦੂਰ ਹੋ ਸਕਣ ਫਿਰ ਉਸ ਪਾਪਾਂ ਭਰੇ ਤੀਰਥਾਂ ਵਿਚ ਇਸ਼ਨਾਨ ਕਰਕੇ ਕੋਈ ਆਪਣੇ ਪਾਪਾਂ ਦਾ ਭਾਰ ਦੂਰ ਕਰ ਸਕਣ ਦਾ ਖ਼ਿਆਲ ਕਰੇ, ਇਹ ਇਕ ਬਹੁਤ ਵੱਡੀ ਗ਼ਲਤ-ਫ਼ਹਿਮੀ ਹੈ। ਇਸ ਪੱਖ ਵਿਚ ਸਾਨੂੰ ਗੁਰਬਾਣੀ ਵਿਚੋਂ ਹੋਰ ਭੀ ਬਹੁਤ ਸਾਰੇ ਉਦਾਹਰਣ ਮਿਲਦੇ ਹਨ, ਜਿਵੇਂ ਕਿ :

ਕਬੀਰ ਗੰਗਾ ਤੀਰ ਜੁ ਘਰੁ ਕਰਹਿ
ਪੀਵਹਿ ਨਿਰਮਲ ਨੀਰੁ ॥
ਬਿਨੁ ਹਰਿ ਭਗਤਿ ਨ ਮੁਕਤਿ ਹੋਇ
ਇਉ ਕਹਿ ਰਮੇ ਕਬੀਰ ॥੫੪॥

*(ਸਲੋਕ ਭਗਤ ਕਬੀਰ ਜੀ, ਪੰਨਾ ੧੩੬੭)*

ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ ॥
ਨਾਰਾਇਣੁ ਸੁਪ੍ਰਸੰਨ ਹੋਇ ਤ ਸੇਵਕੁ ਨਾਮਾ ॥੩॥੧॥

*(ਬਸੰਤੁ ਬਾਣੀ ਨਾਮਦੇਵ ਜੀ, ਪੰਨਾ ੧੧੯੬)*

ਜੇਤੇ ਰੇ ਤੀਰਥ ਨਾਏ ਅਹੰਬੁਧਿ ਮੈਲੁ ਲਾਏ
ਘਰ ਕੋ ਠਾਕੁਰੁ ਇਕੁ ਤਿਲੁ ਨ ਮਾਨੈ ॥
ਕਦਿ ਪਾਵਉ ਸਾਧ ਸੰਗੁ ਹਰਿ ਹਰਿ ਸਦਾ ਆਨੰਦੁ
ਗਿਆਨ ਅੰਜਨਿ ਮੇਰਾ ਮਨੁ ਇਸਨਾਨੈ ॥੪॥

*(ਧਨਾਸਰੀ ਮਹਲਾ ੫, ਪੰਨਾ ੬੮੭)*

ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ
ਅਗਨਿ ਦਹੈ ਕਾਇਆ ਕਲਪੁ ਕੀਜੈ ॥.....
ਗੰਗਾ ਜਉ ਗੋਦਾਵਰਿ ਜਾਈਐ
ਕੁੰਭਿ ਜਉ ਕੇਦਾਰ ਨ੍ਹਾਈਐ
ਗੋਮਤੀ ਸਹਸ ਗਊ ਦਾਨੁ ਕੀਜੈ ॥
ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ
ਰਾਮ ਨਾਮ ਸਰਿ ਤਊ ਨ ਪੂਜੈ ॥੨॥

*(ਰਾਮਕਲੀ ਘਰੁ ੨, ਪੰਨਾ ੯੭੩)*

ਜਿਤਨੇ ਤੀਰਥ ਦੇਵੀ ਥਾਪੇ
ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ ॥
ਹਰਿ ਕਾ ਸੰਤੁ ਮਿਲੈ ਗੁਰ ਸਾਧੂ
ਲੈ ਤਿਸ ਕੀ ਧੂਰਿ ਮੁਖਿ ਲਾਈ ॥੩॥

*(ਮਲਾਰ ਮ: ੪, ਪੰਨਾ ੧੨੬੩)*

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ
ਜਿਉ ਕੁੰਚਰ ਇਸਨਾਨੁ ॥੪੬॥

*(ਸਲੋਕ ਮ: ੯, ਪੰਨਾ ੧੪੨੮)*

ਇਸ ਤਰ੍ਹਾਂ ਗੰਗਾ, ਤੀਰਥ ਆਦਿਕਾਂ ਦੇ ਸੰਬੰਧੀ ਸਾਨੂੰ ਗੁਰਬਾਣੀ ਵਿਚੋਂ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਵਿਚ ਉਨ੍ਹਾਂ ਲੋਕਾਂ ਨੂੰ ਇਹ ਅਸਲੀਅਤ ਦਰਸਾਈ ਹੈ ਜੋ ਕੇਵਲ ਗੰਗਾ ਵਿਚ ਇਸ਼ਨਾਨ ਕਰਨ ਨਾਲ ਆਪਣੇ ਕੀਤੇ ਸਾਰੇ ਪਾਪਾਂ ਦੀ ਨਵਿਰਤੀ ਦਾ ਵਿਸ਼ਵਾਸ ਰਖਦੇ ਹਨ। ਕਿਉਂਕਿ ਬਹੁਤ ਸਾਰੇ ਸਨਾਤਨੀ ਲੋਕਾਂ ਦਾ ਇਹ ਨਿਸਚਾ ਹੈ ਕਿ ਗੰਗਾ, ਬਾਵਨ ਅਵਤਾਰ ਦੇ ਚਰਨਾਂ ਦਾ ਚਰਨਾਂਮ੍ਰਿਤ ਹੈ, ਜਿਸ ਵਿਚ ਇਸ਼ਨਾਨ ਕਰਨ ਦਾ ਮਹਾਤਮ ਪਾਪਾਂ ਦੀ ਨਵਿਰਤੀ ਹੈ। ਇਹ ਲੋਕ ਪ੍ਰਸਿੱਧ ਕਥਾ ਹੈ, ਜਿਸਨੂੰ ਗੁਰਮਤ ਨੇ ਮਿਥਿਆਸ ਹੀ ਦਰਸਾਇਆ ਹੈ। ਇਸ ਮਿਥਿਆਸ ਲੋਕ ਉਕਤੀ ਨੂੰ ਭਾਈ ਸਾਹਿਬ ਜੀ ਨੇ ਇਸ ਪਉੜੀ ਦੁਆਰੇ ਆਪਣੇ ਵੀਚਾਰਾਂ ਨੂੰ ਦਰਸਾਇਆ ਹੈ ਕਿ ਇਸ ਵਿਚ ਸਚਾਈ ਕੀ ਹੈ ਜਿਸਨੂੰ ਗੁਰਮਤ ਨੇ ਅਪਨਾਇਆ ਹੈ, ਆਪ ਜੀ ਪਹਿਲੋਂ ਸੀਨੇ-ਬ-ਸੀਨੇ ਚਲੀ ਆ ਰਹੀ ਲੋਕ ਉਕਤੀ ਦਰਸਾ ਕੇ ਅੰਤ ਵਿਚ ਗੁਰਮਤ ਦਾ ਸਿਧਾਂਤ ਬਿਆਨ ਕਰਨਗੇ, ਜਿਵੇਂ ਕਿ :

(੧) (ਹੇ ਭਾਈਓ ! ਸਨਾਤਨੀ ਪੁਸਤਕਾਂ ਦੇ ਅਨੁਸਾਰ ਤਾਂ ਲੋਕ ਉਕਤੀ ਇਹੋ ਹੈ ਕਿ) ਗੰਗਾ (ਬਾਵਨ ਅਵਤਾਰ ਦੇ) ਚਰਨਾਂ ਦਾ ਅੰਮ੍ਰਿਤ (ਹੋਣ ਕਰਕੇ) ਬੈਕੁੰਠ ਨੂੰ ਛੱਡ ਕੇ ਧਰਤੀ ਵਿਚ ਆ ਗਈ।

(੨) ਇਥੇ ਹੀ ਬੱਸ ਨਹੀਂ ਨੌ ਸੌ ਤੇ ਨੜਿਨਵੇਂ ਨਦੀਆਂ ਨੇ ਮਿਲਕੇ, ਅਠਾਹਠ ਤੀਰਥਾਂ ਸਮੇਤ ਗੰਗਾ ਵਿਖੇ ਸਮਾਈ ਕੀਤੀ ਹੈ, (ਇਸੇ ਕਰਕੇ ਗੰਗਾ ਦਾ ਇਸ਼ਨਾਨ ਸਭ ਤੋਂ ਵਧ ਉੱਤਮਤਾ ਵਾਲਾ ਮਨੰਦੇ ਹਨ)।

(੩) ਤਿੰਨਾਂ ਲੋਕਾਂ ਵਿਚ ਇਹ ਗੰਗਾ ਮਾਨਨੀਯ ਹੋਈ ਹੈ, ਜਿਸਨੂੰ ਸ਼ਿਵਜੀ ਨੇ ਲੈ ਕੇ ਸਿਰ 'ਤੇ ਰੱਖ ਲਿਆ ਹੈ।

(੪) (ਇਥੇ ਹੀ ਬੱਸ ਨਹੀਂ) ਦੇਵੀਆਂ ਦੇਵਤੇ ਇਸ ਦੀ ਪੂਜਾ ਤੇ ਅਰਾਧਨਾ ਕਰਦੇ ਹਨ ਤੇ ਜੈ ਜੈ ਕਰਕੇ ਇਸ ਦੀ ਵੱਡੀ ਮਹਿਮਾਂ ਦਾ ਕਥਨ ਕਰਦੇ ਹਨ। ਇਥੋਂ ਤਕ ਭਾਈ ਸਾਹਿਬ ਜੀ ਨੇ ਗੰਗਾ ਬਾਰੇ ਲੋਕਾਂ ਦੇ ਖ਼ਿਆਲ ਦਰਸਾਏ ਹਨ, ਪਰ ਹੁਣ ਅਗੇ ਅਸਲੀਅਤ ਦਰਸਾਉਂਦੇ ਹਨ ਕਿ ਹੇ ਭਾਈਓ :

(੫) ਲੱਖਾਂ ਬੈਕੁੰਠ ਤੇ ਬੈਕੁੰਠ ਧਾਮਾਂ ਦੇ ਮਾਲਕ, ਸਮੇਤ ਗੰਗਾ ਦੇ ਲਿਵ ਲਾਉਂਦੇ (ਤੇ ਧਿਆਨ ਜੋੜ ਕੇ ਇਹੋ ਕਹਿ ਰਹੇ ਹਨ ਕਿ)—

(੬) ਸੰਤਾਂ ਦੇ ਚਰਣਾਂ ਦੀ ਧੂੜੀ ਬੜੀ ਕੀਮਤੀ ਵਸਤੂ ਹੈ (ਜੋ ਪੂਰੇ) ਸਤਿਗੁਰੂ ਅਤੇ ਸਾਧ ਸੰਗਤ ਦੀ ਸ਼ਰਨ ਗਿਆਂ ਹੀ ਪ੍ਰਾਪਤ ਹੁੰਦੀ ਹੈ।

(੭) ਸਾਧੂ ਦੇ ਚਰਨ ਕੰਵਲਾਂ ਦੇ ਇਕ ਕਿਣਕੇ ਦੀ ਵੀ ਕੀਮਤ ਕਿਸੇ ਨਹੀਂ ਪਾਈ। ਸਾਧੂਆਂ ਦੇ ਚਰਨ ਕੰਵਲਾਂ ਦੀ ਧੂੜੀ ਸਭ ਤੋਂ ਪਵਿੱਤ੍ਰ ਤੇ ਕੀਮਤੀ ਹੈ।੪।

***ਭਾਵਾਰਥ :*** ਜਦੋਂ ਅਸੀਂ ਗਹਿਰਾਈਆਂ ਭਰੀ ਨਜ਼ਰ ਰਾਹੀਂ ਵੀਚਾਰ ਕਰਾਂਗੇ ਤਾਂ ਸਾਨੂੰ ਇਹੋ ਬੋਧ ਮਿਲੇਗਾ ਕਿ ਜੋ ਗੰਗਾ, ਜਮਨਾ, ਗੁਦਾਵਰੀ ਆਦਿਕ ਤੀਰਥ ਆਪਣੇ ਵਿਚ ਭਰੇ ਪਾਪਾਂ ਦੀ ਨਵਿਰਤੀ ਲਈ ਸਾਧ ਸੰਗਤ ਦੀ ਚਰਨ ਧੂੜ ਲੋਚਦੇ ਹਨ ਉਨ੍ਹਾਂ ਤੋਂ ਅਸੀਂ ਕੀ ਆਸ ਰਖਦੇ ਹਾਂ ਕਿ ਉਹ ਸਾਡੇ ਪਾਪਾਂ ਨੂੰ ਦੂਰ ਕਰ ਸਕਣਗੇ। ਜਿਵੇਂ ਗੁਰੂ ਫ਼ੁਰਮਾਨ ਹੈ :

ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ
ਤਿਸ ਦਾ ਨਫਰੁ ਕਿਥਹੁ ਰਜਿ ਖਾਏ॥
ਜੇ ਸਾਹਿਬ ਕੈ ਘਰਿ ਵਥੁ ਹੋਵੈ ਸੁ ਨਫਰੈ ਹਥਿ ਆਵੈ
ਅਣਹੋਦੀ ਕਿਥਹੁ ਪਾਏ॥ *(ਮ: ੪, ਪੰਨਾ ੩੦੬)*

## ੫. ਗੁਰਮੁਖ ਦੀ ਕਰਣੀ ਤੇ ਮਹਿਮਾ

**੧. ਚਰਣ ਸਰਣਿ ਜਿਸੁ ਲੱਖਮੀ**
**ਲੱਖ ਕਲਾ ਹੋਇ ਲਖੀ ਨ ਜਾਈ।**
**੨. ਰਿਧਿ ਸਿਧਿ ਨਿਧਿ ਸਭ ਗੋਲੀਆਂ**
**ਸਾਧਿਕ ਸਿੱਧ ਰਹੇ ਲਪਟਾਈ।**
**੩. ਚਾਰਿ ਵਰਨ ਛਿਅ ਦਰਸ਼ਨਾਂ**
**ਜਤੀ ਸਤੀ ਨਉ ਨਾਥ ਨਿਵਾਈ।**
**੪. ਤਿੰਨ ਲੋਅ ਚੌਦਹ ਭਵਨ**
**ਜਲਿ ਥਲਿ ਮਹੀਅਲਿ ਛਲੁ ਕਰਿ ਛਾਈ।**
**੫. ਕਵਲਾਸਣੁ ਕਵਲਾਪਤੀ**
**ਸਾਧਸੰਗਤਿ ਸਰਣਾਗਤਿ ਆਈ।**
**੬. ਪੈਰੀਂ ਪੈ ਪਾ ਖਾਕ ਹੋਇ**
**ਆਪੁ ਗਵਾਇ ਨ ਆਪੁ ਗਣਾਈ।**
**੭. ਗੁਰਮੁਖ ਸੁਖ ਫਲੁ ਵਡੀ ਵਡਿਆਈ ॥੫॥**

***ਪਦ ਅਰਥ :*** ਕਲਾ—ਸ਼ਕਤੀਆਂ। ਗੋਲੀਆਂ—ਟਹਿਲਣਾਂ, ਦਾਸੀਆਂ। ਸਾਧਿਕ—ਸਾਧਨਾ ਤੇ ਘਾਲ ਕਮਾਈ ਕਰਨ ਵਾਲੇ। ਕਵਲਾ—ਲਛਮੀ। ਕਵਲਾਪਤੀ—ਵਿਸ਼ਨੂੰ।

### ਅਰਥ :

**ਪ੍ਰ:** ਭਾਈ ਸਾਹਿਬ ਜੀਉ ! ਆਪ ਜੀ ਸੰਗਤ ਵਿਚ ਗੁਰਮਤ ਦੀਆਂ ਵੀਚਾਰਾਂ ਪ੍ਰਗਟ ਕਰਦੇ ਹੋਏ, ਕਈ ਵਾਰ ਮਾਇਆ ਦੀ ਪ੍ਰਬਲ ਸ਼ਕਤੀ ਦਾ ਭੀ ਜ਼ਿਕਰ ਕਰਿਆ ਕਰਦੇ ਹੋ ਕਿ ਇਸ ਮਾਇਆ ਨੇ ਸਾਰੇ ਜਗਤ ਦੇ ਜੀਵਾਂ ਨੂੰ ਭਰਮਾ ਲਿਆ ਹੈ, ਇਸ ਭਾਵ ਨੂੰ ਪ੍ਰਗਟਾਉਂਦੇ ਹੋਏ ਆਪ ਜੀ ਬਾਣੀ ਦਾ ਉਦਾਹਰਣ ਭੀ ਦਿਆ ਕਰਦੇ ਹੋ ਕਿ :

ਮਾਇਆ ਐਸੀ ਮੋਹਨੀ ਭਾਈ॥
ਜੇਤੇ ਜੀਅ ਤੇਤੇ ਡਹਕਾਈ॥੧॥ਰਹਾਉ॥
*(ਕਬੀਰ ਜੀ, ਪੰਨਾ ੧੧੬੦)*

ਕਿਉਂ ਜੀ ! ਜਿਥੇ ਮਾਇਆ ਨੇ ਜਗਤ ਦੇ ਸਾਰੇ ਜੀਵਾਂ ਨੂੰ ਹੀ ਭੁਲਾਇਆ ਹੋਇਆ ਹੈ ਉਥੇ ਗੁਰਮੁਖਾਂ ਵਿਚ ਕਿਹੜੀ ਵਿਸ਼ੇਸ਼ਤਾ ਹੈ ਜਿਸ ਦੁਆਰੇ ਉਨ੍ਹਾਂ ਨੇ ਆਪਣਾ ਬਚਾਅ ਕਰ ਲਿਆ ਹੈ ?

**ਉ:** ਹੇ ਭਾਈਓ ! ਇਸ ਤੁਹਾਡੇ ਪ੍ਰਸ਼ਨ ਦਾ ਉੱਤਰ ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਮੰਗੀਏ ਤਾਂ ਸਾਨੂੰ ਉਨ੍ਹਾਂ ਵਲੋਂ ਇਹੋ ਤਸੱਲੀ ਬਖ਼ਸ਼ ਉੱਤਰ ਮਿਲਦਾ ਹੈ ਕਿ ਗੁਰਮੁਖਾਂ ਕੋਲ ਇਕ ਨਾਮ ਦੀ ਮਹਾਨ ਸ਼ਕਤੀ ਹੈ, ਜਿਸ ਦਾ ਮੁਕਾਬਲਾ ਮਾਇਆ ਦੀ ਸ਼ਕਤੀ ਨਹੀਂ ਕਰ ਸਕਦੀ। ਪਰ ਜਦੋਂ ਅਸੀਂ ਗੁਰਬਾਣੀ ਦੁਆਰੇ ਮਾਇਆ ਦੀ ਸ਼ਕਤੀ ਵੱਲ ਭੀ ਨਜ਼ਰ ਮਾਰਦੇ ਹਾਂ ਤਾਂ ਇਹ ਭੀ ਜਾਣਕਾਰੀ ਮਿਲਦੀ ਹੈ ਕਿ ਮਾਇਆ ਨੇ ਸਾਰੇ ਜਗਤ ਦੇ ਜੀਵਾਂ ਤੋਂ ਬਿਨਾਂ ਵੱਡੇ ਵੱਡੇ ਦੇਵੀ ਦੇਵਤਿਆਂ ਨੂੰ ਭੀ ਆਪਣੇ ਮੋਹ ਦੇ ਜਾਲ ਵਿਚ ਭਰਮਾਇਆ ਹੋਇਆ ਹੈ, ਜਿਵੇਂ ਕਿ :

ਮਾਇਆ ਅਗਨਿ ਜਲੈ ਸੰਸਾਰੇ॥
ਗੁਰਮੁਖਿ ਨਿਵਾਰੈ ਸਬਦਿ ਵੀਚਾਰੇ॥
*(ਮਾਰੂ ਮ: ੩, ਪੰਨਾ ੧੦੪੯)*

ਮਾਇਆ ਅੰਤਰਿ ਭੀਨੇ ਦੇਵ॥
ਸਾਗਰੁ ਇੰਦ੍ਰਾ ਅਰੁ ਧਰਤੇਵ॥
ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ॥
ਤਬ ਛੂਟੇ ਜਬ ਸਾਧੂ ਪਾਇਆ॥੫॥੫॥੧੩॥
*(ਭੈਰਉ ਬਾਣੀ ਕਬੀਰ ਜੀ, ਪੰਨਾ ੧੧੬੦)*

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥

ਗੁਰਮੁਖਿ ਕੋਈ ਗਾਰੜੂ
ਤਿਨਿ ਮਲਿ ਦਲਿ ਲਾਈ ਪਾਇ ॥
ਨਾਨਕ ਸੋਈ ਉਬਰੇ ਜਿ ਸਚਿ ਰਹੇ ਲਿਵ ਲਾਇ ॥੨॥
*(ਮ: ੩, ਪੰਨਾ ੫੧੦)*

ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥
ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥
*(ਸਿਰੀ ਰਾਗੁ ਮ: ੫, ਪੰਨਾ ੫੦)*

ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥
ਚਰਣੀ ਲਾਗੈ ਤਾ ਮਹਲੁ ਪਾਵੈ ॥
*(ਗਉੜੀ ਮ: ੩, ਪੰਨਾ ੨੩੧)*

ਮਾਇਆਧਾਰੀ ਅਤਿ ਅੰਨਾ ਬੋਲਾ ॥
ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥
*(ਮ: ੩, ਪੰਨਾ ੩੧੩)*

ਮਾਇਆ ਬਿਆਪਤ ਬਹੁ ਪਰਕਾਰੀ ॥
ਸੰਤ ਜੀਵਹਿ ਪ੍ਰਭ ਓਟ ਤੁਮਾਰੀ ॥੧॥ਰਹਾਉ॥
*(ਗਉੜੀ ਮ: ੫, ਪੰਨਾ ੧੮੨)*

ਮਾਇਆ ਭੁਇਅੰਗਮੁ ਸਰਪੁ ਹੈ
ਜਗੁ ਘੇਰਿਆ ਬਿਖੁ ਮਾਇ ॥
ਬਿਖੁ ਕਾ ਮਾਰਣੁ ਹਰਿ ਨਾਮੁ ਹੈ
ਗੁਰ ਗਾਰੁੜ ਸਬਦੁ ਮੁਖਿ ਪਾਇ ॥
*(ਸਲੋਕ ਮ: ੩, ਪੰਨਾ ੧੪੧੫)*

ਸੋ ਸੰਚੈ ਜੋ ਹੋਛੀ ਬਾਤ ॥
ਮਾਇਆ ਮੋਹਿਆ ਟੇਢਉ ਜਾਤ ॥੧॥
*(ਰਾਮਕਲੀ ਮ: ੫, ਪੰਨਾ ੮੯੨)*

ਮਾਇਆ ਮੋਹੁ ਇਸੁ ਮਨਹਿ ਨਚਾਏ
ਅੰਤਰਿ ਕਪਟੁ ਦੁਖੁ ਪਾਵਣਿਆ ॥੪॥
*(ਮਾਝ ਮ: ੩, ਪੰਨਾ ੧੨੨)*

ਮਾਇਆ ਮੋਹਿ ਇਹੁ ਜਗੁ ਸੁਤਾ ॥
ਨਾਮੁ ਵਿਸਾਰਿ ਅੰਤਿ ਵਿਗੁਤਾ ॥
*(ਮਾਝ ਮ: ੩, ਪੰਨਾ ੧੧੨)*

ਮਾਇਆ ਮੋਹਿ ਸੋਇ ਰਹੇ ਅਭਾਗੇ ॥
ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥੩॥
*(ਆਸਾ ਮ: ੫, ਪੰਨਾ ੩੭੫)*

ਮਾਇਆ ਮੋਹਿ ਸਦਾ ਦੁਖੁ ਪਾਏ
ਬਿਨੁ ਗੁਰ ਅਤਿ ਪਿਆਰੇ ॥੨॥
*(ਸੂਹੀ ਮ: ੩, ਪੰਨਾ ੭੫੩)*

ਮਾਇਆ ਮੋਹਿ ਸਭੋ ਜਗੁ ਬਾਧਾ ॥
ਹਉਮੈ ਪਚੈ ਮਨਮੁਖ ਮੂਰਾਖਾ ॥
*(ਆਸਾ ਮ: ੫, ਪੰਨਾ ੩੯੪)*

ਇਨ੍ਹਾਂ ਉਪ੍ਰੋਕਤ ਪੰਗਤੀਆਂ ਵਿਚ ਦੋਵੇਂ ਪੱਖਾਂ ਦੇ ਜੀਵਾਂ ਨੂੰ ਦਰਸਾਇਆ ਹੈ, ਇਨ੍ਹਾਂ ਵਿਚ ਵਧੇਰੇ ਮਾਇਆ ਧਾਰੀ ਵਿਅਕਤੀ ਹਨ ਜੋ ਦਿਨੇ ਰਾਤ ਮਾਇਆ ਵਿਚ ਗ਼ਲਤਾਨ ਹੋਏ ਆਪਣੇ ਇਸ ਅਮੋਲਕ ਜੀਵਨ ਨੂੰ ਨਿਸਫਲ ਗਵਾ ਜਾਂਦੇ ਹਨ, ਦੂਸਰੇ ਹਨ ਨਾਮ ਧਾਰੀ ਜਿਨ੍ਹਾਂ ਗੁਰਮੁਖਾਂ ਨੇ ਆਪਣੇ ਜੀਵਨ ਦਾ ਅਧਾਰ ਇਕੋ ਪਰਮੇਸ਼ਰ ਦੇ ਨਾਮ ਨੂੰ ਹੀ ਬਣਾ ਕੇ ਆਪਣੇ ਜੀਵਨ ਨੂੰ ਸਫਲਾ ਕਰ ਲਿਆ ਹੈ, ਐਸੇ ਗੁਰਮੁਖ, ਭਗਤ ਜਨਾਂ ਦੀ ਸ਼ਰਨ ਵਿਚ ਰਹਿ ਕੇ ਮਾਇਆ ਉਨ੍ਹਾਂ ਦੀ ਸਦਾ ਹੀ ਸੇਵਾ ਕਰਕੇ ਆਪਣੇ ਆਪ ਨੂੰ ਸਫਲਾ ਕਰਦੀ ਹੈ। ਸੋ, ਮੈਂ ਭੀ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਵਿਚ ਗੁਰਮੁਖਾਂ ਦੀ ਮਹਿਮਾ ਦਰਸਾਈ ਹੈ :

(੧) (ਗੁਰਬਾਣੀ ਦੁਆਰੇ ਸਾਨੂੰ ਇਹੋ ਸੋਝੀ ਮਿਲਦੀ ਹੈ ਕਿ ਜਿਸ) ਲਛਮੀ (ਮਾਇਆ) ਦੀ ਸ਼ਰਨ ਵਿਚ (ਸਾਰਾ ਸੰਸਾਰ) ਹੈ (ਉਹ ਲਛਮੀ ਗੁਰਮੁਖ ਦੀ ਸ਼ਰਨ ਵਿਚ ਹੈ) ਤੇ ਲੱਖਾਂ ਕਲਾਂ (ਸ਼ਕਤੀਆਂ) ਜਿਸ ਮਾਇਆ ਦੀ ਸ਼ਰਨ ਵਿਚ ਹਨ, ਉਹ ਕਿਸੇ ਤੋਂ (ਜਾਣੀ ਨਹੀਂ ਜਾਂਦੀ।

(੨) ਰਿਧੀਆਂ ਸਿਧੀਆਂ ਤੇ ਨਿਧੀਆਂ ਸਭ (ਲਛਮੀ ਦੀਆਂ) ਗੋਲੀਆਂ (ਦਾਸੀਆਂ) ਹਨ, ਸਾਧਨਾਂ ਕਰਨ ਵਾਲੇ ਸਾਧਕ ਵੀ ਲਛਮੀ ਦੀ ਲਪੇਟ ਵਿਚ ਹੀ ਹਨ।

(੩) ਚਾਰ ਵਰਨ ਤੇ ਛੀਏ ਦਰਸ਼ਨ (ਛੇ ਸ਼ਾਸਤ੍ਰਾਂ ਦੇ ਵੱਖ ਵੱਖ ਧਰਮ) ਅਤੇ ਜਤੀ ਸਤੀ ਤੇ ਨੌਂ ਨਾਥ ਸਭਨਾਂ ਨੂੰ ਲਛਮੀ ਨੇ ਆਪਣੇ ਵੱਸ ਵਿਚ ਕਰ ਲਿਆ ਹੈ।

(੪) ਤਿੰਨ ਲੋਕ, ਚੌਦਾਂ ਭਵਨ, ਜਲਾਂ ਥਲਾਂ, ਧਰਤੀ ਤੇ ਅਕਾਸ਼, ਪਤਾਲ ਵਿਚ ਛਲ ਰੂਪ ਹੋ ਕੇ ਇਹ ਮਾਇਆ ਸਭ 'ਤੇ ਛਾਈ ਹੋਈ ਹੈ।

(੫) (ਐਸੀ ਸਭ ਨੂੰ ਵੱਸ ਕਰ ਲੈਣ ਵਾਲੀ ਕਵਲਾ (ਲਛਮੀ) ਸਣੇ ਆਪਣੇ ਪਤੀ (ਵਿਸ਼ਨੂੰ ਸਹਿਤ) ਸਾਧ ਸੰਗਤ ਦੀ ਸ਼ਰਨ ਵਿਚ ਆਈ ਹੈ।

(੬) (ਸਾਧ ਸੰਗਤ ਦੀ) ਸ਼ਰਨੀ ਲਗ ਕੇ, ਪੈਰੀਂ ਪੈ ਕੇ, ਚਰਨਾਂ ਦੀ ਧੂੜੀ ਬਣ ਗਈ ਹੈ, ਆਪਾ ਗਵਾ ਕੇ, ਉਹ ਫਿਰ ਆਪੇ ਨੂੰ ਜਤਾਉਂਦੀ ਵੀ ਨਹੀਂ ਹੈ।

(੭) (ਇਹ ਹੈ) ਗੁਰਮੁਖਾਂ ਦੇ ਸੁਖ ਫਲ (ਦੀ ਅਸਚਰਜ ਕਹਾਣੀ ਤੇ ਤਪ ਤਿਆਗ ਦੀ ਅਲੌਕਿਕ ਕਥਾ, ਜਿਸ ਕਾਰਨ ਉਸ ਦੀ) ਵੱਡੀ ਤੋਂ ਵੱਡੀ ਸੋਭਾ ਹੈ।੫।

***ਭਾਵਾਰਥ :*** ਇਹ ਮਾਇਆ ਨਾਗਨੀ ਰੂਪ ਹੋ ਕੇ ਸਾਰੇ ਜਗਤ ਨੂੰ ਹੀ ਲਪਟੀ ਹੋਈ ਹੈ, ਕਿਉਂਕਿ ਸਾਰੇ ਹੀ ਜਗਤ ਦੇ ਜੀਵ ਕਿਸੇ ਨ ਕਿਸੇ ਰੂਪ ਵਿਚ ਇਸੇ ਮਾਇਆ ਦੀ ਲਪੇਟ ਵਿਚ ਲਿਪਟੇ ਹੋਏ ਨਜ਼ਰ ਆਉਂਦੇ ਹਨ, ਜੋ ਭੀ ਕੋਈ ਮਨੁੱਖ ਇਸਦਾ ਪੁਜਾਰੀ ਹੈ ਉਸ ਨੂੰ ਤਾਂ ਇਹ ਖਾ ਹੀ ਜਾਂਦੀ ਹੈ, ਭਾਵ ਉਸਨੂੰ ਆਪਣਾ ਆਪ ਭੁਲਾ ਦੇਂਦੀ ਹੈ। ਪਰ ਇਸ ਜਗਤ ਵਿਚ ਇਕ ਗੁਰਮੁਖਾਂ ਦੀ ਸ਼੍ਰੇਣੀ ਹੈ, ਜਿਸ ਪਾਸ ਵਾਹਿਗੁਰੂ ਦੇ ਸਿਮਰਨ ਦਾ ਗਾਰੜੂ ਮੰਤ੍ਰ ਹੈ ਉਨ੍ਹਾਂ ਗੁਰਮੁਖਾਂ ਨੇ ਇਸ ਮਾਇਆ ਨਾਗਨੀ ਨੂੰ ਆਪਣੇ ਪੈਰਾਂ ਹੇਠ ਦਲ ਮਲ ਦਿਤਾ ਹੈ, ਭਾਵ ਗੁਰਮੁਖਾਂ 'ਤੇ ਇਸ ਮਾਇਆ ਦੀ ਮਮਤਾ ਦਾ ਕੋਈ ਭੀ ਅਸਰ ਨਹੀਂ ਹੁੰਦਾ, ਉਹ ਇਸ ਤੋਂ ਨਿਰਲੇਪ ਰਹਿ ਕੇ ਜੀਵਨ ਗੁਜ਼ਾਰ ਜਾਂਦੇ ਹਨ।

ਜਿਥੇ ਮਾਇਆ ਨੂੰ ਨਾਗਨੀ ਦੇ ਰੂਪ ਵਿਚ ਦਰਸਾਇਆ ਹੈ, ਉਥੇ ਇਸ ਮਾਇਆ ਨੂੰ ਸਰਪਨੀ ਦੇ ਨਾਮ ਨਾਲ ਪੁਕਾਰ ਕੇ ਭੀ ਇਸ ਦੀ ਪ੍ਰਬਲ ਸ਼ਕਤੀ ਨੂੰ ਦਰਸਾਇਆ ਹੈ :

ਸਰਪਨੀ ਤੇ ਊਪਰਿ ਨਹੀ ਬਲੀਆ॥
ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥੧॥
ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ॥
ਜਿਨਿ ਤ੍ਰਿਭਵਣੁ ਡਸੀਅਲੇ
ਗੁਰ ਪ੍ਰਸਾਦਿ ਡੀਠੀ॥੧॥ਰਹਾਉ॥
ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ॥
ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ॥੨॥

*(ਆਸਾ ਇਕ ਤੁਕੇ, ਪੰਨਾ ੪੮੦)*

ਭਾਵ ਹੈ ਕਿ ਇਸ ਮਾਇਆ ਰੂਪ ਸਰਪਨੀ 'ਤੇ ਉਪਰ ਹੋਰ ਕੋਈ ਭੀ ਬਲੀ ਨਹੀਂ ਹੈ, ਕਿਉਂਕਿ ਇਸਨੇ ਬ੍ਰਹਮਾ, ਵਿਸ਼ਨੂੰ, ਮਹਾਦੇਵ ਵੱਡੇ ਵੱਡੇ ਦੇਵਤਿਆਂ ਨੂੰ ਭੀ ਛਲ ਲਿਆ ਹੈ। ਪਰ ਗੁਰਮੁਖਾਂ ਨੇ ਗੁਰੂ ਦੀ ਕ੍ਰਿਪਾ ਦੁਆਰੇ ਵੇਖ ਲਿਆ ਹੈ ਕਿ ਇਸ ਸਰਪਨੀ ਮਾਇਆ ਨੇ ਤਿੰਨੇ ਭਵਨਾਂ ਦੇ ਲੋਕਾਂ ਨੂੰ ਡਸ ਲਿਆ ਹੈ। ਪਰ, ਜਿਨ੍ਹਾਂ ਗੁਰਮੁਖਾਂ ਨੇ ਗੁਰੂ ਦੁਆਰੇ ਸੱਚੇ ਸ਼ਬਦ ਦੀ ਪਛਾਣ ਕਰ ਲਈ ਹੈ ਉਨ੍ਹਾਂ ਨੇ ਨਿਰਭੈ ਹੋ ਕੇ ਸੱਚ ਨੂੰ ਦਰਸਾਉਣ ਲਈ ਇਹੋ ਉਪਦੇਸ਼ ਕੀਤਾ ਹੈ ਕਿ ਐ ਭਾਈਓ! ਇਹ ਨਿਸਚਾ ਕਰ ਲਓ ਕਿ ਜਿਨ੍ਹਾਂ ਰੱਬੀ ਮਾਰਗ 'ਤੇ ਚਲਣ ਵਾਲੇ ਲੋਕਾਂ ਨੇ ਸੱਚ ਪਰ ਨਿਸਚਾ ਕਰ ਲਿਆ ਹੈ ਉਨ੍ਹਾਂ ਨੇ ਇਸ ਮਾਇਆ ਰੂਪ ਸਰਪਨੀ ਨੂੰ ਹੀ ਖਾ ਲਿਆ ਹੈ ਭਾਵ ਉਨ੍ਹਾਂ ਗੁਰਮੁਖਾਂ 'ਤੇ ਮਾਇਆ ਦਾ ਕੋਈ ਭੀ ਪ੍ਰਭਾਵ ਨਹੀਂ ਪੈ ਸਕਦਾ, ਉਹ ਆਪਣਾ ਸਾਰਾ ਜੀਵਨ ਮਾਇਆ ਦੇ ਮੋਹ ਤੋਂ ਨਿਰਲੇਪ ਗੁਜ਼ਾਰ ਜਾਂਦੇ ਹਨ।

## ੬. ਬਲ ਰਾਜਾ ਤੇ ਬਾਵਨ ਦੀ ਸਾਖੀ ਤੋਂ ਚਰਨ-ਕਵਲਾਂ ਦੀ ਮਹਿਮਾ

**੧. ਬਾਵਨ ਰੂਪੀ ਹੋਇ ਕੈ**
**ਬਲਿ ਛਲਿ ਅਛਲ ਆਪੁ ਛਲਾਯਾ।**
**੨. ਕਰੋ ਅਢਾਈ ਧਰਤਿ ਮੰਗਿ**
**ਪਿੱਛੋਂ ਦੇ ਵਡ ਪਿੰਡੁ ਵਧਾਯਾ।**
**੩. ਦੁਇ ਕਰੁਵਾ ਕਰਿ ਤਿੰਨਿ ਲੋਅ**
**ਬਲਿ ਰਾਜੇ ਫਿਰਿ ਮਗਰੁ ਮਿਣਾਯਾ।**
**੪. ਸੁਰਗਹੁੰ ਚੰਗਾ ਜਾਣਿ ਕੈ**
**ਰਾਜੁ ਪਤਾਲ ਲੋਕ ਦਾ ਪਾਯਾ।**
**੫. ਬ੍ਰਹਮਾ ਬਿਸਨੁ ਮਹੇਸੁ ਤ੍ਰੈ**
**ਭਗਤ ਵਛਲ ਦਰਵਾਨ ਸਦਾਯਾ।**
**੬. ਬਾਵਨ ਲਖ ਸੁਪਾਵਨਾ**
**ਸਾਧਸੰਗਤਿ ਰਜ ਇੱਛ ਇਛਾਯਾ।**
**੭. ਸਾਧਸੰਗਤਿ ਗੁਰ ਚਰਨ ਧਿਆਯਾ ॥੬॥**

***ਪਦ ਅਰਥ :*** ਅਛਲ—ਜਿਸਨੂੰ ਕੋਈ ਛਲ ਨਹੀਂ ਸਕਦਾ। ਕਰੁਵਾ—ਕਦਮ, ਉਲਾਂਘ। ਪਿੰਡੁ—ਦੇਹ, ਸਰੀਰ। ਮਗਰੁ—ਸਰੀਰ ਦਾ ਮਗਰਲਾ ਹਿੱਸਾ, ਕੰਡ। ਸੁਪਾਵਨਾ—ਪਵਿੱਤ੍ਰ ਤੋਂ ਪਵਿੱਤ੍ਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਕਈ ਵਾਰ ਆਪ ਜੀ ਸਾਧ ਸੰਗਤ ਵਿਚ ਗੁਰਮਤ ਦੀਆਂ ਵੀਚਾਰਾਂ ਪ੍ਰਗਟ ਕਰਦੇ ਹੋਏ, ਸਨਾਤਨ ਪੁਸਤਕਾਂ ਵਿਚ ਆਏ ਪ੍ਰਸੰਗਾਂ ਦਾ ਭੀ ਜ਼ਿਕਰ ਕਰਦੇ ਹੋ, ਜਿਵੇਂ ਕਿ ਬਲ ਰਾਜਾ, ਸਹਸਬਾਹੂ, ਸ੍ਰੀ ਰਾਮ ਚੰਦ੍ਰ ਜੀ ਤੇ ਕ੍ਰਿਸ਼ਨ ਅਵਤਾਰ। ਕਿਉਂ ਜੀ! ਦਸੋਗੇ, ਕਿ ਇਨ੍ਹਾਂ ਦੇ ਸੰਗਤ ਵਿਚ ਸੁਣਾਉਣ ਦੀ ਆਪ ਜੀ ਦੀ ਅਸਲ ਮੁਰਾਦ ਕੀ ਹੈ?

ਉ: ਹੇ ਭਾਈਓ! ਅਸਲ ਵਿਚ ਕਿਸੇ ਅਨਮੱਤ ਦੀ ਪੁਸਤਕ ਵਿਚ ਆਏ ਕਿਸੇ ਖ਼ਿਆਲ ਨੂੰ ਅੰਕਤ ਕਰਨ ਦਾ ਭੀ ਮੇਰਾ ਭਾਵ ਗੁਰਮਤ ਨੂੰ ਹੀ ਉਜਾਗਰ ਕਰਨ ਦਾ ਹੋਇਆ ਕਰਦਾ ਹੈ, ਜਿਵੇਂ ਕਿ ਬਲ ਰਾਜਾ ਤੇ ਬਾਵਨ ਦਾ ਜ਼ਿਕਰ ਕਰਕੇ ਮੈਂ, ਸਾਧ ਸੰਗਤ ਤੇ ਗੁਰੂ ਦੇ ਚਰਨਾਂ

ਦੀ ਧੂੜ ਦੀ ਹੀ ਮਹਾਨਤਾ ਦਰਸਾਈ ਹੈ ਕਿਉਂਕਿ ਜਦੋਂ ਬਾਣੀ ਦੀ ਪੜਚੋਲ ਕਰੀਏ ਤਾਂ ਸਾਧ ਸੰਗਤ ਅਤੇ ਗੁਰੂ ਦੇ ਚਰਨਾਂ ਦੀ ਮਹਾਨਤਾ ਬਾਰ ਬਾਰ ਪ੍ਰਗਟਾਈ ਗਈ ਹੈ, ਜਿਵੇਂ ਕਿ :

ਗੁਰ ਕੇ ਚਰਣ ਊਪਰਿ ਬਲਿ ਜਾਈ ॥
ਦਿਨਸੁ ਰੈਨਿ ਸਾਸਿ ਸਾਸਿ ਸਮਾਲੀ
ਪੂਰਨੁ ਸਭਨੀ ਥਾਈ ॥ਰਹਾਉ॥

*(ਸੋਰਠਿ ਮ: ੫, ਪੰਨਾ ੬੨੮)*

ਗੁਰ ਕੇ ਚਰਣ ਊਪਰਿ ਮੇਰੇ ਮਾਥੇ ॥
ਤਾ ਤੇ ਦੁਖ ਮੇਰੇ ਸਗਲੇ ਲਾਥੇ ॥੧॥

*(ਗਉੜੀ ਮ: ੫, ਪੰਨਾ ੧੮੭)*

ਗੁਰ ਕੇ ਚਰਣ ਸਰੇਵਣੇ ਤੀਰਥ ਹਰਿ ਕਾ ਨਾਉ ॥
ਆਗੈ ਦਰਗਹਿ ਮੰਨੀਅਹਿ ਮਿਲੈ ਨਿਥਾਵੇ ਥਾਉ ॥੧॥

*(ਸਿਰੀ ਰਾਗੁ ਮ: ੫, ਪੰਨਾ ੫੨)*

ਗੁਰ ਕੇ ਚਰਣ ਹਿਰਦੈ ਵਸਾਇ ॥
ਦੁਖ ਦੁਸਮਨ ਤੇਰੀ ਹਤੈ ਬਲਾਇ ॥੨॥

*(ਗਉੜੀ ਮ: ੫, ਪੰਨਾ ੧੯੦)*

ਗੁਰ ਕੇ ਚਰਣ ਕਮਲ ਮਨ ਧਿਆਇ ॥
ਦੂਖੁ ਦਰਦੁ ਇਸੁ ਤਨ ਤੇ ਜਾਇ ॥੧॥ਰਹਾਉ॥

*(ਸੂਹੀ ਮ: ੫, ਪੰਨਾ ੭੪੧)*

ਗੁਰ ਕੈ ਚਰਣਿ ਚਿਤੁ ਲਾਗਾ ॥
ਧੰਨਿ ਧੰਨਿ ਸੰਜੋਗੁ ਸਭਾਗਾ ॥
ਸੰਤ ਕੀ ਧੂਰਿ ਲਾਗੀ ਮੇਰੈ ਮਾਥੇ ॥
ਕਿਲਵਿਖ ਦੁਖ ਸਗਲੇ ਮੇਰੇ ਲਾਥੇ ॥੨॥

*(ਰਾਮਕਲੀ ਮ: ੫, ਪੰਨਾ ੮੯੮)*

ਮਾਇਆ ਸਾਥਿ ਨ ਚਲਈ ਕਿਆ ਲਪਟਾਵਹਿ ਅੰਧ ॥
ਗੁਰ ਕੇ ਚਰਣ ਧਿਆਇ ਤੂ ਤੂਟਹਿ ਮਾਇਆ ਬੰਧ ॥੨॥

*(ਮ: ੫, ਪੰਨਾ ੧੦੯੩)*

ਗੁਰ ਕੇ ਚਰਣ ਧੋਇ ਧੋਇ ਪੀਵਾ ॥੧॥
ਗੁਰ ਕੀ ਰੇਣੁ ਨਿਤ ਮਜਨੁ ਕਰਉ ॥
ਜਨਮ ਜਨਮ ਕੀ ਹਉਮੈ ਮਲੁ ਹਰਉ ॥੨॥

*(ਗਉੜੀ ਮ: ੫, ਪੰਨਾ ੨੩੯)*

ਗੁਰ ਕੇ ਚਰਣ ਮਨ ਮਾਹਿ ਵਸਾਇ ॥
ਦੁਖੁ ਅਨ੍ਹੇਰਾ ਅੰਦਰਹੁ ਜਾਇ ॥

*(ਪ੍ਰਭਾਤੀ ਮ: ੩, ਪੰਨਾ ੧੩੩੫)*

ਗੁਰ ਕੇ ਚਰਣ ਰਿਦੈ ਉਰਿ ਧਾਰਿ ॥
ਅਗਨਿ ਸਾਗਰੁ ਜਪਿ ਉਤਰਹਿ ਪਾਰਿ ॥੨॥

*(ਗਉੜੀ ਮ: ੫, ਪੰਨਾ ੧੯੨)*

ਗੁਰ ਕੀ ਚਰਣੀ ਲਗਿ ਰਹੁ ਵਿਚਹੁ ਆਪੁ ਗਵਾਇ ॥
ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥੭॥

*(ਸਿਰੀ ਰਾਗੁ ਮ: ੧, ਪੰਨਾ ੬੧)*

ਗੁਰ ਕੇ ਚਰਣ ਵਸੇ ਮਨ ਮਾਹੀ ॥
ਅੰਗੀਕਾਰੁ ਕੀਆ ਤਿਨਿ ਕਰਤੈ
ਦੁਖ ਕਾ ਡੇਰਾ ਢਾਹਿਆ ਜੀਉ ॥

*(ਮਾਝ ਮਹਲਾ ੫, ਪੰਨਾ ੧੦੭)*

ਗੁਰ ਕੇ ਚਰਨ ਹਿਰਦੈ ਧਿਆਏ
ਅੰਤਰ ਆਤਮੈ ਸਮਾਲੇ ॥
ਆਪੁ ਛਡਿ ਸਦਾ ਰਹੈ ਪਰਣੈ
ਗੁਰ ਬਿਨੁ ਅਵਰੁ ਨ ਜਾਣੈ ਕੋਏ ॥

*(ਅਨੰਦੁ ਸਾਹਿਬ, ਪੰਨਾ ੯੧੯)*

ਗੁਰ ਕੇ ਚਰਨ ਹਿਰਦੈ ਵਸਾਏ ॥
ਕਰਿ ਕਿਰਪਾ ਪ੍ਰਭਿ ਆਪਿ ਮਿਲਾਏ ॥

*(ਮਲਾਰ ਮ: ੫, ਪੰਨਾ ੧੨੭੦)*

ਗੁਰ ਕੇ ਚਰਨ ਹਿਰਦੈ ਵਸਾਏ ॥
ਮਨ ਚਿੰਤਤ ਸਗਲੇ ਫਲ ਪਾਏ ॥

*(ਆਸਾ ਮਹਲਾ ੫, ਪੰਨਾ ੩੯੫)*

ਗੁਰ ਕੇ ਚਰਨ ਹਿਰਦੈ ਵਸਾਇ ਮੂੜੇ
ਪਿਛਲੇ ਗੁਨਹ ਸਭ ਬਖਸਿ ਲਇਆ ॥੧੫॥

*(ਆਸਾ ਮ: ੩, ਪੰਨਾ ੪੩੫)*

ਸਤਿਗੁਰੁ ਅਪਨਾ ਸਦ ਸਦਾ ਸਮ੍ਹਾਰੇ ॥
ਗੁਰ ਕੇ ਚਰਨ ਕੇਸ ਸੰਗਿ ਝਾਰੇ ॥੧॥

*(ਆਸਾ ਮ: ੫, ਪੰਨਾ ੩੮੭)*

ਗੁਰ ਕੇ ਚਰਨ ਕਮਲ ਨਮਸਕਾਰਿ ॥
ਕਾਮੁ ਕ੍ਰੋਧੁ ਇਸੁ ਤਨ ਤੇ ਮਾਰਿ ॥

*(ਗੋਂਡ ਮ: ੫, ਪੰਨਾ ੮੬੬)*

ਗੁਰ ਕੇ ਚਰਨ ਕਵਲ ਰਿਦ ਧਾਰੇ ॥
ਬਿਘਨੁ ਨ ਲਾਗੈ ਤਿਲ ਕਾ ਕੋਈ
ਕਾਰਜ ਸਗਲ ਸਵਾਰੇ ॥੧॥ਰਹਾਉ॥

*(ਸੋਰਠਿ ਮ: ੫, ਪੰਨਾ ੬੨੪)*

ਗੁਰ ਕੇ ਚਰਨ ਜੀਅ ਕਾ ਨਿਸਤਾਰਾ ॥
ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ ॥੧॥

*(ਧਨਾਸਰੀ ਮ: ੫, ਪੰਨਾ ੬੮੪)*

ਇਸੇ ਤਰ੍ਹਾਂ ਹੋਰ ਵੀ ਬਾਣੀ ਦਾ ਪਾਠ ਕਰਦਿਆਂ ਸਾਨੂੰ ਅਨੇਕਾਂ ਉਦਾਹਰਣ ਮਿਲਦੇ ਹਨ, ਜਿਨ੍ਹਾਂ ਵਿਚ ਗੁਰੂ ਦੇ ਚਰਨ ਅਤੇ ਚਰਨ ਧੂੜ ਦੀ ਮਹਾਨ ਮਹਿਮਾ ਦਰਸਾਈ ਗਈ ਹੈ, ਇਨ੍ਹਾਂ ਉਪ੍ਰੋਕਤ ਪੰਗਤੀਆਂ ਦੀ ਪ੍ਰੇਰਨਾ ਲੈ ਕੇ ਮੈਂ ਬਲ ਰਾਜਾ ਤੇ ਬਾਵਨ ਦਾ ਜ਼ਿਕਰ ਕਰਕੇ ਇਸ ਪਉੜੀ ਵਿਚ ਗੁਰੂ ਦੇ ਚਰਨਾਂ ਦੀ ਪਵਿੱਤ੍ਰਤਾ ਹੀ ਦਰਸਾਈ ਹੈ। ਕਿਉਂਕਿ ਬਾਵਨ ਜੈਸੇ ਵੱਡੇ ਵੱਡੇ ਅਵਤਾਰ ਭੀ ਲੱਖਾਂ ਹੀ ਹਨ ਜਿਨ੍ਹਾਂ ਨੇ ਸਾਧ ਸੰਗਤ ਤੇ ਗੁਰੂ ਦੇ ਚਰਨਾਂ ਦੀ ਧੂੜੀ ਪ੍ਰਾਪਤ ਕਰਨ ਦਾ ਹੀ ਉਪਰਾਲਾ ਕੀਤਾ ਹੈ। ਜਿਵੇਂ ਕਿ ਅਸੀਂ ਇਸ ਪਉੜੀ ਦੁਆਰੇ ਵੇਖਦੇ ਹਾਂ ਕਿ :

(੧) (ਪਰਮੇਸ਼ਰ ਨੇ ਨਿੱਕਾ ਜਿਹਾ ਬਾਉਣਾ) ਬਾਵਨ ਰੂਪ ਧਾਰ ਕੇ, ਰਾਜੇ ਬਲ ਨੂੰ ਛਲ ਲਿਆ, (ਪਰ ਬਲ ਦੀ ਭਗਤੀ ਤੇ ਪ੍ਰਸੰਨ ਹੋ ਫਿਰ) ਅਛਲ ਨੇ ਆਪ ਨੂੰ ਛਲਾ ਲਿਆ।

(੨) ਦਾਨ ਮੰਗਿਆ ਢਾਈ ਕਰਮ ਧਰਤੀ (ਤੇ ਬਲ ਨੇ ਮੰਨ ਲਿਆ ਪਰ) ਬਾਵਨ ਨੇ ਨਿੱਕੇ ਜਿਹੇ ਸਰੀਰ ਨੂੰ ਏਨਾ ਵਧਾਇਆ ਕਿ :

(੩) ਦੋ ਕਦਮਾਂ ਨਾਲ ਸਾਰੀ ਧਰਤੀ ਮਿਣ ਲਈ। ਤਿੰਨੇ ਲੋਕ ਹੀ ਉਸਦੇ ਦੋ ਕਦਮਾਂ ਵਿਚ ਗਿਣੇ ਗਏ। ਇਹ ਵੇਖ ਰਾਜਾ ਬਲ ਡੋਲਿਆ ਨਹੀਂ, ਧਰਮ (ਬਚਨ, ਪ੍ਰਣ) ਅਨੁਸਾਰ ਬਾਕੀ ਅੱਧੇ ਕਦਮ ਲਈ ਆਪਣੇ ਆਪ ਨੂੰ ਪੇਸ਼ ਕਰ ਦਿਤਾ। ਬਾਵਨ ਨੇ ਬਲ ਨੂੰ ਮੂੰਹ ਪਰਨੇ ਲੇਟੇ ਨੂੰ ਪਿੱਠ ਉਪਰ ਪੈਰ ਰਖ ਕੇ ਮਿਣਿਆ (ਤੇ ਦਬਾ ਕੇ ਪਤਾਲ ਵਿਚ ਧੱਕ ਦਿਤਾ)।

(੪) (ਬਲ ਨੇ ਬਾਵਨ ਦੇ ਪੈਰ ਫੜ ਲਏ ਤਾਂ ਬਾਵਨ ਨੇ ਖ਼ੁਸ਼ ਹੋ ਪਤਾਲ ਦਾ ਰਾਜ ਦੇ ਦਿਤਾ)। ਉਸ ਨੇ ਸੁਰਗ ਤੋਂ ਚੰਗਾ, ਪਤਾਲ ਦੇ ਰਾਜ ਨੂੰ ਜਾਣ (ਉਹ ੧੦੦ ਯਗ ਸੰਪੂਰਨ ਕਰਕੇ ਸੁਰਗਪੁਰੀ ਦਾ ਰਾਜ ਲੈਣਾ ਚਾਹੁੰਦਾ ਸੀ ਪਰ ਪਰਮੇਸ਼ਰ ਨੇ ਬਾਵਨ ਰੂਪ ਹੋ ਉਸਨੂੰ) ਪਤਾਲ ਦਾ ਰਾਜ ਬਖ਼ਸ਼ ਦਿਤਾ।

(੫) (ਬਲ ਨੂੰ ਦਿਤੇ ਬਚਨ ਅਨੁਸਾਰ) ਵਿਸ਼ਨੂੰ, ਬ੍ਰਹਮਾ ਤੇ ਸ਼ਿਵਜੀ ਤਿੰਨੇ ਹੀ ਉਸਦੇ ਦਰ ਦੇ ਦਰਵਾਨ (ਪਹਿਰੇਦਾਰ) ਬਣ ਕੇ ਵਾਰੋ ਵਾਰੀ ਪਹਿਰਾ ਦੇ ਰਹੇ ਹਨ। ਕਿਉਂਕਿ ਪ੍ਰਭੂ ਦਾ ਬਿਰਦ ਭਗਤ ਵਛਲ ਹੈ ਤੇ ਬਲ ਦੀ ਨਿੰਮ੍ਰਤਾ ਧਾਰਨ ਵਿਚ ਸਭ ਭਗਤੀਆਂ ਆ ਗਈਆਂ ਤੇ ਉਸਨੇ ਅਛਲ ਨੂੰ ਛਲ ਲਿਆ।

(੬) (ਭਾਈ ਸਾਹਿਬ ਜੀ ਲਿਖਦੇ ਹਨ ਕਿ) ਬਾਵਨ ਵਰਗੇ ਸੁਪਾਵਨ (ਵੱਡੇ ਪਵਿੱਤ੍ਰ) ਲੱਖਾਂ ਹਨ, ਜਿਨ੍ਹਾਂ ਨੇ ਸਾਧ ਸੰਗਤ ਦੀ ਚਰਨ ਧੂੜੀ ਦੀ ਇੱਛਾ ਹੀ ਕੀਤੀ ਹੈ, ਜੋ ਸਭ ਇੱਛਾ ਨੂੰ ਪੂਰਨ ਕਰਨ ਵਾਲੀ ਹੈ।

(੭) (ਇਸ ਲਈ ਅਸਾਂ) ਸਾਧ ਸੰਗਤ ਤੇ ਗੁਰੂ ਦੇ ਚਰਨਾਂ ਦੀ ਅਰਾਧਨਾ ਕੀਤੀ ਹੈ।੬।

***ਭਾਵਾਰਥ :*** ਇਸ ਬਲ ਰਾਜੇ ਦੇ ਪ੍ਰਸੰਗ ਤੋਂ ਸਾਨੂੰ ਇਹ ਭੀ ਬੋਧ ਮਿਲਦਾ ਹੈ ਕਿ ਇਸ ਲੋਕ ਦਾ ਰਾਜ ਕਰਦਾ ਹੋਇਆ ਬਲ ਰਾਜਾ ਮਨ ਕਰਕੇ ਤ੍ਰਿਪਤ ਨਹੀਂ ਸੀ ਹੋਇਆ ਇਸੀ ਕਰਕੇ ਉਹ ਇਕ ਸੌ ਯਗ ਕਰਕੇ ਸੁਰਗਪੁਰੀ ਦਾ ਰਾਜ ਹਾਸਲ ਕਰਨ ਲਈ ਜਤਨ ਕਰਦਾ ਰਿਹਾ। ਅਸਲ ਵਿਚ ਰਾਜਾ ਦੇ ਅੱਖਰੀਂ ਅਰਥ ਰੱਜਿਆ ਹੋਇਆ ਹੈ, ਜੋ ਵੱਡੇ ਤੋਂ ਵੱਡਾ ਰਾਜ ਪ੍ਰਾਪਤ ਕਰਕੇ ਮਨ ਨਹੀਂ ਰੱਜਿਆ ਉਸਨੂੰ ਤਾਂ ਗੁਰਮਤ ਨੇ ਇਉਂ ਹੀ ਭੁੱਖਾ ਮੰਨਿਆ ਹੈ ਕਿ ਜਿਵੇਂ ਮਾਰੂਥਲ ਦੀ ਧਰਤੀ ਮੀਂਹ ਦੇ ਪਾਣੀ ਨਾਲ ਨਹੀਂ ਰੱਜਦੀ, ਅਗਨੀ ਵਧੇਰੇ ਲੱਕੜਾਂ ਨਾਲ ਤ੍ਰਿਪਤ ਨਹੀਂ ਹੁੰਦੀ, ਸਮੁੰਦਰ ਪਾਣੀ ਨਾਲ ਨਹੀਂ ਰੱਜਦਾ। ਇਸੇ ਤਰ੍ਹਾਂ ਉਸ ਰਾਜੇ ਨੂੰ ਭੀ ਜਾਣੋ ਜੋ (ਰਾਜਾ ਰਾਜ ਨ ਤ੍ਰਿਪਤਿਆ) ਵੱਡੇ ਤੋਂ ਵੱਡਾ ਰਾਜ ਕਰਦਾ ਹੋਇਆ ਤ੍ਰਿਪਤ ਨਹੀਂ ਹੋਇਆ। ਕਿਉਂਕਿ ਉਸਨੂੰ ਮਾਨਸਕ ਤ੍ਰਿਪਤੀ ਨਹੀਂ ਮਿਲ ਸਕੀ।

ਪਰ, ਜੋ ਸਾਧ ਸੰਗਤ ਵਿਚ ਜੁੜ ਕੇ ਗੁਰੂ ਕੇ ਚਰਨਾਂ ਦਾ ਧਿਆਨ ਕਰਦਾ ਹੋਇਆ ਆਪਣਾ ਜੀਵਨ ਗੁਜ਼ਾਰਦਾ ਹੈ, ਉਹ ਸਤਿਸੰਗੀ ਮਨ ਕਰਕੇ ਸਦਾ ਹੀ ਹਰ ਪੱਖੋਂ ਪ੍ਰਸੰਨ ਚਿਤ ਰਹਿੰਦਾ ਹੈ, ਕਿਉਂਕਿ ਉਸਨੂੰ ਸਦੀਵੀ ਮਾਨਸਕ ਤ੍ਰਿਪਤੀ ਹਾਸਲ ਹੋ ਗਈ ਹੈ।

## ੭. ਸਹੰਸਰ ਬਾਹੂ ਤੇ ਪਰਸਰਾਮ ਦੀ ਵਾਰਤਾ

**੧. ਸਹਸ ਬਾਹੁ ਜਮਦਗਨਿ ਘਰਿ**
**ਹੋਇ ਪਰਾਹੁਣਚਾਰੀ ਆਯਾ।**
**੨. ਕਾਮਧੇਨ ਲੋਭਾਇ ਕੈ**
**ਜਮਦਗਨੈ ਦਾ ਸਿਰੁ ਵਢਵਾਯਾ।**
**੩. ਪਿੱਟਦੀ ਸੁਣਿ ਕੈ ਰੇਣੁਕਾ**
**ਪਰਸਰਾਮ ਧਾਈ ਕਰਿ ਧਾਯਾ।**
**੪. ਇੱਕੀ ਵਾਰ ਕਰੋਧ ਕਰਿ**
**ਖੱਤ੍ਰੀ ਮਾਰਿ ਨਿਖੱਤ੍ਰ ਕਰਾਯਾ।**

**੫. ਚਰਣ ਸਰਣਿ ਫੜਿ ਉਬਰੇ**
**ਦੂਜੈ ਕਿਸੈ ਨ ਖੜਗੁ ਉਚਾਯਾ।**
**੬. ਹਉਮੈ ਮਾਰਿ ਨ ਸੱਕੀਆ**
**ਚਿਰੰਜੀਵ ਹੁਇ ਆਪੁ ਜਣਾਯਾ।**
**੭. ਚਰਣ ਕਮਲ ਮਕਰੰਦੁ ਨ ਪਾਯਾ॥੭॥**

***ਪਦ ਅਰਥ :*** ਸਹਸ ਬਾਹੁ—ਹਜ਼ਾਰ ਬਾਹਵਾਂ ਵਾਲਾ। ਜਮਦਗਨਿ—ਰਿਖੀ ਦਾ ਨਾਮ ਸੀ। ਪਰਾਹੁਣਚਾਰੀ—ਪਰਾਹੁਣਾ ਬਣ ਕੇ। ਰੇਣੁਕਾ—ਜਮਦਗਨ ਦੀ ਪਤਨੀ। ਨਿਖੱਤ੍ਰ—ਖੱਤ੍ਰੀਆਂ ਤੋਂ ਪ੍ਰਿਥਵੀ ਖ਼ਾਲੀ ਕਰ ਦਿੱਤੀ, ਭਾਵ ਖੱਤ੍ਰੀ ਸਾਰੇ ਮਾਰ ਦਿਤੇ।

***ਅਰਥ :***

**ਪ੍ਰ :** ਭਾਈ ਸਾਹਿਬ ਜੀਉ ! ਕਈ ਵਾਰ ਆਪ ਜੀ ਸੰਗਤਾਂ ਵਿਚ ਸਹਸ ਬਾਹੂ ਅਤੇ ਪਰਸਰਾਮ ਦੀ ਵਾਰਤਾ ਭੀ ਸੁਣਾਇਆ ਕਰਦੇ ਹੋ, ਕਿਉਂ ਜੀ ! ਦਸੋਗੇ ਕਿ ਇਸ ਵਾਰਤਾਲਾਪ ਦਾ ਗੁਰਮਤ ਨਾਲ ਤਾਲਮੇਲ ਕੀ ਹੈ ਤੇ ਇਸ ਤੋਂ ਗੁਰੂ ਨਾਨਕ ਨਾਮ ਲੇਵਾ ਸ਼ਰਧਾਲੂ ਸਿਖ ਨੂੰ ਸਿਖਿਆ ਕੀ ਹਾਸਲ ਹੁੰਦੀ ਹੈ, ਇਸ ਸੰਬੰਧੀ ਕੁਝ ਜਾਣਕਾਰੀ ਦਿਓ ?

**ਉ :** ਹੇ ਭਾਈਓ ! ਇਸ ਪਰਸਰਾਮ ਦੇ ਪ੍ਰਸੰਗ ਦੁਆਰੇ ਜੋ ਮੈਨੂੰ ਬੋਧ ਮਿਲਿਆ ਹੈ ਉਹ ਹੈ ਹਉਮੈਂ ਹੰਕਾਰ ਜੋ ਗੁਰਮਤ ਨੂੰ ਕਬੂਲ ਨਹੀਂ। ਇਹ ਠੀਕ ਹੈ ਕਿ ਪਰਸਰਾਮ ਨੇ ਖੱਤ੍ਰੀਆਂ ਨੂੰ ਮਾਰ ਦੇਣ ਦੀ ਬੜੀ ਵੱਡੀ ਬਹਾਦਰੀ ਦਰਸਾਈ ਹੈ, ਪਰ ਇਸ ਬਹਾਦਰੀ ਨੇ ਉਸ ਨੂੰ ਰੱਬੀ ਦਰਬਾਰ ਵਿਚ ਕਬੂਲ ਨਹੀਂ ਹੋਣ ਦਿਤਾ, ਇਸ ਲਈ ਪ੍ਰਸੰਗ ਤੋਂ ਹਰ ਮਨੁੱਖ ਮਾਤ੍ਰ ਨੂੰ ਹਉਮੈਂ ਹੰਕਾਰ ਤੋਂ ਰਹਿਤ ਰਹਿ ਕੇ ਜੀਵਨ ਗੁਜ਼ਾਰਨ ਦੀ ਪ੍ਰੇਰਨਾ ਮਿਲਦੀ ਹੈ ਕਿਉਂਕਿ ਹਉਮੈਂ ਹੰਕਾਰ ਨੂੰ ਗੁਰਬਾਣੀ ਵਿਚ ਸਭ ਤੋਂ ਵੱਡਾ ਮਾਨਸਕ ਰੋਗ ਦਰਸਾਇਆ ਹੈ। ਇਸ ਬਾਰੇ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਬਹੁਤ ਉਦਾਹਰਣ ਮਿਲਦੇ ਹਨ, ਜਿਵੇਂ ਕਿ :

ਹਰਿ ਜੀਉ ਅਹੰਕਾਰੁ ਨ ਭਾਵਈ
ਵੇਦ ਕੂਕਿ ਸੁਣਾਵਹਿ॥
ਅਹੰਕਾਰਿ ਮੁਏ ਸੇ ਵਿਗਤੀ ਗਏ
ਮਰਿ ਜਨਮਹਿ ਫਿਰਿ ਆਵਹਿ॥੯॥

*(ਪਉੜੀ, ਪੰਨਾ ੧੦੮੯)*

ਹਉਮੈ ਅੰਦਰਿ ਖੜਕੁ ਹੈ ਖੜਕੇ ਖੜਕਿ ਵਿਹਾਇ॥
ਹੰਉਮੈ ਵਡਾ ਰੋਗੁ ਹੈ ਮਰਿ ਜੰਮੈ ਆਵੈ ਜਾਇ॥

*(ਮ: ੩, ਪੰਨਾ ੫੯੨)*

ਹਉਮੈ ਅੰਤਰਿ ਮੈਲੁ ਹੈ ਸਬਦਿ ਨ ਕਾਢਹਿ ਧੋਇ॥
ਨਾਨਕ ਬਿਨੁ ਨਾਵੈ ਮੈਲਿਆ
ਮੁਏ ਜਨਮੁ ਪਦਾਰਥੁ ਖੋਇ॥੨੦॥

*(ਸਲੋਕ ਮ: ੩, ਪੰਨਾ ੧੪੧੫)*

ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ॥
ਹਉਮੈ ਆਵੈ ਜਾਇ ਭਰਮਿ ਭੁਲਾਵਣਾ॥੧॥ਰਹਾਉ॥

*(ਸੂਹੀ ਮ: ੧, ਪੰਨਾ ੭੫੨)*

ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥....
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥

*(ਮ: ੨, ਪੰਨਾ ੪੬੬)*

ਹਉਮੈ ਕਰਤਿਆ ਨਹ ਸੁਖੁ ਹੋਇ॥
ਮਨ ਮਤਿ ਝੂਠੀ ਸਚਾ ਸੋਇ॥

*(ਗਉੜੀ ਮ: ੫, ਪੰਨਾ ੨੨੨)*

ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ॥
ਮਾਇਆ ਮੋਹਿ ਵਿਸਾਰਿਆ ਸੁਖਦਾਤਾ ਦਾਤਾਰੁ॥

*(ਸਿਰੀਰਾਗੁ ਮ: ੩, ਪੰਨਾ ੩੪)*

ਹਉਮੈ ਕਰਤ ਭੇਖੀ ਨਹੀ ਜਾਨਿਆ॥
ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ॥੧॥
ਹਉ ਹਉ ਕਰਤ ਨਹੀ ਸਚੁ ਪਾਈਐ॥
ਹਉਮੈ ਜਾਇ ਪਰਮ ਪਦੁ ਪਾਈਐ॥੧॥ਰਹਾਉ॥
ਹਉਮੈ ਕਰਿ ਰਾਜੇ ਬਹੁ ਧਾਵਹਿ॥
ਹਉਮੈ ਖਪਹਿ ਜਨਮਿ ਮਰਿ ਆਵਹਿ॥੨॥

*(ਗਉੜੀ ਮ: ੧, ਪੰਨਾ ੨੨੬)*

ਹਉਮੈ ਕਰਦਿਆ ਜਨਮੁ ਗਵਾਇਆ॥
ਆਗੈ ਮੋਹੁ ਨ ਚੂਕੈ ਮਾਇਆ॥

*(ਮਾਰੂ ਮ: ੩, ਪੰਨਾ ੧੦੬੩)*

ਮਨਮੁਖਿ ਹਰਿ ਰਸੁ ਚਾਖਿਆ ਨ ਜਾਇ॥
ਹਉਮੈ ਕਰੈ ਬਹੁਤੀ ਮਿਲੈ ਸਜਾਇ॥੩॥

*(ਸੂਹੀ ਮ: ੪, ਪੰਨਾ ੭੩੩)*

ਹਉਮੈ ਕਰਮ ਕਮਾਵਦੇ ਮਨਮੁਖਿ ਮਿਲੈ ਸਜਾਇ॥੧॥

*(ਗਉੜੀ ਮ: ੩, ਪੰਨਾ ੧੬੨)*

ਹਉਮੈ ਜਗਤੁ ਦੁਖਿ ਰੋਗਿ ਵਿਆਪਿਆ
ਮਰਿ ਜਨਮੈ ਰੋਵੈ ਧਾਹੀ॥੧॥

*(ਸੋਰਠਿ ਮ: ੩, ਪੰਨਾ ੬੦੩)*

ਹਉਮੈ ਜਗਤੁ ਭੁਲਾਇਆ
ਦੁਰਮਤਿ ਬਿਖਿਆ ਬਿਕਾਰ॥ *(ਮ: ੪, ਪੰਨਾ ੩੧੨)*

ਹਉਮੈ ਜਲਤੇ ਜਲਿ ਮੁਏ ਭ੍ਰਮਿ ਆਏ ਦੂਜੈ ਭਾਇ॥
*(ਸਲੋਕ ਮ: ੩, ਪੰਨਾ ੬੪੩)*

ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ॥
ਹਉਮੈ ਵਿਚਿ ਸੇਵਾ ਨ ਹੋਵਈ
ਤਾ ਮਨੁ ਬਿਰਥਾ ਜਾਇ॥੧॥
*(ਵਡਹੰਸੁ ਮ: ੩, ਪੰਨਾ ੫੬੦)*

ਹਉਮੈ ਭਗਤਿ ਕਰੇ ਸਭੁ ਕੋਇ॥
ਨਾ ਮਨੁ ਭੀਜੈ ਨਾ ਸੁਖੁ ਹੋਇ॥
*(ਮਾਰੂ ਮ: ੩, ਪੰਨਾ ੧੨੨੮)*

ਇਸ ਤਰ੍ਹਾਂ ਮੈਨੂੰ ਗੁਰਬਾਣੀ ਵਿਚੋਂ ਹਉਮੈ ਤੇ ਹੰਕਾਰ ਦੇ ਸੰਬੰਧ ਵਿਚ ਹੋਰ ਭੀ ਬਹੁਤ ਸਾਰੇ ਪ੍ਰਮਾਣ ਪੜ੍ਹਨ ਵਿਚ ਆਏ ਹਨ, ਜਿਨ੍ਹਾਂ ਤੋਂ ਇਹ ਬੋਧ ਮਿਲਿਆ ਹੈ ਕਿ ਜਿਸ ਦੇ ਅੰਤਰ ਆਤਮੇ ਹਉਮੈਂ ਤੇ ਹੰਕਾਰ ਹੈ, ਉਸ ਦੀ ਬੰਦਗੀ ਕੀਤੀ ਹੋਈ ਭੀ ਦਰਬਾਰ ਵਿਚ ਕਬੂਲ ਨਹੀਂ ਹੁੰਦੀ ਕਿਉਂਕਿ ਹਉਮੈ ਤੇ ਪ੍ਰਭੂ ਨਾਮ ਦੋਵੇਂ ਪ੍ਰਸਪਰ ਵਿਰੋਧੀ ਪਦਾਰਥ ਹਨ, ਇਹ ਇਕੋ ਸਮੇਂ ਕਿਸੇ ਹਿਰਦੇ ਅੰਦਰ ਰਹਿ ਨਹੀਂ ਸਕਦੇ। ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਨੇ ਹਰ ਮਨੁੱਖ ਮਾਤ੍ਰ ਨੂੰ ਹਉਮੈ ਤੇ ਹੰਕਾਰ ਨੂੰ ਤਿਆਗ ਕਰਨ ਦੀ ਬਾਰ ਬਾਰ ਪ੍ਰੇਰਨਾ ਕੀਤੀ ਹੈ। ਸੋ, ਮੈਂ ਭੀ ਗੁਰਬਾਣੀ ਦੀਆਂ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਅੰਕਤ ਕੀਤੀਆਂ ਹਨ, ਜਿਨ੍ਹਾਂ ਵਿਚ ਭੀ ਇਹੋ ਭਾਵ ਉੱਕਰਿਆ ਹੈ ਕਿ ਜੇ ਕਿਸੇ ਪ੍ਰਮਾਰਥੀ ਮਾਰਗ 'ਤੇ ਸਫ਼ਰ ਕਰਨ ਵਾਲੇ ਨੇ ਹਉਮੈ ਤੇ ਹੰਕਾਰ ਨੂੰ ਨਹੀਂ ਮਾਰਿਆ ਤਾਂ ਉਸ ਦੇ ਕੀਤੇ ਸ਼ੁਭ ਕਰਮ ਭੀ ਇਕ ਲੋਕ ਵਿਖਾਵਾ ਮੰਨਿਆ ਜਾਵੇਗਾ। ਉਹ ਪਰਸਰਾਮ ਵਾਂਗੂੰ ਭਾਵੇਂ ਤਪੱਸਿਆ ਦੇ ਬਲ ਕਰਕੇ ਚਿਰੰਜੀਵੀ ਭੀ ਕਿਉਂ ਨਾ ਹੋ ਜਾਵੇ ਉਹ ਪਰੀਪੂਰਨ ਪਰਮੇਸ਼ਰ ਦੇ ਚਰਨ ਕਵਲਾਂ ਦਾ ਰਸ ਨਹੀਂ ਪ੍ਰਾਪਤ ਕਰ ਸਕਦਾ। ਜਿਵੇਂ :

(੧) (ਜਦੋਂ ਅਸੀਂ ਹਿੰਦੂ ਮੱਤ ਦੀਆਂ ਪੁਰਾਣਕ ਕਥਾਵਾਂ ਪੜ੍ਹਦੇ ਸੁਣਦੇ ਹਾਂ ਤਾਂ ਸਾਨੂੰ ਜਾਣਕਾਰੀ ਮਿਲਦੀ ਹੈ ਕਿ) ਹਜ਼ਾਰਾਂ ਬਾਹਾਂ ਵਾਲਾ ਰਾਜਾ (ਜਿਸ ਦੀਆਂ ਹਜ਼ਾਰਾਂ ਬਾਹਾਂ ਸਨ) ਜਮਦਗਨ ਰਿਖੀ (ਜੋ ਰਿਸ਼ਤੇ ਵਿਚ ਉਸਦਾ ਸਾਂਢੂ ਸੀ) ਉਸ ਦੇ ਘਰ (ਜੰਗਲ ਵਿਖੇ) ਪਰਾਹੁਣਾ ਬਣ ਕੇ ਆ ਗਿਆ।

(੨) ਜਮਦਗਨ ਰਿਖੀ ਨੇ ਅਰਾਧਨਾ ਕੀਤੀ ਤੇ ਕਾਮਧੇਨ ਗਊ ਪਰਾਹੁਣਿਆਂ ਦੀ ਖ਼ਾਤਰਦਾਰੀ (ਸੇਵਾ ਕਰਨ ਲਈ) ਸਵਰਗਾਂ ਵਿਚੋਂ ਧਰਤੀ 'ਤੇ ਆਪਣੇ ਘਰ ਵਿਖੇ ਲੈ ਆਂਦੀ। ਤਰ੍ਹਾਂ ਤਰ੍ਹਾਂ ਦੇ ਸਵਾਦਿਸ਼ਟ ਭੋਜਨ ਰਾਜੇ ਦੀ ਫ਼ੌਜ ਤੇ ਹੋਰ ਸਭ ਨੂੰ ਮਿਲੇ। (ਜਮਦਗਨ ਨੇ ਵੇਖ ਲਿਆ ਕਿ ਕਾਮਧੇਨ ਗਊ ਤੋਂ ਇਹ ਸਭ ਕੁਝ ਮਿਲਿਆ ਹੈ ਤਾਂ ਉਹ) ਕਾਮਧੇਨ ਗਊ ਦਾ ਲੋਭੀ ਹੋ ਗਿਆ (ਕਿ ਇਸਨੂੰ ਮੈਂ ਕਬਜ਼ੇ ਵਿਚ ਕਰ ਲਵਾਂ, ਕਿਉਂਕਿ ਜੇ ਜਮਦਗਨ ਤੋਂ ਮੰਗੀ ਤਾਂ ਉਸਨੇ ਇਹੋ ਕਹਿਣਾ ਹੈ ਕਿ ਇਹ ਮੇਰੀ ਨਹੀਂ ਹੈ, ਇਹ ਤਾਂ ਸਵਰਗਾਂ ਤੋਂ ਆਈ ਉਥੇ ਹੀ ਜਾਵੇਗੀ। ਉਹ ਜ਼ਬਰਦਸਤੀ ਕਰਨ ਲੱਗਾ ਤਾਂ ਕਾਮਧੇਨ ਗਊ ਸਵਰਗਾਂ ਨੂੰ ਉਡ ਗਈ ਤੇ ਸਹਸਬਾਹੂ ਨੇ ਗੁਸੇ ਵਿਚ ਆ ਕੇ) ਰਿਖੀ ਜਮਦਗਨ ਦਾ ਸਿਰ ਤਲਵਾਰ ਮਾਰ ਕੇ ਵੱਢ ਦਿਤਾ।

(੩) (ਰਿਖੀ ਦੀ ਪਤਨੀ) ਰੇਣੁਕਾ ਪਤੀ ਦਾ ਕਤਲ ਵੇਖ ਕੇ ਵਿਰਲਾਪ ਕਰਨ ਲਗੀ (ਮਾਂ ਨੂੰ ਰੋਂਦੀ ਵੇਖ) ਪਰਸਰਾਮ (ਜੰਗਲ ਵਿਚੋਂ) ਦੌੜ ਕੇ ਉਸਦੇ ਪਾਸ ਪੁੱਜਾ।

(੪) (ਮਾਂ ਕੋਲੋਂ ਸਭ ਕੁਝ ਸੁਣ ਕੇ ਉਸਨੇ) ਸਹਸ ਬਾਹੂ ਤੇ ਉਸ ਦੀ ਫ਼ੌਜ ਨੂੰ ਕੁਹਾੜੇ ਨਾਲ ਖ਼ਤਮ ਕਰ ਦਿਤਾ। (ਇਸ ਨੇ) ੨੧ ਵੇਰ ਧਰਤੀ ਤੋਂ ਖੱਤ੍ਰੀ ਰਾਜਿਆਂ ਨੂੰ ਮਾਰ ਕੇ ਭਜਾ ਦਿਤਾ। ਕਰੋਧ ਕਰਕੇ ਧਰਤੀ ਤੋਂ ਖ਼ੱਤਰੀ ਰਾਜੇ ਮਾਰ ਮੁਕਾਏ।

(੫) ਜਿਹੜੇ ਬਚਦੇ ਰਹੇ ਉਹ ਹੱਥ ਜੋੜ ਅਤੇ ਸ਼ਰਨ ਵਿਚ ਆ ਕੇ ਬਚਦੇ ਰਹੇ। ਹੋਰ ਕਿਸੇ ਨੇ ਉਸ ਦੇ ਵਿਰੁਧ ਖੜਗ ਨਾ ਚੁਕੀ।

(੬) ਪਰਸਰਾਮ ਬਹੁਤ ਵੱਡੀ ਉਮਰ ਦਾ ਹੋਇਆ, ਪਰ ਇਹ ਹਉਮੈਂ ਨੂੰ ਨਾ ਮਾਰ ਸਕਿਆ (ਖੱਤਰੀ ਭਾਵੇਂ ੨੧ ਵਾਰ ਮਾਰੇ)। ਇਹ ਆਪਾ ਜਣਾਉਣ ਲੱਗ ਪਿਆ (ਭਾਵ ਹੰਕਾਰੀ ਹੋ ਗਿਆ।)

(੭) ਇਹ ਆਪਣੇ ਹੰਕਾਰ ਕਰਕੇ ਪ੍ਰਭੂ ਦੇ ਚਰਨ ਕੰਵਲਾਂ ਦਾ ਰਸ ਪ੍ਰਾਪਤ ਨਾ ਕਰ ਸਕਿਆ।੭।

***ਭਾਵਾਰਥ :*** ਗੁਰੂ ਗ੍ਰੰਥ ਸਾਹਿਬ ਜੀ ਨੇ ਸਾਰੇ ਹੀ ਸੰਸਾਰ ਨੂੰ (ਸੰਸਾਰ ਰੋਗੀ) ਕਿਹਾ ਹੈ ਭਾਵ ਸਾਰਾ ਹੀ ਸੰਸਾਰ ਵੱਖੋ ਵੱਖ ਰੋਗਾਂ ਨਾਲ ਗ੍ਰਸਤ ਹੈ, ਕੋਈ ਸਰੀਰਾਂ ਦੇ ਭਿੰਨ ਭਿੰਨ ਰੋਗਾਂ ਨਾਲ ਰੋਗੀ ਹੈ, ਕਿਸੇ ਨੂੰ ਮਾਨਸਕ ਰੋਗ ਨੇ ਗ੍ਰਸਿਆ ਹੋਇਆ ਹੈ, ਭਾਵ ਕਿਸੇ ਨੂੰ ਛੋਟਾ ਰੋਗ ਹੈ ਕਿਸੇ ਨੂੰ ਵਡੇਰਾ ਰੋਗ ਹੈ ਪਰ ਰੋਗਾਂ ਦਾ ਜ਼ਿਕਰ ਕਰਦਿਆਂ ਹੋਇਆਂ ਗੁਰੂ ਗ੍ਰੰਥ ਸਾਹਿਬ ਜੀ ਨੇ ਸਭ ਤੋਂ ਵੱਡਾ ਰੋਗ ਮਨੁੱਖ ਨੂੰ ਹਉਮੈਂ ਦਾ

ਕਿਹਾ ਹੈ, ਇਸੇ ਰੋਗ ਨੂੰ ਹਜ਼ੂਰ ਨੇ ਦੀਰਘ ਰੋਗ ਦਰਸਾਇਆ ਹੈ ਇਸੇ ਰੋਗ ਵੱਲ ਇਸ਼ਾਰਾ ਕਰਦਿਆਂ ਇਹ ਫ਼ੁਰਮਾਇਆ ਹੈ ਕਿ (ਜੋ ਜੋ ਦੀਸੈ ਸੋ ਸੋ ਰੋਗੀ) ਭਾਵ ਜੋ ਜੋ ਭੀ ਦਿਸਦਾ ਹੈ ਉਹ ਰੋਗੀ ਹੈ ਉਹ ਰੋਗ ਭਾਵੇਂ ਵੱਖੋ ਵੱਖਰੇ ਹਨ, ਜਿਨ੍ਹਾਂ ਦਾ ਗੁਰੂ ਗ੍ਰੰਥ ਸਾਹਿਬ ਜੀ ਨੇ ਇਸ ਪ੍ਰਕਾਰ ਜ਼ਿਕਰ ਕੀਤਾ ਹੈ, ਜਿਵੇਂ ਕਿ :

ਹਉਮੈ ਰੋਗੁ ਮਾਨੁਖ ਕਉ ਦੀਨਾ ॥
ਕਾਮ ਰੋਗਿ ਮੈਗਲੁ ਬਸਿ ਲੀਨਾ ॥
ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥
ਨਾਦ ਰੋਗਿ ਖਪਿ ਗਏ ਕੁਰੰਗਾ ॥੧॥
ਜੋ ਜੋ ਦੀਸੈ ਸੋ ਸੋ ਰੋਗੀ ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥੧॥ਰਹਾਉ॥
ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥
ਬਾਸਨ ਰੋਗਿ ਭਵਰੁ ਬਿਨਸਾਨੋ ॥
ਹੇਤ ਰੋਗ ਕਾ ਸਗਲ ਸੰਸਾਰਾ ॥
ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥੨॥

*(ਭੈਰਉ ਮਹਲਾ ੫, ਪੰਨਾ ੧੧੪੦)*

ਭਾਵੇਂ ਸੰਸਾਰ ਵਿਚ ਸਾਨੂੰ ਬੜੇ ਤਿਆਗੀ ਨਜ਼ਰ ਆਉਂਦੇ ਹਨ ਜੋ ਆਪਣੇ ਆਪ 'ਤੇ ਬੜਾ ਫ਼ਖ਼ਰ ਕਰਦੇ ਹਨ ਕਿ ਅਸੀਂ ਤਿਆਗੀ ਹਾਂ। ਕੋਈ ਕਹਿੰਦਾ ਹੈ ਕਿ ਮੈਂ ਮਾਇਆ ਦਾ ਤਿਆਗੀ ਹਾਂ, ਕੋਈ ਅੰਨ ਦਾ, ਕੋਈ ਬਸਤ੍ਰਾਂ ਦਾ, ਕੋਈ ਇਸਤ੍ਰੀ ਦਾ ਤਿਆਗੀ ਹੋਣ ਦਾ ਦਾਅਵਾ ਕਰਦਾ ਹੈ। ਪਰ ਇਲਾਹੀ ਫ਼ੁਰਮਾਨ ਹੈ ਕਿ :

ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ ॥

*(ਭੈਰਉ ਮਹਲਾ ੫, ਪੰਨਾ ੧੧੪੦)*

ਭਾਵ ਜਿਤਨਾ ਚਿਰ ਕਿਸੇ ਨੇ ਹੰਗਤਾ ਦਾ ਤਿਆਗ ਨਹੀਂ ਕੀਤਾ ਉਹ ਤਿਆਗੀ ਕਹਾਉਣ ਦਾ ਹੱਕਦਾਰ ਹੀ ਨਹੀਂ। ਸੋ, ਇਸ ਪਰਸਰਾਮ ਦੇ ਪ੍ਰਸੰਗ ਨੂੰ ਲਿਖਣ ਦਾ ਮੇਰਾ ਭਾਵ ਇਹੋ ਹੈ ਕਿ ਇਹ ਏਡਾ ਵੱਡਾ ਸੂਰਮਾ ਤੇ ਕਰਾਮਾਤਾਂ ਦਾ ਮਾਲਕ ਹੁੰਦਾ ਹੋਇਆ ਭੀ ਹਉਮੈਂ ਨੂੰ ਨਹੀਂ ਮਾਰ ਸਕਿਆ ਭਾਵ ਹੰਕਾਰੀ ਹੋ ਗਿਆ, ਜਿਸ ਕਰਕੇ ਇਹ ਰੱਬੀ ਦਰਬਾਰ ਵਿਚ ਮਾਣ ਸਤਿਕਾਰ ਨਹੀਂ ਪਾ ਸਕਿਆ। ਇਸ ਲਈ ਬਾਣੀ ਦੁਆਰੇ ਹਰ ਪ੍ਰਾਣੀ ਨੂੰ ਨਿਰਮਾਣ ਰਹਿ ਕੇ ਜੀਵਨ ਗੁਜ਼ਾਰਨ ਦੀ ਪ੍ਰੇਰਨਾ ਦਿਤੀ ਗਈ ਹੈ।

## ੮. ਰਾਮ ਚੰਦ੍ਰ ਤੋਂ ਧੂੜੀ ਦਾ ਉਪਦੇਸ਼

**੧. ਰੰਗ ਮਹਲ ਰੰਗ ਰਾਗ ਵਿਚ**
**ਦਸਰਥ ਕੌਸ਼ੱਲਿਆ ਰਲੀਆਲੇ।**
**੨. ਮਤਾ ਪਕਾਇਨ ਆਪ ਵਿਚ**
**ਚਾਇ ਚਈਲੇ ਖਰੇ ਸੁਖਾਲੇ।**
**੩. ਘਰਿ ਅਸਾੜੈ ਪੁੱਤ ਹੋਇ**
**ਨਾਉਂ ਕਿ ਧਰੀਐ ਬਾਲਕ ਬਾਲੇ।**
**੪. ਰਾਮਚੰਦ ਨਾਉਂ ਲੈਂਦਿਆਂ**
**ਤਿੰਨ ਹਤਿਆ ਤੇ ਹੋਇ ਨਿਰਾਲੇ।**
**੫. ਰਾਮ ਰਾਜ ਪਰਵਾਣ ਜੱਗਿ**
**ਸਤ ਸੰਤੋਖ ਧਰਮ ਰਖਵਾਲੇ।**
**੬. ਮਾਇਆ ਵਿੱਚ ਉਦਾਸ ਹੁਇ**
**ਸੁਣੈ ਪੁਰਾਣੁ ਵਸਿਸ਼ਟੁ ਬਹਾਲੇ।**
**੭. ਰਾਮਾਇਣ ਵਰਤਾਇਆ**
**ਸਿਲਾ ਤਰੀ ਪਗ ਛੁਹਿ ਤਤਕਾਲੇ।**
**੮. ਸਾਧਸੰਗਤਿ ਪਗ ਧੂੜਿ ਨਿਹਾਲੇ ॥੮॥**

***ਪਦ ਅਰਥ :*** ਰੰਗ ਮਹਲ—ਮਹਲਾਂ ਦੇ ਖ਼ਾਸ ਰਣਵਾਸ ਵਿਚ। ਰਲੀਆਲੇ—ਗਰਭਵਤੀ। ਮਤਾ ਪਕਾਇਨ—ਸਲਾਹ ਕਰਨ ਲਗੇ। ਚਾਇ ਚਈਲੇ—ਖ਼ੁਸ਼ੀ ਤੇ ਚਾਵਾਂ ਨਾਲ। ਬਾਲੇ—ਹੇ ਸੁੰਦਰ ਇਸਤ੍ਰੀ। ਤਿੰਨ ਹਤਿਆ—ਸਰਵਣ ਤੇ ਉਸ ਦੇ ਮਾਂ ਪਿਉ ਦੀ। ਰਾਮਾਇਣ—ਰਾਮ (ਪਰਮੇਸ਼ਰ) ਦੇ ਆਸਰੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਪਿੱਛੇ ਆਪ ਜੀ ਨੇ ਪਰਸਰਾਮ ਦਾ ਹੰਕਾਰ ਭਰਿਆ ਜੀਵਨ ਦਰਸਾ ਕੇ ਹਰ ਪ੍ਰਾਣੀ-ਮਾਤਰ ਨੂੰ ਹਉਮੈਂ ਤੋਂ ਰਹਿਤ ਰਹਿ ਕੇ ਜੀਵਨ ਗੁਜ਼ਾਰਨ ਦੀ ਪ੍ਰੇਰਨਾ ਦਿਤੀ ਹੈ। ਪਰ ਰਾਮਚੰਦ ਦੇ ਜੀਵਨ ਤੋਂ ਆਪ ਜੀ ਕੀ ਪ੍ਰੇਰਨਾ ਮਿਲਦੀ ਦਰਸਾ ਰਹੇ ਹੋ ਕਿਉਂਕਿ ਆਪ ਜੀ ਦੇ ਹਰ ਪ੍ਰਸੰਗ ਲਿਖਣ ਵਿਚ ਗੁਰਮਤ ਦੇ ਪ੍ਰਗਟਾਉਣ ਦਾ ਹੀ ਉਪਰਾਲਾ ਹੋਇਆ ਕਰਦਾ ਹੈ ?

ਉ: ਹੇ ਭਾਈਓ! ਜਦੋਂ ਮੈਂ ਤ੍ਰੇਤੇ ਜੁਗ ਦੇ ਅਵਤਾਰ ਸ੍ਰੀ

ਰਾਮ ਚੰਦ ਵੱਲ ਨਜ਼ਰ ਮਾਰਦਾ ਹਾਂ ਤਾਂ ਮੈਨੂੰ ਉਸ ਸਮੇਂ ਦੀ ਲੁਕਾਈ ਵਿਚ ਉਨ੍ਹਾਂ ਦੇ ਪ੍ਰਤਾਪ ਵਧਣ ਦਾ ਕਾਰਨ ਭੀ ਉਨ੍ਹਾਂ ਦੀ ਨਿੰਮ੍ਰਤਾ, ਭਗਤੀ-ਭਾਵ ਤੇ ਸਾਧੂਆਂ ਦੀ ਸੰਗਤ ਕਰਨੀ ਤੇ ਉਨ੍ਹਾਂ ਦੀ ਚਰਨ ਧੂੜ ਨੂੰ ਸਦਾ ਹੀ ਪਿਆਰਦੇ ਰਹਿਣਾ ਸੀ। ਸੋ, ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤ੍ਰ ਉਪਦੇਸ਼ ਵੱਲ ਤੱਕਦੇ ਹਾਂ ਤਾਂ ਆਪ ਜੀ ਦੀ ਮਨੁੱਖ-ਮਾਤ੍ਰ ਨੂੰ ਸਾਧ ਸੰਗਤ ਵਿਚ ਰਹਿ ਕੇ ਸਾਧ ਸੰਗਤ ਦੀ ਨਿੰਮ੍ਰਤਾ ਸਹਿਤ ਚਰਨ ਧੂੜੀ ਵਿਚ ਹੀ ਇਸ਼ਨਾਨ ਕਰਦੇ ਰਹਿਣ ਦੀ ਬਾਰ ਬਾਰ ਪ੍ਰੇਰਨਾ ਦਿਤੀ ਗਈ ਹੈ, ਜਿਵੇਂ ਕਿ ਅਸੀਂ ਪੜ੍ਹਦੇ ਹਾਂ ਕਿ :

ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ ॥
ਉਪਾਵ ਸਿਆਣਪ ਸਗਲ ਛਡਿ
ਗੁਰ ਕੀ ਚਰਣੀ ਲਾਗੁ ॥ *(ਸਿਰੀਰਾਗੁ ਮ: ੫, ਪੰਨਾ ੪੫)*

ਸਾਧ ਕੇ ਚਰਨ ਧੂਰਿ ਜਨੁ ਬਾਛੈ
ਸੁਖੁ ਨਾਨਕ ਇਹੁ ਪਾਇਆ ॥੪॥੬॥੭॥
*(ਗੂਜਰੀ ਮ: ੫, ਪੰਨਾ ੪੯੭)*

ਸਾਧ ਕੀ ਧੂਰਿ ਕਰਹੁ ਇਸਨਾਨੁ ॥
ਸਾਧ ਊਪਰਿ ਜਾਈਐ ਕੁਰਬਾਨੁ ॥
*(ਸੁਖਮਨੀ ਸਾਹਿਬ, ਪੰਨਾ ੨੮੩)*

ਹਰਿ ਅੰਮ੍ਰਿਤ ਬਾਣੀ ਗਾਵੈ ॥
ਸਾਧਾ ਕੀ ਧੂਰੀ ਨਾਵੈ ॥ *(ਸੋਰਠਿ ਮਹਲਾ ੫, ਪੰਨਾ ੬੨੩)*

ਕਰਿ ਕਿਰਪਾ ਮੋਰੇ ਦੀਨ ਦਇਆਲਾ ॥
ਸਾਧੂ ਕੀ ਮਨੁ ਮੰਗੈ ਰਵਾਲਾ ॥
*(ਗੋਂਡ ਮ: ੫, ਪੰਨਾ ੮੬੬)*

ਸਾਧ ਜਨਾ ਕੇ ਪੂਜੇ ਪੈਰ ॥
ਮਿਟੇ ਉਪਦ੍ਰਹ ਮਨ ਤੇ ਬੈਰ ॥੨॥
*(ਆਸਾ ਮ: ੫, ਪੰਨਾ ੩੯੫)*

ਸਾਧ ਜਨਾ ਕੀ ਮਾਗਉ ਧੂਰਿ ॥
ਪਾਰਬ੍ਰਹਮ ਮੇਰੀ ਸਰਧਾ ਪੂਰਿ ॥ *(ਸੁਖਮਨੀ, ਪੰਨਾ ੨੮੯)*

ਚਰਨ ਕਮਲ ਨਮਸਕਾਰ ਗੁਨ ਗੋਬਿਦ ਬੀਚਾਰੇ ॥
ਸਾਧ ਜਨਾ ਕੀ ਰੇਨ ਨਾਨਕ
ਮੰਗਲ ਸੂਖ ਸਧਾਰੇ ॥੨॥੧॥੩੧॥
*(ਧਨਾਸਰੀ ਮ: ੫, ਪੰਨਾ ੬੭੯)*

ਲੂਟਿ ਲੇਹਿ ਸਾਕਤ ਪਤਿ ਖੋਵਹਿ ॥
ਸਾਧ ਜਨਾ ਪਗ ਮਲਿ ਮਲਿ ਧੋਵਹਿ ॥੨॥
*(ਗੋਂਡ ਮ: ੫, ਪੰਨਾ ੮੬੫)*

ਸਾਧੂ ਧੂਰਿ ਕਰਉ ਨਿਤ ਮਜਨੁ
ਸਭ ਕਿਲਵਿਖ ਪਾਪ ਗਵਾਇਣ ॥
*(ਨਟ ਮ: ੫, ਪੰਨਾ ੯੭੯)*

ਅਹੰਬੁਧਿ ਮਨ ਪੂਰਿ ਥਿਧਾਈ ॥
ਸਾਧ ਧੂਰਿ ਕਰਿ ਸੁਧ ਮੰਜਾਈ ॥੧॥
*(ਗਉੜੀ ਮ: ੫, ਪੰਨਾ ੨੦੦)*

ਸਾਧੂ ਧੂਰਿ ਜਾਚਹਿ ਜਨ ਤੇਰੇ
ਨਾਨਕ ਸਦ ਕੁਰਬਾਨਾਂ ਹੇ ॥੯॥੧॥੪॥
*(ਮਾਰੂ ਮ: ੫, ਪੰਨਾ ੧੦੭੫)*

ਸਾਧੂ ਧੂਰਿ ਪੁਨੀਤ ਕਰੀ ॥
ਮਨ ਕੇ ਬਿਕਾਰ ਮਿਟਹਿ ਪ੍ਰਭ ਸਿਮਰਤ
ਜਨਮ ਜਨਮ ਕੀ ਮੈਲੁ ਹਰੀ ॥੧॥ਰਹਾਉ॥
*(ਭੈਰਉ ਮ: ੫, ਪੰਨਾ ੧੧੫੨)*

ਸਾਧੂ ਧੂਰਿ ਮੁਖਿ ਮਸਤਕਿ ਲਾਈ ॥
ਨਾਨਕ ਉਧਰੇ ਹਰਿ ਗੁਰ ਸਰਣਾਈ ॥੨॥੩੧॥੩੭॥
*(ਸੂਹੀ ਮ: ੫, ਪੰਨਾ ੭੪੪)*

ਜਨ ਨਾਨਕ ਕਉ ਪ੍ਰਭ ਕਿਰਪਾ ਕਰੀਐ ॥
ਸਾਧੂ ਧੂਰਿ ਮਿਲੈ ਨਿਸਤਰੀਐ ॥੪॥੬॥੧੧॥
*(ਬਿਲਾਵਲੁ ਮ: ੫, ਪੰਨਾ ੮੦੪)*

ਸਾਧੂ ਧੂਰਿ ਲਾਈ ਮੁਖਿ ਮਸਤਕਿ
ਕਾਮ ਕ੍ਰੋਧ ਬਿਖੁ ਜਾਰਉ ॥
*(ਦੇਵਗੰਧਾਰੀ ਮ: ੫, ਪੰਨਾ ੫੩੨)*

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ
ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
*(ਬਾਰਹ ਮਾਹਾ, ਪੰਨਾ ੧੩੬)*

ਇਸੇ ਤਰ੍ਹਾਂ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਬਾਣੀ ਪੜ੍ਹਦਿਆਂ ਹੋਰ ਭੀ ਬਹੁਤ ਸਾਰੇ ਉਦਾਹਰਣ ਮਿਲਦੇ ਹਨ, ਜਿਨ੍ਹਾਂ ਵਿਚ ਸੰਤ, ਸਾਧੂ, ਮਹਾਪੁਰਸ਼ਾਂ ਦੀ ਪਵਿੱਤ੍ਰ ਚਰਣ-ਧੂੜੀ ਦੀ ਮਹਾਨਤਾ ਦਰਸਾਈ ਹੈ। ਇਨ੍ਹਾਂ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਵਿਚ ਮੈਂ ਸ੍ਰੀ ਰਾਮ ਚੰਦ ਦੇ ਜੀਵਨ ਦਾ ਪਰਤਾਪ ਦਰਸਾਉਂਦਿਆਂ ਹੋਇਆਂ ਸਾਧ ਸੰਗਤ ਦੀ ਚਰਨ-ਧੂੜ ਦਾ ਮਹਾਤਮ ਦਰਸਾਇਆ ਹੈ :

(੧) (ਜਿਵੇਂ ਕਿ ਪੁਰਾਤਨ ਇਤਿਹਾਸ ਤੋਂ ਜਾਣਕਾਰੀ ਮਿਲਦੀ ਹੈ ਕਿ) ਰਾਜਾ ਦਸਰਥ ਦੇ ਖ਼ਾਸ ਰੰਗ ਮਹਿਲਾਂ ਵਿਚ, ਜਦ ਰਾਣੀ ਕੁਸ਼ੱਲਿਆ ਗਰਭਵਤੀ ਹੋ ਗਈ।

(੨) (ਤਾਂ ਉਸ ਸਮੇਂ) ਬੜੇ ਚਾਵਾਂ ਤੇ ਖ਼ੁਸ਼ੀਆਂ ਵਿਚ ਪਤੀ ਪਤਨੀ ਆਪਸ ਵਿਚ ਸਲਾਹ ਕਰਨ ਲੱਗੇ (ਜੋ) ਬੜੇ ਹੀ ਸੁਖਾਂ ਵਿਚ ਮਸਤ ਸਨ (ਸਲਾਹ ਇਹ ਕਰਦੇ ਸਨ ਕਿ ਜੋ)

(੩) ਅਸਾਡੇ ਘਰ ਪੁੱਤ੍ਰ ਹੋਵੇ ਤਾਂ ਉਸਦਾ ਨਾਮ ਕੀ ਰਖਿਆ ਜਾਵੇ ? ਹੇ ਬਾਲੇ ! (ਕੁਸ਼ੱਲਿਆ ਨੂੰ ਸੰਬੋਧਨ ਕਰਕੇ ਕਿਹਾ ਹੈ)।

(੪) ਰਾਮਚੰਦ ਨਾਉਂ (ਉਨ੍ਹਾਂ ਦੇ ਮੂੰਹੋਂ ਨਿਕਲਿਆ) ਇਹ ਨਾਮ ਲੈਂਦਿਆਂ ਹੀ ਤਿੰਨ ਹੱਤਿਆਂ (ਸਰਵਨ ਤੇ ਉਸ ਦੇ ਅੰਨ੍ਹੇ ਮਾਤਾ-ਪਿਤਾ ਜੋ ਰਾਜਾ ਦਸਰਥ ਤੋਂ ਭੁਲੇਖੇ ਵਿਚ ਆ ਕੇ ਤੀਰ ਵੱਜਣ ਨਾਲ ਮਾਰੇ ਗਏ।) ਤੋਂ ਰਹਿਤ ਹੋ ਗਏ।

(੫) ਰਾਮ ਚੰਦ੍ਰ ਜੀ ਦਾ ਰਾਮ ਰਾਜ ਜਗ 'ਤੇ ਪ੍ਰਮਾਣੀਕ ਰਾਜ ਸੀ, ਜੋ ਕਿ ਸਤ ਸੰਤੋਖ ਤੇ ਧਰਮ ਵਾਲਾ ਰਾਜ ਸੀ।

(੬) ਰਾਮਚੰਦ੍ਰ ਜੀ ਇਤਨੇ ਨਿੰਮ੍ਰਤਾ ਵਾਲੇ ਸਨ ਕਿ (ਗੁਰੂ) ਵਸ਼ਿਸ਼ਟ ਜੀ ਨੂੰ (ਆਪਣੇ ਤੋਂ ਉੱਚੇ) ਬਿਠਾ ਕੇ ਦਰਬਾਰ ਵਿਚ ਪੁਰਾਤਨ ਕਥਾਵਾਂ ਸੁਣਦੇ ਸਨ।

(੭) (ਰਾਮ ਚੰਦ੍ਰ ਜੀ ਨੇ ਜਗਤ ਵਿਚ) ਰਾਮ ਰਾਜ ਵਰਤਾਇਆ (ਭਾਵ ਸਭ ਨੂੰ ਨਿਸਚਿੰਤ ਕੀਤਾ, ਸਭ ਦੀਆਂ ਲੋੜਾਂ ਨੂੰ ਪੂਰਨ ਕੀਤਾ। ਇਸਦੇ ਨਾਲ ਸਭ ਦੇ ਮਨਾਂ ਵਿਚ ਇਹ ਗੱਲ ਪ੍ਰਪੱਕ ਬਿਠਾ ਦਿੱਤੀ ਕਿ ਸਾਡੇ ਜੀਵਨ) ਪ੍ਰਭੂ ਦੇ ਆਸਰੇ ਹਨ। (ਗੌਤਮ ਦੇ ਸਰਾਪ ਨਾਲ ਬਣੀ) ਸਿਲਾ ਰਾਮ ਜੀ ਦੇ ਪੈਰਾਂ ਨਾਲ ਲੱਗ ਕੇ ਤਰ ਗਈ।

(੮) (ਰਾਮ ਚੰਦ੍ਰ ਜੀ ਪਰਮੇਸ਼ਰ ਦੇ ਪਿਆਰੇ ਸਨ) ਉਹ ਸਾਧੂ ਸੰਤਾਂ ਦੀ ਧੂੜੀ ਨੂੰ ਪਿਆਰਦੇ ਸਨ।੮।

***ਭਾਵਾਰਥ :*** ਭਾਈ ਸਾਹਿਬ ਜੀ ਨੇ ਸ੍ਰੀ ਰਾਮ ਚੰਦ੍ਰ ਦੇ ਪ੍ਰਤਾਪ ਦਾ ਕਾਰਨ ਭੀ ਉਨ੍ਹਾਂ ਦੀ ਭਗਤੀ, ਨਿੰਮ੍ਰਤਾ ਤੇ ਸਾਧੂਆਂ ਦੀ ਚਰਣ-ਧੂੜ ਦੀ ਜਾਚਨਾ ਹੀ ਸਿਧ ਕੀਤੀ ਹੈ, ਇਸ ਲਈ ਹਰ ਮਨੁੱਖ-ਮਾਤ੍ਰ ਨੂੰ ਸਾਧ ਸੰਗਤ ਰਾਹੀਂ ਸਾਧੂਆਂ ਦੇ ਚਰਨਾਂ ਦੀ ਧੂੜੀ ਦਾ ਹੀ ਸ਼ਰਧਾਲੂ ਬਣਿਆ ਰਹਿਣਾ ਯੋਗ ਹੈ, ਜੋ ਕਿ ਮਨੁੱਖ-ਮਾਤ੍ਰ ਦੀ ਕਲਿਆਣਕਾਰੀ ਹੈ।

## ੯. ਸ੍ਰੀ ਕ੍ਰਿਸ਼ਨ ਅਵਤਾਰ

**੧. ਕ੍ਰਿਸ਼ਨ ਲਿਆ ਅਵਤਾਰੁ ਜੱਗਿ**
**ਮਹਿਮਾ ਦਸਮ ਸਕੰਧੁ ਵਖਾਣੈ।**
**੨. ਲੀਲਾ ਚਲਤ ਅਚਰਜ ਕਰਿ**
**ਜੋਗੁ ਭੋਗੁ ਰਸ ਰਲੀਆ ਮਾਣੈ।**
**੩. ਮਹਾਂ ਭਾਰਥੁ ਕਰਵਾਇਓਨੁ**
**ਕੈਰੋਂ ਪਾਂਡੋਂ ਕਰਿ ਹੈਰਾਣੈ।**
**੪. ਇੰਦ੍ਰਾਦਿਕ ਬ੍ਰਹਮਾਦਿਕਾ**
**ਮਹਿਮਾਂ ਮਿਤਿ ਮਰਯਾਦ ਨ ਜਾਣੈ।**
**੫. ਮਿਲੀਆਂ ਟਹਲਾਂ ਵੰਡਿ ਕੈ**
**ਜੱਗਿ ਰਾਜਸੂ ਰਾਜੇ ਰਾਣੈ।**
**੬. ਮੰਗ ਲਈ ਹਰਿ ਟਹਲ ਏਹ**
**ਪੈਰ ਧੋਇ ਚਰਣੋਦਕੁ ਮਾਣੈ।**
**੭. ਸਾਧਸੰਗਤਿ ਗੁਰ ਸ਼ਬਦ ਸਿਞਾਣੈ ॥੯॥**

***ਪਦ ਅਰਥ :*** ਦਸਮ ਸਕੰਧੁ—ਭਾਗਵਤ ਪੁਰਾਣ ਦਾ ਦਸਵਾਂ ਪਰਬ। ਰਸ ਰਲੀਆਂ—ਖ਼ੁਸ਼ੀਆਂ ਤੇ ਅਨੰਦ। ਮਹਾਭਾਰਥੁ—ਘੋਰ ਤੇ ਮਹਾਨ ਯੁਧ। ਮਰਯਾਦ—ਮਰਯਾਦਾ, ਨਿਯਮ। ਟਹਲ—ਸੇਵਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਪਿਛੇ ਆਪ ਜੀ ਨੇ ਰਾਮਚੰਦਰ ਦੇ ਜੀਵਨ ਤੋਂ ਸਾਧ ਸੰਗਤ ਦੀ ਚਰਨ ਧੂੜ ਦੁਆਰੇ ਜੀਵਨ ਸਫਲਾ ਕਰਨ ਦੀ ਹਰ ਜੀਵ ਨੂੰ ਪ੍ਰੇਰਨਾ ਕੀਤੀ ਹੈ, ਪਰ ਇਸੇ ਤਰ੍ਹਾਂ ਸ੍ਰੀ ਕ੍ਰਿਸ਼ਨ ਅਵਤਾਰ ਦੇ ਜੀਵਨ ਤੋਂ ਕਿਸ ਪ੍ਰਕਾਰ ਦੀ ਆਪ ਪ੍ਰੇਰਨਾ ਲੈਂਦੇ ਹੋ, ਜਾਣਕਾਰੀ ਦਿਓ ?

**ਉ:** ਹੇ ਭਾਈਓ ! ਜਦੋਂ ਮੈਨੂੰ ਸ੍ਰੀ ਕ੍ਰਿਸ਼ਨ ਅਵਤਾਰ ਦੀ ਜੀਵਨ ਕਥਾ ਵਾਚਨ ਦਾ ਸਮਾਂ ਮਿਲਿਆ ਹੈ ਤਾਂ ਉਨ੍ਹਾਂ ਦੇ ਜੀਵਨ ਤੋਂ ਮਨੁੱਖ-ਮਾਤ੍ਰ ਦੀ ਸੇਵਾ ਕਰਦੇ ਰਹਿਣ ਦੀ ਮੈਨੂੰ ਪ੍ਰੇਰਨਾ ਮਿਲੀ ਹੈ, ਜਿਸਨੂੰ ਮੈਂ ਗੁਰਬਾਣੀ ਅਨੁਸਾਰ ਰੱਬੀ ਮਾਰਗ 'ਤੇ ਸਫ਼ਰ ਕਰਨ ਵਾਲਿਆਂ ਲਈ ਇਕ ਬਹੁਤ ਵੱਡਾ ਉੱਤਮ ਸਾਧਨ ਮੰਨਦਾ ਹਾਂ, ਸਾਧ ਸੰਗਤ ਵਿਚ ਮਿਲ ਕੇ ਹਰ ਪ੍ਰਕਾਰ ਦੀ ਸੇਵਾ ਕਰਨ ਵਾਲਾ ਰੱਬੀ ਦਰਬਾਰ ਵਿਚ ਕਬੂਲ ਹੁੰਦਾ ਹੈ,

ਪਰ ਉਹ ਸੇਵਾ ਨਿਰਮਾਣ ਰਹਿ ਕੇ ਕੀਤੀ ਜਾਏ, ਅਜਿਹੀ ਸੇਵਾ ਨੂੰ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਰਦੇ ਰਹਿਣ ਦੀ ਬਾਰ ਬਾਰ ਪ੍ਰੇਰਨਾ ਮਿਲਦੀ ਹੈ, ਜਿਵੇਂ ਕਿ:

ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ ॥
ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ ॥
*(ਪਉੜੀ, ਪੰਨਾ ੫੧੮)*

ਕਰਿ ਕਿਰਪਾ ਮੋਹਿ ਟਹਲੈ ਲਾਏ ॥
ਪਖਾ ਫੇਰਉ ਪੀਸਉ ਸੰਤ ਆਗੈ
ਚਰਣ ਧੋਇ ਸੁਖੁ ਪਾਇਣਾ ॥੧੩॥
*(ਮਾਰੂ ਸੋਲਹੇ ਮਹਲਾ ੫, ਪੰਨਾ ੧੦੭੮)*

ਤਨੁ ਮਨੁ ਕਾਟਿ ਕਾਟਿ ਸਭੁ ਅਰਪੀ
ਵਿਚਿ ਅਗਨੀ ਆਪੁ ਜਲਾਈ ॥੪॥
ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥੫॥
*(ਸੂਹੀ ਮ: ੪, ਪੰਨਾ ੭੫੭)*

ਪਖਾ ਫੇਰੀ ਪਾਣੀ ਢੋਵਾ
ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥
ਨਾਨਕ ਕੀ ਪ੍ਰਭ ਪਾਸਿ ਬੇਨੰਤੀ
ਤੇਰੇ ਜਨ ਦੇਖਣੁ ਪਾਵਾ ॥੪॥੭॥੫੪॥
*(ਸੂਹੀ ਮ: ੫, ਪੰਨਾ ੭੪੯)*

ਪੀਅਹਿ ਤ ਪਾਣੀ ਆਣੀ ਮੀਰਾ
ਖਾਹਿ ਤ ਪੀਸਣ ਜਾਉ ॥
ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ॥੩॥
*(ਮਾਰੂ ਮ: ੧, ਪੰਨਾ ੯੯੧)*

ਸੇਵਉ ਸਾਧ ਸੰਤ ਚਰਨੇਰੈ ॥
ਬਾਂਛਉ ਧੂਰਿ ਪਵਿਤ੍ਰ ਕਰੇਰੈ ॥
ਅਠਸਠਿ ਮਜਨੁ ਮੈਲੁ ਕਟੇਰੈ ॥
*(ਕਾਨੜਾ ਮਹਲਾ ੫, ਪੰਨਾ ੧੩੦੪)*

ਸੇਵਉ ਸਾਧ ਗਹਉ ਓਟ ਚਰਨਾ
ਨਹ ਬਿਸਰੈ ਮੁਹਤੁ ਚਸਾਈ ॥ਰਹਾਉ॥
*(ਸੋਰਠਿ ਮ: ੫, ਪੰਨਾ ੬੦੯)*

ਕਰਿ ਸੇਵਾ ਸਤਿਗੁਰ ਅਪੁਨੇ ਕੀ ਗੁਰ ਤੇ ਪਾਈਐ ਪਾਲੈ ॥੩॥
*(ਗਉੜੀ ਪੂਰਬੀ ਮ: ੫, ਪੰਨਾ ੨੧੩)*

ਸੇਵੀ ਸਾਹਿਬੁ ਆਪਣਾ ਅਵਰੁ ਨ ਜਾਚੰਉ ਕੋਇ ॥
ਨਾਨਕੁ ਤਾ ਕਾ ਦਾਸੁ ਹੈ ਬਿੰਦ ਬਿੰਦ ਚੁਖ ਚੁਖ ਹੋਇ ॥੪॥
*(ਧਨਾਸਰੀ ਮ: ੧, ਪੰਨਾ ੬੬੦)*

ਸੇਵਾ ਸਾ ਤਿਸੁ ਭਾਵਸੀ ਸੰਤਾ ਕੀ ਹੋਇ ਛਾਰੁ ॥
*(ਮਾਝ ਮ: ੫, ਪੰਨਾ ੧੩੭)*

ਸੇਵਾ ਸਾ ਪ੍ਰਭ ਭਾਵਸੀ ਜੋ ਪ੍ਰਭੁ ਪਾਏ ਥਾਇ ॥
ਜਨ ਨਾਨਕ ਹਰਿ ਆਰਾਧਿਆ
ਗੁਰ ਚਰਣੀ ਚਿਤੁ ਲਾਇ ॥੮॥੨॥
*(ਸੂਹੀ ਮ: ੩, ਪੰਨਾ ੭੫੭)*

ਗੁਰਮੁਖਿ ਦੀਸੈ ਸਹਜਿ ਸੁਭਾਇ ॥
ਸੇਵਾ ਸੁਰਤਿ ਏਕ ਲਿਵ ਲਾਇ ॥੨॥
*(ਗਉੜੀ ਮ: ੧, ਪੰਨਾ ੨੨੨)*

ਸੇਵਾ ਸੁਰਤਿ ਸਬਦਿ ਚਿਤੁ ਲਾਏ ॥
ਹਉਮੈ ਮਾਰਿ ਸਦਾ ਸੁਖੁ ਪਾਇਆ
ਮਾਇਆ ਮੋਹੁ ਚੁਕਾਵਣਿਆ ॥੧॥
*(ਮਾਝ ਮ: ੩, ਪੰਨਾ ੧੧੦)*

ਇਸ ਤਰ੍ਹਾਂ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਹੋਰ ਭੀ ਬਹੁਤ ਸਾਰੇ ਉਦਾਹਰਣ ਮਿਲਦੇ ਹਨ, ਜਿਨ੍ਹਾਂ ਵਿਚੋਂ ਸਾਨੂੰ ਸਾਧ ਸੰਗਤ ਵਿਚ ਰਹਿੰਦਿਆਂ ਸਾਧੂ ਜਨਾਂ ਦੇ ਚਰਣ ਧੋਣ ਦੀ ਸੇਵਾ ਕਰਨ ਦੀ ਪ੍ਰੇਰਨਾ ਮਿਲਦੀ ਹੈ, ਜਿਸ ਦੁਆਰੇ ਮਨੁੱਖ ਦਾ ਜੀਵਨ ਸਫਲ ਹੁੰਦਾ ਹੈ। ਸੋ, ਮੈਂ ਭੀ ਗੁਰਬਾਣੀ ਦੀਆਂ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਗੁੰਥਨ ਕੀਤੀਆਂ ਹਨ। ਜਿਸ ਵਿਚ ਸ੍ਰੀ ਕ੍ਰਿਸ਼ਨ ਅਵਤਾਰ ਦੀ ਨਿਰਮਾਣ ਸੇਵਾ ਕਰਨ ਦਾ ਜ਼ਿਕਰ ਕਰਦਿਆਂ ਹਰ ਮਨੁੱਖ-ਮਾਤ੍ਰ ਨੂੰ ਹਰ ਪੱਖੋਂ ਸੇਵਾ ਕਰਦੇ ਰਹਿਣ ਦੀ ਪ੍ਰੇਰਨਾ ਕੀਤੀ ਹੈ :

(੧) (ਜਿਸ ਤਰ੍ਹਾਂ ਅਸੀਂ ਪੜ੍ਹਦੇ ਸੁਣਦੇ ਆ ਰਹੇ ਹਾਂ ਕਿ) ਕ੍ਰਿਸ਼ਨ ਜੀ ਦਾ ਜਗ 'ਤੇ ਅਵਤਾਰ ਧਾਰਨਾ, ਇਹ ਮਹਿਮਾ ਭਰੀ ਕਥਾ (ਭਾਗਵਤ ਪੁਰਾਣ ਦੇ) ਦਸਵੇਂ ਸਕੰਧ ਵਿਚ ਲਿਖੀ ਹੋਈ ਹੈ।

(੨) ਉਨ੍ਹਾਂ ਨੇ ਅਸਚਰਜਤਾ ਵਾਲੀਆਂ ਲੀਲ੍ਹਾਂ, ਤਮਾਸ਼ੇ ਤੇ ਕੌਤਕ ਤੇ ਜੋਗ ਤੇ ਭੋਗ ਦੇ ਰਸ ਤੇ ਅਨੰਦ ਨੂੰ ਮਾਣਿਆਂ।

(੩) ਸ੍ਰੀ ਕ੍ਰਿਸ਼ਨ ਜੀ ਨੇ ਮਹਾਂਭਾਰਤ ਦਾ ਵੱਡਾ ਜੰਗ ਅਖਾੜਾ ਕਰਵਾਇਆ ਤੇ ਕੈਰਵਾਂ ਪਾਂਡਵਾਂ ਦੋਹਾਂ ਨੂੰ ਹੀ ਹੈਰਾਨ ਕਰ ਦਿਤਾ।

(੪) (ਜਿਸਦੀ ਹਿੰਦੂ ਧਰਮ ਅਨੁਸਾਰ) ਮਹਿਮਾਂ ਤੇ ਮਰਯਾਦਾ ਦੀ ਕੀਮਤ ਇੰਦ੍ਰ ਤੇ ਸ਼ਿਵਜੀ, ਵਿਸ਼ਨੂੰ ਬ੍ਰਹਮਾ ਜੀ ਵਰਗੇ ਵੀ ਨਹੀਂ ਜਾਣ ਸਕਦੇ।

(੫) ਏਨੀ ਵੱਡੀ ਗੌਰਵਤਾ ਵਾਲੇ ਕ੍ਰਿਸ਼ਨ ਜੀ ਸਨ, ਪਰ ਜਦ ਮਹਾਭਾਰਥ ਮਗਰੋਂ ਰਾਜਸੂ ਜੱਗ ਕਰਨ ਵੇਲੇ ਵੱਖ ਵੱਖ ਕੰਮਾਂ ਦੀਆਂ ਸੇਵਾਂ ਜਾਂ ਡਿਊਟੀਆਂ (ਟਹਿਲਾਂ) ਨੀਅਤ ਹੋਣ ਲੱਗੀਆਂ।

(੬) ਤਾਂ ਕ੍ਰਿਸ਼ਨ ਜੀ ਨੇ ਇਹ ਟਹਿਲ ਸੇਵਾ ਕਰਨੀ ਮੰਗ ਕੇ ਆਪਣੇ ਜ਼ੁਮੇਂ ਲੁਆ ਲਈ ਕਿ ਮੈਂ (ਸਾਧੂਆਂ ਦੇ) ਚਰਨ ਧੋਵਾਂਗਾ ਤੇ ਚਰਣੋਦਕ (ਚਰਨਾਂ ਦੇ ਧੋਣ ਰੂਪ ਅੰਮ੍ਰਿਤ) ਦਾ ਰੰਗ ਮਾਣਾਂਗਾ।

(੭) ਸਾਧਾਂ ਦੀ ਸੰਗਤ ਤੇ ਗੁਰੂ ਦੇ ਸ਼ਬਦ (ਉਪਦੇਸ਼) ਨਾਲ ਹੀ ਇਹ ਪਛਾਣ ਹੁੰਦੀ ਹੈ। (ਭਾਵ ਹੈ ਕਿ ਹਉਮੈਂ ਦੇ ਤਿਆਗ ਨਾਲ ਹੀ ਨਿੰਮ੍ਰਤਾ ਧਾਰਨ ਕਰਕੇ ਮਨੁੱਖ ਸੇਵਾ ਦੀ ਕਮਾਈ ਕਰਦਾ ਹੈ)।੯।

***ਭਾਵਾਰਥ :*** ਕ੍ਰਿਸ਼ਨ ਜੀ ਦੇ ਜੀਵਨ ਵਿਚੋਂ ਇਹ ਨਿੰਮ੍ਰਤਾ ਦੇ ਵਾਕ ਦਾ ਕਥਨ ਕਰਕੇ ਕੈਮੁਤਕ ਨਯਾਯ ਅਨੁਸਾਰ ਉਪਦੇਸ਼ ਦੇਂਦੇ ਹਨ ਕਿ ਜਿਸ ਕ੍ਰਿਸ਼ਨ ਨੂੰ ਕ੍ਰੋੜਾਂ ਆਦਮੀ ਅਵਤਾਰ ਮੰਨਦੇ ਹਨ, ਉਸਨੇ ਗੁਰੂ ਸ਼ਬਦ ਦੀ ਪਛਾਣ ਅਰਥ ਐਸੀ ਨੀਵੀਂ ਟਹਿਲ ਧਾਰਨ ਕੀਤੀ, ਤਾਂ ਤੇ ਹਰ ਕਿਸੇ ਨੂੰ ਨਿੰਮ੍ਰਤਾ ਧਾਰਨੀ ਚਾਹੀਏ। ਇਹ ਜੋ ਪ੍ਰਸੰਗ ਹਨ ਸੋ ਭਾਈ ਸਾਹਿਬ ਜੀ ਮਤਾਂ ਵਲੰਬੀਆਂ ਦੇ ਮੰਨੇ ਹੋਏ ਲਿਖਦੇ ਹਨ, ਆਪ ਹੇਰਾ ਫੇਰਾ ਨਹੀਂ ਕਰਦੇ, ਕਿਉਂਕਿ ਇਤਿਹਾਸ ਨਹੀਂ ਲਿਖ ਰਹੇ ਉਪਦੇਸ਼ ਕਰ ਰਹੇ ਹਨ, ਅਰ ਦ੍ਰਿਸ਼ਟਾਂਤ ਦੇ ਰਹੇ ਹਨ। ਦ੍ਰਿਸ਼ਟਾਂਤ ਦਾ ਸਦਾ ਇਕ ਅੰਗ ਹੀ ਲਈਦਾ ਹੈ। ਹੋਰ ਜਗ੍ਹਾ ਅਵਤਾਰਾਂ ਦੇ ਹੰਕਾਰ ਦਾ ਕਥਨ ਕਰਨਗੇ ਤਦ ਇਕੋ ਅੰਗ ਹੰਕਾਰ ਦਾ ਉਪਦੇਸ਼ ਨਮਿੱਤ ਲੈਣਾ ਪਵੇਗਾ, ਏਥੇ ਆਪ ਦੇ ਨਿੰਮ੍ਰਤਾ ਕਰਨੇ ਦੇ ਲਾਭ ਯਾ ਨਾ ਕਰਨ ਦੀ ਹਾਨੀ ਦਾ ਇਕ ਅੰਗ ਲੈ ਰਹੇ ਹਨ।

## ੧੦. ਗੁਰੂ ਜੀ ਦੇ ਚਰਨ ਕੰਵਲਾਂ ਦੀ ਮਹਿਮਾ

**੧. ਮੱਛ ਰੂਪ ਅਵਤਾਰੁ ਧਰਿ**
**ਪੁਰਖਾਰਥੁ ਕਰਿ ਵੇਦ ਉਧਾਰੇ।**
**੨. ਕੱਛ ਰੂਪ ਹੋਇ ਅਵਤਰੇ**
**ਸਾਗਰੁ ਮਥਿ ਜਗਿ ਰਤਨ ਪਸਾਰੇ।**
**੩. ਤੀਜਾ ਕਰਿ ਬੈਰਾਹ ਰੂਪ**
**ਧਰਤਿ ਉਧਾਰੀ ਦੈਤ ਸੰਘਾਰੇ।**
**੪. ਚਉਥਾ ਕਰਿ ਨਰਸਿੰਘ ਰੂਪ**
**ਅਸੁਰੁ ਮਾਰਿ ਪ੍ਰਹਿਲਾਦਿ ਉਬਾਰੇ।**
**੫. ਇਕਸੇ ਹੀ ਬ੍ਰਹਮੰਡ ਵਿੱਚ**
**ਦਸ ਅਵਤਾਰ ਲਏ ਹੰਕਾਰੇ।**
**੬. ਕਰਿ ਬ੍ਰਹਮੰਡ ਕਰੋੜਿ ਜਿਨਿ**
**ਲੂੰਅ ਲੂੰਅ ਅੰਦਰ ਸੰਜਾਰੇ।**
**੭. ਲੱਖ ਕਰੋੜ ਇਵੇਹਿਆ**
**ਓਅਕੰਾਰ ਅਕਾਰ ਸਵਾਰੇ।**
**੮. ਚਰਨ ਕਵਲ ਗੁਰ ਅਗਮ ਅਪਾਰੇ ॥੧੦॥**

***ਪਦ ਅਰਥ :*** ਪੁਰਖਾਰਥੁ—ਉੱਦਮ, ਜਤਨ। ਬੈਰਾਹ—ਸੂਰ ਦਾ ਰੂਪ ਧਾਰ ਕੇ। ਅਸੁਰੁ—ਰਾਖ਼ਸ਼, ਦੈਤ। ਲੂੰਅ—ਰੋਮ। ਸੰਜਾਰੇ—ਸਮਾਏ ਹੋਏ ਹਨ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਸਨਾਤਨ ਪੁਸਤਕਾਂ ਦੇ ਅਨੁਸਾਰ ਇਸ ਬ੍ਰਹਿਮੰਡ ਵਿਚ ਦਸ ਅਵਤਾਰ ਹੋਏ ਹਨ, ਜਿਨ੍ਹਾਂ ਦੀ ਪੂਜਾ ਲੋਕ ਦਿਨੇ ਰਾਤ ਕਰਦੇ ਵੇਖਣ ਵਿਚ ਆਉਂਦੇ ਹਨ। ਕਿਉਂ ਜੀ, ਦਸੋਗੇ ਕਿ ਆਪ ਜੀ ਉਨ੍ਹਾਂ ਦਸ ਅਵਤਾਰਾਂ ਦੀ ਪੂਜਾ ਕਰਨ ਵਿਚ ਕੀ ਭਾਵਨਾਂ ਰੱਖਦੇ ਹੋ। ਅਸੀਂ ਆਪ ਜੀ ਦੇ ਵੀਚਾਰ ਗੁਰਮਤ ਅਨੁਸਾਰ ਸੁਣਨਾ ਚਾਹੁੰਦੇ ਹਾਂ, ਦਸਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ! ਮੈਨੂੰ ਤਾਂ ਗੁਰਬਾਣੀ ਦੀ ਵੀਚਾਰ ਕਰਦਿਆਂ ਸੁਣਦਿਆਂ ਇਹੋ ਨਿਸਚਾ, ਵਿਸ਼ਵਾਸ ਹੋਇਆ ਹੈ, ਕਿ ਗੁਰੂ ਨਾਨਕ ਨਾਮ ਲੇਵਾ ਸਿਖ ਨੂੰ ਉਸ ਕੋਟ ਬ੍ਰਹਿਮੰਡਾਂ ਦੇ ਕਰਤਾ ਪੁਰਖ ਨੂੰ ਵਿਸਾਰ ਕੇ ਉਸਦੀ ਕ੍ਰਿਤ ਅਵਤਾਰਾਂ ਦੀ ਅਰਾਧਨਾ ਕਰਨੀ ਮਨਮੱਤ ਹੈ, ਕਿਉਂਕਿ :

ਅਵਤਾਰ ਨ ਜਾਨਹਿ ਅੰਤੁ ॥
ਪਰਮੇਸਰੁ ਪਾਰਬ੍ਰਹਮ ਬੇਅੰਤੁ ॥੧॥

*(ਰਾਮਕਲੀ ਮ: ੫, ਪੰਨਾ ੮੯੪)*

ਪਰ ਹਾਂ, ਉਸ ਪਰੀਪੂਰਨ ਪਰਮੇਸ਼ਰ ਦਾ ਸਰੂਪ ਜੋ ਗੁਰੂ ਹੈ, ਉਸਦੇ ਚਰਨਾਂ ਕਮਲਾਂ ਨੂੰ ਅੰਤਰ ਆਤਮੇ ਅਰਾਧਨ ਕਰਦੇ ਰਹਿਣ ਦੀ ਬਾਣੀ ਵਿਚ ਬਾਰ ਬਾਰ ਪ੍ਰੇਰਨਾ ਮਿਲਦੀ ਹੈ, ਜਿਵੇਂ ਕਿ :

ਗੁਰ ਕੇ ਚਰਣ ਊਪਰਿ ਬਲਿ ਜਾਈ ॥
ਦਿਨਸੁ ਰੈਨਿ ਸਾਸਿ ਸਾਸਿ ਸਮਾਲੀ
ਪੂਰਨੁ ਸਭਨੀ ਥਾਈ ॥ਰਹਾਉ॥

*(ਸੋਰਠਿ ਮ: ੫, ਪੰਨਾ ੬੨੮)*

ਗੁਰ ਕੇ ਚਰਣ ਊਪਰਿ ਮੇਰੇ ਮਾਥੇ ॥
ਤਾ ਤੇ ਦੁਖ ਮੇਰੇ ਸਗਲੇ ਲਾਥੇ ॥੧॥
*(ਗਉੜੀ ਮ: ੫, ਪੰਨਾ ੧੮੭)*

ਗੁਰ ਕੇ ਚਰਣ ਸਰੇਵਣੇ ਤੀਰਥ ਹਰਿ ਕਾ ਨਾਉ ॥
ਆਗੈ ਦਰਗਹਿ ਮੰਨੀਅਹਿ ਮਿਲੈ ਨਿਥਾਵੇ ਥਾਉ ॥੧॥
*(ਸ੍ਰੀ ਰਾਗੁ ਮ: ੫, ਪੰਨਾ ੫੨)*

ਗੁਰ ਕੇ ਚਰਣ ਹਿਰਦੈ ਵਸਾਇ ॥
ਦੂਖ ਦੁਸਮਨ ਤੇਰੀ ਹਤੈ ਬਲਾਇ ॥੨॥
*(ਗਉੜੀ ਮ: ੫, ਪੰਨਾ ੧੯੦)*

ਗੁਰ ਕੇ ਚਰਣ ਕਮਲ ਮਨ ਧਿਆਇ ॥
ਦੂਖੁ ਦਰਦੁ ਇਸੁ ਤਨ ਤੇ ਜਾਇ ॥੧॥ਰਹਾਉ॥
*(ਸੂਹੀ ਮ: ੫, ਪੰਨਾ ੭੪੧)*

ਗੁਰ ਕੈ ਚਰਣਿ ਚਿਤੁ ਲਾਗਾ ॥
ਧੰਨਿ ਧੰਨਿ ਸੰਜੋਗੁ ਸਭਾਗਾ ॥
*(ਰਾਮਕਲੀ ਮ: ੫, ਪੰਨਾ ੮੯੮)*

ਗੁਰ ਕੇ ਚਰਣ ਧਿਆਇ ਤੂ ਤੂਟਹਿ ਮਾਇਆ ਬੰਧ ॥੨॥
*(ਮ: ੫, ਪੰਨਾ ੧੦੯੩)*

ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ ॥
ਗੁਰ ਕੇ ਚਰਣ ਧੋਇ ਧੋਇ ਪੀਵਾ ॥੧॥
*(ਗਉੜੀ ਮ: ੫, ਪੰਨਾ ੨੩੯)*

ਗੁਰ ਕੇ ਚਰਣ ਮਨ ਮਾਹਿ ਵਸਾਇ ॥
ਦੁਖੁ ਅਨ੍ਹੇਰਾ ਅੰਦਰਹੁ ਜਾਇ ॥
*(ਪ੍ਰਭਾਤੀ ਮ: ੩, ਪੰਨਾ ੧੩੩੫)*

ਗੁਰ ਕੇ ਚਰਣ ਰਿਦੈ ਉਰਿ ਧਾਰਿ ॥
ਅਗਨਿ ਸਾਗਰੁ ਜਪਿ ਉਤਰਹਿ ਪਾਰਿ ॥੨॥
*(ਗਉੜੀ ਮ: ੫, ਪੰਨਾ ੧੯੨)*

ਗੁਰ ਕੀ ਚਰਣੀ ਲਗਿ ਰਹੁ ਵਿਚਹੁ ਆਪੁ ਗਵਾਇ ॥
*(ਸਿਰੀ ਰਾਗੁ ਮ: ੧, ਪੰਨਾ ੬੧)*

ਕੀਨੀ ਦਇਆ ਗੋਪਾਲ ਗੁਸਾਈ ॥
ਗੁਰ ਕੇ ਚਰਣ ਵਸੇ ਮਨ ਮਾਹੀ ॥
*(ਮਾਝ ਮ: ੫, ਪੰਨਾ ੧੦੭)*

ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥
*(ਅਨੰਦੁ ਸਾਹਿਬ, ਪੰਨਾ ੯੧੯)*

ਗੁਰ ਕੇ ਚਰਨ ਹਿਰਦੈ ਵਸਾਏ ॥
ਕਰਿ ਕਿਰਪਾ ਪ੍ਰਭਿ ਆਪਿ ਮਿਲਾਏ ॥
*(ਮਲਾਰ ਮ: ੫, ਪੰਨਾ ੧੨੭੦)*

ਗੁਰ ਕੇ ਚਰਨ ਹਿਰਦੈ ਵਸਾਏ ॥
ਮਨ ਚਿੰਤਤ ਸਗਲੇ ਫਲ ਪਾਏ ॥
*(ਆਸਾ ਮ: ੫, ਪੰਨਾ ੩੯੫)*

ਗੁਰ ਕੇ ਚਰਨ ਹਿਰਦੈ ਵਸਾਇ ਮੁੜੇ
ਪਿਛਲੇ ਗੁਨਹ ਸਭ ਬਖਸਿ ਲਇਆ ॥੧੫॥
*(ਆਸਾ ਮ: ੩, ਪੰਨਾ ੪੩੫)*

ਗੁਰ ਪੂਰੇ ਕੇ ਚਰਣ ਗਹੇ ॥
ਕੋਟਿ ਜਨਮ ਕੇ ਪਾਪ ਲਹੇ ॥੩॥
*(ਆਸਾ ਮ: ੫, ਪੰਨਾ ੩੮੭)*

ਗੁਰ ਕੇ ਚਰਨ ਕਮਲ ਨਮਸਕਾਰਿ ॥
ਕਾਮੁ ਕ੍ਰੋਧੁ ਇਸੁ ਤਨ ਤੇ ਮਾਰਿ ॥
*(ਗੋਂਡ ਮ: ੫, ਪੰਨਾ ੮੬੬)*

ਗੁਰ ਕੇ ਚਰਨ ਕਵਲ ਰਿਦ ਧਾਰੇ ॥
ਬਿਘਨੁ ਨ ਲਾਗੈ ਤਿਲ ਕਾ ਕੋਈ
ਕਾਰਜ ਸਗਲ ਸਵਾਰੇ ॥੧॥ਰਹਾਉ॥
*(ਸੋਰਠਿ ਮ: ੫, ਪੰਨਾ ੬੨੪)*

ਗੁਰ ਕੇ ਚਰਨ ਜੀਅ ਕਾ ਨਿਸਤਾਰਾ ॥
ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ ॥੧॥ਰਹਾਉ॥
*(ਧਨਾਸਰੀ ਮ: ੫, ਪੰਨਾ ੬੮੪)*

ਗੁਰ ਕੇ ਚਰਨ ਨਮਸਕਾਰਿ ॥
ਭਵਜਲੁ ਉਤਰਹਿ ਪਾਰਿ ॥੨॥
*(ਰਾਮਕਲੀ ਮ: ੫, ਪੰਨਾ ੮੯੫)*

ਗੁਰ ਕੇ ਚਰਨ ਬਸੇ ਮਨ ਮੇਰੈ ॥
ਪੂਰਿ ਰਹਿਓ ਠਾਕੁਰੁ ਸਭ ਥਾਈ
ਨਿਕਟਿ ਬਸੈ ਸਭ ਨੇਰੈ ॥੧॥ਰਹਾਉ॥
*(ਸਾਰਗ ਮ: ੫, ਪੰਨਾ ੧੨੨੧)*

ਗੁਰ ਕੇ ਚਰਨ ਬਸੇ ਰਿਦ ਭੀਤਰਿ
ਸੁਭ ਲਖਣ ਪ੍ਰਭਿ ਕੀਨੇ ॥
*(ਸੋਰਠਿ ਮ: ੫, ਪੰਨਾ ੬੧੮)*

ਗੁਰ ਕੇ ਚਰਨ ਮਨ ਮਹਿ ਧਿਆਇ
ਛੋਡਿ ਸਗਲ ਸਿਆਣਪਾ
ਸਚਿ ਸਬਦਿ ਲਿਵ ਲਾਇ ॥੧॥ਰਹਾਉ॥
*(ਸ੍ਰੀ ਰਾਗੁ ਮ: ੫, ਪੰਨਾ ੫੧)*

ਗੁਰ ਕੇ ਚਰਨ ਰਿਦੈ ਉਰਿ ਧਾਰੇ ॥
ਅਗਨਿ ਸਾਗਰ ਤੇ ਉਤਰੇ ਪਾਰੇ ॥
*(ਗੋਂਡ ਮਹਲਾ ੫, ਪੰਨਾ ੮੬੫)*

ਗੁਰ ਕੇ ਚਰਨ ਰਿਦੈ ਪਰਵੇਸਾ॥
ਰੋਗ ਸੋਗ ਸਭਿ ਦੂਖ ਬਿਨਾਸੇ
ਉਤਰੇ ਸਗਲ ਕਲੇਸਾ॥੧॥ਰਹਾਉ॥

*(ਦੇਵਗੰਧਾਰੀ ੫, ਪੰਨਾ ੫੩੧)*

ਗੁਰ ਕੇ ਚਰਨ ਲਗੇ ਮਨਿ ਮੀਠੇ॥
ਨਿਰਬਿਘਨ ਹੋਇ ਸਭ ਥਾਂਈ ਵੂਠੇ॥

*(ਬਿਲਾਵਲੁ ਮ: ੫, ਪੰਨਾ ੮੦੧)*

ਗੁਰ ਕੇ ਚਰਨ ਹਿਰਦੈ ਵਸਾਏ॥
ਕਰਿ ਕਿਰਪਾ ਪ੍ਰਭਿ ਆਪਿ ਮਿਲਾਏ॥

*(ਮਲਾਰ ਮਹਲਾ ੫, ਪੰਨਾ ੧੨੭੦)*

ਇਸੇ ਤਰ੍ਹਾਂ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਗੁਰੂ ਦੇ ਚਰਨਾਂ ਸੰਬੰਧੀ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਵਿਚ ਗੁਰੂ ਦੇ ਚਰਨਾਂ ਦੀ ਮਹਾਨ ਮਹਿਮਾ ਦਰਸਾਈ ਗਈ ਹੈ। ਇਨ੍ਹਾਂ ਪ੍ਰਮਾਣਾਂ ਤੋਂ ਹਰ ਪ੍ਰਾਣੀ-ਮਾਤ੍ਰ ਨੂੰ ਇਹੋ ਪ੍ਰੇਰਨਾ ਮਿਲਦੀ ਹੈ ਕਿ ਗੁਰੂ ਦੇ ਚਰਨਾਂ ਕਮਲਾਂ ਨੂੰ ਛੱਡ ਕੇ ਕਿਸੇ ਹੋਰ ਦੇਵੀ ਦੇਵਤੇ ਜਾਂ ਕਿਸੇ ਅਵਤਾਰ ਦੇ ਉਪਾਸ਼ਕ ਨਹੀਂ ਹੋਣਾ ਚਾਹੀਦਾ ਕਿਉਂਕਿ ਚੌਵੀ ਜਾਂ ਦਸ ਅਵਤਾਰ ਜੋ ਭੀ ਹਨ ਇਹ ਪਰਮੇਸ਼ਰ ਦੀ ਕਿਰਤ ਹਨ, ਉਹ ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਇਨ੍ਹਾਂ ਦਾ ਕਾਰਣ ਰੂਪ ਹੈ। ਸੋ ਕਾਰਣ ਨੂੰ ਛੱਡ ਕੇ ਕਾਰਜ ਦੀ ਉਪਾਸ਼ਨਾ ਕਰਨੀ ਇਕ ਬਹੁਤ ਵੱਡੀ ਭੁੱਲ ਹੈ। ਸੋ ਮੈਂ ਭੀ ਗੁਰਬਾਣੀ ਦੀਆਂ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਵਿਚ ਕੇਵਲ ਗੁਰੂ ਦੇ ਚਰਨਾਂ ਦੀ ਹੀ ਮਹਿਮਾ ਦਰਸਾਈ ਹੈ।

(੧) (ਜਿਵੇਂ ਅਸੀਂ ਪੁਰਾਤਨ ਇਤਿਹਾਸ ਪੜ੍ਹਦੇ ਤੇ ਸੁਣਦੇ ਆ ਰਹੇ ਹਾਂ ਕਿ) ਪਰਮਾਤਮਾ ਨੇ ਮਛ ਰੂਪ ਧਾਰ ਕੇ ਅਵਤਾਰ ਲਿਆ, ਜਿਸਨੇ ਪੁਰਸ਼ਾਰਥ (ਉੱਦਮ ਤੇ ਮਿਹਨਤ) ਕਰਕੇ ਵੇਦਾਂ ਨੂੰ ਉਧਾਰਿਆ (ਭਾਵ ਬਚਾਇਆ)।

(੨) ਫਿਰ ਕਛੂ ਦਾ ਰੂਪ ਧਾਰ ਕੇ ਅਵਤਾਰ ਲਿਆ ਤੇ ਜਗਤ ਵਿਚ ਸਮੁੰਦ੍ਰ ਨੂੰ ਰਿੜਕ ਕੇ ਰਤਨਾਂ ਦਾ ਪਸਾਰਾ ਕੀਤਾ (ਚੌਦਾਂ ਰਤਨ ਕਢੇ ਗਏ)।

(੩) ਤੀਜਾ ਸੂਰ ਦਾ ਰੂਪ ਧਾਰ ਕੇ ਅਵਤਾਰ ਲਿਆ, ਧਰਤੀ ਦਾ ਉਧਾਰ ਕੀਤਾ, (ਦੁਖ ਦੇਣ ਵਾਲੇ ਸਭ) ਦੈਂਤ ਮਾਰ ਮੁਕਾਏ।

(੪) ਚੌਥਾ ਨਰਸਿੰਘ ਦਾ ਰੂਪ ਧਾਰਨ ਕਰਕੇ, ਦੈਂਤ ਨੂੰ ਮਾਰ ਕੇ ਪ੍ਰਹਿਲਾਦ (ਭਗਤ) ਦੀ ਰਖਿਆ ਕੀਤੀ, ਉਸ ਨੂੰ ਬਚਾਅ ਲਿਆ (ਦੁਖਾਂ ਤੋਂ ਛੁਡਾ ਲਿਆ)।

(੫) ਇਸ ਇਕੋ ਬ੍ਰਹਿਮੰਡ ਵਿਚ ਹੀ ਦਸ ਅਵਤਾਰਾਂ ਨੇ ਜਨਮ ਲਿਆ, (ਇਸ ਗੱਲ ਦਾ ਲੋਕੀਂ) ਹੰਕਾਰ ਕਰਦੇ ਹਨ।

(੬) (ਪਰ ਇਹ ਨਹੀਂ ਜਾਣਦੇ ਕਿ ਪਰਮੇਸ਼ਰ ਨੇ ਇਹੋ ਜੇਹੇ) ਕ੍ਰੋੜਾਂ ਹੀ ਬ੍ਰਹਿਮੰਡ (ਰਚੇ ਹਨ) ਤੇ ਇਕ ਇਕ ਲੂੰਅ ਵਿਚ ਸਮਾਏ ਹੋਏ ਹਨ।

(੭) ਇਹੋ ਜੇਹੇ (ਅਵਤਾਰਾਂ ਵਰਗੇ) ਲੱਖਾਂ ਤੇ ਕਰੋੜਾਂ ਸਰੂਪ (ਪਰਮੇਸ਼ਰ ਨੇ) ਸਵਾਰ ਛਡੇ ਹਨ, ਜਿਨ੍ਹਾਂ ਦੇ ਮੁਕਾਬਲੇ ਇਹ ਦਸਾਂ ਦਾ ਕਥਨ ਕੀ ਚੀਜ਼ ਹੈ, (ਭਾਵ ਕੁਝ ਭੀ ਨਹੀਂ)।

(੮) (ਪਰ) ਇਹ ਗੁਰ ਕੇ ਚਰਨ ਕਮਲ ਐਸੇ ਅਗਮ (ਗੰਮਤਾ ਰਹਿਤ) ਤੇ ਅਪਾਰ ਉੱਚਤਾ ਵਾਲੇ ਹਨ, ਜਿਨ੍ਹਾਂ ਦੀ ਕੋਈ ਕੀਮਤ ਪਾ ਹੀ ਨਹੀਂ ਸਕਦਾ। (ਭਾਵ ਅਵਤਾਰਾਂ ਨੇ ਤਾਂ ਆਪਣੀ ਹੀ ਪੂਜਾ ਕਰਵਾਈ ਤੇ ਆਪਣੇ ਹੀ ਨਾਂ ਦਾ ਪ੍ਰਚਾਰ ਕੀਤਾ, ਪਰ ਕ੍ਰੋੜਾਂ ਬ੍ਰਹਿਮੰਡਾਂ ਦੇ ਸਾਜਨਹਾਰ ਪ੍ਰਭੂ ਦਾ ਨਾਮ ਗੁਰੂ ਨਾਨਕ ਦੇਵ ਜੀ ਨੇ ਹੀ ਜਪਾਇਆ, ਇਸੇ ਲਈ ਇਹ ਅਗਮ ਤੇ ਅਪਾਰ ਹਨ)।੧੦।

***ਭਾਵਾਰਥ :*** ਪਹਿਲੇ ਪ੍ਰਸਿੱਧ ਲੋਕਾਂ ਦੇ ਨਿਸਚੇ ਮੁਜਬ ਅਵਤਾਰਾਂ ਦਾ ਕਥਨ ਕਰਕੇ ਦਸਦੇ ਹਨ ਕਿ ਲੋਕਾਂ ਤਾਂ ਇਨ੍ਹਾਂ ਨੂੰ ਬੜੀ ਮਹਾਨਤਾ ਦਿਤੀ ਤੇ ਬੜੀ ਗੱਲ ਸਮਝਦੇ ਹਨ ਕਿ ਬ੍ਰਹਿਮੰਡ ਵਿਚ ਦਸ ਅਵਤਾਰ ਹੋਏ, ਪਰ ਵਾਹਿਗੁਰੂ ਨੇ ਅਨਗਿਣਤ ਬ੍ਰਹਿਮੰਡ ਰਚੇ ਹੋਏ ਹਨ, ਅਰ ਐਸੇ ਸਰੂਪ ਅਨਗਿਣਤ ਰਚੇ ਪਏ ਹਨ, ਭਾਵ ਕੀ ਕਿ ਇਹ ਅਵਤਾਰ ਕੋਈ ਦੁਰਲੱਭ ਵਸਤੂ ਨਹੀਂ, ਬ੍ਰਹਿਮੰਡ ਵਿਚ ਬਹੁਤੇਰੀ ਹੈ, ਦੁਰਲੱਭ ਹਨ ਤਾਂ ਗੁਰੂ ਦੇ ਚਰਨ ਕਮਲ ਦੁਰਲੱਭ ਹਨ, ਕਿਉਂਕਿ ਵਾਹਿਗੁਰੂ ਦੀ ਤਰ੍ਹਾਂ ਗੁਰੂ ਭੀ ਇਕੋ ਹੈ :

ਗੁਰੁ ਪਰਮੇਸਰੁ ਏਕੋ ਜਾਣੁ॥ *(ਗੋਂਡ ਮ: ੫, ਪੰਨਾ ੮੬੪)*

ਉਸਦੇ ਚਰਨ ਕਮਲ ਤਾਂ ਹਿਰਦਾ ਪੂਰਾ ਨਿਰਮਲ ਹੋਵੇ ਤਾਂਹੀਓਂ ਲੱਭਦੇ ਹਨ।

## ੧੧. ਸਤਿਗੁਰੂ ਜੀ ਦੇ ਚਰਨ ਕਵਲਾਂ ਦੀ ਸਰੇਸ਼ਟਾ

੧. ਸ਼ਾਸਤ੍ਰ ਵੇਦ ਪੁਰਾਣ ਸਭ ਸੁਣਿ
ਸੁਣਿ ਆਖਣੁ ਆਖਿ ਸੁਣਾਵਹਿੰ।
੨. ਰਾਗ ਨਾਦ ਸੰਗੀਤ ਲੱਖ
ਅਨਹਦ ਧੁਨਿ ਸੁਣਿ ਸੁਣਿ ਗੁਣ ਗਾਵਹਿੰ।
੩. ਸ਼ੇਖਨਾਗ ਲਖ ਲੋਮਸਾ
ਅਬਿਗਤਿ ਗਤਿ ਅੰਦਰ ਲਿਵ ਲਾਵਹਿੰ।
੪. ਬ੍ਰਹਮੇ ਬਿਸ਼ਨ ਮਹੇਸ਼ ਲੱਖ
ਗਜਾਨ ਧਜਾਨ ਤਿਲੁ ਅੰਤੁ ਨ ਪਾਵਹਿੰ।
੫. ਦੇਵੀ ਦੇਵ ਸਰੇਵਦੇ
ਅਲਖ ਅਭੇਵ ਨ ਸੇਵ ਪੁਜਾਵਹਿੰ।
੬. ਗੋਰਖ ਨਾਥ ਮਛੰਦ੍ਰ ਲੱਖ
ਸਾਧਿਕ ਸਿੱਧ ਨੇਤ ਕਰਿ ਧਿਆਵਹਿੰ।
੭. ਚਰਣ ਕਵਲ ਗੁਰ ਅਗਮ ਅਲਾਵਹਿੰ ॥੧੧॥

***ਪਦ ਅਰਥ :*** ਸੰਗੀਤ—ਰਾਗ ਵਿੱਦਿਆ। ਲੋਮਸ—ਇਕ ਚਿਰਜੀਵੀ ਰਿਖੀ ਦਾ ਨਾਮ ਹੈ। ਸਰੇਵਦੇ—ਸੇਵਂਦੇ ਹਨ। ਅਭੇਵ—ਜਿਸ ਦਾ ਭੇਦ ਨ ਜਾਣਿਆ ਜਾ ਸਕੇ। ਨੇਤ—ਬੇਅੰਤ ਹੈ। ਅਲਾਵਹਿੰ—ਕਹਿੰਦੇ ਹਨ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਤੁਸਾਂ ਤਾਂ ਪੁਰਾਤਨ ਵੇਦ ਸ਼ਾਸਤ੍ਰਾਂ ਤੇ ਪੁਰਾਣਾਂ ਨੂੰ ਚੰਗੀ ਤਰ੍ਹਾਂ ਘੋਖਿਆ ਹੈ, ਅਤੇ ਬ੍ਰਹਮਾ, ਵਿਸ਼ਨੂੰ, ਮਹੇਸ਼ ਆਦਿਕਾਂ ਦੀਆਂ ਜੀਵਨ ਕਥਾਵਾਂ ਵਾਚੀਆਂ ਹਨ, ਪਰ ਤੁਸਾਂ ਇਨ੍ਹਾਂ ਸਾਰਿਆਂ ਬਾਰੇ ਕੀ ਅਨੁਭਵ ਕੀਤਾ ਹੈ ਭਾਵ ਇਹ ਉਸ ਕਰਤੇ ਪਰਮੇਸ਼ਰ ਦੇ ਸੰਬੰਧ ਵਿਚ ਅਤੇ ਗੁਰੂ ਦੇ ਚਰਨਾਂ ਕਵਲਾਂ ਬਾਰੇ ਕੀ ਜਾਣਕ੍ਰਾਰੀ ਦੇਂਦੇ ਹਨ, ਦੱਸਣ ਦੀ ਕ੍ਰਿਪਾ ਕਰੋ ?

**ਉ:** ਹੇ ਭਾਈਓ ? ਪੁਰਾਤਨ ਸ਼ਾਸਤ੍ਰਾਂ ਤੇ ਦੇਵੀ ਦੇਵਤਿਆਂ ਦੇ ਜੀਵਨ ਪੜ੍ਹਨ ਤੋਂ ਮੈਨੂੰ ਇਹੋ ਜਾਣਕਾਰੀ ਮਿਲੀ ਹੈ ਕਿ ਇਹ ਸਾਰੇ ਇਕ ਜ਼ਬਾਨ ਹੋ ਇਹੋ ਕਹਿੰਦੇ ਹਨ ਕਿ ਉਹ ਪਰਮੇਸ਼ਰ ਤੇ ਉਸ ਦਾ ਸਰੂਪ ਗੁਰੂ ਦੇ ਚਰਣ ਕਮਲ ਅਗੰਮ ਹੈ, ਉਸ ਨੂੰ ਕਿਸੇ ਰੂਪ ਵਿਚ ਭੀ ਬਿਆਨਿਆਂ ਨਹੀਂ ਜਾ ਸਕਦਾ, ਇਸੇ ਭਾਵ ਨੂੰ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ, ਜਿਵੇਂ ਕਿ :

(੧) (ਹੇ ਭਾਈਓ ! ਜਦੋਂ ਮੈਂ ਪੁਰਾਤਨ ਸਾਰੇ ਇਤਿਹਾਸ ਵੱਲ ਨਜ਼ਰ ਮਾਰਦਾ ਹਾਂ ਤਾਂ ਮੈਨੂੰ ਇਹੋ ਅਨੁਭਵ ਹੁੰਦਾ ਹੈ ਕਿ) ਸ਼ਾਸਤ੍ਰਾਂ, ਵੇਦਾਂ ਤੇ ਪੁਰਾਣਾਂ (ਦੀਆਂ ਕਥਾਵਾਂ) ਸਭ ਲੋਕ ਵਿਦਵਾਨਾਂ ਕੋਲੋਂ ਸੁਣਦੇ ਤੇ ਸੁਣ ਸੁਣ ਕੇ ਫਿਰ ਅਗੋਂ ਆਪ ਹੋਰਨਾਂ ਨੂੰ ਆਖ ਕੇ ਸੁਣਾਉਂਦੇ ਹਨ।

(੨) ਰਾਗਾਂ ਦੇ ਸ਼ਬਦ ਲੱਖਾਂ ਸੰਗੀਤਕਾਰ ਰਾਗ ਗਾ ਕੇ ਇਕ ਰਸ ਧੁਨੀ ਦੇ ਗੀਤ ਗਾਉਂਦੇ ਹਨ ਤੇ ਸੁਣਨ ਵਾਲੇ ਗੁਣ ਗਾਉਂਦੇ ਹਨ।

(੩) ਲੱਖਾਂ ਸ਼ੇਸ਼ਨਾਗ ਤੇ ਲੱਖਾਂ ਹੀ ਲੋਮਸ ਰਿਖੀ ਵਰਗੇ (ਚਿਰਜੀਵੀ) ਨ ਜਾਣੀ ਜਾਣ ਵਾਲੀ ਗਤੀ ਦੇ ਮਾਲਕ (ਪਰਮੇਸ਼ਰ) ਦਾ ਧਿਆਨ (ਲਿਵ) ਲਾਉਂਦੇ ਹਨ।

(੪) ਲੱਖਾਂ ਹੀ ਬ੍ਰਹਮਾ, ਬਿਸ਼ਨ ਤੇ ਮਹੇਸ਼ (ਪ੍ਰਭੂ ਦੇ) ਗਿਆਨ ਤੇ ਧਿਆਨ ਦਾ ਇਕ ਤਿਲ-ਮਾਤ੍ਰ ਭੀ ਅੰਤ ਨਹੀਂ ਪਾ ਸਕਦੇ।

(੫) ਦੇਵੀ ਦੇਵਤੇ ਸਾਰੇ ਹੀ (ਪ੍ਰਭੂ ਦੀ) ਅਰਾਧਨਾ ਕਰਦੇ ਹਨ (ਪਰ) ਅਲੱਖ (ਨਾ ਲਖੇ ਜਾਣ ਵਾਲੇ) ਪ੍ਰਭੂ ਦਾ ਭੇਦ ਨਹੀਂ ਪਾ ਸਕਦੇ ਤੇ ਨਾਹੀ ਸੇਵਾ ਕਰਕੇ ਉਸ (ਪ੍ਰਭੂ) ਤੀਕ ਪਹੁੰਚ ਸਕਦੇ ਹਨ।

(੬) ਲੱਖਾਂ ਹੀ ਗੋਰਖ ਨਾਥ ਤੇ ਮਛਿੰਦ੍ਰ ਵਰਗੇ ਵੀ ਲੱਖਾਂ ਹੀ ਸਾਧਨਾ ਕਰਨ ਵਾਲੇ ਸਾਧਕ ਤੇ ਲੱਖਾਂ ਹੀ ਸ਼ਕਤੀਆਂ ਪ੍ਰਾਪਤ ਕਰ ਚੁੱਕੇ ਸਿਧ ਲੋਕ (ਹੇ ਪ੍ਰਭੂ! ਤੁਸਾਂ ਨੂੰ) ਤੂੰ ਬੇਅੰਤ ਹੈ, ਤੂੰ ਬੇਅੰਤ ਹੈ, ਆਖ ਆਖ ਕੇ ਸਿਮਰਨ ਕਰਦੇ ਹਨ।

(੭) ਗੁਰੂ ਦੇ ਚਰਨ ਕਮਲ ਅਗੰਮ ਹਨ (ਭਾਵ ਉਨ੍ਹਾਂ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ।੧੧।

***ਭਾਵਾਰਥ :*** (ਇਸ ਪਉੜੀ ਵਿਚ ਭੀ ਗੁਰੂ ਦੇ ਚਰਨ ਕਮਲਾਂ ਦੀ ਮਹਿਮਾ ਕਰਦੇ ਹਨ) ਸਾਰੇ ਵੱਡੇ ਵਡੇਰੇ ਗਿਣਕੇ ਦਸੇ ਹਨ ਕਿ ਵਾਹਿਗੁਰੂ ਦਾ ਅੰਤ ਨਹੀਂ ਪਾ ਸਕਦੇ, ਪਰ ਸਾਰੇ ਇਹੋ ਕਹਿੰਦੇ ਹਨ ਕਿ ਗੁਰੂ ਦੇ ਚਰਨਾਂ ਕਮਲਾਂ ਦੀ ਮਹਿਮਾ ਨਹੀਂ ਕਹੀ ਜਾ ਸਕਦੀ। ਇਸ ਪਉੜੀ ਤੋਂ ਬੋਧ ਮਿਲਦਾ ਹੈ ਕਿ ਭਾਈ ਸਾਹਿਬ ਜੀ ਵਾਹਿਗੁਰੂ ਨੂੰ ਸਭ ਤੋਂ ਉੱਚਾ ਜਾਣਦੇ ਹਨ, ਜਿਨ੍ਹਾਂ ਦੇ ਉਦਾਹਰਣ ਦੇ ਰਹੇ ਹਨ, ਉਨ੍ਹਾਂ ਨੂੰ ਵਾਹਿਗੁਰੂ ਦੇ ਖੋਜੀ ਕਹਿੰਦੇ ਹਨ, ਪਰ ਵਾਹਿਗੁਰੂ ਨੂੰ '੧' ਕਰਕੇ ਅਲੱਖ ਤੇ ਅਗੰਮ ਮੰਨਦੇ ਹਨ। ਗੁਰੂ ਨੂੰ ਉਸਤੋਂ ਦੂਸਰੇ ਦਰਜੇ 'ਤੇ ਸਮਝਦੇ ਹਨ ਅਤੇ ਹੋਰ ਸਭ ਅਵਤਾਰ ਦੇਵਤੇ, ਰਿਖੀ, ਬ੍ਰਹਮੇ, ਸ਼ੇਖਨਾਗ, ਧਰਮ ਪੁਸਤਕ

ਤੇ ਕੁਦਰਤੀ ਚਮਤਕਾਰ ਹੇਠਲੇ ਦਰਜੇ ਰਖਦੇ ਹਨ, ਕਿਉਂਕਿ ਜੀਵ ਜਗਯਾਸੂ ਹੋ ਕੇ ਪਰਮਾਤਮਾ ਦੀ ਤਲਾਸ਼ ਕਰਦਾ ਹੈ ਤੇ ਗੁਰੂ ਪਰਮਾਤਮਾ ਨਾਲ ਮਿਲਾਉਂਦਾ ਹੈ। ਸੋ, ਪਤੀ ਪਰਮੇਸ਼ਰ ਤੇ ਇਸਤ੍ਰੀ ਜਗਯਾਸੂ ਤੇ ਮੇਲਣ ਵਾਲੇ ਮਿੱਤ੍ਰ ਵਿਚੋਲੇ, ਤ੍ਰੈਏ ਸਿੱਧ ਪਰਸਪਰ ਸੰਬੰਧ ਤੇ ਮੇਲ ਰਖਦੇ ਹਨ, ਬਾਕੀ ਜੋ ਹਨ ਕਿਸੇ ਤਰੀਕੇ ਵਿੰਗ, ਇਸ਼ਾਰੇ ਯਾ ਆਸਰੇ ਸੇਤੀ ਕੁਛ ਸਹਾਇਕ ਹੁੰਦੇ ਹਨ, ਇਸ ਕਰਕੇ ਉਨ੍ਹਾਂ ਦੀ ਥਾਂ ਹੇਠਾਂ ਹੈ।

## ੧੨. ਨਿੰਮਰਤਾ ਹੀ ਪੂਜਣ-ਜੋਗ ਵਸਤੂ ਹੈ

**੧. ਮੱਥੈ ਤਿਵੜੀ ਬਾਮ੍ਹਣੈ**
**ਸਉਹੇ ਆਏ ਮਸਲਤਿ ਫੇਰੀ।**
**੨. ਸਿਰੁ ਉਚਾ ਅਹੰਕਾਰ ਕਰਿ**
**ਵਲ ਦੇ ਪੱਗ ਵਲਾਏ ਡੇਰੀ।**
**੩. ਅੱਖੀਂ ਮੂਲਿ ਨ ਪੂਜੀਅਨਿ**
**ਕਰਿ ਕਰਿ ਵੇਖਨਿ ਮੇਰੀ ਤੇਰੀ।**
**੪. ਨਕੁ ਨ ਕੋਈ ਪੂਜਦਾ**
**ਖਾਇ ਮਰੋੜੀ ਮਣੀ ਘਨੇਰੀ।**
**੫. ਉਚੇ ਕੰਨ ਨ ਪੂਜੀਅਨਿ**
**ਉਸਤਤਿ ਨਿੰਦਾ ਭਲੀ ਭਲੇਰੀ।**
**੬. ਮੂਲਹੁੰ ਜੀਭ ਨ ਪੂਜੀਐ**
**ਰਸ ਕਸ ਬਹੁ ਚੱਖੀ ਦੰਦ ਘੇਰੀ।**
**੭. ਨੀਵੇਂ ਚਰਨ ਪੂਜ ਹਥ ਕੇਰੀ॥੧੨॥**

***ਪਦ ਅਰਥ :*** ਤਿਵੜੀ—ਤਿੰਨ ਵੱਟ, ਤਿਊੜੀਆਂ। ਸਉਹੇ—ਸਾਮ੍ਹਣਿਓਂ। ਮਸਲਤਿ ਫੇਰੀ—ਸਲਾਹ ਬਦਲ ਦੇਣੀ। ਡੇਰੀ—ਵਿੰਗਾਂ ਵਾਲੀ। ਮਣੀ—ਮੰਨੀ ਹੋਈ। ਕੇਰੀ—ਨਾਲ, ਕਰਕੇ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਆਪ ਜੀ ਤਾਂ ਹਮੇਸ਼ਾ ਹੀ ਗੁਰਮਤ ਦੀਆਂ ਵੀਚਾਰਾਂ ਸੰਗਤ ਵਿਚ ਸੁਣਾਉਂਦੇ ਰਹਿੰਦੇ ਹੋ, ਪਰ ਵਧੇਰੇ ਪ੍ਰਸੰਸਾ ਆਪ ਜੀ ਚਰਨਾਂ ਦੀ ਹੀ ਕਰਦੇ ਹੋ, ਕਿਉਂ ਜੀ! ਸਰੀਰ ਦੇ ਅੰਗ ਤਾਂ ਸਾਰੇ ਹੀ ਆਪੋ ਆਪਣੇ ਥਾਂ ਪੂਜਨੀਕ ਹਨ, ਪਰ ਇਹ ਦੱਸਣ ਦੀ ਕ੍ਰਿਪਾ ਕਰੋ ਕਿ ਬਾਕੀ ਦੇ ਅੰਗਾਂ ਨਾਲੋਂ ਚਰਨਾਂ ਵਿਚ ਕੀ ਵਿਸ਼ੇਸ਼ਤਾ ਹੈ? ਤਾਕਿ ਇਸ ਬਾਰੇ ਸਾਨੂੰ ਭੀ ਸੋਝੀ ਮਿਲ ਜਾਏ?

**ਉ:** ਹੇ ਭਾਈਓ! ਅਸਲ ਵਿਚ ਮੈਂ ਜੋ ਭੀ ਸੰਗਤ ਵਿਚ ਵੀਚਾਰਾਂ ਹਾਜ਼ਰ ਕਰਦਾ ਹਾਂ, ਉਹ ਵੀਚਾਰ ਮੇਰੇ ਆਪਣੇ ਨਹੀਂ ਹੋਇਆ ਕਰਦੇ। ਮੈਨੂੰ ਜੋ ਕੁਝ ਵੀ ਗੁਰਬਾਣੀ ਦੁਆਰੇ ਦਾਤ ਪ੍ਰਾਪਤ ਹੋਈ ਹੈ ਮੈਂ ਉਸੇ ਦਾ ਹੀ ਸੰਗਤ ਵਿਚ ਪ੍ਰਗਟਾਵਾ ਕਰਨ ਦਾ ਉਪਰਾਲਾ ਕਰਦਾ ਹਾਂ। ਮੈਨੂੰ ਗੁਰਬਾਣੀ ਦੀ ਖੋਜ ਕਰਦਿਆਂ ਇਹੋ ਸਿਧਾਂਤ ਹਾਸਲ ਹੋਇਆ ਹੈ ਕਿ ਗੁਰਮਤ ਨੇ ਗਰੀਬੀ, ਨਿੰਮ੍ਰਤਾ ਤੇ ਨਿਰਮਾਣਤਾ ਨੂੰ ਹੀ ਕਬੂਲ ਕੀਤਾ ਹੈ। ਇਸਦੇ ਟਾਕਰੇ ਵਿਚ ਹਉਮੈ, ਹੰਕਾਰ ਤੇ ਅਹੰਬੁਧ ਭਰੇ ਜੀਵਨ ਨੂੰ ਨਹੀਂ ਅਪਨਾਇਆ, ਇਸੇ ਸਿਧਾਂਤ ਨੂੰ ਪ੍ਰਗਟਾਉਣ ਵਾਲੇ ਪ੍ਰਮਾਣ ਸਾਨੂੰ ਗੁਰਬਾਣੀ ਵਿਚੋਂ ਬਹੁਤ ਸਾਰੇ ਪੜ੍ਹਨ ਵਿਚ ਆਉਂਦੇ ਹਨ, ਜਿਵੇਂ ਕਿ :

ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ॥
ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥੧॥
*(ਸੁਖਮਨੀ ਸਾਹਿਬ, ਪੰਨਾ ੨੭੮)*

ਕੋਟਿ ਕਰਮ ਕਰੈ ਹਉ ਧਾਰੇ॥
ਸ੍ਰਮੁ ਪਾਵੈ ਸਗਲੇ ਬਿਰਥਾਰੇ॥
ਅਨਿਕ ਤਪਸਿਆ ਕਰੇ ਅਹੰਕਾਰ॥
ਨਰਕ ਸੁਰਗ ਫਿਰਿ ਫਿਰਿ ਅਵਤਾਰ॥
*(ਸੁਖਮਨੀ ਸਾਹਿਬ, ਪੰਨਾ ੨੭੮)*

ਅਹੰਬੁਧਿ ਕਰਮ ਕਮਾਵਨੇ॥
ਗ੍ਰਿਹ ਬਾਲੂ ਨੀਰਿ ਬਹਾਵਨੇ॥੩॥
*(ਗਉੜੀ ਮਹਲਾ ੫, ਪੰਨਾ ੨੧੧)*

ਜੋਰ ਜੁਲਮ ਫੂਲਹਿ ਘਨੋ ਕਾਚੀ ਦੇਹ ਬਿਕਾਰ॥
ਅਹੰਬੁਧਿ ਬੰਧਨ ਪਰੇ ਨਾਨਕ ਨਾਮ ਛੁਟਾਰ॥੧॥
*(ਸਲੋਕ, ਪੰਨਾ ੨੫੫)*

ਲਲਾ ਲਪਟਿ ਬਿਖੈ ਰਸ ਰਾਤੇ॥
ਅਹੰਬੁਧਿ ਮਾਇਆ ਮਦ ਮਾਤੇ॥
*(ਪਉੜੀ, ਪੰਨਾ ੨੫੨)*

ਚਰਣ ਧੂੜਿ ਤੇਰੀ ਸੇਵਕੁ ਮਾਗੈ
ਤੇਰੇ ਦਰਸਨ ਕਉ ਬਲਿਹਾਰਾ॥੧॥
*(ਸੂਹੀ ਮ: ੫, ਪੰਨਾ ੭੪੯)*

ਚਰਣ ਧੂੜਿ ਤੇਰੇ ਜਨ ਕੀ ਹੋਵਾ
ਤੇਰੇ ਦਰਸਨ ਕਉ ਬਲਿ ਜਾਈ॥

*(ਸੂਹੀ ਮ: ੫, ਪੰਨਾ ੭੪੯)*

ਚਰਣ ਨ ਛਾਡਉ ਸਰੀਰ ਕਲ ਜਾਈ॥੨॥

*(ਗਉੜੀ ਰਵਿਦਾਸ ਜੀਉ, ਪੰਨਾ ੩੪੫)*

ਚਰਣ ਪਖਾਰਿ ਕਰਉ ਗੁਰ ਸੇਵਾ
ਆਤਮ ਸੁਧੁ ਬਿਖੁ ਤਿਆਸ ਨਿਵਾਰੀ॥

*(ਆਸਾ ਮ: ੫, ਪੰਨਾ ੩੭੭)*

ਚਰਣ ਪਖਾਰਿ ਕਰਉ ਗੁਰ ਸੇਵਾ
ਬਾਰਿ ਜਾਉ ਲਖ ਬਰੀਆ॥

*(ਗਉੜੀ ਮ: ੫, ਪੰਨਾ ੨੦੭)*

ਚਰਣ ਪਖਾਰਿ ਕਰੀ ਨਿਤ ਸੇਵਾ ਜੀਉ॥
ਪੂਜਾ ਅਰਚਾ ਬੰਦਨ ਦੇਵਾ ਜੀਉ॥

*(ਗਉੜੀ ਮ: ੫, ਪੰਨਾ ੨੧੭)*

ਸਫਲੁ ਓਹੁ ਮਾਥਾ ਸੰਤ ਨਮਸਕਾਰਸਿ॥
ਚਰਣ ਪੁਨੀਤ ਚਲਹਿ ਹਰਿ ਮਾਰਗਿ॥੩॥

*(ਗਉੜੀ ਮ: ੫, ਪੰਨਾ ੧੮੧)*

ਚਰਣ ਬਿਰਾਜਿਤ ਸਭ ਊਪਰੇ
ਮਿਟਿਆ ਸਗਲ ਕਲੇਸੁ ਜੀਉ॥ *(ਛੰਤ, ਪੰਨਾ ੮੨੯)*

ਚਰਣ ਬੰਦਨਾ ਅਮੋਲ ਦਾਸਰੋ
ਦੇਉ ਸਾਧ ਸੰਗਤਿ ਅਰਦਾਗਿਓ॥

*(ਸਾਰਗ ਮ: ੫, ਪੰਨਾ ੧੨੦੪)*

ਚਰਣ ਭਜੇ ਪਾਰਬ੍ਰਹਮ ਕੇ
ਸਭਿ ਜਪ ਤਪ ਤਿਨ ਹੀ ਕੀਤਿ॥੩॥

*(ਸਿਰੀ ਰਾਗੁ ਮ: ੫, ਪੰਨਾ ੪੮)*

ਤਜਿ ਅਭਿਮਾਨ ਭਏ ਨਿਰਵੈਰ॥
ਆਠ ਪਹਰ ਪੂਜਹੁ ਗੁਰ ਪੈਰ॥੧॥

*(ਗਉੜੀ ਮ: ੫, ਪੰਨਾ ੧੮੩)*

ਚਰਨ ਸੰਤਹ ਮਾਥ ਮੋਰ॥
ਨੈਨਿ ਦਰਸੁ ਪੇਖਉ ਨਿਸਿ ਭੋਰ॥

*(ਮਾਲੀ ਗਉੜਾ ਮ: ੫, ਪੰਨਾ ੯੮੭)*

ਕਬੀਰ ਸੁਰਗ ਨਰਕ ਤੇ ਮੈ ਰਹਿਓ
ਸਤਿਗੁਰ ਕੇ ਪਰਸਾਦਿ॥
ਚਰਨ ਕਮਲ ਕੀ ਮਉਜ ਮਹਿ
ਰਹਉ ਅੰਤਿ ਅਰੁ ਆਦਿ॥੧੨੦॥

ਕਬੀਰ ਚਰਨ ਕਮਲ ਕੀ ਮਉਜ ਕੋ
ਕਹਿ ਕੈਸੇ ਉਨਮਾਨ॥
ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥੧੨੧॥

*(ਸਲੋਕ ਕਬੀਰ ਜੀ, ਪੰਨਾ ੧੩੭੦)*

ਚਰਨ ਕਮਲ ਅਰਾਧਤ ਮਨ ਮਹਿ
ਜਮ ਕੀ ਤ੍ਰਾਸ ਬਿਦਾਰੇ॥੨॥

*(ਗਉੜੀ ਮ: ੫, ਪੰਨਾ ੨੧੦)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦਿਆਂ ਭਾਵੇਂ ਸਾਨੂੰ ਸਾਰੇ ਸਰੀਰਕ ਅੰਗਾਂ ਦਾ ਬੋਧ ਮਿਲਦਾ ਹੈ, ਪਰ ਜੋ ਵਿਸ਼ੇਸ਼ਤਾ ਚਰਨਾਂ ਨੂੰ ਦਿਤੀ ਗਈ ਹੈ, ਉਹ ਇਕ ਸਭ ਤੋਂ ਨਿਰਾਲੀ ਹੈ, ਕਿਉਂਕਿ ਆਦਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਜੀ ਤੱਕ ਚਰਨਾਂ ਨੂੰ ਹੀ ਪ੍ਰਮਾਣੀਕ ਮੰਨਿਆ ਗਿਆ ਹੈ :

ਚਰਨ ਧੋਇ ਰਹਰਾਸਿ ਕਰ
ਚਰਨਾਂਮ੍ਰਿਤ ਸਿੱਖਾਂ ਪੀਲਾਯਾ॥ *(ਵਾਰ ੧-੨੩)*

ਭਾਵ ਚਰਨਾਂ ਨੂੰ ਧੋ ਕੇ ਪਿਆਉਣ ਦੀ ਮਰਯਾਦਾ ਜੋ ਗੁਰੂ ਨਾਨਕ ਦੇਵ ਜੀ ਨੇ ਅਰੰਭ ਕੀਤੀ ਇਸ ਤੋਂ ਭਾਵ ਇਹੋ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਚਰਨਾਂ ਦੀ ਨਿਰਮਾਨਤਾ ਨੂੰ ਪ੍ਰਧਾਨਤਾ ਦਿਤੀ ਹੈ। ਇਹ ਮਰਯਾਦਾ ਭਾਵੇਂ ਦਸਮੇਂ ਪਾਤਿਸ਼ਾਹ ਨੇ ਬਦਲੀ ਹੈ ਭਾਵ ਚਰਨ ਪਾਹੁਲ ਨੂੰ ਖੰਡੇ ਦੇ ਅੰਮ੍ਰਿਤ ਰੂਪ ਵਿਚ ਬਦਲ ਦਿਤਾ। ਸੋ, ਜਦੋਂ ਅਸੀਂ ਗੁਰਬਾਣੀ ਤੇ ਇਤਿਹਾਸ ਦੀ ਪੜਚੋਲ ਕਰਾਂਗੇ ਤਾਂ ਸਾਨੂੰ ਚਰਨਾਂ ਦੀ ਨਿਰਮਾਨਤਾ ਨੂੰ ਕਬੂਲ ਕਰਨਾ ਪਵੇਗਾ, ਜਿਸ ਦੀ ਤੁਲਨਾ ਹੋਰ ਕਿਸੇ ਨੂੰ ਨਹੀਂ ਦਿਤੀ ਜਾ ਸਕਦੀ। ਸੋ ਮੈਂ ਭੀ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਅਤੇ ਗੁਰ ਇਤਿਹਾਸ ਵਿਚ ਦਰਸਾਈ ਗੁਰੂ ਚਰਨਾਂ ਦੀ ਮਹਾਨਤਾ ਨੂੰ ਮੁੱਖ ਰਖ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ, ਜਿਨ੍ਹਾਂ ਵਿਚ ਚਰਨਾਂ ਦੀ ਨਿਰਮਾਨਤਾ ਦਰਸਾਈ ਹੈ, ਜਿਸ ਕਰਕੇ ਉਨ੍ਹਾਂ ਦੀ ਪੂਜਾ ਹੁੰਦੀ ਆਈ ਹੈ ਅਤੇ ਵਰਤਮਾਨ ਸਮੇਂ ਵਿਚ ਪੂਜਾ ਹੋ ਰਹੀ ਹੈ, ਇਸ ਦੇ ਮੁਕਾਬਲੇ ਵਿਚ ਹੰਕਾਰ ਭਰੇ ਵਿਅਕਤੀ ਨੂੰ ਨਹੀਂ ਕਬੂਲਿਆ ਗਿਆ ਇਸ ਪਰ ਸਾਨੂੰ ਪ੍ਰਮਾਣ ਮਿਲਦੇ ਹਨ।

(੧) (ਜਿਵੇਂ ਅਸੀਂ ਕਿਸੇ ਕੰਮ ਕਰਨ ਲਈ ਤੁਰੇ ਜਾਂਦਿਆਂ ਨੂੰ) ਅਗੋਂ ਬ੍ਰਾਹਮਣ ਮਿਲ ਪਵੇ ਤੇ ਉਸਦੇ ਮੱਥੇ ਉਤੇ ਤਿਊੜੀ ਹੋਵੇ ਤਾਂ ਜਾਣ ਵਾਲਾ (ਅਪਸਗਨ ਸਮਝ

ਕੇ) ਜਿਧਰ ਜਾਣਾ ਹੋਵੇ ਉਹ ਸਲਾਹ ਬਦਲ ਦੇਂਦਾ ਹੈ (ਭਾਵ ਬ੍ਰਾਹਮਣ ਪੂਜਣ ਯੋਗ ਹੈ, ਪਰ ਉਸਦੀ ਤਿਊੜੀ ਅਪਸਗਨ ਹੈ।

(੨) ਹੰਕਾਰੀ ਦਾ ਸਿਰ ਜਿਸ ਉਤੇ ਵਲ ਪਾ ਪਾ ਕੇ ਪੱਗ ਬੰਨ੍ਹੀ ਹੁੰਦੀ ਹੈ, (ਉਹ ਵੀ ਝੁਕਣ ਜਾਂ ਆਦਰ ਯੋਗ ਨਹੀਂ)।

(੩) ਅੱਖਾਂ ਨੂੰ ਬਿਲਕੁਲ ਹੀ ਪੂਜਿਆ ਨਹੀਂ ਜਾਂਦਾ (ਕਿਉਂਕਿ) ਅੱਖਾਂ ਮੇਰ ਤੇਰ (ਦ੍ਵੈਤ-ਭਾਵ) ਨਾਲ ਵੇਖਦੀਆਂ ਹਨ।

(੪) ਅਜਿਹੇ ਨੱਕ ਨੂੰ ਵੀ ਕੋਈ ਨਹੀਂ ਪੂਜਦਾ ਜੋ ਨੀਵੇਂ (ਜਾਂ ਮਾੜੇ ਨੂੰ ਵੇਖ ਨਫ਼ਰਤ ਨਾਲ) ਨੱਕ ਨੂੰ ਮੋੜਦਾ ਹੈ, ਕਿਉਂਕਿ ਉਸ ਵਿਚ ਮੈਂ (ਆਪੇ-ਹੰਕਾਰ) ਦੀ ਮਨੌਤ ਬੜੀ ਹੈ।

(੫) ਉੱਚੇ ਕੰਨਾਂ ਦੀ ਵੀ ਕੋਈ ਪੂਜਾ ਨਹੀਂ ਕਰਦਾ (ਕਿਉਂਕਿ ਇਹ ਹੋਰਨਾਂ ਦੀ) ਉਸਤਤ ਤੇ ਨਿੰਦਿਆ ਸੁਣਦੇ ਰਹਿੰਦੇ ਹਨ।

(੬) ਜੀਭ (ਰਸਨਾ) ਦੀ ਪੂਜਾ ਇਸ ਲਈ ਨਹੀਂ ਹੁੰਦੀ ਕਿਉਂਕਿ ਇਹ ਮਾੜੇ ਬੋਲ ਬੋਲਦੀ ਹੈ ਤੇ ਦੂਜੇ ਰਸਾਂ ਕਸਾਂ ਦੇ ਸੁਵਾਦ ਮਾਨਣ ਲਈ ਦੰਦਾਂ ਵਿਚ ਘਿਰੀ ਰਹਿੰਦੀ ਹੈ।

(੭) ਚਰਨ ਨੀਵੇਂ ਹਨ, (ਇਸ ਲਈ ਇਹ) ਹੱਥਾਂ ਨਾਲ ਪੂਜੇ ਜਾਂਦੇ ਹਨ।੧੨।

***ਭਾਵਾਰਥ :*** ਵਧੇਰੇ ਉੱਚੇ ਹੋਣ 'ਤੇ ਆਦਰ ਯੋਗ ਨਹੀਂ ਹੋਈਦਾ, ਕਿਉਂਕਿ ਉੱਚੇ ਹੋਇਆਂ ਹੰਕਾਰ, ਦ੍ਵੈਤ, ਘ੍ਰਿਣਾ, ਉਸਤਤ, ਨਿੰਦਾ, ਬਕਵਾਸ, ਸੁਆਦ, ਕੁਸੰਗ ਆਦਿ ਦੂਸ਼ਣ ਪੈ ਜਾਂਦੇ ਹਨ। ਨਿੰਮ੍ਰਤਾ ਧਾਰਨ ਨਾਲ ਪਰਉਪਕਾਰ ਵਲ ਤੁਰਨਾ ਤੇ ਸਤਿਸੰਗ ਵਿਚ ਚਲ ਚਲ ਜਾਣਾ ਆਦਿ ਗੁਣ ਆ ਜਾਂਦੇ ਹਨ। ਇਸ ਕਰਕੇ ਨੀਚ ਜਾਤ ਭਗਤ ਸਤਿਕਾਰ ਯੋਗ ਹਨ। ਪਰ ਉੱਚੀ ਕੁਲ ਦਾ ਬ੍ਰਾਹਮਣ ਆਦਰ ਯੋਗ ਨਹੀਂ। ਏਥੋਂ ਤਕ ਕਿ ਬ੍ਰਾਹਮਣਾਂ ਦੇ ਆਪਣੇ ਉਪਾਸ਼ਕਾਂ ਦੇ ਜਦ ਕੰਮ ਕਰਨ ਚਲਿਆਂ ਉਹ ਮੱਥੇ ਲੱਗ ਪੈਣ ਤਾਂ ਪਿਛੇ ਮੁੜ ਜਾਂਦੇ ਹਨ, ਤਾਂ ਤੇ ਉੱਚਤਾ ਆਦਰ ਯੋਗ ਨਹੀਂ ਨਿੰਮ੍ਰਤਾ ਆਦਰ ਯੋਗ ਹੈ। ਇਸ ਲਈ ਅਸੀਂ ਵੇਖਦੇ ਹਾਂ ਕਿ ਚਰਨਾਂ ਵਿਚ ਵਧੇਰੇ ਨਿੰਮ੍ਰਤਾ ਹੈ ਜੋ ਚਰਨਾਂ ਦੀ ਪੂਜਾ ਕਰਵਾਉਂਦੀ ਹੈ।

## ੧੩. ਬੱਕਰੀ ਦੀ ਨਿਰਮਾਣਤਾ ਤੋਂ ਉਪਦੇਸ਼

**੧. ਹਸਤਿ ਅਖਾਜੁ ਗੁਮਾਨ ਕਰਿ**
**ਸ਼ੀਹ ਸਤਾਣਾ ਕੋਇ ਨ ਖਾਈ॥**
**੨. ਹੋਇ ਨਿਮਾਣੀ ਬੱਕਰੀ**
**ਦੀਨ ਦੁਨੀ ਵਡਿਆਈ ਪਾਈ।**
**੩. ਮਰਣੈ ਪਰਣੈ ਮੰਨੀਐ**
**ਜੱਗਿ ਭੋਗਿ ਪਰਵਾਨ ਕਰਾਈ।**
**੪. ਮਾਸ ਪਵਿਤ੍ਰ ਗ੍ਰਿਹਸਤ ਨੋ**
**ਆਂਦਹੁੰ ਤਾਰ ਵੀਚਾਰਿ ਵਜਾਈ।**
**੫. ਚਮੜੇ ਦੀਆਂ ਕਰਿ ਜੁੱਤੀਆਂ**
**ਸਾਧੂ ਚਰਣ ਸ਼ਰਣਿ ਲਿਵ ਲਾਈ।**
**੬. ਤੂਰ ਪਖਾਵਜ ਮੜ੍ਹੀਦੇ**
**ਕੀਰਤਨੁ ਸਾਧ ਸੰਗਤਿ ਸੁਖਦਾਈ।**
**੭. ਸਾਧਸੰਗਤਿ ਸਤਿਗੁਰ ਸ਼ਰਣਾਈ॥੧੩॥**

***ਪਦ ਅਰਥ :*** ਹਸਤਿ—ਹਾਥੀ। ਅਖਾਜੁ—ਅਪਵਿੱਤ੍ਰ, ਨਾ ਖਾਣ ਜੋਗ। ਸ਼ੀਹ ਸਤਾਣਾ—ਬਲੀ ਸ਼ੇਰ। ਨਿਮਾਣੀ—ਨਿਰਮਾਣ। ਪਰਣੈ—ਵਿਆਹ-ਕਾਜ। ਆਂਦਹੁੰ—ਆਂਦਰਾਂ ਦੇ। ਤਾਰ—ਤਾਰਾਂ। ਤੂਰ—ਮ੍ਰਿਦੰਗ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਅਸੀਂ ਆਪ ਜੀ ਦੇ ਮਨ ਕਰਕੇ ਸਦਾ ਹੀ ਸ਼ੁਕਰ-ਗੁਜ਼ਾਰ ਹਾਂ, ਜੋ ਕਿ ਆਪ ਜੀ ਸਾਨੂੰ ਹਮੇਸ਼ਾਂ ਹੀ ਹਰ ਰੋਜ਼ ਗੁਰਮਤ ਦੇ ਨਵੇਂ ਤੋਂ ਨਵੇਂ ਪੱਖਾਂ ਦੀ ਜਾਣਕਾਰੀ ਕਰਾਉਂਦੇ ਰਹਿੰਦੇ ਹੋ। ਪਰ ਆਪ ਜੀ ਇਸ ਪੱਖ ਤੋਂ ਭੀ ਜਾਣੂ ਕਰਾਓ ਕਿ ਸਾਰੀ ਮਨੁੱਖਤਾ ਵੇਖਣ ਵਿਚ ਤਾਂ ਭਾਵੇਂ ਇਕੋ ਸਮਾਨ ਨਜ਼ਰ ਆਉਂਦੀ ਹੈ, ਤੁਸੀਂ ਇਸ ਦੇ ਅੰਦਰੂਨੀ ਭਾਵਾਂ ਨੂੰ ਗੁਰਮਤ ਅਨੁਸਾਰ ਕਿਸ ਰੂਪ ਵਿਚ ਅਨੁਭਵ ਕਰਦੇ ਹੋ?

ਉ: ਹੇ ਭਾਈਓ! ਮੈਨੂੰ ਜਿਥੇ ਤਕ ਗੁਰਮਤ ਦੇ ਵਾਚਣ ਦਾ ਸੁਭਾਗ ਪ੍ਰਾਪਤ ਹੋਇਆ ਹੈ, ਉਸ ਤੋਂ ਇਹੋ ਬੋਧ ਮਿਲਿਆ ਹੈ ਕਿ ਅਸੀਂ ਕਿਸੇ ਵਿਅਕਤੀ ਨੂੰ ਬਾਹਰੋਂ ਤੱਕ ਕੇ ਉਸ ਬਾਰੇ ਉਸ ਦੇ ਅੰਦਰੂਨੀ ਭਾਵਾਂ ਨੂੰ ਨਹੀਂ

ਜਾਣ ਸਕਦੇ ਜਿੰਨਾਂ ਚਿਰ ਤਕ ਅਸੀਂ ਕਿਸੇ ਦੇ ਨੇੜੇ ਹੋ ਕੇ ਗੁਰਬਾਣੀ ਅਨੁਸਾਰ ਉਸਦੀਆਂ ਅੰਦਰੂਨੀ ਭਾਵਨਾਵਾਂ ਨੂੰ ਨਹੀਂ ਪਰਖ ਲੈਂਦੇ ਕਿਉਂਕਿ ਕਿਸੇ ਦੇ ਅੰਤਰ-ਆਤਮੇ ਸਤਿ, ਸੰਤੋਖ, ਦਇਆ, ਧਰਮ, ਨਿਰਮਾਣਤਾ ਦੈਵੀ ਗੁਣਾਂ ਦੀ ਪ੍ਰਧਾਨਤਾ ਹੈ, ਕਿਸੇ ਦੇ ਅੰਦਰ ਹਉਮੈਂ, ਹੰਕਾਰ, ਖ਼ੁਦੀ, ਤਕੱਬਰ ਆਦਿ ਆਸੁਰੀ ਸੰਪਤੀ ਦੀ ਵਧੇਰੇ ਸਮੱਗਰੀ ਵੇਖਣ ਵਿਚ ਆਉਂਦੀ ਹੈ, ਪਰ ਗੁਰਮਤ ਨੇ ਸ਼ੁਭ ਗੁਣਾਂ ਦੀ ਪ੍ਰਧਾਨਤਾ ਵਾਲੇ ਮਨੁੱਖ ਨੂੰ ਨੇੜਤਾ ਦਿਤੀ ਹੈ, ਜੋ ਗੁਮਾਨਤਾ, ਹਉਮੈ, ਹੰਕਾਰ ਨਾਲ ਪੂਰਤ ਵਿਅਕਤੀ ਹੈ ਉਸ ਨੂੰ ਨਹੀਂ ਅਪਨਾਇਆ ਗਿਆ। ਇਸ ਪੱਖ ਦੀ ਪੂਰਤੀ ਵਿਚ ਸਾਨੂੰ ਗੁਰਬਾਣੀ ਵਿਚੋਂ ਬਹੁਤ ਉਦਾਹਰਣ ਮਿਲਦੇ ਹਨ, ਜਿਵੇਂ ਕਿ ਮੇਰੇ ਪੜ੍ਹਨ ਵਿਚ ਆਇਆ ਹੈ ਕਿ ਹਰੀ ਦੀ ਦਰਗਾਹ ਵਿਚ ਹਉਮੈ ਤੇ ਹੰਕਾਰ ਭਰੇ ਜੀਵਨ ਨੂੰ ਨਹੀਂ ਕਬੂਲਿਆ ਜਾਂਦਾ ਕਿਉਂਕਿ ਹਉਮੈਂ ਮਨੁੱਖ ਦੇ ਬੰਧਨਾਂ ਦਾ ਕਾਰਨ ਹੈ, ਜਿਵੇਂ ਕਿ :

ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥

*(ਸਲੋਕ ਮਹਲਾ ੧, ਪੰਨਾ ੪੬੬)*

ਹਰਿ ਜੀਉ ਅਹੰਕਾਰੁ ਨ ਭਾਵਈ<br>ਵੇਦ ਕੂਕਿ ਸੁਣਾਵਹਿ ॥<br>ਅਹੰਕਾਰਿ ਮੁਏ ਸੇ ਵਿਗਤੀ ਗਏ<br>ਮਰਿ ਜਨਮਹਿ ਫਿਰਿ ਆਵਹਿ ॥੯॥

*(ਪਉੜੀ, ਪੰਨਾ ੧੦੮੯)*

ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ ॥<br>ਜਿਹਿ ਪ੍ਰਾਨੀ ਹਰਿ ਜਸੁ ਕਹਿਓ<br>ਨਾਨਕ ਤਿਹਿ ਜਗੁ ਜੀਤਿ ॥੪੨॥

*(ਸਲੋਕ ਮ: ੯, ਪੰਨਾ ੧੪੨੮)*

ਗਰਬਿ ਗਹਿਲੜੋ ਮੂੜੜੋ ਹੀਓ ਰੇ ॥<br>ਹੀਓ ਮਹਰਾਜ ਰੀ ਮਾਇਓ ॥

*(ਟੋਡੀ ਮ: ੫, ਪੰਨਾ ੭੧੫)*

ਮਨ ਕਾਮਨਾ ਤੀਰਥ ਦੇਹ ਛੁਟੈ ॥<br>ਗਰਬੁ ਗੁਮਾਨੁ ਨ ਮਨ ਤੇ ਹੁਟੈ ॥

*(ਸੁਖਮਨੀ ਸਾਹਿਬ, ਪੰਨਾ ੨੬੫)*

ਕਾਚ ਗਗਰੀਆ ਅੰਭ ਮਝਰੀਆ ॥<br>ਗਰਬਿ ਗਰਬਿ ਉਆਹੂ ਮਹਿ ਪਰੀਆ ॥੧॥ਰਹਾਉ॥

*(ਆਸਾ ਮ: ੫, ਪੰਨਾ ੩੯੨)*

ਗਰਬੰਤਿ ਨਾਰੀ ਮਦੋਨ ਮਤੰ ॥<br>ਬਲਵੰਤ ਬਲਾਤ ਕਾਰਣਹ ॥<br>ਚਰਨ ਕਮਲ ਨਹ ਭਜੰਤ<br>ਤ੍ਰਿਣ ਸਮਾਨਿ ਧਿਗੁ ਜਨਮਨਹ ॥

*(ਸਲੋਕ ਸਹਸ ਕ੍ਰਿਤੀ ਮ: ੫, ਪੰਨਾ ੧੩੫੯)*

ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ ॥<br>ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ ॥੩॥

*(ਮ: ੧, ਪੰਨਾ ੯੫੬)*

ਗਰਬੁ ਨ ਕੀਜੈ ਰੇਣ ਹੋਵੀਜੈ ਤਾ ਗਤਿ ਜੀਅਰੇ ਤੇਰੀ ॥

*(ਰਾਗੁ ਸੂਹੀ ਮ: ੫, ਪੰਨਾ ੭੭੯)*

ਗਰਬੁ ਬਡੋ ਮੂਲੁ ਇਤਨੋ ॥<br>ਰਹਨੁ ਨਹੀ ਗਹੁ ਕਿਤਨੋ ॥੧॥ਰਹਾਉ॥

*(ਗਉੜੀ ਮ: ੫, ਪੰਨਾ ੨੧੨)*

ਇਸੇ ਭਾਵ ਦੇ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਸਾਨੂੰ ਹੋਰ ਵੀ ਬਹੁਤ ਸਾਰੇ ਉਦਾਹਰਣ ਮਿਲਦੇ ਹਨ, ਜਿਨ੍ਹਾਂ ਵਿਚ ਸਾਨੂੰ ਗਰਬ ਭਰੇ ਜੀਵਨ ਅਤੇ ਨਿਰਮਾਣਤਾ ਸਹਿਤ ਜੀਵਨ ਬਿਤਾਉਣ ਵਾਲੇ ਵਿਅਕਤੀ ਤੋਂ ਸ਼ੁਭ ਸਿਖਿਆ ਮਿਲਦੀ ਹੈ। ਇਸੇ ਭਾਵ ਨੂੰ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਵਿਚ ਗੁੰਥਨ ਕੀਤਾ ਹੈ ਕਿ ਜਿਥੇ ਹਾਥੀ ਤੇ ਸ਼ੇਰ ਦੋਹਾਂ ਦਾ ਗੁਮਾਨੀ ਜੀਵਨ ਵਿਅਰਥ ਹੈ, ਉਥੇ ਇਕ ਨਿਰਮਾਣ ਬੱਕਰੀ ਲੋਕ ਪ੍ਰਲੋਕ ਵਿਚ ਮਾਣ ਹਾਸਲ ਕਰਦੀ ਹੈ, ਜਿਵੇਂ ਕਿ ਅਸੀਂ ਵੇਖਦੇ ਹਾਂ ਕਿ :

(੧) ਹਾਥੀ ਦਾ ਮਾਸ ਅਪਵਿੱਤ੍ਰ ਹੈ, ਕਿਉਂਕਿ ਉਹ ਹੰਕਾਰੀ ਹੈ, ਸ਼ੇਰ ਨੂੰ ਭੀ ਆਪਣੀ ਤਾਕਤ ਦਾ ਵੱਡਾ ਮਾਣ ਹੈ (ਇਸ ਲਈ) ਉਸ ਦੇ ਮਾਸ ਨੂੰ ਵੀ ਕੋਈ ਨਹੀਂ ਖਾਂਦਾ।

(੨) ਬੱਕਰੀ ਨਿਮਾਣਿਆਂ ਵਾਂਗ ਰਹਿੰਦੀ ਹੈ, (ਤੇ ਨਿਰਮਾਣਤਾ ਦੀ) ਦੋਹਾਂ ਲੋਕਾਂ ਵਿਚ ਸੋਭਾ ਹੈ, ਏਥੇ ਵੀ ਤੇ ਅਗੇ ਵੀ।

(੩) ਮਰਣੇ ਤੇ ਵਿਆਹ ਆਦਿਕ ਕਾਰਜਾਂ ਵਿਚ ਇਹ ਮੰਨੀ ਜਾਂਦੀ ਹੈ, ਜੱਗ ਤੇ ਵੱਡੇ ਭੰਡਾਰਿਆਂ ਵਿਚ ਵੀ ਇਸ ਦੀ ਪ੍ਰਮਾਣੀਕਤਾ ਹੈ।

(੪) ਗ੍ਰਿਹਸਤੀ ਵਾਸਤੇ ਇਸ ਦਾ ਮਾਸ ਖਾਣਾ ਪਵਿੱਤ੍ਰ ਮੰਨਿਆ ਜਾਂਦਾ ਹੈ (ਇਸ ਦੀਆਂ) ਆਂਦਰਾਂ ਦੀਆਂ ਤਾਰਾਂ ਬਣਦੀਆਂ, (ਜੋ ਤੰਤੀ ਸਾਜਾਂ 'ਤੇ ਲਗਦੀਆਂ ਤੇ) ਵੀਚਾਰਵਾਨ (ਭਗਤ ਤੇ ਪ੍ਰੇਮੀ ਲੋਕ) ਵਜਾਉਂਦੇ ਹਨ ਤੇ ਪ੍ਰਭੂ ਗੀਤਾਂ ਦੀ ਧੁਨ ਉਠਦੀ ਹੈ)।

(੫) (ਬੱਕਰੀ ਦੇ) ਚਮੜੇ ਦੀਆਂ ਜੁੱਤੀਆਂ ਬਣਦੀਆਂ ਹਨ,

ਜੋ ਸਾਧੂਆਂ ਦੀ ਸੰਗਤ ਵਿਚ ਜਾਣ ਵਾਲੇ ਪਹਿਨਦੇ ਹਨ।

(੬) (ਬੱਕਰੀ ਦੇ ਚਮੜੇ ਦੀਆਂ) ਮ੍ਰਿਦੰਗਾਂ (ਢੋਲਕੀਆਂ) ਬਣਦੀਆਂ ਹਨ ਤੇ ਜੋੜੀਆਂ ਮੜ੍ਹ ਕੇ (ਸਾਧ ਸੰਗਤ ਵਿਖੇ) ਕੀਰਤਨ ਦੇ ਸਮੇਂ ਵੱਜਦੀਆਂ ਹਨ ਇਸ ਲਈ ਵੱਡੀਆਂ ਸੁਖਦਾਈ ਹਨ।

(੭) ਸਾਧ ਸੰਗਤ ਵਿਚ ਆਉਣਾ (ਇਹੋ ਹੀ) ਸਤਿਗੁਰਾਂ ਦੀ ਸੰਗਤ ਵਿਚ ਜਾਣਾ ਹੈ (ਤੇ ਸਤਿ ਸੰਗਤ ਓਹੀ ਹੈ, ਜਿਥੇ ਸਤਿਗੁਰੂ ਦਾ ਸ਼ਬਦ ਤੇ ਪ੍ਰਭੂ ਦੀ ਕੀਰਤੀ ਹੁੰਦੀ ਹੋਵੇ।) ।੧੩।

***ਭਾਵਾਰਥ :*** ਇਹ ਦ੍ਰਿਸ਼ਟਾਂਤ ਇਕ ਅਲੰਕਾਰ ਹੈ। ਇਸ ਲਈ ਆਪਣੀ ਵਿਦਿਆ ਤੋਂ ਨਾਵਾਕਫ਼ ਲੋਕ ਇਸਨੂੰ ਨਯਾਯ ਦੀ ਯੁਕਤੀ ਸਮਝ ਕੇ ਭੁਲੇਖਾ ਨ ਖਾਣ। ਬੱਕਰੀ ਦਾ ਮਰਣਾ ਪਰਉਪਕਾਰ ਖ਼ਾਤਰ ਦੁਖ ਸਹਿਣ ਦਾ ਅਲੰਕਾਰ ਹੈ। ਹਾਥੀ ਸ਼ੇਰ ਦਾ ਬਚ ਰਹਿਣਾ ਤੇ ਬੱਕਰੀ ਦਾ ਮਰ ਜਾਣਾ ਮਤਲਬ ਨਹੀਂ, ਤੇ ਨਾਹੀ ਮਾਸ ਖਾਣਾ ਕੇਹੜਾ ਵਿਹਤ ਹੈ ? ਇਸ ਵਿਸ਼ੇ ਉਤੇ ਚਰਚਾ ਹੈ।

## ੧੪. ਮਾਣਸ ਦੇਹੀ ਦੀ ਸਫਲਤਾ ਕਿਵੇਂ ?

**੧. ਸਭ ਸਰੀਰ ਅਕਾਰਥੇ**
**ਅਤਿ ਅਪਵਿੱਤ੍ਰ ਸੁ ਮਾਣਸ ਦੇਹੀ।**
**੨. ਬਹੁ ਬਿੰਜਨ ਮਿਸ਼ਟਾਨ ਪਾਨ**
**ਹੁਇ ਮਲ ਮੂਤ੍ਰ ਕਸੂਤ੍ਰ ਇਵੇਹੀ।**
**੩. ਪਾਟ ਪਟੰਬਰ ਵਿਗਾੜਦੇ**
**ਪਾਨ ਕਪੂਰ ਕੁਸੰਗ ਸਨੇਹੀ।**
**੪. ਚੋਆ ਚੰਦਨ ਅਰਗਜਾ**
**ਹੁਇ ਦੁਰਗੰਧ ਸੁਗੰਧ ਹੁਰੇਹੀ।**
**੫. ਰਾਜੇ ਰਾਜ ਕਮਾਵਦੇ**
**ਪਾਤਿਸਾਹ ਖਹਿ ਮੁਏ ਸਭੇਹੀ।**
**੬. ਸਾਧਸੰਗਤਿ ਗੁਰੁ ਸ਼ਬਦ ਵਿਣੁ**
**ਨਿਹਫਲ ਮਾਨਸ ਦੇਹ ਇਵੇਹੀ।**
**੭. ਚਰਨਿ ਸਰਨਿ ਮਸਕੀਨੀ ਜੇਹੀ॥੧੪॥**

***ਪਦ ਅਰਥ :*** ਅਕਾਰਥੇ—ਕਿਸੇ ਕੰਮ ਨਹੀਂ। ਬਿੰਜਨ—ਰਸੋਈ। ਮਿਸ਼ਟਾਨ—ਮਿੱਠੇ ਭੋਜਨ। ਕਸੂਤ੍ਰ—ਬਹੁਤ ਭੈੜੇ। ਪਾਟ ਪਟੰਬਰ—ਰੇਸ਼ਮੀ ਕੱਪੜੇ। ਕੁਸੰਗ—ਖੋਟਾ ਸੰਗ। ਸਨੇਹੀ—ਮਿੱਤ੍ਰ। ਹੁਰੇਹੀ—ਗਵਾ ਦਿੰਦੇ। ਨਿਹਫਲ—ਵਿਅਰਥ। ਮਸਕੀਨੀ—ਗ਼ਰੀਬੀ, ਨਿਰਮਾਣਤਾ।

### *ਅਰਥ :*

ਪ੍ਰ: ਭਾਈ ਸਾਹਿਬ ਜੀਉ ! ਤੁਸੀਂ ਕਈ ਵਾਰ ਸੰਗਤ ਵਿਚ ਇਹ ਖ਼ਿਆਲ ਦਿਆ ਕਰਦੇ ਹੋ ਕਿ ਇਹ ਮਨੁੱਖ ਸਰੀਰ ਸਾਰੀਆਂ ਜੂਨਾਂ ਤੋਂ ਉੱਤਮ ਹੈ ਅਤੇ ਕਿਸੇ ਸਮੇਂ ਇਸੇ ਮਨੁੱਖ ਜਾਮੇ ਨੂੰ ਸਾਰੀਆਂ ਸ਼੍ਰੇਣੀਆਂ ਤੋਂ ਨੀਵੇਂ ਦੇ ਵੀਚਾਰ ਭੀ ਪ੍ਰਗਟਾਇਆ ਕਰਦੇ ਹੋ। ਕਿਉਂ ਜੀ, ਇਸ ਮਨੁੱਖਤਾ ਨੂੰ ਆਪ ਜੀ ਦੋਵੇਂ ਪੱਖਾਂ ਵਿਚ ਕਿਵੇਂ ਪ੍ਰਗਟਾਉਂਦੇ ਹੋ, ਇਸ ਬਾਰੇ ਸਾਨੂੰ ਜਾਣਕਾਰੀ ਦੇਣ ਦੀ ਖੇਚਲ ਕਰੋ, ਧੰਨਵਾਦੀ ਹੋਵਾਂਗੇ ?

ਉ: ਹੇ ਭਾਈਓ ! ਅਸਲੀਅਤ ਤਾਂ ਇਹੋ ਹੈ ਕਿ ਸੰਗਤ ਵਿਚ ਜੋ ਭੀ ਮੈਂ ਖ਼ਿਆਲ ਪ੍ਰਗਟ ਕਰਦਾ ਹਾਂ ਉਹ ਮੇਰੇ ਆਪਣੇ ਨਹੀਂ ਹੁੰਦੇ, ਸਗੋਂ ਗੁਰਮਤ ਦੇ ਹੀ ਸਮਝਣੇ ਯੋਗ ਹਨ, ਕਿਉਂਕਿ ਜੋ ਭੀ ਮੈਨੂੰ ਗੁਰੂ ਦੀ ਸ਼ਰਨ ਵਿਚ ਰਹਿ ਕੇ ਬਾਣੀ ਲਿਖਦਿਆਂ ਤੇ ਵੀਚਾਰ ਕਰਦਿਆਂ ਸੰਸਕਾਰ ਦ੍ਰਿੜ੍ਹ ਹੋਏ ਹਨ ਉਨ੍ਹਾਂ ਦੇ ਹੀ ਅਧਾਰਾਤ ਹੋ, ਮੈਂ ਸੰਗਤ ਵਿਚ ਵੀਚਾਰ ਪ੍ਰਗਟ ਕਰਦਾ ਹਾਂ। ਬਾਣੀ ਵਿਚ ਇਸ ਮਨੁੱਖਤਾ ਨੂੰ ਦੋਵੇਂ ਹੀ ਦਰਜੇ ਦਿਤੇ ਹਨ। ਇਹ ਠੀਕ ਹੈ ਕਿ ਜੇ ਮਨੁੱਖ ਆਪਣੇ ਮਨੁੱਖੀ ਫ਼ਰਜ਼ਾਂ ਦੀ ਸੰਭਾਲ ਕਰਦਾ ਹੈ ਤਾਂ ਇਹ ਸਾਰੀਆਂ ਚੌਰਾਸੀ ਲੱਖ ਜੂਨਾਂ ਦਾ ਸਰਦਾਰ ਹੈ, ਪਰ ਜੇ ਇਹ ਆਪਣੇ ਫ਼ਰਜ਼ਾਂ ਨੂੰ ਨਿਭਾਉਣ ਵੱਲੋਂ ਕੁਤਾਹੀ ਕਰਦਾ ਹੈ ਤਾਂ ਇਸ ਨੂੰ ਨੀਵਿਆਂ ਤੋਂ ਭੀ ਨੀਵਾਂ ਦਰਸਾਇਆ ਗਿਆ ਹੈ। ਜਦੋਂ ਮੈਂ ਇਸ ਮਨੁੱਖ ਜਾਮੇ ਦੀ ਉੱਤਮਤਾ ਵੱਲ ਨਜ਼ਰ ਮਾਰਦਾ ਹਾਂ ਤਾਂ ਮੈਨੂੰ ਬਾਣੀ ਵਿਚੋਂ ਬਹੁਤ ਉਦਾਹਰਣ ਮਿਲਦੇ ਹਨ :

ਅਵਰ ਜੋਨਿ ਤੇਰੀ ਪਨਿਹਾਰੀ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ॥

*(ਆਸਾ ਮ: ੫, ਪੰਨਾ ੩੭੪)*

ਲਖ ਚਉਰਾਸੀਹ ਭ੍ਰਮਤਿਆ
ਦੁਲਭ ਜਨਮੁ ਪਾਇਓਇ॥
ਨਾਨਕ ਨਾਮੁ ਸਮਾਲਿ ਤੂੰ
ਸੋ ਦਿਨੁ ਨੇੜਾ ਆਇਓਇ॥੪॥੨੨॥੯੨॥

*(ਸਿਰੀ ਰਾਗੁ ਮਹਲਾ ੫, ਪੰਨਾ ੫੦)*

ਲਖ ਚਉਰਾਸੀਹ ਭ੍ਰਮਤੇ ਭ੍ਰਮਤੇ
ਦੁਲਭ ਜਨਮੁ ਅਬ ਪਾਇਓ ॥੧॥

*(ਮਾਰੂ ਮ: ੫, ਪੰਨਾ ੧੦੧੭)*

ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ ॥
ਪੂਰੈ ਭਾਗਿ ਸਤਿਗੁਰੁ ਮਿਲੈ ਹਰਿ ਨਾਮੁ ਧਿਆਇ ॥੬॥

*(ਵਡਹੰਸੁ ਮਹਲਾ ੩, ਪੰਨਾ ੫੬੫)*

ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ ॥
ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ ॥੧॥

*(ਸੂਹੀ ਮ: ੧, ਪੰਨਾ ੭੫੧)*

ਮਾਣਸ ਜਨਮੁ ਪੁੰਨਿ ਕਰਿ ਪਾਇਆ
ਬਿਨੁ ਨਾਵੈ ਧ੍ਰਿਗੁ ਧ੍ਰਿਗੁ ਬਿਰਥਾ ਜਾਈ ॥

*(ਗੂਜਰੀ ਮ: ੪, ਪੰਨਾ ੪੯੩)*

ਮਾਣਸ ਜਨਮੁ ਵਡ ਪੁੰਨੇ ਪਾਇਆ
ਦੇਹ ਸੁ ਕੰਚਨ ਚੰਗੜੀਆ ॥

*(ਵਡਹੰਸੁ ਮਹਲਾ ੪, ਪੰਨਾ ੫੭੫)*

ਮਾਨਸ ਜਨਮੁ ਅਮੋਲਕੁ ਪਾਇਓ
ਬਿਰਥਾ ਕਾਹਿ ਗਵਾਵਉ ॥੧॥ਰਹਾਉ॥

*(ਗਉੜੀ ਮ: ੯, ਪੰਨਾ ੨੧੯)*

ਮਾਨਸ ਦੇਹ ਬਹੁਰਿ ਨਹ ਪਾਵੈ
ਕਛੂ ਉਪਾਉ ਮੁਕਤਿ ਕਾ ਕਰੁ ਰੇ ॥

*(ਗਉੜੀ ਮ: ੯, ਪੰਨਾ ੨੨੦)*

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥
ਜਿਉ ਬਨ ਫਲ ਪਾਕੇ ਭੁਇ ਗਿਰਹਿ
ਬਹੁਰਿ ਨ ਲਾਗਹਿ ਡਾਰ ॥੩੦॥

*(ਸਲੋਕ ਕਬੀਰ ਜੀ, ਪੰਨਾ ੧੩੬੬)*

ਬਹੁਤੁ ਜੋਨਿ ਭਰਮਤ ਦੁਖੁ ਪਾਇਆ
ਹਉਮੈ ਬੰਧਨ ਕੇ ਭਾਰ ॥੨॥

*(ਸੋਰਠਿ ਮ: ੫, ਪੰਨਾ ੬੧੬)*

ਗੁਰ ਸੇਵਾ ਤੇ ਭਗਤਿ ਕਮਾਈ ॥
ਤਬ ਇਹ ਮਾਨਸ ਦੇਹੀ ਪਾਈ ॥
ਇਸ ਦੇਹੀ ਕਉ ਸਿਮਰਹਿ ਦੇਵ ॥
ਸੋ ਦੇਹੀ ਭਜੁ ਹਰਿ ਕੀ ਸੇਵ ॥੧॥
ਭਜਹੁ ਗੋਬਿੰਦ ਭੂਲਿ ਮਤ ਜਾਹੁ ॥
ਮਾਨਸ ਜਨਮ ਕਾ ਏਹੀ ਲਾਹੁ ॥੧॥ਰਹਾਉ॥

*(ਭੈਰਉ ਬਾਣੀ ਭਗਤ ਕਬੀਰ ਜੀ, ਪੰਨਾ ੧੧੫੯)*

ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥
ਘਟ ਭੀਤਰਿ ਤੂ ਦੇਖੁ ਬਿਚਾਰਿ ॥ *(ਪੰਨਾ ੧੧੫੯)*

ਇਸ ਤੋਂ ਆਦਿ ਸਾਨੂੰ ਇਲਾਹੀ ਬਾਣੀ ਵਿਚੋਂ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਸਾਨੂੰ ਇਸ ਮਨੁੱਖ ਜਾਮੇ ਵਿਚ ਆਉਣ ਦੇ ਮੁਖ ਪ੍ਰਯੋਜਨ ਦਾ ਮੁਖ ਫ਼ਰਜ਼ ਉਸ ਪ੍ਰਭੂ ਦੇ ਨਾਮ ਸਿਮਰਨ ਕਰਦੇ ਰਹਿਣ ਦਾ ਹੀ ਬੋਧ ਮਿਲਦਾ ਹੈ, ਪਰ ਜੋ ਉਸ ਪਰੀਪੂਰਨ ਪਰਮੇਸ਼ਰ ਦੀ ਬੰਦਗੀ ਕਰਨ ਵੱਲੋਂ ਆਲਸ ਕਰਦੇ ਹਨ, ਉਨ੍ਹਾਂ ਮਨੁੱਖਾਂ ਨੂੰ ਤਾਂ ਮਨੁੱਖ ਸ਼੍ਰੇਣੀ ਦੇ ਦਰਜੇ ਤੋਂ ਬਹੁਤ ਘਟੀਆ ਦਰਜਾ ਦਿਤਾ ਗਿਆ ਹੈ ਭਾਵ ਉਨ੍ਹਾਂ ਨੂੰ ਪਸ਼ੂਆਂ ਦੀ ਸ਼੍ਰੇਣੀ ਤੋਂ ਭੀ ਨੀਵਾਂ ਦਰਸਾਇਆ ਗਿਆ ਹੈ, ਜਿਵੇਂ ਕਿ :

ਪਸੂ ਮਿਲਹਿ ਚੰਗਿਆਈਆ
ਖੜੁ ਖਾਵਹਿ ਅੰਮ੍ਰਿਤੁ ਦੇਹਿ ॥
ਨਾਮ ਵਿਹੂਣੇ ਆਦਮੀ
ਧ੍ਰਿਗੁ ਜੀਵਣ ਕਰਮ ਕਰੇਹਿ ॥੩॥

*(ਗੂਜਰੀ ਮਹਲਾ ੧, ਪੰਨਾ ੪੮੯)*

ਸੂਕਰ ਸੁਆਨ ਗਰਧਭ ਮੰਜਾਰਾ ॥
ਪਸੂ ਮਲੇਛ ਨੀਚ ਚੰਡਾਲਾ ॥
ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥
ਬੰਧਨਿ ਬਾਧਿਆ ਆਈਐ ਜਾਈਐ ॥੫॥

*(ਬਿਲਾਵਲੁ ਮ: ੧, ਪੰਨਾ ੮੩੨)*

ਨਰੂ ਮਰੈ ਨਰੁ ਕਾਮਿ ਨ ਆਵੈ ॥
ਪਸੂ ਮਰੈ ਦਸ ਕਾਜ ਸਵਾਰੈ ॥੧॥

*(ਗੋਂਡ ਬਾਣੀ ਕਬੀਰ ਜੀ, ਪੰਨਾ ੮੭੦)*

ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ ॥
ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ ॥

*(ਪਉੜੀ, ਪੰਨਾ ੧੨੮੪)*

ਜਿਹਵਾ ਇੰਦ੍ਰੀ ਸਾਦਿ ਲੋੁਭਾਨਾ ॥
ਪਸੂ ਭਏ ਨਹੀ ਮਿਟੈ ਨੀਸਾਨਾ ॥੬॥

*(ਰਾਮਕਲੀ ਮ: ੧, ਪੰਨਾ ੯੦੩)*

ਮਨਮੁਖਿ ਅੰਧੁਲੇ ਗੁਰਮਤਿ ਨ ਭਾਈ ॥
ਪਸੂ ਭਏ ਅਭਿਮਾਨ ਨ ਜਾਈ ॥੨॥

*(ਬਸੰਤੁ ਮ: ੧, ਪੰਨਾ ੧੧੯੦)*

ਚਿਰੰਕਾਲ ਪਾਈ ਦ੍ਰੁਲਭ ਦੇਹ ॥
ਨਾਮ ਬਿਹੂਣੀ ਹੋਈ ਖੇਹ ॥

ਪਸੂ ਪਰੇਤ ਮੁਗਧ ਤੇ ਬੁਰੀ ॥
ਤਿਸਹਿ ਨ ਬੂਝੈ ਜਿਨਿ ਏਹ ਸਿਰੀ ॥੩॥

*(ਰਾਮਕਲੀ ਮ: ੫, ਪੰਨਾ ੮੯੦)*

ਦੁਲਭ ਦੇਹ ਪਾਈ ਵਡਭਾਗੀ ॥
ਨਾਮੁ ਨ ਜਪਹਿ ਤੇ ਆਤਮ ਘਾਤੀ ॥੧॥
ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥
ਨਾਮ ਬਿਹੂਨ ਜੀਵਨ ਕਉਨ ਕਾਮ ॥੧॥ਰਹਾਉ॥
ਖਾਤ ਪੀਤ ਖੇਲਤ ਹਸਤ ਬਿਸਥਾਰ ॥
ਕਵਨ ਅਰਥ ਮਿਰਤਕ ਸੀਗਾਰ ॥੨॥
ਜੋ ਨ ਸੁਨਹਿ ਜਸੁ ਪਰਮਾਨੰਦਾ ॥
ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ ॥੩॥

*(ਗਉੜੀ ਮ: ੫, ਪੰਨਾ ੧੮੮)*

ਪਸੁ ਪੰਖੀ ਭੂਤ ਅਰੁ ਪ੍ਰੇਤਾ ॥
ਬਹੁ ਬਿਧਿ ਜੋਨੀ ਫਿਰਤ ਅਨੇਤਾ ॥
ਜਹ ਜਾਨੋ ਤਹ ਰਹਨੁ ਨ ਪਾਵੈ ॥
ਥਾਨ ਬਿਹੂਨ ਉਠਿ ਉਠਿ ਫਿਰਿ ਧਾਵੈ ॥

*(ਮਾਰੂ ਮ: ੫, ਪੰਨਾ ੧੦੦੫)*

ਪਸੁ ਪੰਖੀ ਬਿਰਖ ਅਸਥਾਵਰ
ਬਹੁ ਬਿਧਿ ਜੋਨਿ ਭ੍ਰਮਿਓ ਅਤਿ ਭਾਰੀ ॥
ਖਿਨੁ ਪਲੁ ਚਸਾ ਨਾਮੁ ਨਹੀ ਸਿਮਰਿਓ
ਦੀਨਾ ਨਾਥ ਪ੍ਰਾਨ ਪਤਿ ਸਾਰੀ ॥

*(ਸਵਯੇ ਮ: ੫ ਕੇ, ਪੰਨਾ ੧੩੮੮)*

ਪਸੂ ਪੰਖੀ ਸੈਲ ਤਰਵਰ ਗਣਤ ਕਛੂ ਨ ਆਵਏ ॥
ਬੀਜੁ ਬੋਵਸਿ ਭੋਗ ਭੋਗਹਿ ਕੀਆ ਅਪਣਾ ਪਾਵਏ ॥
ਰਤਨ ਜਨਮੁ ਹਾਰੰਤ ਜੂਐ ਪ੍ਰਭੂ ਆਪਿ ਨ ਭਾਵਹੀ ॥

*(ਜੈਤਸਰੀ ਮ: ੫, ਪੰਨਾ ੭੦੫)*

ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥
ਸਤਿਗੁਰੁ ਮਿਲੈ ਤ ਉਲਟੀ ਹੋਵੈ
ਖੋਜਿ ਲਹੈ ਜਨੁ ਕੋਇ ॥੨॥

*(ਭੈਰਉ ਮ: ੩, ਪੰਨਾ ੧੧੩੨)*

ਇਸੇ ਭਾਵ ਨੂੰ ਪ੍ਰਗਟਾਉਣ ਵਾਲੇ ਹੋਰ ਭੀ ਪ੍ਰਮਾਣ ਬਾਣੀ ਵਿਚੋਂ ਸਾਨੂੰ ਬਹੁਤ ਮਿਲਦੇ ਹਨ, ਜਿਨ੍ਹਾਂ ਤੋਂ ਜਾਣਕਾਰੀ ਮਿਲਦੀ ਹੈ ਕਿ ਉੱਤਮ ਦਰਜੇ ਦਾ ਮਨੁੱਖ ਕੌਣ ਹੈ ਤੇ ਪਸ਼ੂਆਂ ਤੋਂ ਵੀ ਨੀਵਾਂ ਕੌਣ ਮਨੁੱਖ ਹੈ? ਇਹ ਦੋਵੇਂ ਪੱਖਾਂ ਦੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਬਾਣੀ ਦੁਆਰਾ ਸਾਨੂੰ ਸਹੀ ਸਹੀ ਜਾਣਕਾਰੀ ਮਿਲਦੀ ਹੈ। ਸੋ, ਮੈਨੂੰ ਭੀ ਜੋ ਸੰਪੂਰਨ ਬਾਣੀ ਦੀ ਪੜਚੋਲ ਕਰਨ ਤੋਂ ਸੋਝੀ ਮਿਲੀ ਹੈ ਉਸ ਤੋਂ ਪ੍ਰੇਰਤ ਹੋ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ ਹੋਰ) ਸਭ ਕਿਸਮਾਂ ਦੇ ਸਰੀਰ ਨਿਸਫਲ (ਬੇਅਰਥ) ਹਨ, ਪਰ ਮਾਣਸ (ਮਨੁਖਾ) ਦੇਹੀ ਸਭ ਤੋਂ ਨਖਿੱਧ ਤੇ ਅਪਵਿੱਤ੍ਰ ਹੈ (ਕਿਉਂਕਿ ਜੋ ਮਰਨ ਮਗਰੋਂ ਕਿਸੇ ਭੀ ਕੰਮ ਨਹੀਂ ਆਉਂਦੀ ਜਦ ਤਕ ਜੀਵਤ ਰਹਿੰਦੀ ਹੈ)।

(੨) (ਕਿਉਂਕਿ ਸਾਡੇ ਵੇਖਣ ਵਿਚ ਇਹ ਪ੍ਰਤੱਖ ਆਉਂਦਾ ਹੈ ਕਿ) ਅਨੇਕਾਂ ਕਿਸਮ ਦੇ ਪਕਵਾਨ ਤੇ ਮਿੱਠੇ ਭੋਜਨ ਖਾਂਦੀ ਹੈ, ਜੋ ਮਲ ਮੂਤਰ ਬਣਾ ਕੇ ਬੜਾ ਹੀ ਕਸੂਤ੍ਰ ਕੰਮ ਕਰਦੀ ਹੈ।

(੩) (ਇਸ ਦੇਹ ਨਾਲ ਲਗ ਕੇ) ਰੇਸ਼ਮੀ ਕੱਪੜੇ ਮੈਲੇ ਹੁੰਦੇ ਤੇ ਫਿਰ ਪਾਟ ਜਾਂਦੇ ਹਨ, (ਇਸੇ ਤਰ੍ਹਾਂ) ਪਾਨ ਤੇ ਕਪੂਰ (ਸੁਗੰਧ) ਵੀ ਇਸ ਦੇਹੀ ਦੇ (ਸੰਗ) ਨਾਲ ਮਿਲਕੇ ਹਾਲੋਂ ਬੇਹਾਲ ਹੋ ਜਾਂਦੇ ਹਨ।

(੪) ਚੋਆ, ਚੰਦਨ, ਅਰਗਜਾ (ਸੁਗੰਧੀਆਂ ਦਾ ਸਮੂੰਹ) ਮਨੁੱਖਾ ਦੇਹੀ ਨਾਲ ਲੱਗ ਕੇ ਦੁਰਗੰਧੀ ਵਿਚ ਬਦਲ ਜਾਂਦੇ ਹਨ।

(੫) ਰਾਜੇ ਰਾਜ ਕਮਾਂਵਦੇ ਹਨ, ਪਾਤਿਸ਼ਾਹ (ਸੁਖਾਂ ਨੂੰ ਮਾਣਦੇ ਹਨ, ਪਰ ਸੰਤੁਸ਼ਟਤਾ ਨਹੀਂ ਤੇ ਇਕ ਦੂਜੇ ਨਾਲ ਈਰਖਾ ਦੇ ਵੱਸ ਹੋ ਕੇ) ਆਪੋ ਵਿਚ ਖਹਿ ਖਹਿ ਲੜ ਮਰਦੇ ਹਨ।

(੬) ਸਾਧ ਸੰਗਤ ਤੇ ਗੁਰੂ ਦੇ ਸ਼ਬਦ ਦੀ ਵੀਚਾਰ ਬਿਨਾ, ਗੁਰੂ ਦੇ ਆਸ੍ਰਤ ਹੋਏ ਬਿਨਾਂ ਇਹ ਮਨੁੱਖਾ ਦੇਹੀ ਨਿਸਫਲ ਹੀ ਹੈ। (ਪ੍ਰਭੂ ਦੀਆਂ ਕੀਤੀਆਂ ਬਖ਼ਸ਼ਸ਼ਾਂ ਤੇ ਦਿਤੀਆਂ ਨਿਹਮਤਾਂ ਦਾ ਗੁਣ ਨ ਜਾਣਨਾ, ਦੇਣ ਵਾਲੇ ਦਾ ਸ਼ੁਕਰ-ਗੁਜ਼ਾਰ ਨ ਹੋਣ ਕਰਕੇ ਇਹ ਅਮੋਲਕ ਮਨੁੱਖਾ-ਜਨਮ ਨਿਹਫਲ ਚਲਾ ਜਾਂਦਾ ਹੈ।

(੭) (ਪਰ ਜਿਨ੍ਹਾਂ ਨੇ) ਗੁਰੂ ਦੀ ਸ਼ਰਨ ਪ੍ਰਾਪਤ ਕਰਕੇ ਗ਼ਰੀਬੀ (ਮਸਕੀਨੀ) ਤੇ ਨਿਰਮਾਣਤਾ ਧਾਰਨ ਕਰ ਲਈ ਹੈ, ਉਹ ਆਪਣੀਆਂ ਦੇਹਾਂ ਨੂੰ ਸਫਲੀਆਂ ਕਰ ਜਾਂਦੇ ਹਨ (ਤੇ ਮੁਕਤ ਪਦਵੀ ਨੂੰ ਪ੍ਰਾਪਤ ਕਰ ਲੈਂਦੇ ਹਨ)।੧੪।

***ਭਾਵਾਰਥ :*** ਮਨੁੱਖਾ ਦੇਹੀ ਨੂੰ ਸਾਰੀਆਂ ਜੂਨਾਂ ਤੋਂ ਉੱਤਮ ਮੰਨਿਆ ਗਿਆ ਹੈ, ਬਸ਼ਰਤੇ ਇਸਨੂੰ ਆਪਣੇ ਆਪ ਦਾ ਗਿਆਨ ਹੋਵੇ। ਗਿਆਨ ਤੋਂ ਸੱਖਣੇ ਮਨੁੱਖ ਨੂੰ ਤਾਂ ਬੁਧੀ ਜੀਵੀਆਂ ਨੇ ਪਸ਼ੂਆਂ ਦੀ ਤੁਲਨਾ ਦਿਤੀ ਹੈ। ਕਿਉਂਕਿ ਇਸ ਦੀ ਬਹਿਰੂਨੀ ਕ੍ਰਿਆ ਪਸ਼ੂਆਂ ਨਾਲ ਹੀ ਮਿਲਦੀ ਜੁਲਦੀ ਹੈ, ਜਿਵੇਂ :

ਨਿੰਦ੍ਰਾ, ਭੋਜਨ, ਭੋਗ, ਭੈ ਇਹ ਪਸ ਪੁਰਖ ਸਮਾਨ।
ਨਰਨ ਗਿਆਨ ਨਿਜ ਅਧਿਕਤਾ
ਗਿਆਨ ਬਿਨਾ ਪਸੁ ਜਾਨ।

ਸੌਣਾ, ਭੋਜਨ ਖਾਣੇ, ਭੋਗ ਭੋਗਣੇ, ਭੈ ਵਿਚ ਰਹਿਣਾ ਇਹ ਪਸ਼ੂਆਂ ਤੇ ਮਨੁੱਖਾਂ ਦੇ ਇਕੋ ਸਮਾਨ ਹਨ, ਪਰ ਮਨੁੱਖ ਦੇ ਅੰਦਰ ਜੇ ਕੋਈ ਵਿਸ਼ੇਸ਼ਤਾ ਹੈ ਤਾਂ ਉਹ ਕੇਵਲ ਇਕ ਆਪਣੇ ਸ੍ਵੈ-ਸਰੂਪ ਦਾ ਗਿਆਨ ਹੀ ਹੈ, ਗਿਆਨ ਤੋਂ ਸੱਖਣਾ ਮਨੁੱਖ ਤਾਂ ਪਸ਼ੂਆਂ ਤੋਂ ਭੀ ਨਿਕੰਮਾ ਹੈ। ਕਿਉਂਕਿ ਗੁਰੂ ਫ਼ੁਰਮਾਨ ਹੈ ਕਿ ਪਸ਼ੂਆਂ ਨੂੰ ਸਾਰੇ ਹੀ ਲੋਕ ਚੰਗਾ ਚੰਗਾ ਕਹਿੰਦੇ ਹਨ, ਕਿਉਂਕਿ ਉਹ ਘਾਹ ਖਾ ਕੇ ਅੰਮ੍ਰਿਤ ਸਰੀਖਾ ਦੁੱਧ ਦੇਂਦੇ ਹਨ, ਪਰ ਉਸ ਦੁੱਧ ਤੋਂ ਬਣੇ ਛੱਤੀ ਪ੍ਰਕਾਰ ਦੇ ਭੋਜਨਾਂ ਨੂੰ ਖਾ ਕੇ ਮਨੁੱਖ ਉਨ੍ਹਾਂ ਨੂੰ ਵਿਸ਼ਟੇ ਦੀ ਸ਼ਕਲ ਵਿਚ ਬਦਲ ਦੇਂਦਾ ਹੈ।

## ੧੫. ਸੁਖੀਏ ਗੁਰਮੁਖ ਭਗਤਾਂ ਦੇ ਨਾਮ

**੧. ਗੁਰਮੁਖਿ ਸੁਖ ਫਲੁ ਪਾਇਆ**
**ਸਾਧਸੰਗਤ ਗੁਰ ਸ਼ਰਣੀ ਆਏ।**
**੨. ਧ੍ਰੂ ਪ੍ਰਹਿਲਾਦੁ ਵਖਾਣੀਅਨਿ**
**ਅੰਬਰੀਕੁ ਬਲਿ ਭਗਤ ਸਬਾਏ।**
**੩. ਸਨਕਾਦਿਕ ਜੈਦੇਉ ਜਗਿ**
**ਬਾਲਮੀਕੁ ਸਤਿ ਸੰਗਿ ਤਰਾਏ।**
**੪. ਬੇਣਿ ਤਿਲੋਚਨੁ ਨਾਮਦੇਉ**
**ਧੰਨਾ ਸਧਨਾ ਭਗਤ ਸਦਾਏ।**
**੫. ਭਗਤੁ ਕਬੀਰੁ ਵਖਾਣੀਐ**
**ਜਨ ਰਵਿਦਾਸੁ ਬਿਦਰ ਗੁਰੁ ਭਾਏ।**
**੬. ਜਾਤਿ ਅਜਾਤਿ ਸਨਾਤਿ ਵਿਚਿ**
**ਗੁਰਮੁਖਿ ਚਰਨ ਕਵਲ ਚਿਤੁ ਲਾਏ।**
**੭. ਹਉਮੈਂ ਮਾਰੀ ਪਰਗਟੀ ਆਏ ॥੧੫॥**

***ਪਦ ਅਰਥ :*** ਸਨਕਾਦਿਕ—ਬ੍ਰਹਮਾ ਦੇ ਪੁੱਤਰ, ਸਨਕ ਸਨੰਦਨ ਆਦਿ। ਜਗਿ—ਸੰਸਾਰ ਵਿਚ। ਗੁਰੁ ਭਾਏ—ਗੁਰੂ ਕ੍ਰਿਪਾ। ਅਜਾਤਿ ਸਨਾਤਿ—ਭੈੜੀਆਂ ਤੇ ਚੰਗੀਆਂ ਜਾਤਾਂ। ਗੁਰਮੁਖਿ—ਗੁਰੂ ਤੋਂ ਵਰੋਸਾਏ। ਪਰਗਟੀ ਆਏ—ਪ੍ਰਗਟ ਤੇ ਪ੍ਰਸਿੱਧ ਹੋਏ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਕਈ ਵਾਰ ਆਪ ਜੀ ਇਸ ਪੱਖ ਨੂੰ ਭੀ ਪ੍ਰਗਟਾਇਆ ਕਰਦੇ ਹੋ ਕਿ ਇਹ ਸਾਰਾ ਸੰਸਾਰ ਹੀ ਦੁਖੀਆ ਨਜ਼ਰ ਆਉਂਦਾ ਹੈ, ਪਰ ਜਦੋਂ ਅਸੀਂ ਵੇਖਦੇ ਹਾਂ ਕਿ ਜਿਥੇ ਸੰਸਾਰ ਦੇ ਵਧੇਰੇ ਲੋਕ ਦੁਖੀਏ ਹਨ, ਉਥੇ ਕੁੱਝ ਕੁ ਮਨੁੱਖ ਸੁਖੀਏ ਭੀ ਦਿਸਦੇ ਹਨ। ਕਿਉਂਕਿ ਇਹ ਭੀ ਠੀਕ ਹੀ ਮੰਨਣਾ ਪਵੇਗਾ ਕਿ ਬਹੁਤੇ ਲੋਕਾਂ ਕੋਲ ਨਾ ਹੀ ਰਹਿਣ ਵਾਸਤੇ ਛੱਪਰੀ ਹੈ, ਨਾ ਹੀ ਪਹਿਨਣ ਲਈ ਕੱਪੜਾ ਅਤੇ ਨਾ ਹੀ ਖਾਣ ਲਈ ਰੱਜਵੀਂ ਰੋਟੀ ਹੈ, ਪਰ ਇਨ੍ਹਾਂ ਦੇ ਮੁਕਾਬਲੇ ਵਿਚ ਕਈਆਂ ਦੇ ਰਿਹਾਇਸ਼ ਲਈ ਸੁੰਦਰ ਮੰਦਰ ਹਨ, ਖਾਣ ਵਾਸਤੇ ਚੰਗੇ ਚੰਗੇ ਸੁਆਦਿਸ਼ਟ ਛੱਤੀ ਪ੍ਰਕਾਰ ਦੇ ਭੋਜਨ ਹਨ, ਸੇਵਾ ਕਰਨ ਲਈ ਕਈ ਕਈ ਨੌਕਰ ਚਾਕਰ ਹਨ, ਚੜ੍ਹਨ ਲਈ ਘੋੜੇ, ਬਘੀਆਂ ਤੇ ਪਾਲਕੀਆਂ ਭੀ ਸਦਾ ਹੀ ਤਿਆਰ ਰਹਿੰਦੀਆਂ ਹਨ, ਵੇਖਣ ਵਿਚ ਇਉਂ ਹੀ ਨਜ਼ਰ ਆਉਂਦੇ ਹਨ ਕਿ ਇਹ ਲੋਕ ਹਰ ਪੱਖੋਂ ਹੀ ਸੁਖੀਏ ਹੋਣਗੇ। ਭਾਈ ਸਾਹਿਬ ਜੀਉ! ਇਸ ਵਿਚ ਸਾਡੀ ਕੋਈ ਤਰਕ-ਦ੍ਰਿਸ਼ਟੀ ਨਹੀਂ ਅਸੀਂ ਕੇਵਲ ਆਪਣੇ ਸੰਸੇ ਦੀ ਨਵਿਰਤੀ ਕਰਵਾਉਣਾ ਚਾਹੁੰਦੇ ਹਾਂ। ਆਸ ਹੈ ਕਿ ਇਸ ਸੰਬੰਧ ਵਿਚ ਸਾਨੂੰ ਤੁਸੀਂ ਗੁਰਮਤ ਅਨੁਸਾਰ ਆਪਣੇ ਸ਼ੁਭ ਵੀਚਾਰ ਦਿਓਗੇ?

**ਉ:** ਹੇ ਭਾਈਓ! ਇਹ ਠੀਕ ਹੈ ਕਿ ਤੁਸਾਂ ਆਪਣੇ ਖ਼ਿਆਲ ਪ੍ਰਗਟਾਏ ਹਨ, ਕਿਉਂਕਿ (ਆਪ ਆਪਨੀ ਬੁਧ ਹੈ ਜੇਤੀ॥ ਬਰਨਤ ਭਿੰਨ ਭਿੰਨ ਤੁਹਿ ਤੇਤੀ॥) ਹਰ ਬੰਦਾ ਆਪਣੀ ਬੁਧੀ ਅਨੁਸਾਰ ਆਪਣੇ ਵੀਚਾਰ ਪ੍ਰਗਟ ਕਰਿਆ ਕਰਦਾ ਹੈ, ਪਰ ਮੈਂ ਤਾਂ ਸੰਗਤ ਵਿਚ ਆਪਣੇ ਵੱਲੋਂ ਕਦੇ ਭੀ ਕੋਈ ਵੀਚਾਰ ਨਹੀਂ ਪਰਗਟ ਕਰਦਾ, ਪਰ ਹਾਂ ਜੋ ਮੈਨੂੰ ਗੁਰਬਾਣੀ ਦੁਆਰੇ ਬੋਧ ਮਿਲਿਆ ਹੈ, ਉਸੇ ਦੇ ਅਧਾਰਤ ਹੋ ਮੈਂ ਸੰਗਤ ਨੂੰ ਸੰਬੋਧਨ ਕਰਦਾ ਹਾਂ। ਮੈਂ ਗੁਰਬਾਣੀ ਵਿਚ ਪੜ੍ਹਿਆ ਹੈ ਕਿ :

ਬਾਲੀ ਰੋਵੈ ਨਾਹਿ ਭਤਾਰੁ॥
ਨਾਨਕ ਦੁਖੀਆ ਸਭੁ ਸੰਸਾਰੁ॥

*(ਸਲੋਕੁ ਮ: ੧, ਪੰਨਾ ੯੫੪)*

ਦੁਖ ਵਿਚਿ ਜੰਮਣੁ ਦੁਖਿ ਮਰਣੁ
ਦੁਖਿ ਵਰਤਣੁ ਸੰਸਾਰਿ ॥
ਦੁਖੁ ਦੁਖੁ ਅਗੈ ਆਖੀਐ
ਪੜ੍ਹਿ ਪੜ੍ਹਿ ਕਰਹਿ ਪੁਕਾਰ ॥
ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ ॥
ਦੁਖ ਵਿਚਿ ਜੀਉ ਜਲਾਇਆ
ਦੁਖੀਆ ਚਲਿਆ ਰੋਇ ॥

*(ਸਲੋਕ ਮਹਲਾ ੧, ਪੰਨਾ ੧੨੪੦)*

ਹੇ ਭਾਈਓ ! ਇਸੇ ਤਰ੍ਹਾਂ ਅਸੀਂ ਜਿਉਂ ਜਿਉਂ ਬਾਣੀ ਦੀ ਵੀਚਾਰ ਕਰਾਂਗੇ ਤਾਂ ਸਾਨੂੰ ਸੰਸਾਰ ਦੇ ਹਰ ਮਨੁੱਖ-ਮਾਤ੍ਰ ਦਾ ਗਿਆਨ ਹੋਵੇਗਾ ਕਿ ਸੁਖੀਆ ਤਾਂ ਕੋਈ ਭੀ ਨਹੀਂ, ਜੋ ਭੀ ਸਾਨੂੰ ਕੋਈ ਸਰੀਰ ਧਾਰੀ ਸੁਖੀਆ ਨਜ਼ਰ ਆਉਂਦਾ ਭੀ ਹੈ, ਉਸਨੂੰ ਅਸੀਂ ਦੂਰੋਂ ਹੀ ਸੁਖੀਆ ਵੇਖਦੇ ਹਾਂ, ਪਰ ਜਦੋਂ ਅਸੀਂ ਉਸਦੇ ਨਜ਼ਦੀਕ ਹੋ ਕੇ ਉਸ ਦੇ ਸੁਖੀਏ ਹੋਣ ਦੇ ਬਾਰੇ ਪੁੱਛੀਏ ਤਾਂ ਉਹ ਖ਼ੁਦ ਹੀ ਆਪਣੇ ਦੁਖਾਂ ਦੀਆਂ ਪੰਡਾਂ ਖੋਲ੍ਹ ਕੇ ਸਾਡੇ ਅੱਗੇ ਰੱਖ ਦਏਗਾ। ਇਸ ਤਰ੍ਹਾਂ ਉਸ ਦੇ ਸੁਖੀ ਹੋਣ ਦਾ ਸਾਡਾ ਭਰਮ ਭੁਲੇਖਾ ਵੀ ਦੂਰ ਹੋ ਜਾਏਗਾ। ਕਿਉਂਕਿ ਜਦੋਂ ਅਸੀਂ ਕਿਸੇ ਮਨੁੱਖ ਨੂੰ ਧਨ ਕਰਕੇ ਸੁਖੀਆ ਵੇਖਦੇ ਹਾਂ, ਇਸ ਧਨ ਨੂੰ ਤਾਂ ਬਾਣੀ ਵਿਚ ਇਕ ਕਰਤੇ ਦਾ ਖਿਡੌਣਾ ਦਰਸਾਇਆ ਹੈ। ਜਿਵੇਂ ਕਿ :

ਇਹੁ ਧਨੁ ਕਰਤੇ ਕਾ ਖੇਲੁ ਹੈ ਕਦੇ ਆਵੈ ਕਦੇ ਜਾਇ ॥
ਗਿਆਨੀਆ ਕਾ ਧਨੁ ਨਾਮੁ ਹੈ ਸਦ ਹੀ ਰਹੈ ਸਮਾਇ ॥

*(ਮ: ੩, ਪੰਨਾ ੧੨੮੨)*

ਭਾਵ ਇਹ ਮਾਇਕੀ ਧਨ ਤਾਂ ਉਸ ਕਰਤੇ ਦੀ ਖੇਡ ਹੈ, ਅਜ ਹੈ ਕਲ ਚਲੀ ਜਾਵੇਗੀ, ਪਰ ਇਸ ਜੀਵ ਦੀ ਮਾਨਸਕ ਕਮਜ਼ੋਰੀ ਇਤਨੀ ਵਧੇਰੇ ਹੈ ਕਿ ਜਦੋਂ ਕੁਝ ਮਾਇਕੀ ਪਦਾਰਥ ਪਾ ਲੈਂਦਾ ਹੈ ਤਾਂ ਹੰਕਾਰ ਨਾਲ ਭਰ ਜਾਂਦਾ ਹੈ, ਜਦੋਂ ਧਨ ਦੌਲਤ ਇਸ ਦਾ ਸਾਥ ਛੱਡ ਜਾਂਦੇ ਹਨ ਤਾਂ ਵਿਰਲਾਪ ਕਰਦਾ ਹੈ :

ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥
ਮਾਇਆ ਗਈ ਤਬ ਰੋਵਨੁ ਲਗਤੁ ਹੈ ॥੧॥

*(ਰਾਗੁ ਆਸਾ ਰਵਿਦਾਸ ਜੀ, ਪੰਨਾ ੪੮੭)*

ਇਸ ਲਈ ਪੁਰਾਤਨ ਬੁਧੀ-ਜੀਵੀਆਂ ਨੇ ਭੀ ਇਸ ਧਨ ਦੌਲਤ ਨੂੰ ਤਿੰਨਾਂ ਹੀ ਸਮਿਆਂ ਵਿਚ ਦੁਖਾਂ ਦਾ ਰੂਪ ਬਿਆਨ ਕੀਤਾ ਹੈ, ਜਿਵੇਂ ਕਿ ਦਰਬ ਤ੍ਰਿਕਾਲ ਦੁਖ ਮਯ। ਉਪਾਏ ਰਖ ਅੰਤ ਮਯ। ਭਾਵ ਹੈ ਕਿ ਪਹਿਲੋਂ ਇਕੱਠਾ ਕਰਨ ਵਿਚ ਦੁੱਖ ਹੈ, ਫਿਰ ਰਾਖੀ ਕਰਨ ਵਿਚ, ਫਿਰ ਜਦੋਂ ਪਾਸ ਤੋਂ ਚਲਾ ਜਾਏ, ਉਦੋਂ ਤਾਂ ਕਈਆਂ ਦੇ ਪ੍ਰਾਣਾਂ ਨੂੰ ਭੀ ਨਾਲ ਹੀ ਲੈ ਜਾਂਦਾ ਹੈ। ਇਸੇ ਲਈ ਬਾਣੀ ਵਿਚ ਸੰਕੇਤ ਕਰ ਦਿਤਾ ਹੈ :

ਸੁਖੁ ਨਾਹੀ ਬਹੁਤੈ ਧਨਿ ਖਾਟੇ ॥
ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥
ਸੁਖੁ ਨਾਹੀ ਬਹੁ ਦੇਸ ਕਮਾਏ ॥
ਸਰਬ ਸੁਖਾ ਹਰਿ ਹਰਿ ਗੁਣ ਗਾਏ ॥

*(ਭੈਰਉ ਮ: ੫, ਪੰਨਾ ੧੧੪੭)*

ਸੁਖ ਦਾਤਾ ਹਰਿ ਏਕੁ ਹੈ ਹੋਰਥੈ ਸੁਖੁ ਨ ਪਾਹਿ ॥
ਸਤਿਗੁਰੁ ਜਿਨੀ ਨ ਸੇਵਿਆ ਦਾਤਾ
ਸੇ ਅੰਤਿ ਗਏ ਪਛੁਤਾਹਿ ॥੩॥
ਸਤਿਗੁਰੁ ਸੇਵਿ ਸਦਾ ਸੁਖੁ ਪਾਇਆ
ਫਿਰਿ ਦੁਖੁ ਨ ਲਾਗੈ ਧਾਇ ॥
ਨਾਨਕ ਹਰਿ ਭਗਤਿ ਪਰਾਪਤਿ ਹੋਈ
ਜੋਤੀ ਜੋਤਿ ਸਮਾਇ ॥੪॥੭॥੧੭॥

*(ਭੈਰਉ ਮਹਲਾ ੩, ਪੰਨਾ ੧੧੩੨)*

ਦੁਖ ਭੁਖ ਨਹ ਵਿਆਪਈ ਜੇ ਸੁਖ ਦਾਤਾ ਮਨਿ ਹੋਇ ॥
ਕਿਤ ਹੀ ਕੰਮਿ ਨ ਛਿਜੀਐ ਜਾ ਹਿਰਦੈ ਸਚਾ ਸੋਇ ॥
ਜਿਸੁ ਤੂੰ ਰਖਹਿ ਹਥ ਦੇ ਤਿਸੁ ਮਾਰਿ ਨ ਸਕੈ ਕੋਇ ॥
ਸੁਖ ਦਾਤਾ ਗੁਰੁ ਸੇਵੀਐ ਸਭਿ ਅਵਗਣ ਕਢੈ ਧੋਇ ॥੨॥

*(ਸਿਰੀ ਰਾਗੁ ਮ: ੫, ਪੰਨਾ ੪੩)*

ਸਿਮਰਿ ਸਿਮਰਿ ਨਾਨਕ ਸੁਖੁ ਪਾਇਆ ॥
ਆਠ ਪਹਰ ਤੇਰੇ ਗੁਣ ਗਾਇਆ ॥

*(ਮਾਝ ਮ: ੫, ਪੰਨਾ ੧੦੬)*

ਸੁਖਦਾਤਾ ਦੁਖੁ ਭੰਜਨਹਾਰਾ ॥
ਆਪੇ ਬਖਸਿ ਕਰੇ ਜੀਅ ਸਾਰਾ ॥

*(ਮਾਝ ਮ: ੫, ਪੰਨਾ ੧੦੬)*

ਸੁਖ ਦਾਤਾ ਤੇਰੈ ਮਨਿ ਵਸੈ ਹਉਮੈ ਜਾਇ ਅਭਿਮਾਨੁ ॥
ਨਾਨਕ ਨਦਰੀ ਪਾਈਐ ਅੰਮ੍ਰਿਤੁ ਗੁਣੀ ਨਿਧਾਨੁ ॥੨॥

*(ਮ: ੩, ਪੰਨਾ ੮੫੧)*

ਨਾਨਕ ਭਗਤਾ ਭਲੀ ਰੀਤਿ ॥
ਸੁਖ ਦਾਤਾ ਜਪਦੇ ਨੀਤ ਨੀਤਿ ॥

*(ਬਸੰਤੁ ਮ: ੫, ਪੰਨਾ ੧੧੮੪)*

ਸੁਖਦਾਤੇ ਦੁਖ ਭੰਜਨ ਸੁਆਮੀ
ਜਨ ਨਾਨਕ ਸਦ ਬਲਿ ਜਾਈਐ ॥੨॥੧॥

*(ਦੇਵਗੰਧਾਰੀ ਮ: ੫, ਪੰਨਾ ੫੨੮)*

ਸੁਖ ਦਾਤਾ ਦੁਖੁ ਮੇਟਣਹਾਰਾ ॥
ਅਵਰੁ ਨ ਸੂਝਸਿ ਬੀਜੀ ਕਾਰਾ ॥
*(ਪ੍ਰਭਾਤੀ ਮ: ੧, ਪੰਨਾ ੧੩੪੩)*

ਸੁਖ ਦਾਤਾ ਦੁਖ ਮੇਟਣੋ ਸਤਿਗੁਰੁ ਅਸੁਰ ਸੰਘਾਰੁ ॥੨॥
*(ਸਿਰੀ ਰਾਗੁ ਮ: ੧, ਪੰਨਾ ੫੯)*

ਸੁਖਦਾਤਾ ਪਾਇਆ ਮੋਹੁ ਚੁਕਾਇਆ
ਅਨਦਿਨੁ ਨਾਮੁ ਸਮ੍ਹਾਲੇ ॥ *(ਸੂਹੀ ਮ: ੩, ਪੰਨਾ ੭੭੧)*

ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ ॥
ਮਿਹਰ ਕਰੇ ਜਿਸੁ ਮਿਹਰਵਾਨੁ
ਤਾਂ ਕਾਰਜੁ ਆਵੈ ਰਾਸਿ ॥੩॥
*(ਸਿਰੀ ਰਾਗੁ ਮ: ੫, ਪੰਨਾ ੪੪)*

ਸੁਖੁ ਨਾਹੀ ਬਿਨੁ ਨਾਮ ਧਿਆਏ ॥
ਨਾਮ ਨਿਧਾਨੁ ਬਡਭਾਗੀ ਪਾਏ ॥੨॥
*(ਭੈਰਉ ਮ: ੫, ਪੰਨਾ ੧੧੪੫)*

ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥
ਜੀਤਿ ਜਨਮੁ ਇਹੁ ਰਤਨੁ ਅਮੋਲਕੁ
ਸਾਧ ਸੰਗਤਿ ਜਪਿ ਇਕ ਖਿਨਾ ॥੧॥ਰਹਾਉ॥
*(ਰਾਗੁ ਗਉੜੀ ਚੇਤੀ ਮਹਲਾ ੫, ਪੰਨਾ ੨੧੦)*

ਸੁਖ ਨਿਧਾਨ ਨਾਮੁ ਪ੍ਰਭ ਤੁਮਰਾ
ਏਹੁ ਅਬਿਨਾਸੀ ਮੰਤ੍ਰੁ ਲੀਓ ॥
ਕਰਿ ਕਿਰਪਾ ਮੋਹਿ ਸਤਿਗੁਰਿ ਦੀਨਾ
ਤਾਪੁ ਸੰਤਾਪੁ ਮੇਰਾ ਬੈਰੁ ਗੀਓ ॥੩॥
*(ਆਸਾ ਮਹਲਾ ੫, ਪੰਨਾ ੩੮੨)*

ਸੁਖ ਨਿਧਾਨ ਪ੍ਰੀਤਮ ਪ੍ਰਭ ਮੇਰੇ ॥
ਅਗਨਤ ਗੁਣ ਠਾਕੁਰ ਪ੍ਰਭ ਤੇਰੇ ॥
*(ਬਿਲਾਵਲੁ ਮ: ੫, ਪੰਨਾ ੮੦੨)*

ਇਸੇ ਤਰ੍ਹਾਂ ਦੇ ਸਾਨੂੰ ਗੁਰਬਾਣੀ ਵਿਚੋਂ ਹੋਰ ਭੀ ਬਹੁਤ ਪ੍ਰਮਾਣ ਮਿਲਦੇ ਹਨ, ਜਿਨ੍ਹਾਂ ਦੁਆਰੇ ਸਾਨੂੰ ਉਸ ਅਬਿਨਾਸ਼ੀ ਆਤਮਕ ਸੁਖ ਦਾ ਗਿਆਨ ਮਿਲਦਾ ਹੈ, ਜਿਸ ਦੀ ਪ੍ਰਾਪਤੀ ਗੁਰੂ ਰਾਹੀਂ ਗੁਰੂ ਦੀ ਸੰਗਤ ਵਿਚੋਂ ਹੀ ਹੋ ਸਕਦੀ ਹੈ। ਸੋ, ਉਸ ਸਦੀਵੀ ਸੁਖ ਫਲ ਦੀ ਪ੍ਰਾਪਤੀ ਕਰਨ ਵਾਲੇ ਜੋ ਗੁਰਮੁਖ ਗੁਰਬਾਣੀ ਦੁਆਰੇ ਪੜ੍ਹਨ ਸੁਣਨ ਵਿਚ ਆਏ ਹਨ ਉਨ੍ਹਾਂ ਭਗਤਾਂ ਦੇ ਚੰਦ ਨਾਮ ਮੈਂ ਇਸ ਪਉੜੀ ਵਿਚ ਉੱਕਰੇ ਹਨ, ਜਿਨ੍ਹਾਂ ਨੂੰ ਗੁਰੂ ਦੁਆਰੇ ਹਉਮੈਂ ਮਾਰ ਕੇ ਸਦੀਵੀ ਗੁਰੂ ਦੇ ਚਰਨ ਕਮਲ ਵਿਚ ਚਿਤ ਜੋੜੀ ਰੱਖਣ ਦਾ ਸੁਭਾਗ ਪ੍ਰਾਪਤ ਹੋਇਆ ਹੈ :

(੧) (ਇਹ ਭੀ ਸਾਨੂੰ ਗੁਰਬਾਣੀ ਦੁਆਰੇ ਹੀ ਬੋਧ ਮਿਲਦਾ ਹੈ ਕਿ) ਗੁਰਮੁਖਾਂ ਨੇ (ਭਗਤੀ ਦਾ) ਸੁਖ ਫਲ ਪ੍ਰਾਪਤ ਕੀਤਾ ਹੈ। ਉਹ ਸਾਧ ਸੰਗਤ ਵਿਚ ਮਿਲਕੇ ਗੁਰੂ ਦੀ ਸ਼ਰਨ ਵਿਚ ਜਾਂਦੇ ਹਨ। (ਭਾਵ ਸਦਾ ਲਈ ਜੀਵਨ ਨੂੰ ਗੁਰੂ ਸ਼ਰਨ ਦੇ ਹਵਾਲੇ ਕਰ ਦਿੰਦੇ ਹਨ।)

(੨) (ਜਿਵੇਂ ਕਿ) ਧ੍ਰੂ ਜੀ ਤੇ ਪ੍ਰਹਿਲਾਦ ਬਾਰੇ ਕਿਹਾ ਜਾਂਦਾ ਹੈ। ਰਾਜਾ ਅੰਬਰੀਕ ਤੇ ਬਲ ਰਾਜਾ ਵੱਡੇ ਪ੍ਰਸਿੱਧ ਭਗਤ ਸਦਵਾਏ।

(੩) ਸਨਕਾਦਿਕਾਂ (ਬ੍ਰਹਮੇ ਦੇ ਪੁੱਤ੍ਰਾਂ ਦੀ ਭਗਤੀ ਪ੍ਰਸਿੱਧ ਹੈ) ਜੈਦੇਉ, ਬਾਲਮੀਕ (ਬਟਵਾਰਾ) ਸਤਿਸੰਗ ਪ੍ਰਾਪਤ ਕਰਕੇ ਇਸ ਸੰਸਾਰ ਤੋਂ ਤਰ ਗਏ ਹਨ।

(੪) ਭਗਤ ਬੇਣੀ, ਤ੍ਰਿਲੋਚਨ, ਨਾਮਦੇਵ, ਧੰਨਾ ਤੇ ਸਧਨਾ ਜੀ ਭਗਤ ਸਦਵਾਏ ਸਨ।

(੫) ਕਬੀਰ ਜੀ ਨੂੰ ਭਗਤ ਭਗਤ ਕਰਕੇ ਲੋਕੀ ਆਖਦੇ ਹਨ, ਰਵਿਦਾਸ ਜੀ ਨੂੰ ਵੀ ਭਗਤ ਜਨ ਕਹਿੰਦੇ ਹਨ ਤੇ (ਦਾਸੀ ਦੇ ਪੁੱਤ੍ਰ ਦਾਸਾ-ਭਾਵ ਧਾਰਨ ਵਾਲੇ) ਬਿਦਰ ਜੀ ਗੁਰੂ ਨੂੰ ਭਾਏ।

(੬) (ਕਈ ਇਨ੍ਹਾਂ ਵਿਚੋਂ) ਨੀਵੀਆਂ ਤੇ ਕਈ ਉੱਚੀਆਂ ਜਾਤਾਂ ਵਾਲੇ ਹਨ, ਪਰ ਗੁਰਮੁਖ ਹੋ ਕੇ ਇਨ੍ਹਾਂ ਨੇ ਗੁਰੂ ਚਰਨਾਂ ਵਿਚ ਚਿਤ ਲਾਇਆ ਹੈ (ਤੇ ਭਗਤ ਪਦਵੀ ਨੂੰ ਪੁੱਜ ਗਏ)।

(੭) (ਇਹ ਗੁਰਮੁਖ ਜਨ) ਆਪਣੀ ਹਉਮੈਂ ਗੁਆ ਕੇ ਸੰਸਾਰ ਵਿਚ ਪਰਸਿੱਧ ਹੋਏ।੧੫।

***ਭਾਵਾਰਥ :*** ਜੋ ਸੰਸਾਰੀ ਲੋਕ ਹਨ ਉਨ੍ਹਾਂ ਨੂੰ ਸੰਸਾਰ ਦੇ ਮਾਇਕੀ ਪਦਾਰਥ ਹੀ ਸੁਖਦਾਈ ਨਜ਼ਰ ਆਉਂਦੇ ਹਨ, ਇਸੇ ਲਈ ਉਹ ਦਿਨੇ ਰਾਤ ਇਨ੍ਹਾਂ ਹੀ ਪਦਾਰਥਾਂ ਦੀ ਮੰਗ ਕਰਦੇ ਰਹਿੰਦੇ ਹਨ, ਪਰ ਉਨ੍ਹਾਂ ਪਦਾਰਥਾਂ ਦੇ ਪਿਛੇ ਜੋ ਦੁਖਾਂ ਦਾ ਸਮੂੰਹ ਛੁਪਿਆ ਪਿਆ ਹੈ, ਉਹ ਉਨ੍ਹਾਂ ਨੂੰ ਨਜ਼ਰ ਨਹੀਂ ਆਉਂਦਾ, ਪਰ ਗੁਰਮੁਖ ਭਗਤ ਜਨਾਂ ਨੂੰ ਸਾਧ ਸੰਗਤ ਦੁਆਰੇ ਇਹ ਸੂਝ ਬੂਝ ਹਾਸਲ ਹੋ ਆਈ ਹੈ ਕਿ ਇਹ ਸੰਸਾਰ ਦੇ ਸਾਰੇ ਹੀ ਪਦਾਰਥ ਮਨੁੱਖ ਨੂੰ ਸਦੀਵੀ ਮਾਨਸਕ ਪੀੜਾ ਦਾ ਹੀ ਕਾਰਨ ਬਣਦੇ ਹਨ, ਇਸੇ ਲਈ ਉਹ ਇਨ੍ਹਾਂ ਦੁਖ ਰੂਪ ਪਦਾਰਥਾਂ ਦੀ ਕਦੀ ਮੰਗ ਹੀ ਨਹੀਂ ਕਰਦੇ। ਸੋ, ਉਨ੍ਹਾਂ ਨੇ ਲੋਕਾਂ ਪ੍ਰਤੀ ਭੀ ਇਹੋ ਕਹਿ ਕੇ ਆਪਣੇ ਵੀਚਾਰਾਂ ਤੋਂ ਜਾਣੂ ਕਰਵਾਇਆ ਹੈ। ਜਿਵੇਂ ਕਿ ਕਬੀਰ ਜੀ ਲੋਕਾਂ ਨੂੰ ਸੰਬੋਧਨ ਕਰਦੇ ਹਨ ਕਿ ਹੇ ਲੋਕੋ ! ਮੇਰਾ ਤਾਂ ਇਹੋ ਨਿਸਚਾ ਹੈ ਕਿ :

ਸੁਖੁ ਮਾਂਗਤ ਦੁਖੁ ਆਗੈ ਆਵੈ ॥
ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥
*(ਗਉੜੀ ਕਬੀਰ ਜੀ, ਪੰਨਾ ੩੩੦)*

ਹੇ ਭਾਈਓ! ਮੈਂ ਤਾਂ ਇਹ ਤਜਰਬਾ ਕਰ ਲਿਆ ਹੈ ਕਿ ਮਾਇਕੀ ਪਦਾਰਥਾਂ ਵਿਚੋਂ ਕਿਸੇ ਭੀ ਪਦਾਰਥ ਦੀ ਮੰਗ ਕਰ ਵੇਖੋ ਉਸ ਹਰ ਪਦਾਰਥ ਦੇ ਪਿਛੇ ਦੁਖ ਹੀ ਆ ਰਿਹਾ ਵੇਖਣ ਵਿਚ ਆਵੇਗਾ। ਇਸ ਲਈ ਉਹ ਪਦਾਰਥ ਤਾਂ ਮੈਨੂੰ ਭਾਉਂਦੇ ਹੀ ਨਹੀਂ, ਜਿਸ ਕਰਕੇ ਮੈਂ ਉਨ੍ਹਾਂ ਦੀ ਮੰਗ ਹੀ ਨਹੀਂ ਕਰਦਾ। ਸਦੀਵੀ ਸੁਖਾਂ ਦਾ ਦਾਤਾ ਕੇਵਲ ਉਸੇ ਪਰੀਪੂਰਨ ਪਰਮੇਸ਼ਰ ਦਾ ਨਾਮ ਹੈ, ਜਿਸ ਦੀ ਮੇਰੇ ਅੰਤਰ-ਆਤਮੇ ਸਦਾ ਹੀ ਮੰਗ ਬਣੀ ਰਹਿੰਦੀ ਹੈ ਕਿ ਹੇ ਸਾਈਆਂ ਜੀਉ:

ਵਿਣੁ ਤੁਧੁ ਹੋਰੁ ਜਿ ਮੰਗਣਾ
ਸਿਰਿ ਦੁਖਾ ਕੈ ਦੁਖ॥
ਦੇਹਿ ਨਾਮੁ ਸੰਤੋਖੀਆ
ਉਤਰੈ ਮਨ ਕੀ ਭੁਖ॥ *(ਮ: ੫, ਪੰਨਾ ੯੫੮)*

ਮੈਨੂੰ ਤਾਂ ਸਦਾ ਤੇਰੇ ਹੀ ਨਾਮ ਦੀ ਭੁਖ ਹੈ ਜੋ ਕਿ ਮਨ ਦੀ ਭੁਖ ਲਾਹੁਣ ਦਾ ਸਾਧਨ ਹੈ, ਕਿਉਂਕਿ ਬਾਕੀ ਦੇ ਪਦਾਰਥ ਤਾਂ ਮਨ ਵਿਚ ਦਿਨ ਦੂਣੀ ਅਤੇ ਰਾਤ ਚੌਗਣੀ ਤ੍ਰਿਸ਼ਨਾ ਦੀ ਭੁਖ ਨੂੰ ਜਨਮ ਦੇਣ ਦਾ ਕਾਰਨ ਹਨ।

ਉਪ੍ਰੋਕਤ ਪਉੜੀ ਵਿਚ ਭਗਤਾਂ ਦੇ ਨਾਮ ਗਿਣੇ ਹਨ, ਜਿਨ੍ਹਾਂ ਨੇ ਹਉਮੈਂ ਰੋਗ ਤੋਂ ਛੁਟ ਕੇ ਸੁਖ ਪਾਇਆ। ਇਹ ਪ੍ਰਤੱਖ ਦ੍ਰਿਸ਼ਟਾਂਤ ਲਈ ਵਰਣਨ ਕੀਤੇ ਹਨ।

## ੧੯. ਹਿੰਦੂ ਮੁਸਲਮਾਨਾਂ ਦੀਆਂ ਕਲਪਤ ਵਿਚਾਰਾਂ ਦਾ ਸਹਾਰਾ ਨ ਲਓ

**੧. ਲੋਕ ਵੇਦ ਸੁਣਿ ਆਖਦਾ**
**ਸੁਣਿ ਸੁਣਿ ਗਿਆਨੀ ਗਿਆਨੁ ਵਖਾਣੈ।**
**੨. ਸੁਰਗ ਲੋਕ ਸਣੁ ਮਾਤ ਲੋਕ**
**ਸੁਣਿ ਸੁਣਿ ਸਾਤ ਪਤਾਲੁ ਨ ਜਾਣੈ।**
**੩. ਭੂਤ ਭਵਿੱਖ ਨ ਵਰਤਮਾਨ**
**ਆਦਿ ਮਧਿ ਅੰਤ ਹੋਏ ਹੈਰਾਣੈ।**
**੪. ਉੱਤਮ ਮੱਧਮ ਨੀਚ ਹੋਇ**
**ਸਮਝਿ ਨ ਸੱਕਣਿ ਚੋਜ ਵਿਡਾਣੈ।**
**੫. ਰਜਗੁਣ ਤਮਗੁਣ ਆਖੀਐ**
**ਸਤਗੁਣ ਸੁਣ ਆਖਾਣ ਵਖਾਣੈ।**
**੬. ਮਨ ਬਚ ਕਰਮ ਸਿ ਭਰਮਦੇ**
**ਸਾਧਸੰਗਤਿ ਸਤਿਗੁਰ ਨ ਸਿਞਾਣੈ।**
**੭. ਫੱਕੜੁ ਹਿੰਦੂ ਮੁਸਲਮਾਣੈ॥੧੯॥**

***ਪਦ ਅਰਥ:*** ਭੂਤ—ਲੰਘ ਚੁਕਾ ਸਮਾਂ। ਭਵਿੱਖ—ਆਉਣ ਵਾਲਾ ਸਮਾਂ। ਅੰਤ—ਅਖ਼ੀਰ। ਚੋਜ ਵਿਡਾਣੈ—ਹੈਰਾਨੀ ਵਾਲੇ ਖੇਲ, ਕੌਤਕ। ਫੱਕੜੁ—ਐਵੇਂ ਹੀ ਜਾਂ ਕਲਪਤ।

***ਅਰਥ:***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਤੋਂ ਗੁਰੂ ਅਰਜਨ ਦੇਵ ਜੀ ਗੁਰਦੇਵ ਨੇ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਬਾਣੀ ਲਿਖਵਾਉਣ ਦੀ ਸੇਵਾ ਲਈ ਹੈ, ਇਸ ਲਈ ਗੁਰਬਾਣੀ ਬਾਰੇ ਤਾਂ ਆਪ ਜੀ ਨੂੰ ਪੂਰਨ ਬੋਧ ਹੈ, ਪਰ ਅਸੀਂ ਅਨੁਭਵ ਕਰਦੇ ਹਾਂ ਕਿ ਤੁਸਾਂ ਹਿੰਦੂ ਮੱਤ ਦੇ ਸਨਾਤਨ ਪੁਸਤਕ, ਚਾਰ ਵੇਦ, ਛੇ ਸ਼ਾਸਤ੍ਰ ਅਤੇ ਅਠਾਰਾਂ ਪੁਰਾਣਾਂ ਨੂੰ ਭੀ ਖੋਜਿਆ ਹੈ। ਸੋ ਅਸੀਂ ਚਾਹੁੰਦੇ ਹਾਂ ਕਿ ਗੁਰਬਾਣੀ ਵਿਚ ਵੇਦਾਂ ਬਾਰੇ ਕੀ ਕੁਝ ਜਾਣਕਾਰੀ ਦਿਤੀ ਹੈ, ਕਿਉਂਕਿ ਆਮ ਸੰਸਾਰੀ ਪੰਡਿਤ ਲੋਕ ਵੇਦਾਂ ਨੂੰ ਈਸ਼੍ਵਰੀ ਬਾਣੀ ਦੱਸਦੇ ਹਨ, ਪਰ ਆਪ ਜੀ ਸਾਨੂੰ ਇਨ੍ਹਾਂ ਵੇਦ ਆਦਿਕ ਪੁਸਤਕਾਂ ਬਾਰੇ ਸਹੀ ਸਹੀ ਜਾਣਕਾਰੀ ਦਿਓ ਤਾਕਿ ਸਾਨੂੰ ਭੀ ਇਨ੍ਹਾਂ ਵੇਦਾਂ ਬਾਰੇ ਪੂਰਨ ਬੋਧ ਮਿਲ ਸਕੇ?

ਉ: ਹੇ ਭਾਈਓ! ਇਹ ਠੀਕ ਹੈ ਕਿ ਜਿਥੇ ਮੈਨੂੰ ਗੁਰੂ ਅਰਜਨ ਦੇਵ ਜੀ ਦੀ ਸੇਵਾ ਵਿਚ ਰਹਿ ਕੇ ਗੁਰਬਾਣੀ ਦੀ ਵੀਚਾਰ ਕਰਦੇ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ ਹੈ, ਉਥੇ ਹਿੰਦੂ ਮੱਤ ਦੇ ਵੇਦ ਸ਼ਾਸਤ੍ਰਾਂ ਨੂੰ ਪੜਚੋਲਦੇ ਰਹਿਣ ਦਾ ਭੀ ਸਮਾਂ ਜ਼ਰੂਰ ਮਿਲਿਆ ਹੈ, ਪਰ ਗੁਰਬਾਣੀ ਵਿਚੋਂ ਜੋ ਵੇਦ ਸ਼ਾਸਤ੍ਰਾਂ ਦੇ ਸੰਬੰਧ ਵਿਚ ਮੈਨੂੰ ਵੀਚਾਰ ਮਿਲ ਸਕੇ ਹਨ, ਉਹ ਮੈਂ ਆਪ ਜੀ ਦੀ ਸੇਵਾ ਵਿਚ ਸਾਰੇ ਤਾਂ ਨਹੀਂ ਪਰ ਜਿਤਨੇ ਕੁ ਮੇਰੀ ਸਿਮਰਤੀ ਵਿਚ ਹਨ, ਉਹ ਮੈਂ ਜ਼ਰੂਰ ਹਾਜ਼ਰ ਕਰ ਸਕਦਾ ਹਾਂ। ਵੇਦਾਂ ਬਾਰੇ ਗੁਰਬਾਣੀ ਦੀ ਰਾਇ ਇਹੋ ਹੈ ਕਿ:

ਬੇਦ ਕਤੇਬ ਇਫਤਰਾ ਭਾਈ
ਦਿਲ ਕਾ ਫਿਕਰੁ ਨ ਜਾਇ॥
*(ਤਿਲੰਗ ਬਾਣੀ ਕਬੀਰ ਜੀ, ਪੰਨਾ ੭੨੭)*

ਭਾਵ ਹੈ ਕਿ ਹੇ ਭਾਈਓ ! ਏਹ ਜੋ ਚਾਰ ਵੇਦ (ਸਾਮ, ਰਿਗ, ਜੁਜਰ, ਅਥਰਵਣ) ਅਤੇ ੪ ਕਤੇਬਾਂ ਪਛਮੀਂ ਮੱਤਾਂ ਦੇ ਧਰਮ ਪੁਸਤਕ (ਤੌਰੇਤ, ਜੰਬੂਰ, ਅੰਜੀਲ, ਕੁਰਾਨ) ਆਦਿਕ ਹਨ, ਇਹ ਇਕ 'ਇਫਤਰਾ' (ਅਰਬੀ ਦਾ ਸ਼ਬਦ ਹੈ) ਜਿਸਦਾ ਅਰਥ ਹੈ, ਮੁਬਾਲਗਾ, ਭਾਵ ਬਨਾਵਟ, ਅਰਥਾਤ ਅਸਲੀਅਤ ਨਾਲੋਂ ਵਧਾ ਕੇ ਦੱਸੀਆਂ ਹੋਈਆਂ ਗੱਲਾਂ। ਇਸ ਲਈ ਇਨ੍ਹਾਂ ਦੇ ਪੜ੍ਹਦੇ ਰਹਿਣ ਨਾਲ ਪਾਠਕਾਂ ਦੇ ਮਨ ਦਾ ਸੰਸਾ ਦੂਰ ਨਹੀਂ ਹੁੰਦਾ, ਸੰਦੇਹ ਬਣਿਆ ਹੀ ਰਹਿੰਦਾ ਹੈ, ਇਸੇ ਤਰ੍ਹਾਂ ਵੇਦਾਂ ਦੀ ਖੋਜ ਕਰਨ ਵਾਲੇ ਖੋਜੀਆਂ ਦੀ ਖੋਜ ਦੁਆਰੇ ਬੋਧ ਮਿਲਦਾ ਹੈ ਕਿ ਚੌਹਾਂ ਵੇਦਾਂ ਦਾ ਇਕ ਲੱਖ ਸਲੋਕ ਹੈ, ਜਿਸ ਵਿਚ ਅੱਸੀ ਹਜ਼ਾਰ ਸਲੋਕ ਕਰਮ-ਕਾਂਡ ਬਾਰੇ ਜਾਣਕਾਰੀ ਕਰਾਉਂਦੇ ਹਨ, ਸੋਲ੍ਹਾਂ ਹਜ਼ਾਰ ਸਲੋਕਾਂ ਵਿਚ ਉਪਾਸ਼ਨਾ ਕਰਨ ਦਾ ਢੰਗ ਦਰਸਾਇਆ ਹੈ ਅਤੇ ਬਾਕੀ ਚਾਰ ਹਜ਼ਾਰ ਸਲੋਕ ਹਨ ਜਿਨ੍ਹਾਂ ਵਿਚ ਨਾਮ-ਮਾਤ੍ਰ ਗਿਆਨ-ਕਾਂਡ ਬਾਰੇ ਬੋਧ ਦਿਤਾ ਗਿਆ ਹੈ। ਸੋ ਅਸੀਂ ਵੇਖਦੇ ਹਾਂ ਕਿ ਪੁਸਤਕ ਦੇ ਲਿਖਾਰੀ ਵੱਲੋਂ ਜਿਸ ਵਿਸ਼ੇ ਤੇ ਵਧੇਰੇ ਜ਼ੋਰ ਦਿਤਾ ਗਿਆ ਹੋਵੇ ਪਾਠਕ ਦੇ ਮਨ ਉਤੇ ਉਸੇ ਵੀਚਾਰਾਂ ਦਾ ਵਧੇਰੇ ਪ੍ਰਭਾਵ ਹੋਇਆ ਕਰਦਾ ਹੈ।

(੧) ਇਥੇ ਹੀ ਬੱਸ ਨਹੀਂ ਸਿਆਣੇ ਪੜਚੋਲੀਆਂ ਦੀ ਖੋਜ ਇਹ ਭੀ ਦਸਦੀ ਹੈ ਕਿ ਵੇਦ ਜਦੋਂ ਬ੍ਰਹਮੇ ਨੇ ਉਚਾਰਨ ਕੀਤੇ ਹਨ ਇਹ ਉਸੇ ਵੇਲੇ ਨਹੀਂ ਲਿਖਤ ਵਿਚ ਆਏ ਕਿਉਂਕਿ ਉਸ ਵੇਲੇ ਕਾਗਜ਼ ਅਤੇ ਸਿਆਹੀ ਆਦਿ ਦੀ ਅਣਹੋਂਦ ਸੀ, ਰਿਖੀ ਮੁਨੀ ਇਨ੍ਹਾਂ ਵੇਦਾਂ ਦੇ ਸਲੋਕਾਂ ਨੂੰ ਸੀਨੇ-ਬ-ਸੀਨੇ ਅਗੇ ਤੋਂ ਅਗੇ ਜ਼ੁਬਾਨੀ ਚੇਤੇ ਕਰਦੇ ਰਹੇ। ਇਹ ਸਾਰੇ ਸਲੋਕ ਪੰਦਰਾਂ (੧੫) ਸੌ ਸਾਲ ਤੋਂ ਬਾਅਦ ਲਿਖਤ ਵਿਚ ਆਏ, ਜਿਹੜੀ ਗੱਲ ਪੰਦਰਾਂ ਸੌ ਸਾਲ ਤੋਂ ਬਾਅਦ ਲਿਖੀ ਜਾਏ ਉਸ ਦੀ ਅਸਲੀਅਤ ਵਿਚ ਬਹੁਤ ਅੰਤਰਾ ਆ ਜਾਇਆ ਕਰਦਾ ਹੈ, ਭਾਵ ਉਸਦੀ ਰੂਪ ਰੇਖਾ ਸਹੀ ਨਹੀਂ ਰਹਿ ਜਾਂਦੀ।

(੨) ਇਸੇ ਤਰ੍ਹਾਂ ਬਾਈਬਲ ਚਾਰ ਸੌ ਸਾਲ ਬਾਅਦ ਵਿਚ ਲਿਖੀ ਗਈ ਦੱਸੀ ਜਾਂਦੀ ਹੈ।

(੩) ਕੁਰਾਨ ਦੋ ਸੌ ਸਾਲ ਬਾਅਦ ਵਿਚ ਲਿਖੀ ਗਈ ਦਸਦੇ ਹਨ।

(੪) ਗੀਤਾ ਨੂੰ ਭੀ ਇਕ ਸੌ ਸਾਲ ਬਾਅਦ ਵਿਚ ਲਿਖਿਆ ਗਿਆ ਮੰਨਿਆ ਜਾਂਦਾ ਹੈ।

ਪਰ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਮੰਨੀ ਜਾ ਸਕਦੀ ਹੈ ਜਿਸ ਵਿਚ ਵਕਤ ਦਾ ਕੋਈ ਅੰਤਰਾ ਨਹੀਂ ਹੈ, ਕਿਉਂਕਿ ਇਕ ਪਾਸੇ ਗੁਰੂ ਅਰਜਨ ਦੇਵ ਜੀ ਮਹਾਰਾਜ ਉਚਾਰਨ ਕਰੀ ਜਾ ਰਹੇ ਹਨ, ਦੂਜੇ ਪਾਸੇ ਭਾਈ ਗੁਰਦਾਸ ਜੀ ਲਿਖਦੇ ਜਾਂਦੇ ਹਨ।

ਬੇਦਾਂ, ਕਤੇਬਾਂ, ਸ਼ਾਸਤ੍ਰਾਂ, ਪੁਰਾਣਾਂ ਬਾਰੇ ਸਾਨੂੰ ਬਾਣੀ ਵਿਚੋਂ ਹੋਰ ਭੀ ਅਨੇਕਾਂ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਜਾਣਕਾਰੀ ਮਿਲਦੀ ਹੈ ਕਿ ਇਹ ਸਾਰੀਆਂ ਸਨਾਤਨ ਪੁਸਤਕਾਂ ਵਿਚ ਵਧੇਰੇ ਕਰਮ-ਕਾਂਡ ਕਰਦੇ ਰਹਿਣ ਦੀ ਮਨੁੱਖ ਨੂੰ ਪ੍ਰੇਰਨਾ ਦਿਤੀ ਗਈ ਹੈ ਜਿਸ ਕਰਕੇ ਮਨੁੱਖ ਰੱਬੀ ਮਾਰਗ ਪਰ ਚੱਲਣ ਵਲੋਂ ਅਵੇਸਲਾ ਹੀ ਰਹਿੰਦਾ ਹੈ। ਕਿਉਂਕਿ ਵੇਦ ਕਤੇਬ ਤਾਂ ਉਸ ਪਰਮੇਸ਼ਰ ਦਾ ਅੰਤ ਹੀ ਨਹੀਂ ਪਾ ਸਕਦੇ, ਸਗੋਂ ਉਸਨੂੰ ਬੇਅੰਤ ਬੇਅੰਤ ਕਰਕੇ ਕਥਨ ਕਰਦੇ ਹਨ, ਜਿਵੇਂ ਕਿ ਧੁਰ ਤੋਂ ਆਈ ਗੁਰਬਾਣੀ ਦਾ ਫ਼ੁਰਮਾਨ ਹੈ :

ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ ॥
ਨਾਨਕ ਕਾ ਪਾਤਿਸਾਹ ਦਿਸੈ ਜਾਹਰਾ ॥੪॥੩॥੧੦੫॥

*(ਆਸਾ ਮ: ੫, ਪੰਨਾ ੩੯੭)*

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ
ਇਨ੍ ਪੜਿਆ ਮੁਕਤਿ ਨ ਹੋਈ ॥
ਏਕੁ ਅਖਰੁ ਜੋ ਗੁਰਮੁਖਿ ਜਾਪੈ
ਤਿਸ ਕੀ ਨਿਰਮਲ ਸੋਈ ॥੩॥

*(ਸੂਹੀ ਮ: ੫, ਪੰਨਾ ੭੪੭)*

ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ॥
ਪਾਠ ਪੁਰਾਣ ਉਦੈ ਨਹੀ ਆਸਤ ॥
ਕਹਤਾ ਬਕਤਾ ਆਪਿ ਅਗੋਚਰੁ
ਆਪੇ ਅਲਖੁ ਲਖਾਇਦਾ ॥੧੩॥

*(ਮਾਰੂ ਮ: ੧, ਪੰਨਾ ੧੦੩੬)*

ਬੇਦ ਕਤੇਬੀ ਭੇਦੁ ਨ ਜਾਤਾ ॥
ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ ॥

*(ਮਾਰੂ ਮਹਲਾ ੧, ਪੰਨਾ ੧੦੨੧)*

ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥
ਸਾਂਕਲ ਜੇਵਰੀ ਲੈ ਹੈ ਆਈ ॥੧॥

*(ਗਉੜੀ ਕਬੀਰ ਜੀ, ਪੰਨਾ ੩੨੯)*

ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ ॥
ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ ॥

*(ਮ: ੧, ਪੰਨਾ ੧੨੪੩)*

ਬੇਦ ਪਾਠ ਸੰਸਾਰ ਕੀ ਕਾਰ॥
ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ॥
ਬਿਨੁ ਬੂਝੇ ਸਭ ਹੋਇ ਖੁਆਰ॥ *(ਸਲੋਕ ਮ: ੧, ਪੰਨਾ ੭੯੧)*

ਬੇਦ ਪੁਰਾਣ ਕਥੇ ਸੁਣੇ ਹਾਰੇ ਮੁਨੀ ਅਨੇਕਾ॥
ਅਠਸਠਿ ਤੀਰਥ ਬਹੁ ਘਣਾ ਭ੍ਰਮਿ ਥਾਕੇ ਭੇਖਾ॥
*(ਮਾਰੂ ਮ: ੧, ਪੰਨਾ ੧੦੦੮)*

ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ॥
ਬੇਦ ਪੁਰਾਣ ਪੜੈ ਸੁਣਿ ਥਾਟਾ॥
ਬਿਨੁ ਰਸ ਰਾਤੇ ਮਨੁ ਬਹੁ ਨਾਟਾ॥੭॥
*(ਪਉੜੀ ਮ: ੧, ਪੰਨਾ ੨੨੬)*

ਬੇਦ ਪੁਰਾਨ ਸਾਸਤ੍ਰ ਆਨੰਤਾ
ਗੀਤ ਕਬਿਤ ਨ ਗਾਵਉਗੋ॥
ਅਖੰਡ ਮੰਡਲ ਨਿਰੰਕਾਰ ਮਹਿ
ਅਨਹਦ ਬੇਨੁ ਬਜਾਵਉਗੋ॥੧॥
*(ਰਾਮਕਲੀ ਬਾਣੀ ਨਾਮਦੇਉ ਜੀ, ਪੰਨਾ ੯੭੨)*

ਬੇਦ ਪੁਰਾਨ ਸਿੰਮ੍ਰਿਤਿ ਸਭ ਖੋਜੇ ਕਹੂ ਨ ਊਬਰਨਾ॥
ਕਹੁ ਕਬੀਰ ਇਉ ਰਾਮਹਿ ਜੰਪਉ
ਮੇਟਿ ਜਨਮ ਮਰਨਾ॥੪॥੫॥
*(ਆਸਾ ਕਬੀਰ ਜੀ, ਪੰਨਾ ੪੭੭)*

ਬੇਦ ਪੁਰਾਨ ਜਾਸ ਗੁਨ ਗਾਵਤ
ਤਾ ਕੋ ਨਾਮੁ ਹੀਐ ਮੋ ਧਰੁ ਰੇ॥
*(ਗਉੜੀ ਮ: ੯, ਪੰਨਾ ੨੨੦)*

ਬੇਦ ਪੁਰਾਨ ਪੜੇ ਕਾ ਕਿਆ ਗੁਨੁ
ਖਰ ਚੰਦਨ ਜਸ ਭਾਰਾ॥
ਰਾਮ ਨਾਮ ਕੀ ਗਤਿ ਨਹੀ ਜਾਨੀ
ਕੈਸੇ ਉਤਰਸਿ ਪਾਰਾ॥੧॥
*(ਮਾਰੂ ਬਾਣੀ ਕਬੀਰ ਜੀ, ਪੰਨਾ ੧੧੦੩)*

ਬੇਦ ਪੜਹਿ ਪੜਿ ਬਾਦੁ ਵਖਾਣਹਿ॥
ਘਟ ਮਹਿ ਬ੍ਰਹਮੁ ਤਿਸੁ ਸਬਦਿ ਨ ਪਛਾਣਹਿ॥
ਗੁਰਮੁਖਿ ਹੋਵੈ ਸੁ ਤਤੁ ਬਿਲੋਵੈ
ਰਸਨਾ ਹਰਿ ਰਸੁ ਤਾਹਾ ਹੇ॥੧੧॥
*(ਮਾਰੂ ਮ: ੩, ਪੰਨਾ ੧੦੫੮)*

ਬੇਦ ਪੜੇ ਪੜਿ ਪੰਡਿਤ ਮੂਏ ਰੂਪੁ ਦੇਖਿ ਦੇਖਿ ਨਾਰੀ॥੩॥
ਰਾਮ ਨਾਮ ਬਿਨੁ ਸਭੈ ਬਿਗੂਤੇ ਦੇਖਹੁ ਨਿਰਖਿ ਸਰੀਰਾ॥
ਹਰਿ ਕੇ ਨਾਮ ਬਿਨੁ ਕਿਨਿ ਗਤਿ ਪਾਈ
ਕਹਿ ਉਪਦੇਸੁ ਕਬੀਰਾ॥੪॥੧॥
*(ਰਾਗੁ ਸੋਰਠਿ ਕਬੀਰ ਜੀ, ਪੰਨਾ ੬੫੪)*

ਬੇਦ ਪੜੇ ਪੜਿ ਬ੍ਰਹਮੇ ਹਾਰੇ
ਇਕੁ ਤਿਲੁ ਨਹੀ ਕੀਮਤਿ ਪਾਈ॥
ਸਾਧਿਕ ਸਿਧ ਫਿਰਹਿ ਬਿਲਲਾਤੇ
ਤੇ ਭੀ ਮੋਹੇ ਮਾਈ॥੨॥ *(ਸੂਹੀ ਮਹਲਾ ੫, ਪੰਨਾ ੭੪੭)*

ਸਨਕ ਸਨੰਦ ਅੰਤੁ ਨਹੀ ਪਾਇਆ॥
ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ॥੧॥
*(ਆਸਾ ਕਬੀਰ ਜੀ, ਪੰਨਾ ੪੭੮)*

ਇਸ ਤੋਂ ਆਦਿ ਸਾਨੂੰ ਬਾਣੀ ਵਿਚੋਂ ਹੋਰ ਭੀ ਬਹੁਤ ਸਾਰੇ ਪ੍ਰਮਾਣ ਮਿਲਦੇ ਹਨ, ਜਿਨ੍ਹਾਂ ਤੋਂ ਇਹੋ ਬੋਧ ਮਿਲਦਾ ਹੈ ਕਿ ਬੇਦ ਸ਼ਾਸਤ੍ਰਾਂ ਵਿਚ ਵਧੇਰੇ ਪਾਪ ਤੇ ਪੁੰਨ ਦੀ ਵੀਚਾਰ ਹੀ ਮਿਲਦੀ ਹੈ ਜੋ ਕਿ ਸੁਰਗ ਤੇ ਨਰਕ ਜਾਣ ਦਾ ਹੀ ਇਕ ਤਰ੍ਹਾਂ ਦਾ ਬੀਜ ਹੈ, ਇਸ ਲਈ ਇਹ ਸਾਰੇ ਪੁਸਤਕ ਤਤ ਸਰੂਪ ਤਕ ਪੁਚਾਉਣ ਵੱਲੋਂ ਉਰਾਰ ਹੀ ਰਹਿ ਜਾਂਦੇ ਹਨ। ਸੋ, ਮੈਂ ਭੀ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਅੰਕਤ ਕਰੀਆਂ ਹਨ, ਜਿਵੇਂ ਕਿ :

(੧) ਲੋਕਾਂ ਕੋਲੋਂ ਵੇਦ ਦੀਆਂ ਗੱਲਾਂ ਸੁਣ ਕੇ (ਸੁਣਨ ਵਾਲਾ ਓਹੀ ਗੱਲਾਂ ਫਿਰ ਉਹ) ਹੋਰਨਾਂ ਨੂੰ ਆਖਦਾ ਹੈ। ਸੁਣ ਸੁਣ ਕੇ ਹੀ ਗਿਆਨੀ ਲੋਕ ਗਿਆਨ ਦੀਆਂ ਗੱਲਾਂ ਆਖਦੇ ਹਨ।

(੨) (ਪਰ ਕੇਵਲ) ਸੁਣ ਸੁਣ ਕੇ ਹੀ ਨਾ ਸੁਰਗਪੁਰੀ ਦੇ ਲੋਕ ਤੇ ਨਾ ਮਾਤ ਲੋਕ ਦੇ ਲੋਕ ਸਤੇ ਪਤਾਲਾਂ (ਭਾਵ ਧਰਤੀਆਂ) ਦੇ ਲੋਕ ਸੁਣਦੇ (ਜ਼ਰੂਰ ਹਨ) ਪਰ ਜਾਣਦੇ ਨਹੀਂ।

(੩) ਭੂਤ (ਬੀਤ ਚੁੱਕੇ ਸਮੇਂ) ਵਿਚ ਭੀ, ਭਵਿੱਖ (ਅਗਲਾ ਸਮਾਂ) ਤੇ ਵਰਤਮਾਨ (ਹੁਣ ਦੇ) ਸਮੇਂ ਵਿਚ ਵੀ (ਸੁਣਦੇ ਜ਼ਰੂਰ ਹਨ, ਪਰ ਨ ਸਮਝਣ ਕਰਕੇ ਆਦਿ ਅੰਤ ਤੇ ਮਧ ਤੀਕਰ ਹੈਰਾਨ ਹੀ ਹੈਰਾਨ ਹਨ (ਕਿ ਇਹ ਕੀ ਗੱਲ ਹੋਈ, ਕਿਵੇਂ ਬਣੀ ? ਕਿਵੇਂ ਸਮਝ ਆਵੇ ?)

(੪) ਉੱਤਮ, ਮਧਮ ਤੇ ਨੀਚ ਸ਼੍ਰੇਣੀ (ਤਿੰਨ ਤਰ੍ਹਾਂ ਦੇ ਮਨੁੱਖ) ਉਸ ਪਰਮਾਤਮਾ ਬਾਰੇ ਤੇ ਉਸਦੇ ਅਸਚਰਜ ਕੌਤਕਾਂ ਸੰਬੰਧੀ ਕੁਝ ਵੀ ਸਮਝ ਨਹੀਂ ਸਕਦੇ।

(੫) ਰਜੋਗੁਣੀ, ਤਮੋਗੁਣੀ, ਤੇ ਸਤੋਗੁਣੀ (ਧਨਵਾਨ, ਕਰੋਧੀ ਤੇ ਤਾਕਤਵਰ ਅਤੇ ਧਰਮੀ) ਪੁਰਸ਼ ਸਭ ਅਖਾਣਾਂ (ਆਖੀਆਂ ਹੋਈਆਂ ਗੱਲਾਂ) ਨੂੰ ਹੀ ਆਖਦੇ ਜਾਂ ਦੱਸਦੇ ਹਨ।

(੬) ਲੋਕ ਮਨ, ਬਚਨ ਤੇ ਕਰਮਾਂ ਦੇ ਭਰਮਾਂ ਵਿਚ ਪਏ

ਭਰਮ ਰਹੇ ਹਨ (ਕਿਉਂਕਿ) ਉਹ ਨਾ ਸਾਧ-ਸੰਗਤ ਵਿਚ ਜਾਂਦੇ ਹਨ ਤੇ ਨ ਸੱਚੇ ਸਤਿਗੁਰੂ ਨੂੰ ਹੀ ਪਛਾਣਦੇ ਹਨ।

(੭) (ਇਹੀ ਕਾਰਨ ਹੈ ਕਿ ਸਮੇਂ ਦੇ ਦੋਵੇਂ ਧਰਮਾਂ ਦੇ ਲੋਕ) ਹਿੰਦੂ ਅਤੇ ਮੁਸਲਮਾਨ ਨਿਰੇ ਫਕੜ (ਫੋਕੀ ਗਿਆਨ ਚਰਚਾ ਵਾਲੇ) ਹੀ ਹਨ, ਪੂਰੇ ਗੁਰੂ ਦੀ ਸ਼ਰਨ ਵਿਚ ਜਾ ਕੇ ਆਪਣੀ ਹਉਮੈਂ ਮੇਟ ਕੇ, ਸਰੀਰ ਨੂੰ ਸਫਲ ਕਰਨ ਦਾ ਕਿਸੇ ਨੂੰ ਖ਼ਿਆਲ ਹੀ ਨਹੀਂ, ਜਿਸ ਚੀਜ਼ ਲਈ ਕਿ ਮਨੁੱਖਾ-ਜਨਮ ਸਭ ਤੋਂ ਉੱਤਮ ਵਸਤੂ ਮਿਲੀ ਹੈ।੧੬।

***ਭਾਵਾਰਥ :*** ਬਹੁਤ ਲੋਕ ਵੇਦ ਸ਼ਾਸਤ੍ਰਾਂ ਨੂੰ ਸੁਣ ਕੇ ਹੀ ਅਗੇ ਤੋਂ ਅਗੇ ਗੱਪਾਂ ਮਾਰ ਰਹੇ ਹਨ, ਪਰ ਗੁਰੂ ਦੀ ਸ਼ਰਨ ਵਿਚ ਆ ਕੇ ਹਉਮੈ ਕਿਸੇ ਨੇ ਭੀ ਨਹੀਂ ਮਾਰੀ। ਇਸ ਲਈ ਉਹ ਵਿਅਰਥ ਹੀ ਹੰਕਾਰ ਕਰ ਰਹੇ ਹਨ ਕਿ ਹਮ ਹਿੰਦੂ ਹੈਂ, ਹਮ ਮੁਸਲਮਾਨ ਹੈਂ, ਪਰ ਨੇੜੇ ਹੋ ਕੇ ਵੇਖੀਏ ਤਾਂ ਸਾਰੇ ਹੀ ਵਿਅਰਥ ਹਨ, ਕਿਉਂਕਿ ਰੱਬੀ ਦਰਬਾਰ ਵਿਚ ਤਾਂ ਕਰਣੀ ਹੀ ਪ੍ਰਵਾਨ ਹੈ ਜਿਸਨੂੰ ਉਹ ਨਹੀਂ ਕਰਦੇ। ਸ੍ਰੇਸ਼ਟ ਕਰਨੀ ਸਾਧ ਸੰਗਤ ਹੈ, ਗੁਰੂ ਦੀ ਸ਼ਰਣ ਗੁਰੂ ਸ਼ਬਦ ਦੀ ਕਮਾਈ ਹੈ, ਜੋ ਇਸ ਕਮਾਈ ਨੂੰ ਕਰ ਰਹੇ ਹਨ ਉਨ੍ਹਾਂ ਦਾ ਜਨਮ ਸਫਲ ਹੈ ਜੋ ਨਹੀਂ ਕਰਦੇ ਉਨ੍ਹਾਂ ਦਾ ਇਹ ਅਮੋਲਕ ਮਨੁੱਖਾ ਜਨਮ ਨਿਸਫਲ ਹੀ ਚਲਾ ਜਾਂਦਾ ਹੈ, ਉਹ ਇਸ ਮਨੁੱਖਾ ਦੇਹੀ ਨੂੰ ਅਫਲ ਹੀ ਖੋ ਰਹੇ ਹਨ। ਉਨ੍ਹਾਂ ਪ੍ਰਤੀ ਹੀ ਬਾਣੀ ਦਾ ਫ਼ੁਰਮਾਨ ਹੈ ਕਿ :

ਜਗੁ ਕਊਆ ਮੁਖਿ ਚੁੰਚ ਗਿਆਨੁ॥

*(ਬਿਲਾਵਲੁ ਮ: ੩, ਪੰਨਾ ੮੩੨)*

## ੧੭. ਹਰ ਜੁਗ ਦੇ ਵੱਖੋ ਵੱਖਰੇ ਧਰਮ

**੧. ਸਤਿਜੁਗਿ ਇੱਕੁ ਵਿਗਾੜਦਾ**
**ਤਿਸੁ ਪਿੱਛੈ ਫੜਿ ਦੇਸੁ ਪੀੜਾਏ।**
**੨. ਤ੍ਰੇਤੈ ਨਗਰੀ ਵਗਲੀਐ**
**ਦੁਆਪਰਿ ਵੰਸੁ ਸੁ ਨਰਕਿ ਸਮਾਏ।**
**੩. ਜੋ ਫੇੜੇ ਸੋ ਫੜੀਦਾ**
**ਕਲਿਜੁਗਿ ਸੱਚਾ ਨਿਆਉਂ ਕਰਾਏ।**
**੪. ਸਤਿਜੁਗ ਸਤੁ ਤ੍ਰੇਤੈ ਜਗੀ**
**ਦੁਆਪਰਿ ਪੂਜਾ ਚਾਰਿ ਦਿੜਾਏ।**
**੫. ਕਲਿਜੁਗਿ ਨਾਉਂ ਅਰਾਧਣਾ**
**ਹੋਰ ਕਰਮ ਕਰਿ ਮੁਕਤਿ ਨ ਪਾਏ।**
**੬. ਜੁਗਿ ਜੁਗਿ ਲੁਣੀਐ ਬੀਜਿਆ**
**ਪਾਪੁ ਪੁੰਨੁ ਕਰਿ ਦੁਖ ਸੁਖ ਪਾਏ।**
**੭. ਕਲਿਜੁਗਿ ਚਿਤਵੈ ਪੁੰਨ ਫਲ**
**ਪਾਪਹੁੰ ਲੇਪੁ ਅਧਰਮ ਕਮਾਏ।**
**੮. ਗੁਰਮੁਖ ਸੁਖ ਫਲ ਆਪੁ ਗਵਾਏ ॥੧੭॥**

***ਪਦ ਅਰਥ :*** ਵਿਗਾੜਦਾ—ਮਾੜਾ ਕੰਮ ਕਰਦਾ। ਵਗਲੀਐ—ਘੇਰ ਲਿਆ ਜਾਂਦਾ ਹੈ। ਪੀੜਾਏ—ਸਜ਼ਾ ਦਿੱਤੀ ਜਾਂਦੀ ਸੀ। ਲੁਣੀਐ—ਵੱਢਣਾ, ਲੈਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਥੇ ਆਪ ਜੀ ਨੇ ਗੁਰਮਤ ਦੇ ਇਤਿਹਾਸ ਨੂੰ ਖੋਜਿਆ ਹੈ, ਉਥੇ ਤੁਸਾਂ ਹਿੰਦੂ ਮੱਤ ਦੇ ਪੁਸਤਕਾਂ ਨੂੰ ਭੀ ਚੰਗੀ ਤਰ੍ਹਾਂ ਪੜਚੋਲਿਆ ਹੈ। ਪਰ ਅਸੀਂ ਆਪ ਜੀ ਤੋਂ ਚੌਹਾਂ ਜੁਗਾਂ ਦੇ ਕਰਮਾਂ ਧਰਮਾਂ ਦੇ ਨਿਯਮਾਂ ਦੀ ਰੂਪ-ਰੇਖਾ ਤੋਂ ਜਾਣੂ ਹੋਣਾ ਚਾਹੁੰਦੇ ਹਾਂ ਕਿ ਇਨ੍ਹਾਂ ਦੇ ਭਿੰਨ ਭਿੰਨ ਧਰਮਾਂ ਵਿਚ ਆਪ ਜੀ ਨੇ ਕੀ ਅੰਤਰਾ ਅਨੁਭਵ ਕੀਤਾ ਹੈ। ਆਸ ਹੈ ਕਿ ਸਾਨੂੰ ਭੀ ਵੱਖੋ ਵੱਖ ਜੁਗਾਂ ਦੇ ਧਰਮਾਂ ਦਾ ਬੋਧ ਦਿਓਗੇ, ਧੰਨਵਾਦੀ ਹੋਵਾਂਗੇ?

ਉ: ਹੇ ਭਾਈਓ! ਜਿਤਨਾ ਕੁ ਮੈਂ ਪੁਰਾਤਨ ਇਤਿਹਾਸ ਪੜ੍ਹਿਆ ਹੈ ਉਹ ਸਾਰਾ ਤਾਂ ਭਾਵੇਂ ਮੇਰੇ ਚੇਤੇ ਨਹੀਂ ਪਰ ਫਿਰ ਵੀ ਜਿਤਨਾ ਕੁ ਮੇਰੀ ਸਿਮਰਤੀ ਵਿਚ ਹੈ ਉਹ ਜ਼ਰੂਰ ਕਹਿ ਸਕਦਾ ਹਾਂ, ਪਰ ਇਤਿਹਾਸ ਨਾਲੋਂ ਭੀ ਜੋ ਗੁਰਬਾਣੀ ਵਿਚੋਂ ਮੈਨੂੰ ਉਦਾਹਰਣ ਮਿਲੇ ਹਨ ਉਨ੍ਹਾਂ ਨੂੰ ਮੈਂ ਸਹੀ ਰੂਪ ਵਿਚ ਅਨੁਭਵ ਕਰਦਾ ਹਾਂ, ਭਾਵ ਇਤਿਹਾਸ ਨਾਲੋਂ ਗੁਰਬਾਣੀ ਦੀ ਠੋਸ ਗਵਾਹੀ ਹੈ, ਜਿਵੇਂ ਕਿ ਗੁਰਬਾਣੀ ਦਾ ਫ਼ੁਰਮਾਨ ਹੈ ਕਿ :

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥੧॥

*(ਗਉੜੀ ਬੈਰਾਗਣਿ ਰਵਿਦਾਸ ਜੀ, ਪੰਨਾ ੩੪੬)*

ਸਤਜੁਗਿ ਸਾਚੁ ਕਹੈ ਸਭੁ ਕੋਈ॥
ਸਚਿ ਵਰਤੈ ਸਾਚਾ ਸੋਈ॥.....
ਤ੍ਰੇਤੈ ਧਰਮ ਕਲਾ ਇਕ ਚੂਕੀ॥
ਤੀਨਿ ਚਰਣ ਇਕ ਦੁਬਿਧਾ ਸੂਕੀ॥...

ਦਇਆ ਦੁਆਪੁਰਿ ਅਧੀ ਹੋਈ॥
ਗੁਰਮੁਖਿ ਵਿਰਲਾ ਚੀਨੈ ਕੋਈ॥
ਦੁਇ ਪਗ ਧਰਮੁ ਧਰੇ ਧਰਣੀਧਰ
ਗੁਰਮੁਖਿ ਸਾਚੁ ਤਿਥਾਈ ਹੇ॥੯॥

(ਮਾਰੂ ਮ: ੧, ਪੰਨਾ ੧੦੨੩)

ਸਤਜੁਗਿ ਸਚੁ ਕਹੈ ਸਭੁ ਕੋਈ॥
ਘਰਿ ਘਰਿ ਭਗਤਿ ਗੁਰਮੁਖਿ ਹੋਈ॥
ਸਤਜੁਗਿ ਧਰਮੁ ਪੈਰ ਹੈ ਚਾਰਿ॥
ਗੁਰਮੁਖਿ ਬੂਝੈ ਕੋ ਬੀਚਾਰਿ॥੧॥
ਜੁਗ ਚਾਰੇ ਨਾਮਿ ਵਡਿਆਈ ਹੋਈ॥
ਜਿ ਨਾਮਿ ਲਾਗੈ ਸੋ ਮੁਕਤਿ ਹੋਵੈ
ਗੁਰ ਬਿਨੁ ਨਾਮੁ ਨ ਪਾਵੈ ਕੋਈ॥੧॥ਰਹਾਉ॥
ਤ੍ਰੇਤੈ ਇਕ ਕਲ ਕੀਨੀ ਦੂਰਿ॥
ਪਾਖੰਡੁ ਵਰਤਿਆ ਹਰਿ ਜਾਣਨਿ ਦੂਰਿ॥
ਗੁਰਮੁਖਿ ਬੂਝੈ ਸੋਝੀ ਹੋਈ॥
ਅੰਤਰਿ ਨਾਮੁ ਵਸੈ ਸੁਖੁ ਹੋਈ॥੨॥
ਦੁਆਪੁਰਿ ਦੂਜੈ ਦੁਬਿਧਾ ਹੋਇ॥
ਭਰਮਿ ਭੁਲਾਨੇ ਜਾਣਹਿ ਦੋਇ॥
ਦੁਆਪੁਰਿ ਧਰਮਿ ਦੁਇ ਪੈਰ ਰਖਾਏ॥
ਗੁਰਮੁਖਿ ਹੋਵੈ ਤ ਨਾਮੁ ਦ੍ਰਿੜਾਏ॥੩॥
ਕਲਜੁਗਿ ਧਰਮ ਕਲਾ ਇਕ ਰਹਾਏ॥
ਇਕ ਪੈਰਿ ਚਲੈ ਮਾਇਆ ਮੋਹੁ ਵਧਾਏ॥......
ਸਭ ਜੁਗ ਮਹਿ ਨਾਮੁ ਊਤਮੁ ਹੋਈ॥
ਗੁਰਮੁਖਿ ਵਿਰਲਾ ਬੂਝੈ ਕੋਈ॥
ਹਰਿ ਨਾਮੁ ਧਿਆਏ ਭਗਤੁ ਜਨੁ ਸੋਈ॥
ਨਾਨਕ ਜੁਗਿ ਜੁਗਿ ਨਾਮਿ ਵਡਿਆਈ ਹੋਈ॥੬॥੧॥

(ਰਾਮਕਲੀ ਮ: ੩, ਪੰਨਾ ੮੮੦)

ਸਤਜੁਗਿ ਸਤੁ ਸੰਤੋਖੁ ਸਰੀਰਾ॥
ਸਤਿ ਸਤਿ ਵਰਤੈ ਗਹਿਰ ਗੰਭੀਰਾ॥
ਸਚਾ ਸਾਹਿਬੁ ਸਚੁ ਪਰਖੈ ਸਾਚੈ ਹੁਕਮਿ ਚਲਾਈ ਹੇ॥੩॥

(ਮਾਰੂ ਸੋਲਹੇ ਮ: ੧, ਪੰਨਾ ੧੦੨੩)

ਸਤਜੁਗਿ ਸਭੁ ਸੰਤੋਖ ਸਰੀਰਾ
ਪਗ ਚਾਰੇ ਧਰਮੁ ਧਿਆਨੁ ਜੀਉ॥੧॥
ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ
ਜਤੁ ਸੰਜਮ ਕਰਮ ਕਮਾਇ ਜੀਉ॥
ਪਗੁ ਚਉਥਾ ਖਿਸਿਆ ਤ੍ਰੈ ਪਗ ਟਿਕਿਆ
ਮਨਿ ਹਿਰਦੈ ਕ੍ਰੋਧੁ ਜਲਾਇ ਜੀਉ॥

(ਆਸਾ ਮ: ੪, ਪੰਨਾ ੪੪੫)

ਸਤਜੁਗੁ ਤ੍ਰੇਤਾ ਦੁਆਪਰੁ ਭਣੀਐ॥
ਕਲਿਜੁਗੁ ਊਤਮੋ ਜੁਗਾ ਮਾਹਿ॥
ਅਹਿ ਕਰੁ ਕਰੇ ਸੁ ਅਹਿ ਕਰੁ ਪਾਏ
ਕੋਈ ਨ ਪਕੜੀਐ ਕਿਸੈ ਥਾਇ॥੩॥

(ਆਸਾ ਮ: ੫, ਪੰਨਾ ੪੦੬)

ਅਬ ਕਲੂ ਆਇਓ ਰੇ॥
ਇਕੁ ਨਾਮੁ ਬੋਵਹੁ ਬੋਵਹੁ॥
ਅਨ ਰੁਤਿ ਨਾਹੀ ਨਾਹੀ॥
ਮਤੁ ਭਰਮਿ ਭੂਲਹੁ ਭੂਲਹੁ॥

(ਬਸੰਤੁ ਮ: ੫, ਪੰਨਾ ੧੧੮੫)

ਇਸ ਤੋਂ ਆਦਿ ਗੁਰਬਾਣੀ ਵਿਚੋਂ ਸਾਨੂੰ ਹੋਰ ਭੀ ਬਹੁਤੇ ਉਦਾਹਰਣ ਮਿਲਦੇ ਹਨ, ਜਿਨ੍ਹਾਂ ਰਾਹੀਂ ਸਾਨੂੰ ਚੌਹਾਂ ਜੁਗਾਂ ਦੇ ਧਰਮਾਂ ਦੀ ਜਾਣਕਾਰੀ ਮਿਲਦੀ ਹੈ। ਜਿਵੇਂ ਕਿ ਗੁਰੂ ਅਰਜਨ ਦੇਵ ਜੀ ਨੇ ਭੀ ਇਹੋ ਅਨੁਭਵ ਕੀਤਾ ਕਿ ਸਤਜੁਗ ਦੇ ਲੋਕਾਂ ਦੀਆਂ ਉਮਰਾਂ ਵਧੇਰੇ ਲੰਬੀਆਂ ਸਨ ਜਿਸ ਕਰਕੇ ਲੋਕ ਹਜ਼ਾਰਾਂ ਵਰ੍ਹੇ ਜੋਗਾ ਅਭਿਆਸ ਕਰਦੇ ਰਹਿੰਦੇ ਸਨ, ਤ੍ਰੇਤਾ ਜੁਗ ਆਇਆ ਤਾਂ ਲੋਕਾਂ ਪਾਸ ਧਨ ਦੌਲਤ ਵਧੇਰੇ ਸੀ, ਜਿਸ ਦਾ ਸਦਕਾ ਲੋਕੀ ਜੱਗ ਆਦਿ ਕਰਮ ਕਰਨ ਵਿਚ ਰੁੱਝੇ ਰਹਿੰਦੇ ਸਨ। ਪਰ, ਜਦੋਂ ਦੁਆਪਰ ਦਾ ਜੁਗ ਆਇਆ ਤਾਂ ਵਧੇਰੇ ਲੁਕਾਈ ਪੂਜਾ ਕਰਨ ਵਿਚ ਪ੍ਰਵਿਰਤ ਹੋ ਗਈ, ਪਰ ਗੁਰੂ ਅਰਜਨ ਦੇਵ ਜੀ ਨੇ ਜਦੋਂ ਇਨ੍ਹਾਂ ਤਿੰਨਾਂ ਹੀ ਪੱਖਾਂ ਵੱਲ ਨਜ਼ਰ ਮਾਰੀ ਤਾਂ ਆਪ ਜੀ ਨੇ ਤੱਕਿਆ ਕਿ ਇਸ ਕਲਜੁਗ ਦੇ ਮਨੁੱਖਾਂ ਦੀ ਉਮਰ ਵਧੇਰੇ ਲੰਮੀ ਨਹੀਂ ਜਿਸ ਕਰਕੇ ਇਹ ਯੋਗਾ ਅਭਿਆਸ ਦੀ ਕ੍ਰਿਆ ਨਹੀਂ ਕਰ ਸਕਦੇ ਅਤੇ ਨਾ ਹੀ ਵਧੇਰੇ ਧਨ ਦੌਲਤ ਦੇ ਮਾਲਕ ਹਨ। ਇਸ ਕਰਕੇ ਜੱਗ ਕਰਨ ਦੀ ਭੀ ਇਨ੍ਹਾਂ ਵਿਚ ਸ਼ਕਤੀ ਨਹੀਂ ਹੈ ਅਤੇ ਪੂਜਾ ਕਰਨ ਵੱਲੋਂ ਭੀ ਇਹ ਕਮਜ਼ੋਰ ਹਨ। ਇਨ੍ਹਾਂ ਸਾਰੇ ਪੱਖਾਂ ਵੱਲੋਂ ਹੀ ਮਨੁੱਖਾਂ ਨੂੰ ਨਿਰਬਲ ਜਾਣ ਕੇ ਇਹ ਸਾਰਿਆਂ ਲੋਕਾਂ ਪ੍ਰਤੀ ਹਿਤੋਮਈ ਉਪਦੇਸ਼ ਦਿਤਾ ਕਿ ਹੇ ਭਾਈਓ! ਹੁਣ ਕਲਜੁਗ ਦਾ ਸਮਾਂ ਆ ਗਿਆ ਹੈ ਇਸ ਲਈ ਕੇਵਲ ਪਰਮੇਸ਼ਰ ਦਾ ਨਾਮ ਹੀ ਜਪਦੇ ਰਹੋ, ਕਿਉਂਕਿ ਪੁਰਾਣੇ ਜੁਗਾਂ ਦੇ ਕਰਮ-ਕਾਂਡ ਕਰਨ ਦੀ ਹੁਣ ਰੁੱਤ ਨਹੀਂ ਹੈ। ਜੇ ਕੋਈ ਰੁੱਤ ਹੋਰ ਹੋਵੇ ਬੀਜ ਕੋਈ ਹੋਰ ਬੀਜਿਆ ਜਾਵੇ ਤਾਂ ਪਹਿਲੋਂ ਤਾਂ ਉਹ ਜੰਮਦਾ ਹੀ ਨਹੀਂ ਜੇ ਕਦੀ ਜੰਮ ਭੀ ਜਾਵੇ ਤਾਂ ਉਹ ਫਲਦਾ ਫੁਲਦਾ ਨਹੀਂ ਹੈ।

ਇਸ ਕਲਜੁਗ ਵਿਚ ਪਿਛਲੇ ਜੁਗਾਂ ਤੋਂ ਇਕ

ਹੋਰ ਭੀ ਬਹੁਤ ਵੱਡੀ ਵਿਸ਼ੇਸ਼ਤਾ ਹੈ ਕਿ ਇਸ ਜੁਗ ਵਿਚ ਜੋ ਭੀ ਕੋਈ ਕਰਮ ਕਰਦਾ ਹੈ ਉਸਦਾ ਫਲ ਉਸੇ ਕਰਨ ਵਾਲੇ ਨੂੰ ਹੀ ਭੋਗਣਾ ਪੈਂਦਾ ਹੈ। ਉਸ ਖੋਟੇ ਕੀਤੇ ਕਰਮ ਦਾ ਫਲ ਭੋਗਣ ਲਈ ਕਿਸੇ ਹੋਰ ਨੂੰ ਭਾਈਵਾਲ ਨਹੀਂ ਬਣਾਇਆ ਜਾਂਦਾ। ਇਹ ਸੰਕੇਤ ਪਿਛਲੇ ਜੁਗਾਂ ਵਿਚ ਸਾਨੂੰ ਨਹੀਂ ਮਿਲਦਾ, ਜਿਵੇਂ ਕਿ ਦੂਰ-ਦਰਸ਼ੀ ਨਜ਼ਰਾਂ ਨਾਲ ਤੱਕਿਆ ਜਾਵੇ ਤਾਂ ਇਉਂ ਹੀ ਦਿਸ ਆਵੇਗਾ, ਜਿਵੇਂ ਕਿ :

(੧) ਸਤਜੁਗ ਦੇ ਸਮੇਂ ਵਿਚ ਇਕ ਮਨੁੱਖ ਪਾਪ ਕਰਮ ਕਰਦਾ ਸੀ, ਤਾਂ ਉਸਦੇ ਬਦਲੇ ਸਾਰਾ ਦੇਸ ਫੜਿਆ ਜਾਂਦਾ ਸੀ ਤੇ ਪੀੜ ਦਿਤਾ ਜਾਂਦਾ ਸੀ।
(੨) ਤ੍ਰੇਤੇ ਵਿਚ ਇਕ ਦਾ ਦੋਸ਼ ਹੁੰਦਾ ਸੀ ਤਾਂ ਸਾਰੀ ਨਗਰੀ ਨੂੰ ਘੇਰ ਕੇ ਫੜ ਲਿਆ ਜਾਂਦਾ ਸੀ। ਦੁਆਪੁਰ ਵਿਚ ਇਕ ਦੇ ਪਿਛੇ ਸਾਰੀ ਬੰਸ ਫੜ ਕੇ ਜੇਹਲਾਂ (ਭਾਵ ਨਰਕ) ਵਿਚ ਪਾ ਦਿਤੀ ਜਾਂਦੀ ਸੀ।
(੩) ਪਰ ਕਲਜੁਗ ਵਿਚ ਏਡਾ ਉੱਤਮ ਨਿਆਉਂ ਹੈ ਕਿ ਜੋ ਕਰਦਾ ਹੈ ਉਹੀ ਫੜੀਦਾ ਹੈ ਹੋਰ ਕਿਸੇ ਨੂੰ ਨਹੀਂ ਫੜਿਆ ਜਾਂਦਾ।
(੪) (ਇਹ ਠੀਕ ਹੈ ਕਿ) ਸਤਿਜੁਗ ਵਿਚ ਲੋਕ ਸੱਚ ਬੋਲਦੇ ਸੀ ਤੇ ਸੱਚ ਹੀ ਦ੍ਰਿੜ੍ਹ ਕਰਾਉਂਦੇ ਸੀ। ਤ੍ਰੇਤੇ ਵਿਚ ਜੱਗ ਕਰਨ ਦੀ ਰੀਤੀ ਪ੍ਰਚਲਤ ਸੀ ਤੇ ਦੁਆਪੁਰ ਵਿਚ ਪੂਜਾ, ਕਰਤਬਾਂ ਸਹਿਤ ਦਿੜ੍ਹਾਈਆਂ ਜਾਂਦੀਆਂ ਸਨ।
(੫) ਪਰ ਕਲਜੁਗ ਵਿਚ ਕੇਵਲ ਇਕ ਨਾਮ ਸਿਮਰਨ ਦੀ ਪ੍ਰਮੁਖਤਾ ਹੈ ਹੋਰ ਕਰਮਾਂ ਨਾਲ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ।
(੬) ਵੱਖ ਵੱਖ ਜੁਗਾਂ ਵਿਚ ਜੋ ਕੋਈ ਪਾਪ ਪੁੰਨ ਬੀਜਦਾ (ਭਾਵ ਜੈਸਾ ਕਰਮ ਕਰਦਾ ਸੀ) ਉਹੋ ਜਿਹਾ ਫਲ ਵੱਢਦਾ ਸੀ (ਭਾਵ ਉਹੋ ਜਿਹਾ ਦੁਖ ਜਾਂ ਸੁਖ ਪ੍ਰਾਪਤ ਹੁੰਦਾ ਸੀ)।
(੭) ਪਰ (ਇਹ ਕਲਜੁਗ ਦੀ ਵਡਿਆਈ ਜਾਂ ਵਾਧਾ ਸਮਝੋ ਕਿ) ਇਸ ਵਿਚ ਜੇ ਕੋਈ ਪੁੰਨ ਕਰਮ ਦਾ ਚਿਤਵਨ ਵੀ ਕਰੇ, ਤਾਂ ਫਲ ਮਿਲ ਜਾਂਦਾ ਹੈ, ਪਰ ਪਾਪ ਦਾ ਫਲ ਪਾਪ ਦਾ ਕਰਮ ਕਰਨ ਨਾਲ ਮਿਲਦਾ ਹੈ।
(੮) ਗੁਰਮੁਖ ਨੂੰ ਸੁਖ ਪ੍ਰਾਪਤ ਹੁੰਦਾ ਹੈ, ਜੋ ਆਪਾ-ਭਾਵ (ਹਉਮੈਂ) ਨੂੰ ਗਵਾਉਣ ਨਾਲ ਹੀ ਮਿਲਦਾ ਹੈ।੧੭।

***ਭਾਵਾਰਥ :*** ਪਿਛਲੇ ਜੁਗਾਂ ਦਾ ਅਨਯਾਯ ਦੱਸ ਕੇ ਅਜ ਕਲ ਦਾ ਨਿਆਉਂ ਪ੍ਰਗਟ ਕਰਦੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਪਿਛਲੇ ਜੁਗਾਂ ਵਿਚ ਕਰੜੇ ਦੰਡਾਂ ਦੇ ਕਾਰਨ ਪਾਪ ਤਾਂ ਘੱਟ ਹੁੰਦਾ ਸੀ ਪਰ ਅਨਯਾਯ ਵਧੇਰੇ ਸੀ ਹੁਣ ਨਯਾਯ ਵਧੀਕ ਹੈ, ਪਰ ਨਯਾਯ ਦੀ ਖੋਜ ਵਿਚ ਅਰ ਬੇ-ਗੁਨਾਹਾਂ ਦੀ ਰੱਖਿਆ ਦੇ ਯਤਨ ਵਿਚ ਕਈ ਵੇਰੀ ਪਾਪੀ ਛੁਟ ਜਾਂਦੇ ਹਨ ਅਰ ਪਾਪ ਵਧ ਜਾਂਦਾ ਹੈ, ਪਰ ਬੁੱਧੀ ਤੀਖਣ ਹੋ ਜਾਣ ਕਰਕੇ ਤਾਮਸੀ ਤਪਾਂ ਤੇ ਰਾਜਸੀ ਕਰਮਾਂ ਦੀ ਲੋੜ ਨਹੀਂ, ਕੇਵਲ ਮਾਨਸੀ ਧਰਮ 'ਨਾਮ' ਜੋ ਪ੍ਰੇਮਾ-ਭਗਤੀ ਦਾ ਫਲ ਹੈ ਇਹੋ ਸਦ ਗਤੀ ਕਰਾਉਣ ਲਈ ਸਮਰੱਥ ਹੈ।

## ੧੮. ਧਰਮ ਦਾ ਧਉਲ (ਬਲਦ) ਰੂਪ ਵਿਚ ਅਲੰਕਾਰ

**੧. ਸਤਜੁਗ ਦਾ ਅਨਿਆਉਂ ਵੇਖਿ**
**ਧਉਲ ਧਰਮੁ ਹੋਆ ਉਡੀਣਾ।**
**੨. ਸੁਰਪਤਿ ਨਰਪਤਿ ਚੱਕ੍ਵੈ**
**ਰੱਖਿ ਨ ਹੰਘਨਿ ਬਲ ਮਤਿ ਹੀਣਾ।**
**੩. ਤ੍ਰੇਤੇ ਖਿਸਿਆ ਪੈਰੁ ਇਕੁ**
**ਹੋਮ ਜਗ ਜੱਗੁ ਥਾਪਿ ਪਤੀਣਾ।**
**੪. ਦੁਆਪੁਰਿ ਦੁਇ ਪਗ ਧਰਮ ਦੇ**
**ਪੂਜਾ ਚਾਰ ਪਖੰਡੁ ਅਲੀਣਾ।**
**੫. ਕਲਿਜੁਗ ਰਹਿਆ ਪੈਰ ਇਕੁ**
**ਹੋਇ ਨਿਮਾਣਾ ਧਰਮ ਅਧੀਣਾ।**
**੬. ਮਾਣੁ ਨਿਮਾਣੇ ਸਤਿਗੁਰੂ**
**ਸਾਧਸੰਗਤਿ ਪਰਗਟ ਪਰਬੀਣਾ।**
**੭. ਗੁਰਮੁਖ ਧਰਮ ਸਪੂਰਣੁ ਰੀਣਾ॥੧੮॥**

***ਪਦ ਅਰਥ :*** ਧਉਲ—ਬਲਦ। ਉਡੀਣਾ—ਉਦਾਸ, ਚਿੰਤਾਤੁਰ। ਚੱਕ੍ਵੈ—ਚੱਕਰ ਵਰਤੀ। ਹੰਘਨਿ—ਸਕਣ। ਪਤੀਣਾ—ਪਤੀਜਣਾ। ਅਲੀਣਾ—ਭੌਰੇ ਵਾਂਗ ਮਸਤ ਹੋਣਾ। ਅਧੀਣਾ—ਆਸਰਾ ਰਹਿਤ, ਬੇਬਸ। ਰੀਣਾ—ਰੋਣਾ।

***ਅਰਥ :***

(੧) (ਇਥੇ ਹੀ ਬੱਸ ਨਹੀਂ ਹੋਰ ਵੀ ਸੁਣੋ ਕਿ) ਸਤਜੁਗ ਦੇ ਸਮੇਂ ਵਿਚ (ਜੇ ਕੋਈ ਇਕ ਪਾਪ ਕਰਮ ਕਰਦਾ, ਤਾਂ ਉਸ ਦੇ ਬਦਲੇ ਸਾਰੇ ਦੇਸ ਨੂੰ ਪੀੜ ਦੇਣਾ, ਇਹ ਵੱਡਾ)

ਅਨਿਆਂ ਵੇਖ ਕੇ ਧਉਲ ਰੂਪ ਧਰਮ ਉਦਾਸ ਤੇ ਚਿੰਤਾਤੁਰ ਹੋ ਗਿਆ।

(੨) (ਉਸ ਨੇ ਦੇਖਿਆ ਕਿ) ਦੇਵਤਿਆਂ ਦੇ ਰਾਜੇ (ਮੁਖੀ) ਸੰਸਾਰ ਦੇ (ਮੁਖੀ) ਰਾਜੇ ਤੇ ਚੱਕ੍ਰਵਰਤੀ (ਬਾਦਸ਼ਾਹ) ਵੀ ਧਰਮ ਨਹੀਂ ਰੱਖ ਸਕੇ, ਕਿਉਂਕਿ ਉਨ੍ਹਾਂ ਦੀ ਬੁਧੀ ਤੇ ਬਲ ਖੀਣ ਹੋ ਗਏ ਸਨ।

(੩) ਤ੍ਰੇਤੇ ਵਿਚ ਧਉਲ ਰੂਪ ਧਰਮ ਦਾ ਇਕ ਪੈਰ ਥਿੜਕ ਗਿਆ। ਲੋਕ ਹੋਮ ਤੇ ਜੱਗ ਦੇ ਕਰਮ-ਕਾਂਡਾਂ ਦੇ ਵਿਚ ਹੀ ਪਤੀਜ ਗਏ (ਉਨ੍ਹਾਂ ਸਮਝ ਲਿਆ ਕਿ ਬੱਸ ਇਹੋ ਕਰਮ ਹੀ ਧਰਮ ਹਨ)।

(੪) ਦੁਆਪੁਰ ਵਿਚ ਦੋ ਪੈਰ ਹੀ ਧਰਮ ਦੇ ਰਹਿ ਗਏ, ਲੋਕ ਪੂਜਾ ਦੇ ਆਕਾਰ (ਕਰਮ-ਕਾਂਡ ਵਿਚ) ਹੀ ਲੀਨ ਹੋ ਗਏ।

(੫) ਕਲਜੁਗ ਆਇਆ, ਤਾਂ ਧਰਮ ਰੂਪੀ ਧਉਲ ਦਾ ਇਕੋ ਪੈਰ ਰਹਿ ਗਿਆ। ਧਰਮ ਵਿਚਾਰਾ ਬੜਾ ਹੀ ਨਿਮਾਣਾ (ਗਰੀਬ) ਤੇ ਅਧੀਨਤਾ (ਬੇਬੱਸੀ) ਦਾ ਸ਼ਿਕਾਰ ਹੋ ਗਿਆ।

(੬) (ਪਰ ਪ੍ਰਭੂ ਨੇ ਧਉਲ, ਧਰਮ ਤੇ ਧਰਤੀ ਦੀ ਪੁਕਾਰ ਸੁਣ ਕੇ) ਨਿਮਾਣਿਆਂ ਦੇ ਮਾਣ ਸਤਿਗੁਰੂ (ਗੁਰੂ ਨਾਨਕ ਦੇਵ ਜੀ) ਨੂੰ ਸੰਸਾਰ ਵਿਚ ਭੇਜ ਦਿਤਾ, ਜਿਨ੍ਹਾਂ ਨੇ ਧਰਮ ਦੀ ਪੈਜ ਰਖਣ ਲਈ ਸਾਧ ਸੰਗਤ (ਦੀ ਨੀਂਹ ਰਖੀ) ਤੇ ਪਰਬੀਨ (ਪੂਰੇ ਤੌਰ ਤੇ) ਪਰਗਟ ਹੋਏ।

(੭) ਗੁਰਮੁਖਾਂ ਨੇ ਖ਼ਤਮ ਹੋ ਰਹੇ ਧਰਮ ਦੇ ਚਾਰੇ ਪੈਰ ਮੁਕੰਮਲ ਕਰ ਦਿਤੇ।੧੮।

***ਭਾਵਾਰਥ :*** ਇਸ ਪਉੜੀ ਵਿਚ ਧਰਮ ਦੀ ਉਦਾਸੀ ਦਸਦੇ ਹਨ ਕਿ ਸਤਜੁਗ ਵਿਚ ਸਤ ਤਾਂ ਸੀ, ਪਰ ਇਸ ਭੈ ਕਰਕੇ ਸੀ ਕਿ ਦੇਸ ਮਾਰਿਆ ਜਾਏਗਾ, ਸੋ ਇਹ ਅਨਯਾਯ ਸੀ। ਧਰਮ ਵਿਚ ਅਨਯਾਯ ਨਹੀਂ ਰਹਿ ਸਕਦਾ, ਸੋ ਉਹ ਧਰਮ ਉਦਾਸ ਤੇ ਲੰਙਾ ਹੋ ਗਿਆ। ਦਿਓਤੇ ਰਾਜੇ ਉਸਨੂੰ ਸਾਬਤ ਨ ਰਖ ਸਕੇ ਕਿਉਂਕਿ ਸਭ ਅਨਯਾਯ ਕਰਦੇ ਸਨ, ਫਿਰ ਤ੍ਰੇਤਾ ਵਿਚ ਧਰਮ ਨੂੰ ਸਾਬਤ ਕਰਨ ਦਾ ਇਲਾਜ ਹੋਮ ਜੱਗ ਬਣਾਇਆ। ਇਸ ਵਿਚ ਭਾਉ-ਭਗਤੀ ਨਹੀਂ ਸੀ ਕੇਵਲ ਲੋਕਾਚਾਰ ਕਰਮ ਸੀ, ਅਰ ਹਿੰਸਾ ਤੇ ਹਉਮੈਂ ਹੋਰ ਵਧ ਗਈ, ਇਸ ਕਰਕੇ ਧਰਮ ਹੋਰ ਨਯੂਨ ਹੋ ਗਿਆ ਜਿਸ ਵਿਚ ਅਨਯਾਯ ਅੱਗੇ ਸੀ ਹੁਣ (ਨਿਰਮੇਧ ਆਦਿ) ਹਿੰਸਾ ਤੇ ਹਉਮੈਂ ਦੇ ਘਾਟੇ ਹੋਰ ਪੈ ਗਏ। ਦੁਆਪੁਰ ਵਿਚ ਪੱਥਰ ਪੂਜਾ ਜਾਰੀ ਹੋਈ। ਇਹ ਹੋਰ ਘਾਟਾ ਪਿਆ ਕਿ ਈਸ਼ੂਰ ਦਾ ਸ਼ਰੀਕ ਪੈਦਾ ਹੋਇਆ, ਇਸ ਪੂਜਾ ਵਿਚ ਪੁਜਾਰੀਆਂ ਨੇ ਪਖੰਡ ਰਲਾ ਦਿਤੇ, ਸੋ ਹੁਣ ਬੇਮੁਖਤਾ ਅਰ ਪਖੰਡ ਧਰਮ ਵਿਚ ਰਲ ਗਏ। ਧਰਮ ਦਾ ਇਕ ਪੈਰ ਹੋਰ ਟੁਟ ਗਿਆ। ਇਸ ਘਾਟੇ ਵਿਚ ਧਰਮ ਨਿਮਾਣਾ ਹੋ ਗਿਆ। ਤਦ ਗੁਰੂ ਨਾਨਕ ਜੀ ਨੇ ਪਰਗਟ ਹੋ ਕੇ ਚਾਰੇ ਪੈਰ ਪੂਰਨ ਕਰ ਦਿਤੇ। ਅਰਥਾਤ ਸਤ, ਸੰਤੋਖ, ਵੀਚਾਰ, ਨਾਮ ਚਾਰੇ ਅੰਗ ਧਰਮ ਦੇ ਸੰਪੂਰਨ ਕਰ ਦਿਤੇ। ਸਤਜੁਗ ਦਾ ਅਨਯਾਯ ਹਟਾ ਕੇ ਨਿਰੋਲ ਸਤ ਰਖਿਆ, ਤ੍ਰੇਤੇ ਦੇ ਹੋਮ ਜੱਗ ਦੀਆਂ ਘਬਰਾਹਟਾਂ ਤੇ ਲੜਨ ਭਿੜਨ ਦੇ ਟੰਟੇ ਹਟਾ ਕੇ ਸੰਤੋਖ ਦਿਤਾ। ਦੁਆਪੁਰ ਦੇ ਪਖੰਡ ਦੂਰ ਕਰਨ ਲਈ ਵੀਚਾਰ ਤੇ ਮੁਕਤੀ ਲਈ ਨਾਮ ਬਖ਼ਸ਼ਿਆ। ਤਾਤਪ੍ਰਜ ਏਹ ਕਿ ਸਿਖ ਵਿਚ ਚਾਰ ਗੁਣ ਹੋਣ ਤਦ ਉਹ ਧਰਮੀ ਸਿਖ ਹੈ। ਨਾਮ ਨਾਲ ਮੁਕਤ ਹੋਵੇਗਾ, ਵੀਚਾਰ ਨਾਲ ਪਖੰਡ ਤੋਂ ਬਚੇਗਾ, ਤੱਤ ਮਿਥਯਾ ਸਮਝੇਗਾ, ਸੰਤੋਖ ਨਾਲ ਅਹਿਲ ਰਹੇਗਾ, ਕਿਸੇ ਰਿਧੀ ਸਿਧੀ ਪ੍ਰੀਖਿਯਾ ਕਰ ਭਰਮੇਗਾ ਨਹੀਂ, ਭਰੋਸਾ ਸ਼ਰਧਾ ਅਟੱਲ ਰਹੇਗੀ,-ਸਤ ਵਸਤੂ ਨੂੰ ਜਾਣ ਲਏਗਾ ਅਰ ਜਨਮ ਤੋਂ ਛੁਟ ਕੇ ਸਤ ਸਰੂਪ ਵਿਚ ਸੱਤ ਹੋ ਕੇ 'ਸੇਵਕ ਥਿਰ ਹੋਸੀ' ਦੇ ਪਦ ਨੂੰ ਪਹੁੰਚੇਗਾ।

## ੧੯. ਗੁਰੂ ਦਾ ਗੁਰਮੁਖ ਪੰਥ

੧. ਚਾਰਿ ਵਰਨ ਇਕ ਵਰਨ ਕਰ
ਵਰਨ ਅਵਰਨ ਸਾਧਸੰਗੁ ਜਾਪੈ।
੨. ਛਿਅ ਰੁੱਤੀਂ ਛਿਅ ਦਰਸਨਾ
ਗੁਰਮੁਖ ਦਰਸਨੁ ਸੂਰਜ ਥਾਪੈ।
੩. ਬਾਰਹ ਪੰਥ ਮਿਟਾਇ ਕੈ
ਗੁਰਮੁਖਿ ਪੰਥ ਵੱਡਾ ਪਰਤਾਪੈ।
੪. ਵੇਦ ਕਤੇਬਹੁੰ ਬਾਹਰਾ
ਅਨਹਦ ਸਬਦੁ ਅਗੰਮ ਅਲਾਪੈ।
੫. ਪੈਰੀਂ ਪੈ ਪਾ ਖਾਕ ਹੋਇ
ਗੁਰਸਿੱਖਾਂ ਰਹਰਾਸਿ ਪਛਾਪੈ।
੬. ਮਾਇਆ ਵਿੱਚ ਉਦਾਸੁ ਕਰਿ
ਆਪੁ ਗਵਾਏ ਜਪੈ ਅਜਾਪੈ।
੭. ਲੰਘ ਨਿਕੱਥੈ ਵਰੈ ਸਰਾਪੈ॥੧੯॥

***ਪਦ ਅਰਥ :*** ਅਵਰਨ—ਨੀਚ ਵਰਨ। ਗੁਰਮੁਖ ਦਰਸਨੁ—ਗੁਰਮੁਖਾਂ ਦਾ ਪੰਥ। ਅਲਾਪੈ—ਉਚਾਰਨ ਕੀਤਾ ਜਾਂਦਾ ਹੈ। ਪਛਾਪੈ—ਪਛਾਣੇ ਜਾਂਦੇ ਹਨ। ਅਜਾਪੈ—ਜਾਪ ਰਹਿਤ ਪ੍ਰਭੂ, ਅਕਾਲ ਪੁਰਖ। ਨਿਕੱਥੈ—ਛੱਡ ਨਿਕਲੇ ਹਨ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਆਪ ਜੀ ਨੇ ਸੰਗਤ ਵਿਚ ਗੁਰਮਤ ਦੇ ਵੀਚਾਰ ਸਰਵਣ ਕਰਾਉਂਦਿਆਂ ਕਈ ਵਾਰ ਇਹ ਭੀ ਖ਼ਿਆਲ ਪ੍ਰਗਟਾਏ ਹਨ ਕਿ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਤੋਂ ਪਹਿਲੋਂ ਬ੍ਰਾਹਮਣ ਲੋਕਾਂ ਵੱਲੋਂ ਸ਼ੂਦਰਾਂ ਨਾਲ ਬਹੁਤ ਵਿਤਕਰਾ ਕੀਤਾ ਜਾਂਦਾ ਸੀ, ਕਿਉਂ ਜੀ! ਬ੍ਰਾਹਮਣਾਂ ਦੇ ਵਿਤਕਰੇ ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਤੋਂ ਦਸੋਗੇ ਕਿ ਕੀ ਬਦਲ ਆਈ ਸੀ?

**ਉ:** ਹੇ ਭਾਈਓ! ਜੇ ਅਸੀਂ ਤੁਹਾਡੇ ਇਸ ਪ੍ਰਸ਼ਨ ਦੇ ਉੱਤਰ ਵਿਚ ਗੁਰਬਾਣੀ ਤੇ ਗੁਰ-ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਤਾਂ ਬ੍ਰਾਹਮਣ ਦੇ ਵਿਤਕਰੇ ਭਰੇ ਵਰਤਾਉ ਦਾ ਬੋਧ ਮਿਲਦਾ ਹੈ ਕਿ ਬ੍ਰਾਹਮਣ ਨੇ ਉਸ ਕਰਤੇ ਪੁਰਖ ਦੀ ਮਨੁੱਖਤਾ ਨਾਲ ਉਸਨੂੰ ਚਾਰ ਹਿੱਸਿਆਂ ਵਿਚ ਵੰਡ ਕੇ ਕਿਤਨੀ ਧੱਕੇ ਸ਼ਾਹੀ ਕੀਤੀ ਹੈ। ਚਾਰ ਵਰਣ (ਖੱਤ੍ਰੀ, ਬ੍ਰਾਹਮਣ, ਸ਼ੂਦਰ, ਵੈਸ਼ਯ) ਬਣਾ ਕੇ ਉਸਨੇ ਆਪਣੇ ਆਪ ਨੂੰ ਸਾਰਿਆਂ ਦਾ ਸ਼੍ਰੋਮਣੀ ਮੰਨ ਲਿਆ ਤੇ ਸ਼ੂਦਰਾਂ ਨਾਲ ਇਤਨੀ ਵਧੇਰੇ ਕਠੋਰਤਾ ਵਰਤੀ ਕਿ ਉਨ੍ਹਾਂ ਦਾ ਧਾਰਮਿਕ ਮੰਦਰਾਂ ਵਿਚ ਆਉਣਾ ਜਾਣਾ ਬੰਦ ਕਰ ਦਿਤਾ ਅਤੇ ਧਾਰਮਿਕ ਪੁਸਤਕਾਂ ਪੜ੍ਹਨ ਤੇ ਸੁਣਦੇ ਰਹਿਣ ਦਾ ਭੀ ਉਨ੍ਹਾਂ ਤੋਂ ਹੱਕ ਖੋਹ ਲਿਆ ਜਿਸਦਾ ਫਲ ਸਰੂਪ ਇਹ ਹੋਇਆ ਕਿ ਹਜ਼ਾਰਾਂ ਸਾਲ ਤਕ ਉਨ੍ਹਾਂ ਲਈ ਧਾਰਮਿਕ ਮੰਦਰਾਂ ਦੇ ਦਰਵਾਜ਼ੇ ਬੰਦ ਰਹੇ ਅਤੇ ਇਥੇ ਹੀ ਬੱਸ ਨਹੀਂ ਉਨ੍ਹਾਂ ਦੇ ਬੱਚਿਆਂ ਦਾ ਧਾਰਮਿਕ ਪਾਠਸ਼ਾਲਾ ਵਿਚ ਵਿਦਿਆ ਪੜ੍ਹਨਾ ਭੀ ਬੰਦ ਕਰ ਦਿੱਤਾ। ਇਸ ਤਰ੍ਹਾਂ ਹਜ਼ਾਰਾਂ ਸਾਲ ਉਨ੍ਹਾਂ ਦੇ ਬੱਚਿਆਂ ਲਈ ਪਾਠਸ਼ਾਲਾ ਦੇ ਦਰਵਾਜ਼ੇ ਭੀ ਬੰਦ ਹੀ ਰਹੇ। ਬ੍ਰਾਹਮਣ ਨੇ ਇਹ ਭੀ ਕਹਿ ਦਿਤਾ ਕਿ ਜਿਸ ਪਾਣੀ ਦੇ ਘਾਟ ਉਤੇ ਮੈਂ ਇਸ਼ਨਾਨ ਕਰਦਾ ਹਾਂ ਸ਼ੂਦਰ ਉਥੇ ਨਹਾ ਭੀ ਨਹੀਂ ਸਕਦਾ, ਜਿਥੇ ਕਿਸੇ ਥਾਂ ਮੈਂ ਪਾਣੀ ਪੀਂਦਾ ਹਾਂ ਉਥੇ ਉਹ ਪਾਣੀ ਭੀ ਨਹੀਂ ਪੀ ਸਕਦਾ, ਜਿਸ ਰਸਤੇ ਪਰ ਮੈਂ ਟੁਰਨਾ ਹੋਵੇ ਉਸ ਰਸਤੇ ਵਿਚ ਸ਼ੂਦਰ ਮੈਨੂੰ ਕੋਈ ਨਜ਼ਰ ਭੀ ਨਹੀਂ ਆਉਣਾ ਚਾਹੀਦਾ। ਇਸ ਤੋਂ ਆਦਿ ਮਨੁੱਖਤਾ ਨਾਲ ਬ੍ਰਾਹਮਣ ਨੇ ਹੋਰ ਭੀ ਅਨੇਕਾਂ ਤਰ੍ਹਾਂ ਦੀਆਂ ਬੇ-ਇਨਸਾਫ਼ੀਆਂ ਅਰੰਭੀਆਂ ਹੋਈਆਂ ਸਨ।

ਜਦੋਂ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਇਆ ਤਾਂ ਆਪ ਜੀ ਨੇ ਬ੍ਰਾਹਮਣ ਵੱਲੋਂ ਮਨੁੱਖਤਾ ਨਾਲ ਹੋ ਰਹੇ ਕਠੋਰਤਾ ਭਰੇ ਵਤੀਰੇ ਵੱਲ ਤੱਕਿਆ ਤਾਂ ਆਪ ਜੀ ਨੇ ਜਾਤ ਦੇ ਅਭਿਮਾਨ ਵਿਚ ਭਰੇ ਬ੍ਰਾਹਮਣ ਨੂੰ ਮੁਖ਼ਾਤਬ ਕਰਕੇ ਨਿਰਭੈਤਾ ਭਰੇ ਸ਼ਬਦਾਂ ਵਿਚ ਕਿਹਾ ਕਿ :

ਜਾਤਿ ਕਾ ਗਰਬੁ ਨ ਕਰੀਅਹੁ ਕੋਈ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥੧॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥੧॥ਰਹਾਉ॥
ਚਾਰੇ ਵਰਨ ਆਖੈ ਸਭੁ ਕੋਈ॥
ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ॥੨॥
ਮਾਟੀ ਏਕ ਸਗਲ ਸੰਸਾਰਾ॥
ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ॥੩॥
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ॥
ਘਟਿ ਵਧਿ ਕੋ ਕਰੈ ਬੀਚਾਰਾ॥੪॥

*(ਭੈਰਉ ਮ: ੩, ਪੰਨਾ ੧੧੨੭)*

ਕਬੀਰ ਸਾਹਿਬ ਜੀ ਨੇ ਤਾਂ ਜਾਤ ਅਭਿਮਾਨੀ ਬ੍ਰਾਹਮਣ ਨੂੰ ਬੜੇ ਖੁਲ੍ਹ-ਦਿਲੀ ਨਾਲ ਡਾਂਟ ਕੇ ਉਪਦੇਸ਼ ਦਿਤਾ ਸੀ ਕਿ ਹੇ ਬ੍ਰਾਹਮਣ! ਤੂੰ ਜ਼ਰਾ ਆਪਣੀ ਨੀਂਵੀਂ ਦ੍ਰਿਸ਼ਟੀ ਤੋਂ ਉੱਚਾ ਉਠ ਕੇ ਮੈਨੂੰ ਵੀਚਾਰ ਕੇ ਉੱਤਰ ਦੇਹ ਕਿ :

ਗਰਭਵਾਸ ਮਹਿ ਕੁਲੁ ਨਹੀ ਜਾਤੀ॥
ਬ੍ਰਹਮ ਬਿੰਦੁ ਤੇ ਸਭ ਉਤਪਾਤੀ॥੧॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥
ਬਾਮਨ ਕਹਿ ਕਹਿ ਜਨਮੁ ਮਤ ਖੋਏ॥੧॥ਰਹਾਉ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥੨॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ॥
ਹਮ ਕਤ ਲੋਹੂ ਤੁਮ ਕਤ ਦੂਧ॥੩॥
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥੪॥੭॥

*(ਗਉੜੀ ਕਬੀਰ ਜੀ, ਪੰਨਾ ੩੨੪)*

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥

*(ਪ੍ਰਭਾਤੀ ਮਹਲਾ ੧, ਪੰਨਾ ੧੩੩੦)*

ਇਸ ਤੋਂ ਆਦਿ ਹੋਰ ਭੀ ਗੁਰਬਾਣੀ ਦੁਆਰੇ ਸਾਨੂੰ ਬਹੁਤ ਸਾਰੇ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਸੋਝੀ ਮਿਲਦੀ ਹੈ ਕਿ ਬ੍ਰਾਹਮਣ ਦੀ ਕੁਟਲ-ਨੀਤੀ ਨੇ ਇਕੋ ਪਰਮੇਸ਼ਰ ਦੀ ਮਨੁੱਖ ਜਾਤੀ ਨਾਲ ਕਿਤਨੀ ਬੇ-ਰਹਿਮੀ ਦਾ ਵਰਤਾਉ ਵਰਤਾ ਰਖਿਆ ਸੀ। ਇਸ ਕੋਝੇ ਵਰਤਾਰੇ ਨੂੰ ਤੱਕ ਕੇ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਵਿਚ ਪਰਗਟ ਹੋ ਕੇ ਇਕੋ ਪਰਮੇਸ਼ਰ ਦੀ ਮਨੁੱਖ ਜਾਤੀ ਨਾਲ ਹੰਮਤਾ ਭਰਿਆ ਵਰਤਾਉ ਵਰਤਿਆ। ਜਿਸ ਲੋਕਾਈ ਨੂੰ ਬ੍ਰਾਹਮਣ ਨੇ ਚਾਰ ਹਿੱਸਿਆਂ ਵਿਚ ਵੰਡ ਰੱਖਿਆ ਸੀ ਉਸ ਲੋਕਾਈ ਨੂੰ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਦੇਸ ਦੇਸ ਦੇ ਕੋਨੇ ਕੋਨੇ ਵਿਚ ਵਿਚਰ ਕੇ ਸਾਰਿਆਂ ਨੂੰ ਇਹੋ ਉਪਦੇਸ਼ ਦਿਤਾ ਕਿ ਸਾਰੇ ਮਨੁੱਖ ਇਕੋ ਪਰਮੇਸ਼ਰ ਪਿਤਾ ਦੇ ਬਾਰਕ ਹਨ :

ਏਕੁ ਪਿਤਾ ਏਕਸ ਕੇ ਹਮ ਬਾਰਿਕ
ਤੂ ਮੇਰਾ ਗੁਰ ਹਾਈ॥ *(ਸੋਰਠਿ ਮ: ੫, ਪੰਨਾ ੬੧੧)*

ਸੋ ਇਸੇ ਸਿਧਾਂਤ ਨੂੰ ਮੁਖ ਰੱਖ ਕੇ ਗੁਰੂ ਨਾਨਕ ਦੇਵ ਜੀ ਨੇ ਸਾਰੇ ਲੋਕਾਂ ਨੂੰ ਸੰਸਾਰ ਵਿਚ ਵਿਚਰ ਕੇ ਸਾਂਝਾ ਉਪਦੇਸ਼ ਦਿਤਾ, ਜਿਵੇਂ ਕਿ ਹੁਕਮ ਆਇਆ ਹੈ ਕਿ :

ਖਤ੍ਰੀ ਬ੍ਰਾਹਮਣ ਸੂਦ ਵੈਸ
ਉਪਦੇਸੁ ਚਹੁ ਵਰਨਾ ਕਉ ਸਾਝਾ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ
ਘਟਿ ਘਟਿ ਨਾਨਕ ਮਾਝਾ॥੪॥੩॥੫੦॥

*(ਸੂਹੀ ਮਹਲਾ ੫, ਪੰਨਾ ੭੪੭)*

ਖਤ੍ਰੀ ਬ੍ਰਾਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ॥
ਗੁਰੁ ਨਾਨਕੁ ਉਪਦੇਸੁ ਕਹਤੁ ਹੈ
ਜੋ ਸੁਨੈ ਸੋ ਪਾਰਿ ਪਰਾਨਥ॥੪॥੧॥੧੦॥

*(ਮਾਰੂ ਮ: ੫, ਪੰਨਾ ੧੦੦੧)*

ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਕੋ ਜਾਪੈ ਹਰਿ ਮੰਤ੍ਰੁ ਜਪੈਨੀ॥
ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ
ਨਿਤ ਸੇਵਹੁ ਦਿਨਸੁ ਸਭ ਰੈਨੀ॥੧॥

*(ਬਿਲਾਵਲੁ ਮਹਲਾ ੪, ਪੰਨਾ ੮੦੦)*

ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ॥
ਜਿਨਿ ਜਾਨਿਓ ਪ੍ਰਭੁ ਆਪਨਾ
ਨਾਨਕ ਤਿਸਹਿ ਰਵਾਲ॥੧੭॥ *(ਪਉੜੀ, ਪੰਨਾ ੩੦੦)*

ਇਸੇ ਤਰ੍ਹਾਂ ਹੋਰ ਭੀ ਬਾਣੀ ਵਿਚੋਂ ਸਾਨੂੰ ਬਹੁਤ ਪ੍ਰਮਾਣ ਮਿਲਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਉਸ ਪਰਮੇਸ਼ਰ ਦੀ ਲੁਕਾਈ ਨੂੰ ਸਮ-ਦ੍ਰਿਸ਼ਟੀ ਦੁਆਰਾ ਤੱਕ ਕੇ ਸਾਰਿਆਂ ਨੂੰ ਸਾਂਝਾ ਉਪਦੇਸ਼ ਦਿਤਾ ਹੈ, ਜਿਸ ਬਾਣੀ ਦੀ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਅੰਕਤ ਕੀਤੀਆਂ ਹਨ, ਜਿਸਦਾ ਭੀ ਇਹੋ ਭਾਵ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸਾਧ ਸੰਗਤ ਕਾਇਮ ਕਰਕੇ ਚੌਹਾਂ ਵਰਣਾਂ ਨੂੰ ਸਾਂਝਾ ਉਪਦੇਸ਼ ਦ੍ਰਿੜ ਕਰਵਾਇਆ ਸੀ :

(੧) (ਸਤਿਗੁਰੂ ਜੀ ਨੇ ਚਹੁੰਆਂ ਦਾ ਇਕ ਵੰਰਨ (ਗੁਰਸਿੱਖੀ) ਬਣਾ ਦਿਤਾ ਤੇ ਸਾਧ ਸੰਗਤ ਕਾਇਮ ਕਰ ਦਿਤੀ, ਜਿਥੇ ਵਰਨ ਅਵਰਨ ਸਾਧ ਸੰਗਤ ਹੀ ਹੈ।

(੨) ਛੇ ਰੁੱਤਾਂ ਤੇ ਛੇ ਦਰਸ਼ਨਾਂ (ਵਿਚੋਂ) ਗੁਰਮੁਖ ਦਰਸ਼ਨ (ਗੁਰਸਿੱਖਾਂ ਦਾ ਧਰਮ) ਸੂਰਜ ਵਾਂਗ (ਸਤਿਗੁਰੂ ਜੀ ਨੇ) ਥਾਪ ਦਿਤਾ।

(੩) ਜੋਗੀਆਂ ਦੇ ਬਾਰਾਂ ਪੰਥ ਮਿਟਾ ਕੇ ਗੁਰਮੁਖ ਪੰਥ ਚਲਾ ਦਿਤਾ, ਜੋ ਵੱਡੇ ਪ੍ਰਤਾਪ ਵਾਲਾ ਹੈ।

(੪) (ਇਹ ਪੰਥ ਵੇਦ ਤੇ ਕਤੇਬਾਂ ਤੋਂ ਬਾਹਰਾ (ਨਿਰਾਲਾ) ਹੈ, ਜੋ ਅਨਹਦ ਦੇ ਅਗੰਮੀ ਜਾਪ ਦਾ ਅਲਾਪ ਕਰਨ ਵਾਲਾ ਹੈ।

(੫) (ਇਉਂ ਗੁਰਮੁਖ ਗੁਰਸਿਖ) ਪੈਰੀ ਪੈਂਦੇ ਤੇ ਪੈਰਾਂ ਦੀ ਧੂੜ ਮੱਥੇ ਨੂੰ ਲਾਉਂਦੇ ਹਨ ਤੇ ਇਹੋ ਗੁਰਸਿੱਖਾਂ ਦੀ ਰਹੁ-ਰੀਤੀ (ਆਪਸੀ ਮਿਲਾਪ) ਦੀ ਪਛਾਣ ਸਮਝੀ ਜਾਂਦੀ ਹੈ।

(੬) ਗੁਰਸਿਖ ਮਾਇਆ ਵਿਚ ਰਹਿੰਦੇ, ਮਾਇਆ ਤੋਂ ਉਦਾਸ (ਭਾਵ ਨਿਰਲੇਪ) ਰਹਿ ਕੇ, ਆਪਾ-ਭਾਵ (ਮੈਂ ਮੇਰੀ) ਨੂੰ ਮਿਟਾ ਕੇ ਅਜਪਾ ਜਾਪ ਨੂੰ ਜਪਦੇ ਹਨ (ਪਰਮੇਸ਼ਰ ਦਾ ਸਿਮਰਨ ਕਰਦੇ ਹਨ ਤੇ ਪ੍ਰੇਮ ਨਾਲ ਸੁਰਤ ਨੂੰ ਇਸ ਅਜਪਾ ਜਾਪ ਵਿਚ ਜੋੜੀ ਰਖਦੇ ਹਨ)।

(੭) (ਜਿਸ ਕਾਰਨ ਉਹ ਗੁਰਮੁਖ) ਵਰ ਸਰਾਪ ਦੀ ਹੱਦ ਨੂੰ ਟੱਪ ਜਾਂਦੇ ਹਨ ਭਾਵ ਉਸ ਚੌਥੇ ਪਦ ਦੀ ਅਵਸਥਾ ਵਿਚ ਪਹੁੰਚ ਜਾਂਦੇ ਹਨ, ਜਿਥੇ ਸੁਖ ਦੁਖ ਤੇ ਅਮੀਰ ਗ਼ਰੀਬ ਦਾ ਫ਼ਰਕ ਨਹੀਂ ਹੁੰਦਾ, ਉਹ ਸਦਾ ਇਕ ਰਸ ਰਹਿਣ ਵਾਲੇ ਜੀਵਨ ਦੀ ਪਦਵੀ 'ਤੇ ਪਹੁੰਚ ਜਾਂਦੇ ਹਨ।੧੯।

***ਭਾਵਾਰਥ :*** ਬੁਧੀ-ਜੀਵੀਆਂ ਨੇ ਜਾਪ ਤਿੰਨ ਪ੍ਰਕਾਰ ਦਾ ਮੰਨਿਆ ਹੈ, ਜਿਵੇਂ ਕਿ ਇਕ ਬੈਖਰੀ ਬਾਣੀ ਦੁਆਰੇ ਕੀਤਾ ਜਾਂਦਾ ਹੈ, ਉਹ ਹੈ ਜਿਸਨੂੰ ਦੂਜਾ ਸੁਣ ਸਕੇ, ਦੂਜਾ ਉਪਾਸ਼ੁ ਉਹ ਹੈ ਜੋ ਹੋਠ ਤੇ ਜੀਭ ਹਿੱਲੇ, ਪ੍ਰੰਤੂ ਆਪ ਹੀ ਸੁਣ ਸਕੇ, ਤੀਜਾ ਮਾਨਸਿਕ ਜਾਪ ਹੈ ਉਹ ਹੈ ਜੋ ਤੁਕਾਂ ਦਾ ਪਾਠ ਅਰ

ਅਰਥ ਸਮਝ ਕੇ ਮਨ ਨਾਲ ਪੜ੍ਹੇ ਇਹ ਪਾਠ ਪਹਿਲੇ ਦੋਹਾਂ ਨਾਲੋਂ ਸ੍ਰੇਸ਼ਟ ਹੈ, ਪ੍ਰੰਤੂ ਗੁਰੂ ਦੇ ਸ਼ਬਦਾਂ ਦਾ ਕੀਰਤਨ ਬੈਖਰੀ ਵਿਚ ਹੀ ਸਰੇਸ਼ਟ ਹੈ, ਜਿਵੇਂ ਕਿ ਸ੍ਰੀ ਦਰਬਾਰ ਸਾਹਿਬ ਜੀ ਆਦਿ ਗੁਰਦੁਆਰਿਆਂ ਵਿਚ ਸਤਿਕਾਰ ਯੋਗ ਰਾਗੀ ਸਿੰਘ ਕਰਦੇ ਹਨ।

ਅਥਵਾ ਕਈ ਸਿਆਣੇ ਸੱਜਨ ਅਜਪੈ ਦਾ ਅਰਥ ਅਕਾਲ ਪੁਰਖ ਪੁਰ ਭੀ ਲਾਉਂਦੇ ਹਨ ਕਿ ਕੇਵਲ ਅਕਾਲ ਦਾ ਹੀ ਜਾਪ ਕਰਦੇ ਹਨ। ਇਸ ਦਾ ਫਲ ਇਹ ਹੈ ਕਿ ਉਹ ਗੁਰਮੁਖ ਲੋਕ ਵਰ ਸਰਾਪ ਤੋਂ ਲੰਘ ਨਿਕਲਦੇ ਹਨ, ਉਨ੍ਹਾਂ ਨੂੰ ਹੋਰ ਦੇ ਵਰ ਸਰਾਪ ਦੀ ਕੁਝ ਇੱਛਾ ਨਹੀਂ ਹੈ। ਕਿਉਂਕਿ ਉਹ ਸਭ ਨਾਲ ਸਮ-ਦ੍ਰਿਸ਼ਟੀ ਰਖਦੇ ਹਨ, ਜਿਵੇਂ ਕਿ ਗੁਰੂ ਫ਼ੁਰਮਾਨ ਹੈ ਕਿ :

ਨਾਨਕ ਭੋਜਨ ਅਨਿਕ ਪ੍ਰਕਾਰੇਣ
ਨਿੰਦਕ ਆਵਧ ਹੋਇ ਉਪਤਿਸਟਤੇ ॥੨੭॥

*(ਸਲੋਕ ਸਹਸਕ੍ਰਿਤੀ ਮ: ੫, ਪੰਨਾ ੧੩੫੬)*

ਭਾਵ ਹੈ ਕਿ ਇਕ ਨਾਨਾ ਪ੍ਰਕਾਰ ਦੇ ਮਿੱਠੇ ਭੋਜਨ ਲਈ ਖਲੋਤਾ ਹੈ, ਅਤੇ ਦੂਜਾ ਤਲਵਾਰ ਮਾਰਨ ਲਈ ਤਿਆਰ ਹੈ, ਪਰ ਗੁਰਮੁਖ ਪਹਿਲੇ ਨੂੰ ਵਰ ਅਤੇ ਦੂਜੇ ਨੂੰ ਸਰਾਪ ਦੀ ਕੋਈ ਭਾਵਨਾ ਨਹੀਂ ਰਖਦੇ, ਭਾਵ ਉਹ ਗੁਰਮੁਖ ਆਪਾ-ਭਾਵ ਮਿਟਾ ਕੇ ਜੀਵਨ-ਮੁਕਤ ਹੋ ਰਹੇ ਹਨ।

## ੨੦. ਗੁਰਸਿੱਖੀ ਦੀ ਚਾਲ ਨਿਰਾਲੀ

**੧. ਮਿਲਦੇ ਮੁਸਲਮਾਨ ਦੁਇ**
**ਮਿਲਿ ਮਿਲਿ ਕਰਨਿ ਸਲਾਮਾਲੇਕੀ।**
**੨. ਜੋਗੀ ਕਰਨਿ ਅਦੇਸ ਮਿਲਿ**
**ਆਦਿ ਪੁਰਖੁ ਆਦੇਸ ਵਿਸੇਖੀ।**
**੩. ਸੰਨਿਆਸੀ ਕਰਿ ਓ-ਨਮੋਂ**
**ਓ-ਨਮ ਨਾਰਾਇਣ ਬਹੁ ਭੇਖੀ।**
**੪. ਬਾਮ੍ਹਣ ਨੌਂ ਕਰਿ ਨਮਸਕਾਰ**
**ਕਰਿ ਆਸ਼ੀਰ ਵਚਨ ਮੂੰਹ ਦੇਖੀ।**
**੫. ਪੈਰੀਂ ਪਵਣਾ ਸਤਿਗੁਰੂ**
**ਗੁਰਸਿੱਖਾਂ ਰਹਰਾਸਿ ਸਰੇਖੀ।**
**੬. ਰਾਜਾ ਰੰਕੁ ਬਰਾਬਰੀ**
**ਬਾਲਕ ਬਿਰਧਿ ਨ ਭੇਦੁ ਨਿਮੇਖੀ।**
**੭. ਚੰਦਨ ਭਗਤਾਂ ਰੂਪ ਨ ਰੇਖੀ ॥੨੦॥**

***ਪਦ ਅਰਥ :*** ਸਲਾਮਾਲੇਕੀ—ਸਲਾਮ ਅਲੈਕਮ। ਵਿਸੇਖੀ—ਵਿਸ਼ੇਸ਼। ਰਹਰਾਸਿ—ਰਹੁ-ਰੀਤੀ ਜਾਂ ਨੇਮ। ਆਸ਼ੀਰ—ਅਸ਼ੀਰਵਾਦ। ਸਰੇਖੀ—ਉੱਤਮ। ਨਿਮੇਖੀ—ਨਿਮਖ-ਮਾਤ੍ਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਇਹ ਆਮ ਹੀ ਸੁਣਨ ਵਿਚ ਆਉਂਦਾ ਹੈ, ਕਿ ਸੰਸਾਰ ਦੇ ਜਿਤਨੇ ਭੀ ਵੱਖੋ ਵੱਖ ਫ਼ਿਰਕੇ ਹਨ ਉਨ੍ਹਾਂ ਦੇ ਮਿਲਣ ਸਮੇਂ ਦੇ ਬੋਲ ਬਾਲੇ ਭੀ ਭਿੰਨ ਭਿੰਨ ਸੁਣੀਦੇ ਹਨ, ਜਿਵੇਂ ਕਿ ਮੁਸਲਮਾਨ, ਜੋਗੀ, ਸੰਨਿਆਸੀ, ਬਾਮ੍ਹਣ ਆਦਿ ਫ਼ਿਰਕੇ ਹਨ ਇਹ ਆਪੋ ਆਪਣੀ ਸ਼ਰੇਣੀ ਦੇ ਲੋਕ ਪ੍ਰਸਪਰ ਮਿਲਣ ਸਮੇਂ ਆਪਣੇ ਆਪਣੇ ਨੀਅਤ ਕੀਤੇ ਹੋਏ ਸ਼ਬਦਾਂ ਦੀ ਹੀ ਵਰਤੋਂ ਕਰਦੇ ਹਨ। ਕਿਉਂ ਜੀ, ਇਸੇ ਹੀ ਤਰ੍ਹਾਂ ਕੀ ਸਤਿਗੁਰੂ ਜੀ ਨੇ ਭੀ ਗੁਰਸਿੱਖਾਂ ਦੇ ਆਪੋ ਵਿਚ ਮਿਲਣ ਸਮੇਂ ਦੇ ਸ਼ਬਦ ਨੀਅਤ ਕੀਤੇ ਹਨ, ਇਸ ਬਾਰੇ ਭੀ ਸਾਨੂੰ ਜਾਣਕਾਰੀ ਦਿਓ?

ਉ: ਹੇ ਭਾਈਓ! ਮੇਰੇ ਸੁਣਨ ਵਿਚ ਭੀ ਇਉਂ ਹੀ ਆਉਂਦਾ ਹੈ ਕਿ :

(੧) ਦੋ ਮੁਸਲਮਾਨ ਜਦੋਂ ਆਪੋ ਵਿਚ ਮਿਲਦੇ ਹਨ ਤਾਂ ਦੋਵੇਂ ਹੀ ਸਲਾਮਾ-ਲੈਕਮ ਕਰਦੇ ਹਨ।
(੨) (ਅਤੇ) ਜਦੋਂ ਜੋਗੀ ਲੋਕ ਮਿਲਦੇ ਹਨ ਤਾਂ ਇਕ 'ਆਦੇਸ' ਨਮਸਕਾਰ ਕਹਿੰਦਾ ਹੈ ਤੇ ਦੂਜਾ ਅਗੋਂ 'ਆਦਿ ਪੁਰਖ ਆਦੇਸ' ਆਖਦਾ ਹੈ, (ਭਾਵ ਆਦਿ ਪੁਰਖ ਪਰਮੇਸ਼ਰ ਨੂੰ ਨਮਸਕਾਰ ਹੋਵੇ)।
(੩) (ਇਸੇ ਤਰ੍ਹਾਂ ਜਦ ਇਕ) ਸੰਨਿਆਸੀ ਦੂਜੇ ਨੂੰ ਮਿਲਦਾ ਹੈ ਤਾਂ 'ਓਨਮੋ' (ਓਅੰ ਨੂੰ ਨਮਸਕਾਰ ਹੈ) ਕਹਿੰਦਾ ਹੈ।
(੪) ਬਾਮ੍ਹਣ ਨੂੰ ਜੇ ਕੋਈ ਨਮਸਕਾਰ ਕਰਦਾ ਹੈ ਤਾਂ ਉਹ ਮੂੰਹ ਤੋਂ ਅਸ਼ੀਰਵਾਦ ਦਾ ਬਚਨ ਕਰਦਾ ਹੈ (ਪਰ ਦੂਜੇ ਨੂੰ ਦੇਖ ਕੇ) ਮੂੰਹ ਦੇਖਦਾ ਹੈ (ਕਿ ਇਹ ਨਮਸਕਾਰ ਕਰਨ ਵਾਲਾ ਕੌਣ ਹੈ?)

(੫) (ਪਰ) ਸਤਿਗੁਰੂ ਜੀ ਨੇ (ਗੁਰਸਿੱਖਾਂ ਨੂੰ ਪੈਰੀ ਪੈਣਾ ਦੀ) ਰਹੁ-ਰੀਤੀ 'ਤੇ ਚਲਣ ਦਾ ਹੁਕਮ ਦਿਤਾ ਹੈ, (ਇਸ ਲਈ ਜਦ ਇਕ ਗੁਰਸਿਖ ਦੂਜੇ ਗੁਰਸਿਖ ਨੂੰ ਮਿਲਦਾ ਹੈ ਤਾਂ) ਪੈਰੀਂ ਪੈ ਜੀ, ਦੋਵੇਂ ਹੀ ਇਕ ਦੂਜੇ ਨੂੰ ਆਖਦੇ ਹਨ।

(੬) ਇਸ ਗੱਲ ਕਰਕੇ ਰਾਜਾ ਤੇ ਰੰਕ (ਗਰੀਬ) ਇਕੋ ਜਿਹੇ ਹਨ, ਨਾ ਹੀ ਬਾਲਕ ਤੇ ਬਿਰਧ ਦਾ ਕੋਈ ਤਿਲ-ਮਾਤ੍ਰ ਜਿੰਨਾ ਵੀ ਫ਼ਰਕ ਰਖਦਾ ਹੈ।

(੭) ਚੰਦਨ ਰੂਪ (ਮਹਿਕ ਵੰਡਣ ਵਾਲੀ) ਭਗਤੀ ਦੀ ਕੋਈ ਰੂਪ ਰੇਖਾ ਨਹੀਂ ਹੁੰਦੀ।੨੦।

***ਭਾਵਾਰਥ :*** ਜਦੋਂ ਵੀਚਾਰ ਦ੍ਰਿਸ਼ਟੀ ਰਾਹੀਂ ਵੇਖਦੇ ਹਾਂ ਤਾਂ ਹੋਰਨਾਂ ਦੇ ਬੋਲ ਚਾਲਾਂ ਵਿਚ ਵਧ ਘਟ ਭੇਦ ਦਿਸਦੇ ਹਨ, ਪਰ ਗੁਰੂ ਜੀ ਨੇ 'ਪੈਰੀਂ ਪਾਉਣਾ ਜਗ ਵਰਤਾਯਾ' ਇਹ ਰੀਤ ਇਕੋ ਸਮਾਨ ਚਲਾਈ। ਦਸਮੇਂ ਜਾਮੇ ਵਿਚ ਗੁਰੂ ਨਾਨਕ ਦੇਵ ਜੀ ਨੇ 'ਪੈਰੀ ਪੈ' ਦੀ ਥਾਂ 'ਵਾਹਿਗੁਰੂ ਜੀ ਕਾ ਖ਼ਾਲਸਾ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ" ਦੀ ਰੀਤ ਤੋਰੀ। ਇਸ ਕਰਕੇ ਇਹ ਆਦਿ ਰੂਪ 'ਪੈਰੀ ਪੈ' ਦੀ ਥਾਂ ਸੀ, ਇਸ ਵਿਚ ਉਹੋ ਹੁਕਮ ਰਖਿਆ ਕਿ ਰਾਜਾ, ਰੰਕ, ਬਾਲਕ, ਬ੍ਰਿਧ ਵੱਡੇ ਛੋਟੇ ਸਭ ਫਤੇਹ ਗਜਾਇਆ ਕਰਨ, ਇਸ ਚੰਦਨ ਬਿਰਖ ਵਿਚ ਰੂਪ ਰੇਖ ਦੇ ਭਿੰਨ ਭੇਤ ਦੀ ਲੋੜ ਨਹੀਂ ਹੈ।

## *੨੧. ਨਿਮਰਤਾ ਵਿਚ ਵਰਤਣ ਦੀ ਸਿੱਖਿਆ*

**੧. ਨੀਚਹੁੰ ਨੀਚ ਸਦਾਵਣਾ**
**ਗੁਰ ਉਪਦੇਸ਼ ਕਮਾਵੈ ਕੋਈ।**
**੨. ਤ੍ਰੈ ਵੀਹਾਂ ਦੇ ਦੰਮ ਲੈ**
**ਇੱਕ ਰੁਪੱਈਆ ਹੋਛਾ ਹੋਈ।**
**੩. ਦਸੀਂ ਰੁਪਯੀਂ ਲਈਦਾ**
**ਇਕ ਸੁਨਈਆ ਹਉਲਾ ਸੋਈ।**
**੪. ਸਹਸ ਸੁਨਈਏ ਮੁਲੁ ਕਰਿ**
**ਲਯੈ ਹੀਰਾ ਹਾਰ ਪਰੋਈ।**
**੫. ਪੈਰੀਂ ਪੈ ਪਾਖਾਕ ਹੋਇ**
**ਮਨ ਬਚ ਕਰਮ ਭਰਮ ਭਉ ਖੋਈ।**
**੬. ਹੋਇ ਪੰਚਾਇਣ ਪੰਜਿ ਮਾਰ**
**ਬਾਹਰਿ ਜਾਂਦਾ ਰੱਖ ਸਗੋਈ।**
**੭. ਬੋਲ ਅਮੋਲੁ ਸਾਧ ਜਨ ਓਈ ॥੨੧॥੨੩॥**

***ਪਦ ਅਰਥ :*** ਤ੍ਰੈ ਵੀਹਾਂ—ਸੱਠ ਪੈਸੇ। ਹੋਛਾ—ਘੱਟ ਹੈ। ਸੁਨਈਆ—ਮੋਹਰ ਜਾਂ ਬੁਤਕੀ। ਪੰਚਾਇਣ—ਪੰਜ ਜਾਂ ਸ਼੍ਰੋਮਣੀ। ਰੱਖ ਸਗੋਈ—ਰੱਖ ਜਾਂ ਰੋਕ ਸਕਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਿਵੇਂ ਆਮ ਫ਼ਿਰਕਿਆਂ ਨੇ ਉਸ ਰੱਬ ਦੀ ਪ੍ਰਾਪਤੀ ਦੇ ਵਖੋ ਵੱਖ ਸਾਧਨ ਮੰਨੇ ਹਨ ਇਸੇ ਤਰ੍ਹਾਂ ਤੁਸੀਂ ਗੁਰਮਤ ਅਨੁਸਾਰ ਉਸ ਪਰੀਪੂਰਨ ਪਰਮੇਸ਼ਰ ਦੇ ਮਿਲਾਪ ਦਾ ਸਹੀ ਸਾਧਨ ਕਿਸਨੂੰ ਮੰਨਦੇ ਹੋ, ਦੱਸਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ ! ਇਹ ਠੀਕ ਹੈ ਮੈਨੂੰ ਗੁਰਮਤ ਦੇ ਵਾਚਦੇ ਰਹਿਣ ਦਾ ਵਧੇਰੇ ਸਮਾ ਮਿਲਿਆ ਹੈ, ਪਰ ਮੈਨੂੰ ਉਸ ਪ੍ਰਭੂ-ਪ੍ਰਾਪਤੀ ਦਾ ਸਹੀ ਸਾਧਨ ਆਪਾ-ਭਾਵ ਗਵਾ ਦੇਣਾ ਹੀ ਪ੍ਰਤੀਤ ਹੋਇਆ ਹੈ ਕਿਉਂਕਿ ਇਸ ਭਾਵ ਨੂੰ ਪ੍ਰਗਟ ਕਰਨ ਦੇ ਬਾਣੀ ਵਿਚੋਂ ਸਾਨੂੰ ਅਨੇਕਾਂ ਉਦਾਹਰਣ ਮਿਲਦੇ ਹਨ, ਜਿਵੇਂ ਕਿ ਫ਼ੁਰਮਾਨ ਆਉਂਦਾ ਹੈ ਕਿ :

ਆਪੁ ਗਵਾਈਐ ਤਾ ਸਹੁ ਪਾਈਐ
ਅਉਰੁ ਕੈਸੀ ਚਤੁਰਾਈ ॥
ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ
ਕਾਮਣਿ ਨਉ ਨਿਧਿ ਪਾਈ ॥
ਆਪਣੇ ਕੰਤ ਪਿਆਰੀ ਸਾ ਸੋਹਾਗਣਿ
ਨਾਨਕ ਸਾ ਸਭਰਾਈ ॥

*(ਤਿਲੰਗ ਮ: ੧, ਪੰਨਾ ੭੨੨)*

ਆਪੁ ਗਵਾਇਆ ਤਾ ਪਿਰੁ ਪਾਇਆ
ਗੁਰ ਕੈ ਸਬਦਿ ਸਮਾਇਆ ॥
ਸਾ ਧਨ ਸਬਦਿ ਸੁਹਾਈ ਪ੍ਰੇਮ ਕਸਾਈ
ਅੰਤਰਿ ਪ੍ਰੀਤਿ ਪਿਆਰੀ ॥
ਨਾਨਕ ਸਾ ਧਨ ਮੇਲਿ ਲਈ ਪਿਰਿ ਆਪੇ
ਸਾਚੈ ਸਾਹਿ ਸਵਾਰੀ ॥੧॥

*(ਵਡਹੰਸੁ ਮਹਲਾ ੩, ਪੰਨਾ ੫੬੭)*

ਆਪੁ ਗਵਾਇਆ ਮਰਿ ਰਹੇ
ਫਿਰਿ ਮਰਣੁ ਨ ਥੀਆ ॥੬॥

*(ਆਸਾ ਮ: ੧, ਪੰਨਾ ੪੧੦)*

ਆਪੁ ਗਵਾਇ ਸਤਿਗੁਰੂ ਨੋ ਮਿਲੈ
ਸਹਜੇ ਰਹੈ ਸਮਾਇ ॥
ਨਾਨਕ ਤਿਨ੍ਾ ਨਾਮੁ ਨ ਵੀਸਰੈ
ਸਚੇ ਮੇਲਿ ਮਿਲਾਇ ॥੨॥

*(ਸਲੋਕ ਮਹਲਾ ੪, ਪੰਨਾ ੧੨੪੬)*

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਇ ਮਾਨੁ ॥
ਨਾਨਕ ਤਿਸ ਨੋ ਲਗਾ ਤਿਸੁ ਮਿਲੈ
ਲਗਾ ਸੋ ਪਰਵਾਨੁ ॥੧॥

*(ਸਲੋਕੁ ਮਹਲਾ ੨, ਪੰਨਾ ੪੭੪)*

ਆਪੁ ਗਵਾਏ ਹਰਿ ਵਰੁ ਪਾਏ
ਤਾ ਹਰਿ ਰਸੁ ਮੰਨਿ ਵਸਾਇਆ ॥
ਕਹੁ ਨਾਨਕ ਗੁਰ ਸਬਦਿ ਸਵਾਰੀ
ਸਫਲਿਉ ਜਨਮੁ ਸਬਾਇਆ ॥੧॥

*(ਆਸਾ ਮ: ੩, ਪੰਨਾ ੪੩੯)*

ਹਉ ਵਾਰੀ ਜੀਉ ਵਾਰੀ ਆਪੁ ਨਿਵਾਰਣਿਆ ॥
ਆਪੁ ਗਵਾਏ ਤਾ ਹਰਿ ਪਾਏ
ਹਰਿ ਸਿਉ ਸਹਜਿ ਸਮਾਵਣਿਆ ॥੧॥

*(ਮਾਝ ਮਹਲਾ ੩, ਪੰਨਾ ੧੧੮)*

ਭਾਵ ਹੈ ਜਿਤਨਾ ਚਿਰ ਕੋਈ ਆਪਾ-ਭਾਵ ਮਿਟਾ ਕੇ ਗੁਰੂ ਦੇ ਉਪਦੇਸ਼ ਦੁਆਰਾ ਨੀਚਾਂ ਤੋਂ ਨੀਚ ਸਦਾਉਣ ਦਾ ਧਾਰਨੀ ਨਹੀਂ ਹੋ ਜਾਂਦਾ ਉਤਨਾ ਚਿਰ ਉਸਨੂੰ ਪ੍ਰਭੂ ਦੀ ਲਖਤਾ ਨਹੀਂ ਹੋ ਸਕਦੀ, ਪਰ ਇਸ ਗੁਰੂ ਦੇ ਉਪਦੇਸ਼ ਨੂੰ ਕਮਾਉਣ ਵਾਲੇ ਵਿਰਲੇ ਹੀ ਬੰਦੇ ਹਨ ਇਸੇ ਭਾਵ ਨੂੰ ਗੁਰਬਾਣੀ ਵਿਚ ਦਰਸਾਇਆ ਗਿਆ ਹੈ ਕਿ (ਹੈਨਿ ਵਿਰਲੇ ਨਾਹੀ ਘਣੇ) ਉਂਞ ਤਾਂ ਰੱਬੀ ਮਾਰਗ 'ਤੇ ਚਲਣ ਵਾਲੇ ਸਾਧਕ ਵਿਚ ਸਾਰੇ ਹੀ ਦੈਵੀ-ਗੁਣਾਂ ਦੀ ਪ੍ਰਧਾਨਤਾ ਹੋਣੀ ਅਤਿ ਜ਼ਰੂਰੀ ਹੈ, ਪਰ ਉਸ ਪਰੀਪੂਰਨ ਪਰਮੇਸ਼ਰ ਨੂੰ ਪਾਉਣ ਲਈ ਤਿੰਨ ਗੁਣਾਂ ਦੀ ਵਿਸ਼ੇਸ਼ਤਾ ਭਗਤ ਫਰੀਦ ਜੀ ਨੇ ਅਤਿ ਜ਼ਰੂਰੀ ਦਰਸਾਈ ਹੈ, ਜਿਵੇਂ ਕਿ :

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥
ਮਤਿ ਹੋਦੀ ਹੋਇ ਇਆਣਾ ॥
ਤਾਣ ਹੋਦੇ ਹੋਇ ਨਿਤਾਣਾ ॥
ਅਣਹੋਦੇ ਆਪੁ ਵੰਡਾਏ ॥
ਕੋ ਐਸਾ ਭਗਤੁ ਸਦਾਏ ॥੧੨੮॥
ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥
ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ
ਹਿਆਉ ਨ ਠਾਹੇ ਕਹੀਦਾ ॥੧੩੦॥

*(ਸਲੋਕ ਫਰੀਦ ਜੀ, ਪੰਨਾ ੧੩੮੪)*

ਜਿਨ੍ਹਾਂ ਪ੍ਰਭੂ ਪਿਆਰਿਆਂ ਨੇ ਉਪ੍ਰੋਕਤ ਗੁਰੂ ਦੇ ਉਪਦੇਸ਼ ਨੂੰ ਹਿਰਦੇ ਅੰਦਰ ਵਸਾ ਕੇ ਆਪਣੀ ਮਾਨਸਕ ਅਵਸਥਾ ਨੂੰ ਉਚੇਰੀ ਕਰਕੇ ਆਪਣੇ ਜੀਵਨ ਨੂੰ ਸਫਲਾਇਆ ਹੈ, ਉਨ੍ਹਾਂ ਦੀ ਸਫਲਤਾ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਅੰਕਤ ਕੀਤੀਆਂ ਹਨ, ਜਿਨ੍ਹਾਂ ਵਿਚੋਂ ਉਨ੍ਹਾਂ ਦੀ ਨਿੰਮ੍ਰਤਾ ਤੋਂ ਨਿਰਮਾਣਤਾ ਧਾਰਨ ਦੀ ਪ੍ਰੇਰਨਾ ਮਿਲਦੀ ਹੈ, ਜਿਵੇਂ ਕਿ :

(੧) ਨੀਚਾਂ ਤੋਂ ਨੀਚ (ਦਾਸਾਂ ਦਾ ਦਾਸ, ਨਿੰਮ੍ਰਤਾ ਧਾਰਨੀ) ਅਖਵਾਉਣਾ ਇਹ ਗੁਰੂ ਦਾ ਉਪਦੇਸ਼ ਤੇ ਸਿਖਿਆ ਹੈ (ਪਰ) ਇਸ ਗੁਰੂ ਦੇ ਉਪਦੇਸ਼ ਨੂੰ ਕਮਾਉਂਦਾ ਕੋਈ ਵਿਰਲਾ ਹੀ ਹੈ।

(੨) ਦ੍ਰਿਸ਼ਟਾਂਤ (ਜਿਵੇਂ ਅਸੀਂ ਵੇਖਦੇ ਹਾਂ ਕਿ) ਤਿੰਨ ਵੀਹਾਂ ਪੈਸਿਆਂ ਨੂੰ ਦੇ ਕੇ ਇਕ ਰੁਪਈਏ ਨੂੰ ਲਈਏ ਤਾਂ ਰੁਪਏ ਦਾ ਭਾਰ ਹੋਛਾ (ਹੋਲਾ) ਰਹਿ ਜਾਂਦਾ ਹੈ।

(੩) ਦਸਾਂ ਰੁਪਇਆਂ ਨੂੰ ਦੇ ਕੇ ਇਕ ਮੋਹਰ ਜਾਂ ਬੁਤਕੀ ਨੂੰ ਲਈਏ ਤਾਂ ਇਸਦਾ ਭਾਰ ਵੀ ਘੱਟ ਜਾਂਦਾ ਹੈ (ਪਰ ਕੀਮਤ ਬਹੁਤੀ ਹੈ)।

(੪) (ਇਸੇ ਤਰ੍ਹਾਂ) ਹਜ਼ਾਰ ਮੋਹਰਾਂ ਦਾ ਮੁਲ ਦੇ ਕੇ, ਇਕ ਹੀਰਾ ਖ਼ੀਦ ਕੇ ਹਾਰ ਵਿਚ ਪਰੋਇਆ ਜਾਂਦਾ ਹੈ, (ਜਿਸਦਾ ਹਜ਼ਾਰ ਮੋਹਰਾਂ ਦੇ ਭਾਰ ਨਾਲੋਂ ਕਿਤੇ ਭਾਰ ਘਟ ਹੈ, ਪਰ ਮੁੱਲ ਵਿਚ ਹਜ਼ਾਰ ਗੁਣਾਂ ਵਧ ਮੁੱਲ ਦਾ ਹੈ।

(੫) (ਇਸੇ ਤਰ੍ਹਾਂ ਹੋਰ ਧਰਮਾਂ ਦੀ ਰਹੁ-ਰੀਤੀ ਨਾਲੋਂ) ਪੈਰੀਂ ਪੈਣਾ ਤੇ ਪੈਰਾਂ ਦੀ ਖ਼ਾਕ ਹੋਣਾ (ਐਵੇਂ ਜ਼ਬਾਨੀ ਜ਼ਬਾਨੀ ਨਹੀਂ) ਮਨ ਬਚਨਾਂ ਤੇ ਕਰਮ (ਕਰਕੇ ਦਿਲੋਂ ਮਨੋਂ ਜੋ ਐਸਾ ਹੁੰਦਾ ਹੈ ਉਹ) ਆਪਣੇ ਭਰਮ ਭੁਲੇਖੇ ਤੇ ਡਰਾਂ ਨੂੰ ਗਵਾ ਲੈਂਦਾ ਹੈ।

(੬) (ਸਾਧ ਸੰਗਤ ਦੀ ਕ੍ਰਿਪਾ ਤੇ ਗੁਰੂ ਦੀ ਬਖ਼ਸ਼ਸ਼ ਨਾਲ) ਉਹ ਪੰਜਾਂ ਵਿਕਾਰਾਂ (ਕਾਮ, ਕ੍ਰੋਧ ਆਦਿ) ਨੂੰ ਮਾਰ

ਕੇ ਮੁਖੀ (ਪੰਚਾਇਣ) ਤੇ ਸਰੇਸ਼ਟ (ਉੱਤਮ) ਹੋ ਜਾਂਦਾ ਹੈ। ਤੇ (ਮਨ ਦਾ ਜੇਤੂ ਬਣ ਕੇ) ਬਾਹਰ ਨੱਸ ਨੱਸ ਜਾਣ ਵਾਲੇ ਮਨ ਨੂੰ ਆਪਣੇ ਅੰਦਰ ਹੀ ਰੋਕਣ ਵਾਲਾ (ਬਲਵਾਨ) ਹੋ ਜਾਂਦਾ ਹੈ।

(੭) ਐਸੇ (ਗੁਰਮੁਖ) ਸਾਧ ਜਨਾਂ ਦੇ ਬਚਨ ਕੀਮਤੀ (ਲਾਲ ਵਾਂਗ) ਹੁੰਦੇ ਹਨ। ਉਸਦੇ ਬੋਲ ਤੇ ਮਹਿਮਾਂ, ਅਮੋਲ ਹੈ ਹੀਰੇ ਤੇ ਵੀ ਵਧੀਕ ਮਹਿੰਗਾ ਹੈ।੨੧।੨੩।

***ਭਾਵਾਰਥ :*** ਭਾਈ ਸਾਹਿਬ ਜੀ ਇਥੇ ਨਿੰਮ੍ਰਤਾ ਲਈ ਇਕ ਇਹ ਦ੍ਰਿਸ਼ਟਾਂਤ ਦੇਂਦੇ ਹਨ, ਕਿ ਜਯੋਂ ਜਯੋਂ ਸ਼ੈ ਕੀਮਤੀ ਹੈ ਤਿਉਂ ਤਿਉਂ ਉਹ ਛੋਟੀ ਹੈ। ਤਿਵੇਂ ਹੀ ਜਿਉਂ ਜਿਉਂ ਮਨੁੱਖ ਗੁਣਾਂ ਵਾਲਾ ਕਦਰ ਯੋਗ ਹੈ ਤਿਉਂ ਤਿਉਂ ਉਹ ਨਿੰਮ੍ਰੀਭੂਤ ਹੈ। ਇਸ ਪਉੜੀ ਵਿਚੋਂ ਇਕ ਦੋ ਸਿੱਕਿਆਂ ਬਾਬਤ ਪਤੇ ਲਗਦੇ ਹਨ :

(੧) ਇਕ ਤਾਂ ਇਹ ਕਿ ਭਾਈ ਸਾਹਿਬ ਜੀ ਦੇ ਸਮੇਂ 'ਦੰਮ' ਕੋਈ ਸਿੱਕਾ ਪੈਸੇ ਦੇ ਕਰੀਬ ਦਾ ਸੀ, ਜੋ ੬੦ ਦਾ ਰੁਪੱਯਾ ਹੁੰਦਾ ਸੀ, ਜੇ ਇਸਦੇ ਆਨੇ ਗਿਣਦੇ ਹੋਣਗੇ ਤਾਂ) ੧੫ ਬਣਦੇ ਹੋਣੇ ਹਨ।

(੨) ਸੁਨਈਆ ਨਾਮੇ ਸੋਨੇ ਦਾ ਸਿੱਕਾ ਜਾਰੀ ਸੀ ਜੋ ੧੦) ਦਾ ਹੁੰਦਾ ਸੀ। ਜੋ ਓਦੋਂ ਦੇ ਸੁਵੱਲੇ ਭਾਅ ਕਰਕੇ ਅੱਜ ਕਲ ਦੇ ਸ਼ਾਇਦ ਪੌਂਡ ਦੇ ਬਰਾਬਰ ਹੋਵੇ। ਮੋਹਰ ਅਸ਼ਰਫ਼ੀ ਤੋਂ ਇਲਾਵਾ ਇਕ ਸਿੱਕਾ ਸੁਨੱਯਾ ਸੀ ਜੋ ੧੦) ਦਾ ਹੁੰਦਾ ਸੀ।

(੩) ਭਾਈ ਸਾਹਿਬ ਜੀ ਨੇ ਇਸ ਗ਼ਲਤੀ ਤੋਂ ਬਚਾਉਣ ਲਈ ਕਿ ਹੀਰੇ ਨੂੰ ਕੋਈ ਸਿੱਕਾ ਨਾ ਸਮਝੇ ਉਥੇ ਮੋਲ ਕਹਿ ਦਿਤਾ ਹੈ ਕਿ ਹੀਰੇ ਦਾ ਮੁਕਰਰ ਮੁੱਲ ਨਹੀਂ ਹੈ, ਉਹ ਮੁੱਲ ਕਰਕੇ ਲਈਦਾ ਹੈ।

(ਤੇਈਵੀਂ ਵਾਰ ਸਮਾਪਤ)

# ਵਾਰ ੨੪

ੴ ਸਤਿਗੁਰ ਪ੍ਰਸਾਦਿ॥

## ੧. ਪ੍ਰਭੂ ਦੀ ਸਿਫ਼ਤ-ਸਾਲਾਹ ਦਾ ਮੰਗਲਾਚਰਨ

**੧. ਨਾਰਾਇਣ ਨਿਜ ਰੂਪੁ ਧਰਿ**
**ਨਾਥਾਂ ਨਾਥ ਸਨਾਥ ਕਰਾਯਾ।**
**੨. ਨਰਪਤਿ ਨਰਹ ਨਰਿੰਦ ਹੈ**
**ਨਿਰੰਕਾਰਿ ਆਕਾਰੁ ਬਣਾਯਾ।**
**੩. ਕਰਤਾ ਪੁਰਖ ਵਖਾਣੀਐ**
**ਕਾਰਣੁ ਕਰਣੁ ਬਿਰਦ ਬਿਰਦਾਯਾ।**
**੪. ਦੇਵੀ ਦੇਵ ਦੇਵਾਧਿ ਦੇਵ**
**ਅਲਖ ਅਭੇਖ ਨ ਅਲਖ ਲਖਾਯਾ।**
**੫. ਸਤਿ ਰੂਪ ਸਤਿ ਨਾਮੁ ਕਰਿ**
**ਸਤਿਗੁਰ ਨਾਨਕ ਦੇਉ ਜਪਾਯਾ।**
**੬. ਧਰਮਸਾਲ ਕਰਤਾਰ ਪੁਰ**
**ਸਾਧਸੰਗਤ ਸਚ ਖੰਡ ਵਸਾਯਾ।**
**੭. ਵਾਹਿਗੁਰੂ ਗੁਰ ਸ਼ਬਦ ਸੁਣਾਯਾ॥੧॥**

***ਪਦ ਅਰਥ :*** ਨਾਥਾਂ ਨਾਥ—ਅਨਾਥਾਂ ਦਾ ਨਾਥ। ਸਨਾਥ—ਸ੍ਰੇਸ਼ਟ ਨਾਥ। ਆਕਾਰੁ—ਸਰੂਪ। ਬਿਰਦ—ਲਾਜ ਪਾਲਣ, ਧਰਮ। ਦੇਵਾਧਿ ਦੇਵ—ਦੇਵਤਿਆਂ ਦਾ ਵੀ ਵੱਡਾ ਦੇਵਤਾ, ਪਰਮੇਸ਼ਰ।

### *ਅਰਥ :*

ਇਸ ੨੪ਵੀਂ ਵਾਰ ਦੇ ਅਰੰਭ ਵਿਚ ਭਾਈ ਸਾਹਿਬ ਜੀ ਉਸ ਅਕਾਲ ਪੁਰਖ ਪ੍ਰਭੂ ਦਾ ਮੰਗਲਾ ਚਰਨ ਕਰਦੇ ਹਨ ਜਿਸ ਵਿਚ ਆਪ ਜੀ ਨੇ ਉਸ ਪਰੀਪੂਰਨ ਪਰਮੇਸ਼ਰ ਦੇ ਵਿਸ਼ੇਸ਼ ਗੁਣ ਅੰਕਤ ਕੀਤੇ ਹਨ, ਜਿਵੇਂ ਕਿ :

(੧) (ਉਸ) ਨਾਰਾਇਣ (ਵਾਹਿਗੁਰੂ ਜੀ) ਨੇ ਆਪਣਾ ਖ਼ਾਸ ਰੂਪ ਧਾਰ ਕੇ, ਅਨਾਥਾਂ ਤੇ ਨਾਥਾਂ ਸਭ ਨੂੰ ਪ੍ਰਭੂ ਦੀ ਯਾਦ ਵਾਲੇ (ਸਨਾਥ) ਬਣਾਇਆ।

(੨) ਸਭ ਮਨੁੱਖਾਂ ਦਾ ਮਾਲਕ ਜੋ ਨਿਰੰਕਾਰ ਹੈ, ਉਸੇ ਨੇ ਹੀ ਇਹ ਸਰੂਪ ਧਾਰਿਆ ਹੈ।

(੩) ਪਰਮੇਸ਼ਰ ਨੂੰ ਕਰਤਾ ਪੁਰਖ ਆਖਿਆ ਜਾਂਦਾ ਹੈ, ਜੋ ਸਭ ਕਾਰਨਾਂ ਦਾ ਵੀ ਕਰਤਾ ਹੈ ਤੇ ਵੱਡੇ ਬਿਰਦ (ਧਰਮ) ਨੂੰ ਪਾਲਣ ਵਾਲਾ ਹੈ।

(੪) ਉਹ ਪ੍ਰਭੂ ਸਭ ਦੇਵੀਆਂ ਤੇ ਦੇਵਤਿਆਂ ਦਾ ਵੱਡਾ ਦੇਵਤਾ ਹੈ, ਉਸ ਅਲੱਖ ਅਭੇਵ ਨੇ ਅਲਖ (ਆਪਣੇ ਸ੍ਵੈ-ਸਰੂਪ ਤਾਈਂ ਕਿਸੇ ਨੂੰ ਜਤਾਇਆ ਨਹੀਂ।

(੫) ਸਤਿ ਸਰੂਪ (ਅਕਾਲ ਪੁਰਖ ਦੇ) ਸਤਿਨਾਮ (ਸੱਚੇ ਨਾਮ) ਨੂੰ ਸਤਿਗੁਰੂ ਨਾਨਕ ਦੇਵ ਜੀ ਨੇ (ਜਪਿਆ ਤੇ) ਜਪਾਇਆ।

(੬) ਕਰਤਾਰਪੁਰ ਵਿਚ ਧਰਮ ਸਾਲ (ਧਰਮ ਦਾ ਮੂਲ ਕੇਂਦਰ ਬਣਾ ਕੇ ਸਾਧ ਸੰਗਤ ਰੂਪੀ ਸੱਚਖੰਡ ਵਸਾ ਦਿਤਾ।

(੭) (ਸਾਧ ਸੰਗਤ ਰੂਪੀ ਸੱਚਖੰਡ ਵਿਚ ਸੁਸ਼ੋਭਤ ਹੋ ਕੇ) ਸਤਿਗੁਰੂ ਜੀ ਨੇ ਵਾਹਿਗੁਰੂ ਸ਼ਬਦ (ਦਾ ਮੰਤਰ ਜਾਪ ਕਰਨ ਲਈ) ਸੁਣਾਇਆ।੧।

***ਭਾਵਾਰਥ :*** ਜਦੋਂ ਗੁਰੂ ਨਾਨਕ ਦੇਵ ਜੀ ਨੇ ਪੁਰਾਤਨ ਤੇ ਅਜੋਕੇ ਜੁਗ ਵੱਲ ਨਜ਼ਰ ਮਾਰ ਕੇ ਤੱਕਿਆ ਤਾਂ ਆਪ ਜੀ ਨੂੰ ਪ੍ਰਤੱਖ ਵੇਖਣ ਵਿਚ ਆਇਆ ਕਿ ਜਿਥੇ ਪੁਰਾਤਨ ਸਤਜੁਗ, ਤ੍ਰੇਤਾ ਅਤੇ ਦੁਆਪੁਰ ਜੁਗ ਬੀਤ ਗਏ ਹਨ ਉਥੇ ਉਨ੍ਹਾਂ ਦੇ ਕਰਮ ਧਰਮ ਭੀ ਉਨ੍ਹਾਂ ਦੇ ਨਾਲ ਹੀ ਗੁਜ਼ਰ ਗਏ ਹਨ, ਇਸ ਲਈ ਕਲਜੁਗ ਦੇ ਮਨੁੱਖਾਂ ਵਿਚ ਪਿਛਲੇ ਜੁਗਾਂ ਦੇ ਜੋਗ, ਜਪ, ਤਪ, ਕਰਮ-ਕਾਂਡ ਕਰਨ ਦੀ ਸਮਰੱਥਾ ਨਹੀਂ ਹੈ, ਕਿਉਂਕਿ ਨਾ ਇਸ ਕਲਜੁਗ ਦੇ ਮਨੁੱਖ ਦੀ ਵਡੇਰੀ ਉਮਰ ਹੈ, ਨਾ ਹੀ ਇਤਨੀ ਧਨ ਦੀ ਬਹੁਲਤਾ ਹੈ ਕਿ ਜੱਗ ਆਦਿ

ਕੋਈ ਵਿਸ਼ੇਸ਼ ਕ੍ਰਿਆ ਕਰ ਸਕਣ ਇਸ ਲਈ ਗੁਰੂ ਨਾਨਕ ਦੇਵ ਜੀ ਨੇ ਕਲਜੁਗ ਦੇ ਮਨੁੱਖ ਨੂੰ ਹਰ ਪੱਖੋਂ ਕਮਜ਼ੋਰ ਤੱਕ ਕੇ ਹਰ ਮਨੁੱਖ-ਮਾਤ੍ਰ ਨੂੰ ਹਿਤੋਮਈ ਉਪਦੇਸ਼ ਦਿਤਾ ਤੇ ਬੁਲੰਦ ਅਵਾਜ਼ ਵਿਚ ਸਭ ਨੂੰ ਕਿਹਾ ਕਿ, "ਐ ਦੁਨੀਆਂ ਦੇ ਲੋਕੋ ! ਸਾਰੇ ਇਸ ਅਸਲੀਅਤ ਵੱਲ ਨਜ਼ਰ ਮਾਰੋ ਕਿ :

ਅਬ ਕਲੂ ਆਇਓ ਰੇ ॥
ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੂਤਿ ਨਾਹੀ ਨਾਹੀ ॥
ਮਤੁ ਭਰਮਿ ਭੂਲਹੁ ਭੂਲਹੁ ॥

*(ਬਸੰਤੁ ਮਹਲਾ ੫, ਪੰਨਾ ੧੧੮੫)*

ਭਾਵ, ਹੁਣ ਕਲਜੁਗ ਦਾ ਸਮਾਂ ਆ ਗਿਆ ਹੈ ਇਸ ਵਿਚ ਕੇਵਲ ਇਕ ਵਾਹਿਗੁਰੂ ਮੰਤ੍ਰ ਦੇ ਜਪਣ ਨਾਲ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ, ਹੋਰ ਕਿਸੇ ਵੀ ਕਰਮ ਜੋਗ, ਜੱਗ, ਜਪ, ਤਪ ਕਰਨ ਦਾ ਸਮਾਂ ਨਹੀਂ ਹੈ ਕਿਉਂਕਿ ਜੇ ਕਰ :

ਆਨ ਰੂਤੀ ਆਨ ਬੋਈਐ ਫਲੁ ਨ ਫੂਲੈ ਤਾਹਿ ॥੧॥
ਰੇ ਮਨ ਵਤ੍ਰ ਬੀਜਣ ਨਾਉ ॥
ਬੋਇ ਖੇਤੀ ਲਾਇ ਮਨੂਆ
ਭਲੋ ਸਮਉ ਸੁਆਉ ॥੧॥ਰਹਾਉ॥

*(ਮਾਰੂ ਮਹਲਾ ੫, ਪੰਨਾ ੧੦੦੨)*

(ਕਰੁਤਾ ਬੀਜ ਬੀਜੈ ਨਹਿ ਜਾਮੈ) ਭਾਵ ਰੁੱਤ ਕੋਈ ਹੋਰ ਹੋਵੇ ਬੀਜ ਕੋਈ ਹੋਰ ਬੀਜਿਆ ਜਾਏ, ਉਹ ਪਹਿਲੋਂ ਤਾਂ ਜੰਮਦਾ ਹੀ ਨਹੀਂ, ਤਾਂ ਫਿਰ ਦੱਸੋ ਉਸਨੂੰ ਫੁਲ ਫਲ ਕਿਥੋਂ ਲੱਗਣੇ ਹਨ, ਇਸ ਲਈ ਪਿਛਲੇ ਜੁਗਾਂ ਦੇ ਕੀਤੇ ਹੋਏ ਜਪ, ਤਪ, ਜੱਗ ਆਦਿ ਕਰਮ ਕਲਜੁਗ ਵਿਚ ਫਲਦੇ ਫੁਲਦੇ ਨਹੀਂ ਇਸ ਲਈ ਇਸ ਕਲਜੁਗ ਦੇ ਸਮੇਂ ਵਿਚ ਕੇਵਲ ਉਸ ਪਰੀਪੂਰਨ ਪਰਮੇਸ਼ਰ ਦੇ ਨਾਮ ਜਪਣ ਦੀ ਹੀ ਵਿਸ਼ੇਸ਼ਤਾ ਹੈ, ਜਿਸਦਾ ਸਦਕਾ ਮਨੁੱਖ ਦਾ ਆਵਾਗਵਨ ਮਿਟ ਸਕਦਾ ਹੈ।

## ੨. ਜਗਤ ਦੇ ਸੱਚੇ ਗੁਰੂ, ਗੁਰੂ ਨਾਨਕ ਦੇਵ ਜੀ

**੧. ਨਿਹਚਲ ਨੀਉ ਧਰਾਇਓਨੁ**
**ਸਾਧਸੰਗਤਿ ਸਚਖੰਡੁ ਸਮੇਉ।**
**੨. ਗੁਰਮੁਖ ਪੰਥ ਚਲਾਇਓਨੁ**
**ਸੁਖ ਸਾਗਰੁ ਬੇਅੰਤ ਅਮੇਉ।**
**੩. ਸਚਿ ਸਬਦਿ ਆਰਾਧੀਐ**
**ਅਗਮ ਅਗੋਚਰ ਅਲਖ ਅਭੇਉ।**
**੪. ਚਹੁੰ ਵਰਨਾਂ ਉਪਦੇਸ਼ਦਾ**
**ਛਿਅ ਦਰਸ਼ਨ ਸਭ ਸੇਵਕ ਸੇਉ।**
**੫. ਮਿੱਠਾ ਬੋਲਣੁ ਨਿਵ ਚੱਲਣੁ**
**ਗੁਰਮੁਖ ਭਾਉ ਭਗਤਿ ਅਰਥੇਉ।**
**੬. ਆਦਿ ਪੁਰਖ ਆਦੇਸ਼ ਹੈ**
**ਅਬਿਨਾਸੀ ਅਤਿ ਅਛਲ ਅਛੇਉ।**
**੭. ਜਗਤੁ ਗੁਰੂ ਗੁਰ ਨਾਨਕ ਦੇਉ ॥੨॥**

***ਪਦ ਅਰਥ :*** ਸਮੇਉ—ਲੀਨ ਹੋਏ। ਅਮੇਉ—ਤੋਲ ਰਹਿਤ। ਅਭੇਉ—ਭੇਦ ਰਹਿਤ। ਸੇਉ—ਸੇਵਾ ਦੇ ਯੋਗ। ਅਰਥੇਉ—ਵਾਸਤੇ ਜਾਂ ਲੋੜਵੰਦ। ਅਛੇਉ—ਛਿਦਣ ਤੋਂ ਰਹਿਤ।

### *ਅਰਥ :*

**ਪ੍ਰ:** ਭਾਈ ਸਾਹਿਬ ਜੀਉ ! ਆਪ ਜੀ ਨੇ ਜਿਥੇ ਗੁਰਬਾਣੀ ਤੇ ਗੁਰ-ਇਤਿਹਾਸ ਦੀ ਖੋਜ ਕੀਤੀ ਹੈ, ਉਥੇ ਤੁਸਾਂ ਦੂਸਰੇ ਫ਼ਿਰਕਿਆਂ ਦੇ ਧਾਰਮਿਕ ਪੁਸਤਕਾਂ ਦੀ ਪੜਚੋਲ ਭੀ ਜ਼ਰੂਰ ਕੀਤੀ ਹੋਵੇਗੀ, ਪਰ ਕੀ ਦਸੋਗੇ ਕਿ ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਅਤੇ ਬਾਕੀ ਦੇ ਪੀਰ, ਪੈਗੰਬਰ, ਅਉਲੀਏ ਅਵਤਾਰਾਂ ਦੇ ਜੀਵਨਾਂ ਵਿਚ ਤੁਸਾਂ ਕੀ ਅੰਤਰਾ ਅਨੁਭਵ ਕੀਤਾ ਹੈ ?

**ਉ:** ਹੇ ਭਾਈਓ ! ਜੇ ਅਸੀਂ ਸੰਸਾਰ ਭਰ ਦੇ ਪੁਰਾਤਨ ਇਤਿਹਾਸ ਨੂੰ ਪੜਚੋਲਦੇ ਹਾਂ ਤਾਂ ਬੋਧ ਮਿਲਦਾ ਹੈ ਕਿ ਸੰਸਾਰ ਵਿਚ ਵੱਖੋ ਵੱਖ ਫ਼ਿਰਕਿਆਂ ਦੇ ਅੰਦਰ ਸਮੇਂ ਸਮੇਂ ਭਿੰਨ ਭਿੰਨ ਅਵਤਾਰ, ਮਹਾਂ ਪੁਰਖ ਆਉਂਦੇ ਰਹੇ ਉਨ੍ਹਾਂ ਨੇ ਆਪੋ ਆਪਣੀ ਸ਼ਕਤੀ ਅਨੁਸਾਰ ਲੋਕਾਂ ਨੂੰ ਰੱਬੀ ਮਾਰਗ ਪਰ ਟੁਰਦੇ ਰਹਿਣ ਦਾ ਜਿਥੇ ਉਪਦੇਸ਼ ਦਿਤਾ, ਉਥੇ ਉਨ੍ਹਾਂ ਨੇ ਆਪਣੀ ਹੋਂਦ ਦਾ ਭੀ ਜ਼ਰੂਰ ਪ੍ਰਗਟਾਵਾ ਕੀਤਾ ਹੈ ਭਾਵ ਕਿਸੇ ਨੇ ਕਿਹਾ ਕਿ ਇਹ ਲੋਕ ਮੇਰੇ ਸੇਵਕ, ਚੇਲੇ ਹਨ, ਜਿਵੇਂ ਕਿ ਮੁਹੰਮਦ ਸਾਹਿਬ ਜੀ ਨੇ ਕਿਹਾ ਕਿ ਜਿਨ੍ਹਾਂ ਨੂੰ ਮੈਂ ਖ਼ੁਦਾ ਦੀ ਪ੍ਰਾਪਤੀ ਦਾ ਪਰਚਾਰ ਕਰਦਾ ਹਾਂ ਇਹ ਲੋਕ ਮੇਰੀਆਂ ਬੱਕਰੀਆਂ ਭੇਡਾਂ ਹਨ, ਮੈਂ ਇਨ੍ਹਾਂ ਦਾ ਚਰਵਾਹਾ ਹਾਂ, ਪਰ ਜਦੋਂ ਅਸੀਂ ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਦੇ ਸਮੁੱਚੇ ਪਵਿੱਤ੍ਰ ਜੀਵਨ ਨੂੰ ਵੀਚਾਰ-ਦ੍ਰਿਸ਼ਟੀ ਰਾਹੀਂ

ਤੱਕਦੇ ਹਾਂ ਤਾਂ ਉਨ੍ਹਾਂ ਦੇ ਸਾਰੇ ਜੀਵਨ ਭਰ ਵਿਚ ਆਪਣੀ ਹੋਂਦ ਨੂੰ ਪ੍ਰਗਟਾਉਣ ਦਾ ਕਿਤੇ ਭੀ ਇਸ਼ਾਰਾ ਨਹੀਂ ਮਿਲਦਾ, ਜਿਵੇਂ ਕਿ ਗੁਰ-ਇਤਿਹਾਸ ਦਸਦਾ ਹੈ ਕਿ ਜਦੋਂ ਭੀ ਗੁਰੂ ਨਾਨਕ ਦੇਵ ਜੀ ਤੋਂ ਕੋਈ ਇਹ ਪੁੱਛ ਕਰਦਾ ਸੀ ਕਿ ਕਿਉਂ ਜੀ, ਜੋ ਤੁਹਾਡੇ ਨਾਲ ਹਮੇਸ਼ਾਂ ਹੀ ਮਰਦਾਨਾ ਰਬਾਬ ਵਜਾਉਣ ਦਾ ਸਾਥ ਦੇਂਦਾ ਹੈ ਕੀ ਇਹ ਤੁਹਾਡਾ ਨੌਕਰ ਹੈ, ਚੇਲਾ ਜਾਂ ਸੇਵਾਦਾਰ ਹੈ, ਤਾਂ ਆਪ ਜੀ ਹਮੇਸ਼ਾ ਇਹੋ ਉਤ੍ਰ ਦਿਆ ਕਰਦੇ ਸਨ, ਕਿ ਹੇ ਪਿਆਰਿਓ ! ਇਹ ਤਾਂ ਮੇਰਾ ਭਰਾ ਹੈ, ਇਥੋਂ ਹੀ ਇਸਦੇ ਨਾਮ ਦੀ ਸੰਗਿਆ ਭਾਈ ਮਰਦਾਨਾ ਪੈ ਗਈ, ਆਪ ਜੀ ਕਦੇ ਭੀ ਕਿਸੇ ਮਨੁੱਖ ਨੂੰ ਨੀਵੀਆਂ ਨਜ਼ਰਾਂ ਨਾਲ ਨਹੀਂ ਸਨ ਤੱਕਦੇ, ਸਗੋਂ ਆਪ ਜੀ ਦੇ ਅੰਤਰ-ਆਤਮਾ ਵਿਚੋਂ ਇਹੋ ਨਿਰਮਾਣਤਾ ਭਰੇ ਸ਼ਬਦ ਨਿਕਲਦੇ ਸਨ ਕਿ :

ਹਮ ਨਹੀ ਚੰਗੇ ਬੁਰਾ ਨਹੀ ਕੋਇ ॥
ਪ੍ਰਣਵਤਿ ਨਾਨਕੁ ਤਾਰੇ ਸੋਇ ॥੪॥੧॥੨॥

*(ਸੂਹੀ ਮਹਲਾ ੧, ਪੰਨਾ ੭੨੮)*

ਜਾਂ ਜਦੋਂ ਭੀ ਆਪ ਜੀ ਨੂੰ ਰੱਬੀ ਇਲਹਾਮ ਹੁੰਦਾ ਉਸਨੂੰ ਬਾਣੀ ਦੇ ਰੂਪ ਵਿਚ ਅੰਕਤ ਕਰਨ ਸਮੇਂ ਭੀ ਇਹੋ ਸ਼ਬਦ ਵਰਤਦੇ ਕਿ ਨਾਨਕ ਨੀਚ ਕਹੈ ਵੀਚਾਰ, ਦਾਸਨ ਦਾਸ ਕਹੈ ਜਨ ਨਾਨਕ, ਨਾਨਕ ਦਾਸ ਤੇਰੀ ਸਰਣਾਈ, ਜਾਂ ਇਥੇ ਤਕ ਭੀ ਆਪਣੇ ਆਪ ਨੂੰ ਨੀਵਾਂ ਸ਼ਬਦ ਵਰਤ ਕੇ ਪ੍ਰਗਟ ਕਰਦੇ ਕਿ ਜਿਸ ਸ਼ਬਦ ਦੀ ਵਰਤੋਂ ਕਿਸੇ ਭੀ ਪੁਰਾਤਨ ਹੋ ਚੁੱਕੇ ਅਵਤਾਰਾਂ ਵਿਚੋਂ ਕਿਸੇ ਭੀ ਗੁਰੂ, ਪੀਰ, ਅਵਤਾਰ ਨੇ ਨਹੀਂ ਵਰਤੀ, ਭਾਵ ਉਹ ਆਪਣੇ ਆਪ ਨੂੰ 'ਸਗ' ਭਾਵ ਕੂਕਰ ਰੂਪ ਵਿਚ ਭੀ ਪ੍ਰਗਟ ਕਰਦੇ, ਜਿਵੇਂ ਕਿ (ਸਗ ਨਾਨਕ ਦਿਵਾਨਾ) ਇਸ ਲਈ ਆਪ ਜੀ ਦੇ ਜੀਵਨ ਭਰ ਵਿਚ ਇਤਿਹਾਸ ਦੁਆਰਾ ਨਿੰਮ੍ਰਤਾ ਹੀ ਵੇਖਣ ਵਿਚ ਆਉਂਦੀ ਹੈ।

ਦੂਜੀ ਇਕ ਆਪ ਜੀ ਦੇ ਜੀਵਨ ਵਿਚ ਹੋਰ ਭੀ ਅਨੋਖੀ ਵਿਸ਼ੇਸ਼ਤਾ ਦਿਸ ਆਉਂਦੀ ਹੈ, ਜਿਵੇਂ ਕਿ ਅਸੀਂ ਇਹ ਆਮ ਹੀ ਵੇਖਦੇ ਹਾਂ ਕਿ ਹਰ ਰੋਗੀ ਆਪਣੇ ਰੋਗ ਦੀ ਨਵਿਰਤੀ ਲਈ ਕਿਸੇ ਵੈਦ, ਹਕੀਮ ਜਾਂ ਡਾਕਟਰ ਪਾਸ ਚੱਲ ਕੇ ਜਾਂਦਾ ਹੈ ਅਤੇ ਉਸਦੀ ਨੀਯਤ ਕੀਤੀ ਫ਼ੀਸ ਭੀ ਦੇਂਦਾ ਹੈ, ਪਰ ਇਕ ਗੁਰੂ ਨਾਨਕ ਦੇਵ ਜੀ ਹੀ ਪਹਿਲੇ ਵੈਦ ਵੇਖਣ ਵਿਚ ਆਉਂਦੇ ਹਨ ਜੋ ਸੰਸਾਰ ਭਰ ਦੇ ਵੱਡੇ ਵੱਡੇ ਲਾ-ਇਲਾਜ ਰੋਗੀਆਂ ਨੂੰ ਅਰੋਗ ਕਰਨ ਲਈ ਬਿਨਾ ਬੁਲਾਇਆਂ ਤੇ ਬਗ਼ੈਰ ਫ਼ੀਸ ਤੋਂ ਆਪਣੇ ਆਪ ਹੀ ਜਾ ਕੇ ਉਨ੍ਹਾਂ ਦਾ ਰੋਗ ਦੂਰ ਕਰਦੇ ਰਹੇ, ਜਿਵੇਂ ਕਿ : ਸੱਜਣ ਠੱਗ, ਕੌਡਾ ਰਾਖ਼ਸ਼ ਤੇ ਵਲੀ ਕੰਧਾਰੀ ਆਦਿਕਾਂ ਦੇ ਅਸੀਂ ਜੀਵਨ ਪੜ੍ਹਦੇ ਹਾਂ ਜਿਨ੍ਹਾਂ ਤੋਂ ਸਾਬਤ ਹੁੰਦਾ ਹੈ ਕਿ ਸਾਰੇ ਜਗਤ ਦੇ ਪਾਪੀਆਂ ਦਾ ਉਧਾਰ ਕਰਨ ਲਈ ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਸੰਸਾਰ ਵਿਚ ਸੱਚੇ ਅਵਤਾਰ ਹੋਏ ਹਨ, ਉਨ੍ਹਾਂ ਨੇ ਸਦੀਵੀ ਸੱਚੇ ਮਾਰਗ ਨੂੰ ਪ੍ਰਗਟਾਉਣ ਲਈ ਗੁਰਮੁਖਾਂ ਦਾ ਸੱਚਾ ਪੰਥ ਕਾਇਮ ਕੀਤਾ ਜੋ ਸਦੀਵੀ ਹੀ ਹਰ ਮਨੁੱਖ ਲਈ ਸੁਖਾਂ ਦੀ ਪ੍ਰਾਪਤੀ ਦਾ ਸੱਚਾ ਸਾਧਨ ਹੈ। ਸੋ, ਮੈਂ ਭੀ ਗੁਰੂ ਨਾਨਕ ਦੇਵ ਜੀ ਦੇ ਸੱਚੇ, ਸੁੱਚੇ ਗੁਰਮੁਖਾਂ ਦੇ ਉਚੇਰੇ ਦੈਵੀ ਗੁਣਾਂ ਨੂੰ ਤੱਕ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਵਿਚ ਗੁਰੂ ਨਾਨਕ ਪਾਤਿਸ਼ਾਹ ਦੇ ਕਾਇਮ ਕੀਤੇ ਗੁਰਮੁਖ ਪੰਥ ਦੇ ਵਿਸ਼ੇਸ਼ ਗੁਣ ਅੰਕਤ ਕਰਨ ਦਾ ਇਕ ਨਿਮਾਣਾ ਜਿਹਾ ਯਤਨ ਕੀਤਾ ਹੈ, ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ :

(੧) ਸਾਧ ਸੰਗਤ ਰੂਪ ਸੱਚਖੰਡ ਦੀ ਸਦਾ ਕਾਇਮ ਰਹਿਣ ਵਾਲੀ ਨੀਂਹ ਦ੍ਰਿੜ੍ਹਤਾ ਤੇ ਨਿਸ਼ਚੇ ਕਰਕੇ ਧਰ ਦਿਤੀ।
(੨) (ਉਹ ਨੀਂਹ ਕੀ ਧਰੀ ?) ਗੁਰਮੁਖ ਪੰਥ (ਗੁਰੂ ਤੋਂ ਵਰੋਸਾਉਣ ਵਾਲਿਆਂ ਦਾ) ਰਸਤਾ ਖੋਲ੍ਹ ਦਿਤਾ, ਜੋ ਬੇਅੰਤ ਸੁਖਾਂ ਦਾ ਸਾਗਰ ਤੇ ਮਿਣਤੀ ਤੋਂ ਰਹਿਤ ਹੈ।
(੩) (ਸਾਧ ਸੰਗਤ ਵਿਚ) ਸੱਚੇ ਸ਼ਬਦ (ਉਪਦੇਸ਼) ਦੀ ਪੂਜਾ ਤੇ ਅਰਾਧਨਾ ਹੁੰਦੀ ਹੈ (ਕਿਉਂਕਿ ਸਤਿਗੁਰੂ ਦਾ ਸ਼ਬਦ) ਅਗੰਮ, ਅਗੋਚਰ, ਅਲੱਖ ਅਤੇ ਅਭੇਵ (ਗੰਮਤਾ ਰਹਿਤ, ਪਰੇ ਤੋਂ ਪਰੇ, ਨਾ ਜਾਣੇ ਜਾਣ ਵਾਲਾ ਤੇ ਭੇਦ ਰਹਿਤ ਹੈ।
(੪) ਇਹ ਪੰਥ ਚਾਰੇ ਵਰਨਾਂ, ਛੇਅ ਦਰਸ਼ਨਾਂ (ਧਰਮਾਂ) ਪੂਜਾ ਕਰਨ ਵਾਲੇ (ਸੇਵਕਾਂ) ਤੇ ਪੂਜਾ ਕਰਾਉਣ ਵਾਲੇ ਸਭ ਨੂੰ ਉਪਦੇਸ਼ਦਾ ਹੈ।
(੫) ਮਿੱਠ ਬੋਲਣਾ, ਨਿਵ ਕੇ ਚਲਣਾ ਅਤੇ ਪ੍ਰੇਮਾ-ਭਗਤੀ ਦੀ ਹੀ ਕਾਰ ਵਿਚ ਲੱਗੇ ਰਹਿਣਾ, ਇਹ ਗੁਰਮੁਖਾਂ (ਦੇ ਜੀਵਨ) ਦੀ ਜੁਗਤ ਹੈ।
(੬) ਆਦਿ ਪੁਰਖ ਨੂੰ ਨਮਸਕਾਰ ਹੈ, ਜੋ ਨਾਸ ਰਹਿਤ ਹੈ, ਵਿਸ਼ੇਸ਼ ਰੂਪ ਵਿਚ ਨਾ ਛਲੇ ਜਾਣ ਵਾਲਾ ਤੇ ਭੇਦ ਰਹਿਤ ਹੈ। (ਭਾਵ ਪਰਮੇਸ਼ਰ ਦੇ ਥਾਪੇ ਗੁਰੂ ਨਾਨਕ ਦਾ ਕੋਈ ਪਾਰਾਵਾਰ ਨਹੀਂ ਪਾ ਸਕਦਾ)।
(੭) ਐਸੇ ਜਗਤ ਦੇ ਗੁਰੂ, ਗੁਰ ਨਾਨਕ ਦੇਵ ਜੀ ਹਨ।੨।

***ਭਾਵਾਰਥ :*** ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭੀ

ਗੁਜ਼ਰ ਚੁੱਕੇ ਸਮੇਂ ਦੇ ਹੋ ਗੁਜ਼ਰੇ ਪੀਰ, ਪੈਗੰਬਰ, ਅਉਲੀਆ, ਅਵਤਾਰਾਂ ਵੱਲ ਨਜ਼ਰ ਮਾਰੀ ਤਾਂ ਉਨ੍ਹਾਂ ਨੂੰ ਭੀ ਇਹੋ ਪ੍ਰਤੀਤ ਹੋਇਆ ਕਿ ਉਨ੍ਹਾਂ ਨੇ ਭੀ ਆਪੋ ਆਪਣੀ ਹਸਤੀ ਨੂੰ ਕਾਇਮ ਰੱਖਣ ਲਈ ਇਹੋ ਉਪਰਾਲਾ ਕੀਤਾ ਕਿ :

ਜਿਨ ਜਿਨ ਤਨਕ ਸਿਧ ਕੋ ਪਾਇਓ॥
ਤਿਨ ਤਿਨ ਆਪਨਾ ਰਾਹ ਚਲਾਇਓ॥

ਭਾਵ ਹਰ ਵਿਅਕਤੀ ਨੇ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਦੂਸਰੇ ਨਾਲੋਂ ਆਪਣਾ ਮਾਰਗ ਵੱਖਰਾ ਕਾਇਮ ਕੀਤਾ ਉਨ੍ਹਾਂ ਨੇ ਆਪੋ ਆਪਣੇ ਅਰੰਭ ਕੀਤੇ ਹੋਏ ਫ਼ਿਰਕਿਆਂ ਦੇ ਨਿਯਮਾਂ ਉਪਨਿਯਮਾਂ ਨੂੰ ਭੀ ਅਲਹਿਦਗੀ ਦੇਣ ਦਾ ਯਤਨ ਕੀਤਾ, ਪਰ ਗੁਰੂ ਨਾਨਕ ਦੇਵ ਜੀ ਨੇ ਗੁਰਮੁਖਾਂ ਦਾ ਪੰਥ ਕਾਇਮ ਕਰਕੇ ਸਾਰਿਆਂ ਨੂੰ ਸਾਂਝੀਵਾਲਤਾ ਦਿਤੀ ਕਿ ਇਸ ਗੁਰਮੁਖ ਪੰਥ ਵਿਚ ਖੱਤ੍ਰੀ, ਬ੍ਰਾਹਮਣ, ਸੂਦ, ਵੈਸ਼, ਹਰ ਮਨੁੱਖ ਹੀ ਸ਼ਾਮਲ ਹੋ ਸਕਦਾ ਹੈ, ਕਿਸੇ ਨੂੰ ਭੀ ਰੋਕ ਨਹੀਂ, ਇਹ ਨਿਯਮ ਕਾਇਮ ਕਰ ਦਿਤਾ ਕਿ :

ਖਤ੍ਰੀ ਬ੍ਰਾਹਮਣ ਸੂਦ ਵੈਸ
ਉਪਦੇਸੁ ਚਹੁ ਵਰਨਾ ਕਉ ਸਾਝਾ॥

*(ਸੂਹੀ ਮ: ੫, ਪੰਨਾ ੭੪੮)*

## ੩. ਬੇਪਰਵਾਹ ਸਤਿਗੁਰੂ, ਸੱਚਾ ਪਾਤਿਸ਼ਾਹ

**੧. ਸਤਿਗੁਰ ਸੱਚਾ ਪਾਤਿਸਾਹੁ**
**ਬੇਪਰਵਾਹੁ ਅਥਾਹੁ ਸਹਾਬਾ।**
**੨. ਨਾਉਂ ਗਰੀਬ ਨਿਵਾਜੁ ਹੈ**
**ਬੇਮੁਹਤਾਜ ਨ ਮੋਹੁ ਮੁਹਾਬਾ।**
**੩. ਬੇਸ਼ੁਮਾਰ ਨਿਰੰਕਾਰ ਹੈ**
**ਅਲਖ ਅਪਾਰ ਅਲਾਹ ਸਿਵਾਬਾ।**
**੪. ਕਾਇਮ ਦਾਇਮ ਸਾਹਿਬੀ**
**ਹਾਜ਼ਰ ਨਾਜ਼ਰ ਵੇਦ ਕਿਤਾਬਾ।**
**੫. ਅਗਮੁ ਅਡੋਲੁ ਅਤੋਲੁ ਹੈ**
**ਤੋਲਣਹਾਰੁ ਨ ਡੰਡੀ ਛਾਬਾ।**
**੬. ਇਕੁ ਛਤਿ ਰਾਜੁ ਕਮਾਂਵਦਾ**
**ਦੁਸ਼ਮਣੁ ਦੂਤੁ ਨ ਸ਼ੋਰ ਸ਼ਰਾਬਾ।**
**੭. ਆਦੁਲ ਅਦਲੁ ਚਲਾਇੰਦਾ**
**ਜ਼ਾਲਮ ਜ਼ੁਲਮ ਨ ਜ਼ੋਰ ਜਰਾਬਾ।**
**੮. ਜ਼ਾਹਰ ਪੀਰ ਜਗਤੁ ਗੁਰੁ ਬਾਬਾ॥੩॥**

***ਪਦ ਅਰਥ :*** ਸਹਾਬਾ—ਸਾਹਿਬ, ਮਾਲਕਾਂ ਦਾ ਮਾਲਕ। ਮੁਹਾਬਾ—ਸਭ ਨੂੰ ਮੋਹਣ ਵਾਲਾ। ਸਿਵਾਬਾ—ਸਿਆਣਿਆ ਗਿਆ ਹੈ। ਹਾਜ਼ਰ ਨਾਜ਼ਰ—ਪ੍ਰਤੱਖ ਹਾਜ਼ਰੀ। ਸ਼ੋਰ ਸ਼ਰਾਬਾ—ਰੌਲਾ ਗੌਲਾ, ਸ਼ੋਰ ਸ਼ਰਾਬਾ। ਅਦਲੁ—ਇਨਸਾਫ਼ ਕਰਨ ਵਾਲਾ। ਜਰਾਬਾ—ਦੁੱਖ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਸੁਣਦੇ ਆ ਰਹੇ ਹਾਂ ਕਿ ਬੀਤ ਚੁੱਕੇ ਸਮੇਂ ਵਿਚ ਰਾਜੇ, ਮਹਾਰਾਜੇ, ਚੱਕ੍ਰਵਰਤੀ ਪਾਤਿਸ਼ਾਹ ਅਨੇਕਾਂ ਹੋ ਚੁੱਕੇ ਹਨ, ਪਰ ਉਨ੍ਹਾਂ ਵਿਚੋਂ ਆਪ ਜੀ ਕਦੇ ਭੀ ਗੁਰੂ ਨਾਨਕ ਦੇਵ ਜੀ ਤੋਂ ਸਿਵਾਏ ਸੱਚੇ ਪਾਤਿਸ਼ਾਹ ਹੋਣ ਦਾ ਕਿਸੇ ਨੂੰ ਵੀ ਸ਼ਬਦ ਨਹੀਂ ਵਰਤਦੇ। ਕਿਉਂ ਜੀ, ਦਸੋਗੇ ਕਿ ਪੁਰਾਤਨ ਹੋ ਗੁਜ਼ਰੇ ਪਾਤਿਸ਼ਾਹਾਂ ਤੇ ਗੁਰੂ ਨਾਨਕ ਦੇਵ ਜੀ ਵਿਚ ਆਪ ਜੀ ਕੀ ਅੰਤਰਾ ਅਨੁਭਵ ਕਰਦੇ ਹੋ ਕਿਉਂਕਿ ਸਾਡੇ ਅੰਦਰ ਇਹ ਕੁਝ ਸਮਝਣ ਦੀ ਸਮਰੱਥਾ ਨਹੀਂ। ਆਸ ਹੈ ਕਿ ਤੁਸੀਂ ਸਾਨੂੰ ਇਸ ਗੁੱਝੇ ਭੇਦ ਬਾਰੇ ਜ਼ਰੂਰ ਜਾਣਕਾਰੀ ਦੇਣ ਦੀ ਕ੍ਰਿਪਾ ਕਰੋਗੇ, ਧੰਨਵਾਦੀ ਹੋਵਾਂਗੇ?

**ਉ:** ਹੇ ਭਾਈਓ! ਜਦੋਂ ਅਸੀਂ ਗੁਰਬਾਣੀ ਦੁਆਰੇ ਤੁਹਾਡੇ ਇਸ ਖ਼ਿਆਲ ਬਾਰੇ ਵੀਚਾਰ ਕਰਦੇ ਹਾਂ ਤਾਂ ਬੋਧ ਮਿਲਦਾ ਹੈ ਕਿ ਸੰਸਾਰ ਵਿਚ ਅਜ ਤਕ ਕੋਈ ਭੀ ਥਿਰ ਨਹੀਂ ਰਿਹਾ ਅਤੇ ਨਾ ਹੀ ਕੋਈ ਰਹਿ ਸਕੇਗਾ, ਇਸ ਲਈ ਜਦੋਂ ਕੋਈ ਵੀ ਵਿਅਕਤੀ ਸਦੀਵੀ ਥਿਰ ਰਹਿਣ ਵਾਲਾ ਨਹੀਂ ਹੈ ਉਸਨੂੰ ਸੱਚਾ ਕਿਵੇਂ ਕਿਹਾ ਜਾ ਸਕਦਾ ਹੈ ਇਸ ਭਾਵ ਨੂੰ ਗੁਰਬਾਣੀ ਅੰਦਰ ਬਾਰ ਬਾਰ ਦਰਸਾਇਆ ਗਿਆ ਹੈ, ਜਿਵੇਂ ਕਿ :

ਧਰਤਿ ਆਕਾਸੁ ਪਾਤਾਲੁ ਹੈ ਚੰਦੁ ਸੂਰੁ ਬਿਨਾਸੀ॥
ਬਾਦਿਸਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ॥

*(ਪਉੜੀ, ਪੰਨਾ ੧੧੦੦)*

ਬਾਦਿਸਾਹ ਸਾਹ ਵਾਪਾਰੀ ਮਰਨਾ॥
ਜੋ ਦੀਸੈ ਸੋ ਕਾਲਹਿ ਖਰਨਾ॥੨॥

*(ਸੂਹੀ ਮ: ੫, ਪੰਨਾ ੭੪੦)*

ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ॥
ਹਟ ਪਟਣ ਬਾਜਾਰ ਹੁਕਮੀ ਢਹਸੀਓ॥
*(ਪਉੜੀ, ਪੰਨਾ ੧੪੧)*

ਕੋਊ ਹਰਿ ਸਮਾਨਿ ਨਹੀ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ
ਝੂਠੇ ਕਰਤ ਦਿਵਾਜਾ॥੧॥ਰਹਾਉ॥
*(ਬਿਲਾਵਲ, ਪੰਨਾ ੮੫੬)*

ਭਾਵ ਹੈ ਸਭ ਤੋਂ ਵੱਡਾ ਰਾਜਿਆਂ ਦਾ ਰਾਜਾ ਪਰਮੇਸ਼ਰ ਹੈ ਜੋ ਸਦੀਵੀ ਕਾਲ ਰਹਿਣ ਵਾਲਾ ਹੈ ਬਾਕੀ ਦੇ ਸਾਰੇ ਛੋਟੇ ਵੱਡੇ ਸ਼ਾਹ ਪਾਤਿਸ਼ਾਹ, ਰਾਜੇ ਮਹਾਰਾਜੇ ਚਾਰ ਦਿਨਾਂ ਦੇ ਮਹਿਮਾਨ ਹਨ ਜੋ ਦੋ ਚਾਰ ਦਿਨ ਆਪਣੀ ਹਕਮੂਤ ਦਾ ਨਗਾਰਾ ਵਜਾ ਕੇ ਟੁਰ ਜਾਂਦੇ ਹਨ। ਸੋ ਉਨ੍ਹਾਂ ਪਾਤਿਸ਼ਾਹਾਂ ਨੂੰ ਸੱਚੇ ਪਾਤਿਸ਼ਾਹ ਕਹਿਣਾ ਹੀ ਅਯੋਗ ਹੈ। ਇਸੇ ਲਈ ਗੁਰਬਾਣੀ ਵਿਚ ਇਹ ਸ਼ਬਦ ਵਰਤੇ ਗਏ ਹਨ ਕਿ: (ਸਭ ਤੋਂ ਵੱਡਾ ਸਤਿਗੁਰ ਨਾਨਕ) ਦੇਵ ਜੀ ਹੀ ਹਨ ਕਿਉਂਕਿ ਨਾਰਾਇਣ ਹੀ ਗੁਰੂ ਨਾਨਕ ਦਾ ਰੂਪ ਧਾਰ ਕੇ ਸੰਸਾਰ ਵਿਚ ਪ੍ਰਗਟ ਹੋਏ ਹਨ, ਜਿਵੇਂ ਕਿ ਭੱਟਾਂ ਨੇ ਇਸ ਭਾਵ ਨੂੰ ਪ੍ਰਗਟਾਇਆ ਹੈ ਕਿ:

ਆਪਿ ਨਰਾਇਣੁ ਕਲਾ
ਧਾਰਿ ਜਗ ਮਹਿ ਪਰਵਰਿਯਉ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥
ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ॥
ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ॥
ਨਾਨਕ ਕੁਲਿ ਨਿੰਮਲੁ ਅਵਤਰ੍ਹਿਉ
ਅੰਗਦ ਲਹਣੇ ਸੰਗਿ ਹੁਅ॥
ਗੁਰ ਅਮਰਦਾਸ ਤਾਰਣ ਤਰਣ
ਜਨਮ ਜਨਮ ਪਾ ਸਰਣਿ ਤੁਅ॥੨॥੧੬॥
*(ਸਵਈਏ, ਪੰਨਾ ੧੩੯੫)*

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥
*(ਸਵਈਏ, ਪੰਨਾ ੧੪੦੮)*

ਇਸ ਤਰ੍ਹਾਂ ਸਾਨੂੰ ਗੁਰੂ ਨਾਨਕ ਦੇਵ ਜੀ ਦੇ ਨਿਰੰਕਾਰੀ ਸਰੂਪ ਹੋਣ ਸੰਬੰਧੀ ਅਨੇਕਾਂ ਉਦਾਹਰਣ ਮਿਲਦੇ ਹਨ ਜਿਨ੍ਹਾਂ ਤੋਂ ਸਾਬਤ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਸੱਚ-ਸਰੂਪ ਵਿਅਕਤੀ ਦੇ ਗੁਣ ਕਿਸੇ ਸੰਸਾਰੀ ਰਾਜੇ, ਮਹਾਰਾਜੇ, ਪਾਤਿਸ਼ਾਹ ਵਿਚ ਨਹੀਂ ਪਾਏ ਜਾਂਦੇ ਇਸੇ ਲਈ ਗੁਰੂ ਨਾਨਕ ਦੇਵ ਜੀ ਦੀ ਪਵਿੱਤ੍ਰ ਹਸਤੀ ਲਈ ਹੀ ਸੱਚਾ ਪਾਤਿਸ਼ਾਹ ਸ਼ਬਦ ਵਰਤਿਆ ਜਾ ਸਕਦਾ ਹੈ। ਇਸੇ ਭਾਵ ਨੂੰ ਮੁੱਖ ਰੱਖ ਕੇ ਮੈਂ ਇਸ ਪਉੜੀ ਵਿਚ ਸੱਚੇ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਦੇ ਹੋਰ ਭੀ ਕੁਝ ਵਿਸ਼ੇਸ਼ ਗੁਣ ਅੰਕਤ ਕੀਤੇ ਹਨ, ਜੋ ਕਿਸੇ ਸੰਸਾਰਕ ਵਿਅਕਤੀ ਵਿਚ ਨਹੀਂ ਪਾਏ ਜਾਂਦੇ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਸਤਿਗੁਰ (ਨਾਨਕ ਦੇਵ ਜੀ) ਸੱਚੇ ਪਾਤਿਸ਼ਾਹ ਹਨ। ਬੇਪ੍ਰਵਾਹ ਤੇ ਅਥਾਹ ਵਡਿਆਈਆਂ (ਸਾਹਿਬੀਆਂ ਦੇ) ਮਾਲਕ ਹਨ।

(੨) (ਉਹ ਆਪ ਭਾਵੇਂ ਅਤਿ ਮਹਿਮਾ ਵਾਲੇ ਹਨ, ਪਰ ਗ਼ਰੀਬਾਂ ਪਰ ਦਇਆ ਕਰਨ ਵਾਲੇ) ਗ਼ਰੀਬ ਨਿਵਾਜ ਹਨ। ਬੇ-ਮੁਹਤਾਜ ਹਨ, ਨਾ ਉਨ੍ਹਾਂ ਨੂੰ ਕਿਸੇ ਨਾਲ ਖ਼ਾਸ ਪਿਆਰ (ਮੋਹ ਦੀ ਖਿੱਚ) ਹੈ ਨਾ ਹੀ ਕਿਸੇ ਦਾ ਡਰ ਹੈ।

(੩) ਨਿਰੰਕਾਰ ਜੋ ਬੇ-ਸ਼ੁਮਾਰ ਤੇ ਅਲੱਖ ਅਪਾਰ ਹੈ, ਐਸੇ ਪ੍ਰਭੂ ਨੂੰ (ਗੁਰੂ ਨਾਨਕ ਜੀ ਨੇ ਹੀ) ਸਿੰਞਾਤਾ ਹੈ।

(੪) (ਗੁਰੂ ਨਾਨਕ ਦੀ) ਸਾਹਿਬੀ (ਪਰਮੁਖਤਾ) ਸਦਾ ਹੀ ਕਾਇਮ ਤੇ ਪੁਖਤਾ ਹੈ, (ਕਿਉਂਕਿ ਉਸਦਾ) ਹਾਜ਼ਰ ਨਾਜ਼ਰ (ਪ੍ਰਭੂ ਨਾਲ ਪ੍ਰੇਮ) ਹੈ ਜੋ ਵੇਦਾਂ ਕਤੇਬਾਂ (ਵਿਚੋਂ) ਨਹੀਂ ਮਿਲਦਾ।

(੫) ਉਹ ਪ੍ਰਭੂ ਅਗਮ (ਗੰਮਤਾ ਰਹਿਤ) ਡੋਲਣ ਤੋਂ ਰਹਿਤ ਤੇ ਤੁਲਣ ਵਿਚ ਨਹੀਂ ਆਉਂਦਾ ਨਾ ਉਸਦੇ ਤੋਲਣ ਵਾਲਾ ਕੋਈ ਡੰਡੀ ਤੇ ਛਾਬਾ (ਭਾਵ ਕਿ ਤੱਕੜ ਹੈ)।

(੬) ਛਤਰਪਤੀਆਂ ਵਾਂਗ ਉਸਦਾ ਵੱਡਾ ਰਾਜ ਹੈ, ਜਿਥੇ ਉਹ ਰਾਜ ਕਰਦਾ ਹੈ ਉਥੇ ਨਾ ਕੋਈ ਦੁਸ਼ਮਣ, ਨ ਦ੍ਵੈਤ ਭਾਵਨਾ (ਵੈਰ ਭਾਵਨਾ) ਹੈ ਤੇ ਨਾ ਹੀ ਕੋਈ ਰੌਲਾ ਗੌਲਾ ਹੈ, ਭਾਵ ਅਮਨ ਚੈਨ ਵਾਲਾ, ਸੁਖ ਸ਼ਾਂਤੀ ਵਾਲਾ ਗੁਰੂ ਨਾਨਕ ਦੀ ਪਾਤਿਸ਼ਾਹੀ ਦਾ ਰਾਜ ਹੈ)।

(੭) (ਸਤਿਗੁਰੂ ਜੀ) ਆਪ ਅਦਲ (ਨਿਆਂ ਕਰਨ ਵਾਲੇ) ਨਿਆਏਦਾਰ ਹਨ, (ਇਸ ਲਈ) ਉਥੇ ਜ਼ਾਲਮ ਨੂੰ ਜ਼ੁਲਮ ਕਰਨ ਦਾ ਹੀਆ ਹੀ ਨਹੀਂ ਪੈਂਦਾ ਜਿਸ ਕਰਕੇ ਦੁਖ ਕਸ਼ਟ ਨਹੀਂ ਹੁੰਦਾ।

(੮) (ਇਸ ਤਰ੍ਹਾਂ ਦਾ) ਜ਼ਾਹਰਾ ਪੀਰ ਜਗਤ ਗੁਰੂ (ਨਾਨਕ) ਬਾਬਾ ਹੈ।੩।

***ਭਾਵਾਰਥ :*** ਇਸ ਪਉੜੀ ਅੰਦਰ ਭਾਈ ਸਾਹਿਬ ਜੀ ਨੇ ਆਪਣੀ ਤੁੱਛ ਬੁਧੀ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਗੁਣਾਂ ਦਾ ਸੰਗ੍ਰਹਿ ਕੀਤਾ ਹੈ, ਪਰ ਗੁਰੂ ਨਾਨਕ ਦੇਵ ਜੀ ਦੇ ਸਮੂੰਹ ਗੁਣਾਂ ਨੂੰ ਕਥਨ ਕਰਨ ਦੀ ਕੋਈ ਸਮਰੱਥਾ ਨਹੀਂ ਰਖਦਾ, ਇਸੇ ਲਈ ਕਿਸੇ ਨੇ ਸੰਬੋਧਨ ਕੀਤਾ ਹੈ ਕਿ ਹੇ ਗੁਰੂ ਨਾਨਕ ਦੇਵ ਜੀ (ਤਾਰੇ ਗਿਣੇ ਜਾਤ ਤੇਰੇ ਤਾਰੇ

ਨ ਗਣਤ ਹੈ) ਭਾਵ ਅਕਾਸ਼ ਵਿਚ ਤਾਰੇ ਅਨਗਿਣਤ ਹਨ ਜੋ ਗਿਣੇ ਨਹੀਂ ਜਾ ਸਕਦੇ, ਪਰ ਕੋਈ ਵਿਗਿਆਨਕ ਆਪਣੀ ਸ਼ਕਤੀ ਨਾਲ ਉਨ੍ਹਾਂ ਨੂੰ ਤਾਂ ਭਾਵੇਂ ਗਿਣ ਹੀ ਸਕਦਾ ਹੈ, ਪਰ ਜਗਤ ਗੁਰੂ ਨਾਨਕ ਦੇਵ ਜੀ ਨੇ ਜੋ ਪਾਪੀਆਂ ਦਾ ਉਧਾਰ ਕੀਤਾ ਹੈ ਉਸਦੀ ਗਿਣਤੀ ਤਾਂ ਭਾਵੇਂ ਹਜ਼ਾਰਾਂ ਹੀ ਵਿਗਿਆਨਕ ਇਕੱਠੇ ਹੋ ਕੇ ਗਿਣਨਾ ਚਾਹੁਣ ਤਾਂ ਭੀ ਗਿਣਤੀ ਨਹੀਂ ਕਰ ਸਕਦੇ ਕਿਉਂਕਿ ਉਹ ਸੱਚਾ ਸਤਿਗੁਰੂ ਪਾਤਿਸ਼ਾਹ ਹੈ।

## ੪. ਜ਼ਾਹਰਾ ਪੀਰ, ਜਗਤ-ਗੁਰੂ ਬਾਬਾ ਨਾਨਕ ਜੀ

**੧. ਗੰਗ ਬਨਾਰਸ ਹਿੰਦੂਆਂ**
**ਮੁਸਲਮਾਣਾਂ ਮੱਕਾ ਕਾਬਾ।**
**੨. ਘਰਿ ਘਰਿ ਬਾਬਾ ਗਾਵੀਐ**
**ਵੱਜਣਿ ਤਾਲ ਮ੍ਰਿਦੰਗੁ ਰਬਾਬਾ।**
**੩. ਭਗਤ ਵਛਲ ਹੋ ਆਇਆ**
**ਪਤਿਤ ਉਧਾਰਨ ਅਜਬੁ ਅਜਾਬਾ।**
**੪. ਚਾਰਿ ਵਰਨ ਇਕ ਵਰਨ ਹੋ**
**ਸਾਧਸੰਗਤਿ ਮਿਲਿ ਹੋਇ ਤਰਾਬਾ।**
**੫. ਚੰਦਨ ਵਾਸੁ ਵਣਾਸਪਤਿ**
**ਅਵਲਿ ਦੋਮ ਨ ਸੋਮ ਖਰਾਬਾ।**
**੬. ਹੁਕਮੈ ਅੰਦਰ ਸਭ ਕੋ**
**ਕੁਦਰਤਿ ਕਿਸ ਦੀ ਕਰੈ ਜਵਾਬਾ।**
**੭. ਜ਼ਾਹਰ ਪੀਰੁ ਜਗਤੁ ਗੁਰ ਬਾਬਾ ॥੪॥**

***ਪਦ ਅਰਥ :*** ਬਨਾਰਸ—ਕਾਂਸ਼ੀ ਸ਼ਹਿਰ ਜੋ ਗੰਗਾ ਦਰਿਆ ਦੇ ਕਿਨਾਰੇ ਹੈ। ਅਜਬ ਅਜਾਬਾ—ਅਜਬ ਤੇ ਅਸਚਰਜ ਰੂਪ। ਤਰਾਬਾ—ਤਰਨਾ। ਜਵਾਬਾ—ਉੱਤਰ ਦੇਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਸੰਗਤ ਵਿਚ ਗੁਰਮਤ ਦੇ ਵੀਚਾਰ ਪ੍ਰਗਟਾਉਂਦਿਆਂ ਪੁਰਾਤਨ ਹੋ ਚੁੱਕੇ ਸਮੇਂ ਦੇ ਅਵਤਾਰਾਂ ਦੇ ਜੀਵਨਾਂ ਦਾ ਭੀ ਉਦਾਹਰਣ ਦਿਆ ਕਰਦੇ ਹੋ, ਜਿਵੇਂ ਕ੍ਰਿਸ਼ਨ ਭਗਵਾਨ, ਸ੍ਰੀ ਰਾਮ ਚੰਦ੍ਰ ਜੀ, ਬੁਧ ਅਤੇ ਮੁਹੰਮਦ ਸਾਹਿਬ ਆਦਿਕਾਂ ਦੇ ਜੀਵਨਾਂ ਪਰ ਭੀ ਰੌਸ਼ਨੀ ਪਾਇਆ ਕਰਦੇ ਹੋ, ਪਰ ਜਦੋਂ ਆਪ ਜੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਕੋਈ ਜ਼ਿਕਰ ਕਰਦੇ ਹੋ ਤਾਂ ਆਪ ਜੀ ਗੁਰੂ ਨਾਨਕ ਦੇਵ ਜੀ ਨੂੰ ਜਗਤ ਗੁਰੂ ਨਾਮ ਨਾਲ ਸੰਬੋਧਨ ਕਰਦੇ ਹੋ, ਕਿਉਂ ਜੀ! ਦੱਸਣ ਦੀ ਕ੍ਰਿਪਾ ਕਰੋਗੇ ਕਿ ਬਾਕੀ ਦੇ ਅਵਤਾਰਾਂ ਨਾਲੋਂ ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ 'ਜਗਤ ਗੁਰੂ' ਨਾਮ ਦਾ ਸੰਬੋਧਨ ਕਰਨ ਤੋਂ ਆਪ ਦਾ ਕੀ ਭਾਵ ਹੈ?

ਉ: ਹੇ ਭਾਈਓ! ਪੁਰਾਤਨ ਸਮੇਂ ਵਿਚ ਹੋ ਗੁਜ਼ਰੇ ਕਿਸੇ ਭੀ ਮਹਾਂਪੁਰਸ਼ ਦੇ ਜੀਵਨ ਪਰ ਮੇਰੀ ਦੋਸ਼-ਦ੍ਰਿਸ਼ਟੀ ਨਹੀਂ, ਕਿਉਂਕਿ ਕਿਸੇ ਦੇ ਨਾਮ ਨੂੰ ਤੁਕ-ਦ੍ਰਿਸ਼ਟੀ ਨਾਲ ਯਾਦ ਕਰਨਾ ਹੋਰ ਗੱਲ ਹੈ, ਪਰ ਅਸਲੀਅਤ ਨੂੰ ਪ੍ਰਗਟਾਉਣਾ ਹੋਰ ਗੱਲ ਹੈ। ਸੋ, ਬਾਕੀ ਦੇ ਅਵਤਾਰਾਂ ਦੇ ਮੁਕਾਬਲੇ ਵਿਚ ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ 'ਜਗਤ ਗੁਰੂ' ਸ਼ਬਦ ਦੀ ਵਰਤੋਂ ਕਰਨੀ ਭੀ ਇਕ ਸਚਾਈ ਸਮਝਣੀ ਚਾਹੀਦੀ ਹੈ, ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਜਗਤ ਦੇ ਕੋਨੇ ਕੋਨੇ ਵਿਚ ਪੁੱਜ ਕੇ ਜਗਤ ਦੇ ਆਤਮਕ ਰੋਗੀਆਂ ਨੂੰ ਅਰੋਗ ਕੀਤਾ ਹੈ। ਇਹ ਤਾਂ ਠੀਕ ਹੈ ਕਿ ਪੁਰਾਤਨ ਅਵਤਾਰਾਂ ਦੇ ਮੁਕਾਬਲੇ ਵਿਚ ਗੁਰੂ ਨਾਨਕ ਦੀ ਉਮਰ ਬਹੁਤ ਛੁਟੇਰੀ ਸੀ, ਪਰ ਆਪ ਜੀ ਨੇ ਸੱਤਰ (੭੦) ਸਾਲ ਦੇ ਜੀਵਨ ਸਫ਼ਰ ਵਿਚ (੮੨) ਬਿਆਸੀ ਹਜ਼ਾਰ ਮੀਲ ਦਾ ਸਫ਼ਰ ਪੈਦਲ ਕਰਕੇ (ਬਾਬੇ ਤਾਰੇ ਚਾਰ ਚੱਕ ਨੌਂ ਖੰਡ ਪ੍ਰਿਥਮੀ ਸੱਚਾ ਢੋਆ) ਦਿਤਾ, ਪਰ ਆਪ ਜੀ ਦੀ ਸਮ-ਦ੍ਰਿਸ਼ਟੀ ਨੇ ਕਿਸੇ ਉਚ-ਨੀਚ ਵਰਣ ਦੇ ਲੋਕਾਂ ਵੱਲ ਨਹੀਂ ਤੱਕਿਆ ਆਪ ਜੀ ਦਾ ਉਪਦੇਸ਼ ਸਾਰਿਆਂ ਲਈ ਸਾਂਝਾ ਸੀ, ਜਿਵੇਂ ਫ਼ੁਰਮਾਨ ਹੈ:

ਖਤ੍ਰੀ ਬ੍ਰਾਹਮਣ ਸੂਦ ਵੈਸ
ਉਪਦੇਸੁ ਚਹੁ ਵਰਨਾ ਕਉ ਸਾਝਾ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ
ਘਟਿ ਘਟਿ ਨਾਨਕ ਮਾਝਾ॥੪॥੩॥੫੦॥

*(ਸੂਹੀ ਮਹਲਾ ੫, ਪੰਨਾ ੭੪੮)*

ਖਤ੍ਰੀ ਬ੍ਰਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ॥
ਗੁਰੁ ਨਾਨਕੁ ਉਪਦੇਸੁ ਕਹਤੁ ਹੈ
ਜੋ ਸੁਨੈ ਸੋ ਪਾਰਿ ਪਰਾਨਥ॥੪॥੧॥੧੦॥

*(ਮਾਰੂ ਮ: ੫, ਪੰਨਾ ੧੦੦੧)*

ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਕੋ ਜਾਪੈ ਹਰਿ ਮੰਤ੍ਰੁ ਜਪੈਨੀ ॥
ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ
ਨਿਤ ਸੇਵਹੁ ਦਿਨਸੁ ਸਭ ਰੈਨੀ ॥੧॥

*(ਬਿਲਾਵਲੁ ਮ: ੪, ਪੰਨਾ ੮੦੦)*

ਇਸ ਤੋਂ ਆਦਿ ਗੁਰਬਾਣੀ ਵਿਚੋਂ ਸਾਨੂੰ ਹੋਰ ਭੀ ਉਦਾਹਰਣ ਮਿਲਦੇ ਹਨ ਕਿ ਜਗਤ ਗੁਰੂ ਨਾਨਕ ਦੇਵ ਜੀ ਦਾ ਚੌਹਾਂ ਵਰਣਾਂ ਲਈ ਸਾਂਝਾ ਉਪਦੇਸ਼ ਸੀ। ਇਥੇ ਇਹ ਭੀ ਲਿਖ ਦੇਣਾ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਪੁਰਾਤਨ ਜੁਗਾਂ ਦੇ ਹੋ ਗੁਜ਼ਰੇ ਅਵਤਾਰਾਂ ਦੇ ਉਪਦੇਸ਼ ਕਰਨ ਦਾ ਏਰੀਆ ਸੀਮਤ ਸੀ ਭਾਵ ਉਹ ਆਪਣੇ ਨੇੜੇ ਨੇੜੇ ਵੱਸਣ ਵਾਲੇ ਲੋਕਾਂ ਨੂੰ ਹੀ ਪਰਚਾਰ ਕਰਦੇ ਰਹੇ, ਪਰ ਜਗਤ ਗੁਰੂ, ਗੁਰੂ ਨਾਨਕ ਰਾਇ ਭੋਏ ਦੀ ਤਲਵੰਡੀ, ਭਾਵ ਨਨਕਾਣੇ ਸਾਹਿਬ ਵਿਚ ਅਵਤਾਰ ਲੈ ਕੇ ਦੂਰ ਦੂਰ ਦੇਸੰਤਰਾਂ ਵਿਚ ਰੱਬੀ ਮਾਰਗ ਦਾ ਉਪਦੇਸ਼ ਕਰਦੇ ਰਹੇ, ਜਿਵੇਂ ਕਿ ਹਰਿਦੁਆਰ, ਮੱਕੇ ਮਦੀਨੇ, ਸੁਮੇਰ ਪਰਬਤ ਪਰ ਭੀ ਆਪ ਬਿਨਾਂ ਬੁਲਾਇਆਂ ਪੁੱਜਦੇ ਰਹੇ, ਆਪ ਜੀ ਨੇ ਇਹ ਨਹੀਂ ਵੇਖਿਆ ਕਿ ਇਹ ਹਿੰਦੂਆਂ ਦਾ ਅਸਥਾਨ ਹੈ, ਇਹ ਮੁਸਲਮਾਨਾਂ ਦੇ ਇਕੱਤ੍ਰ ਹੋਣ ਦੀ ਜਗ੍ਹਾ ਹੈ, ਆਪ ਜੀ ਨੇ ਜਿਥੇ ਭੀ ਕਿਸੇ ਨੂੰ ਰੱਬ ਦੇ ਸੱਚੇ ਮਾਰਗ ਤੋਂ ਭੁਲਿਆ ਹੋਇਆ ਵੇਖਿਆ ਉਥੇ ਖ਼ੁਦ ਹੀ ਪਹੁੰਚ ਗਏ, ਇਸ ਲਈ ਮੈਂ ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਦੇ ਜੀਵਨ ਭਰ ਵਿਚ ਕੀਤੇ ਉਪਕਾਰਾਂ ਤੋਂ ਪ੍ਰੇਰਤ ਹੋ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ, ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਜਗਤ ਗੁਰੂ ਹੋਣ ਦਾ ਇਸ਼ਾਰਾ ਕੀਤਾ ਗਿਆ ਹੈ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਗੰਗਾ (ਹਰਿਦੁਆਰ) ਤੇ ਬਨਾਰਸ (ਕਾਸ਼ੀ) ਇਹ ਹਿੰਦੂਆਂ ਦੇ ਤੀਰਥ ਹਨ, ਜਿਥੋਂ ਉਹ ਮੁਕਤੀ ਚਾਹੁੰਦੇ ਹਨ, ਅਤੇ ਮੁਸਲਮਾਨ ਮੱਕੇ ਤੇ ਮਦੀਨੇ ਦੀ (ਜ਼ਿਆਰਤ) ਯਾਤਰਾ ਕਰਦੇ ਹਨ। (ਮੱਕਾ ਹਜ਼ਰਤ ਮੁਹੰਮਦ ਦਾ ਜਨਮ ਅਸਥਾਨ ਹੈ ਤੇ ਮਦੀਨਾ ਚਲਾਣੇ ਦਾ ਅਸਥਾਨ ਹੈ)।

(੨) (ਪਰ ਰੱਬ ਰੂਪ ਬਾਬੇ ਗੁਰੂ ਨਾਨਕ) ਦਾ ਜੱਸ ਘਰ ਘਰ ਵਿਚ ਹੋ ਰਿਹਾ ਹੈ ਜਿਥੇ ਜੋੜੀਆਂ, ਮ੍ਰਿਦੰਗ ਤੇ ਰਬਾਬ ਵੱਜ ਰਹੇ ਹਨ (ਤੇ ਇਲਾਹੀ ਕੀਰਤਨ ਹੋ ਰਿਹਾ ਹੈ)।

(੩) (ਗੁਰੂ ਨਾਨਕ) ਭਗਤ ਵਛਲ ਰੂਪ ਧਾਰ ਕੇ ਜਗਤ 'ਤੇ ਆਇਆ ਹੈ, ਜੋ ਪਾਪੀਆਂ ਨੂੰ ਵੀ ਤਾਰਦਾ ਹੈ ਤੇ ਅਜਬ ਰੰਗਾਂ ਦੇ ਅਸਚਰਜ ਕੌਤਕਾਂ ਨੂੰ ਕਰ ਰਿਹਾ ਹੈ।

(੪) ਚਾਰੇ ਵਰਨਾਂ ਦੇ ਲੋਕ ਇਕ ਵਰਨ (ਗੁਰਸਿੱਖੀ ਦਾ ਮਾਰਗ) ਸਾਧ ਸੰਗਤ ਵਿਚ ਮਿਲ ਕੇ (ਸੰਸਾਰ ਸਮੁੰਦਰ ਤੋਂ) ਪਾਰ ਹੋ ਰਹੇ ਹਨ।

(੫) ਜਿਵੇਂ ਚੰਦਨ ਦੀ ਵਾਸ਼ਨਾ ਵਿਚ ਗੁਣ ਹੈ ਕਿ ਉਹ ਆਸ ਪਾਸ ਦੀ ਸਭ ਬਨਾਸਪਤੀ ਨੂੰ ਆਪਣੇ ਵਰਗੀ ਵਾਸ਼ਨਾ ਵਾਲੀ ਬਣਾ ਦੇਂਦੀ ਹੈ, ਉਸ ਵਿਚ ਪਹਿਲਾ ਦੂਜਾ ਜਾਂ ਤੀਜਾ (ਭੇਦ ਭਾਵ) ਨਹੀਂ ਪਾਉਂਦੀ, ਇਸੇ ਤਰ੍ਹਾਂ ਸਾਧ ਸੰਗਤ ਰੂਪ ਸੱਚ ਖੰਡ ਵਿਚ ਜਿਹੜਾ ਮਿਲਦਾ ਹੈ, ਉਹ ਚੰਦਨ ਵਾਂਗ ਗੁਰ ਸਿਖੀ ਦੀ ਸੁੰਦਰ ਸੁਗੰਧੀ (ਗੁਣਾਂ) ਵਾਲਾ ਬਣ ਜਾਂਦਾ ਹੈ।

(੬) (ਸਾਧ ਸੰਗਤ) ਵਿਚ ਸਭ ਕੋਈ (ਗੁਰ ਨਾਨਕ ਦੇ) ਹੁਕਮ ਵਿਚ ਹੈ, ਕਿਸੇ ਦੀ ਮਜਾਲ ਨਹੀਂ ਕਿ ਹੁਕਮ ਨੂੰ ਜਵਾਬ ਦੇਵੇ ਜਾਂ ਮੋੜੇ।

(੭) (ਗੁਰੂ ਨਾਨਕ ਗੁਰੂਆਂ ਦਾ ਗੁਰੂ) ਜ਼ਾਹਰ ਹੈ (ਹਿੰਦੂਆਂ ਦਾ) ਗੁਰੂ ਹੈ (ਤੇ ਮੁਸਲਮਾਨਾਂ ਦਾ) ਪੀਰ ਹੈ, ਇਹ ਗੱਲ ਪ੍ਰਗਟ (ਪ੍ਰਤੱਖ) ਹੈ।੪।

***ਭਾਵਾਰਥ :*** ਹਿੰਦੂਆਂ ਦੇ ਇਤਿਹਾਸ ਵਿਚ ਜੋ (੨੪) ਚੌਵੀ ਅਵਤਾਰਾਂ ਦਾ ਜ਼ਿਕਰ ਆਉਂਦਾ ਹੈ ਉਹ ਗਿਣਤੀ ਦੀਆਂ ਕਲਾ ਲੈ ਕੇ ਸੰਸਾਰ ਵਿਚ ਪ੍ਰਗਟ ਹੋਏ ਸਨ, ਜਿਵੇਂ ਕਿਸੇ ਵਿਚ ਦੋ ਕਲਾ, ਕਿਸੇ ਵਿਚ ਚਾਰ ਤੇ ਕਿਸੇ ਵਿਚ ਛੇ ਕਲਾ ਮੰਨੀਆਂ ਜਾਂਦੀਆਂ ਹਨ। ਸ੍ਰੀ ਰਾਮ ਚੰਦ ਜੀ ਨੂੰ ਚੌਦਾਂ ਕਲਾ ਤੇ ਸ੍ਰੀ ਕ੍ਰਿਸ਼ਨ ਜੀ ਨੂੰ ਸੋਲਾਂ ਕਲਾਂ ਭਰਪੂਰ ਅਵਤਾਰ ਮੰਨਿਆ ਗਿਆ ਹੈ, ਜਿਵੇਂ ਕਿ ਬਾਣੀ ਵਿਚੋਂ ਭੀ ਇਸ਼ਾਰਾ ਮਿਲਦਾ ਹੈ ਕਿ (ਸੋਲਹ ਕਲਾ ਸੰਪੂਰਨ ਫਲਿਆ) ਪਰ ਇਹ ਗਿਣਤੀ ਦੀਆਂ ਕਲਾ ਗੁਰੂ ਨਾਨਕ ਦੇਵ ਜੀ ਦੇ ਜੀਵਨ 'ਤੇ ਨਹੀਂ ਘਟਦੀਆਂ ਕਿਉਂਕਿ ਆਪ ਜੀ ਦੇ ਸੰਬੰਧ ਵਿਚ ਤਾਂ ਇਉਂ ਹੀ ਫ਼ੁਰਮਾਨ ਆਉਂਦਾ ਹੈ ਕਿ :

ਅਨਤ ਕਲਾ ਹੋਇ ਠਾਕੁਰੁ ਚੜਿਆ ॥

*ਮਾਰੂ ਮ: ੫, ਪੰਨਾ ੧੦੮੧)*

ਭਾਵ ਅਨੇਕਾਂ ਕਲਾ ਦਾ ਭੰਡਾਰ ਠਾਕੁਰ ਆਪ ਹੀ ਨਾਨਕ ਦਾ ਰੂਪ ਧਾਰ ਕੇ ਪ੍ਰਗਟ ਹੋਇਆ ਹੈ, ਜਿਸਦਾ ਪ੍ਰਤੱਖ਼ਸ਼ ਪ੍ਰਮਾਣ ਹੈ ,ਕਿ 'ਜਗਤ ਗੁਰੂ' ਗੁਰੂ ਨਾਨਕ ਦੇਵ ਜੀ ਨੂੰ ਸਾਰੇ ਜਗਤ ਦੇ ਜੀਵਾਂ ਨਾਲ ਹੀ ਪਿਆਰ ਸੀ ਸਾਰੇ ਜਗਤ ਦੇ ਜੀਵਾਂ ਦਾ ਉਧਾਰ ਕਰਨ ਲਈ ਆਪ ਜੀ ਸਾਰੇ ਦੇਸ਼ ਦਿਸ਼ਾਂਤ੍ਰਾਂ ਵਿਚ ਦਿਨੇ ਰਾਤ ਵਿਚਰਦੇ ਰਹੇ।

ਇਸ ਲਈ ਜਦੋਂ ਅਸੀਂ ਬਾਕੀ ਦੇ ਅਵਤਾਰਾਂ ਦੇ ਜੀਵਨਾਂ ਦਾ ਟਾਕਰਾ ਗੁਰੂ ਨਾਨਕ ਦੇਵ ਜੀ ਦੇ ਪਵਿੱਤ੍ਰ ਜੀਵਨ ਨਾਲ

ਕਰਦੇ ਹਾਂ ਤਾਂ ਉਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਹੋਰ ਕਿਸੇ ਵਿਚ ਨਹੀਂ ਘਟਦੀਆਂ। ਇਸ ਲਈ ਮੈਂ ਗੁਰੂ ਨਾਨਕ ਦੇਵ ਜੀ ਨੂੰ ਬਾਕੀਆਂ ਨਾਲੋਂ 'ਜਗਤ ਗੁਰੂ' ਦੇ ਵਿਸ਼ੇਸ਼ ਨਾਮ ਨਾਲ ਪ੍ਰਗਟ ਕਰਦਾ ਹਾਂ।

## ੫. ਗੁਰ ਚੇਲਾ, ਚੇਲਾ ਗੁਰੂ

**੧. ਅੰਗਹੁੰ ਅੰਗੁ ਉਪਾਇਓਨੁ**
**ਗੰਗਹੁੰ ਜਾਣੁ ਤਰੰਗ ਉਠਾਯਾ।**
**੨. ਗਹਿਰ ਗੰਭੀਰੁ ਗਹੀਰੁ ਗੁਣ**
**ਗੁਰਮੁਖ ਗੁਰੁ ਗੋਬਿੰਦੁ ਸਦਾਯਾ।**
**੩. ਦੁਖ ਸੁਖ ਦਾਤਾ ਦੇਣਹਾਰੁ**
**ਦੁਖ ਸੁਖ ਸਮਸਰਿ ਲੇਪੁ ਨ ਲਾਯਾ।**
**੪. ਗੁਰ ਚੇਲਾ ਚੇਲਾ ਗੁਰੂ**
**ਗੁਰ ਚੇਲੇ ਪਰਚਾ ਪਰਚਾਯਾ।**
**੫. ਬਿਰਖਹੁੰ ਫਲੁ ਫਲ ਤੇ ਬਿਰਖ**
**ਪਿਉ ਪੁਤਹੁੰ ਪੁਤੁ ਪਿਉ ਪਤੀਆਯਾ।**
**੬. ਪਾਰਬ੍ਰਹਮੁ ਪੂਰਨੁ ਬ੍ਰਹਮੁ**
**ਸ਼ਬਦ ਸੁਰਤਿ ਲਿਵ ਅਲਖ ਲਖਾਯਾ।**
**੭. ਬਾਬਾਣੇ ਗੁਰ ਅੰਗਦੁ ਆਯਾ॥੫॥**

***ਪਦ ਅਰਥ :*** ਅੰਗਹੁੰ ਅੰਗੁ—ਅੰਗਾਂ ਤੋਂ ਗੁਰੂ ਅੰਗਦ। ਗਹਿਰ ਗੰਭੀਰੁ—ਡੂੰਘੇ ਤੋਂ ਡੂੰਘਾ। ਲੇਪੁ—ਛੋਹ। ਪਰਚਾ—ਪ੍ਰੇਮ ਦਾ। ਪਰਚਾਇਆ—ਪਾਸ ਕਰ ਲਿਆ। ਬਾਬਾਣੇ—ਬਾਬੇ ਦੇ ਘਰ। ਸ਼ਬਦ ਸੁਰਤਿ—ਸ਼ਬਦ ਨੂੰ ਸੁਰਤ ਵਿਚ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਆਦਿ ਕਾਲ ਤੋਂ ਹੀ ਪਰੰਪਰਾ ਇਉਂ ਹੀ ਚਲਦੀ ਆ ਰਹੀ ਸੀ ਕਿ ਪਿਤਾ ਦੀ ਸਾਰੀ ਸਮੱਗਰੀ ਦਾ ਹੱਕਦਾਰ ਪੁੱਤ੍ਰਾਂ ਨੂੰ ਹੀ ਮੰਨਿਆ ਜਾਂਦਾ ਸੀ, ਇਹ ਮਰਯਾਦਾ ਰਾਜੇ ਮਹਾਰਾਜੇ ਅਮੀਰ ਤੇ ਗ਼ਰੀਬ ਸਾਰਿਆਂ ਵਿਚ ਹੀ ਪਰਚੱਲਤ ਸੀ, ਪਰ ਗੁਰੂ ਨਾਨਕ ਦੇਵ ਜੀ ਨੇ ਇਸ ਸਾਰੇ ਸੰਕੇਤ ਨੂੰ ਹੀ ਬਦਲ ਦਿਤਾ ਭਾਵ ਆਪਣੇ ਪੁੱਤ੍ਰਾਂ ਨੂੰ ਛੱਡ ਕੇ ਗੁਰਤਾ ਗੱਦੀ ਦਾ ਵਾਰਸ ਭਾਈ ਲਹਿਣੇ ਨੂੰ ਬਣਾ ਦਿਤਾ। ਕਿਉਂ ਜੀ! ਦਸੋਗੇ ਕਿ ਤੁਸੀਂ ਇਸਦਾ ਸਹੀ ਕਾਰਨ ਕੀ ਅਨੁਭਵ ਕਰਦੇ ਹੋ, ਕਿਉਂਕਿ ਸਾਡੇ ਸੰਸਾਰੀ ਜੀਵਾਂ ਵਿਚ ਤਾਂ ਇਸ ਅਗੰਮੀ ਖੇਡ ਨੂੰ ਸਮਝਣ ਦੀ ਗੰਮਤਾ ਨਹੀਂ ਹੈ?

**ਉ:** ਹੇ ਭਾਈਓ! ਜਦੋਂ ਅਸੀਂ ਤੁਹਾਡੇ ਇਸ ਖ਼ਿਆਲ ਨੂੰ ਗੁਰਬਾਣੀ ਤੇ ਗੁਰ-ਇਤਿਹਾਸ ਦੀਆਂ ਨਜ਼ਰਾਂ ਰਾਹੀਂ ਤੱਕਦੇ ਹਾਂ ਤਾਂ ਜਾਣਕਾਰੀ ਮਿਲਦੀ ਹੈ ਕਿ ਪੁਰਾਤਨ ਸਮੇਂ ਦੀਆਂ ਪਰਚੱਲਤ ਰਹੁ-ਰੀਤਾਂ ਨਾਲ ਗੁਰਮਤ ਦਾ ਉੱਕਾ ਹੀ ਤਾਲ-ਮੇਲ ਨਹੀਂ ਬੈਠਦਾ। ਜਿਵੇਂ ਕਿ ਸਨਾਤਨ ਰੀਤੀ ਤਾਂ ਇਹ ਸੀ ਕਿ ਸੂਰਜ ਨੂੰ ਪਾਣੀ ਅਰਪਨ ਕਰਨਾ, ਪੱਥਰਾਂ ਦੀ ਪੂਜਾ ਕਰਨੀ, ਪਿਤਰਾਂ ਨੂੰ ਪ੍ਰਲੋਕ ਵਿਚ ਭੋਜਨ ਭੇਜਣਾ, ਦੀਵੇ ਜਗਾ ਕੇ ਦੇਵਤਿਆਂ ਦੀ ਆਰਤੀ ਉਤਾਰਨੀ ਆਦਿ ਅਨੇਕਾਂ ਐਸੀਆਂ ਕੂੜ ਕਵਾੜ ਦੀਆਂ ਆਦਿ ਕਾਲ ਤੋਂ ਪ੍ਰਚੱਲਤ ਰੀਤਾਂ ਸਨ, ਪਰ ਗੁਰਮਤ ਅਜਿਹੀਆਂ ਅਸਲੀਅਤ ਤੋਂ ਭੁਲਾ ਦੇਣ ਵਾਲੀਆਂ ਸਨਾਤਨ ਰੀਤਾਂ ਨਾਲ ਉੱਕਾ ਹੀ ਸਹਿਮਤ ਨਹੀਂ ਹੋਈ ਅਤੇ ਨਾ ਹੀ ਹੁਣ ਹੈ, ਗੁਰੂ ਨਾਨਕ ਦੇਵ ਜੀ ਨੇ ਲੋਕ-ਲਾਜ ਦੀ ਫੋਕੀ ਪ੍ਰਸੰਸਾ ਨੂੰ ਤਿਆਗ ਕੇ ਅਸਲੀਅਤ ਨੂੰ ਹੀ ਅਪਨਾਇਆ ਹੈ।

ਹੇ ਭਾਈਓ! ਜਿਵੇਂ ਕਿ ਤੁਹਾਡਾ ਖ਼ਿਆਲ ਹੈ ਕਿ ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਨੇ ਜੋ ਆਪਣੇ ਪੁੱਤ੍ਰਾਂ ਨੂੰ ਤਿਆਗ ਕੇ ਭਾਈ ਲਹਿਣਾ ਜੀ ਨੂੰ ਗੁਰਤਾ ਗੱਦੀ ਪਰ ਸੁਸ਼ੋਭਤ ਕੀਤਾ ਹੈ ਇਉਂ ਕਰਨ ਦਾ ਅਸਲ ਕਾਰਨ ਕੀ ਸੀ? ਹੇ ਭਾਈਓ! ਉਂਞ ਤਾਂ ਸਾਨੂੰ ਕਲਜੁਗੀ ਜੀਵਾਂ ਨੂੰ ਇਉਂ ਹੀ ਕਹਿਣਾ ਬਣਦਾ ਹੈ ਕਿ (ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰ ਸੂਰਾ) ਭਾਵ ਉਸ ਕਰਤੇ ਪੁਰਖ ਦੀ ਮਰਯਾਦਾ ਨੂੰ ਕਰਤਾ ਪੁਰਖ ਹੀ ਜਾਣਦਾ ਹੈ ਜਾਂ ਉਸ ਕਰਤੇ ਪੁਰਖ ਦਾ ਆਪਣਾ ਸਰੂਪ ਗੁਰੂ ਸੂਰਮੇ ਜਾਣਦੇ ਹਨ, ਇਹ ਗੁਝਾ ਭੇਦ ਇੱਤਰ ਜੀਵਾਂ ਦੀ ਸਮਝ ਤੋਂ ਪਰੇ ਹੈ, ਪਰ ਫਿਰ ਵੀ ਜਦੋਂ ਅਸੀਂ ਦੂਰ-ਦਰਸ਼ੀ ਨਜ਼ਰਾਂ ਨਾਲ ਤੱਕਾਂਗੇ ਤਾਂ ਇਉਂ ਹੀ ਬੋਧ ਮਿਲੇਗਾ ਕਿ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਨੂੰ ਭੀ ਗੁਰਤਾ ਗੱਦੀ ਪਰ ਸਥਾਪਨ ਕਰਨ ਸਮੇਂ, ਲੋਕ-ਰੀਤੀ ਨੂੰ ਨਹੀਂ ਸਗੋਂ ਸਚਾਈ ਨੂੰ ਹੀ ਮੁਖ ਰੱਖਿਆ ਹੈ। ਇਹ ਤਾਂ ਆਪ ਜੀ ਨੂੰ ਪਹਿਲੋਂ ਹੀ ਅੰਤ੍ਰਜਾਮਤਾ ਸੀ ਕਿ ਜਿਵੇਂ ਸ਼ੀਹਣੀ ਦਾ ਦੁੱਧ ਸਿਵਾਏ ਸੋਨੇ ਦੇ ਬਰਤਨ ਤੋਂ ਕਿਸੇ ਹੋਰ ਭਾਂਡੇ ਵਿਚ ਨਹੀਂ ਠਹਿਰ ਸਕਦਾ ਜੇ ਕਿਸੇ ਹੋਰ ਬਰਤਨ ਵਿਚ

ਪਾ ਕੇ ਰੱਖਣਾ ਚਾਹੋ ਤਾਂ ਉਹ ਛੇਕ ਕਰਕੇ ਨਿਕਲ ਜਾਂਦਾ ਹੈ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਭੀ ਉਸ ਜਗਮਗਾਂਦੀ ਜੋਤ ਨੂੰ ਕਿਸੇ ਹਿਰਦੇ ਵਿਚ ਰੱਖਣ ਸਮੇਂ ਕਿਸੇ ਦੁਨਿਆਵੀ ਰਿਸ਼ਤੇ ਨੂੰ ਮੁੱਖ ਨਹੀਂ ਰੱਖਿਆ, ਸਗੋਂ ਉਸ ਹਿਰਦੇ ਨੂੰ ਬਾਰ ਬਾਰ ਕਸਵੱਟੀ ਲਾ ਕੇ ਪਰਖਿਆ ਗਿਆ ਹੈ, ਕਿ ਕੀ ਇਹ ਹਿਰਦਾ ਇਸ ਗੁਰਤਾ ਗੱਦੀ ਦੇ ਅਸਹਿ ਭਾਰ ਨੂੰ ਸਹਾਰਨ ਦੀ ਸ਼ਕਤੀ ਭੀ ਰੱਖਦਾ ਹੈ, ਕਿਉਂਕਿ ਆਪ ਜੀ ਇਸ ਭੇਦ ਨੂੰ ਚੰਗੀ ਤਰ੍ਹਾਂ ਅਨੁਭਵ ਕਰਦੇ ਸਨ ਕਿ ਸੋਨੇ ਨੂੰ ਸ਼ੁੱਧ ਬਾਰਾਂ ਵੰਨੀ ਦਾ ਸੋਨਾ ਬਣਾਉਣ ਲਈ ਬਾਰ ਬਾਰ ਅੱਗ ਵਿਚ ਤਾਉਣਾ ਪੈਂਦਾ ਹੈ, ਇਸੇ ਲਈ ਆਪ ਜੀ ਨੇ ਕਈ ਬਾਰ ਪਰਖ ਕੀਤੀ ਕਿ ਲੁਕਾਈ ਨੂੰ ਭੀ ਇਸ ਸਚਾਈ ਦਾ ਬੋਧ ਹੋ ਜਾਏ ਕਿ ਗੁਰੂ ਦੀ ਪਰਖ ਵਿਚ ਕੌਣ ਸਾਬਤ ਨਿਕਲਿਆ ਹੈ।

ਇਸ ਪਰਖ ਦੇ ਸੰਬੰਧ ਵਿਚ ਸਾਨੂੰ ਜਨਮ ਸਾਖੀ ਵਿਚੋਂ ਕੁਝ ਸਾਖੀਆਂ ਮਿਲਦੀਆਂ ਹਨ, ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਾਹਿਬਜ਼ਾਦਿਆਂ ਤੇ ਭਾਈ ਲਹਿਣੇ ਦੀ ਪਰਖ ਕੀਤੀ।

(੧) ਸੰਗਤ ਦੀ ਵਧੇਰੇ ਇਕੱਤ੍ਰਤਾ ਨੂੰ ਵੇਖ ਕੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਵੱਡੇ ਸਾਹਿਬਜ਼ਾਦੇ ਨੂੰ ਕਿਹਾ ਕਿ ਬੇਟਾ! ਅੱਜ ਸੰਗਤਾਂ ਦਾ ਬੜਾ ਇਕੱਠ ਹੈ ਮੈਂ ਚਾਹੁੰਦਾ ਹਾਂ ਕਿ ਸਾਰੀ ਸੰਗਤ ਨੂੰ ਮਠਿਆਈ ਖੁਆਈ ਜਾਏ, ਤਾਂ ਸ੍ਰੀ ਚੰਦ ਜੀ ਨੇ ਕਿਹਾ, ਪਿਤਾ ਜੀਉ! ਇਤਨੀ ਸੰਗਤ ਨੂੰ ਤਾਂ ਲੰਗਰ ਹੀ ਛਕਾਇਆ ਜਾਵੇ ਇਹੋ ਬਹੁਤ ਹੈ, ਪਰ ਮਠਿਆਈ ਦਾ ਪ੍ਰਬੰਧ ਹੋਣਾ ਤਾਂ ਬਹੁਤ ਹੀ ਮੁਸ਼ਕਲ ਹੈ। ਤਾਂ ਆਪ ਜੀ ਨੇ ਬਚਨ ਕੀਤਾ ਕਿ ਪੁੱਤ੍ਰ! ਤੂੰ ਇਸ ਸਾਹਮਣੇ ਜੰਡ ਦੇ ਦਰੱਖ਼ਤ ਪਰ ਚੜ੍ਹ ਜਾ, ਇਸਨੂੰ ਜ਼ੋਰ ਨਾਲ ਹਿਲਾ ਇਸ ਤੋਂ ਮਠਿਆਈ ਗਿਰੇਗੀ ਜਿਸਨੂੰ ਅਸੀਂ ਸੰਗਤਾਂ ਵਿਚ ਵਰਤਾਵਾਂਗੇ ਤਾਂ ਬਾਬਾ ਸ੍ਰੀ ਚੰਦ ਨੇ ਉਤਰ ਦਿੱਤਾ ਕਿ ਪਿਤਾ ਜੀਉ! ਤੁਹਾਡੀ ਉਮਰ ਵਡੇਰੀ ਹੋ ਗਈ ਹੈ ਇਸ ਲਈ ਅਣਹੋਈਆਂ ਗੱਲਾਂ ਕਰਨ ਲੱਗ ਪਏ ਹੋ ਕੀ ਕਦੇ ਦਰੱਖ਼ਤਾਂ ਤੋਂ ਭੀ ਮਠਿਆਈਆਂ ਝੜੀਆਂ ਹਨ, ਫਿਰ ਦਰੱਖ਼ਤ ਭੀ ਇਹ ਜੰਡ ਦਾ ਹੈ ਜਿਸਨੂੰ ਕਦੀ ਕੋਈ ਫੁਲ ਤੇ ਫਲ ਭੀ ਨਹੀਂ ਲਗਦਾ।

ਫਿਰ ਆਪ ਜੀ ਨੇ ਆਪਣੇ ਦੂਸਰੇ ਸਾਹਿਬਜ਼ਾਦੇ ਲਖਮੀ ਦਾਸ ਨੂੰ ਕਿਹਾ ਕਿ ਪੁੱਤ੍ਰ! ਤੂੰ ਇਸ ਦਰੱਖ਼ਤ 'ਤੇ ਚੜ੍ਹ ਜਾਹ, ਇਸ ਨੂੰ ਜ਼ੋਰ ਨਾਲ ਝੰਜੋੜ, ਇਸ ਤੋਂ ਗਿਰੀ ਹੋਈ ਮਠਿਆਈ ਅਸੀਂ ਸੰਗਤਾਂ ਵਿਚ ਵਰਤਾਵਾਂਗੇ, ਤਾਂ ਲਖਮੀ ਦਾਸ ਨੇ ਭੀ ਇਹੋ ਉਤਰ ਦਿਤਾ ਕਿ ਪਿਤਾ ਜੀਉ! ਵੱਡੇ ਭਰਾਤਾ ਜੀ ਠੀਕ ਹੀ ਕਹਿੰਦੇ ਹਨ ਕਿ ਤੁਹਾਡੀ ਉਮਰ ਵਡੇਰੀ ਹੋ ਗਈ ਹੈ, ਜਿਸ ਕਰਕੇ ਨਾ ਹੋਣ ਵਾਲੀਆਂ ਅਣਹੋਈਆਂ ਗੱਲਾਂ ਕਰਦੇ ਹੋ ਕਦੀ ਦਰੱਖ਼ਤਾਂ ਤੋਂ ਭੀ ਮਠਿਆਈਆਂ ਝੜੀਆਂ ਹਨ।

ਫਿਰ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਵੱਲ ਇਸ਼ਾਰਾ ਕੀਤਾ ਕਿ ਪੁਰਖਾ! ਤੂੰ ਹੀ ਇਸ ਦਰੱਖ਼ਤ ਤੇ ਚੜ੍ਹ ਕੇ ਇਸ ਨੂੰ ਜ਼ੋਰ ਨਾਲ ਹਲੂਣ ਜੋ ਇਸ ਤੋਂ ਮਠਿਆਈ ਗਿਰੇਗੀ ਅਸੀਂ ਸੰਗਤਾਂ ਵਿਚ ਵਰਤਾਵਾਂਗੇ। ਤਾਂ ਭਾਈ ਲਹਿਣਾ ਜੀ ਭੱਜਾ ਆਇਆ ਤੇ ਦਰੱਖ਼ਤ ਪਰ ਚੜ੍ਹਨ ਲੱਗਾ ਤਾਂ ਬਾਬਾ ਸ੍ਰੀ ਚੰਦ ਜੀ ਕਹਿਣ ਲੱਗੇ ਕਿ ਭਾਈ ਲਹਿਣਾ ਜੀ! ਦਰੱਖ਼ਤ ਪਰ ਨਾ ਚੜ੍ਹਿਓ ਲੋਕੀ ਹਾਸਾ ਉਡਾਉਣਗੇ, ਇਹ ਤਾਂ ਤੁਹਾਨੂੰ ਭੀ ਪਤਾ ਹੈ ਕਿ ਕਦੀ ਦਰੱਖ਼ਤਾਂ ਤੋਂ ਮਠਿਆਈ ਨਹੀਂ ਟਪਕਿਆ ਕਰਦੀ, ਇਸ ਲਈ ਵਾਪਸ ਮੁੜ ਆਓ। ਤਾਂ ਭਾਈ ਲਹਿਣਾ ਜੀ ਨੇ ਕਿਹਾ ਕਿ ਬਾਬਾ ਸ੍ਰੀ ਚੰਦ ਜੀ! ਇਸ ਦਰੱਖ਼ਤ ਤੋਂ ਮਠਿਆਈ ਗਿਰੇ ਜਾਂ ਨਾ ਗਿਰੇ ਇਸ ਨਾਲ ਸਾਡਾ ਕੋਈ ਮਤਲਬ ਨਹੀਂ, ਅਸੀਂ ਤਾਂ ਸਤਿਗੁਰਾਂ ਦੇ ਹੁਕਮ ਦੀ ਪਾਲਣਾ ਕਰਨੀ ਹੈ।

(੨) ਇਸੇ ਤਰ੍ਹਾਂ ਹੀ ਇਕ ਹੋਰ ਜ਼ਿਕਰ ਆਉਂਦਾ ਹੈ ਕਿ ਆਪ ਜੀ ਜੰਗਲ ਵਿਚ ਟੁਰੇ ਜਾ ਰਹੇ ਹਨ, ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਅਤੇ ਭਾਈ ਲਹਿਣਾ ਜੀ ਭੀ ਆਪ ਦੇ ਨਾਲ ਹਨ, ਰਸਤੇ ਵਿਚ ਇਕ ਬਹੁਤ ਵੱਡਾ ਪਾਣੀ ਦਾ ਛੱਪੜ ਆ ਗਿਆ ਤਾਂ ਆਪ ਜੀ ਦੇ ਹੱਥ ਵਿਚ ਜੋ ਇਕ ਬਹੁਤ ਸੁੰਦਰ ਡੋਲਾ ਹੈ ਉਸਨੂੰ ਉਸ ਛੱਪੜ ਵਿਚ ਸੁੱਟ ਦਿਤਾ, ਜਿਸ ਵਿਚ ਪਾਣੀ ਬਹੁਤ ਘਟ ਹੈ ਤੇ ਚਿੱਕੜ ਵਧੇਰੇ ਹੈ, ਤਾਂ ਆਪ ਜੀ ਨੇ ਬਾਬਾ ਸ੍ਰੀ ਚੰਦ ਨੂੰ ਹੁਕਮ ਕੀਤਾ ਕਿ ਪੁੱਤਰ! ਜਾਹ ਇਸ ਡੋਲੇ ਨੂੰ ਚਿੱਕੜ ਵਿਚੋਂ ਕੱਢ ਕੇ ਲਿਆ, ਤਾਂ ਸ੍ਰੀ ਚੰਦ ਨੇ ਕਿਹਾ ਕਿ ਪਿਤਾ ਜੀਉ! ਜੇ ਇਹ ਡੋਲਾ ਕੱਢ ਕੇ ਹੀ ਲਿਆਉਣਾ ਹੈ ਤਾਂ ਫਿਰ ਦਸੋ, ਤੁਸਾਂ ਇਹ ਸੁੱਟਿਆ ਹੀ ਕਿਉਂ ਹੈ? ਕਿਉਂਕਿ ਤੁਸਾਂ ਸਾਡੇ ਵੇਖਦਿਆਂ ਵੇਖਦਿਆਂ ਸੁੱਟਿਆ ਹੈ, ਪਰ ਜੇ ਕੱਢਣਾ ਹੀ ਹੈ ਤਾਂ ਕਿਸੇ ਆਪਣੇ ਹੋਰ ਸੇਵਕ ਨੂੰ ਹੁਕਮ ਦਿਓ, ਕਿਉਂਕਿ ਅਸੀਂ ਆਪ ਜੀ ਦੇ ਸਪੁੱਤ੍ਰ ਹਾਂ ਸਾਡੇ ਸਰੀਰਾਂ ਪਰ ਸੁੰਦਰ ਪੁਸ਼ਾਕ ਪਾਈ ਹੋਈ ਹੈ, ਇਹ ਚਿੱਕੜ ਨਾਲ ਖ਼ਰਾਬ ਹੋ ਜਾਏਗੀ। ਇਹੋ ਜੁਆਬ ਲਖਮੀ ਦਾਸ ਨੇ ਦਿਤਾ,

ਅਖ਼ੀਰ ਆਪ ਜੀ ਨੇ ਭਾਈ ਲਹਿਣੇ ਵੱਲ ਇਸ਼ਾਰਾ ਕੀਤਾ ਤਾਂ ਭਾਈ ਲਹਿਣੇ ਨੇ ਦੇਰ ਨਹੀਂ ਕੀਤੀ ਛੇਤੀ ਨਾਲ ਛੱਪੜ ਵਿਚੋਂ ਛਾਲ ਮਾਰ ਕੇ ਡੋਲਾ ਕੱਢ ਲੈ ਆਇਆ, ਤਾਂ ਆਪ ਜੀ ਨੇ ਭਾਈ ਲਹਿਣੇ ਨੂੰ ਚਿੱਕੜ ਨਾਲ ਲੱਥ ਪੱਥ ਹੋਏ ਨੂੰ ਗਲਵੱਕੜੀ ਵਿਚ ਲੈ ਲਿਆ ਤੇ ਬਚਨ ਕੀਤਾ ਕਿ ਭਾਈ ਲਹਿਣਾ ਜੀ ! ਤੁਸਾਂ ਇਹ ਲੋਟਾ ਹੀ ਚਿੱਕੜ ਵਿਚੋਂ ਨਹੀਂ ਕੱਢਿਆ, ਇਹ ਤਾਂ ਮਾਨੋ ਤੁਸਾਂ ਸਾਰੀ ਲੁਕਾਈ ਨੂੰ ਹੀ ਚਿੱਕੜ ਵਿਚੋਂ ਨਿਕਾਲ ਲਿਆ ਹੈ। ਉਹ ਦਿਨ ਦੂਰ ਨਹੀਂ ਜਦ ਕਿ ਤੁਸੀਂ ਇਸ ਮੇਰੇ ਸਿੰਘਾਸਣ ਪਰ ਬੈਠੋਗੇ ਮੇਰਾ ਸੀਸ ਤੇਰੇ ਚਰਨ ਕਮਲਾਂ 'ਤੇ ਝੁੱਕ ਕੇ ਨਮਸਕਾਰ ਕਰੇਗਾ, ਸਮਾਂ ਪਾ ਕੇ ਇਹ ਅਲੌਕਿਕ ਦ੍ਰਿਸ਼ ਸਾਰੇ ਜਗਤ ਨੇ ਤੱਕਿਆ ਹੈ।

(੩) ਸਿੱਖੀ ਨੂੰ ਪਰਖਣ ਲਈ ਜਗਤ ਗੁਰੂ ਨਾਨਕ ਦੇਵ ਜੀ ਨੇ ਤੀਸਰਾ ਇਕ ਹੋਰ ਭੀ ਪਰਚਾ ਪਾਇਆ ਕਿ ਆਪ ਜੀ ਇਕ ਦਿਨ ਸੁਭਾਵਕ ਹੀ ਧਾਣਕ ਜਿਹਾ ਡਰਾਉਣਾ ਰੂਪ ਧਾਰ ਕੇ ਹੱਥ ਵਿਚ ਕੁਤਕਾ ਲੈ ਕੇ ਜੰਗਲ ਵੱਲ ਨੂੰ ਟੁਰ ਪਏ। ਕਈਆਂ ਦੇ ਕੁਤਕਾ ਮਾਰ ਕੇ ਉਨ੍ਹਾਂ ਨੂੰ ਡਰਾਇਆ ਕਿ ਜਾਓ ਪਿਛੇ ਮੁੜ ਜਾਓ ਤੁਸਾਂ ਮੇਰੇ ਕੋਲੋਂ ਕੀ ਲੈਣਾ ਹੈ ? ਕਈ ਤਾਂ ਇਸ ਅਸਚਰਜ ਕੌਤਕ ਨੂੰ ਨ ਸਮਝਦੇ ਹੋਏ ਡਰਦੇ ਵਾਪਸ ਮੁੜ ਗਏ, ਅਤੇ ਜਿਹੜੇ ਅਗੇ ਵਧੇ ਉਨ੍ਹਾਂ ਵੱਲ ਰੁਪਇਆਂ ਦੀਆਂ ਥੈਲੀਆਂ ਸੁੱਟ ਕੇ ਕਿਹਾ ਕਿ ਤੁਸਾਂ ਮੇਰੇ ਕੋਲੋਂ ਕੀ ਲੈਣਾ ਹੈ ਇਹ ਰੁਪਇਆਂ ਦੀਆਂ ਥੈਲੀਆਂ ਚੁੱਕ ਕੇ ਵਾਪਸ ਘਰ ਨੂੰ ਮੁੜ ਜਾਓ। ਕਈ ਮਾਇਆ ਦੇ ਸ਼ਰਧਾਲੂ ਮਾਇਆ ਲੈ ਕੇ ਵਾਪਸ ਮੁੜ ਗਏ, ਕਈ ਮਾਇਆ ਨਾਲ ਭੀ ਪਿਛੇ ਨ ਮੁੜੇ, ਉਨ੍ਹਾਂ ਲਈ ਆਪ ਜੀ ਨੇ ਮੋਹਰਾਂ ਸੁੱਟੀਆਂ ਕਈ ਮੋਹਰਾਂ ਲੈ ਕੇ ਪਿਛੇ ਮੁੜ ਗਏ ਜਦੋਂ ਸਾਰੇ ਹੀ ਵਾਪਸ ਮੁੜ ਗਏ ਆਖ਼ਰ ਭਾਈ ਲਹਿਣਾ ਜੀ ਹੀ ਇਕੱਲੇ ਰਹਿ ਗਏ ਤਾਂ ਆਪ ਜੀ ਨੇ ਕਿਹਾ ਕਿ ਪੁਰਖਾ ! ਸਾਰੇ ਹੀ ਵਾਪਸ ਚਲੇ ਗਏ ਹਨ ਤੂੰ ਕਿਉਂ ਨਹੀਂ ਮੁੜਿਆ ਤਾਂ ਭਾਈ ਲਹਿਣੇ ਨੇ ਬੇਨਤੀ ਕੀਤੀ ਕਿ ਹੇ ਸਤਿਗੁਰੋ ! (ਕਿਸ ਹੀ ਕੋਈ ਕੋਇ ਮੰਞ ਨਿਮਾਣੀ ਇਕ ਤੂੰ) ਭਾਵ, ਹਜ਼ੂਰ ਜੀਉ ! ਜਿਸ ਕਿਸੇ ਦਾ ਪਿਛੇ ਕੋਈ ਆਸਰਾ ਸੀ, ਉਹ ਵਾਪਸ ਚਲਾ ਗਿਆ ਹੈ ਪਰ ਮੇਰਾ ਤਾਂ ਆਪ ਜੀ ਤੋਂ ਬਿਨਾ ਹੋਰ ਕੋਈ ਭੀ ਨਹੀਂ ਦਸੋ ਮੈਂ ਤੁਹਾਡੀ ਚਰਨ ਸ਼ਰਨ ਨੂੰ ਛਡ ਕੇ ਕਿਥੇ ਜਾਵਾਂ ? ਇਸ ਲਈ ਮੈਨੂੰ ਤਾਂ ਆਪਣੇ ਪਵਿੱਤ੍ਰ ਚਰਨਾਂ ਵਿਚ ਹੀ ਸਦਾ ਰਖੋ।

ਇਸ ਤਰ੍ਹਾਂ ਦੇ ਅਸਚਰਜ ਕੌਤਕ ਵਿਖਾ ਕੇ ਪੁੱਤ੍ਰਾਂ ਤੇ ਸਿੱਖਾਂ ਦੀ ਪਰਖ ਕਰਨੀ ਭੀ ਇਸ ਲਈ ਜ਼ਰੂਰੀ ਸੀ ਕਿਉਂਕਿ ਆਪ ਜੀ ਨੇ ਉਹ ਵਿਸ਼ਾਲ ਹਿਰਦਾ ਵੇਖਣਾ ਸੀ ਜੋ ਇਲਾਹੀ ਜੋਤ ਦੀ ਅਜਰ ਸ਼ਕਤੀ ਨੂੰ ਜਰ ਲੈਣ ਦੀ ਸ਼ਕਤੀ ਰੱਖ ਸਕਦਾ ਹੋਵੇ। ਕਿਉਂਕਿ ਅੰਤਰਜਾਮੀ ਸਤਿਗੁਰੂ ਨੂੰ ਇਹ ਤਾਂ ਪ੍ਰਤੱਖ ਹੀ ਵੇਖਣ ਵਿਚ ਆ ਰਿਹਾ ਸੀ ਕਿ ਸੰਸਾਰਕ ਧਨ, ਦੌਲਤ, ਮਹਲ, ਮਾੜੀਆਂ ਤੇ ਜਾਇਦਾਦਾਂ ਦਾ ਭਾਰ ਚੁੱਕ ਲੈਣਾ ਕੋਈ ਹੋਰ ਗੱਲ ਹੈ ਪਰ ਜਗਤ ਦਾ ਉਧਾਰ ਕਰਨ ਆਈ ਜੋਤੀ ਸਰੂਪ ਦੀ ਅਜਰ ਸ਼ਕਤੀ ਨੂੰ ਜਰ ਲੈਣ ਦੀ ਕੋਈ ਹੋਰ ਗੱਲ ਹੈ। ਇਸ ਲਈ ਪਹਿਲੋਂ ਆਪ ਜੀ ਨੇ ਆਪਣੇ ਪੁੱਤਰਾਂ ਦੀ ਪਰਖ ਕਰੀ ਜਿਸ ਪਰਖ ਵਿਚ ਪੁੱਤ੍ਰ ਪਾਸ ਨ ਹੋ ਸਕੇ ਇਸ ਦੀ ਜਾਣਕਾਰੀ ਸਤੇ ਬਲਵੰਡ ਨੇ ਰਾਮਕਲੀ ਦੀ ਵਾਰ ਵਿਚ ਪ੍ਰਤੱਖ਼ਸ਼ ਦਰਸਾਈ ਹੈ, ਜਿਵੇਂ ਕਿ :

ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ ॥
ਦਿਲਿ ਖੋਟੈ ਆਕੀ ਫਿਰਨਿ੍
ਬੰਨਿ੍ ਭਾਰੁ ਉਚਾਇਨਿ੍ ਛਟੀਐ ॥.......
ਗੁਰ ਅੰਗਦ ਦੀ ਦੋਹੀ ਫਿਰੀ
ਸਚੁ ਕਰਤੈ ਬੰਧਿ ਬਹਾਲੀ ॥
ਨਾਨਕੁ ਕਾਇਆ ਪਲਟੁ ਕਰਿ
ਮਲਿ ਤਖਤੁ ਬੈਠਾ ਸੈ ਡਾਲੀ ॥........
ਹੋਰਿਓ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ ॥
ਨਾਨਕ ਈਸਰਿ ਜਗਨਾਥਿ
ਉਚਹਦੀ ਵੈਣੁ ਵਿਰਿਕਿਓਨੁ ॥........
ਕੁਦਰਤਿ ਅਹਿ ਵੇਖਾਲੀਅਨੁ
ਜਿਣਿ ਐਵਡ ਪਿਡ ਠਿਣਕਿਓਨੁ ॥
ਲਹਣੇ ਧਰਿਓਨੁ ਛਤ੍ਰੁ ਸਿਰਿ
ਅਸਮਾਨਿ ਕਿਆੜਾ ਛਿਕਿਓਨੁ ॥
ਜੋਤਿ ਸਮਾਣੀ ਜੋਤਿ ਮਾਹਿ
ਆਪੁ ਆਪੈ ਸੇਤੀ ਮਿਕਿਓਨੁ ॥
ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥੪॥

*(ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਪੰਨਾ ੯੬੭)*

ਇਸ ਤਰ੍ਹਾਂ ਜਦੋਂ ਪੁੱਤ੍ਰ ਤੇ ਸਿਖ ਗੁਰੂ ਨਾਨਕ ਦੇਵ ਜੀ ਦੀ ਪਰਖ ਰੂਪ ਕਸਵੱਟੀ 'ਤੇ ਪੂਰੇ ਨ ਉਤਰ ਸਕੇ ਤਾਂ ਆਪ ਜੀ ਨੇ ਭਾਈ ਲਹਿਣੇ ਜੀ ਦੇ ਸਿਰ ਪਰ ਇਹ ਗੁਰਿਆਈ ਦਾ ਛੱਤ੍ਰ ਝੁਲਾ ਦਿਤਾ, ਇਸ ਅਸਚਰਜ

ਕੌਤਕ ਨੂੰ ਵੇਖ ਕੇ ਸਾਰੇ ਦੁਨੀਆ ਦੇ ਲੋਕ ਆਖ ਰਹੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਇਹ ਕੀ ਕੀਤਾ ਜੋ ਉਲਟੀ ਹੀ ਗੰਗਾ ਵਗਾ ਦਿਤੀ ਭਾਵ ਪੁੱਤ੍ਰਾਂ ਨੂੰ ਛੱਡ ਕੇ ਗੁਰਤਾ ਗੱਦੀ 'ਤੇ ਭਾਈ ਲਹਿਣੇ ਨੂੰ ਸਥਾਪਨ ਕਰ ਦਿਤਾ, ਪਰ ਗੁਰੂ ਨਾਨਕ ਦੇਵ ਜੀ ਨੇ ਤਾਂ ਜਦੋਂ ਭਾਈ ਲਹਿਣੇ ਨੂੰ ਚੰਗੀ ਤਰ੍ਹਾਂ ਪਰਖ ਲਿਆ ਸੀ ਤਦੋਂ ਹੀ ਇਸ ਗੁਰਤਾ ਗੱਦੀ ਪਰ ਸ਼ੁਸ਼ੋਭਤ ਕੀਤਾ।

ਇਸ ਉਪ੍ਰੋਕਤ ਗੁਰਬਾਣੀ ਤੇ ਗੁਰ-ਇਤਿਹਾਸ ਦੇ ਪ੍ਰਸੰਗ ਤੋਂ ਮੈਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ, ਜਿਨ੍ਹਾਂ ਵਿਚ ਇਹੋ ਭਾਵ ਦਰਸਾਇਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਆਪਣੇ ਚੇਲੇ ਨੂੰ ਆਪਣੇ ਅੰਗਾਂ ਨਾਲ ਲਗਾ ਕੇ ਗੁਰੂ ਅੰਗਦ ਦੇਵ ਜੀ ਬਣਾ ਦਿਤਾ, ਜਿਵੇਂ ਕਿ ਅਸੀਂ ਵੇਖਦੇ ਹਾਂ ਕਿ :

(੧) (ਬਾਬੇ ਗੁਰੂ ਨਾਨਕ ਦੇਵ ਨੇ) ਆਪਣੇ ਅੰਗਾਂ (ਸਰੀਰ) ਨਾਲ ਲਗਾ ਕੇ (ਗੁਰੂ) ਅੰਗਦ ਜੀ ਨੂੰ ਪੈਦਾ ਕਰ ਦਿਤਾ (ਮਾਨੋ ਜਿਵੇਂ) ਗੰਗਾ (ਦਰਿਆ) ਵਿਚੋਂ ਤਰੰਗ ਪੈਦਾ ਹੁੰਦਾ ਹੈ।

(੨) ਗਹਿਰ ਗੰਭੀਰ (ਅਥਾਹ ਡੂੰਘਾ) ਤੇ ਅਥਾਹ ਗੁਣਾਂ ਵਾਲਾ ਗੁਰਮੁਖ, ਗੁਰੂ ਤੇ ਗੋਬਿੰਦ ਸਦਾਇਆ (ਅਖਵਾਇਆ)।

(੩) ਉਹ ਦੁਖਾਂ ਤੇ ਸੁਖਾਂ ਦੋਹਾਂ ਦਾ ਦਾਤਾ ਹੈ। ਦੁਖ ਤੇ ਸੁਖ ਉਸ ਲਈ ਇਕੋ ਜੇਹੇ ਹਨ ਤੇ ਦੁਖਾਂ ਸੁਖਾਂ ਦਾ ਉਸਨੂੰ ਰਤਾ ਵੀ ਲੇਪ (ਅਸਰ) ਨਹੀਂ ਹੁੰਦਾ।

(੪) ਗੁਰੂ ਚੇਲਾ (ਗੁਰੂ ਨਾਨਕ ਤੇ ਗੁਰੂ ਅੰਗਦ) ਨੇ ਅਜਿਹਾ ਪ੍ਰੇਮ ਦਾ ਪਰਚਾ (ਪਿਆਰ ਵਾਲਾ) ਪਾਇਆ ਕਿ ਗੁਰੂ ਚੇਲਾ ਬਣ ਗਿਆ ਤੇ ਚੇਲਾ ਗੁਰੂ ਥਾਪਿਆ ਗਿਆ (ਦੋਵੇਂ ਇਕ ਰੂਪ ਹੋ ਗਏ)।

(੫) (ਜਿਵੇਂ) ਬ੍ਰਿਛ ਨੂੰ ਫਲ ਲਗਦਾ ਹੈ ਤੇ ਫਲ ਦੇ ਬੀਜ ਤੋਂ ਅਗੋਂ ਫਿਰ ਬ੍ਰਿਛ ਹੁੰਦਾ ਹੈ। ਭਾਵ ਪਿਉ ਪੁੱਤ੍ਰ ਤੇ ਪਤੀਜਿਆ (ਪ੍ਰਸੰਨ ਹੋਇਆ) ਤੇ ਪੁੱਤ੍ਰ ਪਿਉ ਦਾ ਪਿਆਰਾ ਪ੍ਰੇਮੀ ਬਨਿਆ (ਪਤੀਜ ਗਿਆ)।

(੬) ਪਾਰਬ੍ਰਹਮ ਜੋ ਪੂਰਨ ਬ੍ਰਹਮ ਰੂਪ ਹੈ ਉਸ ਅਲੱਖ ਰੂਪ ਨੂੰ ਸ਼ਬਦ ਤੇ ਸੁਰਤ ਵਿਚ ਲਿਵ ਲਗਾ ਕੇ ਜਣਾ ਦਿਤਾ ਹੈ।

(੭) (ਇਸ ਤਰ੍ਹਾਂ) ਬਾਬੇ (ਨਾਨਕ) ਦੇ ਘਰੋਂ ਗੁਰੂ ਅੰਗਦ ਦੇਵ ਜੀ ਪ੍ਰਗਟ ਹੋ ਗਏ।੫।

***ਭਾਵਾਰਥ :*** ਇਸ ਤਰ੍ਹਾਂ ਸਾਰੇ ਸੰਸਾਰ ਵਿਚ ਘਰ ਘਰ ਖ਼ਬਰ ਹੋ ਗਈ ਕਿ ਗੁਰੂ ਨਾਨਕ ਨੇ ਆਪਣੀ ਕਾਇਆਂ ਪਲਟ ਕੇ ਗੁਰੂ ਅੰਗਦ ਦੇਵ ਜੀ ਦਾ ਰੂਪ ਧਾਰਨ ਕਰ ਲਿਆ ਹੈ, ਇਸ ਲਈ ਗੁਰੂ ਨਾਨਕ ਦੇਵ ਜੀ ਅਗੋਂ ਲਈ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਸਾਧਕਾਂ ਦਾ ਉਧਾਰ ਕਰਨਗੇ।

## ੬. ਬਾਬੇ ਦੇ ਘਰ ਗੁਰੂ ਅੰਗਦ ਦਾ ਪ੍ਰਕਾਸ਼

**੧. ਪਾਰਸੁ ਹੋਇਆ ਪਾਰਸਹੁ**
**ਸਤਿਗੁਰ ਪਰਚੇ ਸਤਿਗੁਰ ਕਹਿਣਾ।**
**੨. ਚੰਦਨੁ ਹੋਇਆ ਚੰਦਨਹੁ**
**ਗੁਰ ਉਪਦੇਸ਼ ਰਹਤ ਵਿਚਿ ਰਹਿਣਾ।**
**੩. ਜੋਤਿ ਸਮਾਣੀ ਜੋਤਿ ਵਿਚ**
**ਗੁਰਮਤਿ ਸੁਖ ਦੁਰਮਤਿ ਦੁਖ ਦਹਿਣਾ।**
**੪. ਅਚਰਜ ਨੋਂ ਅਚਰਜੁ ਮਿਲੈ**
**ਵਿਸਮਾਦੈ ਵਿਸਮਾਦ ਸਮਹਿਣਾ।**
**੫. ਅਪਿਉ ਪੀਅਣ ਨਿੱਝਰੁ ਝਰਣੁ**
**ਅਜਰ ਜਰਨ ਅਸਹੀਅਨੁ ਸਹਿਣਾ।**
**੬. ਸੱਚ ਸਮਾਣਾ ਸੱਚੁ ਵਿੱਚ**
**ਗਾਡੀ ਰਾਹੁ ਸਾਧਸੰਗ ਵਹਿਣਾ।**
**੭. ਬਾਬਾਣੈ ਘਰਿ ਚਾਨਣੁ ਲਹਿਣਾ ॥੬॥**

***ਪਦ ਅਰਥ :*** ਕਹਿਣਾ—ਅਖਵਾਇਆ, ਕਹਾਇਆ। ਦਹਿਣਾ—ਦਗਧ ਹੋਏ, ਨਾਸ ਹੋਏ। ਅਪਿਉ—ਅੰਮ੍ਰਿਤ। ਨਿਝਰ ਝਰਣੁ—ਇਕ ਰਸ ਧਾਰਾ ਡਿਗਣੀ। ਅਸਹੀਅਨੁ—ਜੋ ਨ ਸਹਾਰਿਆ ਜਾਵੇ। ਵਹਿਣਾ—ਵਹਾਉ, ਚੱਲਣਾ। ਬਾਬਾਣੈ ਘਰਿ—ਬਾਬੇ ਦੇ ਸਰੂਪ ਰੂਪ ਘਰ ਵਿਚ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਇਹ ਤਾਂ ਆਪ ਜੀ ਭਲੀ ਪ੍ਰਕਾਰ ਵੇਖ ਹੀ ਰਹੇ ਹੋ ਕਿ ਜਿਤਨੇ ਭੀ ਆਪ ਜੀ ਪਾਸੋਂ ਅਸੀਂ ਗੁਰਮਤ ਦੇ ਵੀਚਾਰ ਸਰਵਣ ਕਰਨ ਵਾਲੇ ਸਰੋਤੇ ਹਾਂ, ਉਹ ਸਾਰੇ ਹੀ ਤਕਰੀਬਨ ਵਿਦਿਆ ਪੱਖ ਵੱਲੋਂ ਕਮਜ਼ੋਰ ਹਾਂ, ਇਸੇ ਕਮਜ਼ੋਰੀ ਦਾ ਸਦਕਾ ਸਾਨੂੰ

ਕਈ ਵਾਰ ਗੁਰਮਤ ਦੀਆਂ ਵੀਚਾਰਾਂ ਸੁਣ ਕੇ ਭਰਮ ਭੁਲੇਖੇ ਭੀ ਪੈਦਾ ਹੋ ਜਾਂਦੇ ਹਨ, ਜਿਨ੍ਹਾਂ ਦੀ ਨਵਿਰਤੀ ਲਈ ਅਸੀਂ ਆਪ ਜੀ ਦੇ ਪਾਸ ਸਾਦੀ ਜੇਹੀ ਭਾਸ਼ਾ ਵਿਚ ਸਾਦੇ ਜੇਹੇ ਪ੍ਰਸ਼ਨ ਭੀ ਕਰਦੇ ਰਹਿੰਦੇ ਹਾਂ, ਪਰ ਉਨ੍ਹਾਂ ਪ੍ਰਸ਼ਨਾਂ ਦਾ ਭਾਵ ਸਾਡੀ ਗੁਰਮਤ 'ਤੇ ਕੋਈ ਤ੍ਰੁਕ-ਦ੍ਰਿਸ਼ਟੀ ਨਹੀਂ ਹੋਇਆ ਕਰਦੀ ਕੇਵਲ ਸੰਸੇ ਦੀ ਨਵਿਰਤੀ ਕਰਾਉਣ ਦਾ ਹੀ ਕਾਰਨ ਹੋਇਆ ਕਰਦਾ ਹੈ, ਜਿਵੇਂ ਕਿ ਅਸੀਂ ਹੁਣ ਆਪ ਜੀ ਤੋਂ ਇਸ ਸੰਬੰਧ ਵਿਚ ਜਾਣਕਾਰੀ ਲੈਣਾ ਚਾਹੁੰਦੇ ਹਾਂ ਕਿ ਭਾਈ ਲਹਿਣਾ ਜੀ ਜੋ ਕਿ ਇਕ ਆਮ ਸੰਸਾਰੀ ਲੋਕਾਂ ਦੀ ਗਿਣਤੀ ਵਿਚ ਹੀ ਗਿਣਿਆ ਜਾਂਦਾ ਸੀ ਉਹ ਜਗਤ ਗੁਰੂ, ਗੁਰ ਨਾਨਕ ਦੇਵ ਜੀ ਦੀ ਗੁਰਤਾ ਗੱਦੀ ਪਰ ਕਿਵੇਂ ਸਸ਼ੋਭਤ ਹੋ ਗਿਆ ਇਸ ਬਾਰੇ ਕੋਈ ਉਦਾਹਰਣ ਦੇਣ ਦੀ ਖੇਚਲ ਕਰੋ, ਧੰਨਵਾਦੀ ਹੋਵਾਂਗੇ ?

**ਉ:** ਹੇ ਭਾਈਓ ! ਜੇ ਅਸੀਂ ਗੁਰਬਾਣੀ ਤੇ ਗੁਰ-ਇਤਿਹਾਸ ਵਿਚ ਆਏ ਗੁਰੂ ਦੇ ਅਗੰਮੀ ਕੌਤਕਾਂ ਨੂੰ ਸਮਝਣ ਦਾ ਯਤਨ ਕਰਾਂਗੇ ਤਾਂ ਉਹ ਇਉਂ ਹੀ ਕਹਿਣਾ ਪਵੇਗਾ ਕਿ ਜਿਵੇਂ ਇਕ ਕਮਜ਼ੋਰ ਖੰਭਾਂ ਵਾਲਾ ਪੰਛੀ ਅਕਾਸ਼ ਵਿਚ ਉਡਾਰੀ ਮਾਰ ਕੇ ਅਕਾਸ਼ ਦਾ ਅੰਤ ਨਹੀਂ ਲੈ ਸਕਦਾ, ਇਸੇ ਤਰ੍ਹਾਂ ਇਹ ਅਸਥੂਲ ਬੁੱਧੀ ਦਾ ਮਾਲਕ ਇਹ ਮਨੁੱਖ ਭੀ ਗੁਰੂ ਤੇ ਅਕਾਲ ਪੁਰਖ ਦੀਆਂ ਅਗੰਮੀ ਖੇਡਾਂ ਨੂੰ ਸਮਝਣ ਵੱਲੋਂ ਅਸਮਰੱਥ ਹੈ। ਇਹ ਠੀਕ ਹੈ ਕਿ ਮੈਨੂੰ ਗੁਰੂ ਦੀ ਚਰਨ ਸ਼ਰਨ ਵਿਚ ਦੇਰ ਕਾਲ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ ਹੈ, ਉਸ ਸਮੇਂ ਵਿਚ ਮੈਨੂੰ ਗੁਰਬਾਣੀ ਲਿਖਣ ਤੇ ਗੁਰਮਤ ਸੁਣਦੇ ਰਹਿਣ ਦਾ ਸਮਾਂ ਭੀ ਮਿਲਿਆ ਹੈ, ਪਰ ਉਹ ਗੁਰੂ ਦੀ ਸਾਰੀ ਸੁਣੀ ਹੋਈ ਗੁਰਮਤ ਤਾਂ ਭਾਵੇਂ ਮੇਰੇ ਚੇਤੇ ਨਹੀਂ ਫਿਰ ਵੀ ਜਿਤਨੀ ਕੁ ਮੈਨੂੰ ਸਿਮਰਤੀ ਹੈ ਉਹ ਕਹਿਣ ਦਾ ਜ਼ਰੂਰ ਯਤਨ ਕਰਾਂਗਾ।

ਹੇ ਭਾਈਓ ! ਜਿਵੇਂ ਕਿ ਮੈਂ ਪਿਛੇ ਭੀ ਜ਼ਿਕਰ ਕਰ ਆਇਆ ਹਾਂ ਕਿ ਗੁਰੂ ਨੇ ਉਸ ਰੱਬੀ ਜੋਤਿ ਨੂੰ ਠਹਿਰਾਉਣ ਦਾ ਅਧਿਕਾਰੀ ਹਿਰਦਾ ਵੇਖਿਆ ਜਿਥੇ ਕਿ ਉਹ ਅਗੰਮੀ ਜੋਤਿ ਠਹਿਰਾਈ ਜਾ ਸਕਦੀ ਸੀ, ਜਿਵੇਂ ਕਿ ਕਿਸੇ ਜ਼ਰਖ਼ੇਜ਼, ਚੰਗੀ ਧਰਤੀ ਵਿਚ ਬੀਜਿਆ ਬੀਜ ਹੀ ਪ੍ਰਫੁੱਲਤ ਹੋ ਸਕਦਾ ਹੈ, ਕੱਲਰ ਦੀ ਜ਼ਮੀਨ ਵਿਚ ਬੀਜਿਆ ਬੀਜ ਬੇਅਰਥ ਚਲਾ ਜਾਂਦਾ ਹੈ, ਇਸੇ ਤਰ੍ਹਾਂ ਉਸ ਜੋਤੀ ਸਰੂਪ ਦੀ ਅਗੰਮੀ ਜੋਤਿ ਜਿਸਨੇ ਸਾਰੀ ਮਨੁੱਖਤਾ ਦਾ ਉਧਾਰ ਕਰਨਾ ਸੀ, ਉਸ ਦੀ ਪਰਖ ਕਰਨੀ ਭੀ ਅਤਿ ਜ਼ਰੂਰੀ ਸੀ ਜੋ ਕਿ ਗੁਰੂ ਨਾਨਕ ਦੇਵ ਜੀ ਨੇ ਕੀਤੀ ਹੈ। ਜਿਵੇਂ ਅਸੀਂ ਵੇਖਦੇ ਹਾਂ ਕਿ ਇਕ ਲੋਹਾ ਪਾਰਸ ਨੂੰ ਪਰਸ ਕੇ ਸੋਨਾ ਬਣ ਜਾਂਦਾ ਹੈ, ਇਸ ਭਾਵ ਨੂੰ ਗੁਰਬਾਣੀ ਵਿਚ ਕਈ ਥਾਵਾਂ 'ਤੇ ਪ੍ਰਗਟਾਇਆ ਹੈ, ਜਿਵੇਂ ਕਿ :

ਪਾਰਸੁ ਜਬ ਭੇਟੈ ਗੁਰੁ ਪੂਰਾ
ਤਾ ਪਾਰਸੁ ਪਰਸਿ ਦਿਖਾਇਣਾ ॥੭॥

*(ਮਾਰੂ ਮਹਲਾ ੫, ਪੰਨਾ ੧੦੭੮)*

ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ ॥
ਜਿਨ ਕਉ ਪੂਰਬਿ ਲਿਖਿਆ
ਤਿਨ ਸਤਗੁਰੁ ਮਿਲਿਆ ਆਇ ॥੪॥

*(ਸਿਰੀ ਰਾਗੁ ਮਹਲਾ ੩ ਘਰੁ ੧, ਪੰਨਾ ੨੭)*

ਪਾਰਸਿ ਪਰਸਿਐ ਪਾਰਸੁ ਹੋਏ ਜਾ ਤੇਰੈ ਮਨਿ ਭਾਣੇ ॥
ਅਮਰਾ ਪਦੁ ਪਾਇਆ ਆਪੁ ਗਵਾਇਆ
ਵਿਰਲਾ ਗਿਆਨ ਵੀਚਾਰੀ ॥

*(ਧਨਾਸਰੀ ਮਹਲਾ ੧, ਪੰਨਾ ੬੮੮)*

ਪਾਰਸ ਪਰਸਿਐ ਪਾਰਸੁ ਹੋਵੈ ਸਚਿ ਰਹੈ ਲਿਵ ਲਾਇ ॥
ਜਿਸੁ ਪੂਰਬਿ ਹੋਵੈ ਲਿਖਿਆ
ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ ॥

*(ਸਲੋਕ ਮ: ੩, ਪੰਨਾ ੬੪੯)*

ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥

*(ਸਵਯੇ ਮ: ੫ ਕੇ, ਪੰਨਾ ੧੪੦੮)*

ਗਗਨਿ ਨਿਵਾਸਿ ਸਮਾਧਿ ਲਗਾਵੈ ॥
ਪਾਰਸੁ ਪਰਸਿ ਪਰਮ ਪਦੁ ਪਾਵੈ ॥੨॥

*(ਆਸਾ ਮਹਲਾ ੧, ਪੰਨਾ ੪੧੧)*

ਪਾਰਸ ਪਰਸੇ ਫਿਰਿ ਪਾਰਸੁ ਹੋਏ
ਹਰਿ ਜੀਉ ਆਪਣੀ ਕਿਰਪਾ ਧਾਰੀ ॥੨॥

*(ਰਾਮਕਲੀ ਮਹਲਾ ੩, ਪੰਨਾ ੯੧੧)*

ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ ॥
ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥੩॥

*(ਆਸਾ, ਪੰਨਾ ੪੮੧)*

ਹਰਿ ਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ ॥
ਪਾਰਸਿ ਭੇਟਿਐ ਕੰਚਨੁ ਭਇਆ
ਕੀਮਤਿ ਕਹੀ ਨ ਜਾਇ ॥੧੦॥

*(ਪ੍ਰਭਾਤੀ ਮ: ੩, ਪੰਨਾ ੧੩੪੬)*

ਪਾਰਸੁ ਭੇਟਿ ਕੰਚਨੁ ਧਾਤੁ ਹੋਈ
ਸਤਸੰਗਤਿ ਕੀ ਵਡਿਆਈ ॥੬॥

*(ਗੂਜਰੀ ਮ: ੧, ਪੰਨਾ ੫੦੫)*

ਜਿਨ ਕਉ ਤਖਤਿ ਮਿਲੈ ਵਡਿਆਈ
ਗੁਰਮੁਖਿ ਸੇ ਪਰਧਾਨ ਕੀਏ॥
ਪਾਰਸੁ ਭੇਟਿ ਭਏ ਸੇ ਪਾਰਸ
ਨਾਨਕ ਹਰਿ ਗੁਰ ਸੰਗਿ ਥੀਏ॥੪॥੪॥੧੨॥

*(ਬਸੰਤੁ ਹਿੰਡੋਲ ਮ: ੧, ਪੰਨਾ ੧੧੭੨)*

ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ॥੫॥
ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ॥

*(ਗਉੜੀ ਬੈਰਾਗਣਿ ਭਗਤ ਰਵਿਦਾਸ ਜੀ, ਪੰਨਾ ੩੪੬)*

ਇਸੇ ਤਰ੍ਹਾਂ ਸਾਨੂੰ ਗੁਰਬਾਣੀ ਵਿਚੋਂ ਹੋਰ ਭੀ ਉਦਾਹਰਣ ਮਿਲਦੇ ਹਨ ਕਿ ਲੋਹਾ ਪਾਰਸ ਨਾਲ ਮਿਲਕੇ ਸੋਨਾ ਬਣ ਜਾਂਦਾ ਹੈ, ਜਿਸ ਦੀ ਅਨੰਤ ਗੁਣਾਂ ਹੋਰ ਭੀ ਕੀਮਤ ਵਧ ਜਾਂਦੀ ਹੈ।

ਪਾਰਸ ਦੀ ਤਰ੍ਹਾਂ ਹੀ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਇਕ ਹੋਰ ਵੀ ਚੰਦਨ ਦੇ ਬਿਰਛ ਦਾ ਉਦਾਹਰਣ ਮਿਲਦਾ ਹੈ, ਜਿਸਦੀ ਸੰਗਤ ਕਰਨ ਨਾਲ ਹੋਰ ਭੀ ਜੰਗਲ ਦੀ ਬਨਾਸਪਤੀ ਸੁਗੰਧਤ ਹੋ ਜਾਂਦੀ ਹੈ। ਜਿਵੇਂ ਕਿ ਅਸੀਂ ਬਾਣੀ ਵਿਚ ਪੜ੍ਹਦੇ ਹਾਂ ਕਿ :

ਚੰਦਨ ਕੈ ਸੰਗਿ ਤਰਵਰੁ ਬਿਗਰਿਓ॥
ਸੋ ਤਰਵਰੁ ਚੰਦਨੁ ਹੋਇ ਨਿਬਰਿਓ॥੨॥
ਪਾਰਸ ਕੈ ਸੰਗਿ ਤਾਂਬਾ ਬਿਗਰਿਓ॥
ਸੋ ਤਾਂਬਾ ਕੰਚਨੁ ਹੋਇ ਨਿਬਰਿਓ॥੩॥
ਸੰਤਨ ਸੰਗਿ ਕਬੀਰਾ ਬਿਗਰਿਓ॥
ਸੋ ਕਬੀਰੁ ਰਾਮੈ ਹੋਇ ਨਿਬਰਿਓ॥੪॥੫॥

*(ਪੰਨਾ ੧੧੫੮)*

ਚੰਦਨ ਗੰਧ ਸੁਗੰਧ ਹੈ ਬਹੁ ਬਾਸਨਾ ਬਹਕਾਰਿ॥
ਹਰਿ ਜਨ ਕਰਣੀ ਊਤਮ ਹੈ
ਹਰਿ ਕੀਰਤਿ ਜਗਿ ਬਿਸਥਾਰਿ॥੩॥

*(ਮਲਾਰ ਮਹਲਾ ੩, ਪੰਨਾ ੧੨੬੦)*

ਕੇਸਰਿ ਕੁਸਮ ਮਿਰਗ ਮੈ ਹਰਣਾ
ਸਰਬ ਸਰੀਰੀ ਚੜ੍ਹਣਾ॥
ਚੰਦਨ ਭਗਤਾ ਜੋਤਿ ਇਨੇਹੀ
ਸਰਬੇ ਪਰਮਲੁ ਕਰਣਾ॥੨॥
ਘਿਅ ਪਟ ਭਾਂਡਾ ਕਹੈ ਨ ਕੋਇ॥
ਐਸਾ ਭਗਤੁ ਵਰਨ ਮਹਿ ਹੋਇ॥

*(ਤਿਲੰਗ ਮ: ੧, ਪੰਨਾ ੭੨੧)*

ਇਹ ਤਾਂ ਅਸੀਂ ਵੇਖਦੇ ਹਾਂ ਕਿ ਪਾਰਸ ਦਾ ਸੰਗ ਕਰਕੇ ਲੋਹਾ ਸੋਨੇ ਦਾ ਰੂਪ ਹੋ ਜਾਂਦਾ ਹੈ, ਪਰ ਉਹ ਸੋਨਾ ਅਗੇ ਕਿਸੇ ਹੋਰ ਲੋਹੇ ਨੂੰ ਪਰਸ ਕੇ ਸੋਨਾ ਨਹੀਂ ਬਣਾ ਸਕਦਾ। ਪਰ ਗੁਰੂ ਤਾਂ ਪਰਮ ਪਾਰਸ ਹਨ ਜੋ ਅਗੇ ਤੋਂ ਅਗੇ ਹੋਰ ਗੁਰੂ ਬਣਾਉਣ ਦੀ ਸਮਰੱਥਾ ਰਖਦੇ ਹਨ, ਜਿਵੇਂ ਪਰਮ ਪਾਰਸ ਰੂਪ ਗੁਰੂ ਨਾਨਕ ਦੇਵ ਜੀ ਨੂੰ ਪਰਸ ਕੇ ਭਾਈ ਲਹਿਣਾ ਜੀ ਗੁਰੂ ਹੋਏ। ਇਸੇ ਤਰ੍ਹਾਂ ਅਗੇ ਤੋਂ ਅਗੇ ਗੁਰੂ ਜੀ ਦੀ ਪ੍ਰਣਾਲੀ ਚਲਦੀ ਵੇਖਣ ਵਿਚ ਆਉਂਦੀ ਹੈ ਇਸ ਲਈ ਗੁਰੂ ਕੇਵਲ ਪਾਰਸ ਹੀ ਨਹੀਂ ਉਹ ਤਾਂ ਪਾਰਸਾਂ ਦੇ ਵੀ ਪਰਮ ਪਾਰਸ ਹਨ ਜੋ ਕਿ ਇਕ ਸਧਾਰਨ ਸੰਸਾਰੀ ਮਨੁੱਖ ਨੂੰ ਸਮਰੱਥ ਜਗਤ ਗੁਰੂ ਬਣਾਉਣ ਦੀ ਸਮਰੱਥਾ ਰਖਦੇ ਹਨ। ਸੋ, ਮੈਂ ਭੀ ਇਸ ਗੁਰੂ ਨਾਨਕ ਦੇਵ ਜੀ ਦੇ ਕੌਤਕ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਵਿਚ ਬਾਬੇ ਗੁਰੂ ਨਾਨਕ ਦੇਵ ਜੀ ਦੇ ਘਰ ਦਾ ਚਾਨਣ ਹੋ ਕੇ ਗੁਰੂ ਅੰਗਦ ਦੇਵ ਜੀ ਨੇ ਪ੍ਰਕਾਸ਼ ਕੀਤਾ।

(੧) (ਜਿਵੇਂ ਉਸ ਵੇਲੇ ਸਾਰਿਆਂ ਹੀ ਲੋਕਾਂ ਨੇ ਤੱਕਿਆ ਕਿ) ਪਾਰਸ (ਗੁਰੂ ਨਾਨਕ) ਤੋਂ (ਗੁਰੂ ਅੰਗਦ) ਬਣ ਗਿਆ, ਸਤਿਗੁਰੂ ਨਾਲ ਪ੍ਰੀਤੀ ਪਾ ਕੇ ਅਗੋਂ ਸਤਿਗੁਰੂ ਦਾ ਰੂਪ ਹੀ ਸਦਵਾਏ।

(੨) ਉਹ ਚੰਦਨ (ਰੂਪ ਸਤਿਗੁਰੂ) ਤੋਂ ਚੰਦਨ ਬਣ ਕੇ, ਗੁਰੂ ਉਪਦੇਸ਼ ਦੀ ਰਹਿਤ (ਰਹਿਣੀ) ਵਿਚ ਰਹਿਣ ਲਗ ਗਏ (ਭਾਵ ਸਤਿਗੁਰੂ ਦੇ ਪਾਏ ਪੂਰਨਿਆਂ 'ਤੇ ਚਲਣ ਲਗ ਪਏ)।

(੩) ਜੋਤ ਵਿਚ ਚਿੱਤ ਲਾ ਕੇ ਜੋਤ ਵਿਚ ਹੀ ਸਮਾ ਗਏ, ਗੁਰਮਤ ਦੇ ਸੁਖ ਨੇ ਦੁਰਮਤ ਦੇ ਸਭ ਦੁਖ ਦੂਰ ਕਰ ਦਿਤੇ (ਭਾਵ ਓਹੀ ਸ਼ਕਤੀ ਗੁਰ ਅੰਗਦ ਹੀ ਪ੍ਰਗਟ ਹੋ ਗਈ, ਜਿਸ ਨਾਲ ਗੁਰੂ ਨਾਨਕ ਦੇਵ ਜੀ ਦਰਸ਼ਨ ਕਰਨ ਆਏ ਸਿਖ ਸੇਵਕਾਂ ਦੇ ਦੁਰਮਤ ਦੇ ਦੁਖ ਨਾਸ ਕਰ ਦਿੰਦੇ ਸਨ)।

(੪) ਅਸਚਰਜ ਨੂੰ ਅਸਚਰਜਤਾ ਹੀ ਮਿਲ ਗਈ, ਵਿਸਮਾਦ ਰੂਪ (ਮਹਾਨਤਾ) ਵਿਸਮਾਦ ਵਿਚ ਹੀ ਮਿਲ ਗਈ, (ਭਾਵ ਪਰਮੇਸ਼ਰ ਨੇ ਗੁਰੂ ਅੰਗਦ ਦੇਵ ਜੀ ਦੇ ਭਗਤੀ-ਭਾਵ ਨੂੰ ਜੋ ਉਨ੍ਹਾਂ ਦੇ ਹਿਰਦੇ ਵਿਚ ਪਹਿਲੇ ਹੀ ਪ੍ਰਚੰਡ ਰੂਪ ਸੀ, ਉਹ ਪ੍ਰਚੰਡ ਭਗਤੀ ਰੂਪ ਧੁਰੋਂ ਆਈ ਸ਼ਕਤੀ ਨਾਲ ਮਿਲ ਕੇ, ਫਿਰ ਗੁਰੂ ਨਾਨਕ ਦੀ ਭਗਤੀ ਵਾਲੇ ਰੂਪ ਪ੍ਰਗਟ ਹੋ ਗਏ)।

(੫) (ਇਹੋ ਕਾਰਨ ਸੀ ਕਿ ਗੁਰੂ ਅੰਗਦ ਜੀ ਨੇ ਲਹਿਣਾ ਰੂਪ ਵਿਚ ਗੁਰੂ ਨਾਨਕ ਤੋਂ ਉਹ) ਅੰਮ੍ਰਿਤ ਪੀਤਾ, ਜਿਸ ਦੀ ਇਕ-ਰਸ ਧਾਰਾ ਝਰਣੀ ਸੀ (ਤੇ ਇਹ ਹਰ ਇਕ ਦੇ ਹਿਰਦੇ ਵਿਚ ਨ ਝਰ ਸਕਦੀ ਹੈ, ਨਾ ਹੀ ਠਹਿਰ

ਸਕਦੀ ਹੈ, ਐਸੀ) ਅਜਰ ਵਸਤੂ ਸੀ, ਜੋ ਜਰਨੀ ਸੌਖੀ ਨਹੀਂ ਸੀ, (ਪਰ ਗੁਰੂ) ਅੰਗਦ ਦੇਵ ਜੀ ਦੇ ਹਿਰਦੇ ਵਿਚ) ਉਹ ਨ ਸਹੀ ਜਾਂ ਸਕਣ ਵਾਲੀ ਸ਼ਕਤੀ ਦਾ ਨਿਵਾਸ ਹੋ ਗਿਆ।

(੬) ਸੋ, ਇਸ ਤਰ੍ਹਾਂ ਸੱਚ ਵਿਚ ਸੱਚ ਸਮਾ ਗਿਆ। ਸਾਧ ਸੰਗਤ ਦਾ ਗਾਡੀ ਰਾਹੁ (ਜੋ ਗੁਰੂ ਜੀ ਨੇ ਸ਼ੁਰੂ ਕੀਤਾ ਸੀ) ਉਹ ਦਰਿਆ ਦੇ ਵਹਿਣ ਵਾਂਗ ਵਹਿ ਤੁਰਿਆ (ਭਾਵ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇ ਪ੍ਰਚਾਰੇ ਸਿੱਖੀ ਮਾਰਗ ਨੂੰ ਉਨ੍ਹਾਂ ਦੇ ਪੂਰਨਿਆਂ 'ਤੇ ਹੀ ਬੜੀ ਸੁੰਦਰ ਰੀਤੀ ਨਾਲ ਤੋਰ ਦਿਤਾ)।

(੭) ਇਉਂ ਗੁਰੂ ਅੰਗਦ ਦੇਵ ਜੀ ਬਾਬੇ (ਗੁਰੂ ਨਾਨਕ) ਦੇ ਘਰ ਦਾ ਚਾਨਣਾ ਬਣ ਕੇ ਚਮਕੇ (ਤੇ ਪ੍ਰਗਟ ਹੋ ਗਏ)।੬।

***ਭਾਵਾਰਥ :*** ਕਈ ਲੋਕ ਗੁਰੂ ਅੰਗਦ ਦੇਵ ਜੀ ਨੂੰ ਲੇਸਾ ਅਵਤਾਰ ਕਹਿੰਦੇ ਹਨ, ਪਰ ਇਹ ਤੁਕ ਕਿ (ਅਚਰਜ ਨੋਂ ਅਚਰਜੁ ਮਿਲੈ ਵਿਸਮਾਦੈ ਵਿਸਮਾਦ ਸਮਹਿਣਾ) ਖੰਡਨ ਕਰਦੀ ਹੈ, ਭਾਵ ਗੁਰੂ ਅੰਗਦ ਜੀ ਜੋ ਆਪ ਭੀ ਅਵਤਾਰ ਹੀ ਸੇ, ਉਹ ਜਾਣ ਕੇ ਪਰਦੇ ਵਿਚ ਰੱਖੇ ਗਏ ਸੇ ਕਿ ਜੀਵਾਂ ਵਾਂਗੂੰ ਰਹਿ ਕੇ ਗੁਰੂ ਨਾਨਕ ਦੀ ਭਗਤੀ ਕਰਕੇ ਪ੍ਰਸਿੱਧ ਹੋਣ, ਤਾਕਿ ਸੰਸਾਰ ਨੂੰ ਭਗਤੀ ਦਾ ਵੱਲ ਆਵੇ ਉਹ ਭੇਤ ਖੋਲ੍ਹਦੇ ਹਨ ਕਿ ਗੁਰੂ ਅੰਗਦ ਜੀ ਭੀ ਅਸਚਰਜ ਰੂਪ ਸੇ ਅਵਤਾਰ ਹੋ ਕੇ ਜੀਵਾਂ ਵਿਚ ਰੱਖੇ ਗਏ ਸਨ, ਫੇਰ ਭਗਤੀ ਕਰਕੇ ਗੁਰੂ ਅਵਤਾਰ ਨੂੰ ਜਦ ਪ੍ਰਾਪਤ ਹੋਏ ਤਦੋਂ ਅਸਚਰਜ ਨੂੰ ਅਸਚਰਜ ਮਿਲ ਗਿਆ, ਭਾਵ ਇਕ ਪੱਲੇ ਦੀਆਂ ਦੋ ਸ਼ੈਆਂ ਮਿਲ ਗਈਆਂ, ਜੋ ਲੋਕ ਗੁਰੂ ਅੰਗਦ ਦੇਵ ਜੀ ਨੂੰ ਲੇਸਾ ਅਵਤਾਰ ਕਹਿੰਦੇ ਹਨ, ਇਹ ਤੁਕ ਉਸ ਖ਼ਿਆਲ ਦੀ ਤਰਦੀਦ ਕਰਦੀ ਹੈ।

ਦਸਮ ਗੁਰੂ ਜੀ ਨੇ ਭੀ ਇਸੇ ਕਰਕੇ ਕਿਹਾ ਹੈ ਕਿ ਏਕ ਰੂਪ ਕਿਨਹੂੰ ਪਹਚਾਨਾ, ਭਾਈ ਸਾਹਿਬ ਜੀ ਭੀ ਇਹੋ ਦੱਸ ਗਏ ਹਨ। ਸਾਰੇ ਗੁਰੂ ਇਕ ਰੂਪ ਹਨ ਅਤੇ ਜੋ ਪਹਿਲੀ ਅਵਸਥਾ ਮਾਮੂਲੀ ਜੀਵਾਂ ਵਾਲੀ ਸੀ, ਉਹ ਭਗਤੀ ਮਾਰਗ ਦਾ ਪ੍ਰਤੱਖ ਨਮੂਨਾ ਬਣਨ ਲਈ ਸੀ। ਨਹੀਂ ਤਾਂ ਤੀਜੇ ਗੁਰਾਂ ਦੇ ਚਰਨ ਵਿਚ ਪਦਮ ਹੋਣ ਦਾ ਕੀ ਮਤਲਬ ਹੈ ? ਦੂਜੇ ਗੁਰਾਂ ਨੂੰ ਪਹਿਲੋਂ ਹੀ ਗੁਰੂ ਨਾਨਕ ਦੇਵ ਜੀ ਨੇ 'ਆ ਭਾਈ ਲਹਿਣਾ ! ਤੂੰ ਲਹਿਣਾ ਤੇ ਅਸੀਂ ਦੇਣਾ' ਕਹਿਣ ਦਾ ਭਾਵ ਏਹੋ ਸੀ ਕਿ ਅਵਤਾਰ ਤਾਂ ਉਹ ਸਨ ਹੀ, ਪਰ ਉਪਰ ਕਹੇ ਪ੍ਰਜੋਜਨ ਲਈ ਹੋਰ ਜਾਮੇ ਵਿਚ ਸਨ। ਸੰਸਾਰ ਵਿਚ ਪਾਖੰਡ ਤੇ ਬ੍ਰਹਮ ਗਿਆਨ ਵੱਖਰਾ ਸੀ, ਸੱਚੀ ਭਗਤੀ ਨਹੀਂ ਸੀ, ਪਰ ਉਹ ਬਿਨਾ ਨਮੂਨਾ ਦੱਸੇ ਦੇ ਫੈਲ ਨਹੀਂ ਸਕਦੀ ਸੀ। ਸੋ, ਇਹ ਸਾਰੀ ਖੇਡ ਸੱਚੀ ਭਗਤੀ ਦੇ ਪ੍ਰਗਟਾਉਣ ਲਈ ਹੀ ਕੀਤੀ ਗਈ ਸੀ।

## ੭. ਗੁਰੂ ਨਾਨਕ ਦੇਵ ਜੀ ਦਾ ਸਪੁੱਤ੍ਰ ਗੁਰੂ ਅੰਗਦ ਦੇਵ ਜੀ

**੧. ਸ਼ਬਦੈ ਸ਼ਬਦ ਮਿਲਾਇਆ**
**ਗੁਰਮੁਖ ਅਘੜ ਘੜਾਏ ਗਹਿਣਾ।**
**੨. ਭਾਇ ਭਗਤਿ ਭੈ ਚੱਲਣਾ**
**ਆਪੁ ਗਣਾਇ ਨ ਖਲਹਲ ਖਹਿਣਾ।**
**੩. ਦੀਨ ਦੁਨੀ ਦੀ ਸਾਹਿਬੀ**
**ਗੁਰਮੁਖ ਗੋਸ਼ ਨਸ਼ੀਨੀ ਬਹਿਣਾ।**
**੪. ਕਾਰਣ ਕਰਣ ਸਮਰੱਥ ਹੈ**
**ਹੋਇ ਅਛਲ ਛਲ ਅੰਦਰ ਛਹਿਣਾ।**
**੫. ਸਤੁ ਸੰਤੋਖੁ ਦਯਾ ਧਰਮ ਅਰਥ**
**ਵੀਚਾਰਿ ਸਹਜਿ ਘਰਿ ਘਹਿਣਾ।**
**੬. ਕਾਮ ਕ੍ਰੋਧ ਵਿਰੋਧੁ ਛਡਿ**
**ਲੋਭ ਮੋਹੁ ਅਹੰਕਾਰਹੁੰ ਤਹਿਣਾ।**
**੭. ਪੁੱਤੁ ਸਪੁੱਤੁ ਬਬਾਣੇ ਲਹਿਣਾ॥੭॥**

***ਪਦ ਅਰਥ :*** ਅਘੜੁ—ਘਾੜਤ-ਰਹਿਤ। ਖਲਹਲ—ਗੜਬੜਾਹਟ। ਗੋਸ਼ ਨਸ਼ੀਨੀ—ਇਕਾਂਤ ਨਿਵਾਸ। ਛਹਿਣਾ—ਝਕਣਾ, ਛਪਣਾ। ਘਹਿਣਾ—ਪੱਕਾ ਨਿਵਾਸ, ਘਸਾਉਣਾ। ਤਹਿਣਾ—ਤਰਥ੍ਰਕਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਆਪ ਜੀ ਸਾਨੂੰ ਹਮੇਸ਼ਾਂ ਗੁਰਮਤ ਦੇ ਭਿੰਨ ਭਿੰਨ ਪੱਖਾਂ ਤੋਂ ਜਾਣੂ ਕਰਾਉਂਦੇ ਆ ਰਹੇ ਹੋ, ਇਸ ਲਈ ਅਸੀਂ ਆਪ ਜੀ ਦੇ ਅਤੀ ਸ਼ੁਕਰ-ਗੁਜ਼ਾਰ ਹਾਂ, ਇਥੇ ਹੀ ਬੱਸ ਨਹੀਂ ਕਈ ਵਾਰ ਜੋ ਸਾਡੇ ਕਮਜ਼ੋਰ ਮਨਾਂ ਵਿਚ ਭਰਮ-ਭੁਲੇਖੇ ਭੀ ਜਨਮ ਲੈਂਦੇ ਹਨ ਉਨ੍ਹਾਂ ਨੂੰ ਭੀ ਆਪ ਜੀ ਪਿਆਰ-ਭਰੀ ਬਾਣੀ ਦੁਆਰਾ ਨਿਵਿਰਤ ਕਰਨ ਦਾ ਉਪਕਾਰ ਕਰਦੇ ਰਹਿੰਦੇ ਹੋ।

ਕਿਉਂ ਜੀ, ਇਹ ਭੀ ਆਪ ਜੀ ਕਈ ਬਾਰ ਵੀਚਾਰ ਪ੍ਰਗਟ ਕਰਦੇ ਹੋ ਕਿ ਭਾਈ ਲਹਿਣਾ ਜੀ ਪੁੱਤ੍ਰਾਂ ਵਿਚੋਂ ਸੁਪੁੱਤ੍ਰ ਰੂਪ ਸਾਬਤ ਹੋਏ, ਪਰ ਆਮ ਲੋਕ ਉੱਕਤੀ ਅਨੁਸਾਰ ਤਾਂ ਪੁੱਤ੍ਰ ਉਸੇ ਨੂੰ ਹੀ ਮੰਨਿਆ ਜਾਂਦਾ ਹੈ ਜੋ ਕਿ ਪਿਤਾ ਦੇ ਬਿੰਦ ਤੋਂ ਪ੍ਰਗਟ ਹੋਇਆ ਹੈ ਉਸੇ ਨਾਲ ਹੀ ਖ਼ੂਨ ਦਾ ਰਿਸ਼ਤਾ ਮੰਨਿਆ ਗਿਆ ਹੈ, ਪਰ ਭਾਈ ਲਹਿਣਾ ਜੀ ਨੂੰ ਆਪ ਜੀ ਗੁਰੂ ਨਾਨਕ ਦੇਵ ਜੀ ਦੇ ਸੁਪੁੱਤ੍ਰ ਹੋਣ ਦਾ ਮਾਣ ਕਿਸ ਰੂਪ ਵਿਚ ਦੇਂਦੇ ਹੋ, ਜਾਣਕਾਰੀ ਦਿਓ ?

**ਉ:** ਹੇ ਭਾਈਓ ! ਜੇ ਅਸੀਂ ਪੁਰਾਤਨ ਇਤਿਹਾਸ ਰਾਹੀਂ ਵੀਚਾਰ ਕਰੀਏ ਤਾਂ ਬੁਧੀਜੀਵੀਆਂ ਨੇ ਦੋ ਤਰ੍ਹਾਂ ਦੇ ਪੁੱਤ੍ਰ ਮੰਨੇ ਹਨ, ਜਿਨ੍ਹਾਂ ਵਿਚ ਇਕ ਬਿੰਦੀ ਪੁੱਤ੍ਰ ਹੈ, ਦੂਜਾ ਨਾਦੀ ਪੁੱਤ੍ਰ ਹੈ, ਬਿੰਦੀ ਪੁੱਤ੍ਰ ਉਸਨੂੰ ਕਿਹਾ ਜਾਂਦਾ ਹੈ ਜੋ ਪਿਤਾ ਦੀ ਬਿੰਦ ਤੋਂ ਪੈਦਾ ਹੋਇਆ ਹੈ ਉਸ ਨਾਲ ਹੀ ਖ਼ੂਨ ਦਾ ਰਿਸ਼ਤਾ ਮੰਨਿਆ ਜਾਂਦਾ ਹੈ, ਪਰ ਇਹ ਖ਼ੂਨ ਦਾ ਰਿਸ਼ਤਾ ਕੇਵਲ ਸੰਸਾਰੀ ਲੋਕਾਂ ਵਿਚ ਹੀ ਮੰਨਿਆ ਗਿਆ ਹੈ, ਧਾਰਮਿਕ ਦੁਨੀਆ ਵਿਚ ਨਹੀਂ, ਕਿਉਂਕਿ ਅਸੀਂ ਵੇਖਦੇ ਹਾਂ ਕਿ ਜਿਸ ਕਿਸੇ ਨਾਲ ਅਸੀਂ ਖ਼ੂਨ ਦਾ ਰਿਸ਼ਤਾ ਤੱਕਦੇ ਹਾਂ, ਉਹ ਖ਼ੂਨ ਕਈ ਵਾਰ ਆਪਣੇ ਖ਼ੂਨ ਦਾ ਹੀ ਦੁਸ਼ਮਣ ਬਣ ਜਾਂਦਾ ਹੈ, ਕਈ ਪੁੱਤ੍ਰਾਂ ਨੂੰ ਤੱਕਿਆ ਹੈ ਕਿ ਉਹ ਪਿਤਾ ਦੇ ਵੈਰੀ ਬਣ ਗਏ, ਜਿਵੇਂ ਅਸੀਂ ਵੇਖਦੇ ਹਾਂ ਕਿ ਔਰੰਗਜ਼ੇਬ, ਸ਼ਾਹ ਜਹਾਨ ਪਾਤਿਸ਼ਾਹ ਦਾ ਪੁੱਤ੍ਰ ਹੈ, ਪਰ ਉਸ ਔਰੰਗਜ਼ੇਬ ਨੇ ਆਪਣੇ ਪਿਤਾ ਨੂੰ ਬੰਦੀਖ਼ਾਨੇ ਵਿਚ ਬੰਦ ਕਰ ਦਿਤਾ ਸੀ, ਇਥੋਂ ਤਕ ਕਿ ਆਪਣੇ ਪਿਆਸੇ ਪਿਤਾ ਨੂੰ ਵਿਲਕਦਿਆਂ ਇਕ ਪਾਣੀ ਦਾ ਘੁੱਟ ਦੇਣ ਲਈ ਭੀ ਤਿਆਰ ਨਾ ਹੋਇਆ, ਖ਼ੂਨ ਤਾਂ ਮਿਲਦਾ ਸੀ, ਪਰ ਦਿਲ ਨਹੀਂ ਸੀ ਮਿਲਦਾ। ਇਸ ਕਰਕੇ ਪਿਆਸਾ ਪਿਤਾ ਸ਼ਾਹ ਜਹਾਨ ਬੰਦੀ ਖ਼ਾਨੇ ਵਿਚ ਹੀ ਵਿਲਕਦਾ ਮਰ ਗਿਆ। ਇਥੇ ਹੀ ਬੱਸ ਨਹੀਂ ਫਿਰ ਸਿਖ ਇਤਿਹਾਸ ਭੀ ਗਵਾਹੀ ਭਰਦਾ ਹੈ ਕਿ ਪ੍ਰਿਥੀ ਚੰਦ ਗੁਰੂ ਰਾਮਦਾਸ ਦੇ ਪੁੱਤ੍ਰ ਸਨ ਉਹ ਸਾਰੀ ਉਮਰ ਭਰ ਹੀ ਪਿਤਾ ਗੁਰੂ ਰਾਮਦਾਸ ਜੀ ਨਾਲ ਲੜਦੇ ਝਗੜਦੇ ਰਹੇ, ਕਈ ਤਰ੍ਹਾਂ ਦੀਆਂ ਵਕਤ ਦੀ ਹਕੂਮਤ ਪਾਸ ਜਾ ਕੇ ਆਪਣੇ ਪਿਤਾ ਦੀਆਂ ਗਿਲਾ-ਗੁਜ਼ਾਰੀਆਂ ਭੀ ਕਰਦੇ ਰਹੇ, ਖ਼ੂਨ ਤਾਂ ਮਿਲਦਾ ਸੀ ਪਰ ਦਿਲ ਨਹੀਂ ਮਿਲ ਸਕਿਆ। ਇਸੇ ਭਾਵ ਨੂੰ ਬਾਣੀ ਵਿਚ ਦਰਸਾਇਆ ਗਿਆ ਹੈ, ਜਿਵੇਂ ਕਿ :

ਜੋ ਦਿਲਿ ਮਿਲਿਆ ਸੁ ਮਿਲਿ ਰਹਿਆ
ਮਿਲਿਆ ਕਹੀਐ ਰੇ ਸੋਈ॥
ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ॥੭॥

*(ਤਿਲੰਗ ਮਹਲਾ ੧, ਪੰਨਾ ੭੨੫)*

ਇਸੇ ਪ੍ਰਿਥੀ ਚੰਦ ਦੇ ਕੋਝੇ ਵਰਤਾਵੇ ਨੂੰ ਤੱਕ ਕੇ ਗੁਰੂ ਰਾਮਦਾਸ ਜੀ ਪਿਤਾ ਨੂੰ ਪ੍ਰਿਥੀ ਚੰਦ ਦੇ ਝਗੜਾਲੂ ਸੁਭਾਉ ਨੂੰ ਵੇਖ ਕੇ ਸੰਬੋਧਨ ਕਰਨਾ ਪਿਆ ਸੀ ਕਿ ਹੇ ਪੁੱਤ੍ਰ ! ਸੁਣ ਪਿਤਾ ਨਾਲ ਝਗੜਾ ਕਰਨ ਦਾ ਪਾਪ ਕਿਉਂ ਕਰਦਾ ਹੈਂ :

ਕਾਹੇ ਪੂਤ ਝਗਰਤ ਹਉ ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਹਉ
ਤਿਨ ਸਿਉ ਝਗਰਤ ਪਾਪ॥੧॥ਰਹਾਉ॥

*(ਸਾਰਗ ਮਹਲਾ ੪, ਪੰਨਾ ੧੨੦੦)*

ਇਸ ਤੋਂ ਸਾਬਤ ਹੁੰਦਾ ਹੈ ਕਿ ਪਿਤਾ ਦੀ ਬਿੰਦ ਤੋਂ ਪੈਦਾ ਹੋਏ ਪੁੱਤ੍ਰ ਦਾ ਰਿਸ਼ਤਾ ਦੁਨੀਆਦਾਰ ਲੋਕਾਂ ਵਿਚ ਤਾਂ ਭਾਵੇਂ ਮੰਨਿਆ ਜਾਂਦਾ ਹੈ, ਪਰ ਧਰਮੀ ਲੋਕਾਂ ਵਿਚ ਇਸਨੂੰ ਕੋਈ ਵਧੇਰੇ ਮਾਨਤਾ ਨਹੀਂ ਦਿਤੀ ਜਾਂਦੀ, ਕਿਉਂਕਿ ਦੋ ਦਿਲਾਂ ਦੇ ਤਾਲ-ਮੇਲ ਤੋਂ ਸੱਖਣੇ ਖ਼ੂਨ ਵਿਚ ਵੈਰ ਭਾਵਨਾ ਪੈਦਾ ਹੋ ਜਾਂਦੀ ਹੈ, ਜੋ ਅਸੀਂ ਪ੍ਰਤੱਖ ਵੇਖਦੇ ਹੀ ਹਾਂ।

ਦੂਸਰਾ ਨਾਦੀ ਪੁੱਤ੍ਰ ਹੈ, ਨਾਦ ਤੋਂ ਭਾਵ ਹੈ ਸ਼ਬਦ, ਉਪਦੇਸ਼, ਅਰਥਾਤ ਜੋ ਕਿਸੇ ਗੁਰੂ, ਪੀਰ, ਪੈਗ਼ੰਬਰ ਮਹਾਂ ਪੁਰਸ਼ ਦੁਆਰੇ ਉਪਦੇਸ਼ ਪ੍ਰਾਪਤ ਕਰਕੇ ਉਸ ਉਪਦੇਸ਼ ਦੀ ਜੀਵਨ ਭਰ ਕਮਾਈ ਕਰਦਾ ਹੋਇਆ ਜੀਵਨ ਦੇ ਪਰਮ ਪ੍ਰਯੋਜਨ ਨੂੰ ਹਾਸਲ ਕਰ ਲੈਂਦਾ ਹੈ ਉਸ ਨੂੰ ਸਹੀ ਰੂਪ ਵਿਚ ਸਹੀ ਸਪੁੱਤ੍ਰ ਮੰਨਿਆ ਜਾਂਦਾ ਹੈ, ਜਿਵੇਂ ਕਿ ਭਾਈ ਲਹਿਣਾ ਜੀ ਦੇ ਜੀਵਨ ਵੱਲ ਅਸੀਂ ਨਜ਼ਰ ਮਾਰਦੇ ਹਾਂ ਤਾਂ ਵੇਖਣ ਵਿਚ ਏਹੋ ਹੀ ਆਉਂਦਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਪੁੱਤ੍ਰਾਂ ਸਮੇਤ ਸਾਰੀ ਸਿੱਖੀ ਨੂੰ ਪਰਖਿਆ ਤਾਂ ਉਸ ਸਮੇਂ ਭਾਈ ਲਹਿਣਾ ਜੀ ਜਿਸ ਨੇ ਗੁਰੂ ਦੇ ਦਿਤੇ ਉਪਦੇਸ਼ ਨੂੰ ਧਾਰਨਾ ਵਿਚ ਲਿਆਂਦਾ ਸੀ ਓਹੀ ਪਰਖ ਕਰਨ ਸਮੇਂ ਸਾਬਤ ਸਿੱਧ ਹੋਏ ਜਿਸਦਾ ਪ੍ਰਗਟ ਸਰੂਪ ਵੇਖਣ ਵਿਚ ਆਉਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਨੂੰ ਗੁਰਤਾ ਗੱਦੀ 'ਤੇ ਸਥਾਪਨ ਕਰਕੇ ਆਪ ਜੀ ਨੇ ਭਾਈ ਲਹਿਣੇ ਜੀ ਦੇ ਪਵਿੱਤ੍ਰ ਚਰਨਾਂ ਵਿਚ ਆਪਣਾ ਪਵਿੱਤ੍ਰ ਸੀਸ ਝੁਕਾਇਆ।

ਸੋ ਮੈਂ ਭੀ ਇਸ ਪ੍ਰਸੰਗ ਤੋਂ ਪ੍ਰੇਰਨਾ ਲੈ ਕੇ ਇਸ

ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਵਿਚ ਜ਼ਿਕਰ ਕੀਤਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਜੀ ਦੇ ਸ਼ੁਭ ਗੁਣਾਂ ਦੀ ਧਾਰਨਾ ਨੂੰ ਮੁਖ ਰੱਖ ਕੇ ਉਸਨੂੰ ਗੁਰਤਾ ਗੱਦੀ ਦੇ ਯੋਗ ਅਨੁਭਵ ਕਰਕੇ ਉਸਨੂੰ ਗੁਰਤਾ ਪਦਵੀ ਪਰ ਅਸਥਾਪਨ ਕਰ ਦਿਤਾ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਗੁਰੂ ਨਾਨਕ ਦੇਵ ਜੀ ਨੇ ਸ਼ਬਦ (ਉਪਦੇਸ਼) ਨੂੰ ਸ਼ਬਦ ਵਿਚ ਮਿਲਾ ਦਿਤਾ। ਗੁਰੂ ਅੰਗਦ ਜੀ ਹੈ ਤਾਂ ਸੋਨਾ ਹੀ ਸੀ, ਪਰ ਉਸਨੂੰ ਤਰਜ਼ ਨਾਲ ਢਾਲ ਕੇ ਗੁਰੂ ਨਾਨਕ ਦੇਵ ਜੀ ਨੇ ਗਹਿਣਾ ਬਣਾ ਦਿਤਾ (ਭਾਵ ਆਪਣਾ ਰੂਪ ਕਰ ਦਿਤਾ)।

(੨) ਉਹ ਪ੍ਰੇਮਾ-ਭਗਤੀ ਦੇ ਰੰਗ ਵਿਚ ਰੰਗੀਜ ਕੇ, (ਪਿਆਰੇ ਦੇ) ਭੈ ਵਿਚ ਚਲੇ ਤੇ ਆਪਾ-ਭਾਵ (ਮੈਂ ਮੇਰੀ) ਨੂੰ ਮਿਟਾ ਕੇ (ਸੰਸਾਰ ਦੇ ਆਪਾ-ਧਾਪੀ ਧਰਮਾਂ ਦੇ) ਰੌਲੇ ਗੌਲੇ ਦੀ ਖੜਖੱਸ ਤੋਂ ਦੂਰ ਹੋ ਗਏ।

(੩) ਉਹ ਦੀਨ ਦੁਨੀਆ ਦੀ ਸਾਹਿਬੀ ਦੇ ਮਾਲਕ ਬਣ ਗਏ ਤੇ ਗੁਰਮੁਖਾਂ ਦੀ ਰਹਿਤ (ਇਕਾਂਤ ਵਿਚ ਟਿਕ ਜਾਣਾ) ਦੇ ਧਾਰਣੀ ਬਣ ਗਏ।

(੪) ਉਹ ਸਭ ਕੁਝ ਕਰਨ ਕਾਰਨ ਸਮਰੱਥ ਦੇ ਮਾਲਕ ਹਨ, ਜੋ ਛਲ ਰੂਪ ਸੰਸਾਰ ਵਿਚ ਅਛਲ (ਭਾਵ ਨਿਰਲੇਪ) ਹੋ ਕੇ ਛੁਪ ਰਹੇ (ਆਮ ਸੰਸਾਰੀ ਮਨੁੱਖਾਂ ਵਾਂਗ ਹੀ ਬਣੇ ਰਹੇ)।

(੫) ਸਤਿ, ਸੰਤੋਖ ਦੇ ਗੁਣਾਂ ਵਿਚ ਰਹਿੰਦੇ, ਧਰਮ ਦੇ ਅਰਥ ਨੂੰ ਵੀਚਾਰਦੇ ਹੋਏ ਸਹਿਜ ਘਰ (ਚਉਥੇ ਪਦ) ਵਿਚ ਜਾ ਦਾਖ਼ਲ ਹੋਏ।

(੬) ਕਾਮ, ਕ੍ਰੋਧ ਤੇ ਵੈਰ ਵਿਰੋਧੀ ਭਾਵਨਾਵਾਂ ਨੂੰ ਤਿਆਗ ਕੇ ਲੋਭ ਮੋਹ ਤੇ ਹੰਕਾਰ ਆਦਿ ਵਿਕਾਰਾਂ ਨੂੰ ਤ੍ਰਾਹ ਦੇਣਾ, (ਡਰਾ ਦੇਣਾ, ਵਿਕਾਰਾਂ ਦਾ ਬਿਲਕੁਲ ਹੀ ਅਭਾਵ ਕਰ ਦੇਣਾ) ਇਹ ਸਹਿਜ ਘਰ ਵਿਚ ਨਿਵਾਸ ਹੋ ਜਾਣ ਦੀ ਅਵਸਥਾ ਹੈ ਜਿਸ ਵਿਚ ਗੁਰੂ ਅੰਗਦ ਦੇਵ ਜੀ ਟਿਕ ਗਏ।

(੭) ਸੋ, ਇਹੋ ਜੇਹੇ ਸਪੁੱਤਰ (ਚੰਗੇ ਪੁੱਤਰ) ਬਾਬੇ (ਗੁਰੂ ਨਾਨਕ ਦੇ) ਘਰ ਲਹਿਣਾ ਜੀ ਹੋਏ।੭।

***ਭਾਵਾਰਥ :*** ਇਸੇ ਤਰ੍ਹਾਂ ਜਗਤ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਅੱਗੇ ਤੋਂ ਅੱਗੇ ਗੁਰਤਾ ਗੱਦੀ 'ਤੇ ਅਸਥਾਪਨ ਕਰਨ ਲਈ ਬਿੰਦੀ ਪੁੱਤ੍ਰ ਨਹੀਂ ਸਗੋਂ ਨਾਦੀ ਸਪੁੱਤ੍ਰ ਦੀ ਹੀ ਚੋਣ ਕੀਤੀ ਜਾਂਦੀ ਰਹੀ ਹੈ।

## ੮. ਗੁਰੂ ਅੰਗਦ ਦੇਵ ਸਪੁੱਤ੍ਰ ਦੀ ਮਹਿਮਾ

**੧. ਗੁਰੁ ਅੰਗਦ ਗੁਰੁ ਅੰਗੁ ਤੇ**
**ਅੰਮ੍ਰਿਤ ਬ੍ਰਿਖੁ ਅੰਮ੍ਰਿਤ ਫਲ ਫਲਿਆ।**
**੨. ਜੋਤੀ ਜੋਤਿ ਜਗਾਈਅਨੁ**
**ਦੀਵੇ ਤੇ ਜਿਉਂ ਦੀਵਾ ਬਲਿਆ।**
**੩. ਹੀਰੇ ਹੀਰਾ ਬੇਧਿਆ**
**ਛਲੁ ਕਰਿ ਅਛਲੀ ਅੱਛਲ ਛਲਿਆ।**
**੪. ਕੋਈ ਬੁੱਝਿ ਨ ਹੰਘਈ**
**ਪਾਣੀ ਅੰਦਰਿ ਪਾਣੀ ਰਲਿਆ।**
**੫. ਸੱਚਾ ਸੱਚ ਸੁਹਾਵੜਾ**
**ਸੱਚ ਅੰਦਰ ਸੱਚ ਸਚਹੁੰ ਢਲਿਆ।**
**੬. ਨਿਹਚਲੁ ਸੱਚਾ ਤਖਤੁ ਹੈ**
**ਅਬਿਚਲ ਰਾਜ ਨ ਹੱਲੈ ਹਲਿਆ।**
**੭. ਸੱਚ ਸ਼ਬਦ ਗੁਰਿ ਸਉਂਪਿਆ**
**ਸੱਚ ਟਕਸਾਲਹੁੰ ਸਿੱਕਾ ਚਲਿਆ।**
**੮. ਸਿੱਧ ਨਾਥ ਅਵਤਾਰ ਸਭ**
**ਹੱਥ ਜੋੜਿ ਕੈ ਹੋਏ ਖਲਿਆ।**
**੯. ਸੱਚਾ ਹੁਕਮੁ ਸੁ ਅਟਲ ਨ ਟਲਿਆ ॥੮॥**

***ਪਦ ਅਰਥ :*** ਅੰਗੁ—ਸਰੀਰ ਦੇ ਅੰਗ। ਹੰਘਈ—ਸਕਣਾ। ਸਚਹੁੰ ਢਲਿਆ—ਸੱਚ ਖੰਡ ਤੋਂ ਉਤਰਿਆ। ਅਬਿਚਲ—ਨ ਚਲਾਏਮਾਨ ਹੋਣ ਵਾਲਾ, ਨ ਹਿੱਲਣ ਵਾਲਾ। ਸਿੱਕਾ—ਮੁਹਰ ਰੂਪ।

***ਅਰਥ :***

ਪ੍ਰ: ਕਿਉਂ ਭਾਈ ਸਾਹਿਬ ਜੀਉ ! ਗੁਰੂ ਨਾਨਕ ਦੇਵ ਜੀ ਦੇ ਸਪੁੱਤ੍ਰ ਗੁਰੂ ਅੰਗਦ ਦੇਵ ਜੀ ਵਿਚ ਆਪ ਹੋਰ ਕਿਹੜੇ ਕਿਹੜੇ ਗੁਣ ਅਨੁਭਵ ਕਰਦੇ ਹੋ ?

ਉ: ਹੇ ਭਾਈਓ ! ਜਦੋਂ ਅਸੀਂ ਗਹਿਰਾਈ ਭਰੀਆਂ ਨਜ਼ਰਾਂ ਰਾਹੀਂ ਤੱਕਾਂਗੇ ਤਾਂ ਇਉਂ ਹੀ ਦਿੱਸ ਆਵੇਗਾ ਕਿ ਗੁਰੂ ਨਾਨਕ ਦੇਵ ਜੀ ਦੇ ਸੁਪੁੱਤ੍ਰ ਗੁਰੂ ਅੰਗਦ ਦੇਵ ਜੀ ਦੀ ਆਤਮਾ ਵਿਚ ਸਾਰੇ ਹੀ ਦੈਵੀ ਗੁਣ ਪਾਏ ਜਾਂਦੇ ਹਨ,

ਇਨ੍ਹਾਂ ਗੁਣਾਂ ਦਾ ਹੀ ਸਦਕਾ ਆਪ ਜੀ ਨੂੰ ਗੁਰੂ ਨਾਨਕ ਦੇਵ ਜੀ ਨੇ ਗੁਰਤਾ ਗੱਦੀ ਪਰ ਅਸਥਾਪਨ ਕੀਤਾ, ਇਸ ਲਈ ਅਸੀਂ ਵੇਖਦੇ ਹਾਂ ਕਿ:

(੧) ਗੁਰੂ ਅੰਗਦ ਦੇਵ ਜੀ ਗੁਰੂ (ਨਾਨਕ ਦੇਵ ਜੀ ਮਹਾਰਾਜ ਦੇ ਸਰੀਰ ਦੇ) ਅੰਗਾਂ ਨਾਲ ਲੱਗਣ ਪਿਛੋਂ ਇਉਂ ਹੀ ਫਲੇ, ਜਿਵੇਂ ਅੰਮ੍ਰਿਤ ਫਲਾਂ ਵਾਲੇ ਬ੍ਰਿਖ ਦੇ ਬੀਜਾਂ ਤੋਂ ਅੰਮ੍ਰਿਤ ਫਲ ਹੀ ਉਤਪੰਨ ਹੁੰਦੇ ਹਨ (ਭਾਵ ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦੇ ਈਸ਼ਵਰੀ ਗੁਣਾਂ ਨਾਲ ਫਲੀਭੂਤ ਹੋਏ)।

(੨) (ਫਿਰ ਅਗੇ) ਜੋਤੀ ਤੋਂ ਜੋਤ ਜਗ ਪਈ, ਜਿਵੇਂ ਦੀਵੇ ਤੋਂ ਦੀਵਾ ਜਗਦਾ ਹੈ।

(੩) (ਇਹ ਸਭ ਨੇ ਦੇਖਿਆ ਕਿ) ਹੀਰੇ ਨੂੰ ਹੀਰੇ ਦੀ ਕਣੀ ਨੇ ਵਿੰਨ੍ਹ ਦਿਤਾ, ਨਾ ਛਲੇ ਜਾਣ ਵਾਲੇ (ਗੁਰੂ ਨਾਨਕ ਦੇਵ ਜੀ ਨੇ) ਜਾਦੂ ਦੀ ਤਰ੍ਹਾਂ ਅਛਲ (ਨਾ ਛਲੇ ਜਾਣ ਵਾਲੇ ਗੁਰੂ ਅੰਗਦ ਦੇਵ ਜੀ) ਨੂੰ ਛਲ ਲੀਤਾ, (ਭਾਵ ਵੱਸ ਵਿਚ ਕਰਕੇ, ਆਪਣਾ ਰੂਪ ਬਣਾ ਲੀਤਾ)।

(੪) ਕੋਈ ਭੀ ਇਸ (ਭੇਦ) ਨੂੰ ਸਮਝ ਨਹੀਂ ਸਕਿਆ, (ਪਰ ਹੋਇਆ ਇਉਂ ਹੈ) ਜਿਵੇਂ ਪਾਣੀ ਵਿਚ ਪਾਣੀ ਮਿਲ ਕੇ ਅਭੇਦ (ਇਕ ਰੂਪ) ਹੋ ਜਾਂਦਾ ਹੈ।

(੫) ਸੱਚਾ (ਗੁਰੂ ਨਾਨਕ ਜੋ ਸੱਚ ਦਾ ਪਰਚਾਰਕ ਸੀ ਤੇ ਉਨ੍ਹਾਂ ਪਾਸ) ਸਦਾ ਹੀ ਸੋਭਾ ਦੇਣ ਵਾਲਾ ਸੱਚ ਸੀ, (ਜਿਸ ਨਾਲ) ਸੱਚ ਦੇ ਵਿਚ ਸੱਚ (ਗੁਰੂ ਅੰਗਦ ਦੇਵ ਜੀ) ਹੀ ਢਲਿਆ।

(੬) (ਇਸ ਲਈ, ਗੁਰੂ ਨਾਨਕ ਦਾ ਰਾਜ-ਜੋਗ ਵਾਲਾ ਗੁਰਤਾ ਰੂਪ) ਸਦਾ ਹੀ ਅਸਥਿਰ ਰਹਿਣ ਵਾਲਾ ਤਖ਼ਤ ਹੈ, ਜੋ ਹਿਲਾਇਆ ਹਿੱਲ ਨਹੀਂ ਸਕਦਾ।

(੭) ਸੱਚ-ਸ਼ਬਦ (ਕਰਤੇ ਪੁਰਖ ਦਾ) ਗੁਰੂ (ਨਾਨਕ ਦੇਵ ਜੀ) ਨੇ ਸੌਂਪ ਦਿਤਾ (ਜੋ ਅਗੋਂ) ਸੱਚੀ ਟਕਸਾਲ ਤੋਂ ਸਿੱਕਾ (ਗੁਰਤਾ ਦਾ) ਤੁਰ ਪਿਆ।

(੮) ਸਿੱਧ ਨਾਥ ਤੇ ਅਵਤਾਰ ਸਾਰੇ ਹੀ ਹੱਥ ਜੋੜ ਕੇ ਖਲੋ ਗਏ (ਜੋ ਦਿਲੋਂ ਮਨੋਂ ਅਰਦਾਸ ਕਰ ਰਹੇ ਹਨ: ਕਿ ਆਪ ਦੀ)

(੯) ਆਗਿਆ ਸੱਚੀ ਹੈ ਜੋ ਕਿ ਕਦੇ ਉਸਨੂੰ ਟਾਲਿਆ ਨਹੀਂ ਜਾ ਸਕਦਾ।੮।

***ਭਾਵਾਰਥ :*** ਅਸਲ ਵਿਚ ਇਹੋ ਹੀ ਸਿੱਧ ਹੁੰਦਾ ਹੈ ਕਿ ਗੁਰੂ ਅੰਗਦ ਨੂੰ ਤੇ ਗੁਰੂ ਨਾਨਕ ਦੁਹਾਂ ਨੂੰ ਅਛੱਲ ਕਹਿਣਾ, ਦੋਹਾਂ ਨੂੰ ਸੱਚ ਦਰਸਾਉਣਾ, ਦੋਹਾਂ ਦੇ ਮਿਲਾਪ ਨੂੰ ਕਹਿਣਾ ਕਿ ਕੋਈ ਨਹੀਂ ਸਮਝ ਸਕਦਾ। ਇਹ ਸਾਫ਼ ਸਿੱਧ ਕਰਦਾ ਹੈ ਕਿ ਭਾਈ ਸਾਹਿਬ ਜੀ ਦੋਹਾਂ ਨੂੰ ਪੂਰਨ ਅਵਤਾਰ ਸਿੱਧ ਕਰ ਰਹੇ ਹਨ। ਪਰ, ਕੇਵਲ ਫ਼ਰਜ਼ ਵਖੋ ਵੱਖ ਸਨ, ਭਾਵ ਇਕ ਨੇ ਗੁਰਿਆਈ ਦਾ ਨਮੂਨਾ ਦਸ ਕੇ ਝੂਠੇ ਗੁਰੂ ਆਗੂਆਂ ਤੋਂ ਭੈ-ਭੀਤ ਹੋਇਆਂ ਨੂੰ ਖਿੱਚਣ ਦਾ ਕੇਂਦਰ ਬਣਨਾ ਸੀ, ਦੂਸਰੇ ਨੇ ਖਿੱਚੇ ਜਾਣ ਦੀ ਭਗਤੀ ਦਾ ਮੁਕੰਮਲ ਨਮੂਨਾ ਜਗਤ ਨੂੰ ਦਸਣਾ ਸੀ ਕਿ ਇਉਂ ਭਗਤੀ ਕਰੀਦੀ ਹੈ।

## ੯. ਗੁਰੂ ਪਦਵੀ ਦੀ ਵਡਿਆਈ

**੧. ਅਛਲ ਅਛੇਦ ਅਭੇਦ ਹੈ**
**ਭਗਤ ਵਛਲ ਹੋਇ ਅਛਲ ਛਲਾਯਾ।**
**੨. ਮਹਿਮਾ ਮਿਤਿ ਮਿਰਜਾਦ ਲੰਘਿ**
**ਪਰ ਮਿਤਿ ਪਾਰਾਵਾਰ ਨ ਪਾਯਾ।**
**੩. ਰਹਰਾਸੀ ਰਹਰਾਸਿ ਹੈ**
**ਪੈਰੀਂ ਪੈ ਜਗੁ ਪੈਰੀਂ ਪਾਯਾ।**
**੪. ਗੁਰਮੁਖ ਸੁਖਫਲ ਅਮਰ ਪਦ**
**ਅੰਮ੍ਰਿਤ ਬ੍ਰਿਖ ਅੰਮ੍ਰਿਤ ਫਲਾਯਾ।**
**੫. ਗੁਰ ਚੇਲਾ ਚੇਲਾ ਗੁਰੂ**
**ਪੁਰਖਹੁੰ ਪੁਰਖ ਉਪਾਇ ਸਮਾਯਾ।**
**੬. ਵਰਤਮਾਨ ਵੀਹ ਵਿਸਵੇ**
**ਹੋਇ ਇਕੀਹ ਸਹਜਿ ਘਰਿ ਆਯਾ।**
**੭. ਸੱਚਾ ਅਮਰੁ ਅਮਰਿ ਵਰਤਾਯਾ॥੯॥**

***ਪਦ ਅਰਥ :*** ਅਛਲ ਛਲਾਇਆ—ਅਛੱਲ ਹੁੰਦੇ ਹੋਇ ਛਲਿਆ ਗਿਆ। ਰਹਰਾਸਿ—ਰਹੁ-ਰੀਤ, ਸੱਚਾ ਰਾਹ। ਵਰਤਮਾਨ—ਸੰਸਾਰ ਰੂਪ। ਇਕੀਹ—ਇਕ ਪ੍ਰਭੂ ਦੀ ਆਸ਼ਾ। ਅਮਰਿ—ਹੁਕਮ।

***ਅਰਥ :***

ਇਸ ਅਗਲੀ ਪਉੜੀ ਵਿਚ ਵੀ ਭਾਈ ਸਾਹਿਬ ਜੀ ਗੁਰਤਾ ਪਦਵੀ ਦੀ ਵਡਿਆਈ ਦਰਸਾ ਰਹੇ ਹਨ:

(੧) ਜੋ ਅਛਲ, ਅਛੇਦ ਤੇ ਅਭੇਦ (ਨਾ ਛਲੇ ਜਾਣ ਵਾਲਾ, ਨਾ ਛੇਦੇ ਜਾਣ ਵਾਲਾ ਤੇ ਭੇਦ ਰਹਿਤ ਪ੍ਰਭੂ ਹੈ) ਭਗਤਾਂ ਦੀ ਖ਼ਾਤਰ ਉਸ ਨੇ ਆਪਣੇ ਆਪ ਨੂੰ ਛਲਾ ਲਿਆ, (ਭਾਵ ਭਗਤਾਂ ਦੇ ਵੱਸ ਹੋ ਗਿਆ)।

(੨) ਮਹਿਮਾ (ਸਿਫ਼ਤ-ਸਾਲਾਹ ਜੋ ਹੈ ਉਹ) ਹੱਦ ਤੇ ਅਸੂਲ ਟੱਪ ਗਈ। ਮਿਣਤੀ ਰਹਿਤ ਹੋਣ ਕਰਕੇ ਉਸਦਾ ਪਾਰਾਵਾਰ ਕਿਸੇ ਨੇ ਭੀ ਨਹੀਂ ਪਾਇਆ।

(੩) ਰਹੁ-ਰੀਤੀਆਂ ਵਿਚੋਂ ਰਹੁ-ਰੀਤ ਇਹੋ ਹੀ (ਮੁਖੀ) ਹੈ (ਜੋ ਗੁਰੂ ਜੀ) ਨੇ ਜੱਗ ਤੇ ਪੈਰੀਂ ਪੈਣ ਦਾ ਰਸਤਾ ਚਲਾ ਦਿਤਾ ਹੈ (ਭਾਵ ਗੁਰੂ ਅੰਗਦ ਦੇ ਚਰਨੀ ਲਗ, ਫਿਰ ਗੁਰੂ ਅਮਰਦਾਸ ਨੇ) ਜਗਤ ਨੂੰ ਪੈਰੀਂ ਪਾਇਆ ਹੈ।

(੪) ਗੁਰਮੁਖ ਨੂੰ ਸੁਖ ਫਲ ਅਮਰ ਪਦਵੀ ਦਾ (ਭਾਵ) ਅੰਮ੍ਰਿਤ ਬਿਰਖ ਨੂੰ ਅੰਮ੍ਰਿਤ ਫਲ ਹੀ ਲਾਇਆ ਹੈ। (ਭਾਵ ਗੁਰੂ ਨਾਨਕ ਤੇ ਗੁਰੂ ਅੰਗਦ ਤੋਂ ਗੁਰੂ ਅਮਰਦਾਸ ਬਣੇ)।

(੫) ਗੁਰੂ ਚੇਲਾ ਬਣਿਆ, ਜਦੋਂ ਚੇਲੇ ਨੂੰ ਸੀਸ ਨਿਵਾ ਕੇ ਉਸ ਨੂੰ ਥਾਂ 'ਤੇ ਥਾਪ ਦਿਤਾ, ਪੁਰਖ ਤੋਂ ਪੁਰਖ (ਗੁਰੂ ਨਾਨਕ ਤੋਂ ਗੁਰੂ ਅੰਗਦ ਤੇ ਹੁਣ ਗੁਰੂ ਅੰਗਦ ਗੁਰੂ ਅਮਰ ਦਾਸ) ਵਿਚ ਸਮਾ ਗਏ, (ਭਾਵ ਅਭੇਦ ਹੋ ਕੇ ਇਕ ਰੂਪ ਹੋ ਗਏ)।

(੬) ਵੀਹ ਵਿਸਵੇ (ਜੋ ਜਗਤ) ਵਰਤਮਾਨ ਗੁਣਾਂ ਵਿਚ ਵਰਤ ਰਿਹਾ ਹੈ ਉਥੋਂ ਨਿਕਲ ਇਕੀਹ (ਚੌਥੇ ਪਦ) ਦੇ ਸਹਿਜ ਘਰ ਵਿਚ (ਗੁਰੂ ਅਮਰਦਾਸ ਜੀ) ਆ ਦ੍ਰਿੜ੍ਹ ਹੋਏ)

(੭) ਗੁਰੂ ਅਮਰਦਾਸ ਜੀ ਨੇ ਸੱਚਾ ਹੁਕਮ ਵਰਤਾ ਦਿਤਾ।੯।

***ਭਾਵਾਰਥ :*** ਗੁਰੂ ਅਮਰਦਾਸ ਜੀ ਦੀ ਮਹਿਮਾ ਭੀ ਉਸੇ ਤਰ੍ਹਾਂ ਹੈ। ਕਹਿੰਦੇ ਹਨ ਅੰਮ੍ਰਿਤ ਬਿਰਖ ਨੂੰ ਅੰਮ੍ਰਿਤ ਫਲ ਲਗਾ, ਇਸ ਤੋਂ ਸਾਫ਼ ਸਿੱਧ ਹੈ ਕਿ ਉਹ ਪਹਿਲੇ ਭੀ ਅਵਤਾਰ ਹੀ ਸਨ, ਸਿਰਫ਼ ਇਹ ਢੰਗ ਨਿਰਾਲਾ ਸੀ ਕਿ ਅਵਤਾਰ ਹੋ ਕੇ ਪਰਦਾ ਤਾਣੀ ਰਹੇ, ਤਾਂ ਜੋ ਭਗਤੀ ਪੰਥ ਮੁਕੰਮਲ ਦਾ ਨਮੂਨਾ ਪੇਸ਼ ਕਰੇ। ਗੁਰੂ ਅਮਰਦਾਸ ਜੀ ਦੇ ਚਰਨਾਂ ਵਿਚ ਅਵਤਾਰਤਾ ਦਾ ਚਿੰਨ੍ਹ ਪਦਮ ਭੀ ਪਹਿਲੋਂ ਹੀ ਮੌਜੂਦ ਸੀ, ਗੁਰ-ਇਤਿਹਾਸ ਤੋਂ ਇਸਦੀ ਗਵਾਹੀ ਮਿਲਦੀ ਹੈ।

## ੧੦. *ਗੁਰ ਚੇਲੇ ਕੀ ਰੀਤ ਚਲਾਈ*

**੧. ਸ਼ਬਦ ਸੁਰਤਿ ਪਰਚਾਇ ਕੈ**
**ਚੇਲੇ ਤੇ ਗੁਰੁ ਗੁਰੁ ਤੇ ਚੇਲਾ।**
**੨. ਵਾਣਾ ਤਾਣਾ ਆਖੀਐ**
**ਸੂਤ ਇੱਕ ਹੁਇ ਕਪੜੁ ਮੇਲਾ।**
**੩. ਦੁਧਹੁੰ ਦਹੀਂ ਵਖਾਣੀਐ**
**ਦਹੀਅਹੁੰ ਮੱਖਣ ਕਾਜੁ ਸੁਹੇਲਾ।**
**੪. ਮਿਸਰੀ ਖੰਡੁ ਵਖਾਣੀਐ**
**ਜਾਣੁ ਕਮਾਦਹੁੰ ਰੇਲਾ ਪੇਲਾ।**
**੫. ਖੀਰੁ ਖੰਡੁ ਘਿਉ ਮੇਲਿ ਕਰਿ**
**ਅਤਿ ਵਿਸਮਾਦ ਸਾਦ ਰਸ ਕੇਲਾ।**
**੬. ਪਾਨ ਸੁਪਾਰੀ ਕੱਥੁ ਮਿਲਿ**
**ਚੂਨੇ ਰੰਗੁ ਸੁਰੰਗ ਸੁਹੇਲਾ।**
**੭. ਪੋਤਾ ਪਰਵਾਣਕੁ ਨਵੇਲਾ॥੧੦॥**

***ਪਦ ਅਰਥ :*** ਵਾਨਾ ਤਾਨਾ—ਤਾਨਾ ਪੇਟਾ। ਕਾਜੁ ਸੁਹੇਲਾ—ਸੋਭਨੀਕ ਕਾਰਜ। ਰੇਲਾ ਪੇਲਾ—ਗੁੜ ਸ਼ਕਰ। ਰਸ ਕੇਲਾ—ਰਸਦਾਇਕ, ਰਸ ਲੈਂਦੇ ਹਨ। ਸੁਰੰਗ—ਲਾਲ ਰੰਗ। ਸੁਹੇਲਾ—ਸੌਖਾ, ਸੋਹਣਾ। ਨਵੇਲਾ—ਨਵਾਂ ਜਾਂ ਨਾਦੀ, ਸੋਹਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਇਹ ਤਾਂ ਅਸੀਂ ਪਹਿਲੋਂ ਭੀ ਆਪ ਜੀ ਨੂੰ ਕਈ ਵਾਰ ਆਪਣੀ ਮਾਨਸਕ ਕਮਜ਼ੋਰੀ ਕਹਿੰਦੇ ਆ ਰਹੇ ਹਾਂ ਕਿ ਅਸੀਂ ਸੰਸਾਰੀ ਬੰਦੇ ਦਿਨੇ ਰਾਤ ਸੰਸਾਰਕ ਮਾਇਕੀ ਧੰਦਿਆਂ ਵਿਚ ਪਰਵਿਰਤ ਰਹਿੰਦੇ ਹਾਂ ਜਿਸ ਕਰਕੇ ਆਪ ਜੀ ਵੱਲੋਂ ਕਈ ਦਰਸਾਏ ਜਾ ਰਹੇ ਗੁਰਮਤ ਦੇ ਗੁੱਝੇ ਭਾਵਾਂ ਨੂੰ ਸਮਝਣ ਵੱਲੋਂ ਅਸੀਂ ਆਪਣੇ ਆਪ ਨੂੰ ਕਮਜ਼ੋਰ ਸਮਝਦੇ ਹਾਂ ਇਸੇ ਹੀ ਕਰਕੇ ਅਸੀਂ ਆਪ ਜੀ ਵੱਲੋਂ ਦਿਤੇ ਜਾ ਰਹੇ ਵੀਚਾਰਾਂ ਨੂੰ ਬਾਰ ਬਾਰ ਬੇਨਤੀ ਦੁਆਰੇ ਸਮਝਣ ਦਾ ਉਪਰਾਲਾ ਕਰਦੇ ਆ ਰਹੇ ਹਾਂ। ਅਸੀਂ ਆਪ ਜੀ ਦੇ ਅਤਿਅੰਤ ਹੀ ਸ਼ੁਕਰ-ਗੁਜ਼ਾਰ ਹਾਂ ਕਿਉਂਕਿ ਆਪ ਜੀ ਸਾਨੂੰ ਬੜੇ ਪਿਆਰ ਰਾਹੀਂ ਹਰ ਗੁਰਮਤ ਦੇ ਸਿਧਾਂਤ ਨੂੰ ਸਮਝਾਉਣ ਦਾ ਉਪਕਾਰ ਕਰਦੇ ਆ ਰਹੇ ਹੋ, ਹੁਣ ਅਸੀਂ ਆਪ ਜੀ ਤੋਂ ਬੇਨਤੀ ਪੂਰਵਕ ਪੁਛਣਾ ਚਾਹੁੰਦੇ ਹਾਂ ਕਿ ਗੁਰੂ ਚੇਲਾ ਤੇ ਚੇਲੇ ਦੇ ਗੁਰੂ ਬਣ ਜਾਣ ਦਾ ਤਾਲ-ਮੇਲ ਕਿਵੇਂ ਬਣ ਆਉਂਦਾ ਹੈ ਇਹ ਜਾਣਕਾਰੀ ਦਿਓ, ਧੰਨਵਾਦੀ ਹੋਵਾਂਗੇ ? ਤਾਂ ਇਸ ਅਗਲੀ ਪਉੜੀ ਅੰਦਰ ਭਾਈ ਸਾਹਿਬ ਜੀ ਕਈ ਕੁ ਉਦਾਹਰਣ ਦੇ ਕੇ ਗੁਰੂ ਤੋਂ ਚੇਲਾ ਤੇ ਚੇਲੇ ਤੋਂ ਗੁਰੂ ਹੋ ਜਾਣ ਦੇ ਭਾਵ ਨੂੰ ਦਰਸਾਉਂਦੇ ਹਨ।

(੧) ਹੇ ਭਾਈਓ ! ਸ਼ਬਦ ਦੀ ਸੁਰਤ ਵਿਚ (ਲਿਵ ਲਾ ਕੇ) ਪ੍ਰੇਮ ਵਿਚ ਪਰਚ ਕੇ ਚੇਲੇ ਤੋਂ ਗੁਰੂ ਤੇ ਗੁਰੂ ਤੋਂ ਚੇਲਾ ਅਭੇਦ ਹੋ ਗਏ (ਭਾਵ ਇਕ ਰੂਪ ਹੋ ਗਏ)।

(੨) (ਉਹ ਕਿਵੇਂ) ਜਿਵੇਂ ਤਾਣੇ ਤੇ ਪੇਟੇ ਦੇ ਨਾਉਂ (ਵਖੋ ਵੱਖ) ਆਖਦੇ ਹਨ, ਪਰ ਸੂਤ ਇਕ ਹੀ ਹੁੰਦਾ ਹੈ, ਜਿਸ ਨਾਲ ਕੱਪੜਾ ਬਣ ਜਾਂਦਾ ਹੈ।

(੩) (ਜਿਵੇਂ ਕਿ ਅਸੀਂ) ਦੁੱਧ ਤੋਂ (ਦਹੀਂ ਜਮਾ ਕੇ) ਉਸਨੂੰ ਦਹੀਂ ਆਖਦੇ ਹਾਂ ਤੇ ਦਹੀਂ ਤੋਂ ਮੱਖਣ ਕੱਢਦੇ ਹਾਂ ਜਿਨ੍ਹਾਂ ਨਾਲ ਕਾਜ ਸੁਹੇਲੇ (ਚੰਗੇ) ਹੁੰਦੇ ਹਨ।

(੪) (ਹੋਰ ਸੁਣੋ ਜਿਵੇਂ) ਕਮਾਦ ਨੂੰ ਰੇਲ ਪੇਲ (ਪੀੜ ਕੇ) ਗੁੜ ਸ਼ੱਕਰ ਹੁੰਦੀ ਹੈ ਤੇ ਉਸ ਤੋਂ ਅਗੇ ਮਿਸ਼ਰੀ ਤੇ ਖੰਡ ਬਣਦੀ ਹੈ।

(੫) ਦੁੱਧ ਖੰਡ ਤੇ ਘਿਉ ਮਿਲ ਕੇ ਬੜੇ ਵਚਿੱਤਰ ਤੇ ਰਸ ਵਾਲੇ ਸੁਆਦਿਸਟ ਪਦਾਰਥ ਬਣਦੇ ਹਨ।

(੬) (ਹੋਰ ਵੇਖੋ) ਪਾਨ ਦੇ ਪੱਤੇ ਵਿਚ ਚੂਨਾ, ਕੱਥਾ ਤੇ ਸੁਪਾਰੀ ਪੈਂਦੇ ਹਨ, ਜੋ ਚੱਬਣ ਮਗਰੋਂ ਸੋਹਣਾ ਲਾਲ ਰੰਗ ਬਣ ਜਾਂਦੇ ਹਨ।

(੭) ਇਸੇ ਤਰ੍ਹਾਂ (ਗੁਰੂ ਨਾਨਕ ਦਾ ਸੁਪੁੱਤ੍ਰ ਅੰਗਦ ਤੇ ਗੁਰੂ ਅੰਗਦ ਤੋਂ) ਪੋਤਰਾ (ਗੁਰੂ ਅਮਰਦਾਸ) ਪ੍ਰਮਾਣੀਕ ਹੋਇਆ, ਜੋ ਨਿਤ ਨਵੀਂ ਤੋਂ ਨਵੀਂ ਸੋਭਾ ਵਾਲਾ ਹੈ।੧੦।

## ੧੧. ਗੁਰੂ ਅਮਰਦਾਸ ਜੀ ਦੀ ਮਹਿਮਾ

**੧. ਤਿਲਿ ਮਿਲਿ ਫੁੱਲ ਅਮੁੱਲ ਜਜੋਂ**
**ਗੁਰਸਿਖ ਸੰਧਿ ਸੁਗੰਧ ਫੁਲੇਲਾ।**
**੨. ਖਾਸਾ ਮਲਮਲ ਸਿਰੀਸਾਫੁ**
**ਸ਼ਾਹ ਕਪਾਹ ਚਲਿਤ ਬਹੁ ਖੇਲਾ।**
**੩. ਗੁਰੁ ਮੂਰਤਿ ਗੁਰੁ ਸ਼ਬਦ ਹੈ**
**ਸਾਧਸੰਗਤ ਮਿਲਿ ਅੰਮ੍ਰਿਤ ਵੇਲਾ।**
**੪. ਦੁਨੀਆ ਕੂੜੀ ਸਾਹਿਬੀ**
**ਸੱਚ ਮਣੀ ਸੱਚ ਗਰਬਿ ਗਹੇਲਾ।**
**੫. ਦੇਵੀ ਦੇਵ ਦੁੜਾਇਅਨੁ**
**ਜਿਉਂ ਮਿਰਗਾਵਲਿ ਦੇਖਿ ਬਘੇਲਾ।**
**੬. ਹੁਕਮਿ ਰਜਾਈ ਚੱਲਣਾ**
**ਪਿੱਛੇ ਲੱਗੇ ਨੱਕਿ ਨਕੇਲਾ।**
**੭. ਗੁਰਮੁਖ ਸੱਚਾ ਅਮਰਿ ਸੁਹੇਲਾ॥੧੧॥**

***ਪਦ ਅਰਥ :*** ਫੁਲੇਲਾ—ਚੰਬੇਲੀ। ਸੰਧਿ—ਮਿਲਾਪ ਦੀ ਹੱਦ। ਸਿਰੀਸਾਫੁ—ਕੱਪੜਾ। ਸ਼ਾਹ—ਰਾਜੇ ਮਹਾਰਾਜੇ। ਸੱਚ ਮਣੀ—ਸੱਚਾ ਮਾਣ। ਗਹੇਲਾ—ਮਸਤੀ। ਬਘੇਲਾ—ਸ਼ੇਰ। ਨਕੇਲਾ—ਨੱਕ ਵਿਚ ਨੱਥ ਜਾਂ ਲਗਾਮ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਿਥੇ ਆਪ ਜੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਦੀ ਮਹਿਮਾ ਦਰਸਾਉਂਦੇ ਆ ਰਹੇ ਹੋ ਉਥੇ ਗੁਰੂ ਅਮਰਦਾਸ ਜੀ ਦੀ ਸਿਫਤੋ-ਸਾਲਾਹ ਭੀ ਕਰੋ ਤਾਕਿ ਉਨ੍ਹਾਂ ਦੀ ਉਪਮਾ ਸੁਣ ਕੇ ਸਾਡਾ ਭੀ ਸਮਾ ਸਫਲ ਹੋਵੇ ?

ਉ: ਹੇ ਭਾਈਓ ! ਜੇ ਤੁਹਾਡੇ ਇਸ ਪ੍ਰਸ਼ਨ ਦਾ ਉੱਤਰ ਗੁਰੂ ਗ੍ਰੰਥ ਸਾਹਿਬ ਜੀ ਤੋਂ ਮੰਗ ਕਰੀਏ ਤਾਂ ਇਹੋ ਸਮਝ ਪੈਂਦੀ ਹੈ ਕਿ ਸਾਰੇ ਗੁਰੂਆਂ ਵਿਚ ਜੋਤ ਇਕੋ ਗੁਰੂ ਨਾਨਕ ਦੇਵ ਜੀ ਦੀ ਵਰਤਦੀ ਸੀ, ਸਿਰਫ਼ ਕਾਇਆਂ ਦੀ ਬਦਲੀ ਹੀ ਹੋਈ ਹੈ ਅਤੇ ਇਹ ਸਾਰੇ ਹੀ ਗੁਰੂ ਉਸ ਇਕੋ ਪਰਮੇਸ਼ਰ ਦਾ ਸਰੂਪ ਹੀ ਸਨ, ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ ਕਿ (ਗੁਰ ਪਰਮੇਸਰ ਏਕੋ ਜਾਣੁ) ਜਿਵੇਂ ਪਰਮੇਸ਼ਰ ਦੀ ਮਹਿਮਾ ਇਕ ਜ਼ੁਬਾਨ ਦੁਆਰੇ ਕਹੀ ਨਹੀਂ ਜਾ ਸਕਦੀ ਇਸੇ ਤਰ੍ਹਾਂ ਗੁਰੂ ਦੀ ਉਪਮਾ ਵੀ ਬੇਅੰਤ ਹੈ ਜੋ ਬਿਆਨੀ ਨਹੀਂ ਜਾ ਸਕਦੀ। ਇਸ ਭਾਵ ਨੂੰ ਭੱਟਾਂ ਨੇ ਸਵਈਆਂ ਵਿਚ ਅੰਕਤ ਕੀਤਾ ਹੈ, ਜਿਵੇਂ ਕਿ :

ਘਨਹਰ ਬੂੰਦ ਬਸੁਅ ਰੋਮਾਵਲਿ
ਕੁਸਮ ਬਸੰਤ ਗਨੰਤ ਨ ਆਵੈ॥
ਰਵਿ ਸਸਿ ਕਿਰਣਿ ਉਦਰੁ ਸਾਗਰ ਕੋ
ਗੰਗ ਤਰੰਗ ਅੰਤੁ ਕੋ ਪਾਵੈ॥
ਰੁਦ੍ਰ ਧਿਆਨ ਗਿਆਨ ਸਤਿਗੁਰ ਕੇ
ਕਬਿ ਜਨ ਭਲ੍ਯ ਉਨਹ ਜੁੋ ਗਾਵੈ॥
ਭਲੇ ਅਮਰਦਾਸ ਗੁਣ ਤੇਰੇ
ਤੇਰੀ ਉਪਮਾ ਤੋਹਿ ਬਨਿ ਆਵੈ॥੧॥੨੨॥

*(ਸਵਈਏ ਮਹਲਾ ੩ ਕੇ, ਪੰਨਾ ੧੩੯੬)*

ਭਾਵ ਹੈ, ਬਦਲਾਂ ਦੁਆਰੇ ਬਰਸਦੀਆਂ ਪਾਣੀ ਦੀਆਂ ਬੂੰਦਾਂ, ਬਸੰਤ ਰੁੱਤ ਦੇ ਫੁਲ, ਸੂਰਜ, ਚੰਦ੍ਰਮਾ ਦੀਆਂ ਕਿਰਨਾਂ, ਸਾਗਰ ਤੇ ਗੰਗ ਦੇ ਤਰੰਗ ਆਦਿ ਸ਼ੈਆਂ ਦਾ ਅੰਤ ਨਹੀਂ ਪਾਇਆ ਜਾ ਸਕਦਾ, ਇਸੇ ਤਰ੍ਹਾਂ ਹੇ ਗੁਰੂ ਅਮਰਦਾਸ ਜੀਉ ! ਤੇਰੇ ਸੰਪੂਰਨ ਗੁਣਾਂ ਨੂੰ ਭੀ ਕੋਈ ਨਹੀਂ ਗਾ ਸਕਦਾ, ਇਸ ਲਈ ਤੇਰੀ ਉਪਮਾ ਤੈਨੂੰ ਹੀ ਬਣ ਆਉਂਦੀ ਹੈ। ਇਸ ਤਰ੍ਹਾਂ ਦੇ ਹੋਰ ਭੀ ਬਹੁਤ ਸਾਰੇ ਗੁਰੂ ਗ੍ਰੰਥ ਦੇ ਸ਼ਬਦਾਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਅੰਕਤ ਕਰੀਆਂ ਹਨ, ਜਿਨ੍ਹਾਂ ਵਿਚ ਗੁਰੂ ਅਮਰਦਾਸ ਜੀ ਦੀ ਮਹਿਮਾ ਕੀਤੀ ਗਈ ਹੈ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਤਿਲਾਂ ਦਾ ਫੁਲਾਂ ਨਾਲ ਮੇਲ ਕਰਕੇ ਅਮੋਲਕ ਸੁਗੰਧੀ ਵਾਲਾ ਤੇਲ (ਫੁਲੇਲ, ਅਤਰ) ਬਣ ਜਾਂਦਾ ਹੈ, ਇਵੇਂ ਹੀ ਸਿਖ ਗੁਰੂ ਨਾਲ ਮਿਲ ਕੇ ਫੁਲੇਲ (ਗੁਰਸਿੱਖੀ) ਦੀ ਸੁਗੰਧੀ ਵਾਲਾ ਹੋ ਜਾਂਦਾ ਹੈ।

(੨) ਖ਼ਾਸਾ, ਮਲਮਲ ਤੇ ਸਿਰੀਸਾਫ਼ ਆਦਿ ਕੱਪੜਿਆਂ ਦੀਆਂ ਵੱਖ ਵੱਖ ਕਿਸਮਾਂ ਸਭ ਕਪਾਹ ਦਾ ਹੀ ਖੇਲ ਹੈ (ਇਸੇ ਤਰ੍ਹਾਂ) ਜਿਵੇਂ ਬ੍ਰਹਮ (ਸ਼ਾਹ) ਦਾ ਇਹ ਸਭ ਸੰਸਾਰ ਅਜਬ ਚਲਿਤ (ਕੌਤਕਾਂ) ਦਾ ਮੁਜੱਸਮਾ ਹੈ।

(੩) ਗੁਰੂ ਦੀ ਮੂਰਤਿ ਗੁਰ ਸ਼ਬਦ ਹੈ, ਜੋ ਅੰਮ੍ਰਿਤ ਵੇਲੇ ਪ੍ਰਾਪਤ ਹੁੰਦਾ ਹੈ, ਸਾਧ ਸੰਗਤ ਵਿਚੋਂ। ਸੋ ਸਾਧ ਸੰਗਤ ਵਿਚ ਅੰਮ੍ਰਿਤ ਵੇਲੇ ਮਿਲੋ (ਭਾਵ ਗੁਰੂ ਦਰਬਾਰ ਵਿਚ ਪੁੱਜ ਕੇ ਆਸਾ ਦੀ ਵਾਰ ਦਾ ਕੀਰਤਨ ਸੁਣੋ।)

(੪) (ਗੁਰੂ ਕਿਹੋ ਜਿਹੇ ਹਨ ?) ਉਤਰ—ਉਹ ਗੁਰੂ ਦੁਨੀਆਂ ਦੀ ਸਾਹਿਬੀ ਝੂਠੀ (ਜਾਣਦੇ ਹਨ) ਸੱਚ ਮਣੀ, ਅਰਥਾਤ, ਸੱਚੇ ਦਮਕ ਵਾਲੇ ਸੱਚੇ ਮਦ ਵਿਚ ਮਸਤ ਹਨ।

(੫) (ਐਸੇ ਸੱਚੇ) ਗੁਰੂ ਦੇ ਪ੍ਰਤਾਪ (ਨੂੰ ਦੇਖ ਕੇ ਦੇਵੀ ਦੇਵਤੇ ਇਉਂ ਨੱਸ ਪਏ ਹਨ, ਜਿਵੇਂ) ਸ਼ੇਰ ਬਘੇਲੇ ਦੀ ਅਵਾਜ਼ (ਭਬਕ) ਸੁਣ ਕੇ ਮਿਰਗਾਂ ਦੀਆਂ ਡਾਰਾਂ ਨੂੰ ਭੱਜਣ ਦੀ ਪੈ ਜਾਂਦੀ ਹੈ।

(੬) (ਗੁਰੂ ਦੇ) ਹੁਕਮ ਦੀ ਰਜਾ (ਮਰਜ਼ੀ) ਵਿਚ ਪਿਛੇ ਲੱਗਾ ਐਉਂ ਤੁਰਦੇ ਹਨ, ਜਿਵੇਂ ਨੱਕ ਵਿਚ ਨਕੇਲ (ਲਗਾਮ) ਪਾਈ ਹੁੰਦੀ ਹੈ (ਪ੍ਰੇਮ ਦੀ ਨਕੇਲ ਦੇ ਖਿੱਚੇ ਪਿੱਛੇ ਪਿੱਛੇ ਤੁਰੇ ਜਾਂਦੇ ਹਨ।)

(੭) ਐਸਾ ਸੁਖਾਂ ਦਾ ਸਰੂਪ ਸ੍ਰੀ ਗੁਰੂ ਅਮਰਦਾਸ ਜੀ ਹੈ ਜੋ ਸੱਚਾ ਗੁਰਮੁਖ ਹੈ।੧੧।

***ਭਾਵਾਰਥ :*** ਜਿਵੇਂ ਫੁੱਲਾਂ ਦੀ ਵਾਸ਼ਨਾ ਤੇ ਫੁਲੇਲ ਦੀ ਵਾਸ਼ਨਾ ਇਕੋ ਖ਼ਜ਼ਾਨੇ ਦੀ ਇਕੋ ਸ਼ੈ ਦੋ ਥਾਈਂ ਵੱਸ ਰਹੀ ਹੈ, ਅਤੇ ਜਿਕੂੰ ਇਕ ਕਪਾਹ, ਖ਼ਾਸੇ ਮਲਮਲ, ਸਿਰੀਸਾਫ਼ ਸਭਨਾਂ ਵਿਚ ਵੱਸ ਰਹੀ ਹੈ, ਇਸੇ ਤਰ੍ਹਾਂ ਇਕੋ ਜੋਤ ਨਾਨਕ, ਅੰਗਦ, ਅਮਰ ਰੂਪ ਹੋ ਕੇ ਗੁਰਯਾਈ ਕਰ ਰਹੀ ਹੈ। ਉਸ ਗੁਰੂ ਦੀ ਪ੍ਰਾਪਤੀ ਸਾਧ ਸੰਗਤ ਵਿਚੋਂ ਹੈ, ਅਤੇ ਗੁਰੂ ਦੀ ਸਰੀਰਕ ਮੂਰਤ ਤੋਂ ਛੁਟ ਸ਼ਬਦ ਭੀ ਗੁਰੂ ਦੀ ਮੂਰਤ ਹੈ, ਜਿਨ੍ਹਾਂ ਨੂੰ ਇਹ ਪ੍ਰਾਪਤ ਹੈ, ਉਹ ਦੁਨੀਆ ਦੀ ਸਾਹਿਬੀ ਨੂੰ ਕੂੜ ਜਾਣਦੇ ਹਨ, ਉਹ ਸੱਚੀ ਮਣੀ ਸੱਚੇ ਮਦ (ਨਾਮ ਰਸ) ਵਿਚ ਸੱਚੇ ਗਰਬ (ਚੜ੍ਹਦੀਆਂ ਕਲਾ) ਵਿਚ ਖੇਡਦੇ ਹਨ। ਦੇਵੀ ਦੇਵਤੇ ਉਨ੍ਹਾਂ ਦੇ ਪ੍ਰਤਾਪ ਦੇ ਅੱਗੇ ਕੁਛ ਵੀ ਸ਼ੈ ਨਹੀਂ, ਉਹ ਤਾਂ ਸਗੋਂ ਮਗਰ ਨੱਠੇ ਫਿਰਦੇ ਹਨ, ਗੁਰੂ ਅਮਰਦਾਸ ਜੀ ਸੱਚੇ ਗੁਰੂ ਸਦਾ ਅਨੰਦ ਗੁਰਮੁਖ ਰੂਪ ਵਿਚ ਪ੍ਰਕਾਸ਼ ਰਹੇ ਹਨ।

## ੧੨. ਗੁਰੂ ਅਮਰਦਾਸ ਜੀ ਦਾ ਪ੍ਰਤਾਪ

**੧. ਸਤਿਗੁਰ ਹੋਆ ਸਤਿਗੁਰਹੁੰ**
**ਅਚਰਜੁ ਅਮਰ ਅਮਰਿ ਵਰਤਾਯਾ।**
**੨. ਸੋ ਟਿੱਕਾ ਸੋ ਬੈਹਣਾ**
**ਸੋਈ ਸੱਚਾ ਹੁਕਮ ਚਲਾਯਾ।**
**੩. ਖੋਲਿ ਖਜ਼ਾਨਾ ਸ਼ਬਦ ਦਾ**
**ਸਾਧ ਸੰਗਤਿ ਸਚੁ ਮੇਲਿ ਮਿਲਾਯਾ।**
**੪. ਗੁਰ ਚੇਲਾ ਪਰਵਾਣ ਕਰਿ**
**ਚਾਰ ਵਰਨ ਲੈ ਪੈਰੀਂ ਪਾਯਾ।**
**੫. ਗੁਰਮੁਖ ਇੱਕੁ ਧਿਆਈਐ**
**ਦੁਰਮਤਿ ਦੂਜਾ ਭਾਉ ਮਿਟਾਯਾ।**
**੬. ਕੁਲਾ ਧਰਮ ਗੁਰਸਿੱਖ ਸਭ**
**ਮਾਇਆ ਵਿਚ ਉਦਾਸੁ ਰਹਾਯਾ।**
**੭. ਪੂਰੇ ਪੂਰਾ ਥਾਟ ਬਣਾਯਾ॥੧੨॥**

***ਪਦ ਅਰਥ :*** ਅਮਰ—ਹੁਕਮ। ਬੈਹਣਾ—ਗੁਰਤਾ ਗੱਦੀ ਦਾ ਸਿੰਘਾਸਣ। ਕੁਲਾ ਧਰਮ—ਕੁਲ ਦਾ ਧਰਮ। ਥਾਟ—ਪ੍ਰਬੰਧ ਜਾਂ ਬਣਾਉ।

*ਅਰਥ :*

ਗੁਰੂ ਨਾਨਕ ਦੀ ਜੋਤ ਨੇ ਨੌਂ ਖੰਡ ਪ੍ਰਿਥਵੀ ਵਿਚ ਸੱਚੇ ਨਾਮ ਦਾ ਢੰਡੋਰਾ ਦੇ ਕੇ ਸਾਰੇ ਹੀ ਜਗਤ ਦੇ ਜੀਵਾਂ ਦਾ ਉਧਾਰ ਕੀਤਾ ਹੈ ਇਸ ਭਾਵ ਨੂੰ ਬਾਣੀ ਵਿਚ ਦਰਸਾਇਆ ਗਿਆ ਹੈ ਉਹ ਜੋਤ ਭਾਵੇਂ ਕਿਸੇ ਵੀ ਰੂਪ ਵਿਚ ਸੀ ਪਰ ਫਿਰ ਭੀ ਉਹ :

ਪ੍ਰਗਟ ਭਈ ਸਗਲੇ ਜੁਗ ਅੰਤਰਿ
ਗੁਰ ਨਾਨਕ ਕੀ ਵਡਿਆਈ ॥੪॥੧੧॥

*(ਸੋਰਠਿ ਮ: ੫, ਪੰਨਾ ੬੧੧)*

ਉਹ ਗੁਰੂ ਨਾਨਕ ਦੀ ਜੋਤ ਕਿਸੇ ਭੀ ਜਾਮੇ ਵਿਚ ਸੀ, ਉਸਦਾ ਪ੍ਰਤਾਪ ਸਾਰੇ ਹੀ ਸੰਸਾਰ ਵਿਚ ਪ੍ਰਗਟ ਹੋਇਆ। ਜਿਵੇਂ ਅਸੀਂ ਵੇਖਦੇ ਹਾਂ ਕਿ :

(੧) ਸਤਿਗੁਰੂ (ਗੁਰੂ ਅੰਗਦ) ਤੋਂ ਸਤਿਗੁਰੂ (ਗੁਰੂ ਅਮਰਦਾਸ) ਹੋਏ, ਤੇ ਅਸਚਰਜ ਅਮਰ (ਹੁਕਮ ਦੀ ਅਦੁਤੀ) ਖੇਡ ਵਰਤਾ ਦਿਤੀ।
(੨) ਸੋਈਓ (ਗੁਰਤਾ ਦਾ) ਤਿਲਕ ਤੇ ਓਹੀਓ (ਗੁਰਤਾ ਦਾ ਰਾਜ) ਸਿੰਘਾਸਣ ਤੇ ਓਹੀ ਸੱਚਾ (ਪ੍ਰਭੂ ਦੇ ਨਾਮ ਦਾ) ਹੁਕਮ ਚਲਾਇਆ (ਭਾਵ ਗੁਰੂ ਨਾਨਕ ਦੀ ਚਲਾਈ ਰਹੁ-ਰੀਤੀ ਨੂੰ ਹੀ ਚਲਾਇਆ)।
(੩) ਸ਼ਬਦ ਦੇ ਖ਼ਜ਼ਾਨੇ ਨੂੰ ਖੋਲ੍ਹ ਕੇ ਸਾਧ ਸੰਗਤ ਵਿਚ ਸੱਚ ਦੇ ਮੇਲੀਆਂ ਨੂੰ ਮੇਲ ਦਿਤਾ।
(੪) ਚੇਲੇ (ਗੁਰੂ ਅਮਰਦਾਸ) ਨੂੰ ਪ੍ਰਮਾਣੀਕ ਬਣਾ ਕੇ, ਗੁਰੂ ਅੰਗਦ ਦੇਵ ਜੀ ਨੇ ਚਾਰੇ ਵਰਣਾਂ ਨੂੰ (ਉਸਦੀ) ਚਰਣੀ ਲਾ ਦਿਤਾ।
(੫) ਹੋਰ ਮਤਾਂ ਦੇ ਜੋ ਦੂਜੇ ਦੁਰਮਤ ਭਾਵ ਸਨ, ਉਹ ਮੇਟ ਕੇ ਸਭ ਗੁਰਸਿੱਖਾਂ ਨੇ ਗੁਰਮੁਖਾਂ ਵਾਂਗ ਹੋ ਕੇ ਇਸ ਪਰਮੇਸ਼ਰ ਦੀ ਹੀ ਅਰਾਧਨਾ ਕੀਤੀ (ਜੋ ਸਭ ਦਾ ਮਾਲਕ ਤੇ ਸਿਰਜਨਹਾਰ ਹੈ)।
(੬) ਆਪਣੇ ਚਾਰੇ ਵਰਨਾਂ ਦੇ ਗੁਰਸਿੱਖਾਂ ਦੇ ਕੁਲਾ ਧਰਮ (ਪਹਿਲੇ ਧਰਮ) ਮਿਟਾ ਕੇ, ਇਕ ਸਿਖੀ ਧਰਮ (ਗੁਰਮੁਖ ਮਾਰਗ) ਮਾਇਆ ਵਿਚ ਉਦਾਸ ਰਹਿਣ ਦਾ ਦ੍ਰਿੜ੍ਹ ਕਰਵਾ ਦਿਤਾ।
(੭) ਇਉਂ ਪੂਰੇ ਗੁਰੂ (ਗੁਰੂ ਅੰਗਦ ਦੇਵ ਜੀ ਨੇ ਆਪਣੇ ਪਿਛੋਂ ਦੇ) ਸਭ ਪ੍ਰਬੰਧ ਮੁਕੰਮਲ ਕਰਕੇ, ਪੂਰਾ ਥਾਟ ਬਣਾ ਦਿਤਾ।੧੨।

# ੧੩. ਗੁਰੂ ਅਮਰਦਾਸ ਜੀ ਦੀ ਵਡਿਆਈ

**੧. ਆਦਿ ਪੁਰਖ ਆਦੇਸ਼ ਗੁਰ**
**ਆਦਿ ਜੁਗਾਦਿ ਸ਼ਬਦ ਵਰਤਾਯਾ।**
**੨. ਨਾਮ ਦਾਨ ਇਸ਼ਨਾਨ ਦ੍ਰਿੜ**
**ਗੁਰੁ ਸਿਖ ਦੇ ਸੈਂਸਾਰ ਤਰਾਯਾ।**
**੩. ਕਲੀ ਕਾਲ ਇਕ ਪੈਰ ਹੁਇ**
**ਚਾਰ ਚਰਣ ਕਰਿ ਧਰਮ ਧਰਾਯਾ।**
**੪. ਭਲਾ ਭਲਾ ਭਲਿਆਈਅਹੁੰ**
**ਪਿਉ ਦਾਦੇ ਦਾ ਰਾਹੁ ਚਲਾਯਾ।**
**੫. ਅਗਮ ਅਗੋਚਰ ਗਹਣ ਗਤਿ**
**ਸ਼ਬਦ ਸੁਰਤਿ ਲਿਵ ਅਲਖ ਲਖਾਯਾ।**
**੬. ਅਪਰੰਪਰ ਆਗਾਧਿ ਬੋਧ**
**ਪਰਮਿਤਿ ਪਾਰਾਵਾਰ ਨ ਪਾਯਾ।**
**੭. ਆਪੇ ਆਪਿ ਨ ਆਪੁ ਜਣਾਯਾ॥੧੩॥**

***ਪਦ ਅਰਥ :*** ਆਦਿ ਪੁਰਖ—ਗੁਰੂ ਨਾਨਕ, ਆਦਿ ਪੁਰਖ ਪਰਮੇਸ਼ਰ ਦਾ ਸਰੂਪ। ਭਲਾ—ਗੁਰੂ ਅਮਰਦਾਸ ਜੀ ਦੀ ਜਾਤ। ਗਹਣ ਗਤਿ—ਔਖੀ ਗਤੀ। ਆਗਾਧਿ ਬੋਧ—ਸਮਝ ਤੋਂ ਪਰੇ ਦਾ ਗਿਆਨ। ਪਰਮਿਤਿ—ਅਨੰਤ।

*ਅਰਥ :*

(੧) ਆਦਿ ਪੁਰਖ (ਪਰਮੇਸ਼ਰ) ਤੇ ਆਦਿ ਗੁਰੂ (ਨਾਨਕ) ਨੂੰ ਨਮਸਕਾਰ ਹੈ, ਜਿਨ੍ਹਾਂ ਨੇ ਮੁੱਢ ਤੇ ਜੁਗਾਂ ਦੇ ਵੀ ਮੁੱਢ ਤੋਂ ਸ਼ਬਦ (ਨਾਮ) ਨੂੰ ਹੀ ਵਰਤਾਇਆ ਹੈ।
(੨) (ਧੁਰੋਂ ਪ੍ਰਭੂ ਦੇ ਭੇਜੇ ਗੁਰੂ ਨਾਨਕ ਦੇਵ ਜੀ ਨੇ ਪਰਮੇਸ਼ਰ ਤੋਂ ਪ੍ਰਾਪਤ ਕੀਤੀ) ਨਾਮ, ਦਾਨ ਤੇ ਇਸ਼ਨਾਨ ਦੀ ਗੁਰ ਸਿਖਿਆ ਨੂੰ ਦ੍ਰਿੜ੍ਹਾ ਕੇ ਸੰਸਾਰ ਨੂੰ ਤਾਰ ਦਿਤਾ।
(੩) ਕਲਜੁਗ ਧਰਮ ਦਾ ਇਕ ਪੈਰ ਸੀ, ਪਰ ਗੁਰੂ ਜੀ ਨੇ ਇਕ ਨੂੰ ਹੀ (ਨਾਮ, ਸਤ, ਸੰਤੋਖ ਤੇ ਵੀਚਾਰ ਦੀ ਧਾਰਨਾ ਦੇ ਕੇ) ਚੌਹਾਂ ਵਰਗਾ ਕਰ ਦਿਤਾ, ਚੌਹਾਂ ਵਰਨਾਂ ਨੂੰ ਧਰਮ ਦੀ ਸਿਖਿਆ ਦਿੱਤੀ।
(੪) ਭੱਲਾ ਜਾਤ ਵਾਲੇ ਗੁਰੂ ਅਮਰਦਾਸ ਜੀ ਨੇ ਆਪਣੀ ਵਡਿਆਈ ਕਰਕੇ ਭਲਾ ਕਰਮ ਕੀਤਾ ਤੇ ਪਿਉ ਦਾਦੇ

(ਗੁਰੂ ਨਾਨਕ ਤੇ ਗੁਰੂ ਅੰਗਦ ਜੀ) ਦੇ ਮਾਰਗ ਨੂੰ ਹੀ ਅਗੇ ਤੋਰਿਆ।

(੫) ਸਤਿਗੁਰੂ ਜੀ ਨੇ ਅਗਮ ਅਗੋਚਰ ਤੇ ਅਗਾਧ ਗਤੀ ਵਾਲੇ ਪ੍ਰਭੂ ਨੂੰ ਸ਼ਬਦ ਵਿਚ ਸੁਰਤ ਲਵਾ ਕੇ ਆਪਣੇ ਸਿੱਖਾਂ ਨੂੰ ਲਖਾ ਦਿਤਾ।

(੬) ਇਸੇ ਕਰਕੇ ਸਤਿਗੁਰੂ ਅਮਰਦਾਸ ਜੀ ਦੀ ਮਹਿਮਾ ਪਰੇ ਤੋਂ ਪਰੇ ਤੇ ਅਗਾਧ ਹੈ, ਉਸਦਾ ਪਾਰਾਵਾਰ ਕਿਸੇ ਨੇ ਵੀ ਨਹੀਂ ਪਾਇਆ।

(੭) (ਗੁਰੂ ਅਮਰਦਾਸ ਜੀ ਨੇ) ਆਪੇ ਆਪ ਹੋ ਕੇ ਆਪਣਾ ਆਪ ਕਿਸੇ ਨੂੰ ਨਹੀਂ ਜਣਾਇਆ।੧੩।

## ੧੪. ਗੁਰੂ ਰਾਮਦਾਸ ਜੀ ਦੀ ਉਪਮਾ

**੧. ਰਾਗ ਦੋਖ ਨਿਰਦੋਖ ਹੈ**
**ਰਾਜੁ ਜੋਗ ਵਰਤੈ ਵਰਤਾਰਾ।**
**੨. ਮਨਸਾ ਵਾਚਾ ਕਰਮਨਾ**
**ਮੁਰਮੁ ਨ ਜਾਪੈ ਅਪਰ ਅਪਾਰਾ।**
**੩. ਦਾਤਾ ਭੁਗਤਾ ਦਇਆ ਦਾਨਿ**
**ਦੇਵ ਸਥਲੁ ਸਤਿਸੰਗੁ ਉਧਾਰਾ।**
**੪. ਸਹਜ ਸਮਾਧਿ ਅਗਾਧਿ ਬੋਧ**
**ਸਤਿਗੁਰੁ ਸੱਚੁ ਸਵਾਰਣਹਾਰਾ।**
**੫. ਗੁਰ ਅਮਰਹੁੰ ਗੁਰੁ ਰਾਮਦਾਸੁ**
**ਜੋਤੀ ਜੋਤਿ ਜਗਾਇ ਜੁਹਾਰਾ।**
**੬. ਸ਼ਬਦ ਸੁਰਤਿ ਗੁਰਸਿੱਖ ਹੋਇ**
**ਅਨਹਦ ਬਾਣੀ ਨਿੱਝਰ ਧਾਰਾ।**
**੭. ਤਖਤੁ ਬਖਤੁ ਪਰਗਟੁ ਪਾਹਾਰਾ॥੧੪॥**

***ਪਦ ਅਰਥ :*** ਨਿਰਦੋਖ—ਦੋਸ਼ਾਂ ਤੋਂ ਰਹਿਤ। ਮਰਮੁ—ਭੇਦੁ। ਦੇਵ ਸਥਲੁ—ਹਰੀ ਦਾ ਮੰਦਰ। ਜੁਹਾਰਾ—ਨਮਸਕਾਰ। ਬਖਤੁ—ਭਾਗ। ਪਾਹਾਰਾ—ਸੰਸਾਰ।

***ਅਰਥ :***

ਨਾਨਕ ਨਿਰੰਕਾਰੀ ਦੀ ਜੋਤ ਤੇ ਜੁਗਤ ਤਾਂ ਇਕੋ ਹੀ ਚਲਦੀ ਰਹੀ ਹੈ ਪਰ ਕਾਇਆਂ ਦੀ ਬਦਲ ਹੁੰਦੀ ਰਹੀ, ਜਿਵੇਂ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਇਨ੍ਹਾਂ ਤੋਂ ਉਪ੍ਰੰਤ ਉਹੀ ਜੋਤ ਜੁਗਤੀ ਚੌਥੇ ਸਰੂਪ ਗੁਰੂ ਰਾਮਦਾਸ ਜੀ ਵਿਚ ਪ੍ਰਵੇਸ਼ ਹੋਈ, ਜਿਨ੍ਹਾਂ ਦੀ ਉਪਮਾ ਭੀ ਕਥਨ ਤੋਂ ਰਹਿਤ ਹੈ, ਆਪ ਜੀ ਦੀ ਨਾਮ-ਮਾਤ੍ਰ ਮਹਿਮਾ ਵਿਚ ਭੱਟਾਂ ਨੇ ਚੰਦ ਸ਼ਬਦ ਕਹੇ ਹਨ, ਜਿਵੇਂ ਕਿ :

ਨਾਨਕ ਆਦਿ ਅੰਗਦ ਅਮਰ
ਸਤਿਗੁਰ ਸਬਦਿ ਸਮਾਇਅਉ॥
ਧਨੁ ਧੰਨੁ ਗੁਰੂ ਰਾਮਦਾਸ ਗੁਰੁ
ਜਿਨਿ ਪਾਰਸੁ ਪਰਸਿ ਮਿਲਾਇਅਉ॥੫॥

*(ਸਵਈਏ ਮ: ੫ ਕੇ, ਪੰਨਾ ੧੪੦੭)*

ਇਸ ਤਰ੍ਹਾਂ ਹੋਰ ਭੀ ਬਾਣੀ ਅੰਦਰ ਗੁਰੂ ਰਾਮਦਾਸ ਜੀ ਦੀ ਮਹਿਮਾ ਦੇ ਬਹੁਤ ਸ਼ਬਦ ਆਉਂਦੇ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਮੈਂ ਭੀ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਵਿਚ ਤੁੱਛ-ਮਾਤ੍ਰ ਗੁਰੂ ਰਾਮਦਾਸ ਦੇ ਗੁਣ ਉੱਕਰੇ ਹਨ, ਜਿਵੇਂ ਕਿ :

(੧) (ਹੇ ਭਾਈਓ! ਜਦੋਂ ਭੀ ਮੈਂ ਨਾਨਕ ਦੀ ਚੌਥੀ ਜੋਤ ਗੁਰੂ ਰਾਮਦਾਸ ਜੀ ਵੱਲ ਨਜ਼ਰ ਮਾਰਦਾ ਹਾਂ, ਤਾਂ ਉਨ੍ਹਾਂ ਦੇ ਘਰ ਵਿਚ) ਰਾਗ, ਦ੍ਵੈਸ਼ ਤੇ ਦੋਸ਼ਾਂ ਤੋਂ ਰਹਿਤ ਗਿਆਨ ਜੋਗ ਦਾ (ਹੀ) ਵਰਤਾਰਾ ਵਰਤ ਰਿਹਾ ਨਜ਼ਰ ਆਉਂਦਾ ਹੈ।

(੨) ਮਨ, ਬਾਣੀ ਤੇ ਕਰਮ ਕਰਕੇ ਕਿਸੇ ਨੂੰ ਅਸਲ ਰਾਜ਼ ਦਾ ਪਤਾ ਨਹੀਂ ਲੱਗ ਸਕਿਆ, ਕਿਉਂਕਿ ਸਤਿਗੁਰੂ ਜੀ ਅਪਰ ਅਪਾਰ ਹਨ।

(੩) (ਜਿਵੇਂ ਕਿ ਵੇਖਣ ਵਿਚ ਆਉਂਦਾ ਹੈ ਕਿ) ਕਿਤੇ ਤਾਂ ਆਪ ਦਇਆ ਕਰਕੇ ਦਾਨੀ ਤੇ ਦਾਤਾ ਹਨ ਤੇ ਕਿਤੇ ਆਪ ਹੀ ਭੁਗਤਾ ਹਨ (ਆਪ ਨੇ) ਸਤਿਸੰਗ ਦੇ ਜੁੜਨ ਲਈ ਹਰਿਮੰਦਰ ਦੀ ਰਚਨਾ ਕੀਤੀ।

(੪) (ਫਿਰ) ਸਤਿਗੁਰੂ ਜੀ ਸੱਚ ਦੇ ਸਵਾਰਨਹਾਰੇ, ਸਹਿਜ ਸਮਾਧੀ ਅਗਾਧ ਬੋਧ ਦਸ਼ਾ ਵਿਚ ਚਲੇ।

(੫) ਸਤਿਗੁਰੂ ਅਮਰਦਾਸ ਜੀ ਨੇ ਆਪਣੀ ਜੋਤ ਤੋਂ ਗੁਰੂ ਰਾਮਦਾਸ ਜੀ ਦੀ ਜੋਤ ਜਗਾਈ।

(੬) ਆਪ ਜੀ ਨੇ ਗੁਰੂ ਜੀ ਦੇ ਸਿਖ ਬਣ ਕੇ ਸ਼ਬਦ ਸੁਰਤ ਦੀ ਸੋਝੀ ਕੀਤੀ ਹੈ ਤੇ ਅਨਹਦ ਬਾਣੀ ਦੀ ਨਿਰੰਤਰ ਧਾਰਾ ਦਾ ਅਨੰਦ ਪ੍ਰਾਪਤ ਕੀਤਾ ਹੈ।

(੭) ਸਤਿਗੁਰੂ ਦੀ ਗੁਰਗੱਦੀ ਤੇ ਉੱਤਮ ਭਾਗ ਸਾਰੇ ਸੰਸਾਰ ਵਿਚ ਪ੍ਰਗਟ ਹੋਏ ਹਨ।੧੪।

***ਭਾਵਾਰਥ :*** ਕਈ ਪੁਰਾਤਨ ਪੁਸਤਕਾਂ ਵਿਚ ਭੀ ਅਨਹਦ ਸ਼ਬਦ ਦਾ ਜ਼ਿਕਰ ਆਉਂਦਾ ਹੈ, ਜਿਸ ਅਨਹਦ

ਸ਼ਬਦ ਨੂੰ ਅਸੀਂ ਵਾਰਾਂ ਵਿਚ ਭੀ ਬਾਰ ਬਾਰ ਪੜ੍ਹਦੇ ਹਾਂ, ਪਰ ਜਦੋਂ ਅਸੀਂ ਦੂਰ-ਦਰਸ਼ੀ ਨਜ਼ਰਾਂ ਦੁਆਰੇ ਤੱਕਾਂਗੇ ਤਾਂ ਸਾਨੂੰ ਇਹੋ ਹੀ ਦਿਸ ਆਵੇਗਾ ਇਹ ਕੇਵਲ ਕੰਨਾਂ ਦੀ ਘੂੰ ਘੂੰ ਦਾ ਨਾਮ ਨਹੀਂ ਹੈ, ਜੋ ਕੰਨ ਮੁੰਦਿਆਂ ਜਾਂ ਖ਼ੁਸ਼ਕੀ ਹੋਇਆਂ ਸੁਣੀਦਾ ਹੈ, ਇਹ ਤਾਂ ਆਹਤ ਸ਼ਬਦ ਹੈ। ਜੋ ਸ਼ਬਦ 'ਹਤ' ਤੋਂ ਬਿਨਾਂ ਹੋਵੇ ਸੋ ਅਨਾਹਦ ਹੈ, ਉਹ ਵਾਹਿਗੁਰੂ ਦਾ ਜਾਪ ਜਦ ਪੂਰਾ ਹੋ ਜਾਂਦਾ ਹੈ ਤਦ ਆਪ ਹੀ ਆਪ ਜਾਰੀ ਰਹਿੰਦਾ ਹੈ। ਜੋ ਸ਼ਬਦ ਬ੍ਰਹਮ ਵਿਚ ਸੁਰਤ ਦੇ ਪਹੁੰਚਿਆਂ ਸ਼ਬਦ ਬ੍ਰਹਮ ਦਾ ਰੂਪ ਅਨੁਭਵ ਹੁੰਦਾ ਹੈ।

## ੧੫. ਦੀਨ ਦੁਨੀ ਦਾ ਥੰਮ੍ਹ ਗੁਰੂ ਰਾਮਦਾਸ ਜੀ

**੧. ਪੀਊ ਦਾਦੇ ਜੇਵੇਹਿਆ**
**ਪੜਦਾਦੇ ਪਰਵਾਣੁ ਪੜੋਤਾ।**
**੨. ਗੁਰਮਤਿ ਜਾਗਿ ਜਗਾਇੰਦਾ**
**ਕਲਿਜੁਗ ਅੰਦਰ ਕੌੜਾ ਸੋਤਾ।**
**੩. ਦੀਨ ਦੁਨੀ ਦਾ ਥੰਮ ਹੁਇ**
**ਭਾਰ ਅਥਰਬਣ ਥੰਮ੍ਹਿ ਖਲੋਤਾ।**
**੪. ਭਉਜਲੁ ਭਉ ਨ ਵਿਆਪਈ**
**ਗੁਰ ਬੋਹਿਥ ਚੜਿ ਖਾਇ ਨ ਗੋਤਾ।**
**੫. ਅਵਗੁਣ ਲੈ ਗੁਣ ਵਿਕਣੈ**
**ਗੁਰੁ ਹਟਨਾਲੈ ਵਣਜ ਸਓਤਾ।**
**੬. ਮਿਲਿਆ ਮੂਲਿ ਨ ਵਿੱਛੜੈ**
**ਰਤਨ ਪਦਾਰਥ ਹਾਰੁ ਪਰੋਤਾ।**
**੭. ਮੈਲਾ ਕਦੇ ਨ ਹੋਵਈ**
**ਗੁਰੁ ਸਰਵਰ ਨਿਰਮਲ ਜਲ ਧੋਤਾ।**
**੮. ਬਾਬਾਣੈ ਕੁਲ ਕਵਲ ਅਛੋਤਾ ॥੧੫॥**

***ਪਦ ਅਰਥ :*** ਪੜਦਾਦਾ—ਗੁਰੂ ਨਾਨਕ ਦੇਵ ਜੀ। ਪੜੋਤਾ—ਪੋਤਰੇ ਦਾ ਪੁੱਤ੍ਰ ਗੁਰੂ ਰਾਮਦਾਸ। ਕੌੜਾ ਸੋਤਾ—ਉਥਾਰੇ ਦੀ ਨੀਂਦਰ, ਛਾਤੀ 'ਤੇ ਹੱਥ। ਅਥਰਬਣ—ਭਾਰੀ। ਸਓਤਾ—ਸਫਲ। ਬਾਬਾਣੈ ਕੁਲ—ਬਾਬੇ ਦੀ ਕੁਲ। ਅਛੋਤਾ—ਨਿਰਲੇਪ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਗੁਰੂ ਰਾਮਦਾਸ ਜੀ ਬਾਰੇ ਕੁਝ ਹੋਰ ਵੀ ਜਾਣਕਾਰੀ ਦਿਓ ?

**ਉ:** ਹੇ ਭਾਈਓ ! ਗੁਰ-ਇਤਿਹਾਸ ਦੁਆਰੇ ਜਾਣਕਾਰੀ ਮਿਲਦੀ ਹੈ :

(੧) ਪਿਤਾ (ਗੁਰੂ ਅਮਰਦਾਸ ਜੀ), ਦਾਦਾ (ਗੁਰੂ ਅੰਗਦ ਜੀ) ਤੇ ਪੜਦਾਦਾ (ਗੁਰੂ ਨਾਨਕ ਦੇਵ ਜੀ ਦੀ ਵੰਸ ਵਿਚ) ਉਨ੍ਹਾਂ ਵਰਗਾ ਹੀ ਪ੍ਰਮਾਣੀਕ ਪੜੋਤਾ (ਗੁਰੂ ਰਾਮਦਾਸ ਜੀ) ਹੋਇਆ।

(੨) ਆਪ ਜੀ ਨੇ ਗੁਰੂ ਦੀ ਮਤ ਨੂੰ ਗ੍ਰਹਿਣ ਕਰਕੇ ਕਲਜੁਗ ਵਿਚ ਆਪ ਜਾਗ ਕੇ ਹੋਰਨਾਂ ਨੂੰ ਉਥਾਰੇ ਦੀ ਨੀਂਦ ਤੋਂ ਜਗਾਇਆ। (ਅਥਾਵਾ ਨੀਂਦ ਤੋਂ ਜਗਾਉਣਾ ਕੌੜਾ ਲਗਦਾ ਹੈ, ਪਰ ਕੌੜੇ ਚਸ਼ਮੇ ਦਾ ਪਾਣੀ ਰੋਗ ਦੂਰ ਕਰਦਾ ਹੈ)।

(੩) ਆਪ ਨੇ ਲੋਕ ਤੇ ਪ੍ਰਲੋਕ ਦਾ ਥੰਮ੍ਹ ਬਣਕੇ ਭਾਰੀ ਬੋਝ ਨੂੰ ਥੰਮ੍ਹਿਆ।

(੪) (ਗੁਰਸਿਖ ਨੂੰ) ਗੁਰੂ ਦੇ ਜਹਾਜ਼ ਤੇ ਚੜ੍ਹ ਕੇ ਸੰਸਾਰ ਦਾ ਡਰ ਨਹੀਂ ਵਿਆਪਦਾ ਤੇ ਨਾ ਹੀ ਫਿਰ ਉਹ ਸੰਸਾਰ ਸਾਗਰ ਵਿਚ ਗੋਤੇ ਖਾਂਦਾ ਹੈ।

(੫) ਸਤਿਗੁਰੂ ਦੀ ਹੱਟੀ ਨਾਲ ਵਣਜ ਕੀਤਾ ਲਾਹੇਵੰਦ ਹੁੰਦਾ ਹੈ, ਕਿਉਂਕਿ ਉਥੇ (ਸਿਖ) ਆਪਣੇ ਅਵਗੁਣ ਦੇ ਕੇ ਗੁਣਾਂ ਦੀ ਰਾਸ ਲੈਂਦਾ ਹੈ।

(੬) ਰਤਨ ਪਦਾਰਥ (ਉੱਤਮ ਗੁਣਾਂ) ਦਾ ਪਰੋਤਾ ਹੋਇਆ ਹਾਰ ਮਿਲ ਜਾਣ ਨਾਲ ਫਿਰ ਉਹ ਹਾਰ ਵਿਛੜਦਾ ਨਹੀਂ।

(੭) ਗੁਰੂ ਜੀ ਦੇ ਸਤਿਸੰਗ ਰੂਪੀ ਪਵਿੱਤ੍ਰ ਸਰੋਵਰ ਦਾ ਜਲ ਅਤੀ ਨਿਰਮਲ ਹੈ, (ਇਸ ਵਿਚ) ਇਸ਼ਨਾਨ ਕੀਤਿਆਂ ਮਨ ਨਿਰਮਲ ਹੋ ਜਾਂਦਾ ਹੈ, ਜੋ ਫਿਰ ਕਦੀ ਵੀ ਮੈਲਾ ਨਹੀਂ ਹੁੰਦਾ।

(੮) ਗੁਰੂ ਨਾਨਕ ਦੇਵ ਜੀ ਦੀ ਕੁਲ ਵਿਚ ਇਹੋ ਜਿਹੇ ਕੰਵਲ ਵਾਂਗੂੰ ਨਿਰਲੇਪ (ਗੁਰੂ ਰਾਮਦਾਸ ਜੀ) ਹੋਏ ਹਨ।੧੫।

***ਭਾਵਾਰਥ :*** ਇਸ ਪਉੜੀ ਵਿਚ ਭੀ ਇਹੋ ਸਿਧਾਂਤ ਦਰਸਾਇਆ ਹੈ ਕਿ ਚੌਥੇ ਸਤਿਗੁਰੂ, ਗੁਰੂ ਰਾਮਦਾਸ ਜੀ ਭੀ ਹਰ ਪੱਖੋਂ ਪਹਿਲੇ ਤਿੰਨਾਂ ਗੁਰੂਆਂ ਦੇ ਸਦਰਸ਼ ਸਨ, ਕੇਵਲ ਕਾਇਆਂ ਹੀ ਬਦਲੀ ਗਈ ਹੈ।

# ੧੬. ਗੁਰਮੁਖਾਂ ਨੂੰ ਹੀ ਸੱਚ ਦੀ ਪ੍ਰਾਪਤੀ ਹੁੰਦੀ ਹੈ

੧. ਗੁਰਮੁਖ ਮੇਲਾ ਸੱਚ ਦਾ
ਸਚਿ ਮਿਲੈ ਸਚਿਆਰ ਸੰਜੋਗੀ।
੨. ਘਰਬਾਰੀ ਪਰਵਾਰ ਵਿੱਚ
ਭੋਗ ਭੁਗਤਿ ਰਾਜੇ ਰਸ ਭੋਗੀ।
੩. ਆਸਾ ਵਿੱਚ ਨਿਰਾਸ ਹੁਇ
ਜੋਗ ਜੁਗਤ ਜੋਗੀਸਰੁ ਜੋਗੀ।
੪. ਦੇਂਦਾ ਰਹੈ ਨ ਮੰਗੀਐ
ਮਰੈ ਨ ਹੋਇ ਵਿਜੋਗ ਵਿਜੋਗੀ।
੫. ਆਧਿ ਬਿਆਧਿ ਉਪਾਧਿ ਹੈ
ਵਾਇ ਪਿੱਤ ਕਫੁ ਰੋਗ ਅਰੋਗੀ।
੬. ਦੁਖ ਸੁਖ ਸਮਸਰਿ ਗੁਰਮਤੀ
ਸੰਪੈ ਹਰਖ ਨ ਅਪਦਾ ਸੋਗੀ।
੭. ਦੇਹ ਬਿਦੇਹੀ ਲੋਗ ਅਲੋਗੀ॥੧੬॥

***ਪਦ ਅਰਥ :*** ਸਚਿਆਰ ਸੰਜੋਗੀ—ਸੱਚਿਆਂ ਦਾ ਮੇਲੀ। ਬਿਦੇਹੀ—ਮੁਕਤ ਸਰੂਪ। ਅਲੋਗੀ—ਲੋਕਾਂ ਤੋਂ ਅਤੀਤ, ਨਿਰਵਿਰਤ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਵੇਖਣ ਵਿਚ ਆਉਂਦਾ ਹੈ ਕਿ ਬਹੁਤ ਲੋਕ ਘਰ ਬਾਰ ਨੂੰ ਤਿਆਗ ਕੇ ਜੰਗਲ ਵਾਸੀ ਹੋ ਸੱਚ ਦੀ ਪ੍ਰਾਪਤੀ ਦੇ ਦਾਅਵੇਦਾਰ ਬਣ ਬੈਠਦੇ ਹਨ, ਜਦੋਂ ਉਨ੍ਹਾਂ ਨਾਲ ਵੀਚਾਰ ਵਿਟਾਂਦਰਾ ਕਰੀਏ ਤਾਂ ਉਨ੍ਹਾਂ ਵੱਲੋਂ ਇਹੋ ਵੀਚਾਰ ਸੁਣਨ ਵਿਚ ਆਉਂਦੇ ਹਨ ਕਿ ਸਾਨੂੰ ਤਾਂ ਉਸ ਸੱਚੇ ਪ੍ਰਭੂ ਦਾ ਮਿਲਾਪ ਹੋ ਗਿਆ ਹੈ। ਕਿਉਂ ਜੀ! ਦਸੋਗੇ, ਕਿ ਉਨ੍ਹਾਂ ਬਾਰੇ ਆਪ ਜੀ ਕੀ ਵੀਚਾਰ ਰਖਦੇ ਹੋ। ਕਿਉਂਕਿ ਅਸੀਂ ਸੰਸਾਰ ਦੇ ਕਾਰੋਬਾਰਾਂ ਵਿਚ ਰੁੱਝੇ ਹੋਏ ਬੰਦੇ ਹਾਂ ਕਈ ਵਾਰ ਉਨ੍ਹਾਂ ਦੇ ਵੀਚਾਰ ਸੁਣਕੇ ਭਰਮ-ਭੁਲੇਖੇ ਵਿਚ ਭਰਮ ਜਾਂਦੇ ਹਾਂ, ਅਜਿਹੇ ਲੋਕਾਂ ਬਾਰੇ ਆਪ ਜੀ ਜਾਣਕਾਰੀ ਦਿਓ?

ਉ: ਹੇ ਭਾਈਓ! ਜੇ ਤੁਹਾਡੇ ਇਸ ਪ੍ਰਸ਼ਨ ਦੇ ਉਤਰ ਦੀ ਮੰਗ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਕਰੀਏ ਤਾਂ ਗੁਰਬਾਣੀ ਅਜਿਹੇ ਲੋਕਾਂ ਨਾਲ ਉੱਕਾ ਹੀ ਸਹਿਮਤ ਨਹੀਂ, ਜੋ ਘਰ ਬਾਰ ਤਿਆਗ ਕੇ ਕੇਵਲ ਜੰਗਲ ਵਾਸੀ ਹੋ ਕੇ ਹੀ ਆਪ ਨੂੰ ਸੱਚ ਪ੍ਰਾਪਤੀ ਦੇ ਦਾਅਵੇਦਾਰ ਮੰਨੀ ਬੈਠੇ ਹਨ, ਜਿਨ੍ਹਾਂ ਲੋਕਾਂ ਦਾ ਮਨ ਸੰਸਾਰ ਦੇ ਪਦਾਰਥਾਂ ਦੀਆਂ ਵਾਸ਼ਨਾਂ ਦੇ ਵੇਗ ਵਿਚ ਵਹਿਆ ਜਾ ਰਿਹਾ ਹੈ ਜੇ ਉਹ ਜੰਗਲ ਦੇ ਵਾਸੀ ਭੀ ਹਨ ਤਾਂ ਉਹ ਉਥੇ ਭੀ ਸੱਚ ਦੀ ਪ੍ਰਾਪਤੀ ਵੱਲੋਂ ਸੱਖਣੇ ਰਹਿਣਗੇ, ਉਨ੍ਹਾਂ ਐਸੇ ਲੋਕਾਂ ਨੂੰ ਹੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਤਾੜਨਾ ਕੀਤੀ ਹੈ ਕਿ :

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ
ਤੋਹੀ ਸੰਗਿ ਸਮਾਈ॥੧॥ਰਹਾਉ॥

*(ਧਨਾਸਰੀ ਮ: ੯, ਪੰਨਾ ੬੮੪)*

ਹੇ ਭਾਈ! ਜੋ ਪ੍ਰਭੂ ਤੇਰੇ ਅੰਦਰ ਹੀ ਵੱਸਦਾ ਹੈ ਉਸਨੂੰ ਲੱਭਣ ਲਈ ਘਰ ਬਾਰ ਛੱਡ ਕੇ ਬਾਹਰ ਜੰਗਲ ਵਿਚ ਕਿਉਂ ਜਾਂਦਾ ਹੈਂ? ਪਰ ਜੋ ਲੋਕ ਕੇਵਲ ਜੰਗਲ ਵਾਸੀ ਹੋਣ ਨਾਲ ਹੀ ਸੱਚ ਪ੍ਰਾਪਤੀ ਦੇ ਦਾਅਵੇਦਾਰ ਬਣ ਬੈਠੇ ਹਨ, ਉਨ੍ਹਾਂ ਲੋਕਾਂ ਨੂੰ ਬਾਣੀ ਵਿਚ ਅਨਜਾਣ ਦਰਸਾਇਆ ਹੈ, ਜਿਵੇਂ ਕਿ :

ਸੋਈ ਅਜਾਣੁ ਕਹੈ ਮੈ ਜਾਨਾ॥ *(ਪੰਨਾ ੩੮੨)*

ਭਾਵ ਉਹ ਬੰਦਾ ਤਾਂ ਅਨਜਾਣ ਹੀ ਜਾਨੋ ਜੋ ਕਹਿੰਦਾ ਹੈ ਕਿ ਮੈਂ ਸੱਚ ਨੂੰ ਜਾਣ ਲਿਆ ਹੈ, ਭਾਵ ਜੋ ਜਾਨਣਹਾਰ ਹੈ ਉਸਨੂੰ ਤਾਂ ਕਹਿਣੇ ਦੀ ਲੋੜ ਹੀ ਨਹੀਂ ਕਿਉਂਕਿ ਜੋ ਜਾਨਣ ਵਾਲਾ ਹੈ, ਉਹ ਤਾਂ ਛੁਪਿਆ ਨਹੀਂ ਰਹਿ ਸਕਦਾ, ਉਹ ਤਾਂ ਪ੍ਰਗਟ ਹੋ ਹੀ ਜਾਂਦਾ ਹੈ। ਇਸ ਲਈ ਮੈਂ ਤਾਂ ਜਦੋਂ ਬਾਣੀ ਦੀ ਵੀਚਾਰ ਕਰਦਾ ਹਾਂ ਤਾਂ ਇਹੋ ਬੋਧ ਮਿਲਦਾ ਹੈ ਕਿ ਜਿਨ੍ਹਾਂ ਨੇ ਗੁਰੂ ਦੇ ਦਿਤੇ ਉਪਦੇਸ਼ ਦੀ ਕਮਾਈ ਕੀਤੀ ਹੈ, ਉਨ੍ਹਾਂ ਗੁਰਮੁਖਾਂ ਨੂੰ ਹੀ ਸੱਚ ਦੀ ਪ੍ਰਾਪਤੀ ਹੁੰਦੀ ਹੈ, ਉਨ੍ਹਾਂ ਗੁਰਮੁਖਾਂ ਨੂੰ ਘਰ ਬਾਰ ਛੱਡ ਕੇ ਜੰਗਲਾਂ ਦੇ ਵਾਸੀ ਹੋਣ ਦੀ ਲੋੜ ਨਹੀਂ।

(੧) (ਜਿਵੇਂ ਕਿ ਗੁਰਬਾਣੀ ਦੀ ਖੋਜ ਕਰਨ ਤੋਂ ਜਾਣਕਾਰੀ ਮਿਲਦੀ ਹੈ ਕਿ) ਗੁਰਮੁਖਾਂ ਨੂੰ ਹੀ ਸੱਚ (ਪ੍ਰਭੂ) ਦਾ ਮੇਲ ਹੁੰਦਾ ਹੈ, ਕਿਉਂਕਿ ਸੱਚੇ ਪੁਰਸ਼ਾਂ ਦੇ ਮਿਲਾਪ ਨਾਲ ਹੀ ਸੱਚੇ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ।

(੨) ਗੁਰੂ ਜੀ ਪਰਵਾਰ ਵਿਚ ਘਰਬਾਰੀ ਹੋ ਰਹਿੰਦੇ ਹਨ ਤੇ ਸਭ ਭੋਗਾਂ ਨੂੰ ਭੋਗਦੇ ਹੋਏ ਰਸ ਭੋਗੀ ਰਾਜੇ ਪ੍ਰਤੀਤ ਹੁੰਦੇ ਹਨ।

(੩) (ਸਤਿਗੁਰੂ ਜੀ) ਆਸਾ ਵਿਚ ਨਿਰਾਸ ਹੋ ਕੇ ਰਹਿੰਦੇ ਹਨ ਤੇ ਇਉਂ ਜੋਗੀਆਂ ਵਾਲੀ ਜੁਗਤੀ ਨਾਲ ਜੋਗੀਸ਼ਰ ਬਣ ਕੇ ਜੁੜਦੇ ਹਨ।

(੪) (ਆਪ) ਅਜਿਹਾ ਦਾਨ ਦਿੰਦੇ ਰਹਿੰਦੇ ਹਨ ਕਿ ਉਸ ਨੂੰ ਮੁੜ ਕੇ ਵਾਪਸ ਨਹੀਂ ਮੰਗਦੇ, ਇਹੋ ਜਿਹੇ ਦਾਨੀ ਨ ਮਰਦੇ ਹਨ ਤੇ ਨਾ ਹੀ ਵਿਛੜਦੇ ਹਨ।

(੫) (ਆਪ) ਆਧੀ, ਬਿਆਧੀ ਤੇ ਉਪਾਧੀ ਤੋਂ ਰਹਿਤ ਹਨ ਤੇ ਵਾਤ, ਪਿਤ ਤੇ ਕਫ ਦੇ ਰੋਗਾਂ ਤੋਂ ਮੁਕਤ ਹਨ।

(੬) (ਆਪ ਲਈ) ਦੁਖ ਤੇ ਸੁਖ ਸਮਾਨ ਹਨ, ਆਪ ਗੁਰੂ ਦੀ ਮੱਤ ਤੇ ਦ੍ਰਿੜ੍ਹ ਹਨ, ਧਨ ਪਦਾਰਥ ਦੇ ਹੋਣ ਜਾਂ ਨਾ ਹੋਣ ਨਾਲ ਆਪ ਨੂੰ ਖ਼ੁਸ਼ੀ ਜਾਂ ਸੋਗ ਨਹੀਂ।

(੭) (ਗੁਰੂ ਰਾਮਦਾਸ ਜੀ) ਇਸ ਸਰੀਰ ਵਿਚ ਵੱਸਦੇ ਹੋਏ ਵਿਦੇਹੀ (ਮੁਕਤ ਸਰੂਪ) ਹਨ ਤੇ ਲੋਕਾਂ ਵਿਚ ਰਹਿੰਦੇ ਹੋਏ ਨਿਰਲੇਪ ਹਨ।੧੬।

## ੧੭. ਗੁਰੂ ਰਾਮਦਾਸ ਜੀ ਪਰਉਪਕਾਰੀ

**੧. ਸਭਨਾਂ ਸਾਹਿਬ ਇੱਕ ਹੈ**
**ਦੂਜੀ ਜਾਇ ਨ ਹੋਗ ਨ ਹੋਗੀ।**
**੨. ਸਹਜ ਸਰੋਵਰਿ ਪਰਮਹੰਸੁ**
**ਗੁਰਮਤਿ ਮੋਤੀ ਮਾਣਕ ਚੋਗੀ।**
**੩. ਖੀਰ ਨੀਰ ਜਿਉਂ ਕੂੜੁ ਸਚੁ**
**ਤਜ ਭਜ ਲੈ ਗੁਰ ਗਾਨ ਅਧੋਗੀ।**
**੪. ਇਕ ਮਨਿ ਇਕੁ ਅਰਾਧਣਾ**
**ਪਰਹਰਿ ਦੂਜਾ ਭਾਉ ਦਰੋਗੀ।**
**੫. ਸ਼ਬਦ ਸੁਰਤਿ ਲਿਵ ਸਾਧ ਸੰਗਿ**
**ਸਹਜਿ ਸਮਾਧਿ ਅਗਾਧਿ ਘਰੋਗੀ।**
**੬. ਜੰਮਣ ਮਰਣਹੁ ਬਾਹਰੇ**
**ਪਰਉਪਕਾਰ ਪਰਮਪਰ ਜੋਗੀ।**
**੭. ਰਾਮਦਾਸ ਗੁਰ ਅਮਰ ਸਮੋਗੀ॥੧੭॥**

***ਪਦ ਅਰਥ :*** ਸਹਜ ਸਰੋਵਰਿ—ਸ਼ਾਂਤੀ ਦੇ ਸਰੋਵਰ। ਦਰੋਗੀ—ਝੂਠ। ਪਰਮਪਰ—ਪਰ੍ਹੇ ਤੋਂ ਪਰ੍ਹੇ। ਚੋਗੀ—ਚੁਗਣ ਵਾਲੇ। ਅਧੋਗੀ—ਅਧਿਕਾਰੀ ਧਾਰਣਾ। ਸਮੋਗੀ—ਸਮਾਇਆ।

### ਅਰਥ :

**ਪ੍ਰ:** ਭਾਈ ਸਾਹਿਬ ਜੀਉ ! ਜੋਤ ਤਾਂ ਗੁਰੂ ਨਾਨਕ ਦੀ ਹੀ ਅਗੇ ਤੋਂ ਅਗੇ ਚਲੀ ਆ ਰਹੀ ਹੈ, ਪਰ ਚੌਥੇ ਨਾਨਕ ਗੁਰੂ ਰਾਮਦਾਸ ਵਿਚ ਆਪ ਜੀ ਕਿਹੜੇ ਕਿਹੜੇ ਵਿਸ਼ੇਸ਼ ਗੁਣ ਤੱਕਦੇ ਹੋ ਤੇ ਉਨ੍ਹਾਂ ਬਾਰੇ ਆਪ ਦੇ ਅੰਤਰਗਤਿ ਕੀ ਭਾਵਨਾਵਾਂ ਹਨ ?

**ਉ:** ਹੇ ਭਾਈਓ ! ਜਿਵੇਂ ਮੈਂ ਪਿਛੇ ਭੀ ਜ਼ਿਕਰ ਕਰਦਾ ਆ ਰਿਹਾ ਹਾਂ ਕਿ ਨਿਰੰਕਾਰੀ ਨਾਨਕ ਦੀ ਜੋਤ ਵਿਚ ਕੋਈ ਅੰਤਰਾ ਨਹੀਂ ਸੀ, ਪਰ ਕੇਵਲ ਕਾਇਆਂ ਦੀ ਹੀ ਬਦਲੀ ਹੁੰਦੀ ਰਹੀ ਹੈ, ਪਰ ਮੈਂ ਜਦੋਂ ਗੁਰੂ ਰਾਮਦਾਸ ਜੀ ਦੀ ਪਵਿੱਤ੍ਰ ਹਸਤੀ ਵੱਲ ਨਜ਼ਰ ਮਾਰਦਾ ਹਾਂ, ਤਾਂ ਮੇਰੇ ਅੰਦਰ ਤਾਂ ਇਹੋ ਭਾਵਨਾਵਾਂ ਹਨ ਕਿ :

(੧) ਸਾਰਿਆਂ ਦਾ ਮਾਲਕ ਇਕ (ਗੁਰੂ ਰਾਮਦਾਸ) ਹੀ ਹੈ, ਦੂਜੀ ਜਗ੍ਹਾ, ਨਾ ਅਗੇ ਹੋਈ ਹੈ ਨਾ ਕੋਈ ਅਗੇ ਹੋਵੇਗੀ।

(੨) (ਕਿਉਂਕਿ ਮੈਂ ਵੇਖਦਾ ਹਾਂ ਕਿ) ਸਤਿਗੁਰੂ ਰਾਮਦਾਸ ਜੀ ਸ਼ਾਂਤੀ ਦੇ ਸਰੋਵਰ ਤੇ ਪਰਮ ਹੰਸ ਹਨ, ਉਥੇ ਗੁਰਮਤ ਰੂਪੀ ਮਾਣਕ ਤੇ ਮੋਤੀਆਂ ਦੀ ਚੋਗ ਹੈ।

(੩) (ਇਸ ਲਈ ਹੇ ਗੁਰਸਿੱਖ ! ਤੂੰ ਨਿਸਚਾ ਕਰ ਕਿ) ਦੁਧ ਤੇ ਪਾਣੀ ਵਾਂਗੂੰ ਝੂਠ ਤੇ ਸੱਚ ਹੈ, ਤੂੰ ਗੁਰੂ ਦੇ ਗਿਆਨ ਨੂੰ ਗ੍ਰਹਿਣ ਕਰਕੇ ਝੂਠ ਨੂੰ ਛੱਡ ਕੇ ਸੱਚ ਨੂੰ ਧਾਰਨ ਕਰ।

(੪) ਤੂੰ ਆਪਣਾ ਮਨ ਇਕਾਗਰ ਕਰਕੇ ਇਕ ਪ੍ਰਭੂ ਦਾ ਸਿਮਰਨ ਕਰ, ਦੂਜਾ ਭਾਵ ਤੇ ਹੋਰ ਛਲ ਕਪਟ ਨੂੰ ਤਿਆਗ ਦੇ।

(੫) ਸਤਿਗੁਰੂ ਜੀ ਸ਼ਬਦ ਸੁਰਤ ਦੀ ਲਿਵ ਵਿਚ ਸਹਿਜ ਦੇ ਅਨੁਭਵ ਵਿਚ ਹਨ ਤੇ ਘਰ ਬਾਰੀ ਗ੍ਰਿਹਸਤੀ ਹਨ।

(੬) (ਅਤੇ) ਗੁਰੂ ਜੀ ਜਨਮ ਮਰਨ ਤੋਂ ਰਹਿਤ ਹਨ ਤੇ ਮਹਾਨ ਪਰਉਪਕਾਰੀ ਹਨ, ਆਪ ਜੀ ਉੱਚੀ ਤੋਂ ਉੱਚੀ ਦਸ਼ਾ ਵਾਲੇ ਜੋਗੀ ਹਨ।

(੭) ਸ੍ਰੀ ਗੁਰੂ ਰਾਮਦਾਸ ਜੀ ਵਿਚ ਸਤਿਗੁਰੂ ਅਮਰਦਾਸ ਜੀ ਜੋਤ ਰੂਪ ਹੋ ਕੇ ਸਮਾ ਰਹੇ ਹਨ।੧੭।

***ਭਾਵਾਰਥ :*** ਜਿਤਨੇ ਭੀ ਮਹਾਂਪੁਰਸ਼ ਸੰਸਾਰ ਵਿਚ ਆਉਂਦੇ ਹਨ ਉਹ ਕੇਵਲ ਸੰਸਾਰ ਦੇ ਜੀਵਾਂ ਦਾ ਉਧਾਰ ਕਰਨ ਹਿਤ ਹੀ ਆਉਂਦੇ ਹਨ, ਉਨ੍ਹਾਂ ਨੂੰ ਸੰਸਾਰ ਦੇ ਜਨਮ ਮਰਨ ਤੇ ਹਰਖ ਸੋਗ ਦੀ ਕੋਈ ਲਿਪਾਈਮਾਨਗੀ ਨਹੀਂ

ਹੁੰਦੀ। ਗੁਰਬਾਣੀ ਵਿਚ ਇਸ ਭਾਵ ਨੂੰ ਬਾਰ ਬਾਰ ਪ੍ਰਗਟਾਇਆ ਗਿਆ, ਜਿਵੇਂ ਕਿ :

ਜਨਮ ਮਰਣ ਦੁਹਹੂ ਮਹਿ ਨਾਹੀ
ਜਨ ਪਰਉਪਕਾਰੀ ਆਏ ॥ *(ਸੂਹੀ ਮ: ੫, ਪੰਨਾ ੭੪੯)*

## ੧੮. ਸ੍ਰੀ ਗੁਰੂ ਨਾਨਕ ਦੇਵ ਦੀ ਪੰਜਵੀਂ ਜੋਤ ਗੁਰੂ ਅਰਜਨ ਦੇਵ ਜੀ

**੧. ਅਲਖ ਨਿਰੰਜਨ ਆਖੀਐ**
**ਅਲਖ ਅਜੋਨਿ ਅਕਾਲ ਅਪਾਰਾ।**
**੨. ਰਵਿ ਸਸਿ ਜੋਤਿ ਉਦੋਤ ਲੰਘ**
**ਪਰਮ ਜੋਤਿ ਪਰਮੇਸ਼ਰ ਪਿਆਰਾ।**
**੩. ਜਗਮਗ ਜੋਤਿ ਨਿਰੰਤਰੀ**
**ਜਗਜੀਵਨ ਜਗ ਜੈ ਜੈ ਕਾਰਾ।**
**੪. ਨਮਸਕਾਰ ਸੰਸਾਰ ਵਿੱਚ**
**ਆਦਿ ਪੁਰਖ ਆਦੇਸ ਉਧਾਰਾ।**
**੫. ਚਾਰਿ ਵਰਨ ਛਿਅ ਦਰਸ਼ਨਾਂ**
**ਗੁਰਮੁਖ ਮਾਰਗੁ ਸੱਚ ਅਚਾਰਾ।**
**੬. ਨਾਮੁ ਦਾਨੁ ਇਸਨਾਨੁ ਦ੍ਰਿੜਿ**
**ਗੁਰਮੁਖ ਭਾਇ ਭਗਤ ਨਿਸਤਾਰਾ।**
**੭. ਗੁਰੁ ਅਰਜਨੁ ਸਚੁ ਸਿਰਜਣਹਾਰਾ ॥੧੮॥**

***ਪਦ ਅਰਥ :*** ਨਿਰੰਜਨੁ—ਮਾਇਆ ਦੀ ਕਾਲਖ ਤੋਂ ਰਹਿਤ। ਅਕਾਲ—ਕਲਪਣਾ ਤੋਂ ਰਹਿਤ। ਨਿਰੰਤਰੀ—ਇਕ ਰਸ। ਸੱਚ ਅਚਾਰਾ—ਸੱਚੇ ਆਚਾਰ ਵਾਲਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਆਪ ਜੀ ਨੂੰ ਗੁਰੂ ਅਰਜਨ ਦੇਵ ਜੀ ਦੀ ਚਰਨ ਸ਼ਰਨ ਵਿਚ ਦੇਰਕਾਲ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ ਹੈ, ਅੰਤਰਜਾਮੀ ਸਤਿਗੁਰੂ ਜੀ ਨੇ ਆਪ ਜੀ ਦੀ ਵਿਦਿਆ ਨੂੰ ਅਨੁਭਵ ਕਰਕੇ ਆਪ ਜੀ ਤੋਂ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਬਾਣੀ ਲਿਖਵਾਉਣ ਦੀ ਸੇਵਾ ਭੀ ਕਰਵਾਈ ਹੈ, ਪਰ ਇਤਨਾ ਸਮਾ ਗੁਰੂ ਜੀ ਦੀ ਸੇਵਾ ਵਿਚ ਰਹਿ ਕੇ ਤੁਸਾਂ ਨੇ ਉਨ੍ਹਾਂ ਦੀ ਵਿਅਕਤੀ ਵਿਚ ਕਿਹੜੇ ਇਲਾਹੀ ਗੁਣਾਂ ਦੀ ਲਖਤਾ ਕੀਤੀ ਹੈ, ਦੱਸਣ ਦੀ ਕ੍ਰਿਪਾ ਕਰੋ ਤਾਕਿ ਸਾਡੇ ਅੰਦਰ ਹੋਰ ਭੀ ਵਧੇਰੇ ਸ਼ਰਧਾ ਉਪਜ ਆਵੇ ?

**ਉ:** ਹੇ ਭਾਈਓ ! ਸਚਾਈ ਤਾਂ ਇਉਂ ਹੀ ਕਹਿਣੀ ਬਣਦੀ ਹੈ ਕਿ ਗੁਰੂ ਅਰਜਨ ਦੇਵ ਜੀ ਇਲਾਹੀ ਗੁਣਾਂ ਦੇ ਅਥਾਹ-ਭੰਡਾਰੇ ਸਨ, ਜਿਨ੍ਹਾਂ ਨੂੰ ਕਹਿਣ ਦੀ ਕਿਸੇ ਵਿਅਕਤੀ ਵਿਚ ਭੀ ਸਮਰੱਥਾ ਨਹੀਂ। ਜਦੋਂ ਮੈਂ ਉਨ੍ਹਾਂ ਭੱਟਾਂ ਦੇ ਸਵਈਆਂ ਵੱਲ ਨਜ਼ਰ ਮਾਰਦਾ ਹਾਂ ਜੋ ਇਕ ਸਾਲ ਭਰ ਦਾ ਸਮਾਂ ਸੰਸਾਰ ਵਿਚ ਭਾਲ ਕਰਦੇ ਰਹੇ ਕਿ ਸਾਨੂੰ ਪੂਰਨ ਸੰਤ ਵਿਅਕਤੀ ਦੇ ਦਰਸ਼ਨ ਹੋਣ, ਪਰ ਜਦੋਂ ਉਨ੍ਹਾਂ ਨੂੰ ਕਿਸੇ ਪਾਸੋਂ ਭੀ ਤਸੱਲੀ ਨਾ ਹੋਈ, ਆਖ਼ਰ ਜਦੋਂ ਗੁਰੂ ਅਰਜਨ ਦੇਵ ਜੀ ਦੇ ਦੀਦਾਰ ਕੀਤੇ ਤਾਂ ਦਰਸ਼ਨ ਕਰਦਿਆਂ ਹੀ ਜੋ ਉਨ੍ਹਾਂ ਦੇ ਅੰਦਰੋਂ ਭਾਵਨਾਵਾਂ ਨੇ ਜਨਮ ਲਿਆ ਸੀ, ਉਹ ਉਨ੍ਹਾਂ ਨੇ ਸਵਈਆਂ ਦੇ ਰੂਪ ਵਿਚ ਉੱਕਰਿਆ ਕਿ ਗੁਰੂ ਅਰਜਨ ਦੇਵ ਜੀ ਕੌਣ ਹਨ :

ਪਰਤਛਿ ਰਿਦੈ ਗੁਰ ਅਰਜੁਨ ਕੈ
ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥੫॥
*(ਸਵਈਏ ਮ: ੫ ਕੇ, ਪੰਨਾ ੧੪੦੯)*

ਜਪ੍ਉ ਜਿਨ੍ ਅਰਜੁਨ ਦੇਵ ਗੁਰੂ
ਫਿਰਿ ਸੰਕਟ ਜੋਨਿ ਗਰਭ ਨ ਆਯਉ ॥੬॥
ਧਰਨਿ ਗਗਨ ਨਵ ਖੰਡ ਮਹਿ
ਜੋਤਿ ਸ੍ਵਰੂਪੀ ਰਹਿਓ ਭਰਿ ॥
ਭਨਿ ਮਥੁਰਾ ਕਛੁ ਭੇਦੁ ਨਹੀ
ਗੁਰੁ ਅਰਜੁਨੁ ਪਰਤਖ੍ ਹਰਿ ॥੭॥੧੯॥
ਗੁਰ ਅਰਜੁਨ ਸਿਰਿ ਛਤ੍ਰੁ ਆਪਿ ਪਰਮੇਸਰਿ ਦੀਅਉ ॥
*(ਸਵਈਏ ਮਹਲਾ ੫ ਕੇ, ਪੰਨਾ ੧੪੦੯)*

ਇਸ ਤੋਂ ਆਦਿ ਹੋਰ ਭੀ ਬਾਣੀ ਵਿਚੋਂ ਸਾਨੂੰ ਗੁਰੂ ਅਰਜਨ ਦੇਵ ਜੀ ਦੇ ਵਿਸ਼ੇਸ਼ ਗੁਣਾਂ ਦੀ ਲਖਯਤਾ ਹੁੰਦੀ ਹੈ ਜਿਨ੍ਹਾਂ ਤੋਂ ਪ੍ਰੇਰਤ ਹੋ ਕੇ ਮੈਂ ਇਸ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਦੇ ਰੰਚਕ-ਮਾਤ੍ਰ ਗੁਣਾਂ ਨੂੰ ਅੰਕਤ ਕੀਤਾ ਹੈ, ਜਿਵੇਂ ਕਿ :

(੧) (ਜਦੋਂ ਅਸੀਂ ਦੂਰ-ਦਰਸ਼ੀ ਨਜ਼ਰਾਂ ਰਾਹੀਂ ਤੱਕੀਏ ਤਾਂ ਇਉਂ ਹੀ ਕਹਿਣਾ ਬਣਦਾ ਹੈ ਕਿ) ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗਤੀ ਨੂੰ ਕੋਈ ਭੀ ਨਹੀਂ ਜਾਣਦਾ। (ਕਿਉਂਕਿ) ਆਪ ਮਾਇਆ ਤੋਂ ਰਹਿਤ, ਕਲਪਣਾ ਤੋਂ ਰਹਿਤ, ਜੂਨਾਂ ਤੋਂ ਰਹਿਤ, ਕਾਲ ਤੋਂ ਰਹਿਤ ਤੇ ਅਪਾਰ ਹਨ।

(੨) ਸੂਰਜ ਤੇ ਚੰਦਰਮਾ ਦੇ ਪ੍ਰਕਾਸ਼ ਤੋਂ ਉਪਰ ਪਰਮ ਜੋਤੀ

ਸਰੂਪ ਪ੍ਰਭੂ ਪਿਆਰਾ ਹੈ।

(੩) ਉਨ੍ਹਾਂ ਵਿਚ ਪ੍ਰਭੂ ਦੀ ਜੋਤ ਦਾ ਪ੍ਰਕਾਸ਼ ਇਕ ਰਸ ਪ੍ਰਕਾਸ਼ ਰਿਹਾ ਹੈ, ਉਹ ਜਗਤ ਦਾ ਜੀਵਨ ਹਨ, ਇਸ ਕਰਕੇ ਸਾਰਾ ਸੰਸਾਰ ਉਨ੍ਹਾਂ ਦੀ ਜੈ ਜੈ ਕਾਰ ਕਰ ਰਿਹਾ ਹੈ।

(੪) ਉਨ੍ਹਾਂ ਨੂੰ ਸਾਰਾ ਸੰਸਾਰ ਨਮਸਕਾਰਾਂ ਕਰਦਾ ਹੈ, ਉਹ ਆਦਿ ਪੁਰਖ ਹਨ, ਜਿਹੜਾ ਉਨ੍ਹਾਂ ਨੂੰ ਨਮਸਕਾਰ ਕਰਦਾ ਹੈ, ਉਸਦਾ ਉਧਾਰ ਹੋ ਜਾਂਦਾ ਹੈ।

(੫) ਚਾਰ ਵਰਨਾਂ ਤੇ ਛੇ ਸ਼ਾਸਤ੍ਰਾਂ ਵਿਚੋਂ ਗੁਰਮੁਖ ਦਾ ਮਾਰਗ ਹੀ ਸੱਚੇ ਕਰਤਬ ਵਾਲਾ ਹੈ।

(੬) ਗੁਰਮੁਖ ਦਾ ਕਰਤਬ ਇਹੋ ਹੁੰਦਾ ਹੈ ਕਿ ਉਹ ਨਾਮ ਦਾਨ ਤੇ ਇਸ਼ਨਾਨ ਵਿਚ ਦ੍ਰਿੜ੍ਹ ਰਹਿੰਦਾ ਹੈ ਤੇ ਪ੍ਰੇਮਾ-ਭਗਤੀ ਕਰਕੇ ਮੁਕਤੀ ਪ੍ਰਾਪਤ ਕਰਦਾ ਹੈ।

(੭) ਸ੍ਰੀ ਗੁਰੂ ਅਰਜਨ ਦੇਵ ਜੀ ਸੱਚੇ ਸਿਰਜਨਹਾਰ ਹਨ।੧੮।

## ੧੯. ਗੁਰੂ ਅਰਜਨ ਦੇਵ ਜੀ ਦਾ ਰਾਜ ਅਬਿਚਲ ਹੈ

**੧. ਪਿਉ ਦਾਦਾ ਪੜਦਾਦਿਅਹੁ**
**ਕੁਲ ਦੀਪਕੁ ਅਜਰਾਵਰ ਨੱਤਾ।**
**੨. ਤਖਤ ਬਖਤ ਲੈ ਮੱਲਿਆ**
**ਸ਼ਬਦ ਸੁਰਤਿ ਵਾਪਾਰ ਸਪੱਤਾ।**
**੩. ਗੁਰਬਾਣੀ ਭੰਡਾਰਿ ਭਰਿ**
**ਕੀਰਤਨੁ ਕਥਾ ਰਹੈ ਰੰਗ ਰੱਤਾ।**
**੪. ਧੁਨਿ ਅਨਹਦਿ ਨਿੱਝਰੁ ਝਰੈ**
**ਪੂਰਨ ਪ੍ਰੇਮਿ ਅਮਿਉ ਰਸ ਮੱਤਾ।**
**੫. ਸਾਧਸੰਗਤਿ ਹੈ ਗੁਰੁ ਸਭਾ**
**ਰਤਨ ਪਦਾਰਥ ਵਣਜ ਸਹੱਤਾ।**
**੬. ਸੱਚ ਨੀਸ਼ਾਣ ਦੀਬਾਣ ਸੱਚ**
**ਸੱਚ ਤਾਣ ਸੱਚ ਮਾਣ ਮਹੱਤਾ।**
**੭. ਅਬਚਲੁ ਰਾਜ ਹੋਆ ਸਣਖੱਤਾ॥੧੯॥**

*ਪਦ ਅਰਥ :* ਪੜਦਾਦਾ—ਗੁਰੂ ਅੰਗਦ ਦੇਵ ਜੀ। ਨੱਤਾ—ਪੋਤਰੇ ਦਾ ਪੋਤਰਾ (ਸ੍ਰੀ ਗੁਰੂ ਅਰਜਨ ਦੇਵ ਜੀ)। ਸਹੱਤਾ—ਲਾਭਦਾਇਕ। ਬਖਤ—ਭਾਗ। ਸਪੱਤਾ—ਪੱਤ ਧਰਮ ਸਾਥ। ਮਹੱਤਾ—ਵਡਿਆਈ। ਸਣੱਖੱਤਾ—ਸ੍ਰੇਸ਼ਟ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਗੁਰੂ ਅਰਜਨ ਦੇਵ ਜੀ ਬਾਰੇ ਕੁਝ ਹੋਰ ਭੀ ਜਾਣਕਾਰੀ ਦਿਓ?

ਉ: ਹੇ ਭਾਈਓ! ਗੁਰ-ਇਤਿਹਾਸ ਪੜ੍ਹਨ ਤੋਂ ਇਹ ਬੋਧ ਮਿਲਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੇ :

(੧) ਪਿਤਾ (ਗੁਰੂ ਰਾਮਦਾਸ ਜੀ) ਦਾਦਾ (ਗੁਰੂ ਅਮਰਦਾਸ ਜੀ) ਪੜਦਾਦਾ (ਗੁਰੂ ਅੰਗਦ ਦੇਵ ਜੀ ਤੇ ਗੁਰੂ ਨਾਨਕ ਦੇਵ ਜੀ) ਦੀ ਕੁਲ ਦੇ ਦੀਪਕ, ਪੰਜਵੀਂ ਥਾਇਂ ਅਜਰ ਸ੍ਰੀ ਗੁਰੂ ਅਰਜਨ ਜੀ ਹੋਏ।

(੨) ਆਪ ਨੇ ਗੁਰਗੱਦੀ ਤੇ ਉੱਤਮ ਭਾਗਾਂ ਨੂੰ ਮੱਲ ਲੀਤਾ ਤੇ ਸ਼ਬਦ ਸੁਰਤ ਦਾ ਪਤ ਵਾਲਾ ਵਪਾਰ ਕੀਤਾ।

(੩) ਆਪ ਜੀ ਨੇ ਗੁਰਬਾਣੀ ਇਕੱਤ੍ਰ ਕਰਕੇ (ਸਿਖਾਂ ਲਈ) ਖ਼ਜ਼ਾਨੇ ਭਰ ਦਿਤੇ ਤੇ ਆਪ ਸਦਾ ਕਥਾ ਕੀਰਤਨ ਦੇ ਰੰਗ ਵਿਚ ਰੱਤੇ ਰਹਿੰਦੇ ਹਨ।

(੪) ਆਪ ਵਿਚ ਇਕ ਰਸ ਅਨਹਦ ਨਾਦ ਦੀ ਧੁਨੀ ਜਾਰੀ ਰਹਿੰਦੀ ਹੈ ਤੇ ਆਪ ਜੀ ਪੂਰਨ ਪ੍ਰੇਮ ਦੇ ਅੰਮ੍ਰਿਤ-ਰਸ ਵਿਚ ਮਸਤ ਰਹਿੰਦੇ ਹਨ।

(੫) ਜਦੋਂ ਸਤਿਗੁਰੂ ਜੀ ਦੀ ਸਤਸੰਗ ਦੀ ਸਭਾ ਲਗਦੀ, ਤਦੋਂ ਨਾਮ ਰੂਪ ਰਤਨ ਪਦਾਰਥ ਦਾ ਲਾਭਦਾਇਕ ਵਪਾਰ ਹੁੰਦਾ ਹੈ।

(੬) ਸਤਿਗੁਰੂ ਜੀ ਦਾ ਨੀਸ਼ਾਣ ਤੇ ਦਰਬਾਰ ਸੱਚਾ ਹੈ, ਮਾਣ, ਤਾਣ ਤੇ ਵਡਿਆਈ ਵੀ ਸੱਚੀ ਹੈ।

(੭) ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਾਜ ਅਬਿਚਲ ਤੇ ਸਰੇਸ਼ਟ ਹੈ।੧੯।

## ੨੦. ਗੁਰਮੁਖਾਂ ਦਾ ਛੱਤ੍ਰ ਨਿਰੰਜਨੀ ਹੈ

**੧. ਚਾਰੇ ਚੱਕ ਨਿਵਾਇਓਨੁ**
**ਸਿੱਖ ਸੰਗਤਿ ਆਵੈ ਅਗਣੱਤਾ।**
**੨. ਲੰਗਰ ਚੱਲੈ ਗੁਰਿ ਸਬਦਿ**
**ਪੂਰੇ ਪੂਰੀ ਬਣੀ ਬਣੱਤਾ।**

**੩. ਗੁਰਮੁਖ ਛਤ੍ਰ ਨਿਰੰਜਨੀ**
**ਪੂਰਨ ਬ੍ਰਹਮ ਪਰਮ ਪਦ ਮੱਤਾ।**
**੪. ਵੇਦ ਕਤੇਬ ਅਗੋਚਰਾ**
**ਗੁਰਮੁਖ ਸ਼ਬਦ ਸਾਧ ਸੰਗੁ ਸੱਤਾ।**
**੫. ਮਾਇਆ ਵਿੱਚ ਉਦਾਸੁ ਕਰਿ**
**ਗੁਰੁਸਿੱਖ ਜਨਕ ਅਸੰਖ ਭਗੱਤਾ।**
**੬. ਕੁਦਰਤਿ ਕੀਮ ਨ ਜਾਣੀਐ**
**ਅਕਥ ਕਥਾ ਅਬਿਗਤ ਅਬਿਗੱਤਾ।**
**੭. ਗੁਰਮੁਖਿ ਸੁਖ ਫਲ ਸਹਜ ਸੁਗੱਤਾ ॥੨੦॥**

***ਪਦ ਅਰਥ :*** ਚਾਰੇ ਚੱਕ—ਚਾਰੇ ਦਿਸ਼ਾਂ। ਅਗਣੱਤਾ—ਅਨਗਿਣਤ। ਬਣੱਤਾ—ਬਨੌਤ। ਸੱਤਾ—ਸੱਤਿ ਰੂਪ ਹੈ। ਸੁਗੱਤਾ—ਭਲੀ ਰੀਤ ਵਾਲਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਿਸ ਗੁਰੂ ਅਰਜਨ ਦੇਵ ਜੀ ਜੋਤੀ ਸਰੂਪ ਵਿਚ ਆਪ ਜੀ ਇਤਨੇ ਵਿਸ਼ੇਸ਼ ਗੁਣ ਦਰਸਾ ਰਹੇ ਹੋ ਉਥੇ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚਲਣ ਵਾਲੇ ਸਿਖ ਬਾਰੇ ਭੀ ਕੁਝ ਜਾਣਕਾਰੀ ਦਿਓ ?

(੧) ਉ: ਹੇ ਭਾਈਓ ! (ਅਸੀਂ ਵੇਖਦੇ ਹਾਂ ਕਿ ਜਿਥੇ) ਸਤਿਗੁਰੂ ਜੀ ਨੇ ਚਾਰੇ ਦਿਸ਼ਾਂ ਆਪਣੇ ਅਧੀਨ ਕਰ ਲਈਆਂ ਹਨ। (ਆਪ ਦੇ ਦਰਬਾਰ) ਵਿਚ ਬੇਅੰਤ ਸਿਖ ਸੰਗਤ ਦਰਸ਼ਨਾਂ ਲਈ ਆਉਂਦੀ ਹੈ।

(੨) ਪੂਰੇ ਗੁਰੂ ਦੀ ਐਸੀ ਬਨੌਤ ਹੈ ਕਿ ਲੰਗਰ ਹਰ ਸਮੇਂ ਚਲਦਾ ਰਹਿੰਦਾ ਹੈ, ਅਥਵਾ ਗੁਰੂ ਦੇ ਸ਼ਬਦ ਦਾ ਲੰਗਰ ਚਲਦਾ ਹੈ।

(੩) ਗੁਰਮੁਖਾਂ ਦਾ ਛਤ੍ਰ ਨਿਰੰਜਨੀ ਹੈ ਤੇ ਆਪ ਪੂਰਨ ਬ੍ਰਹਮ ਦੇ ਪਰਮ ਪਦ ਵਿਚ ਮਸਤ ਰਹਿੰਦੇ ਹਨ।

(੪) ਆਪ ਦੀ ਮਹਿਮਾ ਵੇਦਾਂ ਕਤੇਬਾਂ ਤੋਂ ਅਗੋਚਰ ਹੈ। ਗੁਰਮੁਖਾਂ ਦਾ ਸ਼ਬਦ ਸਾਧ ਸੰਗਤ ਦੇ ਸੱਚੇ ਸਰੂਪ ਵਿਚੋਂ ਪ੍ਰਾਪਤ ਹੁੰਦਾ ਹੈ।

(੫) ਸਤਿਗੁਰੂ ਜੀ ਆਪਣੇ ਸਿਖਾਂ ਨੂੰ ਐਸਾ ਉਪਦੇਸ਼ ਦਿੰਦੇ ਹਨ ਕਿ ਉਨ੍ਹਾਂ ਨੂੰ ਮਾਇਆ ਵਿਚ ਹੀ ਉਦਾਸ ਕਰ ਦਿੰਦੇ ਹਨ। ਅਨੇਕਾਂ ਸਿੱਖਾਂ ਨੂੰ ਆਪ ਨੇ ਜਨਕ ਵਰਗੇ ਭਗਤ ਬਣਾ ਦਿਤਾ ਹੈ।

(੬) ਸਤਿਗੁਰੂ ਜੀ ਦੀ ਸਮਰੱਥਾ ਤੇ ਕੀਮਤ ਦਾ ਅੰਤ ਨਹੀਂ ਪਾਇਆ ਜਾ ਸਕਦਾ, ਉਨ੍ਹਾਂ ਦੀ ਕਥਾ ਕਹਿਣ ਤੋਂ ਬਾਹਰ ਹੈ ਤੇ ਉਨ੍ਹਾਂ ਦੀ ਗਤੀ ਨੂੰ ਸਮਝਣਾ ਕਠਿਨ ਹੈ।

(੭) ਗੁਰਮੁਖਾਂ ਨੂੰ ਸਤਿਗੁਰੂ ਦੀ ਸੰਗਤ ਕਰਨ ਨਾਲ ਸੁਖ ਫਲ ਦੀ ਪ੍ਰਾਪਤੀ ਸਹਿਜੇ ਤੇ ਚੰਗੀ ਰੀਤੀ ਨਾਲ ਹੋ ਜਾਂਦੀ ਹੈ।੨੦।

***ਭਾਵਾਰਥ :*** ਸਤਿਗੁਰੂ ਦੇ ਉਪਦੇਸ਼ ਦਾ ਸਦਕਾ ਗੁਰਸਿਖ ਭੀ ਗੁਰ ਸਿਖਿਆ ਦੇ ਧਾਰਨੀ ਹੋ ਸੰਸਾਰ ਦੇ ਮਾਇਕੀ ਪਦਾਰਥਾਂ ਵਿਚ ਰਹਿੰਦੇ ਹੋਏ ਆਪਣੇ ਜੀਵਨ ਨੂੰ ਨਿਰਲੇਪ ਗੁਜ਼ਾਰਦੇ ਹਨ ਕਿਉਂਕਿ ਉਨ੍ਹਾਂ ਨੇ ਗੁਰ-ਸਿਖਿਆ ਦੇ ਧਾਰਨੀ ਹੋ ਇਸ ਮਨੁੱਖ ਜਾਮੇ ਦੇ ਮੁਖ ਪ੍ਰਯੋਜਨ ਨੂੰ ਅਨੁਭਵ ਕਰ ਲਿਆ ਹੈ ਕਿ ਇਸਦੀ ਸਫਲਤਾ ਸਿਮਰਨ ਦੁਆਰੇ ਹੀ ਹੋ ਸਕਦੀ ਹੈ, ਇਸ ਲਈ ਉਹ ਗ੍ਰਿਹਸਤ ਵਿਚ ਰਹਿੰਦੇ ਹੋਏ ਹੀ ਰਾਜੇ ਜਨਕ ਵਾਂਗ ਆਪਣਾ ਜੀਵਨ ਗੁਜ਼ਾਰ ਜਾਂਦੇ ਹਨ।

## *੨੧. ਹਰਿਗੋਵਿੰਦੁ ਸਦਾ ਵਿਗਸੰਦਾ*

**੧. ਹਰਖਹੁੰ ਸੋਗਹੁੰ ਬਾਹਰਾ**
**ਹਰਣ ਭਰਣ ਸਮਰੱਥ ਸਰੰਦਾ।**
**੨. ਰਸ ਕਸ ਰੂਪ ਨ ਰੇਖ ਵਿਚ**
**ਰਾਗ ਰੰਗ ਨਿਰਲੇਪ ਰਹੰਦਾ।**
**੩. ਗੋਸ਼ਟਿ ਗਿਆਨ ਅਗੋਚਰਾ**
**ਬੁਧਿ ਬਲ ਬਚਨ ਬਿਬੇਕ ਨ ਛੰਦਾ।**
**੪. ਗੁਰੁ ਗੋਵਿੰਦ ਗੋਵਿੰਦ ਗੁਰੁ**
**ਹਰਿਗੋਵਿੰਦ ਸਦਾ ਵਿਗਸੰਦਾ।**
**੫. ਅਚਰਜ ਨੋਂ ਅਚਰਜ ਮਿਲੈ**
**ਵਿਸਮਾਦੈ ਵਿਸਮਾਦ ਮਿਲੰਦਾ।**
**੬. ਗੁਰਮੁਖ ਮਾਰਗਿ ਚੱਲਣਾ**
**ਖੰਡੇ ਧਾਰ ਕਾਰ ਨਿਬਹੰਦਾ।**
**੭. ਗੁਰਸਿਖ ਲੈ ਗੁਰਸਿਖ ਚਲੰਦਾ ॥੨੧॥**

***ਪਦ ਅਰਥ :*** ਸਰੰਦਾ—ਸਿਰਜਣਾ। ਛੰਦਾ—ਮੁਛੰਦਗੀ। ਨਿਬਹੰਦਾ—ਨਿਭਾਹੁਣਾ। ਵਿਗਸੰਦਾ—ਪ੍ਰਸੰਨ।

**ਅਰਥ :**

**ਪ੍ਰ:** ਭਾਈ ਸਾਹਿਬ ਜੀਉ ! ਜਿਵੇਂ ਕਿ ਇਤਿਹਾਸ ਗਵਾਹ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਜੋਤ ਨੇ ਪੰਜਾਂ ਜਾਮਿਆਂ ਵਿਚ ਸ਼ਾਂਤ ਸਰੂਪ ਰਹਿ ਕੇ ਮਨੁੱਖਤਾ ਦਾ ਉਧਾਰ ਕੀਤਾ ਹੈ, ਪਰ ਛੇਵੇਂ ਗੁਰੂ ਹਰਿਗੋਵਿੰਦ ਸਾਹਿਬ ਜੀ ਨੇ ਉਸ ਸ਼ਾਂਤੀ ਮਾਰਗ ਨੂੰ ਬਦਲ ਕੇ ਜੰਗ ਕਰਨ ਦਾ ਮਾਰਗ ਅਪਨਾ ਲਿਆ ਉਨ੍ਹਾਂ ਦੇ ਜੀਵਨ ਸੰਬੰਧੀ ਆਪ ਜੀ ਕੀ ਭਾਵਨਾਵਾਂ ਰੱਖਦੇ ਹੋ, ਦੱਸਣ ਦੀ ਕ੍ਰਿਪਾ ਕਰੋ ਕਿ ਇਸਦਾ ਸਹੀ ਕਾਰਣ ਕੀ ਹੈ ?

**ਉ:** ਹੇ ਭਾਈਓ ! ਮੇਰੀ ਭਾਵਨਾ ਤਾਂ ਇਹੋ ਹੈ ਕਿ ਛੇ ਹੀ ਜਾਮਿਆਂ ਵਿਚ ਜੋਤ ਇਕੋ ਗੁਰੂ ਨਾਨਕ ਦੇਵ ਜੀ ਦੀ ਸੀ, ਜੋ ਤੁਹਾਨੂੰ ਛੇਵੇਂ ਜਾਮੇ ਗੁਰੂ ਹਰਿਗੋਵਿੰਦ ਸਾਹਿਬ ਜੀ ਦੇ ਮਾਰਗ ਵਿਚ ਬਦਲ ਨਜ਼ਰ ਆ ਰਹੀ ਹੈ, ਜੇ ਕਦੀ ਤੁਸੀਂ ਇਸਨੂੰ ਦੂਰ-ਦਰਸ਼ੀ ਨਜ਼ਰਾਂ ਰਾਹੀਂ ਤੱਕੋਗੇ ਤਾਂ ਦਿੱਸ ਆਵੇਗਾ ਕਿ ਗੁਰੂ ਨਾਨਕ ਦੀ ਜੋਤ ਦਾ ਛੇਆਂ ਹੀ ਜਾਮਿਆਂ ਵਿਚ ਇਕੋ ਹੀ ਮਕਸਦ ਮਨੁੱਖਤਾ ਦੇ ਉਧਾਰ ਕਰਨ ਦਾ ਸੀ, ਜੋ ਛੇਵੇਂ ਸਤਿਗੁਰੂ ਹਰਿਗੋਵਿੰਦ ਸਾਹਿਬ ਜੀ ਦੇ ਵੱਖਰੇ ਮਾਰਗ ਹੋਣ ਦਾ ਤੁਹਾਨੂੰ ਅੰਤਰਾ ਪ੍ਰਤੀਤ ਹੋ ਰਿਹਾ ਹੈ, ਉਹ ਵੀਚਾਰ ਕਰਨ ਤੋਂ ਸਹਿਜੇ ਹੀ ਦੂਰ ਹੋ ਜਾਵੇਗਾ। ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਇਕ ਡਾਕਟਰ ਕਿਸੇ ਮਰੀਜ਼ ਦਾ ਇਲਾਜ ਕਰਦਾ ਹੈ, ਪਰ ਜਦੋਂ ਉਹ ਇਹ ਵੇਖਦਾ ਹੈ ਕਿ ਇਸ ਨੂੰ ਦਵਾਈਆਂ ਨਾਲ ਰਾਜ਼ੀ ਨਹੀਂ ਕੀਤਾ ਜਾ ਸਕਦਾ ਤਾਂ ਫਿਰ ਉਸਨੂੰ ਮਜਬੂਰਨ ਉਸਦੇ ਸਰੀਰ ਦੀ ਚੀਰ ਫਾੜ ਕਰਕੇ ਉਸਨੂੰ ਅਰੋਗ ਕੀਤਾ ਜਾਂਦਾ ਹੈ, ਇਸੇ ਤਰ੍ਹਾਂ ਜੋ ਲੋਕ ਸ਼ਾਂਤਮਈ ਉਪਦੇਸ਼ ਸੁਣ ਕੇ ਅਰੋਗ ਹੋ ਸਕੇ ਉਨ੍ਹਾਂ ਨੂੰ ਉਸੇ ਰੂਪ ਵਿਚ ਰਹਿ ਕੇ ਸੁਧਾਰਿਆ ਗਿਆ, ਪਰ ਜੋ ਵਧੇਰੇ ਰੋਗਾਂ ਦੇ ਗ੍ਰਸੇ ਹੋਏ ਸਨ, ਉਨ੍ਹਾਂ ਨੂੰ ਛੇਵੇਂ ਜਾਮੇ ਵਿਚ ਤਲਵਾਰ ਰਾਹੀਂ ਉਪ੍ਰੇਸ਼ਨ ਕਰਕੇ ਅਰੋਗ ਕੀਤਾ, ਪਰ ਸਾਰਿਆਂ ਜਾਮਿਆਂ ਵਿਚ ਗੁਰੂ ਨਾਨਕ ਦੀ ਜੋਤ ਦਾ ਪਰਮ ਪ੍ਰਯੋਜਨ ਮਨੁੱਖਾਂ ਦੇ ਉਧਾਰ ਕਰਨ ਦਾ ਹੀ ਸੀ, ਸਿਖ ਇਤਿਹਾਸ ਦੁਆਰਾ ਭੀ ਸਾਨੂੰ ਇਹੋ ਬੋਧ ਮਿਲਦਾ ਹੈ। ਇਸ ਲਈ ਮੈਂ ਭੀ ਨਾਨਕ ਦੀ ਛੇਵੀਂ ਜੋਤ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵਿਸ਼ੇਸ਼ ਗੁਣਾਂ ਨੂੰ ਇਤਿਹਾਸ ਦੁਆਰਾ ਸਰਵਣ ਕਰਕੇ ਇਸ ਪਉੜੀ ਵਿਚ ਉੱਕਰਨ ਦਾ ਨਾਮ-ਮਾਤ੍ਰ ਆਹਰ ਕੀਤਾ ਹੈ, ਜਿਵੇਂ ਕਿ :

(੧) (ਹੇ ਭਾਈਓ ! ਮੈ ਤਾਂ ਇਹੋ ਵੇਖਦਾ ਹਾਂ ਕਿ) ਸਤਿਗੁਰੂ (ਹਰਿਗੋਬਿੰਦ ਜੀ) ਖ਼ੁਸ਼ੀ ਤੇ ਗ਼ਮੀ ਤੋਂ ਨਿਰਲੇਪ ਹਨ, ਹਰਣ ਭਰਣ ਤੇ ਸਿਰਜਨਾ ਕਰਨ ਵਿਚ ਉਹ ਸਮਰੱਥ ਹਨ (ਭਾਵ ਤਿੰਨੇ ਕੰਮਾਂ ਵਿਚ ਸਮਰੱਥ ਗੁਰੂ ਹਨ)।

(੨) ਆਪ ਜੀ ਰਸ, ਕਸ, ਰੂਪ, ਰੇਖ, ਰਾਗ ਤੇ ਰੰਗ ਤੋਂ ਰਹਿਤ ਹਨ।

(੩) ਗਿਆਨ ਦੀ ਚਰਚਾ ਤੋਂ ਅਗੋਚਰ ਹਨ ਤੇ ਉਥੇ ਬੁਧੀ, ਬਲ, ਬਚਨ, ਬਿਬੇਕ ਤੇ ਛਲ ਆਦਿ ਦੀ ਪੇਸ਼ ਨਹੀਂ ਜਾਂਦੀ।

(੪) ਸਤਿਗੁਰੂ ਜੀ ਵੀ ਗੋਬਿੰਦ ਦਾ ਰੂਪ ਹਨ ਤੇ ਗੋਬਿੰਦ ਗੁਰੂ ਰੂਪ ਹਨ। ਇਸ ਤਰ੍ਹਾਂ ਪ੍ਰਭੂ ਨਾਲ ਅਭੇਦ ਹੋਏ) ਸ੍ਰੀ ਗੁਰੂ ਹਰਿਗੋਬਿੰਦ ਜੀ ਸਦਾ ਹੀ ਪ੍ਰਸੰਨ ਰਹਿੰਦੇ ਹਨ।

(੫) ਅਸਚਰਜ ਰੂਪ ਤੇ ਵਿਸਮਾਦ ਨੂੰ ਵਿਸਮਾਦ ਮਿਲਦਾ ਹੈ। (ਭਾਵ ਗੁਰੂ ਅਰਜਨ ਵਿਸਮਾਦ ਰੂਪ ਹਰਿਗੋਬਿੰਦ ਵਿਸਮਾਦ ਰੂਪ ਵਿਚ ਸਮਾਏ)।

(੬) ਗੁਰਮੁਖਾਂ ਦੇ ਰਸਤੇ ਚਲਣਾ ਖੰਡੇ ਦੀ ਧਾਰ ਪੁਰ ਚੱਲਣ ਦੀ ਕਾਰ ਨਿਬਾਹੁਣ ਵਾਲੇ ਆਪ ਹੀ ਹਨ (ਭਾਵ ਐਸੇ ਗੁਰੂ ਦੀ ਕ੍ਰਿਪਾ ਨਾਲ ਹੀ ਨਿਭ ਸਕਦਾ ਹੈ)।

(੭) ਸਤਿਗੁਰੂ ਜੀ ਦੀ ਸਿਖਿਆ ਲੈ ਕੇ ਗੁਰਸਿਖ ਇਹੋ ਜਿਹੇ ਕਠਿਨ ਮਾਰਗ 'ਤੇ ਚਲਦੇ ਹਨ।੨੧।

***ਭਾਵਾਰਥ :*** ਜਿਵੇਂ ਪਿਛਲੇ ਗੁਰੂ ਸਾਹਿਬਾਂ ਦੀ ਸ਼ਾਨ ਵਿਚ ਕਿਹਾ ਸੀ ਕਿ ਅਚਰਜ ਨੂੰ ਅਚਰਜ, ਵਿਸਮਾਦ ਨੂੰ ਵਿਸਮਾਦ ਤੇ ਜੋਤਿ ਨੂੰ ਜੋਤਿ ਮਿਲੀ, ਇਸੇ ਤਰ੍ਹਾਂ ਏਥੇ ਭੀ ਕਿਹਾ ਹੈ, ਕਿ ਗੁਰੂ ਅਰਜਨ ਤੇ ਗੁਰੂ ਹਰਿਗੋਬਿੰਦ ਇਕ ਰੂਪ ਹਨ, ਅਰ ਹਰਿਗੋਬਿੰਦ ਜੀ ਨੂੰ ਗੁਰਿਆਈ ਉਨ੍ਹਾਂ ਸ਼ਬਦਾਂ ਵਿਚ ਹੀ ਦੇਂਦੇ ਹਨ ਕਿ ਵਿਸਮਾਦ ਨੂੰ ਵਿਸਮਾਦ ਮਿਲਿਆ, ਜਿਸ ਵਿਚ ਕੋਈ ਭੀ ਅੰਤਰਾ ਨਹੀਂ ਦਿਸਦਾ।

## ੨੨. ਗੁਰੂ ਦੀ ਮਹਿਮਾ, ਸਿੱਖਾਂ ਨੂੰ ਉਪਦੇਸ਼

**੧. ਹੰਸਹੁ ਹੰਸ ਗਿਆਨ ਕਰਿ**
**ਦੁੱਧੈ ਵਿੱਚਹੁ ਕੱਢੈ ਪਾਣੀ।**
**੨. ਕਛਹੁੰ ਕੱਛੁ ਧਿਆਨਿ ਧਰਿ**
**ਲਹਰਿ ਨ ਵਿਆਪੈ ਘੁੰਮਣਵਾਣੀ।**

**੩. ਕੂੰਜਹੁ ਕੂੰਜ ਵਖਾਣੀਐ**
**ਸਿਮਰਣੁ ਕਰਿ ਉਡੈ ਅਸਮਾਣੀ।**
**੪. ਗੁਰ ਪਰਚੈ ਗੁਰ ਜਾਣੀਐ**
**ਗਯਾਨ ਧਯਾਨ ਸਿਮਰਨਿ ਗੁਰਬਾਣੀ।**
**੫. ਗੁਰਸਿਖ ਲੈ ਗੁਰਸਿੱਖ ਹੋਣ**
**ਸਾਧ ਸੰਗਤਿ ਜਗ ਅੰਦਰ ਜਾਣੀ।**
**੬. ਪੈਰੀਂ ਪੈ ਪਾ ਖਾਕ ਹੋਇ**
**ਗਰਬੁ ਨਿਵਾਰ ਗਰੀਬੀ ਆਣੀ।**
**੭. ਪੀ ਚਰਣੋਦਕੁ ਅੰਮ੍ਰਿਤ ਵਾਣੀ॥੨੨॥**

***ਪਦ ਅਰਥ :*** ਹੰਸਹੁ—ਹੰਸਾਂ ਵਿਚੋਂ। ਕਛਹੁੰ—ਕਛੂਆਂ ਵਿਚੋਂ। ਘੁੰਮਣਵਾਣੀ—ਘੁੰਮਣ ਘੇਰੀ। ਅਸਮਾਣੀ—ਅਕਾਸ਼ਾਂ ਵਿਚ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਗੁਰੂ ਦੀ ਮਹਿਮਾ ਸੰਬੰਧੀ ਕੁਝ ਹੋਰ ਭੀ ਉਦਾਹਰਣ ਦਿਓ, ਜਿਨ੍ਹਾਂ ਦਾ ਸਦਕਾ ਸਾਡੇ ਮਨਾਂ ਵਿਚ ਗੁਰੂ ਦੀ ਹੋਰ ਵੀ ਸ਼ਰਧਾ ਉਪਜ ਆਵੇ ?

ਉ: ਹੇ ਭਾਈਓ ! ਗੁਰੂ ਦੀ ਮਹਿਮਾ ਅਪਰ ਅਪਾਰ ਹੈ ਜਿਸ ਨੂੰ ਸਹੀ ਰੂਪ ਵਿਚ ਕਥਨ ਕਰਨਾ ਤਾਂ ਹਰ ਮਨੁੱਖ ਲਈ ਅਤਿਅੰਤ ਕਠਿਨ ਹੈ, ਪਰ ਜੇ ਕੁਝ ਕਹਿਣਾ ਭੀ ਚਾਹੀਏ ਤਾਂ ਇਤਨੇ ਮਾਤ੍ਰ ਹੀ ਕਿਹਾ ਜਾ ਸਕਦਾ ਹੈ ਕਿ ਜਿਤਨੇ ਭੀ ਸੰਤ ਜਨ ਨਜ਼ਰ ਆਉਂਦੇ ਹਨ ਉਨ੍ਹਾਂ ਦੀ ਮਹਿਮਾ ਬਾਣੀ ਵਿਚ ਇਉਂ ਦਰਸਾਈ ਗਈ ਹੈ :

(੧) ਹੰਸਹੁ (ਸੰਤਾਂ) ਵਿਚੋਂ (ਸਤਿਗੁਰੂ ਉਹ) ਹੰਸ ਹਨ, ਜਿਹੜੇ ਗਿਆਨ (ਉਪਦੇਸ਼) ਕਰ ਕੇ ਦੁਧੈ (ਸੱਚ) ਵਿਚੋਂ ਪਾਣੀ (ਝੂਠ) ਨੂੰ ਵੱਖਰਾ ਕਰ ਦੇਂਦੇ ਹਨ।

(੨) (ਅਤੇ) ਕਛੂਆਂ ਵਿਚੋਂ (ਸਤਿਗੁਰੂ ਜੀ) ਉਸ ਕੱਛੂ ਵਾਂਗੂੰ ਹਨ, ਜੋ ਬੜੇ ਧਿਆਨ ਨਾਲ ਆਪਣੇ ਸਿੱਖਾਂ ਨੂੰ ਪਾਲਦੇ ਹਨ ਤੇ ਉਨ੍ਹਾਂ ਨੂੰ ਜਗਤ ਦੀਆਂ ਘੁੰਮਣ ਘੇਰੀਆਂ ਨਹੀਂ ਪੋਂਹਦੀਆਂ।

(੩) (ਫਿਰ) ਕੂੰਜਾਂ ਵਿਚੋਂ ਸਤਿਗੁਰੂ ਜੀ ਉਸ ਕੂੰਜ ਵਾਂਗੂੰ ਹਨ, ਜੋ ਅਸਮਾਨਾਂ ਵਿਚ ਉਡਦੀ ਹੋਈ ਵੀ ਆਪਣੇ ਬੱਚਿਆਂ ਨੂੰ ਯਾਦ ਰੱਖਦੀ ਹੈ।

(੪) (ਪਰ) ਸਿੱਖਾਂ ਦਾ ਇਹ ਕਰਤੱਵ ਹੋਣਾ ਚਾਹੀਦਾ ਹੈ ਕਿ ਉਹ ਸਤਿਗੁਰੂ ਜੀ ਨਾਲ ਪ੍ਰੀਤੀ ਰੱਖਣ ਤੇ ਗੁਰੂ ਜੀ ਦੀ ਗੁਰਬਾਣੀ ਦੁਆਰਾ ਗਿਆਨ, ਧਿਆਨ ਤੇ ਪ੍ਰਭੂ ਦਾ ਸਿਮਰਨ ਕਰਨ।

(੫) ਸਿਖ ਸਤਿਗੁਰੂ ਦੀ ਸਿਖਿਆ ਲੈ ਕੇ ਗੁਰਸਿਖ ਬਣਨ ਤੇ ਸੰਸਾਰ ਵਿਚ ਸਿਖ ਜਿਥੇ ਵੀ ਜਾਣ, ਉਥੇ ਹੀ ਸਤਿਸੰਗ ਕਰਨ।

(੬) (ਗੁਰਸਿਖ) ਗੁਰਸਿੱਖਾਂ ਦੀ ਪੈਰੀਂ ਪੈਣ ਤੇ ਆਪਣੇ ਆਪ ਨੂੰ ਗੁਰਸਿੱਖਾਂ ਦੀ ਖ਼ਾਕ ਸਮਾਨ ਸਮਝਣ, ਹੰਕਾਰ ਛੱਡ ਕੇ ਹਿਰਦੇ ਵਿਚ ਨਿਮਰਤਾ ਵਸਾਉਣ।

(੭) ਸਤਿਗੁਰਾਂ ਦਾ ਚਰਨਾਮ੍ਰਿਤ ਅੰਮ੍ਰਿਤ ਸਮਾਨ ਜਾਣ ਕੇ ਗੁਰਸਿਖ ਛਕਣ।੨੨।

***ਭਾਵਾਰਥ :*** ਜਦੋਂ ਅਸੀਂ ਸਤਿਗੁਰੂ ਦੇ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁੱਛ ਕਰੀਏ ਤਾਂ ਆਪ ਜੀ ਵੱਲੋਂ ਤਾਂ ਇਹੋ ਉੱਤਰ ਮਿਲਦਾ ਹੈ ਕਿ ਹੇ ਗੁਰਸਿਖੋ ! ਇਉਂ ਹੀ ਨਿਸਚਾ ਕਰੋ ਕਿ :

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥
ਓਹੁ ਅਬਿਨਾਸੀ ਪੁਰਖੁ ਹੈ
ਸਭ ਮਹਿ ਰਹਿਆ ਸਮਾਇ॥੧੩॥

*(ਸੂਹੀ ਮ: ੪, ਪੰਨਾ ੭੫੯)*

ਐਸੇ ਸਤਿਗੁਰੂ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਨੌਂਵੇਂ ਗੁਰੂ ਤਕ ਸਤਿਗੁਰਾਂ ਦੇ ਚਰਨਾਂਮ੍ਰਿਤ ਨੂੰ ਹੀ ਅੰਮ੍ਰਿਤ ਸਮਾਨ ਜਾਣ ਕੇ ਹਰ ਗੁਰਸਿਖ ਪੀਂਦਾ ਰਿਹਾ, ਪਰ ਦਸਵੇਂ ਜਾਮੇ ਵਿਚ ਗੁਰੂ ਗੋਬਿੰਦ ਸਿੰਘ ਨੇ ਇਸ ਚਰਨਾਮ੍ਰਿਤ ਨੂੰ ਬਦਲ ਕੇ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ ਤੇ ਹਰ ਗੁਰਸਿਖ ਨੂੰ ਇਸੇ ਅੰਮ੍ਰਿਤ ਛਕਣ ਦਾ ਅਧਿਕਾਰੀ ਬਣਾਇਆ, ਚਰਣ ਪਹੁਲ ਨੂੰ ਰੋਕ ਥਾਮ ਇਸ ਲਈ ਲਾਉਣੀ ਪਈ ਕਿਉਂਕਿ ਹਰ ਬੰਦਾ ਹੀ ਆਪਣੀ ਚਰਣ ਪਹੁਲ ਦੇ ਕੇ ਗੁਰੂ ਬਣਨ ਦਾ ਦਾਅਵੇਦਾਰ ਬਣ ਜਾਂਦਾ ਸੀ, ਇਸ ਲਈ ਅਗੇ ਵਾਸਤੇ ਇਹ ਹਰ ਸਿਖ ਲਈ ਹਿਦਾਇਤ ਕਰ ਦਿਤੀ ਗਈ ਕਿ :

ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

## ੨੩. ਗੁਰੂ ਅਰਜਨ ਵਿਟਹੁ ਕੁਰਬਾਣੀ

**੧. ਰਹਿੰਦੇ ਗੁਰੁ ਦਰੀਆਉ ਵਿਚ**
**ਮੀਨ ਕੁਲੀਨ ਹੇਤ ਨਿਰਬਾਣੀ।**
**੨ ਦਰਸ਼ਨ ਦੇਖ ਪਤੰਗ ਜਿਉ**
**ਜੋਤੀ ਅੰਦਰਿ ਜੋਤ ਸਮਾਣੀ।**

**੩. ਸ਼ਬਦ ਸੁਰਤਿ ਲਿਵ ਮ੍ਰਿਗ ਜਜੋਂ**
**ਭੀੜ ਪਈ ਚਿਤਿ ਅਵਰ ਨ ਆਣੀ।**
**੪. ਚਰਨ ਕਵਲ ਮਿਲਿ ਭਵਰ ਜਜੋਂ**
**ਸੁਖ ਸੰਪਟ ਵਿਚ ਰੈਣਿ ਵਿਹਾਣੀ।**
**੫. ਗੁਰ ਉਪਦੇਸ਼ ਨ ਵਿੱਸਰੈ**
**ਬਾਬੀਹੇ ਜਿਉਂ ਆਖ ਵਖਾਣੀ।**
**੬. ਗੁਰਮੁਖ ਸੁਖਫਲ ਪਿਰਮ ਰਸੁ**
**ਸਹਜ ਸਮਾਧਿ ਸਾਧਸੰਗਿ ਜਾਣੀ।**
**੭. ਗੁਰ ਅਰਜਨ ਵਿਟਹੁ ਕੁਰਬਾਣੀ ॥੨੩॥**

***ਪਦ ਅਰਥ :*** ਰਹਿੰਦੇ—ਸਦਾ ਸਥਿਰ। ਮੀਨ ਕੁਲੀਨ—ਮੱਛੀ ਦੀ ਕੁਲ ਵਾਂਗੂ। ਹੇਤ—ਖ਼ਾਤਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਨੂੰ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੀ ਚਰਨ ਸ਼ਰਨ ਵਿਚ ਰਹਿਣ ਦਾ ਦੇਰ ਕਾਲ ਦਾ ਸਮਾਂ ਪ੍ਰਾਪਤ ਹੋਇਆ ਹੈ, ਇਸ ਲੰਮੇ ਸਮੇਂ ਵਿਚ ਆਪ ਜੀ ਨੇ ਗੁਰੂ ਅਰਜਨ ਪਾਤਿਸ਼ਾਹ ਦੇ ਦੋਵੇਂ ਰੂਪਾਂ ਨੂੰ ਤੱਕਿਆ ਹੈ, ਜਿਵੇਂ ਕਿ ਤੁਸਾਂ ਪਹਿਲੋਂ ਉਹ ਰੂਪ ਵੀ ਤੱਕਿਆ ਹੈ ਜਦੋਂ ਕਿ ਗੁਰੂ ਅਰਜਨ ਦੇਵ ਜੀ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਗੁਰਤਾ ਗੱਦੀ ਪਰ ਸੁਭਾਇਮਾਨ ਸਨ, ਤਖ਼ਤ ਪਰ ਬੈਠਿਆਂ ਦੇ ਆਪ ਜੀ ਦੇ ਸੀਸ ਪਰ ਚਵਰ ਝੁਲ ਰਿਹਾ ਸੁਭਾਇਮਾਨ ਹੁੰਦਾ ਸੀ। ਇਥੇ ਹੀ ਬੱਸ ਨਹੀਂ, ਦੇਸ਼ ਦਿਸ਼ੰਤ੍ਰਾਂ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਆਈਆਂ ਸੰਗਤਾਂ ਆਪੋ ਆਪਣੀਆਂ ਭੇਟਾਵਾਂ ਰੱਖ ਕੇ ਪੂਰਨ ਸ਼ਰਧਾ ਸਹਿਤ ਆਪ ਨੂੰ ਨਮਸਕਾਰਾਂ ਕਰਿਆ ਕਰਦੀਆਂ ਸਨ। ਇਹ ਸਮਾਂ ਤਾਂ ਆਪ ਜੀ ਦਾ ਬੜਾ ਹੀ ਸੁਖਾਂ ਭਰਿਆ ਖ਼ੁਸ਼ੀਆਂ ਵਿਚ ਗੁਜ਼ਰਿਆ ਆਪ ਜੀ ਨੇ ਤੱਕਿਆ ਹੈ, ਪਰ ਜਦੋਂ ਆਪ ਜੀ ਨੂੰ ਜੇਠ, ਹਾੜ ਦੇ ਮਹੀਨੇ ਤੱਤੀ ਤਵੀ 'ਤੇ ਬੈਠਾ ਕੇ ਆਪ ਜੀ ਦੇ ਸੀਸ ਵਿਚ ਸੜਦੀ ਬਲਦੀ ਰੇਤ ਦੇ ਭਰ ਭਰ ਕੇ ਕੜਛੇ ਪੁਆਏ ਜਾ ਰਹੇ ਸਨ ਉਸ ਸਮੇਂ ਦੇ ਰੂਪ ਨੂੰ ਭੀ ਆਪ ਜੀ ਨੇ ਤੱਕਿਆ ਹੈ, ਪਰ ਦਸੋ ਉਸ ਵੇਲੇ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੀ ਮਾਨਸਕ ਅਵਸਥਾ ਨੂੰ ਕਿਸ ਰੂਪ ਵਿਚ ਤੱਕਿਆ ਸੀ, ਕਿਉਂਕਿ ਅਜਿਹੀਆਂ ਸਖ਼ਤ ਸਜ਼ਾਵਾਂ ਦੇ ਸਾਹਮਣੇ ਤਾਂ ਵੱਡੇ ਵੱਡੇ ਪੀਰ, ਫ਼ਕੀਰ ਭੀ ਥਿਰ ਨਹੀਂ ਰਹਿ ਸਕੇ, ਜਿਵੇਂ ਕਿ ਪੁਰਾਤਨ ਹਿਸਟਰੀ ਗਵਾਹ ਹੈ ਕਿ ਜਦੋਂ ਈਸਾ ਜੀ, ਜਿਸਨੂੰ ਖ਼ੁਦਾ ਦਾ ਇਕਲੌਤਾ ਬੇਟਾ ਮੰਨਿਆ ਜਾਂਦਾ ਹੈ, ਉਸਨੂੰ ਫ਼ਾਂਸੀ ਦੇ ਤਖ਼ਤੇ ਨਾਲ ਜਕੜ ਕੇ ਹੱਥਾਂ ਤੇ ਪੈਰਾਂ ਵਿਚ ਲੋਹੇ ਦੇ ਕਿਲ ਠੋਕੇ ਜਾ ਰਹੇ ਸਨ ਤਾਂ ਕਹਿੰਦੇ ਹਨ ਕਿ ਈਸਾ ਜੀ ਨੇ ਭੀ ਉਸ ਸਮੇਂ ਖ਼ੁਦਾ ਪਾਸ ਗਿਲ੍ਹਾ ਕੀਤਾ ਸੀ ਕਿ ਹੇ ਖ਼ੁਦਾ! ਤੂੰ ਏਹ ਕੀ ਕਰ ਰਿਹਾ ਹੈਂ, ਇਹ ਮੈਨੂੰ ਤੂੰ ਕੀ ਵਿਖਾ ਰਿਹਾ ਹੈਂ ?

ਭਾਈ ਸਾਹਿਬ ਜੀਉ! ਤੁਸਾਂ ਤਾਂ ਇਹ ਭਿਆਨਕ ਦਿਤੇ ਜਾ ਰਹੇ ਕਸ਼ਟਾਂ ਦੇ ਦੁਖਦਾਈ ਸੀਨ ਨੂੰ ਪ੍ਰਤੱਖ ਤੱਕਿਆ ਹੈ, ਪਰ ਇਹ ਦਸੋ ਉਸ ਵੇਲੇ ਗੁਰੂ ਅਰਜਨ ਦੇਵ ਜੀ ਦੇ ਚੇਹਰੇ ਦੀ ਰੂਪ ਰੇਖਾ ਨੂੰ ਕਿਸ ਰੂਪ ਵਿਚ ਅਨੁਭਵ ਕੀਤਾ ਸੀ ?

ਹੇ ਭਾਈਓ! ਮੈਨੂੰ ਤਾਂ ਇਉਂ ਹੀ ਪ੍ਰਤੀਤ ਹੋ ਰਿਹਾ ਸੀ ਕਿ ਜਿਵੇਂ ਆਪ ਜੀ ਕਦੀ ਹਰਿਮੰਦਰ ਸਾਹਿਬ ਜੀ ਵਿਚ ਸੰਗਤਾਂ ਦੇ ਭਰੇ ਦਰਬਾਰ ਵਿਚ ਪ੍ਰਸੰਨਤਾ ਸਹਿਤ ਬੈਠੇ ਸੰਗਤਾਂ ਨੂੰ ਉਪਦੇਸ਼ ਕਰਿਆ ਕਰਦੇ ਸਨ, ਉਹ ਹੁਣ ਤੱਤੀ ਤਵੀ 'ਤੇ ਭੀ ਉਸੇ ਖੇੜੇ ਵਿਚ ਸਨ, ਆਪ ਜੀ ਦੇ ਚੇਹਰੇ ਉਤੇ ਜ਼ਰਾ ਮਾਤ੍ਰ ਭੀ ਮਲਾਲ ਨਹੀਂ ਵੇਖਿਆ ਗਿਆ, ਸਗੋਂ ਆਪ ਜੀ ਦੇ ਖੇੜਿਆਂ ਭਰੇ ਚੇਹਰੇ ਦਾ ਇਕ ਹੋਰ ਭੀ ਪ੍ਰਤੱਖ ਸਬੂਤ ਵੇਖਿਆ ਗਿਆ ਹੈ ਕਿ ਜਦੋਂ ਸਾਈਂ ਮੀਆਂ ਮੀਰ ਫ਼ਕੀਰ ਨੇ ਆਪ ਜੀ ਨੂੰ ਆ ਕੇ ਤੱਕਿਆ ਕਿ ਆਪ ਜੀ ਦੇ ਤੱਤੀ ਤਵੀ ਪਰ ਬੈਠਿਆਂ ਦੇ ਸੀਸ ਪਰ ਤੱਤੀ ਰੇਤ ਦੇ ਗਰਮ ਕੜਛੇ ਪੈ ਰਹੇ ਹਨ ਤਾਂ ਸਾਈਂ ਜੀ ਘਬਰਾ ਗਏ ਕਿ ਹੇ ਸਤਗੁਰੂ ਜੀ! ਮੈਂ ਆਪ ਜੀ ਨੂੰ ਮਿਲ ਰਹੇ ਅਸਹਿ ਕਸ਼ਟਾਂ ਨੂੰ ਬਰਦਾਸ਼ਤ ਨਹੀਂ ਕਰ ਸਕਦਾ, ਪਰ ਆਪ ਜੀ ਮੈਨੂੰ ਹੁਕਮ ਕਰੋ ਕਿ ਜੋ ਜ਼ਾਲਮ ਆਪ ਜੀ ਨੂੰ ਇਹ ਅਸਹਿ ਕਸ਼ਟ ਦੇ ਰਹੇ ਹਨ ਇਨ੍ਹਾਂ ਨੂੰ ਮੈਂ ਸਜ਼ਾਵਾਂ ਦਿਆਂ ਤਾਂ ਆਪ ਜੀ ਨੇ ਹੱਸਦਿਆਂ ਹੱਸਦਿਆਂ ਪ੍ਰਸੰਨ ਚਿੱਤ ਹੋ ਕਿਹਾ ਸੀ ਕਿ ਹੇ ਫ਼ਕੀਰ ਜੀ! ਤੁਸੀਂ ਘਬਰਾਓ ਨਾ ਉਸੇ ਖ਼ੁਦਾ ਦੀ ਰਜ਼ਾ ਵਿਚ ਰਾਜ਼ੀ ਰਹੋ ਜਿਸਦੀ ਦਿਨੇ ਰਾਤ ਤੁਸੀਂ ਇਬਾਦਤ ਕਰਦੇ ਹੋ ਕਿਉਂਕਿ ਖ਼ੁਦਾ ਦੀ ਬੰਦਗੀ ਕਰਨ ਵਾਲੇ ਬੰਦੇ ਨੂੰ ਇਹੋ ਹੀ ਬਣ ਆਉਂਦਾ ਹੈ ਕਿ ਉਹ ਉਸੇ ਰਾਜ਼ਕ ਦੀ ਰਜ਼ਾ ਵਿਚ ਹੀ ਰਾਜ਼ੀ ਰਵ੍ਹੇ। ਸੋ, ਸਾਈਂ ਜੀ! ਤੁਸੀਂ ਕਿਉਂ ਘਬਰਾ ਰਹੇ ਹੋ ਜਿਸ ਨੂੰ ਕਸ਼ਟ ਦਿਤੇ ਜਾ ਰਹੇ ਹਨ ਉਸਦੇ ਅੰਤਰ ਆਤਮਾ ਦੀ ਅਵਾਜ਼ ਤਾਂ ਇਹੋ ਨਿਕਲ ਰਹੀ ਹੈ ਕਿ :

ਕਿਆ ਹੂਆ ਤਨ ਤਪ ਰਿਹਾ ਹਮ ਸ਼ਾਂਤ ਹੈਂ ਹਰੀ ਨਾਮ ਸੇ॥

ਫ਼ਕੀਰ ਜੀ! ਇਕ ਦੂਜੇ ਹੋਰ ਪੱਖ ਵੱਲ ਭੀ ਨਜ਼ਰ ਮਾਰੋ ਕਿ ਜੋ ਵਿਅਕਤੀ ਸਾਰੇ ਸੁਖਾਂ ਦੀ ਪ੍ਰਾਪਤੀ ਸਮੇਂ ਸਦਾ ਇਹ ਖ਼ਿਆਲ ਪੜ੍ਹਨਾ ਕਰਦੀ ਹੈ ਕਿ:

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ
ਦੁਖਿ ਭੀ ਤੁਝੈ ਧਿਆਈ॥੨॥
ਜੇ ਭੁਖ ਦੇਹਿ ਤ ਇਤ ਹੀ ਰਾਜਾ
ਦੁਖ ਵਿਚਿ ਸੂਖ ਮਨਾਈ॥੩॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ
ਵਿਚਿ ਅਗਨੀ ਆਪੁ ਜਲਾਈ॥੪॥

*(ਸੂਹੀ ਮ: ੪, ਪੰਨਾ ੭੫੭)*

ਅਜਿਹੇ ਸਮਿਆਂ ਵਿਚ ਹੀ ਤਾਂ ਉਸ ਵਿਅਕਤੀ ਦੀ ਪਰਖ ਹੁੰਦੀ ਹੈ ਕਿ ਉਸਦੀ ਮਾਨਸਕ ਅਵਸਥਾ ਕਿਥੇ ਖੜੋਤੀ ਹੈ। ਸੋ ਸਾਈਂ ਜੀਉ! ਮੇਰੀ ਤਾਂ ਉਸ ਸੱਚੇ ਮਾਲਕ ਪਾਸੋਂ ਇਹੋ ਇਕ ਮੰਗ ਹੈ ਕਿ ਹੇ ਪ੍ਰਭੂ:

ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮੁ ਪਦਾਰਥੁ ਨਾਨਕੁ ਮਾਗੈ॥੨॥੪੨॥੯੩॥

*(ਆਸਾ ਮ: ੫, ਪੰਨਾ ੩੯੪)*

ਭਾਵ ਹੈ ਕਿ ਹੇ ਪਰੀਪੂਰਨ ਪਰਮੇਸ਼ਰ! ਜਿਵੇਂ ਮੈਂ ਸਾਰੇ ਪਦਾਰਥਾਂ ਦੀ ਪ੍ਰਾਪਤੀ ਸਮੇਂ ਤੇਰੀ ਰਜ਼ਾ ਵਿਚ ਰਾਜ਼ੀ ਸਾਂ, ਹੁਣ ਇਸ ਕਸ਼ਟ ਸਮੇਂ ਭੀ ਪ੍ਰਸੰਨ ਚਿਤ ਰਵ੍ਹਾਂ।

ਇਸ ਲਈ ਹੇ ਭਾਈਓ! ਮੈਂ ਤਾਂ ਗੁਰੂ ਅਰਜਨ ਦੇਵ ਜੀ ਦੇ ਸੰਬੰਧ ਵਿਚ ਉਨ੍ਹਾਂ ਦੇ ਚੰਦ ਵਿਸ਼ੇਸ਼ ਗੁਣ ਅੰਕਤ ਕਰਨ ਦਾ ਇਕ ਨਿਮਾਣਾ ਜਿਹਾ ਯਤਨ ਕੀਤਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਜੋਤੀ ਜੋਤਿ ਸਮਾਉਣ ਸਮੇਂ ਇਹੋ ਮਾਨਸਕ ਅਵਸਥਾ ਚੜ੍ਹਦੀ ਕਲਾ ਵਿਚ ਸੀ, ਜਿਵੇਂ:

(੧) ਸਤਿਗੁਰੂ ਅਰਜਨ ਦੇਵ ਜੀ ਸਦਾ ਸਥਿਰ ਪ੍ਰਭੂ ਦੀ ਜੋਤ ਵਿਚ ਮੱਛੀ ਦੇ ਦਰਿਆ ਵਿਚ ਲੀਨ ਰਹਿਣ ਵਾਂਗੂੰ ਲੀਨ ਹੋ ਗਏ।
(੨) ਪਤੰਗੇ ਵਾਂਗੂੰ ਜੋਤੀ ਸਰੂਪ ਪਰਮਾਤਮਾ ਦਾ ਦਰਸ਼ਨ ਕਰਕੇ ਸਤਿਗਰੂ ਜੀ ਦੀ ਜੋਤ ਜੋਤੀ (ਪ੍ਰਭੂ) ਵਿਚ ਸਮਾ ਗਈ।
(੩) ਬੜੀ ਮੁਸੀਬਤ ਪੈਣ 'ਤੇ ਵੀ ਸਤਿਗੁਰੂ ਜੀ ਦੀ ਸੁਰਤ ਸ਼ਬਦ ਵਿਚ ਲੀਨ ਰਹੀ ਉਨ੍ਹਾਂ ਦੇ ਚਿਤ ਵਿਚ ਕਿਸੇ ਤਰ੍ਹਾਂ ਦਾ ਕੋਈ ਹੋਰ ਖ਼ਿਆਲ ਨਹੀਂ ਆਇਆ, ਜਿਵੇਂ ਹਰਨ ਨਾਦ ਵਿਚ ਮਸਤ ਰਹਿੰਦਾ ਹੈ।
(੪) ਭੌਰੇ ਵਾਂਗੂੰ ਸਤਿਗੁਰਾਂ ਦੀ ਸੁਰਤ ਪ੍ਰਭੂ ਦੇ ਚਰਨਾਂ ਵਿਚ ਲੱਗੀ ਰਹੀ, ਮਾਨੋ ਸੁਖਾਂ ਦੇ ਡੱਬੇ ਵਿਚ ਰਹਿੰਦਿਆਂ ਉਨ੍ਹਾਂ ਦੀ ਰਾਤ ਬੀਤ ਗਈ।
(੫) ਸਤਿਗੁਰਾਂ ਨੂੰ ਆਪਣੇ ਗੁਰਾਂ ਦਾ ਉਪਦੇਸ਼ ਨਾ ਵਿਸਰਿਆ, ਆਪ ਅੰਤ ਤਕ ਬਬੀਹੇ ਵਾਂਗੂੰ ਸ਼ਬਦ ਦਾ ਜਾਪ ਕਰਦੇ ਰਹੇ।
(੬) ਗੁਰਮੁਖ (ਸ੍ਰੀ ਗੁਰੂ ਅਰਜਨ ਦੇਵ ਜੀ ਨੇ) ਪ੍ਰੇਮ ਰਸ, ਸੁਖ ਰੂਪ ਫਲ ਤੇ ਸਹਿਜ ਸਮਾਧੀ ਸਾਧ ਸੰਗਤ ਵਿਚ ਹੀ ਜਾਣੀ।
(੭) ਭਾਈ ਸਾਹਿਬ ਜੀ ਕਹਿੰਦੇ ਹਨ ਕਿ ਇਹੋ ਜਿਹੀ ਅਸਚਰਜ ਕਰਨੀ ਵਾਲੇ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਮੈਂ ਬਲਿਹਾਰ ਜਾਂਦਾ ਹਾਂ।੨੩।

***ਭਾਵਾਰਥ:*** ਸਤਿਗੁਰੂ ਜੀ ਆਪਣੇ ਅੰਤ ਸਮੇਂ ਅਡੋਲ ਰਹੇ ਡੋਲੇ ਨਹੀਂ, ਆਪ ਜੀ ਨੇ ਦੁਖ ਕਲੇਸ਼, ਝੱਲੇ ਪਰ ਵਾਹਿਗੁਰੂ ਜੀ ਨਾਲ ਅਭੇਦ ਜੁੜੇ ਰਹੇ। ਅਤਿਅੰਤ ਖੇਦ ਵਾਲੀ ਸੱਚੀ ਕੁਰਬਾਨੀ ਦੀ ਸਾਖੀ ਸਾਰੀ ਲੁਕਾਈ ਵਿਚ ਪ੍ਰਗਟ ਹੀ ਹੈ। ਪਰ ਸਾਰਿਆਂ ਤੋਂ ਤਸੱਲੀ ਵਾਲੀ ਤੇ ਨੇੜੇ ਦੀ ਸੁਧ ਪੰਚਮ ਸਤਿਗੁਰਾਂ ਦੇ ਤਸੀਹਿਆਂ ਤੇ ਚਲਾਣੇ ਦੀ ਭਾਈ ਗੁਰਦਾਸ ਜੀ ਨੂੰ ਸੀ। ਆਪ ਜੀ ਆਪਣੀ ਵਾਕਫ਼ੀ ਤੋਂ ਦਸਦੇ ਹਨ ਕਿ ਜਦੋਂ ਸਤਿਗੁਰੂ ਜੀ ਨੂੰ ਭੀੜ ਆ ਪਈ ਤੇ ਕਸ਼ਟ ਮਿਲੇ ਤਦ ਭੀ ਆਪ ਸਾਈਂ ਜੀ ਵਿਚ ਲਿਵਲੀਨ ਰਹਿ ਕੇ ਸੱਚਖੰਡ ਨੂੰ ਪਧਾਰੇ।

## ੨੪. ਗੁਰੂ ਹਰਿਗੋਬਿੰਦ ਸਾਹਿਬ ਜੀ

੧. ਪਾਰਬ੍ਰਹਮ ਪੂਰਨ ਬ੍ਰਹਮ
ਸਤਿਗੁਰ ਆਪੇ ਆਪ ਉਪਾਯਾ।
੨. ਗੁਰ ਗੋਬਿੰਦ ਗੋਬਿੰਦ ਗੁਰੁ
ਜੋਤਿ ਇੱਕ ਦੁਇ ਨਾਵ ਧਰਾਯਾ।
੩. ਪੁੱਤ ਪਿਉਅਹੁੰ ਪਿਉ ਪੁੱਤ ਤੇ
ਵਿਸਮਾਦਹੁੰ ਵਿਸਮਾਦ ਸੁਣਾਯਾ।
੪. ਬਿਰਖਹੁੰ ਫਲ ਫਲ ਤੇ ਬਿਰਖੁ
ਆਚਰਜਹੁੰ ਆਚਰਜ ਸੁਹਾਯਾ।

੫. ਨਦੀ ਕਿਨਾਰੇ ਆਖੀਅਨਿ
ਪੁਛੇ ਪਾਰਾਵਾਰ ਨ ਪਾਯਾ।
੬. ਹੋਰਨਿ ਅਲਖ ਨ ਲੱਖੀਐ
ਗੁਰੁ ਚੇਲੇ ਮਿਲ ਅਲਖ ਲਖਾਯਾ।
੭. ਹਰਿਗੋਬਿੰਦ ਗੁਰੂ ਗੁਰੁ ਭਾਯਾ ॥੨੪॥

***ਪਦ ਅਰਥ :*** ਪਾਰਬ੍ਰਹਮ—ਨਿਰਗੁਣ ਪ੍ਰਭੂ। ਪੂਰਨ ਬ੍ਰਹਮ—ਸਰਗੁਣ ਸਰੂਪ ਪ੍ਰਭੂ। ਪਿਉਅਹੁ—ਪਿਓ ਥੋਂ। ਬਿਰਖਹੁ—ਬ੍ਰਿਖ ਤੋਂ, ਅਪਾਦਾਨ ਕਾਰਕ।

***ਅਰਥ :***

ਪ੍ਰ: ਕਿਉਂ ਭਾਈ ਸਾਹਿਬ ਜੀਉ ! ਕਿਆ ਪਹਿਲੇ ਸਰੂਪਾਂ ਨਾਲੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਕੋਈ ਅੰਤਰਾ ਸੀ, ਇਸ ਬਾਰੇ ਤੁਹਾਡੇ ਕੀ ਵੀਚਾਰ ਹਨ ?

(੧) ਉ: (ਹੇ ਭਾਈਓ ! ਜੇ ਵੀਚਾਰ ਦ੍ਰਿਸ਼ਟੀ ਨਾਲ ਤੱਕੀਏ ਤਾਂ ਸਾਨੂੰ ਇਉਂ ਹੀ ਪ੍ਰਤੀਤ ਹੋਵੇਗਾ ਕਿ) ਨਿਰਗੁਣ ਪ੍ਰਭੂ ਨੇ ਸਰਗੁਣ ਸਤਿਗੁਰੂ ਨਾਨਕ ਦੇਵ ਅਥਵਾ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣੇ ਸਰੂਪ ਵਿਚੋਂ ਉਤਪੰਨ ਕੀਤਾ ਹੈ।
(੨) ਗੁਰੂ ਗੋਬਿੰਦ ਰੂਪ ਹੈ ਤੇ ਗੋਬਿੰਦ ਗੁਰੂ ਰੂਪ ਹੈ, ਜੋਤ ਇਕੋ ਹੈ, ਪਰ ਨਾਂ ਦੋ ਧਰਾਏ ਹਨ।
(੩) ਪਿਉ ਤੋਂ ਪੁੱਤ੍ਰ ਤੇ ਪੁੱਤ੍ਰ ਤੋਂ ਪਿਉ, ਅਸਚਰਜ ਤੋਂ ਅਸਚਰਜ ਰੂਪ ਸੁਣਿਆ ਗਿਆ।
(੪) ਬ੍ਰਿਛ ਤੋਂ ਫਲ ਹੋਇਆ ਤੇ ਫਲ ਤੋਂ ਬ੍ਰਿਛ ਹੋਇਆ, ਇਹ ਅਸਚਰਜ ਤੋਂ ਅਸਚਰਜ ਰੂਪ ਸੁਭਾਇਮਾਨ ਹੋਇਆ।
(੫) ਨਦੀ ਦੇ ਦੋ ਕਿਨਾਰੇ ਕਹੇ ਜਾਂਦੇ ਹਨ, ਪਰ ਪੁੱਛਣ ਤੇ ਕੋਈ ਦੱਸ ਨਹੀਂ ਸਕਦਾ ਕਿ ਨਦੀ ਦਾ ਉਰਾਰ ਤੇ ਪਾਰ ਕਿਹੜਾ ਹੈ।
(੬) ਆਮ ਲੋਕਾਂ ਵਿਚ ਕਿਸੇ ਨੇ ਉਸ ਅਲਖ ਪ੍ਰਭੂ ਨੂੰ ਨਹੀਂ ਜਾਣਿਆ ਗੁਰੂ (ਅਰਜਨ ਦੇਵ) ਜੀ ਨੇ ਆਪਣੇ ਚੇਲੇ (ਸ੍ਰੀ ਹਰਿਗੋਬਿੰਦ ਜੀ) ਨੂੰ ਪ੍ਰਭੂ ਦੀ ਲਖਤਾ ਕਰਾਈ ਹੈ।
(੭) ਸ੍ਰੀ ਗੁਰੂ ਹਰਿਗੋਬਿੰਦ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਨ ਨੂੰ ਚੰਗੇ ਲਗੇ।੨੪।

ਭਾਵ ਹੈ ਕਿ ਅਰਜਨ ਕਾਇਆ ਪਲਟ ਕੇ ਮੂਰਤ ਹਰਿ ਗੋਬਿੰਦ ਸਵਾਰੀ।

## ੨੫. ਗੁਰ ਮੂਰਤਿ ਗੁਰ ਸਬਦੁ ਹੈ

੧. ਨਿਰੰਕਾਰ ਨਾਨਕ ਦੇਉ
ਨਿਰੰਕਾਰ ਆਕਾਰ ਬਣਾਯਾ।
੨. ਗੁਰੁ ਅੰਗਦ ਗੁਰ ਅੰਗ ਤੇ
ਗੰਗਹੁੰ ਜਾਣ ਤਰੰਗ ਉਠਾਯਾ।
੩. ਅਮਰਦਾਸ ਗੁਰੁ ਅੰਗਦਹੁੰ
ਜੋਤਿ ਸਰੂਪ ਚਲਿਤ ਵਰਤਾਯਾ।
੪. ਗੁਰੁ ਅਮਰੋਂ ਗੁਰੁ ਰਾਮਦਾਸ
ਅਨਹਦ ਨਾਦਹੁੰ ਸ਼ਬਦ ਸੁਣਾਯਾ।
੫. ਰਾਮਦਾਸਹੁ ਅਰਜਨ ਗੁਰੂ
ਦਰਸ਼ਨ ਦਰਪਨ ਵਿੱਚ ਦਿਖਾਯਾ।
੬. ਹਰਿਗੋਬਿੰਦ ਗੁਰ ਅਰਜਨਹੁੰ
ਗੁਰੁ ਗੋਬਿੰਦ ਨਾਉਂ ਸਦਵਾਯਾ।
੭. ਗੁਰ ਮੂਰਤਿ ਗੁਰੁ ਸ਼ਬਦ ਹੈ
ਸਾਧ ਸੰਗਤਿ ਵਿਚ ਪ੍ਰਗਟੀ ਆਯਾ ॥
੮. ਪੈਰੀਂ ਪਾਇ ਸਭ ਜਗਤ ਤਰਾਯਾ ॥੨੫॥੨੪॥

***ਪਦ ਅਰਥ :*** ਆਕਾਰ—ਸਰੀਰ। ਤਰੰਗ—ਲਹਿਰ। ਦਰਪਨ—ਸ਼ੀਸ਼ਾ।

***ਅਰਥ :***

(੧) ਸ੍ਰੀ ਗੁਰੂ ਨਾਨਕ ਦੇਵ ਜੀ ਨਿਰੰਕਾਰ ਰੂਪ ਹਨ, ਇਹ ਸਰੀਰ ਨਿਰੰਕਾਰ ਨੇ ਆਪਣਾ ਹੀ ਬਣਾਇਆ ਹੈ।
(੨) ਗੁਰੂ ਨਾਨਕ ਦੇਵ ਜੀ ਦੇ ਅੰਗ ਤੋਂ ਗੰਗਾ ਦੇ ਤਰੰਗ ਵਾਂਗੂੰ ਗੁਰੂ ਅੰਗਦ ਦੇਵ ਜੀ ਉਤਪੰਨ ਹੋਏ।
(੩) ਗੁਰੂ ਅੰਗਦ ਦੇਵ ਜੀ ਦੀ ਜੋਤ ਤੋਂ ਗੁਰੂ ਅਮਰਦਾਸ ਜੀ ਦੀ ਜੋਤ ਪ੍ਰਗਟ ਹੋਈ ਤੇ ਜਗਤ ਵਿਚ ਕੌਤਕ ਵਰਤਾਏ।
(੪) ਗੁਰੂ ਅਮਰਦਾਸ ਜੀ ਤੋਂ ਗੁਰੂ ਰਾਮਦਾਸ ਜੀ ਪ੍ਰਗਟ ਹੋਏ ਮਾਨੋ ਅਨਹਦ ਨਾਦ ਤੋਂ ਅਨਹਦ ਸ਼ਬਦ ਸੁਣਾਇਆ ਹੈ।
(੫) ਗੁਰੂ ਰਾਮਦਾਸ ਜੀ ਤੋਂ ਗੁਰੂ ਅਰਜਨ ਦੇਵ ਜੀ ਪ੍ਰਗਟ ਹੋਏ, ਜਿਵੇਂ ਸ਼ੀਸ਼ੇ ਵਿਚ ਅਕਸ ਵੇਖੀਦਾ ਹੈ।
(੬) ਗੁਰੂ ਅਰਜਨ ਦੇਵ ਜੀ ਤੋਂ ਗੁਰੂ ਹਰਿਗੋਬਿੰਦ ਜੀ ਹੋਏ

ਜਿਨ੍ਹਾਂ ਨੇ ਗੁਰੂ ਗੋਬਿੰਦ ਨਾਮ ਸਦਵਾਇਆ।

(੭) ਗੁਰੂ ਦੀ (ਪ੍ਰਤੱਖ) ਮੂਰਤੀ ਗੁਰੂ ਦਾ ਸ਼ਬਦ ਹੈ, ਜੋ ਸਾਧ ਸੰਗਤ ਵਿਚੋਂ ਪ੍ਰਗਟ ਹੁੰਦੀ ਹੈ।

(੮) ਇਸ ਤਰ੍ਹਾਂ ਆਪਣੇ ਚਰਨਾਂ ਨਾਲ ਸਤਿਗੁਰਾਂ ਨੇ ਸਾਰੇ ਹੀ ਸੰਸਾਰ ਨੂੰ ਤਾਰਿਆ ਹੈ।੨੫।੨੪।

***ਭਾਵਾਰਥ :*** ਇਸ ਪਉੜੀ ਵਿਚ ਭਾਈ ਸਾਹਿਬ ਜੀ ਨੇ ਛੀਆਂ ਗੁਰੂ ਸਾਹਿਬਾਂ ਦੀ ਸਦਰਸ਼ਤਾ ਦਰਸਾਈ ਹੈ, ਕਿ ਗੁਰੂ ਨਾਨਕ ਦੇਵ ਜੀ ਗੋਬਿੰਦ ਦਾ ਰੂਪ ਹੋਏ ਹਨ। ਦੂਜੇ ਗੁਰੂ ਤੋਂ ਇਉਂ ਹੋਏ ਜਿਵੇਂ ਸਮੁੰਦਰ ਵਿਚ ਲਹਿਰਾਂ ਹੁੰਦੀਆਂ ਹਨ, ਇਹ ਵੀ ਤਦਰੂਪਤਾ ਹੀ ਕਹੀ ਜਾਂਦੀ ਹੈ। ਤੀਜੇ ਗੁਰੂ ਭੀ ਐਉਂ ਪ੍ਰਗਟ ਹੋਏ ਜਿਸ ਤਰ੍ਹਾਂ ਜੋਤ ਤੋਂ ਜੋਤ ਪ੍ਰਗਟਦੀ ਹੈ, ਇਹ ਵੀ ਤਦਰੂਪਤਾ ਹੋਈ ਹੈ। ਚੌਥੇ ਗੁਰੂ ਭੀ ਇਉਂ ਹੋਏ ਜਿਸ ਤਰ੍ਹਾਂ ਅਨਾਹਦ ਤੋਂ ਸ਼ਬਦ ਉਠਦਾ ਹੈ, ਇਹ ਭੀ ਤਦਰੂਪਤਾ ਹੀ ਹੋਈ ਹੈ। ਪੰਜਵੇਂ ਗੁਰੂ ਭੀ ਇਉਂ ਹੋਏ ਹਨ ਜਿਸ ਤਰ੍ਹਾਂ ਕੋਈ ਸ਼ੀਸ਼ੇ ਵਿਚ ਆਪਣਾ ਹੀ ਮੂੰਹ ਤੱਕੇ, ਇਥੇ ਭੀ ਭਿੰਨਤਾ ਕੋਈ ਨਾ ਰਹੀ ਤੇ ਛੇਵੇਂ ਗੁਰੂ ਜੀ ਪੰਜਵੇਂ ਤੋਂ ਉਸੇ ਤਰ੍ਹਾਂ ਹੀ ਹੋਏ। ਇਹ ਜੋ ਗੁਰੂ ਪਦ ਛੀਂ ਥਾਈਂ ਲੱਗਾ ਹੈ, ਇਹ ਇਕੋ 'ਗੋਬਿੰਦ ਰੂਪ' ਨੇ ਗੁਰੂ ਨਾਮ ਸਦਵਾਇਆ ਹੈ।

ਅਗੇ ਇਕ ਬਹੁਤ ਸੁੰਦਰ ਭੇਤ ਦਰਸਾਉਂਦੇ ਹਨ ਕਿ ਕਿਆ ਗੁਰੂ 'ਇਕ ਦੇਸੀ' ਤੇ ਇਕ ਕਾਲੀ ਹੈ ? ਤਾਂ ਉੱਤਰ ਹੈ ਨਹੀਂ ਗੁਰੂ ਦਾ ਸ਼ਬਦ ਮੌਜੂਦ ਹੈ। ਤਾਂ ਤੇ ਗੁਰੂ ਦੀ ਪੀੜ੍ਹੀ ਸਦਾ ਸਦਾ ਚਲਦੀ ਹੈ, ਇਹ ਅਬਿਚਲ ਨੀਵ ਹੈ, ਨਿਤ ਨਿਤ ਇਕ ਰਸ ਰੂਪ ਹੈ।

(ਚੌਵੀਵੀਂ ਵਾਰ ਸਮਾਪਤ)

# ਵਾਰ ੨੫

ੴ ਸਤਿਗੁਰ ਪ੍ਰਸਾਦਿ ॥

## ੧. ਛੇਵੇਂ ਸਤਿਗੁਰਾਂ ਦਾ ਮੰਗਲਾਚਰਨ

੧. ਆਦਿ ਪੁਰਖ ਆਦੇਸ ਕਰ
ਆਦਿ ਪੁਰਖ ਆਦੇਸ ਕਰਾਯਾ।
੨. ਏਕੰਕਾਰ ਅਕਾਰੁ ਕਰ
ਗੁਰੂ ਗੋਵਿੰਦ ਨਾਉਂ ਸਦਵਾਯਾ।
੩. ਪਾਰਬ੍ਰਹਮ ਪੂਰਨ ਬ੍ਰਹਮ
ਨਿਰਗੁਨ ਸਰਗੁਨ ਅਲਖ ਲਖਾਯਾ।
੪. ਸਾਧਸੰਗਤਿ ਆਰਾਧਿਆ
ਭਗਤ ਵਛਲ ਹੋਇ ਅਛਲ ਛਲਾਯਾ।
੫. ਓਅੰਕਾਰ ਅਕਾਰ ਕਰ
ਇੱਕ ਕਵਾਉ ਪਸਾਉ ਪਸਾਯਾ।
੬. ਰੋਮ ਰੋਮ ਵਿੱਚ ਰਖਿਓਨ
ਕਰ ਬ੍ਰਹਮੰਡ ਕਰੋੜ ਸਮਾਯਾ।
੭. ਸਾਧ ਜਨਾਂ ਗੁਰ ਚਰਨ ਧਿਆਯਾ ॥੧॥

***ਪਦ ਅਰਥ :*** ਆਦੇਸ—ਨਮਸਕਾਰ। ਗੁਰੂ ਗੋਵਿੰਦ—ਸ੍ਰੀ ਗੁਰੂ ਹਰਿਗੋਬਿੰਦ ਜੀ। ਭਗਤ ਵਛਲ—ਭਗਤਾਂ ਦਾ ਪਿਆਰਾ। ਪਸਾਉ—ਪਸਾਰਾ, ਪਰਪੰਚ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਨੇ ਗੁਰੂ ਨਾਨਕ ਦੇ ਛੇਵੇਂ ਸਰੂਪ ਗੁਰੂ ਹਰਿਗੋਬਿੰਦ ਸਾਹਿਬ ਦੀ ਚਰਨ ਸ਼ਰਨ ਵਿਚ ਰਹਿ ਕੇ ਆਪਣੇ ਜੀਵਨ ਦਾ ਵਧੇਰੇ ਸਮਾ ਬਿਤਾਇਆ ਹੈ, ਪਰ ਕੀ ਇਹ ਦੱਸਣ ਦੀ ਕ੍ਰਿਪਾ ਕਰੋਗੇ ਕਿ ਤੁਹਾਡੇ ਅੰਤਰ-ਆਤਮੇ ਉਨ੍ਹਾਂ ਦੇ ਸੰਬੰਧ ਵਿਚ ਕੀ ਭਾਵਨਾਵਾਂ ਹਨ, ਕਿਉਂਕਿ ਸਿਆਣਿਆਂ ਦੇ ਇਹੋ ਵੀਚਾਰ ਹਨ ਕਿ ਕਿਸੇ ਵਿਅੱਕਤੀ ਦੇ ਜੀਵਨ ਨੂੰ ਹਰ ਪੱਖੋਂ ਸਮਝਣ ਲਈ ਉਸ ਦਾ ਨਿਕਟ-ਵਰਤੀ ਹੋਣਾ ਅਤਿਅੰਤ ਜ਼ਰੂਰੀ ਹੈ, ਇਸ ਲਈ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੰਬੰਧ ਵਿਚ ਅਸੀਂ ਤੁਹਾਡੇ ਵੀਚਾਰ ਸੁਣਨਾ ਚਾਹੁੰਦੇ ਹਾਂ, ਦਸਣ ਦੀ ਕ੍ਰਿਪਾ ਕਰੋ। ਹੁਣ ਭਾਈ ਸਾਹਿਬ ਜੀ ਇਸ ਮੰਗਲਾਚਰਨ ਦੀ ਪਹਿਲੀ ਪਉੜੀ ਦੇ ਅਰੰਭ ਵਿਚ ਆਪ ਜੀ ਛੇਵੇਂ ਪਾਤਿਸ਼ਾਹ ਦੇ ਸੰਬੰਧ ਵਿਚ ਆਪਣੀਆਂ ਭਾਵਨਾਵਾਂ ਦਾ ਜ਼ਿਕਰ ਕਰਦੇ ਹਨ, ਜਿਵੇਂ ਕਿ :

(੧) (ਹੇ ਭਾਈਓ! ਮੇਰੇ ਅੰਦਰ ਤਾਂ ਇਹੋ ਭਾਵਨਾਵਾਂ ਹਨ ਕਿ) ਆਦੀ ਪੁਰਖ (ਪ੍ਰਭੂ ਨੂੰ ਗੁਰੂ ਨੇ) ਨਮਸਕਾਰ ਕੀਤੀ ਹੈ, ਤੇ ਆਦੀ ਪੁਰਖ ਨੇ ਸਾਰੇ ਸੰਸਾਰ ਤੋਂ ਗੁਰੂ ਨੂੰ ਨਮਸਕਾਰ ਕਰਵਾਈ ਹੈ।

ਯਥਾ—ਫਰੀਦਾ ਜੇ ਤੂ ਮੇਰਾ ਹੋਇ ਰਹਹਿ
ਸਭੁ ਜਗੁ ਤੇਰਾ ਹੋਇ ॥੯੫॥ *(ਪੰਨਾ ੧੩੮੨)*

(੨) ਨਿਰੰਕਾਰ ਨੇ ਆਪ ਹੀ ਸਰੀਰ ਧਾਰਨ ਕਰਕੇ ਗੁਰੂ ਹਰਿਗੋਬਿੰਦ ਨਾਂ ਸਦਵਾਇਆ ਹੈ।

(੩) ਪੂਰਨ ਬ੍ਰਹਮ ਪ੍ਰਭੂ ਨੇ ਨਿਰਗੁਣ ਤੋਂ ਸਰਗੁਣ ਹੋ ਕੇ ਅਲਖ ਨੇ ਆਪਣਾ ਆਪ ਲਖਾਇਆ।

ਪ੍ਰ: ਇਸ ਤਰ੍ਹਾਂ ਕਰਨ ਦੀ ਕੀ ਲੋੜ ਸੀ?

(੪) ਉ: (ਸਾਧ ਸੰਗਤ ਨੇ ਪ੍ਰਭੂ ਨੂੰ ਅਰਾਧਿਆ, ਭਗਤਾਂ ਦਾ ਪਿਆਰਾ ਹੋਣ ਕਰਕੇ ਅਛਲ ਪ੍ਰਭੂ ਨੇ ਆਪਣੇ ਆਪ ਨੂੰ ਛਲਾਇਆ। (ਭਾਵ ਭਗਤਾਂ ਖ਼ਾਤਰ ਪ੍ਰਭੂ ਨੇ ਕਈ ਅਵਤਾਰ ਧਾਰੇ ਤੇ ਸੰਸਾਰ ਦੀ ਕਲਿਆਣ ਕੀਤੀ)।

ਪ੍ਰ: ਕਿਉਂ ਜੀ, ਇਹ ਸਾਰਾ ਜਗਤ ਕਿਵੇਂ ਰਚਿਆ ਹੈ?

(੫) ਉ: ਇਕ ਓਅੰਕਾਰ ਨੇ ਇਕ ਵਾਕ ਕਰਕੇ ਸਾਰੇ

ਸੰਸਾਰ ਦਾ ਪਸਾਰਾ ਪਸਾਰ ਦਿੱਤਾ।

(੬) ਇਕ ਇਕ ਰੋਮ ਵਿਚ ਕ੍ਰੋੜਾਂ ਬ੍ਰਹਿਮੰਡਾਂ ਦੀ ਸਮਾਈ ਕਰ ਦਿੱਤੀ ਹੈ।

ਪ੍ਰ: ਕਿਉਂ ਜੀ, ਇਹ ਲਖਤਾ ਹੁੰਦੀ ਕਿਸਨੂੰ ਹੈ?

(੭) ਉ: ਹੇ ਭਾਈਓ! ਇਸ ਗੱਲ ਦਾ ਗਿਆਨ ਉਨ੍ਹਾਂ ਨੂੰ ਹੁੰਦਾ ਹੈ, ਜਿਨ੍ਹਾਂ ਨੇ ਸਾਧ ਸੰਗਤ ਵਿਚ ਰਹਿ ਕੇ ਗੁਰੂ ਦੇ ਚਰਨਾਂ ਨੂੰ ਧਿਆਇਆ ਹੈ।੧।

## ੨. ਗੁਰਮੁਖਾਂ ਦਾ ਮਾਰਗ

**੧. ਗੁਰਮੁਖ ਮਾਰਗ ਪੈਰ ਧਰ**
**ਦਹਦਿਸ ਬਾਰਹ ਵਾਟ ਨ ਧਾਯਾ।**
**੨. ਗੁਰ ਮੂਰਤ ਗੁਰ ਧਯਾਨ ਧਰ**
**ਘਟ ਘਟ ਪੂਰਨ ਬ੍ਰਹਮ ਦਿਖਾਯਾ।**
**੩. ਸ਼ਬਦ ਸੁਰਤ ਉਪਦੇਸ਼ ਲਿਵ**
**ਪਾਰਬ੍ਰਹਮ ਗੁਰ ਗਯਾਨ ਜਣਾਯਾ।**
**੪. ਸਿਲਾ ਅਲੂਣੀ ਚੱਟਣੀ**
**ਚਰਨ ਕਵਲ ਚਰਣੋਦਕ ਪਿਆਯਾ।**
**੫. ਗੁਰਮਤਿ ਨਿਹਚਲ ਚਿੱਤ ਕਰ**
**ਸੁਖ ਸੰਪਟ ਵਿਚ ਨਿਜ ਘਰ ਛਾਯਾ।**
**੬. ਪਰ ਤਨ ਪਰ ਧਨ ਪਰਹਰੇ**
**ਪਾਰਸ ਪਰਸ ਅਪਰਸ ਰਹਾਯਾ।**
**੭. ਸਾਧ ਅਸਾਧ ਸਾਧ ਸੰਗ ਆਯਾ॥੨॥**

***ਪਦ ਅਰਥ :*** ਮਾਰਗ—ਰਸਤਾ। ਬਾਰਹ ਵਾਟ—ਬਾਰਾਂ ਰਸਤੇ। ਸਿਲਾ—ਪੱਥਰ ਦਾ ਟੁਕੜਾ। ਪਰਹਰੇ—ਛਡ ਦਿਤੇ। ਅਪਰਸ—ਅਲੇਪ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਸੰਸਾਰ ਵਿਚ ਜਦੋਂ ਨਜ਼ਰ ਮਾਰਦੇ ਹਾਂ ਤਾਂ ਰੱਬੀ ਮਾਰਗ ਪਰ ਚੱਲਣ ਵਾਲੇ ਅਨੇਕਾਂ ਹੀ ਭਿੰਨ ਭਿੰਨ ਸ਼ਕਲਾਂ ਵਿਚ ਬਹੁਤ ਸਾਰੇ ਲੋਕ ਚਲਦੇ ਦਿੱਸ ਰਹੇ ਹਨ ਤੇ ਹਰ ਮਾਰਗ 'ਤੇ ਚਲਣ ਵਾਲਾ ਹਰ ਫ਼ਿਰਕਾ ਹੀ ਰੱਬ ਦੀ ਪ੍ਰਾਪਤੀ ਹੋ ਜਾਣ ਦਾ ਦਾਅਵਾ ਕਰਦਾ ਹੈ, ਜਿਵੇਂ ਕਿ ਜੋਗੀਆਂ ਦੇ ਬਾਰਾਂ ਪੰਥ ਮੰਨੇ ਜਾਂਦੇ ਹਨ ਕਿ ਇਹ ਸਾਰੇ ਆਪੋ ਆਪਣਾ ਮਾਰਗ ਸਹੀ ਮੰਨਦੇ ਹਨ, ਪਰ ਜੋ ਗੁਰਮੁਖ ਹਨ ਉਹ ਸਾਰੇ ਮਾਰਗਾਂ ਵਿਚੋਂ ਕਿਸ ਮਾਰਗ ਨੂੰ ਸਹੀ ਮੰਨ ਕੇ ਕਿਸ ਵੱਲ ਆਪਣਾ ਝੁਕਾਉ ਰੱਖਦੇ ਹਨ, ਇਹ ਭੀ ਜਾਣਕਾਰੀ ਦੇਣ ਦੀ ਕ੍ਰਿਪਾ ਕਰੋ?

ਉ: ਹੇ ਭਾਈਓ! ਮੈਨੂੰ ਭੀ ਸੰਸਾਰ ਦੇ ਬਹੁਤ ਸਾਰੇ ਭਿੰਨ ਭਿੰਨ ਮਾਰਗਾਂ 'ਤੇ ਚੱਲਣ ਵਾਲੇ ਫ਼ਿਰਕਿਆਂ ਦੀ ਪੜਚੋਲ ਕਰਨ ਦਾ ਅਵਸਰ ਬਣਿਆ ਹੈ ਪਰ ਜਿਸ ਨਾਲ ਭੀ ਵੀਚਾਰ ਵਿਟਾਂਦਰਾ ਕਰਨ ਦਾ ਸਮਾਂ ਮਿਲਿਆ ਹੈ, ਉਨ੍ਹਾਂ ਵਿਚੋਂ :

ਘਾਟਿ ਨ ਕਿਨਹੀ ਕਹਾਇਆ॥
ਸਭ ਕਹਤੇ ਹੈ ਪਾਇਆ॥

*(ਸ੍ਰੀ ਰਾਗੁ ਮ: ੫, ਪੰਨਾ ੭੧)*

ਇਸ ਪੱਖ ਨੂੰ ਜਦੋਂ ਗੁਰਬਾਣੀ ਦੁਆਰੇ ਪਰਖੀਏ ਤਾਂ ਇਹੋ ਉੱਤਰ ਮਿਲਦਾ ਹੈ ਕਿ ਹਰੇਕ ਮਾਰਗ ਦਾ ਭੇਖਾਧਾਰੀ ਮਨੁੱਖ ਇਹੋ ਸਾਬਤ ਕਰਦਾ ਹੈ ਕਿ ਇਹ ਮੇਰਾ ਮਾਰਗ ਹੀ ਸੱਚਾ ਹੈ, ਜਿਸ ਪਰ ਚਲਦੇ ਰਹਿਣ ਵਾਲਾ ਮਾਰਗੀ ਰੱਬੀ ਦਰਬਾਰ ਵਿਚ ਪੁੱਜ ਜਾਂਦਾ ਹੈ। ਇਸੇ ਭਾਵ ਦੇ ਉਦਾਹਰਣ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਬਹੁਤ ਮਿਲਦੇ ਹਨ, ਜਿਵੇਂ ਕਿ :

ਜੋਗੀ ਕਹਹਿ ਜੋਗੁ ਭਲ ਮੀਠਾ
ਅਵਰੁ ਨ ਦੂਜਾ ਭਾਈ॥
ਰੁੰਡਿਤ ਮੁੰਡਿਤ ਏਕੈ ਸਬਦੀ
ਏਇ ਕਹਹਿ ਸਿਧਿ ਪਾਈ॥੧॥
ਹਰਿ ਬਿਨੁ ਭਰਮਿ ਭੁਲਾਨੇ ਅੰਧਾ॥
ਜਾ ਪਹਿ ਜਾਉ ਆਪੁ ਛੁਟਕਾਵਨਿ
ਤੇ ਬਾਧੇ ਬਹੁ ਫੰਧਾ॥੧॥ਰਹਾਉ॥

*(ਗਉੜੀ ਕਬੀਰ ਜੀ, ਪੰਨਾ ੩੨੪)*

ਧਿਆਨੀ ਧਿਆਨੁ ਲਾਵਹਿ॥
ਗਿਆਨੀ ਗਿਆਨੁ ਕਮਾਵਹਿ॥
ਪ੍ਰਭੁ ਕਿਨ ਹੀ ਜਾਤਾ॥੧॥
ਭਗਉਤੀ ਰਹਤ ਜੁਗਤਾ॥
ਜੋਗੀ ਕਹਤ ਮੁਕਤਾ॥
ਤਪਸੀ ਤਪਹਿ ਰਾਤਾ॥੨॥
ਮੋਨੀ ਮੋਨਿ ਧਾਰੀ॥
ਸਨਿਆਸੀ ਬ੍ਰਹਮਚਾਰੀ॥
ਉਦਾਸੀ ਉਦਾਸਿ ਰਾਤਾ॥੩॥

ਭਗਤਿ ਨਵੈ ਪਰਕਾਰਾ॥
ਪੰਡਿਤੁ ਵੇਦੁ ਪੁਕਾਰਾ॥
ਗਿਰਸਤੀ ਗਿਰਸਤਿ ਧਰਮਾਤਾ॥੪॥
ਇਕ ਸਬਦੀ ਬਹੁ ਰੂਪਿ ਅਵਧੂਤਾ॥
ਕਾਪੜੀ ਕਉਤੇ ਜਾਗੂਤਾ॥
ਇਕਿ ਤੀਰਥਿ ਨਾਤਾ॥੫॥
ਨਿਰਹਾਰ ਵਰਤੀ ਆਪਰਸਾ॥
ਇਕ ਲੂਕਿ ਨ ਦੇਵਹਿ ਦਰਸਾ॥
ਇਕਿ ਮਨ ਹੀ ਗਿਆਤਾ॥੬॥
ਘਾਟਿ ਨ ਕਿਨਹੀ ਕਹਾਇਆ॥
ਸਭ ਕਹਤੇ ਹੈ ਪਾਇਆ॥

*(ਸ੍ਰੀ ਰਾਗੁ ਮਹਲਾ ੫, ਪੰਨਾ ੭੧)*

ਜੋਗੀ ਜੁਗਤਿ ਗਵਾਈ ਹੰਢੈ
ਪਾਖੰਡਿ ਜੋਗੁ ਨ ਪਾਈ॥੧੦॥
ਸਿਵ ਨਗਰੀ ਮਹਿ ਆਸਣਿ ਬੈਸੈ
ਗੁਰ ਸਬਦੀ ਜੋਗੁ ਪਾਈ॥੧੧॥

*(ਰਾਮਕਲੀ ਮ: ੩, ਪੰਨਾ ੯੦੯)*

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥੨॥

*(ਧਨਾਸਰੀ ਮ: ੧, ਪੰਨਾ ੬੬੨)*

ਕਹਾ ਭਇਓ ਤੀਰਥ ਬ੍ਰਤ ਕੀਏ
ਰਾਮ ਸਰਨਿ ਨਹੀ ਆਵੈ॥
ਜੋਗ ਜਗ ਨਿਹਫਲ ਤਿਹ ਮਾਨਉ
ਜੋ ਪ੍ਰਭ ਜਸੁ ਬਿਸਰਾਵੈ॥੧॥

*(ਬਿਲਾਵਲੁ ਮ: ੯, ਪੰਨਾ ੮੩੦)*

ਜੋਗੀ ਜੰਗਮ ਅਰੁ ਸੰਨਿਆਸ॥
ਸਭ ਹੀ ਪਰਿ ਡਾਰੀ ਇਹ ਫਾਸ॥੧॥

*(ਬਸੰਤੁ ਮ: ੯, ਪੰਨਾ ੧੧੮੬)*

ਕਾਜੀ ਮੁਲਾਂ ਹੋਵਹਿ ਸੇਖ॥
ਜੋਗੀ ਜੰਗਮ ਭਗਵੇ ਭੇਖ॥
ਕੋ ਗਿਰਹੀ ਕਰਮਾ ਕੀ ਸੰਧਿ॥
ਬਿਨੁ ਬੂਝੇ ਸਭ ਖੜੀਅਸਿ ਬੰਧਿ॥੩॥

*(ਬਸੰਤੁ ਮ: ੧, ਪੰਨਾ ੧੧੬੯)*

ਇਸ ਤਰ੍ਹਾਂ ਬਾਣੀ ਵਿਚੋਂ ਸਾਨੂੰ ਹੋਰ ਭੀ ਬਹੁਤ ਸਾਰੇ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਇਹੋ ਬੋਧ ਮਿਲਦਾ ਹੈ ਕਿ ਨਾਮ ਸਿਮਰਨ ਤੋਂ ਸੱਖਣਾ ਜੋਗ, ਸੰਨਿਆਸ ਆਦਿ ਕੋਈ ਭੀ ਮਾਰਗ ਰੱਬੀ ਦਰਬਾਰ ਵਿਚ ਕਬੂਲਿਆ ਨਹੀਂ ਜਾਂਦਾ, ਇਸ ਲਈ ਗੁਰਬਾਣੀ ਵਿਚ ਕੇਵਲ ਇਸੇ ਜੋਗ ਨੂੰ ਕਬੂਲਿਆ ਹੈ ਕਿ (ਜੋਗੁ ਬਨਿਆ ਤੇਰਾ ਕੀਰਤਨੁ ਗਾਈ) ਸੋ, ਮੈਂ ਭੀ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਗੁਰਮਤ ਦੇ ਜੋਗ ਨੂੰ ਜਿਨ੍ਹਾਂ ਗੁਰਮੁਖਾਂ ਨੇ ਅਪਨਾਇਆ ਹੈ ਉਨ੍ਹਾਂ ਦੀ ਮਾਨਸਕ ਅਵਸਥਾ ਨੂੰ ਇਸ ਪਉੜੀ ਦੀਆਂ ਚੰਦ ਪੰਗਤੀਆਂ ਵਿਚ ਉਲੀਕਣ ਦਾ ਯਤਨ ਕੀਤਾ ਹੈ, ਜਿਵੇਂ ਕਿ :

(੧) (ਹੇ ਭਾਈਓ! ਵੇਖਣ ਵਿਚ ਤਾਂ ਬਾਣੀ ਦੁਆਰੇ ਇਉਂ ਹੀ ਆਉਂਦਾ ਹੈ ਕਿ) ਜਿਨ੍ਹਾਂ ਨੇ ਗੁਰਮੁਖਾਂ ਦੇ ਮਾਰਗ ਵੱਲ ਕਦਮ ਰਖਿਆ ਹੈ, ਉਹ ਫਿਰ ਦਸਾਂ ਦਿਸ਼ਾਂ ਤੇ ਜੋਗੀਆਂ ਦੇ ਬਾਰ੍ਹਾਂ ਪੰਥਾਂ ਵੱਲ ਨਹੀਂ ਦੌੜਦੇ।

(੨) ਕਿਉਂਕਿ ਉਨ੍ਹਾਂ ਗੁਰਮੁਖਾਂ ਨੂੰ ਗੁਰੂ ਦੇ ਸ਼ਬਦ ਦਾ ਧਿਆਨ ਧਰਨ ਨਾਲ ਹਰ ਪਾਸੇ ਪੂਰਨ ਬ੍ਰਹਮ ਹੀ ਨਜ਼ਰ ਆਉਂਦਾ ਹੈ।

(੩) ਗੁਰੂ ਦੇ ਸ਼ਬਦ ਨੂੰ ਸੁਰਤੀ ਵਿਚ ਵਸਾਉਣ ਨਾਲ ਤੇ ਸ਼ਬਦ ਨਾਲ ਲਿਵ ਲਾਉਣ ਤੋਂ ਉਨ੍ਹਾਂ ਗੁਰਮੁਖਾਂ ਅੰਦਰ ਗਿਆਨ ਪ੍ਰਗਟ ਹੋ ਜਾਂਦਾ ਹੈ।

(੪) ਜਿਨ੍ਹਾਂ ਗੁਰਮੁਖਾਂ ਨੇ ਇਸ ਅਲੂਣੀ ਸਿਲਾ ਨੂੰ ਚਟਿਆ ਹੈ, ਉਨ੍ਹਾਂ ਨੇ ਪ੍ਰਭੂ ਦੇ ਚਰਨਾਂ ਦਾ ਚਰਨਾਮ੍ਰਿਤ ਆਪ ਪੀਤਾ ਹੈ ਤੇ ਹੋਰਨਾਂ ਨੂੰ ਭੀ ਪਿਲਾਇਆ ਹੈ।

(੫) ਗੁਰੂ ਦੀ ਮਤ ਵਿਚ ਗੁਰਮੁਖਾਂ ਨੇ ਆਪਣੇ ਚਿਤ ਨੂੰ ਨਿਹਚਲ ਕਰ ਲਿਆ ਹੈ ਤੇ ਉਹ ਨਿਜ-ਸਰੂਪ ਤੇ ਸੁਖ ਵਿਚ ਸਥਿਰ ਹੋ ਗਏ ਹਨ।

(੬) ਉਹ ਗੁਰਮੁਖ ਪਾਰਸ ਰੂਪ ਸਤਿਗੁਰੂ ਨੂੰ ਪਰਸ ਕੇ ਅਲੇਪ ਹੋ ਗਏ ਹਨ ਤੇ ਹੁਣ ਉਨ੍ਹਾਂ ਨੇ ਪਰਾਈ ਇਸਤ੍ਰੀ ਤੇ ਪਰਾਏ ਧਨ ਦੀ ਝਾਕ ਛੱਡ ਦਿਤੀ ਹੈ।

(੭) ਗੁਰਮੁਖਾਂ ਨੇ ਸਾਧ ਸੰਗਤ ਵਿਚ ਆ ਕੇ ਅਸਾਧ ਮਨ ਨੂੰ ਸਾਧ ਲਿਆ ਹੈ।੨।

***ਭਾਵਾਰਥ :*** ਬਾਣੀ ਵਿਚ ਦੋ ਮਾਰਗਾਂ ਦਾ ਹੀ ਜ਼ਿਕਰ ਆਉਂਦਾ ਹੈ, ਜਿਵੇਂ ਕਿ :

ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ॥
ਗੁਰਮੁਖਿ ਆਪਣਾ ਮਨੁ ਮਾਰਿਆ
ਸਬਦਿ ਕਸਵਟੀ ਲਾਇ॥ *(ਮ: ੩, ਪੰਨਾ ੮੭)*

ਭਾਵ, ਇਕ ਪ੍ਰਭੂ ਵਿਚ ਸੁਰਤੀ ਜੋੜ ਕੇ ਰੱਬੀ ਮਾਰਗ 'ਤੇ ਜੀਵਨ ਗੁਜ਼ਾਰਨ ਵਾਲੇ ਗੁਰਮੁਖਾਂ ਦਾ ਭਗਤੀ ਮਾਰਗ

ਹੈ, ਦੂਜੇ ਉਹ ਮਨਮੁਖ ਲੋਕ ਹਨ ਜਿਨ੍ਹਾਂ ਨੇ ਆਪਣੇ ਮਨ ਨੂੰ ਮੁਖੀਆ ਬਣਾ ਕੇ ਨਾਸ ਹੋ ਜਾਣ ਵਾਲੀ ਮਾਇਆ ਦੇ ਮਗਰ, ਪਿੱਛੇ ਪਿੱਛੇ ਦੁੜਾਇਆ ਹੈ, ਪਰ ਗੁਰਮੁਖਾਂ ਨੇ ਗੁਰੂ ਦੇ ਹੁਕਮ ਅਨੁਸਾਰ ਭਗਤੀ ਦੇ ਮਾਰਗ ਪਰ ਚਲਦਿਆਂ ਗੁਰੂ ਦੇ ਸ਼ਬਦ ਦੀ ਕਸਵੱਟੀ ਲਾ ਕੇ ਇਸ ਆਪਣੇ ਮਨ ਦੀ ਚੰਚਲਤਾਈ ਨੂੰ ਮਾਰ ਲਿਆ ਹੈ, ਇਸ ਕਰਕੇ ਉਹ ਹੁਣ ਸੰਸਾਰੀ ਲੋਕਾਂ ਦੀਆਂ ਲੌਕਿਕ ਕੁਰੀਤੀਆਂ ਦੇ ਮਗਰ ਨਹੀਂ ਟੁਰਦੇ, ਕਿਉਂਕਿ ਭਗਤਾਂ ਤੇ ਸੰਸਾਰੀ ਲੋਕਾਂ ਦਾ ਆਦਿ ਤੋਂ ਹੀ ਤਾਲ-ਮੇਲ ਨਹੀਂ ਹੋ ਸਕਿਆ ਤੇ ਨਾ ਹੀ ਅਗੇ ਲਈ ਕਦੀ ਸੰਸਾਰੀ ਤੇ ਭਗਤਾਂ ਦਾ ਮਾਨਸਕ ਮੇਲ ਮਿਲਾਪ ਹੋ ਹੀ ਸਕੇਗਾ। ਕਿਉਂਕਿ ਬਾਣੀ ਦਾ ਅਟੱਲ ਫ਼ੁਰਮਾਨ ਹੈ ਕਿ :

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥

*(ਮ: ੩, ਪੰਨਾ ੧੪੫)*

## ੩. ਗੁਰਮੁਖਾਂ ਦੀ ਮਰਿਆਦਾ

**੧. ਜਿਉ ਵੜ ਬੀਉ ਸੰਜੀਉ ਹੋਇ**
**ਕਰ ਵਿਸਥਾਰ ਬ੍ਰਿਖ ਉਪਜਾਯਾ।**
**੨. ਬਿਰਖਹੁੰ ਹੋਇ ਸਹੰਸ ਫਲ**
**ਫਲ ਫਲ ਵਿਚ ਬਹੁ ਬੀਅ ਸਮਾਯਾ।**
**੩. ਦੁਤੀਆ ਚੰਦ ਅਗਾਸ ਜਿਉਂ**
**ਆਦਿ ਪੁਰਖ ਆਦੇਸ ਕਰਾਯਾ।**
**੪. ਤਾਰੇ ਮੰਡਲ ਸੰਤ ਜਨ**
**ਧਰਮਸਾਲ ਸਚ ਖੰਡ ਵਸਾਯਾ।**
**੫. ਪੈਰੀਂ ਪੈ ਪਾਖਾਕ ਹੋਇ**
**ਆਪ ਗਵਾਇ ਨ ਆਪ ਜਣਾਯਾ।**
**੬. ਗੁਰਮੁਖ ਸੁਖਫਲ ਧ੍ਰੂ ਜਿਵੈ**
**ਨਿਹਚਲ ਵਾਸ ਅਗਾਸ ਚੜ੍ਹਾਯਾ।**
**੭. ਸਭ ਤਾਰੇ ਚੌਫੇਰ ਫਿਰਾਯਾ॥੩॥**

***ਪਦ ਅਰਥ :*** ਵੜ—ਬੋਹੜ। ਸੰਜੀਉ—ਪੁੰਗਰਨਾ। ਸਹੰਸ—ਹਜ਼ਾਰਾਂ। ਆਦਿ ਪੁਰਖ—ਪ੍ਰਭੂ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜੋ ਗੁਰਮੁਖ ਸੰਸਾਰ ਦੇ ਸਾਰੇ ਮਾਰਗਾਂ ਨੂੰ ਤਿਆਗ ਕੇ ਕੇਵਲ ਭਗਤੀ ਮਾਰਗ 'ਤੇ ਹੀ ਚਲਦੇ ਹੋਏ ਜੀਵਨ ਗੁਜ਼ਾਰ ਜਾਂਦੇ ਹਨ, ਦਸੋਗੇ ਕਿ ਆਖ਼ਰ ਉਨ੍ਹਾਂ ਨੂੰ ਫਲ ਕੀ ਪ੍ਰਾਪਤ ਹੁੰਦਾ ਹੈ ?

ਉ: ਹੇ ਭਾਈਓ! ਜੇ ਅਸੀਂ ਅਜਿਹੇ ਗੁਰਮੁਖਾਂ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁੱਛ ਕਰੀਏ ਤਾਂ ਗੁਰਬਾਣੀ ਨੇ ਉਨ੍ਹਾਂ ਨੂੰ ਜੀਵਨ ਮੁਕਤ ਹੋਣ ਦਾ ਦਰਜਾ ਦਿਤਾ ਹੈ, ਜਿਵੇਂ ਕਿ ਬਾਣੀ ਦਾ ਫ਼ੁਰਮਾਨ ਹੈ :

ਜੀਵਨ ਮੁਕਤਿ ਸੋ ਆਖੀਅਹਿ॥

ਭਾਵ ਉਹ ਇਸ ਸੰਸਾਰ ਵਿਚ ਰਹਿੰਦੇ ਹੋਏ ਹੀ ਜੀਵਨ ਮੁਕਤ ਹਨ ਉਨ੍ਹਾਂ ਨੂੰ ਹਰਖ, ਸੋਗ ਦੀ ਕੋਈ ਭੀ ਲਿਪਾਇਮਾਨਗੀ ਨਹੀਂ, ਉਨ੍ਹਾਂ ਬਾਰੇ ਤਾਂ ਬਾਣੀ ਨੇ ਸਾਫ਼ ਕਹਿ ਦਿੱਤਾ ਹੈ ਕਿ :

ਗੁਰਮੁਖ ਹਰਿ ਹਰਿ ਹਰਿ ਲਿਵ ਲਾਗੇ
ਜਨਮ ਮਰਣ ਦੋਊ ਦੁਖ ਭਾਗੇ॥

*(ਬਸੰਤੁ ਮ: ੪, ਪੰਨਾ ੧੧੭੮)*

ਜਨਮ ਮਰਣ ਦੁਹਹੂ ਮਹਿ ਨਾਹੀ
ਜਨ ਪਰਉਪਕਾਰੀ ਆਏ॥
ਜੀਅ ਦਾਨੁ ਦੇ ਭਗਤੀ ਲਾਇਨਿ
ਹਰਿ ਸਿਉ ਲੈਨਿ ਮਿਲਾਏ॥੨॥

*(ਸੂਹੀ ਮ: ੫, ਪੰਨਾ ੭੪੯)*

ਜਨਮ ਮਰਣ ਕਾ ਸਹਸਾ ਚੂਕਾ
ਬਾਹੁੜਿ ਕਤਹੁ ਨ ਧਾਈ॥੭॥
ਨਾਮ ਰਸਾਇਣਿ ਇਹੁ ਮਨੁ ਰਾਤਾ
ਅੰਮ੍ਰਿਤੁ ਪੀ ਤ੍ਰਿਪਤਾਈ॥੮॥

*(ਰਾਮਕਲੀ ਮ: ੫, ਪੰਨਾ ੯੧੫)*

ਇਸ ਤਰ੍ਹਾਂ ਸਾਨੂੰ ਬਾਣੀ ਵਿਚੋਂ ਬਹੁਤ ਉਦਾਹਰਨ ਮਿਲਦੇ ਹਨ, ਜਿਨ੍ਹਾਂ ਤੋਂ ਸਾਬਤ ਹੁੰਦਾ ਹੈ ਕਿ ਜੋ ਗੁਰਮੁਖ ਭਗਤੀ ਮਾਰਗ 'ਤੇ ਚਲਦੇ ਹੋਏ ਜੀਵਨ ਗੁਜ਼ਾਰਦੇ ਹਨ ਉਹ ਜੰਮਣ ਮਰਣ ਦੇ ਦੋਵੇਂ ਕਸ਼ਟਾਂ ਤੋਂ ਰਹਿਤ ਹਨ, ਕਿਉਂਕਿ ਉਹ ਗੁਰਮੁਖ ਸੰਸਾਰ ਵਿਚ ਪਰਉਪਕਾਰ ਕਰਨ ਹਿਤ ਹੀ ਆਏ ਹਨ।
ਸੋ, ਮੈਂ ਭੀ ਅਜਿਹੇ ਗੁਰਮੁਖਾਂ ਦੇ ਪਰਉਪਕਾਰੀ ਜੀਵਨ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਅੰਕਤ ਕੀਤੀਆਂ ਹਨ, ਜਿਸ ਵਿਚ ਬੋਹੜ ਦੇ ਬ੍ਰਿਖ ਦਾ ਉਪਕਾਰ ਦਰਸਾਇਆ ਹੈ, ਜਿਵੇਂ ਕਿ :

(੧) (ਪ੍ਰਤੱਖ ਹੀ ਵੇਖਣ ਵਿਚ ਆਉਂਦਾ ਹੈ ਕਿ) ਜਿਸ ਤਰ੍ਹਾਂ

ਬੋਹੜ ਦਾ ਬੀਜ ਪੁੰਗਰ ਕੇ ਬੜੇ ਵਿਸਥਾਰ ਵਾਲਾ ਬ੍ਰਿਛ ਪੈਦਾ ਕਰਦਾ ਹੈ।

(੨) (ਫਿਰ) ਉਸ ਬ੍ਰਿਛ ਤੋਂ ਅਗੋਂ ਹਜ਼ਾਰਾਂ ਫਲ ਪੈਦਾ ਹੁੰਦੇ ਹਨ ਤੇ ਹਰ ਇਕ ਫਲ ਵਿਚ ਬੇਅੰਤ ਬੀਜ ਉਤਪੰਨ ਹੁੰਦੇ ਹਨ (ਇਸੇ ਤਰ੍ਹਾਂ ਗੁਰ ਸ਼ਬਦ ਦੀ ਕਮਾਈ ਕਰਕੇ ਗੁਰਮੁਖ ਬਣਿਆ ਮਨੁੱਖ ਅਗੋਂ ਹਜ਼ਾਰਾਂ ਨੂੰ ਹੀ ਗੁਰਮੁਖ ਬਣਾਉਂਦਾ ਹੈ।

(੩) ਆਦਿ ਪੁਰਖ (ਪਰਮਾਤਮਾ) ਅਕਾਸ਼ ਵਿਚ ਦੂਜ ਦੇ ਚੰਦ੍ਰਮਾ ਵਾਂਗੂੰ ਸਭਨਾ ਤੋਂ ਨਮਸਕਾਰ ਕਰਾਉਂਦਾ ਹੈ।

(੪) ਤਾਰਾ ਮੰਡਲ ਵਾਂਗੂੰ ਸੰਤ ਜਨ ਧਰਮਸਾਲਾ ਸਚ ਖੰਡ ਰੂਪ ਅਸਮਾਨ ਵਿਚ ਵੱਸਦੇ ਹਨ।

(੫) ਗੁਰਮੁਖ ਚਰਨਾਂ ਦੀ ਧੂੜੀ ਬਣ ਕੇ ਚਰਨ ਬੰਦਨਾ ਕਰਦੇ ਹਨ ਤੇ ਆਪਾ-ਭਾਵ ਗੁਆ ਕੇ ਆਪਣੇ ਆਪ ਨੂੰ ਨਹੀਂ ਜਣਾਉਂਦੇ।

(੬) ਗੁਰਮੁਖ ਧ੍ਰੂ ਵਾਂਗੂੰ ਸੱਚਖੰਡ ਰੂਪ ਅਕਾਸ਼ ਵਿਚ ਅਟੱਲ ਹੋ ਕੇ ਵਸਦੇ ਹਨ।

(੭) ਸਾਰੇ ਤਾਰੇ ਉਨ੍ਹਾਂ ਦੇ ਇਰਦ ਗਿਰਦ ਚੱਕ੍ਰ ਮਾਰਦੇ ਹਨ (ਭਾਵ, ਗੁਰਮੁਖਾਂ ਦੀ ਸੰਗਤ ਵਿਚ ਬੇਅੰਤ ਲੋਕ ਆਉਂਦੇ ਹਨ)।੩।

***ਭਾਵਾਰਥ :*** ਗੁਰਮੁਖਾਂ ਦੇ ਆਪਣੇ ਉਧਾਰ ਹੋਣ ਵਿਚ ਤਾਂ ਕੋਈ ਸੰਸਾ ਹੀ ਨਹੀਂ ਪਰ ਉਹ ਤਾਂ ਨਾਮ ਦੀ ਕਣੀ ਦੁਆਰੇ ਹੋਰ ਵੀ ਕ੍ਰੋੜਾਂ ਸ਼ਰਧਾਲੂਆਂ ਦਾ ਉਧਾਰ ਕਰਨ ਦੇ ਸਮਰੱਥ ਹੋ ਜਾਂਦੇ ਹਨ, ਜਿਵੇਂ ਗੁਰੂ ਫ਼ੁਰਮਾਨ ਹੈ ਕਿ :

> ਗੁਰਮੁਖਿ ਕੋਟਿ ਉਧਾਰਦਾ ਭਾਈ
> ਦੇ ਨਾਵੈ ਏਕ ਕਣੀ ॥੨॥ *(ਸੋਰਠਿ ਮ: ੫, ਪੰਨਾ ੬੦੮)*
>
> ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾਗਵਨ ॥
> ਆਪਿ ਤਰਿਆ ਕੁਟੰਬ ਸਿਉ
> ਗੁਣ ਗੁਬਿੰਦ ਪ੍ਰਭ ਰਵਨ ॥ *(ਪਉੜੀ, ਪੰਨਾ ੩੦੦)*
>
> ਆਪਿ ਤਰਿਆ ਕੁਲ ਉਧਰੇ ਧੰਨੁ ਜਣੇਦੀ ਮਾਇਆ ॥
> *(ਸਲੋਕ ਮ: ੩, ਪੰਨਾ ੮੫੨)*

ਇਸ ਤਰ੍ਹਾਂ ਗੁਰਬਾਣੀ ਵਿਚੋਂ ਸਾਨੂੰ ਹੋਰ ਭੀ ਬਹੁਤ ਸਾਰੇ ਪ੍ਰਮਾਣ ਮਿਲਦੇ ਹਨ ਕਿ ਜਿਨ੍ਹਾਂ ਗੁਰਮੁਖਾਂ ਨੇ ਭਗਤੀ ਮਾਰਗ 'ਤੇ ਚਲਦਿਆਂ ਆਪਣਾ ਜੀਵਨ ਸਫਲਾਇਆ ਹੈ ਉਹ ਹੋਰ ਭੀ ਲੱਖਾਂ ਜੀਵਾਂ ਦਾ ਉਧਾਰ ਕਰ ਜਾਂਦੇ ਹਨ, ਕਿਉਂਕਿ ਉਨ੍ਹਾਂ ਦਾ ਜੀਵਨ ਹੀ ਪਰਉਪਕਾਰ ਕਰਨ ਲਈ ਸੰਸਾਰ ਵਿਚ ਆਇਆ ਹੈ।

## ੪. ਭਗਤ ਨਾਮਦੇਵ ਜੀ ਦੀ ਵਡਿਆਈ

**੧. ਨਾਮਾ ਛੀਂਬਾ ਆਖੀਐ**
**ਗੁਰਮੁਖ ਭਾਇ ਭਗਤ ਲਿਵਲਾਈ।**
**੨. ਖੱਤ੍ਰੀ ਬ੍ਰਾਹਮਣ ਦੇਹੁਰੈ**
**ਉੱਤਮ ਜਾਤਿ ਕਰਨ ਵਡਿਆਈ।**
**੩. ਨਾਮਾਂ ਪਕੜ ਉਠਾਲਿਆ**
**ਬਹਿ ਪਿਛਵਾੜੇ ਹਰਿ ਗੁਣ ਗਾਈ।**
**੪. ਭਗਤ ਵਛਲ ਆਖਾਇੰਦਾ**
**ਫੇਰ ਦੇਹੁਰਾ ਪੈਜ ਰਖਾਈ।**
**੫. ਦਰਗਹ ਮਾਣ ਨਿਮਾਣਿਆ**
**ਸਾਧ ਸੰਗਤ ਸਤਿਗੁਰੁ ਸਰਣਾਈ।**
**੬. ਉੱਤਮ ਪਦਵੀ ਨੀਚ ਜਾਤਿ**
**ਚਾਰੇ ਵਰਨ ਪਏ ਪਗ ਆਈ।**
**੭. ਜਿਉ ਨੀਵਾਣ ਨੀਰ ਚੱਲ ਜਾਈ ॥੪॥**

***ਪਦ ਅਰਥ :*** ਦੇਹੁਰਾ—ਠਾਕਰ ਦੁਆਰੇ ਵਿਚ। ਪਿਛਵਾੜੇ—ਪਿੱਛੇ। ਪੈਜ—ਪ੍ਰਤੱਗਿਆ। ਪਗ—ਪੈਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਆਪ ਜੀ ਹਮੇਸ਼ਾਂ ਹੀ ਸੰਗਤ ਵਿਚ ਗੁਰਮਤ ਦੇ ਵੀਚਾਰ ਸਰਵਣ ਕਰਾਉਂਦੇ ਹੋਏ ਵਧੇਰੇ ਨਾਮ ਸਿਮਰਨ ਕਰਦੇ ਰਹਿਣ ਦੀ ਹੀ ਪ੍ਰੇਰਨਾ ਕਰਦੇ ਹੋ, ਨਾਲ ਹੀ ਇਹ ਖ਼ਿਆਲ ਭੀ ਪ੍ਰਗਟ ਕਰਦੇ ਹੋ ਕਿ ਉਸ ਪ੍ਰਭੂ ਦੀ ਪ੍ਰੇਮਾ-ਭਗਤੀ ਕਰਦੇ ਰਹਿਣਾ ਹੀ ਹਰ ਮਨੁੱਖ-ਮਾਤ੍ਰ ਦਾ ਮੁਖ ਪ੍ਰਯੋਜਨ ਹੈ ਤੇ ਇਹੋ ਹੀ ਨਾਮ ਧਨ ਮਨੁੱਖ ਦੀ ਸੰਸਾਰ ਵਿਚ ਮਾਨ ਪਤਿਸ਼ਟਾ ਵਡਿਆਈ ਕਰਾਉਣ ਦਾ ਵਡੇਰਾ ਸਾਧਨ ਹੈ, ਪਰ ਭਾਈ ਸਾਹਿਬ ਜੀ ਜਦੋਂ ਦੁਨੀਆਂ ਭਰ ਦੇ ਲੋਕਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਜੋ ਨਾਮ ਦਾ ਚਿੰਤਨ ਕਰਨ ਵਾਲੇ ਭਗਤ ਲੋਕ ਹਨ, ਉਨ੍ਹਾਂ ਨਾਲੋਂ ਜੋ ਲੋਕ ਨਾਮ ਦਾ ਚਿੰਤਨ ਕਰਨ ਵੱਲੋਂ ਉੱਕਾ ਹੀ ਸੱਖਣੇ ਹਨ, ਜੇ ਉਨ੍ਹਾਂ ਕੋਲ ਵਧੇਰੇ ਮਾਇਕੀ ਧਨ ਹੈ ਤਾਂ ਉਨ੍ਹਾਂ ਦੀ ਹਰ ਥਾਂ ਤੇ ਹਰ ਵੱਡੇ ਵੱਡੇ ਦਰਬਾਰਾਂ ਵਿਚ ਸੋਭਾ ਹੁੰਦੀ

ਵੇਖਣ ਵਿਚ ਆਉਂਦੀ ਹੈ, ਇਸ ਲਈ ਲੋਕ ਵਧੇਰੇ ਮਾਇਕੀ ਧਨ ਪਦਾਰਥ 'ਕੱਠਾ ਕਰਨ ਦੇ ਆਹਰ ਵਿਚ ਪਰਵਿਰਤ ਰਹਿੰਦੇ ਹਨ, ਕਿਉਂ ਜੀ, ਇਸ ਬਾਰੇ ਆਪ ਜੀ ਆਪਣੇ ਵੀਚਾਰ ਕੀ ਦੇਣਾ ਚਾਹੋਗੇ, ਦੱਸਣ ਦੀ ਕ੍ਰਿਪਾ ਕਰੋ ਤਾਕਿ ਅਸੀਂ ਭੀ ਅਸਲੀਅਤ ਤੋਂ ਜਾਣੂ ਹੋ ਸਕੀਏ ?

ਉ: ਹੇ ਭਾਈਓ ! ਅਸਲ ਵਿਚ ਮੇਰੇ ਤਾਂ ਆਪਣੇ ਇਸ ਪੱਖ ਵਿਚ ਕੋਈ ਵੱਖਰੇ ਵੀਚਾਰ ਨਹੀਂ ਹਨ, ਪਰ ਜੋ ਮੈਨੂੰ ਗੁਰਬਾਣੀ ਦੁਆਰੇ ਪ੍ਰੇਰਨਾ ਮਿਲੀ ਹੈ ਉਹ ਮੈਂ ਤੁਹਾਡੇ ਹਾਜ਼ਰ ਕਰ ਸਕਦਾ ਹਾਂ, ਕਿ ਗੁਰੂ ਗ੍ਰੰਥ ਸਾਹਿਬ ਜੀ ਨੇ ਦੋ ਤਰ੍ਹਾਂ ਦੇ ਵੱਖ ਵੱਖ ਧਨ ਮੰਨੇ ਹਨ, ਪਰ ਜੋ ਇਸ ਲੋਕ ਦਾ ਧਨ ਹੈ ਉਹ ਮਾਇਕੀ ਧਨ ਦੌਲਤ, ਪ੍ਰਤੱਖ ਸਾਡੇ ਵੇਖਣ ਵਿਚ ਆਉਂਦਾ ਹੈ, ਜੋ ਇਸੇ ਲੋਕ ਵਿਚ ਕੰਮ ਆਉਂਦਾ ਹੈ, ਇਹ ਮਾਇਕੀ ਧਨ ਅਗਲੇ ਪ੍ਰਲੋਕ ਵਿਚ ਸਾਥ ਨਹੀਂ ਜਾਂਦਾ। ਇਸੇ ਲਈ ਗੁਰਬਾਣੀ ਵਿਚ ਇਸ ਨੂੰ ਪ੍ਰਲੋਕ ਵਿਚ ਨਾ ਜਾਣ ਵਾਲਾ ਕੱਚਾ ਧਨ ਦਰਸਾਇਆ ਹੈ। ਇਸ ਤੋਂ ਭੀ ਅਗੇ ਜੇ ਦੂਰ-ਦਰਸ਼ੀ ਨਜ਼ਰਾਂ ਰਾਹੀਂ ਤੱਕਿਆ ਜਾਵੇ ਤਾਂ ਇਹ ਸੰਸਾਰ ਦਾ ਮਾਇਕੀ ਧਨ ਇਸ ਲੋਕ ਵਿਚ ਭੀ ਸਦਾ ਸਾਥ ਨਹੀਂ ਦੇਂਦਾ। ਇਹ ਪ੍ਰਤੱਖ ਹੀ ਵੇਖਦੇ ਹਾਂ ਕਿ ਜੋ ਮਾਇਕੀ ਧਨ ਅੱਜ ਕਿਸੇ ਪਾਸ ਵੇਖਣ ਵਿਚ ਆਉਂਦਾ ਹੈ, ਉਹ ਕਲ੍ਹ ਨੂੰ ਨਹੀਂ ਵੇਖਦੇ। ਇਸ ਲਈ ਬਾਣੀ ਵਿਚ ਫ਼ੁਰਮਾਨ ਆਇਆ ਹੈ ਕਿ :

ਇਹੁ ਧਨੁ ਕਰਤੇ ਕਾ ਖੇਲੁ ਹੈ ਕਦੇ ਆਵੈ ਕਦੇ ਜਾਇ ॥
*(ਮ: ੩, ਪੰਨਾ ੧੨੮੨)*

ਭਾਵ ਹੈ ਪੁੰਨਾਂ ਦੇ ਪ੍ਰਤਾਪ ਕਰਕੇ ਆ ਜਾਂਦਾ ਹੈ ਪੁੰਨ ਖ਼ਤਮ ਹੋ ਗਏ ਤਾਂ ਇਹ ਸੰਸਾਰ ਦਾ ਮਾਇਕੀ ਧਨ ਵੀ ਚਲਾ ਜਾਂਦਾ ਹੈ। ਇਥੇ ਹੀ ਬੱਸ ਨਹੀਂ ਇਸ ਸੰਸਾਰ ਦੇ ਮਾਇਕੀ ਧਨ ਨੂੰ ਪੁਰਾਤਨ ਬੁਧੀ-ਜੀਵੀਆਂ ਨੇ ਤਿੰਨਾਂ ਹੀ ਸ਼ਕਲਾਂ ਵਿਚ ਦੁਖ ਰੂਪ ਮੰਨਿਆ ਹੈ, ਭਾਵੇਂ ਹਰ ਬੰਦਾ ਇਸ ਧਨ ਨੂੰ ਸੁਖ ਦੀ ਪ੍ਰਾਪਤੀ ਦਾ ਸਾਧਨ ਮੰਨ ਕੇ 'ਕੱਠਾ ਕਰਦਾ ਹੈ, ਪਰ :

ਦਰਬ ਤ੍ਰਿਕਾਲ ਦੁਖ ਮਯ ॥
ਉਪਾਏ, ਰੱਖ, ਅੰਤ ਮੈ ॥ *(ਸਾਰਕੁਤਾਵਲੀ)*

ਭਾਵ ਹੈ ਪਹਿਲੋਂ ਇਸਨੂੰ 'ਕੱਠਾ ਕਰਨ ਵਿਚ ਦੁਖ ਹੈ, ਫਿਰ ਇਸਦੀ ਰਾਖੀ ਕਰਨ ਵਿਚ ਦੁਖ ਹੈ, ਜਦੋਂ ਕੋਲੋਂ ਚਲਾ ਜਾਏ ਫਿਰ ਤਾਂ ਬਹੁਤ ਹੀ ਦੁੱਖ ਪ੍ਰਤੀਤ ਹੁੰਦਾ ਹੈ, ਭਾਵ ਚਲਾ ਜਾਇ ਤਾਂ ਕਈਆਂ ਦੇ ਤਾਂ ਜਾਣ ਸਮੇਂ ਪ੍ਰਾਣਾਂ ਨੂੰ ਭੀ ਨਾਲ ਹੀ ਲੈ ਜਾਂਦਾ ਹੈ। ਇਸ ਮਾਇਕੀ ਧਨ ਨੂੰ ਜਦੋਂ ਗੁਰਬਾਣੀ ਦੁਆਰੇ ਪਰਖੀਏ ਤਾਂ ਇਸ ਨੂੰ ਕੱਚਾ ਧਨ ਦਰਸਾਇਆ ਹੈ, ਇਸ ਮਾਇਕੀ ਕੱਚੇ ਧਨ ਨੂੰ ਜੋ ਲੋੜ ਤੋਂ ਵਧੇਰੇ 'ਕੱਠਾ ਕਰਦਾ ਹੈ ਉਸ ਮਨੁੱਖ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੇ ਮੂਰਖਾਂ ਤੇ ਗਵਾਰਾਂ ਦੀ ਲਿਸਟ ਵਿਚ ਦਰਜ ਕੀਤਾ ਹੈ, ਜਿਵੇਂ ਕਿ ਬਾਣੀ ਵਿਚ ਫ਼ੁਰਮਾਨ ਆਇਆ ਹੈ ਕਿ :

ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥
ਮਨਮੁਖ ਭੂਲੇ ਅੰਧ ਗਾਵਾਰ ॥
ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥
ਨਾ ਸਾਥਿ ਜਾਇ ਨ ਪਰਾਪਤਿ ਹੋਇ ॥੧॥
ਸਾਚਾ ਧਨੁ ਗੁਰਮਤੀ ਪਾਏ ॥
ਕਾਚਾ ਧਨੁ ਫੁਨਿ ਆਵੈ ਜਾਏ ॥ਰਹਾਉ॥
*(ਧਨਾਸਰੀ ਮਹਲਾ ੩, ਪੰਨਾ ੬੬੫)*

ਭਾਵ ਹੈ, ਇਹ ਜੋ ਕੱਚਾ ਮਾਇਕੀ ਧਨ ਇਕੱਠਾ ਕਰਨ ਵਾਲੇ ਲੋਕ ਹਨ ਇਹ ਵੀਚਾਰ ਤੋਂ ਹੀਣੇ ਰੱਬ ਤੋਂ ਭੁਲੇ ਹੋਏ ਹਨ, ਇਨ੍ਹਾਂ ਵੀਚਾਰ ਤੋਂ ਸੱਖਣੇ ਲੋਕਾਂ ਨੂੰ ਇਹ ਸੋਝੀ ਹੀ ਨਹੀਂ ਕਿ ਇਹ ਕੱਚਾ ਧਨ ਤਾਂ ਸਦਾ ਹੀ ਦੁਖਾਂ ਦਾ ਕਾਰਨ ਹੈ ਇਹ ਨਾ ਇੱਛਾ ਮੁਤਾਬਕ ਮਿਲ ਹੀ ਸਕਦਾ ਹੈ ਅਤੇ ਨਾਹੀ ਇਹ ਅੰਤ ਨੂੰ ਸਾਥ ਹੀ ਜਾਂਦਾ ਹੈ। ਇਹ ਠੀਕ ਹੈ ਕਿ ਇਹ ਕੱਚਾ ਧਨ ਇਸ ਲੋਕ ਵਿਚ ਚਾਰ ਕੁ ਦਿਨ ਲੋਕਾਂ ਤੋਂ ਵਾਹ ਵਾਹ ਕਰਾਉਣ ਦਾ ਸਾਧਨ ਮੰਨਿਆ ਜਾ ਸਕਦਾ ਹੈ, ਪਰ ਰੱਬੀ-ਦਰਬਾਰ ਵਿਚ ਗਇਆਂ ਇਹ ਵੱਡਾ ਕੰਗਾਲ ਹੀ ਸਾਬਤ ਹੋਵੇਗਾ, ਇਸਦੀ ਤਾਂ ਦਸ਼ਾ ਮਾਰ ਮੂੰਹੇ ਮੂੰਹ ਖਾਣ ਵਾਲੀ ਹੋਵੇਗੀ।

ਦੂਸਰਾ ਸੱਚਾ ਧਨ ਹੈ ਪਰਮੇਸ਼ਰ ਦਾ ਨਾਮ, ਇਸ ਨਾਮ ਧਨ ਬਾਰੇ ਬਾਣੀ ਵਿਚੋਂ ਬੋਧ ਮਿਲਦਾ ਹੈ ਕਿ ਇਹ ਅਮੁੱਕ ਨਾਮ ਧਨ ਸਦਾ ਹੀ ਲੋਕ ਪ੍ਰਲੋਕ ਵਿਚ ਸਾਥ ਦੇਂਦਾ ਹੈ, ਜਿਵੇਂ ਕਿ :

ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ ॥
ਪੂਰੈ ਸਤਿਗੁਰਿ ਦੀਆ ਦਿਖਾਇ ॥
ਸੋ ਧਨਵੰਤ ਹਰਿ ਨਾਮਿ ਲਿਵ ਲਾਇ ॥
ਗੁਰਿ ਪੂਰੈ ਹਰਿ ਧਨੁ ਪਰਗਾਸਿਆ
ਹਰਿ ਕਿਰਪਾ ਤੇ ਵਸੈ ਮਨਿ ਆਇ ॥ਰਹਾਉ॥
ਨਾਮੁ ਅਮੋਲਕੁ ਨ ਪਾਇਆ ਜਾਇ ॥
ਗੁਰ ਪਰਸਾਦਿ ਵਸੈ ਮਨਿ ਆਇ ॥੩॥
*(ਧਨਾਸਰੀ ਮ: ੩, ਪੰਨਾ ੬੬੩)*

ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥
ਹਰਿ ਹਰਿ ਨਾਮੁ ਕਮਾਵਨਾ
ਨਾਨਕ ਇਹੁ ਧਨੁ ਸਾਰੁ ॥੧॥.........
ਇਹੁ ਧਨੁ ਸੰਚਹੁ ਹੋਵਹੁ ਭਗਵੰਤ ॥
ਸੰਤ ਜਨਾ ਕਾ ਨਿਰਮਲ ਮੰਤ ॥

*(ਸੁਖਮਨੀ, ਪੰਨਾ ੨੮੮)*

ਨੀਧਨ ਕੋ ਧਨੁ ਨਾਮੁ ਪਿਆਰੁ ॥
ਇਹੁ ਧਨੁ ਸਾਰੁ ਹੋਰੁ ਬਿਖਿਆ ਛਾਰੁ ॥੪॥

*(ਪ੍ਰਭਾਤੀ ਮ: ੧, ਪੰਨਾ ੧੩੩੧)*

ਇਹੁ ਧਨੁ ਸਰਬ ਰਹਿਆ ਭਰਪੂਰਿ ॥
ਮਨਮੁਖ ਫਿਰਹਿ ਸਿ ਜਾਣਹਿ ਦੂਰਿ ॥੧॥
ਸੋ ਧਨੁ ਵਖਰੁ ਨਾਮੁ ਰਿਦੈ ਹਮਾਰੈ ॥
ਜਿਸੁ ਤੂ ਦੇਹਿ ਤਿਸੈ ਨਿਸਤਾਰੈ ॥੧॥ਰਹਾਉ॥
ਨ ਇਹੁ ਧਨੁ ਜਲੈ ਨ ਤਸਕਰੁ ਲੈ ਜਾਇ ॥
ਨ ਇਹੁ ਧਨੁ ਡੂਬੈ
ਨ ਇਸੁ ਧਨ ਕਉ ਮਿਲੈ ਸਜਾਇ ॥੨॥
ਇਸੁ ਧਨ ਕੀ ਦੇਖਹੁ ਵਡਿਆਈ ॥
ਸਹਜੇ ਮਾਤੇ ਅਨਦਿਨੁ ਜਾਈ ॥੩॥
ਇਕ ਬਾਤ ਅਨੂਪ ਸੁਨਹੁ ਨਰ ਭਾਈ ॥
ਇਸੁ ਧਨ ਬਿਨੁ ਕਹਹੁ ਕਿਨੈ ਪਰਮਗਤਿ ਪਾਈ ॥੪॥
ਭਣਤਿ ਨਾਨਕੁ ਅਕਥ ਕੀ ਕਥਾ ਸੁਣਾਏ ॥
ਸਤਿਗੁਰੁ ਮਿਲੈ ਤ ਇਹੁ ਧਨੁ ਪਾਏ ॥੫॥੮॥

*(ਮਾਰੂ ਮਹਲਾ ੧, ਪੰਨਾ ੯੯੧)*

ਇਸ ਤਰ੍ਹਾਂ ਬਾਣੀ ਵਿਚੋਂ ਸਾਨੂੰ ਹੋਰ ਭੀ ਪ੍ਰਮਾਣ ਮਿਲਦੇ ਹਨ, ਜਿਨ੍ਹਾਂ ਤੋਂ ਇਹੋ ਬੋਧ ਮਿਲਦਾ ਹੈ ਕਿ ਸੱਚੇ ਧਨਵਾਨ ਓਹੀ ਲੋਕ ਮੰਨੇ ਗਏ ਹਨ, ਜਿਨ੍ਹਾਂ ਦੇ ਹਿਰਦੇ ਭੰਡਾਰ ਨਾਮ ਧਨ ਨਾਲ ਪੂਰਤ ਹਨ, ਬਾਕੀ ਲੋਕ ਤਾਂ ਸਾਰੇ ਹੀ ਕੰਗਾਲ ਹਨ, ਕਿਉਂਕਿ ਅਸੀਂ ਵੇਖਦੇ ਹਾਂ ਕਿ ਜੋ ਜਾਤ ਅਭਿਮਾਨੀ ਆਪਣੇ ਆਪ ਨੂੰ ਵੱਡੇ ਵੱਡੇ ਧਨਾਢ ਅਖਵਾਉਣ ਵਾਲੇ ਸਨ, ਆਖ਼ਰ ਉਨ੍ਹਾਂ ਨੂੰ ਉਨ੍ਹਾਂ ਹੀ ਭਗਤ ਲੋਕਾਂ ਦੇ ਕਦਮਾਂ 'ਤੇ ਨਮਸਕਾਰਾਂ ਕਰਨੀਆਂ ਪਈਆਂ, ਜਿਨ੍ਹਾਂ ਨੂੰ ਉਹ ਨੀਵੀਆਂ ਜਾਤਾਂ ਵਾਲੇ ਜਾਣ ਕੇ ਦੁਰਕਾਰਿਆ ਕਰਦੇ ਸਨ, ਇਹ ਐਸਾ ਕਿਉਂ ਹੋਇਆ ? ਕਿਉਂਕਿ ਉਨ੍ਹਾਂ ਪਾਸ ਸੱਚਾ ਨਾਮ ਧਨ ਸੀ, ਅਤੇ ਬਾਕੀ ਪੰਡਿਤ ਲੋਕ ਜਾਤ ਅਭਿਮਾਨੀ ਆਪਣੇ ਆਪ ਨੂੰ ਵਡੇਰੇ ਧਨਵਾਨ ਕਹਾਉਣ ਦੇ ਨਸ਼ੇ ਵਿਚ ਜੋ ਬੇਹੋਸ਼ ਹੋਏ ਹੋਏ ਸਨ, ਉਨ੍ਹਾਂ ਹੰਕਾਰੀ ਲੋਕਾਂ ਨੇ ਰੱਬ ਦੇ ਮੰਦਰ ਵਿਚ ਗਏ ਨਾਮਦੇਵ ਨੂੰ ਸ਼ੂਦਰ ਜਾਣਕੇ ਧੱਕੇ ਮਾਰ ਕੇ ਦੁਰਕਾਰਿਆ, ਇਸ ਪੰਡਤਾਂ ਦੀ ਕੀਤੀ ਹੋਈ ਦੁਰਦਸ਼ਾ ਦੀ ਸ਼ਿਕਾਇਤ ਨਾਮਦੇਵ ਨੂੰ ਰੱਬ ਦੇ ਸਨਮੁਖ ਹੋ ਕੇ ਕਰਨ ਲਈ ਮਜਬੂਰ ਹੋਣਾ ਪਿਆ, ਉਸ ਸ਼ਿਕਾਇਤ ਦੀ ਰੂਪ-ਰੇਖਾ ਭਗਤ ਜੀ ਨੇ ਖ਼ੁਦ ਉੱਕਰੀ ਹੈ, ਜਿਸਨੂੰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਤ ਕਰਵਾਇਆ ਹੈ, ਜਿਵੇਂ ਕਿ :

ਹਸਤ ਖੇਲਤ ਤੇਰੇ ਦੇਹੁਰੇ ਆਇਆ ॥
ਭਗਤਿ ਕਰਤ ਨਾਮਾ ਪਕਰਿ ਉਠਾਇਆ ॥੧॥
ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥
ਛੀਪੇ ਕੇ ਜਨਮਿ ਕਾਹੇ ਕਉ ਆਇਆ ॥੧॥ਰਹਾਉ॥
ਲੈ ਕਮਲੀ ਚਲਿਓ ਪਲਟਾਇ ॥
ਦੇਹੁਰੈ ਪਾਛੈ ਬੈਠਾ ਜਾਇ ॥੨॥
ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥
ਭਗਤ ਜਨਾਂ ਕਉ ਦੇਹੁਰਾ ਫਿਰੈ ॥੩॥੬॥

*(ਭੈਰਉ ਬਾਣੀ ਨਾਮਦੇਵ ਜੀ, ਪੰਨਾ ੧੧੬੪)*

ਇਸ ਸ਼ਬਦ ਤੋਂ ਸਾਫ਼ ਸਾਬਤ ਹੁੰਦਾ ਹੈ ਕਿ ਜਦੋਂ ਸੱਚੇ ਨਾਮ ਧਨ ਦੇ ਖ਼ਰੀਦਦਾਰ ਭਗਤ ਨਾਮਦੇਵ ਜੀ ਨੂੰ ਜਾਤ ਅਭਿਮਾਨੀਆਂ ਨੇ ਰੱਬ ਦੇ ਮੰਦਰਾਂ 'ਚੋਂ ਧੱਕੇ ਮਾਰ ਕੇ ਬਾਹਰ ਨਿਕਾਲ ਦਿਤਾ ਤਾਂ ਨਾਮਦੇਵ ਜੀ ਮੰਦਰ ਦੇ ਪਿਛਲੇ ਪਾਸੇ ਬੈਠ ਕੇ ਹਰੀ ਪਰਮੇਸ਼ਰ ਦੇ ਗੁਣ ਗਾਉਣ ਲੱਗ ਪਏ ਤਾਂ ਉਨ੍ਹਾਂ ਪੰਡਿਤਾਂ ਦਾ ਹੰਕਾਰ ਤੋੜਨ ਲਈ ਰੱਬ ਨੇ ਆਪਣੇ ਮੰਦਰ ਦਾ ਦਰਵਾਜ਼ਾ ਹੀ ਭਗਤ ਜੀ ਵੱਲ ਫੇਰ ਦਿਤਾ। ਇਸ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਰੱਬ ਨੂੰ ਸੰਸਾਰ ਦੇ ਕੱਚੇ ਧਨ ਦੇ ਹੰਕਾਰੀ ਅਤੇ ਜਾਤ ਅਭਿਮਾਨੀ ਲੋਕ ਅੱਜ ਤਕ ਕਦੇ ਭੀ ਕਬੂਲ ਨਹੀਂ ਹੋ ਸਕੇ ਅਤੇ ਨਾ ਹੀ ਅਗੇ ਲਈ ਕਦੇ ਹੋ ਸਕਣਗੇ, ਕਿਉਂਕਿ ਰੱਬ ਨੂੰ ਸੱਚੇ ਨਾਮ ਦਾ ਵਪਾਰੀ ਹੀ ਕਬੂਲ ਹੈ, ਉਹ ਭਾਵੇਂ ਕਿਸੇ ਭੀ ਜਾਤ ਨਾਲ ਸੰਬੰਧ ਰਖਦਾ ਹੈ। ਸੋ, ਮੈਂ ਭੀ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ, ਜਿਸ ਵਿਚ ਉਸ ਪ੍ਰਭੂ ਦੇ ਸੱਚੇ ਭਗਤਾਂ ਦੀ ਮਹਾਨਤਾ ਦਰਸਾਈ ਹੈ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਭਗਤ ਨਾਮਦੇਵ, ਜੋ ਜਾਤ ਦਾ ਛੀਂਬਾ ਕਿਹਾ ਜਾਂਦਾ ਸੀ, ਉਸਨੇ ਗੁਰਮੁਖਾਂ ਵਾਂਗੂੰ ਪ੍ਰਭੂ ਦੀ ਪ੍ਰੇਮਾ-ਭਗਤੀ ਵਿਚ ਲਿਵ ਲਾਈ।

(੨) ਠਾਕਰ ਦੁਆਰੇ ਵਿਚ ਖੱਤ੍ਰੀ ਬ੍ਰਾਹਮਣ ਆਦਿ ਉੱਚੀਆਂ ਜਾਤੀਆਂ ਦੇ ਲੋਕ ਪ੍ਰਭੂ ਦੀ ਉਸਤਤੀ ਕਰ ਰਹੇ ਸਨ।

(੩) ਠਾਕਰ ਦੁਆਰੇ ਦੇ ਪੰਡਿਆਂ ਨੇ (ਸੰਗਤ ਵਿਚ ਬੈਠੇ) ਨਾਮਦੇਵ ਨੂੰ (ਨੀਵੀਂ ਜਾਤ ਦਾ ਜਾਣ ਕੇ) ਫੜ ਕੇ ਬਾਹਰ ਕੱਢ ਦਿੱਤਾ। ਨਾਮਦੇਵ ਠਾਕਰ ਦੁਆਰੇ ਦੇ ਪਿਛੇ ਬਹਿ ਕੇ ਹਰੀ ਦੇ ਗੁਣ ਗਾਉਣ ਲੱਗ ਪਿਆ।

(੪) ਪ੍ਰਭੂ ਜੋ ਭਗਤਾਂ ਦਾ ਪਿਆਰਾ ਕਹਾਉਂਦਾ ਹੈ, ਉਸ ਨੇ ਨਾਮਦੇਵ ਦੀ ਖ਼ਾਤਰ ਠਾਕਰ ਦੁਆਰੇ ਨੂੰ ਫੇਰ ਕੇ ਆਪਣੇ ਭਗਤ ਦੀ ਪੈਜ ਰੱਖ ਲਈ।

(੫) ਜਿਹੜੇ ਪੁਰਸ਼ ਸਾਧ ਸੰਗਤ ਵਿਚ ਜਾ ਕੇ ਸਤਿਗੁਰੂ ਦੀ ਸ਼ਰਨ ਵਿਚ ਵੱਸਦੇ ਹਨ, ਉਨ੍ਹਾਂ ਨਿਮਾਣਿਆਂ ਨੂੰ ਪ੍ਰਭੂ ਦੀ ਦਰਗਾਹ ਵਿਚ ਮਾਣ ਮਿਲਦਾ ਹੈ।

(੬) ਉੱਚੀ ਪਦਵੀ ਵਾਲੇ (ਖੱਤਰੀ ਬ੍ਰਾਹਮਣ) ਤੇ ਨੀਵੀਂ ਜਾਤ ਵਾਲੇ ਸ਼ੂਦਰ ਆਦਿ, ਚੌਹਾਂ ਵਰਨਾਂ ਦੇ ਲੋਕ ਨਾਮਦੇਵ ਦੀ ਚਰਨੀ ਆ ਕੇ ਲਗੇ ਹਨ। ਇਸ ਤਰ੍ਹਾਂ

(੭) ਜਿਸ ਤਰ੍ਹਾਂ ਪਾਣੀ ਨੀਵੇਂ ਪਾਸੇ ਜਾਂਦਾ ਹੈ।੪।

***ਭਾਵਾਰਥ :*** ਇਸ ਪਉੜੀ ਅੰਦਰ ਭਾਈ ਸਾਹਿਬ ਜੀ ਨੇ ਭਗਤ ਨਾਮਦੇਵ ਜੀ ਦੇ ਪ੍ਰਸੰਗ ਦੁਆਰਾ ਉਨ੍ਹਾਂ ਸੱਚੇ ਨਾਮ ਦੇ ਵਪਾਰੀਆਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਭਗਤ ਜਨਾਂ ਨੇ ਸੱਚੇ ਨਾਮ ਦਾ ਭੰਡਾਰਾ ਆਪਣੇ ਹਿਰਦੇ ਵਿਚ ਇਕੱਤ੍ਰ ਕਰਕੇ ਸਦੀਵੀ ਸੁਖ ਪ੍ਰਾਪਤ ਕੀਤਾ ਹੈ, ਕਿਉਂਕਿ ਉਨ੍ਹਾਂ ਭਗਤ ਜਨਾਂ ਨੂੰ ਇਹ ਸੰਗਤ ਦੁਆਰਾ ਬੋਧ ਹੋ ਆਇਆ ਸੀ ਕਿ ਇਸ ਮਨੁੱਖਾ ਜਨਮ ਦਾ ਮੁਖ ਪ੍ਰਯੋਜਨ ਪ੍ਰਭੂ ਦੇ ਨਾਮ ਦਾ ਹੀ ਸਿਮਰਨ ਕਰਨਾ ਹੈ। ਇਸ ਲਈ ਉਹ ਭਗਤ ਜਨ ਰੱਬੀ-ਮਾਰਗ ਪਰ ਹੀ ਚਲਦੇ ਰਹੇ, ਜਿਸ ਕਰਕੇ ਉਹ ਰੱਬੀ ਦਰਬਾਰ ਵਿਚ ਕਬੂਲ ਹੋਏ।

## *੫. ਭਗਤਾਂ ਦੀ ਕੋਈ ਜਾਤ ਨਹੀਂ*

**੧. ਅਸੁਰ ਬਿਭੀਖਣ ਭਗਤ ਹੈ**
**ਬਿਦਰ ਸੁ ਵਿਖਲੀ ਪਤ ਸਰਣਾਈ।**
**੨. ਧੰਨਾ ਜੱਟ ਵਖਾਣੀਐ**
**ਸਧਨਾ ਜਾਤਿ ਅਜਾਤਿ ਕਸਾਈ।**
**੩. ਭਗਤ ਕਬੀਰ ਜੁਲਾਹੜਾ**
**ਨਾਮਾ ਛੀਂਬਾ ਹਰਿ ਗੁਣ ਗਾਈ।**
**੪. ਕੁੱਲ ਰਵਿਦਾਸ ਚਮਾਰ ਹੈ**
**ਸੈਣ ਸਨਾਤੀ ਅੰਦਰ ਨਾਈ।**
**੫. ਕੋਇਲ ਪਾਲੈ ਕਾਂਵਣੀ**
**ਅੰਤ ਮਿਲੈ ਅਪਣੇ ਕੁਲ ਜਾਈ।**
**੬. ਕ੍ਰਿਸ਼ਨ ਜਸੋਧਾਂ ਪਾਲਿਆ**
**ਵਾਸਦੇਵ ਕੁਲ ਕਵਲ ਸਦਾਈ।**
**੭. ਘਿਉ ਭਾਂਡਾ ਨ ਵਿਚਾਰੀਐ**
**ਭਗਤਾਂ ਜਾਤਿ ਸਨਾਤਿ ਨ ਕਾਈ।**
**੮. ਚਰਨ ਕਵਲ ਸਤਿਗੁਰ ਸਰਣਾਈ ॥੫॥**

***ਪਦ ਅਰਥ :*** ਅਸੁਰ—ਰਾਖ਼ਸ਼। ਵਿਖਲੀ—ਵੇਸਵਾ। ਘਿਉ ਭਾਂਡਾ—ਘਿਉ ਰਖਣ ਵਾਲਾ ਕੁੱਪਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਨੇ ਆਪ ਜੀ ਤੋਂ ਸੰਪੂਰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਬਾਣੀ ਦੀ ਲਿਖਤ ਰੂਪ ਵਿਚ ਸੇਵਾ ਕਰਵਾਈ ਹੈ, ਇਸ ਲਈ ਆਪ ਜੀ ਨੂੰ ਤਾਂ ਗੁਰਬਾਣੀ ਦੁਆਰੇ ਹਰ ਪੱਖ ਦਾ ਹੀ ਬੋਧ ਮਿਲਦਾ ਰਿਹਾ ਹੈ। ਕਿਉਂ ਜੀ, ਜਿਵੇਂ ਆਪ ਜੀ ਨੇ ਪਿਛੇ ਭਗਤ ਨਾਮਦੇਵ ਜੀ ਦੇ ਜੀਵਨ ਬਾਰੇ ਜਾਣਕਾਰੀ ਕਰਵਾਈ ਹੈ, ਕੀ ਆਪ ਜੀ ਦੀਆਂ ਨਜ਼ਰਾਂ ਵਿਚ ਹੋਰ ਭੀ ਭਗਤ ਲੋਕ ਆਏ ਹਨ, ਜੇ ਆਪ ਜੀ ਨੂੰ ਸਿਮਰਤੀ ਹੈ ਤਾਂ ਦੱਸਣ ਦੀ ਕ੍ਰਿਪਾ ਕਰੋ ਕਿ ਉਹ ਭਗਤ ਕਿਸ ਕਿਸ ਜਾਤ ਵਿਚ ਹੋ ਗੁਜ਼ਰੇ ਹਨ ?

**ਉ:** ਹੇ ਭਾਈਓ! ਮੈਨੂੰ ਤਾਂ ਗੁਰਬਾਣੀ ਦੁਆਰੇ ਇਹੋ ਬੋਧ ਮਿਲਿਆ ਹੈ ਕਿ ਪ੍ਰਭੂ ਦੀ ਭਗਤੀ ਕਰਨ ਵਾਲੇ ਭਗਤਾਂ ਦੀ ਕੋਈ ਭੀ ਜਾਤ ਨਹੀਂ ਹੋਇਆ ਕਰਦੀ ਉਹ ਕਿਸੇ ਭੀ ਜਾਤ ਵਿਚ ਪ੍ਰਗਟ ਹੋਏ ਹਨ ਉਨ੍ਹਾਂ ਸਾਰਿਆਂ ਨੂੰ ਹੀ ਉੱਚੀ ਪਦਵੀ ਮਿਲੀ ਹੈ, ਇਹ ਠੀਕ ਹੈ ਕਿ ਕੱਚੇ ਧਨ ਦੇ ਹੰਕਾਰੀ ਤੇ ਉੱਚੀ ਜਾਤ ਦੇ ਅਭਿਮਾਨੀ ਲੋਕਾਂ ਨਾਲ ਉਨ੍ਹਾਂ ਦਾ ਆਦਿ ਤੋਂ ਹੀ ਤਾਲ-ਮੇਲ ਨਹੀਂ ਹੋ ਸਕਿਆਂ, ਕਿਉਂਕਿ ਇਨ੍ਹਾਂ ਦੇ ਮਾਰਗ ਵੱਖੋ ਵੱਖ ਹਨ, ਭਗਤਾਂ ਦਾ ਮਾਰਗ ਭਗਤੀ ਕਰਦੇ ਰਹਿਣਾ ਹੈ ਤੇ ਸੰਸਾਰੀ ਲੋਕਾਂ ਦਾ ਮਾਰਗ ਸੰਸਾਰ ਦੀ ਮਾਇਆ ਇਕੱਤ੍ਰ ਕਰਨੀ ਹੈ, ਇਸੇ ਭਾਵ ਨੂੰ ਬਾਣੀ ਵਿਚ ਦਰਸਾਇਆ ਗਿਆ ਹੈ ਜਿਵੇਂ ਕਿ :

ਭਗਤਾ ਤੈ ਸੰਸਾਰੀਆ ਜੋੜੁ ਕਦੇ ਨ ਆਇਆ॥

*(ਪਉੜੀ, ਪੰਨਾ ੧੪੫)*

ਭਾਵ ਭਗਤ ਲੋਕ ਭਗਤੀ ਦੀ ਦੌਲਤ ਇਕੱਠੀ ਕਰਦੇ ਹਨ, ਜਿਸ ਦਾ ਸਦਕਾ ਉਨ੍ਹਾਂ ਦੇ ਅੰਤਰ-ਆਤਮੇ ਨਿਰਮਾਣਤਾ, ਗ਼ਰੀਬੀ, ਨਿਰਹੰਕਾਰਤਾ ਜਨਮ ਲੈਂਦੀ ਹੈ। ਪਰ ਸੰਸਾਰੀ ਲੋਕ ਮਾਇਆ ਦਾ ਹੰਕਾਰ ਤੇ ਜਾਤ ਦੇ ਅਭਿਮਾਨ ਵਿਚ ਹੀ ਗਲਤਾਨ ਰਹਿੰਦੇ ਹਨ, ਜਿਸ ਕਰਕੇ ਉਨ੍ਹਾਂ ਨੂੰ ਰੱਬ ਦੀ ਨੇੜਤਾ ਹਾਸਲ ਨਹੀਂ ਹੋ ਸਕਦੀ। ਕਿਉਂਕਿ ਜਾਤ ਦੇ ਅਭਿਮਾਨੀਆਂ ਨੂੰ ਗੁਰੂ ਗ੍ਰੰਥ ਸਾਹਿਬ ਨੇ ਮੂਰਖ ਗਵਾਰ ਕਿਹਾ ਹੈ, ਜਿਵੇਂ ਕਿ :

ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥੧॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥੧॥ਰਹਾਉ॥
ਚਾਰੇ ਵਰਨ ਆਖੈ ਸਭੁ ਕੋਈ ॥
ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ ॥੨॥

*(ਭੈਰਉ ਮ: ੩, ਪੰਨਾ ੧੧੨੭)*

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥੩॥

*(ਮ: ੧, ਪੰਨਾ ੪੬੯)*

ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ ॥

*(ਸਲੋਕ ਮ: ੩, ਪੰਨਾ ੧੦੯੪)*

ਸੋ, ਬਾਣੀ ਦੁਆਰੇ ਇਹੋ ਸਿੱਧ ਹੁੰਦਾ ਹੈ ਕਿ ਅਗੇ ਰੱਬੀ-ਦਰਬਾਰ ਵਿਚ ਕਿਸੇ ਦੀ ਕੋਈ ਜਾਤ ਨਹੀਂ ਪੁੱਛੀ ਜਾਂਦੀ ਕਿਉਂਕਿ ਇਨ੍ਹਾਂ ਸਾਰੀਆਂ ਜਾਤਾਂ ਦਾ ਕਰਤਾ ਕਰਤਾਰ ਨਹੀਂ, ਇਨ੍ਹਾਂ ਜਾਤਾਂ ਨੂੰ ਜਨਮ ਦੇਣ ਵਾਲਾ ਮਨੁੱਖ ਹੀ ਮੰਨਿਆ ਗਿਆ ਹੈ। ਇਸ ਲਈ ਜਦੋਂ ਅਸੀਂ ਬਾਣੀ ਦੀ ਵੀਚਾਰ ਕਰਦੇ ਹਾਂ ਤਾਂ ਇਹੋ ਸਿੱਧ ਹੁੰਦਾ ਹੈ ਕਿ ਭਗਤੀ ਕਰਨ ਵਾਲੇ ਭਗਤ ਲੋਕ ਭਾਵੇਂ ਕਿਸੇ ਭੀ ਜਾਤ ਵਿਚ ਪੈਦਾ ਹੋਏ ਹਨ ਉਹ ਨਾਮ ਸਿਮਰਨ ਦਾ ਸਦਕਾ ਉੱਚੀਆਂ ਪਦਵੀਆਂ ਨੂੰ ਪ੍ਰਾਪਤ ਕਰਨ ਵਾਲੇ ਸਿੱਧ ਹੋਏ ਹਨ, ਜਿਵੇਂ ਕਿ ਅਸੀਂ ਬਾਣੀ ਰਾਹੀਂ ਪੜ੍ਹਦੇ ਹਾਂ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ ॥੪॥੩॥

*(ਸਿਰੀਰਾਗੁ ਮਹਲਾ ੧, ਪੰਨਾ ੧੫)*

ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧॥

*(ਬਾਣੀ ਰਵਿਦਾਸ ਜੀਉ ਕੀ, ਪੰਨਾ ੧੧੦੬)*

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥੧॥ਰਹਾਉ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥੧॥
ਰਵਿਦਾਸੁ ਢੁਵੰਤਾ ਢੋਰ ਨੀਤਿ
ਤਿਨਿ ਤਿਆਗੀ ਮਾਇਆ ॥
ਪਰਗਟੁ ਹੋਆ ਸਾਧ ਸੰਗਿ ਹਰਿ ਦਰਸਨੁ ਪਾਇਆ ॥੨॥
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥
ਹਿਰਦੈ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥੩॥
ਇਹ ਬਿਧਿ ਸੁਨਿਕੈ ਜਾਟਰੋ ਉਠਿ ਭਗਤੀ ਲਾਗਾ ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥੪॥੨॥

*(ਮਹਲਾ ੫, ਪੰਨਾ ੪੮੭)*

ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ ॥
ਪੂਛਹੁ ਬਿਦਰ ਦਾਸੀ ਸੁਤੈ
ਕਿਸਨੁ ਉਤਰਿਆ ਘਰਿ ਜਿਸੁ ਜਾਇ ॥੧॥
ਰਵਿਦਾਸੁ ਚਮਾਰੁ ਉਸਤਤਿ ਕਰੇ
ਹਰਿ ਕੀਰਤਿ ਨਿਮਖ ਇਕ ਗਾਇ ॥
ਪਤਿਤ ਜਾਤਿ ਉਤਮੁ ਭਇਆ
ਚਾਰਿ ਵਰਨ ਪਏ ਪਗਿ ਆਇ ॥੨॥
ਨਾਮ ਦੇਅ ਪ੍ਰੀਤਿ ਲਗੀ ਹਰਿ ਸੇਤੀ
ਲੋਕੁ ਛੀਪਾ ਕਹੈ ਬੁਲਾਇ ॥
ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ
ਹਰਿ ਨਾਮ ਦੇਉ ਲੀਆ ਮੁਖਿ ਲਾਇ ॥੩॥

*(ਸੂਹੀ ਮ: ੪, ਪੰਨਾ ੭੩੩)*

ਇਨ੍ਹਾਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਸਾਫ਼ ਸਾਫ਼ ਸਿੱਧ ਹੁੰਦਾ ਹੈ ਕਿ ਰੱਬੀ-ਦਰਗਾਹ ਵਿਚ ਜਾਤ-ਪਾਤ ਦਾ ਕੋਈ ਵਿਤਕਰਾ ਨਹੀਂ ਕੇਵਲ ਇਹੋ ਵੇਖਿਆ ਜਾਂਦਾ ਹੈ ਕਿ ਨਾਮ ਸਿਮਰਨ ਦੀ ਰਾਸ ਕਿਸ ਹਿਰਦੇ ਵਿਚ ਵਧੇਰੇ ਪਾਈ ਜਾਂਦੀ ਹੈ। ਸੋ, ਮੈਂ ਭੀ ਇਨ੍ਹਾਂ ਉਪ੍ਰੋਕਤ ਉਦਾਹਰਣਾਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀ ਰਚਨਾ ਕੀਤੀ ਹੈ, ਜਿਸ ਵਿਚ ਭੀ ਭਗਤੀ ਕਰਨ ਵਾਲੇ ਭਗਤ ਜਨਾਂ ਨੂੰ ਉੱਚੀ ਪਦਵੀ ਮਿਲਣ ਦਾ ਭਾਵ ਦਰਸਾਇਆ ਹੈ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਰਾਖ਼ਸ਼ਾਂ ਦੀ ਕੁਲ ਵਿਚ ਬਿਭੀਖਣ ਭਗਤ ਹੋਇਆ ਹੈ, ਬਿਦਰ ਅਤੇ ਵੇਸਵਾ

(ਪ੍ਰਭੂ ਦੀ) ਸ਼ਰਨ ਵਿਚ ਆਏ।

(੨) ਧੰਨਾ ਭਗਤ ਜੱਟ ਕਿਹਾ ਜਾਂਦਾ ਹੈ ਤੇ ਸਧਨਾ ਨੀਵੀਂ ਜਾਤ ਦਾ ਕਸਾਈ ਹੋਇਆ ਹੈ।

(੩) ਭਗਤ ਕਬੀਰ ਜੁਲਾਹਿਆਂ ਦੇ ਘਰ ਜਨਮਿਆਂ ਤੇ ਨਾਮਾ ਛੀਂਬਾ ਹੁੰਦਾ ਹੋਇਆ ਪ੍ਰਭੂ ਦੇ ਗੁਣ ਗਾਉਣ ਲੱਗਾ।

(੪) ਚਮਿਆਰਾਂ ਦੀ ਕੁੱਲ ਵਿਚ ਰਵਿਦਾਸ ਹੋਇਆ ਹੈ ਤੇ ਨੀਵੀਆਂ ਜਾਤਾਂ ਵਿਚ ਸੈਨ ਨਾਈ ਪ੍ਰਭੂ ਦਾ ਭਗਤ ਸੀ (ਅੱਗੇ ਪੰਜਵੀਂ ਛੇਵੀਂ ਤੁੱਕ ਵਿਚ ਦੋ ਦ੍ਰਿਸ਼ਟਾਂਤ ਦੇ ਕੇ ਭਾਵ ਸਪਸ਼ਟ ਕਰਦੇ ਹਨ)।

(੫) ਜਿਵੇਂ ਕਉਣੀ ਕੋਇਲ ਨੂੰ ਆਪਣੀ ਅੰਸ ਜਾਣਕੇ ਪਾਲਦੀ ਹੈ, ਪਰ ਅਖ਼ੀਰ ਨੂੰ ਉਹ ਕੋਇਲ ਦਾ ਬੱਚਾ ਆਪਣੀ ਕੁਲ ਵਿਚ ਜਾ ਮਿਲਦਾ ਹੈ।

(੬) ਜਸੋਧਾਂ (ਗੁਜਰੀ) ਨੇ ਕ੍ਰਿਸ਼ਨ ਦੀ ਪਾਲਣਾ ਕੀਤੀ, ਪਰ ਉਸਨੂੰ ਵਾਸਦੇਵ ਦੀ ਕੁਲ ਦਾ ਕਵਲ ਹੀ ਕਿਹਾ ਜਾਂਦਾ ਹੈ (ਇਸੇ ਤਰ੍ਹਾਂ ਨੀਵੀਂ ਜਾਤੀ ਵਿਚ ਪੈਦਾ ਹੋਏ ਮਨੁੱਖਾਂ ਨੂੰ ਪ੍ਰਭੂ ਦੀ ਭਗਤੀ ਦੇ ਪ੍ਰਤਾਪ ਕਰਕੇ ਭਗਤ ਕਿਹਾ ਜਾਣ ਲੱਗਾ)।

(੭) ਜਿਸ ਤਰ੍ਹਾਂ ਘਿਉ ਦੇ ਭਾਂਡੇ ਬਾਰੇ ਕੋਈ ਵੀਚਾਰ ਨਹੀਂ ਕੀਤੀ ਜਾਂਦੀ, ਇਸੇ ਤਰ੍ਹਾਂ ਭਗਤਾਂ ਦੀ ਉੱਚੀ ਨੀਵੀਂ ਜਾਤ ਨੂੰ ਕੋਈ ਨਹੀਂ ਵੀਚਾਰਦਾ।

(੮) ਸਤਿਗੁਰੂ ਜੀ ਦੇ ਚਰਨਾਂ ਵਿਚ ਸ਼ਰਨ ਲੈਣ ਵਾਲੇ ਉੱਤਮ ਪਦਵੀ ਪ੍ਰਾਪਤ ਕਰਦੇ ਹਨ।੫।

***ਭਾਵਾਰਥ :*** ਪ੍ਰਭੂ ਦੇ ਪਿਆਰ ਵਾਲੇ ਭਗਤਾਂ ਦੀ ਉੱਚੀ ਜਾਂ ਨੀਵੀਂ ਜਾਤ ਕੋਈ ਨਹੀਂ ਵੀਚਾਰੀ ਜਾਂਦੀ, ਜਿਵੇਂ ਗੁਰੂ ਫੁਰਮਾਨ ਹੈ ਕਿ :

ਕੇਸਰਿ ਕੁਸਮ ਮਿਰਗ ਮੈ ਹਰਣਾ
ਸਰਬ ਸਰੀਰੀ ਚੜ੍ਹਣਾ॥
ਚੰਦਨ ਭਗਤਾ ਜੋਤਿ ਇਨੇਹੀ
ਸਰਬੇ ਪਰਮਲੁ ਕਰਣਾ॥੨॥
ਘਿਅ ਪਟ ਭਾਂਡਾ ਕਹੈ ਨ ਕੋਇ॥
ਐਸਾ ਭਗਤੁ ਵਰਨ ਮਹਿ ਹੋਇ॥
ਤੇਰੈ ਨਾਮਿ ਨਿਵੇ ਰਹੇ ਲਿਵ ਲਾਇ॥
ਨਾਨਕ ਤਿਨ ਦਰਿ ਭੀਖਿਆ ਪਾਇ॥੩॥੧॥੨॥

*(ਤਿਲੰਗ ਮ: ੧, ਪੰਨਾ ੭੨੧)*

## ੬. ਨੀਵੇਂ ਥਾਂ ਪੈਦਾ ਹੋਈਆਂ ਉੱਤਮ ਵਸਤਾਂ

**੧. ਡੇਮੂੰ ਖੱਖਰ ਮਿਸਰੀ**
**ਮੱਖੀ ਮੇਲ ਮਖੀਰ ਉਪਾਯਾ।**
**੨. ਪਾਟ ਪਟੰਬਰ ਕੀੜਿਅਹੁੰ**
**ਕੁੱਟ ਕੱਟ ਸਣ ਕਿਰਤਾਸ ਬਣਾਯਾ।**
**੩. ਮਲਮਲ ਹੋਇ ਵੜੇਵਿਅਹੁੰ**
**ਚਿੱਕੜ ਕਵਲ ਭਵਰ ਲੋਭਾਯਾ।**
**੪. ਜਿਉ ਮਣਿ ਕਾਲੇ ਸੱਪ ਸਿਰ**
**ਪੱਥਰ ਹੀਰੇ ਮਾਣਕ ਛਾਯਾ।**
**੫. ਜਾਣ ਕਥੂਰੀ ਮਿਰਗ ਤਨ**
**ਨਾਉ ਭਗਉਤੀ ਲੋਹ ਘੜਾਯਾ।**
**੬. ਮੁਸ਼ਕ ਬਿਲੀਅਹੁੰ ਮੇਦ ਕਰ**
**ਮਜਲਸ ਅੰਦਰ ਮਹਿ ਮਹਕਾਯਾ।**
**੭. ਨੀਚ ਜੋਨਿ ਉੱਤਮ ਫਲ ਪਾਯਾ॥੬॥**

***ਪਦ ਅਰਥ :*** ਖੱਖਰ—ਡੇਮੂੰਆਂ ਦੇ ਘਰ। ਮਖੀਰ—ਸ਼ਹਿਦ। ਕਿਰਤਾਸ—ਕਾਗਜ਼। ਕਥੂਰੀ—ਕਸਤੂਰੀ। ਭਗਉਤੀ—ਤਲਵਾਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਨੇ ਪਿਛੇ ਜਾਣਕਾਰੀ ਦਿਤੀ ਹੈ ਕਿ ਕਰਤਾਰ ਨੇ ਨੀਵੀਆਂ ਜਾਤਾਂ ਵਿਚ ਭਗਤਾਂ ਨੂੰ ਪੈਦਾ ਕਰਕੇ ਉਨ੍ਹਾਂ ਨੂੰ ਉੱਚੀਆਂ ਪਦਵੀਆਂ ਦਿਤੀਆਂ ਅਤੇ ਉਨ੍ਹਾਂ ਦੀ ਚਰਨ ਸ਼ਰਨ ਵਿਚ ਵੱਡੇ ਵੱਡੇ ਰਾਜੇ ਮਹਾਰਾਜਿਆਂ ਨੂੰ ਭੀ ਝੁੱਕਣਾ ਪਿਆ, ਇਸ ਬਾਰੇ ਆਪ ਜੀ ਕੀ ਕਹਿਣਾ ਚਾਹੋਗੇ ਕਿ ਇਸਦਾ ਸਹੀ ਕਾਰਨ ਕੀ ਹੈ, ਦੱਸਣ ਦੀ ਕਿਰਪਾ ਕਰੋ ਤਾਂ ਕਿ ਸਾਨੂੰ ਭੀ ਸਹੀ ਬੋਧ ਹੋ ਸਕੇ?

ਉ: ਹੇ ਭਾਈਓ! ਅਸਲ ਵਿਚ ਉਸ ਕਰਤੇ ਦੀ ਕ੍ਰਿਤ ਸੰਬੰਧੀ ਕੁਝ ਕਹਿਣ ਦੀ ਮੇਰੇ ਵਿਚ ਤਾਂ ਸਮਰਥਾ ਨਹੀਂ, ਕਿਉਂਕਿ ਬਾਣੀ ਵਿਚ ਭੀ ਇਹੋ ਭਾਵ ਦਰਸਾਇਆ ਹੈ ਕਿ :

ਕਰਤੇ ਕੀ ਮਿਤਿ ਨ ਜਾਨੈ ਕੀਆ ॥
ਨਾਨਕ ਜੋ ਤਿਸੁ ਭਾਵੈ ਸੋ ਵਰਤੀਆ ॥੭॥

*(ਸੁਖਮਨੀ ਸਾਹਿਬ, ਪੰਨਾ ੨੮੫)*

ਧਨੁ ਧਰਣੀ ਧਰੁ ਆਪਿ ਅਜੋਨੀ
ਤੋਲਿ ਬੋਲਿ ਸਚੁ ਪੂਰਾ ॥
ਕਰਤੇ ਕੀ ਮਿਤਿ ਕਰਤਾ ਜਾਣੈ
ਕੈ ਜਾਣੈ ਗੁਰੁ ਸੂਰਾ ॥੩॥ *(ਰਾਮਕਲੀ ਮ: ੫, ਪੰਨਾ ੯੩੦)*

ਭਾਵ ਹੈ, ਉਸ ਕਰਤੇ ਦੀ ਮਰਯਾਦਾ ਨੂੰ ਉਸਦਾ ਪੈਦਾ ਕੀਤਾ ਹੋਇਆ ਇਹ ਜੀਵ ਕੁਝ ਭੀ ਨਹੀਂ ਜਾਣ ਸਕਦਾ, ਕਿਉਂਕਿ ਜਿਵੇਂ ਉਸ ਕਰਤੇ ਨੂੰ ਭਾਉਂਦਾ ਹੈ ਉਸੇ ਤਰ੍ਹਾਂ ਦਾ ਇਹ ਵਰਤਾਰਾ ਵਰਤ ਰਿਹਾ ਹੈ। ਪਰ, ਹਾਂ ਉਸ ਕਰਤੇ ਦੀ ਮਰਯਾਦਾ ਨੂੰ ਉਹ ਕਰਤਾ ਆਪ ਹੀ ਜਾਣਦਾ ਹੈ, ਜਾਂ ਉਸ ਕਰਤੇ ਦਾ ਸਰੂਪ ਗੁਰੂ ਸੂਰਮਾ ਜਾਣਦਾ ਹੈ, ਹੋਰ ਤਾਂ ਕਿਸੇ ਵਿਚ ਸਮਰੱਥਾ ਹੀ ਨਹੀਂ ਹੈ।

ਪਰ ਮੈਂ ਗੁਰਬਾਣੀ ਦੇ ਭਾਵਾਂ ਨੂੰ ਮੁਖ ਰੱਖ ਕੇ ਇਤਨੇ ਮਾਤ੍ਰ ਜ਼ਰੂਰ ਕਹਿ ਸਕਦਾ ਹਾਂ ਕਿ ਉਹ ਇਸ ਸ੍ਰਿਸ਼ਟੀ ਦਾ ਕਰਤਾ ਆਪ ਤਾਂ ਨਿਰ-ਅਕਾਰ, ਚੱਕ੍ਰ, ਚਿਹਨ, ਰੂਪ, ਰੰਗ ਤੋਂ ਰਹਿਤ ਹੈ, ਪਰ ਉਸਦੀ ਸ਼ਨਾਖ਼ਤ ਉਸ ਦੀ ਕਿਰਤ ਦੁਆਰੇ ਹੀ ਹੁੰਦੀ ਹੈ, ਜਿਵੇਂ ਕਿ ਗੁਰੂ ਫ਼ੁਰਮਾਨ ਹੈ:

ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ ॥੮॥

*(ਪੰਨਾ ੧੪੧)*

ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹੁ ॥

*(ਤਿਲੰਗ ਮ: ੫, ਪੰਨਾ ੭੨੪)*

ਕੁਦਰਤਿ ਹੈ ਕੀਮਤਿ ਨਹੀ ਪਾਇ ॥
ਜਾ ਕੀਮਤਿ ਪਾਇ ਤ ਕਹੀ ਨ ਜਾਇ ॥

*(ਸਲੋਕ ਮ: ੧, ਪੰਨਾ ੮੪)*

ਕੁਦਰਤਿ ਦਿਸੈ ਕੁਦਰਤਿ ਸੁਣੀਐ
ਕੁਦਰਤਿ ਭਉ ਸੁਖ ਸਾਰੁ ॥
ਕੁਦਰਤਿ ਪਾਤਾਲੀ ਆਕਾਸੀ
ਕੁਦਰਤਿ ਸਰਬ ਆਕਾਰੁ ॥........
ਕੁਦਰਤਿ ਜਾਤੀ ਜਿਨਸੀ ਰੰਗੀ
ਕੁਦਰਤਿ ਜੀਅ ਜਹਾਨ ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ
ਪਾਕੀ ਨਾਈ ਪਾਕੁ ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥੨॥

*(ਮ: ੧, ਪੰਨਾ ੪੬੪)*

ਸੋ, ਜਿਵੇਂ ਅਸੀਂ ਵੇਖਦੇ ਹਾਂ ਕਿ ਇਹ ਸਾਰੀ ਸ੍ਰਿਸ਼ਟੀ ਤੇ ਖੰਡ ਬ੍ਰਹਿਮੰਡ ਉਸੇ ਕਰਤੇ ਦੀ ਕ੍ਰਿਤ ਹੈ, ਉਸੇ ਤਰ੍ਹਾਂ ਨੀਵੀਆਂ ਸ਼੍ਰੇਣੀਆਂ ਵਿਚ ਭਗਤ ਪੈਦਾ ਕਰਕੇ ਭੀ ਉਨ੍ਹਾਂ ਨੂੰ ਉੱਚੀਆਂ ਪਦਵੀਆਂ 'ਤੇ ਬੈਠਾਉਣਾ ਉਸਦੀ ਇਕ ਸੁਭਾਵਕ ਕ੍ਰਿਤ ਹੈ, ਜਿਵੇਂ:

ਨੀਚਹ ਊਚ ਕਰੈ ਮੇਰਾ ਗੋਬਿੰਦੁ....... *(ਪੰਨਾ ੧੧੦੬)*

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥

*(ਪੰਨਾ ੧੫)*

ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ ॥

*(ਪੰਨਾ ੭੩੩)*

ਇਸੇ ਤਰ੍ਹਾਂ ਨੀਵੀਆਂ ਜਾਤਾਂ ਵਿਚੋਂ ਭੀ ਭਗਤਾਂ ਨੂੰ ਉੱਚੀਆਂ ਪਦਵੀਆਂ ਦੇਣ ਦੀ ਉਸ ਕਰਤੇ ਨੇ ਕਿਰਤ ਕੀਤੀ ਹੈ, ਜਿਵੇਂ ਕਿ ਹੋਰ ਭੀ ਕਈ ਨੀਵੀਆਂ ਸ਼ੈਆਂ ਵਿਚੋਂ ਉੱਤਮ ਵਸਤੂਆਂ ਪੈਦਾ ਕੀਤੀਆਂ ਹਨ, ਜਿਨ੍ਹਾਂ ਦਾ ਮੈਂ ਇਸ ਪਉੜੀ ਵਿਚ ਬਾਣੀ ਦੀ ਪ੍ਰੇਰਨਾ ਲੈ ਕੇ ਜ਼ਿਕਰ ਕੀਤਾ ਹੈ, ਜਿਵੇਂ ਕਿ:

(੧) (ਅਸੀਂ ਵੇਖਦੇ ਹਾਂ ਕਿ) ਡੇਮੂੰਆਂ ਦੀ ਖੱਖਰ ਵਿਚੋਂ ਮਿਸ਼ਰੀ ਤੇ ਮੱਖੀਆਂ ਦੇ ਮੇਲ ਤੋਂ ਸ਼ਹਿਦ ਪੈਦਾ ਹੁੰਦਾ ਹੈ।
(੨) ਰੇਸ਼ਮ ਦੇ ਕੱਪੜੇ ਕੀੜਿਆਂ ਤੋਂ ਬਣਦੇ ਹਨ ਤੇ ਸਣ ਨੂੰ ਕੁੱਟ ਕੁੱਟ ਕੇ ਕਾਗਜ਼ ਬਣਾਏ ਜਾਂਦੇ ਹਨ।
(੩) ਵੜੇਵਿਆਂ ਤੋਂ ਮਲਮਲ (ਆਦਿ ਸੁੰਦਰ ਕੱਪੜੇ ਬਣਦੇ ਹਨ) ਤੇ ਚਿੱਕੜ ਵਿਚੋਂ ਬੜਾ ਸੁੰਦਰ ਕੌਲ ਫੁੱਲ ਪੈਦਾ ਹੁੰਦਾ ਹੈ, ਜਿਸ 'ਤੇ ਭੌਰ ਲੁਭਾਇਮਾਨ ਹੁੰਦੇ ਹਨ।
(੪) ਕਾਲੇ ਸੱਪ ਦੇ ਸਿਰ ਵਿਚ ਮਣੀ ਹੁੰਦੀ ਹੈ ਤੇ ਪੱਥਰਾਂ ਵਿਚ ਹੀਰੇ ਤੇ ਮਾਣਕ ਚਮਕਦੇ ਹਨ।
(੫) ਕਸਤੂਰੀ ਹਰਨਾਂ ਦੀ ਨਾਭੀ ਵਿਚ ਹੁੰਦੀ ਹੈ ਤੇ ਲੋਹੇ ਦੀ ਤਲਵਾਰ ਬਣਾਈ ਜਾਂਦੀ ਹੈ।
(੬) ਬਿੱਲੀ ਦੀ ਮਿੱਝ ਤੋਂ ਮੁਸ਼ਕਬਿਲਾਈ ਬਣਾਈ ਜਾਂਦੀ ਹੈ, ਜੋ ਮਜਲਸਾਂ ਅੰਦਰ ਮਹਿਕਦੀ ਹੈ।
(੭) ਇਸੇ ਤਰ੍ਹਾਂ ਨੀਵੀਆਂ ਜਾਤਾਂ ਵਿਚ ਪੈਦਾ ਹੋਏ ਭਗਤਾਂ ਨੂੰ ਉੱਤਮ ਪਦਵੀ ਪਰਾਪਤ ਹੋਈ ਤੇ ਉਨ੍ਹਾਂ ਨੇ ਉੱਤਮ ਫਲ ਪ੍ਰਾਪਤ ਕਰ ਲਿਆ।੬।

***ਭਾਵਾਰਥ:*** ਇਹ ਨਾਮ ਸਿਮਰਨ ਦਾ ਹੀ ਸਦਕਾ ਹੋਇਆ ਹੈ ਕਿ ਭਗਤ ਜਨ ਨੀਚ ਜਾਤ ਹੋ ਕੇ ਭੀ ਅਜਿਹੇ ਉੱਚੇ ਪਦ ਨੂੰ ਪ੍ਰਾਪਤ ਕਰ ਗਏ ਕਿ ਅੱਜ ਤਕ ਭੀ ਉਨ੍ਹਾਂ ਦੇ ਉਚੇਰੇ ਜੀਵਨਾਂ ਦੀਆਂ ਕਥਾਵਾਂ ਗ੍ਰੰਥਾਂ ਵਿਚ ਚਲੀਆਂ ਆਉਂਦੀਆਂ ਹਨ ਅਤੇ ਅਗੇ ਲਈ ਸਦਾ ਹੀ ਚਲਦੀਆਂ ਰਹਿਣਗੀਆਂ।

## ੭. ਰਾਜਾ ਬਲ ਦਾ ਪ੍ਰਸੰਗ

੧. ਬਲਿ ਪੋੱਤਾ ਪ੍ਰਹਿਲਾਦ ਦਾ
ਇੰਦ੍ਰ ਪੁਰੀ ਦੀ ਇੱਛ ਇਛੰਦਾ।
੨. ਕਰ ਸੰਪੂਰਨ ਜੱਗ ਸਉ
ਇੱਕ ਇਕੋਤਰ ਜੱਗ ਕਰੰਦਾ।
੩. ਬਾਵਨ ਰੂਪੀ ਆਇਕੈ
ਗਰਬ ਨਿਵਾਰ ਭਗਤ ਉਧਰੰਦਾ।
੪. ਇੰਦ੍ਰਾਸਣ ਨੋਂ ਪਰਹਰੈ
ਜਾਇ ਪਤਾਲ ਸੁ ਹੁਕਮੀ ਬੰਦਾ।
੫. ਬਲ ਛਲ ਆਪ ਛਲਾਇਓਨੁ
ਦਰਵਾਜੇ ਦਰਵਾਣ ਹੋਵੰਦਾ।
੬. ਸ੍ਵਾਂਤਿ ਬੂੰਦ ਲੈ ਸਿੱਪ ਜਿਉ
ਮੋਤੀ ਟੁੱਭੀ ਮਾਰ ਸੁਹੰਦਾ।
੭. ਹੀਰੇ ਹੀਰਾ ਬੇਧ ਮਿਲੰਦਾ ॥੭॥

***ਪਦ ਅਰਥ :*** ਇਛੰਦਾ—ਚਾਹਵਾਨ ਸੀ, ਲੋੜਦਾ ਸੀ। ਇਕੋਤਰ—ਇਕ ਪਰ ਸੌ, ਇਕ ਸੌ ਇਕ। ਦਰਵਾਣ—ਪਹਿਰੇਦਾਰ। ਸੁਹੰਦਾ—ਸੁਭਾਇਮਾਨ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਬਲ ਰਾਜੇ ਦੀ ਸਨਾਤਨ ਪੁਸਤਕਾਂ ਵਿਚ ਕਥਾ ਤਾਂ ਸੁਣਦੇ ਆ ਰਹੇ ਹਾਂ, ਪਰ ਆਪ ਜੀ ਖੁਲਾਸੇ ਰੂਪ ਵਿਚ ਉਸਦਾ ਪ੍ਰਸੰਗ ਸੁਣਾਉਣ ਦੀ ਕ੍ਰਿਪਾ ਕਰੋ ?

(੧) ਉ: ਹੇ ਭਾਈਓ! (ਬਲ ਰਾਜੇ ਬਾਰੇ ਇਉਂ ਹੀ ਪ੍ਰਸੰਗ ਸੁਣਿਆ ਜਾਂਦਾ ਹੈ ਕਿ ਉਹ ਵਿਰੋਚਨ ਦਾ ਪੁੱਤਰ ਤੇ ਭਗਤ) ਪ੍ਰਹਿਲਾਦ ਦਾ ਪੋਤਰਾ ਰਾਜਾ ਬਲਿ ਇੰਦ੍ਰ ਪੁਰੀ ਦੇ ਰਾਜ ਦਾ ਚਾਹਵਾਨ ਸੀ।

(੨) ਉਸਨੇ ਇਸ ਰਾਜ ਦੀ ਪ੍ਰਾਪਤੀ ਲਈ ਇਕ ਸੌ ਜੱਗ ਸੰਪੂਰਨ ਕੀਤਾ ਅਤੇ ਇਕ ਹੋਰ ਜੱਗ ਕਰ ਰਿਹਾ ਸੀ।

(੩) (ਪ੍ਰਭੂ ਨੇ) ਬਾਵਨ ਰੂਪ ਵਿਚ ਆ ਕੇ ਉਸਦਾ ਹੰਕਾਰ ਦੂਰ ਕੀਤਾ ਤੇ ਆਪਣੇ ਭਗਤ (ਬਲ ਰਾਜਾ) ਦਾ ਉਧਾਰ ਕੀਤਾ।

(੪) ਬਲ ਰਾਜਾ ਨੇ ਇੰਦ੍ਰ ਪੁਰੀ ਦੇ ਰਾਜ ਦੀ ਇੱਛਾ ਛੱਡ ਦਿਤੀ ਤੇ ਹੁਕਮੀ ਬੰਦਾ ਬਣਕੇ ਪਤਾਲ ਪੁਰੀ ਵਿਚ ਚਲਿਆ ਗਿਆ।

(੫) ਪ੍ਰਭੂ ਬਾਵਨ ਰੂਪ ਹੋ ਕੇ ਰਾਜਾ ਬਲ ਨੂੰ ਛਲਨ ਆਇਆ ਸੀ, ਪਰ ਛਲਿਆ ਆਪ ਹੀ ਗਿਆ ਤੇ ਦਰਵਾਨ ਬਣ ਕੇ ਰਾਜੇ ਦੇ ਦਰ 'ਤੇ ਪਹਿਰੇਦਾਰ ਬਣ ਗਿਆ।

(੬) ਜਿਵੇਂ ਸਿੱਪ ਸ੍ਵਾਂਤ ਬੂੰਦ ਲੈ ਕੇ ਟੁੱਭੀ ਮਾਰ ਕੇ ਸੁੰਦਰ ਮੋਤੀ ਬਣ ਜਾਂਦਾ ਹੈ।

(੭) (ਇਸੇ ਤਰ੍ਹਾਂ ਬਲ ਰਾਜੇ ਦਾ ਮਨ) ਹੀਰੇ ਵਾਂਗੂੰ ਵਿੰਨ੍ਹਿਆ ਗਿਆ ਤੇ ਉਹ ਪ੍ਰਭੂ ਨਾਲ ਮਿਲ ਗਿਆ ॥੭॥

***ਭਾਵਾਰਥ :*** ਇਸ ਪਉੜੀ ਤੋਂ ਇਹੋ ਪ੍ਰਗਟ ਹੁੰਦਾ ਹੈ ਕਿ ਬਲ ਦਾ ਪ੍ਰਸੰਗ ਇਕ ਅਲੰਕਾਰ ਵਿਚ ਵਰਣਨ ਹੈ। ਪਰ ਅਸਲੀਅਤ ਕੁੱਛ ਹੋਰ ਹੈ, ਉਹ ਇਹ ਹੈ ਕਿ ਪ੍ਰਹਿਲਾਦ ਜੈਸੇ ਅਨਿੰਨ ਭਗਤ ਦੀ ਕੁਲ ਵਿਚ ਬਲਿ ਭਗਤ ਹੋ ਕੇ ਫੇਰ ਸੁਰਗ ਦਾ ਇੱਛਾਵਾਨ ਹੋਇਆ ਸੀ, ਸੱਚਾ ਭਗਤ ਕੇਵਲ ਰਜੋਗੁਣ ਅਧੀਨ ਹੋ ਕੇ ਸੁਰਗਾਂ ਦੀ ਖ਼ਾਤਰ ਆਪਣਾ ਬਲ ਬੁਧ ਗਵਾਉਣ ਲੱਗਾ। ਭਗਤ ਵਛਲ ਨੇ ਐਸੀ ਕ੍ਰਿਪਾ ਕੀਤੀ ਕਿ ਉਸਦਾ ਇਹ ਰਜੋਗੁਣੀ ਮਾਨ ਤੋੜ ਦਿਤਾ। ਇਕ ਨਿੱਕੇ ਮਾੜੇ ਜਿਹੇ ਸਰੂਪ ਪਾਸੋਂ ਉਪਦੇਸ਼ ਕਰਵਾਇਆ, ਜਿਸ ਨੇ ਉਸਨੂੰ ਸੁਰਗ ਦੀ ਤੁੱਛਤਾ ਵੈਰਾਟ ਸਰੂਪ ਦਾ ਉਪਦੇਸ਼ ਕਰਕੇ ਸਮਝਾ ਦਿੱਤੀ ਕਿ ਇੰਦ੍ਰ ਦਾ ਰਾਜ ਕੀ ਲੈਣਾ ਹੈ, ਤੂੰ ਭਗਵੰਤ ਦਾ ਰਾਜ ਲੈ ਜਿਸਦੇ ਤਿੰਨ ਲੋਕ ਢਾਈ ਕਰਮਾ ਭਰ ਭੀ ਨਹੀਂ, ਜਿਸਦਾ ਵੈਰਾਟ ਰੂਪ ਐਸਾ ਹੈ, ਜੇ ਸੱਚ ਮੁੱਚ ਸਰੂਪ ਦੇਖੋਂ ਤਾਂ ਕੈਸਾ ਅਨੰਦ ਹੋਵੇ ਜਿਸ ਨੂੰ ਬਿਆਨਿਆ ਨਹੀਂ ਜਾ ਸਕਦਾ। ਤਦ ਬਲਿ ਨੇ ਇਸਦਾ ਸਾਧਨ ਪੁਛਿਆ, ਉਹ ਸਾਧਨ ਰਜੋਗੁਣੀ ਜੱਗ ਨਹੀਂ ਸੀ, ਪਰ ਸਤੋਗੁਣੀ ਨਿਮਰਤਾ ਸੀ, ਪਤਾਲ ਦਾ ਭਾਵ ਆਪਾ-ਭਾਵ ਗਵਾ ਕੇ ਨਿੰਮ੍ਰੀਭੂਤ ਤੇ ਹਉਮੈ ਅਤੀਤ ਹੋਣ ਦਾ ਸੀ।

ਹੁਣ ਜਦ ਸੱਚੇ ਭਗਤ ਨੇ ਇਕ ਦਮ ਹਉਮੈ ਛੱਡੀ ਤਦ ਪ੍ਰਾਪਤੀ ਤੋਂ ਅੰਸ ਮਾਤ੍ਰ ਪਹਿਲੇ ਹਉਮੈਂ ਦੀ ਟੋਟ ਹੋਇਆ ਕਰਦੀ ਹੈ, ਉਸ ਟੋਟ ਵਿਚ ਸਭ ਕੁਝ ਨਾਸਵਾਨ ਹੋ ਪ੍ਰਤੱਖ ਭਾਸਦਾ ਹੈ, ਉਸ ਨਿਮਾਣੀ ਦਸ਼ਾ ਵਿਚ ਭਗਤ ਨੇ ਕਿਹਾ, ਮੇਰਾ ਕੌਣ ਹੈ ? ਤਾਂ ਆਗਿਆ ਹੋਈ ਕਿ ਤੇਰਾ ਰਾਖਾ ਆਪ ਪਰਮੇਸ਼ਰ ਹੈ ਇਹ ਦਰਵਾਨੀ ਕੀਤੀ। ਅੰਤ ਭਗਤ ਹੀਰੇ ਨਾਲ ਹੀਰੇ ਵਾਂਗੂੰ ਵਿੱਝ ਕੇ ਪਰਮ ਪਦ ਨੂੰ ਜਾ ਪਹੁੰਚਾ।

ਇਹ ਅਲੰਕਾਰ ਦੇ ਪੁਸ਼ਾਕੇ ਹੇਠ ਅਸਲ ਸਰੀਰ ਸੀ, ਜੋ ਭਾਈ ਜੀ ਨੇ ਖੋਜ ਕੇ ਦੱਸਿਆ ਹੈ।

## ੮. ਕੀੜੀ ਦੀ ਨਿਆਈਂ ਗੁਰਮੁਖਾਂ ਦੀ ਨਿਮਰਤਾ

੧. ਨੀਚਹੁੰ ਨੀਚ ਸਦਾਵਣਾ
ਕੀੜੀ ਹੋਇ ਨ ਆਪ ਗਣਾਏ।
੨. ਗੁਰਮੁਖ ਮਾਰਗ ਚੱਲਣਾ
ਇੱਕਤ ਖੁੱਡ ਸਹੰਸ ਸਮਾਏ।
੩. ਘਿਉ ਸ਼ੱਕਰ ਦੀ ਵਾਸ ਲੈ
ਜਿੱਥੈ ਧਰੀ ਤਿਥੈ ਚਲ ਜਾਏ।
੪. ਭੁੱਲੇ ਖੰਡ ਜੁ ਰੇਤ ਵਿਚ
ਖੰਡੂ ਦਾਣਾ ਚੁਣ ਚੁਣ ਖਾਏ।
੫. ਭ੍ਰਿੰਗੀ ਦੇ ਭੈ ਜਾਇ ਮਰ
ਹੋਵੈ ਭ੍ਰਿੰਗੀ ਮਾਰ ਜੀਵਾਏ।
੬. ਅੰਡਾ ਕਛੂ ਕੂੰਜ ਦਾ
ਆਸਾ ਵਿੱਚ ਨਿਰਾਸ ਵਲਾਏ।
੭. ਗੁਰਮੁਖ ਗੁਰਸਿਖ ਸੁਖ ਫਲ ਪਾਏ ॥੮॥

***ਪਦ ਅਰਥ :*** ਖੁੱਡ—ਖੁਡ, ਛੇਕ। ਸਹੰਸ—ਹਜ਼ਾਰ। ਵਾਸ—ਵਾਸ਼ਨਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜਦੋਂ ਅਸੀਂ ਆਮ ਲੋਕਾਈ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਵਧੇਰੇ ਉਹ ਲੋਕ ਭੀ ਵੇਖਣ ਵਿਚ ਆਉਂਦੇ ਹਨ, ਜਿਨ੍ਹਾਂ ਦੇ ਸਰੀਰਾਂ ਉਤੇ ਗੁਰਮੁਖਤਾਈ ਦਾ ਪਹਿਰਾਵਾ ਪਹਿਨਿਆ ਹੋਇਆ ਹੈ ਅਤੇ ਜਦੋਂ ਉਨ੍ਹਾਂ ਦੇ ਨੇੜੇ ਹੋ ਉਨ੍ਹਾਂ ਨਾਲ ਗੱਲਬਾਤ ਕਰਨ ਦਾ ਸਮਾਂ ਮਿਲਦਾ ਹੈ ਤਾਂ ਉਹ ਪਿਆਰ ਭਰੀਆਂ ਗੱਲਾਂ ਸੁਣਾ ਕੇ ਆਪਣੇ ਆਪ ਨੂੰ ਗੁਰਮੁਖਾਂ ਦੇ ਮਾਰਗ ਪਰ ਚਲਦੇ ਰਹਿਣ ਦਾ ਦਾਅਵਾ ਭੀ ਕਰਦੇ ਹਨ ਪਰ ਸਾਨੂੰ ਵਧੇਰੇ ਗੁਰਮਤ ਦੀ ਜਾਣਕਾਰੀ ਨ ਹੋਣ ਦੇ ਕਾਰਨ ਉਨ੍ਹਾਂ ਦੀਆਂ ਮਿਠੀਆਂ ਮਿਠੀਆਂ ਦਾਅਵੇਦਾਰ ਗੱਲਾਂ ਸੁਣਕੇ ਭਰਮ ਭੁਲੇਖਾ ਭੀ ਹੋ ਆਉਂਦਾ ਹੈ ਕਿ ਹੋ ਸਕਦਾ ਹੈ ਇਹ ਠੀਕ ਹੀ ਹੋਣਗੇ, ਪਰ ਆਪ ਜੀ ਨੂੰ ਤਾਂ ਗੁਰਮਤ ਦੀ ਖੋਜ ਕਰਦੇ ਹੋਇਆਂ ਜੀਵਨ ਦਾ ਬਹੁਤ ਸਮਾਂ ਗੁਜ਼ਰ ਗਿਆ ਹੈ, ਇਸ ਲਈ ਸਾਨੂੰ ਭੀ ਜਾਣਕਾਰੀ ਦਿਓ ਕਿ ਗੁਰਮੁਖੀ ਮਾਰਗ ਪਰ ਚਲਣ ਵਾਲਿਆਂ ਦੀ ਸਹੀ ਪਛਾਣ ਕੀ ਹੈ, ਤਾਂ ਕਿ ਅਸੀਂ ਭੁਲੇਖੇ ਤੋਂ ਬਚਾਅ ਕਰ ਸਕੀਏ?

**ਉ:** ਹੇ ਭਾਈਓ! ਇਹ ਠੀਕ ਹੈ ਕਿ ਮੇਰੀ ਤਾਂ ਵਧੇਰੇ ਦੂਰ-ਦਰਸ਼ੀ ਦ੍ਰਿਸ਼ਟੀ ਨਹੀਂ, ਪਰ ਮੈਨੂੰ ਜੋ ਗੁਰਮਤ ਦੀ ਪੜਚੋਲ ਕਰਦਿਆਂ ਕੁਝ ਸੋਝੀ ਮਿਲ ਸਕੀ ਹੈ, ਉਸਦੇ ਅਧਾਰਤ ਹੋ ਮੈਂ ਕੁਝ ਥੋੜੇ ਮਾਤ੍ਰ ਕਹਿ ਸਕਦਾ ਹਾਂ ਕਿ ਕਿਸੇ ਦੇ ਬਾਹਰਲੇ ਪਹਿਰਾਵੇ ਨੂੰ ਵੇਖ ਕੇ ਭੁਲੇਖਾ ਨਹੀਂ ਖਾ ਜਾਣਾ ਚਾਹੀਦਾ, ਕਿਉਂਕਿ ਇਸ ਭਾਵ ਨੂੰ ਬਾਣੀ ਵਿਚ ਦਰਸਾਇਆ ਹੈ, ਜਿਵੇਂ ਕਿ :

ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ ॥
ਅਢੁ ਨ ਲਹੰਦੜੋ ਮੁਲੁ ਨਾਨਕ
ਸਾਥਿ ਨ ਜੁਲਈ ਮਾਇਆ ॥੨॥ *(ਸਲੋਕ, ਪੰਨਾ ੧੦੮)*

ਭਾਵ ਹੈ ਕਿ ਹੇ ਭੋਲਿਆ! ਜੋ ਬਾਹਰੋਂ ਖ਼ਰਬੂਜ਼ੇ ਦੀ ਸ਼ਕਲ ਦਾ ਸੋਹਣਾ ਤੁੰਮਾ ਨਜ਼ਰ ਆਉਂਦਾ ਹੈ, ਕੇਵਲ ਇਸਨੂੰ ਵੇਖ ਕੇ ਹੀ ਨ ਭੁੱਲ ਜਾਈਂ, ਕਿਉਂਕਿ ਇਹ ਵੇਖਣ ਮਾਤ੍ਰ ਹੀ ਚਮਕੀਲਾ ਨਜ਼ਰ ਆਉਂਦਾ ਹੈ, ਪਰ ਜਦੋਂ ਇਸਦੀ ਰੰਚਕ-ਮਾਤ੍ਰ ਹੀ ਅੰਦਰੋਂ ਫਾੜੀ ਲੈ ਕੇ ਜ਼ੁਬਾਨ 'ਤੇ ਰੱਖੀ ਤਾਂ ਉਹ ਅੱਧੀ ਕੌਡੀ ਦੀ ਕੀਮਤ ਦਾ ਭੀ ਨਹੀਂ ਦਿੱਸ ਆਵੇਗਾ। ਇਸੇ ਤਰ੍ਹਾਂ ਜੋ ਅਸਲੀਅਤ ਤੋਂ ਭੁੱਲਿਆ ਹੋਇਆ ਆਪਣੇ ਸਰੀਰ ਪਰ ਕੇਵਲ ਗੁਰਮੁਖਤਾਈ ਦਾ ਹੀ ਪਹਿਰਾਵਾ ਧਾਰਨ ਵਾਲਾ ਹੈ ਉਸਨੂੰ ਭੀ ਕੌੜੇ ਤੁੰਮੇ ਦੀ ਤਰ੍ਹਾਂ ਹੀ ਸਮਝ ਲੈਣਾ ਚਾਹੀਦਾ ਹੈ, ਕਿਉਂਕਿ ਸਚਾਈ ਪਸੰਦ ਗੁਰਮੁਖ ਤਾਂ ਆਪਣੇ ਸਰੀਰ ਦੇ ਪਹਿਰਾਵੇ ਨੂੰ ਵਿਖਾਵੇ ਲਈ ਨਹੀਂ ਬਦਲਦਾ ਉਹ ਤਾਂ ਆਪਣੇ ਸਰੀਰ ਦੇ ਲਿਬਾਸ ਨੂੰ ਸਾਦਗੀ ਵਿਚ ਰੱਖਣਾ ਹੀ ਪਸੰਦਾ ਕਰਦਾ ਹੈ, ਕਿਉਂਕਿ ਉਸਨੂੰ ਇਹ ਸੂਝ ਹੈ ਕਿ ਸਰੀਰ ਪਰ ਪਹਿਰੇ ਹੋਏ ਭੜਕੀਲੇ ਤੇ ਚਮਕੀਲੇ ਪਹਿਰਾਵੇ ਦਾ ਭੀ ਮਨ 'ਤੇ ਅਸਰ ਹੋਇਆ ਕਰਦਾ ਹੈ, ਇਸ ਲਈ ਉਹ ਹਰ ਪੱਖੋਂ ਸਾਦਗੀ ਨੂੰ ਹੀ ਪਸੰਦ ਕਰਦਾ ਹੈ।

ਦੂਸਰਾ ਇਹ ਖ਼ਿਆਲ ਭੀ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਕਿ ਜੋ ਮਨੁੱਖ ਆਪਣੇ ਆਪ ਨੂੰ ਗੁਰਮੁਖ ਕਹਿਣ ਦਾ ਦਾਅਵਾ ਕਰਦਾ ਹੈ ਉਸਦਾ ਗੁਰਮੁਖ ਹੋਣਾ ਤਾਂ ਬਹੁਤ ਦੂਰ ਦੀ ਗੱਲ ਹੈ ਉਹ ਤਾਂ ਅਜੇ ਗੁਰਮੁਖ ਮਾਰਗ ਦੇ ਨੇੜੇ ਭੀ ਨਹੀਂ ਆਇਆ, ਗੁਰਮੁਖਤਾਈ ਦਾ ਮਾਰਗ ਤਾਂ ਮਨੁੱਖ ਦੇ ਅੰਤਸ਼ ਕਰਨ ਵਿਚੋਂ ਹਰ ਤਰ੍ਹਾਂ ਦਾ ਦਾਅਵਾ ਦੂਰ ਕਰਦਾ ਹੈ, ਕਿਉਂਕਿ ਉਸ

ਨੂੰ ਬੋਧ ਹੋ ਆਉਂਦਾ ਹੈ ਕਿ ਮਨੁੱਖ ਦੇ ਅੰਦਰ ਕਿਸੇ ਤਰ੍ਹਾਂ ਦਾ ਵੀ ਦਾਅਵਾ ਹੋਵੇ ਉਹ ਅੰਤਰ-ਆਤਮੇ ਹਮੇਸ਼ਾਂ ਹੀ ਮਨੁੱਖ ਦੇ ਅੰਦਰ ਜਲਨ ਤੇ ਸੜਨਤਾਈ ਨੂੰ ਹੀ ਜਨਮ ਦੇਂਦਾ ਹੈ। ਇਸ ਬਾਰੇ ਬਾਣੀ ਵਿਚ ਫ਼ੁਰਮਾਨ ਆਇਆ ਹੈ :

ਕਬੀਰ ਦਾਵੈ ਦਾਝਨੁ ਹੋਤੁ ਹੈ ਨਿਰਦਾਵੈ ਰਹੈ ਨਿਸੰਕ ॥
ਜੋ ਜਨੁ ਨਿਰਦਾਵੈ ਰਹੇ ਸੋ ਗਨੈ ਇੰਦ੍ਰ ਸੋ ਰੰਕ ॥੧੬੯॥
*(ਸਲੋਕ ਕਬੀਰ ਜੀ, ਪੰਨਾ ੧੩੭੩)*

ਇਸ ਲਈ ਗੁਰਮਤ ਅਨੁਸਾਰ ਗੁਰਮੁਖੀ ਮਾਰਗ 'ਤੇ ਚੱਲਣ ਵਾਲਾ ਗੁਰਮੁਖ ਦੈਵੀ ਗੁਣਾਂ ਦਾ ਭੰਡਾਰ ਹੁੰਦਿਆਂ ਹੋਇਆਂ ਭੀ ਆਪਣੇ ਆਪ ਨੂੰ ਕਦੀ ਪ੍ਰਗਟ ਕਰਨ ਦਾ ਆਦੀ ਨਹੀਂ ਹੋਇਆ ਕਰਦਾ, ਉਹ ਤਾਂ ਆਪਣੇ ਆਪ ਨੂੰ ਸਭਨਾਂ ਤੋਂ ਨੀਵਾਂ ਅਨੁਭਵ ਕਰਦਾ ਹੈ ਤੇ ਉਸਦੀਆਂ ਭਾਵਨਾਵਾਂ ਸਦਾ ਇਉਂ ਹੀ ਹੋਇਆ ਕਰਦੀਆਂ ਹਨ ਕਿ :

ਹਮ ਨਹੀ ਚੰਗੇ ਬੁਰਾ ਨਹੀ ਕੋਇ ॥
ਪ੍ਰਣਵਤਿ ਨਾਨਕੁ ਤਾਰੇ ਸੋਇ ॥੪॥੧॥੨॥
*(ਸੂਹੀ ਮ: ੧, ਪੰਨਾ ੭੨੮)*

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥
ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥੭॥
*(ਸਲੋਕ ਕਬੀਰ ਜੀ, ਪੰਨਾ ੧੩੬੪)*

ਸੋ, ਬਾਣੀ ਦੁਆਰਾ ਇਹੋ ਬੋਧ ਮਿਲਦਾ ਹੈ ਕਿ ਜਿਤਨਾ ਚਿਰ ਕਿਸੇ ਦੇ ਅੰਦਰੋਂ ਹਉਮੈ ਨਹੀਂ ਮਿਟ ਜਾਂਦੀ ਉਹ ਮਨੁੱਖ ਗੁਰਮੁਖੀ ਮਾਰਗ ਪਰ ਚਲਣ ਦਾ ਅਧਿਕਾਰੀ ਨਹੀਂ ਹੈ, ਕਿਉਂਕਿ ਬਾਣੀ ਦਾ ਇਹੋ ਫ਼ੁਰਮਾਨ ਹੈ ਕਿ :

ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ
ਤਾ ਮਨੁ ਬਿਰਥਾ ਜਾਇ ॥੧॥
*(ਵਡਹੰਸੁ ਮਹਲਾ ੩, ਪੰਨਾ ੫੬੦)*

ਭਾਵ ਹੈ ਹਉਮੈ ਤੇ ਨਾਮ ਪ੍ਰਸਪਰ ਦੋਵੇਂ ਵਿਰੋਧੀ ਪਦਾਰਥ ਹਨ, ਇਹ ਇਕੋ ਵਕਤ ਹੀ ਇਕ ਹਿਰਦੇ ਅੰਦਰ ਨਹੀਂ ਠਹਿਰ ਸਕਦੇ, ਜਿਵੇਂ ਕਿ ਅੰਧੇਰਾ ਅਤੇ ਪ੍ਰਕਾਸ਼ ਇਕ ਮਕਾਨ ਵਿਚ ਨਹੀਂ ਟਿਕ ਸਕਦੇ। ਇਸ ਭਾਵ ਨੂੰ ਸਿੱਧ ਕਰਨ ਲਈ ਗੁਰੂ ਗ੍ਰੰਥ ਸਾਹਿਬ ਜੀ ਨੇ ਸਾਨੂੰ ਇਕ ਹੋਰ ਉਦਾਹਰਣ ਰਾਹੀਂ ਸਮਝਾਇਆ ਹੈ :

ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥
*(ਮ: ੨, ਪੰਨਾ ੪੭੪)*

ਭਾਵ ਹੈ ਕਿ ਕਿਸੇ ਭਾਂਡੇ ਵਿਚ ਪਈ ਪਹਿਲੀ ਵਸਤੂ ਨੂੰ ਪਾਸੇ ਕੀਤਾ ਜਾਵੇ ਦੂਸਰੀ ਸ਼ੈਅ ਤਦੋਂ ਹੀ ਉਸ ਵਿਚ ਟਿਕਾਈ ਜਾ ਸਕਦੀ ਹੈ। ਇਸੇ ਤਰ੍ਹਾਂ ਜਿਤਨਾ ਚਿਰ ਕਿਸੇ ਦੇ ਹਿਰਦੇ ਵਿਚ ਹਉਮੈ ਹੰਕਾਰ ਵੱਸਦਾ ਹੈ ਉਤਨਾ ਚਿਰ ਉਹ ਗੁਰਮੁਖਾਂ ਦੇ ਮਾਰਗ ਪਰ ਸਫ਼ਰ ਨਹੀਂ ਕਰ ਸਕਦਾ, ਗੁਰਮੁਖੀ ਮਾਰਗ ਅਪਨਾਉਣ ਤੋਂ ਬਿਨਾਂ ਮਨੁੱਖ ਨੂੰ ਨਾਮ ਪਦਾਰਥ ਦੀ ਪ੍ਰਾਪਤੀ ਨਹੀਂ ਹੋ ਸਕਦੀ, ਇਸ ਲਈ ਗੁਰਮੁਖਾਂ ਦੇ ਮਾਰਗ ਪਰ ਚੱਲਣ ਲਈ ਨਿਮਰਤਾ, ਨਿਰਮਾਣਤਾ, ਗ਼ਰੀਬੀ ਆਦਿ ਗੁਣਾਂ ਦਾ ਧਾਰਨੀ ਹੋਣਾ ਅਤਿ ਜ਼ਰੂਰੀ ਹੈ, ਇਨ੍ਹਾਂ ਗੁਰਮਤ ਦੇ ਪ੍ਰਮਾਣਾਂ ਦੀ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ, ਜਿਸ ਵਿਚ ਪ੍ਰਤੱਖ ਵਰਤੋਂ ਵਿਚ ਆਉਣ ਵਾਲੇ ਉਦਾਹਰਣ ਅੰਕਤ ਕੀਤੇ ਹਨ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਗੁਰਮੁਖ) ਕੀੜੀ ਵਾਂਗੂ ਆਪਣੇ ਆਪ ਨੂੰ ਨੀਵਾਂ ਸਦਾਉਂਦੇ ਹਨ ਤੇ ਆਪਣਾ ਆਪ ਜਣਾਉਂਦੇ ਨਹੀਂ।

(੨) ਗੁਰਮੁਖਾਂ ਦੇ ਮਾਰਗ 'ਤੇ ਚਲਣਾ ਇਸੇ ਤਰ੍ਹਾਂ ਦਾ ਹੈ ਜਿਵੇਂ ਕੀੜੀਆਂ ਇਕ ਖੁੱਡ ਵਿਚ ਹਜ਼ਾਰਾਂ ਹੀ ਸਮਾਈਆਂ ਰਹਿੰਦੀਆਂ ਹਨ (ਭਾਵ ਗੁਰਮੁਖ ਪਿਆਰ ਨਾਲ ਰਹਿਣ)।

(੩) ਕੀੜੀ ਘਿਉ ਸ਼ਕਰ ਦੀ ਵਾਸ਼ਨਾ ਲੈ ਕੇ ਜਿਥੇ ਕੋਈ ਚੀਜ਼ ਧਰੀ ਹੋਵੇ, ਉਥੇ ਪਹੁੰਚ ਜਾਂਦੀ ਹੈ, ਇਸੇ ਤਰ੍ਹਾਂ ਗੁਰਮੁਖ ਸਾਧ ਸੰਗਤ ਦੀ ਖ਼ਬਰ ਮਿਲਦਿਆਂ ਹੀ ਉਸੇ ਥਾਂ ਪਹੁੰਚ ਜਾਂਦੇ ਹਨ।

(੪) ਜਿਵੇਂ ਖੰਡ ਰੇਤ ਵਿਚ ਡੁਲ੍ਹੀ ਹੋਵੇ ਤਾਂ ਕੀੜੀ ਉਥੋਂ ਖੰਡ ਚੁਣ ਲੈਂਦੀ ਹੈ, ਇਸੇ ਤਰ੍ਹਾਂ ਗੁਰਮੁਖ ਅਉਗੁਣਾਂ ਵਿਚੋਂ ਭੀ ਗੁਣ ਲੈ ਲੈਂਦੇ ਹਨ।

(੫) ਜਿਵੇਂ ਕੀੜੀ ਭ੍ਰਿੰਗੀ ਦੇ ਡਰ ਕਰਕੇ ਮਰ ਜਾਂਦੀ ਹੈ ਤੇ ਫਿਰ ਭ੍ਰਿੰਗੀ ਦਾ ਰੂਪ ਹੀ ਹੋ ਜਾਂਦੀ ਹੈ, ਇਸੇ ਤਰ੍ਹਾਂ ਗੁਰਮੁਖ ਜੀਵਤ-ਭਾਵ ਤੋਂ ਮਰ ਕੇ ਫਿਰ ਉਹ ਗੁਰਮੁਖਤਾਈ ਵਿਚ ਜੀਉਂਦੇ ਹਨ।

(੬) ਫਿਰ ਉਹ ਕਛੂ ਤੇ ਕੂੰਜ ਦੇ ਬੱਚੇ ਵਾਂਗੂੰ ਆਸਾ ਵਿਚ ਨਿਰਾਸ ਹੋ ਕੇ ਰਹਿੰਦੇ ਹਨ।

(੭) ਗੁਰਮੁਖ ਗੁਰੂ ਦੀ ਸਿਖਿਆ ਲੈ ਕੇ ਸੁਖ ਫਲ ਦੀ ਪ੍ਰਾਪਤੀ ਕਰਦੇ ਹਨ।੮।

# ੯. ਨਿੱਕਿਆਂ ਦੇ ਲੋਕ ਪ੍ਰਸਿੱਧ ਪ੍ਰਸੰਗ

੧. ਸੁਰਜ ਪਾਸ ਬਿਆਸ ਜਾਇ
ਹੋਇ ਭੁਣਹਣਾ ਕੰਨ ਸਮਾਣਾ।
੨. ਪੜ੍ਹ ਵਿਦਯਾ ਘਰ ਆਇਆ
ਗੁਰਮੁਖ ਬਾਲਮੀਕ ਮਨਿ ਭਾਣਾ।
੩. ਆਦਿ ਬਿਆਸ ਵਖਾਣੀਐ
ਕਥ ਕਥ ਸ਼ਾਸਤ੍ਰ ਵੇਦ ਪੁਰਾਣਾ।
੪. ਨਾਰਦ ਮੁਨਿ ਉਪਦੇਸ਼ਿਆ
ਭਗਤ ਭਾਗਵਤ ਪੜ੍ਹ ਪਤਿਆਣਾ।
੫. ਚੌਦਹ ਵਿਦਿਆ ਸੋਧ ਕੇ
ਪਰਉਪਕਾਰ ਅਕਾਰ ਸੁਖਾਣਾ।
੬. ਪਰਉਪਕਾਰੀ ਸਾਧ ਸੰਗ
ਪਤਿਤ ਉਧਾਰਣ ਬਿਰਦ ਵਖਾਣਾ।
੭. ਗੁਰਮੁਖ ਸੁਖ ਫਲ ਪਤਿ ਪਰਵਾਣਾ ॥੯॥

***ਪਦ ਅਰਥ :*** ਭੁਣਹਣਾ—ਪਰਾਂ ਵਾਲਾ ਨਿੱਕਾ ਕੀੜਾ। ਪਤਿਆਣਾ—ਪਤੀਜਿਆ। ਸੁਖਾਣਾ—ਸੁਖ ਪ੍ਰਾਪਤ ਕੀਤਾ। ਪਤਿ ਪਰਵਾਣਾ—ਪਤ ਪ੍ਰਵਾਨ ਹੋਈ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਹਰ ਸਿਆਣਾ ਬੰਦਾ ਇਹੋ ਆਪਣੇ ਵੀਚਾਰ ਪ੍ਰਗਟ ਕਰਦਾ ਹੈ ਕਿ ਹਰ ਮਨੁੱਖ ਨੂੰ ਵੱਧ ਤੋਂ ਵੱਧ ਵਿਦਿਆ ਪੜ੍ਹਦੇ ਰਹਿਣ ਦਾ ਉੱਦਮ ਕਰਦੇ ਰਹਿਣਾ ਚਾਹੀਦਾ ਹੈ, ਕਿਉਂਕਿ ਵਿਦਿਆ ਤੋਂ ਸੱਖਣੇ ਮਨੁੱਖ ਨੂੰ ਸਿਆਣੇ ਲੋਕ ਪਸੂ ਦੀ ਤੁਲਨਾ ਦੇਂਦੇ ਹਨ। ਇਹ ਵੀਚਾਰ ਮੰਨਣੇ ਜੋਗ ਭੀ ਹਨ, ਪਰ ਵਧੇਰੇ ਲੋਕ ਅਜਿਹੇ ਭੀ ਪੜ੍ਹੇ ਹੋਏ ਵੇਖਣ ਵਿਚ ਆਉਂਦੇ ਹਨ ਜਿਨ੍ਹਾਂ ਨੇ ਦੇਰ ਕਾਲ ਵਿਦਿਆ ਪੜ੍ਹ ਕੇ ਭੀ ਆਪਣੇ ਜੀਵਨ ਵਿਚ ਕੋਈ ਬਦਲ ਨਹੀਂ ਲਿਆਂਦੀ। ਉਨ੍ਹਾਂ ਦੀ ਅਤੇ ਅਨਪੜ੍ਹਾਂ ਦੀ ਜੀਵਨ ਸ਼ੈਲੀ ਵਿਚ ਕੋਈ ਅੰਤਰਾ ਨਹੀਂ ਦਿਸਦਾ। ਕਿਉਂ ਜੀ, ਦਸੋਗੇ ਕਿ ਅਜਿਹੇ ਪੜ੍ਹੇ ਹੋਏ ਲੋਕਾਂ ਬਾਰੇ ਤੁਹਾਡੇ ਆਪਣੇ ਕੀ ਵੀਚਾਰ ਹਨ ?

***ਭਾਵਾਰਥ :*** ਭਾਈ ਸਾਹਿਬ ਨੇ ਇਸ ਉਪ੍ਰੋਕਤ ਪਹਿਲੀ ਪਉੜੀ ਦੀ ਪਹਿਲੀ ਸਤਰ ਅੰਦਰ ਗੁਰਮੁਖੀ ਮਾਰਗ 'ਤੇ ਸਫ਼ਰ ਕਰਨ ਵਾਲੇ ਪਾਂਧੀਆਂ ਨੂੰ ਪ੍ਰੇਰਨਾ ਦਿੱਤੀ ਹੈ ਕਿ ਉਹ ਕੀੜੀ ਦੇ ਸੁਭਾਉ ਦੇ ਧਾਰਨੀ ਹੋਣ, ਜਿਵੇਂ ਕੀੜੀ ਆਪਣੇ ਆਪ ਨੂੰ ਨੀਵਾਂ ਹੀ ਸਦਵਾਉਂਦੀ ਹੈ, ਉਸ ਨੇ ਕਦੇ ਆਪਾ ਨਹੀਂ ਜਣਾਇਆ ਅਤੇ ਉਹ ਹਜ਼ਾਰਾਂ ਦੀ ਗਿਣਤੀ ਵਿਚ ਹੁੰਦੀਆਂ ਹੋਈਆਂ ਭੀ ਇਕੋ ਖੁੱਡ ਵਿਚ ਸਮਾਈ ਕਰਦੀਆਂ ਹਨ, ਭਾਵ ਪ੍ਰੇਮ ਪਿਆਰ ਨਾਲ ਨਿਰਵੈਰਤਾ ਵਿਚ ਰਹਿੰਦੀਆਂ ਹਨ।

ਦੂਸਰਾ ਗੁਰਮੁਖਾਂ ਦੇ ਮਾਰਗ ਪਰ ਚੱਲਣ ਵਾਲੇ ਪਾਂਧੀ ਨੂੰ ਕੀੜੀ ਵਾਂਗ ਰੱਬ ਦਾ ਢੂੰਢਾਊ ਹੋਣਾ ਚਾਹੀਦਾ ਹੈ, ਕਿਉਂਕਿ ਅਸੀਂ ਵੇਖਦੇ ਹਾਂ ਕਿ ਜੇ ਕਦੀ ਖੰਡ ਰੇਤ ਵਿਚ ਡੁਲ੍ਹੀ ਹੋਵੇ ਤਾਂ ਕੀੜੀ ਰੇਤ ਦਾ ਤਿਆਗ ਕਰਕੇ ਖੰਡ ਦੇ ਦਾਣਿਆਂ ਨੂੰ ਚੁਣ ਚੁਣ ਕੇ ਖਾਂਦੀ ਹੈ, ਭਾਵ ਉਸਦੀ ਸਾਰ ਗ੍ਰਾਹੀ ਬਿਰਤੀ ਹੈ, ਇਸੇ ਤਰ੍ਹਾਂ ਗੁਰਮਤ ਦੇ ਮਾਰਗੀ ਨੂੰ ਭੀ ਸੱਚ ਦਾ ਢੂੰਢਾਊ ਹੋਣਾ ਚਾਹੀਦਾ ਹੈ, ਇਸ ਭਾਵ ਨੂੰ ਕਬੀਰ ਜੀ ਨੇ ਸਲੋਕ ਵਿਚ ਦਰਸਾਇਆ ਹੈ :

ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ
ਹਾਥੀ ਚੁਨੀ ਨ ਜਾਇ॥
ਕਹਿ ਕਬੀਰ ਗੁਰਿ ਭਲੀ ਬੁਝਾਈ
ਕੀਟੀ ਹੋਇ ਕੈ ਖਾਇ॥੨੩੮॥

*(ਸਲੋਕ ਕਬੀਰ ਜੀ, ਪੰਨਾ ੧੩੭੭)*

ਭਾਵ ਹੈ ਰੇਤ ਵਿਚ ਬਿਖਰੀ ਹੋਈ ਖੰਡ ਨੂੰ ਕੇਵਲ ਕੀੜੀ ਹੀ ਚੁਣ ਸਕਦੀ ਹੈ, ਹਾਥੀ ਹੰਕਾਰੀ ਸੱਖਣਾ ਹੀ ਰਹਿ ਜਾਂਦਾ ਹੈ। ਇਸੇ ਤਰ੍ਹਾਂ ਹਰੀ ਪਰਮੇਸ਼ਰ ਭੀ ਖੰਡ ਦੇ ਕਿਣਕਿਆਂ ਵਾਂਗ ਅਤਿਅੰਤ ਸੂਖਮ ਤੋਂ ਭੀ ਸੂਖਮ ਹੈ, ਜੋ ਇਸ ਸੰਸਾਰ-ਰੂਪੀ ਰੇਤ ਦੇ ਟਿੱਬਿਆਂ ਵਿਚ ਖਿਲਰਿਆ ਹੋਇਆ ਹੈ ਭਾਵ ਹਰ ਜ਼ੱਰਰੇ ਜ਼ੱਰਰੇ ਵਿਚ ਰਮਿਆ ਹੋਇਆ ਹੈ ਇਸਨੂੰ ਹਾਥੀ ਦੀ ਨਿਆਈਂ ਹੰਕਾਰ ਭਰੀ ਬ੍ਰਿਤੀ ਵਾਲਾ ਹੰਕਾਰੀ ਪ੍ਰਾਪਤ ਨਹੀਂ ਕਰ ਸਕਦਾ, ਕੇਵਲ ਕੀੜੀ ਦੀ ਤਰ੍ਹਾਂ ਨਿਮਰਤਾ ਧਾਰ ਕੇ ਇਸ ਮਾਰਗ 'ਤੇ ਸਫ਼ਰ ਕਰਨ ਵਾਲਾ ਪਾਂਧੀ ਗੁਰਮੁਖ ਹੀ ਇਸ ਮਾਰਗ 'ਤੇ ਚਲ ਸਕਦਾ ਹੈ। ਪਰ ਇਸ ਭਗਤੀ ਮਾਰਗ ਪਰ ਚਲਦੇ ਰਹਿਣ ਦੀ ਦਾਤ ਭੀ ਉਸੇ ਨੂੰ ਹੀ ਹਾਸਲ ਹੁੰਦੀ ਹੈ ਜਿਸ ਨੂੰ ਗੁਰੂ ਕ੍ਰਿਪਾ ਕਰਕੇ ਸੋਝੀ ਬਖ਼ਸ਼ ਦੇਣ, ਨਹੀਂ ਤਾਂ ਮਨੁੱਖ ਸੰਸਾਰ ਦੀ ਭਟਕਣਾ ਵਿਚ ਹੀ ਦਿਨੇ ਰਾਤ ਭਟਕਦਾ ਹੋਇਆ ਅਮੋਲਕ ਜੀਵਨ ਗੁਜ਼ਾਰ ਜਾਂਦਾ ਹੈ।

**ਉ**: ਹੇ ਭਾਈਓ! ਜੇ ਪੜ੍ਹਾਈ ਪੜ੍ਹ ਕੇ ਕਿਸੇ ਨੇ ਆਪਣੇ ਵੈਰ, ਵਿਰੋਧ, ਕਾਮ, ਕ੍ਰੋਧ, ਹੰਕਾਰੀ ਸੁਭਾ ਵਿਚ ਬਦਲ ਨਹੀਂ ਲਿਆਂਦੀ ਤਾਂ ਗੁਰੂ ਗ੍ਰੰਥ ਸਾਹਿਬ ਜੀ ਨੇ ਉਸਨੂੰ ਸਿਆਣਾ ਨਹੀਂ ਸਗੋਂ ਮੂਰਖ ਆਖਿਆ ਹੈ, ਇਸ ਭਾਵ ਨੂੰ ਬਾਣੀ ਨੇ ਸਪਸ਼ਟ ਕੀਤਾ ਹੈ, ਜਿਵੇਂ ਕਿ:

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥
*(ਪਉੜੀ, ਪੰਨਾ ੧੪੦)*

ਪੁਰਾਤਨ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਪਿਛਲੇ ਸਮਿਆਂ ਵਿਚ ਅਨਪੜ੍ਹ ਸਿਆਣਿਆਂ ਦੀ ਗਿਣਤੀ ਵਧੇਰੇ ਸੀ, ਇਹ ਠੀਕ ਹੈ ਕਿ ਉਨ੍ਹਾਂ ਪਾਸ ਵਧੇਰੇ ਵਿਦਿਆ ਦਾ ਭੰਡਾਰਾ ਨਹੀਂ ਸੀ, ਪਰ ਉਨ੍ਹਾਂ ਲੋਕਾਂ ਦੇ ਹਿਰਦੇ ਦੈਵੀ-ਗੁਣਾਂ ਨਾਲ ਲਬਾ ਲਬ ਭਰਪੂਰ ਸਨ, ਉਹ ਸਤਿ, ਸੰਤੋਖ, ਦਇਆ, ਧਰਮ ਦੇ ਧਾਰਨੀ ਸਨ, ਪਰ ਅਜੋਕੇ ਸਮੇਂ ਦਾ ਮਨੁੱਖ ਵਧੇਰੇ ਪੜ੍ਹਿਆ ਹੋਇਆ ਤਾਂ ਨਜ਼ਰ ਆਉਂਦਾ ਹੈ ਪਰ ਉਸ ਦਾ ਹਿਰਦਾ ਦੈਵੀ ਗੁਣਾਂ ਤੋਂ ਸੱਖਣਾ ਹੈ। ਅਜਿਹੀ ਕਮਾਈ ਤੋਂ ਥੋਥੀ ਤੇ ਫੋਕੀ ਪੜ੍ਹਾਈ ਨੂੰ ਗੁਰੂ ਗ੍ਰੰਥ ਸਾਹਿਬ ਨੇ ਕਬੂਲ ਨਹੀਂ ਕੀਤਾ ਅਤੇ ਨਾਹੀ ਐਸੇ ਪੜ੍ਹੇ ਲਿਖੇ ਮਨੁੱਖ ਨੂੰ ਮਨੁੱਖਤਾ ਦੀ ਪਦਵੀ ਵਿਚ ਦਰਜ ਕੀਤਾ ਹੈ, ਸਗੋਂ ਮਨੁੱਖਾਂ ਤੋਂ ਨੀਵੇਂ ਜੋ ਪਸ਼ੂ ਹਨ, ਉਨ੍ਹਾਂ ਦੇ ਪੱਧਰ ਦਾ ਨੀਵਾਂ ਮਨੁੱਖ ਮੰਨਿਆ ਹੈ। ਵਧੇਰੇ ਵਿਦਿਆ ਪੜ੍ਹ ਕੇ ਵੀ ਜੋ ਸ਼ੁਭ ਗੁਣਾਂ ਦਾ ਧਾਰਨੀ ਨਹੀਂ, ਉਸ ਦੇ ਸੰਬੰਧ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਇਹੋ ਰਾਇ ਹੈ ਕਿ ਜੇ ਕੋਈ ਪੜ੍ਹਿਆ ਹੋਇਆ ਗੁਨਾਹਗਾਰ ਹੈ ਤਾਂ ਰੱਬੀ ਦਰਬਾਰ ਵਿਚ ਉਸਨੂੰ ਕਬੂਲਿਆ ਨਹੀਂ ਜਾਵੇਗਾ, ਜਿਵੇਂ ਕਿ ਗੁਰਬਾਣੀ ਦਾ ਫ਼ੁਰਮਾਨ ਹੈ ਕਿ:

ਪੜਿਆ ਹੋਵੈ ਗੁਨਹਗਾਰੁ
ਤਾ ਓਮੀ ਸਾਧੁ ਨ ਮਾਰੀਐ ॥ *(ਪਉੜੀ, ਪੰਨਾ ੪੬੯)*

ਭਾਵ ਹੈ ਜੇ ਕੋਈ ਪੜ੍ਹਿਆ ਹੋਇਆ ਗੁਨਾਹੀ ਹੈ, ਤਾਂ ਉਸ ਦੇ ਥਾਂ ਕਿਸੇ ਅਨਪੜ੍ਹ ਨੂੰ ਸਜ਼ਾ ਨਹੀਂ ਦਿਤੀ ਜਾਵੇਗੀ, ਗੁਨਾਹ ਦੀ ਸਜ਼ਾ ਤਾਂ ਉਸ ਪੜ੍ਹੇ ਗੁੜ੍ਹੇ ਨੂੰ ਹੀ ਭੁਗਤਣੀ ਪਵੇਗੀ। ਐਸੀ ਵਧੇਰੇ ਪੜ੍ਹਾਈ ਪੜ੍ਹਨ ਨਾਲ ਜੇ ਮਨੁੱਖ ਦੇ ਅੰਦਰੋਂ ਵਿਕਾਰਾਂ ਦੀ ਮਲੀਨਤਾ ਦੂਰ ਨਹੀਂ ਹੋਈ ਤਾਂ ਉਸ ਬਾਰੇ ਫ਼ੁਰਮਾਨ ਹੈ:

ਪੜਿਆ ਲੇਖੇਦਾਰ ਲੇਖਾ ਮੰਗੀਐ ॥
ਵਿਣੁ ਨਾਵੈ ਕੂੜਿਆਰ ਅਉਖਾ ਤੰਗੀਐ ॥
*(ਪਉੜੀ, ਪੰਨਾ ੧੨੮੮)*

ਕਿਆ ਪੜੀਐ ਕਿਆ ਗੁਨੀਐ ॥
ਕਿਆ ਬੇਦ ਪੁਰਾਨਾਂ ਸੁਨੀਐ ॥
ਪੜੇ ਸੁਨੇ ਕਿਆ ਹੋਈ ॥
ਜਉ ਸਹਜ ਨ ਮਿਲਿਓ ਸੋਈ ॥੧॥
*(ਕਬੀਰ ਜੀ, ਪੰਨਾ ੬੫੫)*

ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ ॥
ਨਾਮੁ ਨ ਬੂਝਹਿ ਭਰਮਿ ਭੁਲਾਨਾ ॥
*(ਮਾਰੂ ਮ: ੧, ਪੰਨਾ ੧੦੩੨)*

ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ
ਵਿਣੁ ਬੂਝੇ ਤੂੰ ਡੂਬਿ ਮੁਆ ॥੮॥
*(ਆਸਾ ਮ: ੩, ਪੰਨਾ ੪੩੪)*

ਪੜਣਾ ਗੁੜਣਾ ਸੰਸਾਰ ਕੀ ਕਾਰ ਹੈ
ਅੰਦਰਿ ਤ੍ਰਿਸਨਾ ਵਿਕਾਰੁ ॥
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥
*(ਸਲੋਕੁ ਮ: ੩, ਪੰਨਾ ੬੫੦)*

ਕਾਜੀ ਤੈ ਕਵਨ ਕਤੇਬ ਬਖਾਨੀ ॥
ਪੜ੍ਹਤ ਗੁਨਤ ਐਸੇ ਸਭ ਮਾਰੇ
ਕਿਨਹੂੰ ਖਬਰਿ ਨ ਜਾਨੀ ॥੧॥ਰਹਾਉ॥
*(ਆਸਾ, ਪੰਨਾ ੪੭੭)*

ਪੜਿ ਥਕੇ ਸੰਤੋਖੁ ਨ ਆਇਓ
ਅਨਦਿਨੁ ਜਲਤ ਵਿਹਾਇ ॥
ਕੂਕ ਪੂਕਾਰ ਨ ਚੁਕਈ ਨਾ ਸੰਸਾ ਵਿਚਹੁ ਜਾਇ ॥
ਨਾਨਕ ਨਾਮ ਵਿਹੂਣਿਆ
ਮੁਹਿ ਕਾਲੈ ਉਠਿ ਜਾਇ ॥੨॥ *(ਮ: ੩, ਪੰਨਾ ੬੪੭)*

ਪੜਿ ਪੰਡਿਤੁ ਅਵਰਾ ਸਮਝਾਏ ॥
ਘਰ ਜਲਤੇ ਕੀ ਖਬਰਿ ਨ ਪਾਏ ॥
ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ
ਪੜਿ ਥਾਕੇ ਸਾਂਤਿ ਨ ਆਈ ਹੇ ॥੫॥
*(ਮਾਰੂ ਮ: ੩, ਪੰਨਾ ੧੦੪੬)*

ਪੜਿ ਪੜਿ ਗਡੀ ਲਦੀਅਹਿ
ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ
ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥
*(ਸਲੋਕ ਮ: ੧, ਪੰਨਾ ੪੬੭)*

ਪੜਿ ਪੜਿ ਥਾਕੇ ਸਾਂਤਿ ਨ ਆਈ॥
ਤ੍ਰਿਸਨਾ ਜਾਲੇ ਸੁਧਿ ਨ ਕਾਈ॥
*(ਮਾਝ ਮ: ੩, ਪੰਨਾ ੧੨੦)*

ਪੜਿ ਪੜਿ ਪੰਡਿਤੁ ਬਾਦੁ ਵਖਾਣੈ॥
ਭੀਤਰਿ ਹੋਦੀ ਵਸਤੁ ਨ ਜਾਣੈ॥੩॥
*(ਗਉੜੀ ਮ: ੧, ਪੰਨਾ ੧੫੨)*

ਪੜਿ ਪੜਿ ਪੰਡਿਤ ਬੇਦ ਵਖਾਣਹਿ
ਮਾਇਆ ਮੋਹ ਸੁਆਇ॥
ਦੂਜੈ ਭਾਇ ਹਰਿ ਨਾਮੁ ਵਿਸਾਰਿਆ
ਮਨ ਮੂਰਖ ਮਿਲੈ ਸਜਾਇ॥ *(ਸਲੋਕ ਮ: ੩, ਪੰਨਾ ੯੫)*

ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ॥
ਬੇਦ ਪੁਰਾਣ ਪੜੈ ਸੁਣ ਥਾਟਾ॥
ਬਿਨੁ ਰਸ ਰਾਤੇ ਮਨੁ ਬਹੁ ਨਾਟਾ॥੭॥
*(ਗਉੜੀ ਮ: ੧, ਪੰਨਾ ੨੨੬)*

ਇਸ ਤਰ੍ਹਾਂ ਦੇ ਉਦਾਹਰਣ ਸਾਨੂੰ ਬਾਣੀ ਵਿਚੋਂ ਬਹੁਤ ਹੋਰ ਭੀ ਮਿਲਦੇ ਹਨ, ਜਿਨ੍ਹਾਂ ਵਿਚੋਂ ਇਹੋ ਬੋਧ ਮਿਲਦਾ ਹੈ ਕਿ ਰੱਬੀ-ਮਾਰਗ ਵੱਲ ਟੁਰਨ ਤੋਂ ਸੱਖਣੀ ਵਿਦਿਆ ਭਾਵੇਂ ਸਾਰੀ ਉਮਰ ਭਰ ਪੜ੍ਹਦੇ ਰਹੀਏ ਉਹ ਰੱਬੀ ਦਰਬਾਰ ਵਿਚ ਕਬੂਲ ਨਹੀਂ ਹੁੰਦੀ। ਇਹ ਸਿਆਣਿਆਂ ਦੀ ਸੋਚਨੀ ਸੱਚੀ ਹੀ ਮੰਨਣੀ ਜੋਗ ਹੈ ਕਿ ਸੰਸਾਰਕ ਵਿਦਿਆ ਮਨੁੱਖ ਦੇ ਜੀਵਨ ਨੂੰ ਟੋਰਦੀ ਜ਼ਰੂਰ ਹੈ, ਐਪਰ ਜੀਵਨ ਵਿਚ ਬਦਲ ਨਹੀਂ ਲਿਆਉਂਦੀ, ਜਿਸ ਵਿਦਿਆ ਨੇ ਭਗਤੀ-ਮਾਰਗ 'ਤੇ ਨਾਮ ਸਿਮਰਨ ਵੱਲ ਨਹੀਂ ਟੋਰਿਆ ਉਹ ਪੜ੍ਹਾਈ ਉਸਦੇ ਹਿਰਦੇ ਵਿਚ ਉਸੇ ਤਰ੍ਹਾਂ ਦੀ ਸਮਝਣੀ ਪਵੇਗੀ ਜਿਸ ਤਰ੍ਹਾਂ ਕਿ ਕਿਸੇ ਪੁਸਤਕ ਵਿਚ ਲਿਖੀ ਪਈ ਹੈ। ਸੋ, ਵਿਦਿਆ ਪੜ੍ਹ ਕੇ ਜਿਸ ਨੇ ਭੀ ਨਿਮਰਤਾ ਧਾਰਨ ਕੀਤੀ ਹੈ ਉਸਨੂੰ ਹੀ ਉੱਚੀ ਪਦਵੀ ਪ੍ਰਾਪਤ ਹੋਈ ਹੈ, ਬਾਣੀ ਦੀਆਂ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਲਾਈਨਾਂ ਗੁੰਥਨ ਕੀਤੀਆਂ ਹਨ।

(੧) (ਜਿਵੇਂ ਅਸੀਂ ਪੁਰਾਤਨ ਇਤਿਹਾਸ ਪੜ੍ਹਦੇ ਹਾਂ ਕਿ) ਬਿਆਸ, ਸੂਰਜ ਦੇ ਕੋਲ ਜਾ ਕੇ ਛੋਟਾ ਜਿਹਾ ਕੀੜਾ ਬਣ ਕੇ (ਉਚੀਸ੍ਰਵਾ ਘੋੜੇ ਦੇ) ਕੰਨ ਵਿਚ ਜਾ ਸਮਾਇਆ (ਭਾਵ ਛੋਟਾ ਬਣ ਕੇ ਬਿਆਸ ਨੇ ਉੱਚੀ ਵਿਦਿਆ ਪ੍ਰਾਪਤ ਕੀਤੀ)।

(੨) ਬਾਲਮੀਕ ਗੁਰੂ ਦੇ ਦੁਆਰੇ ਨਿਮਾਣਾ ਹੋ ਕੇ ਵਿਦਿਆ ਪੜ੍ਹ ਕੇ ਮਨ ਭਉਣਾ ਗੁਰਮੁਖ ਬਣ ਕੇ ਘਰ ਆਇਆ।

(੩) ਬਿਆਸ ਮੁਨੀ ਨੇ ਵੇਦਾਂ ਪੁਰਾਣਾਂ ਦੀਆਂ ਕਥਾਵਾਂ ਨੂੰ ਵਰਣਨ ਕੀਤਾ (ਪਰ ਉਸਦਾ ਹਿਰਦਾ ਸ਼ਾਂਤ ਨ ਹੋਇਆ)।

(੪) (ਸ਼ਾਂਤੀ ਦੀ ਪ੍ਰਾਪਤੀ ਵਾਸਤੇ ਉਹ ਨਾਰਦ ਮੁਨੀ ਕੋਲ ਗਿਆ) ਨਾਰਦ ਮੁਨੀ ਨੇ ਉਸਨੂੰ ਭਗਤੀ ਦਾ ਉਪਦੇਸ਼ ਦਿਤਾ, ਤਦ ਭਗਤੀ ਰੂਪ ਭਾਗਵਤ ਨੂੰ ਪੜ੍ਹ ਕੇ ਬਿਆਸ ਦਾ ਮਨ ਸ਼ਾਂਤ ਹੋਇਆ।

(੫) ਚੌਦਾਂ ਵਿਦਿਆ ਦੀ ਵੀਚਾਰ ਕਰਨ ਤੋਂ ਬਾਅਦ ਪਰਉਪਕਾਰ ਦੇ ਕਾਰਜ ਕਰਨ ਵਿਚ ਬਿਆਸ ਮੁਨੀ ਨੂੰ ਸੁਖ ਪ੍ਰਾਪਤ ਹੋਇਆ।

(੬) (ਸਾਧ ਸੰਗਤ ਪਰਉਪਕਾਰ ਕਰਦੀ ਹੈ ਤੇ ਪਾਪੀਆਂ ਦਾ ਉਧਾਰ ਕਰਨਾ ਸਾਧ ਸੰਗਤ ਦਾ ਬਿਰਦ ਕਿਹਾ ਜਾਂਦਾ ਹੈ।

(੭) ਗੁਰਮੁਖਾਂ ਦੀ ਪਤ ਪ੍ਰਵਾਨ ਹੋਈ ਤੇ ਉਨ੍ਹਾਂ ਨੇ ਸੁਖ ਫਲ ਪ੍ਰਾਪਤ ਕੀਤਾ।੯।

***ਭਾਵਾਰਥ :*** ਬੁੱਧੀ-ਜੀਵੀਆਂ ਦੀ ਇਹ ਸੋਚਨੀ ਸੱਚ ਹੀ ਮੰਨਣ ਯੋਗ ਹੈ ਕਿ ਉੱਚੀ ਵਿਦਿਆ ਪੜ੍ਹਨ ਨਾਲ ਮਨੁੱਖ ਦੇ ਅੰਤਰ ਆਤਮੇ ਸ਼ਾਂਤੀ ਨਹੀਂ ਹੁੰਦੀ ਜਿਤਨਾ ਚਿਰ ਉਹ ਵਿਦਿਆ ਵਿਚ ਦਰਸਾਏ ਸ਼ੁਭ ਗੁਣਾਂ ਦਾ ਧਾਰਨੀ ਨਹੀਂ ਹੋ ਜਾਂਦਾ। ਧਾਰਨਾ ਤੋਂ ਸਖਣੀ ਵਿਦਿਆ ਭੀ ਇਕ ਤਰ੍ਹਾਂ ਦਾ ਅਜਿਹਾ ਹੀ ਕਾਰੋਬਾਰ ਹੈ, ਜਿਵੇਂ ਕਿ ਸੰਸਾਰ ਦੇ ਹੋਰ ਕੰਮ ਕੀਤੇ ਜਾਂਦੇ ਹਨ। ਉਪਜੀਵਕਾ ਲਈ ਇਹ ਤਾਂ ਠੀਕ ਹੈ ਕਿ ਮਾਇਆ ਤੋਂ ਬਗੈਰ ਕੋਈ ਭੀ ਸੰਸਾਰਕ ਕਾਰਜ ਸਿੱਧ ਹੋਣਾ ਅਸੰਭਵ ਹੈ, ਪਰ ਮਾਇਆ ਇਕੱਠੀ ਕਰਨਾ ਹੀ ਜੀਵਨ ਦਾ ਮੁਖ ਪ੍ਰਯੋਜਨ ਸਮਝ ਲੈਣਾ ਇਹ ਭੀ ਕੋਈ ਵਡੇਰੀ ਸਿਆਣਪ ਨਹੀਂ, ਇਸ ਲਈ ਹਰ ਮਨੁੱਖ ਨੂੰ ਹਰ ਕਾਰਜ ਕਰਨ ਸਮੇਂ ਪਰਮੇਸ਼ਰ ਦਾ ਨਾਮ ਚਿੰਤਨ ਕਰਨਾ ਹੀ ਮੁਖ ਪ੍ਰਯੋਜਨ ਸਮਝਣਾ ਯੋਗ ਹੈ।

## ੧੦. ਸੁਕਦੇਵ ਦਾ ਪ੍ਰਸੰਗ

**੧. ਬਾਰਹ ਵਰ੍ਹੇ ਗਰਭਾਸ ਵੱਸ**
**ਜੰਮਦੇ ਹੀ ਸੁਕ ਲਈ ਉਦਾਸੀ।**
**੨. ਮਾਇਆ ਵਿੱਚ ਅਤੀਤ ਹੋਇ**
**ਮਨ ਹਠ ਬੁੱਧਿ ਨ ਬੰਦ ਖਲਾਸੀ।**

**੩. ਪਿਉ ਬਜਾਸ ਪਰਬੋਧਿਆ**
**ਗੁਰ ਕਰ ਜਨਕ ਸਹਜ ਅਭਿਆਸੀ।**
**੪. ਤਜ ਦੁਰਮਤਿ ਗੁਰਮਤਿ ਲਈ**
**ਸਿਰ ਧਰ ਜੂਠ ਮਿਲੀ ਸ਼ਾਬਾਸੀ।**
**੫. ਗੁਰ ਉਪਦੇਸ਼ ਅਵੇਸ਼ ਕਰ**
**ਗਰਬ ਨਿਵਾਰ ਜਗਤ ਗੁਰਦਾਸੀ।**
**੬. ਪੈਰੀਂ ਪੈ ਪਾਖਾਕ ਹੋਇ**
**ਗੁਰਮਤਿ ਭਾਉ ਭਗਤਿ ਪਰਗਾਸੀ।**
**੭. ਗੁਰਮੁਖ ਸੁਖ ਫਲ ਸਹਜਿ ਨਿਵਾਸੀ ॥੧੦॥**

***ਪਦ ਅਰਥ :*** ਉਦਾਸੀ—ਵੈਰਾਗ। ਪਰਬੋਧਿਆ—ਉਪਦੇਸ਼ ਦਿੱਤਾ। ਦੁਰਮਤਿ—ਖੋਟੀ ਮੱਤ। ਸ਼ਾਬਾਸੀ—ਸ਼ਬਾਸ਼, ਧੰਨਤਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਪੁਰਾਤਨ ਕਥਾਵਾਂ ਵਿਚ ਜਿਥੇ ਹੋਰ ਅਨੇਕਾਂ ਰਿਖੀਆਂ ਮੁਨੀਆਂ ਦੀਆਂ ਕਥਾਵਾਂ ਆਉਂਦੀਆਂ ਹਨ ਉਥੇ ਸੁਕਦੇਵ ਮੁਨੀ ਦਾ ਭੀ ਪ੍ਰਸੰਗ ਆਉਂਦਾ ਹੈ ਕਿ ਸੁਕਦੇਵ ਮਾਤਾ ਦੇ ਗਰਭ ਵਿਚ ਬਾਰ੍ਹਾਂ ਸਾਲ ਵੱਸਦਾ ਰਿਹਾ ਤੇ ਜਦੋਂ ਬਾਰ੍ਹਾਂ ਸਾਲ ਤੋਂ ਬਾਅਦ ਜਨਮ ਲਿਆ ਤੇ ਜੰਮਦੇ ਸਾਰ ਹੀ ਸੰਸਾਰ ਤੋਂ ਉਦਾਸ ਹੋ ਕੇ ਜੰਗਲਾਂ ਵਿਚ ਚਲਾ ਗਿਆ। ਕਿਉਂ ਜੀ, ਜਦੋਂ ਵੀਚਾਰ ਕਰਦੇ ਹਾਂ ਤਾਂ ਇਹ ਵਾਰਤਾ ਕੁਛੁੱਕਵੀਂ ਜਿਹੀ ਪ੍ਰਤੀਤ ਹੁੰਦੀ ਹੈ ਕਿ ਕੋਈ ਬੱਚਾ ਮਾਂ ਦੇ ਗਰਭ ਵਿਚ ਬਾਰ੍ਹਾਂ ਸਾਲ ਲਗਾਤਾਰ ਵੱਸਦਾ ਰਿਹਾ ਹੋਵੇ ਅਤੇ ਬਾਰ੍ਹਾਂ ਸਾਲ ਤੋਂ ਬਾਅਦ ਜਦੋਂ ਜਨਮ ਲਿਆ ਹੋਵੇ ਤਾਂ ਫਿਰ ਉਸੇ ਸਮੇਂ ਸੰਸਾਰ ਤੋਂ ਉਦਾਸ ਹੋ ਕੇ ਜੰਗਲ ਨੂੰ ਚਲਾ ਜਾਵੇ, ਸਾਡੀ ਤਾਂ ਅਸਥੂਲ ਬੁੱਧੀ ਵਿਚ ਇਹ ਵੀਚਾਰ ਨਹੀਂ ਆਉਂਦੀ, ਪਰ ਆਪ ਜੀ ਨੇ ਤਾਂ ਗੁਰਮਤ ਦੁਆਰੇ ਹਰ ਪੱਖ ਨੂੰ ਖੋਜਿਆ ਹੈ। ਸੋ, ਇਸ ਵਾਰਤਾ ਬਾਰੇ ਆਪ ਜੀ ਕੀ ਖ਼ਿਆਲ ਰੱਖਦੇ ਹੋ, ਦੱਸਣ ਦੀ ਕ੍ਰਿਪਾ ਕਰੋ ਤਾਕਿ ਅਸੀਂ ਭੀ ਨਿਰਸੰਦੇਹ ਹੋ ਸਕੀਏ ?

ਉ: ਹੇ ਭਾਈਓ ! ਮੈਂ ਤਾਂ ਜਿਤਨੇ ਭੀ ਪੁਰਾਤਨ ਜਾਂ ਵਰਤਮਾਨ ਸਮੇਂ ਦੇ ਪ੍ਰਸੰਗ ਪੜ੍ਹਦਾ ਜਾਂ ਸੁਣਦਾ ਹਾਂ ਉਨ੍ਹਾਂ ਸਾਰਿਆਂ ਨੂੰ ਪਹਿਲੇ ਗੁਰਮਤ ਦੀ ਕਸੌਟੀ ਰਾਹੀਂ ਪਰਖਦਾ ਹਾਂ, ਜੋ ਵਾਰਤਾ ਗੁਰਬਾਣੀ ਦੀ ਕਸੌਟੀ ਦੀ ਪਰਖ ਵਿਚ ਅਧੂਰੀ ਹੈ ਉਸਨੂੰ ਮੈਂ ਪੂਰਨ ਨਹੀਂ ਸਮਝਦਾ, ਕਿਉਂਕਿ ਸਤਿਗੁਰੂ ਨੇ ਸਾਨੂੰ ਹਰ ਪ੍ਰਸੰਗ ਦੇ ਪਰਖਣ ਲਈ ਬਾਣੀ ਇਕ ਕਿਸਮ ਦੀ ਕਸਵਟੀ ਬਖ਼ਸ਼ੀ ਹੈ ਜਿਸ ਦੁਆਰੇ ਹਰ ਪੱਖੀ ਪ੍ਰਸੰਗ ਨੂੰ ਪਰਖ ਸਕਦੇ ਹਾਂ, ਜਿਵੇਂ ਸੋਨੇ ਨੂੰ ਪਰਖਣ ਲਈ ਕਸਵਟੀ ਹੈ ਜੋ ਸੋਨਾ ਕਸਵਟੀ ਦੀ ਪਰਖ ਤੋਂ ਪੂਰਨ ਸਾਬਤ ਨਹੀਂ ਹੁੰਦਾ ਉਹ ਸਹੀ ਸੋਨਾ ਨਹੀਂ ਕਿਹਾ ਜਾ ਸਕਦਾ।

ਹੁਣ ਜਦੋਂ ਅਸੀਂ ਗੁਰਬਾਣੀ ਦੀ ਰੌਸ਼ਨੀ ਵਿਚ ਤੱਕਦੇ ਹਾਂ ਜਿਥੇ ਆਮ ਬੁਧੀਜੀਵੀਆਂ ਨੇ ਪਸ਼ੂ, ਪੰਛੀਆਂ ਦੇ ਗਰਭ ਵਾਸ ਦਾ ਭਿੰਨ ਭਿੰਨ ਸਮਾਂ ਨੀਅਤ ਕੀਤਾ ਹੈ ਉਥੇ ਗੁਰਬਾਣੀ ਵਿਚ ਮਨੁੱਖੀ ਬੱਚੇ ਦਾ ਗਰਭਵਾਸ ਦਾ ਸਮਾਂ ਕੇਵਲ ਨੌਂ ਜਾਂ ਦਸ ਮਹੀਨੇ ਦਾ ਕੁਦਰਤ ਵੱਲੋਂ ਨੀਅਤ ਕੀਤਾ ਦਰਸਾਇਆ ਹੈ, ਜਿਵੇਂ ਕਿ ਗੁਰਬਾਣੀ ਦਾ ਫ਼ੁਰਮਾਨ ਹੈ :

ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ॥
ਮਿਟਿਆ ਸੋਗੁ ਮਹਾ ਅਨੰਦੁ ਥੀਆ॥
*(ਆਸਾ ਮਹਲਾ ੫, ਪੰਨਾ ੩੯੬)*

ਦਸ ਮਾਸ ਮਾਤਾ ਉਦਰਿ ਰਾਖਿਆ
ਬਹੁਰਿ ਲਾਗੀ ਮਾਇਆ॥
*(ਆਸਾ ਕਬੀਰ ਜੀ, ਪੰਨਾ ੪੮੧)*

ਦਸੀ ਮਾਸੀ ਮਾਨਸੁ ਕੀਆ ਵਣਜਾਰਿਆ ਮਿਤ੍ਰਾ
ਕਰਿ ਮੁਹਲਤਿ ਕਰਮ ਕਮਾਹਿ॥
*(ਸਿਰੀ ਰਾਗੁ ਮਹਲਾ ੫, ਪੰਨਾ ੭੭)*

ਇਨ੍ਹਾਂ ਗੁਰੂ ਪ੍ਰਮਾਣਾਂ ਤੋਂ ਸਿੱਧ ਹੁੰਦਾ ਹੈ ਕਿ ਮਨੁੱਖੀ ਬੱਚੇ ਦਾ ਨਿਵਾਸ ਮਾਂ ਦੇ ਪੇਟ ਵਿਚ ਕੇਵਲ ਦਸ ਮਹੀਨੇ ਹੀ ਨਿਰਧਾਰਤ ਹੈ, ਪਰ ਕਈ ਦਫ਼ਾ ਅਸੀਂ ਕਿਸੇ ਲਿਖਾਰੀ ਦੀ ਸ਼ਬਦਾਵਲੀ ਦੇ ਸਹੀ ਭਾਵਾਂ ਨੂੰ ਨਾ ਸਮਝਦੇ ਹੋਏ ਉਸ ਦੇ ਅਰਥ ਅਸੀਂ ਆਪਣੀ ਸਮਝ ਦੇ ਦਾਇਰੇ ਅਨੁਸਾਰ ਹੀ ਨੀਅਤ ਕਰ ਲੈਂਦੇ ਹਾਂ, ਕਈ ਦਫ਼ਾ ਜਦੋਂ ਅਸੀਂ ਆਪਣੀ ਕਮਜ਼ੋਰ ਸੋਚਣੀ ਦਾ ਸਦਕਾ ਕਿਸੇ ਦੀ ਸ਼ਬਦਾਵਲੀ ਦੇ ਅਰਥ ਕਰਦੇ ਹਾਂ ਤਾਂ ਉਨ੍ਹਾਂ ਦੇ ਸਹੀ ਅੰਤਰੀਵ ਭਾਵਾਂ ਨੂੰ ਨਾ ਸਮਝਦੇ ਹੋਏ ਕਈ ਵਾਰ ਅਸੀਂ ਅਰਥਾਂ ਦੇ ਭੀ ਅਨਰਥ ਕਰਨ ਦੀ ਭੁਲ ਕਰ ਬੈਠਦੇ ਹਾਂ।

ਜਿਵੇਂ ਕਿ ਅਸੀਂ ਉਦਾਹਰਣ ਦੇ ਤੌਰ ਪਰ ਕਬੀਰ ਜੀ ਦਾ ਇਕ ਸਲੋਕ ਪੜ੍ਹਦੇ ਹਾਂ ਤਾਂ ਉਸ ਸਲੋਕ ਦੇ ਪੜ੍ਹਨ ਨਾਲ ਜੋ ਸਾਨੂੰ ਭਾਵ ਪ੍ਰਤੀਤ ਹੁੰਦੇ ਹਨ ਜੇ ਅਸੀਂ ਆਪਣੀ ਸਮਝ ਦੁਆਰੇ ਉਸ ਦੇ ਅਰਥ ਉਵੇਂ ਹੀ ਕਰ ਲਵੀਏ ਤਾਂ ਅਸੀਂ ਅਰਥਾਂ ਦੇ ਭੀ ਅਨਰਥ ਕਰਾਂਗੇ ਜਿਤਨਾ ਚਿਰ ਅਸੀਂ ਉਸਦੇ ਅੰਤ੍ਰੀਵ ਭਾਵਾਂ ਨੂੰ ਗ੍ਰਹਿਣ

ਕਰਨ ਦੀ ਸਮਰਥਾ ਨਹੀਂ ਰੱਖਦੇ, ਜਿਵੇਂ ਕਿ:

ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ॥
ਪਾਵਹੁ ਤੇ ਪਿੰਗੁਲ ਭਇਆ
ਮਾਰਿਆ ਸਤਿਗੁਰ ਬਾਨ॥੧੯੩॥

*(ਸਲੋਕ ਕਬੀਰ ਜੀ, ਪੰਨਾ ੧੩੭੪)*

ਹੁਣ ਜੇ ਇਸ ਸਲੋਕ ਦੇ ਅਰਥ ਅਸੀਂ ਉਸੇ ਤਰ੍ਹਾਂ ਹੀ ਕਰਾਂਗੇ ਜਿਵੇਂ ਸਾਨੂੰ ਪੜ੍ਹਨ ਤੋਂ ਪ੍ਰਤੀਤ ਹੁੰਦੇ ਹਨ ਤਾਂ ਅਸੀਂ ਅਰਥਾਂ ਦੇ ਭੀ ਅਨਰਥ ਕਰਾਂਗੇ, ਕਿਉਂਕਿ ਕਬੀਰ ਜੀ ਕਹਿੰਦੇ ਹਨ ਕਿ ਮੇਰੇ ਸਤਿਗੁਰੂ ਜੀ ਨੇ ਜਦੋਂ ਦਾ ਮੈਨੂੰ ਸ਼ਬਦ ਦਾ ਬਾਣ ਮਾਰਿਆ ਹੈ ਉਦੋਂ ਦਾ ਹੀ ਮੈਂ ਗੁੰਗਾ, ਬਾਵਰਾ ਤੇ ਪਿੰਗਲਾ ਹੋ ਗਿਆ ਹਾਂ, ਪਰ ਜਦੋਂ ਅਸੀਂ ਕਬੀਰ ਦੇ ਜੀਵਨ ਵੱਲ ਨਜ਼ਰ ਮਾਰੀਏ ਤਾਂ ਜਾਣਕਾਰੀ ਮਿਲਦੀ ਹੈ ਕਿ ਕਬੀਰ ਨਾ ਗੁੰਗਾ ਸੀ, ਨਾ ਬਾਵਰਾ ਸੀ, ਨਾ ਹੀ ਪਿੰਗਲਾ ਸੀ। ਸੋ ਜਦੋਂ ਤੀਕ ਕਬੀਰ ਜੀ ਦੀ ਇਸ ਸ਼ਬਦਾਵਲੀ ਦੇ ਅੰਤ੍ਰੀਵ ਭਾਵਾਂ ਨੂੰ ਨਹੀਂ ਸਮਝਾਂਗੇ ਤਾਂ ਕਬੀਰ ਜੀ ਦੀ ਸ਼ਬਦਾਵਲੀ ਨਾਲ ਅਸੀਂ ਬੇਇਨਸਾਫ਼ੀ ਕਰਾਂਗੇ।

ਸੋ ਕਬੀਰ ਜੀ ਦਾ ਅੰਤ੍ਰੀਵ ਭਾਵ ਹੈ ਕਿ ਜਦੋਂ ਮੇਰੇ ਸਤਿਗੁਰੂ ਨੇ ਮੈਨੂੰ ਪਿਆਰ ਭਰੀ ਬਾਣੀ ਦਾ ਬਾਣ ਮਾਰਿਆ ਤਦੋਂ ਦਾ ਮੈਂ ਮਿਥਿਆ ਵਾਕ ਬੋਲਣ ਵੱਲੋਂ ਗੁੰਗਾ ਹੋ ਗਿਆ ਹਾਂ ਭਾਵ ਹੁਣ ਮੈਂ ਮਿਥਿਆ ਵਾਕ ਬੋਲਦਾ ਹੀ ਨਹੀਂ ਅਤੇ ਬਾਵਰਾ ਹੋ ਗਿਆ ਭਾਵ ਜੋ ਮੇਰੇ ਅੰਤਰ-ਆਤਮੇ ਭਾਵ ਹੈ ਬਾਹਰ ਭੀ ਮੈਂ ਓਹੀ ਵਾਕ ਬੋਲਦਾ ਹਾਂ ਅਤੇ ਪੈਰਾਂ ਵੱਲੋਂ ਪਿੰਗਲਾ ਹੋ ਗਿਆ ਹਾਂ ਭਾਵ ਹੁਣ ਮੇਰੇ ਪੈਰ ਕੁਸੰਗਤ ਵੱਲ ਬੁਰੇ ਮਾਰਗ ਵੱਲ ਟੁਰਦੇ ਹੀ ਨਹੀਂ ਹਨ, ਕੰਨਾਂ ਦੇ ਸੁਣਨ ਵੱਲੋਂ ਮੈਂ ਬੋਲਾ ਹੋ ਗਿਆ ਹਾਂ ਭਾਵ ਜਿਥੇ ਮੈਂ ਮਿਥਿਆ ਵਾਕ ਬੋਲਦਾ ਨਹੀਂ ਉਥੇ ਕਿਸੇ ਦੀ ਨਿੰਦਾ ਭਰੇ ਵਾਕ ਸੁਣਦਾ ਭੀ ਨਹੀਂ।

ਸੋ ਇਸ ਤੋਂ ਸਾਨੂੰ ਇਹੋ ਪ੍ਰੇਰਨਾ ਮਿਲਦੀ ਹੈ ਕਿ ਹਰ ਇਕ ਲੇਖਕ ਦੀ ਸ਼ਬਦਾਵਲੀ ਨੂੰ ਦੂਰ-ਦਰਸ਼ੀ ਨਜ਼ਰਾਂ ਨਾਲ ਵੀਚਾਰ ਕੇ ਪੜ੍ਹਦੇ ਰਹਿਣਾ ਚਾਹੀਦਾ ਹੈ ਤਾਂ ਕਿ ਕਿਸੇ ਸਿਆਣੇ ਦੀ ਗੋਹਝ ਭਰੀ ਸ਼ਬਦਾਵਲੀ ਦੇ ਗੁਹਝ ਭਰੇ ਅਰਥਾਂ ਨਾਲ ਬੇ-ਇਨਸਾਫ਼ੀ ਕਰਨ ਦੀ ਭੁਲ ਨ ਕਰ ਸਕੀਏ। ਸੋ ਮੈਂ ਭੀ ਉਪ੍ਰੋਕਤ ਗੁਰਬਾਣੀ ਦੇ ਭਾਵਾਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਸੁਕਦੇਵ ਦੀ ਕਥਾ ਦੇ ਬਾਰੇ ਕੁਝ ਪੰਗਤੀਆਂ ਅੰਕਤ ਕੀਤੀਆਂ ਹਨ। ਇਸ ਪਉੜੀ ਦੀ ਪਹਿਲੀ ਪੰਗਤੀ ਦਾ ਭਾਵ ਹੈ, ਕਿ ਇਸ ਜੀਵ ਦੇ ਜੀਵਨ ਨੂੰ ਸਹੀ ਉਚਾਣਾਂ ਵੱਲ ਲੈ ਜਾਣ ਵਾਲੀ ਅਸਲੀ ਮਾਤਾ ਸਾਧ ਸੰਗਤ ਹੈ, ਸੋ ਸਾਧ ਸੰਗਤ ਵਿਚ ਦੇਰ ਕਾਲ ਵੱਸਦੇ ਰਹਿਣਾ ਸੰਗਤ ਰੂਪ ਮਾਤਾ ਦੇ ਗਰਭਵਾਸ ਦਾ ਪ੍ਰਤੀਕ ਹੈ, ਜੋ ਜੀਵ ਨੂੰ ਆਤਮਿਕ ਉੱਨਤੀ ਦੀਆਂ ਉਚਾਈਆਂ ਵੱਲ ਟੋਰਨ ਦੀ ਸਦਾ ਹੀ ਪ੍ਰੇਰਨਾ ਕਰਦਾ ਹੈ। ਸੋ ਜਦੋਂ ਅਸੀਂ ਸੁਕਦੇਵ ਦੇ ਸੰਪੂਰਨ ਜੀਵਨ ਸਫ਼ਰ ਵੱਲ ਨਜ਼ਰ ਮਾਰਦੇ ਹਾਂ ਤਾਂ ਬੋਧ ਮਿਲਦਾ ਹੈ ਕਿ ਇਸਨੂੰ ਜਨਕਾਦਿਕ ਰਿਖੀਆਂ, ਮੁਨੀਆਂ ਤੇ ਸੰਤ ਮਹਾਤਮਾਂ ਦੀ ਸੰਗਤ ਵਿਚ ਰਹਿੰਦਿਆਂ ਬਾਰ੍ਹਾਂ ਸਾਲਾਂ ਦਾ ਸਮਾਂ ਗੁਜ਼ਰ ਗਿਆ, ਬਾਰ੍ਹਾਂ ਸਾਲਾਂ ਤੋਂ ਬਾਅਦ ਇਸ ਦੇ ਅੰਤਰ-ਆਤਮੇ ਗਿਆਨ ਦਾ ਜਨਮ ਹੋਇਆ, ਇਸ ਭਾਵ ਨੂੰ ਮੈਂ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਇਉਂ ਉੱਕਰਿਆ ਹੈ:

(੧) (ਹੇ ਭਾਈਓ! ਸੁਕਦੇਵ ਮੁਨੀ ਬਾਰ੍ਹਾਂ ਵਰ੍ਹੇ (ਸਾਧ ਸੰਗਤ ਰੂਪੀ ਮਾਤਾ ਦੇ) ਗਰਭ ਦਾ ਵਾਸੀ ਰਿਹਾ, ਭਾਵ ਬਾਰ੍ਹਾਂ ਸਾਲ ਸਾਧ ਸੰਗਤ ਵਿਚ ਹੀ ਵੱਸਦਾ ਰਿਹਾ ਤੇ ਬਾਰ੍ਹਾਂ ਵਰ੍ਹੇ ਦਾ ਸਮਾਂ ਗੁਜ਼ਰ ਜਾਣ ਤੋਂ ਬਾਅਦ ਉਸਦੇ ਅੰਦਰ ਗਿਆਨ ਦਾ ਜਨਮ ਹੋਇਆ, ਗਿਆਨ ਦਾ ਸਦਕਾ ਹੀ ਉਹ ਵਿਰਕਤ ਹੋ ਗਿਆ।

(੨) ਮਾਇਆ ਵੱਲੋਂ ਤਾਂ ਉਸਦਾ ਮਨ ਵੈਰਾਗੀ ਹੋ ਗਿਆ, ਪਰ ਮਨ ਦੇ ਹਠ ਤੋਂ ਉਸਦਾ ਛੁਟਕਾਰਾ ਨਾ ਹੋਇਆ।

(੩) ਸੁਕਦੇਵ ਦੇ ਪਿਤਾ ਬਿਆਸ ਮੁਨੀ ਨੇ ਉਸਨੂੰ ਉਪਦੇਸ਼ ਦਿਤਾ ਕਿ ਸਹਿਜ ਅਭਿਆਸੀ ਰਾਜੇ ਜਨਕ ਨੂੰ ਗੁਰੂ ਧਾਰਨ ਕਰ।

(੪) (ਸੁਕਦੇਵ ਨੇ ਪਿਤਾ ਦਾ ਬਚਨ ਮੰਨ ਕੇ) ਆਪਣੀ ਹਠ ਬ੍ਰਿਤੀ ਨੂੰ ਤਿਆਗ ਕੇ ਗੁਰੂ ਦੀ ਮੱਤ ਲਈ ਤੇ ਜੂਠੀਆਂ ਪੱਤਲਾਂ ਆਪਣੇ ਸਿਰ ਤੇ ਧਰਦਿਆਂ ਹੋਇਆਂ ਉਸਨੇ ਸ਼ਾਬਾਸ਼ ਲਈ।

(੫) ਗੁਰੂ ਦੇ ਉਪਦੇਸ਼ ਨੂੰ ਧਾਰਨ ਕਰਕੇ ਉਸਨੇ ਆਪਣਾ ਹੰਕਾਰ ਦੂਰ ਕੀਤਾ ਤਾਂ ਜਗਤ ਉਸਦਾ ਦਾਸ ਹੋਇਆ।

(੬) ਪੈਰੀਂ ਪੈਣ ਤੋਂ ਪੈਰਾਂ ਦੀ ਖ਼ਾਕ ਹੋਣ ਨਾਲ ਹੀ ਗੁਰੂ ਦੀ ਮੱਤ ਤੇ ਭਗਤੀ-ਭਾਵ ਦਾ ਪ੍ਰਕਾਸ਼ ਹੁੰਦਾ ਹੈ।

(੭) (ਇਸ ਤਰ੍ਹਾਂ) ਗੁਰਮੁਖਾਂ ਨੂੰ ਸੁਖ ਫਲ ਮਿਲਦਾ ਹੈ ਤੇ ਉਨ੍ਹਾਂ ਦਾ ਸਹਿਜ ਅਵਸਥਾ ਵਿਚ ਨਿਵਾਸ ਹੁੰਦਾ ਹੈ।੧੦।

***ਭਾਵਾਰਥ :*** ਇਸ ਸੁਕਦੇਵ ਦੀ ਕਥਾ ਤੋਂ ਕੇਵਲ ਇਕ ਇਹੋ ਹੀ ਅੰਗ ਲੈਣਾ ਹੈ ਕਿ ਵਿਰਕਤੀ ਹੋ ਕੇ ਭੀ ਮਨ ਦਾ ਹਠੀ ਰਿਹਾ, ਪਰ ਸੁਖ ਤਾਂ ਪਾਇਆ ਜਾਂ ਜਨਕ ਦੁਆਰੇ

ਨਿਮਰਤਾ ਸਿਖੀ। ਕਹਿੰਦੇ ਹਨ ਕਿ ਜਦ ਸੁਕਦੇਵ ਪਿਤਾ ਦੀ ਆਗਿਆ ਮੰਨ ਕੇ ਜਨਕ ਨੂੰ ਗੁਰੂ ਧਾਰਨ ਗਿਆ ਸੀ ਤਾਂ ਗੁਰੂ ਨੇ ਕਿਹਾ ਕਿ ਜਦ ਤੀਕ ਅਸੀਂ ਨਾ ਬੁਲਾਈਏ ਉਹ ਬਾਹਰ ਹੀ ਖੜਾ ਰਹੇ, ਹੁਣ ਸੁਕਦੇਵ ਨੂੰ ਰਾਜ ਮੰਦਰ ਦੇ ਹੇਠ ਹੀ ਖੜੋਣਾ ਪਿਆ। ਜਦ ਬ੍ਰਹਮ ਭੋਜ ਹੋ ਚੁੱਕਾ ਤਾਂ ਜੂਠੀਆਂ ਪਤਲਾਂ ਸਿਰ 'ਤੇ ਪੈਣ ਲੱਗੀਆਂ, ਪਰ ਸੁਕਦੇਵ ਆਪਣਾ ਮਨ ਨ ਡੁਲਾ ਕੇ ਇਕ ਪੈਰ ਭੀ ਉਸ ਥਾਵੋਂ ਨਾ ਹਟਿਆ। ਬਾਣੀ ਵਿਚ ਫੁਰਮਾਨ ਆਇਆ ਹੈ ਕਿ :

ਜੂਠਨ ਜੂਠਿ ਪਈ ਸਿਰ ਊਪਰਿ
ਖਿਨੁ ਮਨੂਆ ਤਿਲੁ ਨ ਡੁਲਾਵੈਗੋ ॥੭॥

*(ਕਾਨੜਾ ਮ: ੪, ਪੰਨਾ ੧੩੦੯)*

ਭਾਵ ਕੀ ਸੁਕਦੇਵ ਦੀ ਸਹਿਣ-ਸ਼ੀਲਤਾ ਦੇਖ ਕੇ ਜਨਕ ਨੇ ਪ੍ਰਸੰਨ ਹੋ ਉਸਦੀ ਭਾਵਨਾ ਪੂਰੀ ਕੀਤੀ।

## ੧੧. ਗੁਰਮਤਿ ਰਿਦੈ ਗਰੀਬੀ ਆਵੈ

**੧. ਰਾਜ ਜੋਗ ਹੈ ਜਨਕ ਦੇ**
**ਵੱਡਾ ਭਗਤ ਕਰ ਵੇਦ ਵਖਾਣੈ।**
**੨. ਸਨਕਾਦਿਕ ਨਾਰਦ ਉਦਾਸ**
**ਬਾਲ ਸੁਭਾਇ ਅਤੀਤ ਸੁਹਾਣੈ।**
**੩. ਜੋਗ ਭੋਗ ਲਖ ਲੰਘਿਕੈ**
**ਗੁਰੁਸਿਖ ਸਾਧ ਸੰਗਤਿ ਨਿਰਬਾਣੈ।**
**੪. ਆਪ ਗਣਾਇ ਵਿਗੁੱਚਣਾ**
**ਆਪ ਗਵਾਏ ਆਪ ਸਿਞਾਣੈ।**
**੫. ਗੁਰਮੁਖ ਮਾਰਗ ਸੱਚ ਦਾ**
**ਪੈਰੀਂ ਪਵਣਾ ਰਾਜੇ ਰਾਣੈ।**
**੬. ਗਰਬ ਗੁਮਾਨ ਵਿਸਾਰਕੈ**
**ਗੁਰਮਤਿ ਰਿਦੈ ਗਰੀਬੀ ਆਣੈ।**
**੭. ਸੱਚੀ ਦਰਗਹ ਮਾਣ ਨਿਮਾਣੈ ॥੧੧॥**

***ਪਦ ਅਰਥ :*** ਵੇਦ—ਚਾਰ ਵੇਦ। ਅਤੀਤ—ਵੈਰਾਗਵਾਨ। ਨਿਰਬਾਣ—ਬੰਧਨ ਰਹਿਤ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਉਂਝ ਤਾਂ ਸੰਸਾਰ ਵਿਚ ਅਨੇਕਾਂ ਹੀ ਮਾਰਗ ਹਨ, ਪਰ ਖ਼ਾਸ ਤੌਰ ਪਰ ਦੋ ਵਡੇਰੇ ਮੱਤ ਵੇਖਣ ਵਿਚ ਆਉਂਦੇ ਹਨ, ਜਿਵੇਂ ਕਿ ਇਕ ਰਾਜ ਮਾਰਗ, ਦੂਜਾ ਜੋਗ ਮਾਰਗ। ਪਰ ਤੁਹਾਡੇ ਵੀਚਾਰ ਵਿਚ ਪਰਧਾਨ ਮੱਤ ਕਿਹੜਾ ਹੈ ਜਿਸਨੂੰ ਤੁਸੀਂ ਸਹੀ ਮਾਰਗ ਮੰਨਦੇ ਹੋ ?

ਉ: ਹੇ ਭਾਈਓ ! ਇਸ ਤੁਹਾਡੇ ਪ੍ਰਸ਼ਨ ਦਾ ਉੱਤਰ ਜੇ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਮੰਗੀਏ ਤਾਂ ਉਨ੍ਹਾਂ ਵੱਲੋਂ ਸਾਨੂੰ ਇਹੋ ਉੱਤਰ ਮਿਲਦਾ ਹੈ ਕਿ ਸਹੀ ਮਾਰਗ ਉਹੀ ਮੰਨਿਆ ਜਾਂਦਾ ਹੈ ਜੋ ਰੱਬੀ-ਦਰਬਾਰ ਵਿਚ ਕਬੂਲ ਹੋਵੇ, ਦੁਨੀਆਦਾਰ ਲੋਕਾਂ ਵੱਲੋਂ ਭਾਵੇਂ ਕਿਸੇ ਮਾਰਗ ਦੀ ਕਿਤਨੀ ਭੀ ਪ੍ਰਸੰਸਾ ਹੋਵੇ, ਜਾਂ ਪੂਜਾ ਹੋਵੇ ਜੇ ਉਹ ਰੱਬੀ-ਦਰਬਾਰ ਵੱਲੋਂ ਟੁੱਟਿਆ ਹੋਇਆ ਹੈ ਤਾਂ ਉਹ ਭਾਵੇਂ ਰਾਜਾ ਹੈ ਜਾਂ ਕੋਈ ਜੋਗੀ ਹੈ, ਉਸ ਦੀ ਇਕ ਭੀ ਕੌਡੀ ਕੀਮਤ ਨਹੀਂ, ਬਾਣੀ ਦੁਆਰੇ ਸਾਨੂੰ ਇਹੋ ਬੋਧ ਮਿਲਦਾ ਹੈ ਕਿ ਜੇ ਕੋਈ ਵੱਡੇ ਰਾਜ ਸਿੰਘਾਸਣ ਦਾ ਮਾਲਕ ਹੁੰਦਿਆਂ ਹੋਇਆਂ ਰੱਬ ਵੱਲੋਂ ਟੁਟਿਆ ਹੋਇਆ ਹੈ ਤੇ ਰਾਜ ਦੇ ਮਦ ਵਿਚ ਵਿਸ਼ੇ ਰਸਾਂ ਵਿਚ ਖੱਚਤ ਹੈ ਤਾਂ ਉਹ ਇਕ ਅੰਧੇ ਭਿਖਾਰੀ ਤੋਂ ਭੀ ਨੀਵਾਂ ਦਰਜਾ ਰੱਖਦਾ ਹੈ, ਇਸ ਭਾਵ ਨੂੰ ਪ੍ਰਗਟਾਉਣ ਵਾਲੇ ਸਾਨੂੰ ਬਾਣੀ ਵਿਚੋਂ ਬਹੁਤ ਉਦਾਹਰਣ ਮਿਲਦੇ ਹਨ, ਜਿਵੇਂ ਕਿ :

ਬਿਖੈ ਰਾਜ ਤੇ ਅੰਧੁਲਾ ਭਾਰੀ ॥
ਦੁਖਿ ਲਾਗੈ ਰਾਮ ਨਾਮੁ ਚਿਤਾਰੀ ॥੧॥

*(ਗਉੜੀ ਮਹਲਾ ੫, ਪੰਨਾ ੧੯੬)*

ਰਾਜੇ ਓਇ ਨ ਆਖੀਅਹਿ
ਭਿੜਿ ਮਰਹਿ ਫਿਰਿ ਜੂਨੀ ਪਾਹਿ ॥
ਨਾਨਕ ਵਿਣੁ ਨਾਵੈ ਨਕੀ ਵਢੀ ਫਿਰਹਿ
ਸੋਭਾ ਮੂਲਿ ਨ ਪਾਹਿ ॥੧॥

*(ਸਲੋਕੁ ਮ: ੩, ਪੰਨਾ ੫੯੦)*

ਰਾਜੁ ਕਹਾਵੈ ਹਉ ਕਰਮ ਕਮਾਵੈ
ਬਾਧਿਓ ਨਲਿਨੀ ਭ੍ਰਮਿ ਸੂਆ ॥੨॥

*(ਆਸਾ ਮਹਲਾ ੫, ਪੰਨਾ ੪੦੭)*

ਰਾਜੁ ਮਾਲੁ ਅਨੇਕ ਭੋਗ ਰਸ
ਸਗਲ ਤਰਵਰ ਕੀ ਛਾਮ ॥
ਧਾਇ ਧਾਇ ਬਹੁ ਬਿਧਿ ਕਉ ਧਾਵੈ
ਸਗਲ ਨਿਰਾਰਥ ਕਾਮ ॥੧॥

*(ਟੋਡੀ ਮਹਲਾ ੫, ਪੰਨਾ ੭੧੩)*

ਰਾਜ ਮਿਲਖ ਧਨ ਜੋਬਨਾ
ਨਾਮੈ ਬਿਨੁ ਬਾਦਿ ॥੧॥ਰਹਾਉ॥

*(ਬਿਲਾਵਲੁ ਮਹਲਾ ੫, ਪੰਨਾ ੮੧੦)*

ਇਸੇ ਤਰ੍ਹਾਂ ਸਾਨੂੰ ਬਾਣੀ ਵਿਚੋਂ ਹੋਰ ਭੀ ਪ੍ਰਮਾਣ ਮਿਲਦੇ ਹਨ, ਜਿਨ੍ਹਾਂ ਤੋਂ ਇਹੋ ਸਿੱਧ ਹੁੰਦਾ ਹੈ ਕਿ ਨਾਮ ਤੋਂ ਸੱਖਣਾ ਜੇ ਕੋਈ ਰਾਜ ਤਖ਼ਤ 'ਤੇ ਭੀ ਬੈਠਾ ਹੈ ਉਹ ਉਸ ਅੰਧੇ ਤੋਂ ਭੀ ਨੀਵਾਂ ਹੈ ਜੋ ਕਿ ਕਦੀ ਕਦਾਈਂ ਟੁਰਦਿਆਂ ਠੋਕਰ ਲੱਗਣ ਤੋਂ ਮੁਖੋਂ ਰਾਮ ਦਾ ਨਾਮ ਉਚਾਰਨ ਕਰ ਲੈਂਦਾ ਹੈ।

ਇਸੇ ਤਰ੍ਹਾਂ ਜੋਗੀਆਂ ਬਾਰੇ ਭੀ ਬਾਣੀ ਦਾ ਫ਼ੁਰਮਾਨ ਹੈ ਕਿ ਜੇ ਕੋਈ ਜੋਗੀ ਬਣਕੇ ਰੱਬ ਨਾਲ ਜੁੜਿਆ ਨਹੀਂ ਉਹ ਭੀ ਰੱਬੀ ਦਰਬਾਰ ਵਿਚ ਕਬੂਲਿਆ ਨਹੀਂ ਜਾਵੇਗਾ ਕਿਉਂਕਿ ਜੇ ਕਿਸੇ ਨੇ ਬਾਹਰੋਂ ਜੋਗੀਆਂ ਦੇ ਚਿੰਨ੍ਹ ਪਹਿਨ ਰੱਖੇ ਹਨ ਪਰ ਅੰਦਰੋਂ ਰੱਬ ਵੱਲੋਂ ਟੁੱਟਿਆ ਹੋਇਆ ਹੈ ਉਹ ਭੇਖਧਾਰੀ ਭੀ ਰੱਬ ਦੀ ਨੇੜਤਾ ਹਾਸਲ ਨਹੀਂ ਕਰ ਸਕਦਾ, ਜਿਵੇਂ ਕਿ ਬਾਣੀ ਦਾ ਫ਼ੁਰਮਾਨ ਹੈ ਕਿ :

ਜੋਗਿ ਸਿਧ ਆਸਣ ਚਉਰਾਸੀਹ
ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ
ਹਰਿ ਸਿਉ ਸੰਗੁ ਨ ਗਹਿਆ ॥੬॥

*(ਸੋਰਠਿ ਮਹਲਾ ੫, ਪੰਨਾ ੬੪੨)*

ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ ॥
ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ ॥

*(ਸਲੋਕੁ ਮ: ੩, ਪੰਨਾ ੧੦੮੯)*

ਕਹਾ ਭਇਓ ਤੀਰਥ ਬ੍ਰਤ ਕੀਏ
ਰਾਮ ਸਰਨਿ ਨਹੀ ਆਵੈ ॥
ਜੋਗ ਜਗ ਨਿਹਫਲ ਤਿਹ ਮਾਨਉ
ਜੋ ਪ੍ਰਭ ਜਸੁ ਬਿਸਰਾਵੈ ॥੧॥

*(ਬਿਲਾਵਲੁ ਮਹਲਾ ੯, ਪੰਨਾ ੮੩੦)*

ਇਨ੍ਹਾਂ ਉਪ੍ਰੋਕਤ ਬਾਣੀ ਦੇ ਉਦਾਹਰਣਾਂ ਤੋਂ ਸਿੱਧ ਹੁੰਦਾ ਹੈ ਕਿ ਭਾਵੇਂ ਕੋਈ ਰਾਜ ਤਖ਼ਤ 'ਤੇ ਬੈਠਾ ਹੈ ਜਾਂ ਕੋਈ ਜੋਗ ਮਾਰਗ ਦਾ ਧਾਰਨੀ ਹੈ ਜੇ ਉਹ ਰੱਬੀ-ਮਾਰਗ ਦਾ ਧਾਰਨੀ ਨਹੀਂ ਤਾਂ ਉਹ ਪ੍ਰਭੂ ਦੀ ਦਰਗਾਹ ਵਿਚ ਕਬੂਲ ਨਹੀਂ ਹੈ ਪਰ ਜੇ ਕੋਈ ਰਾਜ ਤਖ਼ਤ ਪਰ ਬੈਠਾ ਮਾਇਆ ਤੋਂ ਰਾਜੇ ਜਨਕ ਵਾਂਗੂੰ ਨਿਰਲੇਪ ਹੈ ਜਾਂ ਜੋਗ ਮੱਤ ਦਾ ਧਾਰਨੀ ਕੋਈ ਰੱਬ ਨਾਲ ਜੁੜਿਆ ਹੋਇਆ। ਇਹ ਦੋਵੇਂ ਰੱਬੀ-ਦਰਬਾਰ ਵਿਚ ਸਤਿਕਾਰੇ ਜਾਣਗੇ, ਇਸੇ ਭਾਵ ਨੂੰ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ, ਜਿਵੇਂ ਕਿ :

(੧) (ਅਸੀਂ ਪੁਰਾਤਨ ਇਤਿਹਾਸ ਵਿਚ ਪੜ੍ਹਦੇ ਹਾਂ ਕਿ) ਰਾਜਾ ਜਨਕ ਰਾਜ ਤੇ ਜੋਗ ਦੋਵੇਂ ਕਮਾਉਂਦਾ ਸੀ ਇਸ ਲਈ ਵੇਦਾਂ ਨੇ ਉਸਨੂੰ ਵੱਡਾ ਭਗਤ ਕਿਹਾ ਹੈ।
(੨) ਸਨਕਾਦਿਕ ਤੇ ਨਾਰਦ ਮੁਨੀ ਬਾਲ ਅਵਸਥਾ ਤੋਂ ਹੀ ਉਦਾਸ ਹੋ ਗਏ ਤੇ ਉਨ੍ਹਾਂ ਨੂੰ ਵੈਰਾਗ ਅਵਸਥਾ ਹੀ ਚੰਗੀ ਲਗਦੀ ਰਹੀ।
(੩) (ਪਰ) ਗੁਰਮੁਖ ਲੱਖਾਂ ਜੋਗਾਂ ਤੇ ਭੋਗਾਂ ਨੂੰ ਲੰਘ ਕੇ ਸਾਧ ਸੰਗਤ ਵਿਚ ਹੀ ਨਿਰਬਾਣ (ਨਿਰਬੰਧਨ) ਹੋ ਕੇ ਰਹਿੰਦੇ ਹਨ।
(੪) ਜਿਹੜੇ ਹੰਕਾਰ ਕਰਕੇ ਆਪਣਾ ਆਪ ਗਣਾਉਂਦੇ ਹਨ ਉਹ ਖੱਜਲ ਖੁਆਰ ਹੁੰਦੇ ਹਨ (ਕਿਉਂਕਿ) ਆਪਾ-ਭਾਵ ਛਡਿਆਂ ਹੀ ਆਪੇ ਦੀ ਸੋਝੀ ਹੁੰਦੀ ਹੈ।
(੫) ਗੁਰਮੁਖਾਂ ਦਾ ਰਸਤਾ ਸੱਚ ਦਾ ਹੈ, ਜਿਸ ਵਿਚ ਰਾਜੇ ਤੇ ਗ਼ਰੀਬ ਨੂੰ ਪੈਰੀਂ ਪੈਣਾ ਸਿਖਾਇਆ ਜਾਂਦਾ ਹੈ।
(੬) ਗੁਰਮੁਖ ਹੰਕਾਰ ਤਿਆਗ ਕੇ, ਗੁਰੂ ਦੀ ਸਿਖਿਆ ਲੈ ਕੇ ਆਪਣੇ ਮਨ ਵਿਚ ਨਿਮਰਤਾ ਲਿਆਉਂਦੇ ਹਨ।
(੭) ਗੁਰਮੁਖ ਨਿਮਾਣੇ ਬਣ ਕੇ ਸੱਚੀ ਦਰਗਾਹ ਵਿਚ ਮਾਣ ਪ੍ਰਾਪਤ ਕਰਦੇ ਹਨ।੧੧।

***ਭਾਵਾਰਥ :*** ਸਾਧ ਸੰਗਤ ਕਰਦਿਆਂ ਕਰਦਿਆਂ ਗੁਰਮੁਖਾਂ ਦੀ ਸਹਿਜੇ ਸਹਿਜੇ ਮਾਨਸਕ ਅਵਸਥਾ ਰਾਜੇ ਜਨਕ ਵਾਂਗੂੰ ਮਾਇਆ ਵਿਚ ਰਹਿੰਦਿਆਂ ਹੀ ਨਿਰਲੇਪ ਹੋ ਜਾਂਦੀ ਹੈ ਉਨ੍ਹਾਂ ਦੀ ਮਨੋ ਭਾਵਨਾ ਅਜਿਹੀ ਹੋ ਜਾਂਦੀ ਹੈ ਕਿ ਉਨ੍ਹਾਂ ਦੇ ਮਨ ਦੀ ਚਾਹਤ ਕੇਵਲ ਐਸੀ ਹੀ ਬਣ ਜਾਂਦੀ ਹੈ ਕਿ :

ਰਾਜੁ ਨ ਚਾਹਉ ਮੁਕਤਿ ਨ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ ॥

*(ਦੇਵਗੰਧਾਰੀ, ਪੰਨਾ ੫੩੪)*

ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥੨॥

*(ਰਾਗੁ ਸੂਹੀ ਮ: ੫, ਪੰਨਾ ੭੪੫)*

ਜੌ ਰਾਜੁ ਦੇਹਿ ਤ ਕਵਨ ਬਡਾਈ ॥
ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ॥੧॥

*(ਗੂਜਰੀ ਨਾਮਦੇਵ ਜੀ, ਪੰਨਾ ੫੨੫)*

ਭਾਵ ਗੁਰਮੁਖ ਦੇ ਮਨ ਦੀ ਭਾਵਨਾ ਕੇਵਲ ਪ੍ਰਭੂ ਦੇ ਚਰਨ ਕਵਲਾਂ ਦੀ ਚਾਹਤ ਹੀ ਰਖਦੀ ਹੈ, ਕਿਉਂਕਿ ਉਨ੍ਹਾਂ

ਨੂੰ ਇਹ ਸੰਗਤ ਦੁਆਰੇ ਸੋਝੀ ਆ ਗਈ ਹੈ ਕਿ ਅਜਿਹਾ ਰਾਜ ਕਿਸੇ ਭੀ ਕੰਮ ਨਹੀਂ ਜਿਸ ਕਰਕੇ ਕਦੀ ਮਨ ਵਿਚ ਤ੍ਰਿਪਤੀ ਹੀ ਨਹੀਂ ਆ ਸਕਦੀ, ਪਰ ਜੇ ਉਨ੍ਹਾਂ ਨੂੰ ਰਾਜ ਪ੍ਰਾਪਤ ਭੀ ਹੋ ਜਾਏ ਤਾਂ ਉਨ੍ਹਾਂ ਦੇ ਮਨ ਦੀ ਭਾਵਨਾ ਇਹੋ ਬਣੀ ਰਹਿੰਦੀ ਹੈ ਕਿ ਹੇ ਪ੍ਰਭੂ! ਜੇ ਤੂੰ ਸਾਨੂੰ ਤਖ਼ਤ ਪਰ ਬਿਠਾ ਦੇਵੇਂ ਤਾਂ ਇਸ ਵਿਚ ਭੀ ਸਾਡੀ ਆਪਣੀ ਕੋਈ ਵਡਿਆਈ ਨਹੀਂ; ਜੇ ਸਾਨੂੰ ਤੂੰ ਦਰ-ਬ-ਦਰ ਭਿਖਿਆ ਮੰਗਾਵੇਂ ਤਾਂ ਸਾਡਾ ਕੁਝ ਘੱਟ ਭੀ ਨਹੀਂ ਜਾਣਾ, ਭਾਵ ਗੁਰਮੁਖ ਉਸੇ ਪ੍ਰਭੂ ਦੀ ਰਜ਼ਾ ਵਿਚ ਸਦਾ ਰਾਜ਼ੀ ਰਹਿੰਦੇ ਹਨ।

## ੧੨. ਚਰਣੋਦਕ ਦੀ ਵਡਿਆਈ

**੧. ਸਿਰ ਉੱਚਾ ਅਭਿਮਾਨ ਵਿੱਚ**
**ਕਾਲਖ ਭਰਿਆ ਕਾਲੇ ਵਾਲਾ।**
**੨. ਭਰਵੱਟੇ ਕਾਲਖ ਭਰੇ**
**ਪਿੱਪਲੀਆਂ ਕਾਲਖ ਸੂਰਾਲਾ।**
**੩. ਲੋਇਣ ਕਾਲੇ ਜਾਣੀਅਨਿ**
**ਦਾੜ੍ਹੀ ਮੁਛਾਂ ਕਰ ਮੂੰਹ ਕਾਲਾ।**
**੪. ਨੱਕ ਅੰਦਰ ਨਕ ਵਾਲ ਬਹੁ**
**ਲੂੰਇ ਲੂੰਇ ਕਾਲਖ ਬੇਤਾਲਾ।**
**੫. ਉਚੇ ਅੰਗ ਨ ਪੂਜੀਅਨਿ**
**ਚਰਣ ਧੂੜ ਗੁਰਮੁਖ ਧਰਮਸਾਲਾ।**
**੬. ਪੈਰਾਂ ਨਖ ਮੁਖ ਉੱਜਲੇ**
**ਭਾਰ ਉਚਾਇਨ ਦੇਹ ਦੁਰਾਲਾ।**
**੭. ਸਿਰ ਧੋ ਪੀਣ ਅਪਵਿਤ੍ਰ ਹੈ**
**ਗੁਰਮੁਖ ਚਰਣੋਦਕ ਜਗ ਭਾਲਾ।**
**੮. ਗੁਰਮੁਖ ਸੁਖ ਫਲ ਸਹਿਜ ਸੁਖਾਲਾ ॥੧੨॥**

***ਪਦ ਅਰਥ :*** ਭਰਵੱਟੇ—ਭੌਂਹਾਂ। ਪਿੱਪਲੀਆਂ—ਪਲਕਾਂ। ਸੂਰਾਲਾ—ਸੂਲਾਂ। ਬੇਤਾਲਾ—ਡਰਾਉਣਾ। ਦੁਰਾਲਾ—ਦੁਖ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਆਦਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹੀ ਚਰਣ ਪਹੁਲ ਜਾਂ ਚਰਣਾਮ੍ਰਿਤ ਦੇਣ ਦੀ ਪਰੰਪਰਾ ਚਲੀ ਆ ਰਹੀ ਹੈ, ਭਾਵ ਜਿਸਨੂੰ ਭੀ ਸਾਦਕ ਸਿਖ ਬਣਾਇਆ ਜਾਂਦਾ, ਉਸਨੂੰ ਪਹਿਲੋਂ ਚਰਣਾਮ੍ਰਿਤ ਦਿਤੀ ਜਾਂਦੀ ਸੀ। ਕਿਉਂ ਜੀ, ਦਸੋਗੇ ਕਿ ਇਸ ਦਾ ਸਹੀ ਕਾਰਨ ਕੀ ਸੀ, ਕਿਉਂਕਿ ਇਸ ਗੁੱਝੇ ਭਾਵ ਨੂੰ ਸਮਝਣ ਲਈ ਸਾਡੇ ਪਾਸ ਤਾਂ ਦੂਰ-ਦਰਸ਼ੀ ਸੋਚਣੀ ਨਹੀਂ ਹੈ, ਆਪ ਜੀ ਸਾਨੂੰ ਇਸ ਬਾਰੇ ਬੋਧ ਦੇਣ ਦੀ ਕ੍ਰਿਪਾ ਕਰੋ?

**ਉ:** ਹੇ ਭਾਈਓ! ਉਂਝ ਤਾਂ ਸਤਿਗੁਰਾਂ ਦੇ ਗੁਹਝ ਭਾਵਾਂ ਨੂੰ ਸਮਝਣ ਲਈ ਕਿਸੇ ਭੀ ਸੰਸਾਰੀ ਜੀਵ ਵਿਚ ਗੰਮਤਾ ਨਹੀਂ ਹੈ, ਪਰ ਗੁਰੂ ਦੀ ਚਰਨ ਸ਼ਰਨ ਵਿਚ ਰਹਿ ਕੇ ਜਿਤਨੀ ਕੁ ਮੈਨੂੰ ਸੂਝ-ਬੂਝ ਹਾਸਲ ਹੋ ਸਕੀ ਹੈ, ਉਹ ਇਉਂ ਹੀ ਹੈ ਕਿ ਸਤਿਗੁਰੂ ਜੀ ਜਦੋਂ ਭੀ ਕਿਸੇ ਨੂੰ ਉਪਦੇਸ਼ ਲੈਣ ਦਾ ਅਧਿਕਾਰੀ ਅਨੁਭਵ ਕਰਦੇ ਤਾਂ ਪਹਿਲੋਂ ਉਸਦੇ ਹਿਰਦੇ ਦੀ ਸ਼ੁੱਧੀ ਕਰਦੇ ਸਨ ਤਾਕਿ ਉਹ ਨਿਰਮਲ ਉਪਦੇਸ਼ ਉਸਦੇ ਅੰਤਰ-ਆਤਮੇ ਸਹੀ ਰੂਪ ਵਿਚ ਨਿਵਾਸ ਕਰ ਸਕੇ। ਕਿਉਂਕਿ ਜਿਸਦਾ ਹਿਰਦਾ ਭਾਂਡਾ ਹੀ ਮਲੀਨ ਹੈ ਉਸ ਵਿਚ ਨਿਰਮਲ ਪਰਮੇਸ਼ਰ ਦੀ ਪ੍ਰਾਪਤੀ ਦਾ ਨਿਰਮਲ ਉਚੇਰਾ ਉਪਦੇਸ਼ ਨਹੀਂ ਠਹਿਰ ਸਕਦਾ, ਜਿਵੇਂ ਕਹਿੰਦੇ ਹਨ ਕਿ ਸ਼ੀਹਣੀ ਦਾ ਦੁੱਧ ਕਿਸੇ ਸੋਨੇ ਦੇ ਭਾਂਡੇ ਵਿਚ ਹੀ ਟਿਕ ਸਕਦਾ ਹੈ ਕਿਸੇ ਹੋਰ ਬਰਤਨ ਵਿਚ ਪਾਓ ਤਾਂ ਉਹ ਛੇਕ ਕਰਕੇ ਬਾਹਰ ਨਿਕਲ ਜਾਂਦਾ ਹੈ। ਇਸੇ ਤਰ੍ਹਾਂ ਜਿਸਦੇ ਹਿਰਦੇ ਵਿਚ ਅਭਿਮਾਨ ਹੈ ਉਹ ਸੇਵਕ ਹੀ ਨਹੀਂ ਬਣ ਸਕਦਾ, ਇਸ ਬਾਰੇ ਬਾਣੀ ਦਾ ਫ਼ੁਰਮਾਨ ਹੈ ਕਿ:

ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥
ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥੨॥
*(ਸਿਰੀ ਰਾਗੁ ਮਹਲਾ ੫, ਪੰਨਾ ੫੧)*

ਐਸੇ ਅਭਿਮਾਨੀ ਨੂੰ ਤਾਂ ਗੁਰਬਾਣੀ ਵਿਚ ਇਕ ਬਹੁਤ ਵੱਡਾ ਦੋਸ਼ੀ ਠਹਿਰਾਇਆ ਹੈ, ਕਿ ਜਿਸ ਦੇ ਅੰਤਰ-ਆਤਮੇ ਅਭਿਮਾਨ ਹੈ, ਉਹ ਨਰਕ ਗਾਮੀ ਕੂਕਰ ਦੀ ਤੁਲਨਾ ਰਖਦਾ ਹੈ, ਜਿਵੇਂ ਕਿ:

ਜਿਸ ਕੈ ਅੰਤਰਿ ਰਾਜ ਅਭਿਮਾਨੁ ॥
ਸੋ ਨਰਕਪਾਤੀ ਹੋਵਤ ਸੁਆਨੁ ॥ *(ਸੁਖਮਨੀ, ਪੰਨਾ ੨੭੮)*

ਤਜਿ ਅਭਿਮਾਨੁ ਲੇਹੁ ਮਨ ਮੋਲਿ ॥
ਰਾਮ ਨਾਮੁ ਹਿਰਦੇ ਮਹਿ ਤੋਲਿ ॥ *(ਸੁਖਮਨੀ, ਪੰਨਾ ੨੮੩)*

ਇਸ ਲਈ ਸਤਿਗੁਰੂ ਜੀ ਨੇ ਸਿਖ ਦੇ ਹਿਰਦੇ ਵਿਚੋਂ, ਹਉਮੈ, ਹੰਕਾਰ, ਅਭਿਮਾਨ ਦਾ ਤਿਆਗ ਕਰਵਾ ਕੇ,

ਨਿਰਮਾਣਤਾ, ਨਿੰਮਰਤਾ, ਗ਼ਰੀਬੀ ਆਦਿ ਦੈਵੀ ਗੁਣਾਂ ਦਾ ਧਾਰਨੀ ਹੋਣਾ ਅਤਿ ਜ਼ਰੂਰੀ ਗੁਣ ਦਰਸਾਇਆ ਹੈ। ਕਿਉਂਕਿ ਜਿੰਨਾ ਚਿਰ ਸਿਖ ਦੇ ਹਿਰਦੇ ਵਿਚੋਂ ਅਭਿਮਾਨ ਦੀ ਉਚਾਣ ਦੂਰ ਨਹੀਂ ਹੁੰਦੀ ਉਤਨਾ ਚਿਰ ਇਸਦੇ ਅੰਤਰ-ਆਤਮੇ ਗੁਰੂ ਦਾ ਉਪਦੇਸ਼ ਨਹੀਂ ਠਹਿਰ ਸਕਦਾ, ਜਿਵੇਂ ਉੱਚੇ ਪਹਾੜਾਂ 'ਤੇ ਬਰਖਾ ਦਾ ਪਾਣੀ ਨਹੀਂ ਠਹਿਰਦਾ, ਉਹ ਪਹਾੜ ਦਾ ਪਾਣੀ ਨੀਵੇਂ ਥਾਂ 'ਤੇ ਹੀ ਆ ਕੇ ਟਿਕਦਾ ਹੈ, ਇਸੇ ਤਰ੍ਹਾਂ ਗੁਰੂ ਦਾ ਦਿਤਾ ਉਪਦੇਸ਼ ਗ਼ਰੀਬੀ ਧਾਰਨ ਵਾਲੇ ਅਧਿਕਾਰੀ ਦੇ ਹਿਰਦੇ ਵਿਚ ਹੀ ਨਿਵਾਸ ਕਰਦਾ ਹੈ।

ਸੋ, ਗੁਰੂ ਨੇ ਸਿਖ ਦੇ ਹਿਰਦੇ ਨੂੰ ਚਰਣਾਮ੍ਰਿਤ ਬਖ਼ਸ਼ ਕੇ ਸਦੀਵੀ ਕਾਲ ਲਈ ਉੱਜਲਤਾ ਬਖ਼ਸ਼ੀ ਹੈ ਤਾਕਿ ਇਸ ਦੇ ਅੰਤਰ-ਆਤਮੇ ਸਦਾ ਹੀ ਦੈਵੀ ਗੁਣਾਂ ਦਾ ਨਿਵਾਸ ਰਹੇ, ਜਿਸ ਦਾ ਸਦਕਾ ਇਹ ਸਿਖ ਸਦਾ ਹੀ ਰੱਬੀ-ਮਾਰਗ ਦਾ ਪਾਂਧੀ ਬਣਿਆ ਰਹੇ। ਇਸੇ ਭਾਵ ਨੂੰ ਮੁਖ ਰਖ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਚਰਣਾਮ੍ਰਿਤ ਦੀ ਮਹਿਮਾ ਅੰਕਤ ਕੀਤੀ ਹੈ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਸਿਰ ਉੱਚਾ ਹੋਣ ਕਰਕੇ ਹੰਕਾਰ ਵਿਚ ਹੈ ਤੇ ਉਹ ਕਾਲੇ ਵਾਲਾਂ ਨਾਲ ਭਰਿਆ ਹੋਇਆ ਹੈ।

(੨) (ਇਸੇ ਤਰ੍ਹਾਂ) ਭੌਂਹਾਂ ਵੀ ਕਾਲਖ ਨਾਲ ਭਰੀਆਂ ਪਈਆਂ ਹਨ, (ਉਹ) ਸੂਲਾਂ ਵਾਂਗੂੰ ਤਿੱਖੀਆਂ ਹਨ।

(੩) ਅੱਖਾਂ ਭੀ ਕਾਲੀਆਂ ਹਨ ਤੇ ਦਾੜ੍ਹੀ ਮੁਛਾਂ ਕਰਕੇ ਮੂੰਹ ਭੀ ਕਾਲਾ ਹੋਇਆ ਹੋਇਆ ਹੈ।

(੪) ਨੱਕ ਦੇ ਅੰਦਰ ਬਹੁਤ ਵਾਲ ਹਨ ਤੇ ਲੂੰ ਲੂੰ ਕਾਲਖ ਦਾ ਭਰਿਆ ਡਰਾਉਣਾ ਜਾਪਦਾ ਹੈ।

(੫) ਉੱਚੇ ਹੋਣ ਕਰਕੇ ਅੰਗਾਂ ਦੀ ਪੂਜਾ ਨਹੀਂ ਹੁੰਦੀ, ਗੁਰਮੁਖ ਧਰਮਸਾਲਾ ਵਿਚੋਂ ਚਰਨ ਧੂੜ ਹੀ ਲੈਂਦੇ ਹਨ।

(੬) ਪੈਰਾਂ ਦੇ ਨੌਂਹ ਚਿੱਟੇ ਮੂੰਹਾਂ ਵਾਲੇ ਹਨ। ਪੈਰ ਦੁਖਾਂ ਦੇ ਘਰ ਸਰੀਰ ਦਾ ਭਾਰ ਚੁੱਕਦੇ ਹਨ।

(੭) ਸਿਰ ਧੋ ਕੇ ਪੀਣਾ ਅਪਵਿੱਤ੍ਰ ਮੰਨਿਆ ਜਾਂਦਾ ਹੈ। ਗੁਰਮੁਖ ਜਨ ਚਰਣਾਂ ਦਾ ਧੋਣ (ਚਰਣਾਮ੍ਰਿਤ) ਹੀ ਲਭਦੇ ਹਨ।

(੮) ਗੁਰਮੁਖ ਸੁਖ ਫਲ ਪ੍ਰਾਪਤ ਕਰਕੇ ਸਹਿਜੇ ਹੀ ਸੁਖਾਂ ਦੇ ਘਰ ਵਿਚ ਟਿਕੇ ਰਹਿੰਦੇ ਹਨ।

***ਭਾਵਾਰਥ :*** ਜਿਵੇਂ ਕਿ ਵਾਕ ਹੈ:

ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ॥
ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥੧॥

*(ਸੁਖਮਨੀ, ਪੰਨਾ ੨੭੮)*

ਸੂਚਨਾ : ਇਥੇ ਜੋ ਅਸੀਂ ਸਿਰ ਦੀ ਮੁਕਾਲਕ ਤੇ ਪੈਰਾਂ ਦੇ ਨਹੁੰਆਂ ਦਾ ਮੁਖ ਉੱਜਲਾ ਪੜ੍ਹਦੇ ਹਾਂ, ਇਹ ਹੰਕਾਰੀ ਤੇ ਨਿੰਮ੍ਰੀਭੂਤ ਪਰਥਾਇ ਅਨਯੋਕਤੀ ਦੇ ਢੰਗ ਪਰ ਉਪਦੇਸ਼ ਰੂਪ ਹੈ। ਵਾਸਤਵ ਵਿਚ ਸਿਰ ਦੀ ਕਾਲਖ ਮੁਕਾਲਕ ਲਈ ਨਹੀਂ ਰਚੀ ਗਈ।

## ੧੩. ਪ੍ਰਭੂ ਦੀ ਰਚਨਾ

**੧. ਜਲ ਵਿਚ ਧਰਤੀ ਧਰਮਸਾਲ**
**ਧਰਤੀ ਅੰਦਰ ਨੀਰ ਨਿਵਾਸਾ।**
**੨. ਚਰਨ ਕਵਲ ਸਰਣਾਗਤੀ**
**ਨਿਹਚਲ ਧੀਰਜ ਧਰਮ ਸੁਵਾਸਾ।**
**੩. ਕਿਰਖ ਬਿਰਖ ਕੁਸਮਾਵਲੀ**
**ਬੂਟੀ ਜੜੀ ਘਾਹ ਅਬਿਨਾਸਾ।**
**੪. ਸਰ ਸਾਇਰ ਗਿਰ ਮੇਰੁ ਬਹੁ**
**ਰਤਨ ਪਦਾਰਥ ਭੋਗ ਬਿਲਾਸਾ।**
**੫. ਦੇਵ ਸਥਲ ਤੀਰਥ ਘਣੇ**
**ਰੰਗ ਰੂਪ ਰਸ ਕਸ ਪਰਗਾਸਾ।**
**੬. ਗੁਰ ਚੇਲੇ ਰਹਿਰਾਸ ਕਰ**
**ਗੁਰਮੁਖ ਸਾਧ ਸੰਗਤ ਗੁਣਤਾਸਾ।**
**੭. ਗੁਰਮੁਖ ਸੁਖ ਫਲ ਆਸ ਨਿਰਾਸਾ॥੧੩॥**

***ਪਦ ਅਰਥ :*** ਨੀਰ—ਜਲ। ਕਿਰਖ—ਖੇਤੀ। ਅਬਿਨਾਸਾ—ਅਖੁਟ। ਗੁਣਤਾਸਾ—ਗੁਣਾਂ ਦਾ ਸਾਗਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਪੁਰਾਤਨ ਪੁਸਤਕਾਂ ਵਿਚ ਧਰਤੀ, ਪਾਣੀ ਤੇ ਪਰਬਤਾਂ ਦੇ ਸੰਬੰਧ ਵਿਚ ਭਿੰਨ ਭਿੰਨ ਰਾਵਾਂ ਮਿਲਦੀਆਂ ਹਨ, ਪਰ ਤੁਸੀਂ ਇਨ੍ਹਾਂ ਦੇ ਬਾਰੇ ਕਿਸ ਤਰ੍ਹਾਂ ਅਨੁਭਵ ਕਰਦੇ ਹੋ, ਜਾਣਕਾਰੀ ਦਿਓ?

ਉ: ਹੇ ਭਾਈਓ! ਜਿਨ੍ਹਾਂ ਵੀ ਪੁਰਾਤਨ ਰਿਖੀਆਂ ਮੁਨੀਆਂ ਨੇ ਉਸ ਕਰਤੇ ਦੀ ਕਿਰਤ ਬਾਰੇ ਕੁਝ ਕਿਹਾ ਹੈ ਉਹ ਓਹੋ ਕੁਝ ਕਹਿ ਸਕੇ ਹਨ, ਜਿਥੇ ਤਕ ਉਨ੍ਹਾਂ ਦੀ ਸੋਚਨੀ ਕੰਮ ਕਰਦੀ ਸੀ, ਪਰ ਸੰਪੂਰਨ ਰੂਪ ਵਿਚ ਕੋਈ ਭੀ ਕੁਝ ਕਹਿ ਨਹੀਂ ਸਕਿਆ, ਅਗੇ ਆਉਣ ਵਾਲੇ ਸਮੇਂ

ਵਿਚ ਭੀ ਉਸ ਪ੍ਰਭੂ ਦੀ ਰਚਨਾ ਬਾਰੇ ਕੋਈ ਕੁਝ ਕਹਿ ਨਹੀਂ ਸਕਦਾ, ਕਿਉਂਕਿ ਬਾਣੀ ਵਿਚ ਇਹ ਸੰਕੇਤਕ ਜ਼ਿਕਰ ਕੀਤਾ ਗਿਆ ਹੈ ਕਿ :

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

*(ਜਪੁਜੀ, ਪੰਨਾ ੪)*

ਹੇ ਭਾਈਓ! ਜੇ ਉਸ ਕਰਤੇ ਦੇ ਤੱਤਾਂ ਬਾਰੇ ਕੁਝ ਕਹਿਣਾ ਚਾਹੀਏ ਤਾਂ ਕਿਹਾ ਨਹੀਂ ਜਾ ਸਕਦਾ। ਕਿਉਂਕਿ ਜੋ ਭੀ ਉਸਦੀ ਰਚਨਾ, ਅਕਾਸ਼, ਪਤਾਲ ਆਦਿਕਾਂ ਦੀ ਗਿਣਤੀ ਦਰਸਾਈ ਹੈ, ਉਸਨੂੰ ਗੁਰਬਾਣੀ ਨੇ ਮਨਜ਼ੂਰ ਨਹੀਂ ਕੀਤਾ, ਗੁਰੂ ਗ੍ਰੰਥ ਸਾਹਿਬ ਜੀ ਤਾਂ ਇਹੋ ਫ਼ੁਰਮਾਨ ਕਰਦੇ ਹਨ ਕਿ :

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥੨੨॥

*(ਜਪੁਜੀ ਸਾਹਿਬ, ਪੰਨਾ ੫)*

ਇਸ ਲਈ ਮੈਂ ਤਾਂ ਗੁਰਬਾਣੀ ਦੀ ਪ੍ਰੇਰਨਾ ਲੈ ਕੇ ਇਨ੍ਹਾਂ ਪੰਗਤੀਆਂ ਵਿਚ ਇਹੋ ਕਹਿਣ ਦਾ ਉਪਰਾਲਾ ਕੀਤਾ ਹੈ ਕਿ :

(੧) ਧਰਮ ਦਾ ਅਸਥਾਨ ਧਰਤੀ ਪਾਣੀ ਵਿਚ ਟਿਕੀ ਹੋਈ ਹੈ, ਤੇ ਧਰਤੀ ਦੇ ਅੰਦਰ ਵੀ ਪਾਣੀ ਵੱਸਦਾ ਹੈ।
(੨) ਭਗਤ ਜਨਾਂ ਦੇ ਚਰਨਾਂ ਦੀ ਛੁਹ ਨਾਲ ਅਚਲਤਾ, ਧੀਰਜ ਤੇ ਧਰਮ ਦਾ ਧਰਤੀ ਵਿਚ ਨਿਵਾਸ ਹੁੰਦਾ ਹੈ।
(੩) ਧਰਤੀ ਉਤੇ ਖੇਤੀਆਂ, ਬ੍ਰਿਛ, ਫੁਲਵਾੜੀਆਂ, ਬੂਟੀਆਂ ਤੇ ਘਾਹ ਆਦਿ ਅਖੁੱਟ ਹੁੰਦਾ ਹੈ।
(੪) ਤਲਾ, ਸਮੁੰਦਰ, ਪਹਾੜ, ਮੇਰ, ਬਹੁਤ ਰਤਨ ਪਦਾਰਥਾਂ ਦੇ ਭੋਗ-ਬਿਲਾਸ ਹਨ।
(੫) ਬਹੁਤੇ ਦੇਵਤਿਆਂ ਦੇ ਮੰਦਰ ਤੇ ਤੀਰਥ ਰੰਗ ਰੂਪ ਤੇ ਰਸਾਂ ਕਸਾਂ ਦਾ (ਧਰਤੀ ਤੇ) ਪ੍ਰਕਾਸ਼ ਹੋ ਰਿਹਾ ਹੈ।
(੬) ਗੁਰੂ ਤੇ ਚੇਲੇ ਦੀ ਮਰਯਾਦਾ ਕਰ ਕੇ ਗੁਰਮੁਖਾਂ ਦੀ ਸੰਗਤ ਗੁਣਾਂ ਦਾ ਸਮੁੰਦਰ ਹੋ ਜਾਂਦਾ ਹੈ।
(੭) ਗੁਰਮੁਖ ਆਸਾ ਤੋਂ ਨਿਰਾਸ ਰਹਿੰਦੇ ਹਨ ਤੇ ਸੁਖ ਫਲ ਪ੍ਰਾਪਤ ਕਰਦੇ ਹਨ।੧੩।

***ਭਾਵਾਰਥ :*** ਉਸ ਰਚਨਹਾਰ ਕਰਤੇ ਨੇ ਇਸ ਸੰਸਾਰ ਦੀ ਰਚਨਾ ਨੂੰ ਰਚ ਕੇ :

ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥

*(ਜਪੁਜੀ, ਪੰਨਾ ੭)*

***ਅਰਥਾਤ :*** ਇਹ ਧਰਤੀ ਧਰਮ ਦੀ ਥਾਉਂ ਕਰਮ-ਭੂਮੀ ਹੈ, ਇਸ ਵਿਚ ਧਰਮ ਧੀਰਜ, ਆਦਿਕ ਦੈਵੀ ਗੁਣ ਅਰ ਰਸ ਕਸ ਭੋਗ-ਬਿਲਾਸਾਦਿਕ ਵਿਖਯ ਭੀ ਹਨ, ਪਰ ਇਸ ਵਿਚ (ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ) ਭਾਵ ਇਸ ਵਿਚ ਜੈਸਾ ਭੀ ਕੋਈ ਸ਼ੁਭ ਗੁਣ ਤੇ ਅਸ਼ੁਭ ਗੁਣਾਂ ਦਾ ਬੀਜ ਬੋਵੇਗਾ, ਉਹ :

ਅਹਿ ਕਰੁ ਕਰੇ ਸੁ ਅਹਿ ਕਰੁ ਪਾਏ
ਕੋਈ ਨ ਪਕੜੀਐ ਕਿਸੈ ਥਾਇ॥੩॥

*(ਆਸਾ ਮ: ੫, ਪੰਨਾ ੪੦੬)*

## ੧੪. ਸਾਧ ਚਰਣ ਪੂਜਾ ਗੁਰਭਾਈ

**੧. ਰੋਮ ਰੋਮ ਵਿੱਚ ਰੱਖਿਓਨ**
**ਕਰ ਬ੍ਰਹਮੰਡ ਕਰੋੜ ਸਮਾਈ।**
**੨. ਪਾਰਬ੍ਰਹਮ ਪੂਰਨ ਬ੍ਰਹਮ**
**ਸਤਿ ਪੁਰਖ ਸਤਿਗੁਰ ਸੁਖਦਾਈ।**
**੩. ਚਾਰ ਵਰਨ ਗੁਰਸਿੱਖ ਹੋਇ**
**ਸਾਧਸੰਗਤਿ ਸਤਿਗੁਰ ਸਰਣਾਈ।**
**੪. ਗਯਾਨ ਧਯਾਨ ਸਿਮ੍ਰਨ ਸਦਾ**
**ਗੁਰਮੁਖ ਸ਼ਬਦ ਸੁਰਤ ਲਿਵਲਾਈ।**
**੫. ਭਾਇ ਭਗਤ ਭਉ ਪਿਰਮ ਰਸ**
**ਸਤਿਗੁਰੂ ਮੂਰਤ ਰਿਦੇ ਵਸਾਈ।**
**੬. ਏਵਡ ਭਾਰ ਉਚਾਇੰਦੇ**
**ਸਾਧ ਚਰਣ ਪੂਜਾ ਗੁਰੁ ਭਾਈ।**
**੭. ਗੁਰਮੁਖ ਸੁਖ ਫਲ ਕੀਮ ਨ ਪਾਈ॥੧੪॥**

***ਪਦ ਅਰਥ :*** ਸਤਿ ਪੁਰਖ—ਪ੍ਰਭੂ। ਸਤਿਗੁਰ—ਗੁਰੂ ਨਾਨਕ ਦੇਵ। ਭਾਇ ਭਗਤਿ—ਪ੍ਰੇਮਾ-ਭਗਤੀ। ਪਿਰਮ ਰਸ—ਪ੍ਰੇਮ ਰਸ। ਕੀਮ—ਕੀਮਤ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਕਈ ਵਾਰ ਸੰਗਤ ਵਿਚ ਇਹ ਭੀ ਵੀਚਾਰ ਪ੍ਰਗਟਾਇਆ ਕਰਦੇ ਹੋ ਕਿ

ਇਕ ਬ੍ਰਹਿਮੰਡ ਨਹੀਂ ਸਗੋਂ ਕ੍ਰੋੜਾਂ ਹੀ ਬ੍ਰਹਿਮੰਡ ਹਨ। ਕਿਉਂ ਜੀ, ਦਸੋਗੇ ਕਿ ਇਨ੍ਹਾਂ ਕ੍ਰੋੜਾਂ ਬ੍ਰਹਿਮੰਡਾਂ ਦਾ ਅਧਾਰ ਕੀ ਹੈ, ਭਾਵ ਇਹ ਕਿਸਦੇ ਆਸਰੇ ਤੇ ਖਲੋਤੇ ਹਨ, ਕਿਉਂਕਿ ਸੰਸਾਰ ਵਿਚ ਜਿਤਨੀਆਂ ਭੀ ਸ਼ੈਆਂ ਵੇਖਣ ਵਿਚ ਆਉਂਦੀਆਂ ਹਨ ਇਨ੍ਹਾਂ ਸਾਰੀਆਂ ਹੀ ਵਸਤੂਆਂ ਦਾ ਕੋਈ ਨ ਕੋਈ ਆਸਰਾ ਵੇਖਣ ਵਿਚ ਆਉਂਦਾ ਹੈ, ਪਰ ਇਨ੍ਹਾਂ ਕ੍ਰੋੜਾਂ ਬ੍ਰਹਿਮੰਡਾਂ ਦਾ ਆਸਰਾ ਕੌਣ ਹੈ ?

ਉ: ਹੇ ਭਾਈਓ! ਜਦੋਂ ਅਸੀਂ ਬਾਣੀ ਦੀ ਵੀਚਾਰ ਕਰਦੇ ਹਾਂ ਤਾਂ ਇਹੋ ਬੋਧ ਮਿਲਦਾ ਹੈ, ਕਿ ਇਨ੍ਹਾਂ ਸਾਰਿਆਂ ਖੰਡਾਂ ਬ੍ਰਹਿਮੰਡਾਂ ਦਾ ਉਹ ਕਰਤਾ ਪੁਰਖ ਹੀ ਮਾਲਕ ਹੈ ਅਤੇ ਸਾਰਿਆਂ ਖੰਡਾਂ ਬ੍ਰਹਿਮੰਡਾਂ ਦਾ ਅਧਾਰ ਭੀ ਓਹੀ ਹੈ, ਇਸ ਪੱਖ ਵਿਚ ਸਾਨੂੰ ਬਾਣੀ ਵਿਚੋਂ ਬਹੁਤ ਉਦਾਹਰਣ ਮਿਲਦੇ ਹਨ, ਜਿਵੇਂ ਕਿ :

ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ
ਸਰਬ ਜੀਆ ਕਾ ਦਾਤਾ ਰੇ ॥
ਪ੍ਰਤਿਪਾਲੈ ਨਿਤ ਸਾਰਿ ਸਮਾਲੈ
ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥੧॥

*(ਸੋਰਠਿ ਮ: ੫, ਪੰਨਾ ੬੧੨)*

ਕੋਟਿ ਬਿਸਨ ਕੀਨੇ ਅਵਤਾਰ ॥
ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ ॥

*(ਭੈਰਉ ਮ: ੫, ਪੰਨਾ ੧੧੫੬)*

ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ ॥
ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ ॥

*(ਪਉੜੀ, ਪੰਨਾ ੭੦੬)*

ਇਸੇ ਤਰ੍ਹਾਂ ਹੋਰ ਭੀ ਬਾਣੀ ਵਿਚੋਂ ਸਾਨੂੰ ਉਦਾਹਰਣ ਮਿਲਦੇ ਹਨ ਕਿ ਉਸ ਪਰਮੇਸ਼ਰ ਨੇ ਸਾਰੇ ਖੰਡਾਂ, ਬ੍ਰਹਿਮੰਡਾਂ, ਦੀਪਾਂ, ਲੋਆਂ ਨੂੰ ਰਚਕੇ ਆਪਣੇ ਆਸਰੇ ਹੀ ਸਥਿਰ ਕਰ ਰੱਖਿਆ ਹੈ। ਉਸੇ ਦੀ ਸ਼ਕਤੀ ਇਨ੍ਹਾਂ ਵਿਚ ਹਰ ਪ੍ਰਕਾਰ ਦੀ ਕ੍ਰਿਆ ਕਰਵਾ ਰਹੀ ਹੈ। ਸੋ, ਮੈਂ ਭੀ ਗੁਰਬਾਣੀ ਦੀਆਂ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਹ ਚੰਦ ਸਤਰਾਂ ਉੱਕਰੀਆਂ ਹਨ :

(੧) (ਕਿ ਪਰਮੇਸ਼ਰ ਨੇ) ਕ੍ਰੋੜਾਂ ਬ੍ਰਹਿਮੰਡਾਂ ਦੀ ਸਮਾਈ ਰੋਮ ਰੋਮ (ਭਾਵ ਆਪਣੀ ਸ਼ਕਤੀ) ਵਿਚ ਰੱਖੀ ਹੋਈ ਹੈ।
(੨) ਉਸ ਨਿਰਗੁਣ ਪਰਮੇਸ਼ਰ ਨੇ ਸਰਗੁਣ ਸਰੂਪ ਵਿਚ ਸਤਿਗੁਰੂ ਦਾ ਸੁਖਦਾਈ ਰੂਪ ਧਾਰਨ ਕੀਤਾ ਹੈ।
(੩) ਚਾਰੇ ਵਰਨਾਂ ਦੇ ਲੋਕ ਗੁਰਮੁਖ ਬਣ ਕੇ ਸਾਧ ਸੰਗਤ ਦੀ ਸ਼ਰਨ ਵਿਚ ਆਏ ਹਨ।
(੪) ਗਿਆਨ ਧਿਆਨ ਤੇ ਸਿਮਰਨ ਕਰਕੇ ਗੁਰਮੁਖਾਂ ਨੇ ਸਦਾ ਹੀ ਸ਼ਬਦ ਵਿਚ ਆਪਣੀ ਸੁਰਤੀ ਨੂੰ ਜੋੜਿਆ ਹੈ।
(੫) ਗੁਰਮੁਖਾਂ ਨੇ ਪ੍ਰੇਮਾ-ਭਗਤੀ, ਭੈ ਤੇ ਪਿਆਰੇ ਪ੍ਰੇਮ ਰਸ ਨੂੰ ਧਾਰਨ ਕਰਕੇ ਸਤਿਗੁਰੂ ਦੀ ਮੂਰਤ ਨੂੰ ਆਪਣੇ ਹਿਰਦੇ ਵਿਚ ਵਸਾਇਆ ਹੈ।
(੬) ਚਰਨ ਏਡਾ ਵੱਡਾ ਭਾਰ ਚੁਕਦੇ ਹਨ, ਇਸ ਲਈ ਸਾਧਾਂ ਦੇ ਚਰਨਾਂ ਦੀ ਪੂਜਾ ਹੀ ਵੱਡੇ ਭਾਇ ਵਾਲੀ ਹੈ, (ਭਾਵ ਸਰੇਸ਼ਟ) ਹੈ।
(੭) ਗੁਰਮੁਖਾਂ ਦੇ ਸੁਖ ਫਲ ਦੀ ਕੀਮਤ ਨਹੀਂ ਪਾਈ ਜਾ ਸਕਦੀ।੧੪।

***ਭਾਵਾਰਥ :*** ਉਸ ਕਰਤੇ ਪੁਰਖ ਦੇ ਖੰਡਾਂ ਬ੍ਰਹਿਮੰਡਾਂ ਦਾ ਅਕਾਰ ਤਾਂ ਦਿਸ ਰਿਹਾ ਹੈ, ਪਰ ਉਸ ਨੂੰ ਅਸੀਂ ਵੇਖ ਨਹੀਂ ਸਕਦੇ, ਕਿਉਂਕਿ ਸਾਡੇ ਪਾਸ ਉਸ ਨੂੰ ਵੇਖਣ ਵਾਲੀਆਂ ਗਿਆਨ ਦੀਆਂ ਅੱਖਾਂ ਨਹੀਂ, ਹੁਕਮ ਭੀ ਇਹੋ ਹੈ ਕਿ :

ਨਾਨਕ ਸੇ ਅਖੜੀਆਂ ਬਿਅੰਨਿ
ਜਿਨੀ ਡਿਸੰਦੋ ਮਾ ਪਿਰੀ ॥੧॥ *(ਸਲੋਕੁ, ਪੰਨਾ ੫੭੭)*

## ੧੫. ਅਨਯਾਈ ਰਾਜੇ

੧. ਵੱਸੇ ਛਹਬਰ ਲਾਇਕੈ
ਪਰਨਾਲੀਂ ਹੁਇ ਵੀਹੀਂ ਆਵੈ।
੨. ਲੱਖ ਨਾਲੇ ਉੱਛਲ ਚਲਨ
ਲੱਖ ਪਰਵਾਹੀਂ ਵਾਹ ਵਹਾਵੈ।
੩. ਲੱਖ ਨਾਲੇ ਲੱਖ ਵਾਹ ਵਹਿ
ਨਦੀਆਂ ਅੰਦਰ ਰਲੈ ਰਲਾਵੈ।
੪. ਨਉਂ ਸੈ ਨਦੀ ਨੜਿੰਨਵੈ
ਪੂਰਬ ਪੱਛਮ ਹੋਇ ਚਲਾਵੈ।
੫. ਨਦੀਆ ਜਾਇ ਸਮੁੰਦ ਵਿੱਚ
ਸਾਗਰ ਸੰਗਮ ਹੋਇ ਮਿਲਾਵੈ।
੬. ਸੱਤਿ ਸਮੁੰਦ੍ਰ ਗੜਾੜ ਮਹਿ
ਜਾਇ ਸਮਾਇ ਨ ਪੇਟ ਭਰਾਵੈ।

**੭. ਜਾਇ ਗੜਾੜ ਪਤਾਲ ਹੇਠ**
**ਹੋਇ ਤਵੇ ਦੀ ਬੂੰਦ ਸਮਾਵੈ।**
**੮. ਸਿਰ ਪਾਤਿਸ਼ਾਹਾਂ ਲਾਖ ਲਾਖ**
**ਇੰਨਣ ਜਾਲ ਤਵੇ ਨੋਂ ਤਾਵੈ।**
**੯. ਮਰਦੇ ਖਹਿ ਖਹਿ ਦੁਨੀਆਂ ਦਾਵੈ ॥੧੫॥**

***ਪਦ ਅਰਥ :*** ਛਹਬਰ—ਝੜੀ। ਵੀਹੀਂ—ਗਲੀਆਂ ਵਿੱਚ। ਵਾਹ—ਹੜ੍ਹ। ਗੜਾੜ—ਮਹਾ ਸਾਗਰ। ਇੰਨਣ—ਲੱਕੜੀ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਸ੍ਰੋਤਿਆਂ ਨੂੰ ਜਿਥੇ ਹੋਰ ਕਈ ਪੱਖਾਂ ਦੀ ਜਾਣਕਾਰੀ ਦੇਂਦੇ ਆ ਰਹੇ ਹੋ, ਉਥੇ ਕਦੀ ਕਦਾਈਂ ਪਾਪ ਕਰਨ ਵਾਲੇ ਪਾਪੀ ਲੋਕਾਂ ਦੇ ਸੰਬੰਧ ਵਿਚ ਗੁਰਬਾਣੀ ਦੁਆਰੇ ਇਹ ਭੀ ਵੀਚਾਰ ਪ੍ਰਗਟ ਕਰਿਆ ਕਰਦੇ ਹੋ ਕਿ ਇਹ ਬਾਣੀ ਵਿਚ ਗੁਰੂ ਫ਼ੁਰਮਾਨ ਆਉਂਦਾ ਹੈ ਕਿ :

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥
ਨਾਨਕ ਜਿਉ ਮਥਨਿ ਮਾਧਾਣੀਆ
ਤਿਉ ਮਥੇ ਧ੍ਰਮਰਾਇ॥੯॥ *(ਸਲੋਕ ਮ: ੫, ਪੰਨਾ ੧੪੨੫)*

ਭਾਵ, ਪਾਪੀ ਲੋਕ ਪਾਪ ਕਰਮ ਕਰਦੇ ਹਨ ਉਨ੍ਹਾਂ ਦੇ ਕੀਤੇ ਪਾਪ ਕਰਮਾਂ ਦਾ ਫਲ ਧਰਮਰਾਜ ਸਜ਼ਾ ਦੇਂਦਾ ਹੈ। ਪਰ, ਸ਼ੰਕਾ ਹੋ ਆਉਂਦਾ ਹੈ ਕਿ ਪਾਪ ਤਾਂ ਛੋਟੇ ਵੱਡੇ ਭਿੰਨ ਭਿੰਨ ਹਨ ਕੀ ਸਾਰਿਆਂ ਨੂੰ ਧਰਮ ਰਾਜ ਵੱਲੋਂ ਇਕੋ ਸਮਾਨ ਸਜ਼ਾ ਭੁਗਤਾਈ ਜਾਂਦੀ ਹੈ, ਇਸ ਸੰਬੰਧ ਵਿਚ ਆਪ ਜੀ ਨੇ ਆਪਣੇ ਕਦੇ ਕ਼ੀ ਖ਼ਿਆਲ ਨਹੀਂ ਪ੍ਰਗਟਾਏ। ਇਸ ਲਈ ਅਸੀਂ ਚਾਹੁੰਦੇ ਹਾਂ ਕਿ ਸਾਨੂੰ ਇਸ ਦੇ ਸੰਬੰਧ ਵਿਚ ਜਾਣਕਾਰੀ ਦਿਓ, ਧੰਨਵਾਦੀ ਹੋਵਾਂਗੇ ?

ਉ: ਹੇ ਭਾਈਓ! ਜੇ ਤੁਹਾਡੇ ਇਸ ਪ੍ਰਸ਼ਨ ਦਾ ਉੱਤਰ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਮੰਗੀਏ ਤਾਂ ਉਹ ਸਾਨੂੰ ਬੋਧ ਦੇਂਦੇ ਹਨ ਕਿ ਹੇ ਪਿਆਰੇ! ਰੱਬੀ-ਦਰਬਾਰ ਵਿਚ ਇਤਨਾ ਅਨਿਆਓ ਨਹੀਂ, ਕਿਉਂਕਿ ਉਹ ਸੱਚਾ ਦਰਬਾਰ ਹੈ, ਉਥੇ ਤਾਂ :

ਨਾਨਕ ਜੀਅ ਉਪਾਇ ਕੈ
ਲਿਖਿ ਨਾਵੈ ਧਰਮੁ ਬਹਾਲਿਆ॥
ਓਥੈ ਸਚੇ ਹੀ ਸਚਿ ਨਿਬੜੈ
ਚੁਣਿ ਵਖਿ ਕਢੇ ਜਜਮਾਲਿਆ॥
ਥਾਉ ਨ ਪਾਇਨਿ ਕੂੜਿਆਰ
ਮੁਹ ਕਾਲ੍ਹੈ ਦੋਜਕਿ ਚਾਲਿਆ॥
ਤੇਰੈ ਨਾਇ ਰਤੇ ਸੇ ਜਿਣਿ ਗਏ
ਹਾਰਿ ਗਏ ਸਿ ਠਗਣ ਵਾਲਿਆ॥
ਲਿਖਿ ਨਾਵੈ ਧਰਮੁ ਬਹਾਲਿਆ॥੨॥

*(ਪਉੜੀ, ਪੰਨਾ ੪੬੩)*

ਇਹ ਠੀਕ ਹੈ ਕਿ ਇਸ ਸੰਸਾਰੀ ਦਰਬਾਰਾਂ ਵਿਚ ਤਾਂ ਕਈ ਵਾਰ ਅਦਾਲਤਾਂ ਵਿਚ ਕੂੜ ਦੀ ਪ੍ਰਧਾਨਤਾ ਹੁੰਦੀ ਵੇਖੀ ਜਾਂਦੀ ਹੈ, ਪਰ ਉਸ ਸੱਚੇ ਦੇ ਸੱਚੇ ਦਰਬਾਰ ਵਿਚ ਤਾਂ ਕੂੜ ਦੀ ਹਮੇਸ਼ਾਂ ਹਾਰ ਹੀ ਹੁੰਦੀ ਹੈ। ਜਿਵੇਂ ਅਸੀਂ ਆਮ ਹੀ ਵੇਖਦੇ ਹਾਂ ਕਿ ਜ਼ਿਮੀਂਦਾਰ ਜੋ ਆਪਣੇ ਖੇਤ ਵਿਚ ਬੀਜ ਬੋਂਦਾ ਹੈ ਉਹ ਉਸੇ ਤਰ੍ਹਾਂ ਦਾ ਫਲ ਪ੍ਰਾਪਤ ਕਰਦਾ ਹੈ। ਇਸੇ ਤਰ੍ਹਾਂ ਇਸ ਸਰੀਰ ਰੂਪੀ ਖੇਤ ਵਿਚ ਜਿਹੋ ਜਿਹਾ ਕਰਮਾਂ ਦਾ ਬੀਜ ਬੀਜਿਆ ਜਾਂਦਾ ਹੈ, ਉਸ ਨੂੰ ਉਜੇਹਾ ਹੀ ਫਲ ਭੋਗਣਾ ਪੈਂਦਾ ਹੈ :

ਕੋਈ ਨ ਪਕੜੀਐ ਕਿਸੈ ਥਾਇ॥

*(ਆਸਾ ਮ: ੫, ਪੰਨਾ ੪੦੬)*

ਕਿਉਂ ਜੀ, ਕਈ ਵਾਰ ਆਪ ਜੀ ਇਹ ਭੀ ਗੁਰਬਾਣੀ ਦੁਆਰੇ ਵੀਚਾਰ ਪ੍ਰਗਟਾਇਆ ਕਰਦੇ ਹੋ ਕਿ (ਕਲ ਕਾਤੀ ਰਾਜੇ ਕਾਸਾਈ) ਭਾਵ ਕਲਜੁਗ ਦੇ ਰਾਜੇ ਕਸਾਈਆਂ ਦੇ ਰੂਪ ਵਿਚ ਨਜ਼ਰ ਆਉਂਦੇ ਹਨ, ਜੋ ਵੱਡੇ ਤੋਂ ਵੱਡੇ ਪਾਪ ਕਰਮ ਕਰਦੇ ਹਨ, ਜੋ ਆਮ ਲੋਕ ਨਹੀਂ ਕਰਦੇ। ਕਿਉਂ ਜੀ, ਦਸੋਗੇ ਕਿ ਜੋ ਕਲਜੁਗ ਦੇ ਵੱਡੇ ਵੱਡੇ ਰਾਜੇ ਦਿਨੇ ਰਾਤ ਪਾਪ ਕਰਮ ਕਰਨ ਵਿਚ ਗ਼ਲਤਾਨ ਰਹਿੰਦੇ ਹਨ, ਉਨ੍ਹਾਂ ਲਈ ਕੋਈ ਖ਼ਾਸ ਸਜ਼ਾਵਾਂ ਨੀਅਤ ਹਨ, ਜੋ ਰਾਜਿਆਂ ਨੂੰ ਭੋਗਣੀਆਂ ਪੈਂਦੀਆਂ ਹਨ, ਇਸ ਬਾਰੇ ਭੀ ਤੁਸੀਂ ਆਪਣੇ ਕੁਝ ਖ਼ਿਆਲ ਪ੍ਰਗਟ ਕਰੋ ਤਾਕਿ ਅਸੀਂ ਭੀ ਨਿਰਸੰਦੇਹ ਹੋ ਸਕੀਏ।

ਹੇ ਭਾਈਓ! ਜਿਥੇ ਮੈਨੂੰ ਗੁਰੂ ਅਰਜਨ ਦੇਵ ਜੀ ਦੀ ਕ੍ਰਿਪਾ ਦਾ ਸਦਕਾ ਗੁਰਬਾਣੀ ਲਿਖਣ ਤੇ ਵੀਚਾਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ ਉਥੇ ਮੈਨੂੰ ਸਨਾਤਨ ਪੁਸਤਕਾਂ ਦੀ ਪੜਚੋਲ ਕਰਨ ਦਾ ਭੀ ਸਮਾਂ ਮਿਲਿਆ ਹੈ, ਜਿਨ੍ਹਾਂ ਵਿਚੋਂ ਗੁਜ਼ਰ ਚੁੱਕੇ ਸਮੇਂ ਦੇ ਹਾਲਾਤ ਭੀ ਪੜ੍ਹਨ ਵਿਚ ਆਏ ਹਨ, ਜੋ ਰਾਜੇ ਪਾਪਾਂ ਵਿਚ ਗ਼ਲਤਾਨ ਹੋਏ ਹੀ ਇਸ ਸੰਸਾਰ ਨੂੰ ਤਿਆਗ ਗਏ, ਉਨ੍ਹਾਂ ਬਾਰੇ ਜੋ ਪੁਰਾਤਨ ਬੁਧੀ-ਜੀਵੀਆਂ ਨੇ ਆਪਣੇ ਅਨੁਮਾਨ ਅੰਕਿਤ ਕੀਤੇ ਹਨ, ਉਹ ਮੈਂ ਆਪ

ਜੀ ਨੂੰ ਹਾਜ਼ਰ ਕਰਦਾ ਹਾਂ, ਇਹ ਉਨ੍ਹਾਂ ਦੀ ਸੋਚਣੀ ਨੂੰ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਉੱਕਰਿਆ ਹੈ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਝੜੀ ਲਾ ਕੇ (ਮੀਂਹ) ਵੱਸਦਾ ਹੈ ਤੇ ਫਿਰ ਪਰਨਾਲਿਆਂ ਰਾਹੀਂ ਪਾਣੀ ਗਲੀਆਂ ਵਿਚ ਆਉਂਦਾ ਹੈ।

(੨) ਫਿਰ ਉਸ ਪਾਣੀ ਨਾਲ ਲੱਖਾਂ ਨਾਲੇ ਉੱਛਲ ਕੇ ਚਲਦੇ ਹਨ ਤੇ ਲੱਖਾਂ ਹੀ ਪਰਵਾਹ ਰਲ ਕੇ ਹੜ੍ਹ ਵਹਾਉਂਦੇ ਹਨ।

(੩) ਲੱਖਾਂ ਨਾਲੇ ਤੇ ਲੱਖਾਂ ਹੀ ਹੜ੍ਹ ਵਗ ਵਗ ਕੇ ਵੱਡੀਆਂ ਨਦੀਆਂ ਵਿਚ ਰਲ ਜਾਂਦੇ ਹਨ।

(੪) ਨੌਂ ਸੌ ਨੜਿੰਨਵੇਂ ਨਦੀਆਂ ਪੂਰਬ ਤੇ ਪੱਛਮ ਵਿਚ ਚਲਦੀਆਂ ਹਨ।

(੫) ਇਹ ਨਦੀਆਂ ਸਮੁੰਦਰ ਵਿਚ ਜਾ ਰਲਦੀਆਂ ਹਨ ਤੇ ਸਮੁੰਦਰ ਨਾਲ ਸੰਗਮ ਕਰਕੇ ਉਸ ਵਿਚ ਮਿਲ ਜਾਂਦੀਆਂ ਹਨ।

(੬) (ਉਜੇਹੇ) ਸੱਤ ਸਮੁੰਦਰ ਹੋ ਕੇ ਇਕ ਗੜਾੜ (ਮਹਾਸਾਗਰ) ਵਿਖੇ ਸਮਾ ਰਹੇ ਹਨ ਉਸਦਾ ਪੇਟ ਅਜੇ ਭੀ ਨਹੀਂ ਭਰਦਾ।

(੭) ਉਹ ਮਹਾਸਾਗਰ ਪਤਾਲ ਵਿਚ ਜਾ ਕੇ ਤੱਤੇ ਤਵੇ 'ਤੇ ਬੂੰਦ ਹੋ ਕੇ ਸਮਾ ਜਾਂਦਾ ਹੈ।

ਪ੍ਰ: ਕਿਉਂ ਜੀ, ਐਡੇ ਵੱਡੇ ਤਵੇ ਹੇਠ ਲਕੜੀਆਂ ਕਿਹੜੀਆਂ ਬਾਲੀਆਂ ਜਾਂਦੀਆਂ ਹਨ?

(੮) **ਉ**: ਹੇ ਭਾਈਓ! ਪਾਤਿਸ਼ਾਹਾਂ (ਤੇ ਰਾਜਿਆਂ) ਦੇ ਲੱਖਾਂ ਸਿਰ ਲੱਕੜੀਆਂ ਦੀ ਥਾਵੇਂ ਜਾਲ ਕੇ ਉਸ ਤਵੇ ਨੂੰ ਤਾਈਦਾ ਹੈ।

ਪ੍ਰ: ਕਿਉਂ ਜੀ, ਕਿਹੜੇ ਰਾਜਿਆਂ ਤੇ ਪਾਤਿਸ਼ਾਹਾਂ ਦੇ ਸਿਰ ਬਾਲੀ ਦੇ ਹਨ?

(੯) **ਉ**: ਹੇ ਭਾਈਓ! ਜੋ ਦੁਨੀਆਂ ਦੇ ਝੂਠੇ ਦਾਅਵੇ ਬੰਨ੍ਹ ਕੇ ਆਪੋ ਵਿਚ ਖਹਿ ਖਹਿ ਕੇ (ਅਨਜਾਇ ਨਾਲ ਜ਼ੁਲਮ ਕਰਕੇ) ਮਰਦੇ ਹਨ। (ਸਾਰੀ ਦੁਨੀਆਂ 'ਤੇ ਆਪਣਾ ਰਾਜ ਕਾਇਮ ਕਰਨ ਦੀ ਇੱਛਾ ਕਰਨ ਵਾਲੇ ਬਾਦਸ਼ਾਹਾਂ ਦਾ ਅੰਤ ਸਮੇਂ ਮੰਦਾ ਹੀ ਹਾਲ ਹੁੰਦਾ ਹੈ)।੧੫।

***ਭਾਵਾਰਥ :*** ਭਾਈ ਸਾਹਿਬ ਜੀ ਨੇ ਜੋ ਰਾਜਿਆਂ ਦਾ ਅੰਤ ਸਮੇਂ ਬੁਰਾ ਹਾਲ ਹੁੰਦਾ ਹੈ। ਉਹ ਦੱਸਣਾ ਸੀ, ਉਹ ਤਾਂ ਵਰਣਨ ਹੋਣਾ ਕਠਿਨ ਹੈ, ਪਰ ਉਸ ਬਾਰੇ ਇਕ ਅਲੰਕਾਰ ਕਹਿੰਦੇ ਹਨ, ਕਿ ਜੋ ਗੜਾੜ, ਸਾਰੀ ਪ੍ਰਿਥਵੀ ਦਾ ਜਲ ਜਿਸ ਵਿਚ 'ਕੱਠਾ ਹੈ, ਇਸਦਾ ਹੇਠਲਾ ਤਲ ਅਰਥਾਤ ਪਤਾਲ ਇਕ ਤਵੇ ਵਾਂਗ ਹੋਵੇ, ਪਤਾਲ ਜਿੱਥੇ ਕਿ ਐਡਾ ਤਵਾ ਤਪ ਰਿਹਾ ਹੋਵੇ ਕਿ ਜਿਥੇ ਗੜਾੜ ਇਕ ਬੂੰਦ ਸਮਾਨ ਪੈ ਕੇ ਸੁਕ ਜਾਵੇ ਉਸ ਤਵੇ ਨੂੰ ਰਾਜਿਆਂ ਦੇ ਸਿਰਾਂ ਨਾਲ ਤਪਾਇਆ ਜਾਂਦਾ ਹੈ, ਉਹ ਰਾਜੇ ਜੋ ਪਰਜਾ ਪਾਲਣਾ ਆਪਣਾ ਧਰਮ ਛੱਡ ਕੇ ਰਾਜ ਨੂੰ ਆਪਣੀ ਮਾਲਕੀ ਤੇ ਦਾਅਵੇ ਵਾਲੀ ਸ਼ੈ ਸਮਝ ਕੇ ਪਰਜਾ ਦਾ ਖ਼ੂਨ ਪੀਂਦੇ ਹਨ ਤੇ ਹੋਰ ਦੇਸ ਨੂੰ ਦੁਖ ਦੇਣ ਲਈ ਜੰਗ ਮਚਾਉਂਦੇ ਹਨ। ਜੈਸੇ ਚੰਗੇਜ਼ ਖ਼ਾਨ, ਤੈਮੂਰ, ਮਹਿਮੂਦ, ਨਾਦਰ ਆਦਿ ਹੋਏ ਹਨ। ਰਾਜੇ ਦਾ ਧਰਮ ਤਾਂ ਹੈ ਕਿ ਉਹ ਪਰਜਾ ਨੂੰ ਸੁਖ ਦੇਵੇ, ਆਪ ਨੂੰ ਪਿਤਾ ਸਮਾਨ ਪਾਲਕ, ਰੱਖਯਕ ਦਿਆਲੂ ਬਣਾਵੇ। ਭਾਈ ਸਾਹਿਬ ਜੀ ਨੇ ਇਸ ਵਿਚ ਇਹ ਭਾਵ ਦੱਸਣਾ ਸੀ ਕਿ ਅਨਜਾਈ ਰਾਜੇ ਮਰ ਕੇ ਬਹੁਤ ਦੁਖੀ ਹੁੰਦੇ ਹਨ।

## ੧੬. 'ਗੁਰਮੁਖ' ਤਾਣ ਹੋਂਦੇ ਹੋਇ ਨਿਤਾਣਾ

**੧. ਇੱਕਤੁ ਥੇਕੈ ਦੁਇ ਖੜਗ**
**ਦੁਇ ਪਾਤਿਸ਼ਾਹ ਨ ਮੁਲਕ ਸਮਾਣੈ।**
**੨. ਵੀਹ ਫਕੀਰ ਮਸੀਤ ਵਿਚ**
**ਖਿੰਥ ਖਿੰਧੋਲੀ ਹੇਠ ਲੁਕਾਣੈ।**
**੩. ਜੰਗਲ ਅੰਦਰ ਸ਼ੀਂਹ ਦੁਇ**
**ਪੋਸਤ ਡੋਡੇ ਖਸਖਸ ਦਾਣੈ।**
**੪. ਸੂਲੀ ਉਪਰ ਖੇਲਣਾ**
**ਸਿਰ ਧਰ ਛਤ੍ਰ ਬਜ਼ਾਰ ਵਿਕਾਣੈ।**
**੫. ਕੋਹਲੂ ਅੰਦਰ ਪੀੜੀਅਨਿ**
**ਪੋਸਤ ਪੀਹ ਪਿਆਲੇ ਛਾਣੈ।**
**੬. ਲਉਬਾਲੀ ਦਰਗਾਹ ਵਿਚ**
**ਗਰਬ ਗੁਨਾਹੀਂ ਮਾਣ ਨਿਮਾਣੈ।**
**੭. ਗੁਰਮੁਖ ਹੋਂਦੇ ਤਾਣ ਨਿਤਾਣੈ ॥੧੬॥**

***ਪਦ ਅਰਥ :*** ਥੇਕੈ—ਮਿਆਨ ਵਿਚ। ਮੁਲਕ—ਦੇਸ। ਖਿੰਥ—ਖ਼ਫ਼ਨੀ। ਖਿੰਧੋਲੀ—ਗੋਦੜੀ। ਸੂਲੀ—ਭਾਵ ਡੰਡੀ। ਛਤ੍ਰ—ਪੋਸਤ ਦਾ ਡੋਡਾ। ਲਉਬਾਲੀ—ਬੇਪਰਵਾਹ, ਪਰਮੇਸ਼ਰ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਇਹ ਆਮ ਹੀ ਵੇਖਣ ਵਿਚ ਆਉਂਦਾ ਹੈ, ਕਿ ਇਕ ਮਨੁੱਖ ਜੋ ਪਹਿਲੋਂ ਸਾਧਾਰਨ ਰੂਪ ਵਿਚ ਸੀ, ਜਦੋਂ ਲੋਕਾਂ ਵਿਚ ਉਸ ਦੀ ਮਾਣ ਪਤਿਸ਼ਟਾ ਹੋਣ ਲੱਗ ਜਾਏ ਤਦ ਉਸਨੂੰ ਰੱਬ ਤਾਂ ਭੁੱਲ ਹੀ ਜਾਂਦਾ ਹੈ, ਪਰ ਉਹ ਆਪਣੇ ਆਪ ਨੂੰ ਭੀ ਭੁਲਾ ਬੈਠਦਾ ਹੈ ਕਿ ਪਹਿਲੋਂ ਮੈਂ ਕੀ ਸੀ ? ਕਿਉਂ ਜੀ, ਦਸੋਗੇ ਇਸਦਾ ਸਹੀ ਕਾਰਨ ਕੀ ਹੈ ?

ਉ: ਹੇ ਭਾਈਓ ! ਜਦੋਂ ਅਸੀਂ ਇਸ ਪੱਖ ਨੂੰ ਗੁਰਮਤ ਦੀ ਰੌਸ਼ਨੀ ਵਿਚ ਤੱਕਾਂਗੇ ਤਾਂ ਇਸ ਦਾ ਅਸਲ ਕਾਰਨ ਸਾਨੂੰ 'ਤਾਣ' ਦੀ ਪ੍ਰਾਪਤੀ ਹੀ ਦਿੱਸ ਆਵੇਗਾ ਕਿਉਂਕਿ ਜਦੋਂ ਕਿਸੇ ਨੂੰ ਕਿਸੇ ਭੀ ਤਰ੍ਹਾਂ ਦਾ ਤਾਣ ਮਿਲ ਜਾਏ ਤਾਂ ਉਸ ਤਾਣ ਦਾ ਸਦਕਾ ਮਾਣ ਭੀ ਅਵੱਸ਼ ਹੀ ਹੋਣ ਲੱਗ ਪੈਂਦਾ ਹੈ, ਕਿਉਂਕਿ ਕਿਸੇ ਭੀ ਪ੍ਰਕਾਰ ਦਾ ਤਾਣ ਹੋਵੇ ਮਨੁੱਖ ਦੇ ਮਨ ਵਿਚ ਮਾਣ ਨੂੰ ਜਨਮ ਦੇਂਦਾ ਹੈ। ਪਰ, ਇਹ ਤਾਣ ਭੀ ਸਿਆਣਿਆਂ ਨੇ ਕਈ ਤਰ੍ਹਾਂ ਦਾ ਮੰਨਿਆ ਹੈ।

ਜਿਵੇਂ ਕਿ ਤਨ ਦਾ ਤਾਣ ੧, ਧਨ ਦਾ ਤਾਣ ੨, ਇਲਮ ਬੋਧਕ ਬਲ ੩, ਰਾਜਸੀ ਤਾਣ ੪, ਮਾਨਸਿਕ ਸ਼ਕਤੀ ੫, ਇਤਿਆਦਿਕ ਹੋਰ ਭੀ ਕਈ ਪ੍ਰਕਾਰ ਦੇ ਤਾਣ ਹਨ, ਜਿਨ੍ਹਾਂ ਦੁਆਰੇ ਮਨੁੱਖ ਨੂੰ ਮਾਣ ਮਿਲਦਾ ਹੈ, ਪਰ ਇਨ੍ਹਾਂ ਸਾਰਿਆਂ ਤਾਣਾਂ ਰਾਹੀਂ ਕੋਈ ਅੰਦਰੂਨੀ ਪਵਿੱਤ੍ਰਤਾ ਨਸੀਬ ਨਹੀਂ ਹੁੰਦੀ। ਗੁਰਬਾਣੀ ਦੁਆਰੇ ਬੋਧ ਮਿਲਦਾ ਹੈ ਕਿ ਜੋ ਲੋਕ ਮਾਇਆ ਦੇ ਤਿਆਗੀ ਹੋਣ ਦਾ ਦਾਅਵਾ ਕਰਦੇ ਸਨ ਉਨ੍ਹਾਂ ਜੋਗੀ ਰਿਖੀਆਂ, ਮੁਨੀਆਂ ਨੂੰ ਭੀ ਇਸ ਮਾਣ ਨੇ ਨੀਚਾ ਵਿਖਾਇਆ ਹੈ, ਜਿਵੇਂ ਕਿ :

ਕਬੀਰ ਮਾਇਆ ਤਜੀ ਤ ਕਿਆ ਭਇਆ
ਜਉ ਮਾਨੁ ਤਜਿਆ ਨਹੀ ਜਾਇ॥
ਮਾਨ ਮੁਨੀ ਮੁਨਿਵਰ ਗਲੇ
ਮਾਨੁ ਸਭੈ ਕਉ ਖਾਇ॥੧੫੬॥

*(ਸਲੋਕ ਕਬੀਰ ਜੀ, ਪੰਨਾ ੧੩੭੨)*

ਭਾਵ ਹੈ, ਕਿ ਉਂਝ ਤਾਂ ਮਾਇਆ ਦਾ ਤਿਆਗੀ ਹੋਣਾ ਹੀ ਅਸੰਭਵ ਹੈ, ਪਰ ਗੁਰਮਤ ਤਾਂ ਇਸ ਤੋਂ ਅਗਲੀ ਗੱਲ ਕਰਦੀ ਹੈ, ਕਿ ਜੇ ਕਿਸੇ ਨੇ ਮਾਇਆ ਤਿਆਗ ਭੀ ਦਿਤੀ ਹੈ ਤਉ ਭੀ ਕਿਆ ਹੋਇਆ ਜੇ ਉਸਨੇ ਮਾਇਆ ਤਿਆਗਣ ਦਾ ਮਨ ਵਿਚੋਂ ਸੂਖਮ ਮਾਣ ਨਹੀਂ ਤਿਆਗਿਆ, ਕਿਉਂਕਿ ਇਸ ਮਾਣ ਨੇ ਵੱਡੇ ਵੱਡੇ ਸ੍ਰੇਸ਼ਟ ਮੁਨੀਆਂ ਨੂੰ ਭੀ ਗਾਲ ਦਿੱਤਾ, ਇਹ ਮਾਣ ਸਭ ਨੂੰ ਹੀ ਖਾਈ ਜਾਂਦਾ ਹੈ, ਕਿਸੇ ਨੂੰ ਪ੍ਰਤੱਖਸ਼ ਰੂਪ ਵਿਚ, ਕਿਸੇ ਨੂੰ ਸੂਖਮ ਰੂਪ ਵਿਚ ਚਿੰਬੜਿਆ ਹੋਇਆ ਹੈ।

ਪ੍ਰ: ਕਿਉਂ ਭਾਈ ਸਾਹਿਬ ਜੀਉ ! ਦੱਸੋਗੇ ਕਿ ਇਸ ਮਾਣ ਤਾਣ ਦਾ ਕੋਈ ਤੁਹਾਡੀਆਂ ਨਜ਼ਰਾਂ ਵਿਚ ਤਿਆਗੀ ਭੀ ਹੈ, ਜੋ ਹਰ ਤਰ੍ਹਾਂ ਦਾ ਤਾਣ ਮਾਣ ਹਾਸਲ ਕਰਕੇ ਫਿਰ ਭੀ ਨਿਰਮਾਣ ਹੋ ਜੀਵਨ ਗੁਜ਼ਾਰਨ ਵਾਲਾ ਹੋਵੇ, ਜੇ ਕੋਈ ਹੈ ਤਾਂ ਜਾਣਕਾਰੀ ਦਿਓ ?

ਉ: ਹੇ ਭਾਈਓ ! ਗੁਰਬਾਣੀ ਦੀ ਵੀਚਾਰ ਕਰਦਿਆਂ ਮੇਰੇ ਸਾਹਮਣੇ ਇਕੋ ਗੁਰਮੁਖਾਂ ਦੀ ਸ਼ਰੇਣੀ ਨਜ਼ਰ ਆਈ ਹੈ ਜੋ ਸੰਸਾਰ ਵਿਚ ਹਰ ਤਰ੍ਹਾਂ ਦਾ ਤਾਣ ਪ੍ਰਾਪਤ ਕਰਕੇ ਭੀ ਨਿਰਮਾਣ ਰਹਿ ਕੇ ਆਪਣਾ ਜੀਵਨ ਗੁਜ਼ਾਰ ਜਾਂਦੇ ਹਨ, ਕਿਉਂਕਿ ਉਨ੍ਹਾਂ ਨੂੰ ਗੁਰੂ ਦੀ ਸਾਧ ਸੰਗਤ ਦੁਆਰੇ ਇਹ ਨਿਹਚਾ ਹੋ ਆਉਂਦਾ ਹੈ ਕਿ ਜਦੋਂ ਤੀਕ ਮਨ ਵਿਚ ਕਿਸੇ ਭੀ ਤਾਣ ਦਾ ਮਾਣ ਹੈ ਉਤਨਾ ਚਿਰ ਪ੍ਰਭੂ ਦਾ ਨਾਮ ਹਿਰਦੇ ਅੰਦਰ ਨਹੀਂ ਟਿਕ ਸਕਦਾ। ਗੁਰੂ ਗ੍ਰੰਥ ਸਾਹਿਬ ਜੀ ਦਾ ਭੀ ਇਹੋ ਫ਼ੁਰਮਾਨ ਹੈ ਕਿ :

ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥

*(ਮ: ੨, ਪੰਨਾ ੪੭੪)*

ਭਾਵ ਹੈ ਕਿ ਜਿਸ ਦੇ ਹਿਰਦੇ ਰੂਪ ਭਾਂਡੇ ਵਿਚ ਤਾਣ ਤੇ ਮਾਣ ਦੀ ਗਲੀਜ਼ ਵਸਤੂ ਵੱਸਦੀ ਹੈ, ਜਿਤਨਾ ਚਿਰ ਉਸਨੂੰ ਬਾਹਰ ਨਹੀਂ ਨਿਕਾਲਿਆ ਜਾਂਦਾ, ਤਦ ਤਕ ਨਾਮ ਰੂਪ ਪਵਿੱਤ੍ਰ ਵਸਤੂ ਉਸਦੇ ਅੰਦਰ ਨਹੀਂ ਵੱਸ ਸਕਦੀ, ਜਿਸ ਤਰ੍ਹਾਂ ਅਸੀਂ ਪ੍ਰਤੱਖ ਰੂਪ ਵਿਚ ਤੱਕਦੇ ਹਾਂ ਕਿ ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਸਮਾ ਸਕਦੀਆਂ। ਇਨ੍ਹਾਂ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਇਕ ਮਿਆਨ ਵਿਚ ਦੋ ਤਲਵਾਰਾਂ ਤੇ ਇਕ ਦੇਸ਼ ਵਿਚ ਦੋ ਬਾਦਸ਼ਾਹ ਨਹੀਂ ਸਮਾਉਂਦੇ।

(੨) (ਪਰ) ਮਸੀਤ ਵਿਚ ਵੀਹ ਫ਼ਕੀਰ ਇਕ ਖ਼ੱਫਨੀ ਜਾਂ ਗੋਦੜੀ ਵਿਚ ਲੁਕ ਜਾਂਦੇ ਹਨ।

(੩) ਰਾਜੇ ਇਉਂ ਹਨ ਜਿਵੇਂ ਇਕ ਜੰਗਲ ਵਿਚ ਦੋ ਸ਼ੇਰ ਹੁੰਦੇ ਹਨ, ਤੇ ਫ਼ਕੀਰ ਇਸ ਤਰ੍ਹਾਂ ਹਨ ਜਿਵੇਂ ਪੋਸਤ ਦੇ ਡੋਡੇ ਵਿਚ ਖ਼ਸਖ਼ਾਸ ਦੇ (ਬੇਅੰਤ) ਦਾਣੇ ਹੁੰਦੇ ਹਨ।

(੪) ਪੋਸਤ ਪਹਿਲੇ (ਸੂਲੀ) ਡੰਡੀ ਉਪਰ ਖੇਡਦਾ ਹੈ, ਫਿਰ

ਸਿਰ ਤੇ ਛਤ੍ਰ ਧਾਰ ਕੇ ਬਜ਼ਾਰ ਵਿਚ ਵਿਕਦਾ ਹੈ।

(੫) ਖ਼ਸਖ਼ਸ ਨੂੰ ਕੋਹਲੂ ਵਿਚ ਪੀੜ ਕੇ ਤੇਲ ਕੱਢਦੇ ਹਨ ਤੇ ਪੋਸਤ ਨੂੰ ਮਲ ਛਾਣ ਕੇ ਪਿਆਲਿਆਂ ਵਿਚ ਪਾ ਕੇ (ਲੋਕ) ਪੀਂਦੇ ਹਨ।

(੬) (ਸੋ) ਬੇ-ਪਰਵਾਹ ਪ੍ਰਭੂ ਦੀ ਦਰਗਾਹ ਵਿਚ ਅਹੰਕਾਰੀ ਮੁਜਰਮ ਗਿਣੇ ਜਾਂਦੇ ਹਨ ਤੇ ਨਿਮਰਤਾ ਵਾਲੇ (ਨਿਮਾਣੇ) ਮਾਣ ਪਾਉਂਦੇ ਹਨ।

(੭) ਗੁਰਮੁਖ ਤਾਣ ਹੁੰਦਿਆਂ ਵੀ ਨਿਤਾਣੇ ਹੋ ਕੇ ਰਹਿੰਦੇ ਹਨ।੧੬।

***ਭਾਵਾਰਥ :*** ਕਿਉਂ ਭਾਈ ਸਾਹਿਬ ਜੀਉ! ਇਹ ਭੀ ਦੱਸਣ ਦੀ ਕ੍ਰਿਪਾ ਕਰੋਗੇ ਕਿ ਗੁਰਮੁਖਾਂ ਦੇ ਅੰਤਰ-ਆਤਮੇ ਉਹ ਕਿਹੜੀ ਵਿਸ਼ੇਸ਼ਤਾ ਹੈ, ਜਿਸਦਾ ਸਦਕਾ ਉਹ ਹਰ ਤਰ੍ਹਾਂ ਦੇ ਤਾਣ ਦੁਆਰੇ ਮਿਲੇ ਮਾਣ ਤੋਂ ਸਦਾ ਹੀ ਨਿਰਮਾਣ ਰਹਿ ਕੇ ਜੀਵਨ ਗੁਜ਼ਾਰਦੇ ਹਨ।

ਹੇ ਭਾਈਓ! ਜੇ ਇਸ ਪੱਖ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਤੱਕੀਏ ਤਾਂ ਇਉਂ ਹੀ ਦਿੱਸ ਆਉਂਦਾ ਹੈ ਕਿ ਗੁਰਮੁਖਾਂ ਨੂੰ ਜਿਸ ਤਾਣ ਦੇ ਆਸਰੇ ਮਾਣ ਮਿਲਦਾ ਹੈ ਉਹ ਉਸ ਤਾਣ ਨੂੰ ਆਪਣਾ ਨਹੀਂ ਸਮਝਦੇ ਸਗੋਂ ਉਸੇ ਪਰਮੇਸ਼ਰ ਦੀ ਦਾਤ ਅਨੁਭਵ ਕਰਦੇ ਹਨ। ਸੋ, ਜਦੋਂ ਉਸ ਦਾਤਾਰ ਦੀ ਦਿਤੀ ਹੋਈ ਕਿਸੇ ਭੀ ਦਾਤ ਵਿਚ ਉਹ ਗੁਰਮੁਖ ਮੇਰਤਾ ਨਹੀਂ ਮੰਨਦੇ ਤਾਂ ਉਹ ਮਾਣ ਭੀ ਨਹੀਂ ਕਰਦੇ, ਕਿਉਂਕਿ ਉਨ੍ਹਾਂ ਗੁਰਮੁਖਾਂ ਨੂੰ ਇਹ ਬੋਧ ਹੈ ਕਿ ਮਾਣ ਉਸੇ ਵਿਚ ਕੀਤਾ ਜਾਂਦਾ ਹੈ ਜੋ ਆਪ ਬਣਾਈ ਹੋਵੇ ਜਾਂ ਆਪ ਖ਼ਰੀਦੀ ਹੋਵੇ। ਸੋ, ਇਹ ਸਰੀਰ ਨਾ ਅਸੀਂ ਬਣਾਇਆ ਹੈ, ਨਾ ਹੀ ਇਹ ਅਸਾਂ ਖ਼ਰੀਦਿਆ ਹੈ, ਇਹ ਤਾਂ ਉਸੇ ਦਾਤੇ ਪਰਮੇਸ਼ਰ ਦੀ ਦਿਤੀ ਹੋਈ ਦਾਤ ਹੈ। ਸੋ, ਜਦੋਂ ਸਰੀਰ ਹੀ ਉਸ ਦਾਤੇ ਦੀ ਦਾਤ ਹੈ ਤਾਂ ਇਸ ਸਰੀਰ ਦੇ ਸਾਰੇ ਅੰਗ ਪ੍ਰਤੰਗ ਭੀ ਉਸੇ ਪ੍ਰਭੂ ਦੀ ਬਖ਼ਸ਼ਸ਼ ਹੈ। ਸੋ ਇਸ ਲਈ ਜਦੋਂ ਇਸ ਸਰੀਰ ਦਾ ਕੋਈ ਭੀ ਇੰਦ੍ਰਾ ਕੋਈ ਕ੍ਰਿਆ ਨਹੀਂ ਕਰ ਸਕਦਾ, ਤਾਂ ਇਸ ਸਰੀਰ ਦੇ ਕਿਸੇ ਅੰਗ ਦੁਆਰੇ ਕੀਤੀ ਹੋਈ ਕ੍ਰਿਆ ਦਾ ਭੀ ਗੁਰਮੁਖ ਕੋਈ ਮਾਣ ਨਹੀਂ ਕਰਦੇ ਕਿਉਂਕਿ ਇਨ੍ਹਾਂ ਸਾਰੇ ਇੰਦਰਿਆਂ ਬਾਰੇ ਉਨ੍ਹਾਂ ਗੁਰਮੁਖਾਂ ਨੂੰ ਬਾਣੀ ਤੋਂ ਪ੍ਰੇਰਨਾ ਮਿਲ ਚੁਕੀ ਹੈ ਕਿ :

ਜਿਨਿ ਕਨ ਕੀਤੇ ਅਖੀ ਨਾਕੁ ॥
ਜਿਨਿ ਜਿਹਵਾ ਦਿਤੀ ਬੋਲੇ ਤਾਤੁ ॥
ਜਿਨਿ ਮਨੁ ਰਾਖਿਆ ਅਗਨੀ ਪਾਇ ॥
ਵਾਜੈ ਪਵਣੁ ਆਖੈ ਸਭ ਜਾਇ ॥੨॥

*(ਧਨਾਸਰੀ ਮਹਲਾ ੧, ਪੰਨਾ ੬੬੧)*

ਸੋ, ਜਦੋਂ ਗੁਰਮੁਖ ਬਾਣੀ ਦੁਆਰੇ ਵੀਚਾਰ ਕਰਦੇ ਹਨ ਤਾਂ ਉਨ੍ਹਾਂ ਨੂੰ ਸਰੀਰ ਦਾ ਹਰ ਇੰਦ੍ਰਾ ਉਸੇ ਪ੍ਰਭੂ ਦੀ ਪ੍ਰੇਰਨਾ ਦਾ ਸਦਕਾ ਕ੍ਰਿਆ ਕਰਦਾ ਦਿਸ ਆਉਂਦਾ ਹੈ, ਤਾਂ ਜਦੋਂ ਉਹ ਸਰੀਰ ਵਿਚ ਕਿਸੇ ਭੀ ਗੁਣ ਦੀ ਵਿਸ਼ੇਸ਼ਤਾ ਤੱਕਦੇ ਹਨ, ਤਾਂ ਉਨ੍ਹਾਂ ਦੇ ਅੰਦਰੋਂ ਇਹ ਅਵਾਜ਼ ਆਉਂਦੀ ਹੈ ਕਿ ਹੇ ਮੇਰੇ ਠਾਕਰ! ਇਹ ਸਭੇ ਗੁਣ ਤੇਰੀ ਬਖ਼ਸ਼ਸ਼ ਹਨ :

ਮੋਹਿ ਨਿਰਗੁਣ ਜੀਉ ਸਭਿ ਗੁਣ ਤੇਰੇ ਰਾਮ ॥
ਸਭਿ ਗੁਣ ਤੇਰੇ ਠਾਕੁਰ ਮੇਰੇ
ਕਿਤੁ ਮੁਖਿ ਤੁਧੁ ਸਾਲਾਹੀ ॥

*(ਵਡਹੰਸੁ ਮ: ੫, ਪੰਨਾ ੫੭੭)*

ਸਭਿ ਗੁਣ ਤੇਰੇ ਮੈ ਨਾਹੀ ਕੋਇ ॥ *(ਜਪੁਜੀ, ਪੰਨਾ ੪)*

ਸੋ, ਜਿਸ ਵੀ ਤਾਣ ਦਾ ਸਦਕਾ ਮਾਣ ਮਿਲਦਾ ਹੈ, ਗੁਰਮੁਖ ਉਸਨੂੰ ਦਾਤੇ ਦੀ ਦਾਤ ਅਨੁਭਵ ਕਰਦੇ ਹੋਏ ਨਿਰਮਾਣ ਰਹਿੰਦੇ ਹਨ।

## ੧੭. ਨਿਮਾਣੀ ਬੱਕਰੀ ਤੇ ਸ਼ੇਰ

**੧. ਸੀਂਹ ਪਜੂਤੀ ਬੱਕਰੀ**
**ਮਰਦੀ ਹੋਈ ਖਿੜ ਖਿੜ ਹੱਸੀ।**
**੨. ਸੀਂਹ ਪੁੱਛੈ ਵਿਸਮਾਦ ਹੋਇ**
**ਇਤ ਅਉਸਰ ਕਿਤ ਰਹਸ ਰਹੱਸੀ।**
**੩. ਬਿਨਉ ਕਰੇਂਦੀ ਬੱਕਰੀ**
**ਪੁੱਤ੍ਰ ਅਸਾਡੇ ਕੀਚਨ ਖੱਸੀ।**
**੪. ਅੱਕ ਧਤੂਰਾ ਖਾਧਿਆਂ**
**ਕੁਹਿ ਕੁਹਿ ਖੱਲ ਉਖੱਲ ਵਿਣੱਸੀ।**
**੫. ਮਾਸ ਖਾਣ ਗਲ ਵੱਢਕੇ**
**ਹਾਲ ਤਿਨਾੜਾ ਕਉਣ ਹੋਵੱਸੀ।**
**੬. ਗਰਬ ਗਰੀਬੀ ਦੇਹ ਖੇਹ**
**ਖਾਜ ਅਖਾਜ ਅਕਾਜ ਕਰੱਸੀ।**
**੭. ਜਗ ਆਇਆ ਸਭ ਕੋਈ ਮਰੱਸੀ ॥੧੭॥**

***ਪਦ ਅਰਥ :*** ਪਜੂਤੀ—ਫੜੀ ਹੋਈ। ਵਿਸਮਾਦ—ਹੈਰਾਨ। ਖਿੜ ਖਿੜ—ਵਾਹ ਵਾਹ ਕਰਕੇ। ਅਉਸਰ—ਵੇਲੇ। ਰਹੱਸੀ—ਹੱਸਣਾ। ਬਿਨਉ—ਬੇਨਤੀ। ਖੱਸੀ—ਨਾਮਰਦ।

ਵਿਣੱਸੀ—ਨਾਸ ਕਰਨਾ। ਉਖੱਲ—ਉਖੇੜ ਕੇ। ਗਰਬ—ਹੰਕਾਰੀ। ਅਕਾਜ ਕਰੱਸੀ—ਖੋਟਾ ਕੰਮ ਕਰਨਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜੋ ਨਿਰਦਈ ਜ਼ਾਲਮ ਲੋਕ ਮਾਇਆ ਦੇ ਮਦ ਵਿਚ ਮੱਤੇ ਹੋਏ ਸਦਾ ਹੀ ਉਨ੍ਹਾਂ ਗ਼ਰੀਬ ਨਿਤਾਣੇ ਨਿਮਾਣੇ ਕਮਜ਼ੋਰ ਲੋਕਾਂ 'ਤੇ ਦਿਨੇ ਰਾਤ ਜ਼ੁਲਮ ਕਰਦੇ ਵੇਖੀਦੇ ਹਨ, ਦਸੋਗੇ ਕਿ ਤੁਸੀਂ ਉਨ੍ਹਾਂ ਜ਼ਾਲਮ ਲੋਕਾਂ ਬਾਰੇ ਕੀ ਵੀਚਾਰ ਰੱਖਦੇ ਹੋ?

**ਉ:** ਹੇ ਭਾਈਓ! ਤੁਹਾਡਾ ਇਹ ਪ੍ਰਸ਼ਨ ਸੁਣਕੇ ਮੇਰੇ ਸਾਹਮਣੇ ਇਕ ਉਸ ਨਿਮਾਣੀ ਬੱਕਰੀ ਤੇ ਨਿਰਦਈ ਸ਼ੇਰ ਦਾ ਪ੍ਰਸੰਗ ਨਜ਼ਰ ਆ ਰਿਹਾ ਹੈ, ਜਿਨ੍ਹਾਂ ਦਾ ਹੋ ਰਿਹਾ ਸਵਾਲ ਜੁਆਬ ਮੈਂ ਇਨ੍ਹਾਂ ਹੇਠ ਲਿਖੀਆਂ ਚੰਦ ਸਤਰਾਂ ਵਿਚ ਉੱਕਰਿਆ ਹੈ:

(੧) (ਜਿਵੇਂ ਕਿ ਕਈ ਵਾਰ ਵੇਖਣ ਵਿਚ ਆਉਂਦਾ ਹੈ ਕਿ) ਸ਼ੇਰ ਦੀ ਕਾਬੂ ਕੀਤੀ ਹੋਈ ਬੱਕਰੀ ਮਰਨ ਵੇਲੇ ਖਿੜ ਖਿੜ ਕਰਕੇ ਹੱਸ ਪਈ।

(੨) (ਅਗੋਂ) ਸ਼ੇਰ ਹੈਰਾਨ ਹੋ ਕੇ ਉਸਨੂੰ ਪੁੱਛਦਾ ਹੈ ਕਿ ਇਸ ਵੇਲੇ ਤੂੰ ਕਿਸ ਕਰਕੇ ਹੱਸੀ ਹੈਂ?

(੩) ਅਗੋਂ ਬੱਕਰੀ ਬੇਨਤੀ ਕਰਦੀ ਹੈ ਕਿ ਸਾਡੇ ਪੁੱਤਰਾਂ ਨੂੰ ਖੱਸੀ (ਨਾਮਰਦ) ਕੀਤਾ ਜਾਏ ਤਾਕਿ ਸਾਡੀ ਵੰਸ ਅਗੇ ਨਾ ਵਧੇ ਤੇ ਨਾ ਹੀ ਮੇਰੇ ਵਾਂਗੂੰ ਉਹ ਦੁਖ ਸਹਿਣ।

(੪) ਅੱਕ ਤੇ ਧਤੂਰਾ ਆਦਿ ਖਾਧਿਆਂ ਸਾਨੂੰ ਕੋਹ ਕੋਹ ਕੇ ਮਾਰਿਆ ਜਾਂਦਾ ਹੈ ਤੇ ਸਾਡੀ ਖੱਲ ਲਾਹ ਕੇ ਸਾਨੂੰ ਖ਼ਤਮ ਕਰ ਦਿੱਤਾ ਜਾਂਦਾ ਹੈ।

(੫) (ਪਰ ਮੈਨੂੰ ਹੈਰਾਨਗੀ ਇਸ ਗੱਲ ਦੀ ਹੈ ਕਿ) ਜਿਹੜੇ ਲੋਕ (ਤੇਰੇ ਵਾਂਗੂੰ) ਹੋਰਨਾਂ ਦਾ ਗਲ ਵੱਢ ਕੇ ਮਾਸ ਖਾਂਦੇ ਹਨ ਉਨ੍ਹਾਂ ਦਾ ਕੀ ਹਾਲ ਹੋਵੇਗਾ?

(੬) ਹੰਕਾਰੀਆਂ ਤੇ ਗ਼ਰੀਬਾਂ ਦੀ ਦੇਹ ਤਾਂ ਖੇਹ ਹੋ ਜਾਏਗੀ (ਪਰ) ਜਿਹੜੇ ਚੰਗਾ ਕੰਮ ਕਰਨਗੇ ਉਹ ਹਲਾਲ ਤੇ ਜੋ ਮੰਦੇ ਕਰਮ ਕਰਨਗੇ ਉਹ (ਅਖਾਜ—ਹਰਾਮ ਹੋਣਗੇ)

(੭) ਇਸ ਸੰਸਾਰ ਵਿਚ ਜਿਹੜਾ ਆਇਆ ਹੈ, ਉਹ ਅੰਤ ਨੂੰ ਮਰ ਜਾਏਗਾ।੧੭।

***ਭਾਵਾਰਥ :*** ਇਹੋ ਹੈ ਕਿ ਗ਼ਰੀਬਾਂ ਦਾ ਅੰਤ ਨੇਕ ਤੇ ਜ਼ਾਲਮਾਂ ਦਾ ਅੰਤ ਦਾ ਸਮਾਂ ਦੁਖ ਰੂਪ ਹੋਵੇਗਾ। ਜਿਵੇਂ ਅਸੀਂ ਵੇਖਦੇ ਹਾਂ ਕਿ ਨਿਮਾਣੀ ਬੱਕਰੀ ਜੀਉਂਦਿਆਂ ਵੀ ਤੇ ਮਰਕੇ ਭੀ ਅਨੇਕਾਂ ਕੰਮ ਸਵਾਰਦੀ ਹੈ, ਪਰ ਹੰਕਾਰੀ ਸ਼ੇਰ ਕਿਸੇ ਭੀ ਕੰਮ ਨਹੀਂ ਆਉਂਦਾ। ਇਸ ਭਾਵ ਨੂੰ ਬਾਣੀ ਵਿਚ ਇਉਂ ਉੱਕਰਿਆ ਹੈ:

ਨਰੂ ਮਰੈ ਨਰੁ ਕਾਮਿ ਨ ਆਵੈ ॥
ਪਸੂ ਮਰੈ ਦਸ ਕਾਜ ਸਵਾਰੈ ॥੧॥

*(ਗੋਂਡ ਕਬੀਰ ਜੀ, ਪੰਨਾ ੮੭੦)*

ਭਾਵ ਮਨੁੱਖ ਮਰਦਾ ਹੈ ਤਾਂ ਮਨੁੱਖ ਦੇ ਕੰਮ ਨਹੀਂ ਆਉਂਦਾ, ਪਸ਼ੂ ਮਰਦਾ ਹੈ ਤਾਂ ਉਨ੍ਹਾਂ ਦੇ ਦਸ ਕੰਮ ਸਵਾਰਦਾ ਹੈ, ਇਸ ਲਈ ਸ਼ੇਰ ਰੂਪੀ ਹੰਕਾਰੀਆਂ ਨਾਲੋਂ ਗ਼ਰੀਬ ਨਿਮਾਣੀਆਂ ਬੱਕਰੀਆਂ ਹੀ ਚੰਗੀਆਂ ਹਨ ਜੋ ਦਸ ਕੰਮ ਜੀਵੰਦਿਆਂ ਤੇ ਮਰਦਿਆਂ ਭੀ ਸਵਾਰਦੀਆਂ ਹਨ।

## ੧੮. ਗੁਰਮੁਖ ਸੰਸਾਰਕ ਆਸਾ ਤੋਂ ਨਿਰਾਸ ਰਹਿੰਦੇ ਹਨ

**੧. ਚਰਨ ਕਵਲ ਰਹਿਰਾਸ ਕਰ**
**ਗੁਰਮੁਖ ਸਾਧ ਸੰਗ ਪ੍ਰਗਾਸੀ।**
**੨. ਪੈਰੀ ਪੈ ਪਾਖਾਕ ਹੋਇ**
**ਲੇਖ ਅਲੇਖ ਅਮਰ ਅਬਿਨਾਸੀ।**
**੩. ਕਰ ਚਰਣੋਦਕ ਆਚਮਨ**
**ਆਧ ਬਿਆਧ ਉਪਾਧ ਖਲਾਸੀ।**
**੪. ਗੁਰਮਤ ਆਪ ਗਵਾਇਆ**
**ਮਾਇਆ ਅੰਦਰ ਕਰਨ ਉਦਾਸੀ।**
**੫. ਸ਼ਬਦ ਸੁਰਤ ਲਿਵਲੀਨ ਹੋਇ**
**ਨਿਰੰਕਾਰ ਸਚਖੰਡ ਨਿਵਾਸੀ।**
**੬. ਅਬਗਤ ਗਤਿ ਅਗਾਧ ਬੋਧ**
**ਅਕਥ ਕਥਾ ਅਚਰਜ ਗੁਰਦਾਸੀ।**
**੭. ਗੁਰਮੁਖ ਸੁਖਫਲ ਆਸ ਨਿਰਾਸੀ ॥੧੮॥**

***ਪਦ ਅਰਥ :*** ਲੇਖ ਅਲੇਖ—ਲੇਖੇ ਤੋਂ ਰਹਿਤ ਹੋਣਾ। ਆਚਮਨ—ਪੀਣਾ। ਆਧਿ—ਮਾਨਸਕ ਪੀੜਾ। ਬਿਆਧਿ—ਸਰੀਰਕ ਪੀੜਾ। ਉਪਾਧਿ—ਅਧੀਦੈਵਕ ਪੀੜਾ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਜਿਨ੍ਹਾਂ ਗੁਰਮੁਖਾਂ ਬਾਰੇ ਆਪ ਜੀ ਪਿਛੇ ਜ਼ਿਕਰ ਕਰਦੇ ਆ ਰਹੇ ਹੋ ਉਨ੍ਹਾਂ ਵਿਚ ਬਾਕੀ ਦੇ ਲੋਕਾਂ ਨਾਲੋਂ ਤੁਸੀਂ ਕੀ ਵਿਸ਼ੇਸ਼ ਗੁਣ ਤੱਕਦੇ ਹੋ ਕਿਉਂਕਿ ਸਾਡੀ ਅਸਥੂਲ ਦ੍ਰਿਸ਼ਟੀ ਵਿਚ ਤਾਂ ਸਾਰੀ ਮਨੁੱਖਤਾ ਸਮਾਨ ਹੀ ਦਿੱਸਦੀ ਹੈ, ਪਰ ਤੁਹਾਡੀ ਬਰੀਕ-ਬੀਨੀ ਨਜ਼ਰਾਂ ਵਿਚ ਜੇ ਕੋਈ ਗੁਰਮੁਖਾਂ ਵਿਚ ਅਧਿਕਤਾ ਦਿਸਦੀ ਹੈ ਤਾਂ ਉਸ ਬਾਰੇ ਸਾਨੂੰ ਭੀ ਜਾਣਕਾਰੀ ਦਿਓ, ਧੰਨਵਾਦੀ ਹੋਵਾਂਗੇ ?

ਉ: ਹੇ ਭਾਈਓ ! ਇਹ ਠੀਕ ਹੈ ਕਿ ਸਾਰੇ ਮਨੁੱਖ ਇਕੋ ਸਮਾਨ ਹੀ ਪੰਜਾਂ ਤੱਤਾਂ ਦੀ ਰਚਨਾ ਹੈ, ਸਾਰਿਆਂ ਦਾ ਖਾਣ-ਪੀਣ ਕਾਰ-ਵਿਹਾਰ ਭੀ ਇਕੋ ਜਿਹਾ ਨਜ਼ਰ ਆਉਂਦਾ ਹੈ, ਪਰ ਜਦੋਂ ਗਹਿਰਾਈ ਭਰੀ ਵੀਚਾਰ-ਦ੍ਰਿਸ਼ਟੀ ਰਾਹੀਂ ਤੱਕੀਏ ਤਾਂ ਗੁਰਮੁਖਾਂ ਦੇ ਅੰਤਰ-ਆਤਮੇ ਜੋ ਸੂਖਮ ਗੁਣਾਂ ਦੀ ਵਿਸ਼ੇਸ਼ਤਾ ਹੈ ਉਹ ਦਿੱਸ ਆਵੇਗੀ, ਭਾਵ ਜਿਥੇ ਆਮ ਸੰਸਾਰੀ ਲੋਕ ਮਾਇਕੀ ਪਦਾਰਥਾਂ ਦੀ ਆਸਾ ਵਿਚ ਦਿਨੇ ਰਾਤ ਖੱਚਤ ਹਨ, ਉਥੇ ਗੁਰਮੁਖ ਇਨ੍ਹਾਂ ਮਾਇਕੀ ਪਦਾਰਥਾਂ ਵਿਚ ਰਹਿੰਦੇ ਹੋਏ ਭੀ ਇਉਂ ਹੀ ਰਹਿੰਦੇ ਹਨ, (ਜਿਉ ਕਮਲ ਰਹੈ ਵਿਚਿ ਪਾਨੀ ਹੇ) ਭਾਵ ਜਿਵੇਂ ਕਮਲ ਪਾਣੀ ਵਿਚ ਰਹਿੰਦਿਆਂ ਹੋਇਆਂ ਭੀ ਪਾਣੀ ਤੋਂ ਨਿਰਲੇਪ ਰਹਿੰਦਾ ਹੈ, ਇਸੇ ਤਰ੍ਹਾਂ ਇਸ ਸੰਸਾਰ ਸਾਗਰ ਦੇ ਪਦਾਰਥਾਂ ਰੂਪੀ ਪਾਣੀ ਵਿਚ ਰਹਿੰਦੇ ਹੋਏ ਹੀ ਗੁਰਮੁਖ ਹਰ ਪਦਾਰਥ ਵੱਲੋਂ ਹਰ ਪ੍ਰਕਾਰ ਅਛੋਹ ਰਹਿੰਦੇ ਹੋਏ ਜੀਵਨ ਗੁਜ਼ਾਰਦੇ ਹਨ। ਪਰ ਵੇਖਣ ਵਿਚ ਆਉਂਦਾ ਹੈ ਕਿ ਹਰ ਮਨੁੱਖ ਸੰਸਾਰ ਦੇ ਪਦਾਰਥਾਂ ਦੀ ਆਸਾ ਵਿਚ ਖੱਚਤ ਹੋਇਆ ਅਮੋਲਕ ਜੀਵਨ ਦੇ ਅਮੋਲਕ ਸਮੇਂ ਨੂੰ ਅਜਾਈਂ ਗੁਜ਼ਾਰ ਰਿਹਾ ਹੈ, ਇਸ ਆਸਾ ਬਾਰੇ ਬਾਣੀ ਵਿਚੋਂ ਉਦਾਹਰਣ ਮਿਲਦੇ ਹਨ :

ਆਸਾ ਆਸ ਕਰੇ ਸਭੁ ਕੋਈ ॥
ਹੁਕਮੈ ਬੂਝੈ ਨਿਰਾਸਾ ਹੋਈ ॥
ਆਸਾ ਵਿਚਿ ਸੁਤੇ ਕਈ ਲੋਈ ॥
ਸੋ ਜਾਗੈ ਜਾਗਾਵੈ ਸੋਈ ॥੧॥

*(ਆਸਾ ਮਹਲਾ ੩, ਪੰਨਾ ੪੨੩)*

ਧੀਆ ਪੂਤ ਛੋਡਿ ਸੰਨਿਆਸੀ
ਆਸ ਆਸ ਮਨ ਬਹੁਤੁ ਕਰਈਆ ॥
ਆਸਾ ਆਸ ਕਰੈ ਨਹੀ ਬੂਝੈ
ਗੁਰ ਕੈ ਸਬਦਿ ਨਿਰਾਸ ਸੁਖੁ ਲਹੀਆ ॥੩॥

*(ਬਿਲਾਵਲੁ ਮਹਲਾ ੪, ਪੰਨਾ ੮੩੫)*

ਆਸਾ ਅੰਦੇਸਾ ਬੰਧਿ ਪਰਾਨਾ ॥
ਮਹਲੁ ਨ ਪਾਵੈ ਫਿਰਤ ਬਿਗਾਨਾ ॥੫॥

*(ਸੂਹੀ ਮਹਲਾ ੫, ਪੰਨਾ ੭੫੯)*

ਆਸਾ ਅੰਦਰਿ ਸਭੁ ਕੋ ਕੋਇ ਨਿਰਾਸਾ ਹੋਇ ॥
ਨਾਨਕ ਜੋ ਮਰਿ ਜੀਵਿਆ
ਸਹਿਲਾ ਆਇਆ ਸੋਇ ॥੧॥

*(ਸਲੋਕ ਮ: ੩, ਪੰਨਾ ੯੫੬)*

ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ ॥
ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ ॥

*(ਸਿਰੀ ਰਾਗੁ ਮਹਲਾ ੧, ਪੰਨਾ ੬੧)*

ਆਸ ਕਰੇ ਸਭੁ ਲੋਕੁ ਬਹੁ ਜੀਵਣੁ ਜਾਣਿਆ ॥
ਨਿਤ ਜੀਵਣ ਕਉ ਚਿਤੁ ਗਾੜ੍ਹੇ ਮੰਡਪ ਸਵਾਰਿਆ ॥

*(ਪਉੜੀ, ਪੰਨਾ ੧੨੪੮)*

ਆਸਾ ਕਰਤਾ ਜਗੁ ਮੁਆ ਆਸਾ ਮਰੈ ਨ ਜਾਇ ॥
ਨਾਨਕ ਆਸਾ ਪੂਰੀਆ ਸਚੇ ਸਿਉ ਚਿਤੁ ਲਾਇ ॥੧॥

*(ਸਲੋਕ ਮ: ੩, ਪੰਨਾ ੫੧੭)*

ਆਸਾ ਬੰਧੀ ਮੂਰਖ ਦੇਹ ॥
ਕਾਮ ਕ੍ਰੋਧ ਲਪਟਿਓ ਅਸਨੇਹ ॥
ਸਿਰ ਊਪਰਿ ਠਾਢੋ ਧਰਮਰਾਇ ॥
ਮੀਠੀ ਕਰਿ ਕਰਿ ਬਿਖਿਆ ਖਾਇ ॥੨॥

*(ਗਉੜੀ ਮਹਲਾ ੫, ਪੰਨਾ ੧੭੮)*

ਇਸ ਤੋਂ ਆਦਿ ਬਾਣੀ ਵਿਚੋਂ ਹੋਰ ਭੀ ਬਹੁਤ ਸਾਰੇ ਉਦਾਹਰਣ ਮਿਲਦੇ ਹਨ, ਜਿਨ੍ਹਾਂ ਦੁਆਰੇ ਸਾਨੂੰ ਇਹ ਸੋਝੀ ਮਿਲਦੀ ਹੈ ਕਿ ਆਸਾ ਇਕ ਬਹੁਤ ਵੱਡਾ ਜਾਲ ਹੈ ਜਿਸ ਨੇ ਸਾਰੇ ਜਗਤ ਦੇ ਜੀਵਾਂ ਨੂੰ ਆਪਣੇ ਚੱਕ੍ਰ ਵਿਚ ਚਕਰਾਇਆ ਹੋਇਆ ਹੈ। ਕੇਵਲ ਇਕ ਗੁਰਮੁਖ ਲੋਕਾਂ ਦੀ ਹੀ ਸ਼ਰੇਣੀ ਹੈ, ਜੋ ਇਸ ਆਸਾ ਦੇ ਜੰਜਾਲ ਤੋਂ ਬਚ ਕੇ ਆਪਣਾ ਜੀਵਨ ਨਿਰਲੇਪ ਰਹਿ ਕੇ ਗੁਜ਼ਾਰਦੇ ਹਨ। ਸੋ, ਮੈਂ ਭੀ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ, ਜਿਨ੍ਹਾਂ ਵਿਚ ਗੁਰਮੁਖਾਂ ਦੀ ਮਾਇਆ ਵਿਚ ਰਹਿੰਦਿਆਂ ਹੀ ਨਿਰਲੇਪਤਾ ਦਾ ਜ਼ਿਕਰ ਕੀਤਾ ਹੈ :

(੧) (ਹੇ ਭਾਈਓ ! ਬਾਣੀ ਦੀ ਰੌਸ਼ਨੀ ਵਿਚ ਤੱਕਿਆਂ ਨਜ਼ਰ ਆਉਂਦਾ ਹੈ ਕਿ) ਜਿਨ੍ਹਾਂ ਗੁਰਸਿੱਖਾਂ ਨੇ ਸਾਧ ਸੰਗਤ ਵਿਚ ਰਹਿ ਕੇ ਸਤਿਗੁਰਾਂ ਦੇ ਚਰਨ ਕੰਵਲਾਂ ਦੀ ਮਰਿਆਦਾ ਪ੍ਰਗਾਸੀ (ਭਾਵ ਧਾਰਨ) ਕੀਤੀ ਹੈ।

(੨) ਉਹ ਪੈਰੀਂ ਪੈ ਕੇ ਪੈਰਾਂ ਦੀ ਖ਼ਾਕ ਹੋ ਗਏ ਹਨ ਤੇ ਉਹ ਲੇਖਿਆਂ ਤੋਂ ਰਹਿਤ ਹੋ ਕੇ ਅਮਰ ਤੇ ਅਬਿਨਾਸ਼ੀ ਹੋ ਗਏ ਹਨ।

(੩) ਉਨ੍ਹਾਂ ਨੇ ਸਤਿਗੁਰਾਂ ਦੇ ਚਰਨਾਂ ਦਾ ਅੰਮ੍ਰਿਤ ਪਾਨ ਕਰਕੇ ਤਿੰਨਾਂ ਰੋਗਾਂ (ਆਧੀ, ਬਿਆਧੀ ਤੇ ਉਪਾਧੀ) ਤੋਂ ਛੁਟਕਾਰਾ ਪਾ ਲਿਆ ਹੈ।

(੪) ਗੁਰਸਿੱਖਾਂ ਨੇ ਗੁਰੂ ਦੀ ਸਿਖਿਆ ਲੈ ਕੇ ਆਪਾ-ਭਾਵ (ਹਉਮੈ) ਨੂੰ ਗਵਾ ਦਿਤਾ ਹੈ ਤੇ ਉਹ ਮਾਇਆ ਵਿਚ ਰਹਿੰਦੇ ਹੋਏ ਵੀ ਉਦਾਸੀ ਕਰ ਰਹੇ ਹਨ।

(੫) ਉਹ ਸ਼ਬਦ ਵਿਚ ਸੁਰਤ ਨੂੰ ਜੋੜ ਕੇ ਮਗਨ ਰਹਿੰਦੇ ਹਨ ਤੇ ਨਿਰੰਕਾਰ ਦੇ ਸੱਚਖੰਡ ਵਿਚ ਨਿਵਾਸ ਕਰਦੇ ਹਨ।

(੬) ਜਿਹੜੇ ਸਿਖ ਸਤਿਗੁਰੂ ਜੀ ਦੇ ਦਾਸ ਹਨ ਉਨ੍ਹਾਂ ਦੀ ਗਤੀ ਅਬਿਗਤ ਤੇ ਡੂੰਘੇ ਗਿਆਨ ਵਾਲੀ ਹੈ, ਉਨ੍ਹਾਂ ਦੀ ਕਥਾ ਅਕੱਥ ਤੇ ਅਸਚਰਜ ਹੈ।

(੭) ਗੁਰਸਿਖ ਸੁਖ ਫਲ ਪ੍ਰਾਪਤ ਕਰਕੇ ਆਸਾ ਤੋਂ ਨਿਰਾਸ ਹੋ ਕੇ ਰਹਿੰਦੇ ਹਨ।੧੮।

***ਭਾਵਾਰਥ :*** ਆਸਾ ਦਾ ਵੇਗ ਇਕ ਬਹੁਤ ਸ਼ਕਤੀ-ਸ਼ਾਲੀ ਹੈ, ਜੋ ਵੱਡੇ ਵੱਡੇ ਜੁਗੀਸ਼ਰਾਂ ਨੂੰ ਭੀ ਆਪਣੇ ਅਧੀਨ ਕਰਨ ਵਿਚ ਸਮਰੱਥ ਹੋ ਸਕਿਆ ਹੈ। ਜੋ ਰਾਜ ਭਾਗ ਤੇ ਤਖ਼ਤ ਤਾਜ ਨੂੰ ਤਿਆਗ ਕੇ ਜੰਗਲ ਵਾਸੀ ਹੋ ਗਏ ਸਨ, ਐਸੇ ਭਰਥਰੀ ਵਰਗੇ ਜੋਗੀਆਂ ਨੇ ਭੀ ਆਪਣੇ ਅੰਦਰ ਜਦੋਂ ਆਸਾ ਦਾ ਵੇਗ ਤੱਕਿਆ ਤਾਂ ਉਨ੍ਹਾਂ ਨੂੰ ਭੀ ਇਸ ਆਸਾ ਦੇ ਸੰਬੰਧ ਵਿਚ ਕਹਿਣਾ ਪਿਆ ਕਿ ਹੇ ਆਸਾ! ਤੂੰ ਮੈਨੂੰ ਬ੍ਰਹਮ ਤੋਂ ਵਿਛੋੜ ਕੇ ਜੀਵ ਬਣਾਉਣ ਵਿਚ ਸਮਰੱਥ ਹੋ ਗਈ ਹੈਂ ਕੀ ਤੂੰ ਮੈਨੂੰ ਹੁਣ ਜੀਵ ਭੀ ਨਹੀਂ ਰਹਿਣ ਦੇਣਾ ਚਾਹੁੰਦੀ ਤੂੰ ਮੈਨੂੰ ਦਸ ਤਾਂ ਸਹੀ ਕਿ ਹੁਣ ਤੂੰ ਹੋਰ ਕੀ ਚਾਹੁੰਦੀ ਹੈਂ :

ਕਰਿਓ ਬ੍ਰਹਮ ਤੇ ਜੀਵ
ਆਸੇ ਤਬ ਆਸਾ ਕਵਨ॥
ਕਿਧੋ ਕੀਜੈ ਨਿਰਜੀਵ
ਚਾਹੇ ਅਬ ਚਾਹੇ ਕਹਾਂ॥

*(ਭਰਥਰੀ ਵੈਰਾਗ ਸ਼ਤਕ)*

## ੧੯. ਪਤਿਤ ਉਧਾਰਨ ਸਾਧ ਸੰਗ

**੧. ਸਣ ਵਣਵਾੜੀ ਖੇਤ ਇੱਕ**
**ਪਰਉਪਕਾਰ ਵਿਕਾਰ ਜਣਾਵੈ।**
**੨. ਖੱਲ ਕਢਾਇ ਵਟਾਇ ਸਣ**
**ਰੱਸਾ ਬੰਧਨ ਹੋਇ ਬਨ੍ਹਾਵੈ।**
**੩. ਖਾਸਾ ਮਲਮਲ ਸਿਰੀਸਾਫ**
**ਸੂਤ ਕਤਾਇ ਕਪਾਹ ਵੁਣਾਵੈ।**
**੪. ਲੱਜਣ ਕੱਜਣ ਹੋਇਕੈ**
**ਸਾਧ ਅਸਾਧ ਬਿਰਦ ਬਿਰਦਾਵੈ।**
**੫. ਸੰਗ ਦੋਖ ਨਿਰਦੋਖ ਮੋਖ**
**ਸੰਗ ਸੁਭਾਉ ਨ ਸਾਧ ਮਿਟਾਵੈ।**
**੬. ਤ੍ਰੱਪੜ ਹੋਵੈ ਧਰਮਸਾਲ**
**ਸਾਧ ਸੰਗਤ ਪਗ ਧੂੜ ਧੁਮਾਵੈ।**
**੭. ਕੁਟ ਕੁਟ ਸਣ ਕਿਰਤਾਸ ਕਰ**
**ਹਰਿ ਜਸ ਲਿਖ ਪੁਰਾਣ ਸੁਣਾਵੈ।**
**੮. ਪਤਿਤ ਪੁਨੀਤ ਕਰੇ ਜਨ ਭਾਵੈ॥੧੯॥**

***ਪਦ ਅਰਥ :*** ਵਣ ਵਾੜੀ—ਕਪਾਹ। ਵਿਕਾਰ—ਖੋਟੀ ਕਾਰ। ਵੁਣਾਵੈ—ਉਣਿਆਂ ਜਾਂਦਾ। ਲੱਜਣ ਕੱਜਣ—ਨੰਗੇਜ ਨੂੰ ਕੱਜਣਾ। ਬਿਰਦ ਬਿਰਦਾਵੈ—ਧਰਮ ਦੀ ਰੱਛਾ ਕਰਨੀ। ਧੁਮਾਵੈ—ਲਿਟਦਾ ਹੈ। ਕਿਰਤਾਸ—ਕਾਗਜ਼।

### *ਅਰਥ :*

ਪ੍ਰ: ਭਾਈ ਸਾਹਿਬ ਜੀ! ਆਪ ਕਈ ਵਾਰ ਇਹ ਵੀ ਸੰਗਤ ਵਿਚ ਖ਼ਿਆਲ ਪ੍ਰਗਟਾਇਆ ਕਰਦੇ ਹੋ ਕਿ ਪੁਰਾਤਨ ਜੁਗਾਂ ਵਿਚ ਲੋਕ ਇਸ ਸੰਸਾਰ ਦੇ ਆਵਾਗਵਨ ਦੇ ਚੱਕ੍ਰ ਤੋਂ ਛੁਟਕਾਰਾ ਪਾਉਣ ਲਈ ਕਈ ਪ੍ਰਕਾਰ ਦੇ ਸਾਧਨ ਕਰਿਆ ਕਰਦੇ ਸਨ, ਜਿਵੇਂ ਕਿ ਜੱਗ ਕਰਨੇ ਜੋਗ ਸਾਧਨਾ ਦਾ ਸਾਧਨਾ, ਪੂਜਾ ਕਰਨੀ ਆਦਿ ਅਨੇਕਾਂ ਤਰ੍ਹਾਂ ਦੇ ਭਿੰਨ ਭਿੰਨ ਕਰਮ ਕੀਤੇ ਜਾਂਦੇ ਸਨ, ਪਰ ਦਸੋਗੇ ਕਿ ਗੁਰਮਤ ਅਨੁਸਾਰ ਕਲਜੁਗ ਵਿਚ ਜੰਮਣ ਮਰਨ ਦੇ ਚੱਕ੍ਰ ਤੋਂ ਛੁੱਟਣ ਲਈ ਉੱਤਮ ਤੇ ਸੁਖੈਨ ਸਾਧਨ ਕਿਹੜਾ ਹੈ?

ਉ: ਹੇ ਭਾਈਓ! ਜੇ ਤੁਹਾਡੇ ਇਸ ਪ੍ਰਸ਼ਨ ਦਾ ਉੱਤਰ ਗੁਰੂ

ਗ੍ਰੰਥ ਸਾਹਿਬ ਜੀ ਤੋਂ ਮੰਗੀਏ ਤਾਂ ਉਹ ਇਹੋ ਫੁਰਮਾਨ ਕਰਦੇ ਹਨ ਕਿ ਹੇ ਭਾਈਓ :

ਅਬ ਕਲੂ ਆਇਓ ਰੇ ॥
ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੂਤਿ ਨਾਹੀ ਨਾਹੀ ॥
ਮਤੁ ਭਰਮਿ ਭੂਲਹੁ ਭੂਲਹੁ ॥

*(ਬਸੰਤੁ ਮ: ੫, ਪੰਨਾ ੧੧੮੫)*

ਭਾਵ ਹੈ ਕਿ ਹੇ ਭਾਈਓ ! ਹੁਣ ਕਲਜੁਗ ਦਾ ਸਮਾਂ ਆ ਗਿਆ ਹੈ, ਇਸ ਵਿਚ ਤਾਂ ਸੰਗਤ ਨਾਲ ਮਿਲ ਕੇ ਕੇਵਲ ਉਸ ਪਰਮੇਸ਼ਰ ਦੇ ਨਾਮ ਸਿਮਰਨ ਕਰਨ ਦਾ ਹੀ ਬੀਜ ਬੀਜੋ ਹੋਰ ਕਿਸੇ ਪੁਰਾਤਨ ਕਰਮ-ਕਾਂਡ ਕਰਨ ਦੇ ਭਰਮ ਵਿਚ ਮੱਤਾਂ ਭੁਲ ਜਾਓ, ਇਸ ਵਿਚ ਸਫਲਤਾ ਹਾਸਲ ਨਹੀਂ ਹੋਵੇਗੀ। ਕਿਉਂਕਿ ਰੁੱਤ ਕੋਈ ਹੋਰ ਹੋਵੇ ਬੀਜ ਕੋਈ ਹੋਰ ਬੀਜਿਆ ਜਾਏ ਤਾਂ ਉਹ ਫਲਦਾ ਫੁਲਦਾ ਨਹੀਂ, ਬੀਜ ਹੀ ਨਿਸਫਲ ਚਲਿਆ ਜਾਂਦਾ ਹੈ, ਇਸ ਲਈ ਬਾਣੀ ਵਿਚ ਸਾਧ ਸੰਗਤ ਦੀ ਮਹਿਮਾ ਬਾਰ ਬਾਰ ਦਰਸਾਈ ਹੈ, ਜਿਵੇਂ ਕਿ :

ਸੰਗਤਿ ਕਾ ਗੁਨੁ ਬਹੁਤੁ ਅਧਿਕਾਈ
ਪੜਿ ਸੂਆ ਗਨਕ ਉਧਾਰੇ ॥
ਪਰਸਨ ਪਰਸ ਭਏ ਕੁਬਿਜਾ ਕਉ
ਲੈ ਬੈਕੁੰਠਿ ਸਿਧਾਰੇ ॥੧॥

*(ਨਟ ਮਹਲਾ ੪, ਪੰਨਾ ੯੮੧)*

ਭੇਟਤ ਸੰਗਿ ਪਾਰਬ੍ਰਹਮੁ ਚਿਤਿ ਆਇਆ ॥
ਸੰਗਤਿ ਕਰਤ ਸੰਤੋਖੁ ਮਨਿ ਪਾਇਆ ॥

*(ਰਾਮਕਲੀ ਮ: ੫, ਪੰਨਾ ੮੮੯)*

ਸੰਤ ਮੰਡਲ ਮਹਿ ਹਰਿ ਮਨਿ ਵਸੈ ॥
ਸੰਤ ਮੰਡਲ ਮਹਿ ਦੁਰਤੁ ਸਭੁ ਨਸੈ ॥
ਸੰਤ ਮੰਡਲ ਮਹਿ ਨਿਰਮਲ ਰੀਤਿ ॥
ਸੰਤ ਸੰਗਿ ਹੋਇ ਏਕ ਪਰੀਤਿ ॥੧॥
ਸੰਤ ਮੰਡਲੁ ਤਹਾ ਕਾ ਨਾਉ ॥
ਪਾਰਬ੍ਰਹਮ ਕੇਵਲ ਗੁਣ ਗਾਉ ॥੧॥ਰਹਾਉ॥
ਸੰਤ ਮੰਡਲ ਮਹਿ ਜਨਮ ਮਰਣੁ ਰਹੈ ॥
ਸੰਤ ਮੰਡਲ ਮਹਿ ਜਮੁ ਕਿਛੂ ਨ ਕਹੈ ॥
ਸੰਤ ਸੰਗਿ ਹੋਇ ਨਿਰਮਲ ਬਾਣੀ ॥
ਸੰਤ ਮੰਡਲ ਮਹਿ ਨਾਮੁ ਵਖਾਣੀ ॥੨॥
ਸੰਤ ਮੰਡਲ ਕਾ ਨਿਹਚਲ ਆਸਨੁ ॥
ਸੰਤ ਮੰਡਲ ਮਹਿ ਪਾਪ ਬਿਨਾਸਨੁ ॥
ਸੰਤ ਮੰਡਲ ਮਹਿ ਨਿਰਮਲ ਕਥਾ ॥
ਸੰਤ ਸੰਗਿ ਹਉਮੈ ਦੁਖ ਨਸਾ ॥੩॥
ਸੰਤ ਮੰਡਲ ਕਾ ਨਹੀ ਬਿਨਾਸੁ ॥
ਸੰਤ ਮੰਡਲ ਮਹਿ ਹਰਿ ਗੁਣ ਤਾਸੁ ॥
ਸੰਤ ਮੰਡਲ ਠਾਕੁਰ ਬਿਸ੍ਰਾਮੁ ॥
ਨਾਨਕ ਓਤਿ ਪੋਤਿ ਭਗਵਾਨੁ ॥੪॥੨੪॥੩੭॥

*(ਭੈਰਉ ਮਹਲਾ ੫, ਪੰਨਾ ੧੧੪੬)*

ਤਾਹੂ ਸੰਗਿ ਨ ਧਨੁ ਚਲੈ ਗ੍ਰਿਹ ਜੋਬਨ ਨਹ ਰਾਜ ॥
ਸੰਤ ਸੰਗਿ ਸਿਮਰਤ ਰਹਹੁ ਇਹੈ ਤੁਹਾਰੈ ਕਾਜ ॥

*(ਪਉੜੀ, ਪੰਨਾ ੨੫੭)*

ਹਰਿ ਹਰਿ ਹਰਿ ਆਰਾਧੀਐ ॥
ਸੰਤ ਸੰਗਿ ਹਰਿ ਮਨਿ ਵਸੈ
ਭਰਮੁ ਮੋਹੁ ਭਉ ਸਾਧੀਐ ॥੧॥

*(ਗਉੜੀ ਮ: ੫, ਪੰਨਾ ੨੧੧)*

ਸੰਤਹ ਸੰਗਿ ਬੈਸਿ ਗੁਨ ਗਾਇ ॥
ਤਾ ਕਾ ਰੰਗੁ ਨ ਉਤਰੈ ਜਾਇ ॥੨॥

*(ਗਉੜੀ ਮ: ੫, ਪੰਨਾ ੧੯੪)*

ਇਸ ਤਰ੍ਹਾਂ ਬਾਣੀ ਵਿਚੋਂ ਸਾਨੂੰ ਹੋਰ ਭੀ ਪ੍ਰਮਾਣ ਮਿਲਦੇ ਹਨ ਕਿ ਇਸ ਕਲਜੁਗ ਦੇ ਅੰਦਰ ਇਕ ਸਾਧ ਸੰਗਤ ਹੀ ਸ਼ਰੋਮਣੀ ਸਾਧਨ ਹੈ, ਜਿਸ ਦੀ ਕ੍ਰਿਪਾ ਦਾ ਸਦਕਾ ਪਾਪੀਆਂ ਦਾ ਉਧਾਰ ਹੁੰਦਾ ਆਇਆ ਹੈ ਅਤੇ ਅਗੋਂ ਭੀ ਹੁੰਦਾ ਰਵੇਗਾ। ਸੋ ਮੈਂ ਭੀ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਦੀ ਰਚਨਾ ਕੀਤੀ ਹੈ, ਜਿਸ ਵਿਚ ਉਪਕਾਰ ਕਰਨ ਵਾਲੇ ਸੰਤਾਂ ਦਾ ਜ਼ਿਕਰ ਕੀਤਾ ਹੈ, ਇਸ ਸੰਬੰਧ ਵਿਚ ਜੋ ਮੇਰੇ ਸਾਹਮਣੇ ਉਦਾਹਰਣ ਆਇਆ ਹੈ, ਉਹ ਇਸ ਪ੍ਰਕਾਰ ਹੈ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਸਣ ਤੇ ਕਪਾਹ ਦਾ ਖੇਤ ਇਕੋ ਹੁੰਦਾ ਹੈ, ਪਰ ਕਪਾਹ ਪਰਉਪਕਾਰ ਕਰਦੀ ਹੈ ਤੇ ਸਣ ਖੋਟੀ ਕਾਰ ਕਰਦੀ ਹੈ।
(੨) (ਕਿਉਂਕਿ) ਸਣ ਆਪਣੀ ਛਿੱਲ ਲੁਹਾ ਕੇ ਵੱਟੀ ਜਾਂਦੀ ਹੈ ਤੇ ਰੱਸਾ ਬਣ ਕੇ ਲੋਕਾਂ ਨੂੰ ਬੰਨ੍ਹਾਉਂਦੀ ਹੈ।
(੩) (ਕਪਾਹ ਦਾ ਪਰਉਪਕਾਰ ਇਹ ਹੈ ਕਿ ਉਹ) ਖ਼ਾਸਾ, ਮਲਮਲ ਤੇ ਸਿਰੀਸਾਫ਼ ਆਦਿ ਕੱਪੜੇ ਆਪਣੇ ਸੂਤ ਤੋਂ ਉਣਵਾਉਂਦੀ ਹੈ।
(੪) ਕਪਾਹ ਹਰ ਚੰਗੇ ਮੰਦੇ ਆਦਮੀ ਦਾ ਨੰਗੇਜ ਢਕਦੀ ਹੈ।
(੫) ਨਿਰਦੋਖ ਸੰਤਾਂ ਦੀ ਸੰਗਤ ਕਰਕੇ ਦੋਸ਼ੀ ਭੀ ਮੁਕਤ

ਹੋ ਜਾਂਦੇ ਹਨ, ਕਿਉਂਕਿ ਸਾਧ ਆਪਣਾ ਸੁਭਾਉ ਗੁਆਉਂਦੇ ਨਹੀਂ।

(੬) (ਜੇਕਰ) ਸਣ ਤੱਪੜ ਬਣ ਕੇ ਧਰਮਸਾਲ ਵਿਚ ਆ ਜਾਂਦੀ ਹੈ ਤਾਂ ਉਹ ਸਾਧ ਸੰਗਤ ਦੀ ਚਰਨ ਧੂੜ ਵਿਚ ਰਹਿ ਕੇ ਸਫਲ ਹੋ ਜਾਂਦੀ ਹੈ।

(੭) ਸਣ ਨੂੰ ਕੁੱਟ ਕੁੱਟ ਕੇ ਕਾਗਜ਼ ਬਣਾਇਆ ਜਾਂਦਾ ਹੈ ਤੇ ਸੰਤ ਉਸ ਉਤੇ ਹਰੀ ਦਾ ਜਸ ਲਿਖ ਕੇ ਲੋਕਾਂ ਨੂੰ ਸੁਣਾਉਂਦੇ ਹਨ।

(੮) ਇਸ ਤਰ੍ਹਾਂ ਹਰੀ-ਜਨ ਜੇ ਚਾਹੁਣ ਤਾਂ ਪਾਪੀਆਂ ਨੂੰ ਵੀ ਪਵਿੱਤ੍ਰ ਕਰ ਦੇਂਦੇ ਹਨ।੧੯।

***ਭਾਵਾਰਥ:*** ਬਾਣੀ ਵਿਚ ਸੰਤ ਤੇ ਅਸੰਤ ਦੋਹਾਂ ਵਿਅਕਤੀਆਂ ਦੀ ਰੂਪ-ਰੇਖਾ ਉੱਕਰੀ ਗਈ ਹੈ, ਪਰ ਸੰਤਾਂ ਦੀ ਸੰਗਤ ਕਰਨ ਦੀ ਤੇ ਅਸੰਤ ਅਨਾੜੀ ਲੋਕਾਂ ਦੀ ਸੰਗਤ ਕਰਨ ਤੋਂ ਹਮੇਸ਼ਾਂ ਹੀ ਦੂਰ ਰਹਿਣ ਦੀ ਪ੍ਰੇਰਨਾ ਕੀਤੀ ਗਈ ਹੈ, ਜਿਵੇਂ ਕਿ ਫ਼ੁਰਮਾਨ ਹੈ:

ਕਬੀਰ ਸੰਗਤਿ ਕਰੀਐ ਸਾਧ ਕੀ
ਅੰਤਿ ਕਰੈ ਨਿਰਬਾਹੁ॥
ਸਾਕਤ ਸੰਗੁ ਨ ਕੀਜੀਐ
ਜਾ ਤੇ ਹੋਇ ਬਿਨਾਹੁ॥੯੩॥

*(ਸਲੋਕ ਕਬੀਰ ਜੀ, ਪੰਨਾ ੧੩੬੯)*

ਕਬੀਰ ਇਹੁ ਤਨੁ ਜਾਇਗਾ ਕਵਨੈ ਮਾਰਗਿ ਲਾਇ॥
ਕੈ ਸੰਗਤਿ ਕਰਿ ਸਾਧ ਕੀ ਕੈ ਹਰਿ ਗੁਨ ਗਾਇ॥੨੮॥

*(ਸਲੋਕ ਕਬੀਰ ਜੀ, ਪੰਨਾ ੧੩੬੫)*

ਕਬੀਰ ਸੰਤ ਕੀ ਗੈਲ ਨ ਛੋਡੀਐ
ਮਾਰਗਿ ਲਾਗਾ ਜਾਉ॥
ਪੇਖਤ ਹੀ ਪੁੰਨੀਤ ਹੋਇ ਭੇਟਤ ਜਪੀਐ ਨਾਉ॥੧੩੦॥

ਕਬੀਰ ਸਾਕਤ ਸੰਗੁ ਨ ਕੀਜੀਐ
ਦੂਰਹਿ ਜਾਈਐ ਭਾਗਿ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥੧੩੧॥

*(ਸਲੋਕ ਕਬੀਰ ਜੀ, ਪੰਨਾ ੧੩੭੧)*

ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ॥
ਹੋਨਹਾਰੁ ਸੋ ਹੋਇ ਹੈ ਸਾਕਤ ਸੰਗਿ ਨ ਜਾਉ॥੯੯॥
ਕਬੀਰ ਸੰਗਤਿ ਸਾਧ ਕੀ ਦਿਨ ਦਿਨ ਦੂਨਾ ਹੇਤੁ॥
ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤੁ॥੧੦੦॥

*(ਸਲੋਕ ਕਬੀਰ ਜੀ, ਪੰਨਾ ੧੩੬੯)*

ਭਾਵ ਇਨ੍ਹਾਂ ਉਪ੍ਰੋਕਤ ਪੰਗਤੀਆਂ ਤੋਂ ਹਰ ਮਨੁੱਖ-ਮਾਤਰ ਨੂੰ ਪ੍ਰੇਰਨਾ ਮਿਲਦੀ ਹੈ ਕਿ ਮਨੁੱਖ ਨੂੰ ਸਵਾਸ ਸਵਾਸ ਸਿਮਰਨ ਕਰਨ ਵਾਲੇ ਸੰਤਾਂ ਦੀ ਸੰਗਤ ਵਿਚ ਰਹਿ ਕੇ ਸਦਾ ਹੀ ਜੀਵਨ ਗੁਜ਼ਾਰਦੇ ਰਹਿਣਾ ਚਾਹੀਦਾ ਹੈ, ਜਿਸਦਾ ਸਦਕਾ ਮਨੁੱਖ ਦੇ ਮਾਨਸਕ ਮੰਡਲ ਵਿਚ ਸਦੀਵੀ ਖ਼ੁਸ਼ੀਆਂ ਤੇ ਖੇੜਾ ਬਣਿਆ ਰਹੇ ਅਤੇ ਸਾਕਤਾਂ ਦੀ ਕੁਸੰਗਤ ਤੋਂ ਸਦਾ ਹੀ ਦੂਰ ਰਹੋ ਕਿਉਂਕਿ ਉਨ੍ਹਾਂ ਦੀ ਸੰਗਤ ਵਿਚ ਰਹਿਣ ਵਾਲੇ ਮਨੁੱਖ ਦਾ ਮਨ ਪਾਪਾਂ ਦੀ ਕਾਲਖ ਨਾਲ ਕਾਲਾ ਹੋ ਜਾਂਦਾ ਹੈ।

## ੨੦. ਭਲੀ ਸੰਗਤ ਦਾ ਗੁਣ

**੧. ਪੱਥਰ ਚਿੱਤ ਕਠੋਰ ਹੈ**
**ਚੂਨਾ ਹੋਵੈ ਅੱਗੀਂ ਦੱਧਾ।**
**੨. ਅੱਗ ਬੁਝੈ ਜਲ ਛਿੜਕੀਐ**
**ਚੂਨੇ ਅੱਗ ਉਠੈ ਅਤਿ ਵੱਧਾ।**
**੩. ਪਾਣੀ ਪਾਏ ਵਿਹੁ ਨ ਜਾਇ**
**ਅਗਨ ਨ ਫੁੱਟੈ ਅਵਗੁਣ ਬੱਧਾ।**
**੪. ਜੀਭੈ ਉੱਤੇ ਰਖਿਆਂ**
**ਛਾਲੇ ਪਵਨ ਸੰਗ ਦੁਖ ਲੱਧਾ।**
**੫. ਪਾਨ ਸੁਪਾਰੀ ਕੱਥ ਮਿਲ**
**ਰੰਗ ਸੁਰੰਗ ਸੰਪੂਰਣ ਸੱਧਾ।**
**੬. ਸਾਧਸੰਗਤਿ ਮਿਲ ਸਾਧ ਹੋਇ**
**ਗੁਰਮੁਖ ਮਹਾਂ ਅਸਾਧ ਸਮੱਧਾ।**
**੭. ਆਪ ਗਵਾਇ ਮਿਲੈ ਪਲ ਅੱਧਾ॥੨੦॥੨੫॥**

***ਪਦ ਅਰਥ:*** ਦੱਧਾ—ਸੜਿਆ। ਵੱਧਾ—ਬਹੁਤ। ਸੱਧਾ—ਚੰਗਾ, ਸ੍ਰੇਸ਼ਟ। ਸਮੱਧਾ—ਸਾਰਾ।

***ਅਰਥ:***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਪਿੱਛੇ ਸਾਧ ਸੰਗਤ ਦੀ ਬਹੁਤ ਵੱਡੀ ਮਹਾਨਤਾ ਦਰਸਾਉਂਦੇ ਆ ਰਹੇ ਹੋ ਕਿ ਸਾਧ ਸੰਗਤ ਪਾਪੀਆਂ ਦਾ ਉਧਾਰ ਕਰਦੀ ਆ ਰਹੀ ਹੈ, ਪਰ ਆਪ ਜੀ ਨੇ ਇਹ ਜਾਣਕਾਰੀ ਨਹੀਂ ਦਿਤੀ ਕਿ ਕਿਸੇ ਪਾਪੀ ਦਾ ਉਧਾਰ ਕਰਨ ਲਈ ਸਾਧ ਸੰਗਤ ਨੂੰ ਕਿਤਨਾ ਕੁ ਸਮਾਂ ਲਗਦਾ ਹੈ ਕਿਉਂਕਿ ਕੋਈ ਛੋਟਾ ਪਾਪੀ ਹੈ ਜੋ ਥੋੜੇ ਸਮੇਂ ਤੋਂ ਪਾਪ ਕਰਦਾ ਹੈ, ਪਰ ਕੋਈ ਵਡੇਰਾ ਬੱਜਰ ਪਾਪੀ ਹੈ ਜੋ ਆਦਿ ਤੋਂ ਹੀ ਪਾਪ ਕਰਮ

ਕਰਦਾ ਆ ਰਿਹਾ ਹੈ, ਕੀ ਦਸੋਗੇ ਕਿ ਇਨ੍ਹਾਂ ਛੋਟੇ, ਵੱਡੇ ਪਾਪੀਆਂ ਦੇ ਉਧਾਰ ਕਰਨ ਦਾ ਭੀ ਕੋਈ ਸਮਾਂ ਨਿਰਧਾਰਤ ਹੈ। ਕਿਉਂਕਿ ਸਾਡੀ ਅਸਥੂਲ ਦ੍ਰਿਸ਼ਟੀ ਤਾਂ ਇਸ ਸੂਖਮ ਪੱਖ ਨੂੰ ਅਨੁਭਵ ਨਹੀਂ ਕਰ ਸਕਦੀ, ਪਰ ਆਪ ਜੀ ਇਸ ਬਾਰੇ ਕੀ ਕਹਿਣਾ ਚਾਹੋਗੇ ?

**ਉ:** ਹੇ ਭਾਈਓ ! ਇਸ ਪੱਖ ਵਿਚ ਮੈਂ ਆਪਣੇ ਵੱਲੋਂ ਤਾਂ ਕੁਝ ਭੀ ਕਹਿਣ ਦੀ ਸਮਰੱਥਾ ਨਹੀਂ ਰੱਖਦਾ, ਪਰ ਹਾਂ ਜੋ ਕੁਝ ਮੈਨੂੰ ਬਾਣੀ ਜਾਂ ਇਤਿਹਾਸ ਦੁਆਰੇ ਬੋਧ ਮਿਲ ਸਕਿਆ ਹੈ ਉਹ ਕੁਝ ਕਹਿਣ ਦਾ ਜ਼ਰੂਰ ਜਤਨ ਕਰਦਾ ਹਾਂ ਕਿ ਛੋਟੇ ਵੱਡੇ ਪਾਪੀਆਂ ਦੇ ਪਾਪਾਂ ਨੂੰ ਬਖ਼ਸ਼ਣ ਦਾ ਸੰਗਤ ਵਿਚ ਕੋਈ ਸਮਾਂ ਨਿਰਧਾਰਤ ਨਹੀਂ, ਇਹ ਤਾਂ ਕਿਸੇ ਪਾਪੀ ਦੀਆਂ ਮਾਨਸਕ ਭਾਵਨਾਵਾਂ 'ਤੇ ਹੀ ਮੁਨੱਸਰ ਹੈ ਕਿ ਉਸ ਦੇ ਅੰਤਾਕਰਨ ਦੀ ਸ਼ੁੱਧੀ ਹੋਣ ਵਿਚ ਕਿਤਨਾ ਕੁ ਸਮਾਂ ਲੱਗਦਾ ਹੈ, ਕਿਉਂਕਿ ਕਿਸੇ ਨੂੰ ਥੋੜੇ ਤੋਂ ਥੋੜਾ ਸਮਾਂ ਭੀ ਲੱਗਦਾ ਹੈ ਤੇ ਕਿਸੇ ਨੂੰ ਵੱਧ ਤੋਂ ਵੱਧ ਕਈ ਜਨਮ ਭੀ ਲੱਗ ਸਕਦੇ ਹਨ, ਇਹ ਸਾਨੂੰ ਬਾਣੀ ਦੁਆਰੇ ਬੋਧ ਮਿਲਦਾ ਹੈ।

ਕਈ ਜਨਮ ਲੱਗਣ ਦਾ ਬੋਧ ਸਾਨੂੰ ਕਬੀਰ ਜੀ ਦੀ ਬਾਣੀ ਤੋਂ ਮਿਲਦਾ ਹੈ ਜਦ ਕਿ ਉਹ ਪਰਮੇਸ਼ਰ ਦੇ ਸਨਮੁਖ ਹੋ ਕੇ ਇਹ ਕਹਿੰਦੇ ਹਨ ਕਿ ਹੇ ਪ੍ਰਭੂ :

ਪੂਰਬ ਜਨਮ ਹਮ ਤੁਮ੍ਹਰੇ ਸੇਵਕ
ਅਬ ਤਉ ਮਿਟਿਆ ਨ ਜਾਈ॥ *(ਪੰਨਾ ੯੭੦)*

ਭਾਵ ਹੇ ਨਿਰੰਕਾਰ ! ਪਿਛਲੇ ਜਨਮਾਂ ਵਿਚ ਭੀ ਮੈਂ ਤੇਰੀ ਭਗਤੀ ਕਰਦਾ ਆਇਆ ਹਾਂ, ਪਰ ਮੈਂ ਭਗਤੀ ਦੀਆਂ ਸਿਖ਼ਰਾਂ 'ਤੇ ਨਹੀਂ ਪੁੱਜ ਸਕਿਆ, ਹੁਣ ਤੇਰੀ ਨੇੜਤਾ ਨਸੀਬ ਹੋਈ ਹੈ ਜਿਸ ਕਰਕੇ ਹੁਣ ਮੈਂ ਤੇਰੀ ਦੂਰੀ ਨਹੀਂ ਬਰਦਾਸ਼ਤ ਕਰਾਂਗਾ, ਕਿਉਂਕਿ ਹੁਣ ਮੈਨੂੰ ਇਹ ਪ੍ਰਤੀਤ ਹੋ ਆਇਆ ਹੈ ਕਿ :

ਅਬ ਤਉ ਜਾਇ ਚਢੇ ਸਿੰਘਾਸਨਿ
ਮਿਲੇ ਹੈ ਸਾਰਿੰਗਪਾਨੀ॥
ਰਾਮ ਕਬੀਰਾ ਏਕ ਭਏ ਹੈ
ਕੋਇ ਨ ਸਕੈ ਪਛਾਨੀ॥੬॥੩॥

*(ਰਾਮਕਲੀ ਕਬੀਰ ਜੀ, ਪੰਨਾ ੯੬੯)*

ਭਾਵ ਹੈ ਕਿ ਹੁਣ ਮੈਨੂੰ ਨਿਰੰਕਾਰ ਦਾ ਸਿੰਘਾਸਨ ਨਸੀਬ ਹੋ ਗਿਆ ਹੈ, ਜਿਸ ਦਾ ਸਦਕਾ ਮੈਂ ਤੇ ਰਾਮ ਇਕ ਰੂਪ ਹੋ ਗਏ ਹਾਂ, ਹੁਣ ਕੋਈ ਵੱਖਰਾਪਨ ਨਹੀਂ ਰਹਿ ਗਿਆ। ਇਸ ਤੋਂ ਸਾਬਤ ਹੁੰਦਾ ਹੈ ਕਿ ਕਬੀਰ ਜੀ ਨੂੰ ਨਿਰੰਕਾਰ ਦੇ ਸਿੰਘਾਸਨ ਤਕ ਪੁੱਜਣ ਲਈ ਕਈ ਜਨਮ ਧਾਰਨੇ ਪਏ।

ਇਸਦਾ ਜਦੋਂ ਦੂਜਾ ਪੱਖ ਤੱਕਦੇ ਹਾਂ ਤਾਂ ਇਤਿਹਾਸ ਗਵਾਹੀ ਭਰਦਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਸੱਜਣ ਠੱਗ ਨੂੰ ਮਿਲੇ ਤਾਂ ਆਪ ਜੀ ਨੇ ਸੁਭਾਵਕ ਹੀ ਬਚਨ ਕੀਤਾ ਕਿ ਸੱਜਣਾ ! ਤੂੰ ਠੱਗੀ ਕਰ ਅਸੀਂ ਤੈਨੂੰ ਠੱਗੀ ਤੋਂ ਵਰਜਦੇ ਨਹੀਂ, ਪਰ ਤੂੰ ਠੱਗ ਬਣ ਕੇ ਠੱਗੀ ਕਰ, ਸੱਜਣ ਬਣ ਕੇ ਠੱਗੀ ਕਰਨੀ ਯੋਗ ਨਹੀਂ। ਕਿਉਂਕਿ ਜਦ ਤੂੰ ਸੱਜਣ ਬਣ ਕੇ ਠੱਗੀ ਕਰਦਾ ਹੈਂ ਤਾਂ ਬਹੁਤੇ ਸਰਲ ਚਿਤ ਲੋਕ ਤੇਰੇ ਜਾਲ ਵਿਚ ਫਸ ਜਾਂਦੇ ਹਨ। ਇਹ ਬਚਨ ਆਪ ਜੀ ਦੇ ਅੰਤਰ-ਆਤਮੇ ਤੋਂ ਨਿਕਲੇ ਸਨ ਜੋ ਸੱਜਣ ਠੱਗ ਦੀ ਆਤਮਾ ਤਕ ਪੁੱਜੇ ਜੋ ਉਸ ਤੋਂ ਠੱਗੀ ਦਾ ਤਿਆਗ ਕਰਵਾ ਕੇ ਸਹੀ ਰੂਪ ਵਿਚ ਸਾਰਿਆਂ ਦਾ ਹੀ ਸੱਜਣ ਬਣਾ ਗਏ। ਪਿਛਲੇ ਇਸਦੇ ਜਨਮਾਂ ਬਾਰੇ ਤਾਂ ਕੁਝ ਕਿਹਾ ਨਹੀਂ ਜਾ ਸਕਦਾ, ਪਰ ਗੁਰੂ ਨਾਨਕ ਪਾਤਿਸ਼ਾਹ ਦੀ ਕ੍ਰਿਪਾ ਦਾ ਸਦਕਾ ਇਸਨੂੰ ਇਸੇ ਜਨਮ ਵਿਚ ਮਿਲਾਪ ਹਾਸਲ ਹੋ ਗਿਆ। ਇਸੇ ਤਰ੍ਹਾਂ ਹੋਰ ਭੀ ਕੌਡੇ ਰਾਖ਼ਸ਼ ਜਿਹਾਂ ਦਾ ਉੱਧਾਰ ਹੋਇਆ, ਉਹ ਤਦੋਂ ਹੀ ਉੱਧਾਰ ਹੋਇਆ ਜਦੋਂ ਉਨ੍ਹਾਂ ਦੇ ਅੰਦਰੋਂ ਆਪਾ-ਭਾਵ ਮਿਟ ਗਿਆ ਤੇ ਸਤਿਗੁਰਾਂ ਦੇ ਨਿਰਮਲ ਉਪਦੇਸ਼ ਨੂੰ ਸੁਣ ਕੇ ਉਨ੍ਹਾਂ ਦੀ ਆਤਮਾ ਹਰ ਪੱਖੋਂ ਹੀ ਉੱਜਲ ਹੋ ਗਈ। ਸੋ, ਮੈਂ ਭੀ ਇਨ੍ਹਾਂ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਹ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਦਾ ਭਾਵ ਹੈ ਕਿ ਗੁਰਮੁਖਾਂ ਦੀ ਸੰਗਤ ਵਿਚ ਮਿਲ ਕੇ ਨਾ ਸਾਧੇ ਜਾਣ ਵਾਲੇ ਅਸਾਧ ਲੋਕ ਭੀ ਸਾਧੇ ਜਾਂਦੇ ਹਨ।

(੧) (ਹੇ ਭਾਈਓ ! ਜਿਵੇਂ ਅਸੀਂ ਵੇਖਦੇ ਹਾਂ ਕਿ) ਪੱਥਰ ਦਾ ਚਿੱਤ ਕਰੜਾ ਹੁੰਦਾ ਹੈ, ਪਰ ਜੇ ਉਸਨੂੰ ਅੱਗ ਵਿਚ ਸਾੜ ਦਿਤਾ ਜਾਏ ਤਾਂ ਉਹ ਕਲੀ ਬਣ ਜਾਂਦਾ ਹੈ।

(੨) ਅੱਗ 'ਤੇ ਪਾਣੀ ਪਾਇਆਂ ਅੱਗ ਬੁਝ ਜਾਂਦੀ ਹੈ, ਪਰ ਜੇ ਕਲੀ 'ਤੇ ਪਾਣੀ ਪਾਇਆ ਜਾਏ ਤਾਂ ਉਸ ਦੀ ਅੱਗ ਵਧ ਜਾਂਦੀ ਹੈ।

(੩) ਪਾਣੀ ਪਾਉਣ ਨਾਲ ਉਸ ਦੀ ਵਿਹੁ ਰੂਪ ਅੱਗ ਨਹੀਂ ਬੁਝਦੀ, ਉਹ ਇਹੋ ਜਿਹਾ ਔਗੁਣਾਂ ਵਿਚ ਬੱਝਾ ਹੋਇਆ ਹੈ।

(੪) ਉਸਨੂੰ ਜੇ ਜੀਭ ਉਤੇ ਰਖਿਆ ਜਾਏ ਤਾਂ ਜੀਭ 'ਤੇ ਛਾਲੇ ਪੈ ਜਾਂਦੇ ਹਨ। ਉਸ ਦੇ ਸੰਗ ਕਰਕੇ ਦੁਖ ਹੀ ਮਿਲਦਾ ਹੈ।

(੫) (ਉਹੋ ਕਲੀ) ਜੇ ਪਾਨ, ਸੁਪਾਰੀ ਤੇ ਕਥੇ ਨਾਲ ਮਿਲਾ ਦਿਤੀ ਜਾਏ ਤਾਂ ਬੜਾ ਸੁੰਦਰ ਲਾਲ ਰੰਗ ਬਣ ਜਾਂਦਾ ਹੈ।

(੬) ਇਸੇ ਤਰ੍ਹਾਂ ਸਾਧ ਸੰਗਤ ਵਿਚ ਮਿਲ ਕੇ ਸਾਧ ਹੋ ਜਾਈਦਾ ਹੈ, ਕਿਉਂਕਿ ਗੁਰਮੁਖ-ਜਨ ਮਹਾਂ ਅਸਾਧ ਨੂੰ ਵੀ ਸਾਧ ਲੈਂਦੇ ਹਨ (ਭਾਵ ਸ਼ੁੱਧ ਕਰ ਲੈਂਦੇ ਹਨ)।

(੭) ਜਿਹੜਾ ਵੀ ਕੋਈ ਆਪਾ-ਭਾਵ ਗੁਆ ਕੇ ਅੱਧਾ ਪਲ ਵੀ ਸੰਤਾਂ ਨੂੰ ਮਿਲਦਾ ਹੈ, ਉਹ ਮੁਕਤ ਹੋ ਜਾਂਦਾ ਹੈ। ਭਾਵ ਗੁਰਮੁਖਾਂ ਦੀ ਸੰਗਤ ਕਰਕੇ ਮਨਮੁਖ ਵੀ ਗੁਰਮੁਖ ਬਣ ਜਾਂਦੇ ਹਨ।੨੦।੨੫।

***ਭਾਵਾਰਥ :*** ਮਨੁੱਖ ਨੂੰ ਸਦੀਵੀ ਕਾਲ ਸਵਾਸ ਸਿਮਰਨ ਕਰਨ ਵਾਲੇ ਸਾਧੂਆਂ ਦੀ ਸੰਗਤ ਵਿਚ ਹੀ ਜੀਵਨ ਗੁਜ਼ਾਰਦੇ ਰਹਿਣਾ ਚਾਹੀਦਾ ਹੈ, ਜਿਨ੍ਹਾਂ ਦੀ ਸੰਗਤ ਦਾ ਸਦਕਾ ਮਨੁੱਖ ਦੇ ਮਨ ਵਿਚ ਦਿਨੋ ਦਿਨ ਦੈਵੀਗੁਣਾਂ ਦਾ ਪ੍ਰਕਾਸ਼ ਹੁੰਦਾ ਰਵੇ ਅਤੇ ਅਸਾਧੂਆਂ ਦੀ ਕੁਸੰਗਤ ਤੋਂ ਸਦਾ ਹੀ ਦੂਰ ਰਹੋ ਕਿਉਂਕਿ ਉਨ੍ਹਾਂ ਦੀ ਨੇੜਤਾ ਮਨੁੱਖ ਦੇ ਮਨ ਨੂੰ ਦਾਗ਼ੀ ਕਰਦੀ ਹੈ ਜੋ ਗੁਨਾਹਾਂ ਦਾ ਦਾਗ਼ੀ ਕੀਤਾ ਮਨ ਸਦਾ ਹੀ ਸੰਸਾਰ ਦੇ ਆਵਾਗਵਨ ਵਿਚ ਪਿਆ ਵਿਲਕਦਾ ਰਹਿੰਦਾ ਹੈ।

(ਪੰਝੀਵੀਂ ਵਾਰ ਸਮਾਪਤ)

# ਵਾਰ ੨੬

ੴ ਸਤਿਗੁਰ ਪ੍ਰਸਾਦਿ॥

## ੧. ਸਤਿਗੁਰੂ ਜੀ ਦਾ ਮੰਗਲਾਚਰਨ

**੧. ਸਤਿਗੁਰ ਸੱਚਾ ਪਾਤਿਸ਼ਾਹ**
**ਪਾਤਿਸ਼ਾਹ ਪਾਤਿਸ਼ਾਹ ਸਿਰੰਦਾ।**
**੨. ਸੱਚੇ ਤਖਤ ਨਿਵਾਸ ਹੈ**
**ਸਾਧ ਸੰਗਤਿ ਸਚਖੰਡ ਵਸੰਦਾ।**
**੩. ਸੱਚ ਫੁਰਮਾਣ ਨੀਸਾਣ ਸੱਚ**
**ਸੱਚਾ ਹੁਕਮ ਨ ਮੂਲ ਫਿਰੰਦਾ।**
**੪. ਸੱਚ ਸਬਦ ਟਕਸਾਲ ਸੱਚ**
**ਗੁਰ ਤੇ ਗੁਰ ਹੋਇ ਸ਼ਬਦ ਮਿਲੰਦਾ।**
**੫. ਸੱਚੀ ਭਗਤਿ ਭੰਡਾਰ ਸੱਚ**
**ਰਾਗ ਰਤਨ ਕੀਰਤਨ ਭਾਵੰਦਾ।**
**੬. ਗੁਰਮੁਖ ਸੱਚਾ ਪੰਥ ਹੈ**
**ਸੱਚ ਦੋਹੀ ਸੱਚ ਰਾਜ ਕਰੰਦਾ।**
**੭. ਵੀਹ ਇਕੀਹ ਚੜ੍ਹਾਉ ਚੜ੍ਹੰਦਾ॥੧॥**

***ਪਦ ਅਰਥ :*** ਸਤਿਗੁਰ—ਗੁਰੂ ਨਾਨਕ। ਸਿਰੰਦਾ—ਸਿਰਜਨਹਾਰ। ਵਸੰਦਾ—ਵਸਾਉਣ ਵਾਲਾ। ਦੋਹੀ—ਦੁਹਾਈ। ਵੀਹ—ਵੀਹ ਵਿਸਵੇ, ਨਿਸਚੇ ਕਰਕੇ। ਇਕੀਹ—ਇਕ ਦੀ ਈਹਾ ਵਾਲਾ।

***ਅਰਥ :***

ਜਿਵੇਂ ਕਿ ਗੁਰਮਤ ਦੀ ਆਗਿਆ ਹੈ ਕਿ (ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ) ਭਾਵ ਸਿਖ ਜੋ ਵੀ ਛੋਟੇ ਤੋਂ ਲੈ ਕੇ ਵੱਡੇ ਤੋਂ ਵੱਡੇ ਕਾਰਜ ਦੀ ਅਰੰਭਤਾ ਕਰਦਾ ਹੈ, ਉਹ ਗੁਰੂ ਕਰਤਾਰ ਅਗੇ ਉਸ ਦੀ ਸਫਲਤਾ ਲਈ ਅਰਦਾਸ ਜ਼ਰੂਰ ਕਰਦਾ ਹੈ, ਭਾਈ ਸਾਹਿਬ ਜੀ ਭੀ ਉਸੇ ਭਾਵ ਨੂੰ ਮੁੱਖ ਰੱਖ ਕੇ ਜਦੋਂ ਭੀ ਨਵੀਂ ਵਾਰ ਦੀ ਅਰੰਭਤਾ ਕਰਦੇ ਹਨ ਤਾਂ ਗੁਰੂ ਪਰਮੇਸ਼ਰ ਅਗੇ ਜੋਦੜੀ ਅਵੱਸ਼ ਹੀ ਕਰਦੇ ਹਨ, ਉਸੇ ਨਿਯਮ ਨੂੰ ਇਥੇ ਭੀ ਨਿਭਾ ਰਹੇ ਹਨ ਅਤੇ ਆਪਣੀ ਭਾਵਨਾ ਦਾ ਇਜ਼ਹਾਰ ਕਰਦੇ ਹੋਏ ਗੁਰੂ ਨਾਨਕ ਦੇਵ ਸੰਬੰਧੀ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦੇ ਹੋਏ ਇਉਂ ਕਹਿ ਰਹੇ ਹਨ ਕਿ :

(੧) ਸਤਿਗੁਰ (ਨਾਨਕ ਦੇਵ ਜੀ) ਪਾਤਿਸ਼ਾਹਾਂ ਦਾ ਪਾਤਿਸ਼ਾਹ ਹੈ (ਤੇ) ਪਾਤਿਸ਼ਾਹਾਂ ਦਾ ਰਚਨਹਾਰਾ ਹੈ, (ਸਿਰਜਨਹਾਰ ਹੈ)।

(੨) ਉਹ ਸੱਚੇ ਤਖ਼ਤ 'ਤੇ ਨਿਵਾਸ ਕਰਦਾ ਹੈ ਤੇ ਸਾਧ ਸੰਗਤ ਰੂਪੀ ਸੱਚਖੰਡ ਦੇ ਵਸਾਉਣ ਵਾਲਾ ਹੈ।

(੩) ਉਸਦਾ ਫੁਰਮਾਨ (ਆਗਿਆ) ਸੱਚਾ ਹੈ ਤੇ ਉਸਦਾ ਝੰਡਾ ਵੀ ਸੱਚਾ ਹੈ, ਉਸਦੇ ਸੱਚੇ ਹੁਕਮ ਨੂੰ ਕੋਈ ਮੋੜ ਨਹੀਂ ਸਕਦਾ।

(੪) ਉਸਦੀ ਸ਼ਬਦ ਰੂਪ ਟਕਸਾਲ ਸੱਚੀ ਹੈ, ਜਿਹੜਾ ਗੁਰੂ ਦੇ ਸ਼ਬਦ ਨੂੰ ਮਿਲਦਾ ਹੈ, ਉਹ ਗੁਰੂ ਰੂਪ ਹੋ ਜਾਂਦਾ ਹੈ।

(੫) ਉਸਦੀ ਭਗਤੀ ਦਾ ਭੰਡਾਰ (ਖ਼ਜ਼ਾਨਾ) ਸੱਚਾ ਹੈ, ਰਾਗ ਰਤਨ ਰੂਪ ਕੀਰਤਨ ਗੁਰੂ ਨੂੰ ਚੰਗਾ ਲਗਦਾ ਹੈ।

(੬) ਗੁਰਮੁਖ ਦਾ ਮਾਰਗ ਸੱਚਾ ਹੈ, ਉਸਦੇ ਸੱਚ ਦੀ ਦੋਹੀ ਅਰਥਾਤ ਡੌਂਡੀ ਵੀ ਸੱਚੀ ਹੈ ਤੇ ਉਹ ਸੱਚਾ ਰਾਜ ਕਰਦਾ ਹੈ।

(੭) ਉਹ ਵੀਹ ਵਿਸਵੇ ਅਥਵਾ ਵੀਹ ਸੰਸਾਰ ਵਿਚ 'ਇਕੀਹ' ਪਰਮੇਸ਼ਰ ਦੇ (ਚੜ੍ਹਾਉ) ਪ੍ਰੇਮ ਵਿਚ ਚੜ੍ਹਨ ਵਾਲਾ ਹੈ।੧।

## ੨. ਗੁਰ ਪਰਮੇਸ਼ਰ ਏਕ ਹੈ

੧. ਗੁਰ ਪਰਮੇਸ਼ਰ ਜਾਣੀਐ
ਸੱਚੇ ਸੱਚਾ ਨਾਉ ਧਰਾਯਾ।
੨. ਨਿਰੰਕਾਰ ਆਕਾਰ ਹੋਇ
ਏਕੰਕਾਰ ਅਪਾਰ ਸਦਾਯਾ।
੩. ਏਕੰਕਾਰਹੁੰ ਸ਼ਬਦ ਧੁਨ
ਓਅੰਕਾਰ ਅਕਾਰ ਬਨਾਯਾ।
੪. ਇਕਦੂੰ ਹੋਏ ਤਿੰਨ ਦੇਵ
ਤਿਹੁੰ ਮਿਲ ਦੱਸ ਅਵਤਾਰ ਗਣਾਯਾ।
੫. ਆਦਿ ਪੁਰਖ ਆਦੇਸ਼ ਹੈ
ਓਹ ਵੇਖੈ ਓਨਾਂ ਨਦਰ ਨ ਆਯਾ।
੬. ਸ਼ੇਸ਼ਨਾਗ ਸਿਮਰਨ ਕਰੈ
ਨਾਵਾਂ ਅੰਤ ਬਿਅੰਤ ਨ ਪਾਯਾ।
੭. ਗੁਰਮੁਖ ਸੱਚ ਨਾਉਂ ਮਨ ਭਾਯਾ ॥੨॥

***ਪਦ ਅਰਥ :*** ਆਦੇਸ਼—ਦੇਸ, ਕਾਲ, ਵਸਤੂ ਦੇ ਭੇਦ ਤੋਂ ਰਹਿਤ। ਤਿੰਨ ਦੇਵ—ਬ੍ਰਹਮਾ, ਵਿਸ਼ਨੂੰ, ਸ਼ਿਵਜੀ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਇਹ ਤਾਂ ਠੀਕ ਹੈ ਕਿ ਜੋ ਭੀ ਗੁਰੂ ਨਾਨਕ ਦੇਵ ਜੀ ਦਾ ਨਾਮ ਧਰੀਕ ਸਿਖ ਸਦਵਾਉਂਦਾ ਹੈ ਉਸ ਨੂੰ ਗੁਰੂ ਨਾਨਕ 'ਤੇ ਹੀ ਪੂਰਨ ਭਰੋਸਾ ਹੋਣਾ ਚਾਹੀਦਾ ਹੈ, ਪਰ ਕੀ ਉਸ ਭਰੋਸੇ ਦੀ ਰੂਪ-ਰੇਖਾ ਦਰਸਾਓਗੇ ਕਿ ਤੁਹਾਡੇ ਅੰਤਰ-ਆਤਮੇ ਗੁਰੂ ਨਾਨਕ ਦੇਵ ਜੀ ਬਾਰੇ ਕੀ ਭਾਵਨਾਵਾਂ ਹਨ ਤਾਕਿ ਕੁਝ ਸਾਨੂੰ ਭੀ ਪ੍ਰੇਰਨਾ ਮਿਲ ਸਕੇ ਕਿ ਗੁਰੂ ਨਾਨਕ ਦੇਵ ਜੀ ਦਾ ਸਹੀ ਸਰੂਪ ਕੀ ਹੈ ?

ਉ: ਹੇ ਭਰਾਵੋ ! ਮੈਂ ਤਾਂ ਗੁਰੂ ਦੀ ਬਾਣੀ 'ਤੇ ਨਿਸਚਾ ਰਖਦਾ ਹਾਂ ਜੋ ਸਰੂਪ ਗੁਰੂ ਨਾਨਕ ਦੇਵ ਜੀ ਦਾ ਬਾਣੀ ਨੇ ਉੱਕਰਿਆ ਹੈ ਉਹੀ ਸਹੀ ਸਰੂਪ ਹੈ। ਬਾਣੀ ਵਿਚੋਂ ਸਾਨੂੰ ਬਾਰ ਬਾਰ ਇਹੋ ਪ੍ਰੇਰਨਾ ਮਿਲਦੀ ਹੈ ਕਿ ਗੁਰੂ ਪਰਮੇਸ਼ਰ ਦਾ ਹੀ ਰੂਪ ਹੈ, ਜਿਵੇਂ ਕਿ :

ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥
ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ ॥
ਨਾਨਕ ਗੁਰ ਸਰਣਾਗਤੀ
ਮਰੈ ਨ ਆਵੈ ਜਾਇ ॥੪॥੩੦॥੧੦੦॥
*(ਸਿਰੀਰਾਗੁ ਮ: ੫, ਪੰਨਾ ੫੩)*

ਗੁਰੁ ਪਰਮੇਸਰੁ ਏਕੋ ਜਾਣੁ ॥
ਜੋ ਤਿਸੁ ਭਾਵੈ ਸੋ ਪਰਵਾਣੁ ॥੧॥ਰਹਾਉ॥
*(ਗੋਂਡ ਮਹਲਾ ੫, ਪੰਨਾ ੮੬੪)*

ਗੁਰ ਪਰਮੇਸੁਰ, ਸਗਲ ਨਿਵਾਸ ॥
ਘਟਿ ਘਟਿ ਰਵਿ ਰਹਿਆ ਗੁਣਤਾਸ ॥
*(ਰਾਮਕਲੀ ਮ: ੫, ਪੰਨਾ ੯੦੦)*

ਗੁਰ ਕੀ ਮਹਿਮਾ ਕਥਨੁ ਨ ਜਾਇ ॥
ਗੁਰ ਪਰਮੇਸਰੁ ਸਾਚੈ ਨਾਇ ॥
*(ਮਲਾਰ ਮ: ੫, ਪੰਨਾ ੧੨੭੧)*

ਗੁਰੁ ਪਰਮੇਸਰੁ ਗੁਰੁ ਗੋਬਿੰਦੁ ॥
ਗੁਰੁ ਕਰਤਾ ਗੁਰੁ ਸਦ ਬਖਸੰਦੁ ॥
*(ਮਾਰੂ ਮਹਲਾ ੫, ਪੰਨਾ ੧੦੮੦)*

ਗੁਰੁ ਪਰਮੇਸਰੁ ਗੁਰੁ ਗੋਵਿੰਦੁ ॥
ਗੁਰੁ ਦਾਤਾ ਦਇਆਲ ਬਖਸਿੰਦੁ ॥
*(ਰਾਮਕਲੀ ਮਹਲਾ ੫, ਪੰਨਾ ੮੯੭)*

ਗੁਰੁ ਪਰਮੇਸਰੁ ਨਾਨਕ ਭੇਟਿਓ
ਸਾਚੈ ਸਬਦਿ ਨਿਬੇਰਾ ॥੩॥੬॥
*(ਰਾਮਕਲੀ ਮਹਲਾ ੧, ਪੰਨਾ ੮੭੮)*

ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ ॥
ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ ॥
ਗੁਰੁ ਸਮਰਥੁ ਗੁਰੁ ਨਿਰੰਕਾਰੁ
ਗੁਰੁ ਊਚਾ ਅਗਮ ਅਪਾਰੁ ॥
ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ ॥੩॥
*(ਸਿਰੀ ਰਾਗੁ ਮਹਲਾ ੫, ਪੰਨਾ ੫੨)*

ਗੁਰ ਦਾਤਾ ਸਮਰਥੁ ਗੁਰੁ
ਗੁਰੁ ਸਭ ਮਹਿ ਰਹਿਆ ਸਮਾਇ ॥
ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ ॥੨॥
*(ਸ੍ਰੀਰਾਗੁ ਮਹਲਾ ੫, ਪੰਨਾ ੪੯)*

ਨਾਨਕ ਸੋਧੇ ਸਿੰਮ੍ਰਿਤਿ ਬੇਦ ॥
ਪਾਰਬ੍ਰਹਮ ਗੁਰ ਨਾਹੀ ਭੇਦ ॥੪॥੧੧॥੨੪॥
*(ਭੈਰਉ ਮਹਲਾ ੫, ਪੰਨਾ ੧੧੪੨)*

ਇਸੇ ਤਰ੍ਹਾਂ ਸਾਨੂੰ ਗੁਰਬਾਣੀ ਵਿਚੋਂ ਹੋਰ ਵੀ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਦੁਆਰੇ ਇਹ ਬੋਧ ਮਿਲਦਾ ਹੈ ਕਿ ਗੁਰੂ ਨਾਨਕ ਦੇਵ ਨਿਰੰਕਾਰ ਦਾ ਹੀ ਸਰੂਪ ਸੀ, ਅਤੇ ਇਉਂ ਕਹਿ ਦੇਣਾ ਵੀ ਕੋਈ ਅਤਿ ਕਥਨੀ ਨਹੀਂ ਕਿ ਨਿਰੰਕਾਰ ਨੇ ਹੀ ਨਾਨਕ ਦਾ ਮਨੁੱਖੀ ਜਾਮਾ ਪਹਿਨ ਕੇ ਸੰਸਾਰ ਦੇ ਅਨੇਕਾਂ ਜੀਵਾਂ ਦਾ ਉਧਾਰ ਕੀਤਾ ਹੈ, ਇਸ ਲਈ ਹਰ ਨਾਨਕ ਨਾਮ ਲੇਵਾ ਸਾਧਕ ਸਿਖ ਨੂੰ ਇਹੋ ਨਿਸਚਾ ਧਾਰਨ ਕਰ ਲੈਣਾ ਯੋਗ ਹੈ ਕਿ ਗੁਰੂ ਨਾਨਕ ਤੇ ਨਿਰੰਕਾਰ ਵਿਚ ਕੋਈ ਭੀ ਅੰਤਰਾ ਨਹੀਂ, ਇਨ੍ਹਾਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਸ ਵਿਚ ਇਹੋ ਭਾਵ ਅੰਕਤ ਕੀਤਾ ਹੈ ਕਿ ਸਾਨੂੰ ਸਾਰੇ ਗੁਰੂ ਨਾਨਕ ਨਾਮ ਧਰੀਕ ਸਿਖਾਂ ਨੂੰ ਗੁਰੂ ਨਾਨਕ ਦੇਵ ਸੰਬੰਧੀ ਉਸੇ ਕਰਤਾਰ ਦਾ ਸਰੂਪ ਹੋਣ ਦੀਆਂ ਭਾਵਨਾਵਾਂ ਦਾ ਧਾਰਨੀ ਹੋਣਾ ਬਣਦਾ ਹੈ।

(੧) (ਹੇ ਭਾਈਓ!) ਗੁਰੂ ਨੂੰ ਪਰਮੇਸ਼ਰ ਦਾ ਰੂਪ ਹੀ ਜਾਣੋ, ਕਿਉਂ ਕਿ ਸੱਚੇ ਪਰਮੇਸ਼ਰ ਨੇ ਹੀ ਸੱਚਾ ਨਾਮ ਧਰਾਇਆ ਹੈ।

(੨) ਨਿਰੰਕਾਰ ਪ੍ਰਭੂ ਨੇ ਸਾਕਾਰ ਰੂਪ ਹੋ ਕੇ ਏਕੰਕਾਰ ਸਦਵਾਇਆ ਹੈ।

(੩) ਏਕੰਕਾਰ ਤੋਂ ਹੀ ਸ਼ਬਦ ਦੀ ਧੁਨੀ ਹੋਈ ਹੈ ਤੇ ਉਸਨੇ ਓਅੰਕਾਰ ਦਾ ਸਰੂਪ ਬਣਾਇਆ ਹੈ।

(੪) ਇਕੋ ਪ੍ਰਭੂ ਤੋਂ ਤਿੰਨ ਦੇਵਤੇ ਉਤਪੰਨ ਹੋਏ ਹਨ ਤੇ ਉਨ੍ਹਾਂ ਤਿੰਨਾਂ ਨੇ ਮਿਲ ਕੇ ਦਸਾਂ ਅਵਤਾਰਾਂ ਨੂੰ ਗਿਣਾਇਆ ਹੈ।

(੫) ਆਦਿ ਪੁਰਖ (ਪਰਮੇਸ਼ਰ) ਦੇਸ਼ ਕਾਲ ਵਸਤੂ ਦੇ ਭੇਦ ਤੋਂ ਰਹਿਤ ਹੈ, ਉਹ ਤਾਂ ਅਵਤਾਰਾਂ ਨੂੰ ਵੇਖਦਾ ਹੈ ਪਰ ਉਨ੍ਹਾਂ (ਅਵਤਾਰਾਂ) ਨੂੰ ਉਹ (ਪ੍ਰਭੂ) ਨਜ਼ਰ ਨਹੀਂ ਆਉਂਦਾ।

(੬) ਸ਼ੇਸ਼ਨਾਗ ਪ੍ਰਭੂ ਦੇ ਨਾਮਾਂ ਦਾ ਸਿਮਰਨ ਕਰਦਾ ਹੈ, ਪਰ ਉਸ ਪ੍ਰਭੂ ਦੇ ਬੇਅੰਤ ਨਾਵਾਂ ਦਾ ਕੋਈ ਅੰਤ ਨਹੀਂ ਪਾਇਆ ਜਾਂਦਾ।

(੭) ਉਸ ਪ੍ਰਭੂ ਦਾ ਸੱਚਾ ਨਾਮ ਗੁਰਮੁਖਾਂ ਨੂੰ ਚੰਗਾ ਲੱਗਾ ਹੈ।੨।

***ਭਾਵਾਰਥ :*** ਪੁਰਾਣਕ ਮੱਤ ਅਨੁਸਾਰ ਸ਼ੇਸ਼ਨਾਗ ਦੇ ਹਜ਼ਾਰ ਮੁਖ ਮੰਨੇ ਗਏ ਹਨ ਪਰ ਹਜ਼ਾਰ ਮੁਖਾਂ ਵਿਚੋਂ ਹਜ਼ਾਰ ਜ਼ਬਾਨਾਂ ਰਾਹੀਂ ਪਰਮੇਸ਼ਰ ਦੇ ਹਰ ਰੋਜ਼ ਨਵੇਂ ਨਾਮ ਉਚਾਰਦਾ ਹੈ, ਭਾਵ ਉਸ ਨੂੰ ਉਸ ਕਰਤਾਰ ਦੀ ਰਚਨਾ ਵਿਚੋਂ ਕੋਈ ਨ ਕੋਈ ਨਵੀਂ ਤੋਂ ਨਵੀਂ ਘਟਨਾ ਵਾਪਰਦੀ ਨਜ਼ਰ ਆਉਂਦੀ ਹੈ, ਜਿਸ ਨੂੰ ਤੱਕ ਕੇ ਉਹ ਪਰਮੇਸ਼ਰ ਦੇ ਨਿਤ ਨਵੇਂ ਨਾਮ ਰਖਦਾ ਹੈ, ਪਰ ਫਿਰ ਵੀ ਉਸ ਨਿਰੰਕਾਰ ਦਾ ਅੰਤ ਨਹੀਂ ਪਾ ਸਕਦਾ। ਇਸੇ ਭਾਵ ਨੂੰ ਗੁਰਬਾਣੀ ਵਿਚ ਦਰਸਾਇਆ ਹੈ ਕਿ :

ਸੇਖ ਨਾਗਿ ਤੇਰੋ ਮਰਮੁ ਨ ਜਾਨਾਂ ॥੧॥

*(ਧਨਾਸਰੀ ਭਗਤ ਕਬੀਰ ਜੀ, ਪੰਨਾ ੬੯੧)*

## ੩. ਪਰਮੇਸ਼ਰ ਦੀ ਮਹਿਮਾ

**੧. ਅੰਬਰ ਧਰਤ ਵਿਛੋੜਿਅਨਿ**
**ਕੁਦਰਤ ਕਰ ਕਰਤਾਰ ਕਹਾਯਾ।**
**੨. ਧਰਤੀ ਅੰਦਰ ਪਾਣੀਐ**
**ਵਿਣ ਥੰਮ੍ਹਾਂ ਆਗਾਸ ਰਹਾਯਾ।**
**੩. ਈਂਧਣ ਅੰਦਰ ਅੱਗ ਧਰਿ**
**ਅਹਿਨਿਸਿ ਸੂਰਜ ਚੰਦ ਉਪਾਯਾ।**
**੪. ਛਿਅ ਰੁਤ ਬਾਰਹ ਮਾਂਹ ਕਰ**
**ਖਾਣੀ ਬਾਣੀ ਚਲਤ ਰਚਾਯਾ।**
**੫. ਮਾਨਸ ਜਨਮੁ ਦੁਰਲੱਭ ਹੈ**
**ਸਫਲ ਜਨਮ ਗੁਰ ਪੂਰਾ ਪਾਯਾ।**
**੬. ਸਾਧ ਸੰਗਤਿ ਮਿਲ ਸਹਿਜ ਸਮਾਯਾ ॥੩॥**

***ਪਦ ਅਰਥ :*** ਅੰਬਰ—ਆਕਾਸ਼। ਕੁਦਰਤ—ਮਾਇਆ। ਈਂਧਣ—ਬਾਲਣ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਸ ਨਿਰੰਕਾਰ ਨੇ ਨਾਨਕ ਦਾ ਰੂਪ ਧਾਰ ਕੇ ਮਨੁੱਖਤਾ ਦਾ ਉਧਾਰ ਕੀਤਾ ਹੈ, ਉਸਦੀ ਸ਼ਕਤੀ ਦੇ ਸੰਬੰਧ ਵਿਚ ਕੁਝ ਜਾਣਕਾਰੀ ਦਿਓ ਤਾਕਿ ਸਾਨੂੰ ਭੀ ਉਸਦੇ ਬਾਰੇ ਕੁਝ ਬੋਧ ਹੋ ਸਕੇ ?

ਉ: ਹੇ ਭਾਈਓ! ਉਸ ਦੇ ਸੰਬੰਧ ਵਿਚ ਹੋਰ ਤਾਂ ਕੋਈ ਕੀ ਕੁਝ ਕਹਿ ਸਕਦਾ ਹੈ ਕਿਉਂਕਿ ਜਦੋਂ ਇਹ ਸੁਆਲ ਗੁਰੂ ਨਾਨਕ ਦੇਵ ਜੀ ਨੂੰ ਸਿੱਧਾਂ ਨੇ ਕੀਤਾ ਸੀ ਕਿ ਹੇ ਨਾਨਕ! ਜੇ ਤੈਂ ਉਸ ਪ੍ਰਭੂ ਨੂੰ ਜਾਣ ਲਿਆ ਹੈ ਤਾਂ ਕੁਝ ਕਹਿ ਕੇ ਦੱਸਣ ਦੀ ਕ੍ਰਿਪਾ ਕਰੋ ਤਾਕਿ ਸਾਨੂੰ ਭੀ

ਕੁਝ ਉਸ ਕਰਤਾਰ ਦੀ ਸੂਝ-ਬੂਝ ਹੋ ਸਕੇ, ਤਾਂ ਆਪ ਜੀ ਨੇ ਕਿਹਾ ਸੀ ਕਿ ਹੇ ਸਿਧੋ :

ਜੇ ਹਉ ਜਾਣਾ ਆਖਾ ਨਾਹੀ
ਕਹਣਾ ਕਥਨੁ ਨ ਜਾਈ ॥ *(ਜਪੁਜੀ, ਪੰਨਾ ੨)*

ਹੇ ਸਿੱਧੋ ! ਜੇ ਮੈਂ ਉਸ ਨਿਰੰਕਾਰ ਦੇ ਬਾਰੇ ਵਿਚ ਕੁਝ ਜਾਣ ਭੀ ਲਿਆ ਹੈ ਤਾਂ ਮੈਂ ਕਹਿਣਾ ਨਹੀਂ, ਕਿਉਂਕਿ ਜੇ ਮੈਂ ਕਹਿਣਾ ਅਰੰਭ ਭੀ ਕਰ ਦਿਆਂ ਤਾਂ ਮੇਰੇ ਪਾਸੋਂ ਭੀ ਉਸ ਦੇ ਸੰਬੰਧ ਵਿਚ ਪੂਰਨ ਰੂਪ ਵਿਚ ਕੁਝ ਕਿਹਾ ਨਹੀਂ ਜਾ ਸਕਦਾ। ਉਸ ਦੇ ਸੰਬੰਧ ਵਿਚ ਤਾਂ ਕੁਝ ਕਹਿਣਾ ਬਣਦਾ ਹੀ ਨਹੀਂ।

ਇਸ ਵਾਸਤੇ ਹੇ ਭਾਈਓ ! ਮੈਂ ਤਾਂ ਗੁਰਬਾਣੀ ਦੇ ਭਾਵਾਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਉਸ ਨਿਰੰਕਾਰ ਦੀ ਬੇਅੰਤ ਸ਼ਕਤੀ ਦਾ ਕ੍ਰਿਸ਼ਮਾ ਅੰਕਤ ਕੀਤਾ ਹੈ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਉਸ) ਪ੍ਰਭੂ ਨੇ ਅਕਾਸ਼ ਤੇ ਧਰਤੀ ਨੂੰ ਵਿਛੋੜਿਆ ਹੈ ਤੇ ਉਸੇ ਕੁਦਰਤ (ਸ਼ਕਤੀ ਕਰਕੇ) ਉਸ ਨੇ ਕਰਤਾਰ (ਕਰਨਹਾਰ) ਕਹਾਇਆ ਹੈ।
(੨) ਧਰਤੀ ਦੇ ਅੰਦਰ ਬਾਹਰ ਪਾਣੀ ਹੀ ਪਾਣੀ ਹੈ ਤੇ ਉਸਨੇ ਬਿਨਾਂ ਥੰਮ੍ਹਾਂ ਦੇ ਅਕਾਸ਼ ਨੂੰ ਰੱਖਿਆ ਹੋਇਆ ਹੈ।
(੩) ਉਸਨੇ ਲੱਕੜਾਂ ਵਿਚ ਅੱਗ ਨੂੰ ਧਰਿਆ ਹੋਇਆ ਹੈ। ਰਾਤ ਤੇ ਦਿਨ ਸਮੇਂ ਚਾਨਣਾ ਕਰਨ ਲਈ ਸੂਰਜ ਤੇ ਚੰਦ੍ਰਮਾ ਨੂੰ ਬਣਾਇਆ ਹੈ
(੪) ਉਸ ਪ੍ਰਭੂ ਨੇ ਛੇ ਰੁੱਤਾਂ ਬਾਰ੍ਹਾਂ ਮਹੀਨੇ, (ਚਾਰ) ਖਾਣੀਆਂ ਤੇ ਚਾਰ ਬਾਣੀਆਂ ਦਾ ਕੌਤਕ ਰਚਿਆ ਹੋਇਆ ਹੈ।
(੫) ਇਹ ਮਨੁੱਖਾ ਜਨਮ ਬੜਾ ਦੁਰਲੱਭ ਹੈ ਜਿਸ ਨੇ ਪੂਰੇ ਗੁਰੂ (ਨਾਨਕ) ਨੂੰ ਪਾਇਆ ਹੈ, ਉਸ ਦਾ ਜਨਮ ਸਫਲਾ ਹੈ।
(੬) ਉਹ ਫਿਰ ਸਾਧ ਸੰਗਤ ਵਿਚ ਮਿਲ ਕੇ ਸਹਿਜ ਵਿਚ ਸਮਾ ਜਾਂਦਾ ਹੈ, ਭਾਵ ਜੀਵਨ ਮੁਕਤ ਹੋ ਜਾਂਦਾ ਹੈ।੩।

ਭਾਵ—ਇਸ ਦੇਹੀ ਕਉ ਸਿਮਰਹਿ ਦੇਵ ॥
ਸੋ ਦੇਹੀ ਭਜੁ ਹਰਿ ਕੀ ਸੇਵ ॥੧॥
*(ਭੈਰਉ ਕਬੀਰ ਜੀ, ਪੰਨਾ ੧੧੫੯)*

***ਭਾਵਾਰਥ :*** ਮਨੁੱਖਾ-ਜਨਮ ਨੂੰ ਦੇਵਤੇ ਤਰਸਦੇ ਹਨ, ਇਸ ਲਈ ਇਸ ਦੇਹੀ ਨੂੰ ਪਾ ਕੇ ਹਰੀ ਦੀ ਸੇਵਾ ਗ੍ਰਹਿਣ ਕਰੋ, ਕਿਉਂਕਿ ਇਹ ਦੇਹੀ ਹਰੀ ਦੀ ਸੇਵਾ ਕਰਕੇ ਹੀ ਸਫਲ ਹੁੰਦੀ ਹੈ।

## ੪. ਗੁਰਮੁਖਾਂ ਨੇ ਚਾਰ ਪਦਾਰਥ ਚਾਰੇ ਪਾਏ

**੧. ਸਤਿਗੁਰ ਸੱਚ ਦਾਤਾਰ ਹੈ**
**ਮਾਨਸ ਜਨਮ ਅਮੋਲ ਦਿਵਾਯਾ।**
**੨. ਮੂੰਹ ਅਖੀਂ ਨੱਕ ਕੰਨ ਕਰ**
**ਹੱਥ ਪੈਰ ਦੇ ਚਲੇ ਚਲਾਯਾ।**
**੩. ਭਾਉ ਭਗਤਿ ਉਪਦੇਸ਼ ਕਰ**
**ਨਾਮ ਦਾਨ ਇਸ਼ਨਾਨ ਦ੍ਰਿੜ੍ਹਾਯਾ।**
**੪. ਅੰਮ੍ਰਿਤ ਵੇਲੇ ਨ੍ਹਾਵਣਾ**
**ਗੁਰਮੁਖ ਜਪ ਗੁਰ ਮੰਤ੍ਰ ਜਪਾਯਾ।**
**੫. ਰਾਤ ਆਰਤੀ ਸੋਹਿਲਾ**
**ਮਾਇਆ ਵਿੱਚ ਉਦਾਸ ਰਹਾਯਾ।**
**੬. ਮਿੱਠਾ ਬੋਲਣ ਨਿਵ ਚਲਣ**
**ਹਥਹੁੰ ਦੇਇ ਨ ਆਪ ਗਣਾਯਾ।**
**੭. ਚਾਰ ਪਦਾਰਥ ਪਿੱਛੈ ਲਾਯਾ ॥੪॥**

***ਪਦ ਅਰਥ :*** ਦਾਤਾਰ—ਦਾਤਾ। ਚਲੇ ਚਲਾਯਾ—ਚਲਾਏ ਹੋਏ ਚਲਦੇ ਹਨ। ਦ੍ਰਿੜ੍ਹਾਯਾ—ਪੱਕਾ ਕਰਾਇਆ ਹੈ। ਚਾਰ ਪਦਾਰਥ—ਧਰਮ, ਅਰਥ, ਕਾਮ ਤੇ ਮੋਖ। ਜਪਾਯਾ—ਨੇਮ ਨਾਲ ਪਾਠ ਕਰਾਇਆ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਸੰਸਾਰ ਵਿਚ ਭਿੰਨ ਭਿੰਨ ਦਾਤਾਂ ਦੇਣ ਵਾਲੇ ਦਾਤੇ ਵੇਖਣ ਵਿਚ ਆਉਂਦੇ ਹਨ, ਜਿਵੇਂ ਕਿ ਕੋਈ ਧਨ ਦਾ ਦਾਨੀ ਹੈ, ਕੋਈ ਅੰਨ ਦਾ, ਕੋਈ ਕੱਪੜਿਆਂ ਦਾ, ਕੋਈ ਕਿਸੇ ਹੋਰ ਪਦਾਰਥ ਦਾ ਪਰ ਕੀ ਦਸੋਗੇ ਕਿ ਤੁਹਾਡੀਆਂ ਨਜ਼ਰਾਂ ਵਿਚ ਸਭ ਤੋਂ ਵਡੇਰਾ ਦਾਤਾ ਦਾਨੀ ਕੌਣ ਹੈ ?

ਉ: ਹੇ ਭਾਈਓ ! ਜਿਨ੍ਹਾਂ ਨੂੰ ਅਸੀਂ ਵੱਡੇ ਵੱਡੇ ਦਾਤੇ ਜਾਂ ਦਾਨੀ ਲੋਕ ਸਮਝਦੇ ਹਾਂ, ਇਨ੍ਹਾਂ ਬਾਰੇ ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁੱਛ ਕਰੀਏ ਤਾਂ ਉਹ ਇਨ੍ਹਾਂ ਲੋਕਾਂ ਨੂੰ ਮੰਗਤਿਆਂ ਦੀ ਲਿਸਟ ਵਿਚ ਹੀ ਸ਼ਾਮਲ ਕਰਦੇ ਹਨ, ਹਾਂ ਇਤਨਾ ਕੁ ਅੰਤਰਾ ਜ਼ਰੂਰ ਮੰਨਿਆ ਜਾ ਸਕਦਾ ਹੈ ਕਿ ਕੋਈ ਛੋਟਾ ਮੰਗਤਾ ਹੈ ਕੋਈ ਵੱਡਾ

ਹੈ ਪਰ ਹੈਨ ਸਾਰੇ ਹੀ ਮੰਗਤੇ, ਜੇ ਇਸਦਾ ਸਬੂਤ ਲੈਣਾ ਹੋਵੇ ਤਾਂ ਸਾਨੂੰ ਧਰਮ ਮੰਦਰਾਂ ਵਿਚ ਜਾ ਕੇ ਤਸੱਲੀ ਕਰ ਲੈਣੀ ਚਾਹੀਦੀ ਹੈ ਕਿ ਇਹ ਦਾਨੀ ਲੋਕ ਧਾਰਮਿਕ ਮੰਦਰਾਂ ਦੇ ਪੁਜਾਰੀਆਂ ਰਾਹੀਂ ਥੋੜ੍ਹੀਆਂ ਥੋੜ੍ਹੀਆਂ ਦਾਤਾਂ ਦੇ ਕੇ ਉਸ ਰੱਬ ਤੋਂ ਵੱਡੀਆਂ ਵੱਡੀਆਂ ਮੰਗਾਂ ਪੂਰੀਆਂ ਕਰਵਾਉਣ ਦੀਆਂ ਅਰਦਾਸਾਂ ਕਰਵਾਉਂਦੇ ਹਨ, ਭਾਵ ਹੈ ਜੇ ਕੋਈ ਇਕ ਡਾਲਾ, ਰੁਪਇਆ ਦਾਨ ਕਰਦਾ ਹੈ ਤਾਂ ਉਸਦੇ ਪਿਛੇ ਉਸਦੀ ਇਕ ਹਜ਼ਾਰ ਦੀ ਮੰਗ ਹੈ, ਜੇ ਕੋਈ ਇਕ ਹਜ਼ਾਰ ਦਾ ਦਾਨ ਕਰਦਾ ਹੈ ਤਾਂ ਉਸਦੇ ਪਿਛੇ ਉਸਦੀ ਦਸ ਹਜ਼ਾਰ ਦੀ ਮੰਗ ਛੁਪੀ ਹੋਈ ਹੈ। ਸੋ ਦਸੋ ਇਸਨੂੰ ਦਾਤਾ ਕਿਵੇਂ ਆਖਿਆ ਜਾ ਸਕਦਾ ਹੈ, ਇਸਨੂੰ ਤਾਂ ਵਡੇਰਾ ਮੰਗਤਾ ਹੀ ਕਹਿਣਾ ਪਵੇਗਾ ਇਸ ਭਾਵ ਨੂੰ ਬਾਣੀ ਵਿਚ ਵੀ ਖੁਲਾਸੇ ਰੂਪ ਵਿਚ ਪ੍ਰਗਟਾਇਆ ਗਿਆ ਹੈ, ਜਿਵੇਂ ਕਿ :

ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰ ॥

*(ਪਉੜੀ, ਪੰਨਾ ੪੬੬)*

ਭਾਵ ਹੈ ਕਿ, ਆਪਣੇ ਅੰਤਰ-ਆਤਮੇ ਵੱਡਾ ਦਾਤਾ ਹੋਣ ਦੀ ਹੰਗਤਾ ਰੱਖ ਕੇ ਦਾਨ ਤਾਂ ਬਹੁਤ ਥੋੜ੍ਹਾ ਕਰਦਾ ਹੈ, ਪਰ ਉਸਦੇ ਪਿਛੇ ਬਹੁਤ ਵੱਡੀ ਹਜ਼ਾਰਾਂ ਗੁਣਾਂ ਵਧੇਰੇ ਮੰਗ ਪੂਰੀ ਕਰਾਉਣ ਦੀ ਇੱਛਾ ਹੈ। ਇਥੇ ਹੀ ਬੱਸ ਨਹੀਂ ਫਿਰ ਇਹ ਵੀ ਅੰਦਰ ਵਾਸ਼ਨਾ ਹੈ ਕਿ ਲੋਕਾਂ ਵਿਚ ਮੇਰੀ ਸੋਭਾ ਵੀ ਹੋਵੇ ਕਿ ਮੈਂ ਬਹੁਤ ਵੱਡਾ ਦਾਤਾ, ਦਾਨੀ ਹਾਂ। ਸੋ, ਦਸੋ ਇਸ ਵੱਡੇ ਮੰਗਤੇ ਨੂੰ ਦਾਤਾ ਕਿਵੇਂ ਕਿਹਾ ਜਾ ਸਕਦਾ ਹੈ। ਹਾਂ, ਸੰਸਾਰੀ ਭੋਲੇ ਭਾਲੇ ਲੋਕ ਤਾਂ ਆਪੋ ਆਪਣੀਆਂ ਗ਼ਰਜ਼ਾਂ ਪੂਰੀਆਂ ਕਰਾਉਣ ਲਈ ਇਸਦੇ ਸਨਮੁਖ ਹੋ ਇਸਦੀ ਸ਼ਲਾਘਾ ਕਰਨਗੇ, ਕਿ ਤੁਸੀਂ ਵੱਡੇ ਦਾਤੇ ਹੋ, ਵੱਡੇ ਦਾਨੀ ਹੋ, ਪਰ ਗੁਰੂ ਗ੍ਰੰਥ ਸਾਹਿਬ ਜੀ ਤਾਂ ਅਜੇਹੇ ਲੋਕਾਂ ਨੂੰ ਦਾਤੇ ਨਹੀਂ, ਸਗੋਂ ਵਪਾਰੀਆਂ ਦੀ ਲਿਸਟ ਵਿਚ ਸ਼ਾਮਲ ਕਰਦੇ ਹਨ, ਇਸ ਭਾਵ ਨੂੰ ਬਾਣੀ ਵਿਚ ਸਪਸ਼ਟ ਰੂਪ ਵਿਚ ਦਰਸਾ ਦਿਤਾ ਹੈ, ਜਿਵੇਂ ਕਿ :

ਕੋਟਿ ਮਧੇ ਕੋ ਵਿਰਲਾ ਸੇਵਕੁ
ਹੋਰਿ ਸਗਲੇ ਬਿਉਹਾਰੀ ॥੧॥ਰਹਾਉ॥

*(ਗੂਜਰੀ ਮ: ੫, ਪੰਨਾ ੪੯੫)*

ਭਾਵ ਹੈ, ਸੰਸਾਰ ਵਿਚ ਕੋਈ ਕ੍ਰੋੜਾਂ ਵਿਚੋਂ ਸਹੀ ਰੂਪ ਵਿਚ ਵਿਰਲਾ ਹੀ ਨਿਸ਼ਕਾਮ ਸੇਵਕ ਹੈ, ਨਹੀਂ ਤਾਂ ਬਾਕੀ ਸਾਰੇ ਲੋਕ ਗੁਰੂ ਨਾਲ, ਰੱਬ ਨਾਲ ਵਪਾਰ ਕਰਦੇ ਹਨ, ਭਾਵ ਸੌਦਾ ਕਰਦੇ ਹਨ ਕਿ ਸਾਡੀ ਪਹਿਲੋਂ ਇਹ ਮੰਗ ਪੂਰੀ ਕਰ ਫਿਰ ਤੈਨੂੰ ਅਸੀਂ ਰਿਸ਼ਵਤ ਦੇ ਰੂਪ ਵਿਚ ਇਹ ਵਸਤੂ ਦਿਆਂਗੇ। ਅਜਿਹੇ ਮੰਗਤਿਆਂ ਦੇ ਸੰਬੰਧ ਵਿਚ ਹੀ ਗੁਰੂ ਗ੍ਰੰਥ ਸਾਹਿਬ ਜੀ ਨੇ ਫ਼ੁਰਮਾਨ ਕੀਤਾ ਹੈ ਕਿ (ਸੇਵਾ ਥੋਰੀ ਮਾਗਨੁ ਬਹੁਤਾ)। ਸੋ ਬਾਣੀ ਅਨੁਸਾਰ ਸੰਸਾਰ ਵਿਚ ਸਭ ਤੋਂ ਵੱਡਾ ਦਾਤਾ ਸਤਿਗੁਰ ਜੀ ਹਨ, ਜਿਨ੍ਹਾਂ ਦੀ ਸਮਤਾ ਹੋਰ ਕੋਈ ਭੀ ਨਹੀਂ ਕਰ ਸਕਦਾ, ਕਿਉਂਕਿ ਜੋ ਅਮੋਲਕ ਦਾਤਾਂ ਸਤਿਗੁਰੂ ਜੀ ਬਖ਼ਸ਼ਸ਼ ਕਰ ਸਕਦੇ ਹਨ, ਉਹ ਸਮਰੱਥਾ ਹੋਰ ਕਿਸੇ ਵਿਅਕਤੀ ਵਿਚ ਨਹੀਂ, ਇਸ ਬਾਰੇ ਗੁਰੂ ਫ਼ੁਰਮਾਨ ਹੈ ਕਿ :

ਸਤਿਗੁਰ ਜੇਵਡੁ ਦਾਤਾ ਕੋ ਨਹੀ
ਸਭਿ ਸੁਣਿਅਹੁ ਲੋਕ ਸਬਾਇਆ ॥ *(ਪਉੜੀ, ਪੰਨਾ ੪੬੫)*

ਹੇ ਭਾਈਓ! ਮੈਂ ਭੀ ਇਨ੍ਹਾਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਵਿਚ ਸਤਿਗੁਰੂ ਦੀਆਂ ਦਿਤੀਆਂ ਅਮੋਲਕ ਦਾਤਾਂ ਦਾ ਜ਼ਿਕਰ ਕੀਤਾ ਹੈ, ਜੋ ਕਿਸੇ ਹੋਰ ਸੰਸਾਰੀ ਦਾਤੇ ਤੋਂ ਪ੍ਰਾਪਤ ਨਹੀਂ ਹੋ ਸਕਦੀਆਂ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਸਤਿਗੁਰੂ ਸੱਚਾ ਦਾਤਾ ਹੈ, ਜਿਸਨੇ ਸਾਨੂੰ ਅਮੋਲਕ ਮਨੁੱਖਾ-ਜਨਮ ਬਖ਼ਸ਼ਿਆ ਹੈ।

(੨) (ਇਥੇ ਹੀ ਬੱਸ ਨਹੀਂ ਫਿਰ) ਮੂੰਹ, ਅੱਖਾਂ, ਨੱਕ, ਕੰਨ ਆਦਿ ਗਿਆਨ ਇੰਦ੍ਰੇ ਤੇ ਹੱਥ ਪੈਰ ਆਦਿ ਕਰਮ ਇੰਦ੍ਰੇ ਦਿਤੇ ਹਨ, ਜਿਨ੍ਹਾਂ ਦੇ ਚਲਾਇਆਂ ਇਹ ਜੀਵ ਚਲਦਾ ਹੈ।

(੩) (ਫਿਰ) ਸਤਿਗੁਰੂ ਨੇ ਭਾਉ-ਭਗਤੀ ਦਾ ਉਪਦੇਸ਼ ਕਰਕੇ ਨਾਮ, ਦਾਨ ਤੇ ਇਸ਼ਨਾਨ ਨੂੰ ਦ੍ਰਿੜ੍ਹ ਕਰਵਾਇਆ ਹੈ।

(੪) ਅੰਮ੍ਰਿਤ ਵੇਲੇ ਇਸ਼ਨਾਨ ਕਰਨਾ ਦਸ ਕੇ ਗੁਰਸਿੱਖਾਂ ਕੋਲੋਂ ਗੁਰੂ ਦਾ ਮੰਤ੍ਰ ਜਪੁ (ਜਪੁਜੀ) ਜਪਾਇਆ ਹੈ।

(੫) ਰਾਤ ਨੂੰ ਆਰਤੀ ਤੇ ਸੋਹਿਲੇ ਦਾ ਪਾਠ ਕਰਨਾ ਦਸਿਆ ਹੈ ਤੇ ਮਾਇਆ ਵਿਚ ਰਹਿੰਦਿਆਂ ਉਦਾਸ ਰਖਾਇਆ ਹੈ।

(੬) ਮਿੱਠਾ ਬੋਲਣਾ, ਨਿੰਮ੍ਰਤਾ ਵਿਚ ਚਲਣਾ ਤੇ (ਆਪਣੀ ਧਰਮ ਦੀ ਕਿਰਤ ਵਿਚੋਂ) ਹਥੋਂ ਦੇ ਕੇ ਹੰਕਾਰ ਨਾ ਕਰਨਾ (ਇਹ ਸਿਖੀ ਦੇ ਸਿਧਾਂਤ ਗੁਰਸਿੱਖਾਂ ਨੂੰ ਦ੍ਰਿੜ੍ਹ ਕਰਵਾਏ ਹਨ।)

(੭) ਚਾਰੇ ਪਦਾਰਥ (ਸਤਿਗੁਰੂ ਜੀ ਨੇ) ਗੁਰਸਿੱਖਾਂ ਦੇ ਪਿਛੇ ਲਾ ਦਿਤੇ ਹਨ।੪।

***ਭਾਵਾਰਥ :*** ਗੁਰਸਿੱਖੀ ਦੇ ਨਿਯਮ 'ਤੇ ਚਲਣ ਵਾਲੇ

ਗੁਰਸਿਖ ਨੂੰ ਦੁਨਿਆਵੀ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਧਰਮ, ਅਰਥ, ਕਾਮ, ਮੋਖ, ਚਾਰੇ ਪਦਾਰਥ ਗੁਰਸਿੱਖਾਂ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਹਨ ਤੇ ਅੰਤ ਨੂੰ ਉਹ ਮੁਕਤ ਹੋ ਜਾਂਦੇ ਹਨ।

## ੫. ਗੁਰੂ ਦੀ ਮਹਿਮਾ

**੧. ਸਤਿਗੁਰ ਵੱਡਾ ਆਖੀਐ**
**ਵੱਡੇ ਦੀ ਵੱਡੀ ਵਡਿਆਈ।**
**੨. ਓਅੰਕਾਰ ਅਕਾਰ ਕਰ**
**ਲੱਖ ਦਰੀਆਉ ਨ ਕੀਮਤ ਪਾਈ।**
**੩. ਇਕ ਵਰਭੰਡ ਅਖੰਡ ਹੈ**
**ਜੀਅ ਜੰਤ ਕਰ ਰਿਜਕ ਦਿਵਾਈ।**
**੪. ਲੂੰਅ ਲੂੰਅ ਵਿਚ ਰੱਖਿਓਨ**
**ਕਰ ਵਰਭੰਡ ਕਰੋੜ ਸਮਾਈ।**
**੫. ਕੇਵਡ ਵੱਡਾ ਆਖੀਐ**
**ਕਵਣ ਥਾਉਂ ਕਿਸ ਪੁੱਛਾਂ ਜਾਈ।**
**੬. ਅੱਪੜ ਕੋਇ ਨ ਹੰਘਈ**
**ਸੁਣ ਸੁਣ ਆਖਣ ਆਖ ਸੁਣਾਈ।**
**੭. ਸਤਿਗੁਰੁ ਮੂਰਤਿ ਪ੍ਰਗਟੀ ਆਈ॥੫॥**

***ਪਦ ਅਰਥ :*** ਵਰਭੰਡ—ਬ੍ਰਹਿਮੰਡ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਪੁਰਾਤਨ ਤੇ ਵਰਤਮਾਨ ਸਮੇਂ ਦੇ ਜਿਤਨੇ ਭੀ ਲੋਕ ਸਤਿਗੁਰੂ ਨੂੰ ਵੱਡਾ ਵੱਡਾ ਕਥਨ ਕਰਦੇ ਆ ਰਹੇ ਹਨ, ਕੀ ਦਸੋਗੇ ਕਿ ਇਨ੍ਹਾਂ ਸਾਰੇ ਲੋਕਾਂ ਪਾਸ ਸਤਿਗੁਰਾਂ ਨੂੰ ਵੱਡੇ ਕਹਿਣ ਦਾ ਖ਼ਾਸ ਸਬੂਤ ਕੀ ਹੈ ?

ਉ: ਹੇ ਭਾਈਓ ! ਮੈਂ ਤਾਂ ਤੁਹਾਡੇ ਪ੍ਰਸ਼ਨ ਦਾ ਉੱਤਰ ਗੁਰਬਾਣੀ ਰਾਹੀਂ ਇਉਂ ਹੀ ਕਹਿਣਾ ਪਸੰਦ ਕਰਦਾ ਹਾਂ ਕਿ ਸਾਰੇ ਲੋਕ ਉਸ ਬਾਰੇ ਸੁਣ ਸੁਣ ਕੇ ਹੀ ਉਸਨੂੰ ਵੱਡਾ ਵੱਡਾ ਆਖਦੇ ਚਲੇ ਆ ਰਹੇ ਹਨ, ਜਿਵੇਂ ਬਾਣੀ ਦਾ ਫ਼ੁਰਮਾਨ ਹੈ :

ਸੁਣਿ ਵਡਾ ਆਖੈ ਸਭੁ ਕੋਇ॥
ਕੇਵਡੁ ਵਡਾ ਡੀਠਾ ਹੋਇ॥ *(ਆਸਾ ਮ: ੧, ਪੰਨਾ ੮)*

ਭਾਵ ਹੈ ਕਿ ਹੇ ਭਾਈਓ ! ਸਾਰੇ ਲੋਕ ਵੇਦਾਂ ਸ਼ਾਸਤ੍ਰਾਂ ਦੁਆਰੇ ਸੁਣ ਸੁਣ ਕੇ ਹੀ ਉਸਨੂੰ ਵੱਡਾ ਆਖ ਰਹੇ ਹਨ, ਪਰ ਉਹ ਕਿਤਨਾ ਕੁ ਵੱਡਾ ਹੈ, ਇਹ ਤਾਂ ਓਹੀ ਕਹਿ ਸਕਦਾ ਹੈ, ਜਿਸਨੇ ਉਸਨੂੰ ਪ੍ਰਤੱਖਸ਼ ਰੂਪ ਵਿਚ ਵੇਖਿਆ ਹੋਵੇ। ਸੋ, ਮੈਂ ਭੀ ਉਸ ਦੀਆਂ ਅਨੰਤ ਗੁਪਤ ਤੇ ਪ੍ਰਗਟ ਰੂਪ ਵਿਚ ਸ਼ਕਤੀਆਂ ਨੂੰ ਤੱਕ ਕੇ ਉਸਦੀ ਨਾਮ-ਮਾਤ੍ਰ ਮਹਿਮਾ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਅੰਕਤ ਕੀਤੀ ਹੈ।

(੧) (ਹੇ ਭਾਈਓ ! ਜਿਵੇਂ ਸਾਰੇ ਹੀ ਸੁਣਦੇ ਆ ਰਹੇ ਹਾਂ ਕਿ) ਸਤਿਗੁਰੂ ਨੂੰ ਸਾਰੇ (ਹੀ) ਵੱਡਾ ਆਖਦੇ ਹਨ, (ਕਿਉਂਕਿ) ਵੱਡੇ ਦੀ ਵਡਿਆਈ ਵੱਡੀ ਹੈ।

(੨) ਓਅੰਕਾਰ ਨੇ ਹੀ ਇਹ (ਸਤਿਗੁਰੂ ਦਾ) ਸਰੂਪ ਧਾਰਨ ਕੀਤਾ ਹੈ, ਜਿਸ ਦੀ ਲੱਖਾਂ ਦਰਿਆਵਾਂ (ਬ੍ਰਹਮਾ ਆਦਿਕ ਦੇਵਤਿਆਂ) ਨੇ ਕੀਮਤ ਨਹੀਂ ਪਾਈ।

(੩) ਇਸ ਬ੍ਰਹਿਮੰਡ ਵਿਚ ਇਕੋ ਅਖੰਡ ਪ੍ਰਭੂ ਹੀ ਵਿਆਪ ਰਿਹਾ ਹੈ, ਜੋ ਸਭ ਜੰਤੂਆਂ ਨੂੰ ਰਿਜ਼ਕ ਦੇ ਰਿਹਾ ਹੈ।

(੪) ਉਸ ਪ੍ਰਭੂ ਨੇ ਇਕ ਇਕ ਰੋਮ ਵਿਚ ਕ੍ਰੋੜਾਂ ਬ੍ਰਹਿਮੰਡਾਂ ਦੀ ਸਮਾਈ ਕਰ ਰੱਖੀ ਹੈ।

(੫) ਉਹ ਪ੍ਰਭੂ ਕਿੱਡਾ ਕੁ ਵੱਡਾ ਹੈ, ਕਿਸ ਥਾਂ ਰਹਿੰਦਾ ਹੈ, ਇਹ ਭੇਦ ਕਿਸਨੂੰ ਜਾ ਕੇ ਪੁੱਛੀਏ ?

(੬) ਕਿਸੇ ਵਿਚ ਇਤਨੀ ਸ਼ਕਤੀ ਨਹੀਂ ਕਿ ਕੋਈ ਉਸ ਤਕ ਅੱਪੜ ਸਕੇ, ਹਰ ਕੋਈ ਸੁਣ ਸੁਣ ਕੇ ਹੀ ਅਗੋਂ ਲੋਕਾਂ ਨੂੰ ਸੁਣਾ ਰਿਹਾ ਹੈ।

(੭) (ਅਕਾਲ ਪੁਰਖ ਦੀ) ਮੂਰਤ ਹੀ ਸਤਿਗੁਰੂ (ਨਾਨਕ) ਵਿਚ ਪ੍ਰਗਟ ਹੋ ਕੇ ਆਈ ਹੈ।੫।

***ਭਾਵਾਰਥ :*** ਕਿਉਂ ਜੋ :

ਨਾਨਕ ਸਾਧ ਪ੍ਰਭ ਭੇਦੁ ਨ ਭਾਈ॥

ਪ੍ਰਭੂ ਤੇ ਸਤਿਗੁਰੂ ਨਾਨਕ ਦੇਵ ਜੀ ਵਿਚ ਕੋਈ ਭਿੰਨ ਭੇਦ ਨਹੀਂ ਹੈ।

## ੬. ਗੁਰੂ ਜੀ ਦੀ ਉਸਤਤੀ

**੧. ਧਿਆਨ ਮੂਲ ਗੁਰੁ ਦਰਸਨੋ**
**ਪੂਰਨ ਬ੍ਰਹਮ ਜਾਣ ਜਾਣੋਈ**
**੨. ਪੂਜ ਮੂਲ ਸਤਿਗੁਰੁ ਚਰਨ**
**ਕਰ ਗੁਰਦੇਵ ਸੇਵ ਸੁਖ ਹੋਈ।**

**੩. ਮੰਤ੍ਰ ਮੂਲ ਸਤਿਗੁਰੁ ਬਚਨ**
**ਇਕ ਮਨ ਹੋਇ ਅਰਾਧੈ ਕੋਈ।**
**੪. ਮੋਖ ਮੂਲ ਕਿਰਪਾ ਗੁਰੂ**
**ਜੀਵਨ ਮੁਕਤਿ ਸਾਧ ਸੰਗਿ ਸੋਈ।**
**੫. ਆਪ ਗਣਾਇ ਨ ਪਾਈਐ**
**ਆਪ ਗਵਾਇ ਮਿਲੈ ਵਿਰਲੋਈ।**
**੬. ਆਪ ਗਵਾਏ ਆਪ ਹੈ**
**ਸਭ ਕੋ ਆਪ ਅੱਪੇ ਸਭ ਕੋਈ।**
**੭. ਗੁਰੁ ਚੇੱਲਾ ਚੇੱਲਾ ਗੁਰੁ ਹੋਈ ॥੬॥**

***ਪਦ ਅਰਥ :*** ਜਾਣੋਈ—ਜਾਨਣ ਵਾਲਾ। ਮੋਖ ਮੂਲ—ਮੁਕਤੀ ਦਾ ਕਾਰਨ।

***ਅਰਥ :***

ਪ੍ਰ: ਭਾਈ ਸਾਹਿਬ ਜੀਓ! ਜਦੋਂ ਅਸੀਂ ਆਮ ਲੋਕਾਈ ਵੱਲ ਨਜ਼ਰ ਮਾਰਦੇ ਹਾਂ, ਤਾਂ ਵੱਖੋ ਵੱਖ ਸ਼ਰੇਣੀਆਂ ਦੇ ਧਿਆਨ ਕਰਨ ਦਾ ਭਿੰਨ ਭਿੰਨ ਢੰਗ ਹੈ, ਪੂਜਾ ਕਰਨ ਦਾ ਭੀ ਵੱਖਰਾ ਨਿਯਮ ਹੈ, ਅਤੇ ਸਾਰੇ ਲੋਕਾਂ ਦੇ ਮੰਤ੍ਰਾਂ ਦੀ ਅਰਾਧਨਾ ਕਰਨੀ ਭੀ ਵੱਖੋ ਵੱਖ ਹੈ, ਪਰ ਗੁਰਮਤ ਵਿਚ ਧਿਆਨ, ਪੂਜਾ ਅਤੇ ਮੰਤ੍ਰਾਂ ਦੇ ਅਰਾਧਨ ਨੂੰ ਕਿਸ ਰੂਪ ਵਿਚ ਅਪਨਾਇਆ ਗਿਆ ਹੈ, ਇਸ ਸੰਬੰਧੀ ਜਾਣਕਾਰੀ ਦੇਣ ਦੀ ਕ੍ਰਿਪਾ ਕਰੋ?

ਉ: ਹੇ ਭਾਈਓ! ਜਦੋਂ ਅਸੀਂ ਗੁਰਮਤ ਦੀ ਰੌਸ਼ਨੀ ਵਿਚ ਤੱਕਦੇ ਹਾਂ ਤਾਂ ਇਨ੍ਹਾਂ ਸਾਰੇ ਹੀ ਬੈਰੂਨੀ ਸਾਧਨਾਂ ਨੂੰ ਅੰਤਰੀਵ ਰੂਪ ਵਿਚ ਅਪਨਾਇਆ ਗਿਆ ਹੈ, ਜਿਸਨੂੰ ਮੈਂ ਗੁਰਮਤ ਦੀ ਰੌਸ਼ਨੀ ਵਿਚ ਇਸ ਪਉੜੀ ਦੀਆਂ ਚੰਦ ਪੰਗਤੀਆਂ ਵਿਚ ਉੱਕਰਿਆ ਹੈ, ਗੁਰਬਾਣੀ ਇਹੋ ਕਹਿੰਦੀ ਹੈ ਕਿ:

(੧) ਗੁਰੂ ਦਾ ਦਰਸ਼ਨ ਸਭ ਧਿਆਨਾਂ ਦਾ ਮੂਲ ਹੈ, ਸਤਿਗੁਰੂ ਹੀ ਪੂਰਨ ਬ੍ਰਹਮ ਦਾ ਸਰੂਪ ਹਨ (ਪਰ) ਇਸ ਗੱਲ ਨੂੰ ਕੋਈ ਜਾਨਣ ਵਾਲਾ ਹੀ ਜਾਣਦਾ ਹੈ।

(੨) (ਅਤੇ) ਸਭ ਪੂਜਾ ਦੇ ਮੂਲ ਸਤਿਗੁਰੂ ਦੇ ਚਰਨ ਹਨ, ਜਿਨ੍ਹਾਂ ਦੀ ਪੂਜਾ ਕਰਕੇ ਸਭ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ।

(੩) ਸਭ ਮੰਤ੍ਰਾਂ ਦਾ ਮੂਲ ਸਤਿਗੁਰੂ ਦੇ (ਅਮੋਲਕ) ਬਚਨ ਹਨ, ਪਰ ਕੋਈ ਵਿਰਲਾ ਹੀ ਇਨ੍ਹਾਂ ਬਚਨਾਂ ਦੀ ਅਰਾਧਨਾ ਕਰਦਾ ਹੈ।

(੪) ਮੁਕਤੀ ਦਾ ਮਾਰਗ ਗੁਰੂ ਦੀ ਕ੍ਰਿਪਾ ਨਾਲ ਮਿਲਦਾ ਹੈ, ਸਾਧ ਸੰਗਤ ਵਿਚ ਮਿਲ ਕੇ ਜੀਵ ਜੀਵਨ-ਮੁਕਤੀ ਪ੍ਰਾਪਤ ਕਰਦਾ ਹੈ।

(੫) (ਪਰ) ਆਪਣਾ ਆਪ ਜਣੌਨ ਨਾਲ (ਗੁਰੂ ਦੀ ਕ੍ਰਿਪਾ) ਨਹੀਂ ਮਿਲਦੀ, ਆਪ ਗਵਾ ਕੇ ਕੋਈ ਵਿਰਲਾ ਹੀ ਗੁਰੂ ਦੀ ਕ੍ਰਿਪਾ ਪ੍ਰਾਪਤ ਕਰਦਾ ਹੈ।

(੬) ਆਪਣਾ ਆਪ ਗਵਾਉਣ (ਭਾਵ ਹਉਮੈ ਛੱਡਣ) ਨਾਲ ਆਪੇ ਦੀ ਸੋਝੀ ਹੁੰਦੀ ਹੈ ਤੇ ਫਿਰ ਹਰ ਕੋਈ ਆਪਣਾ ਆਪ ਹੀ ਦਿੱਸਦਾ ਹੈ ਤੇ ਸਭ ਕੋਈ ਉਸਨੂੰ ਆਪਣਾ ਹੀ ਜਾਣਦਾ ਹੈ।

(੭) (ਇਸ ਤਰ੍ਹਾਂ ਦੀ ਸੋਝੀ ਪ੍ਰਾਪਤ ਕਰਨ ਤੋਂ ਬਾਅਦ) ਗੁਰੂ ਦਾ ਚੇਲਾ, ਗੁਰੂ ਦਾ ਰੂਪ ਹੋ ਜਾਂਦਾ ਹੈ, ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਗੁਰੂ (ਨਾਨਕ) ਚੇਲਾ ਤੇ ਚੇਲਾ (ਅੰਗਦ) ਗੁਰੂ ਹੋਏ।੬।

***ਭਾਵਾਰਥ :*** ਇਸ ਉੱਚੀ ਪਦਵੀ ਨੂੰ ਪ੍ਰਾਪਤ ਕਰਨ ਵਿਚ ਕੋਈ ਹੋਰ ਦੁਨਿਆਵੀ ਚਾਤ੍ਰਤਾ ਕੰਮ ਨਹੀਂ ਆਉਂਦੀ ਕੇਵਲ ਆਪਣਾ ਆਪ ਹੀ ਗਵਾਉਣਾ ਪੈਂਦਾ ਹੈ, ਜਿਵੇਂ ਗੁਰੂ ਫ਼ੁਰਮਾਨ ਹੈ ਕਿ:

ਆਪੁ ਗਵਾਈਐ ਤਾ ਸਹੁ ਪਾਈਐ
ਅਉਰੁ ਕੈਸੀ ਚਤੁਰਾਈ॥
ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ
ਕਾਮਣਿ ਨਉ ਨਿਧਿ ਪਾਈ॥

*(ਤਿਲੰਗ ਮ: ੧, ਪੰਨਾ ੭੨੨)*

## ੭. ਚਹੁੰ ਜੁਗਾਂ ਦੇ ਭਿੰਨ ਭਿੰਨ ਧਰਮ

**੧. ਸਤਿਜੁਗ ਪਾਪ ਕਮਾਣਿਆ**
**ਇੱਕਸ ਪਿੱਛੈ ਦੇਸ਼ ਦੁਖਾਲਾ।**
**੨. ਤ੍ਰੇਤੇ ਨਗਰੀ ਪੀੜੀਐ**
**ਦੁਆਪਰ ਪਾਪ ਵੰਸ ਕੋ ਗਾਲਾ।**
**੩. ਕਲਿਜੁਗ ਬੀਜੈ ਸੋ ਲੁਣੈ**
**ਵਰਤੈ ਧਰਮ ਨਿਆਉਂ ਸੁਖਾਲਾ।**
**੪. ਫਲੈ ਕਮਾਣੈ ਤਿਹੁ ਜੁਗੀ**
**ਕਲਿਜੁਗ ਸੁਫਲ ਧਰਮ ਤਤਕਾਲਾ।**

**੫. ਪਾਪ ਕਮਾਣੇ ਲੇਪ ਹੈ**
**ਚਿਤਵੈ ਧਰਮ ਸੁਫਲ ਫਲ ਵਾਲਾ।**
**੬. ਭਾਉ ਭਗਤਿ ਗੁਰਪੁਰਬ ਕਰ**
**ਬੀਜਨ ਬੀਜ ਸਚੀ ਧਰਮਸਾਲਾ।**
**੭. ਸਫਲ ਮਨੋਰਥ ਪੂਰਨ ਘਾਲਾ ॥੭॥**

***ਪਦ ਅਰਥ :*** ਕਮਾਣਿਆ—ਕਮਾਉਣ ਨਾਲ। ਪੀੜੀਐ—ਪੀੜੀਦੀ ਸੀ। ਵੰਸ—ਕੁਲ। ਲੁਣੈ—ਵੱਢਦਾ ਹੈ। ਘਾਲਾ—ਕਮਾਈ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਹੁਣ ਤਕ ਅਸੀਂ ਤੁਹਾਡੇ ਮਿਲਾਪ ਤੋਂ ਪਹਿਲੋਂ ਭੀ ਪੰਡਤਾਂ ਦੁਆਰੇ ਪੁਰਾਣਕ ਕਥਾਵਾਂ ਸੁਣਦੇ ਆ ਰਹੇ ਹਾਂ, ਪਰ ਜੋ ਪੰਡਤ ਲੋਕ ਚੌਹਾਂ ਜੁਗਾਂ ਬਾਰੇ ਜਾਣਕਾਰੀ ਦਿਆ ਕਰਦੇ ਸਨ, ਤੁਹਾਡੇ ਵੀਚਾਰਾਂ ਵਿਚ ਉਨ੍ਹਾਂ ਪੰਡਤ ਕਥਾਕਾਰਾਂ ਨਾਲੋਂ ਬਹੁਤ ਹੀ ਅੰਤਰਾ ਸੁਣਦੇ ਹਾਂ। ਉਹ ਪੁਰਾਣਾਂ ਵਿਚ ਆਏ ਚੌਹਾਂ ਜੁਗਾਂ ਬਾਰੇ ਜੋ ਵੀਚਾਰ ਦੇਂਦੇ ਸਨ, ਤੁਹਾਡੇ ਖ਼ਿਆਲ ਉਨ੍ਹਾਂ ਦੀਆਂ ਪੁਰਾਣਕ ਕਥਾਵਾਂ ਤੋਂ ਬਹੁਤ ਵੱਖਰੇ ਹਨ ਕਿਉਂਕਿ ਜਿਥੇ ਉਹ ਪੁਰਾਣੇ ਬੀਤ ਚੁੱਕੇ ਜੁਗਾਂ ਵਿਚ ਵਿਸ਼ੇਸ਼ਤਾ ਦਰਸਾਉਂਦੇ ਸਨ ਪਰ ਉਨ੍ਹਾਂ ਦੇ ਟਾਕਰੇ ਵਿਚ ਤੁਸੀਂ ਇਸ ਕਲਜੁਗ ਨੂੰ ਉੱਤਮ ਪਦਵੀ ਦੇ ਰਹੇ ਹੋ। ਕਿਉਂ ਜੀ, ਦਸੋਗੇ ਆਪ ਜੀ ਇਸ ਕਲਜੁਗ ਵਿਚ ਬਾਕੀ ਦੇ ਜੁਗਾਂ ਨਾਲੋਂ ਕੀ ਉੱਤਮਤਾ ਵੇਖ ਰਹੇ ਹੋ, ਦੱਸਣ ਦੀ ਕ੍ਰਿਪਾ ਕਰੋ ਤਾਂਕਿ ਸਾਨੂੰ ਭੀ ਇਸ ਬਾਰੇ ਬੋਧ ਮਿਲ ਸਕੇ ?

ਉ: ਹੇ ਭਾਈਓ! ਸੱਚ ਤਾਂ ਇਹੋ ਹੈ ਕਿ ਜੋ ਮੈਂ ਸੰਗਤ ਵਿਚ ਵੀਚਾਰ ਦੇਂਦਾ ਹਾਂ ਅਸਲ ਵਿਚ ਉਹ ਮੇਰੇ ਆਪਣੇ ਨਹੀਂ ਹੋਇਆ ਕਰਦੇ ਜੋ ਵੀਚਾਰ ਮੈਨੂੰ ਗੁਰਬਾਣੀ ਤੋਂ ਮਿਲਦੇ ਹਨ ਉਹੋ ਵੀਚਾਰ ਮੈਂ ਤੁਹਾਡੇ ਤੱਕ ਪਹੁੰਚਾਉਣ ਦੇ ਯਤਨ ਕਰਿਆ ਕਰਦਾ ਹਾਂ, ਚੌਹਾਂ ਜੁਗਾਂ ਬਾਰੇ ਜੋ ਬਾਣੀ ਵਿਚੋਂ ਮੈਨੂੰ ਬੋਧ ਮਿਲਿਆ ਹੈ ਉਹ ਇਸ ਪ੍ਰਕਾਰ ਮੇਰੇ ਪੜ੍ਹਨ ਵਿਚ ਆਇਆ ਹੈ, ਜਿਵੇਂ ਕਿ :

ਸਤਜੁਗੁ ਤ੍ਰੇਤਾ ਦੁਆਪਰੁ ਭਣੀਐ
ਕਲਿਜੁਗੁ ਊਤਮੋ ਜੁਗਾ ਮਾਹਿ ॥
ਅਹਿ ਕਰੁ ਕਰੇ ਸੁ ਅਹਿ ਕਰੁ ਪਾਏ
ਕੋਈ ਨ ਪਕੜੀਐ ਕਿਸੈ ਥਾਇ ॥੩॥

*(ਆਸਾ ਮਹਲਾ ੫, ਪੰਨਾ ੪੦੬)*

ਭਾਵ ਹੈ, ਪਿਛੇ ਬੀਤ ਚੁਕੇ ਜੋ ਸਤਜੁਗ, ਤ੍ਰੇਤਾ, ਦੁਆਪੁਰ ਕਹੇ ਜਾਂਦੇ ਹਨ, ਉਨ੍ਹਾਂ ਸਾਰੇ ਹੀ ਜੁਗਾਂ ਵਿਚੋਂ ਉੱਤਮ ਕਲਜੁਗ ਹੈ, ਕਿਉਂਕ ਇਸ ਕਲਜੁਗ ਵਿਚ ਬਾਕੀ ਦੇ ਜੁਗਾਂ ਨਾਲੋਂ ਵੱਡੀ ਵਿਸ਼ੇਸ਼ਤਾ ਇਹੋ ਹੈ ਜੋ ਪਿਛਲੇ ਜੁਗਾਂ ਵਿਚ ਨਹੀਂ ਸੀ, ਭਾਵ ਇਸ ਜੁਗ ਵਿਚ ਜੋ ਭੀ ਕੋਈ ਕਰਮ ਕਰਦਾ ਹੈ ਉਸਦਾ ਫਲ ਉਸੇ ਨੂੰ ਭੁਗਤਣਾ ਪੈਂਦਾ ਹੈ ਦੂਸਰੇ ਉਸਦੇ ਸਾਥੀ ਨੂੰ ਉਸਦਾ ਕੋਈ ਦੰਡ ਨਹੀਂ ਮਿਲਦਾ, ਪਰ ਪੁਰਾਣੇ ਜੁਗਾਂ ਵਿਚ ਇਸ ਤੋਂ ਉਲਟ ਸੀ ਜਿਸਨੂੰ ਮੈਂ ਬਾਣੀ ਦੀ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਅੰਕਤ ਕੀਤਾ ਹੈ, ਜਿਵੇਂ ਕਿ :

(੧) ਸਤਿਜੁਗ ਵਿਚ ਪਾਪ ਕਰਨ ਨਾਲ ਇਕ ਦੇ ਦੋਸ਼ ਬਦਲੇ ਸਾਰਾ ਦੇਸ਼ ਦੁਖੀ ਹੁੰਦਾ ਸੀ।

(੨) ਤ੍ਰੇਤੇ ਜੁਗ ਵਿਚ ਇਕ ਦੇ ਦੋਸ਼ ਬਦਲੇ ਸਾਰੀ ਨਗਰੀ ਨੂੰ ਦੰਡ ਦਿਤਾ ਜਾਂਦਾ ਸੀ, ਤੇ ਦੁਆਪੁਰ ਜੁਗ ਵਿਚ ਪਾਪੀ ਦੀ ਸਾਰੀ ਕੁਲ ਨੂੰ ਨਾਸ ਕਰ ਦਿਤਾ ਜਾਂਦਾ ਸੀ।

(੩) ਕਲਜੁਗ ਵਿਚ ਜੋ ਕੋਈ ਬੀਜਦਾ ਹੈ ਉਹੋ ਵੱਢਦਾ ਹੈ, (ਇਸ ਜੁਗ ਵਿਚ) ਧਰਮ ਦਾ ਸੌਖਾ ਨਿਆਂ ਵਰਤ ਰਿਹਾ ਹੈ।

(੪) ਤਿੰਨਾਂ ਜੁਗਾਂ ਵਿਚ ਕੀਤੇ ਕਰਮਾਂ ਦਾ ਫਲ ਚਿਰਾਕਾ (ਭਾਵ ਚਿਰ ਕਾਲ ਤੋਂ ਬਾਅਦ) ਮਿਲਦਾ ਸੀ, ਪਰ ਕਲਜੁਗ ਵਿਚ ਕੀਤੇ ਕਰਮ ਤਤਕਾਲ ਹੀ ਸੁਖਦਾਈ ਫਲ ਦਿੰਦੇ ਹਨ।

(੫) ਪਾਪ ਕਰਨ ਨਾਲ ਹੀ ਉਸਦਾ ਦੋਸ਼ ਲਗਦਾ ਹੈ, ਪਰ ਧਰਮ ਚਿਤਵਨ ਨਾਲ ਉੱਤਮ ਫਲਾਂ ਨਾਲ ਫਲਦਾ ਹੈ।

(੬) ਇਸ ਲਈ ਗੁਰਸਿਖ ਪ੍ਰੇਮਾ-ਭਗਤੀ ਕਰਕੇ ਸੱਚੀ ਧਰਮਸਾਲ ਵਿਚ ਗੁਰਪੁਰਬ ਮਨਾ ਕੇ ਚੰਗੇ ਬੀਜ ਬੀਜਦੇ ਹਨ।

(੭) (ਐਸੇ ਗੁਰਸਿੱਖਾਂ ਦੇ ਸਾਰੇ) ਮਨੋਰਥ ਸਫਲ ਹੋ ਜਾਂਦੇ ਹਨ ਤੇ ਉਨ੍ਹਾਂ ਦੀ ਕੀਤੀ ਕਮਾਈ ਪੂਰਨ ਹੋ ਜਾਂਦੀ ਹੈ।੭।

## ੮. ਕਲਿਜੁਗ ਵਿਚ ਨਾਮ ਦੀ ਪ੍ਰਧਾਨਤਾ ਹੈ

੧. ਸਤਿਜੁਗ ਸਤ ਤ੍ਰੇਤੇ ਜਗੀ
ਦੁਆਪਰ ਪੂਜਾ ਬਾਹਲੀ ਘਾਲਾ।
੨. ਕਲਿਜੁਗ ਗੁਰਮੁਖ ਨਾਉਂ ਲੈ
ਪਾਰ ਪਵੈ ਭਵਜਲ ਭਰਨਾਲਾ।
੩. ਚਾਰ ਚਰਣ ਸਤਿਜੁਗੈ ਵਿਚ
ਤ੍ਰੇਤੇ ਚਉਥੈ ਚਰਣ ਉਕਾਲਾ।
੪. ਦੁਆਪੁਰ ਹੋਏ ਪੈਰ ਦੁਇ
ਇਕਤੇ ਪੈਰ ਧਰੰਮ ਦੁਖਾਲਾ।
੫. ਮਾਣ ਨਿਮਾਣੈ ਜਾਣ ਕੈ
ਬਿਨਉ ਕਰੈ ਕਰ ਨਦਰ ਨਿਹਾਲਾ।
੬. ਗੁਰ ਪੂਰੈ ਪਰਗਾਸ ਕਰ
ਧੀਰਜ ਧਰਮ ਸੱਚੀ ਧਰਮਸਾਲਾ।
੭. ਆਪੇ ਖੇਤ ਆਪੇ ਰਖਵਾਲਾ ॥੮॥

***ਪਦ ਅਰਥ :*** ਜਗੀ—ਜੁਗਾਂ ਕਰਕੇ। ਘਾਲਾ—ਕਮਾਈ। ਭਰਨਾਲਾ—ਸਮੁੰਦਰ। ਉਕਾਲਾ—ਹਟ ਗਿਆ। ਦੁਖਾਲਾ—ਦੁਖੀ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਪਿਛੇ ਆਪ ਜੀ ਨੇ ਜੁਗਾਂ ਦੇ ਕਰਮ ਫਲ ਦਾ ਜ਼ਿਕਰ ਕੀਤਾ ਹੈ ਜਿਵੇਂ ਕਿ ਸਤਿਜੁਗ ਵਿਚ ਕੋਈ ਇਕ ਬੰਦਾ ਪਾਪ ਕਰਮ ਕਰਦਾ, ਉਸਦਾ ਸਾਰੇ ਹੀ ਦੇਸ਼ ਨੂੰ ਦੰਡ ਭੁਗਤਣਾ ਪੈਂਦਾ ਸੀ, ਤ੍ਰੇਤੇ ਵਿਚ ਸਾਰੇ ਨਗਰ ਨੂੰ, ਦੁਆਪਰ ਵਿਚ ਸਾਰੇ ਵੰਸ ਨੂੰ ਅਤੇ ਕਲਜੁਗ ਵਿਚ ਜੋ ਮੰਦਾ ਕਰਮ ਕਰਦਾ ਹੈ ਉਸਦਾ ਫਲ ਕੇਵਲ ਉਸੇ ਨੂੰ ਭੁਗਤਣਾ ਪੈਂਦਾ ਹੈ, ਕਿਉਂ ਜੀ ! ਜਿਥੇ ਆਪ ਜੀ ਨੇ ਕਰਮ ਫਲ ਭੁਗਤਣ ਦੀ ਜਾਣਕਾਰੀ ਦਿਤੀ ਹੈ ਉਥੇ ਇਹ ਭੀ ਦੱਸਣ ਦੀ ਕ੍ਰਿਪਾ ਕਰੋ ਕਿ ਪੁਰਾਤਨ ਜੁਗਾਂ ਵਿਚ ਮਨੁੱਖ ਦੇ ਉਧਾਰ ਕਰਨ ਦੇ ਕਿਹੜੇ ਸਾਧਨ ਮੰਨੇ ਜਾਂਦੇ ਸਨ ਅਤੇ ਹੁਣ ਕਲਜੁਗ ਵਿਚ ਮਨੁੱਖ ਦਾ ਕਿਹੜਾ ਸਾਧਨ ਹੈ, ਜਿਸ ਦੁਆਰੇ ਇਸਦਾ ਉਧਾਰ ਹੋ ਸਕਦਾ ਹੈ, ਇਹ ਭੀ ਜਾਣਕਾਰੀ ਦੇਣ ਦੀ ਕ੍ਰਿਪਾ ਕਰੋ, ਧੰਨਵਾਦੀ ਹੋਵਾਂਗੇ ?

ਉ: ਹੇ ਭਾਈਓ ! ਇਸ ਪੱਖ ਨੂੰ ਭੀ ਜਦੋਂ ਮੈਂ ਗੁਰਬਾਣੀ ਦੀ ਰੌਸ਼ਨੀ ਵਿਚ ਤੱਕਿਆ ਹੈ ਤਾਂ ਮੇਰੇ ਸਾਹਮਣੇ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਫ਼ੁਰਮਾਨ ਪੜ੍ਹਨ ਵਿਚ ਆਇਆ ਹੈ ਜਿਸ ਵਿਚ ਚੌਹਾਂ ਜੁਗਾਂ ਦੇ ਭਿੰਨ ਭਿੰਨ ਸਾਧਨ ਦਰਸਾਏ ਗਏ ਹਨ, ਜਿਵੇਂ ਕਿ :

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥
ਤੀਨੌ ਜੁਗ ਤੀਨੌ ਦਿੜੇ
ਕਲਿ ਕੇਵਲ ਨਾਮ ਅਧਾਰ ॥੧॥

*(ਗਉੜੀ ਬੈਰਾਗਣਿ, ਪੰਨਾ ੩੪੬)*

ਭਾਵ ਹੈ ਕਿ ਸਤਿਜੁਗ ਵਿਚ ਲੋਕੀ ਸਤਿ ਪ੍ਰਤੱਗੀ ਭਾਵ ਸੱਚ ਬੋਲਣ ਦੇ ਧਾਰਨੀ ਸਨ, ਤ੍ਰੇਤੇ ਜੁਗ ਵਿਚ ਵਧੇਰੇ ਜੱਗ ਕਰਦੇ ਤੇ ਦੁਆਪੁਰ ਵਿਚ ਪੂਜਾ ਕਰਨ ਦੇ ਧਾਰਨੀ ਹੋਏ, ਪਰ ਸਤਿਗੁਰਾਂ ਨੇ ਜਦੋਂ ਕਲਜੁਗ ਦੇ ਜੀਵਾਂ ਵੱਲ ਨਜ਼ਰ ਮਾਰੀ ਅਤੇ ਤੱਕਿਆ ਕਿ ਇਨ੍ਹਾਂ ਜੀਵਾਂ ਦੀ ਉਮਰ ਭੀ ਵਡੇਰੀ ਨਹੀਂ ਅਤੇ ਮਾਇਆ ਵੱਲੋਂ ਭੀ ਕਮਜ਼ੋਰ ਹਨ, ਵਧੇਰੇ ਪੂਜਾ ਕਰਨ ਦੀ ਭੀ ਇਨ੍ਹਾਂ ਪਾਸ ਸਮੱਗਰੀ ਨਹੀਂ, ਇਸ ਲਈ ਮਨੁੱਖਾਂ ਦੇ ਉਧਾਰ ਦਾ ਸਾਧਨ ਕੇਵਲ ਨਾਮ ਸਿਮਰਨ ਹੀ ਦਸਿਆ ਹੈ ਅਤੇ ਹਰ ਪ੍ਰਾਣੀ-ਮਾਤ੍ਰ ਨੂੰ ਸਾਂਝੀ ਅਵਾਜ਼ ਵਿਚ ਇਹੋ ਕਿਹਾ ਕਿ ਹੇ ਭਾਈਓ :

ਅਬ ਕਲੂ ਆਇਓ ਰੇ ॥
ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੂਤਿ ਨਾਹੀ ਨਾਹੀ ॥
ਮਤੁ ਭਰਮਿ ਭੂਲਹੁ ਭੂਲਹੁ ॥

*(ਬਸੰਤੁ ਮਹਲਾ ੫, ਪੰਨਾ ੧੧੮੫)*

ਭਾਵ ਹੈ, ਕਲਜੁਗ ਦੇ ਸਾਰੇ ਮਨੁੱਖਾਂ ਪ੍ਰਤੀ ਸਾਂਝਾ ਉਪਦੇਸ਼ ਦਿਤਾ ਹੈ ਕਿ ਹੇ ਭਾਈਓ ! ਹੁਣ ਕਲਜੁਗ ਦਾ ਸਮਾਂ ਆ ਗਿਆ ਹੈ ਕੇਵਲ ਨਾਮ ਦਾ ਹੀ ਸਿਮਰਨ ਕਰੋ, ਪੁਰਾਣੇ ਜੁਗਾਂ ਦੇ ਜੱਗ ਆਦਿ ਕਰਮ ਕਰਨ ਦਾ ਸਮਾਂ ਨਹੀਂ, ਉਹ ਪੁਰਾਣੇ ਸਾਧਨ ਕਲਜੁਗ ਵਿਚ ਫਲੀਭੂਤ ਨਹੀਂ ਹੋ ਸਕਦੇ। ਕਿਉਂਕਿ ਆਨ ਰੁਤੀ ਆਨ ਬੋਈਐ ਫਲੈ ਨ ਫੂਲੈ ਤਾਹਿ। ਭਾਵ ਰੁੱਤ ਕੋਈ ਹੋਰ ਹੋਵੇ ਬੀਜ ਕੋਈ ਹੋਰ ਬੀਜਿਆ ਜਾਏ ਉਹ ਫਲਦਾ ਫੁਲਦਾ ਨਹੀਂ। ਸੋ, ਮੈਂ ਭੀ ਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਨਾਮ-ਮਾਤ੍ਰ ਜੁਗਾਂ ਦੇ ਸਾਧਨਾ ਦਾ ਜ਼ਿਕਰ ਕੀਤਾ ਹੈ, ਪਰ ਕਲਜੁਗ ਵਿਚ ਪ੍ਰਧਾਨਤਾ ਕੇਵਲ ਨਾਮ ਦੀ ਹੀ ਹੈ।

(੧) (ਜਿਵੇਂ ਸਾਨੂੰ ਪ੍ਰੇਰਨਾ ਮਿਲਦੀ ਹੈ ਕਿ) ਸਤਿਜੁਗ ਵਿਚ ਸੱਚ ਬੋਲਣ ਕਰਕੇ, ਤ੍ਰੇਤੇ ਵਿਚ ਜੱਗ ਆਦਿ ਕਰਮਾਂ ਕਰਕੇ ਤੇ ਦੁਆਪੁਰ ਵਿਚ ਪੂਜਾ ਆਦਿ ਬਹੁਤੇ ਕਰਮ ਕੀਤਿਆਂ (ਮੁਕਤੀ ਪ੍ਰਾਪਤ ਹੁੰਦੀ ਸੀ)।

(੨) ਕਲਜੁਗ ਵਿਚ ਗੁਰਮੁਖ ਪ੍ਰਭੂ ਦਾ ਨਾਮ ਜਪ ਕੇ ਇਸ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦੇ ਹਨ।

(੩) ਸਤਿਜੁਗ ਵਿਚ ਧਰਮ ਦੇ ਚਾਰ ਪੈਰ (ਤਪ, ਸੌਚ, ਦਯਾ, ਸੱਤ) ਸਬੂਤ ਸਨ, ਤ੍ਰੇਤੇ ਵਿਚ ਚੌਥਾ ਚਰਣ ਹਟ ਗਿਆ।

(੪) ਦੁਆਪੁਰ ਵਿਖੇ ਦੋ ਪੈਰ ਹੋ ਗਏ, ਹੁਣ ਕਲਜੁਗ ਵਿਚ ਧਰਮ ਦਾ ਇਕ ਪੈਰ ਰਹਿ ਗਿਆ ਹੈ, ਇਸ ਲਈ ਧਰਮ ਦੁਖੀ ਹੈ।

(੫) ਪ੍ਰਭੂ ਨੂੰ ਨਿਮਾਣਿਆਂ ਨੂੰ ਮਾਣ ਦੇਣ ਵਾਲਾ ਜਾਣ ਕੇ ਧਰਮ ਬੇਨਤੀ ਕਰਦਾ ਹੈ ਕਿ ਹੇ ਪ੍ਰਭੂ! ਆਪਣੀ ਮੇਹਰ ਦੀ ਨਜ਼ਰ ਨਾਲ ਮੈਨੂੰ ਨਿਹਾਲ ਕਰੋ।

(੬) ਧਰਮ ਦੀ ਬੇਨਤੀ ਮੰਨ ਕੇ ਪ੍ਰਭੂ ਨੇ ਪੂਰੇ ਗੁਰੂ (ਨਾਨਕ) ਦਾ ਪ੍ਰਕਾਸ਼ ਕੀਤਾ, ਜਿਸਨੇ ਧੀਰਜ ਤੇ ਧਰਮ ਵਾਲੀ ਸੱਚੀ ਧਰਮਸਾਲ ਕਾਇਮ ਕੀਤੀ।

(੭) ਆਪਣੀ ਬੀਜੀ ਖੇਤੀ ਦਾ ਪ੍ਰਭੂ ਆਪ ਹੀ ਰਖਵਾਲਾ ਬਣਿਆ ਹੈ। (ਭਾਵ ਹੈ ਕਿ ਉਹ ਪ੍ਰਭੂ ਆਪਣੇ ਭਗਤਾਂ ਦੀ ਆਪ ਹੀ ਰਖਿਆ ਕਰਦਾ ਹੈ)।੮।

***ਭਾਵਾਰਥ :*** ਧਰਮ ਦੇ ਚਾਰ ਪੈਰ, ਸਤਿ, ਸੰਤੋਖ, ਵੀਚਾਰ, ਨਾਮ ਪੂਰੇ ਕਰ ਦਿਤੇ।

## ੯. ਨਿੰਮਰਤਾ ਦਾ ਧਾਰਨੀ ਹੀ ਸ੍ਰੇਸ਼ਟ ਹੈ

**੧. ਜਿਨਾਂ ਭਾਉ ਤਿਨ ਨਾਹਿੰ ਭਉ**
**ਮੁਰ ਭਉ ਅੱਗੈ ਨਿੱਭਵਿਆਹਾ।**
**੨. ਅੱਗ ਤੱਤੀ ਜਲ ਸੀਅਲਾ**
**ਨਿਵ ਚੱਲੈ ਸਿਰ ਕਰੈ ਉਤਾਹਾ।**
**੩. ਭਰ ਡੁੱਬੈ ਖਾਲੀ ਤਰੈ**
**ਵੱਜਿ ਨ ਵੱਜੈ ਘੜੈ ਜਿਵਾਹਾ।**
**੪. ਅੰਬ ਸੁਫਲ ਫਲ ਝੁਕ ਲਹੈ**
**ਦੁਖ ਫਲ ਅਰੰਡ ਨ ਨਿਵੈ ਤਲਾਹਾ।**
**੫. ਮਨ ਪੰਖੇਰੂ ਧਾਂਵਦਾ**
**ਸੰਗ ਸੁਭਾਇ ਜਾਇ ਫਲ ਖਾਹਾ।**
**੬. ਧਰ ਤਾਰਾਜੂ ਤੋਲੀਐ**
**ਹਉਲਾ ਭਾਰਾ ਤੋਲ ਤੁਲਾਹਾ।**
**੭. ਜਿਣ ਹਾਰੈ ਹਾਰੈ ਜਿਣੈ**
**ਪੈਰਾਂ ਉਤੇ ਸੀਸ ਧਰਾਹਾ।**
**੮. ਪੈਰੀਂ ਪੈ ਜਗ ਪੈਰੀਂ ਪਾਹਾ।।੯।।**

***ਪਦ ਅਰਥ :*** ਮੁਚ—ਬਹੁਤਾ। ਨਿੱਭਵਿਆਹਾ—ਬੇ-ਡਰ ਹਨ। ਸੀਅਲਾ—ਠੰਢਾ। ਜਿਵਾਹਾ—ਜਿਸ ਤਰ੍ਹਾਂ। ਤਰਾਜੂ—ਤੱਕੜੀ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਸਿਆਣੇ ਲੋਕਾਂ ਨੇ ਸੱਤ ਤਰ੍ਹਾਂ ਦਾ ਭੈ, ਡਰ ਮੰਨਿਆ ਹੈ, ਜਿਨ੍ਹਾਂ ਵਿਚੋਂ ਕਿਸੇ ਨਾ ਕਿਸੇ ਭੈ ਦੁਆਰਾ ਹਰ ਮਨੁੱਖ ਭੈ-ਭੀਤ ਰਹਿੰਦਾ ਹੈ, ਉਨ੍ਹਾਂ ਨੇ ਇਸ ਭੈ ਦੀ ਵੰਡ ਇਸ ਪ੍ਰਕਾਰ ਚਿੱਤ੍ਰੀ ਹੈ, ਜਿਵੇਂ ਕਿ :

ਦੋਹਰਾ—ਇਹ ਭੈ ਭੈ ਪ੍ਰਲੋਕ ਹੈ ਜਨਮ ਵੇਦਨਾ ਜਾਤ॥
ਅਨਰਖਿਆ ਅਰਿ ਗੁਪਤ ਭੈ ਅਕਸ ਮਾਤ੍ਰ ਭੈ ਸਾਤ॥

ਪਰ ਇਸ ਸਤ ਤਰ੍ਹਾਂ ਦੇ ਭੈ ਵਿਚੋਂ ਜੋ ਜਮਾਂ ਦਾ ਡਰ ਹੈ ਇਹ ਸਭ ਤੋਂ ਵਡੇਰਾ ਹੈ, ਕਿਉਂ ਜੀ! ਦਸੋਗੇ ਕਿ ਇਸ ਜਮਾਂ ਦੇ ਡਰ ਤੋਂ ਮਨੁੱਖ ਕਿਵੇਂ ਨਿਡਰ ਹੋ ਸਕਦਾ ਹੈ, ਤਾਂ ਕਿ ਅਸੀਂ ਭੀ ਉਹ ਉਪਾਅ ਕਰੀਏ ਜਿਸਦਾ ਸਦਕਾ ਅਸੀਂ ਲੋਕ ਪਰਲੋਕ ਵਿਚ ਸਦੀਵੀ-ਕਾਲ ਨਿਰਭਉ ਹੋ ਕੇ ਜੀਵਨ ਗੁਜ਼ਾਰ ਸਕੀਏ।

ਉ: ਹੇ ਭਾਈਓ! ਮੈਂ ਤਾਂ ਜਦੋਂ ਬਾਣੀ ਦੀ ਰੌਸ਼ਨੀ ਵਿਚ ਤੱਕਦਾ ਹਾਂ ਮੈਨੂੰ ਤਾਂ ਸਾਰੇ ਖੰਡ, ਬ੍ਰਹਿਮੰਡ, ਸੂਰਜ, ਚੰਦ, ਤਾਰੇ, ਸਿਆਰੇ, ਪਵਣ, ਪਾਣੀ, ਅਗਨ ਆਦਿ ਸਾਰੀ ਸੂਖਮ ਤੇ ਅਸਥੂਲ ਰਚਨਾ ਇਕ ਉਸੇ ਨਿਰਭਉ ਨਿਰੰਕਾਰ ਦੇ ਭੈ ਵਿਚ ਦਿਸਦੀ ਹੈ ਕੋਈ ਜੰਮ ਰਿਹਾ ਹੈ ਕੋਈ ਟਿਕ ਰਿਹਾ ਹੈ ਤੇ ਕੋਈ ਮਿਟ ਰਿਹਾ ਹੈ। ਇਸ ਲਈ ਬਾਣੀ ਦੁਆਰੇ ਇਹੋ ਸਾਬਤ ਹੁੰਦਾ ਹੈ ਕਿ (ਨਾਨਕ ਨਿਰਭਉ ਨਿਰੰਕਾਰ) ਹੀ ਹੈ ਹੋਰ (ਭੈ ਵਿਚਿ ਰਚਿਓ ਸਭ ਸੰਸਾਰਾ)। ਭਾਵ ਹੈ, ਜਿਨ੍ਹਾਂ ਨੇ ਉਸ ਨਿਰਭਉ ਪ੍ਰਭੂ ਦੇ ਭੈ ਨੂੰ ਧਾਰਨ ਕਰ ਲਿਆ ਹੈ ਤਾਂ ਫਿਰ :

ਜਿਨਾ ਭਉ ਤਿਨ੍ ਨਾਹਿ ਭਉ ਮੁਚੁ ਭਉ ਨਿਭਵਿਆਹ॥

*(ਸਲੋਕ ਮਹਲਾ ੨, ਪੰਨਾ ੭੮੮)*

ਭਾਵ, ਜਿਨ੍ਹਾਂ ਮਨੁੱਖਾਂ ਨੇ ਆਪਣੀ ਸੁਰਤ ਨੂੰ ਉਸ ਨਿਰਭਉ ਪ੍ਰਭੂ ਨਾਲ ਜੋੜ ਲਿਆ ਹੈ, ਉਨ੍ਹਾਂ ਨੂੰ ਸੰਸਾਰ ਦਾ ਫਿਰ ਕੋਈ ਭੀ ਭੈ ਨਹੀਂ ਰਹਿ ਜਾਂਦਾ, ਪਰ ਜੋ ਵਿਅਕਤੀ ਉਸ ਪ੍ਰਭੂ ਦੇ ਭੈ ਤੋਂ ਸੱਖਣਾ ਹੈ, ਉਸ ਨੂੰ ਸੰਸਾਰ ਦਾ ਹਰ ਭੈ ਹੀ ਵਿਆਪਿਆ ਰਹਿੰਦਾ ਹੈ, ਇਸ ਭਾਵ ਨੂੰ ਬਾਣੀ ਵਿਚ ਸੰਕੇਤ ਰੂਪ ਵਿਚ ਉੱਕਰਿਆ ਹੈ, ਜਿਵੇਂ ਕਿ :

ਮਨ ਰੇ ਸਚੁ ਮਿਲੈ ਭਉ ਜਾਇ॥
ਭੈ ਬਿਨੁ ਨਿਰਭਉ ਕਿਉ ਥੀਐ
ਗੁਰਮੁਖਿ ਸਬਦਿ ਸਮਾਇ॥੧॥ਰਹਾਉ॥

*(ਸਿਰੀ ਰਾਗੁ ਮਹਲਾ ੧, ਪੰਨਾ ੧੮)*

ਆਠ ਪਹਰ ਗੁਨ ਗਾਇ ਗੁਬਿੰਦ॥
ਭੈ ਬਿਨਸੇ ਉਤਰੀ ਸਭ ਚਿੰਦ॥੧॥

*(ਪ੍ਰਭਾਤੀ ਮਹਲਾ ੫, ਪੰਨਾ ੧੩੩੯)*

ਅਬ ਮਨਿ ਬਸਿਆ ਕਰਨੈਹਾਰਾ॥
ਭੈ ਬਿਨਸੇ ਆਤਮ ਸੁਖ ਸਾਰਾ॥੨॥

*(ਗਉੜੀ ਮਹਲਾ ੫, ਪੰਨਾ ੨੦੨)*

ਭੈ ਬਿਨਸੈ ਤ੍ਰਿਹੁ ਲੋਕ ਕੇ ਪਾਏ ਸੁਖ ਥਾਨ॥
ਦਇਆ ਕਰੀ ਸਮਰਥ ਗੁਰਿ ਬਸਿਆ ਮਨਿ ਨਾਮ॥੩॥

*(ਬਿਲਾਵਲੁ ਮਹਲਾ ੫, ਪੰਨਾ ੮੧੩)*

ਭੈ ਬਿਨਸੇ ਨਿਰਭਉ ਹਰਿ ਧਿਆਇਆ॥
ਸਾਧ ਸੰਗਿ ਹਰਿ ਕੇ ਗੁਣ ਗਾਇਆ॥੧॥ਰਹਾਉ॥

*(ਗਉੜੀ ਮ: ੫, ਪੰਨਾ ੧੯੧)*

ਭੈ ਬਿਨਸੇ ਨਿਰਭੈ ਪਦੁ ਪਾਇਆ॥
ਗੁਰ ਮਿਲਿ ਨਾਨਕਿ ਖਸਮੁ ਧਿਆਇਆ॥੨॥

*(ਬਸੰਤੁ ਮਹਲਾ ੫, ਪੰਨਾ ੧੧੮੪)*

ਭੈ ਬਿਨਸੇ ਭ੍ਰਮ ਮੋਹ ਗਏ ਕੋ ਦਿਸੈ ਨ ਬੀਆ॥
ਨਾਨਕ ਰਾਖੇ ਪਾਰਬ੍ਰਹਮਿ
ਫਿਰਿ ਦੂਖੁ ਨ ਥੀਆ॥੪॥੧੮॥੧੨੦॥

*(ਆਸਾ ਮਹਲਾ ੫, ਪੰਨਾ ੪੦੧)*

ਭੈ ਬਿਨੁ ਕਿਉ ਨਿਰਭਉ ਸਚੁ ਪਾਈਐ
ਜਮੁ ਕਾਢਿ ਲਏਗਾ ਸਾਹਾ ਹੇ॥੬॥

*(ਮਾਰੂ ਮ: ੩, ਪੰਨਾ ੧੦੫੪)*

ਭੈ ਬਿਨੁ ਕੋਇ ਨ ਲੰਘਸਿ ਪਾਰਿ॥
ਭੈ ਭਉ ਰਖਿਆ ਭਾਇ ਸਵਾਰਿ॥੧॥ਰਹਾਉ॥

*(ਗਉੜੀ ਮਹਲਾ ੧, ਪੰਨਾ ੧੫੧)*

ਇਸ ਤਰ੍ਹਾਂ ਬਾਣੀ ਵਿਚੋਂ ਸਾਨੂੰ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਦੁਆਰੇ ਇਹ ਬੋਧ ਮਿਲਦਾ ਹੈ ਕਿ ਜਿਤਨਾ ਚਿਰ ਕੋਈ ਵਿਅਕਤੀ ਉਸ ਨਿਰਭਉ ਪ੍ਰਭੂ ਦੇ ਭੈ ਦਾ ਧਾਰਨੀ ਨਹੀਂ ਹੋ ਜਾਂਦਾ ਉਤਨਾ ਚਿਰ ਕੋਈ ਭੀ ਸੰਸਾਰ ਦੇ ਕਿਸੇ ਵੀ ਭੈ ਤੋਂ ਨਿਰਭੈ ਨਹੀਂ ਹੋ ਸਕਦਾ। ਇਸ ਲਈ ਜ਼ਰੂਰੀ ਹੈ ਕਿ ਨਿਰਭਉ ਜੀਵਨ ਗੁਜ਼ਾਰਨ ਲਈ ਮਨੁੱਖ ਨੂੰ ਨਿਰੰਕਾਰ ਦੇ ਭੈ ਵਿਚ ਸਦੀਵੀ ਜੀਵਨ ਗੁਜ਼ਾਰਦੇ ਰਹਿਣਾ ਚਾਹੀਦਾ ਹੈ। ਸੋ, ਮੈਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਵੇਂ ਕਿ :

(੧) (ਹੇ ਭਾਈਓ !) ਜਿਨ੍ਹਾਂ ਜੀਵਾਂ ਨੇ ਪ੍ਰਭੂ ਦਾ ਡਰ ਮੰਨਿਆ ਹੈ, ਉਨ੍ਹਾਂ ਨੂੰ ਜਮਾਂ ਦਾ ਡਰ ਨਹੀਂ ਵਿਆਪਦਾ ਤੇ ਜਿਹੜੇ ਪ੍ਰਭੂ ਦੇ ਡਰ ਨੂੰ ਨਹੀਂ ਮੰਨਦੇ ਉਨ੍ਹਾਂ ਨੂੰ ਜਮਾਂ ਦਾ ਡਰ ਵਿਆਪਦਾ ਹੈ।

(੨) (ਜਿਵੇਂ ਅਸੀਂ ਵੇਖਦੇ ਹਾਂ ਕਿ) ਅੱਗ ਸਿਰ ਉੱਚਾ ਕਰਦੀ ਹੈ, ਇਸ ਲਈ ਤੱਤੀ ਹੈ ਤੇ ਪਾਣੀ ਸਿਰ ਨੀਵਾਂ ਕਰਕੇ ਚਲਦਾ ਹੈ, ਇਸ ਲਈ ਠੰਢਾ ਹੈ।

(੩) ਘੜਾ ਭਰਿਆ ਹੋਵੇ ਤਾਂ ਪਾਣੀ ਵਿਚ ਡੁੱਬ ਜਾਂਦਾ ਹੈ ਤੇ ਖ਼ਾਲੀ ਹੋਣ ਕਰਕੇ ਤਰਦਾ ਹੈ, ਭਰਿਆ ਹੋਣ ਕਰਕੇ ਘੜਾ ਵੱਜਦਾ ਨਹੀਂ, ਖ਼ਾਲੀ ਹੋਣ ਕਰਕੇ ਉਸ ਵਿਚੋਂ ਰਾਗ ਦੀਆਂ ਧੁਨਾਂ ਨਿਕਲਦੀਆਂ ਹਨ।

(੪) ਅੰਬ ਦਾ ਬੂਟਾ ਝੁਕਦਾ ਹੈ, ਤਾਹੀਂ ਉਸ ਨਾਲ ਮਿੱਠੇ ਫਲ ਲਗਦੇ ਹਨ ਤੇ ਇਰੰਡ ਦਾ ਬੂਟਾ ਝੁਕਦਾ ਨਹੀਂ ਇਸ ਲਈ ਉਸ ਨਾਲ ਕੌੜੇ ਫਲ ਲਗਦੇ ਹਨ।

(੫) ਮਨੁੱਖ ਦਾ ਮਨ ਪੰਛੀ ਵਾਂਗੂੰ ਹਰ ਪਾਸੇ ਦੌੜਦਾ ਫਿਰਦਾ ਹੈ ਤੇ ਉਹ ਜਿਹੋ ਜਿਹੀ ਸੰਗਤ ਕਰਦਾ ਹੈ, ਉਹੋ ਜਿਹਾ ਫਲ ਖਾਂਦਾ ਹੈ।

(੬) ਤੱਕੜੀ 'ਤੇ ਜਦੋਂ ਕੋਈ ਵਸਤੂ ਰੱਖ ਕੇ ਤੋਲੀਏ ਤਾਂ ਹੌਲੇ ਭਾਰੇ ਤੋਲ ਦਾ ਪਤਾ ਲਗਦਾ ਹੈ (ਨਿਵਾਣ ਵਾਲਾ ਪਾਸਾ ਭਾਰਾ ਗਿਣਿਆ ਜਾਂਦਾ ਹੈ)।

(੭) ਜਿੱਤਣ ਵਾਲਾ ਹਾਰਦਾ ਹੈ ਤੇ ਹਾਰਨ ਵਾਲਾ ਜਿੱਤ ਜਾਂਦਾ ਹੈ, ਪੈਰਾਂ ਉਤੇ ਹੀ ਸਿਰ ਧਰਿਆ ਜਾਂਦਾ ਹੈ।

(੮) ਜਿਹੜਾ (ਗੁਰਾਂ ਦੀ) ਪੈਰੀਂ ਪਿਆ ਹੈ ਉਸਦੇ ਪੈਰਾਂ 'ਤੇ ਸਾਰਾ ਜਗਤ ਪਿਆ ਹੈ।੯।

***ਭਾਵਾਰਥ :*** ਪੈਰੀ ਪਵਣਾ ਜਗ ਵਰਤਾਇਆ। ਆਪ ਜੀ ਨਮੂਨਾ ਬਣੇ ਤੇ ਲੋਕੀ ਆਪ ਜੀ ਦੇ ਮਗਰ ਲਗੇ, ਇਹੋ ਗੁਰਮਤ ਦਾ ਸਿਧਾਂਤ ਹੈ ਕਿ ਸਭ ਦੇ ਚਰਣਾਂ ਦੀ ਖ਼ਾਕ ਬਣ ਕੇ ਜੀਵਨ ਗੁਜ਼ਾਰਨਾ।

## ੧੦. ਜੈਸੀ ਭਾਵਨੀ ਤੈਸਾ ਫਲ

**੧. ਸੱਚ ਹੁਕਮ ਸੱਚ ਲੇਖ ਹੈ**
**ਸੱਚ ਕਾਰਣ ਕਰ ਖੇਲ ਰਚਾਯਾ।**
**੨. ਕਾਰਣ ਕਰਤੇ ਵੱਸ ਹੈ**
**ਵਿਰਲੇ ਦਾ ਓਹ ਕਰੈ ਕਰਾਯਾ।**
**੩. ਸੋ ਕਿਹੁ ਹੋਰ ਨ ਮੰਗਈ**
**ਖਸਮੈ ਦਾ ਭਾਣਾ ਤਿਸ ਭਾਯਾ।**
**੪. ਖਸਮੈ ਏਵੈ ਭਾਂਵਦਾ**
**ਭਗਤ ਵਛਲ ਹੋਇ ਬਿਰਦ ਸਦਾਯਾ।**
**੫. ਸਾਧ ਸੰਗਤਿ ਗੁਰ ਸ਼ਬਦ ਲਿਵ**
**ਕਾਰਣ ਕਰਤਾ ਕਰਦਾ ਆਯਾ।**
**੬. ਬਾਲ ਸੁਭਾਇ ਅਤੀਤ ਜੱਗ**
**ਵਰ ਸਰਾਪ ਦਾ ਭਰਮ ਚੁਕਾਯਾ।**
**੭. ਜੇਹਾ ਭਾਉ ਤੇਹੋ ਫਲ ਪਾਯਾ ॥੧੦॥**

***ਪਦ ਅਰਥ :*** ਲੇਖ—ਮਸਤਕ ਦਾ ਲਿਖਿਆ ਹੋਇਆ। ਖੇਲ—ਕੌਤਕ। ਵਿਰਲੇ ਦਾ—ਭਗਤ ਜਨਾਂ ਦਾ। ਅਤੀਤ—ਵੈਰਾਗਵਾਨ। ਭਰਮ—ਸੰਕਲਪ।

***ਅਰਥ :***

**ਪ੍ਰ:** ਭਾਈ ਸਾਹਿਬ ਜੀਓ! ਭਗਤਾਂ ਦੇ ਲਿਬਾਸ ਵਿਚ ਭਗਤੀ ਕਰਦੇ ਤਾਂ ਲੋਕ ਬਹੁਤੇ ਵੇਖਣ ਵਿਚ ਆਉਂਦੇ ਹਨ, ਪਰ ਉਨ੍ਹਾਂ ਦੇ ਸਹੀ ਰੂਪ ਨੂੰ ਸਮਝਣ ਦੀ ਦਿੱਬ ਦ੍ਰਿਸ਼ਟੀ ਸਾਰਿਆਂ ਵਿਚ ਨਹੀਂ ਹੋਇਆ ਕਰਦੀ, ਕਿਉਂ ਜੀ! ਆਪ ਜੀ ਤਾਂ ਦੂਰ-ਦਰਸ਼ੀ ਨਜ਼ਰਾਂ ਰੱਖਦੇ ਹੋ ਕੀ ਦਸੋਗੇ ਕਿ ਭਗਤ ਜਨਾਂ ਦੇ ਅੰਤਰ-ਆਤਮੇ ਭਾਵਨਾਵਾਂ ਦੀ ਰੂਪ-ਰੇਖਾ ਕਿਹੋ ਜਿਹੀ ਹੁੰਦੀ ਹੈ?

**ਉ:** ਹੇ ਭਾਈਓ! ਭਗਤ ਲੋਕ ਭਾਵੇਂ ਕਿਸੇ ਨੂੰ ਕੁਝ ਜਣਾਉਂਦੇ ਨਹੀਂ ਪਰ ਭਾਵਨਾ ਉਨ੍ਹਾਂ ਦੇ ਅੰਤਰ-ਆਤਮੇ ਇਹੋ ਹੈ ਜਿਸਨੂੰ ਮੈਂ ਬਾਣੀ ਦੀ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਅੰਕਤ ਕੀਤਾ ਹੈ, ਜਿਵੇਂ ਕਿ ਉਹ ਜਾਣਦੇ ਹਨ ਕਿ:

(੧) (ਉਹ ਅਕਾਲ ਪੁਰਖ ਆਪ ਸੱਚਾ ਹੈ, ਇਸ ਲਈ ਉਸਦਾ) ਹੁਕਮ ਵੀ ਸੱਚਾ ਹੈ, ਉਸਦਾ ਲਿਖਿਆ ਲੇਖ ਵੀ ਸੱਚਾ ਹੈ ਤੇ ਉਸਨੇ ਸੱਚਾ ਕਾਰਨ ਕਰਕੇ ਇਸ ਬ੍ਰਹਿਮੰਡ ਦਾ ਖੇਲ ਰਚਾਇਆ ਹੈ।

(੨) ਸਭ ਕਾਰਣ ਕਰਤੇ ਦੇ ਆਪਣੇ ਵੱਸ ਵਿਚ ਹਨ, ਪਰ ਕਦੀ ਕਦੀ ਕਿਸੇ ਵਿਰਲੇ (ਭਗਤ ਜਨ) ਦਾ ਕਿਹਾ ਵੀ ਕਰ ਲੈਂਦਾ ਹੈ।

(੩) (ਏਡੇ ਵੱਡੇ ਦਰਜੇ ਵਾਲਾ ਭਗਤ ਵੀ ਇਸ ਗੁਣ ਵਾਲਾ ਹੈ ਕਿ ਉਹ) ਹੋਰ ਕਿਸੇ ਕੋਲੋਂ ਕੁਝ ਮੰਗਦਾ ਹੀ ਨਹੀਂ, ਉਸਨੂੰ ਆਪਣੇ ਮਾਲਕ (ਪ੍ਰਭੂ) ਦਾ ਭਾਣਾ ਹੀ ਚੰਗਾ ਲਗਦਾ ਹੈ।

(੪) ਪਾਰਬ੍ਰਹਮ ਨੂੰ ਭੀ ਇਹੋ ਭਾਉਂਦਾ ਹੈ ਕਿ ਉਹ ਆਪਣੇ ਨਾਮ ਦੀ ਪੈਜ ਰੱਖੇ, ਕਿਉਂਕਿ ਉਹ ਭਗਤ ਵਛਲ ਸਦਾਉਂਦਾ ਹੈ।

(੫) (ਭਗਤ-ਜਨ ਵੀ) ਸਾਧ ਸੰਗਤ ਵਿਚ ਮਿਲ ਕੇ ਗੁਰੂ ਦੇ ਸ਼ਬਦ ਵਿਚ ਲਿਵ ਲਾਈ ਰਖਦੇ ਹਨ, ਤੇ ਉਹ ਜਾਣਦੇ ਹਨ ਕਿ ਪ੍ਰਭੂ ਹੀ ਸਭ ਕੁਝ ਕਰਦਾ ਹੈ (ਇਸ ਲਈ) ਜੋ ਕੁਝ ਉਹ ਕਰਦਾ ਹੈ ਉਹ ਭਲਾ ਹੀ ਹੈ)।

(੬) (ਪ੍ਰਭੂ ਦਾ ਭਗਤ) ਬਾਲਾਂ ਦੇ ਸੁਭਾਵ ਵਾਂਗੂੰ ਜਗਤ ਤੋਂ ਅਤੀਤ (ਵੈਰਾਗਵਾਨ) ਹੋ ਕੇ ਰਹਿੰਦਾ ਹੈ ਤੇ ਉਸ ਨੇ ਵਰ ਤੇ ਸਰਾਪ ਆਦਿ ਦਾ ਭਰਮ ਹੀ ਖ਼ਤਮ ਕਰ ਦਿੱਤਾ ਹੈ।

(੭) (ਭਗਤ ਜਨਾਂ ਦਾ ਇਹ ਨਿਸਚਾ ਹੁੰਦਾ ਹੈ ਕਿ) ਜਿਹੋ ਜਿਹੀ ਕਿਸੇ ਦੀ ਭਾਵਨਾ ਹੁੰਦੀ ਹੈ, ਉਹੋ ਜਿਹਾ ਫਲ ਉਸਨੂੰ ਮਿਲਦਾ ਹੈ।੧੦।

***ਭਾਵਾਰਥ :*** ਭਗਤ ਲੋਕ ਕਲਪ ਬਿਰਛ ਵਾਂਗੂੰ ਹਨ, ਭਾਵਨਾ ਅਨੁਸਾਰ ਫਲ ਮਿਲਦਾ ਹੈ, ਉਹ ਸਰਾਪ ਤੋਂ ਅਤੀਤ ਹਨ। ਕਿਸੇ ਉਸ ਝਗੜੇ ਵਿਚ ਭਗਤ ਲੋਕ ਨਹੀਂ ਪੈਂਦੇ, ਜਿਨ੍ਹਾਂ ਵਿਚ ਪੰਡਿਤ ਲੋਕ ਪੈਂਦੇ ਹਨ। ਭਗਤ ਪਿਆਰੇ ਤੇ ਉਸ ਨਾਲ ਪਿਆਰ ਕਰਨਾ ਹੀ ਜਾਣਦੇ ਹਨ। ਉਨ੍ਹਾਂ ਦੀ ਭਾਵਨਾ ਏਹੋ ਹੀ ਹੈ ਕਿ ਹੇ ਪ੍ਰਭੂ! (ਜੋ ਤੁਧੁ ਭਾਵੈ ਸਾਈ ਭਲੀ ਕਾਰ।)

## ੧੧. ਫਰੀਦਾ ਬੁਰੇ ਦਾ ਭਲਾ ਕਰ

**੧. ਅਉਗਣ ਕੀਤੇ ਗੁਣ ਕਰੈ**
**ਸਹਜ ਸੁਭਾਉ ਤਰੋਵਰ ਹੰਦਾ।**
**੨. ਵੱਢਣ ਵਾਲਾ ਛਾਉਂ ਬਹਿ**
**ਚੰਗੇ ਦਾ ਮੰਦਾ ਚਿਤਵੰਦਾ।**
**੩. ਫਲ ਦੇ ਵੱਟ ਵਗਾਇਆਂ**
**ਵੱਢਣ ਵਾਲੇ ਤਾਰ ਤਰੰਦਾ।**
**੪. ਬੇਮੁਖ ਫਲ ਨਾ ਪਾਇੰਦੇ**
**ਸੇਵਕ ਫਲ ਅਣਗਣਤ ਫਲੰਦਾ।**
**੫. ਗੁਰਮੁਖ ਵਿਰਲਾ ਜਾਣੀਐ**
**ਸੇਵਕ ਸੇਵਕ ਸੇਵ ਕਰੰਦਾ।**
**੬. ਜਗ ਜੋਹਾਰੇ ਚੰਦ ਨੌ**
**ਸਾਇਰ ਲਹਰ ਅਨੰਦ ਵਧੰਦਾ।**
**੭. ਜੋ ਤੇਰਾ ਜਗ ਤਿਸਦਾ ਬੰਦਾ॥੧੧॥**

***ਪਦ ਅਰਥ :*** ਹੰਦਾ—ਸੰਬੰਧ ਕਾਰਕ ਦਾ ਚਿੰਨ੍ਹ। ਚਿਤਵੰਦਾ—ਚਿਤਵਦਾ ਹੈ। ਤਾਰ—ਨਦੀ। ਫਲੰਦਾ—ਫਲਦੇ ਹਨ। ਸੇਵਕ ਸੇਵਕ—ਸੇਵਕਾਂ ਦੇ ਸੇਵਕ। ਜੋਹਾਰੇ—ਮੱਥੇ ਟੇਕਣੇ। ਬੰਦਾ—ਦਾਸ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਕਈ ਲੋਕ ਐਸੇ ਭੀ ਵੇਖਣ ਵਿਚ ਆਉਂਦੇ ਹਨ ਕਿ ਜੋ ਕੋਈ ਉਨ੍ਹਾਂ ਦੀ ਭਲਾਈ ਕਰਨ ਬਾਰੇ ਸੋਚਦਾ ਹੈ ਤਾਂ ਉਹ ਅਗੋਂ ਉਸਦੀ ਬੁਰਾਈ ਕਰਨ ਵਿਚ ਖ਼ੁਸ਼ੀ ਮਨਾਉਂਦੇ ਹਨ, ਪਰ ਭਲਾ ਬੰਦਾ ਫਿਰ ਵੀ ਉਸਦੇ ਬਾਰ ਬਾਰ ਬੁਰਾਈ ਕਰਨ ਤੋਂ ਉਸਦਾ ਦੋਖੀ ਨਹੀਂ ਬਣਦਾ, ਸਗੋਂ ਉਸਦੀ ਭਲਾਈ ਕਰਨ ਵਿਚ ਹੀ ਖ਼ੁਸ਼ੀ ਮਨਾਉਂਦਾ ਹੈ। ਕਿਉਂ ਜੀ! ਐਸੀ ਪ੍ਰੇਰਨਾ ਉਸਨੂੰ ਕਿਥੋਂ ਮਿਲਦੀ ਹੈ ਕਿਉਂਕਿ ਐਸੇ ਸੁਭਾਉ ਦੇ ਧਾਰਨੀ ਹੋਣਾ ਤਾਂ ਹਰ ਬੰਦੇ ਲਈ ਬੜਾ ਹੀ ਮੁਸ਼ਕਲ ਹੈ, ਇਸ ਬਾਰੇ ਜਾਣਕਾਰੀ ਦਿਓ?

**ਉ:** ਹੇ ਭਾਈਓ! ਐਸੇ ਭਲਾਈ ਭਰੇ ਸੁਭਾਉ ਦੇ ਧਾਰਨੀ ਹੋਣ ਦੀ ਪ੍ਰੇਰਨਾ ਤਾਂ ਕੇਵਲ ਸਤਿਸੰਗਤ ਵਿਚੋਂ ਹੀ ਮਿਲਦੀ ਹੈ, ਕਿਉਂਕਿ ਉਹ ਗੁਰਮੁਖ ਗੁਰਬਾਣੀ ਨੂੰ ਕੇਵਲ ਸੁਣਨ ਵਾਸਤੇ ਹੀ ਨਹੀਂ ਸੁਣਦੇ ਉਹ ਧਾਰਨ ਕਰਨ ਲਈ ਸੁਣਦੇ ਹਨ, ਇਹ ਤਾਂ ਠੀਕ ਹੈ ਕਿ ਸਾਰੇ ਹੀ ਬੰਦੇ ਐਸੇ ਸ਼ੁਭ ਵੀਚਾਰਾਂ ਦੇ ਧਾਰਨੀ ਨਹੀਂ ਹੋਇਆ ਕਰਦੇ ਕ੍ਰੋੜਾਂ ਵਿਚੋਂ ਕੋਈ ਕੋਈ ਹੁੰਦਾ ਹੈ, ਜਿਵੇਂ ਸਰੋਵਰਾਂ ਵਿਚੋਂ ਹੀਰੇ ਤੇ ਮੋਤੀ ਚੁਗਣ ਵਾਲੇ ਹੰਸ ਬਹੁਤੇ ਨਹੀਂ ਹੋਇਆ ਕਰਦੇ ਕੋਈ ਵਿਰਲਾ ਹੀ ਹੁੰਦਾ ਹੈ, ਪਰ ਬਗਲੇ ਡੱਡਾਂ ਦੀ ਭਾਲ ਕਰਨ ਵਾਲੇ ਹਜ਼ਾਰਾਂ ਹੀ ਹੋਇਆ ਕਰਦੇ ਹਨ ਇਸੇ ਤਰ੍ਹਾਂ ਸਤਿਸੰਗਤ ਰੂਪ ਸਰੋਵਰ ਵਿਚੋਂ ਸਾਰ ਗਰਾਹੀ ਬ੍ਰਿਤੀ ਵਾਲੇ ਸ਼ੁਭ ਗੁਣਾਂ ਦੇ ਧਾਰਨੀ ਵਿਰਲੇ ਹੀ ਹੁੰਦੇ ਹਨ, ਉਨ੍ਹਾਂ ਗੁਰਮੁਖਾਂ ਨੂੰ ਜੋ ਬਾਣੀ ਵਿਚੋਂ ਪ੍ਰੇਰਨਾ ਮਿਲਦੀ ਹੈ ਉਹ ਉਸੇ ਦੇ ਹੀ ਧਾਰਨੀ ਹੁੰਦੇ ਹਨ, ਜਿਵੇਂ ਕਿ ਬਾਬਾ ਫਰੀਦ ਜੀ ਨੇ ਆਪਣੇਂ ਅੰਤਰ-ਆਤਮਾ ਵਿਚ ਉਪਜੇ ਸ਼ੁਭ ਖ਼ਿਆਲ ਨੂੰ ਉੱਕਰਿਆ ਹੈ, ਜਿਸ ਨੂੰ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਨੇ ਬਾਣੀ ਵਿਚ ਦਰਜ ਕਰਵਾਇਆ ਹੈ :

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥੭੮॥
*(ਸਲੋਕ ਫਰੀਦ ਜੀ, ਪੰਨਾ ੧੩੮੧)*

ਇਸ ਤਰ੍ਹਾਂ ਦੀ ਪ੍ਰੇਰਨਾ ਕਰਨ ਵਾਲੇ ਮਹਾਂਵਾਕ ਗੁਰਮੁਖਾਂ ਨੂੰ ਬਾਣੀ ਵਿਚੋਂ ਹੋਰ ਭੀ ਬਹੁਤ ਮਿਲਦੇ ਹਨ, ਜਿਨ੍ਹਾਂ ਦੇ ਅਨੁਸਾਰੀ ਹੋ ਗੁਰਮੁਖ ਆਪਣਾ ਜੀਵਨ ਸਫ਼ਰ ਸਫਲਾ ਕਰਦੇ ਹਨ। ਉਨ੍ਹਾਂ ਦੇ ਜੀਵਨਾਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਵਿਚ ਉਪਕਾਰ ਕਰਨ ਵਾਲੇ ਦਰੱਖ਼ਤਾਂ ਦਾ ਸੁਭਾਉ ਮੇਰੇ ਸਾਹਮਣੇ ਆਇਆ ਹੈ :

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਬ੍ਰਿਛ ਦਾ ਸੁਭਾਉ ਸ਼ਾਂਤੀ ਵਾਲਾ ਹੈ, ਉਹ ਔਗੁਣ ਕਰਨ ਵਾਲੇ ਨਾਲ ਵੀ ਗੁਣ (ਉਪਕਾਰ) ਕਰਦਾ ਹੈ।

(੨) (ਜਿਵੇਂ) ਬ੍ਰਿਛ ਦੇ ਥੱਲੇ ਛਾਵੇਂ ਬੈਠਾ ਤਰਖਾਣ ਉਸ ਚੰਗੇ ਦਾ ਭੀ ਮੰਦਾ ਚਿਤਵਦਾ ਹੈ ਕਿ ਇਹ ਟਾਹਣ ਵੱਢ ਕੇ ਲੈ ਜਾਵਾਂ।

(੩) ਵੱਟੇ ਮਾਰਨ ਵਾਲਿਆਂ ਨੂੰ ਵੀ ਬ੍ਰਿਛ ਫਲ ਦੇਂਦਾ ਹੈ, ਵੱਢਣ ਵਾਲੇ ਨੂੰ ਭੀ (ਬੇੜੀ 'ਤੇ ਚੜ੍ਹਾ ਕੇ) ਨਦੀ ਤੋਂ ਪਾਰ ਕਰਦਾ ਹੈ (ਇਹੋ ਸੁਭਾਉ ਗੁਰਮੁਖਾਂ ਦਾ ਹੁੰਦਾ ਹੈ ਕਿ ਉਹ ਬੁਰੇ ਦਾ ਭੀ ਭਲਾ ਕਰਦੇ ਹਨ)।

(੪) ਬੇਮੁਖ (ਮਨਮੁਖ) ਪੁਰਸ਼ ਗੁਰਮੁਖਾਂ ਤੋਂ ਫਲ ਪ੍ਰਾਪਤ ਨਹੀਂ ਕਰਦੇ, ਪਰ ਸੇਵਕ (ਗੁਰਮੁਖ) ਅਨੇਕਾਂ ਚੰਗੇ ਫਲਾਂ ਨਾਲ ਫਲਦਾ ਹੈ।

(੫) ਗੁਰਮੁਖ ਵੀ ਕੋਈ ਵਿਰਲਾ ਹੀ ਹੁੰਦਾ ਹੈ, ਜੋ ਸੇਵਕ ਹੋ ਕੇ ਸੇਵਕਾਂ ਦੀ ਸੇਵਾ ਕਰਦਾ ਹੈ।

(੬) ਸਾਰਾ ਜਗਤ (ਦੂਜ ਦੇ) ਚੰਦਰਮਾ ਨੂੰ ਨਮਸਕਾਰਾਂ ਕਰਦਾ ਹੈ ਤੇ ਸਮੁੰਦਰ ਅਨੰਦ ਦੀਆਂ ਲਹਿਰਾਂ ਵਧਾਉਂਦਾ ਹੈ (ਭਾਵ ਉਹ ਵੀ ਚੰਦਰਮਾ ਨੂੰ ਨਮਸਕਾਰ ਕਰਦਾ ਹੈ)।

(੭) (ਹੇ ਪ੍ਰਭੂ!) ਜੋ ਤੇਰਾ ਸੇਵਕ ਬਣਦਾ ਹੈ, ਸਾਰਾ ਜਗਤ ਉਸਦਾ ਸੇਵਕ ਬਣ ਕੇ ਸੇਵਾ ਕਰਦਾ ਹੈ।੧੧।

***ਭਾਵਾਰਥ :*** ਗੁਰਮਤ ਅਨੁਸਾਰ ਮਨਮੁਖ ਤੇ ਗੁਰਮੁਖ ਦੀ ਇਹੋ ਰੂਪ ਰੇਖਾ ਹੈ ਕਿ ਮਨਮੁਖ ਦੇ ਅੰਦਰ ਕਿਸੇ ਵੱਲੋਂ ਕੀਤੀ ਹੋਈ ਵਧੀਕੀ ਦਾ ਬਦਲਾ ਲੈਣ ਦੀ ਭਾਵਨਾ ਸਦਾ ਹੀ ਬਣੀ ਰਹਿੰਦੀ ਹੈ, ਜਿਸ ਦਾ ਸਦਕਾ ਉਹ ਦਿਨੇ ਰਾਤ ਮਨ ਕਰਕੇ ਅਸ਼ਾਂਤ ਰਹਿੰਦਾ ਹੈ, ਪਰ ਗੁਰਮੁਖ ਦੇ ਅੰਤਰ-ਆਤਮੇ ਕਿਸੇ ਬੁਰਾਈ ਵਾਲੇ ਤੋਂ ਬਦਲੇ ਦੀ ਭਾਵਨਾ ਦੇ ਥਾਂ ਉਸਦੀ ਭਲਾਈ ਕਰਨ ਦੇ ਸੰਸਕਾਰ ਹੁੰਦੇ ਹਨ, ਜਿਸ ਦਾ ਸਦਕਾ ਉਸਦਾ ਮਨ ਖ਼ੁਸ਼ੀਆਂ ਤੇ ਖੇੜੇ ਵਿਚ ਸਦਾ ਪ੍ਰਸੰਨ ਰਹਿੰਦਾ ਹੈ, ਕਿਉਂਕਿ ਉਸ ਨੂੰ ਸੰਗਤ ਦੁਆਰਾ ਗੁਰੂ ਨਾਨਕ ਦੇਵ ਜੀ ਦੇ ਪਰਉਪਕਾਰੀ ਜੀਵਨ ਤੋਂ ਇਹੋ ਪ੍ਰੇਰਨਾ ਮਿਲੀ ਹੈ ਕਿ ਨਾਨਕ ਪਾਤਿਸ਼ਾਹ ਨੇ ਹਰ ਬੁਰਾਈ ਕਰਨ ਵਾਲੇ ਨੂੰ ਭਲਾਈ ਭਰੀ ਨਜ਼ਰਾਂ ਨਾਲ ਹੀ ਤੱਕਿਆ ਹੈ, ਉਹ ਭਾਵੇਂ ਕੌਡਾ ਰਾਖ਼ਸ਼ ਹੈ, ਭਾਵੇਂ ਸੱਜਣ ਠੱਗ ਹੈ, ਭਾਵੇਂ ਕੋਈ ਵਲੀ ਕੰਧਾਰੀ ਹੈ, ਹਜ਼ੂਰ ਨੇ ਇਨ੍ਹਾਂ ਦੇ ਬੁਰਾਈ ਭਰੇ ਵਰਤਾਉ ਵੱਲ ਨਹੀਂ ਤੱਕਿਆ, ਸਗੋਂ ਇਨ੍ਹਾਂ ਨੂੰ ਬੁਰਾਈ ਦਾ ਬਦਲਾ ਭਲਾਈ ਵਿਚ ਹੀ ਦਿਤਾ ਹੈ।

ਜਦੋਂ ਆਮ ਲੁਕਾਈ ਵੱਲ ਨਜ਼ਰ ਮਾਰਦੇ ਹਾਂ ਤਾਂ ਇਉਂ ਹੀ ਤੱਕਣ ਵਿਚ ਆਉਂਦਾ ਹੈ ਕਿ ਹਰ ਬੰਦਾ ਬੁਰਾਈ ਦੇ ਬਦਲੇ ਵਿਚ ਬੁਰਾਈ ਕਰਦਾ ਹੈ, ਪਰ ਕੁਝ ਸਿਆਣੇ ਲੋਕ ਐਸੇ ਭੀ ਹਨ ਜੋ ਕਿਸੇ ਦੀ ਕੀਤੀ ਬੁਰਾਈ ਨੂੰ ਖ਼ਿਮਾਂ ਕਰ ਦੇਂਦੇ ਹਨ, ਪਰ ਇਕ ਗੁਰੂ ਨਾਨਕ ਦੇਵ ਜੀ ਦੇ ਸੰਬੰਧ ਵਿਚ ਇਤਿਹਾਸ ਗਵਾਹ ਹੈ ਕਿ ਆਪ ਹਰ ਬੁਰਾਈ ਕਰਨ ਵਾਲੇ ਨਾਲ ਭਲਾਈ ਭਰਿਆ ਹੀ ਵਰਤਾਰਾ ਵਰਤਦੇ ਰਹੇ ਹਨ, ਇਸ ਆਦੀ ਸੁਭਾਉ ਨੂੰ ਤੱਕ ਕੇ ਹੀ ਕਿਸੇ ਨੇ ਗੁਰੂ ਨਾਨਕ ਦੇ ਸੰਬੰਧ ਵਿਚ ਚੰਦ ਸੱਤਰਾਂ ਉੱਕਰੀਆਂ ਹਨ :

ਦੋਹਰਾ—ਬੁਰੇ ਨਾਲ ਸਭ ਕਰਨ ਬੁਰਾਈ
ਮਾਫ਼ ਕਰਨ ਕਈ ਸਿਆਣੇ।
ਬੁਰੇ ਨਾਲ ਭਲਿਆਈ ਕਰਨੀ
ਇਹ ਗੁਰੂ ਨਾਨਕ ਜਾਣੇ।

## ੧੨. ਗੁਰਮੁਖਾਂ ਦੇ ਬਚਨ ਅਮੋਲ ਰਤਨ

**੧. ਜਿਉਂ ਵਿਸਮਾਦ ਕਮਾਦ ਹੈ**
**ਸਿਰ ਤਲਵਾਇਆ ਹੋਇ ਉਪੰਨਾ।**
**੨. ਪਹਿਲੇ ਖੱਲ ਉਖੱਲਿਕੈ**
**ਟੋਟੇ ਕਰ ਕਰ ਭੰਨਣ ਭੰਨਾ।**
**੩. ਕੋਲੂ ਪਾਇ ਪੀੜਾਇਆ**
**ਰਸ ਟੱਟਰ ਕਸ ਇੰਨਣ ਵੰਨਾ।**
**੪. ਦੁਖ ਸੁਖ ਅੰਦਰ ਸਬਰ ਕਰ**
**ਖਾਇ ਅਵੱਟਣ ਜਗ ਧਨ ਧੰਨਾ।**
**੫. ਗੁੜ ਸ਼ੱਕਰ ਖੰਡ ਮਿਸਰੀ**
**ਗੁਰਮੁਖ ਸੁਖ ਫਲ ਸਭ ਰਸਬੰਨਾ।**
**੬. ਪਿਰਮ ਪਿਆਲਾ ਪੀਵਣਾ**
**ਮਰ ਮਰ ਜੀਵਣ ਥੀਵਣ ਗੰਨਾ।**
**੭. ਗੁਰਮੁਖ ਬੋਲ ਅਮੋਲ ਰਤੰਨਾ ॥੧੨॥**

***ਪਦ ਅਰਥ :*** ਵਿਸਮਾਦ—ਅਸਚਰਜ ਰੂਪ। ਸਿਰ ਤਲਵਾਇਆ—ਮੂਧੇ ਸਿਰ। ਖੱਲ—ਖੋਰੀ। ਉਖੱਲਿ—ਲਾਹ ਕੇ। ਰਸ—ਰਾਹ। ਟੱਟਰ—ਕੜਾਹਾ। ਕਸ—ਪੱਛੀਆਂ। ਇੰਨਣ ਵੰਨਾ—ਲੱਕੜਾਂ ਵਾਂਗੂੰ। ਅਵੱਟਣ—ਕੜ੍ਹਨੀ, ਉਬਾਲੇ। ਬੰਨਾ—ਰਾਖੇ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜਿਨ੍ਹਾਂ ਗੁਰਮੁਖਾਂ ਦਾ ਪਿੱਛੇ ਆਪ ਜੀ ਜ਼ਿਕਰ ਕਰਦੇ ਆ ਰਹੇ ਹੋ ਸਾਨੂੰ ਭੀ ਕਦੀ ਕਦਾਈਂ ਉਨ੍ਹਾਂ ਦੇ ਸ਼ੁਭ ਬਚਨ ਸੁਣਨ ਦਾ ਸੁਭਾਗ ਹੁੰਦਾ ਹੈ, ਪਰ ਉਨ੍ਹਾਂ ਦੇ ਬਚਨਾਂ ਵਿਚ ਇਤਨਾ ਪਿਆਰ, ਇਤਨੀ ਅਮੋਲਕਤਾ ਤੇ ਰਸ ਹੁੰਦਾ ਹੈ, ਚਿਤ ਕਰਦਾ ਹੈ ਕਿ ਉਨ੍ਹਾਂ ਦੇ ਅੰਮ੍ਰਿਤ ਭਰੇ ਬਚਨਾਂ ਨੂੰ ਸੁਣਦੇ ਹੀ ਰਹੀਏ, ਕਿਉਂ ਜੀ! ਦੱਸਣ ਦੀ ਕ੍ਰਿਪਾ ਕਰੋਗੇ ਕਿ ਉਨ੍ਹਾਂ ਦੇ ਸੁਭਾਵਕ ਬੋਲੇ ਜਾ ਰਹੇ ਬਚਨਾਂ ਵਿਚ ਇਤਨੀ ਮਿਠਾਸ ਹੋਣ ਦਾ ਕਾਰਨ ਕੀ ਹੈ?

**ਉ:** ਹੇ ਭਾਈਓ! ਜੇ ਗੁਰਬਾਣੀ ਰਾਹੀਂ ਵੀਚਾਰ ਕਰੀਏ ਤਾਂ ਇਉਂ ਹੀ ਦਿਸ ਆਵੇਗਾ ਕਿ ਉਨ੍ਹਾਂ ਦਾ ਤਾਲ-ਮੇਲ

ਉਸ ਮਿਠਾਸ ਦੇ ਸੋਮੇ ਪਿਆਰੇ ਸੱਜਣ ਸੁਆਮੀ ਨਾਲ ਹੋ ਗਿਆ ਹੈ ਜਿਸਦਾ ਨਾਮ ਹੀ ਮਿੱਠ ਬੋਲੜਾ ਹੈ ਜੋ ਕਦੀ ਕੌੜਾ ਬਚਨ ਬੋਲਣ ਹੀ ਨਹੀਂ ਜਾਣਦਾ, ਇਸ ਪੱਖ ਵਿਚ ਗੁਰਬਾਣੀ ਭੀ ਸਹਿਮਤ ਹੈ। ਜਿਵੇਂ ਕਿ ਫ਼ੁਰਮਾਨ ਆਉਂਦਾ ਹੈ:

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥
*(ਸੂਹੀ ਮ: ੪, ਪੰਨਾ ੭੮੪)*

ਜਿਸ ਦਾ ਐਸੇ ਸ਼ਾਂਤੀ ਦੇ ਸੋਮੇ ਪ੍ਰਭੂ ਪਰਮੇਸ਼ਰ ਸੱਜਣ ਨਾਲ ਗੂੜ੍ਹਾ ਤਅੱਲਕ ਹੋ ਜਾਏ ਉਸ ਵਿਚ ਕੌੜਤਨ ਕਿਵੇਂ ਰਹਿ ਸਕਦੀ ਹੈ, ਉਸਦੇ ਅੰਦਰੋਂ ਤਾਂ ਸਦਾ ਹੀ ਅੰਮ੍ਰਿਤ ਦੇ ਝਰਨੇ ਵਗਦੇ ਰਹਿੰਦੇ ਹਨ, ਉਸਨੇ ਗੰਨੇ ਵਾਗੂੰ ਆਪਣਾ ਆਪ ਮਿਟਾ ਲਿਆ ਹੈ ਜਿਸਦਾ ਸਦਕਾ ਉਸ ਵਿਚੋਂ ਗੁੜ, ਸ਼ੱਕਰ, ਖੰਡ, ਮਿਸਰੀ ਆਦਿ ਮਿਠਾਸ ਹੀ ਨਿਕਲਦੀ ਹੈ। ਇਸੇ ਤਰ੍ਹਾਂ ਗੁਰਮੁਖ ਭੀ ਉਸ ਸੱਜਣ ਸੁਆਮੀ ਮਿਠਾਸ ਦੇ ਸੋਮੇਂ ਵਿਚ ਅਭੇਦ ਹੋ ਗਿਆ ਹੈ, ਜਿਸ ਕਰਕੇ ਹੁਣ ਉਸ ਵਿਚ ਫਿਕੇਪਨ ਦੀ ਕੋਈ ਅੰਸ ਨਹੀਂ ਰਹਿ ਗਈ। ਮੈਂ ਭੀ ਉਨ੍ਹਾਂ ਦੇ ਮਿਠਾਸ-ਭਰੇ ਜੀਵਨ ਨੂੰ ਤੱਕ ਕੇ ਕਮਾਦ ਦਾ ਅਸਚਰਜ ਉਦਾਹਰਣ ਅੰਕਤ ਕੀਤਾ ਹੈ, ਜਿਵੇਂ ਕਿ ਅਸੀਂ ਵੇਖਦੇ ਹਾਂ ਕਿ:

(੧) (ਹੇ ਭਾਈਓ!) ਜਿਵੇਂ ਕਮਾਦ ਦਾ ਅਸਚਰਜ ਰੂਪ ਹੈ, ਜੋ ਸਿਰ ਹੇਠਾਂ ਕਰਕੇ ਪੈਦਾ ਹੁੰਦਾ ਹੈ।
(੨) (ਅਸੀਂ ਵੇਖਦੇ ਹਾਂ ਕਿ) ਪਹਿਲੇ ਉਸਦੀ ਖਲ (ਖੋਗੀ) ਲਾਹ ਕੇ ਫਿਰ ਉਸਨੂੰ ਟੋਟੇ ਟੋਟੇ ਕੀਤਾ ਜਾਂਦਾ ਹੈ।
(੩) ਫਿਰ ਉਸਨੂੰ ਵੇਲਣੇ ਵਿਚ ਪੀੜਿਆ ਜਾਂਦਾ ਹੈ ਉਸਦੀ ਰਹੁ ਨੂੰ ਕੜਾਹੇ ਵਿਚ ਪਾਇਆ ਜਾਂਦਾ ਹੈ ਤੇ ਪੱਛੀਆਂ ਨੂੰ ਬਾਲਣ-ਵਾਂਗੂੰ (ਬਾਲਿਆ ਜਾਂਦਾ ਹੈ)।
(੪) (ਉਹ ਕਮਾਦ) ਦੁਖ ਸੁਖ ਨੂੰ ਸਬਰ ਨਾਲ ਸਹਾਰਦਾ ਹੈ ਤੇ ਉਬਾਲੇ ਖਾਂਦਾ ਹੈ। ਸੰਸਾਰ ਉਸ ਨੂੰ ਧੰਨ ਧੰਨ ਕਹਿੰਦਾ ਹੈ।
(੫) (ਤਿਵੇਂ) ਗੁੜ, ਸ਼ੱਕਰ, ਖੰਡ ਤੇ ਮਿਸ਼ਰੀ ਵਾਂਗੂੰ ਗੁਰਮੁਖ ਹਨ ਜੋ ਸਾਰੇ ਸੁਖ ਫਲ ਤੇ ਰਸਾਂ ਦਾ ਆਸਰਾ ਹਨ।
(੬) (ਗੁਰਮੁਖ) ਪ੍ਰੇਮ-ਪਿਆਲਾ ਪੀ ਕੇ ਗੰਨੇ ਵਾਂਗੂੰ ਮਰ ਕੇ ਜੀਵਨ ਮੁਕਤ ਹੋ ਜਾਂਦੇ ਹਨ।
(੭) ਗੁਰਮੁਖਾਂ ਦੇ ਬਚਨ ਅਮੋਲਕ ਰਤਨ ਹਨ (ਜੋ ਗੰਨੇ ਵਾਂਗੂੰ ਮਿੱਠੇ ਤੇ ਪਿਆਰੇ ਹਨ)।

***ਭਾਵਾਰਥ:*** ਜਿਵੇਂ ਗੰਨੇ ਨੇ ਪਹਿਲੋਂ ਅਨੇਕ ਤਰ੍ਹਾਂ ਦਾ ਦੁਖ ਸਹਾਰਿਆ ਅੰਤ ਵਿਚ ਲੁਕਾਈ ਨੂੰ ਮਿਠਾਸ ਦੇਣ ਦਾ ਕਾਰਨ ਬਣਿਆ, ਇਸੇ ਹੀ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰਮੁਖਾਂ ਨੇ ਭੀ ਆਪਣੇ ਸਰੀਰ ਦੇ ਅੰਗ ਅੰਗ ਕਟਵਾਏ, ਆਰੇ ਨਾਲ ਚਰਵਾਇਆ, ਦੇਗਾਂ ਵਿਚ ਉਬਲਾਇਆ, ਭੱਠੀਆਂ ਵਿਚ ਸੜਵਾਇਆ, ਇਹ ਅਸਹਿ ਕਸ਼ਟ ਸਹਾਰਦਿਆਂ ਹੋਇਆਂ ਭੀ ਇਹੋ ਗੁਰੂ ਦੇ ਬਚਨ ਪੜ੍ਹਦੇ ਰਹੇ ਕਿ—ਤੇਰਾ ਕੀਆ ਮੀਠਾ ਲਾਗੈ॥ ਭਾਵ ਉਨ੍ਹਾਂ ਦੇ ਅੰਤਰ-ਆਤਮੇ ਜੋ ਪਿਆਰੇ ਦੇ ਪ੍ਰੇਮ ਦਾ ਸੋਮਾ ਵੱਗ ਰਿਹਾ ਸੀ, ਉਸ ਵਿਚ ਰੋਕ ਨਹੀਂ ਪੈ ਸਕੀ, ਜਿਨ੍ਹਾਂ ਵੱਲੋਂ ਕਿਸੇ ਭੀ ਕਸ਼ਟ ਦੇਣ ਵਾਲੇ ਦੋਸ਼ੀ ਨੂੰ ਕੋਈ ਸਰਾਪ ਜਾਂ ਕੌੜਾ ਬਚਨ ਨਹੀਂ ਕਿਹਾ ਗਿਆ ਕਿਉਂਕਿ ਉਨ੍ਹਾਂ ਦੇ ਅੰਦਰ ਸਾਰਿਆਂ ਲਈ ਪ੍ਰੇਮ ਪਿਆਰ ਦੀ ਗੰਗਾ ਵੱਗ ਰਹੀ ਸੀ, ਜਿਸ ਵਿਚੋਂ ਹਰ ਬੰਦੇ ਲਈ ਮਿਠਾਸ ਭਰੇ ਸ਼ਬਦਾਂ ਦੀਆਂ ਹੀ ਲਹਿਰਾਂ ਵੱਗ ਰਹੀਆਂ ਸਨ, ਜਿਨ੍ਹਾਂ ਨੂੰ ਸੁਣ ਕੇ ਹਰ ਬੰਦੇ ਦਾ ਹੀ ਅਸ਼ਾਂਤ ਮਨ ਸ਼ਾਂਤੀ ਪ੍ਰਾਪਤ ਕਰਦਾ ਸੀ, ਅਜਿਹੇ ਗੁਰਮੁਖਾਂ ਨੂੰ ਹੀ ਬਾਣੀ ਵਿਚ ਜੀਵਨ ਮੁਕਤ ਕਿਹਾ ਗਿਆ ਹੈ।

## ੧੩. ਗੁਰਮੁਖ ਹੀ ਅਜਰ ਵਸਤੂ ਨੂੰ ਜਰਦਾ ਹੈ

**੧. ਗੁਰ ਦਰੀਆਉ ਅਮਾਉ ਹੈ
ਲੱਖ ਦਰੀਆਉ ਸਮਾਉ ਕਰੰਦਾ।
੨. ਇੱਕ ਇੱਕ ਦਰੀਆਉ ਵਿੱਚ
ਲੱਖ ਤੀਰਥ ਦਰਿਆਉ ਵਹੰਦਾ।
੩. ਇੱਕਤ ਇੱਕਤ ਵਾਹੜੇ
ਕੁਦਰਤਿ ਲੱਖ ਤਰੰਗ ਉਠੰਦਾ।
੪. ਸਾਇਰ ਸਣ ਰਤਨਾਵਲੀ
ਚਾਰ ਪਦਾਰਥ ਮੀਨ ਤਰੰਦਾ।
੫. ਇੱਕਤ ਲਹਿਰ ਨ ਪੁੱਜਨੀ
ਕੁਦਰਤਿ ਅੰਤੁ ਨ ਅੰਤ ਲਹੰਦਾ।
੬. ਪਿਰਮ ਪਿਆਲੇ ਇੱਕ ਬੂੰਦ
ਗੁਰਮੁਖ ਵਿਰਲਾ ਅਜਰ ਜਰੰਦਾ।
੭. ਅਲਖ ਲਖਾਇ ਨ ਅਲਖ ਲਖੰਦਾ॥੧੩॥**

***ਪਦ ਅਰਥ :*** ਅਮਾਉ—ਮਿਣਤੀ ਤੋਂ ਰਹਿਤ। ਸਮਾਉ—ਸਮਾਈ। ਵਾਹੜੈ—ਪ੍ਰਵਾਹ। ਮੀਨ—ਮੱਛੀ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਦੋਂ ਅਸੀਂ ਆਮ ਸੰਸਾਰੀ ਲੋਕਾਂ ਨਾਲ ਗੱਲ ਬਾਤ ਕਰਦੇ ਹਾਂ ਤਾਂ ਉਹ ਹਰ ਪੱਖੋਂ ਆਪਣੇ ਬਾਰੇ ਆਪਣੀ ਕਾਮਯਾਬੀ ਦੀ ਗੱਲ ਬਾਤ ਵਧਾ ਚੜ੍ਹਾ ਕੇ ਹੀ ਕਰਦੇ ਹਨ, ਪਰ ਜਿਸ ਰੱਬੀ-ਮਾਰਗ 'ਤੇ ਗੁਰਮੁਖ ਸੇਵਕ ਸਫ਼ਰ ਕਰਦੇ ਹਨ, ਤੁਹਾਡਾ ਸਦਾ ਹੀ ਉਨ੍ਹਾਂ ਗੁਰਮੁਖਾਂ ਨਾਲ ਪ੍ਰਸਪਰ ਵੀਚਾਰ ਵਿਟਾਂਦਰਾ ਹੁੰਦਾ ਰਹਿੰਦਾ ਹੈ ਕੀ ਦੱਸਣ ਦੀ ਕ੍ਰਿਪਾ ਕਰੋਗੇ ਕਿ ਗੁਰਮੁਖ ਰੱਬੀ-ਮਾਰਗ ਪਰ ਸਫ਼ਰ ਕਰਦੇ ਹੋਏ ਜਿਸ ਆਖ਼ਰੀ ਸਿੱਖਰਾਂ 'ਤੇ ਉਹ ਪੁੱਜਦੇ ਹਨ ਉਸ ਦੀ ਰੂਪ-ਰੇਖਾ ਦੀ ਜਾਣਕਾਰੀ ਉਹ ਕਿਵੇਂ ਦਰਸਾਉਂਦੇ ਹਨ ?

ਉ: ਹੇ ਭਾਈਓ ! ਜੇ ਬਰੀਕ-ਬੀਨੀ ਨਜ਼ਰਾਂ ਨਾਲ ਤੱਕਿਆ ਜਾਏ ਤਾਂ ਇਹੋ ਦਿਸ ਆਵੇਗਾ ਕਿ ਇਸ ਸੰਸਾਰ ਵਿਚ ਜੋ ਭੀ ਕਿਸੇ ਨੂੰ ਕੋਈ ਲਾਭ ਹਾਸਲ ਹੋਇਆ ਹੈ ਉਹ ਇਸ ਰਸਨਾ ਰਾਹੀਂ ਉਸਨੂੰ ਕਹਿ ਕੇ ਦੱਸ ਸਕਦਾ ਹੈ, ਪਰ ਰੱਬੀ-ਮਾਰਗ 'ਤੇ ਸਫ਼ਰ ਕਰਦਿਆਂ ਜੋ ਮੰਜ਼ਲ ਗੁਰਮੁਖਾਂ ਨੂੰ ਪ੍ਰਾਪਤ ਹੋਈ ਹੈ ਉਹ ਤ੍ਰਿਗੁਣਾਂ ਤੋਂ ਅਤੀਤ ਹੈ ਉਸ ਨੂੰ ਇਹ ਰਸਨਾ ਬਿਆਨ ਨਹੀਂ ਕਰ ਸਕਦੀ, ਕਿਉਂਕਿ ਇਹ ਰਸਨਾ ਤਾਂ ਇਸ ਸੰਸਾਰ ਦੇ ਮਾਇਕੀ ਪਦਾਰਥਾਂ ਬਾਰੇ ਹੀ ਕੁਝ ਕਹਿ ਸਕਦੀ ਹੈ, ਜੋ ਰਸ ਗੁਰਮੁਖਾਂ ਨੂੰ ਪ੍ਰਾਪਤ ਹੋਇਆ ਹੈ, ਉਸਨੂੰ ਬਾਣੀ ਨੇ ਗੂੰਗੇ ਦੀ ਮਠਿਆਈ ਦਾ ਉਦਾਹਰਣ ਦੇ ਕੇ ਦਰਸਾਇਆ ਹੈ ਕਿ ਜਿਵੇਂ ਗੂੰਗਾ ਮਠਿਆਈ ਖਾ ਕੇ ਉਸਦਾ ਰਸ ਤਾਂ ਮਾਣਦਾ ਹੈ ਪਰ ਉਸਨੂੰ ਬਿਆਨ ਨਹੀਂ ਕਰ ਸਕਦਾ, ਕਿਉਂਕਿ ਉਸ ਮਠਿਆਈ ਦਾ ਰਸ ਬਿਆਨ ਕਰਨ ਲਈ ਉਸ ਪਾਸ ਰਸਨਾ ਨਹੀਂ ਹੈ, ਜਾਂ ਇਉਂ ਕਹੋ :

ਦੋਹਰਾ—ਚਲੀ ਪੁਤਲੀ ਲੌਨ ਕੀ ਥਾਹ ਸਿੰਧ ਕੀ ਲੈਨ।
ਅਨਾਥ ਆਪ ਆਪੇ ਭਈ ਪਲਟ ਕਹੇ ਕੋ ਬੈਨ॥
*(ਵੀਚਾਰ ਮਾਲਾ)*

ਭਾਵ ਹੈ ਜਿਵੇਂ ਕਿਸੇ ਨੇ ਇਕ ਰੱਸੀ ਦੀ ਨੁੱਕਰ ਨਾਲ ਲੂਣ ਦੀ ਛੋਟੀ ਜਿਹੀ ਡਲੀ ਬੰਨ੍ਹ ਕੇ ਦਰਯਾ ਦਾ ਥੱਲਾ ਵੇਖਣ ਲਈ ਇਸ ਦਰਯਾ ਵਿਚ ਸੁੱਟੀ ਕਿਉਂਕਿ ਇਹ ਦਰਯਾ ਦੇ ਪਾਣੀ ਵਿਚੋਂ ਹੀ ਵੱਖਰੀ ਹੋਈ ਸੀ ਆਖ਼ਰ ਇਹ ਪਾਣੀ ਵਿਚ ਹੀ ਲੀਨ ਹੋ ਗਈ ਮੁੜ ਕੇ ਕੌਣ ਦੱਸੇ ਕਿ ਉਸ ਦਰਯਾ ਦੀ ਗਹਿਰਾਈ ਕਿਤਨੀ ਹੈ।

ਇਸੇ ਹੀ ਤਰ੍ਹਾਂ ਗੁਰਮੁਖਾਂ ਦੀ ਮਾਨਸਕ ਅਵਸਥਾ ਹੈ ਜਿਸਨੂੰ ਉਹ ਬਿਆਨ ਨਹੀਂ ਕਰ ਸਕਦੇ, ਕਿਉਂਕਿ (ਉਹ ਰਸ ਜਾਣੇ ਓਹਾ ਹੋ) ਭਾਵ ਉਸ ਰਸ ਨੂੰ ਉਹ ਅੰਤਰ-ਆਤਮੇ ਮਾਣਦੇ ਤਾਂ ਹਨ ਪਰ ਬਿਆਨ ਨਹੀਂ ਕਰ ਸਕਦੇ। ਇਸੇ ਉਚੇਰੀ ਸਿਖ਼ਰਾਂ 'ਤੇ ਪੁੱਜੀ ਅਵਸਥਾ ਨੂੰ ਤੱਕ ਕੇ ਮੈਂ ਇਹ ਚੰਦ ਸਤਰਾਂ ਉੱਕਰੀਆਂ ਹਨ :

(੧) ਗੁਰੂ-ਰੂਪ ਦਰਿਆ ਮਿਣਤੀ ਤੋਂ ਰਹਿਤ ਹੈ, ਇਸ ਵਿਚ ਲੱਖਾਂ ਦਰਿਆਵਾਂ (ਸੇਵਕਾਂ) ਦੀ ਸਮਾਈ ਹੁੰਦੀ ਹੈ।

(੨) (ਉਸ) ਇਕ ਇਕ ਦਰਿਆ ਵਿਚ ਲੱਖਾਂ ਤੀਰਥਾਂ ਦੇ ਦਰਿਆ ਵੱਗਦੇ ਹਨ (ਭਾਵ ਇਕ ਗੁਰੂ ਦੇ ਸਿਖ ਦਾ ਦਰਸ਼ਨ ਲੱਖਾਂ ਤੀਰਥਾਂ ਵਰਗਾ ਫਲਦਾਇਕ ਹੈ।

(੩) ਉਨ੍ਹਾਂ ਦੇ ਇਕ ਇਕ ਪ੍ਰਵਾਹ ਵਿਚ ਲੱਖਾਂ ਕੁਦਰਤੀ ਤਰੰਗ ਉਠਦੇ ਹਨ (ਭਾਵ ਇਕ ਗੁਰਮੁਖ ਦੀ ਸੰਗਤ ਨਾਲ ਲੱਖਾਂ ਦਾ ਉਧਾਰ ਹੁੰਦਾ ਹੈ।

(੪) ਸਮੁੰਦਰ ਕਈ ਰਤਨਾਂ ਤੇ ਚਾਰ ਪਦਾਰਥਾਂ ਸਮੇਤ ਮੱਛੀ ਵਾਂਗੂੰ ਗੁਰ ਦਰਿਆਓ ਵਿਚ ਤਰਦਾ ਹੈ।

(੫) (ਉਹ ਰਤਨ ਤੇ ਚਾਰ ਪਦਾਰਥ ਗੁਰੂ ਦੀ) ਇਕ ਲਹਿਰ (ਬਚਨ) ਤੱਕ ਨਹੀਂ ਪੁੱਜ ਸਕਦੇ ਤੇ ਗੁਰਾਂ ਦੀ ਸ਼ਕਤੀ ਦਾ ਅੰਤ ਨਹੀਂ ਪਾ ਸਕਦੇ।

(੬) (ਸਤਿਗੁਰੂ ਦੇ) ਪ੍ਰੇਮ-ਪਿਆਲੇ ਦੀ ਇਕ ਬੂੰਦ ਅਜਰ ਵਸਤੂ ਹੈ, ਉਸ ਅਜਰ ਵਸਤੂ ਨੂੰ ਕੋਈ ਗੁਰਮੁਖ ਹੀ ਜਾਣਦਾ ਹੈ।

(੭) (ਉਹ ਗੁਰਮੁਖ ਉਸ ਨੂੰ) ਜਾਣ ਤਾਂ ਲੈਂਦਾ ਹੈ, ਪਰ ਅਗੋਂ ਕਿਸੇ ਨੂੰ ਜਣਾਉਂਦਾ ਨਹੀਂ (ਕਿ ਮੈਂ ਕੁਝ ਪ੍ਰਾਪਤ ਕਰ ਲਿਆ ਹੈ)।੧੩।

***ਭਾਵਾਰਥ :***

ਜਿਨਿ ਹਰਿ ਪਾਇਓ ਤਿਨਿਹ ਛਪਾਇਓ ॥੧॥ਰਹਾਉ॥
*(ਪੰਨਾ ੭੧੮)*

ਕਹੁ ਕਬੀਰ ਗੂੰਗੈ ਗੁੜੁ ਖਾਇਆ
ਪੂਛੇ ਤੇ ਕਿਆ ਕਹੀਐ ॥੩॥ *(ਪੰਨਾ ੩੩੪)*

ਹਰਿ ਗੁਨ ਕਹਤੇ ਕਹਨੁ ਨ ਜਾਈ ॥
ਜੈਸੇ ਗੂੰਗੇ ਕੀ ਮਿਠਿਆਈ ॥੧॥ਰਹਾਉ॥ *(ਪੰਨਾ ੬੫੯)*

ਨਾਨਕ ਲੀਨ ਭਇਓ ਗੋਬਿੰਦ ਸਿਉ
ਜਿਉ ਪਾਨੀ ਸੰਗਿ ਪਾਨੀ ॥੩॥ *(ਪੰਨਾ ੬੩੩)*

ਭਾਵ ਹੈ, ਗੁਰਮੁਖਾਂ ਦੀ ਪ੍ਰਤਿਕ ਜੋਤ ਜੋਤੀ ਸਰੂਪ ਪ੍ਰਭੂ ਵਿਚ ਇਉਂ ਹੀ ਲੀਨ ਹੋ ਗਈ, ਜਿਵੇਂ ਪਾਨੀ ਵਿਚ ਪਾਨੀ ਅਭੇਦ ਹੋ ਜਾਂਦਾ ਹੈ।

## ੧੪. ਉਹ ਪ੍ਰਭੂ, ਬੇਅੰਤ ਅੰਤ ਨ ਜਾਏ ਪਾਇਆ

੧. ਬ੍ਰਹਮੇ ਥੱਕੇ ਵੇਦ ਪੜ੍ਹ
ਇੰਦ੍ਰ ਇੰਦ੍ਰਾਸਨ ਰਾਜ ਕਰੰਦੇ।
੨. ਮਹਾਂਦੇਵ ਅਵਧੂਤ ਹੋਇ
ਦੱਸ ਅਵਤਾਰੀ ਬਿਸ਼ਨ ਭਵੰਦੇ।
੩. ਸਿੱਧ ਨਾਥ ਜੋਗੀਸਰਾਂ
ਦੇਵੀ ਦੇਵ ਨ ਭੇਵ ਲਹੰਦੇ।
੪. ਤਪੇ ਤਪੀਸ਼ਰ ਤੀਰਥਾਂ
ਜਤੀ ਸਤੀ ਦੇਹ ਦੁੱਖ ਸਹੰਦੇ।
੫. ਸ਼ੇਖਨਾਗ ਸਭ ਰਾਗ ਮਿਲ
ਸਿਮਰਨ ਕਰ ਨਿੱਤ ਗੁਣ ਗਾਵੰਦੇ।
੬. ਵਡਭਾਗੀ ਗੁਰੁ ਸਿੱਖ ਜੱਗ
ਸ਼ਬਦ ਸੁਰਤਿ ਸਤਸੰਗ ਮਿਲੰਦੇ।
੭. ਗੁਰਮੁਖ ਸੁਖ ਫਲ ਅਲਖ ਲਖੰਦੇ ॥੧੪॥

***ਪਦ ਅਰਥ :*** ਇੰਦ੍ਰਾਸਨ—ਇੰਦ੍ਰ ਦਾ ਸਿੰਘਾਸਨ। ਅਵਧੂਤ—ਤਿਆਗੀ। ਭੇਵ—ਭੇਦ। ਤਪੀਸ਼ਰ—ਤਪੀਆਂ ਦੇ ਈਸ਼ਰ, ਵੱਡੇ ਤਪੀ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਇਹ ਤਾਂ ਅਸੀਂ ਭੀ ਮੰਨਦੇ ਹਾਂ ਕਿ ਆਮ ਲੁਕਾਈ ਉਸ ਪ੍ਰਭੂ ਦਾ ਅੰਤ ਨਹੀਂ ਪਾ ਸਕਦੀ, ਪਰ ਜੋ ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਇਸ ਲੁਕਾਈ ਦੀ ਉਤਪਤੀ, ਪਾਲਣਾ ਤੇ ਸੰਘਾਰ ਕਰਨ ਦੀ ਸਮਰੱਥਾ ਰਖਦੇ ਹਨ ਉਹ ਤਾਂ ਉਸ ਕਰਤੇ ਦੀ ਹਰ ਪੱਖੋਂ ਹੀ ਜਾਣਕਾਰੀ ਰਖਦੇ ਹੋਣਗੇ, ਇਸ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ, ਜਾਣਕਾਰੀ ਦਿਓ ?

**ਉ:** ਹੇ ਭਾਈਓ ! ਇਸ ਤੁਹਾਡੇ ਪ੍ਰਸ਼ਨ ਦੇ ਉੱਤਰ ਦੇਣ ਦੀ ਮੇਰੇ ਆਪਣੇ ਵਿਚ ਤਾਂ ਕੋਈ ਸਮਰੱਥਾ ਨਹੀਂ, ਪਰ ਜੋ ਮੈਨੂੰ ਬਾਣੀ ਦੁਆਰੇ ਬੋਧ ਮਿਲਿਆ ਹੈ ਉਹ ਤਾਂ ਇਹੋ ਹੈ ਕਿ ਇਹ ਤਿੰਨੇ ਦੇਵਤੇ ਉਸ ਕਰਤੇ ਦੇ ਚੇਲੇ ਹਨ ਇਹ ਸੁਤੰਤ੍ਰ ਨਹੀਂ ਪਤੰਤ੍ਰ ਹਨ, ਭਾਵ ਇਹ ਆਪੇ ਕੁਝ ਨਹੀਂ ਕਰ ਸਕਦੇ, ਉਹ ਕਰਤਾ ਜਿਵੇਂ ਇਨ੍ਹਾਂ ਨੂੰ ਹੁਕਮ ਕਰਦਾ ਹੈ ਉਸੇ ਤਰ੍ਹਾਂ ਕਾਰ ਕਰਦੇ ਹਨ, ਪਰ ਵੱਡੀ ਅਸਚਰਜਤਾ ਇਹੋ ਹੈ ਕਿ ਉਹ ਕਰਤਾ ਇਨ੍ਹਾਂ ਦੀ ਕਿਰਤ ਕਰਦੇ ਰਹਿਣ ਵੱਲ ਤੱਕਦਾ ਹੈ ਪਰ, ਉਹ ਸ਼ਕਤੀ-ਸ਼ਾਲੀ ਦੇਵਤਿਆਂ ਦੇ ਨਜ਼ਰ ਨਹੀਂ ਆਉਂਦਾ। ਇਸ ਭਾਵ ਨੂੰ ਗੁਰੂ ਨਾਨਕ ਦੇਵ ਜੀ ਨੇ ਖ਼ੁਲਾਸੇ ਰੂਪ ਵਿਚ ਉੱਕਰਿਆ ਹੈ, ਜਿਵੇਂ ਕਿ :

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥
ਜਿਵ ਤਿਸੁ ਭਾਵੈ ਤਿਵੈ ਚਲਾਵੈ
ਜਿਵ ਹੋਵੈ ਫੁਰਮਾਣੁ ॥
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥
*(ਜਪੁਜੀ, ਪੰਨਾ ੭)*

ਇਸ ਤਰ੍ਹਾਂ ਜਿਉਂ ਜਿਉਂ ਬਾਣੀ ਦੀ ਖੋਜ ਕਰੀਏ ਇਸ ਪੱਖ ਨੂੰ ਬਾਣੀ ਵਿਚ ਕਈ ਸ਼ਬਦਾਂ ਦੁਆਰੇ ਪ੍ਰਗਟਾਇਆ ਹੈ, ਜਿਵੇਂ ਕਿ ਅਸੀਂ ਪੜ੍ਹਦੇ ਹਾਂ ਕਿ :

ਮਹਿਮਾ ਨ ਜਾਨਹਿ ਬੇਦ ॥
ਬ੍ਰਹਮੇ ਨਹੀ ਜਾਨਹਿ ਭੇਦ ॥
ਅਵਤਾਰ ਨ ਜਾਨਹਿ ਅੰਤੁ ॥
ਪਰਮੇਸਰੁ ਪਾਰਬ੍ਰਹਮ ਬੇਅੰਤੁ ॥੧॥
ਅਪਨੀ ਗਤਿ ਆਪਿ ਜਾਨੈ ॥
ਸੁਣਿ ਸੁਣਿ ਅਵਰ ਵਖਾਨੈ ॥੧॥ਰਹਾਉ॥
ਸੰਕਰਾ ਨਹੀ ਜਾਨਹਿ ਭੇਵ ॥
ਖੋਜਤ ਹਾਰੇ ਦੇਵ ॥
ਦੇਵੀਆ ਨਹੀ ਜਾਨੈ ਮਰਮ ॥
ਸਭ ਊਪਰਿ ਅਲਖ ਪਾਰਬ੍ਰਹਮ ॥੨॥
*(ਰਾਮਕਲੀ ਮਹਲਾ ੫, ਪੰਨਾ ੮੯੪)*

ਸਨਕ ਸਨੰਦ ਮਹੇਸ ਸਮਾਨਾਂ ॥
ਸੇਖਨਾਗਿ ਤੇਰੋ ਮਰਮੁ ਨ ਜਾਨਾਂ ॥੧॥......
ਹਨੂਮਾਨ ਸਰਿ ਗਰੁੜ ਸਮਾਨਾਂ ॥
ਸੁਰਪਤਿ ਨਰਪਤਿ ਨਹੀ ਗੁਨ ਜਾਨਾਂ ॥੨॥
ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ ॥
ਕਮਲਾਪਤਿ ਕਵਲਾ ਨਹੀ ਜਾਨਾਂ ॥੩॥
*(ਧਨਾਸਰੀ ਕਬੀਰ ਜੀ, ਪੰਨਾ ੬੯੧)*

ਇਸ ਤੋਂ ਆਦਿ ਹੋਰ ਭੀ ਬਾਣੀ ਵਿਚੋਂ ਸਾਨੂੰ ਬਹੁਤ ਉਦਾਹਰਣ ਮਿਲਦੇ ਹਨ ਕਿ ਗੁਜ਼ਰ ਚੁੱਕੇ ਸਮੇਂ ਵਿਚ ਬੜੇ ਬੜੇ ਪੀਰ, ਪੈਗੰਬਰ, ਅਵਤਾਰ, ਅਉਲੀਏ ਆਏ ਜੋ ਉਸਦਾ ਅੰਤ ਨਹੀਂ ਪਾ ਸਕੇ ਆਖ਼ਰ ਉਹ ਆਪਣਾ

ਹੀ ਅੰਤ ਕਰ ਬੈਠੇ। ਸੋ, ਮੈਂ ਭੀ ਉਪ੍ਰੋਕਤ ਬਾਣੀ ਤੋਂ ਪ੍ਰੇਰਨਾ ਲੈ ਕੇ ਇਹ ਪਉੜੀ ਉਚਾਰਨ ਕੀਤੀ ਹੈ ਜਿਸ ਵਿਚ ਉਸ ਪ੍ਰਭੂ ਨੂੰ ਬੇਅੰਤ ਰੂਪ ਵਿਚ ਅੰਕਤ ਕੀਤਾ ਗਿਆ ਹੈ, ਪਰ ਇਕ ਗੁਰਮੁਖ ਹੀ ਵਡਭਾਗੀ ਹਨ ਜੋ ਸੰਗਤ ਦੁਆਰੇ ਆਪਣੀ ਸੁਰਤ ਨੂੰ ਜੋੜ ਕੇ ਸੁਖ ਫਲ ਦੀ ਪ੍ਰਾਪਤੀ ਕਰਦੇ ਹਨ।

(੧) (ਜਿਵੇਂ ਕਿ ਸਾਨੂੰ ਪੁਰਾਤਨ ਪੁਸਤਕਾਂ ਦੁਆਰੇ ਬੋਧ ਮਿਲਦਾ ਹੈ ਕਿ ਕਈ) ਬ੍ਰਹਮੇ ਵੇਦ, ਪੜ੍ਹ ਪੜ੍ਹ ਕੇ ਤੇ (ਕਈ) ਇੰਦ੍ਰਪੁਰੀ ਦਾ ਰਾਜ ਕਰ ਕਰ ਕੇ ਥੱਕ ਗਏ ਹਨ।

(੨) (ਕਈ) ਸ਼ਿਵਜੀ ਤਿਆਗੀ ਹੋ ਕੇ (ਕਈ) ਵਿਸ਼ਨੂੰ ਅਵਤਾਰ ਬਣ ਬਣ ਕੇ ਫਿਰਦੇ ਰਹੇ।

(੩) ਸਿੱਧਾਂ, ਨਾਥਾਂ, ਜੋਗੀਸ਼ਰਾਂ, ਦੇਵੀਆਂ ਤੇ ਦੇਵਤਿਆਂ ਆਦਿ ਵਿਚੋਂ ਕਿਸੇ ਨੇ (ਉਸ ਪ੍ਰਭੂ ਦੇ) ਭੇਦ ਨੂੰ ਨਹੀਂ ਪਾਇਆ।

(੪) (ਕਈ) ਤਪੀਆਂ ਨੇ ਤੀਰਥਾਂ 'ਤੇ ਤਪ ਕੀਤੇ ਤੇ (ਕਈ) ਜਤੀਆਂ ਸਤੀਆਂ ਨੇ ਸਰੀਰ 'ਤੇ ਕਸ਼ਟ ਸਹਾਰੇ।

(੫) ਸ਼ੇਸ਼ ਨਾਗ ਨਿਤ ਪ੍ਰਭੂ ਦੇ ਗੁਣ ਗਾਉਂਦਾ ਹੈ ਤੇ ਸਾਰੇ ਰਾਗ ਆਪਣੇ ਪ੍ਰਵਾਰ ਸਮੇਤ ਸਿਮਰਨ ਕਰਦੇ ਹਨ (ਪਰ ਇਨ੍ਹਾਂ ਵਿਚੋਂ ਕੋਈ ਵੀ ਪ੍ਰਭੂ ਦੇ ਭੇਦ ਨੂੰ ਨਹੀਂ ਜਾਣ ਸਕਿਆ।

(੬) ਉਹ ਗੁਰਸਿਖ ਸੰਸਾਰ ਵਿਚ ਵੱਡੇ ਭਾਗਾਂ ਵਾਲੇ ਹਨ ਜੋ ਸ਼ਬਦ ਵਿਚ ਸੁਰਤ ਨੂੰ ਜੋੜ ਕੇ ਸਤਿਸੰਗ ਵਿਚ ਜਾਂਦੇ ਹਨ।

(੭) ਉਹ ਗੁਰਮੁਖ ਸੁਖ ਫਲ ਪ੍ਰਾਪਤ ਕਰਕੇ ਉਸ ਅਲੱਖ ਪ੍ਰਭੂ ਨੂੰ ਲੱਖ ਲੈਂਦੇ ਹਨ।੧੪।

***ਭਾਵਾਰਥ :*** ਉਹ ਗੁਰਮੁਖ ਅਲੱਖ ਪ੍ਰਭੂ ਨੂੰ ਲੱਖ ਤਾਂ ਲੈਂਦੇ ਹਨ, ਪਰ ਉਹ ਆਪਣੇ ਆਪ ਨੂੰ ਲਖਾਉਂਦੇ ਨਹੀਂ, ਉਸੇ ਮਸਤੀ ਵਿਚ ਮਸਤ ਰਹਿੰਦੇ ਹਨ।

## ੧੫. ਨਿਵੈ ਸੁ ਗਉਰਾ ਹੋਇ

**੧. ਸਿਰ ਤਲਵਾਇਆ ਬ੍ਰਿਖ ਹੈ**
**ਹੋਇ ਸਹਸ ਫਲ ਸੁਫਲ ਫਲੰਦਾ।**
**੨. ਨਿਰਮਲ ਨੀਰ ਵਖਾਣੀਐ**
**ਸਿਰ ਨੀਵਾਂ ਨੀਵਾਣ ਚਲੰਦਾ।**
**੩. ਸਿਰ ਉੱਚਾ ਨੀਵੇਂ ਚਰਣ**
**ਗੁਰਮੁਖ ਪੈਰੀਂ ਸੀਸ ਪਵੰਦਾ।**
**੪. ਸਭਦੂੰ ਨੀਵੀਂ ਧਰਤਿ ਹੋਇ**
**ਅਨ ਧਨ ਸਭ ਸੈਂਸਾਰ ਸਹੰਦਾ।**
**੫. ਧੰਨ ਧਰਤੀ ਓਹ ਥਾਉਂ ਧੰਨ**
**ਗੁਰੁ ਸਿਖ ਸਾਧੂ ਪੈਰ ਧਰੰਦਾ।**
**੬. ਚਰਣ ਧੂੜ ਪਰਧਾਨ ਕਰ**
**ਸੰਤ ਵੇਦ ਜਸ ਗਾਵ ਸੁਣੰਦਾ।**
**੭. ਵਡਭਾਗੀ ਪਾ ਖਾਕ ਲਹੰਦਾ॥੧੫॥**

***ਪਦ ਅਰਥ :*** ਸਹਸ ਫਲ—ਹਜ਼ਾਰਾਂ ਫਲ। ਪਾ ਖਾਕ—ਚਰਨ ਧੂੜ। ਨੀਰ—ਜਲ। ਅਨ—ਅਨਾਜ। ਧਰੰਦਾ—ਧਰਦੇ ਹਨ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਿਵੇਂ ਇਕ ਸਤਿਵੰਤੀ ਦੇਵੀ ਨੂੰ ਆਪਣੇ ਪਤੀ ਦੀ ਪ੍ਰਸੰਨਤਾ ਲਈ ਸ਼ੁਭ ਗੁਣਾਂ ਦਾ ਧਾਰਨੀ ਹੋਣਾ ਅਤਿ ਜ਼ਰੂਰੀ ਹੈ, ਇਸੇ ਤਰ੍ਹਾਂ ਜੋ ਰੱਬੀ-ਮਾਰਗ ਪਰ ਸਫ਼ਰ ਕਰਨ ਵਾਲੇ ਜਗਿਆਸੂ ਸ਼ਰਧਾਲੂ ਹਨ, ਉਨ੍ਹਾਂ ਨੂੰ ਦੈਵੀ ਗੁਣਾਂ ਵਿਚੋਂ ਸ਼ਰੋਮਣੀ ਗੁਣ ਕਿਹੜਾ ਹੈ, ਜਿਸਦਾ ਧਾਰਨੀ ਹੋਣਾ ਜ਼ਰੂਰੀ ਹੀ ਬਣਦਾ ਹੈ ?

ਉ: ਹੇ ਭਾਈਓ ! ਉਂਝ ਤਾਂ ਰੱਬੀ-ਮਾਰਗ 'ਤੇ ਸਫ਼ਰ ਕਰਨ ਵਾਲੇ ਪਾਂਧੀ ਨੂੰ ਸਤਿ, ਸੰਤੋਖ, ਦਇਆ, ਧਰਮ, ਵੀਚਾਰ ਆਦਿ ਸਮੂੰਹ ਗੁਣਾਂ ਦਾ ਧਾਰਨੀ ਹੋਣਾ ਅਤਿ ਜ਼ਰੂਰੀ ਹੈ, ਕਿਉਂਕਿ ਇਨ੍ਹਾਂ ਗੁਣਾਂ ਦੇ ਧਾਰਨੀ ਨੂੰ ਹੀ ਪਰਮੇਸ਼ਰ ਪਤੀ ਦਾ ਮਿਲਾਪ ਹੁੰਦਾ ਹੈ। ਪਰ ਇਨ੍ਹਾਂ ਗੁਣਾਂ ਦਾ ਧਾਰਨੀ ਹੋ ਕੇ ਭੀ ਇਨ੍ਹਾਂ ਗੁਣਾਂ ਦਾ ਮਨ ਵਿਚ ਮਾਣ ਨਹੀਂ ਕਰਨਾ, ਕਿਉਂਕਿ ਮਾਣ ਮਨ ਵਿਚ ਇਕ ਅਜਿਹੀ ਦੀਵਾਰ ਹੈ ਜੋ ਪ੍ਰਭੂ ਪਤੀ ਦਾ ਮਿਲਾਪ ਨਹੀਂ ਹੋਣ ਦੇਂਦੀ, ਇਸ ਲਈ ਸਾਰੇ ਗੁਣਾਂ ਦਾ ਤੱਤ ਜੋ ਨਿਮਰਤਾ ਹੈ ਇਸਦਾ ਧਾਰਨੀ ਹੋਣਾ ਅਵੱਸ਼ ਹੈ। ਇਸ ਭਾਵ ਨੂੰ ਸਤਿਗੁਰੂ ਜੀ ਨੇ ਬਾਣੀ ਵਿਚ ਅੰਕਤ ਕੀਤਾ ਹੈ, ਜਿਵੇਂ ਕਿ :

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥
ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ॥
ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥

*(ਸਲੋਕ ਮ: ੧), ਪੰਨਾ ੪੭੦)*

ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ ॥
ਸੋਭਾਵੰਤੀ ਸੋਹਾਗਣੀ ਜਿਨ ਗੁਰ ਕਾ ਹੇਤੁ ਅਪਾਰੁ ॥੨॥

*(ਸਿਰੀਰਾਗੁ ਮਹਲਾ ੩, ਪੰਨਾ ੩੧)*

ਇਸ ਤੋਂ ਆਦਿ ਹੋਰ ਭੀ ਉਦਾਹਰਣ ਮਿਲਦੇ ਹਨ ਕਿ ਜਿਨ੍ਹਾਂ ਨੇ ਭੀ ਨਿੰਮ੍ਰਤਾ ਦੇ ਗੁਣ ਨੂੰ ਧਾਰਨ ਕੀਤਾ ਹੈ, ਉਸਨੂੰ ਪਤੀ ਪਰਮੇਸ਼ਰ ਦਾ ਸਹਿਜੇ ਹੀ ਮਿਲਾਪ ਹੋ ਗਿਆ ਹੈ। ਸੋ, ਮੈਂ ਭੀ ਉਪ੍ਰੋਕਤ ਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਕੁ ਪੰਗਤੀਆਂ ਅੰਕਤ ਕੀਤੀਆਂ ਹਨ ਕਿ ਜਿਨ੍ਹਾਂ ਨੇ ਭੀ ਇਸ ਨਿਮਰਤਾ ਦੇ ਗੁਣ ਨੂੰ ਧਾਰਨ ਕੀਤਾ ਹੈ, ਉਹ ਸੁਖਦਾਇਕ ਫਲਾਂ ਨਾਲ ਫਲੀਭੂਤ ਹੋਏ ਹਨ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਬ੍ਰਿਛ ਆਪਣਾ ਸਿਰ ਹੇਠਾਂ ਰਖਦਾ ਹੈ ਤਾਂ ਉਹ ਹਜ਼ਾਰਾਂ ਫਲਾਂ ਨਾਲ ਫਲਦਾ ਹੈ।
(੨) (ਇਸੇ ਹੀ ਤਰ੍ਹਾਂ) ਪਾਣੀ ਸਿਰ ਨੀਵਾਂ ਰੱਖ ਕੇ ਨੀਵਾਣ ਵੱਲ ਚਲਦਾ ਹੈ, ਤਦੋਂ ਹੀ ਉਸਨੂੰ ਨਿਰਮਲ ਕਿਹਾ ਜਾਂਦਾ ਹੈ।
(੩) (ਜਿਵੇਂ) ਸਿਰ ਉੱਚਾ ਹੁੰਦਾ ਹੈ ਤੇ ਪੈਰ ਨੀਵੇਂ ਹੁੰਦੇ ਹਨ, ਪਰ ਸਿਰ ਗੁਰਮੁਖਾਂ ਦੀ ਪੈਰੀਂ ਪੈਂਦਾ ਹੈ।
(੪) (ਜਿਵੇਂ) ਸਾਰਿਆਂ ਤੋਂ ਨੀਵੀਂ ਧਰਤੀ ਹੈ, ਪਰ ਉਸ ਤੋਂ ਸਾਰਾ ਸੰਸਾਰ ਅੰਨ ਧਨ ਪ੍ਰਾਪਤ ਕਰਦਾ ਹੈ।
(੫) (ਇਸ ਲਈ) ਉਹ ਧਰਤੀ ਤੇ ਉਹ ਥਾਂ ਧੰਨ ਹੈ, ਜਿਥੇ ਗੁਰੂ ਦਾ ਸਿਖ ਸਾਧ ਆਪਣਾ ਪੈਰ ਧਰਦਾ ਹੈ।
(੬) ਉਨ੍ਹਾਂ ਗੁਰਮੁਖਾਂ ਦੀ ਚਰਨ ਧੂੜੀ ਦੀ ਪ੍ਰਧਾਨਤਾ (ਵਡਿਆਈ) ਨੂੰ ਸੰਤ ਤੇ ਵੇਦ ਗਾ ਕੇ ਸੁਣਾਉਂਦੇ ਹਨ।
(੭) ਵੱਡੇ ਭਾਗਾਂ ਵਾਲੇ ਹਨ ਉਹ ਪੁਰਸ਼, ਜੋ ਇਸ ਚਰਨ ਧੂੜ ਨੂੰ ਲੈ ਕੇ ਆਪਣੇ ਮਸਤਕ 'ਤੇ ਲਾਉਂਦੇ ਹਨ।੧੫।

***ਭਾਵਾਰਥ :*** ਬਾਣੀ ਵਿਚ ਮਹਾਂ ਪੁਰਸ਼ਾਂ ਦੀ ਚਰਨ ਧੂੜ ਦੀ ਕਈ ਥਾਵਾਂ 'ਤੇ ਮਹਿਮਾ ਉਚਾਰਨ ਕੀਤੀ ਗਈ ਹੈ, ਜਿਵੇਂ ਕਿ :

ਦਾਸ ਕੀ ਰੇਣੁ ਪਾਏ ਜੇ ਕੋਇ ॥
ਨਾਨਕ ਤਿਸ ਕੀ ਪਰਮਗਤਿ ਹੋਇ ॥੪॥੩੫॥੪੬॥

*(ਰਾਮਕਲੀ ਮ: ੫, ਪੰਨਾ ੮੯੭)*

ਪਾਰਬ੍ਰਹਮ ਮੋਹਿ ਕਿਰਪਾ ਕੀਜੈ ॥
ਧੂਰਿ ਸੰਤਨ ਕੀ ਨਾਨਕ ਦੀਜੈ ॥੪॥੧੭॥੮੬॥

*(ਗਉੜੀ ਮ: ੫, ਪੰਨਾ ੧੮੧)*

ਧੂੜਿ ਤਿਨ੍ਾ ਕੀ ਅਘੁਲੀਐ ਭਾਈ
ਸਤਸੰਗਤਿ ਮੇਲਿ ਮਿਲਾਇ ॥੩॥

*(ਬਸੰਤੁ ਮ: ੩, ਪੰਨਾ ੧੧੭੭)*

ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ
ਨਾਨਕ ਕੀ ਅਰਦਾਸਿ ॥੩॥

*(ਤਿਲੰਗ ਮ: ੧, ਪੰਨਾ ੭੨੨)*

ਧੂੜੀ ਵਿਚਿ ਲੁਡੰਦੜੀ ਸੋਹਾਂ
ਨਾਨਕ ਤੈ ਸਹ ਨਾਲੇ ॥੨॥

*(ਸਲੋਕ ਮ: ੫, ਪੰਨਾ ੧੪੨੫)*

ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ ॥
ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲ ॥੧॥

*(ਡਖਣਾ, ਪੰਨਾ ੮੦)*

ਭਾਵ ਹੈ, ਕਿ ਸਾਧੂਆਂ ਦੀ ਧੂੜੀ ਵਿਚ ਇਸ਼ਨਾਨ ਕਰਨਾ ਭੀ ਤਦੋਂ ਹੀ ਪ੍ਰਾਪਤ ਹੁੰਦਾ ਹੈ, ਜਦੋਂ ਉਹ ਸਾਈਂ ਮਾਲਕ ਆਪ ਹੀ ਪ੍ਰਸੰਨ ਹੋਵੇ, ਸਾਈਂ ਜੀ ਦੀ ਪ੍ਰਸੰਨਤਾ ਦਾ ਸਦਕਾ ਮਹਾਂ ਪੁਰਖਾਂ ਦੀ ਧੂੜੀ ਵਿਚ ਇਸ਼ਨਾਨ ਕਰਨ ਵਾਲੇ ਸਾਧਕ ਨੂੰ ਸਾਰੇ ਹੀ ਪਦਾਰਥਾਂ ਦੀ ਪ੍ਰਾਪਤੀ ਹੋ ਜਾਂਦੀ ਹੈ, ਆਖ਼ਰ ਉਹ ਆਪਣੇ ਸਾਈਂ ਜੀ ਦੇ ਚਰਨਾਂ ਵਿਚ ਜਾ ਸਮਾਉਂਦਾ ਹੈ।

## ੧੬. ਪੂਰਨ ਗੁਰੂ, ਗੁਰੂ ਨਾਨਕ ਦੇਵ ਜੀ

**੧. ਪੂਰਾ ਸਤਿਗੁਰ ਜਾਣੀਐ**
**ਪੂਰੇ ਪੂਰਾ ਠਾਟ ਬਣਾਯਾ।**
**੨. ਪੂਰੇ ਪੂਰਾ ਤੋਲ ਹੈ**
**ਘਟੈ ਨ ਵਧੈ ਘਟਾਇ ਵਧਾਯਾ।**
**੩. ਪੂਰੇ ਪੂਰੀ ਮੱਤਿ ਹੈ**
**ਹੋਰਸੁ ਪੁੱਛ ਨ ਮਤਾ ਪਕਾਯਾ।**
**੪. ਪੂਰੇ ਪੂਰਾ ਮੰਤੁ ਹੈ**
**ਪੂਰਾ ਬਚਨ ਨ ਟਲੈ ਟਲਾਯਾ।**

**੫. ਸੱਭੇ ਇੱਛਾ ਪੂਰੀਆਂ**
**ਸਾਧ ਸੰਗਤਿ ਮਿਲ ਪੂਰਾ ਪਾਯਾ।**
**੬. ਵੀਹ ਇਕੀਹ ਉਲੰਘਕੇ**
**ਪਤਿ ਪਉੜੀ ਚੜ੍ਹਿ ਨਿਜ ਘਰ ਆਯਾ।**
**੭. ਪੂਰੇ ਪੂਰਾ ਹੋਇ ਸਮਾਯਾ ॥੧੬॥**

***ਪਦ ਅਰਥ :*** ਠਾਟ—ਬਣਾਉ। ਘਟਾਇ ਵਧਾਯਾ—ਘਟਾਣ ਵਧਾਉਣ ਨਾਲ। ਮਤਾ—ਗੁਰਮਤਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਦੋਂ ਸੰਸਾਰ ਭਰ ਵਿਚ ਨਜ਼ਰ ਮਾਰਦੇ ਹਾਂ ਤਾਂ ਵੱਖ ਵੱਖ ਥਾਵਾਂ 'ਤੇ ਭਿੰਨ ਭਿੰਨ ਗੁਰੂ ਨਜ਼ਰ ਆਉਂਦੇ ਹਨ, ਲੋਕ ਉਨ੍ਹਾਂ ਨੂੰ ਗੁਰੂ ਜਾਣ ਕੇ ਪੂਜਾ ਭੀ ਕਰਦੇ ਹਨ, ਕਿਉਂਕਿ ਉਨ੍ਹਾਂ ਵਿਚ ਹਰ ਗੁਰੂ ਹੀ ਪੂਰਨ ਗੁਰੂ ਹੋਣ ਦਾ ਦਾਅਵਾ ਕਰਦਾ ਹੈ, ਕਿਉਂ ਜੀ! ਅਜਿਹੇ ਗੁਰੂ ਹੋਣ ਦਾ ਦਾਅਵਾ ਕਰਨ ਵਾਲਿਆਂ ਦੇ ਸੰਬੰਧ ਵਿਚ ਤੁਸੀਂ ਗੁਰਮਤ ਅਨੁਸਾਰ ਆਪਣੇ ਵੀਚਾਰ ਦੱਸਣ ਦੀ ਕ੍ਰਿਪਾ ਕਰੋ ਤਾਕਿ ਸਾਡਾ ਭਰਮ ਭੁਲੇਖਾ ਭੀ ਦੂਰ ਹੋ ਸਕੇ?

ਉ: ਹੇ ਭਾਈਓ! ਮੈਨੂੰ ਤਾਂ ਗੁਰਬਾਣੀ ਦੁਆਰੇ ਜੋ ਬੋਧ ਮਿਲਿਆ ਹੈ ਉਹ ਇਹੋ ਹੈ ਕਿ ਜੋ ਆਪਣੇ ਆਪ ਨੂੰ ਗੁਰੂ ਸਦਵਾਉਣ ਦਾ ਦਾਅਵਾ ਕਰਦਾ ਹੈ ਉਹ ਗੁਰੂ ਹੋ ਹੀ ਨਹੀਂ ਸਕਦਾ, ਕਿਉਂਕਿ ਜੋ ਸਹੀ ਰੂਪ ਵਿਚ ਸੱਚਾ ਗੁਰੂ ਹੈ ਉਹ ਤਾਂ ਲੋਕਾਂ ਦੇ ਦਿਲਾਂ ਵਿਚੋਂ ਸੰਸਾਰ ਦੇ ਦਾਅਵੇ ਦੂਰ ਕਰਦਾ ਹੈ, ਪਰ ਜੋ ਆਪ ਹੀ ਦਾਅਵੇ ਵਿਚ ਬੱਝਾ ਹੋਇਆ ਹੈ ਉਸਨੂੰ ਤਾਂ ਗੁਰੂ ਕਹਿਣਾ ਹੀ ਅਗਿਆਨਤਾ ਹੈ, ਐਸੇ ਅਗਿਆਨੀ ਦਾ ਆਪ ਨੂੰ ਗੁਰੂ ਅਖਵਾਉਣਾ ਤੇ ਉਸਨੂੰ ਗੁਰੂ ਮੰਨਣ ਵਾਲੇ ਨੂੰ ਗੁਰਬਾਣੀ ਨੇ ਅੰਧਾ ਫ਼ੁਰਮਾਇਆ ਹੈ, ਜਿਵੇਂ ਕਿ :

ਗੁਰੂ ਸਦਾਏ ਅਗਿਆਨੀ ਅੰਧਾ
ਕਿਸੁ ਓਹੁ ਮਾਰਗਿ ਪਾਇ ॥੩॥
*(ਗੂਜਰੀ ਮ: ੩, ਪੰਨਾ ੪੯੧)*

ਭਾਵ ਜਦ ਉਹ ਆਪ ਹੀ ਅੰਧਾ ਹੈ ਤਾਂ ਉਹ ਹੋਰ ਕਿਸੇ ਨੂੰ ਮੁਕਤੀ ਦਾ ਮਾਰਗ ਕਿਵੇਂ ਦਰਸਾ ਸਕਦਾ ਹੈ, ਉਹ ਤਾਂ ਜਿਸ ਅਗਿਆਨਤਾ ਦੇ ਗਹਿਰੇ ਖਦਾਨ ਵਿਚ ਆਪ ਡੁੱਬਾ ਹੋਇਆ ਹੈ ਬਾਕੀ ਦਿਆਂ ਨੂੰ ਭੀ ਉਸੇ ਖਾਤੇ ਵਿਚ ਡਬੋਏਗਾ।

ਸੋ, ਜਦੋਂ ਅਸੀਂ ਪੂਰੇ ਗੁਰੂ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁੱਛੀਏ ਤਾਂ ਉਹ ਸਾਨੂੰ ਇਹੋ ਜਾਣਕਾਰੀ ਦਿੰਦੇ ਹਨ ਕਿ ਹੇ ਪਿਆਰਿਓ! ਜੇ ਤੁਹਾਨੂੰ ਅਜਿਹਾ ਗੁਰੂ ਮਿਲ ਸਕੇ ਜਿਸ ਵਿਚ ਇਹ ਵਿਸ਼ੇਸ਼ ਗੁਣ ਵੇਖੋ ਉਸ ਦੁਆਰੇ ਹੀ ਤੁਹਾਨੂੰ ਪੂਰਨ ਸੁਖ ਪ੍ਰਾਪਤ ਹੋ ਸਕਦਾ ਹੈ, ਉਹ ਗੁਣ ਇਹ ਹਨ :

ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ ॥
ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ ॥੧॥
*(ਸਲੋਕੁ ਮ: ੧, ਪੰਨਾ ੧੩੭)*

ਗੁਰੁ ਦਾਤਾ ਦਾਤਾਰੁ ਹੈ
ਹਉ ਮਾਗਉ ਦਾਨੁ ਗੁਰ ਪਾਸਿ ॥
ਚਿਰੀ ਵਿਛੁੰਨਾ ਮੇਲਿ ਪ੍ਰਭ
ਮੈ ਮਨਿ ਤਨਿ ਵਡੜੀ ਆਸ ॥
*(ਮਾਰੂ ਮਹਲਾ ੪, ਪੰਨਾ ੯੯੬)*

ਗੁਰੁ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ ॥
ਗੁਰੁ ਅਗੋਚਰੁ ਨਿਰਮਲਾ
ਗੁਰ ਜੇਵਡੁ ਅਵਰੁ ਨ ਕੋਇ ॥
ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ ॥
ਗੁਰ ਤੇ ਬਾਹਰਿ ਕਿਛੁ ਨਹੀ
ਗੁਰੁ ਕੀਤਾ ਲੋੜੇ ਸੁ ਹੋਇ ॥੨॥
ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ ॥
ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ ॥
ਗੁਰੁ ਸਮਰਥੁ ਗੁਰੁ ਨਿਰੰਕਾਰੁ
ਗੁਰੁ ਊਚਾ ਅਗਮ ਅਪਾਰੁ ॥
ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ ॥੩॥
ਜਿਤੜੇ ਫਲ ਮਨਿ ਬਾਛੀਅਹਿ
ਤਿਤੜੇ ਸਤਿਗੁਰ ਪਾਸਿ ॥.......
ਸਤਿਗੁਰ ਸਰਣੀ ਆਇਆਂ ਬਾਹੁੜਿ ਨਹੀ ਬਿਨਾਸੁ ॥
*(ਸਿਰੀਰਾਗੁ ਮ: ੫, ਪੰਨਾ ੫੨)*

ਗੁਰੁ ਦਾਤਾ ਸਮਰਥੁ ਗੁਰੁ
ਗੁਰੁ ਸਭ ਮਹਿ ਰਹਿਆ ਸਮਾਇ ॥
ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ ॥੨॥
ਕਿਤੁ ਮੁਖਿ ਗੁਰੁ ਸਾਲਾਹੀਐ ਕਰਣ ਕਾਰਣ ਸਮਰਥੁ ॥
ਸੇ ਮਥੇ ਨਿਹਚਲ ਰਹੇ ਜਿਨ ਗੁਰਿ ਧਾਰਿਆ ਹਥੁ ॥
ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ ॥
ਗੁਰੁ ਪਰਮੇਸਰੁ ਸੇਵਿਆ ਭੈ ਭੰਜਨੁ ਦੁਖੁ ਲਥੁ ॥੩॥
ਸਤਿਗੁਰੁ ਗਹਿਰ ਗਭੀਰੁ ਹੈ ਸੁਖ ਸਾਗਰੁ ਅਘਖੰਡੁ ॥
ਜਿਨਿ ਗੁਰੁ ਸੇਵਿਆ ਆਪਣਾ
ਜਮਦੂਤੁ ਨ ਲਾਗੈ ਡੰਡੁ ॥

ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ ॥
ਨਾਮੁ ਨਿਧਾਨੁ ਸਤਿਗੁਰਿ ਦੀਆ
ਸੁਖੁ ਨਾਨਕ ਮਨ ਮਹਿ ਮੰਡੁ ॥੪॥੨੦॥੯੦॥

*(ਸਿਰੀ ਰਾਗੁ ਮਹਲਾ ੫, ਪੰਨਾ ੪੯)*

ਇਸ ਤੋਂ ਆਦਿ ਗੁਰਬਾਣੀ ਵਿਚੋਂ ਸਾਨੂੰ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਵਿਚ ਪੂਰਨ ਗੁਰੂ ਦੇ ਵਿਸ਼ੇਸ਼ ਗੁਣਾਂ ਦਾ ਕਥਨ ਕੀਤਾ ਗਿਆ ਹੈ, ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਵਿਚੋਂ ਜੋ ਮੈਨੂੰ ਪ੍ਰੇਰਨਾ ਮਿਲੀ ਹੈ ਉਸ ਨੂੰ ਮੁਖ ਰਖ ਕੇ ਇਸ ਪਉੜੀ ਵਿਚ ਗੁਰੂ ਦੇ ਮੈਂ ਨਾਮ-ਮਾਤ੍ਰ ਗੁਣਾਂ ਦਾ ਸੰਗ੍ਰਹਿ ਕੀਤਾ ਹੈ, ਪਰ ਮੈਂ ਜਦੋਂ ਦੂਰ-ਦਰਸ਼ੀ ਨਜ਼ਰ ਨਾਲ ਤੱਕਿਆ ਹੈ ਤਾਂ ਸੰਪੂਰਨ ਗੁਣਾਂ ਦਾ ਭੰਡਾਰ ਮੈਨੂੰ ਨਿਰੰਕਾਰ ਦਾ ਸਰੂਪ ਗੁਰੂ ਨਾਨਕ ਨਿਰੰਕਾਰੀ ਹੀ ਨਜ਼ਰ ਆਏ ਹਨ, ਜਿਨ੍ਹਾਂ ਦੇ ਗੁਣਾਂ ਦਾ ਪ੍ਰਗਟਾਵਾ ਆਪਣੀ ਤੁੱਛ-ਬੁਧੀ ਅਨੁਸਾਰ ਤੁੱਛ-ਮਾਤ੍ਰ ਇਉਂ ਕੀਤਾ ਹੈ :

(੧) ਸਤਿਗੁਰੂ (ਨਾਨਕ ਦੇਵ ਜੀ) ਨੂੰ ਪੂਰਾ ਗੁਰੂ ਜਾਣੋ, (ਕਿਉਂਕਿ) ਉਸ ਪੂਰੇ (ਗੁਰੂ) ਨੇ ਪੂਰਾ ਬਣਾਉ ਬਣਾਇਆ ਹੈ।
(੨) ਪੂਰੇ (ਗੁਰੂ) ਦਾ ਤੋਲ (ਵਿਚਾਰ) ਵੀ ਪੂਰਾ ਹੈ, ਜੋ ਕਿਸੇ ਦੇ ਯਤਨ ਨਾਲ ਘਟਦਾ ਵਧਦਾ ਨਹੀਂ।
(੩) ਪੂਰੇ (ਗੁਰੂ) ਦੀ ਮੱਤ (ਸਿਖਿਆ) ਵੀ ਪੂਰੀ ਹੈ, ਕਿਉਂਕਿ ਉਹ ਕਿਸੇ ਤੋਂ ਪੁੱਛ ਕੇ ਕੋਈ ਸਲਾਹ ਨਹੀਂ ਕਰਦਾ।
(੪) ਪੂਰੇ (ਗੁਰੂ) ਦਾ ਉਪਦੇਸ਼ ਵੀ ਪੂਰਾ ਹੈ, ਉਸਦਾ ਬਚਨ ਵੀ ਪੂਰਾ ਹੈ ਜੋ ਕਿਸੇ ਦੇ ਟਲਾਇਆਂ ਟਲਦਾ ਨਹੀਂ।
(੫) ਜਿਸ ਨੇ ਸਾਧ ਸੰਗਤ ਵਿਚ ਮਿਲ ਕੇ ਪੂਰੇ ਗੁਰੂ ਨੂੰ ਲੱਭ ਲਿਆ ਹੈ, ਉਸ ਦੀਆਂ ਸਭ ਮਨੋ-ਕਾਮਨਾ ਪੂਰੀਆਂ ਹੋ ਜਾਂਦੀਆਂ ਹਨ।
(੬) ਉਹ ਸਿਖ ਸੰਸਾਰਕ ਗਿਣਤੀਆਂ ਨੂੰ ਲੰਘ ਕੇ ਪਤਿ (ਇਜ਼ਤ) ਦੀ ਪਉੜੀ ਚੜ੍ਹ ਕੇ ਆਪਣੇ ਘਰ (ਸ੍ਵੈ-ਸਰੂਪ) ਵਿਚ ਪਹੁੰਚ ਜਾਂਦਾ ਹੈ।
(੭) ਅਤੇ ਪੂਰਨ ਹੋ ਕੇ (ਪੂਰੇ ਪ੍ਰਭੂ) ਵਿਚ ਸਮਾ ਜਾਂਦਾ ਹੈ।੧੬।

***ਭਾਵਾਰਥ :*** ਜਦੋਂ ਅਸੀਂ ਸੰਸਾਰੀ ਮਨੁੱਖਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਹਰ ਸੰਸਾਰੀ ਬੰਦਾ ਵੱਖੋ ਵੱਖ ਆਪੋ ਆਪਣੇ ਕਾਰਜਾਂ ਵਿਚ ਰੁੱਝਾ ਹੋਇਆ ਹੈ, ਪਰ ਜਿਸ ਕਾਰਜ ਦੀ ਕੋਈ ਅਰੰਭਤਾ ਕਰਦਾ ਤਾਂ ਉਸਦੀ ਸਫਲਤਾ ਲਈ ਉਹ ਕਿਸੇ ਦੂਸਰੇ ਸਿਆਣੇ ਬੁਧੀਜੀਵੀ ਤੋਂ ਸਲਾਹ ਮਸ਼ਵਰਾ ਲੈਂਦਾ ਹੈ ਤਾਕਿ ਇਸ ਵਿਚ ਕੋਈ ਵਿਘਨ ਨਾ ਪੈ ਜਾਏ। ਉਸਨੂੰ ਦੂਸਰੇ ਤੋਂ ਪੁੱਛ ਕਰਨ ਦੀ ਤਦੋਂ ਹੀ ਲੋੜ ਪੈਂਦੀ ਹੈ ਜਦ ਕਿ ਉਹ ਆਪਣੇ ਵਿਚ ਅਪੂਰਨਤਾ ਅਨੁਭਵ ਕਰਦਾ ਹੈ। ਪਰ ਜਦੋਂ ਅਸੀਂ ਪੂਰੇ ਗੁਰੂ, ਗੁਰੂ ਨਾਨਕ ਦੇਵ ਦੇ ਜੀਵਨ ਸਫ਼ਰ ਵੱਲ ਨਜ਼ਰ ਮਾਰਦੇ ਹਾਂ ਤਾਂ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਹਰ ਥਾਂ ਸੰਪੂਰਨਤਾ ਨੇ ਹੀ ਉਨ੍ਹਾਂ ਦਾ ਸਾਥ ਦਿਤਾ ਹੈ, ਕਿਉਂਕਿ ਜਿਥੇ ਭੀ ਆਪ ਗਏ ਹਨ ਉਥੇ ਜਾ ਕੇ ਆਪ ਜੀ ਨੇ ਕਿਸੇ ਤੋਂ ਕਿਸੇ ਸੁਆਲ ਦਾ ਜੁਆਬ ਨਹੀਂ ਮੰਗਿਆ ਕਿਉਂਕਿ ਕਿਸੇ ਸੁਵਾਲੀ ਵੱਲੋਂ ਕੀਤਾ ਗਿਆ ਸੁਆਲ ਇਹ ਸਾਬਤ ਕਰਦਾ ਹੈ ਕਿ ਇਸ ਵਿਚ ਅਧੂਰਾਪਨ ਹੈ, ਪਰ ਪੂਰੇ ਗੁਰੂ ਨਾਨਕ ਦੇਵ ਜੀ ਜਿਥੇ ਭੀ ਗਏ ਉਥੋਂ ਜੋ ਭੀ ਕਿਸੇ ਵੱਲੋਂ ਪ੍ਰਸ਼ਨ ਹੋਏ ਉੱਤਰ ਵਿਚ ਉਨ੍ਹਾਂ ਦੀ ਪੂਰਨ ਰੂਪ ਵਿਚ ਤਸੱਲੀ ਕਰਵਾਈ ਗਈ। ਸਿੱਧਾਂ ਪਾਸ ਗਏ ਉਨ੍ਹਾਂ ਵੱਲੋਂ ਜੋ ਭਿੰਨ ਭਿੰਨ ਪ੍ਰਸ਼ਨ ਕੀਤੇ ਗਏ ਉਨ੍ਹਾਂ ਦੇ ਉੱਤਰ ਸੁਣ ਕੇ ਉਨ੍ਹਾਂ ਸਿੱਧਾਂ ਨੂੰ ਗੁਰੂ ਨਾਨਕ ਦੇਵ ਦੇ ਹਰ ਪੱਖੋਂ ਪੂਰਨ ਹੋਣ ਦੀ ਭਾਵਨਾ ਨੇ ਜਨਮ ਲਿਆ। ਇਸੇ ਤਰ੍ਹਾਂ ਮੱਕੇ ਮਦੀਨੇ ਗਏ, ਗੰਗਾ ਜੀ ਗਏ ਤੇ ਹਰਿਦੁਆਰ ਅਨੇਕਾਂ ਥਾਵਾਂ 'ਤੇ ਪੁੱਜੇ, ਉਹ ਕਿਸੇ 'ਤੇ ਕੋਈ ਸੁਆਲ ਦਾ ਜੁਆਬ ਲੈਣ ਨਹੀਂ, ਸਗੋਂ ਉਨ੍ਹਾਂ ਵੱਲੋਂ ਕੀਤੇ ਗਏ ਸੁਆਲਾਂ ਦਾ ਜੁਆਬ ਦੇਣ ਲਈ ਆਪ ਜੀ ਨੇ ਨੌਂ ਖੰਡ ਪ੍ਰਿਥਵੀ ਦਾ ਚੱਕ੍ਰ ਲਾ ਕੇ ਉਸ ਪਰੀਪੂਰਨ ਪਰਮੇਸ਼ਰ ਦੀ ਪ੍ਰਾਪਤੀ ਦਾ ਉਪਦੇਸ਼ ਦਿਤਾ ਇਸੇ ਲਈ ਹੀ ਇਹ ਕਿਹਾ ਜਾਂਦਾ ਹੈ ਕਿ ਸਭ ਤੋਂ ਵਡਾ ਸਤਿਗੁਰ ਨਾਨਕ।

## ੧੭. ਸਤਿਗੁਰ ਜਾਗਤਾ ਹੈ ਦੇਵ

**੧. ਸਿੱਧ ਸਾਧਿਕ ਮਿਲ ਜਾਗਦੇ**
**ਕਰ ਸ਼ਿਵਰਾਤੀ ਜਾਤੀ ਮੇਲਾ।**
**੨. ਮਹਾਂਦੇਉ ਅਉਧੂਤ ਹੈ**
**ਕਵਲਾਸਣ ਆਸਣ ਰਸ ਕੇਲਾ।**
**੩. ਗੋਰਖੁ ਜੋਗੀ ਜਾਗਦਾ**
**ਗੁਰ ਮਾਛਿੰਦ੍ਰ ਧਰੀ ਸੁ ਧਰੇਲਾ।**
**੪. ਸਤਿਗੁਰ ਜਾਗ ਜਗਾਇੰਦਾ**
**ਸਾਧਸੰਗਤ ਮਿਲ ਅੰਮ੍ਰਿਤ ਵੇਲਾ।**

**੫. ਨਿਜ ਘਰ ਤਾੜੀ ਲਾਇਅਨ**
**ਅਨਹਦ ਸ਼ਬਦ ਪਿਰਮ ਰਸ ਕੇਲਾ।**
**੬. ਆਦਿ ਪੁਰਖ ਆਦੇਸ਼ ਹੈ**
**ਅਲਖ ਨਿਰੰਜਨ ਨੇਹੁ ਨਵੇਲਾ।**
**੭. ਚੇਲੇ ਤੇ ਗੁਰੁ ਗੁਰੁ ਤੇ ਚੇਲਾ॥੧੭॥**

***ਪਦ ਅਰਥ :*** ਸਾਧਿਕ—ਸਾਧਨਾ ਕਰਨ ਵਾਲੇ। ਜਾਤੀ—ਜਾਤਰੂ। ਅਉਧੂਤ—ਜੋਗੀ। ਕਵਲਾਸਣ—ਬ੍ਰਹਮਾ। ਧਰੇਲਾ—ਧਰੇਲ, ਰਾਣੀ ਦਾ ਨਾਮ ਹੈ। ਪਿਰਮ ਰਸ—ਪ੍ਰੇਮ ਰਸ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਸੰਸਾਰ ਵਿਚ ਜਿਤਨੇ ਭੀ ਸਿੱਧ ਸਾਧਕ ਤੇ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਆਦਿ ਸ਼ਕਤੀ-ਸ਼ਾਲੀ ਦੇਵਤੇ ਮੰਨੇ ਗਏ ਹਨ ਅਤੇ ਗੋਰਖ ਆਦਿ ਜੋਗੀਆਂ ਦਾ ਭੀ ਲੋਕਾਂ ਵਿਚ ਬੜਾ ਚਰਚਾ ਹੈ, ਪਰ ਇਨ੍ਹਾਂ ਸਭਨਾਂ ਨਾਲੋਂ ਗੁਰੂ ਨਾਨਕ ਦੇਵ ਵਿਚ ਕਿਹੜਾ ਵਿਸ਼ੇਸ਼ ਗੁਣ ਸੀ, ਜਿਸਦਾ ਸਦਕਾ ਉਨ੍ਹਾਂ ਨੂੰ ਸਾਰਿਆਂ ਤੋਂ ਵਡੇਰਾ ਗੁਰੂ ਮੰਨਿਆ ਜਾਂਦਾ ਹੈ ?

ਉ: ਹੇ ਭਾਈਓ ! ਇਸ ਪੱਖ ਦੀ ਜਦੋਂ ਗੁਰਬਾਣੀ ਦੁਆਰੇ ਵੀਚਾਰ ਕਰੀਏ ਤਾਂ ਇਹੋ ਬੋਧ ਮਿਲਦਾ ਹੈ ਕਿ ਗੁਰੂ ਦੇ ਸਮਾਨ ਹੋਰ ਕੋਈ ਭੀ ਦੇਵਤਾ ਨਹੀਂ, ਜਿਵੇਂ :

ਗੁਰ ਜੈਸਾ ਨਾਹੀ ਕੋ ਦੇਵ॥
ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ॥੧॥ਰਹਾਉ॥
*(ਭੈਰਉ ਮ: ੫, ਪੰਨਾ ੧੧੪੨)*

ਭਾਵ ਹੈ ਜਦੋਂ ਅਸੀਂ ਇਨ੍ਹਾਂ ਸਾਰੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਆਦਿ ਦੇਵਤਿਆਂ ਵੱਲ ਨਜ਼ਰ ਮਾਰਦੇ ਹਾਂ ਤਾਂ ਇਹ ਸਾਰੇ ਹੀ ਆਉਂਦੇ ਜਾਂਦੇ ਦਿੱਸਦੇ ਹਨ, ਕਿਉਂਕਿ ਇਨ੍ਹਾਂ ਦਾ ਭੀ ਸਮਾਂ ਨੀਅਤ ਹੈ, ਪਰ ਗੁਰੂ ਨਾਨਕ ਦੇਵ ਤਾਂ ਅਬਿਨਾਸ਼ੀ ਸਰੂਪ ਹੈ, ਉਹ ਤਾਂ ਸਦਾ ਹੀ ਇਕ ਰਸ ਰਹਿਣ ਵਾਲੇ ਹਨ, ਜਿਵੇਂ ਕਿ ਫ਼ੁਰਮਾਨ ਹੈ :

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ॥
ਓਹੁ ਅਬਿਨਾਸੀ ਪੁਰਖੁ ਹੈ
ਸਭ ਮਹਿ ਰਹਿਆ ਸਮਾਇ॥੧੩॥
*(ਸੂਹੀ ਮਹਲਾ ੪, ਪੰਨਾ ੭੫੯)*

ਸੋ, ਮੈਂ ਭੀ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉਲੀਕੀਆਂ ਹਨ, ਜਿਨ੍ਹਾਂ ਵਿਚ ਬਾਕੀ ਦੇ ਦੇਵਤਿਆਂ ਨਾਲੋਂ ਗੁਰੂ ਨਾਨਕ ਦੇਵ ਜੀ ਦੇ ਵਿਸ਼ੇਸ਼ ਗੁਣਾਂ ਦਾ ਨਿਰੂਪਨ ਕੀਤਾ ਹੈ, ਜਿਵੇਂ ਕਿ :

(੧) (ਇਹ ਅਸੀਂ ਆਮ ਹੀ ਵੇਖਦੇ ਹਾਂ ਕਿ) ਸਿੱਧ, ਸਾਧਿਕ ਤੇ ਜਾਤ੍ਰੀ ਸ਼ਿਵਰਾਤਰੀ ਦਾ ਮੇਲਾ ਕਰਦੇ ਹਨ ਤੇ ਸਾਰੀ ਰਾਤ ਜਾਗਦੇ ਹਨ।
(੨) ਸ਼ਿਵਜੀ ਜੋਗ ਵਿਚ ਮਸਤ ਰਹਿੰਦਾ ਹੈ ਤੇ ਬ੍ਰਹਮਾ ਕਵਲ ਦੇ ਆਸਣ ਦਾ ਰਸ ਮਾਣ ਰਿਹਾ ਹੈ।
(੩) ਜੋਗੀ ਗੋਰਖ ਜਾਗਦਾ ਹੈ, ਉਸਦਾ ਗੁਰੂ ਮਛਿੰਦਰ ਨਾਥ ਧਰੇਲ ਰਾਣੀ ਵਿਚ ਪ੍ਰਵੇਸ਼ ਕਰਕੇ ਅਨੰਦ ਮਾਣਦਾ ਹੈ।
(੪) (ਸਤਿਗੁਰੂ ਨਾਨਕ ਦੇਵ ਜੀ) ਆਪ ਜਾਗਦੇ ਹਨ ਤੇ ਅੰਮ੍ਰਿਤ ਵੇਲੇ ਹੋਰ ਸਿਖ ਸੰਗਤਾਂ ਨੂੰ ਸਾਧ ਸੰਗਤ ਕਰਨ ਲਈ ਜਗਾਉਂਦੇ ਹਨ।
(੫) (ਸਤਿਗੁਰੂ ਜੀ ਤੇ ਉਨ੍ਹਾਂ ਦੇ ਸਿਖ) ਆਪਣੇ ਸਰੂਪ ਵਿਚ ਸਮਾਧੀ ਲਾਉਂਦੇ ਹਨ ਤੇ ਅਨਹਦ ਸ਼ਬਦ ਤੇ ਪ੍ਰੇਮ-ਰਸ ਵਿਚ ਖੇਡਦੇ ਹਨ।
(੬) (ਇਸ ਲਈ) ਆਦਿ ਪੁਰਖ (ਗੁਰੂ ਨਾਨਕ) ਜੀ ਨੂੰ ਮੇਰੀ ਨਮਸ਼ਕਾਰ ਹੈ, ਜਿਸ ਦਾ ਨਵਾਂ ਪ੍ਰੇਮ ਅਲੱਖ ਤੇ ਮਾਇਆ ਰਹਿਤ ਪ੍ਰਭੂ ਨਾਲ ਬਣਿਆ ਰਹਿੰਦਾ ਹੈ।
(੭) ਉਸਦੇ ਉਪਦੇਸ਼ ਦੀ ਕਮਾਈ ਕਰਕੇ ਚੇਲਾ ਗੁਰੂ ਬਣ ਜਾਂਦਾ ਹੈ ਤੇ ਫਿਰ ਗੁਰੂ ਚੇਲਾ ਰੂਪ ਹੋ ਕੇ ਉਸਨੂੰ ਨਮਸ਼ਕਾਰ ਕਰਦਾ ਹੈ। ਭਾਵ ਗੁਰੂ ਤੇ ਚੇਲੇ ਵਿਚ ਕੋਈ ਭਿੰਨ ਭੇਦ ਨਹੀਂ ਰਹਿੰਦਾ।੧੭।

***ਭਾਵਾਰਥ :*** ਜਦੋਂ ਅਸੀਂ ਗੁਰੂ ਨਾਨਕ ਦੇਵ ਜੀ ਦੇ ਪਵਿੱਤ੍ਰ ਜੀਵਨ ਦੇ ਮੁਕਾਬਲੇ ਵਿਚ ਅਖੌਤੀ ਗੁਰੂ ਗੋਰਖ ਨਾਥ ਦੇ ਗੁਰੂ ਮਛਿੰਦ੍ਰ ਨਾਥ ਵੱਲ ਨਜ਼ਰ ਮਾਰਦੇ ਹਾਂ ਤਾਂ ਜਾਣਕਾਰੀ ਮਿਲਦੀ ਹੈ ਕਿ ਇਕ ਰਾਣੀ ਦਾ, ਜਿਸ ਪਰ ਮਛਿੰਦਰ ਆਸ਼ਕ ਸੀ, ਉਸਦਾ ਪਤੀ ਮ੍ਰਿਤੂ ਹੋ ਗਿਆ, ਹੁਣ ਮਛਿੰਦਰ ਨੇ ਦਾਉ ਤਾੜ ਕੇ ਮਛਿੰਦਰ ਪੁਣਾ ਕੀਤਾ ਕਿ ਰਾਜੇ ਦੀ ਦੇਹ ਵਿਚ ਪ੍ਰਵੇਸ਼ ਕਰਕੇ ਦੇਰ ਕਾਲ ਤਕ ਜਿਥੋਂ ਤੀਕ ਚੇਲੇ ਨੇ ਇਹ ਆਖ ਕੇ 'ਭਈ ਜਾਗ ਮਛਿੰਦਰ ਗੋਰਖ ਆਏ' ਸਾਵਧਾਨ ਨਾ ਕੀਤਾ ਉਤਨਾ ਚਿਰ ਰਾਣੀ ਨਾਲ ਅਨੰਦ ਲੁਟਿਆ, ਆਪਣੇ ਜੜੇ ਜੋਗ ਦਾ ਚੌਂਕਾ ਪਾ ਬੈਠਾ।

ਪਰ ਜਦੋਂ ਅਸੀਂ ਗੁਰੂ ਨਾਨਕ ਦੇਵ ਜੀ ਦੀ ਵੱਡੀ ਵਡਿਆਈ ਵੱਲ ਨਜ਼ਰ ਮਾਰਦੇ ਹਾਂ ਤਾਂ ਗੁਰ-ਇਤਿਹਾਸ ਗਵਾਹੀ ਭਰਦਾ ਹੈ ਕਿ ਜਦੋਂ ਆਪ ਜੀ ਸ਼ਿਵ ਨਾਭ ਰਾਜੇ ਦੀ ਭਾਵਨਾ ਪੂਰੀ ਕਰਨ ਲਈ ਸੰਗਲਾ ਦੀਪ ਵਿਚ ਪੁੱਜੇ ਸਨ ਤਾਂ ਆਪ ਜੀ ਦੀ ਪਰਖ ਕਰਨ ਲਈ ਰਾਜੇ ਵੱਲੋਂ ਆਏ ਹੀਰੇ, ਜਵਾਹਰ, ਮੋਤੀਆਂ ਵੱਲ ਨਜ਼ਰ ਭਰਕੇ ਭੀ ਨਹੀਂ ਤੱਕਿਆ ਤਾਂ ਆਖ਼ਰੀ ਪਰਖ ਕਰਨ ਲਈ ਰਾਜੇ ਵੱਲੋਂ

ਨੌ-ਜੁਆਨ ਸੁੰਦਰ ਰਾਜ-ਕੁਮਾਰੀਆਂ ਭੇਜੀਆਂ ਕਿ ਜਾਓ ਉਨ੍ਹਾਂ ਅਗੇ ਉਨ੍ਹਾਂ ਦੀ ਪਰਖ ਲਈ ਹਾਵ-ਭਾਵ ਵਿਖਾ ਕੇ ਨਾਚ ਕਰੋ ਤਾਕਿ ਉਨ੍ਹਾਂ ਦੀ ਮਾਨਸਿਕ ਅਵਸਥਾ ਦਾ ਪਤਾ ਚਲੇ ਕਿ ਉਹ ਕਿਤਨੀ ਕੁ ਦ੍ਰਿੜ੍ਹਤਾ ਦੇ ਮਾਲਕ ਹਨ। ਜਿਸ ਵੇਲੇ ਇਨ੍ਹਾਂ ਰਾਜ-ਕੁਮਾਰੀਆਂ ਨੇ ਆਪ ਦੇ ਸਾਹਮਣੇ ਨਿਰਤਕਾਰੀ ਆਰੰਭ ਕੀਤੀ ਤਾਂ ਆਪ ਜੀ ਨੇ ਸ਼ਬਦ ਉਚਾਰਣ ਕੀਤਾ ਕਿ (ਗਾਛਹੁ ਪੁਤ੍ਰੀ ਰਾਜ ਕੁਆਰਿ) ਕਿ ਹੇ ਰਾਜੇ ਦੀਓ ਕੁਮਾਰੀਓ ਤੇ ਮੇਰੀਓ ਪੁਤ੍ਰੀਓ! ਜਾਓ ਪੁਤ੍ਰੀਆਂ ਦਾ ਪਿਤਾ ਦੇ ਸਾਹਮਣੇ ਨਾਚ ਕਰਨਾ ਸ਼ੋਭਾ ਨਹੀਂ ਦੇਂਦਾ, ਬੱਸ ਇਤਨਾ ਬਚਨ ਕਹਿ ਕੇ ਹੀ ਇਨ੍ਹਾਂ ਦੇ ਮਨ ਵਾਸ਼ਨਾ ਵੱਲੋਂ ਸਦੀਵੀ ਸ਼ਾਂਤ ਕਰ ਦਿਤੇ।

## ੧੮. ਸੱਚ ਸੱਚਾ ਹੈ—ਕੂੜਾ ਕੂੜਾ ਹੈ

**੧. ਬ੍ਰਹਮਾ ਬਿਸ਼ਨ ਮਹੇਸ਼ ਤ੍ਰੈ**
**ਸੈਂਸਾਰੀ ਭੰਡਾਰੀ ਰਾਜੇ।**
**੨. ਚਾਰ ਵਰਨ ਘਰ ਬਾਰੀਆਂ**
**ਜਾਤਿ ਪਾਤਿ ਮਾਇਆ ਮੁਹਤਾਜੇ।**
**੩. ਛਿਅ ਦਰਸ਼ਨ ਛਿਅ ਸ਼ਾਸਤ੍ਰਾ**
**ਪਾਖੰਡ ਕਰਮ ਕਰਨਿ ਦੇਵਾਜੇ।**
**੪. ਸੰਨਿਆਸੀ ਦਸ ਨਾਮ ਧਰ**
**ਜੋਗੀ ਬਾਰਹ ਪੰਥ ਨਿਵਾਜੇ।**
**੫. ਦਹਦਿਸ ਬਾਰਹ ਵਾਟ ਹੋਇ**
**ਪਰ ਘਰ ਮੰਗਣ ਖਾਜ ਅਖਾਜੇ।**
**੬. ਚਾਰ ਵਰਨ ਗੁਰੁਸਿੱਖ ਮਿਲ**
**ਸਾਧਸੰਗਤਿ ਵਿਚ ਅਨਹਦ ਵਾਜੇ।**
**੭. ਗੁਰਮੁਖ ਵਰਨ ਅਵਰਨ ਹੋਇ**
**ਦਰਸ਼ਨ ਨਾਉ ਪੰਥ ਸੁਖ ਸਾਜੇ।**
**੮. ਸੱਚ ਸੱਚਾ ਕੂੜ ਕੂੜੇ ਪਾਜੇ ॥੧੮॥**

***ਪਦ ਅਰਥ :*** ਸੈਂਸਾਰੀ—ਸੰਸਾਰ ਸੰਬੰਧੀ। ਭੰਡਾਰੀ—ਪਾਲਕ। ਘਰ ਬਾਰੀਆਂ—ਘਰਾਂ ਵਾਲੇ। ਮੁਹਤਾਜੇ—ਮੁਛੰਦਗੀ ਵਾਲੇ। ਦੇਵਾਜੇ—ਦਿਖਾਵਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਸੰਸਾਰ ਵਿਚ ਮਾਰਗ ਤਾਂ ਦੇਖਣ ਵਿਚ ਅਨੇਕਾਂ ਆਉਂਦੇ ਹਨ, ਪਰ ਤੁਸੀਂ ਇਨ੍ਹਾਂ ਬਾਰੇ ਕਿਵੇਂ ਅਨੁਭਵ ਕਰਦੇ ਹੋ?

ਉ: ਹੇ ਭਾਈਓ! ਜਦੋਂ ਵੀਚਾਰ ਕਰੀਏ ਤਾਂ ਇਉਂ ਹੀ ਨਜ਼ਰ ਆਉਂਦਾ ਹੈ ਕਿ:

(੧) ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਤਿੰਨੇ ਦੇਵਤੇ ਸੰਸਾਰੀ, ਭੰਡਾਰੀ (ਤੇ ਘਾਤਕ) ਰਾਜੇ ਹਨ।
(੨) ਚੌਹਾਂ ਵਰਨਾਂ ਦੇ ਲੋਕ ਗ੍ਰਹਿਸਤੀ ਹੋ ਕੇ, ਜਾਤ, ਪਾਤ ਤੇ ਮਾਇਆ ਦੇ ਮੁਹਤਾਜ ਹੋ ਕੇ ਫਿਰਦੇ ਹਨ।
(੩) ਕੋਈ ਛੇ ਦਰਸ਼ਨਾਂ (ਧਰਮਾਂ) ਤੇ ਕੋਈ ਛੇ ਸ਼ਾਸਤਰਾਂ ਦੇ ਪਖੰਡੀ ਕਰਮਾਂ ਵਿਚ ਲੱਗ ਕੇ ਵਿਖਾਵੇ ਦਿਖਾ ਰਹੇ ਹਨ।
(੪) ਸੰਨਿਆਸੀਆਂ ਨੇ ਆਪਣੇ ਫ਼ਿਰਕਿਆਂ ਦੇ ਦਸ ਨਾਂ ਰਖੇ ਹਨ ਤੇ ਕੋਈ ਬਾਰਾਂ ਪੰਥ ਬਣਾਈ ਫਿਰਦੇ ਹਨ।
(੫) ਇਹ ਸਾਰੇ ਬਿਪਤਾ ਵਿਚ ਗ੍ਰਸੇ ਹੋਏ ਦਸਾਂ ਦਿਸ਼ਾਂ ਵਿਚ ਭਟਕ ਰਹੇ ਹਨ ਤੇ ਘਰ ਘਰ ਮੰਗ ਕੇ ਧਾਨ ਕੁਧਾਨ ਖਾਂਦੇ ਫਿਰਦੇ ਹਨ।
(੬) ਚੌਹਾਂ ਵਰਨਾਂ ਦੇ ਲੋਕ ਗੁਰਸਿਖ ਬਣ ਕੇ ਸਾਧ ਸੰਗਤ ਵਿਚ ਮਿਲ ਕੇ ਅਨਹਦ (ਬਾਣੀ ਦਾ) ਉਚਾਰਨ ਕਰਦੇ ਹਨ।
(੭) ਗੁਰਮੁਖ ਵਰਣ ਤੇ ਅਵਰਨ ਤੋਂ ਉੱਚੇ ਹੋ ਕੇ ਨਾਮ ਜਪਣ ਦਾ ਸੁਖ਼ਦਾਈ ਪੰਥ ਸਾਜਦੇ ਹਨ।
(੮) ਸੱਚ ਸਦਾ ਸੱਚ ਹੈ ਤੇ ਝੂਠੇ ਦਾ ਪਾਜ ਝੂਠਾ ਹੈ।੧੮।

***ਭਾਵਾਰਥ :*** ਨਾਮ ਜਪਣ ਦਾ ਤੇ ਪ੍ਰੇਮਾ-ਭਗਤੀ ਦਾ ਰਸਤਾ ਉੱਚਾ ਹੈ।

## ੧੯. ਗੁਣਾਂ ਦੇ ਸਾਗਰ ਗੁਰੂ ਨਾਨਕ ਦੇਵ ਜੀ

**੧. ਸਤਿਗੁਰ ਗੁਣੀ ਨਿਧਾਨ ਹੈ**
**ਗੁਣ ਕਰ ਬਖਸ਼ੈ ਅਵਗੁਣਿਆਰੇ।**
**੨. ਸਤਿਗੁਰ ਪੂਰਾ ਵੈਦ ਹੈ**
**ਪੰਜੇ ਰੋਗ ਅਸਾਧ ਨਿਵਾਰੇ।**

**੩. ਸੁਖ ਸਾਗਰ ਗੁਰਦੇਉ ਹੈ**
**ਸੁਖ ਦੇ ਮੇਲ ਲਏ ਦੁਖਿਆਰੇ।**
**੪. ਗੁਰੁ ਪੂਰਾ ਨਿਰਵੈਰ ਹੈ**
**ਨਿੰਦਕ ਦੋਖੀ ਬੇਮੁਖ ਤਾਰੇ।**
**੫. ਗੁਰ ਪੂਰਾ ਨਿਰਭਉ ਸਦਾ**
**ਜਨਮ ਮਰਣ ਜਮ ਡਰੈ ਉਤਾਰੇ।**
**੬. ਸਤਿਗੁਰ ਪੁਰਖ ਸੁਜਾਣ ਹੈ**
**ਵਡੇ ਅਜਾਣ ਮੁਗਧ ਨਿਸਤਾਰੇ।**
**੭. ਸਤਿਗੁਰੁ ਆਗੂ ਜਾਣੀਐ**
**ਬਾਂਹ ਪਕੜ ਅੰਧਲੇ ਉਧਾਰੇ।**
**੮. ਮਾਣ ਨਿਮਾਣੇ ਸਦ ਬਲਿਹਾਰੇ ॥੧੯॥**

***ਪਦ ਅਰਥ :*** ਗੁਣੀ ਨਿਧਾਨ—ਗੁਣਾਂ ਦਾ ਖ਼ਜ਼ਾਨਾ। ਪੰਜੇ ਰੋਗ—ਕਾਮ, ਕ੍ਰੋਧ ਆਦਿ। ਅਸਾਧ—ਜੋ ਨਾ ਸਾਧੇ ਜਾਣ। ਸੁਜਾਣ—ਚਤੁਰ। ਆਗੂ—ਰਾਹ ਦੱਸਣ ਵਾਲਾ। ਅੰਧਲੇ—ਨੇਤ੍ਰ ਹੀਣ, ਅਗਿਆਨੀ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਆਪ ਜੀ ਨੂੰ ਤਾਂ ਸਤਿਗੁਰੂ ਨਾਨਕ ਦੇਵ ਜੀ ਦੇ ਵਧੇਰੇ ਗੁਣਾਂ ਦੀ ਜਾਣਕਾਰੀ ਹੈ, ਉਨ੍ਹਾਂ ਵਿਚੋਂ ਕੁਝ ਸਾਨੂੰ ਭੀ ਹੋਰ ਬੋਧ ਦਿਓ ਤਾਕਿ ਸਾਡੇ ਅੰਤਰ-ਆਤਮੇ ਭੀ ਉਨ੍ਹਾਂ ਦੇ ਦੈਵੀ ਗੁਣਾਂ ਦਾ ਨਿਵਾਸ ਹੋ ਸਕੇ, ਧੰਨਵਾਦੀ ਹੋਵਾਂਗੇ ?

**ਉ:** ਹੇ ਭਾਈਓ! ਸਤਿਗੁਰੂ ਦੇ ਗੁਣਾਂ ਸੰਬੰਧੀ ਕੁਝ ਕਹਿਣ ਦੀ ਕਿਸੇ ਮਨੁੱਖ ਵਿਚ ਕੋਈ ਸ਼ਕਤੀ ਨਹੀਂ, ਪਰ ਜਦੋਂ ਅਸੀਂ ਗੁਰੂ ਦੇ ਸੰਪੂਰਨ ਗੁਣਾਂ ਬਾਰੇ ਪੁੱਛ ਕਰੀਏ ਤਾਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਗੁਰੂ ਜੀ ਦੇ ਗੁਣਾਂ ਬਾਰੇ ਇਹੋ ਬੋਧ ਮਿਲਦਾ ਹੈ :

ਗੁਰੁ ਸਾਗਰੋ ਰਤਨਾਗਰੁ ਤਿਤੁ ਰਤਨ ਘਣੇਰੇ ਰਾਮ॥
ਕਰਿ ਮਜਨੋ ਸਪਤਸਰੇ ਮਨ ਨਿਰਮਲ ਮੇਰੇ ਰਾਮ॥
*(ਆਸਾ ਮ: ੧, ਪੰਨਾ ੪੩੬)*

ਗੁਰੁ ਸਾਗਰੁ ਰਤਨੀ ਨਹੀ ਤੋਟ॥
ਲਾਲ ਪਦਾਰਥ ਸਾਚੁ ਅਖੋਟ॥
*(ਰਾਮਕਲੀ ਮਹਲਾ ੧, ਪੰਨਾ ੯੩੩)*

ਗੁਰੁ ਸਾਗਰੁ ਰਤਨੀ ਭਰਪੂਰੇ॥
ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ॥
*(ਧਨਾਸਰੀ ਮਹਲਾ ੧, ਪੰਨਾ ੬੮੫)*

ਸਤਿਗੁਰ ਕੀ ਮਹਿਮਾ ਸਤਿਗੁਰੁ ਜਾਣੈ॥
ਜੋ ਕਿਛੁ ਕਰੇ ਸੁ ਆਪਣ ਭਾਣੈ॥
*(ਮਾਰੂ ਮਹਲਾ ੫, ਪੰਨਾ ੧੦੭੫)*

ਇਸ ਤੋਂ ਆਦਿ ਗੁਰਬਾਣੀ ਵਿਚੋਂ ਹੋਰ ਭੀ ਸਾਨੂੰ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਵਿਚ ਸਤਿਗੁਰੂ ਨੂੰ ਗੁਣਾਂ ਦਾ ਸਾਗਰ ਦਰਸਾਇਆ ਹੈ, ਜੋ ਦੈਵੀ ਗੁਣਾਂ ਦੇ ਲਾਲਾਂ ਤੇ ਰਤਨਾਂ ਨਾਲ ਭਰਪੂਰ ਹਨ। ਇਸ ਲਈ ਸਤਿਗੁਰ ਆਪਣੇ ਗੁਣਾਂ ਦੀ ਮਹਿਮਾ ਆਪ ਹੀ ਜਾਣਦੇ ਹਨ, ਹੋਰ ਕੋਈ ਉਨ੍ਹਾਂ ਦੇ ਸੰਪੂਰਨ ਗੁਣਾਂ ਬਾਰੇ ਕੁੱਝ ਵੀ ਕਹਿਣ ਦੀ ਸਮਰਥਾ ਨਹੀਂ ਰਖਦਾ। ਸੋ, ਮੈਂ ਭੀ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਆਪਣੀ ਤੁੱਛ-ਬੁਧੀ ਅਨੁਸਾਰ ਗੁਰੂ ਜੀ ਦੇ ਨਾਮ-ਮਾਤ੍ਰ ਗੁਣਾਂ ਦਾ ਇਸ ਪਉੜੀ ਵਿਚ ਨਿਰੂਪਨ ਕੀਤਾ ਹੈ, ਜੋ ਇਸ ਪ੍ਰਕਾਰ ਹੈ :

(੧) (ਹੇ ਭਾਈਓ! ਜੇ ਵੀਚਾਰ-ਦ੍ਰਿਸ਼ਟੀ ਨਾਲ ਤੱਕੀਏ ਤਾਂ ਸਾਨੂੰ ਇਉਂ ਹੀ ਵੇਖਣ ਵਿਚ ਆਵੇਗਾ ਕਿ) ਸਤਿਗੁਰੂ (ਨਾਨਕ ਦੇਵ ਜੀ) ਗੁਣਾਂ ਦਾ ਖ਼ਜ਼ਾਨਾ ਹੈ ਜੋ ਅਵਗੁਣਿਆਰਿਆਂ 'ਤੇ ਮੇਹਰ ਕਰਕੇ ਉਨ੍ਹਾਂ ਨੂੰ ਬਖ਼ਸ਼ ਲੈਂਦਾ ਹੈ।

(੨) (ਫਿਰ) ਸਤਿਗੁਰੂ ਪੂਰਾ ਵੈਦ ਹੈ ਜੋ ਪੰਜ ਅਸਾਧ ਰੋਗ (ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ) ਨੂੰ ਨਾਸ ਕਰ ਦੇਂਦਾ ਹੈ।

(੩) ਸਤਿਗੁਰੂ ਸੁਖਾਂ ਦਾ ਸਮੁੰਦਰ ਹੈ, ਜੋ ਦੁਖੀਆਂ ਦੇ ਦੁਖ ਮੇਟਕੇ ਤੇ ਸੁਖੀ ਕਰਕੇ ਆਪਣੇ ਨਾਲ ਮੇਲ ਲੈਂਦਾ ਹੈ।

(੪) ਪੂਰਾ ਸਤਿਗੁਰ ਵੈਰ-ਰਹਿਤ ਹੈ, ਜੋ ਨਿੰਦਕਾਂ, ਦੋਖੀਆਂ ਨੂੰ ਤੇ ਬੇਮੁਖਾਂ ਨੂੰ ਤਾਰ ਦੇਂਦਾ ਹੈ।

(੫) ਪੂਰਾ ਗੁਰੂ ਨਿਰਭਉ (ਨਿਡਰ) ਹੈ, ਜੋ ਜਨਮ ਮਰਨ ਦੇ ਡਰ ਉਤਾਰ ਦੇਂਦਾ ਹੈ।

(੬) ਸਤਿਗੁਰੂ ਸੁਜਾਣ (ਚਤੁਰ) ਪੁਰਖ ਹੈ, ਜੋ ਅੰਞਾਣ ਤੇ ਮੂਰਖਾਂ ਨੂੰ ਭੀ ਤਾਰ ਦੇਂਦਾ ਹੈ।

(੭) ਸਤਿਗੁਰੂ ਆਗੂ (ਰਾਹ ਦੱਸਣ ਵਾਲਾ) ਹੈ ਤੇ ਜੋ ਅੰਧਲੇ (ਅਗਿਆਨੀਆਂ) ਦੀ ਬਾਂਹ ਫੜ ਕੇ ਉਧਾਰ ਕਰ ਦੇਂਦਾ ਹੈ।

(੮) ਨਿਮਾਣਿਆਂ ਨੂੰ ਮਾਣ ਦੇਣ ਵਾਲੇ ਸਤਿਗੁਰੂ ਤੋਂ ਮੈਂ ਸਦਾ ਬਲਿਹਾਰ ਜਾਂਦਾ ਹਾਂ।੧੯।

***ਭਾਵਾਰਥ :*** ਗੁਰੂ ਗ੍ਰੰਥ ਸਾਹਿਬ ਜੀ ਨੇ ਸਤਿਗੁਰੂ ਜੀ ਨੂੰ ਸਮੁੰਦਰ ਦੇ ਰੂਪ ਵਿਚ ਦਰਸਾਇਆ ਹੈ, ਜਿਸ ਵਿਚ ਦੈਵੀ ਗੁਣਾਂ ਦੇ ਅਨੰਤ ਭੰਡਾਰ ਭਰੇ ਹੋਏ ਹਨ। ਜਿਸ ਤਰ੍ਹਾਂ ਸਮੁੰਦਰ

ਦੇ ਪਾਣੀ ਨੂੰ ਨਹੀਂ ਤੋਲਿਆ ਮਾਪਿਆ ਜਾ ਸਕਦਾ ਇਸੇ ਤਰ੍ਹਾਂ ਸਤਿਗੁਰੂ ਦੇ ਸਮੂੰਹ ਗੁਣਾਂ ਨੂੰ ਬਿਆਨਿਆ ਨਹੀਂ ਜਾ ਸਕਦਾ। ਜਿਵੇਂ ਕੋਈ ਸਾਗਰ ਦੇ ਕਿਨਾਰੇ 'ਤੇ ਬੈਠ ਕੇ ਸਾਗਰ ਦੀਆਂ ਲਹਿਰਾਂ ਦਾ ਅਨੰਦ ਤਾਂ ਮਾਣ ਸਕਦਾ ਹੈ ਪਰ ਉਹ ਇਹ ਨਹੀਂ ਕਹਿ ਸਕਦਾ ਕਿ ਮੈਂ ਸਾਗਰ ਪੂਰਨ ਰੂਪ ਵਿਚ ਵੇਖ ਲਿਆ ਹੈ, ਕਿਉਂਕਿ ਸਾਗਰ ਦੀਆਂ ਲਹਿਰਾਂ ਤਾਂ ਸਾਗਰ ਦਾ ਪੂਰਨ ਰੂਪ ਨਹੀਂ ਉਹ ਤਾਂ ਇਕ ਸਾਗਰ ਦਾ ਅਕਸ ਹੈ, ਉਹ ਜੇ ਇਹ ਭੀ ਚਾਹੇ ਕਿ ਮੈਂ ਸਾਗਰ ਦੀਆਂ ਲਹਿਰਾਂ ਨੂੰ ਸਹੀ ਰੂਪ ਵਿਚ ਗਿਣ ਲਵਾਂ ਤਾਂ ਉਨ੍ਹਾਂ ਲਹਿਰਾਂ ਦੀ ਗਿਣਤੀ ਭੀ ਨਹੀਂ ਕਰ ਸਕਦਾ।

ਇਸੇ ਤਰ੍ਹਾਂ ਸਾਗਰ ਸਰੂਪ ਸਤਿਗੁਰਾਂ ਦੇ ਸੰਪੂਰਨ ਰੂਪ ਨੂੰ ਬਿਆਨ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੈ, ਉਨ੍ਹਾਂ ਦੇ ਤਾਂ ਗੁਣਾਂ ਸੰਬੰਧੀ ਵੀ ਕੁਝ ਕਹਿਣਾ ਅਸੰਭਵ ਹੈ, ਉਨ੍ਹਾਂ ਦੇ ਜਦੋਂ ਕਿਸੇ ਇਕ ਗੁਣ ਵੱਲ ਭੀ ਨਜ਼ਰ ਮਾਰੀਏ ਤਾਂ ਅਗੇ ਤੋਂ ਅਗੇ ਹੋਰ ਅਨੇਕਾਂ ਗੁਣ ਦਿੱਸ ਆਉਂਦੇ ਹਨ, ਜਿਸ ਲਈ ਸਤਿਗੁਰਾਂ ਦੇ ਗੁਣਾਂ ਸੰਬੰਧੀ ਇਉਂ ਹੀ ਕਿਹਾ ਜਾ ਸਕਦਾ ਹੈ, ਜਿਵੇਂ ਕਿਸੇ ਬੁਧੀ-ਜੀਵੀ ਨੇ ਆਪਣੇ ਵੀਚਾਰ ਅੰਕਤ ਕੀਤੇ ਹਨ ਕਿ :

ਗੁਰ ਨਾਨਕ ਕੀ ਬਾਤ ਮੈ, ਬਾਤ ਬਾਤ ਮੈ ਬਾਤ।
ਜੈਸੇ ਕੇਲੇ ਪਾਤ ਮਹਿ ਪਾਤ ਪਾਤ ਮੈ ਪਾਤ।

ਇਹ ਸੱਜਣ ਆਪਣਾ ਵੀਚਾਰ ਪ੍ਰਗਟ ਕਰਦਾ ਹੈ ਕਿ ਗੁਰੂ ਨਾਨਕ ਦੀ ਇਕ ਇਕ ਬਾਤ ਵਿਚ ਅਗੇ ਤੋਂ ਅਗੇ ਹੋਰ ਅਨੇਕਾਂ ਵੀਚਾਰਾਂ ਜਨਮ ਲੈਂਦੀਆਂ ਹਨ, ਜਿਵੇਂ ਕਿ ਕੇਲੇ ਦੇ ਇਕ ਪੱਤੇ ਨੂੰ ਉਧੇੜੋ ਤਾਂ ਅਗੋਂ ਹੋਰ ਹੋਰ ਅਨੇਕ ਪੱਤੇ ਨਿਕਲਦੇ ਹਨ।

## ੨੦. ਬੰਦੀ-ਛੋੜ ਸਤਿਗੁਰੂ ਜੀ

**੧. ਸਤਿਗੁਰੁ ਪਾਰਸ ਪਰਸਕੈ**
**ਕੰਚਨ ਕਰੈ ਮਨੂਰ ਮਲੀਣਾ।**
**੨. ਸਤਿਗੁਰੁ ਬਾਵਨ ਚੰਦਨੋਂ**
**ਵਾਸ ਸੁਵਾਸ ਕਰੈ ਲਾਖੀਣਾ।**
**੩. ਸਤਿਗੁਰੁ ਪੂਰਾ ਪਾਰਜਾਤ**
**ਸਿੰਮਲ ਸਫਲ ਕਰੈ ਸੰਗ ਲੀਣਾ।**
**੪. ਮਾਨ ਸਰੋਵਰ ਸਤਿਗੁਰੂ**
**ਕਾਗਹੁੰ ਹੰਸ ਜਲਹੁੰ ਦੁਧ ਪੀਣਾ।**
**੫. ਗੁਰੁ ਤੀਰਥ ਦਰਿਆਉ ਹੈ**
**ਪਸੂ ਪਰੇਤ ਕਰੈ ਪਰਬੀਣਾ।**
**੬. ਸਤਿਗੁਰੁ ਬੰਦੀ ਛੋੜ ਹੈ**
**ਜੀਵਨ ਮੁਕਤਿ ਕਰੈ ਓਡੀਣਾ।**
**੭. ਗੁਰਮੁਖਿ ਮਨ ਅਪਤੀਜ ਪਤੀਣਾ ॥੨੦॥**

***ਪਦ ਅਰਥ :*** ਕੰਚਨ—ਸੋਨਾ। ਮਲੀਣਾ—ਮੈਲਾ। ਲਾਖੀਣਾ—ਅਮੋਲਕ। ਸੰਗ ਲੀਣਾ—ਸੰਗਤ ਵਿਚ ਮਿਲਾ ਕੇ। ਪਰਬੀਣਾ—ਚਤੁਰ। ਓਡੀਣਾ—ਉਦਾਸ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਅਸਾਡੇ ਵਿਚ ਵਧੇਰੇ ਮਲੀਨਤਾਈ ਹੋਣ ਦੇ ਕਾਰਨ ਅਸੀਂ ਗੁਰੂ ਨਾਨਕ ਦੇਵ ਜੀ ਦੇ ਸੂਖਮ ਗੁਣਾਂ ਨੂੰ ਅਨੁਭਵ ਨਹੀਂ ਕਰ ਸਕਦੇ, ਪਰ ਜੋ ਉਨ੍ਹਾਂ ਦੇ ਪ੍ਰਤੱਖਸ਼ ਵਡੇਰੇ ਉਪਕਾਰ ਹਨ, ਉਨ੍ਹਾਂ ਬਾਰੇ ਕੁਝ ਜਾਣਕਾਰੀ ਦਿਓ ਤਾਕਿ ਸਾਡੇ ਅੰਤਰ-ਆਤਮੇ ਭੀ ਉਨ੍ਹਾਂ ਬਾਰੇ ਹੋਰ ਵਧੇਰੇ ਭਾਵਨਾਵਾਂ ਪੈਦਾ ਹੋ ਸਕਣ ?

(੧) ਉ: (ਹੇ ਭਾਈਓ ! ਜੇ ਸੁਭਾਵਕ ਹੀ ਨਜ਼ਰ ਮਾਰੀਏ ਤਾਂ) ਗੁਰੂ (ਨਾਨਕ ਦੇਵ ਜੀ) ਪਾਰਸ ਹਨ, ਜੋ ਮਲੀਨ (ਮਨੂਰ ਰੂਪ) ਪ੍ਰਾਣੀਆਂ ਨੂੰ ਸ਼ੁੱਧ ਸੋਨਾ ਬਣਾ ਦੇਂਦੇ ਹਨ।

(੨) ਸਤਿਗੁਰੂ ਜੀ ਬਾਵਨ ਚੰਦਨ ਹਨ, ਜੋ ਆਪਣੀ ਵਾਸ਼ਨਾ ਨਾਲ ਅਨੇਕਾਂ ਸਿੱਖਾਂ ਨੂੰ ਵਾਸ਼ਨਾ ਵਾਲਾ ਬਣਾ ਕੇ ਲੱਖਾਂ ਦਾ ਕਰ ਦੇਂਦੇ ਹਨ।

(੩) ਸਤਿਗੁਰੂ ਜੀ ਪੂਰਨ ਕਲਪ ਬ੍ਰਿਛ ਹਨ, ਜੋ ਸਿੰਮਲ ਵਾਂਗੂੰ ਨਿਰਗੁਣ ਜੀਵਾਂ ਨੂੰ ਆਪਣੀ ਸੰਗਤ ਨਾਲ ਸਫਲਾ ਕਰ ਦੇਂਦੇ ਹਨ।

(੪) ਸਤਿਗੁਰੂ ਜੀ ਮਾਨ-ਸਰੋਵਰ ਹਨ, ਜੋ ਕਾਂ ਵਾਂਗੂੰ ਖੋਟੇ ਜੀਵਾਂ ਨੂੰ ਹੰਸ ਵਾਂਗੂੰ ਉੱਜਲ ਕਰ ਦੇਂਦੇ ਹਨ ਫਿਰ ਉਹ ਜੀਵ ਹੰਸਾਂ ਵਾਂਗੂੰ ਜਲ ਤੇ ਦੁੱਧ ਦਾ ਨਿਖੇੜਾ ਕਰਨ ਵਾਲੇ (ਭਾਵ ਖੋਟੇ ਖਰੇ ਦੀ ਪਛਾਣ ਵਾਲੇ ਹੋ ਜਾਂਦੇ ਹਨ)।

(੫) ਸਤਿਗੁਰੂ ਜੀ ਦਰਯਾ ਵਾਂਗੂੰ ਚਲਦਾ ਤੀਰਥ ਹਨ, ਜੋ ਪਸ਼ੂਆਂ ਤੇ ਪਰੇਤਾਂ ਨੂੰ ਚਤਰ ਕਰ ਦਿੰਦੇ ਹਨ।

(੬) ਸਤਿਗੁਰੂ ਜੀ ਬੰਦੀ-ਛੋੜ ਹਨ, ਜੋ ਜਨਮ ਮਰਨ ਦੀ ਫਾਹੀ ਕਟ ਦਿੰਦੇ ਹਨ ਤੇ ਉਦਾਸ ਹੋਇਆਂ ਨੂੰ ਜੀਵਨ ਮੁਕਤ ਕਰ ਦਿੰਦੇ ਹਨ।

(੭) ਗੁਰਮੁਖ (ਸਤਿਗੁਰੂ ਜੀ) ਦੀ ਸੰਗਤ ਵਿਚ ਆ ਕੇ ਅਪਤੀਜ ਮਨ ਵੀ ਪਤੀਜ ਜਾਂਦਾ ਹੈ (ਭਾਵ ਮਨ ਸ਼ਾਂਤ ਹੋ ਕੇ ਸਹਿਜ ਅਵਸਥਾ ਵਿਚ ਟਿਕ ਜਾਂਦਾ ਹੈ)।੨੦।

***ਭਾਵਾਰਥ :*** ਸਤਿਗੁਰੂ, ਗੁਰੂ ਨਾਨਕ ਦਾ ਦਸਿਆ ਹੋਇਆ ਭਾਉ-ਭਗਤੀ ਦਾ ਮਾਰਗ ਹੈ, ਜੋ ਭੀ ਕੋਈ ਜਿਤਨੀ ਇਸਦੀ ਨੇੜਤਾ ਹਾਸਲ ਕਰਦਾ ਹੈ ਉਸਨੂੰ ਰੱਬੀ-ਦਰਬਾਰ ਤੱਕ ਪੁੱਜਣ ਵਿਚ ਕੋਈ ਭੀ ਰੋਕ ਨਹੀਂ ਆ ਸਕਦੀ।

## ੨੧. ਗੁਰੂ ਨਾਨਕ ਦੇਵ ਜੀ ਦੀ ਵੱਡੀ ਵਡਿਆਈ

**੧. ਸਿੱਧ ਨਾਥ ਅਵਤਾਰ ਸਭ**
**ਗੋਸ਼ਟ ਕਰ ਕਰ ਕੰਨ ਫੜਾਯਾ।**
**੨. ਬਾਬਰ ਕੇ ਬਾਬੇ ਮਿਲੇ**
**ਨਿਵ ਨਿਵ ਸਭ ਨਬਾਬ ਨਿਵਾਯਾ।**
**੩. ਪਾਤਿਸ਼ਾਹਾ ਮਿਲ ਵਿੱਛੁੜੇ**
**ਜੋਗ ਭੋਗ ਛੱਡ ਚਲਿਤ ਰਚਾਯਾ।**
**੪. ਦੀਨ ਦੁਨੀਆਂ ਦਾ ਪਾਤਿਸ਼ਾਹ**
**ਬੇਮੁਹਤਾਜ਼ ਰਾਜ ਘਰ ਆਯਾ।**
**੫. ਕਾਦਰ ਹੁਇ ਕੁਦਰਤ ਕਰੇ**
**ਏਹਿ ਭਿ ਕੁਦਰਤਿ ਸਾਂਗ ਬਣਾਯਾ।**
**੬. ਇਕਨਾਂ ਜੋੜ ਵਿਛੋੜਦਾ**
**ਚਿਰੀ ਵਿਛੁੰਨੇ ਆਣ ਮਿਲਾਯਾ।**
**੭. ਸਾਧ ਸੰਗਤਿ ਵਿੱਚ ਅਲਖ ਲਖਾਯਾ॥੨੧॥**

***ਪਦ ਅਰਥ :*** ਗੋਸ਼ਟ—ਚਰਚਾ। ਬਾਬਰ ਕੇ—ਮੁਗਲ ਬਾਦਸ਼ਾਹ। ਰਾਜ ਘਰ—ਗਿਆਨ ਦਾ ਘਰ। ਕੰਨ ਫੜਾਯਾ—ਤਾਬੇ ਕੀਤੇ। ਭੋਗ ਛੱਡ—ਭਾਵ ਸਾਧੂ ਬਣ ਕੇ। ਨਬਾਬ—ਨਵਾਬ।

***ਅਰਥ :***

ਹੇ ਭਾਈਓ ! ਜੇ ਗੁਰੂ ਨਾਨਕ ਦੇਵ ਦੀਆਂ ਵਡਿਆਈਆਂ ਦਾ ਜ਼ਿਕਰ ਕਰਨ ਲੱਗੀਏ ਤਾਂ ਉਨ੍ਹਾਂ ਦੀਆਂ ਅਨੰਤ ਵਡਿਆਈਆਂ ਹਨ, ਜਿਨ੍ਹਾਂ ਨੂੰ ਪੂਰਨ ਰੂਪ ਵਿਚ ਅੰਕਤ ਨਹੀਂ ਕੀਤਾ ਜਾ ਸਕਦਾ। ਕਿਉਂਕਿ ਅੱਗੇ ਤੋਂ ਅੱਗੇ ਹੋਰ ਹੋਰ ਵਡਿਆਈਆਂ ਦੀ ਰੂਪ-ਰੇਖਾ ਸਾਹਮਣੇ ਆਉਂਦੀ ਰਹਿੰਦੀ ਹੈ, ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ :

(੧) ਸਿੱਧਾਂ ਨਾਥਾਂ ਆਦਿ ਅਵਤਾਰਾਂ ਨਾਲ ਚਰਚਾ ਕਰਕੇ ਉਨ੍ਹਾਂ ਨੂੰ ਕੰਨ ਫੜਾਏ, (ਭਾਵ ਸਭਨਾਂ ਨੂੰ ਆਪਣੇ ਅਧੀਨ ਕੀਤਾ)।
(੨) ਬਾਬਰ ਨੇ (ਮੁਗ਼ਲ ਹਕੂਮਤ) ਦੇ ਨਵਾਬਾਂ (ਮੁਸਾਹਬਾਂ) ਨੇ ਬਾਬੇ (ਗੁਰੂ ਨਾਨਕ) ਅਗੇ ਨਿਉਂ ਕੇ ਨਮਸ਼ਕਾਰਾਂ ਕੀਤੀਆਂ।
(੩) ਆਪ ਪਾਤਿਸ਼ਾਹਾਂ ਦੇ ਮਿਲਣ ਤੋਂ ਵਿਛੜ ਗਏ ਤੇ ਜੋਗ ਭੋਗ ਨੂੰ ਛੱਡ ਕੇ ਨਵਾਂ ਹੀ ਕੌਤਕ ਰਚਿਆ (ਭਾਵ ਦੇਸ਼ ਦੇ ਉੱਧਾਰ ਲਈ ਸਭ ਕੰਮ-ਕਾਰ ਤਿਆਗ ਦਿੱਤਾ)।
(੪) ਦੀਨ ਦੁਨੀਆ ਦਾ ਪਾਤਿਸ਼ਾਹ (ਗੁਰੂ ਨਾਨਕ) ਬੇ-ਮੁਹਤਾਜ ਹੋ ਕੇ ਗਿਆਨ ਦੇ ਘਰ ਵਿਚ ਆ ਗਿਆ।
(੫) ਕਰਤਾ ਹੋ ਕੇ ਕੁਦਰਤ ਦੀ ਰਚਨਾ ਕਰਦਾ ਹੈ ਇਹ ਸਾਂਗ (ਸਰੂਪ) ਵੀ ਉਸਦਾ ਬਣਾਇਆ ਹੋਇਆ ਹੈ।
(੬) ਇਕਨਾ ਜੁੜਿਆਂ ਹੋਇਆਂ ਨੂੰ ਉਹ ਵਿਛੋੜ ਦਿੰਦਾ ਹੈ ਤੇ ਇਕਨਾ ਚਿਰ ਦੇ ਵਿਛੜਿਆਂ ਨੂੰ ਆਣ ਕੇ (ਪ੍ਰਭੂ) ਨਾਲ ਮੇਲ ਦਿੰਦਾ ਹੈ।
(੭) ਸਾਧ ਸੰਗਤ ਵਿਚ ਜਾ ਕੇ ਉਸ ਅਲੱਖ (ਪ੍ਰਭੂ) ਨੂੰ ਲੱਖ ਲਈਦਾ ਹੈ।੨੧।

***ਭਾਵਾਰਥ :*** ਜੋ ਭਾਈ ਸਾਹਿਬ ਜੀ ਨੇ ਇਸ ਪਉੜੀ ਦੀ ਪਹਿਲੀ ਤੁਕ ਵਿਚ ਨਾਥਾਂ ਦਾ ਨਿਉਣਾ ਤੇ ਦੂਜੀ ਵਿਚ ਬਾਬਰ ਦਾ ਮਿਲਣਾ ਤੇ ਨਿਉਂਣਾ ਦਰਸਾਇਆ ਹੈ ਇਹ ਇਕ ਇਤਿਹਾਸਕ ਵਾਕਿਆ ਸਹੀ ਹੁੰਦਾ ਹੈ, ਜਿਨ੍ਹਾਂ ਵਾਕਿਆਂ ਨੂੰ ਭਾਈ ਸੰਤੋਖ ਸਿੰਘ ਜੀ ਨੇ ਨਾਨਕ ਪ੍ਰਕਾਸ਼ ਵਿਚ ਬੜੇ ਵਿਸਥਾਰ ਰੂਪ ਵਿਚ ਅੰਕਤ ਕੀਤਾ ਹੈ।

## ੨੨. ਸਤਿਗੁਰੂ ਨਾਨਕ ਸਿਰ ਸ਼ਾਹਾਂ ਪਾਤਿਸ਼ਾਹ ਹਨ

**੧. ਸਤਿਗੁਰੂ ਪੂਰਾ ਸ਼ਾਹ ਹੈ**
**ਤ੍ਰਿਭਵਣ ਜੱਗ ਤਿਸਦਾ ਵਣਜਾਰਾ।**
**੨. ਰਤਨ ਪਦਾਰਥ ਬੇਸ਼ੁਮਾਰ**
**ਭਾਉ ਭਗਤਿ ਲੱਖ ਭਰੇ ਭੰਡਾਰਾ।**

**੩. ਪਾਰਜਾਤ ਲੱਖ ਬਾਗ ਵਿੱਚ**
**ਕਾਮਧੇਨੁ ਦੇ ਵੱਗ ਹਜ਼ਾਰਾ।**
**੪. ਲੱਖਮੀਆਂ ਲੱਖ ਗੋਲੀਆਂ**
**ਪਾਰਸ ਦੇ ਪਰਬਤ ਅਪਾਰਾ।**
**੫. ਲੱਖ ਅੰਮ੍ਰਿਤ ਲੱਖ ਇੰਦ੍ਰ ਲੈ**
**ਹੋਇ ਸੱਕੇ ਛਿੜਕਨ ਦਰਬਾਰਾ।**
**੬. ਸੂਰਜ ਚੰਦ ਚਰਾਗ ਲੱਖ**
**ਰਿਧਿ ਸਿਧਿ ਨਿਧਿ ਬੋਹਲ ਅੰਬਾਰਾ।**
**੭. ਸੱਭੇ ਵੰਡ ਵੰਡ ਦਿਤਿਓਨ**
**ਭਾਉ ਭਗਤ ਕਰ ਸੱਚ ਪਿਆਰਾ।**
**੮. ਭਗਤ ਵਛਲ ਸਤਿਗੁਰ ਨਿਰੰਕਾਰਾ॥੨੨॥**

***ਪਦ ਅਰਥ :*** ਪੂਰਾ ਸ਼ਾਹ—ਚੱਕ੍ਰਵਰਤੀ ਪਾਤਿਸ਼ਾਹ। ਵਣਜਾਰਾ—ਵਪਾਰੀ। ਪਾਰਜਾਤ—ਕਲਪ ਬ੍ਰਿਛ। ਵੱਗ—ਗਊਆਂ ਦੇ ਵੱਗ। ਗੋਲੀਆਂ—ਟਹਿਲਣਾਂ। ਸੱਕੇ—ਮਾਸ਼ਕੀ। ਬੋਹਲ—ਖਲਵਾੜੇ। ਚਰਾਗ—ਦੀਵੇ।

***ਅਰਥ :***

ਹੇ ਭਾਈਓ! ਗੁਰੂ ਨਾਨਕ ਦੇਵ ਜੀ ਦੇ ਸੰਬੰਧ ਵਿਚ ਜੇ ਅਗੇ ਹੋਰ ਨਜ਼ਰ ਮਾਰੀਏ ਤਾਂ ਉਨ੍ਹਾਂ ਵਿਚ ਤੇ ਉਨ੍ਹਾਂ ਦੇ ਘਰ ਸਾਧ ਸੰਗਤ ਵਿਚ ਅਨੇਕਾਂ ਹੀ ਪਦਾਰਥ ਦਿੱਸਣਗੇ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਸਤਿਗੁਰ (ਨਾਨਕ ਦੇਵ ਜੀ) ਚੱਕ੍ਰਵਰਤੀ ਵੱਡੇ ਪਾਤਿਸ਼ਾਹ ਹਨ, ਤਿੰਨਾਂ ਲੋਕਾਂ ਦੇ ਜੀਵ ਉਨ੍ਹਾਂ ਦੇ ਵਪਾਰੀ ਹਨ।

(੨) (ਜਿਵੇਂ ਪਾਤਿਸ਼ਾਹਾਂ ਦੇ ਘਰ) ਰਤਨ ਪਦਾਰਥ ਬੇ-ਸ਼ੁਮਾਰ ਹੁੰਦੇ ਹਨ (ਇਸੇ ਤਰ੍ਹਾਂ ਆਪਦੇ ਘਰ ਵਿਚ ਰਤਨ ਪਦਾਰਥ ਰੂਪ) ਪ੍ਰੇਮ ਭਗਤੀ ਦੇ ਭੰਡਾਰੇ ਲੱਖਾਂ ਭਰੇ ਹੋਏ ਹਨ।

(੩) (ਆਪ ਜੀ ਦੇ ਸਤਿਸੰਗ ਰੂਪੀ) ਬਾਗ਼ ਵਿਚ ਲੱਖਾਂ ਹੀ ਕਲਪ ਬ੍ਰਿਛ ਹਨ ਤੇ ਕਾਮਧੇਨ ਗਊਆਂ ਦੇ ਹਜ਼ਾਰਾਂ ਵੱਗ ਫਿਰਦੇ ਹਨ, ਜਿਵੇਂ ਕਿ ਫ਼ੁਰਮਾਨ ਹੈ :

ਪਾਰਜਾਤੁ ਇਹੁ ਹਰਿ ਕੋ ਨਾਮ॥
ਕਾਮਧੇਨ ਹਰਿ ਹਰਿ ਗੁਣ ਗਾਮ॥ *(ਸੁਖਮਨੀ, ਪੰਨਾ ੨੬੫)*

(੪) (ਆਪ ਦੇ ਦਰਬਾਰ ਵਿਚ) ਲੱਖਾਂ ਹੀ ਲੱਛਮੀਆਂ ਟਹਿਲ ਕਰਨ ਲਈ ਗੋਲੀਆਂ ਹਨ ਤੇ ਪਾਰਸ ਦੇ ਬੇਅੰਤ ਪਹਾੜ ਹਨ।

(੫) ਆਪ (ਦੇ ਸਤਿਸੰਗ ਦਰਬਾਰ ਵਿਚ) ਲੱਖਾਂ ਇੰਦ੍ਰ ਲੱਖਾਂ ਅੰਮ੍ਰਿਤ ਲੈ ਕੇ ਮਾਸ਼ਕੀ ਬਣਕੇ ਛਿੜਕਾ ਕਰਦੇ ਹਨ।

(੬) ਸੂਰਜ ਚੰਦ੍ਰਮਾ ਵਰਗੇ ਲੱਖਾਂ ਦੀਵੇ (ਆਪ ਦੇ ਦਰਬਾਰ ਵਿਚ) ਪ੍ਰਕਾਸ਼ ਕਰਦੇ ਹਨ ਤੇ ਆਪ ਜੀ ਦੇ ਦਰ 'ਤੇ ਰਿੱਧੀਆਂ ਸਿੱਧੀਆਂ ਤੇ ਨਿੱਧੀਆਂ ਦੇ ਖਲਵਾੜੇ ਭਰੇ ਪਏ ਹਨ।

(੭) ਕੀ ਗੁਰੂ ਆਪ ਰਖਦੇ ਹਨ ? (ਇਹ ਦਾਤਾਂ ਸਤਿਗੁਰੂ ਜੀ) ਪ੍ਰੇਮਾ-ਭਗਤੀ ਤੇ ਸੱਚ ਨਾਲ ਪਿਆਰ ਕਰਨ ਵਾਲੇ ਗੁਰਸਿੱਖਾਂ ਵਿਚ ਵੰਡ ਦਿੰਦੇ ਹਨ।

(੮) ਨਿਰੰਕਾਰ ਸਰੂਪ ਸਤਿਗੁਰੂ (ਨਾਨਕ ਦੇਵ ਜੀ) ਆਪਣੇ ਭਗਤਾਂ (ਗੁਰਸਿੱਖਾਂ) ਦੇ ਪਿਆਰੇ ਹਨ।੨੨।

## *੨੩. ਸਮੁੰਦਰ ਵਿਚੋਂ ਨਿਕਲੇ ਚੌਦਾਂ ਰਤਨ*

**੧. ਖੀਰ ਸਮੁੰਦ ਵਿਰੋਲ ਕੈ**
**ਕੱਢ ਰੰਤਨ ਚਉਦਹ ਵੰਡ ਲੀਤੇ।**
**੨. ਮਣਿ ਲਖਮੀ ਪਾਰਜਾਤ ਸੰਖ**
**ਸਾਰੰਗ ਧਨੁਖ ਵਿਸ਼ਨੁ ਵਸ ਕੀਤੇ।**
**੩. ਕਾਮਧੇਨ ਤੇ ਅਪੱਛਰਾਂ**
**ਐਰਾਪਤਿ ਇੰਦ੍ਰਾਸਣ ਸੀਤੇ।**
**੪. ਕਾਲਕੂਟ ਤੇ ਅਰਧ ਚੰਦ**
**ਮਹਾਂਦੇਵ ਮਸਤਕ ਧਰ ਪੀਤੇ।**
**੫. ਘੋੜਾ ਮਿਲਿਆ ਸੂਰਜੈ**
**ਮਦ ਅੰਮ੍ਰਿਤ ਦੇਵ ਦਾਨਵ ਰੀਤੇ।**
**੬. ਕਰੇ ਧਨੰਤਰਿ ਵੈਦਗੀ**
**ਡਸਿਆ ਤੱਛਕ ਮਤਿ ਬਿਪਰੀਤੇ।**
**੭. ਗੁਰ ਉਪਦੇਸ ਅਮੋਲਕਾ**
**ਰਤਨ ਪਦਾਰਥ ਨਿਧ ਅਗਣੀਤੇ।**
**੮. ਸਤਿਗੁਰ ਸਿੱਖਾਂ ਸਚ ਪਰੀਤੇ॥੨੩॥**

***ਪਦ ਅਰਥ :*** ਵਿਰੋਲ ਕੈ—ਰਿੜਕ ਕੇ। ਕਾਲਕੂਟ—ਜ਼ਹਿਰ। ਸੀਤੇ—ਇੰਦ੍ਰ ਦੇ ਨਾਉਂ ਲੱਗੇ। ਅਰਧ ਚੰਦ—ਦੂਜ ਦਾ ਚੰਦ। ਰੀਤੇ—ਮਰਯਾਦਾ। ਅਗਣੀਤੇ—ਅਨਗਿਣਤ। ਪਰੀਤੇ—ਪ੍ਰੀਤ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਇਹ ਤਾਂ ਸਾਡੇ ਸੁਣਨ ਵਿਚ ਕਈ ਵਾਰ ਆਇਆ ਹੈ, ਕਿ ਜਦੋਂ ਦੇਵਤੇ ਅਤੇ ਰਾਖ਼ਸ਼ਾਂ ਵੱਲੋਂ ਸਮੁੰਦਰ ਰਿੜਕਿਆ ਗਿਆ ਸੀ ਤਾਂ ਉਸ ਵਿਚੋਂ ਚੌਦਾਂ ਰਤਨ ਨਿਕਲੇ ਸਨ, ਪਰ ਉਨ੍ਹਾਂ ਰਤਨਾਂ ਦੀ ਵੰਡ ਕਿਵੇਂ ਹੋਈ, ਇਸ ਬਾਰੇ ਸਾਨੂੰ ਕਿਸੇ ਵੱਲੋਂ ਜਾਣਕਾਰੀ ਨਹੀਂ ਮਿਲ ਸਕੀ, ਤੁਸਾਂ ਤਾਂ ਪੁਰਾਤਨ ਪੁਰਾਣ ਪੜ੍ਹੇ ਹਨ, ਆਪ ਜੀ ਨੂੰ ਤਾਂ ਉਨ੍ਹਾਂ ਬਾਰੇ ਬੋਧ ਹੈ ਇਸ ਲਈ ਸਾਨੂੰ ਭੀ ਇਹ ਜਾਣਕਾਰੀ ਦਿਓ ਕਿ ਉਨ੍ਹਾਂ ਰਤਨਾਂ ਦੀ ਵੰਡ ਕਰਨ ਦੀ ਰੂਪ-ਰੇਖਾ ਕੀ ਹੈ ?

ਉ: ਹੇ ਭਾਈਓ ! ਸਨਾਤਨ ਪੁਸਤਕਾਂ ਪੜ੍ਹਨ ਤੋਂ ਜੋ ਮੈਨੂੰ ਸੋਝੀ ਮਿਲ ਸਕੀ ਹੈ ਉਹ ਇਸ ਪ੍ਰਕਾਰ ਦੀ ਹੈ, ਜਿਸਨੂੰ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ।

(੧) (ਹੇ ਭਾਈਓ ! ਜਦੋਂ ਦੇਵਤਿਆਂ ਤੇ ਰਾਖ਼ਸ਼ਾਂ ਨੇ) ਸਮੁੰਦਰ ਨੂੰ ਰਿੜਕ ਕੇ ਚੌਦਾਂ ਰਤਨ ਕਢੇ ਤੇ ਉਨ੍ਹਾਂ ਨੂੰ ਆਪੋ ਵਿਚ ਵੰਡ ਲਿਆ।

(੨) (ਉਨ੍ਹਾਂ ਦੀ ਵੰਡ ਇਉਂ ਹੋਈ ਕਿ) ਕੌਸਤਭ ਨਾਮੇ ਮਣੀ, ਲੱਛਮੀ, ਕਲਪ ਬ੍ਰਿਛ, ਸੰਖ ਤੇ ਸਾਰੰਗ (ਧਨੁਖ) ਇਹ ਪੰਜ ਰਤਨ ਵਿਸ਼ਨੂੰ ਨੇ ਆਪਣੇ ਵੱਸ ਕਰ ਲਏ।

(੩) ਕਾਮਧੇਨ ਗਊ, ਰੰਭਾ ਅਪੱਛਰਾਂ ਤੇ ਐਰਾਵਤ ਹਾਥੀ ਇਹ ਤਿੰਨ ਰਤਨ ਇੰਦ੍ਰ ਨੇ ਸੰਭਾਲ ਲਏ।

(੪) ਕਾਲਕੂਟ (ਜ਼ਹਿਰ) ਤੇ ਦੂਜ ਦਾ ਚੰਦ੍ਰਮਾ, ਇਹ ਦੋ ਰਤਨ ਸ਼ਿਵਜੀ ਨੇ (ਬੜੇ ਸਤਿਕਾਰ ਨਾਲ) ਮਸਤਕ 'ਤੇ ਧਾਰਨ ਕਰ ਲਏ।

(੫) ਉਚੀਸਰਵਾ ਘੋੜਾ ਸੂਰਜ ਨੂੰ ਮਿਲਿਆ। ਸ਼ਰਾਬ ਦਾਨਵਾਂ ਨੂੰ ਤੇ ਅੰਮ੍ਰਿਤ ਦੇਵਤਿਆਂ ਨੂੰ ਮਿਲਣ ਦੀ ਮਰਯਾਦਾ ਕਾਇਮ ਹੋਈ।

(੬) ਧਨੰਤਰ ਵੈਦ ਵੈਦਗੀ ਕਰਦਾ ਸੀ, ਪਰ ਪ੍ਰੀਖਤ ਰਾਜਾ ਨੂੰ ਜਦ ਤੱਛਕ ਨਾਗ ਨੇ ਡਸਿਆ ਸੀ, ਤਦ ਉਸਦੇ ਇਲਾਜ ਕਰਨ ਸਮੇਂ ਧਨੰਤ੍ਰ ਵੈਦ ਦੀ ਮੱਤ ਵੀ ਮਾਰੀ ਗਈ ਸੀ (ਜੋ ਮਾਇਆ ਲੈ ਕੇ ਆਪਣੇ ਘਰ ਉੱਠ ਆਇਆ ਸੀ)।

(੭) (ਪਰ ਜਦੋਂ ਗੁਰਬਾਣੀ ਦੀ ਰੌਸ਼ਨੀ ਵਿਚ ਤੱਕੀਏ ਤਾਂ) ਗੁਰੂ ਰੂਪ ਸਮੁੰਦਰ ਵਿਚ ਬੇ-ਸ਼ੁਮਾਰ (ਉਪਦੇਸ਼ ਰੂਪੀ) ਅਮੋਲਕ ਰਤਨ ਹਨ, ਜੋ ਆਪ ਆਪਣੇ ਗੁਰਸਿੱਖਾਂ ਨੂੰ ਖੁਲ੍ਹੇ ਦਿਲ ਵੰਡਦੇ ਹਨ, ਕੋਈ ਭੀ ਵਿਤਕਰਾ ਨਹੀਂ ਕਰਦੇ।

(੮) (ਇਸੇ ਕਰਕੇ) ਸਤਿਗੁਰੂ (ਨਾਨਕ ਜੀ) ਨਾਲ ਸਿੱਖਾਂ ਦੀ ਸੱਚੀ ਪ੍ਰੀਤ ਹੈ।੨੩।

ਭਾਵ ਹੈ :

ਗੁਰੁ ਸਾਗਰੁ ਰਤਨੀ ਭਰਪੂਰੇ ॥
ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥ *(ਪੰਨਾ ੬੮੫)*

ਗੁਰੂ ਦੇ ਸਿਖ ਕਿਸੇ ਝੂਠੇ ਰਤਨਾਦਿਕ ਪਦਾਰਥਾਂ ਦੀ ਇੱਛਾ ਨਹੀਂ ਕਰਦੇ ਉਹ ਤਾਂ ਕੇਵਲ ਸੱਚੇ ਨਾਮ ਦੇ ਹੀ ਵਪਾਰੀ ਹਨ, ਅਤੇ ਸੱਚੇ ਸ਼ਬਦ ਰੂਪ ਸਮੁੰਦਰ ਵਿਚੋਂ ਸੱਚੇ ਨਾਮ ਰੂਪ ਤੇ ਮੁਕਤੀ ਰੂਪ ਮੋਤੀ ਹਾਸਲ ਕਰਦੇ ਹਨ।

## ੨੪. ਸਿੱਖਾਂ ਦਾ ਸਤਿਗੁਰੂ ਜੀ ਨਾਲ ਦਿਲੀ-ਪਿਆਰ

**੧. ਧਰਮਸਾਲ ਕਰ ਬਹੀਦਾ**
**ਇੱਕਤ ਥਾਂ ਨਾ ਟਿਕੈ ਟਿਕਾਯਾ।**
**੨. ਪਾਤਸ਼ਾਹ ਘਰ ਆਂਵਦੇ**
**ਗੜ੍ਹ ਚੜ੍ਹਿਆ ਪਤਿਸ਼ਾਹ ਚੜ੍ਹਾਯਾ।**
**੩. ਉੱਮਤ ਮਹਿਲ ਨ ਪਾਂਵਦੀ**
**ਨੱਠਾ ਫਿਰੈ ਨ ਡਰੈ ਡਰਾਯਾ।**
**੪. ਮੰਜੀ ਬਹਿ ਸੰਤੋਖਦਾ**
**ਕੁੱਤੇ ਰੱਖ ਸ਼ਿਕਾਰ ਖਿਲਾਯਾ।**
**੫. ਬਾਣੀ ਕਰ ਸੁਣ ਗਾਂਵਦਾ**
**ਕਥੈ ਨ ਸੁਣੈ ਨ ਗਾਂਵ ਸੁਣਾਯਾ।**
**੬. ਸੇਵਕ ਪਾਸ ਨ ਰੱਖੀਅਨਿ**
**ਦੋਖੀ ਦੁਸ਼ਟ ਆਗੂ ਮੁਹਿ ਲਾਯਾ।**
**੭. ਸੱਚ ਨ ਲੁਕੈ ਲੁਕਾਇਆ**
**ਚਰਣ ਕਵਲ ਸਿੱਖ ਭਵਰ ਲੁਭਾਯਾ।**
**੮. ਅਜਰ ਜਰੈ ਨ ਆਪ ਜਣਾਯਾ ॥੨੪॥**

***ਪਦ ਅਰਥ :*** ਬਹੀਦਾ—ਬੈਠਦੇ ਹਨ। ਗੜ੍ਹ—ਕਿਲ੍ਹਾ। ਉੱਮਤ—ਸਿੱਖ ਸੰਗਤ। ਆਗੂ—ਸ਼ਿਰੋਮਣੀ।

**ਅਰਥ :**

ਇਸ ਪਉੜੀ ਵਿਚ ਭਾਈ ਸਾਹਿਬ ਜੀ ਉਸ ਸਮੇਂ ਦੇ ਲੋਕਾਂ ਵੱਲੋਂ ਜੋ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੰਬੰਧ ਵਿਚ

ਪਹਿਲੇ ਸਤਿਗੁਰਾਂ ਨਾਲੋਂ ਤਬਦੀਲੀ ਹੋਈ ਤੱਕ ਕੇ ਭਾਵ ਬੀਰ-ਰਸੀ ਜੀਵਨ ਵੇਖ ਕੇ ਵੱਖੋ ਵੱਖ ਵੀਚਾਰ ਕਰਦੇ ਸਨ, ਉਹ ਅੰਕਤ ਕਰਦੇ ਹਨ ਅਤੇ ਆਖ਼ਰੀ ਪੰਗਤੀਆਂ ਵਿਚ ਲੋਕਾਂ ਵੱਲੋਂ ਕੀਤੇ ਗਏ ਇਤਰਾਜ਼ਾਂ ਦੇ ਉੱਤਰ ਭੀ ਦਿਤੇ ਹਨ, ਪਹਿਲੇ ਸ਼ੰਕੇ ਅੰਕਤ ਕਰਦੇ ਹਨ:

(੧) (ਕਈ ਲੋਕ ਇਹ ਖ਼ਿਆਲ ਕਰਦੇ ਹਨ ਕਿ ਪਹਿਲੇ ਪੰਜੇ ਗੁਰੂ ਸਾਹਿਬ ਜੀ) ਧਰਮਸਾਲ ਬਣਾ ਕੇ ਬੈਠਦੇ ਸਨ, (ਪਰ ਇਹ ਛੇਵਾਂ ਗੁਰੂ) ਇਕ ਥਾਂ 'ਤੇ ਨਹੀਂ ਟਿਕਦਾ।

(੨) ਪਹਿਲੇ ਗੁਰੂਆਂ ਦੇ ਦਰਬਾਰ ਵਿਚ ਬਾਦਸ਼ਾਹ ਦਰਸ਼ਨਾਂ ਲਈ ਆਉਂਦੇ ਸਨ, ਪਰ ਇਹ ਪਾਤਿਸ਼ਾਹਾਂ ਦਾ ਚੜ੍ਹਾਇਆ ਕਿਲ੍ਹੇ 'ਤੇ ਚੜ੍ਹਿਆ ਹੈ (ਭਾਵ ਗੁਆਲੀਅਰ ਦੇ ਕਿਲ੍ਹੇ ਵਿਚ ਕੈਦੀ ਬਣਿਆ ਹੈ)।

(੩) ਸਿਖ ਸੰਗਤ ਨੂੰ (ਛੇਵੇਂ ਪਾਤਿਸ਼ਾਹ) ਦੇ ਦਰਸ਼ਨ ਨਸੀਬ ਨਹੀਂ ਹੁੰਦੇ, ਕਿਉਂਕਿ ਇਹ ਦੌੜਿਆ ਫਿਰਦਾ ਹੈ ਤੇ ਕਿਸੇ ਦਾ ਡਰਾਇਆ ਡਰਦਾ ਨਹੀਂ।

(੪) (ਪੰਜੇ ਗੁਰੂ) ਸਿੰਘਾਸਣ 'ਤੇ ਬੈਠ ਕੇ ਸਿੱਖਾਂ ਨੂੰ ਉਪਦੇਸ਼ ਕਰਦੇ ਸਨ, ਪਰ ਇਹ ਕੁੱਤੇ ਰੱਖ ਕੇ ਸ਼ਿਕਾਰ ਖੇਡਦਾ ਫਿਰਦਾ ਹੈ।

(੫) (ਪੰਜੇ ਗੁਰੂ) ਬਾਣੀ ਉਚਾਰਨ ਕਰਕੇ ਸੁਣਾਉਂਦੇ ਸਨ ਤੇ ਗਾਉਂਦੇ ਸਨ, ਪਰ ਇਹ (ਛੇਵਾਂ ਗੁਰੂ) ਨਾ ਬਾਣੀ ਰਚਦਾ ਹੈ, ਨਾ ਸੁਣਦਾ ਹੈ ਤੇ ਨਾ ਹੀ ਗਾ ਕੇ ਸੁਣਾਉਂਦਾ ਹੈ।

(੬) (ਛੇਵੇਂ ਗੁਰੂ ਨੇ) ਸੇਵਕਾਂ ਨੂੰ ਤਾਂ ਆਪਣੇ ਪਾਸ ਰੱਖਿਆ ਨਹੀਂ, ਪਰ ਇਹ ਦੋਖੀ ਦੁਸ਼ਟਾਂ (ਪੈਂਦੇ ਖ਼ਾਂ ਵਰਗਿਆਂ) ਨੂੰ ਆਗੂ ਬਣਾ ਕੇ ਆਪਣੇ ਕੋਲ ਰੱਖਦਾ ਹੈ।

(੭) (ਪਰ ਭਾਈ ਸਾਹਿਬ ਜੀ ਕਹਿੰਦੇ ਹਨ ਕਿ ਇਸ ਤਬਦੀਲੀ ਨਾਲ) ਸੱਚ ਲੁਕਾਇਆ ਨਹੀਂ ਲੁਕਦਾ (ਕਿਉਂਕਿ) ਸਿਖ ਭਵਰੇ ਵਾਂਗੂੰ ਹਨ (ਉਹ ਸਿਆਣਦੇ ਹਨ ਤੇ) ਭਵਰੇ ਵਾਂਗੂੰ ਚਰਨਾਂ ਕੰਵਲਾਂ ਦੇ ਭੌਰੇ ਬਣ ਕੇ ਲੁਭਾਇਮਾਨ ਹੁੰਦੇ ਹਨ।

(੮) (ਕਿਉਂਕਿ ਸਿਖਾਂ ਦਾ ਨਿਸਚਾ ਹੈ, ਉਹ ਜਾਣਦੇ ਹਨ ਕਿ ਛੇਵੇਂ ਸਤਿਗੁਰੂ ਨੇ) ਅਜਰ ਵਸਤੂ ਨੂੰ ਜਰ ਕੇ ਆਪਣਾ ਆਪ ਕਿਸੇ ਨੂੰ ਜਣਾਇਆ ਨਹੀਂ।੨੪।

***ਭਾਵਾਰਥ :*** ਭਾਈ ਸਾਹਿਬ ਜੀ ਨੇ ਇਸ ਪਉੜੀ ਵਿਚ ਉਸ ਵੇਲੇ ਦੇ ਲੋਕਾਂ ਵੱਲੋਂ ਕੀਤੇ ਜਾ ਰਹੇ ਇਤਰਾਜ਼ ਦਰਸਾਏ ਹਨ, ਹੁਣ ਅਗੇ ਭਾਈ ਸਾਹਿਬ ਜੀ ਇਸਦਾ ਸਮਾਧਾਨ ਕਰਦੇ ਜਾਣਗੇ। ੨੫ਵੀਂ ਪਉੜੀ ਵਿਚ ਦੱਸਣਗੇ ਕਿ ਇਸਦਾ ਭਾਵ ਇਹ ਹੈ ਕਿ ਸੰਗਤ ਪੰਜਾਂ ਸਤਿਗੁਰਾਂ ਨੇ ਕਾਇਮ ਕਰ ਦਿਤੀ ਹੈ। ਪਰ ਜਦੋਂ ਦੁਸ਼ਟਾਂ ਨੇ ਸੰਗਤ ਦੇ ਆਗੂ ਸ੍ਰੀ ਗੁਰੂ ਅਰਜਨ ਦੇਵ ਜੀ ਪਰ ਅਤੀ ਅਤਿਆਚਾਰ ਕਰ ਦਿੱਤਾ ਤਦ ਸੰਗਤ ਕਿਵੇਂ ਬਚ ਸਕਦੀ ਹੈ। ਜਿਵੇਂ ਸਤਿਗੁਰੂ ਤਾਂ ਪੂਰਨ ਹੋਣ ਕਰਕੇ ਤਸੀਹੇ ਝੱਲ ਕੇ ਜਾਨ ਪੁਰ ਖੇਲ ਗਏ, ਸਾਰੀ ਸੰਗਤ ਐਸੀ ਨਿਪੁੰਨ ਨਹੀਂ ਹੋ ਸਕਦੀ। ਇਸ ਲਈ ਸੰਗਤ ਰੂਪੀ ਖੇਤੀ ਉਦਾਲੇ ਵਾੜ ਚਾਹੀਏ। ਵਾੜ ਸੰਗਤ ਦੀ ਰਾਖੀ ਲਈ ਬੀਰ-ਰਸ ਦੀ ਹੋ ਸਕਦੀ ਹੈ, ਇਸ ਲਈ ਸਤਿਗੁਰੂ ਹਰਿਗੋਬਿੰਦ ਜੀ ਨੇ ਬੀਰ-ਰਸੀ ਦਾ ਠਾਠ ਕੀਤਾ ਹੈ, ਇਹ ਖੇਤੀ ਦੀ ਰਾਖੀ ਲਈ ਵਾੜ ਹੈ, ਇਸੇ ਭਾਵ ਨੂੰ ਭਾਈ ਸਾਹਿਬ ਜੀ ਅਗੇ ਕਈ ਰੰਗਾਂ ਵਿਚ ਦਸਣ ਦਾ ਉੱਦਮ ਕਰ ਰਹੇ ਹਨ।

## ੨੫. ਪ੍ਰੇਮ-ਰਸ ਕਠਿਨਤਾ ਨਾਲ ਮਿਲਦਾ ਹੈ

**੧. ਖੇਤੀ ਵਾੜ ਸੁ ਢਿੰਗਰੀ**
**ਕਿੱਕਰ ਆਸ ਪਾਸ ਜਿਉਂ ਬਾਗੈ।**
**੨. ਸੱਪ ਲਪੇਟੇ ਚੰਨਣੈ**
**ਬੂਹੇ ਜੰਦਾ ਕੁੱਤਾ ਜਾਗੈ।**
**੩. ਕਵਲੈ ਕੰਡੇ ਜਾਣੀਅਨਿ**
**ਸਿਆਣਾ ਇੱਕ ਕੋਈ ਵਿਚ ਫਾਗੈ।**
**੪. ਜਿਉਂ ਪਾਰਸ ਵਿੱਚ ਪੱਥਰਾਂ**
**ਮਣਿ ਮਸਤਕਿ ਜਿਉਂ ਕਾਲੇ ਨਾਗੈ।**
**੫. ਰਤਨ ਸੋਹੈ ਗਲ ਪੋਤ ਵਿਚ**
**ਮੈਗਲ ਬੱਧਾ ਕੱਚੈ ਧਾਗੈ।**
**੬. ਭਾਵ ਭਗਤਿ ਭੁਖ ਜਾਇ**
**ਘਰ ਬਿਦਰ ਖਵਾਲੈ ਪਿੰਨੀ ਸਾਗੈ।**
**੭. ਚਰਨ ਕਵਲ ਗੁਰ ਸਿੱਖ ਭਉਰ**
**ਸਾਧਸੰਗਤ ਸਹਲੰਗ ਸਭਾਗੈ।**
**੮. ਪਿਰਮ ਪਿਆਲੈ ਦੁੱਤਰੁ ਝਾਗੈ॥੨੫॥**

***ਪਦ ਅਰਥ :*** ਢਿੰਗਰੀ—ਕੰਡਿਆਂ ਦੀ ਝਾੜੀ, ਛਾਪੇ। ਫਾਗੈ—ਫੱਗਣ, ਹੋਲੀਆਂ। ਪੋਤ—ਕੱਚ ਦੇ ਮਣਕੇ।

ਮੈਗਲ—ਹਾਥੀ। ਪਿੰਨੀ ਸਾਗੈ—ਸਾਗ ਦੀ ਪਿੰਨੀ। ਸਹਲੰਗ—ਲੱਗੇ ਹੋਏ। ਝਾਗੈ—ਲੰਘ ਗਏ ਹਨ।

**ਅਰਥ :**

ਭਾਈ ਸਾਹਿਬ ਜੀ ਨੇ ਪਿਛਲੀ ਪਉੜੀ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਬੀਰ-ਰਸੀ ਠਾਠ ਪਰ ਲੋਕਾਂ ਦੇ ਕੀਤੇ ਇਤਰਾਜ਼ ਦਿਤੇ ਸਨ। ਇਸ ਪਉੜੀ ਵਿਚ ਦਸਿਆ ਹੈ ਕਿ ਇਹ ਵਾੜ ਬਣਾਉਣ ਵਾਂਗੂੰ ਰੱਖਿਆ ਨਮਿਤ ਉਪਕਾਰ ਦਾ ਕਾਰਜ ਕੀਤਾ ਹੈ, ਇਸ ਭਾਵ ਦੇ ਪ੍ਰਗਟਾਉਣ ਲਈ ਅਗੇ ਉਦਾਹਰਣ ਦਿੰਦੇ ਹਨ ਕਿ ਹੇ ਭਾਈਓ! ਵੇਖੋ :

(੧) ਖੇਤਾਂ ਦੇ ਉਦਾਲੇ ਵਾੜ ਵਾਸਤੇ ਜਿਵੇਂ ਛਾਪੇ ਤੇ ਬਾਗ਼ਾਂ ਦੇ ਆਸੇ ਪਾਸੇ ਜਿਵੇਂ ਕਿੱਕਰ ਹੁੰਦੇ ਹਨ।
(੨) ਚੰਦਨ ਦੇ ਦੁਆਲੇ ਜਿਵੇਂ ਸੱਪ ਹੁੰਦੇ ਹਨ, ਬੂਹੇ ਨੂੰ ਜੰਦਰਾ ਲੱਗਾ ਹੁੰਦਾ ਹੈ ਅਤੇ ਕੁੱਤੇ ਜਾਗਦੇ ਹਨ।
(੩) ਜਿਵੇਂ ਕਵਲ ਨੂੰ ਕੰਡੇ ਜਾਣੀਦੇ ਹਨ ਤੇ ਜਿਵੇਂ ਹੋਲੀਆਂ ਦੇ ਦਿਨਾਂ ਵਿਚ ਕੋਈ ਸਿਆਣਾ, ਇਆਣੇ ਖਰੂਦੀਆਂ ਵਿਚ ਘਿਰ ਜਾਂਦਾ ਹੈ।
(੪) ਜਿਵੇਂ ਪਾਰਸ ਪੱਥਰਾਂ ਵਿਚ ਘਿਰਿਆ ਹੁੰਦਾ ਹੈ ਤੇ ਜਿਵੇਂ ਕਾਲੇ ਨਾਗ ਦੇ ਮਸਤਕ ਵਿਚ ਮਣੀ ਹੁੰਦੀ ਹੈ।
(੫) ਜਿਵੇਂ ਗਲ ਦੀ ਮਾਲਾ ਦੇ ਕੱਚ ਦੇ ਮਣਕਿਆਂ ਵਿਚ ਰਤਨ ਸੋਭਦਾ ਹੈ ਤੇ ਜਿਵੇਂ ਹਾਥੀ ਕੱਚੇ ਧਾਗਿਆਂ ਦੇ ਬਣੇ ਰੱਸੇ ਨਾਲ ਬੱਝਾ ਹੁੰਦਾ ਹੈ।
(੬) ਜਿਵੇਂ ਕ੍ਰਿਸ਼ਨ ਜੀ ਨੇ ਪ੍ਰੇਮਾ-ਭਗਤੀ ਦੇ ਅਧੀਨ ਹੋ ਕੇ ਬਿਦਰ ਦੇ ਘਰ ਜਾ ਕੇ ਸਾਗ ਦੀ ਪਿੰਨੀ ਖਾਧੀ ਸੀ।
(੭) (ਇਸੇ ਤਰ੍ਹਾਂ) ਸਤਿਗੁਰੂਆਂ ਦੇ ਚਰਨ ਕਵਲਾਂ 'ਤੇ ਸਾਧ ਸੰਗਤ ਨਾਲ ਉੱਤਮ ਭਾਗਾਂ ਵਾਲੇ ਗੁਰਸਿਖ ਲੱਗੇ ਹੋਏ ਹਨ।
(੮) (ਸੰਸਾਰਕ) ਕਸ਼ਟ ਝਾਗ ਕੇ ਹੀ ਪ੍ਰੇਮ-ਰਸ ਦਾ ਪਿਆਲਾ ਪ੍ਰਾਪਤ ਹੁੰਦਾ ਹੈ।੨੫।

***ਭਾਵਾਰਥ :*** ਇਸ ਪਉੜੀ ਵਿਚ ਭਾਈ ਸਾਹਿਬ ਜੀ ਇਹੋ ਸਿਧਾਂਤ ਅੰਕਤ ਕਰਦੇ ਹਨ ਕਿ ਅਮੋਲਕ ਵਸਤਾਂ ਅਕਸਰ ਦੁਤਰ ਤੇ ਕਠਿਨ ਸਮਾਨਾਂ ਦੇ ਘੇਰੇ ਵਿਚ ਹੀ ਹੁੰਦੀਆਂ ਹਨ। ਇਸੇ ਤਰ੍ਹਾਂ ਪਰਮਾਰਥ ਭੀ ਔਖੇ ਥਾਵਾਂ ਤੋਂ ਹੀ ਲੱਭਦਾ ਹੈ। ਪ੍ਰਗਟ ਨਾਟਕ ਵੇਖ ਕੇ ਜਗਿਆਸੂ ਭੁੱਲ ਜਾਂਦਾ ਹੈ। ਭਾਈ ਸਾਹਿਬ ਜੀ ਦੱਸਦੇ ਹਨ ਕਿ ਸਿਖ ਗੁਰੂ ਦੇ ਚਰਨਾਂ ਕਵਲਾਂ ਦਾ ਭੌਰਾ ਹੋਵੇ ਤੇ ਭਾਉ-ਭਗਤੀ ਰੱਖੇ ਤਦ ਉਨ੍ਹਾਂ ਦੁਤਰ ਘੇਰੇ ਦੇ ਸਮਾਨਾਂ ਨੂੰ ਤਰ ਕੇ ਪਿਰਮ ਰਸ ਅਮੋਲਕ ਰਸ ਨੂੰ ਪ੍ਰਾਪਤ ਕਰਦਾ ਹੈ। ਸਤਿਗੁਰੂ, ਜੇ ਕੋਈ ਸਾਂਗ ਵਰਤੇ ਤਾਂ ਭੀ ਸਿਖ ਦਾ ਸਿਦਕ ਕਾਇਮ ਰਹੇ, ਇਸ ਕਠਿਨ ਮਾਰਗ ਦਾ ਸਫ਼ਰ ਪ੍ਰੇਮਾ-ਭਗਤੀ ਨਾਲ ਹੀ ਸਿਰੇ ਤਕ ਨਿਭ ਸਕਦਾ ਹੈ।

## ੨੬. ਮੁਰਦਾ ਹੋਇ ਮੁਰੀਦ ਗੁਰ ਗੋਰ ਸਮਾਏ

**੧. ਭਵਜਲ ਅੰਦਰ ਮਾਨਸਰੁ**
**ਸੱਤ ਸਮੁੰਦੀਂ ਗਹਿਰ ਗੰਭੀਰਾ।**
**੨. ਨਹਿੰ ਪੱਤਣ ਨਹਿੰ ਪਾਤਣੀ**
**ਪਾਰਾਵਾਰ ਨ ਅੰਤੁ ਨ ਚੀਰਾ।**
**੩. ਨਾ ਬੇੜੀ ਨਾ ਤੁਲਹੜਾ**
**ਵੰਝੀ ਹਾਥ ਨ ਧੀਰਕ ਧੀਰਾ।**
**੪. ਹੋਰ ਨ ਕੋਈ ਅੱਪੜੈ**
**ਹੰਸ ਚੁਗੰਦੇ ਮੋਤੀ ਹੀਰਾ।**
**੫. ਸਤਿਗੁਰ ਸਾਂਗ ਵਰੱਤਦਾ**
**ਪਿੰਡ ਵਸਾਇਆ ਫੇਰ ਅਹੀਰਾ।**
**੬. ਚੰਦ ਅਮਾਵਸ ਰਾਤ ਜਿਉਂ,**
**ਅਲਖ ਨ ਲਖੀਐ ਮਛਲੀ ਨੀਰਾ।**
**੭. ਮੁਏ ਮੁਰੀਦ ਗੋਰ ਗੁਰੁ ਪੀਰਾ॥੨੬॥**

***ਪਦ ਅਰਥ :*** ਮਾਨਸਰੁ—ਮਾਨ ਸਰੋਵਰ। ਚੀਰਾ—ਹੱਦ। ਗਹਿਰ ਗੰਭੀਰਾ—ਬਹੁਤ ਡੂੰਘਾ। ਪੀਰਾ—ਪੂਜਨੀਕ। ਗੋਰ—ਕਬਰ। ਵੰਝੀ—ਵਾਂਸਾਂ ਨਾਲ, ਭਾਵ ਡੂੰਘਾਈ ਮਿਣਨ ਦੇ ਮਾਪਾਂ ਨਾਲ। ਅਹੀਰਾ—ਗੋਇਲ ਵਾਸਾ।

**ਅਰਥ :**

ਪ੍ਰ: ਭਾਈ ਸਾਹਿਬ ਜੀਓ! ਜਿਵੇਂ ਅਸੀਂ ਵੇਖਦੇ ਹਾਂ ਕਿ ਅਨੰਤ ਹੀ ਸਿਖ ਗੁਰੂ ਦੇ ਮਾਰਗ ਪਰ ਟੁਰੀ ਜਾ ਰਹੇ ਹਨ, ਕੀ ਉਨ੍ਹਾਂ ਸਾਰਿਆਂ ਦੀ ਹੀ ਗੁਰੂ ਵਿਚ ਸਮਾਈ ਹੋ ਜਾਂਦੀ ਹੈ, ਇਸ ਬਾਰੇ ਤੁਸੀਂ ਕੀ ਅਨੁਭਵ ਕਰਦੇ ਹੋ, ਦੱਸਣ ਦੀ ਕ੍ਰਿਪਾ ਕਰੋ ਤਾਕਿ ਸਾਨੂੰ ਭੀ ਬੋਧ ਮਿਲ ਸਕੇ ?

ਉ: ਹੇ ਭਾਈਓ ! ਇਹ ਤਾਂ ਠੀਕ ਹੈ ਕਿ, ਗੁਰੂ ਮਾਰਗ 'ਤੇ ਟੁਰੇ ਜਾਣ ਵਾਲੇ ਅਨੰਤ ਪਾਂਧੀ ਵੇਖਣ ਵਿਚ ਆਉਂਦੇ ਹਨ, ਇਹ ਖ਼ਿਆਲ ਭੀ ਆਉਂਦਾ ਹੈ ਕਿ ਇਹ ਸਾਰੇ ਹੀ ਗੁਰੂ ਜੋਤੀ ਵਿਚ ਜਾ ਸਮਾਉਣਗੇ। ਪਰ, ਇਸਦਾ ਨਿਰਣਾ ਜਦੋਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਕਰਵਾਈਏ ਤਾਂ ਉਹ ਇਹ ਫ਼ੁਰਮਾਨ ਕਰਦੇ ਹਨ ਕਿ :

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥੧੨॥

*(ਸਲੋਕ ਵਾਰਾਂ ਤੇ ਵਧੀਕ ਮਹਲਾ ੧, ਪੰਨਾ ੧੪੧੧)*

ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥
ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥੧॥

*(ਰਾਗੁ ਗੂਜਰੀ ਵਾਰ ਮਹਲਾ ੫, ਪੰਨਾ ੫੧੭)*

ਭਾਵ ਹੈ ਕਿ ਗੁਰੂ ਮਾਰਗ 'ਤੇ ਸਫ਼ਰ ਕਰਨ ਵਾਲੇ ਤਾਂ ਜਗਤ ਵਿਚ ਬਹੁਤ ਵੇਖੀਦੇ ਹਨ, ਪਰ ਉਨ੍ਹਾਂ ਵਿਚੋਂ ਕੋਈ ਵਿਰਲਾ ਹੀ ਦਿੱਸਣ ਵਿਚ ਆਉਂਦਾ ਹੈ, ਜਿਸਦੀ ਗੁਰੂ ਜੋਤੀ ਵਿਚ ਸਮਾਈ ਹੋ ਸਕੇ ਬਾਕੀ ਤਾਂ ਸੰਸਾਰ ਦੀਆਂ ਪਕੜਾਂ ਵਿਚ ਹੀ ਪਕੜੇ ਗਏ ਹਨ ਗੁਰੂ ਦਰਬਾਰ ਤਕ ਸਾਰਿਆਂ ਦੀ ਸਮਾਈ ਨਹੀਂ ਹੋ ਸਕੀ।

ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਕਿਸੇ ਦਰੱਖ਼ਤ ਨੂੰ ਜਿਤਨੇ ਪੱਤਰ ਲੱਗੇ ਹੁੰਦੇ ਹਨ ਉਸਨੂੰ ਉਤਨੇ ਫੁੱਲ ਨਹੀਂ ਲਗਦੇ, ਜਿਤਨੇ ਫੁੱਲ ਵੇਖਣ ਵਿਚ ਆਉਂਦੇ ਹਨ ਉਹ ਸਾਰੇ ਹੀ ਫਲ ਤਕ ਨਹੀਂ ਪਹੁੰਚਦੇ, ਜਿਤਨੇ ਭੀ ਫਲ ਲੱਗਦੇ ਹਨ ਉਹ ਵੀ ਸਾਰੇ ਪੱਕਦੇ ਨਹੀਂ, ਕਈਆਂ ਨੂੰ ਜਾਨਵਰ ਬਰਬਾਦ ਕਰ ਦੇਂਦੇ ਹਨ, ਕਿਤਨੇ ਹੀ ਹਵਾ ਦੇ ਤੇਜ ਵੇਗ ਨਾਲ ਪੱਕਣ ਤੋਂ ਪਹਿਲੇ ਕੱਚੇ ਹੀ ਧਰਤੀ 'ਤੇ ਆ ਡਿਗਦੇ ਹਨ, ਜਿਤਨੇ ਪੱਕਦੇ ਭੀ ਹਨ, ਉਹ ਵੀ ਸਾਰੇ ਕਿਸੇ ਰਾਜ-ਦਰਬਾਰ ਤਕ ਨਹੀਂ ਪੁੱਜਦੇ, ਆਮ ਦੁਕਾਨਾਂ 'ਤੇ ਹੀ ਪਏ ਰੁਲਦੇ ਰਹਿੰਦੇ ਹਨ। ਜਿਵੇਂ ਕਬੀਰ ਜੀ ਕਹਿੰਦੇ ਹਨ :

ਕਬੀਰ ਫਲ ਲਾਗੇ ਫਲਨਿ ਪਾਕਨਿ ਲਾਗੇ ਆਂਬ ॥
ਜਾਇ ਪਹੂਚਹਿ ਖਸਮ ਕਉ
ਜਉ ਬੀਚਿ ਨ ਖਾਹੀ ਕਾਂਬ ॥੧੩੪॥

*(ਸਲੋਕ ਭਗਤ ਕਬੀਰ ਜੀ, ਪੰਨਾ ੧੩੭੧)*

ਭਾਵ ਹੈ ਕਿ ਫਲ ਓਹੀ ਰਾਜ-ਦਰਬਾਰ ਤੱਕ ਪੁੱਜ ਸਕਦਾ ਹੈ, ਜਿਸਨੂੰ ਕੋਈ ਸਫ਼ਰ ਵਿਚ ਕਿਸੇ ਪ੍ਰਕਾਰ ਦਾ ਬਿਘਨ ਨਾ ਪੈ ਸਕੇ। ਗੁਰੂ ਦੇ ਦਰਬਾਰ ਤੱਕ ਭੀ ਓਹੀ ਸਿਖ ਦੀ ਆਤਮਾ ਪੁੱਜ ਸਕਦੀ ਹੈ ਜਿਸਨੂੰ ਸੰਸਾਰ ਦੀਆਂ ਵਾਸ਼ਨਾਵਾਂ ਦੀ ਰੋਕ ਨਾ ਵਿਘਨ ਪਾ ਸਕੇ।

ਪ੍ਰ: ਕਿਉਂ ਭਾਈ ਸਾਹਿਬ ਜੀਓ ! ਆਪ ਜੀ ਨੇ ਗੁਰਬਾਣੀ ਅਨੁਸਾਰ ਇਹ ਦਰਸਾਇਆ ਹੈ ਕਿ ਰੱਬੀ, ਦਰਬਾਰ ਜਾਂ ਗੁਰੂ ਦਰਬਾਰ ਤਕ ਪੁੱਜਣ ਲਈ ਕੋਟਾਨ ਕੋਟ ਪਾਂਧੀ ਸਫ਼ਰ ਕਰਦੇ ਹਨ, ਪਰ ਉਨ੍ਹਾਂ ਵਿਚੋਂ ਕੋਈ ਵਿਰਲਾ ਹੀ ਆਖ਼ਰੀ ਮੰਜ਼ਲ 'ਤੇ ਪੁੱਜ ਸਕਦਾ ਹੈ, ਕਿਉਂ ਜੀ ! ਦਸੋਗੇ ਕਿ ਇਸਦਾ ਅਸਲ ਕਾਰਨ ਕੀ ਹੈ ?

ਉ: ਹੇ ਭਾਈਓ ! ਇਸਦਾ ਸਹੀ ਕਾਰਨ ਭੀ ਗੁਰਬਾਣੀ ਦੁਆਰਾ ਇਹੋ ਮਿਲਦਾ ਹੈ ਕਿ ਇਹ ਮਾਰਗ ਬਿਖਮ ਹੈ ਇਸ ਪਰ ਹਰ ਮੁਸਾਫ਼ਰ ਸਫ਼ਰ ਨਹੀਂ ਕਰ ਸਕਦਾ। ਕਬੀਰ ਜੈਸੇ ਭੀ ਜੋ ਇਸ ਮਾਰਗ 'ਤੇ ਚੜ੍ਹੇ ਜਾ ਰਹੇ ਸਨ, ਉਨ੍ਹਾਂ ਨੂੰ ਭੀ ਆਖ਼ਰ ਇਉਂ ਹੀ ਕਹਿਣਾ ਪਿਆ ਕਿ :

ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ ॥
ਇਕ ਅਵਘਟ ਘਾਟੀ ਰਾਮ ਕੀ
ਤਿਹ ਚੜਿ ਰਹਿਓ ਕਬੀਰ ॥੧੬੫॥

*(ਸਲੋਕ ਕਬੀਰ ਜੀ, ਪੰਨਾ ੧੩੭੩)*

ਘਟ ਅਵਘਟ ਡੂਗਰ ਘਣਾ
ਇਕੁ ਨਿਰਗੁਣੁ ਬੈਲੁ ਹਮਾਰ ॥
ਰਮਈਏ ਸਿਉ ਇਕ ਬੇਨਤੀ ਮੇਰੀ
ਪੂੰਜੀ ਰਾਖੁ ਮੁਰਾਰਿ ॥੧॥

*(ਗਉੜੀ ਰਵਿਦਾਸ ਜੀ, ਪੰਨਾ ੩੪੫)*

ਕਹਤ ਕਬੀਰੁ ਸੁਨਹੁ ਰੇ ਸੰਤਹੁ
ਅਬ ਐਸੀ ਬਨਿ ਆਈ ॥
ਘਾਟੀ ਚਢਤ ਬੈਲੁ ਇਕੁ ਥਾਕਾ
ਚਲੋ ਗੋਨਿ ਛਿਟਕਾਈ ॥੩॥੫॥੪੯॥

*(ਗਉੜੀ, ਪੰਨਾ ੩੩੩)*

ਇਸ ਮਾਰਗ 'ਤੇ ਸਫ਼ਰ ਕਰਨ ਵਾਲੇ ਭਗਤਾਂ ਨੂੰ ਭੀ ਮਜਬੂਰ ਹੋ ਕੇ ਆਖ਼ਰ ਇਉਂ ਹੀ ਕਹਿਣਾ ਪਿਆ ਕਿ ਜਿਸ ਭਗਤੀ ਦੇ ਮਾਰਗ ਪਰ ਅਸੀਂ ਟੁਰੇ ਜਾ ਰਹੇ ਹਾਂ ਇਹ ਮਾਰਗ ਅਤਿਅੰਤ ਕਠਿਨ ਹੈ, ਇਹ ਔਖੀ ਘਾਟੀ ਤੇ ਬਿਖਮ ਪੈਂਡਾ ਹੈ, ਇਸ ਲਈ ਅਉਘਟ ਘਾਟੀ 'ਤੇ ਚੜ੍ਹਦਾ ਹੋਇਆ ਸਾਡਾ ਕਮਜ਼ੋਰ ਮਨ ਰੂਪੀ ਬੈਲ ਭੀ ਥੱਕ ਗਿਆ ਹੈ, ਹੁਣ ਇਹ ਗੋਨ ਚੁਕਣ ਵੱਲੋਂ ਭੀ ਅਸਮਰਥ ਹੋ ਗਿਆ ਹੈ। ਕਿਉਂਕਿ ਇਸ ਰੱਬੀ-ਮਾਰਗ 'ਤੇ ਚੱਲਣ ਵਾਲਾ ਕੋਈ ਅਗੇ ਭੀ ਨਜ਼ਰ ਨਹੀਂ ਆਉਂਦਾ ਅਤੇ ਨਾਹੀ ਕੋਈ ਪਿੱਛੇ ਹੀ ਆਉਂਦਾ ਦਿਸਦਾ ਹੈ ਅਤੇ ਨਾਹੀ ਕੋਈ ਸਾਡਾ ਸਾਥ ਦੇਣ ਵਾਲਾ ਦੂਸਰਾ ਸਹਾਇਕ ਸਾਥੀ ਹੈ, ਜਿਸ ਨੂੰ ਤੱਕ ਕੇ ਸਾਡੀ

ਢਾਰਸ ਬੱਝੀ ਰਹੇ, ਹੁਣ ਇਸੇ ਸੋਚ ਵਿਚ ਹਾਂ ਕਿ ਇਹ ਸਫ਼ਰ ਪਤਾ ਨਹੀਂ ਕਿਤਨਾ ਕੁ ਬਕਾਇਆ ਰਹਿੰਦਾ ਹੈ। ਸੋ, ਹੇ ਭਾਈਓ! ਮੈਂ ਇਨ੍ਹਾਂ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉਲੀਕੀਆਂ ਹਨ, ਜਿਨ੍ਹਾਂ ਵਿਚ ਇਸ ਜਗਤ ਨੂੰ ਮਾਨ-ਸਰੋਵਰ ਦੀ ਨਿਆਈਂ ਅਤੀ ਡੂੰਘਾ ਦਰਸਾਇਆ ਹੈ, ਜਿਥੇ ਹਰ ਇਕ ਦੀ ਪਹੁੰਚ ਨਹੀਂ ਕੇਵਲ ਹੰਸ ਹੀ ਉਥੇ ਪਹੁੰਚ ਕੇ ਮੋਤੀਆਂ ਦੀ ਚੋਗ ਚੁੱਗਦੇ ਹਨ।

(੧) (ਹੇ ਭਾਈਓ! ਜਿਵੇਂ ਅਸੀਂ ਵੇਖਦੇ ਹਾਂ ਕਿ) ਜਗਤ ਅੰਦਰ ਮਾਨ-ਸਰੋਵਰ ਸੱਤਾਂ ਸਮੁੰਦਰਾਂ ਨਾਲੋਂ ਵੀ ਬਹੁਤ ਡੂੰਘਾ ਤੇ ਬਹੁਤ ਪਰ੍ਹਾਂ ਹੈ।

(੨) ਨਾ ਹੀ ਉਸਦਾ ਕੋਈ ਘਾਟ ਹੈ ਤੇ ਨਾ ਹੀ ਕੋਈ ਮਲਾਹ ਹੈ ਤੇ ਨਾ ਹੀ ਪਾਰਵਾਰ ਤੇ ਹੱਦ ਹੈ।

(੩) (ਉਸ ਸਰੋਵਰ ਨੂੰ ਪਾਰ ਕਰਨ ਲਈ) ਨਾ ਕੋਈ ਬੇੜੀ ਹੈ ਤੇ ਨਾ ਹੀ ਕੋਈ ਤੁਲਹਾ ਹੈ। ਨਾ ਕੋਈ ਵੰਝ ਹੈ ਜਿਸ ਨਾਲ ਉਸਦੀ ਡੂੰਘਾਈ ਜਾਣੀ ਜਾ ਸਕੇ, ਨਾ ਹੀ ਕੋਈ ਧੀਰਜ ਦੇਣ ਵਾਲਾ ਹੈ ਤੇ ਨਾ ਹੀ ਧੀਰਜ ਹੈ।

(੪) ਉਥੇ ਹੋਰ ਕੋਈ ਨਹੀਂ ਅੱਪੜਦਾ, ਪਰ ਹੰਸ ਉਥੇ ਪਹੁੰਚ ਕੇ ਮੋਤੀਆਂ ਦਾ ਚੋਗਾ ਚੁਗਦੇ ਹਨ।

(੫) ਸਤਿਗੁਰੂ ਜੀ ਨੇ ਸਵਾਂਗ ਵਰਤਾਇਆ ਹੈ ਤੇ ਅਹੀਰਾਂ ਦਾ ਪਿੰਡ ਵਸਾਇਆ ਹੈ (ਭਾਵ ਗੋਇਲ ਵਾਸੇ ਸੰਸਾਰ ਵਿਚ ਆਪ ਸਤਿਗੁਰੂ ਜੀ ਮਨੁੱਖੀ ਜਾਮੇ ਵਿਚ ਵੱਸ ਰਹੇ ਹਨ)।

(੬) ਮੱਸਿਆ ਦੀ ਰਾਤ ਦੇ ਚੰਦ੍ਰਮਾ ਵਾਂਗੂੰ ਤੇ ਪਾਣੀ ਵਿਚ ਲੁਕੇ ਮੱਛ ਵਾਂਗੂੰ ਸਤਿਗੁਰੂ ਜੀ ਲੁਕੇ ਹੋਏ ਹਨ।

(੭) ਜਿਹੜੇ ਮੁਰੀਦ ਜੀਵਨ-ਭਾਵ ਤੋਂ ਮਰੇ ਹਨ (ਭਾਵ ਜਿਨ੍ਹਾਂ ਦੀ ਹਉਮੈ ਨਾਸ ਹੋ ਗਈ ਹੈ) ਉਹ ਮੁਰੀਦ ਹੀ ਪੂਜਨੀਕ ਗੁਰੂ ਰੂਪ ਕਬਰ ਵਿਚ ਸਮਾਉਂਦੇ ਹਨ।੨੬।

***ਭਾਵਾਰਥ :*** ਗੁਰੂ ਮਾਨ-ਸਰੋਵਰ ਅਥਾਹ ਰੂਪ ਹਨ। ਮਨੁੱਖ ਰੂਪ ਦਾ ਸਾਂਗ ਧਾਰ ਕੇ ਮਨੁੱਖ ਹਨ, ਪ੍ਰੇਮੀ ਪਛਾਣ ਕਰਦੇ ਤੇ ਲਾਭ ਪ੍ਰਾਪਤ ਕਰਦੇ ਹਨ। ਇਸ ਤੋਂ ਹਰ ਸਿਖ ਲਈ ਪ੍ਰੇਰਨਾ ਹੈ ਕਿ ਮੁਰਦੇ ਵਾਂਗ ਮੁਰੀਦ ਹੋ ਕੇ ਗੁਰੂ ਦੇ ਭਰੋਸੇ ਦੀ ਗੋਰ ਵਿਚ ਸਮਾਏ।

## ੨੭. ਗੁਰਸਿਖ ਪ੍ਰੀਤ ਗੁਰੂ ਮੁਖ ਲਾਗੇ

**੧. ਮੱਛੀ ਦੇ ਪਰਵਾਰ ਵਾਂਗ**
**ਜੀਵਣ ਮਰਣ ਨ ਵਿਸਰੇ ਪਾਣੀ।**
**੨. ਜਿਉਂ ਪਰਵਾਰ ਪਤੰਗ ਦਾ**
**ਦੀਪਕ ਬਾਝ ਨ ਹੋਰ ਸਞਾਣੀ।**
**੩. ਜਿਉਂ ਜਲ ਕਵਲ ਪਿਆਰ ਹੈ**
**ਭਵਰ ਕਵਲ ਕੁਲ ਪ੍ਰੀਤਿ ਵਖਾਣੀ।**
**੪. ਬੂੰਦ ਬਬੀਹੇ ਮਿਰਗ ਨਾਦ**
**ਕੋਇਲ ਜਿਉ ਫਲ ਅੰਬ ਲੁਭਾਣੀ।**
**੫. ਮਾਨ ਸਰਵੋਰ ਹੰਸੁਲਾ**
**ਓਹ ਅਮੋਲਕ ਰਤਨਾਂ ਖਾਣੀ।**
**੬. ਚਕਵੀ ਸੂਰਜ ਹੇਤੁ ਹੈ**
**ਚੰਦ ਚਕੋਰੈ ਚੋਜ ਵਿਡਾਣੀ।**
**੭. ਗੁਰਸਿਖ ਵੰਸੀ ਪਰਮ ਹੰਸ**
**ਸਤਿਗੁਰ ਸਹਿਜ ਸਰੋਵਰ ਜਾਣੀ।**
**੮. ਮੁਰਗਾਈ ਨੀਸਾਣ ਨੈਸਾਣੀ ॥੨੭॥**

***ਪਦ ਅਰਥ :*** ਬਬੀਹੇ—ਚਾਤ੍ਰਿਕ। ਹੇਤੁ—ਪਿਆਰ। ਨੀਸਾਣ ਨੈ ਸਾਣੀ—ਮੁਰਗਾਈ ਦੀ ਤਰ੍ਹਾਂ ਨਦੀ ਦੇ ਸਾਹਮਣੇ ਜਾਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਦੋਂ ਆਮ ਸੱਜਨਾਂ ਨਾਲ, ਖ਼ਾਸ ਕਰਕੇ ਧਰਮ ਅਸਥਾਨਾਂ ਵਿਚ ਗਿਆਂ ਮਿੱਤ੍ਰਾਂ ਨਾਲ ਵਿਚਾਰ ਵਿਟਾਂਦਰਾ ਕਰਨ ਦਾ ਸਮਾਂ ਬਣਦਾ ਹੈ, ਤਾਂ ਵਧੇਰੇ ਲੋਕ ਐਸੇ ਵੇਖਣ ਵਿਚ ਆਉਂਦੇ ਹਨ ਜੋ ਆਪਣੇ ਆਪ ਨੂੰ ਰੱਬ ਦੇ ਨੇੜੇ ਹੋਣ ਦਾ ਜਾਂ ਗੁਰੂ ਦੇ ਪ੍ਰੇਮੀ ਹੋਣ ਦਾ ਦਾਅਵਾ ਕਰਦੇ ਹਨ, ਸਾਨੂੰ ਪਰਮਾਰਥ ਦੀ ਵਧੇਰੇ ਸੂਝ-ਬੂਝ ਨਾ ਹੋਣ ਦੇ ਕਾਰਨ ਕਈ ਵਾਰ ਭੁਲੇਖਾ ਭੀ ਖਾ ਜਾਈਦਾ ਹੈ ਕਿ ਹੋ ਸਕਦਾ ਹੈ ਕਿ ਇਹ ਸੱਚੇ ਗੁਰੂ ਦੇ ਸੱਚੇ ਪ੍ਰੇਮੀ ਹੀ ਹੋਣ। ਕਿਉਂ ਜੀ! ਦਸੋਗੇ ਕਿ ਤੁਸੀਂ ਅਜਿਹੇ ਸੱਜਨਾਂ ਬਾਰੇ ਕਿਵੇਂ ਅਨੁਭਵ ਕਰਦੇ ਹੋ ਤਾਕਿ ਸਾਨੂੰ ਭੀ ਜਾਣਕਾਰੀ ਹੋ ਸਕੇ?

ਉ: ਹੇ ਭਾਈਓ! ਅਜਿਹੇ ਪ੍ਰੇਮ ਦੀਆਂ ਵਧੇਰੇ ਗੱਲਾਂ ਕਰਨ

ਵਾਲੇ ਲੋਕਾਂ ਬਾਰੇ ਜੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁੱਛੀਏ ਤਾਂ ਉਹ ਇਨ੍ਹਾਂ ਲੋਕਾਂ ਨਾਲ ਸਹਿਮਤ ਨਹੀਂ ਹਨ, ਕਿਉਂਕਿ ਆਪ ਜੀ ਤਾਂ ਅਜਿਹੇ ਲੋਕਾਂ ਬਾਰੇ ਖ਼ੁਲਾਸੇ ਰੂਪ ਵਿਚ ਕਹਿੰਦੇ ਹਨ ਕਿ:

ਗਲਾ ਵਾਲੇ ਹੈਨਿ ਘਨੇਰੇ ਛਡਿ ਨ ਸਕੈ ਕੋਈ॥

*(ਮ: ੧, ਪੰਨਾ ੧੨੮੬)*

ਮੈ ਗੁਣ ਗਲਾ ਕੇ ਸਿਰਿ ਭਾਰ॥
ਗਲੀ ਗਲਾ ਸਿਰਜਣਹਾਰ॥

*(ਆਸਾ ਮ: ੧, ਪੰਨਾ ੩੫੧)*

ਗਲੀ ਸੈਲ ਉਠਾਵਤ ਚਾਹੈ ਓਇ ਊਹਾ ਹੀ ਧਰੇ॥

*(ਟੋਡੀ ਮ: ੫, ਪੰਨਾ ੭੧੪)*

ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥

*(ਮ: ੧, ਪੰਨਾ ੮੫)*

ਗਲੀ ਹਉ ਸੋਹਾਗਣਿ ਭੈਣੇ
ਕੰਤੁ ਨ ਕਬਹੂੰ ਮੈ ਮਿਲਿਆ॥੨੩॥

*(ਆਸਾ ਮ: ੧, ਪੰਨਾ ੪੩੩)*

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥

*(ਸਲੋਕ ਮ: ੨, ਪੰਨਾ ੪੭੪)*

ਗਲੀ ਗਰਬਹਿ ਮੁਖਿ ਗੋਵਹਿ ਗਿਆਨ॥
ਸਭ ਬਿਧਿ ਖੋਈ ਲੋਭਿ ਸੁਆਨ॥੨॥

*(ਆਸਾ ਮ: ੫, ਪੰਨਾ ੩੭੪)*

ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥

*(ਮ: ੧, ਪੰਨਾ ੧੪੧)*

ਇਸ ਤੋਂ ਆਦਿ ਸਾਨੂੰ ਬਾਣੀ ਵਿਚੋਂ ਹੋਰ ਵੀ ਬਹੁਤ ਸਾਰੇ ਉਦਾਹਰਣ ਮਿਲਦੇ ਹਨ, ਜਿਸ ਤੋਂ ਸਾਬਤ ਹੁੰਦਾ ਹੈ ਕਿ ਸੰਸਾਰ ਵਿਚ ਬਹੁਤ ਲੋਕ ਹਨ ਜੋ ਬਾਹਰੋਂ ਪ੍ਰੇਮ ਪਿਆਰ ਦੀਆਂ ਗੱਲਾਂ ਤਾਂ ਕਰਦੇ ਹਨ ਪਰ ਉਹ ਮਾਇਕੀ ਪਦਾਰਥਾਂ ਦੇ ਮੋਹ ਮਮਤਾ ਦਾ ਤਿਆਗ ਨਹੀਂ ਕਰ ਸਕਦੇ। ਉਹ ਗੱਲਾਂ ਨਾਲ ਹੀ ਲੋਕਾਂ ਨੂੰ ਜਣਾ ਰਹੇ ਹਨ ਕਿ ਅਸੀਂ ਗੁਰੂ ਤੇ ਪ੍ਰਭੂ ਨੂੰ ਹਾਸਲ ਕਰ ਲਿਆ ਹੈ, ਪਰ ਇਸ ਤਰ੍ਹਾਂ ਵਧੇਰੇ ਗੱਲਾਂ ਕਰਨ ਨਾਲ ਪ੍ਰਭੂ ਦਾ ਅਤੇ ਗੁਰੂ ਦਾ ਪ੍ਰੇਮ ਪਿਆਰ ਪ੍ਰਾਪਤ ਨਹੀਂ ਹੋ ਸਕਦਾ।

ਜੇ ਕਦੀ ਅਸੀਂ ਪ੍ਰੇਮ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਤੱਕੀਏ ਤਾਂ ਸਾਨੂੰ ਸਹਿਜੇ ਹੀ ਦਿੱਸ ਆਵੇਗਾ ਕਿ ਪ੍ਰੇਮ ਪਿਆਰ ਕੋਈ ਐਸੀ ਸ਼ੈ ਨਹੀਂ ਜਿਸਨੂੰ ਕਿ ਸ਼ਬਦਾਂ ਵਿਚ ਬੰਨ੍ਹਿਆ ਜਾਏ, ਕਿਉਂਕਿ ਇਹ ਤਾਂ ਮਨੁੱਖ ਦੇ ਅੰਤਰ-ਆਤਮੇ ਇਕ ਜਜ਼ਬਾ ਹੈ ਜਿਸਨੂੰ ਪ੍ਰੀਤ ਕਿਹਾ ਜਾਂਦਾ ਹੈ, ਪਰ ਇਸ ਪ੍ਰੀਤ ਨੂੰ ਬੁਧੀਜੀਵੀਆਂ ਨੇ ਤਿੰਨ ਰੂਪਾਂ ਵਿਚ ਵੰਡਿਆ ਹੈ, ਜਿਵੇਂ ਕਿ ੧. ਸਨੇਹ, ੨. ਪ੍ਰੇਮ ਤੇ ੩. ਸ਼ਰਧਾ। ਭਾਵ ਜਦੋਂ ਪ੍ਰੀਤ ਪ੍ਰਵਾਰ ਦੇ ਮੋਹ ਵੱਲ ਵਧੇ ਤਾਂ ਇਸ ਨੂੰ ਸਨੇਹ ਕਿਹਾ ਜਾਂਦਾ ਹੈ, ਜਦੋਂ ਇਸ ਪ੍ਰੀਤ ਦਾ ਵੇਗ ਗੁਰੂ ਵੱਲ ਵਗੇ ਤਾਂ ਇਸ ਨੂੰ ਪ੍ਰੇਮ ਕਿਹਾ ਜਾਂਦਾ ਹੈ, ਪਰ ਜਦੋਂ ਇਹੋ ਪ੍ਰੀਤ, ਪ੍ਰਭੂ ਪਿਆਰ ਵੱਲ ਟੁਰਦੀ ਹੈ ਤਾਂ ਇਸਨੂੰ ਸ਼ਰਧਾ ਕਿਹਾ ਜਾਂਦਾ ਹੈ ਭਾਵ ਇਸ ਦੀ ਪ੍ਰਤੱਖ ਰੂਪ ਰੇਖਾ ਕੋਈ ਨਹੀਂ ਇਸਨੂੰ ਤਾਂ ਅੰਤਰ-ਆਤਮੇ ਅਨੁਭਵ ਹੀ ਕੀਤਾ ਜਾ ਸਕਦਾ ਹੈ। ਇਹ ਪ੍ਰੇਮ ਨਾ ਕਿਸੇ ਨੂੰ ਦਿਤਾ ਜਾ ਸਕਦਾ ਅਤੇ ਨਾ ਹੀ ਲਿਆ ਜਾ ਸਕਦਾ ਅਤੇ ਨਾਹੀ ਇਸਦੀ ਸਹੀ ਰੂਪ-ਰੇਖਾ ਬਿਆਨ ਕੀਤੀ ਜਾ ਸਕਦੀ ਹੈ, ਅਤੇ ਨਾ ਹੀ ਇਸਨੂੰ ਧਨ ਦੌਲਤ ਨਾਲ ਹੀ ਖ਼ਰੀਦਿਆ ਜਾ ਸਕਦਾ ਹੈ, ਇਹ ਤਾਂ ਜਿਸਨੂੰ ਆਪਣੇ ਅੰਦਰ ਹਰ ਰੋਜ਼ ਅਸੀਂ ਯਾਦ ਕਰਦੇ ਰਹੀਏ ਉਹ ਯਾਦ ਹੀ ਸਹਿਜੇ ਸਹਿਜੇ ਪ੍ਰੇਮ ਪਿਆਰ ਦਾ ਰੂਪ ਧਾਰਨ ਕਰ ਲੈਂਦੀ ਹੈ।

ਜੇਕਰ ਇਸ ਪ੍ਰੇਮ ਨੂੰ ਦੌਲਤ ਦੇ ਬਦਲ ਵਿਚ ਹੀ ਲਿਆ ਜਾ ਸਕਦਾ ਫਿਰ ਤਾਂ ਇਸਨੂੰ ਦੌਲਤਵੰਦਾਂ ਨੇ ਹੀ ਖ਼ਰੀਦ ਲੈਣਾ ਸੀ, ਗ਼ਰੀਬ ਲੋਕ ਤਾਂ ਸੱਖਣੇ ਹੀ ਰਹਿ ਜਾਂਦੇ ਪਰ ਐਸਾ ਨਹੀਂ ਹੋ ਸਕਦਾ, ਕਿਉਂਕਿ ਇਸ ਪ੍ਰੇਮ ਨੂੰ ਅੰਦਰ ਥਾਂ ਦੇਣ ਲਈ ਤਾਂ ਆਪਾ-ਭਾਵ ਮਿਟਾਉਣਾ ਪੈਂਦਾ ਹੈ, ਇਸ ਭਾਵ ਨੂੰ 'ਸੰਮਨ' ਦੁਆਰੇ ਗੁਰੂ ਅਰਜਨ ਦੇਵ ਜੀ ਬਾਣੀ ਵਿਚ ਫ਼ੈਸਲਾਕੁੰਨ ਫ਼ੁਰਮਾਨ ਕਰਦੇ ਹਨ:

ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਯ੍ਹਿ ਹੋਤੀ ਸਾਟ॥
ਰਾਵਨ ਹੁਤੇ ਸੁ ਰੰਕ ਨਹਿ
ਜਿਨਿ ਸਿਰ ਦੀਨੇ ਕਾਟਿ॥੧॥
ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ ਬੀਚੁ ਨ ਰਾਈ ਹੋਤ॥
ਚਰਨ ਕਮਲ ਮਨੁ ਬੇਧਿਓ ਬੂਝਨੁ ਸੁਰਤਿ ਸੰਜੋਗ॥੨॥
ਸਾਗਰ ਮੇਰ ਉਦਿਆਨ ਬਨ ਨਵ ਖੰਡ ਬਸੁਧਾ ਭਰਮ॥
ਮੂਸਨ ਪ੍ਰੇਮ ਪਿਰੰਮ ਕੈ ਗਨਉ ਏਕ ਕਰਿ ਕਰਮ॥੩॥
ਮੂਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰੁ ਛਾਇ॥
ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ॥੪॥
ਜਪ ਤਪ ਸੰਜਮ ਹਰਖ ਸੁਖ ਮਾਨ ਮਹਤ ਅਰੁ ਗਰਬ॥
ਮੂਸਨ ਨਿਮਖਕ ਪ੍ਰੇਮ ਪਰਿ ਵਾਰਿ ਵਾਰਿ ਦੇਂਉ ਸਰਬ॥੫॥

ਮੂਸਨ ਮਰਮੁ ਨ ਜਾਨਈ ਮਰਤ ਹਿਰਤ ਸੰਸਾਰ ॥
ਪ੍ਰੇਮ ਪਿਰੰਮ ਨ ਬੇਧਿਓ ਉਰਝਿਓ ਮਿਥ ਬਿਉਹਾਰ ॥੬॥
ਘਬੁ ਦਬੁ ਜਬ ਜਾਰੀਐ ਬਿਛੁਰਤ ਪ੍ਰੇਮ ਬਿਹਾਲ ॥
ਮੂਸਨ ਤਬ ਹੀ ਮੂਸੀਐ ਬਿਸਰਤ ਪੁਰਖ ਦਇਆਲ ॥੭॥
ਜਾ ਕੋ ਪ੍ਰੇਮ ਸੁਆਉ ਹੈ ਚਰਨ ਚਿਤਵ ਮਨ ਮਾਹਿ ॥
ਨਾਨਕ ਬਿਰਹੀ ਬ੍ਰਹਮ ਕੇ ਆਨ ਨ ਕਤਹੂ ਜਾਹਿ ॥੮॥
*(ਚਉਬੋਲੇ ਮਹਲਾ ੫, ਪੰਨਾ ੧੩੬੩)*

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥੨੦॥
*(ਸਲੋਕ ਵਾਰਾਂ ਤੇ ਵਧੀਕ ਮ: ੧, ਪੰਨਾ ੧੪੧੨)*

ਭਾਵ ਹੈ, ਇਸ ਗੁਰੂ ਤੇ ਪ੍ਰਭੂ-ਪਿਆਰ ਨੂੰ ਅੰਤਰ-ਆਤਮੇ ਉਪਜਾਉਣ ਲਈ ਪ੍ਰੇਮੀ ਨੂੰ ਆਪਣੇ ਅੰਦਰੋਂ ਆਪਾ-ਭਾਵ ਮਿਟਾਉਣਾ ਪੈਂਦਾ ਹੈ, ਤਦੇ ਹੀ ਪ੍ਰੇਮੀ ਦੇ ਹਿਰਦੇ ਵਿਚ ਗੁਰੂ ਦਾ ਪ੍ਰੇਮ ਜਨਮ ਲੈਂਦਾ ਹੈ। ਇਸ ਤਰ੍ਹਾਂ ਪ੍ਰਭੂ-ਪਿਆਰ ਦੇ ਸੰਬੰਧ ਵਿਚ ਸਾਨੂੰ ਬਾਣੀ ਵਿਚੋਂ ਬਹੁਤ ਉਦਾਹਰਣ ਮਿਲਦੇ ਹਨ ਜਿਸ ਪ੍ਰੇਮ ਬਾਰੇ ਵਧੇਰੇ ਕੁਝ ਨਹੀਂ ਕਿਹਾ ਜਾਂਦਾ।

ਪ੍ਰ: ਕਿਉਂ ਭਾਈ ਸਾਹਿਬ ਜੀਉ! ਜਿਨ੍ਹਾਂ ਪ੍ਰੇਮੀਆਂ ਦੇ ਅੰਦਰ ਪ੍ਰੇਮ ਦੀ ਲਗਨ ਉਪਜ ਆਈ ਹੈ ਕੀ ਦਸੋਗੇ ਕਿ ਉਨ੍ਹਾਂ ਦੀ ਮਾਨਸਕ ਅਵਸਥਾ ਕਿਹੋ ਜਿਹੀ ਹੋ ਜਾਂਦੀ ਹੈ?

ਉ: ਹੇ ਭਾਈਓ! ਜੇ ਸਹੀ ਪ੍ਰੇਮੀਆਂ ਦੀ ਸਹੀ ਮਾਨਸਕ ਅਵਸਥਾ ਵੇਖੀ ਜਾਏ ਤਾਂ ਗੁਰਬਾਣੀ ਨੇ ਕਈ ਉਦਾਹਰਣ ਦੇ ਕੇ ਇਸ ਪ੍ਰਕਾਰ ਬਿਆਨ ਕੀਤਾ ਹੈ:

ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥
ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥
ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ
ਦੇਖਿ ਦਰਸੁ ਅਘਾਵੈ ॥੧੨॥ *(ਪਉੜੀ, ਪੰਨਾ ੭੦੮)*

ਭਾਵ ਹੈ ਕਿ, ਜਿਵੇਂ ਉਪਰ ਪੰਗਤੀਆਂ ਵਿਚ, ਮੱਛੀ, ਚਾਤ੍ਰਕ, ਹਰਨ ਤੇ ਭਵਰੇ ਆਦਿ ਦੇ ਮਨਾਂ ਵਿਚ ਆਪੋ ਆਪਣੇ ਪਿਆਰੇ ਦੀ ਤਾਂਘ ਹੈ, ਉਹ ਆਪਣੇ ਪਿਆਰੇ ਤੋਂ ਬਿਨਾਂ ਨਹੀਂ ਰਹਿ ਸਕਦੇ, ਇਸੇ ਤਰ੍ਹਾਂ ਹੀ ਸੰਤ ਜਨ ਆਪਣੇ ਪਿਆਰੇ ਪ੍ਰਭੂ ਦੇ ਪ੍ਰੇਮ ਪਿਆਰ ਵਿਚ ਸਦਾ ਹੀ ਮਨ ਕਰਕੇ ਰੱਤੇ ਰਹਿੰਦੇ ਹਨ, ਉਹ ਆਪਣੇ ਪਿਆਰੇ ਦੇ ਦੀਦਾਰ ਕਰਕੇ ਹੀ ਆਪਣੇ ਮਨ ਦੀ ਤ੍ਰਿਪਤੀ ਹਾਸਲ ਕਰਦੇ ਹਨ।

ਸੋ, ਮੈਂ ਭੀ ਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਗੁਰੂ ਦੇ ਸਿੱਖਾਂ ਦੇ ਪ੍ਰੇਮ ਪਿਆਰ ਨੂੰ ਤੱਕ ਕੇ ਬੈਰੂਨੀ ਉਦਾਹਰਣਾਂ ਰਾਹੀਂ ਪ੍ਰਗਟਾਇਆ ਹੈ, ਜਿਵੇਂ ਕਿ:

(੧) (ਅਸੀਂ ਵੇਖਦੇ ਹਾਂ ਕਿ) ਮੱਛੀ ਦੇ ਪ੍ਰਵਾਰ ਨੂੰ (ਕਦੇ ਭੀ) ਜੀਉਂਦਿਆਂ ਮਰਦਿਆਂ ਪਾਣੀ ਨਹੀਂ ਵਿਸਰਦਾ। ਜਿਵੇਂ ਕਿ:

ਮੀਨੁ ਪਕਰਿ ਫਾਂਕਿਓ ਅਰੁ ਕਾਟਿਓ
ਰਾਂਧਿ ਕੀਓ ਬਹੁ ਬਾਨੀ ॥
ਖੰਡ ਖੰਡ ਕਰਿ ਭੋਜਨੁ ਕੀਨੋ
ਤਊ ਨ ਬਿਸਰਿਓ ਪਾਨੀ ॥੨॥ *(ਪੰਨਾ ੬੫੮)*

(੨) ਜਿਵੇਂ ਪਤੰਗੇ ਦਾ ਪਿਆਰ ਦੀਵੇ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਜਾਣਦਾ।
(੩) ਜਿਵੇਂ ਕਵਲ ਦਾ ਜਲ ਨਾਲ ਪਿਆਰ ਹੈ, ਜਿਵੇਂ ਭੌਰਿਆਂ ਦੀ ਕੁਲ ਕਵਲ ਨਾਲ ਪ੍ਰੀਤ ਕਰਦੀ ਹੈ।
(੪) ਜਿਵੇਂ ਬਬੀਹੇ ਦੀ ਸ੍ਵਾਂਤੀ ਬੂੰਦ ਨਾਲ ਪ੍ਰੀਤ ਹੁੰਦੀ ਹੈ, ਹਰਨ ਦਾ ਨਾਦ ਨਾਲ ਪਿਆਰ ਹੁੰਦਾ ਹੈ ਤੇ ਕੋਇਲ ਅੰਬ ਨੂੰ ਵੇਖ ਕੇ ਲੁਭਾਇਮਾਨ ਹੁੰਦੀ ਹੈ।
(੫) ਮਾਨਸਰੋਵਰ 'ਤੇ ਹੰਸ ਰਹਿੰਦਾ ਹੈ ਤੇ ਮੋਤੀਆਂ ਦਾ ਅਮੋਲਕ ਖਾਣਾ ਖਾਂਦਾ ਹੈ।
(੬) ਚਕਵੀ ਦਾ ਸੂਰਜ ਨਾਲ ਪਿਆਰ ਹੈ ਤੇ ਚੰਦ੍ਰਮਾ ਨਾਲ ਚਕੋਰ ਅਸਚਰਜ ਕੌਤਕ ਕਰਦਾ ਹੈ (ਭਾਵ ਚੰਦ੍ਰਮਾ ਨੂੰ ਵੇਖ ਕੇ ਚਕੋਰ ਅੱਗ ਖਾਣ ਲੱਗ ਜਾਂਦਾ ਹੈ)।
(੭) (ਇਸੇ ਤਰ੍ਹਾਂ) ਗੁਰਸਿੱਖਾਂ ਦੀ ਵੰਸ ਪਰਮਹੰਸ ਹੈ, ਉਹ ਸਤਿਗੁਰਾਂ ਨੂੰ ਸ਼ਾਂਤੀ ਦਾ ਸਰੋਵਰ ਜਾਣਦੀ ਹੈ।
(੮) (ਉਹ) ਮੁਰਗਾਈ ਵਾਂਗੂੰ ਨਦੀ ਦੇ ਸਾਹਮਣੇ ਪਾਣੀ ਵੱਲ ਜਾਂਦੀ ਹੈ (ਭਾਵ ਗੁਰਸਿਖ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਜਾਣ ਸਮੇਂ ਸੰਸਾਰਕ ਕਠਿਨਾਈਆਂ ਤੋਂ ਨਹੀਂ ਡਰਦੇ ਅਰ ਆਪਣੀ ਪ੍ਰੀਤ ਨੂੰ ਦ੍ਰਿੜ੍ਹਤਾ ਨਾਲ ਨਿਭਾਉਂਦੇ ਹਨ)।੨੭।

***ਭਾਵਾਰਥ :*** ਆਪਣੇ ਆਪ ਨੂੰ ਪ੍ਰੇਮੀ ਕਹਿ ਲੈਣਾ ਜਾਂ ਲੋਕਾਂ ਤੋਂ ਕੁਹਾ ਲੈਣਾ ਤਾਂ ਬਹੁਤ ਸੁਖੈਨ ਹੈ ਪਰ ਪ੍ਰੇਮ ਦੀ ਆਖ਼ਰੀ ਮੰਜ਼ਲ 'ਤੇ ਪੁੱਜਣਾ ਔਖਾ ਹੈ, ਜਿਵੇਂ ਕਿ:

ਪ੍ਰੇਮੀ ਸਭ ਸਦਾਇਆ ਲੋੜੇ ਟੇਢੀ ਪਗੜੀ ਧਰ ਕੇ।
ਖ਼ੁਦੀ ਤਕੱਬਰ ਤੇ ਮਗਰੂਰੀ ਵਿਰਲਾ ਰਹੇ ਕੋ ਜਰ ਕੇ।

ਸਿਰ ਤੇ ਧਰੇ ਪ੍ਰੇਮ ਦਾ ਡੇਰਾ ਸਭ ਮੁੜ ਆਏ ਡਰ ਕੇ।
ਮਹਿਬੂਬ ਦੇ ਮਹਿਲ ਪਿਆਰਿਆ ਜੋ ਪਹੁੰਚਾ ਸੁ ਮਰ ਕੇ।
ਪ੍ਰੇਮ ਨਾ ਬਾੜੀ ਉਪਜਦਾ ਪ੍ਰੇਮ ਨ ਹਾਟ ਵਿਕਾਇ।
ਰਾਣਾ ਰਾਜਾ ਜੋ ਚਹੈ ਸਿਰ ਦੀਜੈ ਪ੍ਰੇਮ ਲੈ ਜਾਇ।
ਪ੍ਰੇਮ ਛਪਾਇਆ ਨ ਛਪੈ ਜੇ ਯਹ ਛਪਾਵੈ ਕੋਇ।
ਮੁਖ ਸੇ ਜੇ ਬੋਲੈ ਨਹੀ ਨੈਨ ਦੇਤ ਹੈ ਰੋਇ।

## ੨੮. ਗੁਰਸਿਖ ਵੰਸ ਦੀ ਵਿਸ਼ੇਸ਼ਤਾ—ਸੁਖ ਪ੍ਰਾਪਤੀ

**੧. ਕੱਛੂ ਅੰਡਾ ਸੇਂਵਦਾ**
**ਜਲ ਬਾਹਰ ਧਰਿ ਧਿਆਨ ਧਰੰਦਾ।**
**੨. ਕੂੰਜ ਕਰੇਂਦੀ ਸਿਮਰਣੋ**
**ਪੂਰਣ ਬੱਚਾ ਹੋਇ ਉਡੰਦਾ।**
**੩. ਕੁਕੜੀ ਬੱਚਾ ਪਾਲਦੀ**
**ਮੁਰਗਾਈ ਨੂੰ ਜਾਇ ਮਿਲੰਦਾ।**
**੪. ਕੋਇਲ ਪਾਲੈ ਕਾਂਵਣੀ**
**ਲੋਹੂ ਲੋਹੂ ਰਲੇ ਰਲੰਦਾ।**
**੫. ਚਕਵੀ ਅਤੇ ਚਕੋਰ ਕੁਲ**
**ਸ਼ਿਵ ਸ਼ਕਤੀ ਮਿਲ ਮੇਲ ਕਰੰਦਾ।**
**੬. ਚੰਦ ਸੂਰਜ ਸੇ ਜਾਣੀਅਨਿ**
**ਛੇ ਰੁਤ ਬਾਰਹ ਮਾਹ ਦਿਸੰਦਾ।**
**੭. ਗੁਰਮੁਖ ਮੇਲਾ ਸੱਚ ਦਾ**
**ਕਵੀਆਂ ਕਵਲ ਭਵਰ ਵਿਗਸੰਦਾ।**
**੮. ਗੁਰਮੁਖ ਸੁਖਫਲ ਅਲਖ ਲਖੰਦਾ ॥੨੮॥**

***ਪਦ ਅਰਥ :*** ਸੇਂਵਦਾ—ਪਾਲ ਲੈਂਦਾ। ਸ਼ਿਵ—ਚੰਦਰਮਾ। ਸ਼ਕਤੀ—ਸੂਰਜ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਕੀ ਇਹ ਦਸੋਗੇ ਕਿ ਗੁਰਮੁਖਾਂ ਦੇ ਧਿਆਨ ਕਰਨ ਦੀ ਰੂਪ-ਰੇਖਾ ਕਿਹੋ ਜਿਹੀ ਹੈ ਜੋ ਸਿਖ ਨੂੰ ਗੁਰੂ ਦੇ ਸੱਚੇ ਮੇਲ ਵਿਚ ਮਿਲਾ ਦੇਂਦੀ ਹੈ, ਕਿਉਂਕਿ ਬਾਹਰੋਂ ਧਿਆਨ ਲਾਉਂਦੇ ਤਾਂ ਬਹੁਤ ਵੇਖਣ ਵਿਚ ਆਉਂਦੇ ਹਨ, ਪਰ ਗੁਰਮੁਖ ਦਾ ਸੱਚਾ ਧਿਆਨ ਕੈਸਾ ਹੈ ਜਿਸ ਦੁਆਰਾ ਉਸ ਨੂੰ ਆਤਮਕ ਸੁਖ ਪ੍ਰਾਪਤ ਹੁੰਦਾ ਹੈ ?

ਉ: ਹੇ ਭਾਈਓ! ਮੈਂ ਜੋ ਗੁਰਬਾਣੀ ਰਾਹੀਂ ਗੁਰਮੁਖਾਂ ਦੇ ਧਿਆਨ ਦੀ ਰੂਪ-ਰੇਖਾ ਅਨੁਭਵ ਕੀਤੀ ਹੈ, ਉਸ ਨੂੰ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਕੱਛੂ ਆਪਣੇ ਆਂਡੇ ਨੂੰ ਪਾਣੀ ਤੋਂ ਬਾਹਰ ਧਰਦਾ ਹੈ ਤੇ ਉਸਦਾ ਧਿਆਨ ਧਰ ਕੇ ਹੀ ਉਸਨੂੰ ਪਾਲ ਲੈਂਦਾ ਹੈ।
(੨) ਕੂੰਜ ਵੀ ਆਪਣੇ ਬੱਚੇ ਨੂੰ ਸਿਮਰਦੀ (ਧਿਆਨ ਵਿਚ ਰਖਦੀ) ਹੈ ਤੇ ਬੱਚਾ ਪਲ ਕੇ ਉਡਣ ਲੱਗ ਜਾਂਦਾ ਹੈ।
(੩) ਕੁੱਕੜੀ ਮੁਰਗਾਬੀ ਦਾ ਬੱਚਾ ਪਾਲਦੀ ਹੈ, ਪਰ ਵੱਡਾ ਹੋ ਕੇ ਉਹ ਆਪਣੀ ਮਾਂ ਨੂੰ ਜਾ ਮਿਲਦਾ ਹੈ।
(੪) ਕੋਇਲ ਦੇ ਬੱਚੇ ਨੂੰ ਕਾਉਂਣੀ ਪਾਲਦੀ ਹੈ, ਪਰ ਜਦ ਉਹ ਸਿਆਣਾ ਹੁੰਦਾ ਹੈ ਤਾਂ ਲਹੂ ਨਾਲ ਲਹੂ ਜਾ ਰਲਦਾ ਹੈ (ਭਾਵ ਕੋਇਲ ਦਾ ਬੱਚਾ ਕੋਇਲ ਨੂੰ ਜਾ ਮਿਲਦਾ ਹੈ)।
(੫) ਚਕਵੀ ਦੀ ਕੁਲ ਸੂਰਜ ਨਾਲ ਤੇ ਚਕੋਰ ਦੀ ਕੁਲ ਚੰਦ੍ਰਮਾ ਨਾਲ ਪ੍ਰੀਤ ਕਰਦੀ ਹੈ ਤੇ ਉਸ ਨੂੰ ਜਾ ਮਿਲਦੀ ਹੈ।
(੬) ਚੰਦ੍ਰਮਾ ਤੇ ਸੂਰਜ ਛੇ ਰੁੱਤਾਂ ਤੇ ਬਾਰਾਂ ਮਹੀਨਿਆਂ ਵਿਚ ਦਿਸਦੇ ਜਾਣੀਦੇ ਹਨ।
(੭) ਚੰਦ੍ਰਮਾ ਨੂੰ ਵੇਖ ਕੇ ਕਮੀਆਂ ਤੇ ਸੂਰਜ ਨੂੰ ਵੇਖ ਕੇ ਕਵਲ ਖਿੜਦਾ ਹੈ, (ਇਸੇ ਤਰ੍ਹਾਂ) ਗੁਰਮੁਖ ਰੂਪੀ ਭੌਰੇ ਦਾ ਆਪਣੇ ਸਤਿਗੁਰਾਂ ਨਾਲ ਸੱਚਾ ਮੇਲ ਹੈ।
(੮) ਗੁਰਮੁਖ (ਆਤਮਕ) ਸੁਖ ਫਲ ਨੂੰ ਪ੍ਰਾਪਤ ਕਰਕੇ ਉਸ ਅਲਖ (ਪ੍ਰਭੂ) ਨੂੰ ਲਖ ਲੈਂਦਾ ਹੈ।੨੮।

***ਭਾਵਾਰਥ :*** ਸੰਸਾਰ ਵਿਚ ਜਦੋਂ ਨਜ਼ਰ ਮਾਰੀਏ ਤਾਂ ਬੇਅੰਤ ਹੀ ਧਿਆਨੀ ਵੇਖੀਦੇ ਹੈਨ, ਜੋ ਬਾਹਰੋਂ ਅੱਖਾਂ ਬੰਦ ਕਰਕੇ ਧਿਆਨ ਲਗਾਉਣ ਦੀ ਕ੍ਰਿਆ ਕਰਦੇ ਹਨ, ਪਰ, ਜਿਤਨਾ ਚਿਰ ਅੰਤਰ-ਆਤਮੇ ਕੋਈ ਧਿਆਨ ਵਿਚ ਲੀਨ ਨਹੀਂ ਹੁੰਦਾ ਉਨ੍ਹਾਂ ਬਾਰੇ ਹਜ਼ੂਰ ਨੇ ਬਾਣੀ ਵਿਚ (ਬਕ ਜਿਉ ਧਿਆਨ ਲਾਵੈ) ਭਾਵ ਉਨ੍ਹਾਂ ਨੂੰ ਬਗਲੇ ਵਾਂਗ ਅੱਖਾਂ ਮੀਚ ਕੇ ਬੈਠਣ ਦੀ ਹੀ ਸੰਮਤਾ ਦਰਸਾਈ ਹੈ, ਅਸਲ ਧਿਆਨ ਤਾਂ ਗੁਰਮੁਖਾਂ ਦਾ ਹੈ ਜੋ ਕੱਛੂ, ਕੂੰਜ, ਕੁੱਕੜੀ, ਕੋਇਲ ਅਤੇ ਚਕਵੀ ਤੇ ਚਕੋਰ ਵਾਂਗੂੰ ਧਿਆਨ ਵਿਚ ਲੀਨ ਹੁੰਦੇ ਹਨ, ਐਸੇ ਗੁਰਮੁਖ ਹੀ ਸੱਚੇ ਧਿਆਨੀ ਹਨ, ਜੋ ਆਤਮਕ ਸੁਖ ਪ੍ਰਾਪਤ ਕਰਕੇ ਪ੍ਰਭੂ ਨੂੰ ਲਖ ਲੈਂਦੇ ਹਨ।

## ੨੯. ਗੁਰਮੁਖ ਸਤਿਗੁਰੂ ਜੀ ਦੀ ਵੰਸ ਦੇ ਪਰਮਹੰਸ ਹਨ

੧. ਪਾਰਸ ਵੰਸੀ ਹੋਇ ਕੈ
ਸਭਨਾ ਧਾਤੂ ਮੇਲ ਮਿਲੰਦਾ।
੨. ਚੰਦਨ ਵਾਸ ਸੁਭਾਉ ਹੈ
ਅਫਲ ਸਫਲ ਵਿਚ ਵਾਸ ਧਰੰਦਾ।
੩. ਲਖ ਤਰੰਗੀਂ ਗੰਗ ਹੋਇ
ਨਦੀਆਂ ਨਾਲੇ ਗੰਗ ਹੋਵੰਦਾ।
੪. ਦਾਵਾ ਦੁਧ ਪਿਆਲਿਆਂ
ਪਾਤਿਸਾਹਾਂ ਕੋਕਾ ਭਾਵੰਦਾ।
੫. ਲੂਣ ਖਾਇ ਪਾਤਿਸ਼ਾਹ ਦਾ
ਕੋਕਾ ਚਾਕਰ ਹੋਇ ਵਲੰਦਾ।
੬. ਸਤਿਗੁਰੁ ਵੰਸੀ ਪਰਮਹੰਸ
ਗੁਰੁ ਸਿਖ ਹੰਸ ਵੰਸ ਨਿਬਹੰਦਾ।
੭. ਪਿਉ ਦਾਦੇ ਦੇ ਰਾਹਿ ਚਲੰਦਾ॥੨੯॥

***ਪਦ ਅਰਥ :*** ਵਲੰਦਾ—ਦਿਨ ਬਿਤਾਉਂਦਾ ਹੈ। ਚਲੰਦਾ—ਚਲਦੇ ਹਨ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜਿਨ੍ਹਾਂ ਗੁਰਮੁਖਾਂ ਬਾਰੇ ਆਪ ਜੀ ਪਿਛੇ ਜ਼ਿਕਰ ਕਰਦੇ ਆ ਰਹੇ ਹੋ, ਕੀ ਦਸੋਗੇ ਕਿ ਤੁਸੀਂ ਉਨ੍ਹਾਂ ਵਿਚ ਖ਼ਾਸ ਤੌਰ ਪਰ ਕਿਹੜੀ ਵਿਸ਼ੇਸ਼ਤਾ ਅਨੁਭਵ ਕਰਦੇ ਹੋ ਤਾਕਿ ਸਾਨੂੰ ਭੀ ਉਨ੍ਹਾਂ ਗੁਰਮੁਖਾਂ ਦੀ ਪਛਾਣ ਹੋ ਸਕੇ ?

**ਉ:** ਹੇ ਭਾਈਓ! ਮੈਨੂੰ ਤਾਂ ਗੁਰਬਾਣੀ ਰਾਹੀਂ ਗੁਰਮੁਖਾਂ ਵਿਚ ਵੱਡੀ ਵਿਸ਼ੇਸ਼ਤਾ ਇਹੋ ਨਜ਼ਰ ਆਈ ਹੈ ਕਿ ਜੋ ਭੀ ਕੋਈ ਉਨ੍ਹਾਂ ਦੀ ਸੰਗਤ ਕਰਦਾ ਹੈ ਉਹ ਉਸਨੂੰ ਆਪਣਾ ਰੂਪ ਹੀ ਬਣਾ ਲੈਂਦੇ ਹਨ, ਜਿਵੇਂ ਕਿ ਪਾਰਸ ਦਾ ਸੁਭਾਉ ਹੈ ਕਿ ਉਹ ਹੋਰ ਧਾਤਾਂ ਨੂੰ ਆਪਣੇ ਨਾਲ ਮਿਲਾ ਕੇ ਸੋਨਾ ਬਣਾ ਲੈਂਦਾ ਹੈ, ਇਸ ਭਾਵ ਨੂੰ ਬਾਣੀ ਵਿਚ ਕਈ ਥਾਵਾਂ 'ਤੇ ਸਪਸ਼ਟ ਕੀਤਾ ਗਿਆ ਹੈ, ਜਿਵੇਂ ਕਿ :

ਪਾਰਸੁ ਜਬ ਭੇਟੈ ਗੁਰੁ ਪੂਰਾ
ਤਾ ਪਾਰਸੁ ਪਰਸਿ ਦਿਖਾਇਣਾ॥੭॥

*(ਮਾਰੂ ਮ: ੫, ਪੰਨਾ ੧੦੭੮)*

ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ॥

*(ਸਿਰੀ ਰਾਗੁ ਮਹਲਾ ੩, ਪੰਨਾ ੨੭)*

ਪਾਰਸਿ ਪਰਸਿਐ ਪਾਰਸੁ ਹੋਏ ਜਾ ਤੇਰੈ ਮਨਿ ਭਾਣੇ॥

*(ਧਨਾਸਰੀ ਮਹਲਾ ੧, ਪੰਨਾ ੬੮੮)*

ਪਾਰਸ ਪਰਸਿਐ ਪਾਰਸੁ ਹੋਵੈ ਸਚਿ ਰਹੈ ਲਿਵ ਲਾਇ॥

*(ਸਲੋਕ ਮ: ੩, ਪੰਨਾ ੬੪੯)*

ਪਾਰਸੁ ਪਰਸਿ ਪਰਮਪਦੁ ਪਾਵੈ॥੨॥

*(ਰਾਗੁ ਆਸਾ ਮਹਲਾ ੧, ਪੰਨਾ ੪੧੧)*

ਪਾਰਸ ਪਰਸੇ ਫਿਰਿ ਪਾਰਸੁ ਹੋਏ
ਹਰਿ ਜੀਉ ਅਪਣੀ ਕਿਰਪਾ ਧਾਰੀ॥੨॥

*(ਰਾਮਕਲੀ ਮ: ੩, ਪੰਨਾ ੯੧੧)*

ਪਾਰਸੁ ਪਰਸਿ ਲੋਹਾ ਕੰਚਨੁ ਸੋਈ॥੩॥

*(ਆਸਾ, ਪੰਨਾ ੪੮੧)*

ਪਾਰਸਿ ਭੇਟਿਐ ਕੰਚਨੁ ਭਇਆ
ਕੀਮਤਿ ਕਹੀ ਨ ਜਾਇ॥੧੦॥

*(ਪ੍ਰਭਾਤੀ ਮਹਲਾ ੩, ਪੰਨਾ ੧੩੪੬)*

ਪਾਰਸੁ ਭੇਟਿ ਕੰਚਨੁ ਧਾਤੁ ਹੋਈ
ਸਤਸੰਗਤਿ ਕੀ ਵਡਿਆਈ॥੬॥

*(ਗੂਜਰੀ ਮ: ੫, ਪੰਨਾ ੫੦੫)*

ਪਾਰਸੁ ਭੇਟਿ ਭਏ ਸੇ ਪਾਰਸ
ਨਾਨਕ ਹਰਿ ਗੁਰ ਸੰਗਿ ਥੀਏ॥੪॥੪॥੧੨॥

*(ਬਸੰਤੁ ਹਿੰਡੋਲ ਮ: ੧, ਪੰਨਾ ੧੧੭੨)*

ਇਸੇ ਭਾਵ ਨੂੰ ਬਾਣੀ ਵਿਚ ਹੋਰ ਭੀ ਕਈ ਥਾਵਾਂ 'ਤੇ ਦਰਸਾਇਆ ਹੈ, ਦੂਸਰੀ ਵਿਸ਼ੇਸ਼ਤਾ ਗੁਰਮੁਖਾਂ ਵਿਚ ਚੰਦਨ ਦੀ ਹੈ ਕਿ ਜਿਵੇਂ ਚੰਦਨ ਦੇ ਨਿਕਟ ਵੱਸਣ ਵਾਲੇ ਜਿਤਨੇ ਭੀ ਜੰਗਲ ਦੇ ਦਰੱਖ਼ਤ ਹਨ, ਉਨ੍ਹਾਂ ਸਭ ਨੂੰ ਆਪਣੀ ਸੁਗੰਧੀ ਨਾਲ ਚੰਦਨ ਹੀ ਬਣਾ ਲੈਂਦਾ ਹੈ। ਜਿਵੇਂ ਬਾਣੀ ਵਿਚ ਫ਼ੁਰਮਾਨ ਆਇਆ ਹੈ :

ਕਬੀਰ ਚੰਦਨ ਕਾ ਬਿਰਵਾ ਭਲਾ
ਬੇੜ੍ਹਿਓ ਢਾਕ ਪਲਾਸ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥੧੧॥

*(ਸਲੋਕ ਭਗਤ ਕਬੀਰ ਜੀ, ਪੰਨਾ ੧੩੬੫)*

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥੧॥
*(ਆਸਾ, ਪੰਨਾ ੪੮੬)*

ਇਸ ਤਰ੍ਹਾਂ ਬਾਣੀ ਦੁਆਰੇ ਬੋਧ ਮਿਲਦਾ ਹੈ ਕਿ ਗੁਰਮੁਖਾਂ ਵਿਚ ਇਹ ਵੱਡੀ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਦੀ ਸੰਗਤ ਕਰਨ ਵਾਲੇ ਨੂੰ ਉਹ ਆਪਣਾ ਰੂਪ ਹੀ ਬਣਾ ਲੈਂਦੇ ਹਨ।

ਸੋ ਮੈਂ ਭੀ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਗੁਰਮੁਖ ਪਰਮ ਹੰਸਾਂ ਦੀ ਵਿਸ਼ੇਸ਼ਤਾ ਦਰਸਾਈ ਹੈ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਪਾਰਸ ਦੀ ਵੰਸ ਦਾ ਪਾਰਸ ਹੋਰ ਧਾਤਾਂ ਨੂੰ ਆਪਣੇ ਨਾਲ ਮੇਲ ਕੇ ਸੋਨਾ ਬਣਾ ਦੇਂਦਾ ਹੈ (ਇਸੇ ਹੀ ਤਰ੍ਹਾਂ ਗੁਰੂ ਦੇ ਸਿਖ ਗੁਰਮੁਖ ਹੋਰਨਾਂ ਨੂੰ ਗੁਰੂ ਘਰ ਦੇ ਉਪਦੇਸ਼ ਕਰਦੇ ਹਨ)।

(੨) (ਇਸੇ ਤਰ੍ਹਾਂ) ਚੰਦਨ ਦਾ ਇਹ ਸੁਭਾਵ ਹੈ ਕਿ ਉਹ ਹੋਰ ਅਫਲ ਤੇ ਸਫਲ ਬ੍ਰਿਛਾਂ ਵਿਚ ਆਪਣੀ ਵਾਸ਼ਨਾ ਧਰਦਾ ਹੈ।

(੩) ਅਤੇ ਲੱਖਾਂ ਲਹਿਰਾਂ ਵਾਲੀ ਜੋ ਗੰਗਾ ਹੈ ਉਸ ਵਿਚ ਹੋਰ ਅਨੇਕਾਂ ਨਦੀਆਂ ਤੇ ਨਾਲੇ ਮਿਲ ਕੇ ਗੰਗਾ ਦਾ ਰੂਪ ਹੋ ਜਾਂਦੇ ਹਨ।

(੪) ਕੋਕਾ (ਪਾਤਿਸ਼ਾਹ ਨੂੰ ਦੁਧ ਪਿਆਉਣ ਵਾਲੀ ਦਾ ਪਤੀ) ਹੁੰਦਾ ਤਾਂ ਨੌਕਰ ਹੈ, ਪਰ ਪਾਤਿਸ਼ਾਹ 'ਤੇ ਉਸਦਾ ਦਾਅਵਾ ਹੁੰਦਾ ਹੈ ਤੇ ਪਾਤਿਸ਼ਾਹ ਵੀ ਉਸਨੂੰ ਪਿਆਰ ਕਰਦਾ ਹੈ।

(੫) ਪਾਤਿਸ਼ਾਹ ਦਾ ਲੂਣ ਖਾਣ ਕਰਕੇ ਕੋਕਾ ਨੌਕਰ ਹੋ ਕੇ ਦਿਨ ਬਿਤਾਉਂਦਾ ਹੈ।

(੬) (ਇਸੇ ਤਰ੍ਹਾਂ) ਸਤਿਗੁਰੂ ਜੀ ਦੀ ਵੰਸ ਦੇ ਪਰਮਹੰਸ (ਗੁਰਸਿਖ) ਹੰਸ ਦੀ ਵੰਸ ਵਾਂਗੂੰ ਸਮਾਂ ਬਿਤਾਉਂਦੇ ਹਨ। (ਭਾਵ ਮਾਨਸਰੋਵਰ ਤੋਂ ਛੁੱਟ ਹੋਰਥੇ ਮੂੰਹ ਨਹੀਂ ਧਰਦੇ)।

(੭) ਅਤੇ ਪਿਉ ਦਾਦੇ ਦੇ ਚਲਾਏ ਮਾਰਗ 'ਤੇ ਚਲਦੇ ਹਨ।੨੯।

***ਭਾਵਾਰਥ :*** ਜੇ ਇਸ ਤੋਂ ਅਗੇ ਬਰੀਕ-ਬੀਨੀ ਨਜ਼ਰਾਂ ਨਾਲ ਤੱਕਿਆ ਜਾਵੇ ਤਾਂ ਸਾਨੂੰ ਪਾਰਸ, ਚੰਦਨ ਅਤੇ ਗੁਰਮੁਖਾਂ ਦੀ ਸੰਗਤ ਵਿਚ ਹੋਰ ਭੀ ਬਹੁਤ ਅੰਤਰਾ ਦਿਸ ਆਵੇਗਾ, ਕਿਉਂਕਿ ਪਾਰਸ ਲੋਹੇ ਆਦਿ ਧਾਤਾਂ ਨੂੰ ਸੋਨਾ ਤਾਂ ਕਰ ਦੇਂਦਾ ਹੈ, ਪਰ ਉਹ ਸੋਨਾ ਅਗੇ ਕਿਸੇ ਧਾਤ ਨੂੰ ਸੋਨਾ ਬਣਾਉਣ ਦੀ ਸਮਰੱਥਾ ਨਹੀਂ ਰੱਖਦਾ, ਪਰ ਗੁਰਮੁਖ ਇਕ ਅਜਿਹਾ ਪਰਮ ਪਾਰਸ ਹੈ ਜੋ ਅਗੇ ਤੋਂ ਅਗੇ ਗੁਰਮੁਖ ਬਣਾਉਣ ਦੀ ਸ਼ਕਤੀ ਪ੍ਰਦਾਨ ਕਰਦਾ ਹੈ। ਇਸੇ ਲਈ ਸਾਰਕੁਤਾਵਲੀ ਦਾ ਕਰਤਾ ਲਿਖਦਾ ਹੈ ਕਿ :

ਪਾਰਸ ਮਹਿ ਅਰੁ ਸੰਤ ਮੈ ਬਡੋ ਅੰਤਰੋ ਜਾਨ ॥
ਉਹ ਲੋਹਾ ਕੰਚਨ ਕਰੇ ਇਹ ਕਰੇ ਆਪ ਸਮਾਨ ॥

ਇਸੇ ਤਰ੍ਹਾਂ ਚੰਦਨ ਦਾ ਬਿਰਛ ਭੀ ਬਹੁਤ ਚੰਗਾ ਹੈ, ਕਿਉਂਕਿ ਉਸਦੇ ਇਰਦ ਗਿਰਦ ਜਿਤਨੇ ਭੀ ਢੱਕ ਤੇ ਪਲਾਸ ਆਦਿ ਦੇ ਬ੍ਰਿਛ ਖਲੋਤੇ ਹਨ ਉਹ ਉਨ੍ਹਾਂ ਨੂੰ ਆਪਣੀ ਸੁਗੰਧੀ ਦੇ ਕੇ ਸੁਗੰਧਤ ਕਰ ਦੇਂਦਾ ਹੈ, ਪਰ ਬਾਂਸ ਦਾ ਬ੍ਰਿਛ ਉਸ ਦੇ ਨੇੜੇ ਹੀ ਵੱਸਦਾ ਹੈ ਉਹ ਸੱਖਣਾ ਹੀ ਰਹਿ ਜਾਂਦਾ ਹੈ। ਪਰ ਗੁਰਮੁਖਾਂ ਦੀ ਸੰਗਤ ਵਿਚ ਭਾਵੇਂ ਬਾਂਸ ਦੀ ਨਿਆਈਂ ਕਿਤਨਾ ਭੀ ਕੋਈ ਕਠੋਰ ਚਿਤ ਆ ਜਾਏ, ਗੁਰਮੁਖ ਉਸ ਦੇ ਅੰਤਰ-ਆਤਮੇ ਭੀ ਭਗਤੀ ਦੀ ਸੁਗੰਧੀ ਭਰ ਦੇਂਦੇ ਹਨ, ਇਹ ਸੁਗੰਧੀ ਅਗੇ ਤੋਂ ਅਗੇ ਚਲਦੀ ਹੀ ਰਹਿੰਦੀ ਹੈ। ਭਾਵ ਗੁਰਮੁਖ ਅਗੇ ਤੋਂ ਅਗੇ ਭਗਤੀ ਭਾਵ ਦੀ ਜਾਗ ਲਗਾਉਂਦੇ ਹਨ।

## ੩੦. ਗੁਰਮੁਖ ਸਾਧ ਸੰਗਤ ਵਿਚ ਜਾਣ ਦੇ ਆਦੀ ਹਨ

੧. ਜਿਉਂ ਲੱਖ ਤਾਰੇ ਚਮਕਦੇ
ਨੇੜ ਨ ਦਿੱਸੈ ਰਾਤ ਅਨ੍ਹੇਰੈ।
੨. ਸੂਰਜ ਬੱਦਲ ਛਾਇਆ
ਰਾਤ ਨ ਪੁੱਜੈ ਦਿਹ ਸੈ ਫੇਰੈ।
੩. ਜੇ ਗੁਰ ਸਾਂਗ ਵਰੱਤਦਾ
ਦੁਬਿਧਾ ਚਿੱਤ ਨ ਸਿੱਖਾਂ ਕੇਰੈ।
੪. ਛਿਅ ਰੁੱਤੀ ਇਕ ਸੁੱਝ ਹੈ
ਘੁੱਘੂ ਸੁੱਝ ਨ ਸੁੱਝੈ ਹੇਰੈ।
੫. ਚੰਦ੍ਰਮੁਖੀ ਸੂਰਜਮੁਖੀ
ਕਵਲੈ ਭਵਰ ਮਿਲਨ ਚਉਫੇਰੈ।
੬. ਸ਼ਿਵ ਸ਼ਕਤੀ ਨੋਂ ਲੰਘਿਕੈ
ਸਾਧਸੰਗਤਿ ਜਾਇ ਮਿਲਨ ਸਵੇਰੈ।
੭. ਪੈਰੀਂ ਪਵਣਾ ਭਲੇ ਭਲੇਰੈ ॥੩੦॥

***ਪਦ ਅਰਥ :*** ਦਿਹ—ਦਿਨ। ਪੁੱਜੈ—ਪੈਂਦੀ।

ਘੁੱਘੂ—ਉੱਲੂ। ਸੁੱਝ—ਸੂਰਜ। ਹੇਰੈ—ਦੇਖਣਾ। ਸ਼ਿਵ—ਸਤੋਗੁਣ। ਸ਼ਕਤੀ—ਤਮੋਗੁਣ।

**ਅਰਥ :**

ਪ੍ਰ: ਭਾਈ ਸਾਹਿਬ ਜੀਓ! ਜਦੋਂ ਆਮ ਸੰਸਾਰੀ ਲੋਕਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਉਹ ਸਾਰੇ ਹੀ ਆਪੋ ਆਪਣੇ ਕਾਰੋਬਾਰਾਂ ਵਿਚ ਰੁੱਝੇ ਹੋਏ ਹਰ ਰੋਜ਼ ਨੀਅਤ ਕੀਤੇ ਸਮੇਂ ਸਿਰ ਉਸੇ ਥਾਂ ਪੁੱਜ ਜਾਂਦੇ ਹਨ। ਕੀ ਜਿਨ੍ਹਾਂ ਗੁਰਮੁਖਾਂ ਦਾ ਆਪ ਜੀ ਜ਼ਿਕਰ ਕਰਦੇ ਆ ਰਹੇ ਹੋ ਉਨ੍ਹਾਂ ਦਾ ਭੀ ਹਰ ਰੋਜ਼ ਦਾ ਨਿਯਮ ਹੈ, ਜਿਸ ਦੇ ਉਹ ਆਦੀ ਹਨ, ਜੇ ਕੋਈ ਉਨ੍ਹਾਂ ਦੀ ਗੁਰਮਤ ਅਨੁਸਾਰ ਖ਼ਾਸ ਧਾਰਨਾ ਹੈ ਤਾਂ ਦੱਸਣ ਦੀ ਕ੍ਰਿਪਾ ਕਰੋ ਤਾਕਿ ਸਾਨੂੰ ਭੀ ਉਨ੍ਹਾਂ ਤੋਂ ਪ੍ਰੇਰਨਾ ਮਿਲ ਸਕੇ?

ਉ: ਹੇ ਭਾਈਓ! ਮੈਂ ਤਾਂ ਜਦੋਂ ਉਨ੍ਹਾਂ ਗੁਰਮੁਖਾਂ ਦੀ ਹਰ ਰੋਜ਼ ਦੀ ਧਾਰਨਾ ਵੱਲ ਤੱਕਦਾ ਹਾਂ ਤਾਂ ਉਹ ਸਾਰੀ ਦੀ ਸਾਰੀ ਗੁਰਮਤ ਅਨੁਸਾਰ ਹੈ, ਕਿਉਂਕਿ ਉਹ ਹਰ ਰੋਜ਼ ਹੀ ਸਾਧ ਸੰਗਤ ਵਿਚ ਜਾਂਦੇ ਹਨ ਉਥੋਂ ਜੋ ਗੁਰੂ ਦਾ ਉਪਦੇਸ਼ ਮਿਲਦਾ ਹੈ ਉਸਨੂੰ ਧਾਰਨਾ ਵਿਚ ਲਿਆਉਂਦੇ ਹਨ, ਮੈਂ ਸਮਝਦਾ ਹਾਂ ਕਿ ਅੰਮ੍ਰਿਤ ਵੇਲੇ ਉਠ ਕੇ ਜੋ ਸਾਧ ਸੰਗਤ ਵਿਚ ਮਿਲ ਬੈਠਣਾ ਹੈ, ਇਹ ਭੀ ਪ੍ਰੇਰਨਾ ਉਨ੍ਹਾਂ ਨੇ ਗੁਰਬਾਣੀ ਤੋਂ ਲਈ ਹੈ, ਕਿਉਂਕਿ ਗੁਰਬਾਣੀ ਨੇ ਗੁਰੂ ਦਾ ਸਿਖ ਅਖਵਾਉਣ ਵਾਲੇ ਨੂੰ ਬਾਰ ਬਾਰ ਹਿਦਾਇਤ ਕੀਤੀ ਹੈ ਜਿਸ ਦਾ ਧਾਰਨੀ ਹੋਣਾ ਗੁਰਸਿਖ ਲਈ ਲਾਜ਼ਮੀ ਹੈ, ਜਿਵੇਂ ਕਿ ਗੁਰੂ ਫ਼ੁਰਮਾਨ ਹੈ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥

*(ਮ: ੪, ਪੰਨਾ ੩੦੫)*

ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ॥੭੦॥
ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ॥੭੧॥
ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ॥੭੨॥

*(ਸਲੋਕ ਫਰੀਦ ਜੀ, ਪੰਨਾ ੧੩੮੧)*

ਇਸ ਤੋਂ ਆਦਿ ਹੋਰ ਭੀ ਉਨ੍ਹਾਂ ਨੇ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਆਪਣੇ ਜੀਵਨ ਨੂੰ ਸੁਧਾਰਿਆ ਹੈ, ਜਿਨ੍ਹਾਂ ਗੁਰਮੁਖਾਂ ਦੀ ਧਾਰਨਾ ਨੂੰ ਤੱਕ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉਲੀਕੀਆਂ ਹਨ, ਜਿਨ੍ਹਾਂ ਵਿਚ ਗੁਰਮੁਖਾਂ ਦੇ ਮਨ ਦੀ ਮਾਨਸਕ ਅਵਸਥਾ ਦਾ ਜ਼ਿਕਰ ਕੀਤਾ ਹੈ।

(੧) (ਅਸੀਂ ਵੇਖਦੇ ਹਾਂ ਕਿ) ਜਿਵੇਂ ਰਾਤ ਨੂੰ ਲੱਖਾਂ ਤਾਰੇ ਚਮਕਦੇ ਹਨ, ਪਰ ਰਾਤ ਦੇ ਹਨੇਰੇ ਕਰਕੇ ਕੋਲ ਪਈ ਚੀਜ਼ ਵੀ ਨਹੀਂ ਦਿੱਸਦੀ।

(੨) ਦਿਨ ਸਮੇਂ ਬੱਦਲ ਭਾਵੇਂ ਸੂਰਜ ਨੂੰ ਚਾਰੇ ਪਾਸਿਓਂ ਢੱਕ ਲੈਣ, ਪਰ ਫਿਰ ਵੀ ਰਾਤ ਨਹੀਂ ਪੈਂਦੀ।

(੩) ਜੇ ਸਤਿਗੁਰੂ ਕੋਈ ਸੁਵਾਂਗ (ਕੌਤਕ) ਕਰਦਾ ਹੈ, ਤਾਂ ਸਿਖਾਂ ਦੇ ਮਨ ਨਹੀਂ ਬਦਲਦੇ, ਉਨ੍ਹਾਂ ਦੇ ਮਨ ਵਿਚ ਕੋਈ ਦੁਬਿਧਾ ਨਹੀਂ ਆਉਂਦੀ।

(੪) ਛੇਆਂ ਰੁੱਤਾਂ ਵਿਚ ਇਕੋ ਸੂਰਜ ਹੁੰਦਾ ਹੈ, ਪਰ ਉੱਲੂ ਨੂੰ ਸੂਰਜ ਨਹੀਂ ਦਿੱਸਦਾ (ਇਸੇ ਤਰ੍ਹਾਂ ਮਨਮੁਖਾਂ ਨੂੰ ਗੁਰੂ ਨਹੀਂ ਦਿਸਦਾ।

(੫) ਜੇਕਰ ਸੂਰਜ ਨੂੰ ਵੇਖ ਕੇ ਖਿੜਨ ਵਾਲਾ ਕਵਲ ਚੰਦ੍ਰਮਾ ਨੂੰ ਵੇਖ ਕੇ ਖਿੜ ਪਵੇ, ਤਦ ਵੀ ਭੌਰੇ ਉਸ ਕਵਲ ਨੂੰ ਆ ਮਿਲਦੇ ਹਨ। (ਇਸੇ ਤਰ੍ਹਾਂ ਸਤਿਗੁਰੂ ਜੀ ਭਾਵੇਂ ਕਿਸੇ ਭੇਸ ਵਿਚ ਹਨ, ਸਿਖ ਉਨ੍ਹਾਂ ਨੂੰ ਆ ਮਿਲਦੇ ਹਨ)।

(੬) ਗੁਰਸਿਖ ਸਤੋ ਤੇ ਤਮੋ ਨੂੰ ਲੰਘ ਕੇ ਅੰਮ੍ਰਿਤ ਵੇਲੇ ਸਾਧ ਸੰਗਤ ਵਿਚ ਸਤਿਗੁਰੂ ਨੂੰ ਜਾ ਮਿਲਦੇ ਹਨ।

(੭) ਅਤੇ ਉਥੇ (ਸਤਿਗੁਰੂ ਵਿਚ) ਜਾ ਕੇ ਹਰ ਇਕ ਭਲੇ ਬੁਰੇ ਨੂੰ ਪੈਰੀਂ ਪੈਣਾ ਕਰਦੇ ਹਨ। ਭਾਵ ਸਤਿਸੰਗਤ ਵਿਚ ਹਰ ਸਿਖ ਗੁਰਭਾਈ ਹੁੰਦਾ ਹੈ।

**ਭਾਵਾਰਥ :**

ਗੁਰਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ॥

*(ਮ: ੩, ਪੰਨਾ ੬੪੮)*

## ੩੧. ਸਤਿਗੁਰੂ ਦਾ ਦਰਬਾਰ ਸੱਚਾ ਹੈ

**੧. ਦੁਨਿਆਵੀ ਪਾਤਿਸ਼ਾਹ ਹੋਇ**
**ਦੇਇ ਮਰੈ ਪੁੱਤੈ ਪਤਿਸ਼ਾਹੀ।**
**੨. ਦੋਹੀ ਫੇਰੈ ਆਪਣੀ**
**ਹੁਕਮੀ ਬੰਦੇ ਸੱਭ ਸਿਪਾਹੀ।**
**੩. ਕੁਤਬਾ ਜਾਇ ਪੜਾਇੰਦਾ**
**ਕਾਜ਼ੀ ਮੁੱਲਾਂ ਭਰੈ ਉਗਾਹੀ।**
**੪. ਟਕਸਾਲੈ ਸਿੱਕਾ ਪਵੈ**
**ਹੁਕਮੈ ਵਿੱਚ ਸੁਪੇਦੀ ਸਿਆਹੀ।**
**੫. ਮਾਲ ਮੁਲਕ ਅਪਣਾਇੰਦਾ**
**ਤਖਤ ਬਖਤ ਚੜ੍ਹ ਬੇਪਰਵਾਹੀ।**
**੬. ਬਾਬਾਣੇ ਘਰ ਚਾਲ ਹੈ**
**ਗੁਰਮੁਖ ਗਾਡੀ ਰਾਹ ਨਿਬਾਹੀ।**
**੭. ਇਕ ਦੋਹੀ ਟਕਸਾਲ ਇੱਕ**
**ਕੁਤਬਾ ਤਖਤ ਸੱਚਾ ਦਰਗਾਹੀ।**
**੮. ਗੁਰਮੁਖ ਸੁਖ ਫਲ ਦਾਦ ਇਲਾਹੀ ॥੩੧॥**

***ਪਦ ਅਰਥ :*** ਬੰਦੇ—ਨੌਕਰ। ਕੁਤਬਾ—ਖੁਤਬਾ, ਜੋ ਮੁੱਲਾਂ ਵਕਤ ਦੇ ਪਾਤਿਸ਼ਾਹ ਦਾ ਪੜ੍ਹਦੇ ਹਨ। ਅਪਣਾਇੰਦਾ—ਅਪਣਾ ਕਰਦਾ ਹੈ। ਤਖਤ ਬਖਤ—ਰਾਜ ਗੱਦੀ, ਤਖ਼ਤ ਜੋ ਬਖ਼ਤ (ਭਾਗਾਂ) ਕਰਕੇ ਮਿਲਦਾ ਹੈ। ਦੋਹੀ—ਅਕਾਲ ਪੁਰਖ ਦੀ ਦੁਹਾਈ। ਟਕਸਾਲ—ਭਾਵ ਸਾਧ ਸੰਗਤ, ਦਰਗਾਹੀ ਸਭਾ। ਦਾਦ—ਇਸਨਾਫ਼।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜੋ ਦੁਨਿਆਵੀ ਪਾਤਿਸ਼ਾਹ ਰਾਜ ਤਖ਼ਤ ਪਰ ਬੈਠੇ ਹਨ, ਲੁਕਾਈ ਪਰ ਹੁਕਮ ਤਾਂ ਉਨ੍ਹਾਂ ਦਾ ਭੀ ਚਲਦਾ ਹੈ, ਪਰ ਉਨ੍ਹਾਂ ਦੀ ਪਾਤਿਸ਼ਾਹੀ ਅਤੇ ਗੁਰੂਆਂ ਦੀ ਪਾਤਿਸ਼ਾਹੀ ਵਿਚ ਆਪ ਜੀ ਕਿਤਨਾ ਕੁ ਅੰਤਰਾ ਵੇਖਦੇ ਹੋ, ਜਾਣਕਾਰੀ ਦਿਓ ਤਾਕਿ ਅਸੀਂ ਭੀ ਨਿਰਸੰਦੇਹ ਹੋ ਸਕੀਏ ?

ਉ: ਹੇ ਭਾਈਓ ! ਜੇ ਅਸੀਂ ਤੁਹਾਡੇ ਇਸ ਪ੍ਰਸ਼ਨ ਦਾ ਉੱਤਰ ਗੁਰੂ ਗ੍ਰੰਥ ਸਾਹਿਬ ਜੀ ਤੋਂ ਮੰਗੀਏ ਤਾਂ ਆਪ ਜੀ ਇਨ੍ਹਾਂ ਸੰਸਾਰੀ ਪਾਤਿਸ਼ਾਹਾਂ ਬਾਰੇ ਇਉਂ ਫ਼ੁਰਮਾਨ ਕਰਦੇ ਹਨ ਕਿ :

ਨਾਨਕ ਹੋਰਿ ਪਤਿਸਾਹੀਆ ਕੂੜੀਆ
ਨਾਮਿ ਰਤੇ ਪਾਤਿਸਾਹ ॥੧੧॥
*(ਸਲੋਕ ਮ: ੩, ਪੰਨਾ ੧੪੧੩)*

ਕੋਊ ਹਰਿ ਸਮਾਨਿ ਨਹੀ ਰਾਜਾ ॥
ਏ ਭੂਪਤਿ ਸਭ ਦਿਵਸ ਚਾਰਿ ਕੇ
ਝੂਠੇ ਕਰਤ ਦਿਵਾਜਾ ॥੧॥ਰਹਾਉ॥
*(ਬਿਲਾਵਲੁ, ਪੰਨਾ ੮੫੬)*

ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ ॥੧॥
*(ਟੋਡੀ ਮਹਲਾ ੫, ਪੰਨਾ ੭੧੨)*

ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥
ਮਤੁ ਦੇਖਿ ਭੂਲਾ ਵੀਸਰੈ
ਤੇਰਾ ਚਿਤਿ ਨ ਆਵੈ ਨਾਉ ॥੪॥੧॥
*(ਸਿਰੀਰਾਗੁ ਮ: ੧, ਪੰਨਾ ੧੪)*

ਸੁਲਤਾਨ ਖਾਨ ਬਾਦਿਸਾਹ ਨਹੀ ਰਹਨਾ ॥
ਨਾਮਹੁ ਭੂਲੈ ਜਮ ਕਾ ਦੁਖੁ ਸਹਨਾ ॥
ਮੈ ਧਰ ਨਾਮੁ ਜਿਉ ਰਾਖਹੁ ਰਹਨਾ ॥੩॥
ਚਉਧਰੀ ਰਾਜੇ ਨਹੀ ਕਿਸੈ ਮੁਕਾਮੁ ॥
ਸਾਹ ਮਰਹਿ ਸੰਚਹਿ ਮਾਇਆ ਦਾਮ ॥
ਮੈ ਧਨੁ ਦੀਜੈ ਹਰਿ ਅੰਮ੍ਰਿਤ ਨਾਮੁ ॥੪॥
ਰਯਤਿ ਮਹਰ ਮੁਕਦਮ ਸਿਕਦਾਰੈ ॥
ਨਿਹਚਲੁ ਕੋਇ ਨ ਦਿਸੈ ਸੰਸਾਰੈ ॥
*(ਗਉੜੀ ਮ: ੧, ਪੰਨਾ ੨੨੭)*

ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ ॥
ਘੜੀ ਮੁਹਤਿ ਕਿ ਚਲਣਾ
ਦਿਲ ਸਮਝੁ ਤੂੰ ਭਿ ਪਹੂਚੁ ॥੪॥
*(ਸਿਰੀ ਰਾਗੁ ਮਹਲਾ ੧, ਪੰਨਾ ੬੪)*

ਸੋ ਪਾਤਿਸਾਹੁ ਸਾਹਾ ਪਾਤਿ ਸਾਹਿਬੁ
ਨਾਨਕ ਰਹਣੁ ਰਜਾਈ ॥੨੭॥ *(ਜਪੁਜੀ, ਪੰਨਾ ੬)*

ਇਨ੍ਹਾਂ ਤੋਂ ਇਲਾਵਾ ਬਾਣੀ ਵਿਚੋਂ ਹੋਰ ਭੀ ਸਾਨੂੰ ਬਹੁਤ ਸਾਰੇ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਬੋਧ ਮਿਲਦਾ ਹੈ ਕਿ ਸੰਸਾਰ ਵਿਚ ਜਿਤਨੇ ਭੀ ਵੱਡੇ ਵੱਡੇ ਪਾਤਿਸ਼ਾਹ ਹਨ ਜੇ ਉਹ ਨਾਮ ਦੀ ਅਮੋਲਕ ਦਾਤ ਤੋਂ ਸੱਖਣੇ ਹਨ ਤਾਂ ਉਨ੍ਹਾਂ ਦੀ ਬਾਦਸ਼ਾਹੀ, ਉਨ੍ਹਾਂ ਰੱਬ ਦੀ ਰਜ਼ਾ ਵਿਚ ਰਹਿਣ ਵਾਲੇ ਰੱਬੀ ਪਿਆਰਿਆਂ ਦੇ ਜੀਵਨ ਦੇ ਸਮਾਨ ਨਹੀਂ ਮੰਨੀ ਜਾ ਸਕਦੀ, ਕਿਉਂਕਿ ਦੁਨੀਆਂ ਦੇ ਬਾਦਸ਼ਾਹ ਇਸ ਕੂੜੇ ਸੰਸਾਰ ਦੀ ਕੂੜੀ ਬਾਦਸ਼ਾਹੀ ਦੇ ਚਾਰ ਦਿਨ ਕੂੜੀ ਹਕੂਮਤ ਦੇ ਨਗਾਰੇ ਵਜਾ ਕੇ ਇਥੋਂ

ਖ਼ਾਲੀ ਟੁਰ ਜਾਂਦੇ ਹਨ, ਪਰ ਜੋ ਨਾਮ ਵਿਚ ਰੱਤੀਆਂ ਰੂਹਾਂ ਹਨ ਉਨ੍ਹਾਂ ਨੂੰ ਲੋਕ ਪ੍ਰਲੋਕ ਵਿਚ ਅਬਿਨਾਸ਼ੀ ਸੁਖ ਪ੍ਰਾਪਤ ਹੁੰਦਾ ਹੈ। ਸੋ, ਮੈਂ ਭੀ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉਲੀਕੀਆਂ ਹਨ, ਜਿਨ੍ਹਾਂ ਵਿਚ ਦੁਨਿਆਵੀ ਬਾਦਸ਼ਾਹਾਂ ਦੀ ਪਰੰਪਰਾ ਚਲੀ ਆ ਰਹੀ ਰੀਤ ਦਾ ਜ਼ਿਕਰ ਕਰਕੇ, ਗੁਰਮੁਖਾਂ ਦਾ ਜੋ ਗਾਡੀ ਰਾਹ ਹੈ, ਇਸ ਦਾ ਕੁਝ ਕੁ ਜ਼ਿਕਰ ਕੀਤਾ ਹੈ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਦੁਨੀਆ ਦਾ ਬਾਦਸ਼ਾਹ ਆਪਣੇ ਪੁੱਤਰ ਨੂੰ ਰਾਜ-ਗੱਦੀ ਦੇ ਕੇ ਮਰ ਜਾਂਦਾ ਹੈ।

(੨) (ਰਾਜ-ਗੱਦੀ 'ਤੇ ਬੈਠਾ ਪੁੱਤਰ) ਆਪਣੀ ਦੁਹਾਈ ਫੇਰਦਾ ਹੈ ਤੇ ਸਭ ਸਿਪਾਹੀ ਉਸਦੇ ਹੁਕਮ ਦੇ ਦਾਸ ਹੁੰਦੇ ਹਨ।

(੩) (ਮਸੀਤ ਵਿਚ) ਜਾ ਕੇ ਉਹ ਖੁਤਬਾ ਪੜ੍ਹਾਉਂਦਾ ਹੈ, ਸਭ ਕਾਜ਼ੀ, ਮੁੱਲਾਂ ਉਸ ਦੀ ਗਵਾਹੀ ਭਰਦੇ ਹਨ।

(੪) ਟਕਸਾਲ ਵਿਚੋਂ ਉਸਦੇ ਨਾਂ ਦਾ ਸਿੱਕਾ ਚਾਲੂ ਹੋ ਜਾਂਦਾ ਹੈ ਤੇ ਸਭ ਸਿਆਹੀ ਸਫ਼ੈਦੀ ਉਸਦੇ ਹੁਕਮ ਨਾਲ ਹੁੰਦੀ ਹੈ।

(੫) ਉਹ ਸਭ ਮਾਲ ਤੇ ਮੁਲਕ ਨੂੰ ਅਪਣਾ ਬਣਾ ਲੈਂਦਾ ਹੈ, ਭਾਗਾਂ ਵਾਲੇ ਤਖ਼ਤ (ਰਾਜ ਸਿੰਘਾਸਣ) 'ਤੇ ਬੈਠ ਕੇ ਉਹ ਬੇਪਰਵਾਹੀ ਕਰਦਾ ਹੈ।

(੬) (ਪਰ) ਬਾਬਾਣੈ (ਗੁਰੂ ਘਰ) ਵਿਚ ਉਹੋ ਚਾਲ (ਮਰਿਆਦਾ) ਚਲਦੀ ਹੈ। ਜਿਹੜਾ ਗੁਰੂ ਬਣਦਾ ਹੈ, ਉਹ ਉਹੋ ਗੁਰਮੁਖਾਂ ਵਾਲਾ ਗਾਡੀ ਰਾਹ ਚਲਾਉਂਦਾ ਹੈ।

(੭) (ਗੁਰੂ ਘਰ ਵਿਚ) ਇਕੋ ਅਕਾਲ ਪੁਰਖ ਦੇ ਨਾਂ ਦੀ ਦੁਹਾਈ ਹੈ, ਇਕੋ ਸਤਿਸੰਗ ਰੂਪੀ ਟਕਸਾਲ ਹੈ, ਇਕੋ ਗੁਰਬਾਣੀ ਰੂਪ ਖੁਤਬਾ ਹੈ, ਇਕੋ ਗੁਰ-ਗੱਦੀ ਦਾ ਤਖ਼ਤ ਹੈ ਤੇ ਇਕੋ ਨਿਆਂ ਕਰਨ ਵਾਲਾ ਸੱਚਾ ਦਰਬਾਰ ਹੈ।

(੮) ਪ੍ਰਭੂ ਦਾ ਨਿਆਂ ਇਹੋ ਹੈ ਕਿ ਗੁਰਮੁਖਾਂ ਨੂੰ ਸੁਖ ਫਲ ਮਿਲਦਾ ਹੈ।੩੧।

***ਭਾਵਾਰਥ :*** ਗੁਰੂ ਨਾਨਕ ਦੇਵ ਜੀ ਤੋਂ ਬਾਅਦ ਵਿਚ ਜੋ ਮਗਰਲੇ ਗੁਰੂ ਸਾਹਿਬਾਂ ਦੀ ਗੱਦੀ-ਨਸ਼ੀਨੀ ਹੋਈ ਹੈ, ਉਹ ਝੂਠੇ ਪਾਤਿਸ਼ਾਹਾਂ ਵਰਗੀ ਨਹੀਂ ਹੈ। ਕਿਉਂਕਿ ਇਥੇ ਜੋ ਮਰਯਾਦਾ ਚਲ ਰਹੀ ਹੈ ਉਹ ਨਾਮ-ਸਾਧ ਸੰਗਤ, ਗੁਰਬਾਣੀ ਤੇ ਗੁਰਮੁਖਤਾਈ ਦੀ ਹੈ, ਇਸੇ ਮਰਯਾਦਾ ਨੂੰ ਗੁਰੂ ਜੀ ਆਪਾ-ਭਾਵ ਨਿਵਾਰ ਕੇ ਪਿਛਲੇ ਗੁਰੂ ਦੀ ਮਹਿਮਾ ਕਰਦੇ ਹੋਏ ਤੋਰਦੇ ਹਨ, ਤਿਵੇਂ ਭਾਈ ਸਾਹਿਬ ਜੀ ਦੀ ਧੁਨੀ ਇਹ ਹੈ ਕਿ ਛੇਵੇਂ ਗੁਰੂ ਜੀ ਆਪਣੇ ਸਤਿਗੁਰਾਂ ਦੀ ਲੀਹੇ ਚਲ ਰਹੇ ਹਨ ਕੋਈ ਭਰਮ ਨਾ ਖਾ ਜਾਏ। ਇਹ ਜੋ ਬੀਰ ਰਸ ਨਵਾਂ ਆਇਆ ਦਿਸਿਆ ਹੈ ਇਹ ਭੀ ਕੋਈ ਨਵੀਂ ਗੱਲ ਨਹੀਂ, ਇਹ ਵੀ ਪਿਛਲੇ ਗੁਰਾਂ ਦੀ ਹੀ ਰਜ਼ਾ ਹੈ ਅਤੇ ਸ਼ਾਂਤ ਰਸ ਨੂੰ ਕਾਇਮ ਰਖਣ ਦੀ ਖ਼ਾਤਰ ਹੈ।

## ੩੨. ਗੁਰੂ ਤੋਂ ਆਕੀ ਹੋਣ ਵਾਲੇ ਦਾ ਮੰਦਾ ਹਾਲ

**੧. ਜੇ ਕੋ ਆਪ ਗਣਾਇਕੈ**
**ਪਾਤਸ਼ਾਹਾਂ ਤੇ ਆੱਕੀ ਹੋਵੈ।**
**੨. ਹੋਇ ਕਤਲਾਮ ਹਰਾਮਖੋਰ**
**ਕਾਠ ਨ ਖੱਫਣ ਚਿਤਾ ਨ ਟੋਵੈ।**
**੩. ਟਕਸਾਲਹੁ ਬਾਹਿਰ ਘੜੈ**
**ਖੋਟੈ ਹਾਰਾ ਜਨਮ ਵਿਗੋਵੈ।**
**੪. ਲਿਬਾਸੀ ਫੁਰਮਾਨ ਲਿਖ**
**ਹੋਇ ਨੁਕਸਾਨੀ ਅੰਞੂ ਰੋਵੈ।**
**੫. ਗਿੱਦੜ ਦੀ ਕਰ ਸਾਹਿਬੀ**
**ਬੋਲ ਕੁਬੋਲ ਨ ਅਬਿਚਲ ਹੋਵੈ।**
**੬. ਮੁਹਿ ਕਾਲੈ ਗੱਦਹੁ ਚੜ੍ਹੈ**
**ਰਾਉ ਪੜੇਵੀ ਭਰਿਆ ਧੋਵੈ।**
**੭. ਦੂਜੈ ਭਾਇ ਕੁਥਾਇ ਖਲੋਵੈ ॥੩੨॥**

***ਪਦ ਅਰਥ :*** ਲਿਬਾਸੀ ਫੁਰਮਾਨ—ਝੂਠਾ ਹੁਕਮਨਾਮਾ। ਰਾਉ—ਸਵਾਹ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਆਪ ਜੀ ਨੂੰ ਤਾਂ ਗੁਰੂ ਨਾਨਕ ਪਾਤਿਸ਼ਾਹ ਦੇ ਸਮੇਂ ਤੋਂ ਹੀ ਲੈ ਕੇ ਹੁਣ ਤਕ ਸਾਰੇ ਗੁਰੂਆਂ ਦੇ ਬਾਰੇ ਹਰ ਪ੍ਰਕਾਰ ਦੀ ਜਾਣਕਾਰੀ ਹੈ, ਕਿਉਂ ਜੀ ! ਸੁਣਦੇ ਆ ਰਹੇ ਹਾਂ ਕਿ ਕਈ ਸਿਖ ਗੁਰੂ ਦੀ ਹਜ਼ੂਰੀ ਵਿਚ ਰਹਿਣ ਵਾਲੇ ਭੀ ਗੁਰੂ ਜੀ ਦੀ ਹੁਕਮ-ਅਦੂਲੀ ਕਰਦੇ ਰਹੇ ਹਨ, ਉਨ੍ਹਾਂ ਬਾਰੇ ਆਪ ਜੀ ਦੇ ਕੀ ਵੀਚਾਰ ਹਨ ?

ਉ: ਹੇ ਭਾਈਓ ! ਇਸ ਪੱਖ ਨੂੰ ਜੇ ਕਦੀ ਸਿਖ ਇਤਿਹਾਸ

ਰਾਹੀਂ ਤੱਕੀਏ ਤਾਂ ਸਾਨੂੰ ਕਈ ਉਦਾਹਰਣ ਮਿਲਦੇ ਹਨ ਕਿ ਜਿਨ੍ਹਾਂ ਨੇ ਭੀ ਇਸ ਗੁਰੂ ਦਰਬਾਰ ਨਾਲ ਨੀਵਾਂ ਵਰਤਾਉ ਕੀਤਾ ਉਨ੍ਹਾਂ ਨੂੰ ਸਫਲਤਾ ਹਾਸਲ ਨਹੀਂ ਹੋਈ ਅਤੇ ਨਾ ਹੀ ਉਹ ਗੁਰੂ ਦਰਬਾਰ ਵਿਚ ਕਬੂਲ ਹੋ ਸਕੇ ਹਨ ਜੇ ਬਾਹਰਲੀ ਵਾਰਤਾ ਨੂੰ ਛੱਡ ਕੇ ਗੁਰੂ ਦੇ ਨੇੜਤਾ ਦੀ ਗੱਲ ਹੀ ਕਰੀਏ ਤਾਂ ਬਾਣੀ ਵਿਚੋਂ ਹੀ ਪ੍ਰਮਾਣ ਮਿਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਆਪਣੇ ਸਾਹਿਬਜ਼ਾਦੇ ਗੁਰੂ ਜੀ ਦੀ ਨੇੜਤਾ ਪ੍ਰਾਪਤ ਨਹੀਂ ਕਰ ਸਕੇ, ਜਿਵੇਂ ਕਿ :

ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ ॥
ਦਿਲਿ ਖੋਟੈ ਆਕੀ ਫਿਰਨ੍ਿ
ਬੰਨ੍ਿ ਭਾਰੁ ਉਚਾਇਨ੍ਿ ਛਟੀਐ ॥

*(ਰਾਮਕਲੀ ਕੀ ਵਾਰ, ਪੰਨਾ ੯੬੭)*

ਇਥੇ ਹੀ ਬੱਸ ਨਹੀਂ ਗੁਰੂ ਰਾਮਦਾਸ ਜੀ ਦਾ ਵੱਡਾ ਸਾਹਿਬਜ਼ਾਦਾ ਪ੍ਰਿਥੀ ਚੰਦ ਆਪਣੇ ਪਿਤਾ ਨਾਲ ਹੀ ਝਗੜਾ ਕਰਦਾ ਰਿਹਾ ਤਾਂ ਆਪ ਜੀ ਨੂੰ ਕਹਿਣਾ ਪਿਆ :

ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥
ਜਿਨ ਕੇ ਜਣੇ ਬਡੀਰੇ ਤੁਮ ਹਉ
ਤਿਨ ਸਿਉ ਝਗਰਤ ਪਾਪ ॥੧॥

*(ਸਾਰਗ ਮਹਲਾ ੪, ਪੰਨਾ ੧੨੦੦)*

ਫਿਰ ਇਸ ਤੋਂ ਅੱਗੇ ਪ੍ਰਿਥੀਆ ਆਪਣੇ ਛੋਟੇ ਭਰਾ ਗੁਰੂ ਅਰਜਨ ਦੇਵ ਜੀ ਨਾਲ ਵਿਰੋਧ ਕਰਦਾ ਰਿਹਾ, ਸੁਲਹੀ ਸਲੱਬੀ ਨੂੰ ਚੜ੍ਹਾ ਕੇ ਲਿਆਇਆ ਹੋਰ ਭੀ ਕਈ ਤਰ੍ਹਾਂ ਦੇ ਇਸ ਨੇ ਕੋਝੇ ਵਾਰ ਕੀਤੇ ਪਰ ਸਫਲਤਾ ਨਹੀਂ ਮਿਲ ਸਕੀ। ਇਸੇ ਤਰ੍ਹਾਂ ਸੱਤਾ ਬਲਵੰਡਾ ਭੀ ਗੁਰੂ ਅਰਜਨ ਦੇਵ ਜੀ ਦੇ ਵਿਰੋਧ ਵਿਚ ਖੜਾ ਹੋ ਗਿਆ, ਇਸ ਨੂੰ ਭੀ ਆਖ਼ਰ ਪਛੋਤਾਪ ਕਰਨਾ ਪਿਆ, ਕਿਉਂਕਿ ਇਹ ਨਿਯਮ ਹੈ ਕਿ ਜੋ ਭੀ ਆਪ ਤੋਂ ਵਡੇਰੀ ਤਾਕਤ ਨਾਲ ਵਿਰੋਧਾ-ਭਾਵ ਰਖਦਾ ਹੈ ਆਖ਼ਰ ਉਸਨੂੰ ਹਾਰਨਾ ਹੀ ਪੈਂਦਾ ਹੈ। ਇਸ ਗੁਰਬਾਣੀ ਤੇ ਗੁਰ-ਇਤਿਹਾਸ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਮੈਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਵਿਚ ਬੈਰੂਨੀ ਉਦਾਹਰਣ ਦੇ ਕੇ ਇਹੋ ਸਿੱਧ ਕੀਤਾ ਹੈ ਕਿ ਗੁਰੂ ਘਰ ਨਾਲ ਵਿਰੋਧ ਕਰਨ ਵਾਲੇ ਦਾ ਆਖ਼ਰ ਮੰਦਾ ਹਾਲ ਹੀ ਹੁੰਦਾ ਹੈ, ਜਿਵੇਂ ਕਿ :

(੧) (ਅਸੀਂ ਵੇਖਦੇ ਹਾਂ ਕਿ) ਜਿਹੜਾ ਆਦਮੀ ਪਾਤਿਸ਼ਾਹ ਤੋਂ ਆਕੀ ਹੋ ਕੇ ਆਪਣਾ ਆਪ ਜਣਾਉਂਦਾ ਹੈ।

(੨) (ਉਸ) ਹਰਾਮਖ਼ੋਰ ਨੂੰ ਕਤਲ ਕੀਤਾ ਜਾਂਦਾ ਹੈ, ਉਸ ਦੀ ਦੇਹ ਲਈ ਨਾ ਤਖ਼ਤਾ ਮਿਲਦਾ ਹੈ, ਨਾ ਖੱਫਣ, ਨਾ ਚਿਤਾ, ਨਾ ਕਬਰ ਮਿਲਦੀ ਹੈ।

(੩) ਟਕਸਾਲ ਤੋਂ ਬਾਹਰ ਜਿਹੜਾ ਆਦਮੀ ਖੋਟਾ ਸਿੱਕਾ ਘੜਦਾ ਹੈ, ਉਹ ਆਪਣੀ ਜ਼ਿੰਦਗੀ ਐਵੇਂ ਗੁਆ ਲੈਂਦਾ ਹੈ (ਉਸਨੂੰ ਬਾਦਸ਼ਾਹ ਵੱਲੋਂ ਸਖ਼ਤ ਸਜ਼ਾ ਮਿਲਦੀ ਹੈ।)

(੪) ਬਨੌਟੀ (ਝੂਠੇ) ਫ਼ੁਰਮਾਨ ਲਿਖ ਕੇ ਜਾਰੀ ਕਰਨ ਵਾਲੇ ਦਾ ਨੁਕਸਾਨ ਹੁੰਦਾ ਹੈ ਤੇ (ਅੰਤ ਨੂੰ) ਉਹ ਅੱਖਾਂ ਵਿਚ ਹੰਝੂ ਭਰ ਭਰ ਕੇ ਰੋਂਦਾ ਹੈ।

(੫) ਜਿਹੜਾ ਗਿੱਦੜ ਵਾਂਗੂੰ ਪਾਤਿਸ਼ਾਹੀ ਕਰਦਾ ਹੈ ਉਹ ਖੋਟੇ ਬੋਲਾਂ ਕਰਕੇ ਅਚੱਲ ਨਹੀਂ ਹੁੰਦਾ (ਜਿਸ ਤਰ੍ਹਾਂ ਗਿੱਦੜ ਲਿਲਾਰੀ ਦੇ ਮੱਟ ਵਿਚ ਰੰਗਿਆ ਗਿਆ ਸੀ, ਉਸਨੂੰ ਸ਼ੇਰ ਸਮਝ ਕੇ ਮਿਰਗਾਵਲੀ ਨੱਠਣ ਲੱਗੀ, ਹੁਣ ਉਹ ਆਕੜ ਖ਼ਾਂ ਬਣ ਕੇ ਬਨ ਦਾ ਪਾਤਿਸ਼ਾਹ ਹੀ ਬਣ ਬੈਠਾ। ਓੜਕ ਇਕ ਰਾਤ ਜਦੋਂ ਸਾਰੇ ਗਿੱਦੜ ਹੁਆਂ ਹੁਆਂ ਕਰਨ ਲੱਗੇ ਤਾਂ ਉਹ ਭੀ ਬੋਲ ਉਠਿਆ, ਜਦ ਉਸ ਦੀ ਬੋਲੀ ਪਛਾਣੀ ਗਈ ਤਾਂ ਮਿਰਗਾਵਲੀ ਨੇ ਉਸਨੂੰ ਧੱਕੇ ਦੇ ਕੇ ਬਾਹਰ ਕੱਢਿਆ।

(੬) (ਇਸੇ ਤਰ੍ਹਾਂ) ਉਸ ਝੂਠੇ ਦਾ ਮੂੰਹ ਕਾਲਾ ਕਰਕੇ ਖੋਤੇ 'ਤੇ ਚੜ੍ਹਾਇਆ ਜਾਂਦਾ ਹੈ। ਉਸ ਦੇ ਸਿਰ ਵਿਚ ਸੁਆਹ ਪੈਂਦੀ ਹੈ ਤੇ ਉਹ ਫਿਰ ਰੋਂਦਾ ਹੈ।

(੭) (ਇਸੇ ਤਰ੍ਹਾਂ) ਜਿਹੜਾ ਗੁਰੂ ਘਰ ਵਿਚ ਦੂਜੇ ਭਾਵ ਦਾ ਪ੍ਰਚਾਰ ਕਰਦਾ ਹੈ ਉਹ ਕੁਥਾਂਇ ਖਲੋਂਦਾ ਹੈ, ਭਾਵ ਉਸਦਾ ਮੰਦਾ ਹਾਲ ਹੁੰਦਾ ਹੈ।੩੨।

***ਭਾਵਾਰਥ :*** ਇਸ ਪਉੜੀ ਤੋਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਦੇ ਗਵਾਲੀਅਰ ਦੇ ਕਿਲ੍ਹੇ ਵਿਚ ਨਿਵਾਸ ਕਰਨ ਸਮੇਂ ਕਈਆਂ ਪਖੰਡੀ ਲੋਕਾਂ ਨੇ ਝੂਠੇ ਹੁਕਮ ਨਾਮੇ ਲਿਖ ਕੇ ਦੂਰ ਦੂਰ ਤਕ ਆਪਣੇ ਆਪ ਨੂੰ ਗੁਰੂ ਪ੍ਰਗਟਾਉਣ ਦਾ ਯਤਨ ਕੀਤਾ ਹੈ, ਅਤੇ ਛੇਵੇਂ ਗੁਰੂ ਜੀ ਦੇ ਸਰੀਰ ਤਿਆਗ ਜਾਣ ਦਾ ਝੂਠਾ ਪ੍ਰਾਪੇਗੰਡਾ ਕੀਤਾ ਹੋਣਾ ਹੈ। ਇਸ ਕਰਕੇ ਭਾਈ ਸਾਹਿਬ ਜੀ ਨੇ ਆਕੀ ਹੋਣ ਦਾ ਦ੍ਰਿਸ਼ਟਾਂਤ ਦੇ ਕੇ ਉਨ੍ਹਾਂ ਦਾ ਪਾਜ ਸਿਖੀ ਵਿਚ ਖੋਲ੍ਹ ਦਿਤਾ। ਇਸੇ ਲਈ ਅਗਲੀ ਪਉੜੀ ਵਿਚ ਘਰ ਦੇ ਆਕੀਆਂ ਦਾ ਹਾਲ ਦੱਸ ਦਿਤਾ ਹੈ ਕਿ ਜਿਨ੍ਹਾਂ ਨੇ ਵਕਤ ਦੇ ਗੁਰੂ ਦੀ ਆਗਿਆ ਨਹੀਂ ਮੰਨੀ ਉਨ੍ਹਾਂ ਨੇ ਸੁਖ ਨਹੀਂ ਪਾਇਆ। ਤਾਕਿ ਸਾਧ ਸੰਗਤ ਵਿਸ਼ੇਸ਼ ਕਰਕੇ ਹੁਸ਼ਿਆਰ ਹੋ ਜਾਵੇ।

## ੩੩. ਗੁਰੂ-ਬੰਸਾਵਲੀ ਵਿਚ ਹਉਮੈ ਦੀ ਵਡਿਆਈ

**੧. ਬਾਲ ਜਤੀ ਹੈ ਸਿਰੀ ਚੰਦ**
**ਬਾਬਾਣਾ ਦੇਹੁਰਾ ਬਣਾਯਾ।**
**੨. ਲਖਮੀ ਦਾਸਹੁੰ ਧਰਮ ਚੰਦ**
**ਪੋਤਾ ਹੋਇ ਕੈ ਆਪ ਗਣਾਯਾ।**
**੩. ਮੰਜੀ ਦਾਸ ਬਹਾਲਿਆ**
**ਦਾਤਾ ਸਿੱਧਾਸਣ ਸਿਖ ਆਯਾ।**
**੪. ਮੋਹਣ ਕਮਲਾ ਹੋਇਆ**
**ਚਉਬਾਰਾ ਮੋਹਰੀ ਮਨਾਯਾ।**
**੫. ਮੀਣਾ ਹੋਆ ਪਿਰਥੀਆ**
**ਕਰ ਕਰ ਟੇਢਕ ਬਰਲ ਚਲਾਯਾ।**
**੬. ਮਹਾਂਦੇਉ ਅਹੰਮੇਉ ਕਰ**
**ਕਰ ਬੇਮੁਖ ਕੁੱਤਾ ਭਉਕਾਯਾ।**
**੭. ਚੰਦਨ ਵਾਸ ਨ ਵਾਂਸ ਬੋਹਾਯਾ ॥੩੩॥**

***ਪਦ ਅਰਥ :*** ਦਾਸ—ਦਾਸੂ। ਦਾਤਾ—ਦਾਤੂ। ਮੀਣਾ—ਮੀਸਣਾ, ਕਪਟੀ। ਟੇਢਕ—ਟੇਢਪੁਣੇ। ਬਰਲ—ਝੱਲ ਪੁਣਾ, ਸ਼ੁਦਾਪੁਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜੋ ਲੋਕ ਗੁਰੂਆਂ ਤੋਂ ਦੂਰ ਵੱਸਣ ਵਾਲੇ ਸਨ ਉਨ੍ਹਾਂ ਦੀ ਵਾਰਤਾ ਤਾਂ ਵੱਖਰੀ ਹੈ, ਪਰ ਜਿਨ੍ਹਾਂ ਨੂੰ ਅਤਿਅੰਤ ਨੇੜਤਾ ਸੀ ਉਹ ਭੀ ਗੁਰੂ ਤੋਂ ਪੂਰਨ ਲਾਭ ਪ੍ਰਾਪਤ ਨਹੀਂ ਕਰ ਸਕੇ। ਕਿਉਂ ਜੀ! ਇਸਦਾ ਸਹੀ ਕਾਰਨ ਕੀ ਹੈ, ਦੱਸਣ ਦੀ ਕ੍ਰਿਪਾ ਕਰੋ ਤਾਕਿ ਸਾਨੂੰ ਭੀ ਜਾਣਕਾਰੀ ਹੋ ਸਕੇ ?

ਉ: ਹੇ ਭਾਈਓ ! ਅਸਲ ਵਿਚ ਦੂਰ ਜਾਂ ਨੇੜੇ ਵੱਸਣ ਦੀ ਵਾਰਤਾ ਨਹੀਂ ਇਹ ਤਾਂ ਆਪੋ ਆਪਣੀਆਂ ਭਾਵਨਾਵਾਂ ਹਨ, ਜਿਵੇਂ ਅਸੀਂ ਵੇਖਦੇ ਹਾਂ ਕਿ ਬਾਂਸ ਚੰਦਨ ਦੇ ਅਤਿਅੰਤ ਨੇੜੇ ਹੀ ਹਰ ਵਕਤ ਵੱਸਦਾ ਹੈ, ਪਰ ਚੰਦਨ ਦੀ ਸੁਗੰਧੀ ਤੋਂ ਸੱਖਣਾ ਹੀ ਰਹਿ ਜਾਂਦਾ ਹੈ, ਪਰ ਦੂਰ ਦੂਰ ਵੱਸਣ ਵਾਲੇ ਦਰਖ਼ਤ ਚੰਦਨ ਦਾ ਰੂਪ ਹੀ ਬਣ ਜਾਂਦੇ ਹਨ, ਭਾਵ ਉਹ ਦੁਰੇਡੇ ਵੱਸਦੇ ਭੀ ਪੂਰਨ ਲਾਭ ਪ੍ਰਾਪਤ ਕਰ ਲੈਂਦੇ ਹਨ, ਇਸ ਭਾਵ ਨੂੰ ਕਬੀਰ ਜੀ ਸਹੀ ਰੂਪ ਵਿਚ ਪ੍ਰਗਟ ਕਰਦੇ ਹਨ, ਜਿਵੇਂ ਕਿ :

ਕਬੀਰ ਚੰਦਨ ਕਾ ਬਿਰਵਾ ਭਲਾ
ਬੇੜ੍ਹਿਓ ਢਾਕ ਪਲਾਸ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥੧੧॥
ਕਬੀਰ ਬਾਂਸੁ ਬਡਾਈ ਬੂਡਿਆ
ਇਉ ਮਤ ਡੂਬਹੁ ਕੋਇ॥
ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥੧੨॥

*(ਸਲੋਕ ਭਗਤ ਕਬੀਰ ਜੀ, ਪੰਨਾ ੧੩੬੫)*

ਭਾਵ ਹੈ ਕਿ ਜਿਨ੍ਹਾਂ ਦੇ ਅੰਦਰ ਵੱਡਾ ਹੋਣ ਦੀ ਹਉਮੈ ਹੈ, ਉਹ ਗੁਰੂ ਦੇ ਨੇੜੇ ਰਹਿੰਦਿਆਂ ਭੀ ਬਾਂਸ ਵਾਂਗੂ ਭਗਤੀ ਦੀ ਵਾਸ਼ਨਾ ਤੋਂ ਸੱਖਣੇ ਰਹਿ ਜਾਂਦੇ ਹਨ, ਇਨ੍ਹਾਂ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਵਿਚ ਉਨ੍ਹਾਂ ਵਿਅਕਤੀਆਂ ਦਾ ਜ਼ਿਕਰ ਕੀਤਾ ਹੈ ਜੋ ਗੁਰੂ ਦੀ ਅਤਿਅੰਤ ਨੇੜਤਾ ਰਖਦੇ ਹੋਏ ਭੀ ਇਲਾਹੀ ਦਾਤ ਤੋਂ ਸੱਖਣੇ ਰਹਿ ਗਏ, ਜਿਵੇਂ ਕਿ ਇਤਿਹਾਸ ਗਵਾਹੀ ਭਰਦਾ ਹੈ ਕਿ :

(੧) ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵੱਡਾ ਪੁੱਤਰ ਸਿਰੀ ਚੰਦ ਬਾਲ ਜਤੀ ਹੈ, ਉਸਨੇ (ਵਿਰਕਤੀ ਪਕੜ ਲੀਤੀ) ਅਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦੇਹੁਰਾ (ਰਾਵੀ ਦੇ ਕੰਢੇ) ਬਣਾਇਆ ਤੇ ਉਥੇ ਬੈਠ ਗਿਆ (ਭਾਵ ਗੁਰੂ ਦੀ ਆਗਿਆ ਦੇਹੁਰਾ ਬਣਾਉਣ ਦੀ ਨਹੀਂ ਸੀ)।

(੨) ਦੂਜੇ ਪੁੱਤਰ ਲਖਮੀ ਦਾਸ ਤੋਂ ਧਰਮ ਚੰਦ ਨੇ ਪੈਦਾ ਹੋ ਕੇ ਆਪਣੇ ਆਪ ਨੂੰ ਜਣਾਇਆ। (ਭਾਵ ਉਸਨੇ ਭੀ ਆਪਾ-ਭਾਵ ਨ ਛਡਿਆ)।

(੩) (ਗੁਰੂ ਅੰਗਦ ਦੇਵ ਜੀ ਦੇ ਪੁੱਤਰ) ਦਾਤੂ ਨੇ (ਆਪਣੇ ਭਰਾ) ਦਾਸੂ ਨੂੰ ਗੋਇੰਦਵਾਲ ਮੰਜੀ 'ਤੇ ਬਿਠਾ ਦਿੱਤਾ ਤੇ ਆਪ ਦਾਤੂ ਸਿਧਾਸਣ ਸਿਖ ਆਇਆ (ਗੁਰ ਗੱਦੀ ਦੇ ਲਾਇਕ ਨਾ ਹੋਣ 'ਤੇ ਵੀ ਆਪਣੇ ਆਪ ਨੂੰ ਗੁਰੂ ਕਹਾਉਣ ਲੱਗ ਪਏ)।

(੪) (ਗੁਰੂ ਅਮਰਦਾਸ ਜੀ ਦਾ ਪੁੱਤਰ) ਮੋਹਨ ਕਮਲਾ (ਅਵਧੂਤ) ਹੋ ਗਿਆ ਤੇ ਉਸਦਾ ਛੋਟਾ ਭਰਾ ਮੋਹਰੀ ਚਉਬਾਰੇ ਦੀ ਟਹਿਲ ਹੀ ਸਿੱਖਾਂ ਕੋਲੋਂ ਕਰਵਾਉਣ ਲੱਗ ਪਿਆ।

(੫) ਗੁਰੂ ਰਾਮਦਾਸ ਜੀ ਦਾ ਵੱਡਾ ਪੁੱਤਰ) ਪ੍ਰਿਥੀਚੰਦ ਮੀਣਾ (ਕਪਟੀ) ਨਿਕਲਿਆ ਤੇ ਆਪਣੇ ਟੇਢੇ ਸੁਭਾਅ ਕਰਕੇ ਝੱਲਪੁਣਾ ਖਿਲਾਰਨ ਲੱਗ ਪਿਆ।

(੬) (ਪ੍ਰਿਥੀ ਚੰਦ ਦਾ ਛੋਟਾ ਭਰਾ) ਮਹਾਂਦੇਉ ਅਹੰਕਾਰੀ ਹੋ ਗਿਆ ਤੇ ਉਸਨੂੰ ਪ੍ਰਿਥੀਚੰਦ ਨੇ ਕੁੱਤੇ ਵਾਂਗੂੰ ਭਉਕਾਇਆ।

(੭) ਚੰਦਨ ਦੀ ਵਾਸ਼ਨਾ ਨਾਲ ਵਾਂਸ ਸੁਗੰਧਤ ਨਹੀਂ ਹੋਇਆ ਕਰਦੇ (ਭਾਵ ਗੁਰੂ ਪੁੱਤਰਾਂ ਨੇ ਸਤਿਗੁਰੂਆਂ ਦੇ ਸੱਚ ਦੇ ਮਾਰਗ ਨੂੰ ਨਾ ਅਪਣਾਇਆ ਤੇ ਵਾਂਸਾਂ ਵਾਂਗੂੰ ਹਉਮੈਂ ਦੀ ਅੱਗ ਵਿਚ ਹੀ ਸੜਨ ਲਗੇ)।੩੩।

***ਭਾਵਾਰਥ :*** ਉਪ੍ਰੋਕਤ ਦਰਸਾਏ ਸੱਜਣ, ਚੰਦਨ ਗੁਰੂ ਦੇ ਕੋਲ ਰਹਿ ਕੇ ਵਾਂਸ ਵਾਂਗੂੰ ਹੰਕਾਰੀ ਤੇ ਆਕੀ ਹੀ ਰਹੇ, ਉਹ ਸੁਗੰਧਤ ਨਾ ਹੋਏ, ਇਨ੍ਹਾਂ ਵਿਚੋਂ ਮੋਹਰੀ ਪੁੱਤ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਸਨਮੁਖ' ਲਿਖਿਆ ਹੈ, ਇਸੇ ਕਰਕੇ ਇਥੇ ਚਉਬਾਰੇ ਬਣਾਉਣ ਤੋਂ ਮਤਲਬ ਉਸ ਦੀ ਮਨਮੁੱਖਤਾ ਸਿਧ ਕਰਨ ਦਾ ਨਹੀਂ, ਪਰ ਇਹ ਕਿ ਉਸਨੇ ਚੌਥੇ ਗੁਰੂ ਨੂੰ ਮੰਨ ਲਿਆ ਕਿ ਇਹ ਗੁਰੂ ਹਨ।

## ੩੪. ਗੁਰਤਾ-ਗੱਦੀ ਦੀ ਸੰਪ੍ਰਦਾਇ

**੧. ਬਾਬਾਣੀ ਪੀੜ੍ਹੀ ਚੱਲੀ**
**ਗੁਰ ਚੇਲੇ ਪਰਚਾ ਪਰਚਾਯਾ।**
**੨. ਗੁਰੁ ਅੰਗਦ ਗੁਰੁ ਅੰਗ ਤੇ**
**ਗੁਰੁ ਚੇਲਾ ਚੇਲਾ ਗੁਰ ਭਾਯਾ।**
**੩. ਅਮਰਦਾਸ ਗੁਰੁ ਅੰਗਦਹੁੰ**
**ਸਤਿਗੁਰੁ ਤੇ ਸਤਿਗੁਰੂ ਸਦਾਯਾ।**
**੪. ਗੁਰੁ ਅਮਰਹੁੰ ਗੁਰੁ ਰਾਮਦਾਸ**
**ਗੁਰ ਸੇਵਾ ਗੁਰੁ ਹੋਇ ਸਮਾਯਾ।**
**੫. ਰਾਮਦਾਸਹੁੰ ਅਰਜਨ ਗੁਰੂ**
**ਅੰਮ੍ਰਿਤ ਬ੍ਰਿਖ ਅੰਮ੍ਰਿਤ ਫਲ ਲਾਯਾ।**
**੬. ਹਰਿ ਗੋਵਿੰਦ ਗੁਰ ਅਰਜਨਹੁੰ**
**ਆਦਿ ਪੁਰਖ ਆਦੇਸ਼ ਕਰਾਯਾ।**
**੭. ਸੁਝੈ ਸੁੱਝ ਨ ਲੁਕੈ ਲੁਕਾਇਆ॥੩੪॥**

***ਪਦ ਅਰਥ :*** ਬਾਬਾਣੀ—ਗੁਰੂ ਨਾਨਕ ਦੇਵ ਜੀ ਦੀ। ਪੀੜ੍ਹੀ—ਸੰਪ੍ਰਦਾ। ਸੁੱਝ—ਸੂਰਜ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜਦੋਂ ਅਸੀਂ ਦੁਨਿਆਵੀ ਰਹੁ-ਰੀਤੀ ਵੱਲ ਤੱਕਦੇ ਹਾਂ ਤਾਂ ਆਮ ਤੌਰ ਪਰ ਇਹੋ ਦਿੱਸ ਆਉਂਦਾ ਹੈ ਕਿ ਹਰ ਪਿਤਾ ਦੀ ਜਾਇਦਾਦ ਦਾ ਹੱਕਦਾਰ ਉਸਦਾ ਪੁੱਤਰ ਹੋਇਆ ਕਰਦਾ ਹੈ, ਜਾਂ ਇਉਂ ਕਹੋ ਕਿ ਜਦੋਂ ਸੰਸਾਰੀ ਰਾਜਾ ਸੰਸਾਰ ਤੋਂ ਵਿਦਾ ਹੋ ਜਾਏ ਤਾਂ ਉਸਦੇ ਰਾਜ-ਤਖ਼ਤ ਪਰ ਉਸਦੇ ਪੁੱਤਰ ਨੂੰ ਬੈਠਾਇਆ ਜਾਂਦਾ ਹੈ, ਪਰ ਇਹ ਪਰੰਪਰਾ ਗੁਰੂ ਨਾਨਕ ਦੇਵ ਜੀ ਦੀ ਸੰਪ੍ਰਦਾ ਵਿਚ ਨਹੀਂ ਪਾਈ ਜਾਂਦੀ, ਭਾਵ ਪੁੱਤਰਾਂ ਨੂੰ ਛੱਡ ਕੇ ਗੁਰਿਆਈ ਦੇ ਤਖ਼ਤ ਪਰ ਸੇਵਕਾਂ ਨੂੰ ਹੀ ਬੈਠਾਇਆ ਜਾਂਦਾ ਰਿਹਾ ਹੈ, ਕਿਉਂ ਜੀ! ਦਸੋਗੇ ਕਿ ਕੀ ਇਸਦਾ ਭੀ ਕੋਈ ਖ਼ਾਸ ਕਾਰਨ ਸੀ, ਕਿਉਂਕਿ ਉਸ ਖ਼ਾਸ ਕਾਰਨ ਨੂੰ ਸਮਝਣ ਦੀ ਸਾਡੇ ਵਿਚ ਤਾਂ ਸਮਰੱਥਾ ਨਹੀਂ ਹੈ, ਆਪ ਜੀ ਜਾਣਕਾਰੀ ਦਿਓ?

**ਉ:** ਹੇ ਭਾਈਓ! ਜਦੋਂ ਅਸੀਂ ਗਹਿਰੀਆਂ ਨਜ਼ਰਾਂ ਨਾਲ ਵੀਚਾਰ ਦ੍ਰਿਸ਼ਟੀ ਰਾਹੀਂ ਤੱਕਾਂਗੇ ਤਾਂ ਸਾਨੂੰ ਤਖ਼ਤ ਭੀ ਦੋ ਰੂਪਾਂ ਵਿਚ ਦਿੱਸਣਗੇ, ਇਕ ਹੈ ਨਾਸਵੰਤ ਦੁਨਿਆਵੀ ਰਾਜ-ਤਖ਼ਤ, ਜੋ ਚੰਦ ਦਿਨਾਂ ਦਾ ਚਮਤਕਾਰ ਹੈ ਇਸ ਪਰ ਤਾਂ ਨਾਸਵੰਤ ਵਿਅਕਤੀ ਹੀ ਬੈਠ ਸਕਦਾ ਹੈ, ਜਿਵੇਂ ਕਿ ਅਸੀਂ ਵੇਖ ਹੀ ਰਹੇ ਹਾਂ।

ਦੂਸਰਾ, ਗੁਰਿਆਈ ਗੱਦੀ ਦਾ ਰਾਜ-ਤਖ਼ਤ ਹੈ, ਜਿਸਦੀ ਅਰੰਭਤਾ ਗੁਰੂ ਨਾਨਕ ਦੇਵ ਜੀ ਤੋਂ ਅਰੰਭ ਹੋਈ ਹੈ, ਜਿਸਨੂੰ ਅਬਿਨਾਸੀ, ਅਚੱਲ ਤੇ ਅਟੱਲ ਰਾਜ ਕਿਹਾ ਜਾ ਸਕਦਾ ਹੈ, ਇਸ ਪਰ ਆਮ ਵਿਅਕਤੀ ਨਹੀਂ ਬੈਠ ਸਕਦਾ, ਕਿਉਂਕਿ ਫ਼ੁਰਮਾਨ ਹੈ:

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ॥
ਏਹਿ ਭੂਪਤਿ ਰਾਜੇ ਨ ਆਖੀਅਹਿ
ਦੂਜੈ ਭਾਇ ਦੁਖੁ ਹੋਈ॥ *(ਪਉੜੀ, ਪੰਨਾ ੧੦੮੮)*

ਤਖਤਿ ਬਹੈ ਤਖਤੈ ਕੀ ਲਾਇਕ॥
ਪੰਚ ਸਮਾਏ ਗੁਰਮਤਿ ਪਾਇਕ॥
*(ਮਾਰੂ ਮਹਲਾ ੧, ਪੰਨਾ ੧੦੩੯)*

ਇਸ ਤਰ੍ਹਾਂ ਸਾਨੂੰ ਬਾਣੀ ਵਿਚੋਂ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ ਕਿ ਇਸ ਗੁਰਿਆਈ ਦੇ ਰਾਜ-ਤਖ਼ਤ ਪਰ ਓਹੀ ਬੈਠ ਸਕਦਾ ਹੈ ਜੋ ਇਸ ਤਖ਼ਤ ਪਰ ਬੈਠਣ ਦੀ ਯੋਗਤਾ ਰੱਖਦਾ ਹੋਵੇ, ਇਸ ਗੁਰਤਾ-ਗੱਦੀ ਦੇ ਰਾਜ-ਤਖ਼ਤ ਉਪਰ ਬੈਠਾਉਣ ਤੋਂ ਪਹਿਲੋਂ ਉਸਦੀ ਚੰਗੀ ਤਰ੍ਹਾਂ ਪਰਖ ਕੀਤੀ ਜਾਂਦੀ ਰਹੀ ਹੈ ਕਿ ਕੀ ਇਹ ਗੁਰਤਾ ਗੱਦੀ ਦੇ ਤਖ਼ਤ ਪੁਰ ਬੈਠਣ ਦੀ ਯੋਗਤਾ ਭੀ ਰੱਖਦਾ ਹੈ। ਇਸ ਭਾਵ ਨੂੰ ਪ੍ਰਗਟ ਕਰਨ ਵਿਚ ਗੁਰ-ਇਤਿਹਾਸ ਗਵਾਹੀ ਭਰਦਾ ਹੈ, ਕਿ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਨੂੰ ਪਰਖ

ਦੀ ਕਸਵਟੀ 'ਤੇ ਲਾ ਕੇ ਚੰਗੀ ਤਰ੍ਹਾਂ ਪਰਖਿਆ, ਜਿਵੇਂ ਕਿ:

ਇਕ ਦਫ਼ਾ ਆਪ ਜੀ ਭਿਆਨਕ ਜਿਹਾ ਰੂਪ ਧਾਰ ਕੇ ਇਕੱਲੇ ਹੀ ਜੰਗਲ ਨੂੰ ਤੁਰ ਪਏ, ਬਹੁਤ ਸਾਰੇ ਸੱਜਣ ਵੀ ਪਿਛੇ ਪਿਛੇ ਚਲ ਪਏ ਉਨ੍ਹਾਂ ਦੀ ਪਰਖ ਕਰਨ ਲਈ ਆਪ ਜੀ ਨੇ ਰੁਪਇਆਂ ਦੀਆਂ ਥੈਲੀਆਂ ਸੁੱਟੀਆਂ ਤੇ ਬਚਨ ਕੀਤਾ ਕਿ ਜਾਓ ਇਹ ਦੌਲਤ ਲੈ ਜਾਓ, ਮੇਰੇ ਪਿਛੇ ਆ ਕੇ ਤੁਸਾਂ ਕੀ ਕਰਨਾ ਹੈ, ਜੋ ਦੌਲਤ ਦੇ ਪ੍ਰੇਮੀ ਸਨ ਉਹ ਦੌਲਤ ਲੈ ਕੇ ਵਾਪਸ ਚਲੇ ਗਏ ਅਤੇ ਜੋ ਫਿਰ ਵੀ ਅਗੇ ਵਧੇ ਉਨ੍ਹਾਂ ਦੀ ਪਰਖ ਕਰਨ ਲਈ ਆਪ ਜੀ ਨੇ ਮੋਹਰਾਂ ਦੀਆਂ ਥੈਲੀਆਂ ਸੁੱਟੀਆਂ ਤੇ ਕਿਹਾ ਕਿ ਇਹ ਲੈ ਜਾਓ, ਤੁਸਾਂ ਮੇਰੇ ਪਿਛੇ ਆ ਕੇ ਕੀ ਲੈਣਾ ਹੈ, ਕਈ ਇਹ ਮੋਹਰਾਂ ਦੀਆਂ ਥੈਲੀਆਂ ਲੈ ਕੇ ਮੁੜ ਗਏ, ਇਸੇ ਤਰ੍ਹਾਂ ਫਿਰ ਸੋਨਾ ਅਤੇ ਮੋਤੀ ਸੁੱਟੇ ਕਿਹਾ ਜਾਓ ਇਹ ਲੈ ਜਾਓ, ਇਹ ਸਾਰੇ ਹੀ ਆਪੋ ਆਪਣੀ ਲਾਲਸਾ ਪੂਰੀ ਕਰਕੇ ਮੁੜ ਗਏ ਇਕ ਭਾਈ ਲਹਿਣਾ ਜੀ ਨਹੀਂ ਮੁੜੇ ਤਾਂ ਆਪ ਜੀ ਨੇ ਕਿਹਾ ਕਿ ਭਾਈ ਲਹਿਣਾ ਜੀ! ਸਾਰੇ ਵਾਪਸ ਮੁੜ ਗਏ ਤੂੰ ਕਿਉਂ ਨਹੀਂ ਮੁੜਿਆ ਜਾਹ ਤੂੰ ਭੀ ਮੁੜ ਜਾਹ। ਤਾਂ ਭਾਈ ਲਹਿਣੇ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਹੇ ਸਤਿਗੁਰੋ! ਜਿਨ੍ਹਾਂ ਨੂੰ ਪਿਛੇ ਕੋਈ ਆਪੋ ਆਪਣਾ ਆਸਰਾ ਨਜ਼ਰ ਆਇਆ ਉਹ ਸਾਰੇ ਵਾਪਸ ਮੁੜ ਗਏ। ਹਜ਼ੂਰ ਜੀਉ! ਮੇਰਾ ਤਾਂ ਆਪ ਜੀ ਤੋਂ ਬਿਨਾਂ ਹੋਰ ਕੋਈ ਆਸਰਾ ਹੀ ਨਹੀਂ, ਮੈਂ ਆਪ ਜੀ ਨੂੰ ਛੱਡ ਕੇ ਹੋਰ ਕਿਥੇ ਜਾਵਾਂ? ਇਸ ਲਈ ਮੈਨੂੰ ਤੁਸੀਂ ਆਪਣੇ ਚਰਨਾਂ ਵਿਚ ਹੀ ਨਿਵਾਸ ਦਈ ਰਖੋ, ਇਹ ਭਾਈ ਲਹਿਣੇ ਦੀ ਸ਼ਰਧਾ, ਭਾਵਨਾ ਤੱਕ ਕੇ ਗੁਰੂ ਨਾਨਕ ਜੀ ਨੇ ਭਾਈ ਲਹਿਣੇ ਨੂੰ ਆਪਣੀ ਪਿਆਰ-ਭਰੀ ਗਲਵੱਕੜੀ ਵਿਚ ਲੈ ਲਿਆ ਤੇ ਬਚਨ ਕੀਤਾ ਕਿ ਲਹਿਣਿਆਂ! ਕੋਈ ਸਮਾਂ ਆਵੇਗਾ ਲੋਕਾਈ ਵੇਖੇਗੀ ਤੂੰ ਇਸ ਗੁਰਿਆਈ ਦੇ ਤਖ਼ਤ ਪੁਰ ਬੈਠੇਂਗਾ ਤੇ ਮੇਰਾ ਸਿਰ ਤੇਰੇ ਚਰਨਾਂ 'ਤੇ ਝੁਕੇਗਾ, ਇਸੇ ਤਰ੍ਹਾਂ ਹੋਇਆ ਜੋ ਸਾਰੀਆਂ ਸੰਗਤਾਂ ਨੇ ਤੱਕਿਆ। ਸਵਈਆਂ ਵਿਚ ਭੱਟਾਂ ਦਾ ਫ਼ੁਰਮਾਨ ਹੈ ਕਿ:

ਆਪਿ ਨਰਾਇਣੁ ਕਲਾਧਾਰਿ ਜਗ ਮਹਿ ਪਰਵਰਿਯਉ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥

*(ਸਵਈਏ ਮ: ਤੀਜੇ ਕੇ, ਪੰਨਾ ੧੩੯੫)*

ਭਾਵ ਹੈ, ਨਿਰੰਕਾਰ ਨੇ ਹੀ ਨਾਨਕ ਦਾ ਜਾਮਾ ਧਾਰ ਕੇ ਸੰਸਾਰ ਵਿਚ ਆਪਣੇ ਆਪ ਨੂੰ ਪ੍ਰਗਟਾਇਆ ਹੈ। ਇਹ ਠੀਕ ਹੈ ਕਿ ਕਾਇਆ ਤਾਂ ਭਾਵੇਂ ਬਦਲਦੀ ਰਹੀ ਪਰ ਜੋਤ ਜੁਗਤ ਅਗੇ ਤੋਂ ਅਗੇ ਓਹੀ ਚਲਦੀ ਰਹੀ ਹੈ। ਜਿਵੇਂ ਕਿ ਫ਼ੁਰਮਾਨ ਹੈ:

ਜੋਤਿ ਓਹਾ ਜੁਗਤਿ ਸਾਇ
ਸਹਿ ਕਾਇਆ ਫੇਰਿ ਪਲਟੀਐ॥ *(ਪੰਨਾ ੯੬੬)*

ਸੋ, ਨਿਰੰਕਾਰ ਦੀ ਜੋਤ ਜੋ ਨਾਨਕ ਦੇ ਜਾਮੇ ਵਿਚ ਜਗ ਰਹੀ ਸੀ ਉਸ ਵਿਚ ਤਾਂ ਕੋਈ ਬਦਲ ਨਹੀਂ ਆਈ, ਪਰ ਉਸ ਜੋਤ ਨੇ ਜਿਥੇ ਜਗਣਾ ਸੀ ਉਸਦੀ ਜ਼ਰੂਰ ਹੀ ਪਰਖ ਕੀਤੀ। ਕਿਉਂਕਿ ਸ਼ੀਹਣੀ ਦਾ ਦੁੱਧ ਸੋਨੇ ਦੇ ਬਰਤਨ ਵਿਚ ਹੀ ਟਿਕ ਸਕਦਾ ਹੈ, ਹੋਰ ਕਿਸੇ ਬਰਤਨ ਵਿਚ ਸਮਾ ਨਹੀਂ ਸਕਦਾ ਛੇਕ ਕਰਕੇ ਨਿਕਲ ਜਾਂਦਾ ਹੈ।

ਇਸ ਲਈ ਸੰਸਾਰੀ ਰਾਜ-ਤਖ਼ਤ ਤੇ ਗੁਰਿਆਈ ਦੇ ਤਖ਼ਤ ਵਿਚ ਬੜਾ ਅੰਤਰਾ ਹੈ, ਕਿਉਂਕਿ ਦੁਨਿਆਵੀ ਰਾਜ-ਤਖ਼ਤਾਂ ਪਰ ਤਾਂ ਕਈ ਵਾਰ ਗ਼ਲਤ ਬੰਦੇ ਭੀ ਬੈਠ ਜਾਂਦੇ ਹਨ ਜੋ ਰਈਅਤ ਵਿਚ ਅਸ਼ਾਂਤੀ ਖਿਲਾਰ ਦੇਂਦੇ ਹਨ, ਪਰ ਗੁਰਿਆਈ ਦੇ ਤਖ਼ਤ ਪੁਰ ਤਾਂ ਉਹੀ ਬੈਠਾ ਸੁਭਾਇਮਾਨ ਹੋ ਸਕਦਾ ਹੈ ਜੋ ਲੁਕਾਈ ਵਿਚ ਹਰ ਪੱਖੋਂ ਸ਼ਾਂਤੀ ਪ੍ਰਦਾਨ ਕਰੇ। ਸੋ ਗੁਰਤਾ-ਗੱਦੀ 'ਤੇ ਜੋ ਵੀ ਅਸਥਾਪਨ ਕੀਤਾ ਗਿਆ, ਉਹ ਸੰਸਾਰ ਵਿਚ ਹਰ ਪ੍ਰਾਣੀ ਮਾਤ੍ਰ ਨੂੰ ਪ੍ਰੇਮ ਪਿਆਰ ਦਾ ਹੀ ਸੰਦੇਸ਼ ਦੇਂਦਾ ਰਿਹਾ। ਜਿਸ ਨੂੰ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਉਲੀਕਿਆ ਹੈ ਕਿ ਗੁਰਤਾ-ਗੱਦੀ ਦੀ ਸੰਪ੍ਰਦਾਇ ਕਿਵੇਂ ਪਰਚਲਤ ਰਹੀ ਹੈ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ ਜੋ) ਬਾਬੇ (ਗੁਰੂ ਨਾਨਕ ਦੇਵ ਜੀ) ਦੀ ਸੰਪ੍ਰਦਾ ਚਲੀ, ਜਿਸ ਵਿਚ ਗੁਰੂ ਤੇ ਚੇਲੇ ਦਾ ਪ੍ਰੇਮ ਹੀ ਪ੍ਰਚਲਤ ਰਿਹਾ।

(੨) ਗੁਰੂ ਨਾਨਕ ਦੇਵ ਜੀ ਦੇ ਅੰਗ ਤੋਂ ਗੁਰੂ ਅੰਗਦ ਜੀ ਹੋਏ ਪਰ ਜਦੋਂ ਸੇਵਾ ਕਰਨ ਕਰਕੇ ਗੁਰੂ ਪ੍ਰਸੰਨ ਹੋਇਆ ਤਾਂ ਉਸਨੇ ਚੇਲੇ ਨੂੰ ਗੁਰੂ ਬਣਾ ਦਿੱਤਾ।

(੩) ਗੁਰੂ ਅੰਗਦ ਦੇਵ ਜੀ ਦੀ ਸੰਗਤ ਤੇ ਸੇਵਾ ਕਰਕੇ ਗੁਰੂ ਅਮਰਦਾਸ ਜੀ ਸਤਿਗੁਰੂ ਬਣਨ ਦੇ ਯੋਗ ਹੋਏ, ਫਿਰ ਉਨ੍ਹਾਂ ਨੇ ਸਤਿਗੁਰੂ ਸਦਵਾਇਆ।

(੪) ਗੁਰੂ ਅਮਰਦਾਸ ਜੀ ਤੋਂ ਗੁਰੂ ਰਾਮਦਾਸ ਜੀ ਹੋਏ, ਜਿਹੜੇ ਗੁਰੂ ਜੀ ਦੀ ਸੇਵਾ ਕਰਕੇ ਗੁਰੂ ਰੂਪ ਵਿਚ ਹੀ ਸਮਾ ਗਏ (ਭਾਵ ਉਨ੍ਹਾਂ ਵਿਚ ਕੋਈ ਭਿੰਨ ਭੇਦ ਨਾ ਰਿਹਾ)।

(੫) ਗੁਰੂ ਰਾਮਦਾਸ ਜੀ ਦੇ (ਸਪੁੱਤ੍ਰ) ਗੁਰੂ ਅਰਜਨ ਜੀ

ਹੋਏ, ਮਾਨੋ ਅੰਮ੍ਰਿਤ ਦੇ ਬ੍ਰਿਛ ਨੂੰ ਅੰਮ੍ਰਿਤ ਦਾ ਫਲ ਲੱਗਾ ਹੈ।

(੬) ਗੁਰੂ ਅਰਜਨ ਜੀ ਦੇ (ਸਪੁੱਤਰ) ਗੁਰੂ ਹਰਿਗੋਬਿੰਦ ਜੀ ਹੋਏ, ਇਨ੍ਹਾਂ ਨੇ ਸਿੱਖਾਂ ਕੋਲੋਂ ਇਕ ਅਕਾਲ ਪੁਰਖ ਨੂੰ ਹੀ ਨਮਸਕਾਰ ਕਰਵਾਈ (ਹੋਰ ਸਭ ਮਤਾਂ ਨੂੰ ਤਿਆਗ ਦਿੱਤਾ)।

(੭) ਚੜ੍ਹਿਆ ਸੂਰਜ ਲੁਕਾਇਆਂ ਲੁਕਦਾ ਨਹੀਂ (ਪ੍ਰਤੱਖ ਦਿਸਦਾ ਹੈ)।੩੪।

***ਭਾਵਾਰਥ :*** ਇਤਿਹਾਸ ਗਵਾਹੀ ਭਰਦਾ ਹੈ ਕਿ ਪ੍ਰਿਥੀਏ ਨੇ ਝੂਠੇ ਸ਼ਬਦਾਂ ਦਾ ਘੁਪ ਹਨੇਰਾ ਬਣਾ ਕੇ ਆਪਣਾ ਜਾਲ ਤਾਣਿਆਂ, ਪ੍ਰੰਤੂ ਗੁਰੂ ਰੂਪੀ ਸੂਰਜ ਦੇ ਅਗੇ ਕੋਈ ਪੇਸ਼ ਨ ਗਈ ਇਥੇ ਸਤਿਗੁਰਾਂ ਦਾ ਵਰਣਨ ਕਰਕੇ ਦਸਿਆ ਹੈ ਕਿ ਛੀਏ ਇਕ ਗੁਰੂ ਹਨ, ਕੋਈ ਭੀ ਭੇਦ ਨਹੀਂ ਹੈ। ਅਤੇ ਗੁਰਤਾ ਦੀ ਪੀੜ੍ਹੀ ਚੇਲਾ ਹੋ ਕੇ ਯੋਗਤਾ ਤੇ ਵਾਹਿਗੁਰੂ ਦੀ ਦਾਤ ਨਾਲ ਟੁਰੀ। ਕੋਈ ਸੰਸਾਰਕ ਹੱਕ ਪੁੱਤਰ ਆਦਿ ਹੋਣ ਦਾ ਨਹੀਂ ਟੁਰ ਸਕਦਾ।

ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥੪॥ *(ਪੰਨਾ ੯੬੭)*

## ੩੫. ਕਾਦਰ ਦੀ ਕੁਦਰਤ ਬੇਅੰਤ ਹੈ

**੧. ਇੱਕ ਕਵਾਉ ਪਸਾਉ ਕਰ**
**ਓਅੰਕਾਰ ਕੀਆ ਪਾਸਾਰਾ।**
**੨. ਕੁਦਰਤ ਅਤੁਲ ਨ ਤੋਲੀਐ**
**ਤੁੱਲ ਨ ਤੋਲ ਨ ਤੋਲਣਹਾਰਾ।**
**੩. ਸਿਰ ਸਿਰ ਲੇਖ ਅਲੇਖ ਦਾ**
**ਦਾਤ ਜੋਤਿ ਵਡਿਆਈ ਕਾਰਾ।**
**੪. ਲੇਖ ਅਲੇਖ ਨ ਲੇਖੀਐ**
**ਮੱਸੁ ਨ ਲੇਖਣ ਲਿੱਖਣਹਾਰਾ।**
**੫. ਰਾਗ ਨਾਦ ਅਨਹਦ ਧੁਨੀ**
**ਓਅੰਕਾਰ ਨ ਗਾਵਣਹਾਰਾ।**
**੬. ਖਾਣੀ ਬਾਣੀ ਜੀਅ ਜੰਤੁ**
**ਨਾਂਵ ਥਾਂਵ ਅਣਗਣਤ ਅਪਾਰਾ।**
**੭. ਇੱਕ ਕਵਾਉ ਅਮਾਉ ਹੈ**
**ਕੇਵਡ ਵੱਡਾ ਸਿਰਜਣਹਾਰਾ।**
**੮. ਸਾਧ ਸੰਗਤਿ ਸਤਿਗੁਰ ਨਿਰੰਕਾਰਾ ॥੩੫॥੨੬॥**

***ਪਦ ਅਰਥ :*** ਕਵਾਉ—ਵਾਕ। ਤੁੱਲ—ਤੱਕੜੀ। ਤੋਲ—ਵੱਟਾ। ਮੱਸੁ—ਸਿਆਹੀ। ਤੋਲਣਹਾਰਾ—ਤੱਕੜੀ ਵਾਲਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਓ ! ਜਦੋਂ ਅਸੀਂ ਸਨਾਤਨ ਪੁਸਤਕਾਂ ਦੀਆਂ ਕਥਾਵਾਂ ਪੰਡਤਾਂ ਦੁਆਰੇ ਸੁਣਦੇ ਹਾਂ ਤਾਂ ਉਹ ਇਸ ਸੰਸਾਰਕ ਰਚਨਾ ਬਾਰੇ ਵਖੋ ਵੱਖ ਸ਼ਾਸਤ੍ਰਾਂ ਦੇ ਭਿੰਨ ਭਿੰਨ ਵੀਚਾਰ ਦਰਸਾਉਂਦੇ ਹਨ, ਕਿਉਂ ਜੀ ! ਤੁਸਾਂ ਤਾਂ ਪੁਰਾਤਨ ਪੁਸਤਕਾਂ ਅਤੇ ਗੁਰਮਤ ਨੂੰ ਭੀ ਪੜਚੋਲਿਆ ਹੈ ਕੀ ਆਪ ਜੀ ਸਾਨੂੰ ਵੀ ਜਾਣਕਾਰੀ ਦਿਓਗੇ ਕਿ ਗੁਰਮਤ ਅਨੁਸਾਰ ਇਸ ਸੰਸਾਰ ਦੀ ਅਰੰਭਤਾ ਕਦੋਂ ਤੇ ਕਿਵੇਂ ਹੋਈ ਹੈ, ਇਸ ਦੀ ਸਾਰੀ ਰੂਪ-ਰੇਖਾ ਦਰਸਾਓ ਤਾਕਿ ਅਸੀਂ ਭੀ ਨਿਰਸੰਦੇਹ ਹੋ ਜਾਵੀਏ, ਧੰਨਵਾਦੀ ਹੋਵਾਂਗੇ ?

**ਉ:** ਹੇ ਭਾਈਓ ! ਮੈਂ ਤੁਹਾਡੇ ਇਸ ਗੰਭੀਰਤਾ ਭਰੇ ਪ੍ਰਸ਼ਨ ਦੇ ਉੱਤਰ ਵਿਚ ਕੁਝ ਪੁਰਾਣਕ ਕਰਤਿਆਂ ਦੇ ਇਸ ਸੰਸਾਰਕ ਰਚਨਾ ਬਾਰੇ ਜੋ ਖ਼ਿਆਲ ਪੜ੍ਹੇ ਹਨ, ਉਹ ਦਰਸਾਵਾਂ ਤਾਂ ਉਨ੍ਹਾਂ ਵਿਚ ਭੀ ਅਧੂਰਾਪਨ ਹੈ, ਕਿਉਂਕਿ ਜਿਤਨੀ ਜਿਤਨੀ ਭੀ ਕਿਸੇ ਵਿਚ ਗੰਮਤਾ ਸੀ, ਉਹ ਉਸਨੇ ਅੰਕਤ ਕਰ ਦਿਤੀ। ਪਰ, ਉਸਨੂੰ ਪੂਰਨਤਾ ਦਾ ਰੂਪ ਨਹੀਂ ਦਿਤਾ ਜਾ ਸਕਦਾ। ਮੈਂ ਤਾਂ ਜਦੋਂ ਉਨ੍ਹਾਂ ਦੇ ਇਸ ਸੰਸਾਰਕ ਰਚਨਾ ਬਾਰੇ ਖ਼ਿਆਲ ਪੜ੍ਹਦਾ ਹਾਂ ਤਾਂ ਗੁਰਬਾਣੀ ਦੀ ਰੌਸ਼ਨੀ ਵਿਚ ਇਉਂ ਹੀ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਨੇ ਇਸ ਰਚਨਾ ਬਾਰੇ ਜਾਂ ਇਸ ਰਚਨਾ ਦੇ ਕਰਤੇ ਦੇ ਸੰਬੰਧ ਵਿਚ ਜੋ ਵੀ ਕੁਝ ਕਿਹਾ ਹੈ ਉਹ ਇਉਂ ਹੀ ਹੈ ਕਿ ਜਿਵੇਂ ਕੋਈ ਸਾਗਰ ਦੇ ਕਿਨਾਰੇ 'ਤੇ ਬੈਠ ਕੇ ਸਾਗਰ ਦੀਆਂ ਲਹਿਰਾਂ ਨੂੰ ਵੇਖ ਕੇ ਕਵ੍ਹੇ ਕਿ ਮੈਂ ਸਾਗਰ ਨੂੰ ਵੇਖ ਆਇਆ ਹਾਂ, ਉਸਨੇ ਤਾਂ ਕੇਵਲ ਲਹਿਰਾਂ ਨੂੰ ਹੀ ਤੱਕਿਆ ਹੈ ਲਹਿਰਾਂ ਤਾਂ ਸਾਗਰ ਨਹੀਂ, ਸਾਗਰ ਦੀ ਗੰਭੀਰਤਾ ਤਾਂ ਬਹੁਤ ਡੂੰਘਾਈ ਵਿਚ ਹੈ, ਇਸੇ ਤਰ੍ਹਾਂ ਇਸ ਸੰਸਾਰ ਦੀ ਰਚਨਾ ਭੀ ਬੇਅੰਤ ਹੈ, ਇਸ ਬਾਰੇ ਭੀ ਕੁੱਝ ਕਹਿਣਾ ਅਸੰਭਵ ਹੀ ਨਹੀਂ ਸਗੋਂ ਨਾ-ਮੁਮਕਿਨ ਹੈ।

ਜਾਂ ਇਉਂ ਕਹੋ ਕਿ ਜਿਵੇਂ ਅਨੇਕਾਂ ਪੰਛੀ ਅਕਾਸ਼ ਵਿਚ ਉਡਾਰੀ ਮਾਰਦੇ ਹਨ ਜਿਤਨੀ ਭੀ ਕਿਸੇ ਦੇ ਖੰਭ

ਵਿਚ ਸ਼ਕਤੀ ਹੈ ਉਹ ਉਤਨਾ ਉਚੇਰਾ ਜਾ ਸਕਦਾ ਹੈ, ਪਰ ਪੂਰਨ ਰੂਪ ਵਿਚ ਅਕਾਸ਼ ਦਾ ਅੰਤ ਨਹੀਂ ਕੋਈ ਲੈ ਸਕਦਾ। ਇਸੇ ਤਰ੍ਹਾਂ ਇਸ ਸੰਸਾਰ ਦੀ ਰਚਨਾ ਜਾਂ ਰਚਨਾ ਦਾ ਕਰਤਾ ਬੇਅੰਤ ਹੈ, ਇਸ ਬਾਰੇ ਭੀ ਕੋਈ ਪੂਰਨ ਰੂਪ ਵਿਚ ਕੁਝ ਨਹੀਂ ਕਹਿ ਸਕਦਾ, ਕਿਉਂਕਿ ਉਹ ਭੀ ਮਨ, ਬਾਣੀ, ਸਰੀਰ ਦੀ ਗੰਮਤਾ ਤੋਂ ਪਰ੍ਹੇ ਹੈ।

ਇਹੋ ਪ੍ਰਸ਼ਨ ਗੁਰੂ ਨਾਨਕ ਦੇਵ ਜੀ ਨੂੰ ਸਿੱਧਾਂ ਨੇ ਕੀਤਾ ਸੀ ਕਿ ਹੇ ਨਾਨਕ ! ਦਸੋ ਇਸ ਸੰਸਾਰ ਦੀ ਰਚਨਾ ਕਦੋਂ ਰਚੀ ਗਈ ਹੈ ਤਾਂ ਆਪ ਜੀ ਨੇ ਕਈ ਉਦਾਹਰਣ ਦੇ ਕੇ ਆਖ਼ਰ ਇਉਂ ਕਿਹਾ ਸੀ ਕਿ ਹੇ ਸਿੱਧੋ :

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥
ਵਖਤੁ ਨ ਪਾਇਓ ਕਾਦੀਆ
ਜਿ ਲਿਖਨਿ ਲੇਖੁ ਕੁਰਾਣੁ ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥
*(ਜਪੁਜੀ, ਪੰਨਾ ੪)*

ਭਾਵ ਹੈ ਕਿ ਜਦੋਂ ਉਸ ਕਰਤੇ ਨੇ ਇਸ ਸ੍ਰਿਸ਼ਟੀ ਦੀ ਸਾਜਨਾ ਸਾਜੀ ਹੈ ਉਸ ਵੇਲੇ ਉਸ ਕਰਤੇ ਤੋਂ ਬਿਨਾ ਹੋਰ ਕੋਈ ਦੂਸਰਾ ਹੈ ਹੀ ਨਹੀਂ ਸੀ। ਕਿਉਂਕਿ ਇਹ ਸੰਕੇਤਕ ਵਾਕ ਬਾਣੀ ਵਿਚ ਅੰਕਤ ਹੈ, ਜਿਵੇਂ ਕਿ :

ਜਦਹੁ ਆਪੇ ਥਾਟੁ ਕੀਆ ਬਹਿ ਕਰਤੈ
ਤਦਹੁ ਪੁਛਿ ਨ ਸੇਵਕੁ ਬੀਆ ॥
ਤਦਹੁ ਕਿਆ ਕੋ ਲੇਵੈ ਕਿਆ ਕੋ ਦੇਵੈ
ਜਾਂ ਅਵਰੁ ਨ ਦੂਜਾ ਕੀਆ ॥ *(ਪਉੜੀ, ਪੰਨਾ ੫੫੧)*

ਭਾਵ ਉਸ ਰਚਨਹਾਰ ਨੇ ਜਦੋਂ ਇਸ ਸੰਸਾਰ ਦੀ ਅਰੰਭਤਾ ਕੀਤੀ ਹੈ ਤਦੋਂ ਕਿਸੇ ਦੂਸਰੇ ਨੂੰ ਪੁੱਛਿਆ ਹੀ ਨਹੀਂ ਜਦੋਂ ਕੋਈ ਦੂਸਰਾ ਹੈ ਹੀ ਨਹੀਂ ਸੀ ਤਾਂ ਫਿਰ ਕਿਸ ਤੋਂ ਪੁੱਛ ਕਰਨੀ ਸੀ। ਇਸ ਲਈ ਇਹੋ ਫ਼ੁਰਮਾਨ ਹੈ ਕਿ ਜਦੋਂ ਉਸਨੇ ਇਸ ਸੰਸਾਰ ਦੀ ਰਚਨਾ ਦਾ ਪਸਾਰਾ ਪਸਰਿਆ ਹੈ ਤਾਂ ਉਸ ਬਾਰੇ ਫ਼ੁਰਮਾਨ ਹੈ ਕਿ ਜਦੋਂ ਉਸਨੇ ਫੁਰਨਾ ਕੀਤਾ ਤਾਂ ਰਚਨਾ ਰਚੀ ਗਈ, ਜਿਵੇਂ ਕਿ :

ਕੀਤਾ ਪਸਾਉ ਏਕੋ ਕਵਾਉ ॥
ਤਿਸ ਤੇ ਹੋਏ ਲਖ ਦਰੀਆਉ ॥ *(ਜਪੁਜੀ, ਪੰਨਾ ੩)*

ਸੋ, ਇਸ ਸੰਸਾਰਕ ਰਚਨਾ ਦੀ ਬੇਅੰਤਤਾ ਬਾਰੇ ਬਾਣੀ ਵਿਚੋਂ ਸਾਨੂੰ ਅਨੇਕਾਂ ਹੀ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਅੰਕਤ ਕੀਤੀਆਂ ਹਨ, ਜਿਨ੍ਹਾਂ ਵਿਚ ਉਸ ਕਰਤੇ ਦੀ ਅਤੇ ਉਸਦੀ ਰਚਨਾ ਬਾਰੇ ਜ਼ਿਕਰ ਕੀਤਾ ਹੈ ਕਿ ਉਹ ਮਨ, ਬਾਣੀ ਦੀ ਗੰਮਤਾ ਤੋਂ ਪਰ੍ਹੇ ਹੈ।

(੧) (ਜਿਵੇਂ ਕਿ ਸਾਨੂੰ ਬਾਣੀ ਦੁਆਰੇ ਸੋਝੀ ਮਿਲਦੀ ਹੈ ਕਿ ਉਸ) ਓਅੰਕਾਰ (ਪ੍ਰਭੂ) ਨੇ ਇਕ ਵਾਕ ਤੋਂ ਹੀ ਇਹ ਸਾਰਾ ਪਸਾਰਾ ਕੀਤਾ ਹੈ।

(੨) (ਉਸ ਪ੍ਰਭੂ ਦੀ) ਕੁਦਰਤ ਅਤੁੱਲ ਹੈ ਇਹ ਤੋਲੀ ਨਹੀਂ ਜਾ ਸਕਦੀ, ਇਸਦੇ ਤੋਲਣ ਵਾਸਤੇ ਨਾ ਕੋਈ ਤੱਕੜੀ ਹੈ ਨਾ ਕੋਈ ਵੱਟਾ ਹੈ, ਤੇ ਨਾ ਹੀ ਕੋਈ ਤੋਲਣ ਵਾਲਾ ਹੈ।

(੩) ਸਭ ਜੀਵਾਂ ਦੇ ਸਿਰਾਂ 'ਤੇ ਉਸ ਅਲੇਖ ਪ੍ਰਭੂ ਦੇ ਲਿਖੇ ਲੇਖ ਹਨ, ਦਾਤ, ਜੋਤਿ ਤੇ ਵਡਿਆਈ ਦੀ ਸਾਰੀ ਕਾਰ ਉਸ ਪ੍ਰਭੂ ਦੇ ਹੀ ਅਧੀਨ ਹੈ।

(੪) ਉਹ ਅਲੇਖ (ਪ੍ਰਭੂ) ਕਿਸੇ ਦੇ ਲੇਖਾਂ ਵਿਚ ਨਹੀਂ ਲਿਖਿਆ ਜਾ ਸਕਦਾ, ਕਿਉਂਕਿ ਉਸਦੇ ਲਿਖਣ ਲਈ ਨਾ ਕੋਈ ਸਿਆਹੀ ਹੈ ਨਾ ਕੋਈ ਕਲਮ ਹੈ ਤੇ ਨਾ ਹੀ ਕੋਈ ਲਿਖਣ ਵਾਲਾ ਹੈ।

(੫) ਰਾਗਾਂ ਦੀਆਂ ਇਕ ਰਸ ਧੁਨੀਆਂ ਹੋ ਰਹੀਆਂ ਹਨ, ਪਰ ਉਸ ਓਅੰਕਾਰ (ਅਕਾਲ ਪੁਰਖ) ਨੂੰ ਕੋਈ ਗਾਉਣ ਵਾਲਾ ਨਹੀਂ।

(੬) ਉਸ ਪ੍ਰਭੂ ਨੇ ਚਾਰ ਖਾਣੀਆਂ ਵਿਚ ਬੇਅੰਤ ਜੀਵਾਂ ਦੀ ਰਚਨਾ ਕੀਤੀ ਹੈ, ਜਿਨ੍ਹਾਂ ਦੇ ਨਾਵਾਂ ਤੇ ਥਾਵਾਂ ਦਾ ਕੋਈ ਪਾਰਾਵਾਰ ਨਹੀਂ।

(੭) ਪ੍ਰਭੂ ਦਾ ਇਕੋ ਵਾਕ ਹੀ ਮਿਣਤੀਓਂ ਬਾਹਰ ਹੈ, ਉਸ ਸਿਰਜਣਹਾਰ ਨੂੰ ਕਿਤਨਾ ਕੁ ਵੱਡਾ ਆਖੀਏ ?

(੮) ਸਾਧ ਸੰਗਤ ਵਿਚ ਉਹ ਨਿਰੰਕਾਰ ਸਤਿਗੁਰੂ (ਨਾਨਕ ਦੇਵ ਜੀ) ਦੇ ਸਰੂਪ ਵਿਚ ਵੱਸਦਾ ਹੈ ॥੩੫॥੨੬॥

(ਛੱਬੀਵੀਂ ਵਾਰ ਸਮਾਪਤ)

# ਵਾਰ ੨੭

ੴ ਸਤਿਗੁਰ ਪ੍ਰਸਾਦਿ ॥

## ੧. ਗੁਰਸਿੱਖਾਂ ਦੀ ਸੱਚੀ ਪ੍ਰੀਤ ਹੈ

**੧. ਲੇਲਾ ਮਜਨੂੰ ਆਸ਼ਕੀ**
**ਚਹੁ ਚੱਕੀ ਜਾਤੀ।**
**੨. ਸੋਰਠ ਬੀਜਾ ਗਾਵੀਐ**
**ਜਸ ਸੁਘੜਾ ਵਾਤੀ।**
**੩. ਸੱਸੀ ਪੁੰਨੂੰ ਦੋਸਤੀ**
**ਹੋਇ ਜਾਤ ਅਜਾਤੀ।**
**੪. ਮਹੀਂਵਾਲ ਨੋ ਸੋਹਣੀ**
**ਨੈ ਤਰਦੀ ਰਾਤੀ।**
**੫. ਰਾਂਝਾ ਹੀਰ ਵਖਾਣੀਐ**
**ਓਹ ਪਿਰਮ ਪਰਾਤੀ।**
**੬. ਪੀਰ ਮੁਰੀਦਾਂ ਪਿਰਹੜੀ ਗਾਵਨ ਪਰਭਾਤੀ ॥੧॥**

***ਪਦ ਅਰਥ :*** ਆਸ਼ਕੀ—ਪ੍ਰੀਤ। ਸੋਰਠ—ਇਸਤ੍ਰੀ ਦਾ ਨਾਮ। ਬੀਜਾ—ਪੁਰਖ ਦਾ ਨਾਮ। ਸੁਘੜਾ—ਚਤਰ ਲੋਕ, ਸਿਆਣਾ ਆਦਮੀ। ਵਾਤੀ—ਮੁਖ। ਨੈ—ਨਦੀ। ਪਿਰਮ ਪਰਾਤੀ—ਪ੍ਰੇਮ ਵਿਖੇ ਜੁੜੇ ਹੋਏ। ਪਰਭਾਤੀ—ਅੰਮ੍ਰਿਤ ਵੇਲੇ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਜਿਵੇਂ ਗੁਰੂ ਦੇ ਸਿੱਖ ਗੁਰੂ ਨਾਲ ਪ੍ਰੇਮ ਕਰਦੇ ਹਨ, ਇਸੇ ਤਰ੍ਹਾਂ ਪੁਰਾਤਨ ਸਮੇਂ ਵਿਚ 'ਮਜਨੂੰ' ਤੇ ਮਹੀਂਵਾਲ ਆਦਿਕ ਭੀ ਪ੍ਰੇਮ ਕਰਦੇ ਸੁਣੇ ਗਏ ਹਨ, ਕਿਉਂ ਜੀ ! ਦਸੋਗੇ ਕਿ ਇਨ੍ਹਾਂ ਦੋਨਾਂ ਦੇ ਪ੍ਰੇਮ ਵਿਚ ਅੰਤਰਾ ਕੀ ਸੀ ਕਿਉਂਕਿ ਲੇਲਾ ਮਜਨੂੰ ਆਦਿ ਦੀ ਪ੍ਰੇਮ ਕਥਾ ਭੀ ਆਮ ਪ੍ਰਚਲਤ ਹੈ, ਤੁਹਾਡਾ ਇਸ ਪੱਖ ਵਿਚ ਕੀ ਵੀਚਾਰ ਹੈ, ਜਾਣਕਾਰੀ ਦਿਓ ?

**ਉ:** ਹੇ ਭਾਈਓ ! ਜਦੋਂ ਅਸੀਂ ਗਹਿਰਾਈਆਂ ਭਰੀ ਨਜ਼ਰ ਰਾਹੀਂ ਤੱਕਾਂਗੇ ਤਾਂ ਇਨ੍ਹਾਂ ਦੋਨਾਂ ਦੇ ਪ੍ਰੇਮ ਵਿਚ ਸਾਨੂੰ ਬੜਾ ਅੰਤਰਾ ਦਿਸ ਆਵੇਗਾ ਕਿਉਂਕਿ ਜਦੋਂ ਅਸੀਂ ਪੁਰਾਤਨ ਸਿਆਣਿਆਂ ਦੇ ਵੀਚਾਰ ਪੜ੍ਹਦੇ ਹਾਂ ਤਾਂ ਉਨ੍ਹਾਂ ਨੇ ਹਰ ਮਨੁੱਖ ਵਿਚ ਇਕ ਜਜ਼ਬਾ, ਖਿੱਚ ਤੇ ਕਸ਼ਸ਼ ਮੰਨੀ ਹੈ ਇਸੇ ਜਜ਼ਬੇ ਨੂੰ ਪ੍ਰੀਤ ਕਿਹਾ ਜਾਂਦਾ ਹੈ, ਪਰ ਅਗੇ ਇਸ ਪ੍ਰੀਤ ਦੇ ਭੀ ਉਨ੍ਹਾਂ ਨੇ ਤਿੰਨ ਰੂਪ ਮੰਨੇ ਹਨ।

(੧) ਇਹ ਪ੍ਰੀਤ ਜਦੋਂ ਸੰਸਾਰਕ ਪ੍ਰਵਾਰ ਵਿਚ ਪ੍ਰਵਿਰਤ ਹੁੰਦੀ ਹੈ ਤਾਂ ਇਸਨੂੰ ਸਨੇਹ ਕਿਹਾ ਜਾਂਦਾ ਹੈ, ਇਹ ਸਨੇਹ ਅਸੀਂ ਸਾਰੇ ਪਸ਼ੂ, ਪੰਛੀ, ਦਰਿੰਦੇ, ਪਰਿੰਦੇ ਸਭਨਾਂ ਵਿਚ ਹੀ ਤੱਕਦੇ ਹਾਂ, ਬਾਂਦਰੀ ਆਪਣੇ ਮਰੇ ਹੋਏ ਬੱਚੇ ਦੇ ਕਰੰਗ ਨੂੰ ਢੇਰ ਸਮਾਂ ਆਪਣੀ ਛਾਤੀ ਨਾਲ ਲਾਈ ਰੱਖਦੀ ਹੈ, ਇਹ ਸਨੇਹ ਘਟੀਆ ਦਰਜਾ ਰਖਦਾ ਹੈ ਜੋ ਮਨੁੱਖ ਨੂੰ ਸੰਸਾਰ ਦੇ ਚੱਕ੍ਰ ਵਿਚ ਹੀ ਚਕਰਾਈ ਰਖਦਾ ਹੈ।

(੨) ਇਹੋ ਪ੍ਰੀਤ ਜਦੋਂ ਗੁਰੂ ਦੇ ਦੱਸੇ ਮਾਰਗ ਵੱਲ ਵੱਗ ਟੁਰਦੀ ਹੈ ਤਾਂ ਇਸਨੂੰ ਪ੍ਰੇਮ ਦਾ ਦਰਜਾ ਦਿਤਾ ਜਾਂਦਾ ਹੈ, ਇਸ ਪ੍ਰੇਮ ਦੀ ਮਸਤੀ ਵਿਚ ਮਸਤ ਹੋਇਆ ਪ੍ਰੇਮੀ ਇਸ ਸੰਸਾਰ ਦੇ ਪ੍ਰਵਾਰ ਵਿਚ ਜੀਵਨ ਗੁਜ਼ਾਰਦਾ ਹੋਇਆ ਹੀ ਹਰ ਪੱਖੋਂ ਨਿਰਲੇਪ ਰਹਿ ਕੇ ਮਨ ਕਰਕੇ ਤ੍ਰਿਪਤ ਰਹਿੰਦਾ ਹੈ, ਇਸੇ ਸਾਧਕ ਦੇ ਸੰਬੰਧ ਵਿਚ ਹੀ ਬਾਣੀ ਵਿਚ ਫੁਰਮਾਨ ਆਇਆ ਹੈ ਕਿ :

ਜਿੰਨੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥
*(ਬਾਰਹ ਮਾਹਾ ਮ: ੫, ਪੰਨਾ ੧੩੫)*

ਜਿਨ ਚਾਖਿਆ ਸੇਈ ਸਾਦੁ ਜਾਣਨਿ
ਜਿਉ ਗੁੰਗੇ ਮਿਠਿਆਈ ॥
*(ਸੋਰਠਿ ਮ: ੧, ਪੰਨਾ ੬੩੫)*

ਭਾਵ ਹੈ ਉਹ ਲੋਕ ਪ੍ਰਲੋਕ ਦੇ ਰਸਾਂ ਕਸਾਂ ਵੱਲੋਂ ਤ੍ਰਿਪਤ

ਰਹਿੰਦਾ ਹੈ, ਉਸ ਗੁਰੂ ਦੇ ਪ੍ਰੇਮ ਵਿਚ ਮਸਤ ਹੋਏ ਪ੍ਰੇਮੀ ਦੀ ਇਹੋ ਪਛਾਣ ਹੈ ਕਿ ਉਸਨੂੰ ਸੰਸਾਰ ਦੇ ਸਾਰੇ ਰਸ, ਕਸ ਫਿੱਕੇ ਪ੍ਰਤੀਤ ਹੁੰਦੇ ਹਨ।

(੩) ਇਸੇ ਪ੍ਰੀਤ ਦਾ ਵੇਗ ਜਦੋਂ ਅੰਤਰ-ਆਤਮੇ ਪਰਮਾਤਮਾ ਵੱਲ ਵੱਗ ਤੁਰਦਾ ਹੈ ਤਾਂ ਉਸਨੂੰ ਸ਼ਰਧਾ ਕਿਹਾ ਜਾਂਦਾ ਹੈ। ਇਸ ਲਈ ਸੰਸਾਰਕ ਵਿਅਕਤੀਆਂ ਦੇ ਸਨੇਹ ਵਿਚ ਮਸਤ ਰਹਿਣ ਵਾਲੇ ਅਤੇ ਗੁਰੂ ਤੇ ਪ੍ਰਭੂ ਪ੍ਰੇਮ ਦੀ ਮਸਤੀ ਵਾਲਿਆਂ ਵਿਚ ਪਰਸਪਰ ਬੜਾ ਅੰਤਰਾ ਹੈ। ਸੋ, ਮੈਂ ਭੀ ਇਸ ਪਉੜੀ ਵਿਚ ਬਾਣੀ ਤੋਂ ਪ੍ਰੇਰਨਾ ਲੈ ਕੇ ਸੰਸਾਰ ਦੇ ਤੇ ਗੁਰੂ ਪਿਆਰਿਆਂ ਦੀਆਂ ਭਾਵਨਾਵਾਂ ਵਿਚ ਅੰਤਰਾ ਦਰਸਾਇਆ ਹੈ ਕਿ ਸੰਸਾਰਕ ਵਿਅਕਤੀਆਂ ਦਾ ਮੋਹ ਸੰਸਾਰ ਵਿਚ ਹੀ ਲੀਨ ਰਖਦਾ ਹੈ, ਪਰ ਪ੍ਰਭੂ ਤੇ ਗੁਰੂ ਦਾ ਪ੍ਰੇਮ ਪ੍ਰਭੂ ਵਿਚ ਲੀਨ ਕਰਦਾ ਹੈ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਲੇਲਾ ਤੇ ਮਜਨੂੰ ਦਾ ਪਿਆਰ ਚੌਹਾਂ ਦਿਸ਼ਾਂ ਵਿਚ ਜਾਣਿਆ ਗਿਆ ਹੈ।

(੨) ਸੋਰਠ (ਨਾਮੇ ਰਾਣੀ) ਅਤੇ ਬੀਜਾ (ਨਾਮੇ ਰਾਜ-ਕੁਮਾਰ ਦਾ ਜਿਨ੍ਹਾਂ ਨੂੰ ਢੋਲ ਤੇ ਸਮੀਂ ਭੀ ਆਖਦੇ ਹਨ) ਦੀ ਪ੍ਰੀਤ ਸਿਆਣੇ ਪੁਰਸ਼ਾਂ ਦੇ ਮੂੰਹ 'ਤੇ ਚੜ੍ਹੀ ਹੋਈ ਹੈ।

(੩) ਸੱਸੀ ਤੇ ਪੁੰਨੂੰ ਵੱਖੋ ਵੱਖਰੀਆਂ ਜ਼ਾਤਾਂ ਦੇ ਹੁੰਦਿਆਂ ਵੀ ਪ੍ਰੀਤਵਾਨ (ਦੋਸਤ) ਹੋਏ ਹਨ।

(੪) (ਆਪਣੇ ਪਿਆਰੇ) ਮਹੀਂਵਾਲ ਨੂੰ ਮਿਲਣ ਲਈ ਸੋਹਣੀ ਰੋਜ਼ ਰਾਤ ਨੂੰ ਦਰਿਆ ਵਿਚ ਤਰ ਕੇ ਮਿਲਣ ਲਈ ਜਾਂਦੀ ਸੀ।

(੫) ਹੀਰ ਰਾਂਝੇ ਦੀ ਪ੍ਰੀਤ ਵੀ ਕਹੀ ਜਾਂਦੀ ਹੈ, (ਉਹ ਵੀ ਇਕ ਦੂਜੇ ਦੇ ਪਿਆਰ ਵਿਚ ਲੀਨ ਰਹਿੰਦੇ ਸਨ)।

(੬) ਪਰ ਗੁਰੂ ਦੇ ਸਿੱਖਾਂ ਦੀ ਗੁਰੂ ਨਾਲ ਪ੍ਰੀਤ ਸਾਰਿਆਂ ਆਸ਼ਕਾਂ ਦੀ ਪ੍ਰੀਤ ਨਾਲੋਂ ਉੱਚੀ ਹੈ, ਉਹ ਅੰਮ੍ਰਿਤ ਵੇਲੇ (ਗੁਰੂ ਜਸ) ਗਾਉਂਦੇ ਹਨ।੧।

***ਭਾਵਾਰਥ :*** ਇਹ ਪ੍ਰਸੰਗ ਭਾਈ ਸਾਹਿਬ ਜੀ ਨੇ ਉਪਦੇਸ਼ ਦੇਣ ਲਈ ਲਿਖੇ ਹਨ, ਭਾਵ ਇਹ ਕਿ ਵਿਸ਼ੇ ਵਾਸ਼ਨਾ ਅਰ ਰੂਪ ਰੰਗ ਦੇ ਆਸ਼ਕਾਂ ਨੇ ਐਸੇ ਜੱਫਰ ਜਾਲੇ ਹਨ, ਤਾਂ ਗੁਰਸਿੱਖਾਂ ਨੂੰ ਪ੍ਰੇਮ ਕੈਸਾ ਵਧੀਕ (ਅਡੋਲ) ਹੋਣਾ ਚਾਹੀਦਾ ਹੈ। ਆਖ਼ਰੀ ਛੀਵੀਂ ਤੁਕ ਦਾ ਭਾਵ ਇਹ ਹੈ ਕਿ ਗੁਰੂ ਤੇ ਸਿੱਖ ਦੀ ਪ੍ਰੀਤ ਇਨ੍ਹਾਂ ਹੱਡ ਚੰਮ ਦੇ ਪ੍ਰੇਮੀਆਂ ਦੇ ਸਦਰਸ਼ ਨ ਸਮਝਣੀ ਕਿਉਂਕਿ ਇਹ ਤਾਂ ਕਰਤੇ ਦੀ ਕ੍ਰਿਤ ਵਿਚ ਹੀ ਫਸੇ ਹੋਏ ਹਨ, ਪਰ ਗੁਰੂ ਸਿੱਖ ਕਰਤਾ ਦੇ ਉੱਚੇ ਪ੍ਰੇਮ ਦੇ ਲਹਿਰੇ ਵਿਚ ਅੰਮ੍ਰਿਤ ਵੇਲੇ ਉੱਠ ਕੇ ਉਸੇ ਪ੍ਰਭੂ ਦੇ ਗੁਣ ਗਾਇਨ ਕਰਦੇ ਹਨ। ਇਸੇ ਲਈ ਕਿਸੇ ਨੇ ਕਿਹਾ ਹੈ ਕਿ :

ਦੋਹਰਾ—ਪ੍ਰੇਮ ਨ ਵਾੜੀ ਉਪਜਤਾ ਪ੍ਰੇਮ ਨ ਹਾਟ ਵਿਕਾਇ॥
ਰਾਣਾ ਰਾਜਾ ਜੋ ਚਾਹੇ ਸਿਰ ਦੀਜੈ ਪ੍ਰੇਮ ਲੈ ਜਾਇ॥
ਪ੍ਰੇਮੀ ਪ੍ਰੇਮੀ ਸਭ ਕੋਈ ਆਖੇ
ਸਿਰ ਤੇ ਟੇਢੀ ਪਗੜੀ ਧਰ ਕੇ॥
ਸਿਰ ਤੇ ਪਰੇ ਪ੍ਰੇਮ ਦਾ ਡੇਰਾ ਸਭ ਮੁੜ ਆਏ ਡਰ ਕੇ॥

## ੨. ਮੁਰੀਦਾਂ ਦੀ ਪ੍ਰੀਤ

**੧. ਅਮਲੀ ਅਮਲ ਨ ਛੱਡਨੀ**
**ਹੋਇ ਬਹਿਨ ਇਕੱਠੇ।**
**੨. ਜਿਉਂ ਜੂਏ ਜੂਆਰੀਆ**
**ਲਗ ਦਾਉ ਉਪੱਠੇ।**
**੩. ਚੋਰੀ ਚੋਰ ਨ ਪੱਲਰਹਿੰ**
**ਦੁਖ ਸਹਿਨ ਗਰੱਠੇ।**
**੪. ਰਹਿਨ ਨ ਗਨਿਕਾ ਵਾੜਿਅਹੁ**
**ਵੇਕਰਮੀ ਲੱਠੇ।**
**੫. ਪਾਪੀ ਪਾਪ ਕਮਾਂਵਦੇ**
**ਓਇ ਫਿਰਦੇ ਨੱਠੇ।**
**੬. ਪੀਰ ਮੁਰੀਦਾਂ ਪਿਰਹੜੀ ਸਭ ਪਾਪ ਪਣੱਠੇ ॥੨॥**

***ਪਦ ਅਰਥ :*** ਨ ਪੱਲਰਹਿੰ—ਛੱਡਦੇ ਨਹੀਂ। ਗਰੱਠੇ—ਫੜੇ ਹੋਏ। ਵੇਕਰਮੀ—ਮੰਦ-ਕਰਮੀ। ਪਣੱਠੇ—ਨਾਸ ਹੋ ਜਾਂਦੇ ਹਨ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਕੀ ਦਸੋਗੇ ਕਿ ਜੋ ਪੀਰਾਂ ਦੇ ਮੁਰੀਦ ਹਨ ਉਨ੍ਹਾਂ ਦਾ ਆਦੀ ਸੁਭਾਉ ਕੀ ਹੈ, ਜਿਸਦਾ ਉਹ ਕਦੇ ਭੀ ਤਿਆਗ ਨਹੀਂ ਕਰਦੇ ?

(੧) ਉ: (ਹੇ ਭਾਈਓ ! ਮੈ ਤਾਂ ਵੇਖਦਾ ਹਾਂ ਕਿ ਜਿਵੇਂ) ਅਮਲੀ ਆਪਣੇ ਅਮਲ ਨਹੀਂ ਛਡਦੇ (ਤੇ ਅਮਲ ਪੀਣ ਲਈ) ਇਕੱਠੇ ਹੋ ਕੇ ਬੈਠਦੇ ਹਨ।

(੨) ਜੁਆਰੀਆਂ ਦੀ ਜੂਏ ਨਾਲ ਪ੍ਰੀਤ ਹੈ ਤੇ ਉਹ ਕਈ ਵਾਰੀ ਪੁਠੇ ਦਾਅ ਵੀ ਲਾ ਦਿੰਦੇ ਹਨ, (ਭਾਵ ਯੁਧਿਸ਼ਟਰ ਵਾਂਗੂੰ ਆਪਣੀਆਂ ਤ੍ਰੀਮਤਾਂ ਹਾਰਨ ਤੱਕ ਭੀ ਢਿੱਲ ਨਹੀਂ ਕਰਦੇ)।

(੩) ਚੋਰੀ ਕਰਨ ਤੋਂ ਚੋਰ ਨਹੀਂ ਹਟਦੇ, ਉਹ ਫੜੇ ਜਾ ਕੇ ਦੁਖ ਸਹਿੰਦੇ ਹਨ।

(੪) ਮੰਦੇ ਕਰਮ ਕਰਨ ਵਾਲੇ ਵੇਸਵਾ ਦੇ ਘਰ ਜਾਣ ਤੋਂ ਨਹੀਂ ਹਟਦੇ।

(੫) ਜੋ ਪਾਪੀ ਪੁਰਸ਼ ਹਨ ਉਹ ਪਾਪ ਕਮਾਉਣ ਲਈ ਹਰ ਵੇਲੇ ਨਠੇ ਭਜੇ ਫਿਰਦੇ ਹਨ।

(੬) (ਜਿਵੇਂ ਉਪ੍ਰੋਕਤ ਅਮਲੀਆਂ ਦੀ ਆਪਣੇ ਪਾਪ ਕਰਮ ਵਿਚ ਪ੍ਰੀਤ ਹੈ ਤੇ ਉਹ ਇਨ੍ਹਾਂ ਬੁਰੀਆਂ ਆਦਤਾਂ ਕਰਕੇ ਪਾਪਾਂ ਵਿਚ ਗ੍ਰਸੇ ਰਹਿੰਦੇ ਹਨ, ਇਸੇ ਤਰ੍ਹਾਂ) ਗੁਰਸਿੱਖਾਂ ਦੀ ਆਪਣੇ ਗੁਰੂ ਨਾਲ ਸੱਚੀ ਪ੍ਰੀਤ ਹੈ ਤੇ ਇਸੇ ਪ੍ਰੀਤ ਕਰਕੇ ਉਨ੍ਹਾਂ ਦੇ ਸਭੇ ਪਾਪ ਨਾਸ ਹੋ ਜਾਂਦੇ ਹਨ।੨।

***ਭਾਵਾਰਥ :*** ਇਸ ਪਉੜੀ ਵਿਚ ਭੀ ਭਾਈ ਸਾਹਿਬ ਇਹੋ ਭਾਵ ਦਰਸਾ ਰਹੇ ਹਨ ਕਿ ਜਿਵੇਂ ਪਾਪੀ ਲੋਕ ਆਪਣੇ ਅਮਲ ਨਹੀਂ ਛਡਦੇ ਤੇ ਕਸ਼ਟ ਸਹਿ ਕੇ ਵੀ ਆਪਣੇ ਅਮਲਾਂ ਵਿਚ ਖੱਚਤ ਰਹਿੰਦੇ ਹਨ, ਇਸੇ ਤਰ੍ਹਾਂ ਗੁਰਸਿਖ ਸੰਸਾਰਕ ਕਸ਼ਟਾਂ ਨੂੰ ਸਹਿੰਦੇ ਹੋਏ ਵੀ ਆਪਣੇ ਗੁਰੂ ਨਾਲ ਪ੍ਰੀਤੀ ਕਰਦੇ ਹਨ। ਕਿਉਂਕਿ ਉਨ੍ਹਾਂ ਨੂੰ ਇਹ ਸੋਝੀ ਹੈ ਕਿ ਗੁਰੂ ਨਾਲ ਕੀਤੀ ਪ੍ਰੀਤ ਅਮੋਲਕ ਰਸ ਦੇ ਸਿਵਾ ਪਾਪਾਂ ਦਾ ਭਾਰ ਵੀ ਉਤਾਰਦੀ ਹੈ, ਜੁਗਾਂ ਜੁਗੰਤਰਾਂ ਦੇ ਕਮਾਏ ਪਾਪ ਸਾਫ਼ ਹੋ ਜਾਂਦੇ ਹਨ।

ਇਥੇ ਸੰਸਾਰੀਆਂ ਦੀ ਪ੍ਰੀਤ ਦਾ ਤੇ ਗੁਰੂ, ਰੱਬ ਦੀ ਪ੍ਰੀਤ ਦਾ ਫ਼ਰਕ ਭੀ ਸਾਫ਼ ਹੈ, ਕਿ ਸੰਸਾਰੀਆਂ ਦੀ ਪ੍ਰੀਤ ਤਾਂ ਹੈ, ਪਰ ਪਾਪ ਜਨਕ ਹੈ, ਪਰ ਗੁਰੂ ਦੀ ਪ੍ਰੀਤ ਭੀ ਹੈ ਤੇ ਪਾਪਾਂ ਦੀ ਨਾਸਕ ਭੀ ਹੈ। ਇਸ ਲਈ ਸੰਸਾਰ ਦੀ ਦੁਖਦਾਈ ਪ੍ਰੀਤ ਦਾ ਤਿਆਗ ਕਰਕੇ ਹਰ ਪ੍ਰਾਣੀ-ਮਾਤ੍ਰ ਨੂੰ ਗੁਰੂ ਤੇ ਰੱਬ ਦੀ ਪ੍ਰੀਤ ਦਾ ਧਾਰਨੀ ਹੋਣਾ ਹੀ ਯੋਗ ਹੈ।

## ੩. ਗੁਰਸਿੱਖਾਂ ਦੀ ਸੱਚੀ ਪ੍ਰੀਤ ਹੈ

**੧. ਭਵਰੈ ਵਾਸ ਨਿਵਾਸ ਹੈ**
**ਫਿਰਦਾ ਫੁਲਵਾੜੀ।**
**੨. ਜਲੈ ਪਤੰਗ ਨਿਸੰਗ ਹੋਇ**
**ਕਰਿ ਅੱਖ ਉਘਾੜੀ।**
**੩. ਮਿਰਗ ਨਾਦ ਵਿਸਮਾਦ ਹੋਇ**
**ਫਿਰਦਾ ਉਜਾੜੀ।**
**੪. ਕੁੰਡੀ ਫਾਥੇ ਮੱਛ ਜਿਉਂ**
**ਰਸ ਜੀਭ ਵਿਗਾੜੀ।**
**੫. ਹਾਥਣਿ ਹਾਥੀ ਫਾਹਿਆ**
**ਦੁਖ ਸਹੈ ਦਿਹਾੜੀ।**
**੬. ਪੀਰ ਮੁਰੀਦਾਂ ਪਿਰਹੜੀ ਲਾਇ ਨਿਜ ਘਰ ਤਾੜੀ ॥੩॥**

***ਪਦ ਅਰਥ :*** ਫੁਲਵਾੜੀ—ਬਾਗ। ਉਘਾੜੀ—ਖੋਹਲ ਕੇ। ਵਿਸਮਾਦ—ਮੋਹਤ। ਨਿਜ ਘਰ—ਸ੍ਵੈ-ਸਰੂਪ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਿਨ੍ਹਾਂ ਪ੍ਰੀਤਵਾਨ ਗੁਰਸਿੱਖਾਂ ਦਾ ਆਪ ਜੀ ਜ਼ਿਕਰ ਕਰਦੇ ਆ ਰਹੇ ਹੋ, ਉਨ੍ਹਾਂ ਗੁਰਮੁਖਾਂ ਨਾਲ ਤਾਂ ਆਪ ਜੀ ਦਾ ਵੀਚਾਰ ਵਟਾਂਦਰਾ ਕਈ ਵਾਰ ਹੁੰਦਾ ਹੋਵੇਗਾ, ਪਰ ਕੀ ਦਸੋਗੇ ਕਿ ਉਨ੍ਹਾਂ ਦੇ ਅੰਤਰ-ਆਤਮੇ ਗੁਰੂ ਦੇ ਪ੍ਰੇਮ ਦੀ ਰੂਪ-ਰੇਖਾ ਕੀ ਹੈ ?

ਉ: ਹੇ ਭਾਈਓ ! ਜੋ ਕਿਸੇ ਭੀ ਸਿੱਖ ਦੇ ਅੰਦਰ ਗੁਰੂ ਦੇ ਪ੍ਰੇਮ ਦੀ ਖਿੱਚ ਹੈ, ਉਸਨੂੰ ਸਹੀ ਰੂਪ ਵਿਚ ਬਿਆਨਿਆ ਨਹੀਂ ਜਾ ਸਕਦਾ, ਕਿਉਂਕਿ ਉਹ ਬਾਕੀ ਦੇ ਸੰਸਾਰਕ ਪਦਾਰਥਾਂ ਵਾਂਗ ਪਦਾਰਥ ਨਹੀਂ ਜਿਸਨੂੰ ਅੱਖਾਂ ਦੁਆਰੇ ਵੇਖਿਆ ਜਾਏ ਤੇ ਬਾਣੀ ਰਾਹੀਂ ਬਿਆਨਿਆਂ ਜਾਵੇ, ਉਹ ਤਾਂ ਇਕ ਅਜਿਹੀ ਸੂਖ਼ਸ਼ਮ ਸ਼ੈਅ ਹੈ ਜਿਸਨੂੰ ਆਪਣੇ ਅੰਤਰ-ਆਤਮੇ ਅਨੁਭਵ ਹੀ ਕੀਤਾ ਜਾ ਸਕਦਾ ਹੈ, ਕਿਉਂਕਿ ਉਹ ਤਾਂ ਇਕ ਲਗਨ, ਖਿੱਚ ਤੇ ਕਸ਼ਸ਼ ਹੀ ਹੈ ਉਸ ਦੀ ਰੂਪ-ਰੇਖਾ ਕੋਈ ਨਹੀਂ। ਪਰ ਹਾਂ, ਉਸ ਦੀ ਰਹਿਣੀ, ਬਹਿਣੀ, ਕਹਿਣੀ ਤੇ ਸਹਿਣੀ ਨੂੰ ਤੱਕ ਕੇ ਕੇਵਲ ਅਨੁਮਾਨ ਹੀ ਲਗਾਇਆ ਜਾ ਸਕਦਾ ਹੈ ਕਿ ਇਸ ਦੇ ਮਨ ਵਿਚ ਗੁਰੂ ਦੇ ਪ੍ਰੇਮ ਪਿਆਰ ਦੀ ਕੋਈ ਕਣੀ ਹੈ।

ਸੋ, ਵਧੇਰੇ ਤਾਂ ਨਹੀਂ ਮੈਨੂੰ ਤਾਂ ਉਨ੍ਹਾਂ ਦੇ ਅੰਦਰ ਗੁਰੂ ਦੇ ਪ੍ਰੇਮ ਦੀ ਲਗਨ ਤੱਕ ਕੇ, ਭਵਰੇ, ਪਤੰਗੇ ਤੇ ਮ੍ਰਿਗ ਆਦਿਕਾਂ ਦੀ ਖਿੱਚ ਸਾਹਮਣੇ ਆ ਜਾਂਦੀ ਹੈ ਤਾਂ ਸੋਚਨ ਸ਼ਕਤੀ ਇਉਂ ਹੀ ਅਨੁਭਵ ਕਰਦੀ ਹੈ ਕਿ ਜਦੋਂ ਹਰਨ ਤੇ ਮੱਛੀ ਦੀ ਤੁੱਛ ਪਦਾਰਥਾਂ ਵਿਚ ਇਤਨੀ ਖਿੱਚ ਪਾਈ ਜਾਂਦੀ ਹੈ ਤਾਂ ਗੁਰੂ ਦੇ ਪ੍ਰੇਮ ਪਿਆਰ ਦੀ ਕਸ਼ਸ਼ ਤਾਂ ਪਤਾ ਨਹੀਂ ਕਿਤਨੀ ਕੁ ਵਧੇਰੇ ਹੋਵੇਗੀ। ਗੁਰਬਾਣੀ ਦੇ ਸ਼ਬਦਾਂ ਤੋਂ ਪ੍ਰੇਰਨਾ ਲੈ ਕੇ ਮੈਂ ਸਿੱਖਾਂ ਦੇ ਪ੍ਰੇਮ-ਪਿਆਰ ਦੀ ਖਿੱਚ ਨੂੰ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਬੈਰੂਨੀ ਉਦਾਹਰਣ ਦੇ ਕੇ ਪ੍ਰਗਟਾਉਣ ਦਾ ਸਾਧਨ ਕੀਤਾ ਹੈ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਭੌਰਾ ਫੁਲਾਂ ਦੀ ਵਾਸ਼ਨਾ ਲੈਂਦਾ ਹੋਇਆ ਨਾਸ ਹੋ ਜਾਂਦਾ ਹੈ, ਪਰ ਉਹ ਫਿਰ

ਵੀ ਫੁਲਵਾੜੀ ਵਿਚ ਫਿਰਦਾ ਹੈ। (ਇਸੇ ਤਰ੍ਹਾਂ ਮੁਰੀਦ ਭੀ ਜਗਤ ਦੇ ਕੰਡਿਆਂ ਵੱਲ ਭਾਵ ਕਸ਼ਟਾਂ ਦੀ ਨਾ ਪ੍ਰਵਾਹ ਕਰਕੇ ਗੁਰੂ ਦਾ ਤਿਆਗ ਨਹੀਂ ਕਰਦਾ)।

(੨) ਪਤੰਗ ਦੀਵੇ 'ਤੇ ਸੜ ਮਰਦਾ ਹੈ, ਪਰ ਉਹ ਫਿਰ ਵੀ ਅੱਖਾਂ ਖੋਹਲ ਕੇ ਨਿਸੰਗ ਹੋ ਕੇ ਦੀਵੇ ਵੱਲ ਜਾਂਦਾ ਹੈ।

(੩) ਹਰਨ (ਘੰਡੇ ਹੇੜੇ ਦੀ) ਅਵਾਜ਼ ਸੁਣ ਕੇ ਮੋਹਤ ਹੋਇਆ ਉਜਾੜਾਂ ਵਿਚ ਫਿਰਦਾ ਹੈ।

(੪) ਮੱਛੀ ਕੁੰਡੀ ਵਿਚ ਫਸ ਜਾਂਦੀ ਹੈ, ਕਿਉਂਕਿ ਉਹ ਜੀਭ ਦੇ ਰਸ ਵਿਚ ਫਸੀ ਹੁੰਦੀ ਹੈ।

(੫) ਹਥਣੀ (ਦੇ ਕਲਬੂਤ ਨੂੰ ਵੇਖ ਕੇ) ਹਾਥੀ ਫਸ ਜਾਂਦਾ ਹੈ ਤੇ ਜ਼ਿੰਦਗੀ ਦੇ ਬਾਕੀ ਦਿਨ ਦੁਖ ਸਹਾਰਦਾ ਹੈ।

(੬) ਗੁਰਸਿੱਖਾਂ ਨੇ ਆਪਣੇ ਗੁਰੂ ਨਾਲ ਸੱਚੀ ਪ੍ਰੀਤ ਲਾ ਕੇ ਆਪਣੇ ਨਿਜ (ਸ੍ਵੈ-ਸਰੂਪ) ਵਿਚ ਸਮਾਧੀ ਲਾਈ ਹੈ।੩।

***ਭਾਵਾਰਥ :*** ਇਸ ਪਉੜੀ ਵਿਚ ਭਾਈ ਸਾਹਿਬ ਜੀ ਇਹੋ ਭਾਵ ਗੁੰਥਨ ਕਰਦੇ ਹਨ ਕਿ ਜਿਵੇਂ ਅਸੀਂ ਵੇਖਦੇ ਹਾਂ ਕਿ, ਭਵਰਾ, ਪਤੰਗ, ਮ੍ਰਿਗ, ਮੱਛੀ, ਹਾਥੀ, ਜਾਨਵਰ ਹੋ ਕੇ ਐਸੀ ਪੱਕੀ ਪ੍ਰੀਤ ਕਰਦੇ ਹਨ, ਤਾਂ ਮਨੁੱਖਾਂ ਨੂੰ ਤਾਂ ਗੁਰੂ ਨਾਲ ਵਧੇਰੇ ਹੀ ਪ੍ਰੀਤ ਕਰਨੀ ਲੋੜੀਦੀ ਹੈ। ਫਿਰ ਜਦੋਂ ਵੀਚਾਰ ਕਰਕੇ ਵੇਖੀਏ ਤਾਂ ਉਨ੍ਹਾਂ ਦੀ ਪ੍ਰੀਤ ਅੰਤ ਦੁੱਖ ਹੈ ਤੇ ਪ੍ਰੀਤ ਦਾ ਆਦਿ ਅਗਿਆਨ ਹੈ। ਮੁਰੀਦਾਂ ਦੀ ਪ੍ਰੀਤ ਸਦਾ ਸੁਖਦਾਈ ਹੈ।

ਦੂਸਰਾ ਇਸ਼ਾਰਾ ਇਹ ਭੀ ਹੈ ਕਿ, ਭਉਰ, ਪਤੰਗ, ਮਿਰਗ, ਮੱਛੀ, ਹਾਥੀ ਆਪਣੇ ਤੋਂ ਬਾਹਰ ਦੂਸਰੇ ਵਿਚ ਫਸਦੇ ਹਨ, ਪਰ ਪੀਰ ਦੇ ਪਿਆਰੇ ਮੁਰੀਦ ਸ੍ਵੈ-ਸਰੂਪ ਵਿਚ ਤਾੜੀ ਲਾਉਂਦੇ ਹਨ। ਇਸ ਵਿਚ ਉਪਦੇਸ਼ ਇਹੋ ਹੈ ਕਿ ਪ੍ਰੀਤ ਦਾ ਨਿਰਬਾਹ ਦੁਖਾਂ ਸੁਖਾਂ ਦੀ ਪ੍ਰਵਾਹ ਛੱਡ ਕੇ ਕਰਨਾ ਚਾਹੀਦਾ ਹੈ, ਗੁਰੂ ਦੀ ਦਰਗਾਹ ਵਿਚ ਤਦੋਂ ਹੀ ਕਬੂਲ ਹੋ ਸਕੀਦਾ ਹੈ।

## *੪. ਗੁਰੂ ਤੇ ਸਿੱਖ ਦੀ ਸਦੀਵੀ ਪ੍ਰੀਤ ਹੈ*

**੧. ਚੰਦ ਚਕੋਰ ਪਰੀਤ ਹੈ**
**ਲਾਇ ਤਾਰ ਨਿਹਾਲੇ।**
**੨. ਚਕਵੀ ਸੂਰਜ ਹੇਤ ਹੈ**
**ਮਿਲ ਹੋਣ ਸੁਖਾਲੇ।**
**੩. ਨੇਹੁੰ ਕਵਲ ਜਲ ਜਾਣੀਐ**
**ਖਿੜ ਮੂੰਹ ਵਖਾਲੇ।**
**੪. ਮੋਰ ਬਬੀਹੇ ਬੋਲਦੇ**
**ਦੇਖ ਬੱਦਲ ਕਾਲੇ।**
**੫. ਨਾਰਿ ਭਤਾਰ ਪਿਆਰ ਹੈ**
**ਮਾਂ ਪੁੱਤ ਸਮ੍ਹਾਲੇ।**
**੬. ਪੀਰ ਮੁਰੀਦਾਂ ਪਿਰਹੜੀ ਓਹ ਨਿਬਹੈ ਨਾਲੇ ॥੪॥**

***ਪਦ ਅਰਥ :*** ਤਾਰ—ਤਾੜੀ। ਨਿਹਾਲੇ—ਵੇਖਦਾ ਹੈ। ਹੇਤ—ਪ੍ਰੀਤ, ਪ੍ਰੇਮ। ਨੇਹੁੰ—ਪ੍ਰੇਮ। ਖਿੜ—ਪ੍ਰਸੰਨ ਹੋ ਕੇ। ਭਤਾਰ—ਪਤੀ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਪ੍ਰੀਤਾਂ ਤਾਂ ਸੰਸਾਰ ਵਿਚ ਹੋਰ ਭੀ ਬਹੁਤ ਵੇਖਣ ਵਿਚ ਆਉਂਦੀਆਂ ਹਨ, ਜਿਵੇਂ ਕਿ ਚਕੋਰ ਦੀ ਚੰਦ ਨਾਲ, ਚਕਵੀ ਦੀ ਸੂਰਜ ਨਾਲ, ਕਵਲ ਦੀ ਜਲ ਤੇ ਮੋਰ ਬਬੀਹੇ ਦੀ ਬੱਦਲਾਂ ਨਾਲ ਹੈ, ਪਰ ਇਨ੍ਹਾਂ ਦੀ ਪ੍ਰੀਤ ਤੇ ਗੁਰਸਿੱਖਾਂ ਦੀ ਪ੍ਰੀਤ ਵਿਚੋਂ ਅੰਤਰਾ ਕੀ ਹੈ, ਦੱਸਣ ਦੀ ਖੇਚਲ ਕਰੋ ਤਾਂ ਕਿ ਸਾਨੂੰ ਭੀ ਜਾਣਕਾਰੀ ਹੋ ਸਕੇ?

ਉ: ਹੇ ਭਾਈਓ! ਮੈਂ ਤਾਂ ਜਦੋਂ ਗਹਿਰਾਈਆਂ ਭਰੀ ਨਜ਼ਰ ਦੁਆਰੇ ਤੱਕਦਾ ਹਾਂ ਤਾਂ ਬੈਰੂਨੀ ਸਭ ਪ੍ਰੀਤਾਂ ਇਕ ਅੰਗੀ ਨਜ਼ਰ ਆਉਂਦੀਆਂ ਹਨ, ਭਾਵ ਹੈ ਕਿ ਚਕੋਰ ਚੰਦ ਨਾਲ ਪ੍ਰੀਤ ਕਰਦਾ ਹੈ, ਚੰਦ ਨੂੰ ਉਸਦੀ ਪ੍ਰੀਤ ਦੀ ਕੋਈ ਭੀ ਪ੍ਰਵਾਹ ਨਹੀਂ, ਚਕਵੀ ਸੂਰਜ ਨਾਲ ਹਿਤ ਕਰਦੀ ਹੈ ਪਰ ਸੂਰਜ ਨੂੰ ਉਸਦੇ ਹੇਤ ਦੀ ਕੋਈ ਸਾਰ ਹੀ ਨਹੀਂ। ਇਸੇ ਤਰ੍ਹਾਂ ਕਵਲ ਤੇ ਜਲ ਦਾ, ਮੋਰ ਤੇ ਬੱਦਲਾਂ ਦਾ ਇਕ ਅੰਗੀ ਪਿਆਰ ਹੈ। ਪਰ ਗੁਰੂ ਤੇ ਸਿੱਖ ਦਾ ਪ੍ਰਸਪਰ ਇਕੋ ਜਿਹਾ ਪਿਆਰ ਹੈ, ਇਸ ਭਾਵ ਦੀ ਪੂਰਤੀ ਮੈਨੂੰ ਗੁਰਬਾਣੀ ਅਤੇ ਗੁਰ-ਇਤਿਹਾਸ ਵਿਚੋਂ ਪ੍ਰਤੱਖ ਨਜ਼ਰ ਆਈ ਹੈ, ਜਿਸ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਸ ਵਿਚ ਇਹੋ ਹੀ ਸਿਧਾਂਤ ਅੰਕਤ ਕੀਤਾ ਹੈ ਕਿ ਸੰਸਾਰ ਵਿਚ ਜੇ ਕੋਈ ਸੱਚਾ ਪਿਆਰ ਹੈ ਉਹ ਕੇਵਲ ਗੁਰੂ ਤੇ ਸਿੱਖ ਦਾ ਕਿਹਾ ਜਾ ਸਕਦਾ ਹੈ, ਹੋਰ ਸਾਰੇ ਹੀ ਇਕ ਅੰਗੀ ਪਿਆਰ ਹਨ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਚਕੋਰ ਦੀ ਚੰਦ੍ਰਮਾ ਨਾਲ ਪ੍ਰੀਤ ਹੈ ਉਹ ਤਾੜੀ ਲਾ ਕੇ (ਇਕ ਟਕ) ਉਸ ਵੱਲ ਵੇਖਦਾ ਰਹਿੰਦਾ ਹੈ।

(੨) ਚਕਵੀ ਦਾ ਸੂਰਜ ਨਾਲ ਪਿਆਰ ਹੈ, ਕਿਉਂਕਿ ਸੂਰਜ ਚੜ੍ਹਨ ਨਾਲ ਚਕਵੀ ਚਕਵੇ ਨੂੰ ਮਿਲ ਕੇ ਸੁਖੀ ਹੁੰਦੀ ਹੈ।
(੩) ਕਵਲ ਦਾ ਪਿਆਰ ਜਲ ਨਾਲ ਹੈ, ਉਹ ਜਲ ਨੂੰ ਮਿਲ ਕੇ ਬੜੀ ਪ੍ਰਸੰਨਤਾ ਨਾਲ ਖਿੜ ਕੇ ਮੂੰਹ ਦਿਖਾਉਂਦਾ ਹੈ (ਭਾਵ ਕਵਲ ਜਲ ਬਿਨਾ ਕੁਮਲਾ ਜਾਂਦਾ ਹੈ)।
(੪) ਮੋਰ ਤੇ ਪਪੀਹੇ ਕਾਲੇ ਬੱਦਲਾਂ ਨੂੰ ਵੇਖ ਕੇ (ਬੜੇ ਖ਼ੁਸ਼ ਹੋ ਕੇ) ਬੋਲਦੇ ਹਨ।
(੫) ਇਸਤ੍ਰੀ ਦਾ ਆਪਣੇ ਪਤੀ ਨਾਲ ਪਿਆਰ ਹੁੰਦਾ ਹੈ ਤੇ ਮਾਂ ਪਿਆਰ ਨਾਲ ਆਪਣੇ ਪੁੱਤਰ ਦੀ ਸੰਭਾਲ ਕਰਦੀ ਹੈ।
(੬) (ਇਹ ਸਭ ਪ੍ਰੀਤਾਂ ਨਾਸਵਾਨ ਹੁੰਦੀਆਂ ਹਨ ਪਰ) ਗੁਰੂ ਤੇ ਸਿਖ ਦੀ ਜੋ ਪ੍ਰੀਤ ਹੈ ਉਹ ਸਦਾ ਨਿਭਦੀ ਹੈ (ਭਾਵ ਉਹ ਸੱਚੀ ਦੋ ਅੰਗੀ ਪ੍ਰੀਤ ਹੈ)।੪।

***ਭਾਵਾਰਥ :*** ਹੋਰ ਸੰਸਾਰਕ ਉਕਤ ਪ੍ਰੀਤਾਂ ਅਲਪ-ਕਾਲੀ ਹਨ, ਇਕ ਰਸ 'ਤੇ ਸਦਾ ਨਹੀਂ ਰਹਿੰਦੀਆਂ ਅਤੇ ਫਿਰ ਇਹ ਅਗਿਆਨ-ਜਨਕ ਹਨ, ਪ੍ਰੰਤੂ ਸਿੱਖਾਂ ਦੀ ਪ੍ਰੀਤ ਕੇਵਲ ਪ੍ਰਮਾਰਥਕ ਹੈ, ਇਸ ਲਈ ਅੰਤ ਤੀਕ ਨਿਭਦੀ ਹੈ ਅਰ ਗਿਆਨ ਪੂਰਵਕ ਹੋਣੇ ਕਰਕੇ ਸਦਾ ਸੁਖਦਾਈ ਹੈ, ਪਰ ਇਨ੍ਹਾਂ ਦ੍ਰਿਸ਼ਟਾਂਤਾਂ ਦੇ ਦੇਣ ਦਾ ਭਾਈ ਸਾਹਿਬ ਜੀ ਦਾ ਇਹੋ ਇਕ ਪ੍ਰਯੋਜਨ ਹੈ ਕਿ ਸਿਖ ਦੀ ਪ੍ਰੀਤ ਇਨ੍ਹਾਂ ਪਸ਼ੂਆਂ ਦੀ ਪ੍ਰੀਤ ਨਾਲੋਂ ਬਹੁਤ ਉਚੇਰੀ ਹੋਣੀ ਚਾਹੀਦੀ ਹੈ। ਜਿਸ ਸੱਚੀ ਪ੍ਰੀਤ ਦਾ ਸਦਕਾ ਸਿੱਖ ਦੀ ਆਤਮਾ ਪਰਮਾਤਮਾ ਦੇ ਨਾਲ ਅਭੇਦ ਹੁੰਦੀ ਹੈ।

## *੫. ਪੀਰ ਤੇ ਮੁਰੀਦ ਦੀ ਪ੍ਰੀਤ ਕਥਨ ਤੋਂ ਰਹਿਤ ਹੈ*

**੧. ਰੂਪੈ ਕਾਮੈ ਦੋਸਤੀ**
**ਜਗ ਅੰਦਰ ਜਾਣੀ।**
**੨. ਭੁੱਖੈ ਸਾਦੈ ਗੰਢ ਹੈ**
**ਓਹ ਵਿਰਤੀ ਹਾਣੀ।**
**੩. ਘੁਲਮਿਲ ਮਿੱਚਲ ਲੱਬ ਮਾਲ**
**ਇਤ ਭਰਮ ਭੁਲਾਣੀ।**
**੪. ਊਂਘੈ ਸਉੜ ਪਲੰਘ ਜਿਉਂ**
**ਸਭ ਰੈਣ ਵਿਹਾਣੀ।**
**੫. ਸੁਹਣੇ ਸਭ ਰੰਗ ਮਾਣੀਅਨਿ**
**ਕਰ ਚੋਜ ਵਿਡਾਣੀ।**
**੬. ਪੀਰ ਮੁਰੀਦਾਂ ਪਿਰਹੜੀ ਓਹ ਅਕਥ ਕਹਾਣੀ ॥੫॥**

***ਪਦ ਅਰਥ :*** ਸਾਦੈ—ਰੋਟੀ, ਪਰਸਾਦੀ। ਹਾਣੀ—ਮਿਥੀ ਹੋਈ। ਸਉੜ—ਤੁਲਾਈ। ਸੁਹਣੇ—ਸੁਪਨੇ ਵਿਚ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਜਿਸ ਸਿਖ ਤੇ ਗੁਰੂ ਦੀ ਪ੍ਰੀਤ ਦਾ ਜ਼ਿਕਰ ਕਰਦੇ ਆ ਰਹੇ ਹੋ, ਉਸ ਬਾਰੇ ਕੁਝ ਤਾਂ ਜਾਣਕਾਰੀ ਦਿਓ ਤਾਕਿ ਸਾਡੇ ਅੰਦਰ ਭੀ ਉਸ ਦੀ ਲਗਨ ਉਪਜ ਸਕੇ?

ਉ: ਹੇ ਭਾਈਓ! ਹੋਰ ਤਾਂ ਸੰਸਾਰ ਦਾ ਬਹੁਤ ਕੁਝ ਕਥਨ ਕੀਤਾ ਜਾ ਸਕਦਾ ਹੈ, ਪਰ ਗੁਰੂ ਤੇ ਸਿਖ ਦੇ ਪ੍ਰੇਮ ਦੀ ਕਹਾਣੀ ਕਥਨ ਤੋਂ ਰਹਿਤ ਹੈ। ਇਸ ਦੀ ਰੂਪ ਰੇਖਾ ਬਿਆਨੀ ਨਹੀਂ ਜਾ ਸਕਦੀ, ਇਸ ਭਾਵ ਨੂੰ ਮੈਂ ਇਸ ਪਉੜੀ ਵਿਚ ਗੁੰਥਨ ਕੀਤਾ ਹੈ:

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਸੰਸਾਰ ਵਿਚ ਇਹ ਗੱਲ ਜਾਣੀ ਗਈ ਹੈ ਕਿ ਕਾਮੀ ਦੀ ਰੂਪ (ਸੁੰਦਰਤਾ) ਨਾਲ ਪ੍ਰੀਤ ਹੈ।
(੨) ਭੁਖੇ ਦੀ ਸਾਦੈ (ਰੋਟੀ ਖਾਣੇ) ਨਾਲ ਪ੍ਰੀਤ ਹੈ ਇਹ ਗੱਲ ਜਗਤ ਵਿਚ ਮਿਥੀ ਹੋਈ ਹੈ ਤੇ ਵਰਤ ਰਹੀ ਹੈ।
(੩) ਲੋਭੀ ਪੁਰਸ਼ ਮਾਲ ਦੌਲਤ ਵਿਚ ਹੀ ਘੁਲ ਮਿਲ ਕੇ ਭਰਮ ਵਿਚ ਭੁਲਿਆ ਫਿਰਦਾ ਹੈ।
(੪) ਨਿੰਦਰਾ ਵਾਲੇ ਨੂੰ ਪਲੰਘ, ਤੁਲਾਈ ਬਿਸਤਰੇ ਆਦਿ ਦੀ ਖਿੱਚ ਨਹੀਂ ਹੈ, ਉਸਦੀ ਰਾਤ ਇਸ ਤਰ੍ਹਾਂ ਸੁਖ ਨਾਲ ਬਿਤੀਤ ਹੋ ਜਾਂਦੀ ਹੈ।
(੫) ਸੁਪਨੇ ਵਿਚ ਮਨੁੱਖ ਕਈ ਅਸਚਰਜ ਕੌਤਕਾਂ ਵਾਲੇ ਰੰਗ ਮਾਣਦਾ ਹੈ (ਪਰ ਜਾਗਣ 'ਤੇ ਸਭ ਕੁਝ ਨਾਸ ਹੋ ਜਾਂਦਾ ਹੈ)।
(੬) ਗੁਰੂ ਨਾਲ ਸਿਖ ਦੀ ਜੋ ਪ੍ਰੀਤ ਹੁੰਦੀ ਹੈ, ਉਸਦਾ ਵਰਣਨ ਕਹਿਣ ਤੋਂ ਬਾਹਰ ਹੈ। ਉਹ ਉਪ੍ਰੋਕਤ ਦੁਨਿਆਵੀ ਪ੍ਰੀਤਾਂ ਵਾਂਗੂੰ ਅਲਪਕਾਲੀ ਨਹੀਂ ਹੁੰਦੀ ਸਗੋਂ ਪੱਕੀ ਹੁੰਦੀ ਹੈ।੫।

***ਭਾਵਾਰਥ :*** ਇਸ ਪਉੜੀ ਵਿਚ ਭਾਈ ਸਾਹਿਬ ਜੀ ਇਹੋ ਦਰਸਾ ਰਹੇ ਹਨ ਕਿ ਉਪਰ ਕਹੀਆਂ ਪ੍ਰੀਤਾਂ ਸਭ ਗ਼ਰਜ਼ ਅਰ ਸੁਆਰਥ ਦੀਆਂ ਹਨ, ਨਾਸੀ ਤੇ ਪਾਪ ਰੂਪ ਹਨ। ਸਿਖ ਦੀ ਪ੍ਰੀਤ ਨਿਸ਼ਕਾਮ ਹੈ, ਪੁੰਨ ਰੂਪ ਹੈ ਤੇ ਸਦਾ ਸਥਿਰ ਹੈ ਸਦਾ ਵਧਦੀ ਹੈ ਤੇ ਸਦਾ ਉਚੇਰੀ ਜਾਂਦੀ ਹੈ, ਅਰ ਬੇਅੰਤ

ਸਾਈਂ ਨਾਲ ਹੈ ਇਸੇ ਕਰਕੇ ਉਸਦੀ ਕਥਾ ਕਥੀ ਨਹੀਂ ਜਾਂਦੀ। ਭਾਈ ਸਾਹਿਬ ਦੇ ਦ੍ਰਿਸ਼ਟਾਂਤ ਦੇਣ ਦਾ ਇਹੋ ਭਾਵ ਹੈ ਕਿ ਜਿਸ ਤਰ੍ਹਾਂ ਰੂਪ, ਰੋਟੀ, ਮਾਲ, ਨੀਂਦ ਨਾਲ ਪਿਆਰਿਆਂ ਨੂੰ ਐਨਾ ਡੂੰਘਾ ਪਿਆਰ ਹੈ ਕਿ ਸੁਪਨੇ ਵਿਚ ਵੀ ਉਹ ਆਪਣੀਆਂ ਪਿਆਰੀਆਂ ਵਸਤੂਆਂ ਨੂੰ ਵੇਖਦੇ ਹਨ। ਏਸੇ ਤਰ੍ਹਾਂ ਮੁਰੀਦ ਨੂੰ ਪੀਰ ਦੀ ਪ੍ਰੀਤੀ ਹੁੰਦੀ ਹੈ।

## ੬. ਨਾਮ ਦਾ ਸੱਚਾ ਸੌਦਾ ਹੈ

**੧. ਮਾਨ ਸਰੋਵਰ ਹੰਸਲਾ**
**ਖਾਇ ਮਾਣਕ ਮੋਤੀ।**
**੨. ਕੋਇਲ ਅੰਬ ਪਰੀਤ ਹੈ**
**ਮਿਠ ਬੋਲ ਸਰੋਤੀ।**
**੩. ਚੰਦਨ ਵਾਸ ਵਣਾਸਪਤਿ**
**ਹੁਇ ਪਾਸ ਖਲੋਤੀ।**
**੪. ਲੋਹਾ ਪਾਰਸ ਭੇਟਿਐ**
**ਹੁਇ ਕੰਚਨ ਜੋਤੀ।**
**੫. ਨਦੀਆਂ ਨਾਲੇ ਗੰਗ ਮਿਲ**
**ਹੋਣ ਛੋਤ ਅਛੋਤੀ।**
**੬. ਪੀਰ ਮੁਰੀਦਾਂ ਪਿਰਹੜੀ ਖੇਪ ਸਓਤੀ ॥੬॥**

***ਪਦ ਅਰਥ :*** ਸਰੋਤੀ—ਸੁਰ। ਕੰਚਨ—ਸੋਨਾ। ਜੋਤੀ—ਪ੍ਰਕਾਸ਼ਮਾਨ। ਛੋਤ ਅਛੋਤੀ—ਅਪਵਿੱਤ੍ਰ ਤੋਂ ਪਵਿੱਤ੍ਰ। ਖੇਪ—ਸੌਦਾ। ਸਓਤੀ—ਸਫਲਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਪਿਛੇ ਦਰਸਾਉਂਦੇ ਆ ਰਹੇ ਹੋ, ਕਿ ਸੰਸਾਰ ਵਿਚ ਕੇਵਲ ਗੁਰਮੁਖਾਂ ਦਾ ਹੀ ਜੀਵਨ ਸੁਖਦਾਈ ਹੈ, ਕਿਉਂ ਜੀ! ਦਸੋਗੇ ਕਿ ਉਨ੍ਹਾਂ ਨੇ ਕੇਹੜਾ ਸਾਧਨ ਅਪਨਾਇਆ ਹੈ, ਜਿਸਦਾ ਸਦਕਾ ਉਹ ਸਦੀਵੀ-ਸੁਖ ਮਾਣਦੇ ਹਨ?

ਉ: ਹੇ ਭਾਈਓ! ਉਨ੍ਹਾਂ ਗੁਰਮੁਖਾਂ ਨੇ ਸਦੀਵੀ-ਸੁਖ ਦਾ ਸਾਧਨ ਕੇਵਲ ਗੁਰੂ ਦੀ ਸੰਗਤ ਨੂੰ ਹੀ ਨਿਸਚਤ ਕੀਤਾ ਹੈ, ਜਿਸ ਸੰਗਤ ਕਰਦੇ ਰਹਿਣ ਦਾ ਸਦਕਾ ਉਹ ਸਦੀਵੀ-ਸੁਖ ਮਾਣਦੇ ਹਨ।

ਪ੍ਰ: ਭਾਈ ਸਾਹਿਬ ਜੀਉ! ਵੇਖਣ ਵਿਚ ਤਾਂ ਇਹ ਭੀ ਆਉਂਦਾ ਹੈ ਕਿ ਉਹ ਭੀ ਬਹੁਤ ਲੋਕ ਹਨ, ਜਿਨ੍ਹਾਂ ਨੂੰ ਸੰਗਤ ਵਿਚ ਆਉਂਦਿਆਂ ਚਾਲੀ ਜਾਂ ਪੰਜਾਹ ਸਾਲ ਗੁਜ਼ਰ ਗਏ ਹਨ, ਪਰ ਉਨ੍ਹਾਂ ਦਾ ਜੀਵਨ ਹਰ ਪੱਖੋਂ ਹੀ ਦੁਖਦਾਈ ਨਜ਼ਰ ਆਉਂਦਾ ਹੈ। ਕਿਉਂ ਜੀ! ਇਸਦਾ ਸਹੀ ਕਾਰਨ ਕੀ ਹੈ, ਦੱਸਣ ਦੀ ਕ੍ਰਿਪਾ ਕਰੋ ਤਾਕਿ ਸਾਡਾ ਭੁਲੇਖਾ ਭੀ ਦੂਰ ਹੋ ਸਕੇ?

ਉ: ਹੇ ਭਾਈਓ! ਸੰਗਤ ਵਿਚ ਆਉਣ ਵਾਲੇ ਦੋ ਸ਼ਰੇਣੀਆਂ ਦੇ ਲੋਕ ਹਨ, ਇਕ ਗੁਰਮੁਖ ਦੂਜੇ ਮਨਮੁਖ, ਗੁਰਮੁਖ ਉਹ ਹਨ ਜਿਨ੍ਹਾਂ ਨੇ ਸੰਗਤ ਵਿਚ ਆ ਕੇ ਗੁਰੂ ਦੇ ਮੁਖੋਂ ਨਿਕਲਿਆ ਉਪਦੇਸ਼ ਉਸਦੇ ਧਾਰਨੀ ਹੋ ਆਪਣਾ ਜੀਵਨ ਗੁਜ਼ਾਰਿਆ ਹੈ, ਉਹ ਸਦੀਵੀ ਹੀ ਸੁਖੀ ਜੀਵਨ ਗੁਜ਼ਾਰਦੇ ਹਨ।

ਦੂਸਰੇ ਉਹ ਮਨਮੁਖ ਹਨ ਜੋ ਸੰਗਤ ਵਿਚ ਆ ਕੇ ਭੀ ਆਪਣੇ ਮਨ ਨੂੰ ਹੀ ਮੁਖੀ ਬਣਾਈ ਰਖਦੇ ਹਨ, ਭਾਵ ਜੋ ਮਨ ਕਹਿੰਦਾ ਹੈ ਉਸੇ ਦੇ ਪਿਛੇ ਟੁਰਦੇ ਹਨ ਅਜਿਹੇ ਲੋਕ ਜੇ ਉਹ ਸਾਰੀ ਉਮਰ ਭੀ ਸੰਗਤ ਵਿਚ ਆਉਂਦੇ ਰਹਿਣ ਤਾਂ ਭੀ ਉਨ੍ਹਾਂ ਨੂੰ ਕੋਈ ਲਾਭ ਨਹੀਂ ਪ੍ਰਾਪਤ ਹੋ ਸਕਦਾ, ਉਹ ਸਖਣੇ ਹੀ ਰਹਿੰਦੇ ਹਨ ਇਸ ਭਾਵ ਨੂੰ ਮੈਂ ਗੁਰਬਾਣੀ ਤੋਂ ਪ੍ਰੇਰਨਾ ਲੈ ਇਸ ਪਉੜੀ ਵਿਚ ਕਈ ਉਦਾਹਰਣਾਂ ਰਾਹੀਂ ਪ੍ਰਗਟਾਉਣ ਦਾ ਇਕ ਨਿਮਾਣਾ ਜਿਹਾ ਯਤਨ ਕੀਤਾ ਹੈ:

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਹੰਸ ਮਾਨਸਰੋਵਰ 'ਤੇ ਰਹਿ ਕੇ ਮੋਤੀ ਖਾਂਦਾ ਹੈ।

(੨) ਕੋਇਲ ਦੀ ਅੰਬ ਨਾਲ ਪ੍ਰੀਤ ਹੈ, ਉਹ ਅੰਬ ਦੇ ਬ੍ਰਿਛ 'ਤੇ ਬੈਠ ਕੇ ਮਿੱਠੀ ਸੁਰ ਨਾਲ ਰਾਗ ਅਲਾਪਦੀ ਹੈ।

(੩) ਚੰਦਨ ਦੇ ਨੇੜੇ ਰਹਿਣ ਵਾਲੀ ਸਭ ਬਨਾਸਪਤੀ (ਬ੍ਰਿਛ, ਬੂਟੇ) ਉਸਦੀ ਵਾਸ਼ਨਾ ਨਾਲ ਚੰਦਨ ਹੋ ਜਾਂਦੀ ਹੈ।

(੪) ਲੋਹਾ ਪਾਰਸ ਨਾਲ ਛੋਹ ਕੇ ਸੋਨਾ ਬਣ ਜਾਂਦਾ ਹੈ ਤੇ ਪ੍ਰਕਾਸ਼ਵਾਨ ਹੋ ਜਾਂਦਾ ਹੈ।

(੫) ਨਦੀਆਂ ਨਾਲੇ (ਚਾਹੇ ਉਹ ਕਿੰਨੇ ਵੀ ਗੰਦੇ ਹੋਣ) ਗੰਗਾ ਨਾਲ ਮਿਲ ਕੇ ਪਵਿੱਤ੍ਰ ਹੋ ਜਾਂਦੇ ਹਨ।

(੬) ਇਸੇ ਤਰ੍ਹਾਂ ਸਿੱਖਾਂ ਦੀ ਪ੍ਰੀਤ ਆਪਣੇ ਗੁਰੂ ਨਾਲ ਹੁੰਦੀ ਹੈ, ਉਹ ਗੁਰੂ ਦੇ ਦਰੋਂ ਸੱਚੇ ਨਾਮ ਦਾ ਸੌਦਾ ਖ਼ਰੀਦ ਕੇ ਆਪਣਾ ਜਨਮ ਸਫਲ ਕਰ ਲੈਂਦੇ ਹਨ।੬।

***ਭਾਵਾਰਥ :*** ਇਸ ਪਉੜੀ ਵਿਚ ਭਾਈ ਸਾਹਿਬ ਜੀ ਨੇ ਗੁਰੂ ਦੀ ਸੰਗਤ ਵਿਚ ਆਉਣ ਵਾਲੇ ਗੁਰਮੁਖਾਂ ਤੇ ਮਨਮੁਖਾਂ ਦਾ ਉਦਾਹਰਣ ਦੇ ਕੇ ਅੰਤਰਾ ਦਰਸਾਇਆ ਹੈ ਕਿ ਜਿਵੇਂ ਮਾਨ-ਸਰੋਵਰ 'ਤੇ ਜਾ ਕੇ ਹੰਸ ਮਾਣਕ, ਮੋਤੀਆਂ ਦਾ ਹੀ

ਚੋਗਾ ਚੁਗਦੇ ਹਨ, ਪਰ ਬਗਲੇ ਉਥੋਂ ਭੀ ਡੱਡੀਆਂ ਦੀ ਹੀ ਭਾਲ ਕਰਦੇ ਹਨ, ਇਸੇ ਤਰ੍ਹਾਂ ਗੁਰਮੁਖ ਰੂਪੀ ਹੰਸ ਸਾਧ ਸੰਗਤ ਵਿਚ ਜਾ ਕੇ ਕੇਵਲ ਦੈਵੀ-ਗੁਣਾਂ ਦੇ ਮਾਣਕ ਮੋਤੀਆਂ ਦੀ ਹੀ ਚੋਗ ਚੁਗਦੇ ਹਨ, ਪਰ ਮਨਮੁਖ ਸੰਗਤ ਵਿਚ ਜਾ ਕੇ ਮਨ ਕਰਕੇ ਵਿਕਾਰਾਂ ਦਾ ਹੀ ਚੋਗਾ ਚੁਗਦੇ ਰਹਿੰਦੇ ਹਨ। ਇਸੇ ਕਰਕੇ ਉਹ ਸਾਧ ਸੰਗਤ ਰੂਪ ਚੰਦਨ ਦੇ ਹਮੇਸ਼ਾਂ ਕੋਲ ਵੱਸਦੇ ਹੋਏ ਭੀ ਵਾਂਸ ਦੀ ਤਰ੍ਹਾਂ ਭਗਤੀ ਰੂਪੀ ਸੁਗੰਧੀ ਤੋਂ ਸੱਖਣੇ ਹੀ ਰਹਿ ਜਾਂਦੇ ਹਨ।

## ੭. ਗੁਰੂ ਤੇ ਸਿੱਖ ਦਾ ਸਾਕ ਸੱਚਾ ਹੈ

**੧. ਸਾਹੁਰ ਪੀਹਰ ਪੱਖ ਤ੍ਰੈ**
**ਘਰਿ ਨਾਨੇਹਾਲਾ।**
**੨. ਸਹੁਰਾ ਸੱਸ ਵਖਾਣੀਐ**
**ਸਾਲੀ ਤੇ ਸਾਲਾ।**
**੩. ਮਾਂ ਪਿਓ ਭੈਣਾਂ ਭਾਇਰਾ**
**ਪਰਵਾਰ ਦੁਰਾਲਾ।**
**੪. ਨਾਨਾ ਨਾਨੀ ਮਾਸੀਆਂ**
**ਮਾਮੇ ਜੰਜਾਲਾ।**
**੫. ਸੁਇਨਾ ਰੁੱਪਾ ਸੰਜੀਐ**
**ਹੀਰਾ ਪਰਵਾਲਾ।**
**੬. ਪੀਰ ਮੁਰੀਦਾਂ ਪਿਰਹੜੀ ਏਹੁ ਸਾਕ ਸੁਖਾਲਾ ॥੭॥**

***ਪਦ ਅਰਥ :*** ਪੀਹਰ—ਪੇਕਾ ਘਰ। ਨਾਨੇਹਾਲਾ—ਨਾਨਕਾ ਘਰ। ਦੁਰਾਲਾ—ਬਹੁਤਾ। ਜੰਜਾਲਾ—ਝੰਬੇਲਾ। ਪਰਵਾਲਾ—ਮੂੰਗਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਦੁਨਿਆਵੀ ਸਾਕ ਸੰਬੰਧੀ ਤਾਂ ਅਨੇਕਾਂ ਹੀ ਵਰਤਨ ਵਿਚ ਆਉਂਦੇ ਹਨ, ਜਿਵੇਂ ਕਿ ਮਾਤਾ, ਪਿਤਾ, ਭੈਣ, ਭਰਾ, ਸੱਸ, ਸਹੁਰਾ, ਨਾਨਾ, ਨਾਨੀ, ਮਾਮੇ, ਮਾਸੀਆਂ ਆਦਿ ਸਾਕਾਂ ਨੂੰ ਵੇਖੀਦਾ ਹੈ ਕਿ ਇਨ੍ਹਾਂ ਵਿਚ ਸਦੀਵੀ ਸਾਥ ਨਿਭਾਉਣ ਵਾਲੀ ਨੇੜਤਾ ਨਜ਼ਰ ਨਹੀਂ ਆਉਂਦੀ। ਥੋੜੇ ਥੋੜੇ ਸਮੇਂ ਤੋਂ ਬਾਅਦ ਇਨ੍ਹਾਂ ਦੀ ਸਾਕਾਗਿਰੀ ਸ਼ੀਘਰ ਹੀ ਟੁੱਟ ਜਾਂਦੀ ਹੈ, ਕਿਉਂ ਜੀ ! ਦਸੋਗੇ ਕਿ ਕੋਈ ਸੰਸਾਰ ਵਿਚ ਅਜਿਹੀ ਭੀ ਸਾਕਾਗਿਰੀ ਹੈ ਜੋ ਸਦਾ ਹੀ ਸਾਥ ਨਿਭ ਸਕਦੀ ਹੋਵੇ, ਇਸ ਬਾਰੇ ਗੁਰਮਤ ਅਨੁਸਾਰ ਤੁਸੀਂ ਆਪਣੇ ਵੀਚਾਰ ਕਿਵੇਂ ਰੱਖਦੇ ਹੋ ?

**ਉ:** ਹੇ ਭਾਈਓ ! ਮੈਂ ਤਾਂ ਆਪਣੇ ਅੰਦਰ ਉਪਜੀ ਹੋਈ ਕਿਸੇ ਭੀ ਵੀਚਾਰ ਨੂੰ ਪ੍ਰਧਾਨਤਾ ਨਹੀਂ ਦੇਂਦਾ, ਪਰ ਹਾਂ ਜੋ ਪ੍ਰੇਰਨਾ ਮੈਨੂੰ ਗੁਰਬਾਣੀ ਦੁਆਰੇ ਮਿਲਦੀ ਹੈ, ਮੈਂ ਉਸੇ 'ਤੇ ਹੀ ਵਿਸ਼ਵਾਸ਼ ਰਖਦਾ ਹਾਂ। ਤੁਹਾਡੇ ਇਸ ਕੀਤੇ ਪ੍ਰਸ਼ਨ ਦਾ ਸਮਾਧਾਨ ਸਾਨੂੰ ਗੁਰਬਾਣੀ ਵਿਚੋਂ ਕਈ ਥਾਵਾਂ 'ਤੇ ਮਿਲਦਾ ਹੈ ਕਿ ਸੰਸਾਰ ਦੇ ਜਿਤਨੇ ਭੀ ਸੰਬੰਧ ਹਨ, ਇਹ ਸਾਰੇ ਹੀ ਆਪੋ ਆਪਣੀ ਗ਼ਰਜ਼ ਪੂਰੀ ਕਰਨ ਲਈ ਵੇਖੀਦੇ ਹਨ ਪਰ ਜਦੋਂ ਕਿਸੇ ਦੀ ਗ਼ਰਜ਼ ਪੂਰੀ ਨਾ ਹੋਵੇ, ਜਾਂ ਪੂਰੀ ਹੋ ਜਾਏ ਫਿਰ ਕੋਈ ਭੀ ਨੇੜੇ ਨਹੀਂ ਢੁਕਦਾ, ਜਿਵੇਂ ਗੁਰੂ ਫੁਰਮਾਨ ਹੈ :

ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ
ਤੇ ਸਭਿ ਅਪਨੈ ਸੁਆਇ ਮਿਲਾਸਾ ॥
ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ
ਤਿਤੁ ਦਿਨਿ ਨੇੜੈ ਕੋ ਨ ਢੁਕਾਸਾ ॥

*(ਗੋਂਡ ਮਹਲਾ ੪, ਪੰਨਾ ੮੬੦)*

ਮਾਤ ਪਿਤਾ ਬਨਿਤਾ ਸੁਤ ਸੰਪਤਿ
ਅੰਤਿ ਨ ਚਲਤ ਸੰਗਾਤ ॥ *(ਪੰਨਾ ੧੨੫੨)*

ਮਾਤ ਪਿਤਾ ਬਨਿਤਾ ਸੁਤ ਬੰਧਪ
ਇਸਟ ਮੀਤ ਅਰੁ ਭਾਈ ॥
ਪੂਰਬ ਜਨਮ ਕੇ ਮਿਲੇ ਸੰਜੋਗੀ
ਅੰਤਹਿ ਕੋ ਨ ਸਹਾਈ ॥੧॥

*(ਜੈਤਸਰੀ ਮ: ੫, ਪੰਨਾ ੭੦੦)*

ਇਸ ਤੋਂ ਆਦਿ ਬਾਣੀ ਵਿਚੋਂ ਸਾਨੂੰ ਹੋਰ ਭੀ ਬਹੁਤ ਪ੍ਰਮਾਣ ਮਿਲਦੇ ਹਨ, ਜਿਨ੍ਹਾਂ ਤੋਂ ਇਹ ਬੋਧ ਮਿਲਦਾ ਹੈ ਕਿ ਸੰਸਾਰ ਦੇ ਸੰਬੰਧ ਚਾਰ ਦਿਨਾਂ ਦਾ ਚਮਤਕਾਰ ਹੈ, ਇਨ੍ਹਾਂ ਦੇ ਵਿਛੜ ਜਾਣ ਵਿਚ ਕੋਈ ਵਧੇਰੇ ਦੇਰ ਨਹੀਂ ਲਗਦੀ, ਸਦੀਵੀ ਸਾਥ ਨਿਭਾਉਣ ਵਾਲਾ ਸੱਚਾ ਸਾਕ ਇਕੋ ਗੁਰੂ ਦਾ ਹੈ, ਜੋ ਲੋਕ-ਪ੍ਰਲੋਕ ਵਿਚ ਸਾਥ ਦੇਂਦਾ ਹੈ। ਇਨ੍ਹਾਂ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਭਾਵ ਨੂੰ ਇਸ ਪਉੜੀ ਦੀਆਂ ਚੰਦ ਪੰਗਤੀਆਂ ਵਿਚ ਉੱਕਰਿਆ ਹੈ :

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਸਹੁਰਾ ਘਰ, ਪੇਕਾ ਘਰ ਤੇ ਨਾਨਕੇ, ਇਹ ਤਿੰਨੇ ਘਰ ਸਾਕਾਦਾਰੀ ਦੇ ਹਨ।

(੨) (ਸਹੁਰੇ ਘਰ ਦੇ ਸਾਕ) ਸਹੁਰਾ, ਸੱਸ, ਸਾਲੀ ਤੇ ਸਾਲਾ ਕਹੇ ਜਾਂਦੇ ਹਨ।

(੩) (ਪੇਕੇ ਘਰ ਦੇ ਸਾਕ) ਮਾਂ, ਪਿਉ, ਭੈਣ ਤੇ ਭਰਾ ਆਦਿ ਬਹੁਤ ਸਾਰਾ ਪਰਵਾਰ ਹੁੰਦਾ ਹੈ।

(੪) (ਨਾਨਕਾ ਘਰ ਦੇ ਸਾਕ) ਨਾਨਾ, ਨਾਨੀ, ਮਾਸੀਆਂ ਤੇ ਮਾਮੇ ਆਦਿਕਾਂ ਦਾ ਝੰਬੇਲਾ ਹੁੰਦਾ ਹੈ।

(੫) (ਇਸ ਸਾਰੀ ਸਾਕਾਦਾਰੀ ਨੂੰ ਨਿਬਾਹੁਣ ਵਾਸਤੇ) ਸੋਨਾ, ਚਾਂਦੀ, ਹੀਰੇ ਤੇ ਮੂੰਗੇ ਇਕੱਠੇ ਕਰੀਦੇ ਹਨ।

(੬) (ਉਪਰ ਲਿਖੇ ਗਏ ਸਭੇ ਸਾਕ ਕੂੜੇ ਤੇ ਸੁਆਰਥੀ ਹਨ) ਪਰ ਗੁਰੂ ਤੇ ਸਿੱਖ ਦੀ ਪ੍ਰੀਤ ਵਾਲਾ ਸਾਕ ਸੱਚਾ ਹੈ।੭।

***ਭਾਵਾਰਥ :*** ਹੋਰ ਸਾਰੇ ਸਾਕ ਆਪੋ ਆਪਣੇ ਸੁਆਰਥ ਦੇ ਹੁੰਦੇ ਹਨ, ਇਨ੍ਹਾਂ ਲਈ ਹੀਰੇ ਆਦਿ ਧਨ ਦੇ ਇਕੱਠਾ ਕਰਨ ਤੇ ਰਾਖੀ ਕਰਨ ਵਿਚ ਨਾਨਾ ਪ੍ਰਕਾਰ ਦੇ ਕਲੇਸ਼ ਹਨ। ਗੁਰੂ ਅਰ ਸਿੱਖ ਦੀ ਪ੍ਰੀਤ, ਅਰ ਸਾਕਾ ਗਿਰੀ ਸੁਖ ਰੂਪ ਤੇ ਸੱਚੀ ਹੈ, ਅਰਥਾਤ ਉਪਰ ਦਰਸਾਏ ਸਾਕਾਂ ਦੀ ਪਰਸਪਰ ਪ੍ਰੀਤ ਧਨ ਤੋਂ ਬਿਨਾ ਨਹੀਂ ਨਿਭਦੀ, ਪਰ ਗੁਰੂ ਨਾਲ ਪ੍ਰੀਤ ਕਰਨੀ ਇਸੇ ਲਈ ਸੁਖਾਲੀ ਹੈ ਕਿ ਉਥੇ ਧਨ ਦੀ ਲੋੜ ਨਹੀਂ।

## ੮. ਸਦੀਵੀ ਲਾਭ-ਦਾਇਕ ਸੱਚਾ ਵਪਾਰ

**੧. ਵਣਜ ਕਰੈ ਵਾਪਾਰੀਆ**
**ਤਿਤ ਲਾਹਾ ਤੋਟਾ।**
**੨. ਕਿਰਸਾਣੀ ਕਿਰਸਾਣ ਕਰ**
**ਹੁਇ ਦੁਬਲਾ ਮੋਟਾ।**
**੩. ਚਾਕਰ ਲੱਗੇ ਚਾਕਰੀ**
**ਰਣ ਖਾਂਦਾ ਚੋਟਾ।**
**੪. ਰਾਜ ਜੋਗ ਸੰਸਾਰ ਵਿਚ**
**ਵਣਖੰਡ ਗੜ੍ਹ ਕੋਟਾ।**
**੫. ਅੰਤ ਕਾਲ ਜਮਜਾਲ ਪੈ**
**ਪਾਏ ਫਲ ਫੋਟਾ।**
**੬. ਪੀਰ ਮੁਰੀਦਾਂ ਪਿਰਹੜੀ ਹੋਇ ਕਦੇ ਨ ਤੋਟਾ॥੮॥**

***ਪਦ ਅਰਥ :*** ਲਾਹਾ—ਲਾਭ। ਤੋਟਾ—ਘਾਟਾ। ਚੋਟਾ—ਚੋਟ। ਵਣਖੰਡ—ਜੰਗਲ। ਫੋਟਾ—ਮਾੜਾ, ਫੁਟਣ ਵਾਲਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਤੁਸੀਂ ਭੀ ਵੇਖ ਹੀ ਰਹੇ ਹੋ ਕਿ ਸੰਸਾਰੀ ਲੋਕ ਵੱਖੋ ਵੱਖ ਵਣਜ ਵਪਾਰਾਂ ਵਿਚ ਦਿਨੇ ਰਾਤ ਪ੍ਰਵਿਰਤ ਰਹਿੰਦੇ ਹਨ, ਪਰ ਕੀ ਦਸੋਗੇ ਕਿ ਗੁਰਮਤ ਅਨੁਸਾਰ ਲਾਭਦਾਇਕ ਕਿਹੜਾ ਵਪਾਰ ਹੈ, ਤਾਕਿ ਅਸੀਂ ਭੀ ਉਸੇ ਸੱਚੇ ਵਪਾਰ ਨੂੰ ਅਪਨਾਉਣਾ ਕਰੀਏ ?

**ਉ:** ਹੇ ਭਾਈਓ ! ਮੈਂ ਤਾਂ ਜਦੋਂ ਗੁਰਬਾਣੀ ਦੀ ਰੌਸ਼ਨੀ ਵਿਚ ਨਜ਼ਰ ਮਾਰਦਾ ਹਾਂ ਤਾਂ ਮਨੁੱਖ ਲਈ ਸੱਚਾ ਵਣਜ ਵਪਾਰ ਕਰਨਾ ਕੇਵਲ ਪ੍ਰਭੂ ਦਾ ਨਾਮ ਹੀ ਚਿੰਤਨ ਕਰਦੇ ਰਹਿਣਾ ਹੈ, ਇਸੇ ਸੱਚੇ ਵਣਜ ਕਰਨ ਦੀ ਬਾਣੀ ਵਿਚ ਬਾਰ ਬਾਰ ਪ੍ਰੇਰਨਾ ਮਿਲਦੀ ਹੈ, ਜਿਵੇਂ ਕਿ ਫ਼ੁਰਮਾਨ ਹੈ :

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ॥
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ॥
ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ॥੧॥
ਭਾਈ ਰੇ ਰਾਮੁ ਕਹਹੁ ਚਿਤੁ ਲਾਇ॥
ਹਰਿ ਜਸੁ ਵਖਰੁ ਲੈ ਚਲਹੁ
ਸਹੁ ਦੇਖੈ ਪਤੀਆਇ॥੧॥ਰਹਾਉ॥
ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ॥
ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ॥
*(ਸਿਰੀਰਾਗੁ ਮਹਲਾ ੧, ਪੰਨਾ ੨੨)*

ਇਸ ਤੋਂ ਆਦਿ ਹੋਰ ਭੀ ਬਾਣੀ ਦੁਆਰੇ ਮਨੁੱਖ ਮਾਤ੍ਰ ਨੂੰ ਪ੍ਰੇਰਨਾ ਦਿਤੀ ਗਈ ਹੈ ਕਿ ਹੇ ਭਾਈਓ ! ਤੁਸੀਂ ਇਸ ਸੰਸਾਰ ਰੂਪੀ ਵਿਦੇਸ਼ ਵਿਚ ਸੱਚੇ ਨਾਮ ਸਿਮਰਨ ਕਰਦੇ ਰਹਿਣ ਦਾ ਸੱਚਾ ਵਪਾਰ ਕਰਨ ਆਏ ਹੋ, ਇਸ ਲਈ ਤੁਸੀਂ ਸੰਤਾਂ ਰੂਪ ਵਣਜਾਰਿਆਂ ਦੀ ਸੰਗਤ ਵਿਚ ਮਿਲਕੇ ਸਦਾ ਹੀ ਨਾਮ ਦਾ ਵਣਜ ਕਰਦੇ ਰਹੋ, ਜਿਸ ਵਿਚ ਤੁਹਾਨੂੰ ਕਦੇ ਭੀ ਤੋਟਾ ਨਹੀਂ ਆਵੇਗਾ, ਇਹ ਵਣਜ ਲੋਕ-ਪ੍ਰਲੋਕ ਵਿਚ ਸਦਾ ਹੀ ਲਾਭਦਾਇਕ ਹੈ। ਬਾਕੀ ਸੰਸਾਰ ਦੇ ਜਿਤਨੇ ਭੀ ਵਣਜ ਵਪਾਰ ਨਜ਼ਰ ਆਉਂਦੇ ਹਨ, ਇਨ੍ਹਾਂ ਵਿਚ ਕਦੀ ਲਾਭ ਕਦੀ ਘਾਟਾ ਬਣਿਆ ਹੀ ਰਹਿੰਦਾ ਹੈ, ਇਸ ਭਾਵ ਨੂੰ ਮੈਂ ਬਾਣੀ ਦੀ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਅੰਕਤ ਕੀਤਾ ਹੈ :

(੧) (ਜਿਵੇਂ ਕਿ ਅਸੀਂ ਆਮ ਹੀ ਵੇਖਦੇ ਹਾਂ ਕਿ) ਵਪਾਰੀ ਲੋਕ ਜੋ ਵਪਾਰ ਕਰਦੇ ਹਨ, ਉਸ ਵਿਚ ਉਨ੍ਹਾਂ ਨੂੰ ਕਦੀ ਨਫ਼ਾ ਹੁੰਦਾ ਹੈ ਤੇ ਕਦੀ ਘਾਟਾ ਪੈ ਜਾਂਦਾ ਹੈ।

(੨) (ਇਸੇ ਤਰ੍ਹਾਂ) ਜ਼ਿਮੀਦਾਰ ਖੇਤੀ ਦਾ ਕੰਮ ਕਰਦੇ ਹਨ ਉਹ ਕਰੜੀ ਮਿਹਨਤ ਕਰਨ ਨਾਲ ਕਦੇ ਮਾੜੇ ਹੋ ਜਾਂਦੇ ਹਨ ਤੇ ਕਦੀ ਚੰਗੀ ਫਸਲ ਘਰ ਆ ਜਾਣ ਤੇ ਖ਼ੁਸ਼ੀ ਨਾਲ ਮੋਟੇ ਹੋ ਜਾਂਦੇ ਹਨ।

(੩) ਨੌਕਰ ਨੌਕਰੀ ਕਰਦੇ ਹਨ, ਮਾਲਕ ਦੀ ਖ਼ਾਤਰ ਲੜਾਈ ਵਿਚ ਜਾ ਕੇ ਉਹ ਚੋਟਾਂ ਸਹਿੰਦੇ ਹਨ।

(੪) ਰਾਜਾ ਦੁਨੀਆਂ ਵਿਚ ਕਿਲ੍ਹੇ ਬਣਾ ਕੇ ਰਾਜ ਕਰਦਾ ਹੈ ਤੇ ਜੋਗੀ ਜੰਗਲਾਂ ਵਿਚ ਤਪੱਸਿਆ ਕਰਦੇ ਹਨ।

(੫) ਅੰਤ ਸਮੇਂ ਫਲ ਉਨ੍ਹਾਂ ਨੂੰ ਇਹ ਮਿਲਦਾ ਹੈ ਕਿ ਰਾਜਾ ਤਾਂ ਜਮ ਦੀ ਫਾਹੀ ਵਿਚ ਪੈਂਦਾ ਹੈ ਤੇ ਜੋਗੀ ਫੁਟਿਆ ਹੋਇਆ ਫਲ ਪ੍ਰਾਪਤ ਕਰਦਾ ਹੈ (ਕਿਉਂਕਿ ਹਠ ਜੋਗ ਨਾਲ ਮੁਕਤੀ ਨਹੀਂ ਮਿਲਦੀ)।

(੬) ਪਰ ਗੁਰੂ ਦੇ ਸਿਖ ਦੀ ਪ੍ਰੀਤ ਵਿਚ ਕਦੀ ਘਾਟਾ ਨਹੀਂ ਹੁੰਦਾ ਸਦਾ ਲਾਭ ਹੀ ਹਾਸਲ ਹੁੰਦਾ ਹੈ।੮।

***ਭਾਵਾਰਥ :*** ਜਿਵੇਂ ਇਕ ਮਾਲਕ ਆਪਣੇ ਵੱਲੋਂ ਆਪਣੇ ਸੁਦਾਗਰਾਂ ਨੂੰ ਬਹੁਤ ਸਾਰੀ ਰਾਸ ਦੇ ਕੇ ਵਿਦੇਸ਼ ਵਿਚ ਵਣਜ ਕਰਨ ਲਈ ਭੇਜਦਾ ਹੈ ਅਤੇ ਉਨ੍ਹਾਂ ਨੂੰ ਹਿਦਾਇਤ ਕਰਦਾ ਹੈ, ਕਿ ਇਸ ਪੂੰਜੀ ਨਾਲ ਵਧ ਤੋਂ ਵਧ ਲਾਭ ਖਟ ਕੇ ਲਿਆਉਣਾ। ਜੋ ਵਣਜਾਰਾ ਵਧੇਰੇ ਲਾਭ ਖੱਟ ਕੇ ਵਾਪਸ ਆਉਂਦਾ ਹੈ ਉਸ ਵਣਜਾਰੇ ਪਰ ਮਾਲਕ ਦੀ ਖ਼ੁਸ਼ੀ ਹੁੰਦੀ ਹੈ ਤੇ ਅਗੋਂ ਲਈ ਉਸ ਨੂੰ ਹੋਰ ਵਧੇਰੇ ਤਰੱਕੀ ਮਿਲਦੀ ਹੈ।

ਇਸੇ ਤਰ੍ਹਾਂ ਉਸ ਪਰਮੇਸ਼ਰ ਮਾਲਕ ਨੇ ਇਨ੍ਹਾਂ ਜੀਵਾਂ ਰੂਪੀ ਵਣਜਾਰਿਆਂ ਨੂੰ ਸੁਆਸਾਂ ਦੀ ਰਾਸ ਦੇ ਕੇ ਇਸ ਸੰਸਾਰ ਰੂਪੀ ਵਿਦੇਸ਼ ਵਿਚ ਸੱਚਾ ਨਾਮ ਦਾ ਸਿਮਰਨ ਕਰਨ ਦਾ ਵਣਜ, ਵਪਾਰ ਕਰਨ ਲਈ ਭੇਜਿਆ ਹੈ ਤੇ ਹਿਦਾਇਤ ਕੀਤੀ ਗਈ ਹੈ ਕਿ ਤੁਸਾਂ ਨੇ ਇਸ ਸੁਆਸਾਂ ਦੀ ਪੂੰਜੀ ਰਾਹੀਂ ਵੱਧ ਤੋਂ ਵੱਧ ਲਾਭਦਾਇਕ ਸੌਦਾਗਰੀ ਕਰਨਾ ਭਾਵ ਨਾਮ ਦਾ ਸਿਮਰਨ ਕਰਕੇ ਇਸ ਸੁਆਸਾਂ ਰੂਪੀ ਪੂੰਜੀ ਨੂੰ ਸਫਲ ਕਰਨਾ। ਸੋ, ਜੋ ਜੀਵ-ਰੂਪੀ ਵਣਜਾਰੇ ਇਸ ਸੁਆਸਾਂ ਰੂਪੀ ਪੂੰਜੀ ਨੂੰ ਨਾਮ ਸਿਮਰਨ ਦੁਆਰੇ ਸਫਲਾ ਕਰਕੇ ਇਸ ਸੰਸਾਰ ਰੂਪੀ ਵਿਦੇਸ਼ ਵਿਚੋਂ ਮੁੜ ਆਪਣੇ ਸ੍ਵੈ-ਦੇਸ਼ ਪਰਲੋਕ ਵਿਚ ਵਾਪਸ ਜਾਂਦੇ ਹਨ ਤਾਂ ਉਨ੍ਹਾਂ ਨੂੰ ਰੱਬੀ-ਦਰਬਾਰ ਵਿਚ ਮਾਣ ਸਤਿਕਾਰ ਮਿਲਦਾ ਹੈ, ਉਨ੍ਹਾਂ ਨੂੰ :

ਰੇ ਰੇ ਦਰਗਹ ਕਹੈ ਨ ਕੋਊ ॥
ਆਉ ਬੈਠੁ ਆਦਰੁ ਸੁਭ ਦੇਊ ॥
ਓਆ ਮਹਲੀ ਪਾਵਹਿ ਤੂ ਬਾਸਾ ॥
ਜਨਮ ਮਰਨ ਨਹ ਹੋਇ ਬਿਨਾਸਾ ॥

*(ਪਉੜੀ, ਪੰਨਾ ੨੫੨)*

ਭਾਵ ਹੈ ਜੋ ਜੀਵ-ਰੂਪੀ ਵਣਜਾਰੇ ਉਸ ਮਾਲਕ ਵੱਲੋਂ ਮਿਲੀ ਹੋਈ ਸੁਆਸਾਂ ਦੀ ਪੂੰਜੀ ਨੂੰ ਨਾਮ ਦਾ ਸਿਮਰਨ ਕਰਕੇ ਰੱਬੀ ਦਰਗਾਹ ਵਿਚ ਪੁੱਜਦੇ ਹਨ ਤਾਂ ਉਨ੍ਹਾਂ ਦਾ ਉਸ ਅਚੱਲ ਮਾਲਕ ਦੇ ਅਚੱਲ ਮਹਿਲ ਵਿਚ ਵਾਸਾ ਹੁੰਦਾ ਹੈ, ਜਿਥੇ ਜੰਮਣ ਮਰਣ ਦਾ ਚੱਕਰ ਮੁੱਕ ਜਾਂਦਾ ਹੈ ਅਤੇ ਉਹ ਸਦਾ ਹੀ ਅਬਿਨਾਸ਼ੀ ਸੁਖ ਦੇ ਖੇੜੇ ਵਿਚ ਰਹਿੰਦੇ ਹਨ। ਫੁਰਮਾਨ ਭੀ ਇਹੋ ਹੈ ਕਿ :

ਲਾਹੇ ਕਾਰਣਿ ਆਇਆ ਜਗਿ ॥ *(ਪੰਨਾ ੯੩੧)*

## ੯. ਗੁਰੂ ਦੇ ਸਿੱਖਾਂ ਦੀ ਮਰਿਆਦਾ ਸੱਚੀ ਹੈ

**੧. ਅੱਖੀਂ ਵੇਖ ਨ ਰੱਜੀਆਂ**
**ਬਹੁ ਰੰਗ ਤਮਾਸੇ।**
**੨. ਉਸਤਤਿ ਨਿੰਦਾ ਕੰਨ ਸੁਣ**
**ਰੋਵਣ ਤੇ ਹਾਸੇ।**
**੩. ਸਾਦੀਂ ਜੀਭ ਨ ਰੱਜੀਆ**
**ਕਰ ਭੋਗ ਬਿਲਾਸੇ।**
**੪. ਨੱਕ ਨ ਰੱਜਾ ਵਾਸ ਲੈ**
**ਦੁਰਗੰਧ ਸੁਵਾਸੇ।**
**੫. ਰੱਜ ਨ ਕੋਈ ਜੀਵਿਆ**
**ਕੂੜੇ ਭਰਵਾਸੇ।**
**੬. ਪੀਰ ਮੁਰੀਦਾਂ ਪਿਰਹੜੀ ਸੱਚੀ ਰਹਰਾਸੇ ॥੯॥**

***ਪਦ ਅਰਥ :*** ਭੋਗ—ਪਦਾਰਥ। ਸੁਵਾਸੇ—ਸੁਗੰਧੀ। ਭਰਵਾਸੇ—ਆਸਰੇ। ਰਹਰਾਸੇ—ਮਰਿਆਦਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਸਾਨੂੰ ਤਾਂ ਕੇਵਲ ਆਪਣੀ ਹੀ ਕਮਜ਼ੋਰੀ ਨਜ਼ਰ ਆਉਂਦੀ ਹੈ, ਕਿ ਸਾਡੇ ਜਿਤਨੇ ਭੀ ਸਰੀਰਕ ਇੰਦ੍ਰੇ ਹਨ, ਇਨ੍ਹਾਂ ਦੀ ਆਪੋ ਆਪਣੀ ਲਾਲਸਾ ਘਟਦੀ ਨਹੀਂ ਅਗੇ ਤੋਂ ਅਗੇ ਹੋਰ ਹੋਰ ਵਧਦੀ ਹੀ ਰਹਿੰਦੀ ਹੈ। ਕਿਉਂ ਜੀ! ਦਸੋਗੇ ਕਿ ਕੋਈ ਤੁਹਾਡੀਆਂ ਨਜ਼ਰਾਂ ਵਿਚ ਅਜਿਹਾ ਮਨੁੱਖ ਭੀ ਵੇਖਣ ਵਿਚ ਆਇਆ ਹੈ, ਜਿਨ੍ਹਾਂ ਦੇ ਸਰੀਰਕ ਇੰਦ੍ਰਿਆਂ ਨੂੰ

ਹਰ ਪੱਖੋਂ ਹੀ ਤ੍ਰਿਪਤੀ ਹੋ ਸਕੀ ਹੋਵੇ ਜੇ ਕੋਈ ਹੈ ਤਾਂ ਜਾਣਕਾਰੀ ਦਿਓ, ਧੰਨਵਾਦੀ ਹੋਵਾਂਗੇ ?

**ਉ:** ਹੇ ਭਾਈਓ ! ਜਦੋਂ ਅਸੀਂ ਗਹਿਰੀਆਂ ਨਜ਼ਰਾਂ ਦੁਆਰੇ ਤੱਕੀਏ ਤਾਂ ਵੇਖਣ ਵਿਚ ਇਉਂ ਹੀ ਆਉਂਦਾ ਹੈ ਕਿ ਉਸ ਸੰਸਾਰ ਦੇ ਕਰਤੇ ਨੇ ਇਸ ਸੰਸਾਰ ਦੇ ਮਾਇਕੀ ਪਦਾਰਥਾਂ ਵਿਚ ਅਜਿਹੀ ਕਸ਼ਸ਼ ਭਰ ਦਿਤੀ ਹੈ, ਜਿਸ ਦਾ ਸਦਕਾ ਹਰ ਮਨੁੱਖ ਦਾ ਮਨ ਸੁਭਾਵਕ ਹੀ ਖਿਚਿਆ ਜਾ ਰਿਹਾ ਹੈ। ਜਿਵੇਂ ਪਾਣੀ ਬਗ਼ੈਰ ਜਤਨ ਤੋਂ ਹੀ ਸੁਭਾਵਕ ਨਿਵਾਣ ਵੱਲ ਵੱਗੀ ਜਾਂਦਾ ਹੈ, ਇਸੇ ਤਰ੍ਹਾਂ ਹਰ ਸਰੀਰ ਦਾ ਇੰਦ੍ਰਾ ਆਪੋ ਆਪਣੇ ਵਿਕਾਰ ਵੱਲ ਨੂੰ ਟੁਰੀ ਜਾਂਦਾ ਹੈ।

ਪਰ ਮਨੁੱਖ ਦੇ ਇੰਦ੍ਰਿਆਂ ਨੂੰ ਇਨ੍ਹਾਂ ਵਿਕਾਰਾਂ ਵੱਲੋਂ ਰੋਕ ਰੱਖਣ ਦਾ ਉਪਾਉ ਜੋ ਬਾਣੀ ਵਿਚ ਫ਼ੁਰਮਾਇਆ ਹੈ ਉਸਨੂੰ ਵਰਤੋਂ ਵਿਚ ਲਿਆਉਣ ਵੱਲੋਂ ਇਹ ਸਦਾ ਹੀ ਆਲਸੀ ਰਹਿੰਦਾ ਹੈ, ਜੇ ਉਸਦੀ ਵਰਤੋਂ ਕੋਈ ਕਰ ਸਕੇ ਤਾਂ ਇਨ੍ਹਾਂ ਪਦਾਰਥਾਂ ਦੀ ਕਸ਼ਸ਼ ਵਿਚ ਰੋਕ ਥਾਮ ਹੋ ਸਕਦੀ ਹੈ, ਜਿਵੇਂ ਗੁਰਬਾਣੀ ਦਾ ਫ਼ੁਰਮਾਨ ਹੈ ਕਿ :

ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥
ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥
ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥
ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥੧॥

*(ਸਲੋਕ ਮ: ੫, ਪੰਨਾ ੫੧੭)*

ਚਰਣ ਤ ਪਰ ਸਕਯਥ
ਚਰਣ ਗੁਰ ਅਮਰ ਪਵਲਿਰਯ ॥
ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ ॥
ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ ॥
ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ ॥
ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ ॥
ਸਕਯਥੁ ਸੁ ਹੀਉ ਜਿਤੁ ਹੀਅ ਬਸੈ
ਗੁਰੁ ਅਮਰਦਾਸੁ ਨਿਜ ਜਗਤ ਪਿਤ ॥
ਸਕਯਥੁ ਸੁ ਸਿਰੁ ਜਾਲਪੁ ਭਣੈ
ਜੁ ਸਿਰੁ ਨਿਵੈ ਗੁਰ ਅਮਰ ਨਿਤ ॥੧॥੧੦॥

*(ਸਵਈਏ ਮ: ਤੀਜੇ ਕੇ, ਪੰਨਾ ੧੩੯੪)*

ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ ॥
ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ ॥
ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥
ਹਰਿਹਾਂ ਜਬ ਬਿਸਰੈ ਗੋਬਿਦ ਰਾਇ
ਦਿਨੋ ਦਿਨੁ ਘਟੀਐ ॥੧੪॥

*(ਫੁਨਹੇ ਮ: ੫, ਪੰਨਾ ੧੩੬੨)*

ਸ੍ਰਵਣੀ ਸੁਣੀਐ ਰਸਨਾ ਗਾਈਐ
ਹਿਰਦੈ ਧਿਆਈਐ ਸੋਈ ॥
ਕਰਣ ਕਾਰਣ ਸਮਰਥ ਸੁਆਮੀ
ਜਾ ਤੇ ਬ੍ਰਿਥਾ ਨ ਕੋਈ ॥੩॥

*(ਸੋਰਠਿ ਮਹਲਾ ੫, ਪੰਨਾ ੬੧੧)*

ਇਸ ਤਰ੍ਹਾਂ ਸਾਨੂੰ ਬਾਣੀ ਦੁਆਰੇ ਹੋਰ ਭੀ ਉਦਾਹਰਣ ਮਿਲਦੇ ਹਨ ਕਿ ਗੁਰੂ ਵੱਲ ਝੁਕਾਉ ਹੋਣ ਤੋਂ ਸਖਣੇ ਇਹ ਸਰੀਰ ਦੇ ਇੰਦ੍ਰੇ ਅਤ੍ਰਿਪਤ ਹੀ ਰਹਿੰਦੇ ਹਨ ਪਰ ਜਿਨ੍ਹਾਂ ਗੁਰਸਿੱਖਾਂ ਨੇ ਇਨ੍ਹਾਂ ਸਰੀਰਕ ਇੰਦ੍ਰਿਆਂ ਨੂੰ ਗੁਰੂ ਦੀ ਸੇਵਾ ਵਿਚ ਲਗਾ ਦਿਤਾ ਹੈ ਉਨ੍ਹਾਂ ਦੇ ਸਮੂੰਹ ਇੰਦ੍ਰੇ ਸਰੀਰ ਦੇ ਸਮੇਤ ਸਫਲ ਹੋ ਗਏ ਹਨ। ਸੋ, ਮੈਂ ਭੀ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਉਨ੍ਹਾਂ ਇੰਦ੍ਰਿਆਂ ਦਾ ਜ਼ਿਕਰ ਕੀਤਾ ਹੈ ਜੋ ਗੁਰੂ ਦੇ ਸੱਚੇ ਪਿਆਰ ਤੋਂ ਸੱਖਣੇ ਸਦਾ ਹੀ ਭੁਖੇ ਪਿਆਸੇ ਰਹਿ ਕੇ ਵਿਲਕਦੇ ਰਹਿੰਦੇ ਹਨ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਅੱਖਾਂ ਦੁਨੀਆ ਦੇ ਕਈ ਪ੍ਰਕਾਰ ਦੇ ਰੰਗ-ਤਮਾਸ਼ੇ ਵੇਖ ਕੇ ਵੀ ਨਹੀਂ ਰੱਜੀਆਂ।
(੨) ਉਸਤਤੀ, ਨਿੰਦਾ, ਰੋਣਾ ਤੇ ਹੱਸਣਾ ਸੁਣ ਕੇ ਕੰਨ ਨਹੀਂ ਰੱਜੇ।
(੩) ਜੀਭ ਖਾਣਿਆਂ ਦੇ ਸੁਆਦ ਚਖ ਚਖ ਕੇ ਨਹੀਂ ਰੱਜੀ (ਸਗੋਂ) ਪਦਾਰਥਾਂ ਦੇ ਸੁਆਦ ਲੈਣ ਵਿਚ ਅਨੰਦ ਮਾਣਦੀ ਹੈ।
(੪) ਦੁਰਗੰਧੀ ਤੇ ਸੁਗੰਧੀ ਦੀ ਵਾਸ਼ਨਾ ਲੈ ਕੇ ਨੱਕ ਵੀ ਨਹੀਂ ਰੱਜਿਆ।
(੫) ਕੋਈ ਜੀਵ ਲੰਮੀ ਉਮਰ ਭੋਗ ਕੇ ਵੀ ਨਹੀਂ ਰੱਜਿਆ, ਐਵੇਂ ਝੂਠੇ ਭਰੋਸਿਆਂ ਵਿਚ ਲੋਕ ਮਸਤ ਹੋਏ ਫਿਰਦੇ ਹਨ।
(੬) ਜਿਨ੍ਹਾਂ ਗੁਰਸਿੱਖਾਂ ਨੇ ਆਪਣੇ ਗੁਰੂ ਨਾਲ ਸੱਚੀ ਪ੍ਰੀਤ ਕੀਤੀ ਹੈ, ਉਨ੍ਹਾਂ ਦੀ ਮਰਿਆਦਾ ਸੱਚੀ ਹੈ (ਉਹ ਸਦਾ ਹੀ ਤ੍ਰਿਪਤ ਰਹਿੰਦੇ ਹਨ)।੬।

***ਭਾਵਾਰਥ :*** ਜਦੋਂ ਵੀਚਾਰ ਦ੍ਰਿਸ਼ਟੀ ਦੁਆਰੇ ਤੱਕੀਏ ਤਾਂ ਦਿਸ ਆਵੇਗਾ ਕਿ ਲੋਕ ਆਦਿ ਤੋਂ ਹੀ ਝੂਠੇ ਭਰੋਸਿਆਂ ਵਿਚ ਲਗੇ ਹੋਏ ਉਮਰਾਂ ਗੁਜ਼ਾਰਦੇ ਹੋਏ ਖ਼ਾਲੀ ਹੱਥ ਟੁਰਦੇ

ਜਾ ਰਹੇ ਹਨ, ਵਿਸ਼ਿਆਂ ਵੱਲੋਂ ਕਿਸੇ ਨੇ ਭੀ ਤ੍ਰਿਪਤੀ ਨਹੀਂ ਪਾਈ, ਪਰ ਇਕ ਗੁਰੂ ਨਾਲ ਸਿੱਖ ਦੀ ਸੱਚੀ ਪ੍ਰੀਤ ਹੈ, ਜੋ ਕਿ ਸਿੱਖ ਨੂੰ ਸਦੀਵੀ ਮਾਨਸਕ ਤ੍ਰਿਪਤੀ ਬਖ਼ਸ਼ਦੀ ਹੈ। ਸੋ, ਉਹ ਸਿੱਖ ਵਡਭਾਗੀ ਹਨ ਜੋ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਗੁਰੂ ਦੀ ਸ਼ਰਨ ਪ੍ਰਾਪਤ ਕਰਕੇ ਸਦੀਵੀ ਖ਼ੁਸ਼ੀਆਂ ਤੇ ਖੇੜੇ ਵਿਚ ਰਹਿੰਦੇ ਹੋਏ ਜੀਵਨ ਸਫਲਾ ਕਰ ਜਾਂਦੇ ਹਨ।

## ੧੦. ਅੰਗਾਂ ਦੀ ਸਫਲਤਾ ਲਈ ਗੁਰੂ ਦੀ ਸੇਵਾ ਹੀ ਸਫਲੀ ਹੈ

**੧. ਧ੍ਰਿਗ ਸਿਰ ਜੋ ਗੁਰ ਨਾ ਨਿਵੈ**
**ਗੁਰ ਲਗੈ ਨ ਚਰਣੀ।**
**੨. ਧ੍ਰਿਗੁ ਲੋਇਣ ਗੁਰ ਦਰਸ਼ ਵਿਣ**
**ਵੇਖੈ ਪਰ ਤਰਣੀ।**
**੩. ਧ੍ਰਿਗ ਸਰਵਣ ਉਪਦੇਸ਼ ਵਿਣ**
**ਗੁਰ ਸੁਰਤਿ ਨ ਧਰਣੀ।**
**੪. ਧ੍ਰਿਗ ਜਿਹਬਾ ਗੁਰ ਸ਼ਬਦ ਵਿਣ**
**ਹੋਰ ਮੰਤ੍ਰ ਸਿਮਰਣੀ।**
**੫. ਵਿਣ ਸੇਵਾ ਧ੍ਰਿਗ ਹੱਥ ਪੈਰ**
**ਹੋਰ ਨਿਹਫਲ ਕਰਣੀ।**
**੬. ਪੀਰ ਮੁਰੀਦਾਂ ਪਿਰਹੜੀ**
**ਸੁਖ ਸਤਿਗੁਰ ਸਰਣੀ ॥੧੦॥**

***ਪਦ ਅਰਥ :*** ਤਰਣੀ—ਇਸਤ੍ਰੀ। ਲੋਇਣ—ਅੱਖਾਂ। ਸਰਵਣ—ਕੰਨ। ਕਰਣੀ—ਕਾਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਤੁਸੀਂ ਭੀ ਵੇਖ ਹੀ ਰਹੇ ਹੋ ਕਿ ਅਸੀਂ ਗ੍ਰਿਹਸਤੀ ਲੋਕ ਦੁਨੀਆਦਾਰੀ ਦੇ ਧੰਦਿਆਂ ਵਿਚ ਦਿਨੇ ਰਾਤ ਖੱਚਤ ਰਹਿੰਦੇ ਹਾਂ, ਇਨ੍ਹਾਂ ਕਾਰੋਬਾਰਾਂ ਦੀ ਇਤਨੀ ਖਲਜਗਨ ਹੈ, ਭਾਵੇਂ ਅਸੀਂ ਚਾਹੁੰਦੇ ਭੀ ਹਾਂ ਕਿ ਕੁਝ ਸਮਾਂ ਕੱਢ ਕੇ ਗੁਰੂ ਦੇ ਦਰਬਾਰ ਵਿਚ ਪੁੱਜ ਕੇ ਗੁਰੂ ਦੀ ਚਰਨ ਸ਼ਰਨ ਵਿਚ ਜਾ ਸੀਸ ਨਿਵਾਈਏ ਤੇ ਗੁਰੂ ਦੀਆਂ ਖ਼ੁਸ਼ੀਆਂ ਹਾਸਲ ਕਰੀਏ, ਪਰ ਕੀਤਾ ਕੀ ਜਾਏ ਦੁਨੀਆਦਾਰੀ ਦੇ ਧੰਦਿਆਂ ਦੀ ਭਰਮਾਰ, ਖਾਣ, ਪੀਣ ਤੇ ਸੌਣ ਵਿਚ ਹੀ ਸਾਰਾ ਸਮਾਂ ਗੁਜ਼ਰ ਜਾਂਦਾ ਹੈ ਆਖ਼ਰ ਗੁਰੂ ਦੇ ਦਰ ਪੁੱਜ ਕੇ ਉਸ ਮਾਲਕ ਦੀ ਸ਼ੁਕਰ-ਗੁਜ਼ਾਰੀ ਕਰਨ ਦਾ ਸਮਾਂ ਹੀ ਨਹੀਂ ਮਿਲਦਾ। ਕਿਉਂ ਜੀ ! ਜੋ ਸਾਡੀ ਸ਼੍ਰੇਣੀ ਦੇ ਲੋਕ ਹਨ, ਉਨ੍ਹਾਂ ਬਾਰੇ ਦਸੋਗੇ ਕਿ ਤੁਸੀਂ ਕੀ ਕਹਿਣਾ ਚਾਹੋਗੇ, ਹੋ ਸਕਦਾ ਹੈ ਕਿ ਤੁਹਾਡੇ ਵੀਚਾਰ ਸੁਣ ਕੇ ਸਾਡੇ ਮਨਾਂ ਵਿਚ ਭੀ ਕੁਝ ਚੰਗੇ ਵੀਚਾਰਾਂ ਦਾ ਜਨਮ ਹੋ ਜਾਏ ?

ਉ: ਹੇ ਭਾਈਓ ! ਮੈਂ ਤਾਂ ਇਉਂ ਹੀ ਕਹਾਂਗਾ ਕਿ ਮੇਰੇ ਵੱਲੋਂ ਤਾਂ ਕੁਝ ਸ਼ਬਦ ਕਹਿਣ ਦੀ ਲੋੜ ਹੀ ਨਹੀਂ ਕਿਉਂਕਿ ਸਾਡੇ ਪਾਸ ਗੁਰੂ ਦਾ ਬਖ਼ਸ਼ਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਤਨਾ ਵੱਡਾ ਭੰਡਾਰਾ ਹੈ ਕਿ ਜਿਸ ਵਿਚੋਂ ਹਰ ਤਰ੍ਹਾਂ ਦੇ ਪ੍ਰਸ਼ਨ ਦਾ ਉੱਤਰ ਮਿਲਦਾ ਹੈ। ਜੇ ਕਦੀ ਤੁਹਾਡੀ ਸ਼੍ਰੇਣੀ ਦੇ ਲੋਕਾਂ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁੱਛਿਆ ਜਾਏ ਕਿ ਐਸੇ ਲੋਕਾਂ ਦੇ ਸੰਬੰਧ ਵਿਚ ਆਗਿਆ ਕਰੋ ਤੁਸੀਂ ਕੀ ਹੁਕਮ ਫ਼ੁਰਮਾਨ ਕਰੋਗੇ, ਜੋ ਲੋਕ ਅਠੇ ਪਹਿਰ ਧੰਦਿਆਂ ਵਿਚ ਖੱਚਤ ਹੋਏ ਖਾਣ, ਪੀਣ ਤੇ ਸੌਣ ਵਿਚ ਹੀ ਸਮਾਂ ਗੁਜ਼ਾਰੀ ਜਾਂਦੇ ਹਨ, ਤਾਂ ਆਪ ਜੀ ਦਾ ਅਜਿਹੇ ਲੋਕਾਂ ਬਾਰੇ ਇਹ ਫ਼ੁਰਮਾਨ ਹੈ ਕਿ ਹੇ ਭਾਈਓ ! ਐਸੇ ਲੋਕਾਂ ਦਾ ਤਾਂ ਜੀਵਨ ਹੀ ਧ੍ਰਿਕਾਰ ਹੈ, ਜਿਵੇਂ ਕਿ ਗੁਰੂ ਫ਼ੁਰਮਾਨ ਹੈ :

ਸਤਿਗੁਰ ਸਿਉ ਚਿਤੁ ਨ ਲਾਇਓ
ਨਾਮੁ ਨ ਵਸਿਓ ਮਨਿ ਆਇ॥
ਧ੍ਰਿਗੁ ਇਵੇਹਾ ਜੀਵਿਆ
ਕਿਆ ਜੁਗ ਮਹਿ ਪਾਇਆ ਆਇ॥

*(ਪਉੜੀ, ਪੰਨਾ ੫੧੦)*

ਧ੍ਰਿਗੁ ਇਵੇਹਾ ਜੀਵਣਾ ਜਿਤੁ ਹਰਿ ਪ੍ਰੀਤਿ ਨ ਪਾਇ॥
ਜਿਤੁ ਕੰਮਿ ਹਰਿ ਵੀਸਰੈ ਦੂਜੈ ਲਗੈ ਜਾਇ॥੧॥

*(ਗੁਜਰੀ ਮਹਲਾ ੩, ਪੰਨਾ ੪੯੦)*

ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ
ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ॥
ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ
ਜਿਤੁ ਹੁਣਿ ਖਸਮੁ ਨ ਪਾਇਆ॥
ਪਉੜੀ ਛੁੜਕੀ ਫਿਰਿ ਹਾਥਿ ਨ ਆਵੈ
ਅਹਿਲਾ ਜਨਮੁ ਗਵਾਇਆ॥

*(ਬਿਲਾਵਲ ਮ: ੩, ਪੰਨਾ ੭੯੬)*

ਧ੍ਰਿਗੁ ਖਾਣਾ ਧ੍ਰਿਗੁ ਪੈਨ੍ਣਾ ਜਿਨਾ ਦੂਜੈ ਭਾਇ ਪਿਆਰੁ॥
ਬਿਸਟਾ ਕੇ ਕੀੜੇ ਬਿਸਟਾ ਰਾਤੇ ਮਰਿ ਜੰਮਹਿ ਹੋਹਿ ਖੁਆਰੁ ॥੫॥

*(ਪ੍ਰਭਾਤੀ ਮਹਲਾ ੩, ਪੰਨਾ ੧੩੪੭)*

ਧ੍ਰਿਗੁ ਜੀਵਣੁ ਸੰਸਾਰ ਸਚੇ ਨਾਮੁ ਬਿਨੁ ॥
*(ਪਉੜੀ, ਪੰਨਾ ੬੫੬)*

ਸਤਿਗੁਰੁ ਨ ਸੇਵੇ ਸੋ ਕਾਹੇ ਆਇਆ ॥
ਧ੍ਰਿਗੁ ਜੀਵਣੁ ਬਿਰਥਾ ਜਨਮੁ ਗਵਾਇਆ ॥
ਮਨਮੁਖਿ ਨਾਮੁ ਚਿਤਿ ਨ ਆਵੈ
ਬਿਨੁ ਨਾਵੈ ਬਹੁ ਦੁਖੁ ਪਾਵਣਿਆ ॥੭॥
*(ਮਾਝ ਮ: ੩, ਪੰਨਾ ੧੨੯)*

ਧ੍ਰਿਗੁ ਤਨੁ ਧ੍ਰਿਗੁ ਧਨੁ ਧ੍ਰਿਗੁ ਇਹ ਮਾਇਆ
ਧ੍ਰਿਗੁ ਧ੍ਰਿਗੁ ਮਤਿ ਬੁਧਿ ਫੰਨੀ ॥
ਇਸ ਮਾਇਆ ਕਉ ਦ੍ਰਿੜੁ ਕਰਿ ਰਾਖਹੁ
ਬਾਂਧੇ ਆਪ ਬਚੰਨੀ ॥੧॥ *(ਬਿਲਾਵਲੁ, ਪੰਨਾ ੮੫੭)*

ਧ੍ਰਿਗੁ ਬਹੁ ਜੀਵਣੁ ਜਿਤੁ ਹਰਿ
ਨਾਮਿ ਨ ਲਗੈ ਪਿਆਰੁ ॥
ਧ੍ਰਿਗੁ ਸੇਜ ਸੁਖਾਲੀ ਕਾਮਣਿ ਮੋਹ ਗੁਬਾਰੁ ॥
*(ਗਉੜੀ ਮਹਲਾ ੩, ਪੰਨਾ ੨੩੩)*

ਇਸ ਤੋਂ ਆਦਿ ਬਾਣੀ ਵਿਚੋਂ ਸਾਨੂੰ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਵਿਚੋਂ ਇਹ ਬੋਧ ਮਿਲਦਾ ਹੈ ਕਿ ਜੋ ਮਨੁੱਖ ਗੁਰੂ ਦੀ ਕ੍ਰਿਪਾ ਦਾ ਸਦਕਾ ਸਾਰੇ ਮਾਇਕੀ ਸੁਖ ਪ੍ਰਾਪਤ ਕਰਕੇ ਭੀ ਗੁਰੂ ਦੀ ਚਰਨ ਸ਼ਰਨ ਵਿਚ ਆਉਣ ਵੱਲੋਂ ਸੱਖਣਾ ਹੈ ਉਸਦੇ ਸਾਰੇ ਸਰੀਰਕ ਅੰਗ ਧ੍ਰਿਕਾਰ ਜੋਗ ਹਨ। ਪਰ ਸਿੱਖ ਦੀ ਪ੍ਰੀਤ ਗੁਰੂ ਦੇ ਚਰਨਾਂ ਨਾਲ ਸਦਾ ਹੀ ਜੁੜੀ ਰਹਿੰਦੀ ਹੈ, ਜਿਸਦਾ ਸਦਕਾ ਉਸਨੂੰ ਸਦੀਵੀ ਖੇੜਾ ਬਣਿਆ ਰਹਿੰਦਾ ਹੈ। ਸੋ, ਮੈਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸੇ ਭਾਵ ਨੂੰ ਇਸ ਪਉੜੀ ਦੀਆਂ ਚੰਦ ਪੰਗਤੀਆਂ ਵਿਚ ਉੱਕਰਿਆ ਹੈ :

(੧) (ਹੇ ਭਾਈਓ! ਬਾਣੀ ਤਾਂ ਬਾਰ ਬਾਰ ਇਹੋ ਫ਼ੁਰਮਾਨ ਕਰਦੀ ਹੈ ਕਿ) ਉਸ ਸਿਰ ਨੂੰ ਧ੍ਰਿਕਾਰ ਹੈ, ਜੋ ਸਤਿਗੁਰੂ ਅਗੇ ਨਿੰਵਦਾ ਨਹੀਂ ਤੇ ਉਹਨਾਂ ਦੇ ਚਰਨਾਂ 'ਤੇ ਨਮਸਕਾਰ ਨਹੀਂ ਕਰਦਾ।

(੨) ਉਨ੍ਹਾਂ ਅੱਖਾਂ ਨੂੰ ਭੀ ਧ੍ਰਿਕਾਰ ਹੈ, ਜੋ ਗੁਰੂ ਦੇ ਦਰਸ਼ਨ ਕਰਨ ਦੀ ਥਾਂ ਪਰਾਈਆਂ ਇਸਤ੍ਰੀਆਂ ਨੂੰ (ਮੰਦ-ਦ੍ਰਿਸ਼ਟੀ ਨਾਲ) ਵੇਖਦੀਆਂ ਹਨ।

(੩) ਉਹ ਕੰਨ ਵੀ ਧ੍ਰਿਗ ਹਨ, ਜੋ ਗੁਰੂ ਉਪਦੇਸ਼ ਸੁਣ ਕੇ ਉਨ੍ਹਾਂ ਵੱਲ ਆਪਣੀ ਸੁਰਤੀ ਨਹੀਂ ਧਰਦੇ।

(੪) ਉਸ ਜੀਭ ਨੂੰ ਵੀ ਧ੍ਰਿਕਾਰ ਹੈ, ਜੋ ਗੁਰੂ ਦੇ ਸ਼ਬਦ ਤੋਂ ਬਿਨਾ ਕਿਸੇ ਹੋਰ ਮੰਤ੍ਰ ਨੂੰ ਸਿਮਰਦੀ ਹੈ।

(੫) ਉਹ ਹੱਥ ਤੇ ਪੈਰ ਵੀ ਧ੍ਰਿਗ ਹਨ, ਜੋ ਸੇਵਾ ਤੋਂ ਬਿਨਾਂ ਹੋਰ ਫ਼ਜ਼ੂਲ ਕਰਨੀਆਂ ਵਿਚ ਲੱਗੇ ਰਹਿੰਦੇ ਹਨ।

(੬) ਗੁਰੂ ਤੇ ਸਿੱਖ ਦੀ ਪ੍ਰੀਤ ਸੱਚੀ ਹੈ, ਗੁਰੂ ਦੀ ਸ਼ਰਨ ਪਿਆਂ ਸਿੱਖ ਨੂੰ ਆਤਮਕ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ।੧੦।

***ਭਾਵਾਰਥ :*** ਇਸ ਪਉੜੀ ਵਿਚ ਭਾਈ ਸਾਹਿਬ ਜੀ ਉਨ੍ਹਾਂ ਗੁਰਸਿੱਖਾਂ ਦਾ ਜ਼ਿਕਰ ਕਰਦੇ ਹਨ ਜੋ ਸਦਾ ਹੀ ਸਤਿਗੁਰ ਨਾਲ ਪ੍ਰੀਤ ਕਰਦੇ ਹਨ, ਉਨ੍ਹਾਂ ਸਿੱਖਾਂ ਦੇ ਸਿਰ, ਨੱਕ, ਕੰਨ, ਜੀਭ, ਹੱਥ, ਪੈਰ ਆਦਿ ਸਾਰੇ ਸਫਲ ਹੋ ਜਾਂਦੇ ਹਨ, ਕਿਉਂਕਿ ਗੁਰ ਪਰਮੇਸ਼ਰ ਨਾਲ ਪਿਆਰ ਕਰਨ ਵਾਲਿਆਂ ਦੀ ਜਿਥੇ ਬ੍ਰਿਤੀ ਬ੍ਰਹਮਾਕਾਰ ਹੋ ਜਾਂਦੀ ਹੈ ਉਥੇ ਉਨ੍ਹਾਂ ਦੇ ਇੰਦ੍ਰੇ ਭੀ ਬ੍ਰਹਮਾਕਾਰ ਹੋ ਜਾਂਦੇ ਹਨ, ਉਹ ਸੰਸਾਰ ਵਿਚ ਉਪਕਾਰ ਤੋਂ ਸਿਵਾ ਕੁੱਛ ਨਹੀਂ ਕਰਦੇ। ਪਰ ਗੁਰੂ ਤੋਂ ਬੇਮੁਖ ਇੰਦ੍ਰੇ ਨਾ ਉਪਕਾਰ ਕਰਦੇ ਹਨ ਅਤੇ ਨਾ ਹੀ ਵਿਸ਼ੇ ਵਾਸ਼ਨਾ ਦੀ ਦਲਦਲ ਵਿਚੋਂ ਹੀ ਨਿਕਲਦੇ ਹਨ, ਉਨ੍ਹਾਂ ਦਾ ਜੀਵਨ ਤਾਂ ਬਾਣੀ ਅਨੁਸਾਰ ਅਜਿਹਾ ਹੀ ਹੈ :

ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥
*(ਸਲੋਕ, ਪੰਨਾ ੨੫੧)*

## ੧੧. *ਗੁਰਮੁਖਾਂ ਦੀ ਸੱਚੀ ਲਗਨ*

**੧. ਹੋਰਤ ਰੰਗ ਨ ਰੱਚੀਐ**
**ਸਭ ਕੂੜ ਦਿਸੰਦਾ।**
**੨ ਹੋਰਤ ਸਾਦ ਨ ਲੱਗੀਐ**
**ਹੋਇ ਵਿੱਸੁਲ ਗੰਦਾ।**
**੩. ਹੋਰਤ ਰਾਗ ਨ ਰੀਝੀਐ**
**ਸੁਣ ਸੁਖ ਨ ਲਹੰਦਾ।**
**੪. ਹੋਰ ਬੁਰੀ ਕਰਤੂਤ ਹੈ**
**ਲੱਗੈ ਫਲ ਮੰਦਾ।**
**੫. ਹੋਰਤ ਪੰਥ ਨ ਚੱਲੀਐ**
**ਠੱਗ ਚੋਰ ਮੁਹੰਦਾ।**
**੬. ਪੀਰ ਮੁਰੀਦਾਂ ਪਿਰਹੜੀ ਸਚ ਸੱਚ ਮਿਲੰਦਾ॥੧੧॥**

***ਪਦ ਅਰਥ :*** ਰੱਚੀਐ—ਲੱਗੀਏ। ਵਿੱਸੁਲ ਗੰਦਾ—ਜ਼ਹਿਰ ਦੀਆਂ ਗੰਦਲਾਂ। ਰੀਝੀਐ—ਪ੍ਰਸੰਨ ਹੋਈਏ। ਲਹੰਦਾ—ਮਿਲਦਾ। ਮੁਹੰਦਾ—ਠੱਗਦੇ ਹਨ।

**ਅਰਥ :**

ਪ੍ਰ: ਭਾਈ ਸਾਹਿਬ ਜੀਉ! ਉਂਞ ਤਾਂ ਆਪ ਜੀ ਸਾਨੂੰ ਗੁਰਮਤ ਦੇ ਵੀਚਾਰਾਂ ਤੋਂ ਸਦਾ ਹੀ ਜਾਣੂ ਕਰਾਉਂਦੇ ਰਹਿੰਦੇ ਹੋ, ਅਸੀਂ ਆਪ ਜੀ ਦੇ ਸ਼ੁਕਰ-ਗੁਜ਼ਾਰ ਹਾਂ। ਪਰ, ਕੁਝ ਕੁ ਗੁਰਮਤ ਦੇ ਅਜਿਹੇ ਵੀਚਾਰਾਂ ਤੋਂ ਭੀ ਸਾਨੂੰ ਜਾਣੂ ਕਰਾਓ, ਜਿਨ੍ਹਾਂ ਤੋਂ ਮਨੁੱਖ-ਮਾਤ੍ਰ ਨੂੰ ਕਰਨ ਵੱਲੋਂ ਸਦਾ ਹੀ ਹਿਦਾਇਤ ਕੀਤੀ ਗਈ ਹੋਵੇ ਤੇ ਜਿਨ੍ਹਾਂ ਤੋਂ ਅਸੀਂ ਜੀਵਨ ਭਰ ਸੇਧ ਲੈਂਦੇ ਰਹੀਏ?

ਉ: ਹੇ ਭਾਈਓ! ਮੈਨੂੰ ਸੰਪੂਰਨ ਬਾਣੀ ਲਿਖਣ ਤੇ ਵੀਚਾਰ ਕਰਦੇ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ ਹੈ, ਸਤਿਗੁਰੂ ਜੀ ਨੇ ਸੰਪੂਰਨ ਬਾਣੀ ਵਿਚ ਮਨੁੱਖ-ਮਾਤ੍ਰ ਨੂੰ ਸੱਚੇ ਨਾਮ ਰੰਗ ਵਿਚ ਰੰਗੇ ਰਹਿਣ ਦੀ ਪ੍ਰੇਰਨਾ ਕੀਤੀ ਹੈ ਕਿਉਂਕਿ ਇਹ ਸੱਚਾ ਰੰਗ ਸੱਚੇ ਪ੍ਰਭੂ ਵਿਚ ਅਭੇਦ ਕਰਦਾ ਹੈ ਬਾਕੀ ਜੋ ਮਾਇਕੀ ਕੱਚੇ ਰੰਗ ਕੁਸੁੰਭੇ ਦੀ ਨਿਆਈਂ ਹਨ, ਇਹ ਸ਼ੀਘਰ ਹੀ ਲਹਿ ਜਾਂਦੇ ਹਨ, ਜਿਵੇਂ ਕਿ ਬਾਣੀ ਵਿਚ ਫ਼ੁਰਮਾਨ ਆਇਆ ਹੈ ਕਿ :

ਕਚਾ ਰੰਗੁ ਕਸੁੰਭ ਕਾ ਥੋੜੜਿਆ ਦਿਨ ਚਾਰਿ ਜੀਉ ॥
ਵਿਣੁ ਨਾਵੈ ਭ੍ਰਮਿ ਭੁਲੀਆ
ਠਗਿ ਮੁਠੀ ਕੂੜਿਆਰਿ ਜੀਉ ॥

*(ਸੂਹੀ ਮਹਲਾ ੧, ਪੰਨਾ ੭੫੧)*

ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ ॥
ਅਢੁ ਨ ਲਹੰਦੜੋ ਮੁਲੁ
ਨਾਨਕ ਸਾਥਿ ਨ ਜੁਲਈ ਮਾਇਆ ॥੨॥

*(ਪਉੜੀ, ਪੰਨਾ ੭੦੮)*

ਇਸ ਤੋਂ ਆਦਿ ਬਾਣੀ ਵਿਚੋਂ ਸਾਨੂੰ ਹੋਰ ਭੀ ਬਹੁਤ ਸਾਰੇ ਪ੍ਰਮਾਣ ਮਿਲਦੇ ਹਨ ਕਿ ਸਾਰੇ ਮਾਇਕੀ ਪਦਾਰਥਕ ਰੰਗ ਕੁਸੁੰਭੇ ਦੀ ਨਿਆਈਂ ਜਾਂ ਤੁਮੇ ਦੇ ਫਲ ਦੀ ਤਰ੍ਹਾਂ ਹਨ, ਪਰ ਇਹ ਰੰਗ ਚਾਰ ਕੁ ਦਿਨਾਂ ਲਈ ਵੇਖਣ ਨੂੰ ਤਾਂ ਸੋਹਣੇ ਲਗਦੇ ਹਨ, ਆਖ਼ਰ ਨੂੰ ਇਨ੍ਹਾਂ ਦੀ ਕੀਮਤ ਅੱਧੀ ਕੌਡੀ ਭੀ ਨਹੀਂ ਹੋਇਆ ਕਰਦੀ। ਇਸ ਗੁਰਬਾਣੀ ਦੇ ਭਾਵ ਨੂੰ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਅੰਕਤ ਕੀਤਾ ਹੈ, ਜਿਸ ਵਿਚ ਹਰ ਮਨੁੱਖ-ਮਾਤ੍ਰ ਨੂੰ ਹਿਦਾਇਤ ਦਿਤੀ ਗਈ ਹੈ ਕਿ :

(੧) (ਹੇ ਭਾਈਓ! ਸੰਸਾਰ ਦੇ) ਹੋਰ ਰੰਗਾਂ ਰਸਾਂ ਵਿਚ ਨ ਲੱਗੀਏ, ਕਿਉਂਕਿ ਇਹ ਸਾਰੇ ਰਸ ਝੂਠੇ ਦਿਸਦੇ ਹਨ।

(੨) (ਅਤੇ) ਕਿਸੇ ਹੋਰ ਸੰਸਾਰਕ ਸੁਆਦ ਵਿਚ ਨ ਲੱਗੀਏ, ਕਿਉਂਕਿ ਸਭ ਦੁਨਿਆਵੀ ਸੁਆਦ ਜ਼ਹਿਰ ਦੀਆਂ ਗੰਦਲਾਂ ਵਾਂਗੂੰ ਜ਼ਹਿਰੀਲੇ ਹਨ।

(੩) (ਗੁਰੂ ਦੇ ਸ਼ਬਦ ਨੂੰ ਛੱਡ ਕੇ) ਕਿਸੇ ਹੋਰ ਰਾਗ ਵਿਚ ਮਸਤ ਨ ਹੋਈਏ, ਕਿਉਂਕਿ ਸੰਸਾਰਕ ਰਾਗਾਂ ਤੋਂ (ਆਤਮਕ) ਸੁਖ ਨਹੀਂ ਮਿਲਦਾ।

(੪) ਹੋਰ ਕਰਮ ਸਭ ਬੁਰੇ ਹਨ, ਉਨ੍ਹਾਂ ਨੂੰ ਮੰਦਾ ਫਲ ਹੀ ਲਗਦਾ ਹੈ।

(੫) (ਗੁਰਮੁਖਾਂ ਦਾ ਮਾਰਗ ਛੱਡ ਕੇ) ਕਿਸੇ ਹੋਰ ਰਸਤੇ ਉਪਰ ਨ ਚਲੀਏ, ਕਿਉਂਕਿ ਕਾਮ, ਕ੍ਰੋਧ ਆਦਿ ਠੱਗ, ਸ਼ੁਭ ਗੁਣਾਂ ਰੂਪੀ ਦੌਲਤ ਲੁੱਟ ਲੈਂਦੇ ਹਨ।

(੬) (ਲਾਭਕਾਰੀ ਮਾਰਗ ਇਹੋ ਹੈ ਕਿ) ਸਿੱਖ ਆਪਣੇ ਗੁਰੂ ਨਾਲ ਸੱਚੀ ਪ੍ਰੀਤ ਕਰੇ, ਜਿਸ ਕਰਕੇ ਉਸ ਨੂੰ ਸੱਚ (ਪ੍ਰਭੂ) ਮਿਲ ਪੈਂਦਾ ਹੈ।੧੧।

***ਭਾਵਾਰਥ :*** ਹੋਰ ਜੋ ਸਾਰੇ ਹੀ ਰੰਗ ਮੋਹ ਲੈਣ ਵਾਲੇ ਹਨ ਇਨ੍ਹਾਂ ਦੀ ਲਗਨ ਮਨੁੱਖ ਨੂੰ 'ਕਿਰਤ' ਵਿਚ ਹੀ ਫਸਾਉਂਦੀ ਹੈ ਇਸ ਲਈ ਇਹ ਸਾਰੇ ਹੀ ਵਿਹੁ ਰੂਪ ਹਨ, ਪਰ ਇਕ ਗੁਰੂ ਦੀ ਹੀ ਪ੍ਰੀਤ ਹੈ ਜੋ ਸੱਚੇ ਵਾਹਿਗੁਰੂ 'ਕਰਤਾ' ਨਾਲ ਮਿਲਾਉਂਦੀ ਹੈ, ਇਸ ਲਈ ਹਰ ਮਨੁੱਖ-ਮਾਤ੍ਰ ਨੂੰ ਇਸੇ ਗੁਰੂ ਪ੍ਰੀਤ ਦਾ ਹੀ ਗ੍ਰਹਿਣ ਕਰਨਾ ਚਾਹੀਦਾ ਹੈ। ਜੋ ਗੁਰੂ ਪ੍ਰੀਤ ਹੀ ਲੋਕ ਪ੍ਰਲੋਕ ਵਿਚ ਸਾਥ ਨਿਭਦੀ ਹੈ।

## ੧੨. ਗੁਰੂ ਨਾਲ ਸਿੱਖ ਦੀ ਪ੍ਰੀਤ ਗੁਣਵਾਨ ਬਣਾਉਂਦੀ ਹੈ

**੧. ਦੂਜੀ ਆਸ ਵਿਣਾਸ ਹੈ
ਪੂਰੀ ਕਿਉਂ ਹੋਵੈ।
੨. ਦੂਜਾ ਮੋਹ ਸੁ ਧ੍ਰੋਹ ਹੈ
ਸਭ ਅੰਤ ਵਿਗੋਵੈ।
੩. ਦੂਜਾ ਕਰਮ ਸੁ ਭਰਮ ਹੈ
ਕਰ ਅਵਗੁਣ ਰੋਵੈ।
੪. ਦੂਜਾ ਸੰਗ ਕੁਢੰਗ ਹੈ
ਕਿਉਂ ਭਰਿਆ ਧੋਵੈ।
੫. ਦੂਜਾ ਭਾਉ ਕੁਦਾਉ ਹੈ
ਹਾਰ ਜਨਮ ਖਲੋਵੈ।
੬. ਪੀਰ ਮੁਰੀਦਾਂ ਪਿਰਹੜੀ ਗੁਣ ਗੁਣੀ ਪਰੋਵੈ ॥੧੨॥**

**ਪਦ ਅਰਥ :** ਵਿਣਾਸ—ਨਾਸ। ਧ੍ਰੋਹ—ਛਲ। ਕੁਦਾਉ—ਖੋਟਾ ਦਾਅ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਇਹ ਤਾਂ ਲੋਕਾਂ ਦੀ ਆਮ ਹੀ ਕਹਾਵਤ ਹੈ ਕਿ 'ਜਬ ਲਗ ਸੁਆਸ ਤਬ ਲਗ ਆਸ' ਪਰ ਮਨ ਵਿਚ ਆਸਾਂ ਦਾ ਵੇਗ ਤਾਂ ਸਦਾ ਵੱਗਦਾ ਹੀ ਰਹਿੰਦਾ ਹੈ, ਕਿਉਂ ਜੀ, ਦਸੋਗੇ ਕਿ ਗੁਰਮਤ ਅਨੁਸਾਰ ਉਹ ਕਿਹੜੀ ਸੁਖਰੂਪ ਆਸ ਹੈ ਜਿਸ ਦਾ ਮਨੁੱਖ ਨੂੰ ਸਦਾ ਹੀ ਧਾਰਨੀ ਹੋਣਾ ਚਾਹੀਦਾ ਹੈ ?

ਉ: ਹੇ ਭਾਈਓ ! ਇਸ ਭਾਵ ਨੂੰ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਭੀ ਪ੍ਰਗਟਾਇਆ ਹੈ ਕਿ ਹਰ ਮਨੁੱਖ ਦੀਆਂ ਭਿੰਨ ਭਿੰਨ ਆਸਾਵਾਂ ਹਨ, ਜਿਨ੍ਹਾਂ ਵਿਚ ਹਰ ਜੀਵ ਹੀ ਗਲਤਾਨ ਰਹਿੰਦਾ ਹੈ, ਜਿਵੇਂ ਕਿ ਗੁਰੂ ਫੁਰਮਾਨ ਹੈ ਕਿ :

ਆਸਾ ਆਸ ਕਰੇ ਸਭੁ ਕੋਈ ॥
ਹੁਕਮੈ ਬੂਝੈ ਨਿਰਾਸਾ ਹੋਈ ॥
ਆਸਾ ਵਿਚਿ ਸੁਤੇ ਕਈ ਲੋਈ ॥
ਸੋ ਜਾਗੈ ਜਾਗਾਵੈ ਸੋਈ ॥੧॥

*(ਆਸਾ ਮਹਲਾ ੩, ਪੰਨਾ ੪੨੩)*

ਧੀਆ ਪੂਤ ਛੋਡਿ ਸੰਨਿਆਸੀ
ਆਸਾ ਆਸ ਮਨਿ ਬਹੁਤੁ ਕਰਈਆ ॥
ਆਸਾ ਆਸ ਕਰੈ ਨਹੀ ਬੂਝੈ
ਗੁਰ ਕੈ ਸਬਦਿ ਨਿਰਾਸ ਸੁਖੁ ਲਹੀਆ ॥੩॥

*(ਬਿਲਾਵਲੁ ਮ: ੪, ਪੰਨਾ ੮੩੫)*

ਆਸਾ ਅੰਦੇਸਾ ਬੰਧਿ ਪਰਾਨਾ ॥
ਮਹਲੁ ਨ ਪਾਵੈ ਫਿਰਤ ਬਿਗਾਨਾ ॥੫॥

*(ਸੂਹੀ ਮ: ੫, ਪੰਨਾ ੭੫੯)*

ਆਸਾ ਅੰਦਰਿ ਸਭੁ ਕੋ ਕੋਇ ਨਿਰਾਸਾ ਹੋਇ ॥
ਨਾਨਕ ਜੋ ਮਰਿ ਜੀਵਿਆ
ਸਹਿਲਾ ਆਇਆ ਸੋਇ ॥੧॥ *(ਸਲੋਕ ਮ: ੩, ਪੰਨਾ ੯੫੬)*

ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ ॥
ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ ॥

*(ਸਿਰੀ ਰਾਗੁ ਮਹਲਾ ੧, ਪੰਨਾ ੬੧)*

ਆਸਾ ਸਭੇ ਲਾਹਿ ਕੈ ਇਕਾ ਆਸ ਕਮਾਉ ॥
ਜਿਨੀ ਸਤਿਗੁਰੁ ਸੇਵਿਆ
ਤਿਨ ਅਗੈ ਮਿਲਿਆ ਥਾਉ ॥੧॥

*(ਸਿਰੀ ਰਾਗੁ ਮਹਲਾ ੫, ਪੰਨਾ ੪੩)*

ਆਸ ਕਰੇ ਸਭੁ ਲੋਕੁ ਬਹੁ ਜੀਵਣੁ ਜਾਣਿਆ ॥
ਨਿਤ ਜੀਵਣ ਕਉ ਚਿਤੁ ਗੜ੍ਹ ਮੰਡਪ ਸਵਾਰਿਆ ॥

*(ਪਉੜੀ, ਪੰਨਾ ੧੨੪੮)*

ਆਸਾ ਕਰਤਾ ਜਗੁ ਮੁਆ ਆਸਾ ਮਰੈ ਨ ਜਾਇ ॥
ਨਾਨਕ ਆਸਾ ਪੂਰੀਆ ਸਚੇ ਸਿਉ ਚਿਤੁ ਲਾਇ ॥੧॥

*(ਸਲੋਕ ਮ: ੩, ਪੰਨਾ ੫੧੭)*

ਅਪਨਾ ਮੀਤੁ ਸੁਆਮੀ ਗਾਈਐ ॥
ਆਸ ਨ ਅਵਰ ਕਾਹੂ ਕੀ ਕੀਜੈ
ਸੁਖਦਾਤਾ ਪ੍ਰਭੁ ਧਿਆਈਐ ॥੧॥ਰਹਾਉ॥

*(ਸਾਰਗ ਮਹਲਾ ੫, ਪੰਨਾ ੧੨੧੪)*

ਇਸ ਤੋਂ ਆਦਿ ਸਾਨੂੰ ਗੁਰਬਾਣੀ ਵਿਚੋਂ ਹੋਰ ਭੀ ਬਹੁਤ ਪ੍ਰਮਾਣ ਮਿਲਦੇ ਹਨ, ਜਿਨ੍ਹਾਂ ਦੁਆਰੇ ਇਹੋ ਬੋਧ ਮਿਲਦਾ ਹੈ ਕਿ ਸਾਰਾ ਹੀ ਸੰਸਾਰ ਮਾਇਕੀ ਪਦਾਰਥਾਂ ਦੀ ਆਸਾ ਵਿਚ ਲੱਗਾ ਹੋਇਆ ਦਿਨੇ ਰਾਤ ਕਲਪਦਾ ਰਹਿੰਦਾ ਹੈ ਕਿਉਂਕਿ ਜਿਉਂ ਜਿਉਂ ਮਨੁੱਖ ਦੀਆਂ ਕੁਝ ਆਸਾਵਾਂ ਪੂਰੀਆਂ ਹੁੰਦੀਆਂ ਹਨ, ਤਿਉਂ ਤਿਉਂ ਅਗੇ ਤੋਂ ਅਗੇ ਆਸਾਂ ਵਿਚ ਹੋਰ ਵਾਧਾ ਹੁੰਦਾ ਜਾਂਦਾ ਹੈ। ਜਿਵੇਂ ਜਿਵੇਂ ਆਸਾ ਵਧਦੀਆਂ ਹਨ ਤਿਵੇਂ ਤਿਵੇਂ ਅਗੋਂ ਹੋਰ ਹੋਰ ਦੁਖਾਂ ਦਾ ਜਨਮ ਹੁੰਦਾ ਰਹਿੰਦਾ ਹੈ, ਆਖ਼ਰ ਫਲ ਏਹੋ ਮਿਲਦਾ ਹੈ ਕਿ ਮਨੁੱਖ ਦੀ ਉਮਰ ਦਿਨੋ ਦਿਨ ਘਟਦੀ ਜਾਂਦੀ ਹੈ, ਪਰ ਮਨ ਵਿਚ ਵਾਸ਼ਨਾ ਦਾ ਵੇਗ ਵਧਦਾ ਰਹਿੰਦਾ ਹੈ। ਇਸਨੂੰ ਰੋਕਣ ਲਈ ਕੇਵਲ ਇਕੋ ਸਾਧਨ ਗੁਰੂ ਦਾ ਪਿਆਰ ਹੈ, ਜਿਸਦਾ ਸਦਕਾ ਸਿੱਖ ਦੀ ਆਤਮਾ ਦਾ ਪਰਮਾਤਮਾ ਨਾਲ ਸਦੀਵੀ ਮਿਲਾਪ ਹੋ ਜਾਂਦਾ ਹੈ।

ਸੋ, ਮੈਂ ਭੀ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉਲੀਕੀਆਂ ਹਨ, ਜਿਨ੍ਹਾਂ ਵਿਚ ਇਹੋ ਸਿਧਾਂਤ ਅੰਕਤ ਕਰਨ ਦਾ ਯਤਨ ਕੀਤਾ ਹੈ ਕਿ ਮਨੁੱਖ ਨੂੰ ਸੰਸਾਰ ਦੀਆਂ ਨਾਸਵਾਨ ਆਸਾਂ ਦਾ ਤਿਆਗ ਕਰਕੇ ਕੇਵਲ ਗੁਰੂ ਤੇ ਪਰਮੇਸ਼ਰ ਦੀ ਆਸ ਦਾ ਧਾਰਨੀ ਹੋਣਾ ਹੀ ਯੋਗ ਹੈ ਜਿਸਦਾ ਸਦਕਾ ਮਨੁੱਖ ਨੂੰ ਮਾਨਸਕ ਸਦੀਵੀ ਸੁਖ ਦੀ ਪ੍ਰਾਪਤੀ ਹੋ ਸਕਦੀ ਹੈ, ਬਾਕੀ ਦਾ ਮੋਹ, ਕਰਮ, ਭਰਮ ਤਾਂ ਦੁਖਾਂ ਦਾ ਹੀ ਕਾਰਨ ਹੈ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਪ੍ਰਭੂ) ਦੀ ਆਸ ਤੋਂ ਬਿਨਾ ਕਿਸੇ ਹੋਰ ਦੀ ਆਸ ਰਖਣ ਨਾਲ (ਦੇਹ) ਨਾਸ ਹੋ ਜਾਂਦੀ ਹੈ, ਇਹ (ਝੂਠੀ ਆਸ) ਪੂਰੀ ਕਿਵੇਂ ਹੋ ਸਕਦੀ ਹੈ ?

(੨) (ਪ੍ਰਭੂ ਨਾਲ ਸੱਚੇ ਪ੍ਰੇਮ ਤੋਂ ਬਿਨਾ) ਹੋਰ ਦੂਜਾ ਮੋਹ ਛਲ ਰੂਪ ਹੈ, ਉਹ ਅੰਤ ਨੂੰ ਦੁਖ ਦੇਂਦਾ ਹੈ।
(੩) (ਸੱਚੇ ਨਾਮ ਸਿਮਰਨ ਤੋਂ ਬਿਨਾਂ) ਹੋਰ ਦੂਜੇ ਕਰਮ ਸਭ ਭਰਮ ਰੂਪ ਹਨ, ਇਨ੍ਹਾਂ ਅਉਗੁਣਾਂ ਕਰਕੇ ਅੰਤ ਨੂੰ ਰੋਣਾ ਪੈਂਦਾ ਹੈ।
(੪) (ਸਾਧ ਸੰਗਤ ਤੋਂ ਬਿਨਾਂ) ਹੋਰ ਸਭ ਸੰਗਤ ਖੋਟੀ ਹੈ, ਉਹ ਮਨੁੱਖ ਦੇ ਪਾਪਾਂ ਨੂੰ ਕਿਵੇਂ ਧੋ ਸਕਦੀ ਹੈ ?
(੫) (ਪ੍ਰਭੂ ਪ੍ਰੇਮ ਤੋਂ ਬਿਨਾਂ) ਹੋਰ ਪ੍ਰੇਮ ਸਭ ਖੋਟਾ ਦਾਅ ਹਨ, ਇਸ ਨਾਲ ਅੰਤ ਨੂੰ ਹਾਰ ਹੁੰਦੀ ਹੈ।
(੬) ਸਿੱਖ ਦੀ ਗੁਰੂ ਨਾਲ ਪ੍ਰੀਤ ਦਾ ਫਲ ਇਹ ਹੁੰਦਾ ਹੈ ਕਿ ਉਹ ਸਿੱਖ ਨੂੰ ਗੁਣਾਂ ਵਿਚ ਪਰੋ ਕੇ ਗੁਣਵਾਨ ਬਣਾ ਦੇਂਦਾ ਹੈ।੧੨।

***ਭਾਵਾਰਥ :*** ਵਾਹਿਗੁਰੂ ਦੇ ਪਿਆਰ ਤੋਂ ਸੱਖਣਾ ਜੋ ਹੋਰ ਪਿਆਰ ਹੈ ਇਹ ਸਭ ਦੁਖ ਰੂਪ ਹੈ ਕਿਉਂਕਿ ਇਹ ਪਿਆਰ ਸਭ ਨਾਸਵਾਨਾਂ ਨਾਲ ਹੈ। ਇਸ ਨਾਸਵਾਨ ਦੇ ਨਾਲ ਪਿਆਰ ਕਰਨ ਵਾਲੇ ਨੂੰ ਵਿਛੜਨ ਸਮੇਂ ਦੁਖਾਂ ਦਾ ਭਾਗੀ ਬਣਾਉਂਦਾ ਹੈ, ਕੇਵਲ ਇਕ ਗੁਰੂ ਦੀ ਹੀ ਪ੍ਰੀਤ ਹੈ ਜੋ ਗੁਣਾਂ ਦੀ ਦਾਤੀ ਤੇ ਅੰਤ ਨੂੰ ਮੁਕਤੀ ਦਾ ਸਾਧਨ ਸਾਬਤ ਹੁੰਦੀ ਹੈ।

## ੧੩. ਗੁਰੂ ਜੀ ਦੀ ਪ੍ਰੀਤ ਦਾ ਰੂਪ

**੧. ਅਮਿਉ ਦ੍ਰਿਸ਼ਟ ਕਰ ਕੱਛੂ ਵਾਂਗ**
**ਭਵਜਲ ਵਿੱਚ ਰੱਖੈ।**
**੨. ਗਿਆਨ ਅੰਸ ਦੇ ਹੰਸ ਵਾਂਗ**
**ਬੁਝ ਭੱਖ ਅਭੱਖੈ।**
**੩. ਸਿਮਰਨ ਕਰਦੇ ਕੂੰਜ ਵਾਂਗ**
**ਉਡ ਲੱਖ ਅਲੱਖੈ।**
**੪. ਮਾਤਾ ਬਾਲਕ ਹੇਤ ਕਰ**
**ਓਹ ਸਾਉ ਨ ਚੱਖੈ।**
**੫. ਸਤਿਗੁਰੁ ਪੁਰਖ ਦਇਆਲ ਹੈ**
**ਗੁਰ ਸਿੱਖ ਪਰੱਖੈ।**
**੬. ਪੀਰ ਮੁਰੀਦਾਂ ਪਿਰਹੜੀ ਲਖ ਮੁਲੀਅਨ ਕੱਖੈ ॥੧੩॥**

***ਪਦ ਅਰਥ :*** ਅਮਿਉ ਦ੍ਰਿਸ਼ਟ—ਕਿਰਪਾ ਦ੍ਰਿਸ਼ਟੀ। ਅੰਸ—ਬੁੱਧੀ। ਸਾਉ ਨ ਚੱਖੈ—ਖੱਟਾ ਮਿੱਠਾ ਨਾ ਖਾਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਗੁਰੂ ਦੀ ਚਰਨ ਸ਼ਰਨ ਵਿਚ ਆਉਣ ਵਾਲੇ ਸਿੱਖ ਤਾਂ ਬਹੁਤ ਵੇਖਣ ਵਿਚ ਆਉਂਦੇ ਹਨ, ਇਹ ਭੀ ਆਪ ਜੀ ਕਿਹਾ ਕਰਦੇ ਹੋ ਕਿ ਹਰ ਗੁਰਸਿਖ ਦੀ ਮਾਨਸਕ ਅਵਸਥਾ ਇਕੋ ਸਮਾਨ ਨਹੀਂ ਹੋਇਆ ਕਰਦੀ, ਪਰ ਜੋ ਸਿੱਖ ਮਨ ਕਰਕੇ ਗੁਰੂ ਦੇ ਚਰਨਾਂ ਵਿਚ ਸਦਾ ਹੀ ਜੁੜੇ ਰਹਿੰਦੇ ਹਨ ਗੁਰੂ ਉਨ੍ਹਾਂ ਨਾਲ ਕਿਤਨੀ ਕੁ ਨੇੜਤਾ ਰਖਦੇ ਹਨ, ਦੱਸਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ! ਇਸ ਪ੍ਰਸ਼ਨ ਦਾ ਉੱਤਰ ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁੱਛ ਕਰਦੇ ਹਾਂ ਤਾਂ ਉਨ੍ਹਾਂ ਅਨਿਨ ਸੇਵਕਾਂ ਦੇ ਸੰਬੰਧ ਵਿਚ ਬਾਣੀ ਰਾਹੀਂ ਇਉਂ ਫ਼ੁਰਮਾਨ ਮਿਲਦਾ ਹੈ ਕਿ :

ਅਪਨੇ ਸੇਵਕ ਕਉ ਆਪਿ ਸਹਾਈ ॥
ਨਿਤ ਪ੍ਰਤਿਪਾਰੈ ਬਾਪ ਜੈਸੇ ਮਾਈ ॥੧॥
*(ਗਉੜੀ ਮ: ੫, ਪੰਨਾ ੨੦੨)*

ਅਪਨੇ ਜਨ ਕਾ ਪਰਦਾ ਢਾਕੈ ॥
ਅਪਨੇ ਸੇਵਕ ਕੀ ਸਰਪਰ ਰਾਖੈ ॥
ਅਪਨੇ ਦਾਸ ਕਉ ਦੇਇ ਵਡਾਈ ॥
ਅਪਨੇ ਸੇਵਕ ਕਉ ਨਾਮੁ ਜਪਾਈ ॥
ਅਪਨੇ ਸੇਵਕ ਕੀ ਆਪਿ ਪਤਿ ਰਾਖੈ ॥
*(ਸੁਖਮਨੀ, ਪੰਨਾ ੨੮੫)*

ਅਪੁਨੇ ਦਾਸ ਕਉ ਕੰਠਿ ਲਾਇ ਰਾਖੈ
ਜਿਉ ਬਾਰਿਕ ਪਿਤ ਮਾਤਾ ॥੨॥੨੨॥੫੦॥
*(ਸੋਰਠਿ ਮ: ੫, ਪੰਨਾ ੬੨੧)*

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥
ਜਹ ਜਹ ਕਾਜ ਕਿਰਤਿ ਸੇਵਕ ਕੀ
ਤਹਾ ਤਹਾ ਉਠਿ ਧਾਵੈ ॥੧॥
ਸੇਵਕ ਕਉ ਨਿਕਟੀ ਹੋਇ ਦਿਖਾਵੈ ॥
ਜੋ ਜੋ ਕਹੈ ਠਾਕੁਰ ਪਹਿ ਸੇਵਕੁ
ਤਤਕਾਲ ਹੋਇ ਆਵੈ ॥੧॥ਰਹਾਉ॥
*(ਆਸਾ ਮ: ੫, ਪੰਨਾ ੪੦੩)*

ਹੁਕਮੁ ਕਰਿ ਕੀਨੇ੍ ਨਿਹਾਲ ॥
ਅਪਨੇ ਸੇਵਕ ਕਉ ਭਇਆ ਦਇਆਲੁ ॥੧॥
*(ਬਸੰਤੁ ਮ: ੫, ਪੰਨਾ ੧੧੮੪)*

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥
ਸੇਵਕ ਕਉ ਗੁਰੁ ਸਦਾ ਦਇਆਲੁ ॥

ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥
ਗੁਰ ਬਚਨੀ ਹਰਿ ਨਾਮੁ ਉਚਰੈ॥
ਸਤਿਗੁਰੁ ਸਿਖ ਕੇ ਬੰਧਨ ਕਾਟੈ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥
ਗੁਰ ਕਾ ਸਿਖੁ ਵਡਭਾਗੀ ਹੇ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥੧॥
*(ਸੁਖਮਨੀ, ਪੰਨਾ ੨੮੬)*

ਇਸ ਤਰ੍ਹਾਂ ਸਾਨੂੰ ਗੁਰਬਾਣੀ ਵਿਚੋਂ ਹੋਰ ਭੀ ਬਹੁਤ ਪ੍ਰਮਾਣ ਮਿਲਦੇ ਹਨ ਕਿ ਜੋ ਵੀ ਮਨ ਕਰਕੇ ਗੁਰੂ ਦਾ ਸਿੱਖ ਬਣ ਗਿਆ ਹੈ, ਗੁਰੂ ਜੀ ਉਸਦੀ ਹਰ ਥਾਂ ਲੋਕ ਪ੍ਰਲੋਕ ਵਿਚ ਸਹਾਇਤਾ ਕਰਦੇ ਹਨ। ਸੋ, ਮੈਂ ਭੀ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਤੁੱਛ ਮਾਤ੍ਰ ਜ਼ਿਕਰ ਕੀਤਾ ਹੈ ਕਿ ਉਹ ਸਿੱਖ ਵੱਡੇ ਭਾਗਾਂ ਵਾਲੇ ਹਨ, ਜੋ ਮਨ ਕਰਕੇ ਗੁਰੂ ਦੇ ਸਿੱਖ ਹੋ ਕੇ ਆਪਣਾ ਲੋਕ ਪ੍ਰਲੋਕ ਸੁਹੇਲਾ ਕਰ ਲੈਂਦੇ ਹਨ, ਗੁਰੂ ਭੀ ਉਨ੍ਹਾਂ ਤੋਂ ਸਦਾ ਬਲਿਹਾਰ ਜਾਂਦੇ ਹਨ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ ਸਤਿਗੁਰੂ ਸਿੱਖ ਉਤੇ) ਕ੍ਰਿਪਾ ਕਰਕੇ ਉਸਦੀ ਇਸ ਸੰਸਾਰ ਸਾਗਰ ਵਿਚ ਰਖਿਆ ਕਰਦਾ ਹੈ।
(੨) ਅਤੇ ਹੰਸ ਵਾਂਗੂੰ ਗਿਆਨ ਦੀ ਅੰਸ (ਬੁਧੀ ਜਾਂ ਕਿਰਣ) ਦੇ ਕੇ ਸਿੱਖ ਨੂੰ ਭੱਖ ਅਭੱਖ (ਸੱਚ ਤੇ ਝੂਠ) ਦੀ ਸੋਝੀ ਕਰਾਉਂਦਾ ਹੈ।
(੩) ਸਤਿਗੁਰੂ ਜੀ ਕੂੰਜ ਵਾਂਗੂੰ ਸਿੱਖ ਨੂੰ ਸਦਾ ਯਾਦ ਰਖਦੇ ਹਨ, ਇਸ ਯਾਦ ਕਰਕੇ ਸਿੱਖ ਉਸ (ਅਲੱਖ) ਪ੍ਰਭੂ ਨੂੰ ਲਖ ਲੈਂਦਾ ਹੈ।
(੪) ਪੁੱਤਰ ਦੇ ਪਿਆਰ ਕਰਕੇ ਮਾਤਾ ਸੁਆਦਾਂ ਨੂੰ ਨਹੀਂ ਚਖਦੀ ਤਾਂ ਕਿ ਬੱਚਾ ਦੁਖੀ ਨ ਹੋਵੇ, (ਇਸੇ ਤਰ੍ਹਾਂ ਸਤਿਗੁਰੂ ਜੀ ਆਪਣੇ ਸਿੱਖ ਦੀ ਪਾਲਣਾ ਕਰਦੇ ਹਨ)।
(੫) ਸਤਿਗੁਰੂ ਪੁਰਖ ਦਇਆਲੂ ਹੈ ਤੇ ਉਹ ਆਪਣੇ ਸਿੱਖ ਨੂੰ ਪਰਖ ਲੈਂਦੇ ਹਨ।
(੬) ਸਤਿਗੁਰੂ ਤੇ ਸਿੱਖ ਦੀ ਪ੍ਰੀਤੀ ਲਖ ਮੁਲੀ ਹੈ (ਭਾਵ ਅਨਮੋਲ ਹੈ) ਉਹ ਸਿੱਖ ਨੂੰ ਕੱਖਾਂ ਤੋਂ ਲੱਖ ਦਾ ਕਰ ਦਿੰਦੀ ਹੈ।੧੩।

***ਭਾਵਾਰਥ :*** ਪਹਿਲੋਂ ਸਿੱਖ ਨੂੰ ਪ੍ਰੀਤ ਕਰਨ ਦਾ ਉਪਦੇਸ਼ ਕਰਦੇ ਆਏ ਹਨ। ਪਰ ਹੁਣ ਏਥੇ ਦੱਸਦੇ ਹਨ ਕਿ ਗੁਰੂ ਜੀ ਦੀ ਦਇਆਲਤਾ ਦਾ ਕੀ ਸਰੂਪ ਹੈ ਕਿ ਉਹ ਇਸ ਪ੍ਰਕਾਰ ਸਿੱਖ ਦੀ ਪ੍ਰਤਿਪਾਲਾ ਕਰਦੇ ਹਨ। ਜਿਵੇਂ ਕਿ:

ਸਤਿਗੁਰੁ ਸਿਖ ਕੇ ਬੰਧਨ ਕਾਟੈ॥ *(ਸੁਖਮਨੀ, ਪੰਨਾ ੨੮੬)*

## ੧੪. ਸਿੱਖਾਂ ਦੀ ਗੁਰੂ ਨਾਲ ਪ੍ਰੀਤ ਦਾ ਰੂਪ

**੧. ਦਰਸ਼ਨ ਦੇਖ ਪਤੰਗ ਜਿਉਂ**
**ਜੋਤੀ ਜੋਤਿ ਸਮਾਵੈ।**
**੨. ਸ਼ਬਦ ਸੁਰਤ ਲਿਵ ਮਿਰਗ ਜਿਉਂ**
**ਅਨਹਦ ਲਿਵਲਾਵੈ।**
**੩. ਸਾਧ ਸੰਗਤਿ ਵਿੱਚ ਮੀਨ ਹੋਇ**
**ਗੁਰਮਤਿ ਸੁਖ ਪਾਵੈ।**
**੪. ਚਰਨ ਕਵਲ ਵਿੱਚ ਭਵਰ ਹੋਇ**
**ਸੁਖ ਰੈਣ ਵਿਹਾਵੈ।**
**੫. ਗੁਰ ਉਪਦੇਸ ਨ ਵਿੱਸਰੈ**
**ਬਾਬੀਹਾ ਧਿਆਵੈ॥**
**੬. ਪੀਰ ਮੁਰੀਦਾਂ ਪਿਰਹੜੀ ਦੁਬਿਧਾ ਨ ਸੁਖਾਵੈ॥੧੪॥**

***ਪਦ ਅਰਥ :*** ਜੋਤੀ—ਪ੍ਰਕਾਸ਼। ਲਿਵ—ਸਮਾਧੀ। ਮੀਨ—ਮੱਛੀ। ਬਾਬੀਹਾ—ਚਾਤ੍ਰਿਕ, ਪਪੀਹਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਇਹ ਵੀਚਾਰ ਤਾਂ ਆਪ ਜੀ ਵੀ ਕਈ ਵਾਰ ਦਿਆ ਕਰਦੇ ਹੋ ਕਿ ਜਿਤਨੇ ਭੀ ਸਿੱਖ ਗੁਰੂ ਦੀ ਸੰਗਤ ਵਿਚ ਆ ਕੇ ਗੁਰੂ ਦੇ ਦਰਸ਼ਨ ਕਰਦੇ ਹਨ, ਉਨ੍ਹਾਂ ਦੀ ਮਾਨਸਕ ਅਵਸਥਾ ਸਮਾਨ ਨਹੀਂ ਹੋਇਆ ਕਰਦੀ ਸਗੋਂ ਭਿੰਨ ਭਿੰਨ ਹੁੰਦੀ ਹੈ, ਪਰ ਆਪ ਜੀ ਉਨ੍ਹਾਂ ਬਾਰੇ ਜਾਣਕਾਰੀ ਦਿਓ, ਜੋ ਸਿੱਖ ਮਨ ਕਰਕੇ ਭੀ ਗੁਰੂ ਦਾ ਦੀਦਾਰ ਕਰਦੇ ਹਨ, ਆਖ਼ਰ ਉਨ੍ਹਾਂ ਨੂੰ ਕੀ ਫਲ ਪ੍ਰਾਪਤ ਹੁੰਦਾ ਹੈ?

ਉ: ਹੇ ਭਾਈਓ! ਜੋ ਸਿੱਖਾਂ ਦੇ ਅੰਤਰ-ਆਤਮੇ ਗੁਰੂ ਦੇ ਦਰਸ਼ਨਾਂ ਦੀ ਚਾਹਤ ਹੈ ਉਸ ਨੂੰ ਬਿਆਨਿਆ ਨਹੀਂ ਜਾ ਸਕਦਾ, ਕਿਉਂਕਿ ਉਹ ਕੋਈ ਅਸਥੂਲ ਰੂਪ ਵਾਲੀ ਸ਼ੈ ਨਹੀਂ, ਉਹ ਤਾਂ ਇਕ ਖਿੱਚ ਹੈ, ਕਸ਼ਸ਼ ਹੈ ਜਿਸਨੂੰ

ਕੇਵਲ ਅਨੁਭਵ ਹੀ ਕੀਤਾ ਜਾ ਸਕਦਾ ਹੈ। ਪਰ ਹਾਂ, ਜਿਸ ਸਿੱਖ ਦੇ ਮਨ ਵਿਚ ਗੁਰੂ ਦੇ ਦਰਸ਼ਨਾਂ ਦੀ ਸੱਚੀ ਲਗਨ ਹੈ, ਉਹ ਲਗਨ ਦੀ ਰੂਪ-ਰੇਖਾ ਤਾਂ ਭਾਵੇਂ ਨਹੀਂ ਬਿਆਨੀ ਜਾ ਸਕਦੀ। ਪਰ, ਉਸਦੀ ਜੋ ਬੈਰੂਨੀ ਸਰੀਰਕ ਕ੍ਰਿਆ ਹੈ ਉਸ ਤੋਂ ਕੁਝ ਅਨੁਮਾਨ ਲਾਇਆ ਜਾ ਸਕਦਾ ਹੈ, ਕਿਉਂਕਿ ਉਸਦੀ ਹਰ ਕ੍ਰਿਆ ਬਾਕੀ ਦੇ ਲੋਕਾਂ ਨਾਲੋਂ ਕੁਝ ਵੱਖਰਾਪਨ ਰੱਖਦੀ ਹੈ, ਜਿਵੇਂ ਉਸਦੀ ਬੋਲ ਬਾਣੀ ਵਿਚ ਪਿਆਰ ਤੇ ਮਿਠਾਸ ਹੈ, ਉਸਦੀ ਕ੍ਰਿਤ ਵਿਰਤ ਵਿਚ ਨਿਰਛਲਤਾ ਹੈ ਉਸਦੇ ਖਾਣ ਪੀਣ ਵਿਚ ਭੀ ਪਰਹੇਜ਼ ਹੈ, ਉਸਦੇ ਜਾਗਣ ਤੇ ਸੌਣ ਵਿਚ ਵੀ ਵਿਧਾਨ ਹੈ ਭਾਵ ਉਸਦੀ ਹਰ ਕ੍ਰਿਆ ਵਿਚ ਨਿਸ਼ਕਪਟਤਾ ਹੈ, ਜਿਸ ਤੋਂ ਉਸਦੇ ਮਨ ਵਿਚ ਜੋ ਗੁਰੂ ਦਾ ਪ੍ਰੇਮ ਪਿਆਰ ਹੈ ਉਸਦਾ ਅਨੁਮਾਨ ਲਾਇਆ ਜਾ ਸਕਦਾ ਹੈ। ਉਸਦੇ ਅੰਤਰ-ਆਤਮੇ ਜੋ ਗੁਰੂ ਦੇ ਦਰਸ਼ਨਾਂ ਦੀ ਚਾਹਤ ਹੈ, ਉਸਨੂੰ ਬਾਣੀ ਵਿਚ ਇਉਂ ਪੜ੍ਹਿਆ ਗਿਆ ਹੈ, ਜਿਵੇਂ ਕਿ:

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ
ਬਿਨੁ ਦਰਸਨ ਸੰਤ ਪਿਆਰੇ ਜੀਉ॥੧॥

*(ਮਾਝ ਮਹਲਾ ੫, ਪੰਨਾ ੯੬)*

ਮੇਰੈ ਮਨਿ ਮੇਰੈ ਮਨਿ ਸਤਿਗੁਰਿ ਪ੍ਰੀਤਿ ਲਗਾਈ ਰਾਮ॥
ਹਰਿ ਹਰਿ ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ ਰਾਮ॥

*(ਵਡਹੰਸੁ ਮਹਲਾ ੪, ਪੰਨਾ ੫੭੨)*

ਦਰਸਨ ਕੀ ਪਿਆਸ ਘਣੀ
ਚਿਤਵਤ ਅਨਿਕ ਪ੍ਰਕਾਰ॥
ਕਰਹੁ ਅਨੁਗ੍ਰਹੁ ਪਾਰਬ੍ਰਹਮ
ਹਰਿ ਕਿਰਪਾ ਧਾਰਿ ਮੁਰਾਰਿ॥੧॥

*(ਆਸਾਵਰੀ ਮਹਲਾ ੫, ਪੰਨਾ ੪੩੧)*

ਦਰਸਨੁ ਦੇਖਿ ਜੀਵਾ ਗੁਰ ਤੇਰਾ॥
ਪੂਰਨ ਕਰਮੁ ਹੋਇ ਪ੍ਰਭ ਮੇਰਾ॥੧॥ *(ਸੂਹੀ ਮ: ੫, ਪੰਨਾ ੭੪੨)*

ਦਰਸਨ ਪਿਆਸ ਬਹੁਤੁ ਮਨਿ ਮੇਰੈ
ਨਾਨਕ ਦਰਸ ਨਿਹਾਲ॥੩॥

*(ਨਟ ਮਹਲਾ ੫, ਪੰਨਾ ੯੮੦)*

ਦਰਸਨੁ ਮਾਗਉ ਦੇਹਿ ਪਿਆਰੇ॥
ਤੁਮਰੀ ਸੇਵਾ ਕਉਨ ਕਉਨ ਨ ਤਾਰੇ॥੧॥ਰਹਾਉ॥

*(ਆਸਾ ਮ: ੫, ਪੰਨਾ ੩੮੬)*

ਮਨ ਵਿਚ ਦਰਸ਼ਨਾਂ ਦੀ ਚਾਹਤ ਰੱਖਣ ਵਾਲੇ ਜੋ ਸਿੱਖ ਗੁਰੂ ਦੇ ਅਨਿੰਨ ਪਿਆਰੇ ਹਨ, ਉਨ੍ਹਾਂ ਦੇ ਸੰਬੰਧ ਵਿਚ ਗੁਰਬਾਣੀ ਤੋਂ ਸਾਨੂੰ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ ਕਿ ਉਨ੍ਹਾਂ ਸਿੱਖਾਂ ਦਾ ਮਨ ਗੁਰੂ ਦੇ ਦਰਸ਼ਨਾਂ ਲਈ ਦਿਨੇ ਰਾਤ ਬਾਬੀਹੇ ਵਾਂਗ ਵਿਲਕਦਾ ਰਹਿੰਦਾ ਹੈ। ਅਜਿਹੇ ਗੁਰੂ ਦੇ ਪਿਆਰਿਆਂ ਨੂੰ ਜੋ ਆਖ਼ਰ ਵਿਚ ਫਲ ਪ੍ਰਾਪਤ ਹੁੰਦਾ ਹੈ, ਉਹ ਮੈਂ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਆਪਣੀ ਤੁੱਛ-ਬੁਧੀ ਅਨੁਸਾਰ ਕਥਨ ਕਰਨ ਦਾ ਇਕ ਨਿਮਾਣਾ ਜਿਹਾ ਯਤਨ ਕੀਤਾ ਹੈ:

(੧) (ਜਿਵੇਂ ਕਿ ਸਾਨੂੰ ਬਾਣੀ ਦੁਆਰੇ ਬੋਧ ਮਿਲਦਾ ਹੈ ਕਿ ਸਤਿਗੁਰੂ ਦਾ ਸਿੱਖ) ਪਤੰਗੇ ਵਾਂਗੂੰ ਜੋਤੀ ਸਰੂਪ ਸਤਿਗੁਰੂ ਜੀ ਦਾ ਦਰਸ਼ਨ ਕਰਕੇ ਸਤਿਗੁਰੂ ਜੀ ਦੀ ਜੋਤ ਵਿਚ (ਹੀ) ਸਮਾ ਜਾਂਦਾ ਹੈ।

(੨) (ਸਿੱਖ) ਹਰਨ ਵਾਂਗੂੰ ਸਤਿਗੁਰੂ ਜੀ ਦੇ ਸ਼ਬਦ ਵਿਚ ਸੁਰਤੀ ਨੂੰ ਜੋੜਦਾ ਹੈ ਤੇ ਅਨਹਦ ਨਾਦ ਦਾ ਅਨੰਦ ਮਾਣਦਾ ਹੈ।

(੩) (ਸਿੱਖ) ਸਾਧ ਸੰਗਤ ਰੂਪੀ ਦਰਿਆ ਵਿਚ ਜਾ ਕੇ ਮੱਛੀ ਵਾਂਗੂੰ ਮਸਤ ਹੋ ਕੇ ਗੁਰੂ ਦੀ ਸਿਖਿਆ 'ਤੇ ਚਲਦਾ ਹੈ ਤੇ ਸੁਖ ਪ੍ਰਾਪਤ ਕਰਦਾ ਹੈ।

(੪) (ਸਤਿਗੁਰੂ ਜੀ ਦੇ) ਚਰਨ ਕਵਲਾਂ ਉਤੇ ਭੌਰਾ ਬਣ ਕੇ ਸਿੱਖ ਆਪਣੀ ਆਯੂ ਰੂਪੀ ਰਾਤ ਬਿਤੀਤ ਕਰਦਾ ਹੈ।

(੫) ਸਿੱਖ ਨੂੰ ਗੁਰੂ ਦਾ ਉਪਦੇਸ਼ ਨਹੀਂ ਭੁਲਦਾ, ਉਹ ਹਰ ਵੇਲੇ ਪਪੀਹੇ ਵਾਂਗੂੰ ਧਿਆਉਂਦਾ ਰਹਿੰਦਾ ਹੈ।

(੬) ਸਿੱਖ ਤੇ ਗੁਰੂ ਦੀ ਪ੍ਰੀਤ ਐਸੀ ਹੈ ਜਿਸ ਨਾਲ ਸਿੱਖ ਦੀ ਦੁਬਿਧਾ ਨਾਸ ਹੋ ਜਾਂਦੀ ਹੈ (ਤੇ ਉਸਨੂੰ ਹਰ ਇਕ ਵਿਚ ਪ੍ਰਭੂ ਦੀ ਜੋਤ ਦਾ ਪ੍ਰਕਾਸ਼ ਹੀ ਨਜ਼ਰ ਆਉਂਦਾ ਹੈ)।੧੪।

***ਭਾਵਾਰਥ :*** ਇਸ ਪਉੜੀ ਵਿਚ ਭਾਈ ਸਾਹਿਬ ਜੀ ਨੇ ਸਿੱਖ ਦੀ ਕਰਨੀ ਦਰਸਾਈ ਹੈ ਕਿ 'ਗੁਰ ਕਾ ਸਿਖੁ ਬਿਕਾਰ ਤੇ ਹਾਟੈ' ਹੋ ਕੇ ਐਸਾ ਧਿਆਨ, ਲਿਵ, ਸਿਮ੍ਰਤੀ ਤੇ ਪ੍ਰੀਤ ਵਿਚ ਦ੍ਰਿੜ੍ਹ ਹੋਵੇ ਕਿ ਦੁਬਿਧਾ ਦੀ ਲੇਸ-ਮਾਤ੍ਰ ਭੀ ਮੁਸ਼ਕ ਨਾ ਰਹੇ, ਉਹ ਸਮੂੰਹ ਬ੍ਰਹਿਮੰਡਤਾ ਦੀ ਅਨੇਕਤਾ ਵਿਚ ਕੇਵਲ ਇਕੋ ਹੀ ਗੁਰੂ ਦੀ ਜੋਤ ਦਾ ਪ੍ਰਕਾਸ਼ ਵੇਖੇ।

## ੧੫. ਸਿੱਖ ਲਈ ਗੁਰੂ ਪ੍ਰੀਤ ਹੀ ਸੁਖਦਾਈ ਹੈ

੧. ਦਾਤਾ ਓਹ ਨ ਮੰਗੀਐ
ਫਿਰ ਮੰਗਣ ਜਾਈਐ।
੨. ਹੋਛਾ ਸ਼ਾਹ ਨ ਕੀਚਈ
ਫਿਰ ਪੱਛੋਤਾਈਐ।
੩. ਸਾਹਿਬ ਓਹੁ ਨ ਸੇਵੀਐ
ਜਮ ਦੰਡ ਸਹਾਈਐ।
੪. ਹਉਮੈਂ ਰੋਗ ਨ ਕੱਟਈ
ਓਹੁ ਵੈਦ ਨ ਲਾਈਐ।
੫. ਦੁਰਮਤਿ ਮੈਲ ਨ ਉੱਤਰੈ
ਕਿਉਂ ਤੀਰਥ ਨ੍ਹਾਈਐ।
੬. ਪੀਰ ਮੁਰੀਦਾਂ ਪਿਰਹੜੀ ਸੁਖ ਸਹਜ ਸਮਾਈਐ ॥੧੫॥

***ਪਦ ਅਰਥ :*** ਹੋਛਾ—ਥੋੜ੍ਹ-ਦਿਲਾ। ਦੁਰਮਤਿ—ਖੋਟੀ ਮੱਤ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਨ੍ਹਾਂ ਗੁਰੂ ਨਾਲ ਪਿਆਰ ਕਰਨ ਵਾਲਿਆਂ ਸਿੱਖਾਂ ਦਾ ਆਪ ਜੀ ਜ਼ਿਕਰ ਕਰਦੇ ਆ ਰਹੇ ਹੋ, ਉਨ੍ਹਾਂ ਦੇ ਅੰਤਰ-ਆਤਮੇ ਦੇ ਭਰੋਸੇ ਦੀ ਰੂਪ ਰੇਖਾ ਦਸੋ ਕੀ ਹੈ? ਕਿਉਂਕਿ ਗ੍ਰਿਹਸਤ ਵਿਚ ਰਹਿੰਦਿਆਂ ਤਾਂ ਹਰ ਪਦਾਰਥ ਦੀ ਲੋੜ ਪੈਂਦੀ ਹੈ ਉਹ ਆਪਣੀ ਮੰਗ ਕਿਸ ਤੋਂ ਪੂਰੀ ਕਰਦੇ ਹਨ, ਦੱਸਣ ਦੀ ਕ੍ਰਿਪਾ ਕਰੋ ਤਾਕਿ ਅਸੀਂ ਭੀ ਉਨ੍ਹਾਂ ਦੇ ਮਾਰਗ 'ਤੇ ਟੁਰਨ ਦਾ ਯਤਨ ਕਰੀਏ?

ਉ: ਹੇ ਭਾਈਓ! ਮੈਨੂੰ ਤਾਂ ਐਸੇ ਗੁਰਸਿੱਖਾਂ ਦੀ ਸੰਗਤ ਵਿਚ ਰਹਿ ਕੇ ਜੀਵਨ ਗੁਜ਼ਾਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ, ਮੈਂ ਤਾਂ ਉਨ੍ਹਾਂ ਦਾ ਭਰੋਸਾ ਬਾਣੀ ਅਨੁਸਾਰ ਕੇਵਲ ਇਕੋ ਪਰਮੇਸ਼ਰ 'ਤੇ ਤੱਕਿਆ ਹੈ, ਕਿਉਂਕਿ ਉਹ ਬਾਣੀ ਵਿਚ ਆਏ ਇਸੇ ਫ਼ੁਰਮਾਨ 'ਤੇ ਹੀ ਅਮਲ ਕਰਦੇ ਹਨ, ਜਿਵੇਂ ਕਿ:

ਹਰਿ ਇਕਸੁ ਸੇਤੀ ਪਿਰਹੜੀ
ਹਰਿ ਇਕੋ ਮੇਰੈ ਚਿਤਿ ॥
ਜਨ ਨਾਨਕ ਇਕੁ ਅਧਾਰੁ ਹਰਿ ਪ੍ਰਭ
ਇਕਸ ਤੇ ਗਤਿ ਪਤਿ ॥੨॥

*(ਮ: ੪, ਪੰਨਾ ੧੩੧੫)*

ਹਰਿ ਇਕੋ ਕਰਤਾ ਇਕੁ ਇਕੋ ਦੀਬਾਣੁ ਹਰਿ ॥
ਹਰਿ ਇਕਸੈ ਦਾ ਹੈ ਅਮਰੁ ਇਕੋ ਹਰਿ ਚਿਤਿ ਧਰਿ ॥
ਹਰਿ ਤਿਸੁ ਬਿਨੁ ਕੋਈ ਨਾਹਿ
ਡਰੁ ਭ੍ਰਮੁ ਭਉ ਦੂਰਿ ਕਰਿ ॥
ਹਰਿ ਤਿਸੈ ਨੋ ਸਾਲਾਹਿ ਜਿ ਤੁਧੁ ਰਖੈ ਬਾਹਰਿ ਘਰਿ ॥

*(ਪਉੜੀ, ਪੰਨਾ ੮੩)*

ਸੋ ਐਸਾ ਦਾਤਾਰੁ ਮਨਹੁ ਨ ਵੀਸਰੈ ॥
ਘੜੀ ਨ ਮੁਹਤੁ ਚਸਾ ਤਿਸੁ ਬਿਨੁ ਨ ਸਰੈ ॥
ਅੰਤਰਿ ਬਾਹਰਿ ਸੰਗਿ ਕਿਆ ਕੋ ਲੁਕਿ ਕਰੈ ॥

*(ਪਉੜੀ, ਪੰਨਾ ੯੫੮)*

ਹਰਿ ਇਕਸੈ ਨਾਲਿ ਮੈ ਦੋਸਤੀ
ਹਰਿ ਇਕਸੈ ਨਾਲਿ ਮੈ ਰੰਗੁ ॥
ਹਰਿ ਇਕੋ ਮੇਰਾ ਸਜਣੋ ਹਰਿ ਇਕਸੈ ਨਾਲਿ ਮੈ ਸੰਗੁ ॥
ਹਰਿ ਇਕਸੈ ਨਾਲਿ ਮੈ ਗੋਸਟੇ ਮੁਹੁ ਮੈਲਾ ਕਰੈ ਨ ਭੰਗੁ ॥
ਜਾਣੈ ਬਿਰਥਾ ਜੀਅ ਕੀ ਕਦੇ ਨ ਮੋੜੈ ਰੰਗੁ ॥
ਹਰਿ ਇਕੋ ਮੇਰਾ ਮਸਲਤੀ ਭੰਨਣ ਘੜਨ ਸਮਰਥੁ ॥
ਹਰਿ ਇਕੋ ਮੇਰਾ ਦਾਤਾਰੁ ਹੈ
ਸਿਰਿ ਦਾਤਿਆ ਜਗ ਹਥੁ ॥
ਹਰਿ ਇਕਸੈ ਦੀ ਮੈ ਟੇਕ ਹੈ ਜੋ ਸਿਰਿ ਸਭਨਾ ਸਮਰਥੁ ॥

*(ਸਲੋਕ ਮ: ੫, ਪੰਨਾ ੯੫੮)*

ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ ॥
ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ ॥
ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ ॥
ਜਿਨਿ ਸੇਵਿਆ ਤਿਨਿ ਫਲੁ ਪਾਇਆ
ਤਿਸੁ ਜਨ ਕੀ ਸਭ ਭੁਖ ਗਵਾਈਐ ॥ *(ਪੰਨਾ ੫੯੦)*

ਇਸ ਤਰ੍ਹਾਂ ਹੋਰ ਭੀ ਬਾਣੀ ਵਿਚੋਂ ਉਦਾਹਰਣ ਮਿਲਦੇ ਹਨ, ਜਿਨ੍ਹਾਂ ਦੁਆਰੇ ਸੋਝੀ ਮਿਲਦੀ ਹੈ ਕਿ ਗੁਰੂ ਦੇ ਪਿਆਰ ਵਾਲੇ ਸਿੱਖਾਂ ਦਾ ਕੇਵਲ ਇਕੋ ਪਰਮੇਸ਼ਰ 'ਤੇ ਭਰੋਸਾ ਹੈ, ਉਹ ਹੋਰ ਕਿਸੇ ਦੀ ਭੀ ਮਨ ਵਿਚ ਆਸ ਨਹੀਂ ਰਖਦੇ। ਸੋ, ਮੈਂ ਭੀ ਗੁਰੂ ਤੇ ਵਿਸ਼ਵਾਸ ਰਖਣ ਵਾਲੇ ਗੁਰੂ ਦੇ ਸਿੱਖਾਂ ਵੱਲ ਤੱਕ ਕੇ ਉਨ੍ਹਾਂ ਦੇ ਯਕੀਨ ਨੂੰ ਇਸ ਪਉੜੀ ਵਿਚ ਅੰਕਤ ਕੀਤਾ ਹੈ ਕਿ ਉਨ੍ਹਾਂ

ਦਾ ਭਰੋਸਾ ਇਹੋ ਹੈ ਤੇ ਇਸੇ ਭਰੋਸੇ ਦਾ ਉਹ ਬਾਕੀ ਲੁਕਾਈ ਨੂੰ ਉਪਦੇਸ਼ ਕਰਦੇ ਹਨ :

(੧) (ਉਨ੍ਹਾਂ ਦੀ ਸਭ ਲਈ ਇਹੋ ਹੀ ਪ੍ਰੇਰਨਾ ਹੈ ਕਿ ਹੇ ਭਰਾਵੋ !) ਇਹੋ ਜਿਹਾ ਦਾਤਾ ਨ ਮੰਗੋ, ਜਿਸ ਕੋਲੋਂ ਮੰਗਿਆਂ ਮੰਗ ਪੂਰੀ ਨਾ ਹੋਵੇ ਤੇ ਫਿਰ ਹੋਰ ਕਿਸੇ ਪਾਸ ਜਾਣਾ ਪਵੇ।

(੨) ਅਤੇ ਹੋਛਾ (ਥੋੜ੍ਹ-ਦਿਲਾ) ਸ਼ਾਹ ਵੀ ਨਾ ਬਣਾਓ, ਨਹੀਂ ਤਾਂ ਫਿਰ ਪਛਤਾਣਾ ਪੈਂਦਾ ਹੈ।

(੩) ਇਹੋ ਜਿਹੇ ਮਾਲਕ ਦੀ ਸੇਵਾ ਭੀ ਨਾ ਕਰੋ, ਜਿਸ ਕਰਕੇ (ਅੰਤ ਨੂੰ) ਜਮ ਦਾ ਦੰਡ ਸਹਿਣਾ ਪਵੇ।

(੪) ਜੇਹੜਾ ਵੈਦ ਹਉਮੈ ਦਾ ਰੋਗ ਨਾਸ ਨਹੀਂ ਕਰਦਾ, ਉਸ ਵੈਦ ਕੋਲ ਭੀ ਨਾ ਜਾਓ।

(੫) ਜੇ ਖੋਟੀ ਮੱਤ ਦੀ ਮੈਲ ਨਹੀਂ ਉਤਰਦੀ ਤਾ ਇਹੋ ਜਿਹੇ ਤੀਰਥ 'ਤੇ ਕਿਉਂ ਇਸ਼ਨਾਨ ਕਰੀਏ।

(੬) (ਇਸ ਲਈ) ਸਤਿਗੁਰੂ ਨਾਲ ਹੀ ਪ੍ਰੀਤ ਕਰਨੀ ਇਕ ਵੱਡਾ ਸਾਧਨ ਹੈ, ਜਿਸ ਨਾਲ ਸਿੱਖ ਸਹਿਜ ਅਵਸਥਾ ਦੇ ਸੁਖ ਵਿਚ ਸਮਾ ਜਾਂਦਾ ਹੈ।੧੫।

***ਭਾਵਾਰਥ :*** ਸਾਰੇ ਸੁਖਾਂ ਦਾ ਦਾਤਾ ਕੇਵਲ ਗੁਰੂ ਪਿਆਰ ਹੀ ਹੈ।

## ੧੬. ਰੱਬੀ ਦਰਬਾਰ ਵਿਚ ਗੁਰੂ ਦੀ ਪ੍ਰੀਤ ਹੀ ਪ੍ਰਵਾਨ ਹੈ

**੧. ਮਾਲ ਮੁਲਕ ਚਤੁਰੰਗ ਦਲ**
**ਦੁਨੀਆਂ ਪਾਤਿਸਾਹੀ।**
**੨. ਰਿਧਿ ਸਿਧਿ ਨਿਧਿ ਬਹੁ ਕਰਾਮਾਤ**
**ਸਭ ਖਲਕ ਉਮਾਹੀ।**
**੩. ਚਿਰ ਜੀਵਣ ਬਹੁ ਹੰਢਣਾ**
**ਗੁਣ ਗਿਆਨ ਉਗਾਹੀ।**
**੪. ਹੋਰਸੁ ਕਿਸੈ ਨ ਜਾਣਈ**
**ਚਿਤ ਬੇ ਪਰਵਾਹੀ।**
**੫. ਦਰਗਹ ਢੋਈ ਨਾ ਲਹੈ**
**ਦੁਬਿਧਾ ਬਦਰਾਹੀ।**
**੬. ਪੀਰ ਮੁਰੀਦਾਂ ਪਿਰਹੜੀ ਪਰਵਾਣ ਸੁ ਘਾਹੀ॥੧੬॥**

***ਪਦ ਅਰਥ :*** ਚਤੁਰੰਗ ਦਲ—ਚਾਰ ਤਰ੍ਹਾਂ ਦੀ ਫ਼ੌਜ। ਉਮਾਹੀ—ਪ੍ਰੇਮ ਕਰੇ। ਉਗਾਹੀ—ਸਾਖ ਭਰਨੀ। ਬਦਰਾਹੀ—ਖੋਟਾ ਰਾਹ। ਘਾਹੀ—ਘਾਹ ਵੱਢਣ ਵਾਲਾ।

### ਅਰਥ :

ਪ੍ਰ: ਭਾਈ ਸਾਹਿਬ ਜੀਉ ! ਆਪ ਜੀ ਭੀ ਵੇਖ ਹੀ ਰਹੇ ਹੋ ਕਿ ਸੰਸਾਰ ਵਿਚ ਵੱਡੇ ਵੱਡੇ ਪਾਤਿਸ਼ਾਹ ਅਤੇ ਰਿੱਧੀਆਂ ਸਿੱਧੀਆਂ ਵਾਲੇ ਕਰਾਮਾਤੀ ਜੋਗਾ ਅਭਿਆਸੀ ਲੰਮੀਆਂ ਉਮਰਾਂ ਵਾਲੇ ਲੋਕ ਭੀ ਵੇਖੇ ਜਾਂਦੇ ਹਨ, ਪਰ ਇਨ੍ਹਾਂ ਸ਼ਕਤੀ-ਸ਼ਾਲੀ ਲੋਕਾਂ ਵਿਚੋਂ ਦਸੋਗੇ ਕਿ ਰੱਬੀ ਦਰਬਾਰ ਵਿਚ ਕੌਣ ਪ੍ਰਵਾਨ ਹੋਵੇਗਾ ?

ਉ: ਹੇ ਭਾਈਓ ! ਮੈਂ ਤਾਂ ਜਦੋਂ ਗੁਰਬਾਣੀ ਦੀ ਰੌਸ਼ਨੀ ਵਿਚ ਤੱਕਦਾ ਹਾਂ ਤਾਂ ਇਹੋ ਨਜ਼ਰ ਆਉਂਦਾ ਹੈ ਕਿ ਜਿਨ੍ਹਾਂ ਰਾਜੇ ਮਹਾਰਾਜੇ ਤੇ ਕਰਾਮਾਤੀ ਲੋਕਾਂ ਦੀ ਮਾਨਤਾ ਕਰਨ ਵਾਲੇ ਲੋਕ ਪੂਜਾ ਪਤਿਸ਼ਟਾ ਕਰਦੇ ਹਨ, ਅਸਲ ਵਿਚ ਇਹ ਦੁਨੀਆਦਾਰ ਲੋਕ ਅਸਲੀਅਤ ਤੋਂ ਵਾਕਫ਼ ਨਹੀਂ ਹੋਇਆ ਕਰਦੇ, ਇਨ੍ਹਾਂ ਦੀ ਤਾਂ ਭੇਡਾ-ਚਾਲ ਹੈ ਜੋ ਇਕ ਦੂਸਰੇ ਨੂੰ ਤੱਕ ਕੇ ਬਿਨਾਂ ਵੀਚਾਰ ਤੋਂ ਹੀ ਉਸਦੇ ਪਿਛੇ ਟੁਰੀ ਜਾਣਾ। ਪਰ, ਕ੍ਰੋੜਾਂ ਵਿਚੋਂ ਗੁਰਬਾਣੀ ਦਾ ਪੜਚੋਲੀਆ ਕੋਈ ਗੁਰਸਿਖ ਹੈ ਜੋ ਸਚਾਈ ਨੂੰ ਅਨੁਭਵ ਕਰਦਾ ਹੈ ਕਿ ਇਹ ਕੂੜੀ ਪੂਜਾ ਕਰਾਉਣ ਵਾਲੇ ਕੂੜੇ ਲੋਕ ਉਸ ਰੱਬੀ ਦਰਬਾਰ ਵਿਚ ਕਬੂਲੇ ਨਹੀਂ ਜਾਣਗੇ, ਪਰ ਅਜਿਹਾ ਦੂਰ-ਦਰਸ਼ੀ ਗੁਰੂ ਦਾ ਸਿੱਖ (ਕੋਟਨ ਮੈ ਨਾਨਕ ਕੋਊ) ਹੀ ਮਿਲਦਾ ਹੈ ਨਹੀਂ ਤਾਂ ਆਮ ਇਹੋ ਵੇਖਣ ਵਿਚ ਆਉਂਦਾ ਹੈ ਕਿ 'ਜਗ ਕੀ ਭੇਡਾ ਚਾਲ ਹੈ ਚਲਤੇ ਕੇ ਪੀਛੇ ਚਲੇ। ਪ੍ਰਮਾਰਥ ਨਾ ਸੰਮ੍ਹਾਲ ਦੇਖੋ ਜਗ ਕੀ ਮੂੜਤਾ (ਸਾਰਕੁਤਾਵਲੀ)

ਸੋ, ਇਸ ਲਈ ਹੇ ਭਾਈਓ ! ਮੈਂ ਤਾਂ ਜਿਉਂ ਜਿਉਂ ਬਾਣੀ ਦੀ ਵੀਚਾਰ ਕਰਦਾ ਹਾਂ ਤਿਉਂ ਤਿਉਂ ਇਹੋ ਬੋਧ ਮਿਲਦਾ ਹੈ ਕਿ ਸੱਚੇ ਨਾਮ ਧਨ ਤੋਂ ਸੱਖਣੇ ਜਿਤਨੇ ਭੀ ਸ਼ਾਹ ਪਾਤਿਸ਼ਾਹ ਲੋਕ ਹਨ, ਇਹ ਰੱਬ ਦੀ ਸੱਚੀ ਦਰਗਾਹ ਵਿਚ ਕਬੂਲੇ ਨਹੀਂ ਜਾਣਗੇ, ਇਸ ਭਾਵ ਦੇ ਸਾਨੂੰ ਗੁਰਬਾਣੀ ਵਿਚੋਂ ਬਹੁਤ ਹੀ ਪ੍ਰਮਾਣ ਮਿਲਦੇ ਹਨ, ਜਿਵੇਂ ਕਿ :

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ
ਤੇਰਾ ਚਿਤਿ ਨ ਆਵੈ ਨਾਉ ॥੧॥

ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ
ਅਵਰੁ ਨਾਹੀ ਥਾਉ ॥੧॥ਰਹਾਉ॥
ਧਰਤੀ ਤ ਹੀਰੇ ਲਾਲ ਜੜਤੀ
ਪਲਘਿ ਲਾਲ ਜੜਾਉ ॥
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥
ਮਤੁ ਦੇਖਿ ਭੂਲਾ ਵੀਸਰੈ
ਤੇਰਾ ਚਿਤਿ ਨ ਆਵੈ ਨਾਉ ॥੨॥
ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
ਮਤੁ ਦੇਖਿ ਭੂਲਾ ਵੀਸਰੈ
ਤੇਰਾ ਚਿਤਿ ਨ ਆਵੈ ਨਾਉ ॥੩॥
ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥
ਮਤੁ ਦੇਖਿ ਭੂਲਾ ਵੀਸਰੈ
ਤੇਰਾ ਚਿਤਿ ਨ ਆਵੈ ਨਾਉ ॥੪॥੧॥

*(ਸਿਰੀ ਰਾਗੁ ਮ: ੧, ਪੰਨਾ ੧੪)*

ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ ॥
ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ ॥੩॥

*(ਸਿਰੀ ਰਾਗੁ ਮਹਲਾ ੧, ਪੰਨਾ ੧੬)*

ਪੂਜ ਲਗੈ ਪੀਰੁ ਆਖੀਐ ਸਭੁ ਮਿਲੈ ਸੰਸਾਰੁ ॥
ਨਾਉ ਸਦਾਏ ਆਪਣਾ ਹੋਵੈ ਸਿਧੁ ਸੁਮਾਰੁ ॥
ਜਾ ਪਤਿ ਲੇਖੈ ਨਾ ਪਵੈ ਸਭਾ ਪੂਜ ਖੁਆਰੁ ॥੨॥

*(ਸਿਰੀਰਾਗੁ ਮ: ੧, ਪੰਨਾ ੧੭)*

ਅਗੈ ਗਇਆ ਮੁਹੇ ਮੁਹਿ ਪਾਹਿ
ਸੁ ਐਸਾ ਆਗੂ ਜਾਪੈ ॥੨॥ *(ਮ: ੧, ਪੰਨਾ ੧੪੦)*

ਫਰੀਦਾ ਇਕਨਾ ਆਟਾ ਅਗਲਾ
ਇਕਨਾ ਨਾਹੀ ਲੋਣੁ ॥
ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ ॥੪੪॥

*(ਸਲੋਕ ਫਰੀਦ ਜੀ, ਪੰਨਾ ੧੩੮੦)*

ਧਰਤੀ ਉਪਰਿ ਕੋਟ ਗੜ ਕੇਤੀ ਗਈ ਵਜਾਇ ॥
ਜੋ ਅਸਮਾਨਿ ਨ ਮਾਵਨੀ ਤਿਨ ਨਕਿ ਨਥਾ ਪਾਇ ॥
ਜੇ ਮਨ ਜਾਣਹਿ ਸੂਲੀਆ ਕਾਹੇ ਮਿਠਾ ਖਾਹਿ ॥੩॥
ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥
ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ ॥
ਅਗੈ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ ॥੪॥੧॥

*(ਸੋਰਠਿ ਮਹਲਾ ੧, ਪੰਨਾ ੫੯੫)*

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥੩॥

*(ਮ: ੧, ਪੰਨਾ ੪੬੯)*

ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ ॥
ਹੋਰੁ ਕੂੜੁ ਪੜਣਾ ਕੂੜੁ ਕਮਾਵਣਾ
ਬਿਖਿਆ ਨਾਲਿ ਪਿਆਰੁ ॥
ਅੰਦਰਿ ਸੁਖੁ ਨ ਹੋਵਈ ਮਨਮੁਖ ਜਨਮੁ ਖੁਆਰੁ ॥
ਨਾਨਕ ਨਾਮਿ ਰਤੇ ਸੇ ਉਬਰੇ
ਗੁਰ ਕੈ ਹੇਤਿ ਅਪਾਰਿ ॥੨॥ *(ਮ: ੩, ਪੰਨਾ ੧੦੯੪)*

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥
ਚੰਗਾ ਨਾਉ ਰਖਾਇਕੈ ਜਸੁ ਕੀਰਤਿ ਜਗਿ ਲੇਇ ॥
ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥

*(ਜਪੁਜੀ, ਪੰਨਾ ੨)*

ਇਸ ਤਰ੍ਹਾਂ ਬਾਣੀ ਵਿਚੋਂ ਸਾਨੂੰ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ ਕਿ ਜਿਨ੍ਹਾਂ ਲੋਕਾਂ ਦੀ ਸੰਸਾਰ ਵਿਚ ਮਾਇਕੀ ਪਦਾਰਥਾਂ ਜਾਂ ਰਿੱਧੀਆਂ ਸਿੱਧੀਆਂ ਦੇ ਪਾਖੰਡ ਰਾਹੀਂ ਪੂਜਾ, ਮਾਣ, ਪਤਿਸ਼ਟਾ ਹੁੰਦੀ ਨਜ਼ਰ ਆਉਂਦੀ ਹੈ, ਉਹ ਉਨ੍ਹਾਂ ਦਾ ਚੰਦ ਦਿਨਾਂ ਦਾ ਹੀ ਚਮਤਕਾਰ ਹੈ ਆਖ਼ਰ ਰੱਬੀ ਦਰਬਾਰ ਵਿਚ ਗਿਆਂ ਉਨ੍ਹਾਂ ਦੀ ਕਿਸੇ ਭੀ ਬਾਤ ਨਹੀਂ ਪੁੱਛਣੀ, ਸਗੋਂ ਉਨ੍ਹਾਂ ਦੀਆਂ ਕੀਤੀਆਂ ਕਾਲੀਆਂ ਕਰਤੂਤਾਂ ਦੀ ਸਜ਼ਾ ਉਨ੍ਹਾਂ ਨੂੰ ਅਵੱਸ਼ ਹੀ ਭੁਗਤਣੀ ਪਵੇਗੀ, ਉਸ ਸੱਚੀ ਦਰਗਾਹ ਵਿਚ ਤਾਂ ਉਨ੍ਹਾਂ ਹੀ ਸੱਚੇ ਵਿਅਕਤੀਆਂ ਦਾ ਸਤਿਕਾਰ ਹੋਵੇਗਾ ਜੋ ਇਸ ਲੋਕ ਵਿਚ ਰਹਿੰਦਿਆਂ ਉਸ ਸੱਚੇ ਪ੍ਰਭੂ ਨਾਲ ਜੁੜ ਕੇ ਜੀਵਨ ਗੁਜ਼ਾਰ ਕੇ ਗਏ ਹਨ। ਸੋ, ਮੈਂ ਭੀ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਇਸੇ ਭਾਵ ਨੂੰ ਅੰਕਤ ਕੀਤਾ ਹੈ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ ਜੇ ਕੋਈ) ਮਾਲ, ਮੁਲਕ, ਚਾਰ ਪ੍ਰਕਾਰ ਦੀ ਸੈਨਾ ਤੇ ਦੁਨੀਆਂ ਦਾ ਬਾਦਸ਼ਾਹ ਹੋਵੇ।

(੨) (ਅਤੇ) ਰਿੱਧੀਆਂ, ਸਿੱਧੀਆਂ, ਨਿੱਧੀਆਂ ਦਾ ਮਾਲਕ ਤੇ ਬਹੁਤਾ ਕਰਾਮਾਤੀ ਹੋ ਜਾਵੇ ਤੇ ਸਭ ਲੋਕ ਉਸ ਨਾਲ ਪ੍ਰੇਮ ਕਰਨ।

(੩) (ਜੇ ਕੋਈ) ਚਿਰਜੀਵੀ ਹੋ ਕੇ ਲੰਮੀ ਉਮਰ ਭੋਗੇ ਤੇ ਗੁਣੀ ਗਿਆਨੀ ਉਸਦੀ ਸਾਖ ਭਰਨ ਕਿ ਇਸ ਵਰਗਾ ਹੋਰ ਕੋਈ ਨਹੀਂ।

(੪) ਆਪਣੇ ਮਨ ਵਿਚ ਬੇਪਰਵਾਹੀ ਰਖਦਾ ਹੋਇਆ (ਜੇ ਕੋਈ) ਹੋਰ ਕਿਸੇ ਨੂੰ ਨਾ ਸਿਵਾਣਦਾ ਹੋਵੇ।

(੫) (ਪਰ ਏਨਾ ਕੁਝ ਹੋ ਜਾਣ 'ਤੇ ਵੀ ਉਸ ਪੁਰਸ਼ ਨੂੰ) ਪ੍ਰਭੂ ਦੇ ਦਰਬਾਰ ਵਿਚ ਢੋਈ (ਇੱਜ਼ਤ) ਨਹੀਂ ਮਿਲੇਗੀ, ਜੇ ਉਹ ਦੁਬਿਧਾ ਵਿਚ ਫਸ ਕੇ ਖੋਟੇ ਰਾਹ 'ਤੇ ਤੁਰਦਾ ਹੈ।

(੬) ਜੇਹੜਾ ਸਿਖ ਸਤਿਗੁਰੂ ਨਾਲ ਪ੍ਰੀਤ ਕਰਦਾ ਹੈ ਉਹੋ ਹੀ ਸੱਚੀ ਦਰਗਾਹ ਵਿਚ ਪ੍ਰਵਾਨ ਹੁੰਦਾ ਹੈ।੧੬।

***ਭਾਵਾਰਥ :*** ਸੰਸਾਰਕ ਬਲ ਸ਼ਕਤੀ ਪ੍ਰਾਪਤ ਕਰਨ ਵਾਲਾ ਤਾਂ ਆਖ਼ਰ ਖੋਟਾ ਹੁੰਦਾ ਹੈ, ਪਰ ਉਸ ਨਾਲੋਂ ਓਹ ਘਾਹੀ ਚੰਗਾ ਹੈ ਜੋ ਗੁਰੂ ਦੇ ਪਿਆਰ ਵਿਚ ਜੀਵਨ ਗੁਜ਼ਾਰਦਾ ਹੈ।

## ੧੭. ਗੁਰੂ ਦੀ ਪ੍ਰੀਤ ਹੀ ਸਭ ਤੋਂ ਉੱਚੀ ਹੈ

**੧. ਵਿਣੁ ਗੁਰ ਹੋਰ ਧਿਆਨ ਹੈ**
**ਸਭ ਦੂਜਾ ਭਾਉ।**
**੨. ਵਿਣੁ ਗੁਰ ਸ਼ਬਦ ਗਿਆਨ ਹੈ**
**ਫਿੱਕਾ ਆਲਾਉ।**
**੩. ਵਿਣੁ ਗੁਰ ਚਰਣਾਂ ਪੂਜਣਾ**
**ਸਭ ਕੂੜਾ ਸੁਆਉ।**
**੪. ਵਿਣੁ ਗੁਰੁ ਬਚਨ ਜੁ ਮੰਨਣਾ**
**ਊਰਾ ਪਰਥਾਉ।**
**੫. ਸਾਧ ਸੰਗਤਿ ਵਿਣੁ ਸੰਗ ਹੈ**
**ਸਭ ਕੱਚਾ ਚਾਉ।**
**੬. ਪੀਰ ਮੁਰੀਦਾਂ ਪਿਰਹੜੀ ਜਿਣ ਜਾਣਨਿ ਦਾਉ ॥੧੭॥**

***ਪਦ ਅਰਥ :*** ਆਲਾਉ—ਬਕਵਾਸ। ਊਰਾ—ਊਣਾ, ਤੁੱਛ। ਪਰਥਾਉ—ਪਰਮਾਰਥ, ਵਸੀਲਾ। ਚਾਉ—ਉਤਸ਼ਾਹ। ਜਿਣ ਜਾਨਨਿ ਦਾਉ—ਜਿੱਤਣੇ ਦੀ ਜਾਚ ਜਾਣਦੇ ਹਨ, ਭਾਵ ਮਨੁੱਖਾ ਜਨਮ ਸਫਲਾ ਕਰਦੇ ਹਨ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਦੁਨੀਆ ਵਿਚ ਜਿਤਨੇ ਭੀ ਫਿਰਕੇ ਹਨ ਉਹ ਆਪੋ ਆਪਣੇ ਗੁਰੂ, ਪੀਰ, ਫ਼ਕੀਰ, ਅਉਲੀਆਂ ਦੇ ਪੁਜਾਰੀ ਹਨ, ਕੋਈ ਕਿਸੇ ਦੇਵਤੇ ਦੀ ਮੂਰਤੀ ਦਾ ਧਿਆਨ ਧਰਦਾ ਹੈ, ਕੋਈ ਕਿਸੇ ਫ਼ਕੀਰ ਦੇ ਗਿਆਨ ਨੂੰ ਉਚਾ ਮੰਨਦਾ ਹੈ, ਕੋਈ ਕਿਸੇ ਵਿਅਕਤੀ ਦੇ ਚਰਣਾਂ ਦਾ ਪੁਜਾਰੀ ਵੇਖਿਆ ਜਾਂਦਾ ਹੈ, ਕਿਉਂ ਜੀ! ਕੀ ਤੁਸੀਂ ਗੁਰਮਤ ਅਨੁਸਾਰ ਦੱਸਣ ਦੀ ਕ੍ਰਿਪਾ ਕਰੋਗੇ ਕਿ ਕਿਸ ਦਾ ਧਿਆਨ, ਗਿਆਨ, ਪੂਜਾ ਕਰਨੀ ਯੋਗ ਹੈ ?

ਉ: ਹੇ ਭਾਈਓ! ਜਦੋਂ ਅਸੀਂ ਇਸ ਪੱਖ ਨੂੰ ਗੁਰਬਾਣੀ ਦੁਆਰੇ ਪਰਖੀਏ ਤਾਂ ਇਹੋ ਬੋਧ ਮਿਲਦਾ ਹੈ ਕਿ ਗੁਰੂ ਤੋਂ ਬਿਨਾ ਹੋਰ ਧਿਆਨ, ਗਿਆਨ, ਪੂਜਾ ਕਰਨ ਵਾਲੇ ਪੁਜਾਰੀ ਇਸ ਸੰਸਾਰ ਦੇ ਆਵਾਗਵਨ ਦੇ ਚੱਕਰ ਵਿਚ ਪਏ ਰਹਿੰਦੇ ਹਨ, ਦੇਵੀ ਦੇਵਤਿਆਂ ਦੀ ਪੂਜਾ ਕਰਨ ਵਾਲੇ ਲੋਕਾਂ ਨੂੰ ਗੁਰਬਾਣੀ ਨੇ ਇਉਂ ਸੰਬੋਧਨ ਕੀਤਾ ਹੈ ਕਿ ਹੇ ਭਾਈਓ! ਸੁਣੋ ਜੇ ਤੁਸੀਂ ਇਕ ਪਰਮੇਸ਼ਰ ਕਰਤੇ ਨੂੰ ਛੱਡ ਕੇ ਉਸ ਦੀ ਕਿਰਤ ਦੇਵੀ ਦੇਵਤਿਆਂ ਦੇ ਪੁਜਾਰੀ ਬਣੇ ਰਹੋਗੇ ਤਾਂ ਬਾਰ ਬਾਰ ਸਰੀਰਾਂ ਵਿਚ ਹੀ ਆਉਂਦੇ ਜਾਂਦੇ ਰਹੋਗੇ, ਇਸ ਭਾਵ ਨੂੰ ਗੁਰਬਾਣੀ ਵਿਚ ਇਉਂ ਪ੍ਰਗਟਾਇਆ ਗਿਆ ਹੈ, ਜਿਵੇਂ ਕਿ :

ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥
ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ ॥
ਸਿਵ ਪੁਰੀ ਕਾ ਹੋਇਗਾ ਕਾਲਾ ॥
ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ ॥੨॥

*(ਗਉੜੀ ਮ: ੫, ਪੰਨਾ ੨੩੭)*

ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ
ਨਿਹਚਲੁ ਕੋ ਥਾਉ ਨਾਹਿ ॥
ਬਿਨੁ ਹਰਿ ਸੇਵਾ ਸੁਖੁ ਨਹੀ
ਹੋ ਸਾਕਤ ਆਵਹਿ ਜਾਹਿ ॥੩॥

*(ਗਉੜੀ ਮਹਲਾ ੫, ਪੰਨਾ ੨੧੪)*

ਸਿਵ ਬਿਰੰਚਿ ਅਸੁਰ ਸੁਰ ਜੇਤੇ
ਕਾਲ ਅਗਨਿ ਮਹਿ ਜਰਤੇ ॥
ਨਾਨਕ ਸਰਨਿ ਚਰਨ ਕਮਲਨ ਕੀ
ਤੁਮ੍ ਡਾਰਹੁ ਪ੍ਰਭ ਕਰਤੇ ॥੩॥੪॥

*(ਮਲਾਰ ਮ: ੫, ਪੰਨਾ ੧੨੬੭)*

ਭੈਰਉ ਭੂਤ ਸੀਤਲਾ ਧਾਵੈ ॥
ਖਰ ਬਾਹਨੁ ਉਹੁ ਛਾਰੁ ਉਡਾਵੈ ॥੧॥
ਹਉ ਤਉ ਏਕੁ ਰਮਈਆ ਲੈਹਉ ॥
ਆਨ ਦੇਵ ਬਦਲਾਵਨਿ ਦੈਹਉ ॥੧॥ਰਹਾਉ॥

ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥
ਬਰਦ ਚਢੇ ਡਉਰੂ ਢਮਕਾਵੈ ॥੨॥
ਮਹਾ ਮਾਈ ਕੀ ਪੂਜਾ ਕਰੈ ॥
ਨਰ ਸੈ ਨਾਰਿ ਹੋਇ ਅਉਤਰੈ ॥੩॥
ਤੂ ਕਹੀਅਤ ਹੀ ਆਦਿ ਭਵਾਨੀ ॥
ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥

*(ਗੋਂਡ ਬਾਣੀ ਨਾਮਦੇਵ ਜੀ, ਪੰਨਾ ੮੭੪)*

ਇਸ ਤੋਂ ਆਦਿ ਹੋਰ ਭੀ ਬਾਣੀ ਦੁਆਰੇ ਸਾਨੂੰ ਬੋਧ ਮਿਲਦਾ ਹੈ ਕਿ ਜੋ ਇਨ੍ਹਾਂ ਦੇਵਤਿਆਂ ਨੇ ਆਪਣੀਆਂ ਪੁਰੀਆਂ ਸਮੇਤ ਹੀ ਆਪਣੇ ਨੀਅਤ ਸਮੇਂ ਵਿਚ ਨਾਸ ਹੋ ਜਾਣਾ ਹੈ ਤਾਂ ਇਨ੍ਹਾਂ ਦੇਵਤਿਆਂ ਦੇ ਪੁਜਾਰੀ ਜੋ ਇਨ੍ਹਾਂ ਪੁਰੀਆਂ ਵਿਚ ਪੁਜੇ ਹੋਏ ਹਨ ਇਹ ਕਿਵੇਂ ਉਥੇ ਸਥਿਰ ਰਹਿ ਸਕਣਗੇ। ਇਸ ਲਈ ਨਾਸਵੰਤ ਵਿਅਕਤੀਆਂ ਦੀ ਪੂਜਾ ਤਿਆਗ ਕੇ ਕੇਵਲ ਇਨ੍ਹਾਂ ਦੇ ਕਰਤੇ ਪਰਮੇਸ਼ਰ ਦੇ ਧਿਆਨੀ ਤੇ ਚਰਨ ਪੁਜਾਰੀ ਹੋਣਾ ਯੋਗ ਹੈ। ਸੋ, ਮੈਂ ਭੀ ਉਪਰੋਕਤ ਬਾਣੀ ਦੇ ਭਾਵਾਂ ਤੋਂ ਪ੍ਰੇਰਨਾ ਲੈ ਕੇ ਇਸੇ ਭਾਵ ਨੂੰ ਅੰਕਤ ਕੀਤਾ ਹੈ।

(੧) (ਹੇ ਭਾਈਓ !) ਸਤਿਗੁਰੂ ਦੇ ਧਿਆਨ ਤੋਂ ਬਿਨਾਂ ਹੋਰ (ਕਿਸੇ ਦੇਵੀ ਦੇਵਤਿਆਂ ਦਾ) ਧਿਆਨ ਧਰਨਾ ਦ੍ਵੈਤ-ਭਾਵ ਵਾਲਾ ਧਿਆਨ ਹੈ।
(੨) ਗੁਰੂ ਦੇ ਸ਼ਬਦ (ਉਪਦੇਸ਼) ਤੋਂ ਬਿਨਾਂ ਹੋਰ ਸਾਰੇ ਗਿਆਨ ਫਿਕੇ ਤੇ ਬਕਵਾਸ ਹਨ।
(੩) ਸਤਿਗੁਰੂ ਜੀ ਦੇ ਚਰਨਾਂ ਤੋਂ ਬਿਨਾਂ ਕਿਸੇ ਹੋਰ ਦੀ ਪੂਜਾ ਕਰਨੀ ਝੂਠਾ ਸੁਆਦ ਹੈ।
(੪) ਸਤਿਗੁਰੂ ਜੀ ਦੇ ਬਚਨ ਤੋਂ ਬਿਨਾਂ ਕਿਸੇ ਹੋਰ ਦੇ ਬਚਨ ਮੰਨਣ ਵਾਲਾ ਪ੍ਰਮਾਰਥ ਵੱਲੋਂ ਊਣਾ ਰਹਿੰਦਾ ਹੈ।
(੫) ਸਾਧ ਸੰਗਤ ਤੋਂ ਬਿਨਾਂ ਕਿਸੇ ਹੋਰ ਦੀ ਸੰਗਤ ਕਰਨ ਵਾਲੇ ਦਾ ਉਤਸ਼ਾਹ ਕੱਚਾ ਹੁੰਦਾ ਹੈ।
(੬) ਜਿਨ੍ਹਾਂ ਗੁਰਸਿੱਖਾਂ ਨੇ ਸਤਿਗੁਰੂ ਨਾਲ ਪ੍ਰੀਤ ਕੀਤੀ ਹੈ, ਉਹੋ ਹੀ ਜਿੱਤਣ ਦਾ ਦਾਉ ਜਾਣਦੇ ਹਨ।੧੭।

***ਭਾਵਾਰਥ :*** ਸੱਚੇ ਸਤਿਗੁਰੂ ਦੇ ਉਪਦੇਸ਼ ਤੋਂ ਬਿਨਾਂ ਹੋਰ ਸਾਰੇ ਗਿਆਨ, ਧਿਆਨ, ਕਰਮ, ਧਰਮ ਤੇ ਸਿਮਰਨ ਕਿਸੇ ਲੇਖੇ ਵਿਚ ਨਹੀਂ; ਇਸ ਲਈ ਸੱਚੇ ਗੁਰੂ ਦੇ ਪੁਜਾਰੀ ਹੋਣਾ ਯੋਗ ਹੈ।

## ੧੮. ਗੁਰੂ ਦੀ ਪ੍ਰੀਤ ਹੀ ਹਉਮੈ ਦੀ ਨਾਸਕ ਹੈ

**੧. ਲੱਖ ਸਿਆਣਪ ਸੁਰਤ ਲੱਖ**
**ਲੱਖ ਗੁਣ ਚਤੁਰਾਈ।**
**੨. ਲੱਖ ਮਤਿ ਬੁਧਿ ਸੁਧਿ ਗਿਆਨ ਧਿਆਨ**
**ਲੱਖ ਪਤਿ ਵਡਿਆਈ।**
**੩. ਲੱਖ ਜਪ ਤਪ ਲੱਖ ਸੰਜਮਾਂ**
**ਲੱਖ ਤੀਰਥ ਨਾਈ।**
**੪. ਕਰਮ ਧਰਮ ਲੱਖ ਜੋਗ ਭੋਗ**
**ਲੱਖ ਪਾਠ ਪੜਾਈ।**
**੫. ਆਪ ਗਣਾਇ ਵਿਗੁੱਚਣਾ**
**ਓਹ ਥਾਇ ਨ ਪਾਈ।**
**੬. ਪੀਰ ਮੁਰੀਦਾਂ ਪਿਰਹੜੀ ਹੋਇ ਆਪ ਗਵਾਈ ॥੧੮॥**

***ਪਦ ਅਰਥ :*** ਸੁਰਤ—ਗਿਆਤ। ਪੜਾਈ—ਪੜ੍ਹਨਾ। ਵਿਗੁੱਚਣਾ—ਖ਼ਰਾਬ ਹੋਣਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਵਰਤਮਾਨ ਸਮੇਂ ਵਿਚ ਬਹੁਤ ਲੋਕ ਐਸੇ ਭੀ ਵੇਖਣ ਵਿਚ ਆਉਂਦੇ ਹਨ, ਜੋ ਆਪਣੀ ਬੁੱਧੀ ਦੀ ਸਿਆਣਪ ਤੇ ਚਤੁਰਾਈ ਦਾ ਸਦਕਾ ਲੋਕਾਂ ਤੋਂ ਵਡਿਆਈ ਕਰਾਉਂਦੇ ਹਨ। ਅਨੇਕਾਂ ਲੋਕ ਐਸੇ ਭੀ ਵੇਖੀਦੇ ਹਨ ਜੋ ਦਿਨੇ ਰਾਤ ਜਪ, ਤਪ ਤੇ ਤੀਰਥਾਂ ਦੇ ਇਸ਼ਨਾਨ ਕਰਦੇ ਰਹਿਣ ਵਿਚ ਹੀ ਸਮਾਂ ਗੁਜ਼ਾਰਦੇ ਹਨ ਅਤੇ ਕਈ ਜੋਗਾ ਅਭਿਆਸੀ ਹਨ, ਜਿਨ੍ਹਾਂ ਨੇ ਜੋਗ ਦੁਆਰਾ ਆਪਣੀਆਂ ਉਮਰਾਂ ਭੀ ਵਡੇਰੀਆਂ ਕਰ ਲਈਆਂ ਹਨ, ਉਨ੍ਹਾਂ ਦੀ ਇਸ ਬਾਹਰਲੀ ਕਰਮ ਧਰਮ ਦੀ ਕ੍ਰਿਆ ਨੂੰ ਤੱਕ ਕੇ ਲੁਕਾਈ ਉਨ੍ਹਾਂ ਦੀ ਪੂਜਾ ਭੀ ਕਰਦੀ ਵੇਖਣ ਵਿਚ ਆਉਂਦੀ ਹੈ, ਕਿਉਂ ਜੀ ! ਦਸੋਗੇ ਕਿ ਗੁਰਮਤ ਵਿਚ ਅਜਿਹੇ ਲੋਕਾਂ ਨੂੰ ਕਿਤਨੀ ਕੁ ਮਹਾਨਤਾ ਦਿਤੀ ਗਈ ਹੈ, ਕਿਉਂਕਿ ਤੁਸਾਂ ਤਾਂ ਇਨ੍ਹਾਂ ਦੋਹਾਂ ਪੱਖਾਂ ਨੂੰ ਚੰਗੀ ਤਰ੍ਹਾਂ ਪੜਚੋਲਿਆ ਹੈ ?

**ਉ:** ਹੇ ਭਾਈਓ ! ਇਹ ਠੀਕ ਹੈ ਕਿ ਮੈਨੂੰ ਗੁਰੂ ਅਰਜਨ ਦੇਵ ਜੀ ਦੀ ਕ੍ਰਿਪਾ ਸਦਕਾ ਜਿਥੇ ਸੰਪੂਰਨ ਗੁਰਬਾਣੀ ਦੇ ਵੀਚਾਰ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ,

ਉਥੇ ਅਨਮੱਤ ਦੇ ਪੁਸਤਕਾਂ ਨੂੰ ਵਾਚਨ ਦਾ ਸਮਾਂ ਭੀ ਮਿਲਿਆ ਹੈ, ਦੋਹਾਂ ਪੱਖਾਂ ਨੂੰ ਵਿਚਾਰਨ ਤੋਂ ਮੈਨੂੰ ਇਉਂ ਅਨੁਭਵ ਹੋਇਆ ਹੈ ਕਿ ਜਿਥੇ ਜਾ ਕੇ ਅਨਮੱਤ ਦੇ ਪੁਸਤਕਾਂ ਦਾ ਵੀਚਾਰ ਰੁਕ ਜਾਂਦਾ ਹੈ, ਉਥੋਂ ਗੁਰਮਤ ਦਾ ਸਿਧਾਂਤ ਅਗੇ ਅਰੰਭ ਹੁੰਦਾ ਹੈ, ਕਿਉਂਕਿ ਬਾਕੀ ਦੇ ਸ਼ਾਸਤ੍ਰ ਮਨੁੱਖ ਨੂੰ ਜੋਗ ਤੇ ਕਰਮਾਂ ਧਰਮਾਂ ਵਿਚ ਹੀ ਪਰਵਿਰਤ ਕਰਾਉਂਦੇ ਹਨ ਜੋ ਮਨੁੱਖ ਨੂੰ ਸੰਸਾਰ ਦੇ ਚੱਕ੍ਰ ਵਿਚ ਹੀ ਚਕਰਾਈ ਰਖਦੇ ਹਨ। ਪਰ, ਗੁਰਮੱਤ ਸਾਨੂੰ ਉਨ੍ਹਾਂ ਸਚਾਈ ਭਰੇ ਸਾਧਨਾਂ ਨੂੰ ਕਰਨ ਵੱਲ ਪ੍ਰੇਰਦੀ ਹੈ, ਜਿਨ੍ਹਾਂ ਦਾ ਸਦਕਾ ਮਨੁੱਖ ਇਸ ਸੰਸਾਰ ਦੇ ਆਵਾਗਵਨ ਤੋਂ ਛੁਟਕਾਰਾ ਪਾ ਸਕਦਾ ਹੈ। ਬਾਕੀ ਦੇ ਜਿਤਨੇ ਭੀ ਜੋਗ, ਜਪ, ਤਪ, ਕਰਮ-ਕਾਂਡ ਨਜ਼ਰ ਆਉਂਦੇ ਹਨ, ਇਨ੍ਹਾਂ ਦੇ ਬਾਰੇ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਇਹੋ ਬੋਧ ਦੇਂਦੇ ਹਨ ਕਿ ਹੇ ਭਾਈਓ! ਬਾਕੀ ਦੇ ਸਾਰੇ ਸਾਧਨਾਂ ਤੋਂ ਉੱਤਮ ਕੇਵਲ ਪਰਮੇਸ਼ਰ ਦਾ ਨਾਮ ਹੀ ਹੈ ਜੋ ਮਨੁੱਖ ਦਾ ਲੋਕ ਪ੍ਰਲੋਕ ਵਿਚ ਸਹਾਇਕ ਹੁੰਦਾ ਹੈ ਬਾਕੀ ਦੇ ਕਰਮ-ਕਾਂਡਾਂ ਨੂੰ ਤਾਂ ਪ੍ਰਲੋਕ ਦੇ ਮਾਰਗ ਵਿਚ ਜਮ ਜਗਾਤੀਏ ਲੁੱਟ ਲੈਂਦੇ ਹਨ, ਇਸ ਲਈ ਗੁਰਬਾਣੀ ਵਿਚ ਫ਼ੁਰਮਾਨ ਆਇਆ ਹੈ ਕਿ:

ਸਲੋਕੁ ॥

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥੧॥
ਅਸਟਪਦੀ ॥ ਜਾਪ ਤਾਪ ਗਿਆਨ ਸਭਿ ਧਿਆਨ ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥
ਸਗਲ ਤਿਆਗਿ ਬਨ ਮਧੇ ਫਿਰਿਆ ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥
ਪੁੰਨ ਦਾਨ ਹੋਮੇ ਬਹੁ ਰਤਨਾ ॥
ਸਰੀਰੁ ਕਟਾਇ ਹੋਮੈ ਕਰਿ ਰਾਤੀ ॥
ਵਰਤ ਨੇਮ ਕਰੈ ਬਹੁ ਭਾਤੀ ॥
ਨਹੀ ਤੁਲਿ ਰਾਮ ਨਾਮ ਬੀਚਾਰ ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥

*(ਸੁਖਮਨੀ ਸਾਹਿਬ, ਪੰਨਾ ੨੬੫)*

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ
ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ
ਅਧਿਕ ਅਹੰਬੁਧਿ ਬਾਧੇ ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ
ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ
ਦੀਜੈ ਬੁਧਿ ਬਿਬੇਕਾ ॥ਰਹਾਉ॥
ਮੋਨਿ ਭਇਓ ਕਰ ਪਾਤੀ ਰਹਿਓ
ਨਗਨ ਫਿਰਿਓ ਬਨ ਮਾਹੀ ॥
ਤਟ ਤੀਰਥ ਸਭ ਧਰਤੀ ਭ੍ਰਮਿਓ
ਦੁਬਿਧਾ ਛੁਟਕੈ ਨਾਹੀ ॥੨॥
ਮਨ ਕਾਮਨਾ ਤੀਰਥ ਜਾਇ ਬਸਿਓ
ਸਿਰਿ ਕਰਵਤ ਧਰਾਏ ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ
ਜੇ ਲਖ ਜਤਨ ਕਰਾਏ ॥੩॥
ਕਨਿਕ ਕਾਮਿਨੀ ਹੈਵਰ ਗੈਵਰ
ਬਹੁ ਬਿਧਿ ਦਾਨੁ ਦਾਤਾਰਾ ॥
ਅੰਨ ਬਸਤ੍ਰ ਭੂਮਿ ਬਹੁ ਅਰਪੇ
ਨਹ ਮਿਲੀਐ ਹਰਿ ਦੁਆਰਾ ॥੪॥
ਪੂਜਾ ਅਰਚਾ ਬੰਦਨ ਡੰਡਉਤ
ਖਟੁ ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ
ਨਹ ਮਿਲੀਐ ਇਹ ਜੁਗਤਾ ॥੫॥
ਜੋਗ ਸਿਧ ਆਸਣ ਚਉਰਾਸੀਹ
ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ
ਹਰਿ ਸਿਉ ਸੰਗੁ ਨ ਗਹਿਆ ॥੬॥

*(ਸੋਰਠਿ ਮ: ੫, ਪੰਨਾ ੬੪੧)*

ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ ॥
ਗੁਰਮਤੀ ਹਰਿ ਸਦਾ ਪਾਇਆ
ਰਸਨਾ ਹਰਿ ਰਸੁ ਸਮਾਇ ॥੩॥

*(ਸਿਰੀ ਰਾਗੁ ਮਹਲਾ ੩, ਪੰਨਾ ੬੬)*

ਪਾਠੁ ਪੜੈ ਮੁਖਿ ਝੂਠੋ ਬੋਲੈ
ਨਿਗੁਰੇ ਕੀ ਮਤਿ ਓਹੈ ॥
ਨਾਮੁ ਨ ਜਪਈ ਕਿਉ ਸੁਖੁ ਪਾਵੈ
ਬਿਨੁ ਨਾਵੈ ਕਿਉ ਸੋਹੈ ॥੪॥
ਮੂੰਡੁ ਮੁਡਾਇ ਜਟਾ ਸਿਖ ਬਾਧੀ
ਮੋਨਿ ਰਹੈ ਅਭਿਮਾਨਾ ॥
ਮਨੂਆ ਡੋਲੈ ਦਹਦਿਸ ਧਾਵੈ
ਬਿਨੁ ਰਤ ਆਤਮ ਗਿਆਨਾ ॥

*(ਮਾਰੂ ਮਹਲਾ ੧, ਪੰਨਾ ੧੦੧੩)*

ਪਾਠ ਪੜੈ ਲੇ ਲੋਕ ਸੁਣਾਵੈ ॥
ਤੀਰਥਿ ਭਰਮਸਿ ਬਿਆਧਿ ਨ ਜਾਵੈ ॥
ਨਾਮ ਬਿਨਾ ਕੈਸੇ ਸੁਖੁ ਪਾਵੈ ॥੪॥

*(ਰਾਮਕਲੀ ਮਹਲਾ ੧, ਪੰਨਾ ੯੦੫)*

ਕਰਮ ਧਰਮ ਪਾਖੰਡ ਜੋ ਦੀਸਹਿ
ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ
ਨਿਮਖ ਸਿਮਰਤ ਜਿਤੁ ਛੂਟੈ ॥੧॥

*(ਸੂਹੀ ਮਹਲਾ ੫, ਪੰਨਾ ੭੪੭)*

ਇਸ ਤੋਂ ਆਦਿ ਬਾਣੀ ਵਿਚੋਂ ਸਾਨੂੰ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਇਹੋ ਬੋਧ ਮਿਲਦਾ ਹੈ ਕਿ ਕਲਿਜੁਗ ਵਿਚ ਨਾਮ ਤੋਂ ਸੱਖਣੇ ਜਿਤਨੇ ਭੀ ਜੋਗ, ਜੱਗ, ਜਪ, ਤਪ, ਸਾਧਨ ਨਜ਼ਰ ਆਉਂਦੇ ਹਨ, ਇਹ ਰੱਬੀ-ਦਰਬਾਰ ਤਕ ਕੋਈ ਭੀ ਸਾਥ ਨਹੀਂ ਪੁੱਜਦਾ ਕਿਉਂਕਿ ਇਹ ਸਾਰੇ ਪ੍ਰਲੋਕ ਦੇ ਗਵਨ ਸਮੇਂ ਰਸਤੇ ਵਿਚ ਜਮਾਂ ਦੁਆਰੇ ਲੁਟੇ ਜਾਂਦੇ ਹਨ, ਇਸ ਲਈ ਬਾਣੀ ਨੇ ਹਰ ਮਨੁੱਖ-ਮਾਤ੍ਰ ਨੂੰ ਨਾਮ ਸਿਮਰਨ ਦੀ ਹੀ ਪ੍ਰੇਰਨਾ ਦਿਤੀ ਹੈ। ਇਸ ਲਈ ਮੈਂ ਭੀ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਚੰਦ ਪੰਗਤੀਆਂ ਰਾਹੀਂ ਇਸੇ ਭਾਵ ਨੂੰ ਅੰਕਤ ਕੀਤਾ ਹੈ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਲੱਖਾਂ ਸਿਆਣਪਾਂ ਦੀ ਗਿਆਤ, ਲੱਖਾਂ ਗੁਣ ਤੇ ਲੱਖਾਂ ਚਤੁਰਾਈਆਂ।
(੨) ਲੱਖਾਂ ਸਿਖਿਆ, ਬੁੱਧੀ, ਹੋਸ਼, ਗਿਆਨ, ਧਿਆਨ, ਇੱਜ਼ਤਾਂ ਤੇ ਵਡਿਆਈਆਂ।
(੩) ਲੱਖਾਂ ਜਪ, ਤਪ, ਲੱਖਾਂ ਸੰਜਮ ਤੇ ਲੱਖਾਂ ਤੀਰਥਾਂ ਦਾ ਇਸ਼ਨਾਨ।
(੪) ਲੱਖਾਂ ਹੀ ਕਰਮ ਧਰਮ, ਲੱਖਾਂ ਜੋਗ ਭੋਗ ਤੇ ਲੱਖਾਂ ਪੁਸਤਕਾਂ ਦਾ ਪੜ੍ਹਨਾ।
(੫) ਏਨਾ ਕੁੱਛ ਹੋਣ ਦੇ ਬਾਵਜੂਦ ਜੇ ਕੋਈ ਆਪਣਾ ਆਪ ਜਣਾਉਂਦਾ ਹੈ, ਭਾਵ ਹੰਕਾਰ ਕਰਦਾ ਹੈ ਤਾਂ ਉਹ ਜਨਮ ਮਰਨ ਦੇ ਗੇੜ ਵਿਚ ਪੈ ਕੇ ਖ਼ਰਾਬ ਹੁੰਦਾ ਹੈ, ਉਸਦਾ ਕੀਤਾ ਕੋਈ ਕਰਮ ਵੀ ਸਫਲ ਨਹੀਂ ਹੁੰਦਾ ਹੈ।
(੬) ਗੁਰੂ ਤੇ ਸਿੱਖ ਦੀ ਪ੍ਰੀਤ ਹੀ ਇਕ ਐਸਾ ਸਾਧਨ ਹੈ, ਜਿਸ ਨਾਲ ਸਿੱਖ ਦੀ ਹਉਮੈ ਨਾਸ ਹੁੰਦੀ ਹੈ।੧੮।

***ਭਾਵਾਰਥ :*** ਇਸ ਪਉੜੀ ਵਿਚ ਭਾਈ ਸਾਹਿਬ ਜੀ ਜਿਤਨੇ ਭੀ ਪਦਾਰਥ ਦਰਸਾ ਰਹੇ ਹਨ ਜੇ ਇਹ ਸਾਰੇ ਭੀ ਪ੍ਰਾਪਤ ਹੋ ਜਾਣ ਤਾਂ ਸਮਝੋ ਕਿ ਰੇਤ ਦੇ ਥਲ ਵਿਚੋਂ ਇਕ ਕਿਣਕਾ ਮਿਲਿਆ ਹੈ, ਪਰ ਜੇਕਰ ਇਨ੍ਹਾਂ ਸਾਰੇ ਪਦਾਰਥਾਂ ਦਾ ਮਾਲਕ ਪਰਮੇਸ਼ਰ ਮਿਲ ਜਾਏ ਤਾਂ ਜਾਣੋ ਸਾਰਾ ਥਲ ਆ ਗਿਆ। ਕਿਉਂਕਿ ਇਹ ਸਾਰੀਆਂ ਦਾਤਾਂ ਹਨ ਤੇ ਜੇ ਦਾਤਾਰ ਮਿਲੇ ਤਾਂ ਦਾਤਾਂ ਤੁੱਛ ਹਨ।

ਪਰ ਦਾਤਾਂ ਵਿਚ ਇਕ ਹੋਰ ਔਗੁਣ ਹੈ ਕਿ ਦਾਤਾਂ ਪਾ ਕੇ ਮਨੁੱਖ ਹੰਕਾਰੀ ਹੋ ਜਾਂਦਾ ਹੈ, ਪਰ ਇਹ ਹੰਕਾਰ ਹਰੀ ਨੂੰ ਨਹੀਂ ਭਾਉਂਦਾ, ਭਾਵ ਹੰਕਾਰੀ ਵਾਹਿਗੁਰੂ ਨੂੰ ਪ੍ਰਾਪਤ ਨਹੀਂ ਕਰ ਸਕਦਾ, ਕੇਵਲ ਇਕ ਗੁਰੂ ਦੀ ਪ੍ਰੀਤ ਹੀ ਹੰਕਾਰ ਨੂੰ ਤੋੜਦੀ ਹੈ, ਹੰਕਾਰ ਟੁੱਟੇ ਤਾਂ ਪਰਮੇਸ਼ਰ ਪ੍ਰਤੱਖ ਮਿਲ ਜਾਂਦਾ ਹੈ।

## ੧੯. ਸਿੱਖਾਂ ਦੀ ਸੇਵਾ ਦਾ ਰੂਪ

**੧. ਪੈਰੀਂ ਪੈ ਪਾਖਾਕ ਹੋਇ**
**ਛਡ ਮਣੀ ਮਨੂਰੀ।**
**੨. ਪਾਣੀ ਪੱਖਾ ਪੀਹਣਾ**
**ਨਿੱਤ ਕਰੈ ਮਜੂਰੀ।**
**੩. ਤੁੱਪੜ ਝਾੜ ਵਿਛਾਇੰਦਾ**
**ਚੁੱਲ ਝੋਕ ਨ ਝੂਰੀ।**
**੪. ਮੁਰਦੇ ਵਾਂਗ ਮੁਰੀਦ ਹੋਇ**
**ਕਰ ਸਿਦਕ ਸਬੂਰੀ।**
**੫. ਚੰਦਨ ਹੋਵੈ ਸਿੰਮਲਹੁੰ**
**ਫਲ ਵਾਸ ਹਜੂਰੀ।**
**੬. ਪੀਰ ਮੁਰੀਦਾਂ ਪਿਰਹੜੀ ਗੁਰਮੁਖਿ ਮਤ ਪੂਰੀ ॥੧੯॥**

***ਪਦ ਅਰਥ :*** ਮਣੀ—ਵਡਿਆਈ। ਮਨੂਰੀ—ਮਨੌਤ। ਮਜੂਰੀ—ਟਹਿਲ। ਝੋਕ—ਡਾਹੁਨਾ। ਹਜੂਰੀ—ਕੋਲ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਗੁਰੂ ਦੀ ਸੰਗਤ ਵਿਚ ਸੇਵਾ ਕਰਨ ਵਾਲੇ ਸੇਵਕ ਤਾਂ ਬਹੁਤ ਵੇਖੀਦੇ ਹਨ ਜੋ ਭਿੰਨ ਭਿੰਨ ਸੇਵਾ ਕਰਦੇ ਹਨ, ਪਰ ਉਨ੍ਹਾਂ ਵਿਚੋਂ ਉਹ ਕੇਹੜਾ ਸੇਵਕ ਹੈ, ਜਿਸ ਦੀ ਸੇਵਾ ਗੁਰੂ ਦੇ ਦਰਬਾਰ ਵਿਚ ਕਬੂਲ ਪੈਂਦੀ ਹੈ ?

ਉ: ਹੇ ਭਾਈਓ ! ਗੁਰਬਾਣੀ ਵਿਚ ਸੇਵਾ ਦੇ ਭਿੰਨ ਭਿੰਨ ਰੂਪ ਦਰਸਾਏ ਗਏ ਹਨ, ਪਰ ਨਾਲ ਹੀ ਉਨ੍ਹਾਂ ਸੇਵਕਾਂ

ਦੀਆਂ ਭਾਵਨਾਵਾਂ ਦਾ ਭੀ ਜ਼ਿਕਰ ਕੀਤਾ ਗਿਆ ਹੈ। ਕਿਉਂਕਿ ਇਕ ਸੇਵਕ ਉਹ ਹਨ ਜੋ ਸੇਵਾ ਕਰਨ ਸਮੇਂ ਆਪਣੇ ਮਨ ਵਿਚ ਕੋਈ ਭੀ ਕਾਮਨਾ ਨਹੀਂ ਰੱਖਦੇ, ਉਨ੍ਹਾਂ ਨਿਸ਼ਕਾਮੀ ਸੇਵਕਾਂ ਨੂੰ ਹੀ ਬਾਣੀ ਦੇ ਫ਼ੁਰਮਾਨ ਅਨੁਸਾਰ ਸੁਆਮੀ ਦੀ ਪ੍ਰਾਪਤੀ ਹੁੰਦੀ ਹੈ, ਜਿਵੇਂ ਕਿ :

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥
ਗੁਰ ਕੀ ਆਗਿਆ ਮਨ ਮਹਿ ਸਹੈ॥
ਆਪਸ ਕਉ ਕਰਿ ਕਛੁ ਨ ਜਨਾਵੈ॥
ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥
ਮਨੁ ਬੇਚੈ ਸਤਿਗੁਰ ਕੈ ਪਾਸਿ॥
ਤਿਸੁ ਸੇਵਕ ਕੇ ਕਾਰਜ ਰਾਸਿ॥
ਸੇਵਾ ਕਰਤ ਹੋਇ ਨਿਹਕਾਮੀ॥
ਤਿਸ ਕਉ ਹੋਤ ਪਰਾਪਤਿ ਸੁਆਮੀ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ॥
ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ॥੨॥

*(ਸੁਖਮਨੀ ਸਾਹਿਬ, ਪੰਨਾ ੨੮੬)*

ਗੁਰੂ ਦੇ ਗ੍ਰਹਿ, ਸਾਧ ਸੰਗਤ ਵਿਚ ਰਹਿ ਕੇ ਜੋ ਨਿਰਮਾਣ ਹੋ ਸੇਵਾ ਕਰਦੇ ਹਨ ਅਤੇ ਦਿਨੇ ਰਾਤ ਹਰੀ ਦਾ ਸਿਮਰਨ ਕਰਦੇ ਹਨ, ਉਨ੍ਹਾਂ ਦੀ ਸੇਵਾ ਹੀ ਰੱਬੀ-ਦਰਬਾਰ ਵਿਚ ਕਬੂਲ ਹੁੰਦੀ ਹੈ, ਪਰ ਇਹ ਨਿਸ਼ਕਾਮ ਸੇਵਾ ਉਸੇ ਨੂੰ ਹੀ ਪ੍ਰਾਪਤ ਹੁੰਦੀ ਹੈ, ਜਿਸ ਮਨੁੱਖ 'ਤੇ ਉਹ ਪ੍ਰਭੂ ਆਪ ਹੀ ਬਖ਼ਸ਼ਸ਼ ਕਰੇ। ਉਨ੍ਹਾਂ ਸੇਵਕਾਂ ਦੇ ਸੰਬੰਧ ਵਿਚ ਹੀ ਗੁਰ ਫ਼ੁਰਮਾਨ ਆਇਆ ਹੈ ਕਿ :

ਸੇਵਾ ਕਰੇ ਸੁ ਚਾਕਰੁ ਹੋਇ॥

*(ਸੂਹੀ ਮਹਲਾ ੧, ਪੰਨਾ ੭੨੮)*

ਸੇਵਾ ਲਾਗੇ ਸੇ ਵਡਭਾਗੇ ਜੁਗਿ ਜੁਗਿ ਏਕੋ ਜਾਤਾ॥

*(ਵਡਹੰਸੁ ਮ: ੩, ਪੰਨਾ ੫੭੧)*

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥
ਨਾਨਕੁ ਜਿਸ ਨੋ ਲਗਾ ਤਿਸੁ ਮਿਲੈ
ਲਗਾ ਸੋ ਪਰਵਾਨੁ॥੧॥ *(ਮ: ੨, ਪੰਨਾ ੪੭੪)*

ਭਾਵ ਹੈ, ਜੋ ਆਪਾ-ਭਾਵ ਗਵਾ ਕੇ ਸੇਵਾ ਕਰਦੇ ਹਨ ਉਨ੍ਹਾਂ ਸੇਵਕਾਂ ਨੂੰ ਹੀ ਗੁਰੂ ਦੀ ਨੇੜਤਾ ਪ੍ਰਾਪਤ ਹੁੰਦੀ ਹੈ ਬਾਕੀ ਤਾਂ ਕੇਵਲ ਕਹਿਣ ਮਾਤ੍ਰ ਹੀ ਸੇਵਕ ਹਨ।

ਦੂਸਰੇ ਉਹ ਸੇਵਕ ਹਨ ਜੋ ਸੇਵਾ ਤਾਂ ਬਹੁਤ ਥੋੜ੍ਹੀ ਕਰਦੇ ਹਨ, ਪਰ ਉਨ੍ਹਾਂ ਦੀ ਮੰਗ ਵਧੇਰੇ ਹੁੰਦੀ ਹੈ, ਉਨ੍ਹਾਂ ਦੀ ਸੇਵਾ ਮੁਖ ਨਹੀਂ ਕੇਵਲ ਮੰਗ ਹੀ ਮੁਖ ਹੈ। ਉਨ੍ਹਾਂ ਦੀ ਮੰਗ ਪੂਰੀ ਹੋ ਜਾਏ ਤਾਂ ਸੇਵਾ-ਭਾਵ ਵੀ ਉਨ੍ਹਾਂ ਦਾ ਮੁੱਕ ਜਾਂਦਾ ਹੈ ਅਤੇ ਜੇ ਮੰਗ ਪੂਰੀ ਨਾ ਹੋਵੇ ਫਿਰ ਤਾਂ ਉਹ ਗੁਰੂ ਵੱਲੋਂ ਉਂਞ ਹੀ ਮੁਖ ਮੋੜ ਲੈਂਦੇ ਹਨ, ਉਨ੍ਹਾਂ ਅਜਿਹੇ ਗ਼ਰਜ਼ਵਾਨ ਅਖੌਤੀ ਸੇਵਕਾਂ ਬਾਰੇ ਹੀ ਫ਼ੁਰਮਾਨ ਹੈ ਕਿ :

ਸੇਵਾ ਥੋਰੀ ਮਾਗਨੁ ਬਹੁਤਾ॥
ਮਹਲੁ ਨ ਪਾਵੈ ਕਹਤੋ ਪਹੁਤਾ॥

*(ਸੂਹੀ ਮਹਲਾ ੫, ਪੰਨਾ ੭੩੮)*

ਐਸੇ ਸੇਵਕ ਜੋ ਥੋੜ੍ਹੀ ਸੇਵਾ ਕਰਕੇ ਹਜ਼ਾਰਾਂ ਗੁਣਾਂ ਵਧ ਮੰਗਦੇ ਹਨ, ਅਤੇ ਨਾਲ ਹੀ ਇਹ ਭੀ ਇੱਛਾ ਕਰਦੇ ਹਨ ਕਿ ਸੰਸਾਰ ਵਿਚ ਮੇਰੀ ਸੋਭਾ ਭੀ ਹੋਵੇ, ਐਸੇ ਮਾਨੀ ਲੋਕ ਗੁਰੂ ਦੇ ਦਰਬਾਰ ਵਿਚ ਕਬੂਲ ਨਹੀਂ ਹੁੰਦੇ। ਇਹ ਗੱਲ ਵੱਖਰੀ ਹੈ ਕਿ ਉਹ ਚਾਰ ਦਿਨ ਲੋਕਾਂ ਵਿਚ ਆਪਣੀ ਵਾਹ ਵਾਹ ਕਰਵਾ ਲੈਣ। ਇਸ ਤੋਂ ਵੱਧ ਉਨ੍ਹਾਂ ਨੂੰ ਗੁਰੂ ਦੀਆਂ ਖ਼ੁਸ਼ੀਆਂ ਨਹੀਂ ਮਿਲ ਸਕਦੀਆਂ। ਸੋ, ਮੈਂ ਭੀ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਵਿਚ ਮੈਂ ਏਹੋ ਭਾਵ ਦਰਸਾਇਆ ਹੈ ਕਿ ਜਿਨ੍ਹਾਂ ਸਿੱਖਾਂ ਦੀ ਗੁਰੂ ਨਾਲ ਨਿਸ਼ਕਾਮ ਪ੍ਰੀਤੀ ਹੈ ਉਹੀ ਗੁਰੂ ਦੇ ਦਰ ਵਿਚ ਮਾਣ ਹਾਸਲ ਕਰਦੇ ਹਨ, ਪਰ ਗੁਰੂ ਦਾ ਸੇਵਕ ਆਪਣੇ ਗੁਰੂ ਦੀ ਸੇਵਾ ਕਿਸ ਤਰ੍ਹਾਂ ਕਰਦਾ ਹੈ ਤੇ ਇਹੋ ਉਨ੍ਹਾਂ ਦੀ ਮੰਗ ਹੈ :

ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ॥
ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ॥

*(ਮ: ੫, ਪੰਨਾ ੫੧੮)*

ਕਰਿ ਕਿਰਪਾ ਮੋਹਿ ਟਹਲੈ ਲਾਏ॥
ਪਖਾ ਫੇਰਉ ਪੀਸਉ ਸੰਤ ਆਗੈ
ਚਰਣ ਧੋਇ ਸੁਖੁ ਪਾਇਣਾ॥੧੩॥

*(ਮਾਰੂ ਮਹਲਾ ੫, ਪੰਨਾ ੧੦੭੮)*

ਤਨੁ ਮਨੁ ਕਾਟਿ ਕਾਟਿ ਸਭੁ ਅਰਪੀ
ਵਿਚਿ ਅਗਨੀ ਆਪੁ ਜਲਾਈ॥੪॥
ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥੫॥

*(ਸੂਹੀ ਮਹਲਾ ੪, ਪੰਨਾ ੭੫੭)*

ਪਖਾ ਫੇਰੀ ਪਾਣੀ ਢੋਵਾ
ਹਰਿ ਜਨ ਕੈ ਪੀਸਣੁ ਪੀਸਿ ਕਮਾਵਾ॥
ਨਾਨਕ ਕੀ ਪ੍ਰਭ ਪਾਸਿ ਬੇਨੰਤੀ
ਤੇਰੇ ਜਨ ਦੇਖਣੁ ਪਾਵਾ॥੪॥੭॥੫੪॥

*(ਸੂਹੀ ਮਹਲਾ ੫, ਪੰਨਾ ੭੪੯)*

ਪੀਅਹਿ ਤ ਪਾਣੀ ਆਣੀ ਮੀਰਾ
ਖਾਹਿ ਤ ਪੀਸਣ ਜਾਉ ॥
ਪਖਾ ਫੇਰੀ ਪੈਰ ਮਲੋਵਾ
ਜਪਤ ਰਹਾ ਤੇਰਾ ਨਾਉ ॥੩॥

*(ਮਾਰੂ ਮਹਲਾ ੧, ਪੰਨਾ ੯੯੧)*

ਗੁਰੂ ਦੇ ਨਿਸ਼ਕਾਮ ਸੇਵਕਾਂ ਦੀ ਗੁਰੂ ਪਾਸੋਂ ਸੇਵਾ ਕਰਕੇ ਭੀ ਇਹੋ ਮੰਗ ਹੈ, ਜੋ ਉਪ੍ਰੋਕਤ ਪੰਗਤੀਆਂ ਵਿਚ ਬਾਣੀ ਦੁਆਰੇ ਦਰਸਾਈ ਹੈ, ਇਹੋ ਭਾਵ ਮੈਂ ਇਨ੍ਹਾਂ ਪੰਗਤੀਆਂ ਵਿਚ ਦਰਸਾਇਆ ਹੈ ਕਿ :

(੧) ਸਿੱਖ ਗੁਰੂ ਜੀ ਦੇ ਚਰਣਾਂ ਦੀ ਧੂੜ ਬਣ ਕੇ ਪੈਰੀਂ ਪੈਂਦਾ ਹੈ ਤੇ ਆਪਣਾ ਮਾਣ ਤੇ ਮਨੌਤ ਛੱਡ ਦੇਂਦਾ ਹੈ।
(੨) ਸਿੱਖ ਪਾਣੀ ਭਰਨ, ਪੱਖਾ ਝਲਣ ਤੇ ਚੱਕੀ ਪੀਹਣ ਦੀ ਸੇਵਾ ਕਰਦਾ ਹੈ।
(੩) (ਸਾਧ ਸੰਗਤ ਦੇ ਬੈਠਣ ਵਾਸਤੇ ਧਰਮ ਸਾਲ ਵਿਚ) ਤੱਪੜ ਝਾੜ ਕੇ ਵਿਛਾਉਂਦਾ ਹੈ ਤੇ ਲੰਗਰ ਦੇ ਚੁਲ੍ਹੇ ਵਿਚ ਬਾਲਣ ਡਾਹੁੰਦਾ ਹੋਇਆ ਉਹ ਝੂਰਦਾ ਨਹੀਂ।
(੪) ਉਹ ਮੁਰੀਦ ਮੁਰਦੇ ਵਾਂਗ (ਨਿਰਮਾਣ) ਹੋ ਕੇ ਸਿਦਕ ਤੇ ਸਬਰ ਨਾਲ ਸੇਵਾ ਕਰਦਾ ਹੈ।
(੫) ਜਿਵੇਂ ਸਿੰਮਲ ਦਾ ਬੂਟਾ ਚੰਦਨ ਦੇ ਕੋਲ ਰਹਿਣ ਕਰਕੇ ਸੁਗੰਧ ਵਾਲਾ ਹੋ ਜਾਂਦਾ ਹੈ, ਇਸੇ ਤਰ੍ਹਾਂ ਗੁਰਸਿਖ ਨਿੰਮ੍ਰਤਾ ਧਾਰਨ ਕਰਕੇ ਗੁਰੂ ਰੂਪ ਹੋ ਜਾਂਦਾ ਹੈ।
(੬) ਜਿਹੜੇ ਸਿਖ ਗੁਰੂ ਨਾਲ ਸੱਚੀ ਪ੍ਰੀਤ ਕਰਦੇ ਹਨ, ਉਨ੍ਹਾਂ ਗੁਰਮੁਖਾਂ ਦੀ ਮੱਤ ਪੂਰੀ ਹੈ। (ਉਹ ਗੁਰੂ ਦੇ ਸੱਚੇ ਦਰਬਾਰ ਵਿਚ ਸਹੀ ਸਲਾਮਤ ਪੁੱਜ ਜਾਂਦੇ ਹਨ।੧੯।

***ਭਾਵਾਰਥ :*** ਇਸ ਪਉੜੀ ਵਿਚ ਭਾਈ ਸਾਹਿਬ ਜੀ ਨੇ ਸਿੱਖ ਦੀ ਸਰੀਰਕ ਸੇਵਾ ਦਾ ਪ੍ਰਕਰਣ ਦਰਸਾਇਆ ਹੈ, ਜਿਸ ਦਾ ਸਦਕਾ ਸਰੀਰ ਦੇ ਸਾਰੇ ਅੰਗ ਪਵਿੱਤ੍ਰ ਹੋ ਜਾਂਦੇ ਹਨ।

## ੨੦. ਗੁਰ-ਸੇਵਾ ਦਾ ਫਲ

**੧. ਗੁਰ ਸੇਵਾ ਦਾ ਫਲ ਘਣਾ**
**ਕਿਨ ਕੀਮਤ ਹੋਈ।**
**੨. ਰੰਗ ਸੁਰੰਗ ਅਚਰਜ ਹੈ**
**ਵੇਖਾਲੇ ਸੋਈ।**
**੩. ਸਾਦ ਵਡਾ ਵਿਸਮਾਦ ਹੈ**
**ਰਸ ਗੁੰਗੈ ਗੋਈ।**
**੪. ਉਤਭੁਜ ਵਾਸ ਨਿਵਾਸ ਹੈ**
**ਕਰ ਚਲਿਤ ਸਮੋਈ।**
**੫. ਤੋਲ ਅਤੋਲ ਅਮੋਲ ਹੈ**
**ਜਰੈ ਅੱਜਰ ਕੋਈ।**
**੬. ਪੀਰ ਮੁਰੀਦਾਂ ਪਿਰਹੜੀ ਜਾਣੈ ਜਾਣੋਈ॥੨੦॥**

***ਪਦ ਅਰਥ :*** ਸੁਰੰਗ—ਸੋਹਣਾ ਰੰਗ। ਵਿਸਮਾਦ—ਅਸਚਰਜ। ਗੋਈ—ਬੋਲੀ। ਉਤਭੁਜ—ਬਨਸਪਤੀ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਸਨਾਤਨ ਪੁਸਤਕਾਂ ਵਿਚ ਪੁਰਾਤਨ ਸਮੇਂ ਦੇ ਜੋਗ, ਜੱਗ, ਜਪ, ਤਪ ਆਦਿਕ ਸਾਧਨਾਂ ਦੇ ਵੱਖ ਵੱਖ ਫਲ ਦਰਸਾਏ ਗਏ ਹਨ, ਪਰ ਆਪ ਜੀ ਦੱਸਣ ਦੀ ਕ੍ਰਿਪਾ ਕਰੋਗੇ ਕਿ ਗੁਰਮਤ ਵਿਚ ਗੁਰੂ ਦੀ ਸੇਵਾ ਦਾ ਫਲ ਕਿਤਨਾ ਕੁ ਮੰਨਿਆ ਗਿਆ ਹੈ ?

**ਉ:** ਹੇ ਭਾਈਓ! ਮੈਨੂੰ ਤਾਂ ਗੁਰਬਾਣੀ ਦੀ ਵੀਚਾਰ ਕਰਦਿਆਂ ਇਹੋ ਬੋਧ ਮਿਲਿਆ ਹੈ ਕਿ ਗੁਰੂ ਦੀ ਸੇਵਾ ਸਾਰਿਆਂ ਜਪਾਂ, ਤਪਾਂ ਤੋਂ ਉਚੇਰੀ ਹੈ, ਇਸ ਦਾ ਜੋ ਫਲ ਹੈ ਇਸ ਨੂੰ ਭੀ ਬਿਆਨਿਆਂ ਨਹੀਂ ਜਾ ਸਕਦਾ ਅਤੇ ਇਸ ਦਾ ਸੁਖ ਭੀ ਨਹੀਂ ਕਿਹਾ ਜਾ ਸਕਦਾ, ਕਿਉਂਕਿ ਉਹ ਗੁੰਗੇ ਦੀ ਮਠਿਆਈ ਖਾਣ ਦੇ ਬਰਾਬਰ ਹੈ ਜਿਸਨੂੰ ਦੱਸਿਆ ਨਹੀਂ ਜਾ ਸਕਦਾ, ਉਸਨੂੰ ਤਾਂ ਅਨੁਭਵ ਹੀ ਕੀਤਾ ਜਾ ਸਕਦਾ ਹੈ। ਉਸ ਗੁਰੂ ਦੀ ਸੇਵਾ ਦੇ ਸੰਬੰਧੀ ਜਦੋਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁੱਛੀਏ ਤਾਂ ਉਹ ਸਾਨੂੰ ਇਹੋ ਜਾਣਕਾਰੀ ਦੇਂਦੇ ਹਨ, ਜਿਵੇਂ ਕਿ :

ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥.....
ਗੁਰ ਸੇਵਾ ਤੇ ਤ੍ਰਿਭਵਣ ਸੋਝੀ ਹੋਇ ॥......
ਗੁਰ ਸੇਵਾ ਤੇ ਸਭ ਕੁਲ ਉਧਾਰੇ ॥......
ਸੇ ਵਡਭਾਗੀ ਜਿ ਗੁਰਿ ਸੇਵਾ ਲਾਏ ॥
ਅਨਦਿਨੁ ਭਗਤਿ ਸਚੁ ਨਾਮੁ ਦ੍ਰਿੜਾਏ ॥

*(ਆਸਾ ਮਹਲਾ ੩, ਪੰਨਾ ੪੨੩)*

ਗੁਰ ਸੇਵਾ ਆਪਿ ਹਰਿ ਭਾਵੈ ॥
ਕ੍ਰਿਸਨੁ ਬਲਭਦ੍ਰੁ ਗੁਰ ਪਗ ਲਗਿ ਧਿਆਵੈ ॥

*(ਗਉੜੀ, ਪੰਨਾ ੧੬੫)*

ਗੁਰ ਸੇਵਾ ਸੁਖੁ ਪਾਈਐ ਹਰਿ ਵਰੁ ਸਹਜਿ ਸੀਗਾਰੁ ॥

*(ਸਿਰੀ ਰਾਗੁ ਮਹਲਾ ੧, ਪੰਨਾ ੫੮)*

ਗੁਰੁ ਸੇਵੇ ਸੋ ਠਾਕੁਰ ਜਾਨੈ ॥
ਦੂਖੁ ਮਿਟੈ ਸਚੁ ਸਬਦਿ ਪਛਾਨੈ ॥੧॥
ਸਤਿਗੁਰੁ ਸੇਵਿ ਦੇਖਹੁ ਪ੍ਰਭੁ ਨੈਨੀ ॥੧॥ਰਹਾਉ॥

*(ਆਸਾ ਮਹਲਾ ੧, ਪੰਨਾ ੪੧੬)*

ਗੁਰੁ ਸੇਵਹੁ ਸਦਾ ਆਪਨਾ ਨਾਮੁ ਪਦਾਰਥੁ ਲੇਹੋ ॥

*(ਆਸਾ ਮਹਲਾ ੩, ਪੰਨਾ ੪੪੦)*

ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਇ ॥

*(ਗਉੜੀ ਮਹਲਾ ੩, ਪੰਨਾ ੨੩੧)*

ਗੁਰ ਸੇਵਾ ਜੁਗ ਚਾਰੇ ਹੋਈ ॥
ਪੂਰਾ ਜਨੁ ਕਾਰ ਕਮਾਵੈ ਕੋਈ ॥

*(ਗਉੜੀ ਮ: ੩, ਪੰਨਾ ੧੬੧)*

ਗੁਰੁ ਬੋਹਿਥੁ ਤਾਰੇ ਭਵ ਪਾਰਿ ॥
ਗੁਰ ਸੇਵਾ ਜਮ ਤੇ ਛੁਟਕਾਰਿ ॥

*(ਗੋਂਡ ਮ: ੫, ਪੰਨਾ ੮੬੪)*

ਗੁਰ ਸੇਵੇ ਜੇਵਡੁ ਹੋਰੁ ਲਾਹਾ ਨਾਹੀ ॥

*(ਮਾਰੂ ਮ: ੩, ਪੰਨਾ ੧੦੬੨)*

ਗੁਰ ਸੇਵਾ ਤੇ ਆਪੁ ਪਛਾਤਾ ॥
ਅੰਮ੍ਰਿਤ ਨਾਮੁ ਵਸਿਆ ਸੁਖਦਾਤਾ ॥

*(ਆਸਾ ਮਹਲਾ ੧, ਪੰਨਾ ੪੧੫)*

ਗੁਰ ਸੇਵਾ ਤੇ ਸੁਖੁ ਊਪਜੈ ਸਚੈ ਸਬਦਿ ਬੁਝਾਏ ॥੪॥

*(ਆਸਾ ਮਹਲਾ ੩, ਪੰਨਾ ੪੨੭)*

ਗੁਰ ਸੇਵਾ ਤੇ ਭਏ ਮਨ ਨਿਰਮਲ
ਹਰਿ ਹਰਿ ਹਰਿ ਹਰਿ ਨਾਮੁ ਸੁਨਾ ॥੧॥ਰਹਾਉ॥

*(ਆਸਾ ਮਹਲਾ ੫, ਪੰਨਾ ੩੮੭)*

ਇਸ ਤਰ੍ਹਾਂ ਬਾਣੀ ਵਿਚੋਂ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਬੋਧ ਮਿਲਦਾ ਹੈ ਕਿ ਕਲਜੁਗ ਅੰਦਰ ਜਿਤਨੇ ਭੀ ਜਪ, ਤਪ, ਸਾਧਨ ਹਨ, ਇਨ੍ਹਾਂ ਸਾਰਿਆਂ ਤੋਂ ਗੁਰੂ ਦੀ ਸੇਵਾ ਉੱਤਮ ਹੈ, ਕਿਉਂਕਿ ਇਹ ਸਾਰੇ ਫਲਾਂ ਦੀ ਦਾਤੀ ਹੈ, ਬਾਕੀ ਦੇ ਕਰਮਾਂ ਧਰਮਾਂ ਦਾ ਫਲ ਰੱਬੀ ਦਰਬਾਰ ਤਕ ਨਹੀਂ ਪੁੱਜਦਾ, ਇਹ ਰਸਤੇ ਵਿਚ ਹੀ ਲੁੱਟੇ ਜਾਂਦੇ ਹਨ। ਇਸ ਲਈ ਮਨੁੱਖ ਦੀ ਕਲਿਆਣ ਕਰਤਾ ਗੁਰੂ ਦੀ ਕੀਤੀ ਨਿਸ਼ਕਾਮ ਸੇਵਾ ਹੀ ਸਫਲੀ ਹੈ। ਸੋ, ਮੈਂ ਭੀ ਗੁਰਬਾਣੀ ਦੀਆਂ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ, ਜਿਨ੍ਹਾਂ ਵਿਚ ਗੁਰੂ ਦੀ ਸੇਵਾ ਨੂੰ ਮਹਾਨਤਾ ਦਿਤੀ ਗਈ ਹੈ, ਜਿਵੇਂ ਕਿ ਗੁਰਬਾਣੀ ਫ਼ੁਰਮਾਨ ਕਰਦੀ ਹੈ ਕਿ :

(੧) ਸਤਿਗੁਰੂ ਜੀ ਦੀ ਸੇਵਾ ਦਾ ਫਲ ਬਹੁਤ ਹੈ, ਇਸ ਸੇਵਾ ਦਾ ਕੌਣ ਵਰਣਨ ਕਰ ਸਕਦਾ ਹੈ ? (ਭਾਵ ਕੋਈ ਭੀ ਨਹੀਂ ਕਰ ਸਕਦਾ)।

(੨) ਇਸ ਸੇਵਾ ਦਾ ਸੋਹਣਾ ਤੇ ਅਸਚਰਜ ਲਾਲ ਰੰਗ ਹੈ, ਇਸ ਰੰਗ ਨੂੰ ਗੁਰੂ ਹੀ ਦਿਖਾ ਸਕਦਾ ਹੈ।

(੩) ਗੁਰੂ ਦੀ ਸੇਵਾ ਦਾ ਸੁਆਦ ਅਸਚਰਜ ਹੈ, ਇਹ ਸੁਆਦ ਗੂੰਗੇ ਦੀ ਬੋਲੀ ਵਾਂਗੂੰ ਦਸਿਆ ਨਹੀਂ ਜਾ ਸਕਦਾ।

(੪) ਜਿਵੇਂ ਚੰਦਨ ਦੀ ਵਾਸ਼ਨਾ ਬਨਾਸਪਤੀ ਵਿਚ ਸਮਾ ਜਾਂਦੀ ਹੈ, ਇਸੇ ਤਰ੍ਹਾਂ ਇਹ ਸੁਆਦ ਵਾਸ਼ਨਾ ਵਾਂਗੂੰ ਸਿਖ ਦੇ ਤਨ ਮਨ ਵਿਚ ਸਮਾ ਜਾਂਦਾ ਹੈ।

(੫) ਇਸ ਸੇਵਾ ਦਾ ਤੋਲ ਅਤੋਲ ਤੇ ਅਮੋਲਕ ਹੈ, ਇਸ ਅਜਰ ਵਸਤੂ ਨੂੰ ਕੋਈ ਵਿਰਲਾ ਹੀ ਜਰਦਾ ਹੈ।

(੬) ਜਿਹੜੇ ਗੁਰਸਿਖ ਪ੍ਰੇਮ ਤੇ ਸਿਦਕ ਨਾਲ ਸਤਿਗੁਰੂ ਜੀ ਦੀ ਸੇਵਾ ਕਰਦੇ ਹਨ, ਉਹੋ ਹੀ ਇਸ ਸੁਆਦ ਨੂੰ ਜਾਣ ਸਕਦੇ ਹਨ।੨੦।

ਭਾਵ ਹੈ ਕਿ ਗੁਰੂ ਦੀ ਸੇਵਾ ਦਾ ਲਾਲ ਰੰਗ ਉਸਨੂੰ ਹੀ ਚੜ੍ਹਦਾ ਹੈ, ਜੋ ਗੁਰੂ ਦੇ ਹੁਕਮ ਅਨੁਸਾਰ ਵਡੇ ਭਾਗਾਂ ਵਾਲੇ ਹਨ :

ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥

*(ਬਿਲਾਵਲੁ ਮਹਲਾ ੫, ਪੰਨਾ ੮੦੮)*

ਜਿਸ ਸੇਵਕ ਦਾ ਮਨ-ਰੂਪੀ ਬਸਤ੍ਰ ਇਸ ਸੇਵਾ ਦੇ ਰੰਗ ਨਾਲ ਰੰਗਿਆ ਜਾਂਦਾ ਹੈ, ਉਹ ਰੰਗ ਸਰੀਰ ਦੇ ਬੰਦ ਬੰਦ ਕੱਟਣ ਨਾਲ, ਆਰਿਆਂ ਨਾਲ ਚੀਰਣ ਤੋਂ ਅਤੇ ਦੇਗਾਂ ਵਿਚ ਉਬਾਲੇ ਜਾਣ ਨਾਲ ਭੀ ਨਹੀਂ ਲਹਿੰਦਾ। ਇਸ ਸੇਵਾ ਦੇ ਰੰਗ ਦਾ ਅਨੰਦ ਭੀ ਗੂੰਗੇ ਦੀ ਬਾਣੀ ਵਾਂਗ ਹੈ ਜੋ ਸਹੀ ਰੂਪ ਵਿਚ ਬਿਆਨਿਆਂ ਨਹੀਂ ਜਾ ਸਕਦਾ, ਉਸਦਾ ਗੂੰਗੇ ਵਾਂਗ ਮਨ ਹੀ ਮਨ ਵਿਚ ਅਨੰਦ ਮਾਣਿਆ ਜਾ ਸਕਦਾ ਹੈ। ਜਿਵੇਂ ਕਿ :

ਕਹੁ ਕਬੀਰ ਗੂੰਗੈ ਗੁੜੁ ਖਾਇਆ
ਪੂਛੇ ਤੇ ਕਿਆ ਕਹੀਐ ॥੪॥

*(ਗਉੜੀ ਕਬੀਰ ਜੀ, ਪੰਨਾ ੩੩੪)*

## ੨੧. ਗੁਰੂ ਨਾਲ ਸਿੱਖ ਦੀ ਅਭੇਦਾ ਕਿਵੇਂ ਹੁੰਦੀ ਹੈ ?

**੧. ਚੰਦਨ ਹੋਵੈ ਚੰਦਨਹੁ**
**ਕੋ ਚਲਿਤ ਨ ਜਾਣੈ।**
**੨. ਦੀਵਾ ਬਲਦਾ ਦੀਵਿਓਂ**
**ਸਮਸਰ ਪਰਵਾਣੈ।**
**੩. ਪਾਣੀ ਰਲਦਾ ਪਾਣੀਐ**
**ਤਿਸ ਕੋ ਨ ਸਿਵਾਣੈ।**
**੪. ਭ੍ਰਿੰਗੀ ਹੋਵੈ ਕੀੜੀਅਹੁ**
**ਕਿਵ ਆਖ ਵਖਾਣੈ।**
**੫. ਸੱਪ ਛਡੰਦਾ ਕੁੰਜ ਨੋਂ**
**ਕਰ ਚੋਜ ਵਿਡਾਣੈ।**
**੬. ਪੀਰ ਮੁਰੀਦਾਂ ਪਿਰਹੜੀ ਹੈਰਾਣ ਹੈਰਾਣੈ ॥੨੧॥**

***ਪਦ ਅਰਥ :*** ਚਲਿਤ—ਕੌਤਕ। ਪਰਵਾਣੈ—ਮਨਜ਼ੂਰ। ਹੈਰਾਣ ਹੈਰਾਣੈ—ਅਚਰਜ ਤੋਂ ਅਚਰਜ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਇਹ ਦੱਸਣ ਦੀ ਕ੍ਰਿਪਾ ਕਰੋ ਕਿ ਸਿੱਖ ਦੀ ਪ੍ਰਤਕ ਜੋਤ, ਗੁਰੂ ਜੋਤੀ ਨਾਲ ਮਿਲ ਕੇ ਕਿਵੇਂ ਅਭੇਦਾ ਹੋ ਜਾਂਦੀ ਹੈ ?

ਉ: ਹੇ ਭਾਈਓ ! ਇਸ ਪੱਖ ਨੂੰ ਜਦੋਂ ਗੁਰਬਾਣੀ ਦੀ ਰੌਸ਼ਨੀ ਵਿਚ ਤੱਕਦੇ ਹਾਂ ਤਾਂ ਇਉਂ ਬੋਧ ਮਿਲਦਾ ਹੈ ਕਿ ਪਹਿਲੋਂ ਸਤਿਗੁਰੂ ਸਿਖ 'ਤੇ ਦਇਆ ਕਰਦੇ ਹਨ ਅਤੇ ਉਸ ਸਿੱਖ ਦੀ ਜੋ ਪਹਿਲੀ ਦੁਰਮੱਤ ਹੈ, ਉਸ ਦਾ ਨਾਸ ਕਰ ਦੇਂਦੇ ਹਨ :

ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥
*(ਸੁਖਮਨੀ ਸਾਹਿਬ, ਪੰਨਾ ੨੮੬)*

ਜਦੋਂ ਭਾਈ ਲਹਿਣੇ ਵਾਂਗ ਸਿੱਖ ਹਰ ਪਰਖ ਵਿਚ ਪੂਰਾ ਉਤਰਦਾ ਹੈ ਤਾਂ ਸਿੱਖ ਦੀ ਪ੍ਰਤਕ ਜੋਤ ਨੂੰ ਗੁਰੂ ਆਪਣੀ ਜੋਤ ਵਿਚ ਅਭੇਦ ਕਰ ਲੈਂਦਾ ਹੈ।

ਪ੍ਰ: ਭਾਈ ਸਾਹਿਬ ਜੀਉ ! ਇਹ ਭੀ ਦੱਸਣ ਦੀ ਖੇਚਲ ਕਰੋ ਕਿ ਸਿੱਖ ਦੀ ਜੋਤ ਗੁਰੂ ਦੀ ਜੋਤ ਵਿਚ ਕਿਵੇਂ ਅਭੇਦ ਹੋ ਜਾਂਦੀ ਹੈ ?

ਉ: ਹੇ ਭਾਈਓ ! ਇਸ ਦੇ ਸੰਬੰਧ ਵਿਚ ਜੋ ਮੈਨੂੰ ਗੁਰਬਾਣੀ ਤੋਂ ਵੀਚਾਰ ਮਿਲੇ ਹਨ, ਉਨ੍ਹਾਂ ਨੂੰ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਉੱਕਰਿਆ ਹੈ :

(੧) (ਹੇ ਭਾਈਓ ! ਜਿਵੇਂ ਅਸੀਂ ਵੇਖਦੇ ਹਾਂ ਕਿ) ਚੰਦਨ ਦੇ ਕੋਲ ਰਹਿਣ ਵਾਲੀ ਬਨਾਸਪਤੀ ਚੰਦਨ ਹੀ ਹੋ ਜਾਂਦੀ ਹੈ, ਪਰ ਇਸ ਕੌਤਕ ਨੂੰ ਕੋਈ ਨਹੀਂ ਜਾਣਦਾ ਕਿ ਇਹ ਕਿਸ ਤਰ੍ਹਾਂ ਹੋ ਜਾਂਦਾ ਹੈ।

(੨) (ਅਤੇ) ਦੀਵੇ ਤੋਂ ਦੂਜਾ ਦੀਵਾ ਬਾਲੀਏ ਤਾਂ ਦੋਹਾਂ ਦਾ ਪ੍ਰਕਾਸ਼ ਇਕੋ ਜਿਹਾ ਭਾਸਦਾ ਹੈ।

(੩) ਪਾਣੀ ਵਿਚ ਪਾਣੀ ਰਲਾ ਦੇਈਏ ਤਾਂ ਉਨ੍ਹਾਂ ਦੇ ਫ਼ਰਕ ਨੂੰ ਕੋਈ ਨਹੀਂ ਸਿਆਣ ਸਕਦਾ।

(੪) ਕੀੜੀ ਭ੍ਰਿੰਗੀ ਨਾਲ ਮਿਲ ਕੇ ਭ੍ਰਿੰਗੀ ਹੀ ਹੋ ਜਾਂਦੀ ਹੈ, ਫਿਰ ਕੋਈ ਇਹ ਨਹੀਂ ਕਹਿ ਸਕਦਾ ਕਿ ਇਹ ਕੀੜੀ ਹੈ।

(੫) ਸੱਪ ਅਸਚਰਜ ਕੌਤਕ ਕਰਕੇ ਕਿਸ ਤਰ੍ਹਾਂ ਕੁੰਜ ਨੂੰ ਛੱਡ ਦੇਂਦਾ ਹੈ (ਇਸਦਾ ਭੇਤ ਕੋਈ ਨਹੀਂ ਜਾਣ ਸਕਦਾ)।

(੬) (ਇਸੇ ਤਰ੍ਹਾਂ) ਗੁਰਸਿਖ ਦੀ ਆਪਣੇ ਗੁਰੂ ਨਾਲ ਪ੍ਰੀਤ ਬੜੀ ਅਸਚਰਜਤਾ ਵਾਲੀ ਹੁੰਦੀ ਹੈ। ਇਸ ਦੀ ਮਹਿਮਾ ਨੂੰ ਭੀ ਕੋਈ ਨਹੀਂ ਜਾਣ ਸਕਦਾ।੨੧।

***ਭਾਵਾਰਥ :*** ਗੁਰੂ ਚੰਦਨ ਨਾਲ ਸਿੱਖ ਮਿਲ ਕੇ ਚੰਦਨ, ਅਰ ਦੀਵੇ ਨਾਲ ਮਿਲ ਕੇ ਦੀਪਕ ਰੂਪ ਹੋ ਕੇ ਲੋਕਾਂ ਨੂੰ ਗਿਆਨ ਦਾ ਪ੍ਰਕਾਸ਼ ਕਰਕੇ ਨਾਮ ਦੀ ਵਾਸ਼ਨਾ ਪਾ ਕੇ ਆਪਣੇ ਜਿਹਾ ਕਰ ਲੈਂਦੇ ਹਨ, ਇਸ ਕਰਕੇ ਗੁਰੂ ਸੇਵਾ ਦਾ ਫਲ ਅਸਚਰਜ ਰੂਪ ਹੈ, ਜਿਸ ਨੂੰ ਕਿਹਾ ਨਹੀਂ ਜਾਂਦਾ।

## ੨੨. ਆਤਮਾ ਦੀ ਪ੍ਰਾਪਤੀ ਦਾ ਸਾਧਨ

**੧. ਫੁਲੀਂ ਵਾਸ ਨਿਵਾਸ ਹੈ**
**ਕਿਤ ਜੁਗਤਿ ਸਮਾਣੀ।**
**੨. ਫਲਾਂ ਅੰਦਰਿ ਜਿਉਂ ਸਾਦ ਬਹੁ**
**ਸਿੰਜੇ ਇਕ ਪਾਣੀ।**
**੩. ਘਿਉ ਦੁਧ ਵਿਚ ਵਖਾਣੀਐ**
**ਕੋ ਮਰਮ ਨ ਜਾਣੀ।**
**੪. ਜਿਉਂ ਬੈਸੰਤਰ ਕਾਠ ਵਿਚ**
**ਓਹ ਅਲਖ ਵਿਡਾਣੀ।**

**੫. ਗੁਰਮੁਖ ਸੰਜਮ ਨਿੱਕਲੈ**
**ਪਰਗਟ ਪਰਵਾਣੀ।**
**੬. ਪੀਰ ਮੁਰੀਦਾਂ ਪਿਰਹੜੀ ਸੰਗਤ ਗੁਰਬਾਣੀ॥੨੨॥**

***ਪਦ ਅਰਥ :*** ਜੁਗਤਿ—ਤਰੀਕਾ, ਢੰਗ। ਮਰਮ—ਭੇਦ। ਸੰਜਮ—ਉਪਾਉ। ਅਲਖ ਵਿਡਾਣੀ—ਨ ਦੇਖਣ ਦਾ ਅਸਚਰਜ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜੋ ਆਤਮਾ ਸਾਰਿਆਂ ਵਿਚ ਨਿਵਾਸ ਕਰਦੀ ਹੈ ਉਸਦੀ ਪ੍ਰਾਪਤੀ ਦਾ ਸਾਧਨ ਭੀ ਦਸੋ ਤੇ ਉਸਦੀ ਰੂਪ-ਰੇਖਾ ਦੀ ਜਾਣਕਾਰੀ ਦਿਓ ਕਿ ਉਸਦੀ ਜੋਤ ਕਿਵੇਂ ਸਮਾਈ ਹੋਈ ਹੈ, ਜਿਸ ਨੂੰ ਪ੍ਰਤੱਖ ਵੇਖ ਸਕੀਏ ?

**ਉ:** ਹੇ ਭਾਈਓ! ਤੁਹਾਡੇ ਇਸ ਪ੍ਰਸ਼ਨ ਦੇ ਸੰਬੰਧ ਵਿਚ ਜੇ ਗੁਰਬਾਣੀ ਵਿਚੋਂ ਉਦਾਹਰਣ ਲਿਆ ਜਾਵੇ, ਤਾਂ ਇਕ ਨਹੀਂ ਸਗੋਂ ਸਾਨੂੰ ਕਿਤਨੇ ਹੀ ਪ੍ਰਮਾਣ ਮਿਲਦੇ ਹਨ, ਜਿਨ੍ਹਾਂ ਤੋਂ ਉਸ ਆਤਮਾ ਦੀ ਵਿਆਪਕਤਾ ਦਾ ਬੋਧ ਮਿਲਦਾ ਹੈ, ਜਿਵੇਂ ਕਿ :

ਸਗਲ ਬਨਸਪਤਿ ਮਹਿ ਬੈਸੰਤਰੁ
ਸਗਲ ਦੂਧ ਮਹਿ ਘੀਆ॥
ਊਚ ਨੀਚ ਮਹਿ ਜੋਤਿ ਸਮਾਣੀ
ਘਟਿ ਘਟਿ ਮਾਧਉ ਜੀਆ॥੧॥
ਸੰਤਹੁ ਘਟਿ ਘਟਿ ਰਹਿਆ ਸਮਾਹਿਓ॥
ਪੂਰਨ ਪੂਰਿ ਰਹਿਓ ਸਰਬ ਮਹਿ
ਜਲਿ ਥਲਿ ਰਮਈਆ ਆਹਿਓ॥੧॥ਰਹਾਉ॥
*(ਸੋਰਠਿ ਮ: ੫, ਪੰਨਾ ੬੧੭)*

ਇਸ ਤਰ੍ਹਾਂ ਬਾਣੀ ਤੋਂ ਪ੍ਰੇਰਨਾ ਮਿਲਦੀ ਹੈ ਕਿ ਉਹ ਪ੍ਰਭੂ ਸਾਰੀ ਬ੍ਰਹਿਮੰਡ ਦੀ ਅਨੇਕਤਾ ਵਿਚ ਇਕੋ ਹੀ ਸਮਾਇਆ ਹੋਇਆ ਹੈ। ਸੋ, ਮੈਂ ਭੀ ਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਇਸੇ ਭਾਵ ਨੂੰ ਅੰਕਤ ਕਰਨ ਦਾ ਯਤਨ ਕੀਤਾ ਹੈ :

(੧) (ਜਿਵੇਂ ਅਸੀਂ ਪ੍ਰਤੱਖ ਵੇਖਦੇ ਹਾਂ ਕਿ) ਫੁੱਲਾਂ ਵਿਚ ਸੁਗੰਧੀ ਦਾ ਨਿਵਾਸ ਹੈ, ਪਰ ਕੋਈ ਇਹ ਨਹੀਂ ਜਾਣਦਾ ਕਿ ਫੁਲਾਂ ਵਿਚ ਸੁਗੰਧੀ ਕਿਸ ਢੰਗ ਨਾਲ ਸਮਾਈ ਹੈ।
(੨) ਫਲਾਂ ਨੂੰ ਇਕ ਪਾਣੀ ਸਿੰਜਦਾ ਹੈ, ਪਰ ਹਰ ਫਲ ਦਾ ਸੁਆਦ ਅੱਡੋ ਅੱਡ ਹੁੰਦਾ ਹੈ (ਇਸ ਅਸਚਰਜ ਕੌਤਕ ਨੂੰ ਕੋਈ ਨਹੀਂ ਜਾਣ ਸਕਦਾ)।
(੩) ਸਾਰੇ ਹੀ ਲੋਕ ਇਹ ਕਹਿੰਦੇ ਹਨ ਕਿ ਦੁੱਧ ਵਿਚ ਘਿਉ ਹੁੰਦਾ ਹੈ, ਪਰ ਇਸ ਭੇਦ ਨੂੰ ਕੋਈ ਹੀ ਜਾਣਦਾ ਹੈ।
(੪) ਜਿਵੇਂ ਲੱਕੜਾਂ ਵਿਚ ਅੱਗ ਲੁਕੀ ਹੁੰਦੀ ਹੈ, ਪਰ ਇਹ ਅਸਚਰਜ ਰੂਪ ਵਾਲੀ ਖੇਡ ਜਾਣੀ ਨਹੀਂ ਜਾਂਦੀ।
(੫) ਜਿਵੇਂ ਜੁਗਤੀ ਨਾਲ ਉਪ੍ਰੋਕਤ ਵਸਤੂਆਂ ਦੇ ਗੁਣਾਂ ਨੂੰ ਪ੍ਰਗਟ ਕਰ ਲਈਦਾ ਹੈ, (ਇਸੇ ਤਰ੍ਹਾਂ) ਗੁਰਮੁਖ ਗੁਰਮਤ ਦੇ ਸਾਧਨਾਂ ਨਾਲ ਆਤਮਾ ਨੂੰ ਪ੍ਰਗਟ ਕਰ ਲੈਂਦੇ ਹਨ।
(੬) ਗੁਰੂ ਤੇ ਸਿਖ ਦੀ ਪ੍ਰੀਤ ਸੱਚੀ ਹੈ। ਗੁਰੂ ਨਾਲ ਪ੍ਰੀਤ ਕਰਕੇ ਸਿਖ ਨੇ ਸਤਿਸੰਗਤ ਦੁਆਰਾ ਗੁਰਬਾਣੀ ਪੜ੍ਹਨ ਦਾ ਸਾਧਨ ਧਾਰਨ ਕੀਤਾ ਹੈ।੨੨।

***ਭਾਵਾਰਥ :*** ਜਿਵੇਂ ਫੁੱਲਾਂ ਵਿਚੋਂ ਰਸ ਤੇ ਲੱਕੜਾਂ ਵਿਚੋਂ ਅਗਨੀ ਸੰਜਮ ਦੁਆਰਾ ਕੱਢ ਲਈ ਦੀ ਹੈ, ਤਿਵੇਂ ਹੀ ਜਗਿਆਸੂ ਲੋਕ ਗੁਰੂ ਨਾਲ ਮਿਲ ਕੇ ਗੁਰਬਾਣੀ ਦੇ ਸੰਜਮ ਨਾਲ ਆਤਮਾ ਨੂੰ ਜੋ ਦੇਹ ਵਿਚ ਪਰਛਿੰਨ ਰੂਪ ਹੋ ਕੇ ਨਿਵਾਸ ਕਰਦੀ ਹੈ ਉਸਨੂੰ ਲੱਭ ਲੈਂਦੇ ਹਨ।

## *੨੩. ਸਿਰੁ ਦੀਜੈ ਕਾਣਿ ਨ ਕੀਜੈ*

**੧. ਦੀਪਕ ਜਲੇ ਪਤੰਗ ਵੰਸ**
**ਫਿਰ ਦੇਖ ਨ ਹੱਟੈ।**
**੨. ਜਲ ਵਿਚਹੁੰ ਫੜ ਕੱਢੀਐ**
**ਮਛ ਨੇਹੁੰ ਨ ਘੱਟੈ।**
**੩. ਘੰਡਾ ਹੇੜੇ ਮਿਰਗ ਜਿਉਂ**
**ਸੁਣ ਨਾਦ ਪਲੱਟੈ।**
**੪. ਭਵਰੈ ਵਾਸ ਵਿਣਾਸ ਹੈ**
**ਫੜ ਕਵਲ ਸੰਘੱਟੈ।**
**੫. ਗੁਰਮੁਖ ਸੁਖ ਫਲ ਪਿਰਮ ਰਸ**
**ਬਹੁ ਬੰਧਨ ਕੱਟੈ।**
**੬. ਧੰਨ ਧੰਨ ਗੁਰਸਿੱਖ ਵੰਸ**
**ਧੰਨ ਗੁਰਮਤਿ ਨਿਧਿ ਖੱਟੈ॥੨੩॥੨੭॥**

***ਪਦ ਅਰਥ :*** ਵਿਣਾਸ—ਨਾਸ। ਸੰਘੱਟੈ—ਜਫੀ ਪਾਉਣੀ, ਸੁੰਘਣਾ। ਗੁਰਮਤਿ ਨਿਧਿ—ਗੁਰਮਤ ਦਾ ਖ਼ਜ਼ਾਨਾ। ਖੱਟੈ—ਖੱਟਦਾ ਹੈ।

**ਅਰਥ :**

**ਪ੍ਰ:** ਭਾਈ ਸਾਹਿਬ ਜੀਉ ! ਜਦੋਂ ਆਮ ਸੰਸਾਰ ਵਿਚ ਨਜ਼ਰ ਮਾਰਦੇ ਹਾਂ ਤਾਂ ਹਰ ਮਨੁੱਖ ਦੇ ਜੀਵਨ ਸਫ਼ਰ ਵਿਚ ਭਿੰਨ ਭਿੰਨ ਕਸ਼ਟ, ਦੁੱਖ, ਬਿਪਤਾਵਾਂ ਹੀ ਵੇਖਣ ਵਿਚ ਆਉਂਦੀਆਂ ਹਨ, ਇਹ ਗੱਲ ਵੱਖਰੀ ਹੈ ਕਿ ਕਿਸੇ ਮਨੁੱਖ ਦੇ ਰੋਗ ਪ੍ਰਤੱਖ ਵੇਖੀਦੇ ਹਨ, ਕਈਆਂ ਦੇ ਮਾਨਸਕ ਕਸ਼ਟ ਗੁਪਤ ਹਨ ਜੋ ਵੇਖਣ ਵਿਚ ਨਹੀਂ ਆਉਂਦੇ, ਪਰ ਜੋ ਗੁਰੂ ਦੇ ਸਿੱਖ, ਗੁਰਸਿੱਖੀ ਦੇ ਮਾਰਗ 'ਤੇ ਸਫ਼ਰ ਕਰਦੇ ਹਨ, ਉਨ੍ਹਾਂ ਦੀ ਮਾਨਸਕ ਅਵਸਥਾ ਗੁਰਮਤ ਅਨੁਸਾਰ ਕਿਵੇਂ ਗੁਜ਼ਰਦੀ ਹੈ, ਦੱਸਣ ਦੀ ਕ੍ਰਿਪਾ ਕਰੋ ਤਾਕਿ ਸਾਨੂੰ ਭੀ ਉਨ੍ਹਾਂ ਦੀ ਜਾਣਕਾਰੀ ਹੋ ਸਕੇ ?

**ਉ:** ਹੇ ਭਾਈਓ ! ਮੈਂ ਤਾਂ ਜਦੋਂ ਭੀ ਕਿਸੇ ਗੁਰਸਿਖ ਨੂੰ ਨੇੜੇ ਹੋ ਕੇ ਤੱਕਦਾ ਹਾਂ ਤਾਂ ਉਸਦਾ ਜੀਵਨ ਸਫ਼ਰ ਗੁਰਬਾਣੀ ਦੇ ਅਨੁਕੂਲ ਹੀ ਗੁਜ਼ਰਦਾ ਹੈ, ਉਸ ਦੇ ਜੀਵਨ ਸਫ਼ਰ ਵਿਚ ਭਾਵੇਂ ਕਈ ਤਰ੍ਹਾਂ ਦੀਆਂ ਬਿਪਤਾ ਭੀ ਆਉਂਦੀਆਂ ਹਨ, ਪਰ ਉਸਨੂੰ ਜੋ ਗੁਰਬਾਣੀ ਤੋਂ ਪ੍ਰੇਰਨਾ ਮਿਲੀ ਹੈ, ਉਹ ਉਸਨੂੰ ਨਜ਼ਰੋਂ ਓਹਲੇ ਨਹੀਂ ਕਰਦਾ ਭਾਵੇਂ ਉਸਨੂੰ ਕਿਤਨੇ ਭੀ ਕਸ਼ਟ ਆ ਜਾਣ ਉਹ ਆਪਣਾ ਨਿਸਚਾ ਇਉਂ ਹੀ ਰਖਦਾ ਹੈ ਜੋ ਗੁਰੂ ਫ਼ੁਰਮਾਨ ਹੈ, ਜਿਵੇਂ ਕਿ :

ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ ॥
ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ ॥
ਸੁਖ ਦੁਖ ਸਮ ਕਰਿ ਜਾਣੀਅਹਿ
ਸਬਦਿ ਭੇਦਿ ਸੁਖੁ ਹੋਇ ॥੫॥

*(ਸਿਰੀ ਰਾਗੁ ਮਹਲਾ ੧, ਪੰਨਾ ੫੭)*

ਸੁਖ ਦੁਖ ਸਮ ਕਰਿ ਨਾਮੁ ਨ ਛੋਡਉ
ਆਪੇ ਬਖਸਿ ਮਿਲਾਵਣਹਾਰਾ ॥੧॥ਰਹਾਉ॥

*(ਆਸਾ ਮ: ੧, ਪੰਨਾ ੪੧੬)*

ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥
ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ॥੧੩॥

*(ਸਲੋਕ ਮਹਲਾ ੯, ਪੰਨਾ ੧੪੨੭)*

ਸੁਖੁ ਦੁਖੁ ਤੇਰੀ ਆਗਿਆ ਪਿਆਰੇ
ਦੂਜੀ ਨਾਹੀ ਜਾਇ ॥੩॥
ਜੋ ਤੂੰ ਕਰਾਵਹਿ ਸੋ ਕਰੀ ਪਿਆਰੇ
ਅਵਰੁ ਕਿਛੁ ਕਰਣੁ ਨ ਜਾਇ ॥੪॥

*(ਆਸਾ ਮਹਲਾ ੫, ਪੰਨਾ ੪੩੨)*

ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥
ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥
ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥੨॥

*(ਮ: ੧, ਪੰਨਾ ੧੪੯)*

ਮਨਮੁਖ ਕਉ ਦੁਖੁ ਦਰਦੁ ਵਿਆਪਸਿ
ਮਨਮੁਖਿ ਦੁਖੁ ਨ ਜਾਈ ॥
ਸੁਖ ਦੁਖ ਦਾਤਾ ਗੁਰਮੁਖਿ ਜਾਤਾ
ਮੇਲਿ ਲਏ ਸਰਣਾਈ ॥੨॥

*(ਪ੍ਰਭਾਤੀ ਮਹਲਾ ੧, ਪੰਨਾ ੧੩੩੪)*

ਸੁਖ ਦੁਖ ਦਾਤਾ ਮਨਿ ਵਸੈ
ਤਿਤੁ ਤਨਿ ਕੈਸੀ ਭੁਖ ਜੀਉ ॥੪॥

*(ਸੂਹੀ ਮਹਲਾ ੧, ਪੰਨਾ ੭੫੧)*

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ
ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ
ਤਿਨਿ ਜਗਿ ਤਤੁ ਪਛਾਨਾ ॥੧॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ
ਕਿਨਹੂੰ ਗੁਰਮੁਖਿ ਜਾਨਾ ॥੨॥੧॥

*(ਗਉੜੀ ਮ: ੯, ਪੰਨਾ ੨੧੯)*

ਸੁਖੁ ਦੁਖੁ ਪੁਰਬ ਜਨਮ ਕੇ ਕੀਏ ॥
ਸੋ ਜਾਣੈ ਜਿਨਿ ਦਾਤੈ ਦੀਏ ॥
ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ
ਸਹੁ ਅਪਣਾ ਕੀਆ ਕਰਾਰਾ ਹੇ ॥੧੪॥

*(ਮਾਰੂ ਮਹਲਾ ੧, ਪੰਨਾ ੧੦੩੦)*

ਸੁਖਦਾਤਾ ਹਰਿ ਏਕੁ ਹੈ ਹੋਰਥੈ ਸੁਖੁ ਨ ਪਾਹਿ ॥

*(ਭੈਰਉ ਮਹਲਾ ੩, ਪੰਨਾ ੧੧੩੨)*

ਸੁਖਦਾਤਾ ਗੁਰੁ ਸੇਵੀਐ
ਸਭਿ ਅਵਗਣ ਕਢੈ ਧੋਇ ॥੨॥

*(ਸਿਰੀਰਾਗੁ ਮਹਲਾ ੫, ਪੰਨਾ ੪੩)*

ਨਾਨਕ ਭਗਤਾ ਭਲੀ ਰੀਤਿ ॥
ਸੁਖਦਾਤਾ ਜਪਦੇ ਨੀਤ ਨੀਤਿ ॥੪॥੩॥੧੬॥

*(ਬਸੰਤੁ ਮਹਲਾ ੫, ਪੰਨਾ ੧੧੮੪)*

ਇਸ ਤਰ੍ਹਾਂ ਗੁਰੂ ਦੇ ਸਿੱਖਾਂ ਨੂੰ ਬਾਣੀ ਵਿਚੋਂ ਹੋਰ ਭੀ ਬਹੁਤ ਸਾਰੇ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਸਿਖ ਆਪਣਾ ਜੀਵਨ ਸਫ਼ਰ ਗੁਰੂ ਦੀ ਆਗਿਆ ਅਨੁਸਾਰ ਹੀ ਬਿਤੀਤ ਕਰਦਾ ਹੈ, ਉਨ੍ਹਾਂ

ਦੇ ਜੀਵਨ ਵਿਚ ਅਨੇਕਾਂ ਹੀ ਕਸ਼ਟ ਆਉਂਦੇ ਹਨ, ਪਰ ਉਹ ਵੱਡੇ ਤੋਂ ਵੱਡੇ ਕਸ਼ਟ ਵਿਚ ਭੀ ਘਬਰਾਉਂਦੇ ਨਹੀਂ। ਉਨ੍ਹਾਂ ਦਾ ਇਹ ਨਿਸਚਾ ਹੈ ਕਿ ਜੋ ਭੀ ਕੁਝ ਹੋਇਆ ਹੈ ਇਹ ਪ੍ਰਭੂ ਦਾ ਹੁਕਮ ਹੈ, ਜੋ ਕੁਝ ਨਹੀਂ ਹੋਇਆ ਇਹ ਭੀ ਉਸੇ ਦੀ ਰਜ਼ਾ ਵਰਤੀ ਹੈ, ਭਾਵ ਹੈ ਕਿ ਉਹ ਗੁਰਮਤ ਦੇ ਮਾਰਗ ਵੱਲੋਂ ਕਦੇ ਭੀ ਥਿੜਕਦੇ ਨਹੀਂ। ਸੋ, ਮੈਂ ਭੀ ਉਨ੍ਹਾਂ ਦਾ ਇਹ ਅਟੱਲ ਨਿਸਚਾ ਵੇਖ ਕੇ ਇਸ ਪਉੜੀ ਵਿਚ ਕਈ ਵੇਖਣ ਵਿਚ ਆਉਂਦੇ ਪ੍ਰਤੱਖਸ਼ ਉਦਾਹਰਣ ਅੰਕਤ ਕੀਤੇ ਹਨ, ਜਿਨ੍ਹਾਂ ਦੁਆਰੇ ਗੁਰੂ ਦੇ ਸਿੱਖਾਂ ਦਾ ਪਰਪੱਕ ਨਿਸਚਾ ਭੀ ਪ੍ਰਗਟ ਹੋ ਆਉਂਦਾ ਹੈ ਕਿ ਗੁਰੂ ਦੇ ਸਿੱਖ ਆਪਣੇ ਆਪ ਨੂੰ ਤਾਂ ਕੁਰਬਾਨ ਕਰ ਦੇਂਦੇ ਹਨ, ਪਰ ਗੁਰੂ ਦੁਆਰੇ ਪ੍ਰਾਪਤ ਕੀਤੇ ਹੋਏ ਨਿਸਚੇ ਤੋਂ ਕਦੀ ਥਿੜਕਦੇ ਨਹੀਂ, ਜਿਵੇਂ ਕਿ ਅਗਲੇ ਉਦਾਹਰਣਾਂ ਤੋਂ ਸਾਬਤ ਹੁੰਦਾ ਹੈ:

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਦੀਵਾ ਜਗਦਾ ਵੇਖ ਕੇ ਪਤੰਗੇ ਦੀ ਵੰਸ ਸੜ ਮਰਦੀ ਹੈ, ਹੋਰ ਪਤੰਗਿਆਂ ਨੂੰ ਸੜਦਾ ਵੇਖ ਕੇ ਦੂਜੇ ਪਤੰਗੇ ਪਿਛੇ ਨਹੀਂ ਹਟਦੇ।
(੨) ਪਾਣੀ ਵਿਚੋਂ ਮੱਛ ਨੂੰ ਕੱਢ ਦੇਈਏ ਤਾਂ ਵੀ ਉਸਦਾ ਪ੍ਰੇਮ ਪਾਣੀ ਨਾਲੋਂ ਘਟਦਾ ਨਹੀਂ।
(੩) ਘੰਡੇ ਹੇੜੇ ਦੇ ਨਾਦ (ਸ਼ਬਦ) ਨੂੰ ਸੁਣ ਕੇ ਹਰਨ ਮਸਤ ਹੋ ਜਾਂਦਾ ਹੈ ਉਹ ਫਿਰ ਪਿਛੇ ਨਹੀਂ ਮੁੜਦਾ।
(੪) ਭੌਰਾ ਕਵਲ ਦੀ ਸੁਗੰਧੀ ਲੈਂਦਾ ਹੋਇਆ ਨਾਸ ਹੋ ਜਾਂਦਾ ਹੈ, ਪਰ ਉਹ ਫਿਰ ਵੀ ਕਵਲ ਨੂੰ ਜੱਫੀ ਪਾਈ ਰਖਦਾ ਹੈ।
(੫) ਗੁਰਮੁਖਾਂ ਨੇ ਪ੍ਰੇਮ ਰਸ ਦੇ ਸੁਖ ਫਲ ਨੂੰ ਪ੍ਰਾਪਤ ਕੀਤਾ ਹੈ, ਜਿਸਨੇ ਗੁਰਮੁਖਾਂ ਦੇ ਬਹੁਤ ਸਾਰੇ ਬੰਧਨ ਕੱਟ ਦਿਤੇ ਹਨ। ਗੁਰਮੁਖ ਇਸ ਸੁਖਫਲ ਦੀ ਪ੍ਰਾਪਤੀ ਵਾਸਤੇ ਸੰਸਾਰ ਦੇ ਅਨੇਕਾਂ ਬੰਧਨਾਂ ਨੂੰ ਕੱਟ ਦਿੰਦੇ ਹਨ।
(੬) ਧੰਨ ਹੈ ਗੁਰੂ ਤੇ ਧੰਨ ਹੈ ਗੁਰਸਿੱਖਾਂ ਦੀ ਵੰਸ! ਧੰਨ ਹੈ ਗੁਰੂ ਦੀ ਸਿਖਿਆ, ਜਿਸਨੂੰ ਗ੍ਰਹਿਣ ਕਰਕੇ ਗੁਰਸਿੱਖਾਂ ਨੇ ਆਤਮ ਨਿਧੀ ਨੂੰ ਖਟਿਆ ਹੈ। (ਹੋਰ ਸੰਸਾਰਕ ਧਨਾਂ ਨੂੰ ਅੱਗ, ਚੋਰ, ਰਾਜਾ ਦਾ ਡਰ ਰਹਿੰਦਾ ਹੈ, ਪਰ ਇਹ ਆਤਮਕ ਨਿਧੀ ਦਾ ਧਨ ਨਿਰਭਯ ਦਾ ਕਾਰਨ ਹੈ ਅਤੇ ਅੰਤ ਨੂੰ ਨਾਲ ਦਾ ਸਾਥੀ ਹੈ)।੨੩।੨੭।

***ਭਾਵਾਰਥ:*** ਇਸ ਪਉੜੀ ਦੇ ਦ੍ਰਿਸ਼ਟਾਂਤਾਂ ਦਾ ਭਾਵ ਇਹੋ ਹੈ ਕਿ ਗੁਰੂ ਨਾਲ ਪ੍ਰੀਤ ਕਰਨ ਵਾਲੇ 'ਸਿਰ ਦੀਜੈ ਕਾਣਿ ਨ ਕੀਜੈ' ਤੇ ਅਮਲ ਕਰਦੇ ਹਨ। ਦ੍ਰਿਸ਼ਟਾਂਤ ਇਹੋ ਦਸਦੇ ਹਨ ਕਿ ਗੁਰੂ ਨਾਲ ਪ੍ਰੀਤ ਕਰਨ ਵਾਲੇ ਅਨੇਕਾਂ ਤਰ੍ਹਾਂ ਦੇ ਬੰਧਨਾਂ ਵਿਚ ਤੇ ਦੁਖਾਂ ਵਿਚ ਪਏ ਰਹੇ, ਪਰ ਉਹ ਆਪਣੇ ਸਿਦਕ ਵੱਲੋਂ ਪਿਛੇ ਨਹੀਂ ਹਟੇ। ਕਿਉਂਕਿ ਗੁਰੂ ਦੀ ਪ੍ਰੀਤ ਵਿਚ ਬੰਧਨ ਕੱਟੇ ਜਾਂਦੇ ਹਨ, ਹਉਮੈ ਟੁੱਟ ਜਾਂਦੀ ਹੈ।

(ਸਤਾਈਵੀਂ ਵਾਰ ਸਮਾਪਤ)

# ਵਾਰ ੨੮

ੴ ਸਤਿਗੁਰ ਪ੍ਰਸਾਦਿ॥

## ੧. ਗੁਰਸਿੱਖੀ ਦਾ ਮਾਰਗ ਔਖਾ ਹੈ

੧. ਵਾਲਹੁੰ ਨਿੱਕੀ ਆਖੀਐ
ਖੰਡੇ ਧਾਰਹੁੰ ਸੁਣੀਐ ਤਿੱਖੀ।
੨. ਆਖਣ ਆਖ ਨ ਸੱਕੀਐ
ਲੇਖ ਅਲੇਖ ਨ ਜਾਈ ਲਿੱਖੀ।
੩. ਗੁਰਮੁਖ ਪੰਥ ਵਖਾਣੀਐ
ਅੱਪੜ ਨ ਸੱਕੈ ਇੱਕਤੁ ਵਿੱਖੀ।
੪. ਸਿਲ ਅਲੂਣੀ ਚੱਟਣੀ
ਤੁੱਲ ਨ ਲੱਖ ਅਮਿਉ ਰਸ ਇੱਖੀ।
੫. ਗੁਰਮੁਖ ਸੁਖਫਲ ਪਾਇਆ
ਭਾਇ ਭਗਤਿ ਵਿਰਲੀ ਜੁ ਬਰਿੱਖੀ।
੬. ਸਤਿਗੁਰ ਤੁੱਠੈ ਪਾਈਐ
ਸਾਧ ਸੰਗਤਿ ਗੁਰਮਤ ਗੁਰ ਸਿੱਖੀ।
੭. ਚਾਰ ਪਦਾਰਥ ਭਿੱਖਕ ਭਿੱਖੀ॥੧॥

***ਪਦ ਅਰਥ :*** ਆਖਣ—ਵਖਿਆਣ। ਵਿੱਖੀ—ਕਦਮ। ਇੱਖੀ—ਕਮਾਦ। ਬਰਿੱਖੀ—ਬ੍ਰਿਛ, ਸਰੀਰ। ਭਿੱਖਕ—ਮੰਗਤੇ। ਭਿੱਖੀ—ਭਿਖਿਆ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਸਿੱਖੀ ਮਾਰਗ ਨੂੰ ਸਾਰਿਆਂ ਮਾਰਗਾਂ ਤੋਂ ਉਚੇਰਾ ਦਰਜਾ ਦੇ ਰਹੇ ਹੋ ਅਤੇ ਇਹ ਭੀ ਦਰਸਾ ਰਹੇ ਹੋ ਕਿ ਇਹ ਸਿੱਖੀ ਮਾਰਗ ਸਾਰੇ ਪਦਾਰਥਾਂ ਦਾ ਦਾਤਾ ਹੈ, ਪਰ ਵੇਖਣ ਵਿਚ ਇਉਂ ਹੀ ਆਉਂਦਾ ਹੈ ਕਿ ਇਸ ਗੁਰਸਿੱਖੀ ਮਾਰਗ ਪਰ ਸਫ਼ਰ ਕਰਨ ਵਾਲੇ ਪਾਂਧੀ ਬਹੁਤ ਹੀ ਘਟ ਲੋਕ ਹਨ, ਕਿਉਂ ਜੀ! ਦਸੋਗੇ ਕਿ ਇਸਦਾ ਸਹੀ ਕਾਰਨ ਕੀ ਹੈ?

ਉ: ਹੇ ਭਾਈਓ! ਜੇ ਅਸੀਂ ਗਹਿਰੀਆਂ ਨਜ਼ਰਾਂ ਰਾਹੀਂ ਤੱਕੀਏ ਤਾਂ ਅਸਲੀਅਤ ਸਾਨੂੰ ਇਉਂ ਹੀ ਨਜ਼ਰ ਆਵੇਗੀ ਕਿ ਸੰਸਾਰ ਵਿਚ ਜਿਤਨੀ ਭੀ ਕੋਈ ਸ਼ੈ ਉੱਚੀ ਤੇ ਚੰਗੇਰੀ ਹੈ ਉਹ ਉਤਨੀ ਘੱਟ ਹੀ ਹੋਇਆ ਕਰਦੀ ਹੈ, ਜਿਵੇਂ ਅਸੀਂ ਵੱਡੇ-ਵੱਡੇ ਸ਼ਹਿਰਾਂ ਵਿਚ ਵੇਖਦੇ ਹਾਂ ਕਿ ਜਿਤਨੀਆਂ ਭੀ ਘੱਟ ਦਰਜੇ ਦੀਆਂ ਵਸਤੂਆਂ ਹਨ ਉਹ ਘਟ ਕੀਮਤ ਤੋਂ ਸਾਨੂੰ ਹਰ ਬਜ਼ਾਰ ਵਿਚ ਵੱਧ ਤੋਂ ਵੱਧ ਮਿਲ ਸਕਦੀਆਂ ਹਨ, ਪਰ ਜੋ ਹੀਰੇ, ਮੋਤੀ, ਮੂੰਗੇ ਆਦਿਕ ਉੱਚੇ ਦਰਜੇ ਦੀਆਂ ਸ਼ੈਆਂ ਹਨ, ਉਹ ਵਧੇਰੇ ਨਹੀਂ ਹੋਇਆ ਕਰਦੀਆਂ ਉਹ ਤਾਂ ਵੱਡੇ ਵੱਡੇ ਸ਼ਹਿਰਾਂ ਵਿਚ ਕੋਈ ਇਕ ਯਾ ਦੋ ਸਰਾਫ਼ਾਂ ਦੀਆਂ ਦੁਕਾਨਾਂ 'ਤੇ ਹੋਇਆ ਕਰਦੀਆਂ ਹਨ, ਪਰ ਉਨ੍ਹਾਂ ਹੀਰਿਆਂ ਮੋਤੀਆਂ ਦੇ ਖ਼ਰੀਦਾਰ ਭੀ ਘੱਟ ਹੀ ਹੋਇਆ ਕਰਦੇ ਹਨ, ਕਿਉਂਕਿ ਉਨ੍ਹਾਂ ਦੇ ਖ਼ਰੀਦਣ ਲਈ ਵਧੇਰੇ ਦੌਲਤ ਦੀ ਲੋੜ ਪੈਂਦੀ ਹੈ, ਇਸ ਲਈ ਉਨ੍ਹਾਂ ਉੱਤਮ ਸ਼ੈਆਂ ਦਾ ਹਾਸਲ ਕਰਨਾ ਬੜਾ ਔਖਾ ਹੈ, ਚਾਹੁੰਦੇ ਤਾਂ ਭਾਵੇਂ ਬਹੁਤ ਲੋਕ ਹਨ ਪਰ ਉਨ੍ਹਾਂ ਉੱਤਮ ਸ਼ੈਆਂ ਨੂੰ ਪ੍ਰਾਪਤ ਕਰਨ ਵਿਚ ਮੁਸ਼ਕਲਾਂ ਬੜੀਆਂ ਆਉਂਦੀਆਂ ਹਨ।

ਇਸੇ ਤਰ੍ਹਾਂ ਸੰਸਾਰ ਵਿਚ ਮਾਰਗ ਤਾਂ ਬਹੁਤ ਵੇਖਣ ਵਿਚ ਆਉਂਦੇ ਹਨ ਅਤੇ ਉਨ੍ਹਾਂ ਪਰ ਚਲਣਾ ਭੀ ਬਹੁਤ ਸੁਖੈਨ ਹੈ, ਜਿਸ ਕਰਕੇ ਉਨ੍ਹਾਂ ਪਰ ਸਫ਼ਰ ਕਰਨ ਵਾਲੇ ਲੋਕ ਭੀ ਕਾਫ਼ਲਿਆਂ ਦੇ ਕਾਫ਼ਲੇ ਵੇਖੀਦੇ ਹਨ। ਪਰ ਸਿੱਖੀ ਦਾ ਮਾਰਗ ਬੜਾ ਬਿਖਮ ਮਾਰਗ ਹੈ ਜਿਸ 'ਤੇ ਹਰ ਬੰਦਾ ਸਫ਼ਰ ਨਹੀਂ ਕਰ ਸਕਦਾ। ਇਹੀ ਕਾਰਨ ਹੈ ਕਿ ਇਸ ਸਿੱਖੀ ਦੇ ਮਾਰਗ 'ਤੇ ਸਫ਼ਰ ਕਰਨ ਵਾਲੇ ਪਾਂਧੀ ਬਹੁਤ ਘੱਟ ਨਜ਼ਰ ਆਉਂਦੇ ਹਨ, ਜੇ ਕੋਈ ਸਿੱਖੀ ਮਾਰਗ 'ਤੇ ਟੁਰਦਾ ਭੀ ਹੈ ਤਾਂ ਉਸ ਮਾਰਗ ਦੀਆਂ ਸਾਹਮਣੇ ਆਉਂਦੀਆਂ ਔਕੜਾਂ ਨੂੰ ਤੱਕ ਕੇ ਰੁੱਕ

ਜਾਂਦਾ ਹੈ, ਜਾਂ ਮੁੜ ਕੇ ਵਾਪਸ ਆ ਜਾਂਦਾ ਹੈ। ਕਿਉਂਕਿ ਜਦੋਂ ਅਸੀਂ ਇਸ ਮਾਰਗ 'ਤੇ ਚਲਣ ਵਾਲੇ ਗੁਰਸਿਖ ਪਾਂਧੀ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁੱਛ ਕਰੀਏ ਤਾਂ ਉਨ੍ਹਾਂ ਨੇ ਇਸ ਮਾਰਗ 'ਤੇ ਚਲਣ ਵਾਲੇ ਸਿਖ ਪਾਂਧੀਆਂ ਲਈ ਕਈ ਹਿਦਾਇਤਾਂ ਕਾਇਮ ਕੀਤੀਆਂ ਹਨ, ਜਿਨ੍ਹਾਂ ਦਾ ਧਾਰਨੀ ਹੋਣਾ ਸਿਖ ਲਈ ਅਤਿ ਜ਼ਰੂਰੀ ਫ਼ਰਜ਼ ਬਣ ਜਾਂਦਾ ਹੈ, ਜਿਵੇਂ ਕਿ ਫ਼ੁਰਮਾਨ ਹੈ ਕਿ :

ਗੁਰਸਿਖ ਮੀਤ ਚਲਹੁ ਗੁਰ ਚਾਲੀ ॥
ਜੋ ਗੁਰੁ ਕਹੈ ਸੋਈ ਭਲ ਮਾਨਹੁ
ਹਰਿ ਹਰਿ ਕਥਾ ਨਿਰਾਲੀ ॥੧॥ਰਹਾਉ॥

*(ਧਨਾਸਰੀ ਮਹਲਾ ੪, ਪੰਨਾ ੬੬੭)*

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥

*(ਮ: ੪, ਪੰਨਾ ੩੦੫)*

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ
ਦੁਖਿ ਭੀ ਤੁਝੈ ਧਿਆਈ ॥੨॥
ਜੇ ਭੁਖ ਦੇਹਿ ਤ ਇਤ ਹੀ ਰਾਜਾ
ਦੁਖ ਵਿਚਿ ਸੂਖ ਮਨਾਈ ॥੩॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ
ਵਿਚਿ ਅਗਨੀ ਆਪੁ ਜਲਾਈ ॥੪॥
ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥੫॥
ਨਾਨਕੁ ਗਰੀਬੁ ਢਹਿ ਪਇਆ ਦੁਆਰੈ
ਹਰਿ ਮੇਲਿ ਲੈਹੁ ਵਡਿਆਈ ॥੬॥
ਅਖੀ ਕਾਢਿ ਧਰੀ ਚਰਣਾ ਤਲਿ
ਸਭ ਧਰਤੀ ਫਿਰਿ ਮਤ ਪਾਈ ॥੭॥
ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ
ਜੇ ਮਾਰਿ ਕਢਹਿ ਭੀ ਧਿਆਈ ॥੮॥
ਜੇ ਲੋਕੁ ਸਲਾਹੇ ਤਾ ਤੇਰੀ ਉਪਮਾ
ਜੇ ਨਿੰਦੈ ਤ ਛੋਡਿ ਨ ਜਾਈ ॥੯॥
ਜੇ ਤੁਧੁ ਵਲਿ ਰਹੈ ਤਾ ਕੋਈ ਕਿਹੁ ਆਖਉ
ਤੁਧੁ ਵਿਸਰਿਐ ਮਰਿ ਜਾਈ ॥੧੦॥.....
ਝਖੜੁ ਝਾਗੀ ਮੀਹੁ ਵਰਸੈ
ਭੀ ਗੁਰੁ ਦੇਖਣ ਜਾਈ ॥੧੩॥
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ
ਗੁਰਸਿਖੁ ਲੰਘਿ ਗੁਰ ਪਹਿ ਜਾਈ ॥੧੪॥
ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ
ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥੧੫॥

*(ਸੂਹੀ ਮਹਲਾ ੪, ਪੰਨਾ ੭੫੭)*

ਭਗਤਾ ਕੀ ਚਾਲ ਨਿਰਾਲੀ ॥
ਚਾਲਾ ਨਿਰਾਲੀ ਭਗਤਾਹ ਕੇਰੀ
ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ
ਬਹੁਤੁ ਨਾਹੀ ਬੋਲਣਾ ॥
ਖੰਨਿਅਹੁ ਤਿਖੀ ਵਾਲਹੁ ਨਿਕੀ
ਏਤੁ ਮਾਰਗਿ ਜਾਣਾ ॥
ਗੁਰ ਪਰਸਾਦੀ ਜਿਨੀ ਆਪੁ ਤਜਿਆ
ਹਰਿ ਵਾਸਨਾ ਸਮਾਣੀ ॥
ਕਹੈ ਨਾਨਕੁ ਚਾਲ ਭਗਤਾ
ਜੁਗਹੁ ਜੁਗੁ ਨਿਰਾਲੀ ॥੧੪॥

*(ਮਹਲਾ ੩ ਅਨੰਦੁ, ਪੰਨਾ ੯੧੮)*

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥
ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੈ ॥
ਗੁਰ ਕੇ ਚਰਨ ਹਿਰਦੈ ਧਿਆਏ
ਅੰਤਰ ਆਤਮੈ ਸਮਾਲੇ ॥
ਆਪੁ ਛਡਿ ਸਦਾ ਰਹੈ ਪਰਣੈ
ਗੁਰ ਬਿਨੁ ਅਵਰੁ ਨ ਜਾਣੈ ਕੋਏ ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥੨੧॥

*(ਮਹਲਾ ੩ ਅਨੰਦੁ, ਪੰਨਾ ੯੧੯)*

ਕਬੀਰ ਜਿਹ ਮਾਰਗਿ ਪੰਡਿਤ ਗਏ
ਪਾਛੈ ਪਰੀ ਬਹੀਰ ॥
ਇਕ ਅਵਘਟ ਘਾਟੀ ਰਾਮ ਕੀ
ਤਿਹ ਚੜਿ ਰਹਿਓ ਕਬੀਰ ॥੧੬੫॥

*(ਸਲੋਕ ਕਬੀਰ ਜੀ, ਪੰਨਾ ੧੩੭੩)*

ਘਟ ਅਵਘਟ ਡੂਗਰ ਘਣਾ
ਇਕੁ ਨਿਰਗੁਣੁ ਬੈਲੁ ਹਮਾਰ ॥
ਰਮਈਏ ਸਿਉ ਇਕ ਬੇਨਤੀ ਮੇਰੀ
ਪੂੰਜੀ ਰਾਖੁ ਮੁਰਾਰਿ ॥੧॥

*(ਗਉੜੀ ਰਵਿਦਾਸ ਜੀ, ਪੰਨਾ ੩੪੫)*

ਕਿਉ ਲੀਜੈ ਗਢੁ ਬੰਕਾ ਭਾਈ॥
ਦੋਵਰ ਕੋਟ ਅਰੁ ਤੇਵਰ ਖਾਈ॥੧॥ਰਹਾਉ॥
ਪਾਂਚ ਪਚੀਸ ਮੋਹ ਮਦ ਮਤਸਰ
ਆਡੀ ਪਰਬਲ ਮਾਇਆ॥
ਜਨ ਗਰੀਬ ਕੋ ਜੋਰੁ ਨ ਪਹੁਚੈ
ਕਹਾ ਕਰਉ ਰਘੁਰਾਇਆ॥੧॥

*(ਭੈਰਉ ਬਾਣੀ ਕਬੀਰ ਜੀ, ਪੰਨਾ ੧੧੬੧)*

ਇਸ ਤਰ੍ਹਾਂ ਬਾਣੀ ਦੁਆਰੇ ਸਾਨੂੰ ਉਨ੍ਹਾਂ ਭਗਤਾਂ ਦੁਆਰੇ ਇਸ ਭਗਤੀ ਮਾਰਗ ਦਾ ਬੋਧ ਮਿਲਦਾ ਹੈ, ਜਿਨ੍ਹਾਂ ਨੂੰ ਇਸ ਮਾਰਗ 'ਤੇ ਚਲਦਿਆਂ ਅਨੇਕਾਂ ਤਰ੍ਹਾਂ ਦੀਆਂ ਔਕੜਾਂ ਆਈਆਂ ਹਨ, ਉਨ੍ਹਾਂ ਨੇ ਆਪਣੀ ਰਚਨਾ ਦੁਆਰੇ ਜਾਣਕਾਰੀ ਦਿਤੀ ਹੈ, ਜੋ ਜੋ ਉਨ੍ਹਾਂ ਦੇ ਸਾਮ੍ਹਣੇ ਕਠਨਤਾਈਆਂ ਆਈਆਂ ਹਨ ਉਨ੍ਹਾਂ ਨੂੰ ਦਰਸਾਉਂਦਿਆਂ ਹੋਇਆਂ ਕਿਹਾ ਹੈ ਕਿ ਇਹ ਰੱਬੀ-ਮਾਰਗ ਮੈਦਾਨੀ ਰਸਤਾ ਨਹੀਂ ਇਹ ਪਹਾੜੀ ਮਾਰਗ ਹੈ, ਜਿਸ ਪਰ ਹਰ ਮਨੁੱਖ ਸਫ਼ਰ ਨਹੀਂ ਕਰ ਸਕਦਾ। ਕਬੀਰ ਨੇ ਤਾਂ ਇਥੇ ਤਕ ਕਹਿ ਦਿਤਾ ਕਿ ਹੇ ਰੱਬ! ਮੈਂ ਤੇਰੇ ਇਸ ਭਗਤੀ ਮਾਰਗ 'ਤੇ ਟੁਰਨ ਦੀ ਸ਼ਕਤੀ ਹੀ ਨਹੀਂ ਰੱਖਦਾ, ਦਸੋ ਮੈਂ ਕੀ ਉਪਾਉ ਕਰਾਂ? ਇਸ ਮਾਰਗ ਦੀ ਬਿਖਮਤਾ ਬਾਰੇ ਗੁਰੂ ਨਾਨਕ ਦੇਵ ਜੀ ਨੇ ਭੀ ਆਪਣੀ ਰਚਨਾ ਵਿਚ ਉਸ ਪ੍ਰਭੂ ਨੂੰ ਸੰਬੋਧਨ ਕਰਦਿਆਂ ਬਾਣੀ ਦੁਆਰੇ ਇਉਂ ਕਿਹਾ ਹੈ ਕਿ:

ਸੁਣਿ ਨਾਹ ਪਿਆਰੇ ਇਕ ਬੇਨੰਤੀ ਮੇਰੀ॥
ਤੂ ਨਿਜ ਘਰਿ ਵਸਿਅੜਾ ਹਉ ਰੁਲਿ ਭਸਮੈ ਢੇਰੀ॥

*(ਤੁਖਾਰੀ ਮਹਲਾ ੧, ਪੰਨਾ ੧੧੧੧)*

ਇਨ੍ਹਾਂ ਸਤਰਾਂ ਵਿਚ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਭੀ ਉਸ ਰੱਬੀ ਮਾਰਗ 'ਤੇ ਸਫ਼ਰ ਕਰਨ ਵਾਲੇ ਪਾਂਧੀਆਂ ਦੀ ਮਾਨਸਕ ਅਵਸਥਾ ਨੂੰ ਆਪਣੇ ਪਰ ਅਰੋਪ ਕੇ ਆਪਣੇ ਅਗੰਮੀ ਅੰਦਾਜ਼ ਨੂੰ ਸ਼ਾਇਰਾਨਾ ਸੂਖਮਤਾ ਦੇ ਰੂਪ ਵਿਚ ਦਰਸਾਇਆ ਹੈ।

ਸੋ, ਮੈਂ ਭੀ ਗੁਰਬਾਣੀ ਦੀਆਂ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਤ ਹੋ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਉਸ ਸਿੱਖੀ ਮਾਰਗ ਬਾਰੇ ਵੀਚਾਰ ਦਰਸਾਏ ਹਨ, ਜਿਸ ਪਰ ਚਲਣਾ ਖੰਡੇ ਦੀ ਧਾਰ ਪਰ ਤੁਰਨ ਨਾਲੋਂ ਭੀ ਔਖਾ ਹੈ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਸਤਿਗੁਰੂ ਦੀ ਸਿੱਖੀ) ਵਾਲ ਤੋਂ ਭੀ ਮਹੀਨ ਕਹੀ ਜਾਂਦੀ ਹੈ ਤੇ ਖੰਡੇ ਦੀ ਧਾਰ ਤੋਂ ਭੀ ਤਿੱਖੀ ਸੁਣੀਦੀ ਹੈ।

(੨) (ਉਸਦਾ) ਵਰਣਨ ਗੱਲਾਂ ਨਾਲ ਨਹੀਂ ਕੀਤਾ ਜਾ ਸਕਦਾ, ਉਹ ਲਿਖਣ ਤੋਂ ਬਾਹਰ ਹੈ, ਲਿਖੀ ਭੀ ਨਹੀਂ ਜਾ ਸਕਦੀ।

(੩) ਜਿਹੜਾ ਗੁਰਮੁਖਾਂ ਦਾ ਮਾਰਗ ਕਿਹਾ ਜਾਂਦਾ ਹੈ, ਉਸ 'ਤੇ ਇਕ ਕਦਮ ਭੀ ਨਹੀਂ ਤੁਰਿਆ ਜਾ ਸਕਦਾ।

(੪) ਸਿੱਖੀ ਦਾ ਮਾਰਗ ਹੈ ਤਾਂ ਅਲੂਣੀ ਸਿਲਾ ਚੱਟਣ ਦੇ ਬਰਾਬਰ, ਪਰ ਇਸਦੇ ਸੁਆਦ ਦੇ ਬਰਾਬਰ ਲੱਖਾਂ ਗੰਨਿਆਂ ਦਾ ਅੰਮ੍ਰਿਤ ਰਸ ਵੀ ਨਹੀਂ ਹੋ ਸਕਦਾ।

(੫) ਗੁਰਮੁਖਾਂ ਨੇ ਪ੍ਰੇਮ ਭਗਤੀ ਦਾ ਉਹ ਸੁਖ ਫਲ ਪ੍ਰਾਪਤ ਕੀਤਾ ਹੈ, ਜੋ ਕਿਸੇ ਵਿਰਲੇ ਬ੍ਰਿਛ ਨੂੰ ਹੀ ਲਗਦਾ ਹੈ।

(੬) ਸਤਿਗੁਰੂ ਜੀ ਪ੍ਰਸੰਨ ਹੋਣ ਤਾਂ ਇਹ ਸੁਖ ਫਲ ਮਿਲਦਾ ਹੈ। ਸਾਧ ਸੰਗਤ ਵਿਚੋਂ ਗੁਰੂ ਦੀ ਮੱਤ ਤੇ ਗੁਰਸਿੱਖੀ ਦੀ ਦਾਤ ਮਿਲਦੀ ਹੈ।

(੭) (ਸਤਿਗੁਰੂ ਜੀ ਆਪਣੇ ਦਰ 'ਤੇ ਆਏ) ਮੰਗਤਿਆਂ ਨੂੰ ਚਾਰ ਪਦਾਰਥਾਂ ਦੀ ਭਿਖਿਆ ਦਿੰਦੇ ਹਨ।੧।

***ਭਾਵਾਰਥ :*** ਸਿੱਖੀ ਮਾਰਗ 'ਤੇ ਸਫ਼ਰ ਕਰਨ ਵਾਲੇ ਸਿਖ ਲਈ ਸਿੱਖੀ ਵੱਲੋਂ ਹਿਦਾਇਤ ਹੈ ਕਿ ਹੇ ਸਿੱਖਾ! ਜੇ ਤੂੰ ਮੇਰੇ ਵੱਲ ਸਫ਼ਰ ਕਰਨਾ ਚਾਹੁੰਦਾ ਹੈਂ ਤਾਂ ਤੇਰੇ ਲਈ ਇਸ ਨਿਯਮ ਦਾ ਧਾਰਨੀ ਹੋਣਾ ਅਤਿ ਜ਼ਰੂਰੀ ਹੈ, ਜਿਵੇਂ ਕਿ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥੨੦॥

*(ਮ: ੧, ਪੰਨਾ ੧੪੧੨)*

ਭਾਵ ਹੈ, ਇਸ ਸਿੱਖੀ ਮਾਰਗ 'ਤੇ ਚਲਣ ਵਾਲੇ ਸਿੱਖ ਨੂੰ ਸਮਾਂ ਆਵੇ ਤਾਂ ਸਿਰ ਦੇਣ ਦੀ ਕੁਰਬਾਨੀ ਕਰਨ ਵੱਲੋਂ ਭੀ ਝਕਣਾ ਨਹੀਂ ਚਾਹੀਦਾ, ਕਿਉਂਕਿ ਪੁਰਾਤਨ ਸਿੱਖਾਂ ਨੇ ਬੰਦ ਬੰਦ ਕਟਵਾਏ, ਆਰਿਆਂ ਨਾਲ ਤਨ ਚਿਰਵਾਏ, ਦੇਗਾਂ ਵਿਚ ਉਬਲੇ, ਪਰ ਸਿੱਖੀ ਮਾਰਗ ਵੱਲੋਂ ਤੁਰਦਿਆਂ ਥਿੜਕੇ ਨਹੀਂ, ਆਪਣੇ ਆਪ ਨੂੰ ਕੁਰਬਾਨ ਕਰ ਦਿਤਾ।

## ੨. ਗੁਰੂ ਦਾ ਸਿੱਖ ਨਿਸ਼ਕਾਮ, ਦੂਈ ਤੋਂ ਦੂਰ ਰਹਿੰਦਾ ਹੈ

**੧. ਚਾਰਿ ਪਦਾਰਥ ਆਖੀਅਨਿ**
**ਸਤਿਗੁਰ ਦੇਇ ਨ ਗੁਰਸਿਖ ਮੰਗੈ।**
**੨. ਅਠ ਸਿੱਧੀ ਨਿੱਧੀ ਨਵੈਂ**
**ਰਿੱਧਿ ਨ ਗੁਰੁ ਸਿਖ ਢਾਕੈ ਟੰਗੈ।**

**੩. ਕਾਮਧੇਨੁ ਲੱਖ ਲੱਖਮੀ**
**ਪਹੁੰਚ ਨ ਹੰਘੈ ਢੰਗ ਸੁਢੰਗੈ।**
**੪. ਲੱਖ ਪਾਰਸ ਲੱਖ ਪਾਰਜਾਤ**
**ਹੱਥ ਨ ਛੁੰਹਦਾ ਫਲ ਨ ਅਭੰਗੈ।**
**੫. ਤੰਤ ਮੰਤ ਪਾਖੰਡ ਲੱਖ**
**ਬਾਜੀਗਰ ਬਾਜਾਰੀ ਨੰਗੈ।**
**੬. ਪੀਰ ਮੁਰੀਦਾਂ ਗਾਖੜੀ**
**ਇੱਕਸ ਅੰਗ ਨ ਅੰਗਨ ਅੰਗੈ।**
**੭. ਗੁਰ ਸਿੱਖ ਦੂਜੈ ਭਾਵਹੁ ਸੰਗੈ ॥੨॥**

***ਪਦ ਅਰਥ :*** ਢਾਕੈ ਟੰਗੈ—ਲੋੜ ਵੇਲੇ। ਢੰਗ ਸੁਢੰਗੈ—ਚੰਗੀਆਂ ਬਨਾਵਟਾਂ ਨਾਲ। ਅਭੰਗੈ—ਨਾਸ ਰਹਿਤ। ਨੰਗੈ—ਬੇਸ਼ਰਮ। ਅੰਗਨ—ਵਿਹੜਾ। ਗਾਖੜੀ—ਕਠਨ। ਪੀਰ ਮੁਰੀਦਾਂ—ਪੀਰ ਦੀ ਪੀਰੀ, ਮੁਰੀਦ ਦੀ ਮੁਰੀਦੀ। ਇੱਕਸ ਅੰਗ ਨ ਅੰਗਨ ਅੰਗੈ—ਵਿਹੜੇ ਦੇ ਪਾਸੇ, ਇਕ ਪਾਸੇ ਨਹੀਂ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜੋ ਸਿਖ, ਸਿੱਖੀ ਮਾਰਗ ਦੇ ਪਾਂਧੀ ਹਨ, ਉਹ ਰਹਿੰਦੇ ਤਾਂ ਇਸੇ ਸੰਸਾਰ ਵਿਚ ਹਨ, ਪਰ ਇਨ੍ਹਾਂ ਮਾਇਕੀ ਪਦਾਰਥਾਂ ਵਿਚ ਰਹਿਣ ਸਮੇਂ ਉਨ੍ਹਾਂ ਦੇ ਮਨ ਦੀ ਰੂਪ ਰੇਖਾ ਕੈਸੀ ਹੈ। ਕਿਉਂਕਿ ਇਨ੍ਹਾਂ ਪਦਾਰਥਾਂ ਦੀ ਤਾਂ ਐਸੀਂ ਪ੍ਰਬਲ ਸ਼ਕਤੀ ਹੈ ਜੋ ਵੱਡੇ ਵੱਡੇ ਜੋਗੀਆਂ ਨੂੰ ਭੀ ਆਪਣੀ ਲਪੇਟ ਵਿਚ ਲੈ ਲੈਂਦੀ ਰਹੀ ਹੈ, ਸਿਖ ਦਾ ਬਚਾਅ ਕਿਵੇਂ ਹੁੰਦਾ ਹੈ?

ਉ: ਹੇ ਭਾਈਓ! ਇਸ ਪੱਖ ਸੰਬੰਧੀ ਬਾਣੀ ਵਿਚ ਉਦਾਹਰਣ ਤਾਂ ਬਹੁਤ ਆਉਂਦੇ ਹਨ, ਪਰ ਉਨ੍ਹਾਂ ਸਭਨਾਂ ਦਾ ਭਾਵ ਇਹੋ ਹੈ ਕਿ ਜੋ ਗੁਰੂ ਦਾ ਸਿੱਖ ਹੈ, ਉਹ ਗੁਰੂ ਦੀ ਚਰਨ ਸ਼ਰਨ ਵਿਚ ਰਹਿ ਕੇ, ਇਸ ਸੰਸਾਰ ਦੇ ਪਦਾਰਥਾਂ ਵਿਚ ਰਹਿਣ ਦਾ ਇਉਂ ਹੀ ਧਾਰਨੀ ਹੋ ਜਾਂਦਾ ਹੈ, ਜਿਵੇਂ ਕਵਲ ਸਰੋਵਰ ਦੇ ਲਬਾ ਲਬ ਭਰੇ ਹੋਏ ਪਾਣੀ ਵਿਚ ਨਿਰਲੇਪ ਰਹਿੰਦਾ ਹੈ। ਸਰੋਵਰ ਦਾ ਪਾਣੀ ਜਿਤਨਾ ਭੀ ਉੱਚਾ ਹੁੰਦਾ ਹੈ ਕਵਲ ਉਤਨਾ ਹੀ ਉਚੇਰਾ ਹੋ ਜਾਂਦਾ ਹੈ, ਜਿਵੇਂ:

ਜਿਉ ਕਵਲ ਰਹੈ ਵਿਚਿ ਪਾਣੀ ਹੇ॥
*(ਮਾਰੂ ਮ: ੩, ਪੰਨਾ ੧੦੭੦)*

ਬ੍ਰਹਮ ਗਿਆਨੀ ਸਦਾ ਨਿਰਲੇਪ॥
ਜੈਸੇ ਜਲ ਮਹਿ ਕਮਲ ਅਲੇਪ॥
*(ਸੁਖਮਨੀ ਸਾਹਿਬ, ਪੰਨਾ ੨੭੨)*

ਉਸ ਸਿੱਖ ਦੀ ਸੰਸਾਰ ਦੇ ਮਾਇਕੀ ਪਦਾਰਥਾਂ ਵਿਚ ਰਹਿੰਦਿਆਂ ਹੋਇਆਂ ਹੀ ਮਾਨਸਕ ਅਵਸਥਾ ਇਤਨੀ ਉਚੇਰੀ ਹੋ ਜਾਂਦੀ ਹੈ ਕਿ ਸਤਿਗੁਰੂ ਜੀ ਉਸ ਸਿੱਖ ਨੂੰ ਸੰਸਾਰ ਭਰ ਦੇ ਚਾਰੇ ਪਦਾਰਥ ਆਪਣੀ ਖ਼ੁਸ਼ੀ ਨਾਲ ਦੇਂਦੇ ਹਨ, ਪਰ ਸਿੱਖ ਦੇ ਮਨ ਅੰਦਰ ਕਿਸੇ ਵੀ ਪਦਾਰਥ ਦੀ ਚਾਹਤ ਨਹੀਂ ਰਹਿ ਜਾਂਦੀ। ਕਿਉਂਕਿ ਉਸ ਸਿੱਖ ਨੂੰ ਹੁਣ ਗੁਰੂ ਦੀ ਕ੍ਰਿਪਾ ਦਾ ਸਦਕਾ ਉਸ ਨਾਮ ਰਸ ਦੀ ਪ੍ਰਾਪਤੀ ਹੋ ਗਈ ਹੈ, ਜਿਸਦਾ ਸਦਕਾ ਹੁਣ ਉਸਨੂੰ ਸਾਰੇ ਮਾਇਕੀ ਪਦਾਰਥਾਂ ਦੇ ਰਸ ਫਿਕੇ ਪ੍ਰਤੀਤ ਹੁੰਦੇ ਹਨ।

ਰਾਰਾ ਰਸੁ ਨਿਰਸ ਕਰਿ ਜਾਨਿਆ॥
ਹੋਇ ਨਿਰਸ ਸੁ ਰਸੁ ਪਹਿਚਾਨਿਆ॥
ਇਹ ਰਸ ਛਾਡੇ ਉਹ ਰਸੁ ਆਵਾ॥
ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥੩੫॥
*(ਗਉੜੀ ਬਾਵਨ ਅਖਰੀ, ਕਬੀਰ ਜੀ, ਪੰਨਾ ੩੪੨)*

ਸੋ, ਮੈਂ ਭੀ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਅੰਦਰ ਉਨ੍ਹਾਂ ਸਿੱਖਾਂ ਦੀ ਮਾਨਸਕ ਦਸ਼ਾ ਉੱਕਰੀ ਹੈ, ਜੋ ਅੱਠੇ ਪਹਰਿ ਨਾਮ ਦੇ ਅਕਹਿ ਰਸ ਵਿਚ ਮਸਤ ਰਹਿੰਦੇ ਹਨ ਹੁਣ ਉਨ੍ਹਾਂ ਦੇ ਮਨ ਨੂੰ ਕੋਈ ਮਾਇਕੀ ਰਸ ਲੁਭਾਇਮਾਨ ਨਹੀਂ ਕਰ ਸਕਦਾ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ ਸੰਸਾਰ ਵਿਚ) ਜਿਹੜੇ ਚਾਰ ਪਦਾਰਥ ਕਹੇ ਜਾਂਦੇ ਹਨ, ਉਹ ਸਤਿਗੁਰੂ ਜੀ ਆਪਣੇ ਸਿੱਖਾਂ ਨੂੰ ਆਪਣੇ ਆਪ ਦਿੰਦੇ ਹਨ, ਗੁਰਸਿਖ ਇਹ ਪਦਾਰਥ ਮੰਗਦੇ ਨਹੀਂ।

(੨) ਅੱਠ ਸਿਧੀਆਂ ਨੌ ਨਿਧਾਂ, ਅਠਾਰਾਂ ਰਿਧੀਆਂ ਨੂੰ ਗੁਰੂ ਦੇ ਸਿੱਖ ਲੋੜ ਪੈਣ 'ਤੇ ਭੀ ਨਹੀਂ ਮੰਗਦੇ, ਅਥਵਾ ਇਨ੍ਹਾਂ ਰਿਧੀਆਂ ਸਿਧੀਆਂ ਨੂੰ ਸਿੱਖ ਆਪਣੇ ਪਿਛੇ ਨਹੀਂ ਟੰਗੀ ਫਿਰਦੇ, ਭਾਵ ਇਨ੍ਹਾਂ ਦੀ ਇੱਛਾ ਨਹੀਂ ਕਰਦੇ।

(੩) ਲੱਖਾਂ ਕਾਮਧੇਨ 'ਤੇ ਲੱਖਾਂ ਹੀ ਲਛਮੀਆਂ ਕਈ ਚੰਗੀਆਂ ਬਨਾਵਟਾਂ ਕਰਕੇ ਵੀ ਸਿੱਖ ਤਕ ਨਹੀਂ ਪਹੁੰਚ ਸਕਦੀਆਂ (ਭਾਵ ਮੋਹਤ ਨਹੀਂ ਕਰ ਸਕਦੀਆਂ)

(੪) ਲੱਖਾਂ ਹੀ ਪਾਰਸ ਤੇ ਲੱਖਾਂ ਹੀ ਕਲਪ ਬ੍ਰਿਛਾਂ ਦੇ ਨਾਸ-ਰਹਿਤ ਫਲਾਂ ਨੂੰ ਗੁਰੂ ਦਾ ਸਿੱਖ ਹੱਥ ਨਾਲ ਛੋਂਹਦਾ ਭੀ ਨਹੀਂ।

(੫) ਜਿਹੜੇ ਪੁਰਸ਼, ਤੰਤ੍ਰ ਮੰਤ੍ਰ ਆਦਿ ਲੱਖਾਂ ਪਾਖੰਡ ਕਰਦੇ ਹਨ, ਉਹ ਬਾਜੀਗਰਾਂ ਵਾਂਗੂੰ ਬੇ-ਸ਼ਰਮ ਹਨ।

(੬) ਸਤਿਗੁਰੂ ਦੀ ਸਿੱਖੀ ਬੜੀ ਔਖੀ ਹੈ ਇਸਦੇ ਵੇਹੜੇ ਵਿਚ ਕਈ ਵਿਹੜੇ ਹਨ, (ਭਾਵ ਪੇਚ ਵਿਚ ਪੇਚ ਹਨ)।

(੭) ਗੁਰੂ ਦਾ ਸਿਖ ਦ੍ਵੈਤ-ਭਾਵ ਤੋਂ ਸੰਕੋਚ ਕਰਦਾ ਹੈ (ਭਾਵ ਉਹ ਸਦਾ ਏਕਤਾ ਵਿਚ ਹੀ ਵੱਸਦਾ ਹੈ)।੨।

## ੩. ਸਿੱਖੀ ਦਾ ਅਮੋਲਕ ਰੰਗ ਵਿਰਲਾ ਹੀ ਮਾਣਦਾ ਹੈ

**੧. ਗੁਰੁ ਸਿੱਖੀ ਦਾ ਸਿੱਖਣਾ**
**ਨਾਦੁ ਨ ਵੇਦੁ ਨ ਆਖ ਵਖਾਣੈ।**
**੨. ਗੁਰੁ ਸਿੱਖੀ ਦਾ ਲਿੱਖਣਾ**
**ਲੱਖ ਨ ਚਿੱਤ੍ਰ ਗੁਪਤ ਲਿਖ ਜਾਣੈ।**
**੩. ਗੁਰੁ ਸਿੱਖੀ ਦਾ ਸਿਮਰਣੋ**
**ਸ਼ੇਖ ਅਸੰਖ ਨ ਰੇਖ ਸਿਞਾਣੈ।**
**੪. ਗੁਰੁ ਸਿੱਖੀ ਦਾ ਵਰਤਮਾਨ**
**ਵੀਹ ਇਕੀਹ ਉਲੰਘ ਪਛਾਣੈ।**
**੫. ਗੁਰੁ ਸਿੱਖੀ ਦਾ ਬੁਝਣਾ**
**ਗਿਆਨ ਧਿਆਨ ਅੰਦਰ ਕਿਵ ਆਣੈ।**
**੬. ਗੁਰ ਪਰਸਾਦੀ ਸਾਧ ਸੰਗ**
**ਸ਼ਬਦ ਸੁਰਤ ਹੁਇ ਮਾਣ ਨਿਮਾਣੈ।**
**੭. ਭਾਇ ਭਗਤਿ ਵਿਰਲਾ ਰੰਗ ਮਾਣੈ ॥੩॥**

***ਪਦ ਅਰਥ :*** ਨਾਦੁ—ਰਾਗ। ਸ਼ੇਖ ਅਸੰਖ—ਅਨੇਕਾਂ ਸ਼ੇਸ਼ਨਾਗ। ਰੇਖ—ਹੱਦ। ਭਾਇ ਭਗਤਿ—ਪ੍ਰੇਮਾ ਭਗਤੀ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜਿਸ ਸਿੱਖੀ ਨੂੰ ਤੁਸੀਂ ਇਤਨਾ ਉੱਤਮ ਦਰਜਾ ਦੇ ਰਹੇ ਹੋ, ਉਸ ਗੁਰਸਿੱਖੀ ਬਾਰੇ ਤੁਸੀਂ ਆਪਣੇ ਵੱਲੋਂ ਭੀ ਕੁਝ ਜਾਣਕਾਰੀ ਦਿਓ ਤਾਕਿ ਸਾਡੇ ਮਨਾਂ ਅੰਦਰ ਭੀ ਹੋਰ ਭਾਵਨਾਵਾਂ ਉਪਜ ਆਵਣ?

**ਉ:** ਹੇ ਭਾਈਓ! ਸਿੱਖੀ ਵਿਚ ਇਤਨੀ ਮਹਾਨਤਾ ਹੈ ਜਿਸ ਨੂੰ ਕਹਿਣ ਦੀ ਮੇਰੇ ਅੰਦਰ ਸ਼ਕਤੀ ਨਹੀਂ, ਪਰ ਜਿਨ੍ਹਾਂ ਗੁਰਸਿੱਖਾਂ ਨੇ ਸਿੱਖੀ ਮਾਰਗ ਨੂੰ ਅਪਣਾਇਆ ਹੈ, ਉਨ੍ਹਾਂ ਬਾਰੇ ਬਾਣੀ ਵਿਚ ਇਉਂ ਫ਼ੁਰਮਾਨ ਆਇਆ ਹੈ, ਜਿਵੇਂ ਕਿ:

ਗੁਰਸਿਖਾ ਕੀ ਘਾਲ ਥਾਇ ਪਈ
ਜਿਨ ਹਰਿ ਨਾਮੁ ਧਿਆਵਾ॥
ਜਿਨ੍ ਨਾਨਕੁ ਸਤਿਗੁਰੁ ਪੂਜਿਆ
ਤਿਨ ਹਰਿ ਪੂਜ ਕਰਾਵਾ॥੨॥

*(ਆਸਾ ਮਹਲਾ ੪, ਪੰਨਾ ੪੫੦)*

ਗੁਰਸਿਖਾ ਕੀ ਭੁਖ ਸਭ ਗਈ
ਤਿਨ ਪਿਛੈ ਹੋਰ ਖਾਇ ਘਨੇਰੀ॥

*(ਆਸਾ ਮ: ੪, ਪੰਨਾ ੪੫੧)*

ਗੁਰਸਿਖਾ ਕੇ ਮੁਹ ਉਜਲੇ ਕਰੇ ਹਰਿ ਪਿਆਰਾ
ਗੁਰ ਕਾ ਜੈਕਾਰੁ ਸੰਸਾਰਿ ਸਭਤੁ ਕਰਾਏ॥

*(ਮ: ੪, ਪੰਨਾ ੩੦੮)*

ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ॥

*(ਰਾਮਕਲੀ ਕੀ ਵਾਰ, ਪੰਨਾ ੯੬੭)*

ਗੁਰਸਿਖਾਂ ਮਨਿ ਹਰਿ ਪ੍ਰੀਤਿ ਹੈ ਗੁਰੁ ਪੂਜਣ ਆਵਹਿ॥
ਹਰਿ ਨਾਮੁ ਵਣੰਜਹਿ ਰੰਗ ਸਿਉ
ਲਾਹਾ ਹਰਿ ਨਾਮੁ ਲੈ ਜਾਵਹਿ॥
ਗੁਰਸਿਖਾ ਕੇ ਮੁਖ ਉਜਲੇ ਹਰਿ ਦਰਗਹ ਭਾਵਹਿ॥

*(ਪਉੜੀ, ਪੰਨਾ ੫੯੦)*

ਇਸੇ ਤਰ੍ਹਾਂ ਗੁਰਸਿੱਖੀ ਨੂੰ ਧਾਰਨ ਕਰਨ ਵਾਲੇ ਸਿੱਖਾਂ ਦੀ ਮਹਿਮਾਂ ਬਾਣੀ ਵਿਚ ਬਹੁਤ ਥਾਵਾਂ 'ਤੇ ਪੜ੍ਹਨ ਵਿਚ ਆਉਂਦੀ ਹੈ। ਪਰ ਸਿੱਖੀ ਦੀ ਮਹਾਨਤਾ ਭੀ ਬਾਣੀ ਵਿਚ ਦਰਸਾਈ ਗਈ ਹੈ, ਜਿਸ ਨੂੰ ਬਿਆਨਿਆ ਨਹੀਂ ਜਾ ਸਕਦਾ। ਇਸੇ ਭਾਵ ਨੂੰ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਉੱਕਰਿਆ ਹੈ:

(੧) (ਜਿਵੇਂ ਕਿ ਅਸੀਂ ਬਾਣੀ ਦੁਆਰੇ ਅਨੁਭਵ ਕਰਦੇ ਹਾਂ ਕਿ) ਗੁਰਸਿੱਖੀ ਦੀ ਸਿਖਿਆ ਨੂੰ ਨਾਦ (ਰਾਗ) ਤੇ ਵੇਦ ਭੀ ਵਰਣਨ ਨਹੀਂ ਕਰ ਸਕਦੇ।

(੨) (ਅਤੇ) ਗੁਰਸਿੱਖੀ ਦੀ ਲਿਖਤ ਨੂੰ ਲੱਖਾਂ ਚਿਤ੍ਰ ਗੁਪਤ ਵੀ ਨਹੀਂ ਲਿਖਣਾ ਜਾਣਦੇ।

(੩) ਗੁਰਸਿੱਖੀ ਦੇ ਸਿਮਰਨ ਦੀ ਹੱਦ ਨੂੰ ਅਨੇਕਾਂ ਸ਼ੇਸ਼ਨਾਗ ਵੀ ਨਹੀਂ ਪਛਾਣ ਸਕਦੇ।

(੪) ਗੁਰਸਿੱਖੀ ਦਾ ਵਰਤਾਰਾ ਵੀਹ ਇਕੀਹ ਨੂੰ ਲੰਘ ਕੇ ਹੀ ਪਛਾਣ ਸਕੀਦਾ ਹੈ।

(੫) ਗੁਰਸਿੱਖੀ ਦੀ ਸਮਝ ਗਿਆਨ ਧਿਆਨ ਅੰਦਰ ਕਿਵੇਂ ਆ ਸਕਦੀ ਹੈ, (ਭਾਵ ਨਹੀਂ ਆ ਸਕਦੀ)।

(੬) (ਜਿਹੜਾ ਗੁਰਸਿਖ ਸਤਿਗੁਰੂ ਦੀ ਕ੍ਰਿਪਾ ਨਾਲ ਸਤਿਸੰਗਤ ਵਿਚ ਜਾ ਕੇ ਸੁਰਤੀ ਵਿਚ ਸ਼ਬਦ ਨੂੰ

ਵਸਾਉਂਦਾ ਹੈ ਤੇ ਮਾਣ ਹੁੰਦਿਆਂ ਨਿਮਾਣਾ ਹੁੰਦਾ ਹੈ (ਉਹੋ ਜਾਣ ਸਕਦਾ ਹੈ)।

(੭) ਪ੍ਰੇਮਾ-ਭਗਤੀ ਕਰਕੇ ਕੋਈ ਵਿਰਲਾ ਹੀ ਗੁਰੂ ਦਾ ਸਿਖ ਗੁਰਸਿੱਖੀ ਦੇ ਅਨੰਦ ਨੂੰ ਮਾਣਦਾ ਹੈ।੩।

***ਭਾਵਾਰਥ :*** ਇਸੇ ਭਾਵ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੇ ਇਸ ਪ੍ਰਕਾਰ ਉਚਾਰਨ ਕੀਤਾ ਹੈ, ਜਿਵੇਂ ਕਿ :

ਕੋਟਿ ਮਧੇ ਕੋ ਵਿਰਲਾ ਸੇਵਕੁ
ਹੋਰਿ ਸਗਲੇ ਬਿਉਹਾਰੀ ॥੧॥ਰਹਾਉ॥

*(ਗੂਜਰੀ ਮ: ੫, ਪੰਨਾ ੪੯੫)*

## ੪. ਸਿੱਖੀ ਦਾ ਭੇਦ ਵੇਦ ਭੀ ਨਹੀਂ ਜਾਣਦੇ

**੧. ਗੁਰ ਸਿੱਖੀ ਦਾ ਸਿੱਖਣਾ**
**ਗੁਰਮੁਖ ਸਾਧ ਸੰਗਤ ਦੀ ਸੇਵਾ।**
**੨. ਦਸ ਅਵਤਾਰ ਨ ਸਿੱਖਿਆ**
**ਗੀਤਾ ਗੋਸ਼ਟ ਅਲਖ ਅਭੇਵਾ।**
**੩. ਵੇਦ ਨ ਜਾਣਨਿ ਭੇਦ ਕਿਹੁ**
**ਲਿਖ ਪੜ੍ਹ ਸੁਣ ਸੁਣ ਦੇਵੀ ਦੇਵਾ।**
**੪. ਸਿੱਧ ਨਾਥ ਨ ਸਮਾਧਿ ਵਿਚ**
**ਤੰਤ ਨ ਮੰਤ ਲਘਾਇਨ ਖੇਵਾ।**
**੫. ਲੱਖ ਭਗਤ ਜਗੱਤ ਵਿਚ**
**ਲਿਖ ਨ ਗਏ ਗੁਰੁ ਸਿੱਖੀ ਟੇਵਾ।**
**੬. ਸਿਲ ਅਲੂਣੀ ਚੱਟਣੀ**
**ਸਾਦ ਨ ਪੁੱਜੈ ਲਖ ਲਖ ਮੇਵਾ।**
**੭. ਸਾਧ ਸੰਗਤਿ ਗੁਰੁ ਸ਼ਬਦ ਸਮੇਵਾ ॥੪॥**

***ਪਦ ਅਰਥ :*** ਗੀਤਾ ਗੋਸ਼ਟ—ਗੀਤਾ ਕਹਿੰਦੀ ਹੈ ਯਾ ਕਥਨ ਤੇ ਚਰਚਾ ਤੋਂ ਅਭੇਵ ਹੈ। ਅਲਖ ਅਭੇਵਾ—ਭਾਵ ਗੁਰ ਸੇਵਾ ਡੂੰਘੀ ਹੈ। ਖੇਵਾ—ਚੱਪਾ। ਟੇਵਾ—ਜੋਤਸ਼। ਅਲੂਣੀ—ਫਿੱਕੀ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਆਪ ਜੀ ਤਾਂ ਕਹਿ ਰਹੇ ਹੋ ਕਿ ਮੇਰੇ ਕੋਲੋਂ ਗੁਰ ਸਿੱਖੀ ਦੀ ਮਹਾਨਤਾ ਨਹੀਂ ਕਹੀ ਜਾ ਸਕਦੀ ਪਰ ਆਪ ਜੀ ਨੇ ਤਾਂ ਸਨਾਤਨ ਪੁਸਤਕਾਂ ਦਾ ਅਧਿਯਨ ਕੀਤਾ ਹੈ, ਜਿਵੇਂ ਕਿ ਚਾਰ ਵੇਦ, ਗੀਤਾ, ਦਸ ਅਵਤਾਰ, ਸਿੱਧ, ਨਾਥ ਅਤੇ ਹੋਰ ਭੀ ਲੱਖਾਂ ਭਗਤ ਹੋ ਚੁੱਕੇ ਹਨ, ਕੀ ਇਨ੍ਹਾਂ ਨੇ ਭੀ ਦਸੋਗੇ ਕਿ ਗੁਰਸਿੱਖੀ ਬਾਰੇ ਆਪੋ ਆਪਣੇ ਕੀ ਵੀਚਾਰ ਦਰਸਾਏ ਹਨ, ਤਾਕਿ ਸਾਨੂੰ ਭੀ ਕੁਝ ਹੋਰ ਜਾਣਕਾਰੀ ਮਿਲ ਸਕੇ ?

ਉ: ਹੇ ਭਾਈਓ ! ਇਹ ਠੀਕ ਹੈ ਕਿ ਪੁਰਾਤਨ ਅਵਤਾਰਾਂ ਤੇ ਪੁਸਤਕਾਂ ਦੇ ਸੰਬੰਧ ਵਿਚ ਮੈਨੂੰ ਪੜਚੋਲ ਕਰਨ ਦਾ ਸਮਾਂ ਮਿਲਿਆ ਹੈ, ਪਰ ਇਹ ਸਾਰੇ ਹੀ ਗੁਰਸਿੱਖੀ ਦੀ ਮਹਾਨਤਾ ਦਰਸਾਉਣ ਵੱਲੋਂ ਅਸਮਰੱਥ ਹਨ, ਜਿਥੋਂ ਤਕ ਮੈਨੂੰ ਅਨੁਭਵ ਹੋਇਆ ਹੈ ਮੈਂ ਉਸ ਅਨੁਭਵਤਾ ਨੂੰ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਅੰਕਤ ਕੀਤਾ ਹੈ, ਜਿਵੇਂ ਕਿ :

(੧) (ਮੈਨੂੰ ਤਾਂ ਇਉਂ ਹੀ ਬੋਧ ਮਿਲਿਆ ਹੈ ਕਿ) ਗੁਰਸਿੱਖੀ ਦੀ ਸਿੱਖਿਆ ਸਾਧ ਸੰਗਤ ਵਿਚ ਜਾ ਕੇ ਗੁਰਸਿੱਖਾਂ ਦੀ ਸੇਵਾ ਕਰਕੇ (ਹੀ) ਸਿੱਖੀ ਜਾਂਦੀ ਹੈ।

(੨) (ਕਿਉਂਕਿ) ਦਸਾਂ ਅਵਤਾਰਾਂ ਨੇ ਵੀ ਇਹ ਸਿੱਖਿਆ ਨਹੀਂ ਸਿੱਖੀ ਤੇ ਇਹ ਸਿੱਖਿਆ ਗੀਤਾ ਦੀ ਗੋਸ਼ਟ ਤੋਂ ਵੀ ਅਲੱਖ ਤੇ ਅਭੇਵ ਹੈ।

(੩) ਵੇਦ ਵੀ ਇਸ ਸਿੱਖਿਆ ਦੇ ਭੇਦ ਨੂੰ ਨਹੀਂ ਜਾਣਦੇ, ਦੇਵੀ ਦੇਵਤੇ ਵੀ ਲਿਖ, ਪੜ੍ਹ ਸੁਣ ਕੇ ਹਾਰ ਗਏ ਹਨ।

(੪) (ਸਿੱਧਾਂ ਨਾਥਾਂ ਨੇ ਸਮਾਧੀਆਂ ਲਾ ਕੇ ਵੀ ਇਸ ਭੇਦ ਨੂੰ ਨਹੀਂ ਜਾਣਿਆ, ਤੰਤ੍ਰ, ਮੰਤ੍ਰ ਵੀ ਇਸ ਵਿਚ ਨਹੀਂ ਲੰਘ ਸਕੇ (ਭਾਵ ਉਹ ਵੀ ਨਹੀਂ ਜਾਣ ਸਕੇ)।

(੫) ਲੱਖਾਂ ਭਗਤ ਇਸ ਸੰਸਾਰ ਵਿਚ ਹੋ ਗੁਜ਼ਰੇ ਹਨ, ਪਰ ਸਿੱਖੀ ਦਾ ਜੋਤਸ਼ ਉਹ ਵੀ ਨਹੀਂ ਲਿਖ ਸਕੇ।

(੬) ਇਹ ਤਾਂ ਅਲੂਣੀ ਸਿਲ ਦੇ ਚੱਟਣ ਦੇ ਤੁਲ ਹੈ, ਪਰ ਇਸ ਦੇ ਸੁਆਦ ਨੂੰ ਲੱਖਾਂ ਮੇਵਿਆਂ (ਫਲਾਂ) ਦਾ ਸੁਆਦ ਵੀ ਨਹੀਂ ਪਹੁੰਚ ਸਕਦਾ।

(੭) ਸਾਧ ਸੰਗਤ ਵਿਚ ਗੁਰੂ ਦੇ ਉਪਦੇਸ਼ ਦੀ ਕਮਾਈ ਕਰਕੇ ਹੀ ਗੁਰਸਿੱਖੀ ਵਿਚ ਸਮਾਈ ਹੁੰਦੀ ਹੈ।੪।

## ੫. ਸਿੱਖੀ ਦੀ ਪ੍ਰਾਪਤੀ ਦਾ ਸਾਧਨ

੧. ਗੁਰੁ ਸਿੱਖੀ ਦਾ ਸਿੱਖਣਾ
ਸ਼ਬਦ ਸੁਰਤ ਸਤਿਸੰਗਤ ਸਿੱਖੈ।
੨. ਗੁਰੁ ਸਿੱਖੀ ਦਾ ਲਿਖਣਾ
ਗੁਰੁ ਬਾਣੀ ਸੁਣ ਸਮਝੈ ਲਿੱਖੈ।
੩. ਗੁਰੁ ਸਿੱਖੀ ਦਾ ਸਿਮਰਣੋ
ਸਤਿਗੁਰੁ ਮਤ ਕੋਲ੍ਹੁ ਰਸ ਇੱਖੈ।
੪. ਗੁਰੁ ਸਿੱਖੀ ਦਾ ਵਰਤਮਾਨ
ਚੰਦਨ ਵਾਸ ਨਿਵਾਸ ਬਿਰਿੱਖੈ।
੫. ਗੁਰੁ ਸਿੱਖੀ ਦਾ ਬੁੱਝਣਾ
ਬੁੱਝ ਅਬੁੱਝ ਹੋਵੈ ਲੈ ਭਿੱਖੈ।
੬. ਸਾਧ ਸੰਗਤ ਗੁਰ ਸ਼ਬਦ ਸੁਣ
ਨਾਮ ਦਾਨ ਇਸ਼ਨਾਨ ਸਰਿੱਖੈ।
੭. ਵਰਤਮਾਨ ਲੰਘ ਭੂਤ ਭਵਿੱਖੈ ॥੫॥

***ਪਦ ਅਰਥ :*** ਕੋਲ੍ਹੁ ਰਸ ਇੱਖੈ—ਵੇਲਣੇ ਦੇ ਕਮਾਦ-ਰਸ ਵਾਂਗੂੰ। ਬੁੱਝਣਾ ਬੁੱਝ—ਸਮਝ ਨੂੰ ਸਮਝਣਾ। ਅਬੁੱਝ—ਮਸਤ। ਸਰਿੱਖੈ—ਸਰੇਸ਼ਟ।

***ਅਰਥ :***

(੧) (ਪਿਛਲੀ ਪਉੜੀ ਦਾ ਹੀ ਭਾਵ ਦਰਸਾ ਰਹੇ ਹਨ) ਗੁਰਸਿੱਖੀ ਦਾ ਸਿੱਖਣਾ ਇਹੋ ਹੈ ਕਿ ਸਤਿਸੰਗਤ ਵਿਚ ਜਾ ਕੇ ਸ਼ਬਦ ਵਿਚ ਸੁਰਤ ਲਾਉਣੀ ਸਿੱਖੇ।
(੨) ਗੁਰੂ ਦੀ ਬਾਣੀ ਨੂੰ ਸੁਣ ਕੇ ਤੇ (ਅਰਥ) ਸਮਝ ਕੇ ਲਿਖੇ ਇਹ ਗੁਰਸਿੱਖੀ ਦਾ ਲਿਖਣਾ ਹੈ।
(੩) ਗੁਰਸਿੱਖੀ ਦਾ ਸਿਮਰਨ ਇਹ ਹੈ ਕਿ ਸਤਿਗੁਰੂ ਜੀ ਦੀ ਸਿਖਿਆ, ਜੋ ਵੇਲਣੇ ਵਿਚੋਂ ਨਿਕਲੇ ਕਮਾਦ ਦੇ ਰਸ ਵਾਂਗੂੰ ਮਿੱਠੀ ਹੈ ਉਸਦਾ ਰਸ ਚੱਖੇ।
(੪) ਗੁਰਸਿੱਖੀ ਦਾ ਵਰਤਾਰਾ ਚੰਦਨ ਦੀ ਵਾਸ਼ਨਾ ਵਾਂਗੂੰ ਹੁੰਦਾ ਹੈ, ਜੋ ਆਲੇ ਦੁਆਲੇ ਦੇ ਬ੍ਰਿਛਾਂ ਨੂੰ ਸੁਗੰਧਤ ਕਰ ਦਿੰਦੀ ਹੈ (ਗੁਰਸਿੱਖ ਸਭ ਨਾਲ ਪ੍ਰੇਮ ਦਾ ਵਰਤਾਉ ਕਰਦਾ ਹੈ)।
(੫) ਗੁਰਸਿੱਖੀ ਦਾ ਬੁਝਣਾ (ਸਮਝਣਾ) ਇਹੋ ਹੈ ਕਿ ਸਮਝ ਵਾਲੀ ਬੁਧੀ ਦੀ ਭਿਖਿਆ ਲੈ ਕੇ ਫਿਰ ਅਬੁਝ (ਬੇਸਮਝ) ਹੋ ਜਾਵੇ (ਭਾਵ ਵੇਖ ਕੇ ਅਣਡਿੱਠ ਕਰੇ)।
(੬) ਸਾਧ ਸੰਗਤ ਵਿਚੋਂ ਗੁਰੂ ਦਾ (ਉਪਦੇਸ਼) ਸੁਣ ਕੇ ਨਾਮ ਦਾਨ ਤੇ ਇਸ਼ਨਾਨ ਆਦਿ ਸਰੇਸ਼ਟ ਕਰਮਾਂ ਦਾ ਅਭਿਆਸ ਕਰੇ।
(੭) ਇਸ ਤਰ੍ਹਾਂ ਗੁਰਸਿਖ ਵਰਤਮਾਨ ਭੂਤ, ਭਵਿੱਖਤ (ਤਿੰਨੇ ਕਾਲਾਂ ਤੋਂ) ਲੰਘ ਜਾਵੇ (ਭਾਵ ਤਿੰਨ ਕਾਲਾਂ ਵਿਚ ਇਕ ਸਮਾਨ ਰਹੇ)।੫।

## ੬. ਗੁਰਸਿੱਖ ਧਰਮ ਦੀ ਕਮਾਈ ਕਰੇ

੧. ਗੁਰਸਿੱਖੀ ਦਾ ਬੋਲਣਾ
ਹੋਇ ਮਿੱਠਬੋਲਾ ਲਿਖੈ ਨ ਲੇਖੈ।
੨. ਗੁਰਸਿੱਖੀ ਦਾ ਚੱਲਣਾ
ਚੱਲੈ ਭੈ ਵਿਚ ਲੀਤੇ ਭੇਖੈ।
੩. ਗੁਰਸਿੱਖੀ ਦਾ ਰਾਹ ਏਹ
ਗੁਰਮੁਖ ਚਾਲ ਚਲੈ ਸੋ ਦੇਖੈ।
੪. ਘਾਲ ਖਾਇ ਸੇਵਾ ਕਰੈ
ਗੁਰੁ ਉਪਦੇਸ਼ ਅਵੇਸ਼ ਵਿਸੇਖੈ।
੫. ਆਪ ਗਣਾਇ ਨ ਅੱਪੜੈ
ਆਪ ਗਵਾਏ ਰੂਪ ਨ ਰੇਖੈ।
੬. ਮੁਰਦੇ ਵਾਂਗ ਮੁਰੀਦ ਹੋਇ
ਗੁਰੁ ਗੋਰੀਂ ਵੜ ਅਲਖ ਅਲੇਖੈ।
੭. ਅੰਤੁ ਨ ਅੰਤੁ ਨ ਸੇਖ ਸਰੇਖੈ ॥੬॥

***ਪਦ ਅਰਥ :*** ਘਾਲ ਖਾਇ—ਕਮਾਈ ਕਰਕੇ ਖਾਵੇ। ਸੇਖ ਸਰੇਖੈ—ਸ਼ੇਸ਼ਨਾਗ ਵਰਗੇ।

***ਅਰਥ :***

(੧) (ਇਸ ਪਉੜੀ ਵਿਚ ਵੀ ਸਿੱਖੀ ਦੀ ਧਾਰਨਾ ਦਰਸਾ ਰਹੇ ਹਨ) ਗੁਰਸਿੱਖੀ ਦਾ ਬੋਲਣਾ ਇਹ ਹੈ ਕਿ ਗੁਰਸਿੱਖ ਮਿੱਠ-ਬੋਲਾ ਹੋ ਕੇ ਵੀ ਇਸ ਗੁਣ ਨੂੰ ਕਿਸੇ ਲੇਖ ਵਿਚ ਨਾ ਲਿਖੇ (ਕਿ ਮੈਂ ਬੜਾ ਹੀ ਮਿੱਠ-ਬੋਲਾ ਹਾਂ)।
(੨) ਗੁਰਸਿੱਖੀ ਦਾ ਚਲਣਾ ਇਹ ਹੈ ਕਿ ਗੁਰਸਿੱਖੀ ਦੇ ਭੇਖ ਨੂੰ ਲੈ ਕੇ ਗੁਰੂ ਦੇ ਭੈ ਵਿਚ ਚਲੇ।
(੩) ਗੁਰਸਿੱਖੀ ਦਾ ਰਾਹ (ਮਾਰਗ) ਇਹ ਹੈ ਕਿ ਜੋ ਗੁਰਮੁਖਾਂ ਦੀ ਚਾਲ ਵੇਖੇ, ਉਸੇ ਅਨੁਸਾਰ ਚਲੇ।

(੪) (ਗੁਰਸਿੱਖ ਧਰਮ ਦੀ) ਕਮਾਈ ਕਰਕੇ ਆਪ ਖਾਵੇ ਤੇ ਅਗੋਂ ਲੋੜਵੰਦਾਂ ਦੀ ਸੇਵਾ ਕਰੇ ਤੇ ਸਤਿਗੁਰੂ ਜੀ ਦੇ ਉਪਦੇਸ਼ ਵਿਚ ਵਿਸ਼ੇਸ਼ ਕਰਕੇ ਪਰਵੇਸ਼ ਕਰੇ।
(੫) ਆਪਣਾ ਆਪ ਗਵਾਏ ਬਿਨਾ (ਸਹੀ ਮੰਜ਼ਲ) 'ਤੇ ਨਹੀਂ ਪਹੁੰਚਿਆ ਜਾਂਦਾ, ਇਸ ਲਈ ਗੁਰਸਿੱਖ ਆਪਣਾ ਆਪ ਗਵਾ ਕੇ ਕਿਸੇ ਰੂਪ ਰੇਖ ਵਿਚ ਨਾ ਰਹੇ।
(੬) ਗੁਰਸਿੱਖ ਮੁਰਦੇ ਵਾਂਗ ਮੁਰੀਦ ਹੋ ਕੇ ਗੁਰੂ ਰੂਪ ਗੋਰ (ਕਬਰ) ਵਿਚ ਪੈ ਕੇ ਅਲਖ ਅਲੇਖ ਹੋ ਜਾਵੇ।
(੭) (ਇਸ ਦੇ ਫਲ ਨੂੰ) ਸ਼ੇਸ਼ਨਾਗ ਵਰਗੇ ਭੀ ਨਹੀਂ ਜਾਣ ਸਕਦੇ।੬।

## ੭. ਗੁਰਸਿੱਖੀ ਦਾ ਸਿੱਖਣਾ ਬੜਾ ਹੀ ਔਖਾ ਹੈ

**੧. ਗੁਰੁ ਸਿੱਖੀ ਦਾ ਸਿੱਖਣਾ**
**ਗੁਰੁ ਸਿਖ ਸਿੱਖਣ ਬੱਜਰ ਭਾਰਾ।**
**੨. ਗੁਰੁ ਸਿੱਖੀ ਦਾ ਲਿਖਣਾ**
**ਲੇਖ ਅਲੇਖ ਨ ਲਿਖਣ ਹਾਰਾ।**
**੩. ਗੁਰੁ ਸਿੱਖੀ ਦਾ ਤੋਲਣਾ**
**ਤੁੱਲ ਨ ਤੋਲ ਤੁਲੈ ਤੁਲਧਾਰਾ।**
**੪. ਗੁਰੁ ਸਿੱਖੀ ਦਾ ਦੇਖਣਾ**
**ਗੁਰਮੁਖ ਸਾਧ ਸੰਗਤਿ ਗੁਰਦੁਆਰਾ।**
**੫. ਗੁਰੁ ਸਿੱਖੀ ਦਾ ਚੱਖਣਾ**
**ਸਾਧ ਸੰਗਤਿ ਗੁਰੁ ਸ਼ਬਦ ਵੀਚਾਰਾ।**
**੬. ਗੁਰੁ ਸਿੱਖੀ ਦਾ ਸਮਝਣਾ**
**ਜੋਤੀ ਜੋਤਿ ਜਗਾਵਣ ਹਾਰਾ।**
**੭. ਗੁਰਮੁਖ ਸੁਖਫਲ ਪਿਰਮ ਪਿਆਰਾ ॥੭॥**

***ਪਦ ਅਰਥ :*** ਬੱਜਰ—ਕਠਨ। ਤੁਲਧਾਰਾ—ਤੋਲਣ ਵਾਲਾ।

***ਅਰਥ :***

ਇਸ ਪਉੜੀ ਵਿਚ ਭੀ ਸਿੱਖੀ ਦਾ ਕਠਨ ਮਾਰਗ ਦਰਸਾ ਰਹੇ ਹਨ :

(੧) ਗੁਰ ਸਿੱਖੀ ਦਾ ਸਿੱਖਣਾ ਬੜੇ ਭਾਰੀ ਬੱਜਰ ਵਾਂਗੂੰ ਕਠਨ ਹੈ, ਇਸਨੂੰ ਗੁਰਸਿੱਖ ਹੀ ਸਿੱਖਦੇ ਹਨ।
(੨) ਗੁਰਸਿੱਖੀ ਦਾ ਲਿਖਣਾ ਲੇਖੇ ਤੋਂ ਅਲੇਖ (ਬਾਹਰ) ਹੈ, ਇਸ ਨੂੰ ਲਿਖਣ ਵਾਲਾ ਕੋਈ ਨਹੀਂ।
(੩) ਗੁਰਸਿੱਖੀ ਨੂੰ ਤੋਲਣ ਲਈ ਨਾ ਕੋਈ ਤੱਕੜੀ ਤੇ ਨਾ ਕੋਈ ਵੱਟਾ ਹੈ ਤੇ ਨਾ ਹੀ ਕੋਈ ਤੋਲਣ ਵਾਲਾ ਹੈ।
(੪) ਗੁਰਸਿੱਖੀ ਦਾ ਦਰਸ਼ਨ ਗੁਰਦੁਆਰੇ, ਗੁਰਮੁਖਾਂ ਤੇ ਸਾਧ ਸੰਗਤ ਵਿਚੋਂ ਹੁੰਦਾ ਹੈ।
(੫) ਗੁਰਸਿੱਖੀ ਦਾ ਚਖਣਾ (ਰਸ ਮਾਨਣਾ) ਇਹੋ ਹੈ ਕਿ ਸਾਧ ਸੰਗਤ ਵਿਚ ਜਾ ਕੇ ਗੁਰੂ ਦੇ ਸ਼ਬਦ (ਉਪਦੇਸ਼) ਦੀ ਵੀਚਾਰ ਕੀਤੀ ਜਾਏ।
(੬) ਗੁਰਸਿੱਖੀ ਦਾ ਸਮਝਣਾ ਪ੍ਰਭੂ ਦੀ ਜੋਤ ਜਗਾਉਣ ਵਾਲਾ ਹੈ (ਭਾਵ ਗੁਰਸਿੱਖ ਨੂੰ ਹਰ ਪਾਸੇ ਉਸ ਪਰਮਾਤਮਾ ਦੀ ਜੋਤ ਹੀ ਦਿਸਦੀ ਹੈ)।
(੭) ਗੁਰਮੁਖ ਆਪਣੇ ਪਿਆਰੇ ਦੇ ਪ੍ਰੇਮ ਨੂੰ ਹੀ ਸੁਖ ਫਲ ਜਾਣਦੇ ਹਨ, (ਸੰਸਾਰ ਦੇ ਹੋਰ ਸੁਖਾਂ ਨੂੰ ਗੁਰਮੁਖ ਤੁੱਛ ਸਮਝਦੇ ਹਨ)।੭।

## ੮. ਗੁਰਸਿੱਖ ਦਾ ਅਡੋਲ ਨਿਸਚਾ

**੧. ਗੁਰੁ ਸਿੱਖੀ ਦਾ ਰੂਪੁ ਦੇਖ**
**ਇੱਕਸ ਬਾਝ ਨ ਹੋਰਸੁ ਦੇਖੈ।**
**੨. ਗੁਰੁ ਸਿੱਖੀ ਦਾ ਚਾਨਣਾ**
**ਲੱਖ ਅੰਮ੍ਰਿਤ ਫਲ ਫਿੱਕੇ ਲੇਖੈ।**
**੩. ਗੁਰ ਸਿੱਖੀ ਦਾ ਨਾਦ ਸੁਣ**
**ਲੱਖ ਅਨਹਦ ਵਿਸਮਾਦ ਅਲੇਖੈ।**
**੪. ਗੁਰ ਸਿੱਖੀ ਦਾ ਪਰਸਣਾ**
**ਠੰਢਾ ਤੱਤਾ ਭੇਖ ਅਭੇਖੈ।**
**੫. ਗੁਰ ਸਿੱਖੀ ਦੀ ਵਾਸ ਲੈ**
**ਹੋਇ ਦੁਰਗੰਧ ਸੁਗੰਧ ਸਰੇਖੈ।**
**੬. ਗੁਰ ਸਿਖੀ ਮਰ ਜੀਵਣਾ**
**ਭਾਇ ਭਗਤਿ ਭੈ ਨਿਮਖ ਨਿਮੇਖੈ।**
**੭. ਅਲਿਪ ਰਹੈ ਗੁਰੁ ਸ਼ਬਦ ਵਿਸ਼ੇਖੈ ॥੮॥**

***ਪਦ ਅਰਥ :*** ਸਰੇਖੈ—ਸਮਾਨ। ਅਲਿਪ—ਅਲੇਪ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਅਸੀਂ ਤਾਂ ਸੰਸਾਰੀ ਕਾਰੋਬਾਰਾਂ ਵਿਚ ਹੀ ਰੁੱਝੇ ਰਹਿਣ ਵਾਲੇ ਵਿਵਹਾਰੀ ਲੋਕ ਹਾਂ, ਜਿਸ ਕਰਕੇ ਸਾਨੂੰ ਸੂਖਮ ਸ਼ੈਆਂ ਦੀ ਵਧੇਰੇ ਪਰਖ ਨਹੀਂ ਹੈ, ਇਸ ਲਈ ਅਸੀਂ ਸਾਰੇ ਹੀ ਗੁਰਸਿੱਖਾਂ ਦੀ ਬਾਹਰਲੀ ਪੁਸ਼ਾਕ ਨੂੰ ਤੱਕ ਕੇ ਸਮਾਨ ਹੀ ਸਿੱਖ ਸਮਝਦੇ ਹਾਂ, ਪਰ ਕੀ ਤੁਸੀਂ ਦਸੋਗੇ ਕਿ ਸਹੀ ਸਿੱਖ ਦੀ ਮਾਨਸਕ ਰੂਪ-ਰੇਖਾ ਕਿਸ ਪ੍ਰਕਾਰ ਦੀ ਹੋਇਆ ਕਰਦੀ ਹੈ ?

ਉ: ਹੇ ਭਾਈਓ ! ਸਚਾਈ ਤਾਂ ਇਹੋ ਹੈ ਕਿ ਬਰੀਕ-ਬੀਨੀ ਨਜ਼ਰ ਤਾਂ ਮੈਂ ਭੀ ਵਧੇਰੇ ਨਹੀਂ ਰਖਦਾ। ਪਰ ਜੋ ਮੈਨੂੰ ਗੁਰਬਾਣੀ ਦੁਆਰੇ ਗੁਰੂ ਦੇ ਸਿੱਖ ਦੀ ਮਾਨਸਕ ਅਵਸਥਾ ਪੜ੍ਹਨ ਵਿਚ ਆਈ ਹੈ ਉਸ ਨੂੰ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਉੱਕਰਿਆ ਹੈ, ਜਿਵੇਂ ਕਿ :

(੧) (ਹੇ ਭਾਈਓ ! ਮੈਨੂੰ ਤਾਂ ਇਉਂ ਹੀ ਅਨੁਭਵ ਹੋਇਆ ਹੈ ਕਿ) ਜਿਨ੍ਹਾਂ ਗੁਰਮੁਖਾਂ ਨੇ ਗੁਰਸਿੱਖੀ ਦਾ ਸਹੀ ਰੂਪ ਵੇਖ ਲਿਆ ਹੈ, ਉਹ ਫਿਰ ਕਿਸੇ ਹੋਰ (ਦੇਵੀ ਦੇਵਤੇ) ਨੂੰ ਨਹੀਂ ਵੇਖਦੇ।

(੨) ਜਿਨ੍ਹਾਂ ਨੇ ਗੁਰਸਿੱਖੀ ਦੇ ਰਸ ਨੂੰ ਚਖਿਆ ਹੈ, ਉਹ ਫਿਰ ਲੱਖਾਂ ਅੰਮ੍ਰਿਤ ਫਲਾਂ ਨੂੰ ਫਿਕਾ ਜਾਣਦੇ ਹਨ।

(੩) ਗੁਰਸਿੱਖੀ ਦਾ ਨਾਦ (ਸ਼ਬਦ) ਜਿਨ੍ਹਾਂ ਨੇ ਸੁਣਿਆ ਹੈ ਉਹ ਲੱਖਾਂ ਅਨਹਦ ਅਸਚਰਜ ਰੂਪ ਰਾਗਾਂ ਨੂੰ ਕੁੱਛ ਨਹੀਂ ਜਾਣਦੇ।

(੪) ਗੁਰਸਿੱਖੀ ਦਾ ਜਿਨ੍ਹਾਂ ਨੇ ਸਪਰਸ਼ ਕੀਤਾ ਹੈ, ਉਹ ਠੰਢੇ ਤੱਤੇ ਦੇ ਭੇਖ ਤੋਂ ਅਭੇਖ ਹੋ ਗਏ ਹਨ।

(੫) ਜਿਨ੍ਹਾਂ ਨੇ ਗੁਰਸਿੱਖੀ ਦੀ ਵਾਸ਼ਨਾ ਲਈ ਹੈ, ਉਹ ਹੋਰ ਅਤਰ ਫੁਲੇਲਾਂ ਦੀ ਵਾਸ਼ਨਾ ਨੂੰ ਦੁਰਗੰਧ ਸਮਾਨ ਜਾਣਦੇ ਹਨ।

(੬) ਜਿਹੜਾ ਸੰਸਾਰ ਵੱਲੋਂ ਮਰ ਕੇ ਗੁਰ ਸਿੱਖੀ ਵਿਚ ਜੀਵਿਆ ਹੈ, ਉਹ ਹਰ ਘੜੀ ਪ੍ਰੇਮਾ-ਭਗਤੀ ਤੇ ਪ੍ਰਭੂ ਦੇ ਭੈ ਵਿਚ ਰਹਿੰਦਾ ਹੈ।

(੭) ਉਹ ਗੁਰਸਿਖ (ਸੰਸਾਰ ਵੱਲੋਂ) ਅਲੇਪ ਰਹਿੰਦਾ ਹੈ ਤੇ ਗੁਰੂ ਦੇ ਸ਼ਬਦ ਵਿਚ ਵਿਸ਼ੇਸ਼ ਤੌਰ ਤੇ ਲਗਾ ਰਹਿੰਦਾ ਹੈ।੮।

## ੯. ਗੁਰਸਿੱਖਾਂ ਦਾ ਮਾਰਗ ਸੱਚਾ ਹੈ

**੧. ਗੁਰਮੁਖ ਸੱਚਾ ਪੰਥ ਹੈ**
**ਸਿੱਖ ਸਹਿਜ ਘਰਿ ਜਾਇ ਖਲੋਵੈ।**
**੨. ਗੁਰਮੁਖ ਸੱਚ ਰਹਰਾਸਿ ਹੈ**
**ਪੈਰੀਂ ਪੈ ਪਾਖਾਕੁ ਜੁ ਹੋਵੈ।**
**੩. ਗੁਰੁ ਸਿੱਖੀ ਦਾ ਨ੍ਹਾਵਣਾ**
**ਗੁਰਮਤਿ ਲੈ ਦੁਰਮਤਿ ਮਲ ਧੋਵੈ।**
**੪. ਗੁਰੁ ਸਿੱਖੀ ਦਾ ਪੂਜਣਾ**
**ਗੁਰਸਿਖ ਪੂਜ ਪਿਰਮ ਰਸ ਭੋਵੈ।**
**੫. ਗੁਰੁ ਸਿੱਖੀ ਦਾ ਮੰਨਣਾ**
**ਗੁਰੁ ਬਚਨੀ ਗਲ ਹਾਰ ਪਰੋਵੈ।**
**੬. ਗੁਰੁ ਸਿੱਖੀ ਦਾ ਜੀਵਣਾ**
**ਜੀਵੰਦਿਆਂ ਮਰ ਹਉਮੈਂ ਖੋਵੈ।**
**੭. ਸਾਧ ਸੰਗਤਿ ਗੁਰੁ ਸ਼ਬਦ ਵਿਲੋਵੈ ॥੯॥**

***ਪਦ ਅਰਥ :*** ਸਹਿਜ ਘਰਿ—ਸਹਿਜ ਅਵਸਥਾ ਵਿਚ। ਭੋਵੈ—ਮਿਲਦਾ ਹੈ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਵੇਖਣ ਵਿਚ ਆਉਂਦਾ ਹੈ ਕਿ ਸਾਰੇ ਸੰਸਾਰ ਵਿਚ ਸੈਂਕੜੇ ਹੀ ਪੰਥ ਹਨ, ਤੁਸਾਂ ਤਾਂ ਉਨ੍ਹਾਂ ਵਿਚੋਂ ਅਨੇਕਾਂ ਪੰਥਾਂ ਨੂੰ ਪੜਚੋਲਿਆ ਹੈ, ਕੀ ਸਾਨੂੰ ਭੀ ਜਾਣਕਾਰੀ ਕਰਾਓਗੇ ਕਿ ਤੁਹਾਡੀਆਂ ਨਜ਼ਰਾਂ ਵਿਚ ਸੱਚਾ ਤੇ ਉੱਤਮ ਪੰਥ ਕਿਹੜਾ ਹੈ ?

ਉ: ਹੇ ਭਾਈਓ ! ਜਿਤਨੇ ਭੀ ਮੈਨੂੰ ਪੰਥ ਵੇਖਣ ਦਾ ਸਮਾਂ ਮਿਲਿਆ ਹੈ, ਮੇਰੇ ਪੜਚੋਲ ਕਰਨ ਤੋਂ ਇਉਂ ਹੀ ਸਾਬਤ ਹੋਇਆ ਹੈ ਕਿ ਵਧੇਰੇ ਪੰਥਾਂ ਵਿਚ ਤਾਂ ਅਜਿਹੇ ਕਰਮ-ਕਾਂਡਾਂ ਦੀ ਉਲਝਣਾ ਹੈ ਜੋ ਉਪਾਸ਼ਕ ਨੂੰ ਰੱਬੀ-ਦਰਬਾਰ ਤਕ ਨਹੀਂ ਪੁੱਜਣ ਦੇਂਦੀ, ਪਰ ਗੁਰਬਾਣੀ ਦੀ ਵੀਚਾਰ ਕਰਨ ਤੋਂ ਇਹੋ ਸਾਬਤ ਹੋਇਆ ਹੈ ਕਿ ਜੋ ਗੁਰੂ ਨਾਨਕ ਦੇਵ ਜੀ ਤੋਂ ਗੁਰਮੁਖ ਪੰਥ ਆਰੰਭ ਹੋਇਆ ਹੈ, ਏਹੋ ਹੀ ਇਕ ਸੱਚਾ ਪੰਥ ਹੈ ਜੋ ਆਪਣੇ ਸ੍ਵੈ-ਸਰੂਪ ਵਿਚ ਸਿੱਖ ਨੂੰ ਅਭੇਦ ਕਰਦਾ ਹੈ, ਬਾਣੀ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਭਾਵ ਨੂੰ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਅੰਕਤ ਕੀਤਾ ਹੈ :

(੧) (ਮੈਨੂੰ ਤਾਂ ਬਾਣੀ ਤੋਂ ਇਹੋ ਬੋਧ ਮਿਲਿਆ ਹੈ ਕਿ) ਗੁਰਮੁਖਾਂ ਦਾ ਮਾਰਗ ਸੱਚਾ ਹੈ ਅਤੇ ਜਿਹੜਾ ਭੀ ਇਸ 'ਤੇ ਚਲਦਾ ਹੈ, ਉਹ ਸਹਿਜ ਅਵਸਥਾ (ਪ੍ਰਭੂ ਦੇ ਸਰੂਪ) ਵਿਚ ਜਾ ਮਿਲਦਾ ਹੈ।

(੨) ਗੁਰਮੁਖਾਂ ਦਾ ਪੈਰੀਂ ਪੈਣਾ ਤੇ ਪੈਰਾਂ ਦੀ ਧੂੜੀ ਹੋਣਾ, ਇਹੋ ਉਨ੍ਹਾਂ ਦੀ ਸੱਚੀ ਮਰਿਆਦਾ ਹੈ।

(੩) ਗੁਰਸਿੱਖੀ ਦਾ ਇਸ਼ਨਾਨ ਇਹ ਹੈ ਕਿ ਗੁਰੂ ਦੀ ਸਿਖਿਆ ਲੈ ਕੇ ਖੋਟੀ ਮੱਤ ਨੂੰ ਧੋ ਦੇਣਾ।

(੪) ਗੁਰਸਿੱਖਾਂ ਦੀ ਪੂਜਾ ਇਹ ਹੈ ਕਿ ਗੁਰਸਿੱਖਾਂ ਦੀ ਸੇਵਾ ਕਰਕੇ ਪ੍ਰੇਮ-ਰਸ ਨੂੰ ਭੋਗਣਾ।

(੫) ਗੁਰਸਿੱਖੀ ਦਾ ਮੰਨਣਾ ਇਹੋ ਹੈ ਕਿ ਗੁਰੂ ਦੇ ਬਚਨਾਂ ਦਾ ਹਾਰ ਗਲ ਵਿਚ ਪਰੋਕੇ ਧਾਰਨ ਕਰੇ।

(੬) ਗੁਰਸਿੱਖੀ ਦਾ ਜੀਉਣਾ ਇਹ ਹੈ ਕਿ ਜੀਵਤ-ਭਾਵ ਤੋਂ ਮਰ ਕੇ ਹਉਮੈ ਨੂੰ ਨਾਸ ਕਰੇ।

(੭) (ਗੁਰਸਿੱਖ ਦਾ ਇਹ ਕਰਤਵ ਹੈ ਕਿ ਉਹ) ਸਾਧ ਸੰਗਤ ਵਿਚ ਜਾ ਕੇ ਗੁਰੂ ਦੇ ਸ਼ਬਦ ਨੂੰ ਵਿਚਾਰੇ।੯।

## ੧੦. ਗੁਰਸਿੱਖਾਂ ਦੀ ਕਾਰ

**੧. ਗੁਰਮੁਖ ਸੁਖ ਫਲ ਖਾਵਣਾ**
**ਦੁਖ ਸੁਖ ਸਮ ਕਰ ਔਚਰ ਚਰਣਾ।**
**੨. ਗੁਰਸਿੱਖੀ ਦਾ ਗਾਵਣਾ**
**ਅੰਮ੍ਰਿਤ ਬਾਣੀ ਨਿੱਝਰ ਝਰਣਾ।**
**੩. ਗੁਰਸਿੱਖੀ ਧੀਰਜ ਧਰਮ**
**ਪ੍ਰੇਮ ਪਿਆਲਾ ਅੱਜਰ ਜਰਣਾ।**
**੪. ਗੁਰਸਿੱਖੀ ਦਾ ਸੰਜਮੋ**
**ਡਰ ਨਿੱਡਰ ਨਿੱਡਰ ਮੁਚ ਡਰਣਾ।**
**੫. ਗੁਰਸਿੱਖੀ ਮਿਲ ਸਾਧ ਸੰਗ**
**ਸ਼ਬਦ ਸੁਰਤ ਜਗ ਦੁੱਤਰ ਤਰਣਾ।**
**੬. ਗੁਰਸਿੱਖੀ ਦਾ ਕਰਮ ਏਹ**
**ਗੁਰ ਫੁਰਮਾਏ ਗੁਰਸਿਖ ਕਰਣਾ।**
**੭. ਗੁਰ ਕਿਰਪਾ ਗੁਰ ਸਿੱਖ ਗੁਰੁ ਸ਼ਰਣਾ ॥੧੦॥**

***ਪਦ ਅਰਥ :*** ਔਚਰ—ਕਾਮਾਦਿ ਵਿਸ਼ੇ। ਝਰਣਾ—ਉਚਾਰਨ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਵੇਂ ਆਮ ਪੰਥਾਂ ਵਿਚ ਵੇਖੀਦਾ ਹੈ ਕਿ ਹਰ ਪੰਥ ਦੇ ਮਾਰਗੀ ਦੀ ਭਿੰਨ ਭਿੰਨ ਕਿਰਿਆ ਹੈ, ਜਿਵੇਂ ਕਿ ਜੋਗੀਆਂ ਦੇ ਬਾਰਾਂ ਪੰਥਾਂ ਦੀ ਵੱਖੋ ਵੱਖ ਕਿਰਤ ਕਰਮਾਂ ਦੀ ਵੰਡ ਹੈ, ਸਨਾਤਨ ਮੱਤ ਵਿਚ ਸੰਧਿਆ, ਤਰਪਨ, ਆਦਿ ਕਿਰਿਆ ਹੈ, ਪਰ ਕੀ ਦਸੋਗੇ ਕਿ ਗੁਰਸਿੱਖਾਂ ਦੀ ਮਾਨਸਕ ਕਾਰ ਕੀ ਹੈ ?

ਉ: ਹੇ ਭਾਈਓ ! ਗੁਰਮੁਖਾਂ ਦੇ ਬਾਣੀ ਤੋਂ ਪ੍ਰੇਰਨਾ ਲੈ ਕੇ ਜਿਥੇ ਉਨ੍ਹਾਂ ਨੇ ਆਪਣੀ ਸਰੀਰਕ ਕਿਰਿਆ ਦਸਾਂ ਨੌਹਾਂ ਦੀ ਕਮਾਈ ਕਰਕੇ ਵੰਡ ਛਕਣ ਦੀ ਧਾਰਨਾ ਅਪਨਾਈ ਹੈ, ਉਥੇ ਉਨ੍ਹਾਂ ਨੇ ਆਪਣੀ ਮਾਨਸਕ ਕ੍ਰਿਆ ਭੀ ਬਾਣੀ ਅਨਕੂਲ ਹੀ ਧਾਰਨ ਕੀਤੀ ਹੈ, ਜਿਸ ਨੂੰ ਮੈਂ ਇਨ੍ਹਾਂ ਚੰਦ ਸਤਰਾਂ ਵਿਚ ਅੰਕਤ ਕੀਤਾ ਹੈ।

(੧) (ਜਿਵੇਂ ਕਿ ਮੈਂ ਤੱਕਦਾ ਹਾਂ ਕਿ) ਗੁਰਮੁਖਾਂ ਨੇ ਸੁਖ ਫਲ ਦਾ ਖਾਣਾ ਖਾ ਕੇ ਦੁਖ ਸੁਖ ਨੂੰ ਇਕੋ ਜਿਹਾ ਜਾਣ ਕੇ ਕਾਮ ਕ੍ਰੋਧ ਆਦਿ ਵਿਸ਼ਿਆਂ ਨੂੰ ਨਾਸ ਕੀਤਾ ਹੈ (ਭਾਵ ਦੁਖ ਸੁਖ ਵਿਚ ਸਮਾਨ ਰਹਿੰਦੇ ਹਨ)।

(੨) ਗੁਰਸਿੱਖੀ ਦਾ ਗਾਉਣਾ ਭੀ ਇਹੋ ਹੈ ਕਿ ਅੰਮ੍ਰਿਤ-ਮਈ ਗੁਰਬਾਣੀ ਦਾ ਇਕ ਰਸ ਉਚਾਰਨ ਕੀਤਾ ਜਾਵੇ।

(੩) ਗੁਰਸਿੱਖੀ ਦਾ ਧਰਮ ਧੀਰਜ ਇਹੋ ਹੈ ਕਿ ਪ੍ਰੇਮ-ਪਿਆਲਾ ਪੀ ਕੇ ਅਜਰ ਵਸਤੂ ਨੂੰ ਜਰ ਜਾਵੇ।

(੪) ਗੁਰਸਿੱਖੀ ਦਾ ਸੰਜਮ (ਸਾਧਨ) ਇਹੋ ਹੈ ਕਿ ਸੰਸਾਰਕ ਡਰਾਂ ਤੋਂ ਨਿਡਰ ਹੋ ਕੇ ਨਿਡਰ (ਪ੍ਰਭੂ) ਦੇ ਭੈ ਨੂੰ ਮਨ ਵਿਚ ਧਾਰਨ ਕਰਨਾ।

(੫) ਗੁਰਸਿਖ ਸਾਧ ਸੰਗਤ ਵਿਚ ਮਿਲੇ ਸ਼ਬਦ ਵਿਚ ਸੁਰਤ ਨੂੰ ਜੋੜ ਕੇ ਇਸ ਸੰਸਾਰ ਸਾਗਰ ਤੋਂ ਤਰ ਜਾਂਦੇ ਹਨ।

(੬) ਗੁਰਸਿੱਖੀ ਦਾ (ਮੁਖ) ਕਰਮ ਇਹੋ ਹੈ ਕਿ ਜੋ ਗੁਰੂ ਆਖੇ, ਸਿੱਖ ਉਸ ਬਚਨ ਦੀ ਕਮਾਈ ਕਰੇ।

(੭) ਗੁਰੂ ਦੀ ਕ੍ਰਿਪਾ ਨਾਲ ਹੀ ਗੁਰੂ ਦਾ ਸਿੱਖ ਸਤਿਗੁਰੂ ਦੀ ਸ਼ਰਨ ਵਿਚ ਜਾਂਦਾ ਹੈ।੧੦।

## ੧੧. ਸਤਿਗੁਰੂ ਪਰਉਪਕਾਰੀ ਹਨ

**੧. ਵਾਸ ਸੁਵਾਸ ਨਿਵਾਸ ਕਰ**
**ਸਿੰਮਲ ਗੁਰਮੁਖ ਸੁਖ ਫਲ ਲਾਏ।**
**੨. ਸੁਇਨਾ ਹੋਇ ਮਨੂਰ ਮਿਲ**
**ਕਾਗਹੁ ਪਰਮਹੰਸ ਕਰਵਾਏ।**

**੩. ਪਸੂ ਪਰੇਤਹੁੰ ਦੇਵ ਕਰ**
**ਸਤਿਗੁਰ ਦੇਵ ਸੇਵ ਭੈ ਪਾਏ।**
**੪. ਸਭ ਨਿਧਾਨ ਰਖ ਸੰਖ ਵਿਚ**
**ਹਰਿ ਜੀ ਲੈ ਲੈ ਹੱਥ ਵਜਾਏ।**
**੫. ਪਤਿਤ ਉਧਾਰਣ ਆਖੀਐ**
**ਭਗਤ ਵਛਲ ਹੋਇ ਆਪਿ ਛਲਾਏ।**
**੬. ਗੁਣ ਕੀਤੇ ਗੁਣ ਕਰੇ**
**ਜਗ ਅਵਗੁਣ ਕੀਤੇ ਗੁਣ ਗੁਰ ਭਾਏ।**
**੭. ਪਰਉਪਕਾਰੀ ਜਗ ਵਿਚ ਆਏ ॥੧੧॥**

***ਪਦ ਅਰਥ :*** ਸਿੰਮਲ—ਮਨਮੁਖ। ਮਨੂਰ—ਲੋਹੇ ਦੀ ਮੈਲ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜਦੋਂ ਅਸੀਂ ਦੂਰ ਦੂਰ ਤਕ ਸੰਸਾਰ ਵਿਚ ਨਜ਼ਰ ਮਾਰਦੇ ਹਾਂ, ਤਾਂ ਵੱਡੇ ਵੱਡੇ ਡੇਰਿਆਂ ਵਿਚ ਡੇਰੇਦਾਰ ਆਪਣੇ ਆਪ ਨੂੰ ਗੁਰੂ ਅਖਵਾਉਣ ਦਾ ਦਾਅਵਾ ਕਰਦੇ ਹਨ, ਉਨ੍ਹਾਂ ਦੀ ਪਛਾਣ ਕਰਨ ਲਈ ਸਾਡੀ ਤਾਂ ਸਮਝ ਕੰਮ ਨਹੀਂ ਕਰਦੀ, ਪਰ ਕੀ ਆਪ ਜੀ ਗੁਰਬਾਣੀ ਅਨੁਸਾਰ ਗੁਰੂ ਦੀ ਸਹੀ ਰੂਪ-ਰੇਖਾ ਦਰਸਾਉਣ ਦੀ ਕ੍ਰਿਪਾ ਕਰੋਗੇ ਤਾਕਿ ਅਸੀਂ ਭੀ ਪਛਾਣ ਕਰ ਸਕੀਏ ?

**ਉ:** ਹੇ ਭਾਈਓ! ਗੁਰਬਾਣੀ ਵਿਚੋਂ ਵੀਚਾਰ ਕਰਨ ਤੋਂ ਸਾਨੂੰ ਸੱਚੇ ਗੁਰੂ ਦਾ ਕਈ ਥਾਵਾਂ 'ਤੇ ਬੋਧ ਮਿਲਦਾ ਹੈ, ਜਿਸ ਤੋਂ ਅਸੀਂ ਸੱਚੇ ਤੇ ਕੱਚੇ ਗੁਰੂ ਦੀ ਪਛਾਣ ਕਰ ਸਕਦੇ ਹਾਂ, ਜਿਵੇਂ ਸੱਚੇ ਗੁਰੂ ਬਾਰੇ ਫੁਰਮਾਨ ਹੈ :

ਗੁਰੁ ਦਾਤਾ ਸਮਰਥੁ ਗੁਰੁ
ਗੁਰੁ ਸਭ ਮਹਿ ਰਹਿਆ ਸਮਾਇ॥
ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ ॥੨॥
ਕਿਤੁ ਮੁਖਿ ਗੁਰੁ ਸਾਲਾਹੀਐ ਕਰਣ ਕਾਰਣ ਸਮਰਥੁ॥
ਸੇ ਮਥੇ ਨਿਹਚਲ ਰਹੇ ਜਿਨ ਗੁਰਿ ਧਾਰਿਆ ਹਥੁ॥
ਗੁਰਿ ਅੰਮ੍ਰਿਤ ਨਾਮੁ ਪੀਆਲਿਆ
ਜਨਮ ਮਰਨ ਕਾ ਪਥੁ॥

*(ਸਿਰੀ ਰਾਗੁ ਮਹਲਾ ੫, ਪੰਨਾ ੪੯)*

ਗੁਰੁ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ॥
ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ॥
ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ॥
ਗੁਰ ਤੇ ਬਾਹਰਿ ਕਿਛੁ ਨਹੀ
ਗੁਰੁ ਕੀਤਾ ਲੋੜੇ ਸੁ ਹੋਇ॥੨॥
ਗੁਰੁ ਤੀਰਥੁ ਗੁਰੁ ਪਾਰਜਾਤੁ ਮਨਸਾ ਪੂਰਣਹਾਰੁ॥
ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ॥
ਗੁਰੁ ਸਮਰਥੁ ਗੁਰੁ ਨਿਰੰਕਾਰੁ
ਗੁਰੁ ਊਚਾ ਅਗਮ ਅਪਾਰੁ॥
ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ ॥੩॥
ਜਿਤੜੇ ਫਲ ਮਨਿ ਬਾਛੀਅਹਿ
ਤਿਤੜੇ ਸਤਿਗੁਰ ਪਾਸਿ॥

*(ਸਿਰੀ ਰਾਗੁ ਮਹਲਾ ੫, ਪੰਨਾ ੫੨)*

ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ॥
ਅਮਰ ਪਦਾਰਥੁ ਨਾਨਕਾ
ਮਨਿ ਮਾਨਿਐ ਸੁਖੁ ਹੋਇ॥੧॥

*(ਸਲੋਕ ਮਹਲਾ ੧, ਪੰਨਾ ੧੩੭)*

ਗੁਰ ਬਿਨੁ ਦੂਜਾ ਨਾਹੀ ਥਾਉ॥
ਗੁਰੁ ਦਾਤਾ ਗੁਰੁ ਦੇਵੈ ਨਾਉ॥੩॥
ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ॥
ਆਠ ਪਹਰ ਨਾਨਕ ਗੁਰ ਜਾਪਿ॥੪॥੧੬॥੬੭॥

*(ਆਸਾ ਮਹਲਾ ੫, ਪੰਨਾ ੩੮੭)*

ਇਸ ਤਰ੍ਹਾਂ ਸਾਨੂੰ ਗੁਰਬਾਣੀ ਦੁਆਰੇ ਗੁਰੂ ਦੇ ਵਿਸ਼ੇਸ਼ ਗੁਣਾਂ ਦਾ ਬੋਧ ਮਿਲਦਾ ਹੈ ਕਿ ਗੁਰੂ ਸ਼ਾਂਤੀ ਦਾ ਘਰ ਹੈ ਜੋ ਮਨੁੱਖ ਦੇ ਵਿਕਾਰਾਂ ਵਿਚ ਤਪ ਰਹੇ ਮਨਾਂ ਨੂੰ ਸਦੀਵੀ-ਸ਼ਾਂਤੀ ਪ੍ਰਦਾਨ ਕਰਦਾ ਹੈ, ਜਿਸਦਾ ਸਦਕਾ ਮਨੁੱਖ ਦਾ ਜਨਮ ਮਰਨ ਦਾ ਚੱਕਰ ਮੁੱਕ ਜਾਂਦਾ ਹੈ, ਪਰ ਐਸੇ ਸੱਚੇ ਗੁਰੂ ਦਾ ਮਿਲਾਪ ਵੱਡਿਆਂ ਭਾਗਾਂ ਦਾ ਸਦਕਾ ਹੀ ਹੋਇਆ ਕਰਦਾ ਹੈ, ਮੈਂ ਉਪ੍ਰੋਕਤ ਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਵਿਚ ਗੁਰੂ ਦੀ ਮਹਾਨਤਾ ਉੱਕਰੀ ਹੈ,

(੧) (ਜਿਵੇਂ ਕਿ ਬਾਣੀ ਰਾਹੀਂ ਬੋਧ ਮਿਲਿਆ ਹੈ ਕਿ ਸਤਿਗੁਰੂ ਜੀ ਸਾਰੀਆਂ ਵਾਸ਼ਨਾਂ ਵਿਚੋਂ ਉੱਤਮ ਨਾਮ ਰੂਪੀ ਵਾਸ਼ਨਾਂ ਦਾ ਨਿਵਾਸ ਪਾ ਕੇ ਸਿੰਮਲ ਰੂਪ (ਮਨਮੁਖ) ਨੂੰ ਸੁਖ ਫਲ ਲਾ ਦੇਂਦੇ ਹਨ।

(੨) (ਸਤਿਗੁਰੂ ਜੀ) ਮਨੂਰ ਵਾਂਗੂੰ ਮੈਲੇ ਮਨੁੱਖ ਨੂੰ ਸੋਨਾ ਬਣਾ ਦੇਂਦੇ ਹਨ, ਤੇ ਕਾਵਾਂ ਨੂੰ ਪਰਮ ਹੰਸ ਵਰਗੇ ਉੱਜਲੇ ਕਰ ਦਿੰਦੇ ਹਨ।

(੩) ਸਤਿਗੁਰੂ ਜੀ ਦੀ ਸੇਵਾ ਭੈ ਪਾ ਕੇ (ਪ੍ਰੇਮਾ-ਭਗਤੀ ਲਾ

ਕੇ) ਪਸ਼ੂਆਂ ਤੇ ਪਰੇਤਾਂ ਨੂੰ ਦੇਵਤੇ ਬਣਾ ਦਿੰਦੀ ਹੈ।

(੪) ਵਿਸ਼ਨੂੰ ਭਗਵਾਨ ਦੇ ਹੱਥ ਵਾਲੇ ਸੰਖ ਵਿਚ ਜਿਵੇਂ ਚਾਰੇ ਪਦਾਰਥ ਹੁੰਦੇ ਹਨ, ਇਸੇ ਤਰ੍ਹਾਂ ਸਾਰੇ ਪਦਾਰਥ ਸ਼ਬਦ ਰੂਪੀ ਸੰਖ ਵਿਚ ਹਨ, ਜਿਸਨੂੰ ਉਪਦੇਸ਼ ਦੁਆਰਾ ਸਤਿਗੁਰੂ ਜੀ ਵਜਾਉਂਦੇ ਹਨ। (ਕਹਿੰਦੇ ਹਨ ਕਿ ਵਿਸ਼ਨੂੰ ਪਾਸ ਇਕ ਸੰਖ ਹੈ ਜਿਸ ਵਿਚ ਚਾਰੇ ਪਦਾਰਥ ਹਨ, ਵਿਸ਼ਨੂੰ ਹੱਥ ਵਿਚ ਲੈ ਕੇ ਵਜਾਉਂਦਾ ਰਹਿੰਦਾ, ਤਿਵੇਂ ਸਾਰੇ ਪਦਾਰਥ ਗੁਰੂ ਦੇ ਉਪਦੇਸ਼ ਰੂਪ ਸੰਖ ਵਿਚ ਹਨ, ਜਿਸਨੂੰ ਚਾਹੁੰਦੇ ਹਨ ਉਹ ਬਖ਼ਸ਼ ਦੇਂਦੇ ਹਨ)।

(੫) ਸਤਿਗੁਰੂ ਦਾ ਬਿਰਦ ਪਤਿਤ ਉਧਾਰਨ ਹੈ, ਉਹ ਭਗਤਾਂ (ਗੁਰਸਿੱਖਾਂ) ਦੇ ਵੱਸ ਵਿਚ ਹੋ ਕੇ ਆਪਣਾ ਆਪ ਛਲਾ ਲੈਂਦੇ ਹਨ।

(੬) ਸੰਸਾਰ ਵਿਚ ਗੁਣ ਕਰਨ ਵਾਲੇ ਨਾਲ ਹਰ ਕੋਈ ਭਲਾ ਹੀ ਕਰਦਾ ਹੈ, ਪਰ ਅਵਗੁਣਾਂ ਪਰ ਗੁਣ ਕਰਨਾ ਇਹ ਸਤਿਗੁਰੂ ਨੂੰ ਹੀ ਭਾਉਂਦਾ ਹੈ।

(੭) (ਪਰਉਪਕਾਰ ਕਰਨ ਲਈ) ਸਤਿਗੁਰੂ ਪਰਉਪਕਾਰੀ ਆਏ ਹਨ।੧੧।

ਇਸੇ ਭਾਵ ਨੂੰ ਕਿਸੇ ਨੇ ਕਿਆ ਸੋਹਣਾ ਉੱਕਰਿਆ ਹੈ ਕਿ :

ਬੁਰੇ ਨਾਲ ਸਭ ਕਰਨ ਬੁਰਾਈ ਮਾਫ਼ ਕਰਨ ਕਈ ਸਿਆਣੇ।
ਬੁਰੇ ਨਾਲ ਭਲਿਆਈ ਕਰਨੀ ਇਹ ਗੁਰ ਨਾਨਕ ਜਾਣੇ।

## ੧੨. ਪਰਉਪਕਾਰੀ ਸਿੱਖ ਕਿਸੇ ਨੂੰ ਮੰਦਾ ਨਹੀਂ ਜਾਣਦਾ

**੧. ਫਲ ਦੇ ਵੱਟ ਵਗਾਇਆਂ**
**ਤੱਛਣਹਾਰੇ ਤਾਰਿ ਤਰੰਦਾ।**
**੨. ਤੱਛੇ ਪੁੱਤ ਨ ਡੋਬਈ**
**ਪੁੱਤ ਵੈਰ ਜਲ ਜੀ ਨ ਧਰੰਦਾ।**
**੩. ਵਰਸੈ ਹੋਇ ਸਹੰਸ ਧਾਰ**
**ਮਿਲਿ ਗਿਲ ਜਲ ਨੀਵਾਣ ਚਲੰਦਾ।**
**੪. ਡੋਬੈ ਡੁੱਬੈ ਅਗਰ ਨੋ**
**ਆਪ ਛਡ ਪੁੱਤ ਪੈਜ ਰਖੰਦਾ।**
**੫. ਤਰ ਡੁੱਬੈ ਡੁੱਬਾ ਤਰੈ**
**ਜਿਣ ਹਾਰੈ ਹਾਰੈ ਸੁ ਜਿਣੰਦਾ।**
**੬. ਉਲਟਾ ਖੇਲ ਪਿਰੰਮ ਦਾ**
**ਪੈਰਾਂ ਉੱਪਰ ਸੀਸ ਨਿਵੰਦਾ।**
**੭. ਆਪਹੁੰ ਕਿਸੈ ਨ ਜਾਣੈ ਮੰਦਾ ॥੧੨॥**

***ਪਦ ਅਰਥ :*** ਤਾਰਿ—ਨਦੀ। ਤੱਛੈ—ਕੱਟਣਾ। ਸਹੰਸ—ਹਜ਼ਾਰ। ਮਿਲਿ ਗਿਲ—ਰਲ ਮਿਲ ਕੇ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਕੀ ਗੁਰੂ ਦਾ ਸਿੱਖ ਬਣਨ ਲਈ ਵੀ ਗੁਰੂ ਵੱਲੋਂ ਕੁਝ ਖ਼ਾਸ ਹਿਦਾਇਤਾਂ ਹੁੰਦੀਆਂ ਹਨ, ਜਿਨ੍ਹਾਂ ਦਾ ਧਾਰਨੀ ਹੋਣਾ ਸਿੱਖ ਲਈ ਅਤਿ ਜ਼ਰੂਰੀ ਹੈ, ਜਾਣਕਾਰੀ ਦਿਓ, ਧੰਨਵਾਦੀ ਹੋਵਾਂਗੇ।

**ਉ:** ਹੇ ਭਾਈਓ! ਗੁਰਬਾਣੀ ਵਿਚ ਸਿੱਖ ਲਈ ਬਹੁਤ ਹਿਦਾਇਤਾਂ ਦਿਤੀਆਂ ਹਨ, ਜਿਨ੍ਹਾਂ ਦਾ ਧਾਰਨੀ ਹੋਣਾ ਸਿਖ ਲਈ ਅਤਿ ਜ਼ਰੂਰੀ ਹੈ, ਜਿਵੇਂ ਕਿ ਬਾਣੀ ਵਿਚ ਫ਼ੁਰਮਾਨ ਆਉਂਦੇ ਹਨ :

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧ ਸੰਗਤਿ ਮੋਹਿ ਪਾਈ ॥੧॥ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ ॥੧॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ
ਏਹ ਸੁਮਤਿ ਸਾਧੂ ਤੇ ਪਾਈ ॥੨॥
*(ਕਾਨੜਾ ਮ: ੫, ਪੰਨਾ ੧੨੯੯)*

ਫਰੀਦਾ ਜੋ ਤੈ ਮਾਰਨਿ ਮੁਕੀਆਂ
ਤਿਨ੍ਹਾ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥੭॥
*(ਸਲੋਕ ਸੇਖ ਫਰੀਦ ਜੀ, ਪੰਨਾ ੧੩੭੮)*

ਕਬੀਰ ਸਭ ਤੇ ਹਮ ਬੁਰੇ
ਹਮ ਤਜਿ ਭਲੋ ਸਭੁ ਕੋਇ ॥
ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥੭॥
*(ਸਲੋਕ ਕਬੀਰ ਜੀ, ਪੰਨਾ ੧੩੬੪)*

ਹਮ ਨਹੀ ਚੰਗੇ ਬੁਰਾ ਨਹੀ ਕੋਇ ॥
ਪ੍ਰਣਵਤਿ ਨਾਨਕੁ ਤਾਰੇ ਸੋਇ ॥੪॥੧॥੨॥
*(ਸੂਹੀ ਮ: ੧, ਪੰਨਾ ੭੨੮)*

ਬੁਰਾ ਭਲਾ ਕਹੁ ਕਿਸ ਨੋ ਕਹੀਐ
ਸਗਲੇ ਜੀਅ ਤੁਮ੍ਾਰੇ ॥੧॥ਰਹਾਉ॥

*(ਆਸਾ ਮਹਲਾ ੫, ਪੰਨਾ ੩੮੩)*

ਬੁਰਾ ਭਲਾ ਜੇ ਸਮ ਕਰਿ ਜਾਣੈ
ਇਨ ਬਿਧਿ ਸਾਹਿਬੁ ਰਮਤੁ ਰਹੈ ॥੮॥

*(ਆਸਾ ਮਹਲਾ ੧, ਪੰਨਾ ੪੩੨)*

ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ ॥
ਮੰਦਾ ਕਿਸ ਨੋ ਆਖੀਐ ਸਬਦਿ ਵੇਖਹੁ ਲਿਵਲਾਇ ॥੬॥

*(ਸੂਹੀ ਮਹਲਾ ੩, ਪੰਨਾ ੭੫੭)*

ਹੁਕਮੁ ਬੂਝੈ ਸੋ ਸੇਵਕੁ ਕਹੀਐ ॥
ਬੁਰਾ ਭਲਾ ਦੁਇ ਸਮਸਰਿ ਸਹੀਐ ॥
ਹਉਮੈ ਜਾਇ ਤ ਏਕੋ ਬੂਝੈ
ਸੋ ਗੁਰਮੁਖਿ ਸਹਜਿ ਸਮਾਇਦਾ ॥੧੩॥/

*(ਮਾਰੂ ਮਹਲਾ ੫, ਪੰਨਾ ੧੦੭੬)*

ਇਸ ਤਰ੍ਹਾਂ ਗੁਰੂ ਤੋਂ ਸਿੱਖੀ ਦੀ ਦਾਤ ਪ੍ਰਾਪਤ ਕਰਨ ਵਾਲੇ ਸਿੱਖ ਨੂੰ ਬਾਣੀ ਵਿਚ ਕਈ ਹਿਦਾਇਤਾਂ ਦਿਤੀਆਂ ਹਨ, ਜਿਨ੍ਹਾਂ ਦਾ ਧਾਰਨੀ ਹੋਣਾ ਸਿੱਖ ਲਈ ਅਤਿ ਜ਼ਰੂਰੀ ਹੈ। ਮੈਂ ਭੀ ਇਸ ਪਉੜੀ ਵਿਚ ਇਸੇ ਭਾਵ ਨੂੰ ਦਰਸਾਇਆ ਹੈ ਕਿ ਸਿੱਖ ਦੀ ਸਮ-ਦ੍ਰਿਸ਼ਟੀ ਹੋਣੀ ਚਾਹੀਦੀ ਹੈ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਵੱਟੇ ਮਾਰਿਆਂ ਬ੍ਰਿਛ ਫਲ ਦਿੰਦਾ ਹੈ ਤੇ ਬ੍ਰਿਛ ਵੱਢਣ ਵਾਲੇ ਤਰਖਾਣ ਨੂੰ ਭੀ ਨਦੀ ਤੋਂ ਪਾਰ ਕਰ ਦਿੰਦਾ ਹੈ।
(੨) ਪੁੱਤਰ (ਬ੍ਰਿਛ) ਦੇ ਵੱਢਣ ਵਾਲੇ ਦਾ ਵੈਰ ਦਿਲ ਵਿਚ ਨਹੀਂ ਰਖਦਾ ਤੇ ਉਸਨੂੰ ਨਦੀ ਵਿਚ ਡੋਬਦਾ ਨਹੀਂ।
(੩) ਹਜ਼ਾਰਾਂ ਧਾਰਾਂ ਹੋ ਕੇ (ਮੀਂਹ) ਵਰਸਦਾ ਹੈ ਤੇ ਸਾਰਾ ਪਾਣੀ ਰਲ ਮਿਲ ਕੇ ਨੀਵਾਣ ਵੱਲ ਚਲਦਾ ਹੈ।
(੪) ਪਾਣੀ ਅਗਰ ਦੇ ਟੋਟੇ ਨੂੰ ਡੋਬਦਾ ਹੈ ਤੇ ਆਪਣਾ ਧੰਰਮ ਛੱਡ ਕੇ ਪੁੱਤਰ ਦੀ ਪੈਜ ਰਖਦਾ ਹੈ (ਪਾਣੀ ਵਿਚ ਅਗਰ ਡੁੱਬਣ ਨਾਲ ਮਹਿੰਗਾ ਵਿਕਦਾ ਹੈ)।
(੫) ਜੋ ਤਰਦਾ ਹੈ ਉਸਨੂੰ ਡੁੱਬਾ ਜਾਣੋ ਤੇ ਜੋ ਡੁੱਬਦਾ ਹੈ ਉਸਨੂੰ ਤਰਿਆ ਸਮਝੋ, ਇਸੇ ਤਰ੍ਹਾਂ ਜਿੱਤਣ ਵਾਲਾ ਹਾਰਦਾ ਹੈ ਤੇ ਹਾਰਨ ਵਾਲਾ ਜਿੱਤ ਜਾਂਦਾ ਹੈ।
(੬) ਇਹ ਪ੍ਰੇਮ ਦੀ ਖੇਡ ਉਲਟੀ ਹੈ, ਪੈਰਾਂ ਉਪਰ ਸੀਸ ਰੱਖੀਦਾ ਹੈ।
(੭) ਗੁਰਸਿਖ ਕਿਸੇ ਨੂੰ ਆਪਣੇ ਤੋਂ ਬੁਰਾ ਨਹੀਂ ਜਾਣਦਾ।੧੨।

***ਭਾਵਾਰਥ :*** ਗੁਰੂ ਦੀ ਸਿੱਖੀ ਧਾਰਨ ਵਾਲਾ ਸਾਰਿਆਂ ਵਿਚ ਉਸੇ ਪ੍ਰਭੂ ਦੀ ਜੋਤ ਵੇਖਦਾ ਹੈ, ਆਪਣੇ ਨਾਲ ਬੁਰਾਈ ਕਰਨ ਵਾਲੇ ਤੋਂ ਭੀ ਬਦਲਾ ਲੈਣ ਦੀ ਭਾਵਨਾ ਨਹੀਂ ਰਖਦਾ। ਇਸ ਵਿਚ ਸਿੱਖ ਇਤਿਹਾਸ ਗਵਾਹ ਹੈ ਕਿ ਪੁਰਾਤਨ ਗੁਰੂ ਦੇ ਸਿੱਖਾਂ ਨੇ ਕਿਸੇ ਭੀ ਬੰਦ ਬੰਦ ਕੱਟਣ ਵਾਲੇ, ਸਰੀਰ ਨੂੰ ਆਰੇ ਨਾਲ ਚੀਰਨ ਵਾਲੇ ਤੇ ਉਬਲਦੀਆਂ ਦੇਗਾਂ ਵਿਚ ਉਬਾਲਣ ਵਾਲਿਆਂ ਨੂੰ ਨਾ ਕੌੜਾ ਬਚਨ ਕਿਹਾ ਹੈ ਅਤੇ ਨਾ ਹੀ ਕਿਸੇ ਨੂੰ ਸਰਾਪ ਦਿਤਾ ਹੈ, ਬੁਰਾਈ ਕਰਨ ਵਾਲਿਆਂ ਦਾ ਭੀ ਭਲਾ ਹੀ ਸੋਚਦੇ ਰਹੇ ਹਨ।

ਗੁਰੂ ਕਲਗੀਧਰ ਪਾਤਿਸ਼ਾਹ ਪਾਸ ਸਿੱਖਾਂ ਨੇ ਸ਼ਿਕਾਇਤ ਕੀਤੀ ਕਿ ਮਹਾਰਾਜ ਜੀਉ! ਸਾਡੇ ਵਿਚ ਇਹ ਭਾਈ ਘਨਈਆ ਜੀ ਗ਼ਦਾਰ ਪੈਦਾ ਹੋ ਗਿਆ ਹੈ, ਜਿਨ੍ਹਾਂ ਦੁਸ਼ਮਣਾਂ ਨੂੰ ਅਸੀਂ ਮੈਦਾਨੇ ਜੰਗ ਵਿਚ ਜ਼ਖ਼ਮੀ ਕਰਦੇ ਹਾਂ ਇਹ ਉਨ੍ਹਾਂ ਨੂੰ ਪਾਣੀ ਪਿਲਾ ਕੇ ਸਾਡੇ ਨਾਲ ਫਿਰ ਲੜਨ ਲਈ ਤਿਆਰ ਕਰਦਾ ਹੈ, ਇਸਨੂੰ ਸਜ਼ਾ ਦਿਓ। ਭਾਈ ਘਨਈਏ ਨੂੰ ਦਰਬਾਰ ਵਿਚ ਬੁਲਾਇਆ, ਗੁਰੂ ਕਲਗੀਧਰ ਪਾਤਿਸ਼ਾਹ ਜੀ ਨੇ ਪੁੱਛਿਆ ਕਿ ਭਾਈ ਘਨਈਆ ਜੀ! ਸਿੱਖ ਤੁਹਾਡੀ ਸ਼ਿਕਾਇਤ ਕਰਦੇ ਹਨ ਕਿ ਤੁਸੀਂ ਦੁਸ਼ਮਣ ਜ਼ਖ਼ਮੀਆਂ ਦੇ ਮੂੰਹਾਂ ਵਿਚ ਪਾਣੀ ਪਾ ਕੇ ਉਨ੍ਹਾਂ ਨੂੰ ਸਿੰਘਾਂ ਨਾਲ ਲੜਨ ਲਈ ਤਿਆਰ ਕਰਦੇ ਹੋ, ਇਹ ਐਸਾ ਕਿਉਂ ਹੋ ਰਿਹਾਂ ਹੈ ? ਭਾਈ ਘਨਈਏ ਨੇ ਬੇਨਤੀ ਕਰੀ ਕਿ ਹੇ ਸਤਿਗੁਰੋ! ਮੈਂ ਤਾਂ ਕਿਸੇ ਭੀ ਦੁਸ਼ਮਣ ਦੇ ਮੂੰਹ ਵਿਚ ਪਾਣੀ ਨਹੀਂ ਪਾ ਰਿਹਾ, ਮੈਂ ਤਾਂ ਜਿਸ ਮੁੱਖ ਵਿਚ ਪਾਣੀ ਪਾਉਂਦਾ ਹਾਂ ਉਹ ਤੇਰਾ ਹੀ ਮੁੱਖ ਨਜ਼ਰ ਆਉਂਦਾ ਹੈ। ਆਪ ਜੀ ਨੇ ਖ਼ੁਸ਼ ਹੋ ਕੇ ਆਪਣੇ ਬੋਝੇ ਵਿਚੋਂ ਮਰ੍ਹਮ ਦੀ ਡੱਬੀ ਦਿਤੀ ਤੇ ਕਿਹਾ ਕਿ ਭਾਈ ਘਨਈਆ ਜੀ! ਜਿਥੇ ਤੁਸੀਂ ਪਾਣੀ ਪਿਲਾਉਂਦੇ ਹੋ ਉਥੇ ਜ਼ਖ਼ਮੀਆਂ ਦੇ ਜ਼ਖ਼ਮਾਂ 'ਤੇ ਮਰ੍ਹਮ-ਪੱਟੀ ਭੀ ਕਰਦੇ ਰਹੋ, ਇਹੋ ਸਿੱਖ ਦੀਆਂ ਮਾਨਸਕ ਉਚਾਈਆਂ ਦੀ ਨਿਸ਼ਾਨੀ ਹੈ।

## ੧੩. ਸਿੱਖ ਪਰਉਪਕਾਰੀ ਤੇ ਨਿੰਮ੍ਰਤਾ ਧਾਰੀ ਹੈ

**੧. ਧਰਤੀ ਪੈਰਾਂ ਹੇਠ ਹੈ**
**ਧਰਤੀ ਹੇਠ ਵਸੰਦਾ ਪਾਣੀ।**
**੨. ਪਾਣੀ ਚਲੈ ਨੀਵਾਣ ਨੋ**
**ਨਿਰਮਲ ਸੀਤਲ ਸੁੱਧ ਪਰਾਣੀ।**

**੩. ਬਹੁ ਰੰਗੀ ਇਕ ਰੰਗ ਹੈ**
**ਸਭਨਾਂ ਅੰਦਰ ਇੱਕੋ ਜਾਣੀ।**
**੪. ਤੱਤਾ ਹੋਵੈ ਧੁੱਪ ਵਿਚ**
**ਛਾਵੇਂ ਠੰਢਾ ਵਿਰਤੀ ਹਾਣੀ।**
**੫. ਤਪਦਾ ਪਰਉਪਕਾਰ ਨੋ**
**ਠੰਢੇ ਪਰਉਪਕਾਰ ਵਿਹਾਣੀ।**
**੬. ਅਗਨਿ ਬੁਝਾਏ ਤਪਤ ਵਿਚ**
**ਠੰਢਾ ਹੋਵੈ ਬਿਲਮੁ ਨ ਆਣੀ।**
**੭. ਗੁਰੁ ਸਿਖੀ ਦੀ ਏਹੁ ਨੀਸਾਣੀ ॥੧੩॥**

***ਪਦ ਅਰਥ :*** ਵਸੰਦਾ—ਵੱਸਦਾ ਹੈ। ਵਿਰਤੀ ਹਾਣੀ—ਹਾਣੀਆਂ ਨਾਲ ਇਕੋ ਜਿਹਾ ਵਰਤਦਾ ਹੈ। ਅਗਨਿ ਬੁਝਾਏ ਤਪਤ ਵਿਚ—ਤੱਤਾ ਹੋਇਆ ਵੀ ਅੱਗ ਬੁਝਾ ਦੇਂਦਾ ਹੈ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਸਿੱਖ ਵਿਚ ਤੁਸੀਂ ਬਾਣੀ ਅਨੁਸਾਰ ਹੋਰ ਕੀ ਵਿਸ਼ੇਸ਼ ਗੁਣ ਤੱਕਦੇ ਹੋ, ਇਹ ਭੀ ਜਾਣਕਾਰੀ ਦੇ ਦਿਓ ?

**ਉ:** ਹੇ ਭਾਈਓ ! ਮੈਂ ਤਾਂ ਜਦੋਂ ਸਿਖ ਦੇ ਜੀਵਨ ਵੱਲ ਨਜ਼ਰ ਮਾਰਦਾ ਹਾਂ ਤਾਂ ਮੈਨੂੰ ਤਾਂ ਹਰ ਪੱਖੋਂ ਹੀ ਉਨ੍ਹਾਂ ਸਿੱਖਾਂ ਦਾ ਜੀਵਨ ਪਰਉਪਕਾਰ ਵਿਚ ਹੀ ਗੁਜ਼ਰਦਾ ਤੱਕਣ ਵਿਚ ਆਉਂਦਾ ਹੈ, ਉਹ ਖ਼ੁਦ ਤਾਂ ਜਨਮ ਮਰਨ ਦੇ ਚੱਕ੍ਰ ਵਿਚ ਨਹੀਂ, ਉਨ੍ਹਾਂ ਦਾ ਮੁਖ ਪ੍ਰਯੋਜਨ ਲੁਕਾਈ 'ਤੇ ਉਪਕਾਰ ਕਰਨ ਤੇ ਹਰ ਮਨੁੱਖ-ਮਾਤ੍ਰ ਨੂੰ ਭਗਤੀ ਕਰਨ ਵੱਲ ਪ੍ਰੇਰ ਕੇ ਜਿਸ ਹਰੀ ਤੋਂ ਉਨ੍ਹਾਂ ਦਾ ਵਿਛੋੜਾ ਹੋਇਆ ਹੈ, ਉਸ ਨਾਲ ਮਿਲਾਪ ਕਰਾਉਣਾ ਹੈ। ਇਹ ਵੀਚਾਰ ਅਸੀਂ ਬਾਣੀ ਵਿਚੋਂ ਭੀ ਪੜ੍ਹਦੇ ਹਾਂ, ਜਿਵੇਂ ਕਿ :

ਜਨਮ ਮਰਣ ਦੁਹਹੂ ਮਹਿ ਨਾਹੀ
ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ
ਹਰਿ ਸਿਉ ਲੈਨਿ ਮਿਲਾਏ ॥੨॥

*(ਸੂਹੀ ਮਹਲਾ ੫, ਪੰਨਾ ੭੪੯)*

ਇਸੇ ਭਾਵ ਦੇ ਹੋਰ ਭੀ ਬਹੁਤ ਉਦਾਹਰਣ ਸਾਨੂੰ ਬਾਣੀ ਵਿਚੋਂ ਮਿਲਦੇ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਵਿਚ ਸਿਖ ਦੇ ਉਪਕਾਰੀ ਜੀਵਨ ਨੂੰ ਪ੍ਰਤੱਖ ਉਦਾਹਰਣ ਦੇ ਕੇ ਦਰਸਾਉਣ ਦਾ ਉਪਰਾਲਾ ਕੀਤਾ ਹੈ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਧਰਤੀ ਪੈਰਾਂ ਹੇਠ ਰਹਿੰਦੀ ਹੈ ਤੇ ਧਰਤੀ ਦੇ ਹੇਠਾਂ ਪਾਣੀ ਵੱਸਦਾ ਹੈ।
(੨) ਪਾਣੀ ਨਿਵਾਣ ਵੱਲ ਚਲਦਾ ਹੈ, ਇਸੇ ਲਈ ਉਹ ਆਪ ਨਿਰਮਲ ਤੇ ਠੰਢਾ ਹੁੰਦਾ ਹੈ ਤੇ ਸਭ ਪ੍ਰਾਣੀਆਂ ਨੂੰ ਠੰਢਾ ਤੇ ਸੁੱਧ ਕਰਦਾ ਹੈ।
(੩) ਪਾਣੀ ਬਹੁਤੇ ਰੰਗਾਂ ਵਿਚ ਮਿਲ ਕੇ ਇਕ ਰੰਗ (ਰੂਪ) ਹੋ ਜਾਂਦਾ ਹੈ ਤੇ ਸਾਰਿਆਂ (ਬਰਤਨਾਂ) ਅੰਦਰ ਉਹ ਇਕੋ ਜਿਹਾ ਹੋ ਜਾਂਦਾ ਹੈ।
(੪) ਪਾਣੀ ਧੁੱਪ ਵਿਚ ਤੱਤਾ ਹੋ ਜਾਂਦਾ ਹੈ ਤੇ ਛਾਂ ਵਿਚ ਠੰਢਾ ਹੋ ਜਾਂਦਾ ਹੈ, ਜਿਹੋ ਜਿਹਾ ਹਾਣੀ (ਸਾਥੀ) ਹੋਵੇ ਉਹੋ ਜਿਹਾ ਉਹ ਵਰਤਦਾ ਹੈ।
(੫) ਪਰਉਪਕਾਰ ਕਰਨ ਲਈ ਪਾਣੀ ਤਪਦਾ ਹੈ ਤੇ ਠੰਢਾ ਹੋ ਕੇ ਵੀ ਪਰਉਪਕਾਰ ਵਿਚ ਸਮਾਂ ਬਿਤਾਉਂਦਾ ਹੈ।
(੬) ਤੱਤਾ ਹੁੰਦਾ ਹੋਇਆ ਭੀ ਅੱਗ ਨੂੰ ਬੁਝਾ ਦੇਂਦਾ ਹੈ ਤੇ ਠੰਢਾ ਹੋਣ ਵਿਚ ਭੀ ਦੇਰ ਨਹੀਂ ਕਰਦਾ।
(੭) ਗੁਰਸਿੱਖਾਂ ਦੀ ਭੀ ਇਹ ਨਿਸ਼ਾਨੀ ਹੈ ਕਿ ਉਹ ਹਰ ਸਮੇਂ ਤੇ ਹਰ ਹਾਲਤ ਵਿਚ ਪਰਉਪਕਾਰ ਹੀ ਕਰਦੇ ਰਹਿੰਦੇ ਹਨ।੧੩।

## *੧੪. ਸਿੱਖ ਨਿੰਮ੍ਰਤਾ ਵਿਚ ਹੀ ਰਹਿੰਦਾ ਹੈ*

**੧. ਪਾਣੀ ਅੰਦਰਿ ਧਰਤਿ ਹੈ**
**ਧਰਤੀ ਅੰਦਰ ਪਾਣੀ ਵੱਸੈ।**
**੨. ਧਰਤੀ ਰੰਗ ਨ ਰੰਗ ਸਭ**
**ਧਰਤੀ ਸਾਉ ਨ ਸਭ ਰਸ ਰੱਸੈ।**
**੩. ਧਰਤੀ ਗੰਧ ਨ ਗੰਧ ਬਹੁ**
**ਧਰਤਿ ਨ ਰੂਪ ਅਨੂਪ ਤਰੱਸੈ।**
**੪. ਜੇਹਾ ਬੀਜੈ ਸੋ ਲੁਣੈ**
**ਕਰਮ ਭੂਮਿ ਸਭ ਕੋਈ ਦੱਸੈ।**

**੫. ਚੰਦਨ ਲੇਪ ਨ ਲੇਪ ਹੈ**
**ਕਰ ਮਲ ਮੂਤ ਕਸੂਤ ਨ ਧੱਸੈ।**
**੬. ਵੁੱਠੇ ਮੀਂਹ ਜਮਾਇੰਦੇ**
**ਡਵ ਲੱਗੈ ਅੰਗੂਰ ਵਿਗੱਸੈ।**
**੭. ਦੁੱਖ ਨ ਰੋਵੈ ਸੁੱਖ ਨ ਹੱਸੈ ॥੧੪॥**

***ਪਦ ਅਰਥ :*** ਰੰਗ ਨ ਰੰਗ ਸਭ—ਰੰਗ ਨਹੀਂ ਵੀ ਸਾਰੇ ਰੰਗ ਵੀ ਹਨ। ਗੰਧ ਨ ਗੰਧ ਬਹੁ—ਗੰਧ ਨਹੀਂ ਵੀ ਅਰ ਹੈ ਵੀ। ਤਰੱਸੈ—ਤਰਸਦੇ ਹਨ (ਲੋਕ)। ਧੱਸੈ—ਗੁੱਸੇ ਹੋਣਾ। ਡਵ—ਅੱਗ। ਰੋਵੈ—ਧਰਤੀ ਦਾ ਰੋਣਾ। ਜਮਾਇੰਦੇ—ਅੰਨ ਬੀਜਦੇ।

***ਅਰਥ :***

ਇਸ ਪਉੜੀ ਅੰਦਰ ਭੀ ਭਾਈ ਸਾਹਿਬ ਜੀ ਸਿੱਖ ਨੂੰ ਨਿੰਮ੍ਰਤਾ ਦਾ ਧਾਰਨੀ ਤੇ ਦੁਖ-ਸੁਖ ਵਿਚ ਸਮਾਨ ਦ੍ਰਿਸ਼ਟੀ ਵਿਚ ਰਹਿਣ ਵਾਲਾ ਦਰਸਾ ਰਹੇ ਹਨ :

(੧) (ਜਿਸ ਤਰ੍ਹਾਂ) ਧਰਤੀ ਪਾਣੀ ਵਿਚ ਟਿਕੀ ਹੋਈ ਹੈ ਤੇ ਧਰਤੀ ਦੇ ਅੰਦਰ ਪਾਣੀ ਵੱਸਦਾ ਹੈ।
(੨) ਧਰਤੀ ਦਾ ਕੋਈ ਰੰਗ ਨਹੀਂ, ਪਰ ਸਾਰੇ ਰੰਗ ਧਰਤੀ ਵਿਚ ਹੀ ਹਨ, ਧਰਤੀ ਦਾ ਕੋਈ ਸੁਆਦ ਨਹੀਂ, ਪਰ ਸਾਰੇ ਸੁਆਦ ਧਰਤੀ ਵਿਚ ਹੀ ਹਨ।
(੩) ਧਰਤੀ ਵਿਚ ਕੋਈ ਸੁਗੰਧੀ ਨਹੀਂ, ਪਰ ਸਾਰੀਆਂ ਸੁਗੰਧਾਂ ਧਰਤੀ ਵਿਚ ਹਨ, ਧਰਤੀ ਦਾ ਕੋਈ ਰੂਪ ਨਹੀਂ, ਪਰ ਸਭ ਸੁੰਦਰ ਰੂਪਾਂ ਨਾਲ ਧਰਤੀ ਰਸੀ ਹੋਈ ਹੈ, ਸਾਰੇ ਲੋਕ ਇਸ ਦੇ ਸਰੂਪ ਨੂੰ ਤਰਸਦੇ ਹਨ।
(੪) ਇਹ ਧਰਤੀ ਕਰਮਾਂ ਦੀ ਭੂਮੀ ਹੈ ਜਿਹੋ ਜਿਹਾ ਕੋਈ ਬੀਜਦਾ ਹੈ, ਉਹੋ ਜਿਹਾ ਵਢਦਾ ਹੈ ਇਹ ਗੱਲ ਸਾਰੇ ਦਸਦੇ ਹਨ।
(੫) ਚੰਦਨ ਦੇ ਲੇਪ ਕਰਨ ਨਾਲ ਧਰਤੀ ਲਿਪਾਇਮਾਨ ਨਹੀਂ ਹੁੰਦੀ ਤੇ ਮਲ ਮੂਤਰ ਦੇ ਕਸੂਰ ਕਰਨ ਨਾਲ ਕਿਸੇ 'ਤੇ ਗੁੱਸੇ ਨਹੀਂ ਹੁੰਦੀ।
(੬) ਮੀਂਹ ਵੱਸਣ ਨਾਲ ਲੋਕ ਧਰਤੀ ਵਿਚ ਅੰਨ ਬੀਜਦੇ ਹਨ ਤੇ ਅੱਗ ਲੱਗਣ ਨਾਲ ਵੀ ਉਹ ਅੰਗੂਰ ਫਟਾਉਂਦੀ ਹੈ (ਸਰਕੜੇ ਦੇ ਨਵੇਂ ਬੂਟੇ ਪੁੰਗਰਦੇ ਹਨ)।
(੭) ਦੁਖ ਹੋਣ ਨਾਲ ਧਰਤੀ ਰੋਂਦੀ ਨਹੀਂ ਸੁਖ ਵਿਚ ਹੱਸਦੀ ਨਹੀਂ। (ਇਹੋ ਕਰਮ ਗੁਰਸਿਖ ਦੇ ਹੁੰਦੇ ਹਨ। ਉਹ ਧਰਤੀ ਵਾਂਗੂੰ ਨਿੰਮ੍ਰਤਾ, ਸਹਿਨ-ਸ਼ੀਲਤਾ ਤੇ ਪਰਉਪਕਾਰ ਕਰਦਾ ਹੈ ਤੇ ਸੁਖ ਦੁਖ ਨੂੰ ਇਕ ਸਮਾਨ ਜਾਣਦਾ ਹੈ)।੧੪।

ਇਸੇ ਭਾਵ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਦਰਸਾਇਆ ਹੈ :

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ
ਕੰਚਨ ਮਾਟੀ ਮਾਨੈ ॥੧॥ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ
ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ
ਨਾਹਿ ਮਾਨ ਅਪਮਾਨਾ ॥੧॥
ਆਸਾ ਮਨਸਾ ਸਗਲ ਤਿਆਗੈ
ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ
ਤਿਹ ਘਟਿ ਬ੍ਰਹਮੁ ਨਿਵਾਸਾ ॥੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ
ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ
ਜਿਉ ਪਾਨੀ ਸੰਗਿ ਪਾਨੀ ॥੩॥੧੧॥

*(ਸੋਰਠਿ ਮਹਲਾ ੯, ਪੰਨਾ ੬੩੩)*

## *੧੫. ਸਿੱਖ ਦਾ ਨਿੱਤ ਕਰਮ*

**੧. ਪਿੱਛਲ ਰਾਤੀਂ ਜਾਗਣਾ**
**ਨਾਮ ਦਾਨ ਇਸ਼ਨਾਨ ਦ੍ਰਿੜ੍ਹਾਏ।**
**੨. ਮਿੱਠਾ ਬੋਲਣ ਨਿਵ ਚੱਲਣ**
**ਹੱਥਹੁੰ ਦੇ ਕੈ ਭਲਾ ਮਨਾਏ।**
**੩. ਥੋੜ੍ਹਾ ਸਵਣਾ ਖਾਵਣਾ**
**ਥੋੜ੍ਹਾ ਬੋਲਣ ਗੁਰਮਤਿ ਪਾਏ।**
**੪. ਘਾਲ ਖਾਇ ਸੁੱਕ੍ਰਿਤ ਕਰੈ**
**ਵੱਡਾ ਹੋਇ ਨ ਆਪ ਗਣਾਏ।**
**੫. ਸਾਧ ਸੰਗਤਿ ਮਿਲ ਗਾਂਵਦੇ**
**ਰਾਤ ਦਿਹੈਂ ਨਿੱਤ ਚੱਲ ਚੱਲ ਜਾਏ।**
**੬. ਸ਼ਬਦ ਸੁਰਤਿ ਪਰਚਾ ਕਰੈ**
**ਸਤਿਗੁਰੁ ਪਰਚੈ ਮਨ ਪਰਚਾਏ।**
**੭. ਆਸਾ ਵਿਚ ਨਿਰਾਸ ਵਲਾਏ ॥੧੫॥**

***ਪਦ ਅਰਥ :*** ਪਿੱਛਲ ਰਾਤੀਂ—ਅੰਮ੍ਰਿਤ ਵੇਲੇ। ਗੁਰਮਤਿ—ਗੁਰੂ ਦੀ ਸਿਖਿਆ। ਸੁੱਕ੍ਰਿਤ—ਚੰਗੀ ਕ੍ਰਿਤ। ਘਾਲ—ਕਮਾਈ। ਪਰਚਾ—ਪ੍ਰੇਮ। ਵਲਾਏ—ਰਹਿੰਦਾ ਹੈ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜਦੋਂ ਭੀ ਕੋਈ ਮਨੁੱਖ ਸਿੱਖੀ ਦੀ ਸਹੀ ਲਿਸਟ ਵਿਚ ਦਾਖ਼ਲ ਹੋ ਜਾਏ, ਕੀ ਦੱਸਣ ਦੀ ਕ੍ਰਿਪਾ ਕਰੋਗੇ ਕਿ ਉਸ ਸਿੱਖ ਦੀ ਕਿਰਤ ਗੁਰਮਤ ਅਨੁਸਾਰ ਕਿਵੇਂ ਹੁੰਦੀ ਹੈ?

**ਉ:** ਹੇ ਭਾਈਓ! ਮੈਨੂੰ ਤਾਂ ਗੁਰਬਾਣੀ ਅਨੁਸਾਰ ਸਿੱਖ ਦੀ ਹਰ ਰੋਜ਼ ਦੀ ਕਰਮ ਕਿਰਤ ਇਉਂ ਹੀ ਪੜ੍ਹਨ ਵਿਚ ਆਈ ਹੈ, ਜਿਵੇਂ ਕਿ ਫ਼ੁਰਮਾਨ ਹੈ ਕਿ :

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥
*(ਜਪੁਜੀ, ਪੰਨਾ ੨)*

ਨਿਵਣੁ ਸੁ ਅਖਰੁ ਖਵਣੁ ਗੁਣ
ਜਿਹਬਾ ਮਣੀਆ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥੧੨੭॥
ਮਤਿ ਹੋਦੀ ਹੋਇ ਇਆਣਾ॥
ਤਾਣ ਹੋਦੇ ਹੋਇ ਨਿਤਾਣਾ॥ *(ਪੰਨਾ ੧੩੮੪)*

ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ॥
ਓਨ੍ਹੀ ਮੰਦੈ ਪੈਰੁ ਨ ਰਖਿਓ
ਕਰਿ ਸੁਕ੍ਰਿਤੁ ਧਰਮੁ ਕਮਾਇਆ॥
ਓਨ੍ਹੀ ਦੁਨੀਆ ਤੋੜੇ ਬੰਧਨਾ
ਅੰਨੁ ਪਾਣੀ ਥੋੜਾ ਖਾਇਆ॥ *(ਪਉੜੀ, ਪੰਨਾ ੪੬੬)*

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥੧॥
*(ਸਲੋਕ ਮ: ੧, ਪੰਨਾ ੧੨੪੫)*

ਗੁਰਮੁਖਿ ਨਾਮੁ ਦਾਨੁ ਇਸਨਾਨੁ॥
ਗੁਰਮੁਖਿ ਲਾਗੈ ਸਹਜਿ ਧਿਆਨੁ॥
ਗੁਰਮੁਖਿ ਪਾਵੈ ਦਰਗਹ ਮਾਨੁ॥
*(ਸਿਧ ਗੋਸਟਿ, ਪੰਨਾ ੯੪੨)*

ਬਾਬਾ ਬੋਲਨਾ ਕਿਆ ਕਹੀਐ॥
ਜੈਸੇ ਰਾਮ ਨਾਮ ਰਵਿ ਰਹੀਐ॥੧॥ਰਹਾਉ॥
ਸੰਤਨ ਸਿਉ ਬੋਲੇ ਉਪਕਾਰੀ॥
ਮੂਰਖ ਸਿਉ ਬੋਲੇ ਝਖ ਮਾਰੀ॥੨॥
ਬੋਲਤ ਬੋਲਤ ਬਢਹਿ ਬਿਕਾਰਾ॥
ਬਿਨੁ ਬੋਲੇ ਕਿਆ ਕਰਹਿ ਬੀਚਾਰਾ॥੩॥
ਕਹੁ ਕਬੀਰ ਛੂਛਾ ਘਟੁ ਬੋਲੈ॥
ਭਰਿਆ ਹੋਇ ਸੁ ਕਬਹੁ ਨ ਡੋਲੈ॥੪॥੧॥
*(ਗੋਂਡ ਭਗਤ ਕਬੀਰ ਜੀ, ਪੰਨਾ ੮੭੦)*

ਇਸ ਤਰ੍ਹਾਂ ਗੁਰਸਿਖ ਦੀ ਰਹਿਣੀ, ਕਹਿਣੀ ਅਤੇ ਸਹਿਣੀ ਦੇ ਸੰਬੰਧ ਵਿਚ ਗੁਰਬਾਣੀ ਨੇ ਕਈ ਥਾਂਵਾਂ 'ਤੇ ਉਨ੍ਹਾਂ ਦੀ ਨਿੱਤ ਦੀ ਧਾਰਨਾ ਬਾਰੇ ਸੰਕੇਤ ਦਰਸਾਏ ਹਨ, ਜਿਸ ਉਪਦੇਸ਼ ਨੂੰ ਸਿੱਖ ਮੁਖ ਰਖ ਕੇ ਗੁਰੂ ਦੀ ਆਗਿਆ ਅਨੁਸਾਰ ਸਦੀਵੀ ਜੀਵਨ ਗੁਜ਼ਾਰਦਾ ਹੈ। ਸੋ, ਮੈਂ ਭੀ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਸਿੱਖ ਦੀ ਰਹਿਤ ਸੰਬੰਧੀ ਤੁੱਛ ਵੀਚਾਰ ਅੰਕਤ ਕੀਤੇ ਹਨ ਕਿ ਸਿੱਖ ਹਮੇਸ਼ਾ ਕੀ ਕਰੇ :

(੧) (ਗੁਰੂ ਦੀ ਆਗਿਆ ਅਨੁਸਾਰ) ਸਿੱਖ ਅੰਮ੍ਰਿਤ ਵੇਲੇ ਜਾਗੇ, ਨਾਮ ਦਾਨ ਤੇ ਇਸ਼ਨਾਨ ਨੂੰ ਦ੍ਰਿੜ੍ਹ ਕਰੇ (ਭਾਵ ਅਭਿਆਸ ਕਰੇ)।

(੨) ਮਿੱਠੇ ਬਚਨ ਬੋਲੇ, ਨਿੰਮ੍ਰਤਾ ਵਿਚ ਚੱਲੇ ਤੇ (ਆਪਣੀ ਕਮਾਈ ਵਿਚੋਂ) ਹੱਥੋਂ ਦੇ ਕੇ (ਦਾਨ ਕਰਕੇ) ਭਲਾ ਮਨਾਏ।

(੩) ਥੋੜਾ ਸੌਂਵੇਂ, ਥੋੜਾ ਖਾਏ, ਥੋੜਾ ਹੀ ਬੋਲੇ ਤੇ ਗੁਰੂ ਦੀ ਸਿਖਿਆ ਨੂੰ ਗ੍ਰਹਿਣ ਕਰੇ।

(੪) ਧਰਮ ਦੀ ਕਿਰਤ ਕਰਕੇ ਖਾਏ, ਚੰਗੇ ਕਰਮ ਕਰੇ ਤੇ ਵੱਡਾ ਹੋ ਕੇ ਵੀ ਆਪਣੇ ਆਪ ਨੂੰ ਨਾ ਜਣਾਏ (ਭਾਵ ਹਉਮੈ ਨਾ ਕਰੇ)।

(੫) ਜਿਥੇ ਸਾਧ ਸੰਗਤ ਹੋਵੇ, ਉਥੇ ਮਿਲ ਕੇ ਕੀਰਤਨ ਕਰੇ ਤੇ ਦਿਨੇ ਰਾਤ ਸਤਿਸੰਗਤ ਕਰਨ ਲਈ ਚੱਲ ਕੇ ਜਾਵੇ।

(੬) ਸ਼ਬਦ ਵਿਚ ਪ੍ਰੇਮ ਨਾਲ ਸੁਰਤੀ ਨੂੰ ਲਾਵੇ ਤੇ ਸਤਿਗੁਰੂ ਦੇ ਪ੍ਰੇਮ ਵਿਚ ਆਪਣੇ ਮਨ ਨੂੰ ਪਰਚਾਵੇ।

(੭) ਆਸਾ ਵਿਚ ਨਿਰਾਸ ਹੋ ਕੇ ਸਮਾਂ ਬਿਤੀਤ ਕਰੇ।੧੫।

***ਭਾਵਾਰਥ :*** ਭਾਈ ਸਾਹਿਬ ਗੁਰਬਾਣੀ ਦੀ ਪ੍ਰੇਰਨਾ ਅਨੁਸਾਰ ਹਰ ਗੁਰਸਿਖ ਨੂੰ ਪ੍ਰੇਰਨਾ ਕਰਦੇ ਹਨ ਕਿ ਹਰ ਸਿੱਖ ਆਪਣੀ ਜ਼ਿੰਦਗੀ ਨੂੰ ਬਾਣੀ ਵਿਚ ਦਰਸਾਏ ਨਿਯਮ ਅਨੁਸਾਰ ਬਿਤੀਤ ਕਰਕੇ ਆਪਣਾ ਜੀਵਨ ਸਫ਼ਲਾ ਕਰੇ।

## ੧੯. ਗੁਰਸਿੱਖ ਦੇ ਲੱਛਣ

**੧. ਗੁਰ ਚੇਲਾ ਚੇਲਾ ਗੁਰੂ**
**ਗੁਰੁ ਸਿਖ ਸੁਣ ਗੁਰ ਸਿੱਖ ਸਦਾਵੈ।**
**੨. ਇਕ ਮਨ ਇੱਕ ਅਰਾਧਣਾ**
**ਬਾਹਰ ਜਾਂਦਾ ਵਰਜ ਰਹਾਵੈ।**
**੩. ਹੁਕਮੀ ਬੰਦਾ ਹੋਇਕੈ**
**ਖਸਮੈ ਦਾ ਭਾਣਾ ਤਿਸ ਭਾਵੈ।**
**੪. ਮੁਰਦਾ ਹੋਇ ਮੁਰੀਦ ਸੋਇ**
**ਕੋ ਵਿਰਲਾ ਗੁਰੁ ਗੋਰ ਸਮਾਵੈ।**
**੫. ਪੈਰੀਂ ਪੈ ਪਾਖਾਕ ਹੋਇ**
**ਪੈਰਾਂ ਉੱਪਰ ਸੀਸ ਧਰਾਵੈ।**
**੬. ਆਪ ਗਵਾਏ ਆਪੁ ਹੁਇ**
**ਦੂਜਾ ਭਾਉ ਨ ਨਦਰੀ ਆਵੈ।**
**੭. ਗੁਰੂ ਸਿੱਖੀ ਗੁਰੂ ਸਿੱਖ ਕਮਾਵੈ ॥੧੯॥**

***ਪਦ ਅਰਥ :*** ਬਾਹਰ ਜਾਂਦਾ—ਮਨ, ਜੋ ਬਾਹਰ ਦੌੜਦਾ ਹੈ। ਵਰਜ ਰਹਾਵੈ—ਰੋਕ ਕੇ ਰਖੇ। ਗੋਰ—ਕਬਰ। ਦੂਜਾ ਭਾਉ—ਦ੍ਵੈਤ ਭਾਉ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਆਪ ਜੀ ਤਾਂ ਗੁਰਸਿੱਖਾਂ ਨਾਲ ਹਮੇਸ਼ਾਂ ਹੀ ਵਰਤਦੇ ਰਹਿੰਦੇ ਹੋ, ਪਰ ਇਹ ਦੱਸਣ ਦੀ ਕ੍ਰਿਪਾ ਕਰੋ ਕਿ ਗੁਰਸਿਖ ਦੇ ਲੱਛਣਾਂ ਦੀ ਸਹੀ ਰੂਪ-ਰੇਖਾ ਕੀ ਹੈ ?

**ਉ:** ਹੇ ਭਾਈਓ ! ਮੈਂ ਤਾਂ ਜਦੋਂ ਗੁਰਬਾਣੀ ਦੇ ਭਾਵਾਂ ਨੂੰ ਸਾਹਮਣੇ ਰੱਖ ਕੇ ਗੁਰੂ ਦੇ ਸਿੱਖਾਂ ਦੀ ਨਿੱਤ ਦੀ ਕਮਾਈ ਵੱਲ ਤੱਕਦਾ ਹਾਂ ਤਾਂ ਮੈਨੂੰ ਇਉਂ ਹੀ ਅਨੁਭਵ ਹੁੰਦਾ ਹੈ ਕਿ ਜੋ ਵੀ :

(੧) ਗੁਰੂ ਦਾ ਸਿੱਖ ਬਣ ਕੇ ਗੁਰੂ ਦੀ ਸਿਖਿਆ ਸੁਣਦਾ ਹੈ, ਉਹ ਚੇਲਾ ਗੁਰੂ ਤੇ ਗੁਰੂ ਚੇਲਾ ਹੋ ਜਾਂਦਾ ਹੈ, ਭਾਵ ਗੁਰੂ ਤੇ ਚੇਲਾ ਇਕ ਰੂਪ ਹੋ ਜਾਂਦੇ ਹਨ।

(੨) (ਪਰ) ਇਕ ਮਨ ਹੋ ਕੇ ਇਕ ਪ੍ਰਭੂ ਦਾ ਸਿਮਰਨ ਕਰੇ ਤੇ ਬਾਹਰ ਵੱਲ (ਸੰਸਾਰਕ ਪਦਾਰਥਾਂ ਵੱਲ) ਦੌੜਦੇ ਮਨ ਨੂੰ ਰੋਕ ਕੇ ਰਖੇ।

(੩) ਹੁਕਮ ਮੰਨਣ ਵਾਲਾ ਦਾਸ ਹੋ ਕੇ ਰਹੇ ਤੇ ਪ੍ਰਭੂ ਦਾ ਭਾਣਾ ਉਸਨੂੰ ਚੰਗਾ ਲਗੇ।

(੪) ਜੋ ਮੁਰਦੇ ਵਾਂਗੂੰ ਹੋ ਜਾਵੇ ਉਹ ਮੁਰੀਦ ਹੈ, ਐਸਾ ਮੁਰੀਦ ਕੋਈ ਵਿਰਲਾ ਹੁੰਦਾ ਹੈ, ਜੋ ਗੁਰੂ ਰੂਪੀ ਕਬਰ ਵਿਚ ਸਮਾਉਂਦਾ ਹੈ।

(੫) ਉਹ ਪੈਰੀਂ ਪੈ ਕੇ ਸਤਿਗੁਰੂ ਦੇ ਚਰਨਾਂ ਦੀ ਧੂੜ ਬਣ ਜਾਂਦਾ ਹੈ ਤੇ ਹਰ ਗੁਰਸਿਖ ਦੇ ਚਰਨਾਂ 'ਤੇ ਆਪਣਾ ਸਿਰ ਨਿਵਾਉਂਦਾ ਹੈ।

(੬) ਉਹ ਆਪਾ-ਭਾਵ (ਹਉਮੈ) ਗਵਾ ਕੇ (ਪ੍ਰਭੂ ਰੂਪ) ਹੋ ਜਾਂਦਾ ਹੈ, ਉਸਨੂੰ ਹੋਰ ਦੂਜਾ ਭਾਵ ਨਜ਼ਰ ਹੀ ਨਹੀਂ ਆਉਂਦਾ।

(੭) ਉਪ੍ਰੋਕਤ ਵਰਣਨ ਕੀਤੀ ਸਿੱਖੀ ਨੂੰ ਕੋਈ ਵਿਰਲਾ ਗੁਰਸਿਖ ਹੀ ਕਮਾਉਂਦਾ ਹੈ।੧੯।

***ਭਾਵਾਰਥ :*** ਬਾਣੀ ਅਨੁਸਾਰ ਇਹੋ ਪ੍ਰਗਟ ਹੁੰਦਾ ਹੈ ਕਿ ਇਸ ਸਿੱਖੀ ਦੇ ਅਨੰਦ ਨੂੰ ਮਾਨਣਾ ਦ੍ਵੈਤ-ਭਾਵ ਵਾਲਿਆਂ ਦਾ ਕੰਮ ਨਹੀਂ, ਇਸ ਨੂੰ ਤਾਂ ਗੁਰੂ ਅੰਗਦ ਜੈਸੇ ਹੀ ਹਾਸਲ ਕਰਦੇ ਹਨ, ਜੋ ਹਰ ਤਰ੍ਹਾਂ ਦੀ ਪਰਖ ਵਿਚ ਸਾਬਤ ਨਿਕਲੇ, ਇਸੇ ਵਾਸਤੇ ਗੁਰੂ ਫ਼ੁਰਮਾਨ ਹੈ :

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥੧੨॥
*(ਸਲੋਕ ਵਾਰਾਂ ਤੇ ਵਧੀਕ ਮ: ੧, ਪੰਨਾ ੧੪੧੧)*

ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥
ਜਗ ਮਹਿ ਉਤਮ ਕਾਢੀਅਹਿ
ਵਿਰਲੇ ਕੇਈ ਕੇਇ ॥੧॥ *(ਸਲੋਕ ਮ: ੫, ਪੰਨਾ ੫੧੭)*

ਕੋਟਿ ਮਧੇ ਕੋਊ ਬਿਰਲਾ ਸੇਵਕੁ
ਪੂਰਨ ਭਗਤੁ ਚਿਰਾਨੋ ॥
*(ਮਲਾਰ ਮਹਲਾ ੫, ਪੰਨਾ ੧੨੬੯)*

ਕੋਟਿ ਮਧੇ ਕੋਈ ਵਿਰਲਾ ਲੇਇ ॥
ਜਿਸ ਨੋ ਅਪਨੀ ਨਦਰਿ ਕਰੇਇ ॥੧॥
*(ਪ੍ਰਭਾਤੀ ਮ: ੩, ਪੰਨਾ ੧੩੩੫)*

ਕੋਟਿ ਮਧੇ ਕੋ ਵਿਰਲਾ ਸੇਵਕੁ
ਹੋਰਿ ਸਗਲੇ ਬਿਉਹਾਰੀ ॥੧॥ਰਹਾਉ॥
*(ਗੂਜਰੀ ਮਹਲਾ ੫, ਪੰਨਾ ੪੯੫)*

ਜਿਸੁ ਮਸਤਕਿ ਗੁਰਿ ਧਰਿਆ ਹਾਥੁ ॥
ਕੋਟਿ ਮਧੇ ਕੋ ਵਿਰਲਾ ਦਾਸੁ ॥
*(ਪ੍ਰਭਾਤੀ ਮ: ੫, ਪੰਨਾ ੧੩੪੦)*

ਇਸ ਤਰ੍ਹਾਂ ਸਾਨੂੰ ਬਾਣੀ ਵਿਚੋਂ ਹੋਰ ਭੀ ਬਹੁਤ

ਉਦਾਹਰਣ ਮਿਲਦੇ ਹਨ ਕਿ ਬਾਹਰੋਂ ਵਿਖਾਵੇ ਦੇ ਸਿੱਖ ਤਾਂ ਬਹੁਤ ਨਜ਼ਰ ਆਉਂਦੇ ਹਨ, ਪਰ ਅੰਦਰੋਂ ਸਹੀ ਰੂਪ ਵਿਚ ਸਿੱਖ ਹੋ ਜਾਣ ਵਾਲਾ ਕਰੋੜਾਂ ਵਿਚੋਂ ਕੋਈ ਵਿਰਲਾ ਨਜ਼ਰ ਆਉਂਦਾ ਹੈ, ਉਸਦੀ ਇਹੋ ਪਛਾਣ ਹੈ ਕਿ ਆਪਣਾ ਤਨ, ਮਨ ਤੇ ਧਨ ਸਭੋ ਕੁਝ ਗੁਰੂ ਨੂੰ ਅਰਪਨ ਕਰੇ ਤੇ ਗੁਰੂ ਦੇ ਹੁਕਮ ਅਨੁਸਾਰ ਜੀਵਨ ਗੁਜ਼ਾਰਦਾ ਹੋਵੇ। ਫ਼ੁਰਮਾਨ ਭੀ ਇਹੋ ਹੈ ਕਿ :

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ
ਹੁਕਮਿ ਮੰਨਿਐ ਪਾਈਐ॥ *(ਅਨੰਦੁ ਸਾਹਿਬ, ਪੰਨਾ ੯੧੮)*

## ੧੭. ਵਿਰਲੇ ਗੁਰਸਿੱਖ ਹਨ

**੧. ਤੇ ਵਿਰਲੇ ਸੈਂਸਾਰ ਵਿੱਚ**
**ਦਰਸਨ ਜੋਤਿ ਪਤੰਗ ਮਿਲੰਦੇ।**
**੨. ਤੇ ਵਿਰਲੇ ਸੈਂਸਾਰ ਵਿੱਚ**
**ਸ਼ਬਦ ਸੁਰਤ ਹੋਇ ਮਿਰਗ ਮਰੰਦੇ।**
**੩. ਤੇ ਵਿਰਲੇ ਸੈਂਸਾਰ ਵਿੱਚ**
**ਚਰਨ ਕਵਲ ਹੁਇ ਭਵਰ ਵਸੰਦੇ।**
**੪. ਤੇ ਵਿਰਲੇ ਸੈਂਸਾਰ ਵਿੱਚ**
**ਪਿਰਮ ਸਨੇਹੀ ਮੀਨ ਤਰੰਦੇ।**
**੫. ਤੇ ਵਿਰਲੇ ਸੈਂਸਾਰ ਵਿੱਚ**
**ਗੁਰੁ ਸਿਖ ਗੁਰੁ ਸਿਖ ਸੇਵ ਕਰੰਦੇ।**
**੬. ਭੈ ਵਿਚ ਜੰਮਣ ਭੈ ਰਹਣ**
**ਭੈ ਵਿਚ ਮਰ ਗੁਰੁ ਸਿੱਖ ਜੀਵੰਦੇ।**
**੭. ਗੁਰਮੁਖ ਸੁਖ ਫਲ ਪਿਰਮ ਚਖੰਦੇ ॥੧੭॥**

***ਪਦ ਅਰਥ :*** ਮਿਰਗ—ਹਰਨ। ਮੀਨ—ਮੱਛੀ। ਚਖੰਦੇ—ਚਖਦੇ ਹਨ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਆਪ ਜੀ ਤਾਂ ਦੇਸ ਦਿਸੰਤਰਾਂ ਵਿਚ ਵਿਚਰਦੇ ਹੋਏ, ਬਹੁਤ ਸਾਰੇ ਸਿੱਖਾਂ ਨੂੰ ਤੱਕਦੇ ਹੋ ਅਤੇ ਖ਼ੁਦ ਵੀ ਗੁਰਸਿੱਖੀ ਦਾ ਪ੍ਰਚਾਰ ਕਰਦੇ ਹੋ, ਤੁਹਾਡੀ ਪ੍ਰੇਰਨਾ ਦਾ ਸਦਕਾ ਬਹੁਤ ਸਾਰੇ ਮਨੁੱਖ ਤਾਂ ਸਿੱਖੀ ਦੇ ਧਾਰਨੀ ਭੀ ਹੁੰਦੇ ਨਜ਼ਰ ਆ ਰਹੇ ਹਨ, ਪਰ ਕੀ ਦਸੋਗੇ ਕਿ ਤੁਸੀਂ ਸੰਸਾਰ ਵਿਚ ਗੁਰਸਿੱਖੀ ਦੇ ਪ੍ਰੇਮ-ਰਸ ਨੂੰ ਪ੍ਰਾਪਤ ਕਰਨ ਵਾਲੇ ਸਿੱਖਾਂ ਦੀ ਲਗ ਪਗ ਕਿਤਨੀ ਕੁ ਗਿਣਤੀ ਅਨੁਭਵ ਕਰਦੇ ਹੋ ?

**ਉ:** ਹੇ ਭਾਈਓ ! ਸਚਾਈ ਤਾਂ ਇਉਂ ਹੀ ਕਹੀ ਜਾ ਸਕਦੀ ਹੈ ਕਿ ਸਿੱਖੀ ਲਿਬਾਸ ਦੇ ਬੈਰੂਨੀ ਬੁਰਕੇ ਨੂੰ ਧਾਰਨ ਕਰਨ ਵਾਲੇ ਸਿੱਖ ਤਾਂ ਅਨਗਿਣਤ ਵੇਖਣ ਵਿਚ ਆਉਂਦੇ ਹਨ, ਪਰ ਜਦੋਂ ਬਾਣੀ ਅਨੁਸਾਰ ਉਨ੍ਹਾਂ ਦੀ ਪੜਚੋਲ ਕਰੀਏ ਤਾਂ ਬਾਣੀ ਦਾ ਫ਼ੁਰਮਾਨ ਇਉਂ ਹੀ ਬੋਧ ਦੇਂਦਾ ਹੈ, ਜਿਵੇਂ ਕਿ :

ਹੈਨਿ ਵਿਰਲੇ ਨਾਹੀ ਘਣੇ॥
ਕੋਟਿ ਮਧੇ ਕੋ ਵਿਰਲਾ ਸੇਵਕੁ॥
ਕੋਟਨ ਮੈ ਨਾਨਕ ਕੋਊ॥

ਜਾਂ ਇਸ ਤੋਂ ਭੀ ਹੋਰ ਅਗੇ ਫ਼ੁਰਮਾਨ ਆਉਂਦਾ ਹੈ ਕਿ :

ਇਕਸੁ ਦੁਹੁ ਚਹੁ ਕਿਆ ਗਣੀ
ਸਭ ਇਕਤੁ ਸਾਦਿ ਮੁਠੀ॥
ਇਕੁ ਅਧੁ ਨਾਇ ਰਸੀਅੜਾ
ਕਾ ਵਿਰਲੀ ਜਾਇ ਵੁਠੀ॥੩॥
*(ਗਉੜੀ ਮਹਲਾ ੫, ਪੰਨਾ ੨੧੮)*

ਇਸ ਤੋਂ ਆਦਿ ਬਾਣੀ ਵਿਚੋਂ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ ਕਿ ਪ੍ਰੇਮ-ਰਸ ਨੂੰ ਚੱਖਣ ਵਾਲੇ ਬਹੁਤ ਘੱਟ ਹਨ, ਜਿਸ ਭਾਵ ਨੂੰ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ :

(੧) (ਜਿਵੇਂ ਕਿ ਵੇਖਣ ਵਿਚ ਆਉਂਦਾ ਹੈ ਕਿ) ਉਹ ਮਨੁੱਖ ਸੰਸਾਰ ਵਿਚ ਵਿਰਲੇ ਹਨ ਜੋ ਗੁਰੂ ਦੀ ਜੋਤ ਦੇ ਦਰਸ਼ਨ ਕਰਨ ਲਈ ਪਤੰਗੇ ਵਾਂਗੂੰ ਮਿਲਦੇ ਹਨ।
(੨) ਸੰਸਾਰ ਵਿਚ ਉਹ ਪੁਰਸ਼ ਵਿਰਲੇ ਹੁੰਦੇ ਹਨ, ਜੋ ਹਰਨ ਵਾਂਗੂੰ ਸ਼ਬਦ ਵਿਚ ਸੁਰਤੀ ਜੋੜ ਕੇ ਮਰਦੇ ਹਨ (ਭਾਵ ਮਸਤ ਹੁੰਦੇ ਹਨ)।
(੩) ਐਸੇ ਮਨੁੱਖ ਸੰਸਾਰ ਵਿਚ ਵਿਰਲੇ ਹੁੰਦੇ ਹਨ, ਜੋ ਸਤਿਗੁਰੂ ਜੀ ਦੇ ਚਰਨ ਕਵਲਾਂ ਵਿਚ ਭਵਰੇ ਹੋ ਕੇ ਨਿਵਾਸ ਕਰਦੇ ਹਨ।
(੪) ਸੰਸਾਰ ਵਿਚ ਇਹੋ ਜਿਹੇ ਮਨੁੱਖ ਵਿਰਲੇ ਹੁੰਦੇ ਹਨ (ਜੋ ਅਕਾਲ ਪੁਰਖ ਰੂਪੀ ਸਮੁੰਦਰ ਦੇ ਪ੍ਰੇਮੀ ਹੋ ਕੇ) ਮੱਛੀ ਵਾਂਗੂੰ ਤਰਦੇ ਹਨ।
(੫) ਸੰਸਾਰ ਵਿਚ ਉਹ ਗੁਰਸਿਖ ਵਿਰਲੇ ਹੁੰਦੇ ਹਨ, ਜੋ ਗੁਰੂ ਤੇ ਗੁਰੂ ਦੇ ਸਿੱਖਾਂ ਦੀ ਸੇਵਾ ਕਰਦੇ ਹਨ।
(੬) ਜਿਹੜੇ ਸਿਖ (ਪ੍ਰਭੂ ਦੇ) ਭੈ ਵਿਚ ਹੀ ਜੰਮਦੇ ਹਨ, ਭੈ

ਵਿਚ ਹੀ ਰਹਿੰਦੇ ਹਨ ਤੇ ਭੈ ਵਿਚ ਹੀ ਮਰਦੇ ਹਨ, ਉਹ ਗੁਰਸਿਖ ਸਦਾ ਹੀ ਜੀਉਂਦੇ ਹਨ।

(੭) ਗੁਰਮੁਖ (ਪ੍ਰਭੂ) ਦੇ ਪ੍ਰੇਮ ਦੇ ਸੁਖ ਫਲ ਨੂੰ ਚਖਦੇ ਹਨ।੧੭।

ਭਾਵ ਵਾਹਿਗੁਰੂ ਦਾ ਸੁਖ ਫਲ ਚਖਦੇ ਹਨ, ਅਰਥਾਤ ਬ੍ਰਹਮਾ ਨੰਦ ਵਿਚ ਸਦਾ ਹੀ ਮਗਨ ਰਹਿੰਦੇ ਹਨ, ਐਸੇ ਨਾਮ ਰਸੀਏ ਬਹੁਤ ਹੀ ਘਟ ਗਿਣਤੀ ਦੇ ਗੁਰਸਿਖ ਹਨ।

## ੧੮. ਗੁਰਸਿੱਖੀ ਦਾ ਸ਼ਿਰੋਮਣੀ ਸੁਖ ਹੈ

**੧. ਲੱਖ ਜਪ ਤਪ ਲੱਖ ਸੰਜਮਾ**
**ਹੋਮ ਜੱਗ ਲੱਖ ਵਰਤ ਕਰੰਦੇ।**
**੨. ਲੱਖ ਤੀਰਥ ਲੱਖ ਊਲਖਾਂ**
**ਲੱਖ ਪੁਰੀਆਂ ਲੱਖ ਪੁਰਬ ਲਗੰਦੇ।**
**੩. ਦੇਵੀ ਦੇਵਲ ਦੇਹੁਰੇ**
**ਲੱਖ ਪੁਜਾਰੀ ਪੂਜ ਕਰੰਦੇ।**
**੪. ਜਲ ਥਲ ਮਹੀਅਲ ਭਰਮਦੇ**
**ਕਰਮ ਧਰਮ ਲੱਖ ਫੇਰ ਫਿਰੰਦੇ।**
**੫. ਲੱਖ ਪਰਬਤ ਵਣਖੰਡ ਲੱਖ**
**ਲੱਖ ਉਦਾਸੀ ਹੋਇ ਭਵੰਦੇ।**
**੬. ਅਗਨੀ ਅੰਗ ਜਲਾਇੰਦੇ**
**ਲੱਖ ਹਿਮੰਚਲ ਜਾਇ ਗਲੰਦੇ।**
**੭. ਗੁਰੁ ਸਿੱਖੀ ਸੁਖ ਤਿਲ ਨ ਲਹੰਦੇ ॥੧੮॥**

***ਪਦ ਅਰਥ :*** ਊਲਖਾਂ—ਔਘੜ ਫ਼ਕੀਰ, ਕੰਨ ਪਾਟੇ ਜੋਗੀ। ਪੁਰੀਆਂ—ਕਾਂਸ਼ੀ, ਮਥਰਾ ਆਦਿ। ਵਣਖੰਡ—ਜੰਗਲ। ਹਿਮੰਚਲ—ਹਿਮਾਲੀਆ ਪਹਾੜ। ਸੁਖ ਤਿਲ—ਸੁਖ ਦਾ ਤਿਲ ਭਾਵ ਰੰਚਕ-ਮਾਤ੍ਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਦੋਂ ਆਮ ਸੰਸਾਰ ਵਿਚ ਦੂਰ ਦੂਰ ਤੱਕ ਨਜ਼ਰ ਮਾਰਦੇ ਹਾਂ ਤਾਂ ਲੱਖਾਂ ਲੋਕ ਉਹ ਨਜ਼ਰ ਆਉਂਦੇ ਹਨ, ਜੋ ਜਪ, ਤਪ, ਜੋਗ, ਜੱਗ, ਤੀਰਥਾਂ ਦੇ ਇਸ਼ਨਾਨੀ ਤੇ ਹਵਨ ਆਦਿ ਦੀ ਕਰਮ-ਕਿਰਿਆ ਕਰਦੇ ਹਨ, ਕੀ ਦਸੋਗੇ ਕਿ ਜੋ ਉਨ੍ਹਾਂ ਨੂੰ ਸੁਖ ਫਲ ਹਾਸਲ ਹੁੰਦਾ ਹੈ, ਉਨ੍ਹਾਂ ਦੇ ਤੇ ਸਿੱਖੀ ਦੇ ਸੁਖਫਲ ਵਿਚ ਤੁਸੀਂ ਕਿਤਨਾ ਕੁ ਅੰਤਰਾ ਅਨੁਭਵ ਕਰਦੇ ਹੋ?

ਉ: ਹੇ ਭਾਈਓ! ਮੈਂ ਤਾਂ ਇਨ੍ਹਾਂ ਦੋਵੇਂ ਪੱਖਾਂ ਨੂੰ ਜਦੋਂ ਗੁਰਬਾਣੀ ਦੀ ਰੌਸ਼ਨੀ ਵਿਚ ਤੱਕਦਾ ਹਾਂ ਤਾਂ ਇਨ੍ਹਾਂ ਵਿਚ ਪਰਸਪਰ ਬਹੁਤ ਅੰਤਰ ਵੇਖਣ ਵਿਚ ਆਉਂਦਾ ਹੈ, ਜੇ ਇਉਂ ਭੀ ਕਿਹਾ ਜਾਏ ਕਿ ਇਨ੍ਹਾਂ ਸਮੂੰਹ ਸਨਾਤਨ ਸਾਧਨਾਂ ਦਾ ਸੁਖ ਫਲ ਜਿਥੇ ਜਾ ਕੇ ਰੁੱਕ ਜਾਂਦਾ ਹੈ ਉਥੋਂ ਅਗੇ ਗੁਰਸਿੱਖੀ ਦਾ ਸੁਖ ਫਲ ਅਰੰਭ ਹੁੰਦਾ ਹੈ। ਕਿਉਂਕਿ ਜਦੋਂ ਸੈਂਕੜੇ ਸਾਲ ਜਪ, ਤਪ, ਕਰਨ ਵਾਲੇ ਜੋਗੀਆਂ ਦੀ ਜੀਵਨ ਸ਼ੈਲੀ ਵੱਲ ਤੱਕਦੇ ਹਾਂ, ਤਾਂ ਇਨ੍ਹਾਂ ਦਾ ਫਲ ਰਿੱਧੀਆਂ ਸਿੱਧੀਆਂ 'ਤੇ ਜਾ ਖਲੋਂਦਾ ਹੈ, ਭਾਵ ਕਈ ਤਰ੍ਹਾਂ ਦੀਆਂ ਕਰਾਮਾਤਾਂ ਵੇਖਣ ਵਿਖਾਉਣ ਵਿਚ ਉਲਝੇ ਹੋਏ ਰੱਬੀ ਮਾਰਗ ਵੱਲੋਂ ਥਿੜਕ ਜਾਂਦੇ ਹਨ, ਸਿੱਖੀ ਦੇ ਸੁਖ ਫਲ ਦੀ ਜੋ ਆਖ਼ਰੀ ਮੰਜ਼ਲ ਹੈ ਉਸ ਤੋਂ ਬਹੁਤ ਦੁਰੇਡੇ ਰਹਿ ਜਾਂਦੇ ਹਨ ਭਾਵ ਬੈਰੂਨੀ ਜਿਤਨੇ ਭੀ ਜੋਗ, ਜੱਗ ਆਦਿਕ ਸਾਧਨ ਕਰਨ ਵਾਲੇ ਤਪੀਏ ਹਨ ਇਹ ਸਿੱਖੀ ਦੇ ਸੁਖ ਫਲ ਦੀ ਤਿਲ-ਮਾਤ੍ਰ ਭੀ ਪ੍ਰਾਪਤੀ ਨਹੀਂ ਕਰ ਸਕਦੇ ਕਿਉਂਕਿ ਸਿੱਖੀ ਮਾਰਗ 'ਤੇ ਸਫ਼ਰ ਕਰਨ ਵਾਲੇ ਨੂੰ ਜੋ ਆਖ਼ਰ ਫਲ ਮਿਲਦਾ ਹੈ ਉਹ ਇਸ ਸੰਸਾਰ ਦੇ ਆਵਾਗਵਨ ਤੋਂ ਛੁਟਕਾਰਾ ਹੈ, ਪਰ ਕਰਾਮਾਤੀ ਦਾ ਸੰਸਾਰ ਵਿਚ ਜੰਮਣਾ ਮਰਨਾ ਬਣਿਆ ਹੀ ਰਹਿੰਦਾ ਹੈ। ਇਸ ਲਈ ਸਿੱਖੀ ਦੇ ਸੁਖਫਲ ਦੀ ਸਮਾਨਤਾ ਕਿਸੇ ਭੀ ਹੋਰ ਕਰਮ ਨੂੰ ਨਹੀਂ ਦਿਤੀ ਜਾ ਸਕਦੀ, ਕਿਉਂਕਿ ਇਸ ਪੱਖ ਨੂੰ ਗੁਰਬਾਣੀ ਨੇ ਸਪਸ਼ਟ ਰੂਪ ਵਿਚ ਦਰਸਾਇਆ ਹੈ, ਜਿਵੇਂ ਕਿ :

ਜਾਪ ਤਾਪ ਕੋਟਿ ਲਖ ਪੂਜਾ
ਹਰਿ ਸਿਮਰਣ ਤੁਲਿ ਨ ਲਾਇਣ॥

*(ਨਟ ਮਹਲਾ ੫, ਪੰਨਾ ੯੭੯)*

ਜਾਪ ਤਾਪ ਦੇਵਉ ਸਭ ਨੇਮਾ॥
ਕਰਮ ਧਰਮ ਅਰਪਉ ਸਭ ਹੋਮਾ॥

*(ਆਸਾ ਮਹਲਾ ੫, ਪੰਨਾ ੩੯੧)*

ਜਾਪ ਤਾਪ ਨੇਮ ਸੁਚਿ ਸੰਜਮ
ਨਾਹੀ ਇਨ ਬਿਧੇ ਛੁਟਕਾਰ॥

*(ਕਾਨੜਾ ਮਹਲਾ ੫, ਪੰਨਾ ੧੩੦੧)*

ਜਾਪ ਤਾਪ ਭਗਤਿ ਸਾ ਪੂਰੀ ਜੋ ਪ੍ਰਭ ਕੈ ਮਨਿ ਭਾਈ ॥
*(ਧਨਾਸਰੀ ਮਹਲਾ ੫, ਪੰਨਾ ੬੭੩)*

ਜਾਪ ਤਾਪ ਗਿਆਨ ਸਭਿ ਧਿਆਨ ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥
ਸਗਲ ਤਿਆਗਿ ਬਨ ਮਧੇ ਫਿਰਿਆ ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥
ਪੁੰਨ ਦਾਨ ਹੋਮੇ ਬਹੁ ਰਤਨਾ ॥
ਸਰੀਰੁ ਕਟਾਇ ਹੋਮੈ ਕਰਿ ਰਾਤੀ ॥
ਵਰਤ ਨੇਮ ਕਰੈ ਬਹੁ ਭਾਤੀ ॥
ਨਹੀ ਤੁਲਿ ਰਾਮ ਨਾਮ ਬੀਚਾਰ ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥
ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥
ਮਹਾ ਉਦਾਸੁ ਤਪੀਸਰੁ ਥੀਵੈ ॥
ਅਗਨਿ ਮਾਹਿ ਹੋਮਤ ਪਰਾਨ ॥
ਕਨਿਕ ਅਸ੍ਵ ਹੈਵਰ ਭੂਮਿ ਦਾਨ ॥
ਨਿਉਲੀ ਕਰਮ ਕਰੈ ਬਹੁ ਆਸਨ ॥
ਜੈਨ ਮਾਰਗ ਸੰਜਮ ਅਤਿ ਸਾਧਨ ॥
ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥
ਤਉ ਭੀ ਹਉਮੈ ਮੈਲੁ ਨ ਜਾਵੈ ॥
ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥
ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥੨॥
ਮਨ ਕਾਮਨਾ ਤੀਰਥ ਦੇਹ ਛੁਟੈ ॥
ਗਰਬੁ ਗੁਮਾਨੁ ਨ ਮਨ ਤੇ ਹੁਟੈ ॥
ਸੋਚ ਕਰੈ ਦਿਨਸੁ ਅਰੁ ਰਾਤਿ ॥
ਮਨ ਕੀ ਮੈਲੁ ਨ ਤਨ ਤੇ ਜਾਤਿ ॥
ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥
ਮਨ ਤੇ ਕਬਹੂ ਨ ਬਿਖਿਆ ਟਰੈ ॥
ਜਲਿ ਧੋਵੈ ਬਹੁ ਦੇਹ ਅਨੀਤਿ ॥
ਸੁਧ ਕਹਾ ਹੋਇ ਕਾਚੀ ਭੀਤਿ ॥
ਮਨ ਹਰਿ ਕੇ ਨਾਮ ਕੀ ਮਹਿਮਾ ਊਚ ॥
ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ ॥੩॥
ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥
ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ ॥
ਭੇਖ ਅਨੇਕ ਅਗਨਿ ਨਹੀ ਬੁਝੈ ॥
ਕੋਟਿ ਉਪਾਵ ਦਰਗਹ ਨਹੀ ਸਿਝੈ ॥
ਛੂਟਸਿ ਨਾਹੀ ਊਭ ਪਇਆਲਿ ॥
ਮੋਹਿ ਬਿਆਪਹਿ ਮਾਇਆ ਜਾਲਿ ॥
ਅਵਰ ਕਰਤੂਤਿ ਸਗਲੀ ਜਮੁ ਡਾਨੈ ॥
ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥
ਹਰਿ ਕਾ ਨਾਮੁ ਜਪਤ ਦੁਖੁ ਜਾਇ ॥
ਨਾਨਕ ਬੋਲੈ ਸਹਜਿ ਸੁਭਾਇ ॥੪॥
*(ਸੁਖਮਨੀ ਸਾਹਿਬ, ਪੰਨਾ ੨੬੫)*

ਇਸ ਤੋਂ ਆਦਿ ਬਾਣੀ ਵਿਚੋਂ ਹੋਰ ਭੀ ਬਹੁਤ ਸਾਰੇ ਸਾਨੂੰ ਉਦਾਹਰਣ ਮਿਲਦੇ ਹਨ, ਜਿਨ੍ਹਾਂ ਦੁਆਰੇ ਬੋਧ ਮਿਲਦਾ ਹੈ ਕਿ ਉਸ ਪਰਮੇਸ਼ਰ ਦੇ ਨਾਮ ਚਿੰਤਨ ਤੋਂ ਸੱਖਣੇ ਜਿਤਨੇ ਭੀ ਜਪ, ਤਪ, ਸੰਸਾਰ ਵਿਚ ਸਾਧਨ ਵੇਖੀਦੇ ਹਨ। ਉਹ ਮਨੁੱਖ ਨੂੰ ਇਸ ਸੰਸਾਰ ਦੇ ਆਵਾਗਵਨ ਤੋਂ ਛੁਟਕਾਰਾ ਨਹੀਂ ਦਿਵਾ ਸਕਦੇ, ਇਕ ਸਾਧਨ ਨਹੀਂ, ਭਾਵੇਂ ਕੋਈ ਲੱਖਾਂ ਹੀ ਸਾਧਨ ਕਰਦਾ ਰਵ੍ਹੇ। ਸੋ, ਮੈਂ ਭੀ ਇਨ੍ਹਾਂ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸੇ ਭਾਵ ਨੂੰ ਇਸ ਪਉੜੀ ਵਿਚ ਦਰਸਾਉਣ ਦਾ ਇਕ ਨਿਮਾਣਾ ਜਿਹਾ ਯਤਨ ਕੀਤਾ ਹੈ,

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਲੱਖਾਂ ਹੀ ਮਨੁੱਖ) ਲੱਖਾਂ ਜਪ, ਤਪ, ਲੱਖਾਂ ਸੰਜਮ ਤੇ ਹੋਮ, ਲੱਖਾਂ ਜੱਗ ਤੇ ਵਰਤ ਕਰਦੇ ਹਨ।
(੨) ਲੱਖਾਂ ਤੀਰਥ, ਲੱਖਾਂ ਜੋਗੀ, ਲੱਖਾਂ ਪੁਰੀਆਂ (ਕਾਂਸ਼ੀ ਮਥਰਾ ਆਦਿ) 'ਤੇ ਲੱਖਾਂ ਪੁਰਬ (ਕੁੰਭ) ਲਗਦੇ ਹਨ।
(੩) ਲੱਖਾਂ ਦੇਵੀਆਂ ਦੇ ਮੰਦਰ ਤੇ ਲੱਖਾਂ ਦੇਹੁਰਿਆਂ ਵਿਚ ਪੁਜਾਰੀ ਪੂਜਾ ਕਰਦੇ ਹਨ।
(੪) (ਲੱਖਾਂ) ਜਲਾਂ ਥਲਾਂ ਤੇ ਪ੍ਰਿਥਵੀ 'ਤੇ ਭੌਂਦੇ ਫਿਰਦੇ ਹਨ, ਕਈ ਲੱਖ ਕਰਮਾਂ ਧਰਮਾਂ ਦੇ ਫੇਰਾਂ ਵਿਚ ਫਿਰਦੇ ਹਨ।
(੫) ਲੱਖਾਂ ਪਹਾੜਾਂ, ਜੰਗਲਾਂ ਵਿਚ ਉਦਾਸੀ ਹੋ ਕੇ ਭੌਂ ਰਹੇ ਹਨ, (ਗ੍ਰਿਹਸਥ ਛੱਡ ਕੇ ਬਾਹਰ) ਭਟਕਦੇ ਫਿਰਦੇ ਹਨ।
(੬) (ਲੱਖਾਂ ਹੀ ਪੰਜ ਧੂਣੀਆਂ ਤਪ ਕੇ) ਅਗਨੀ ਵਿਚ ਸਰੀਰ ਸਾੜਦੇ ਹਨ ਤੇ ਲੱਖਾਂ ਹਿਮਾਲੀਆ ਪਰਬਤ ਵਿਚ ਜਾ ਕੇ ਗਲਦੇ ਹਨ।
(੭) (ਪਰ ਇਹ ਸਾਰੇ ਕਰਮ ਕਰਨ ਵਾਲੇ) ਗੁਰਸਿੱਖੀ ਦੇ ਅਨੰਦ ਨੂੰ ਤਿਲ-ਭਰ ਵੀ ਪ੍ਰਾਪਤ ਨਹੀਂ ਕਰਦੇ।੧੮।

***ਭਾਵਾਰਥ :*** ਪੁਰਾਤਨ ਇਤਿਹਾਸ ਪੜ੍ਹਨ ਤੋਂ ਜਾਣਕਾਰੀ ਮਿਲਦੀ ਹੈ ਕਿ ਉੱਕਤ ਸਾਧਨ ਕਰਨ ਵਾਲਿਆਂ ਵਿਖੇ ਹੰਕਾਰ ਅਤੇ ਕ੍ਰੋਧ ਵਧੇਰੇ ਉਪਜਦਾ ਰਿਹਾ ਹੈ, ਵੱਡੇ ਵੱਡੇ ਤਪੀਆਂ ਨੇ ਵੱਡੇ ਵੱਡੇ ਸਰਾਪ ਦਿਤੇ ਹਨ। ਪਰ ਗੁਰਸਿੱਖੀ ਵਿਖੇ ਨਿੰਮ੍ਰਤਾਈ ਵਧੇਰੇ ਅਪਨਾਈ ਗਈ ਹੈ। ਜੋ ਪਰਮੇਸ਼ਰ ਨੂੰ ਵਧੇਰੇ ਪਿਆਰੀ ਹੈ। ਇਸ ਲਈ ਗ਼ਰੀਬੀ ਦਾ ਕਰਮ ਕੀਤਾ ਹੋਇਆ ਭੀ ਤਿਲ-ਮਾਤ੍ਰ ਦਾ ਮਾਣ ਹੁੰਦਾ ਹੈ।

## ੧੯. ਮੋਹ ਦੀ ਫਾਹੀ ਪੂਰੇ ਗੁਰੂ ਤੋਂ ਬਿਨਾਂ ਨਹੀਂ ਟੁੱਟਦੀ

੧. ਚਾਰ ਵਰਣ ਕਰ ਵਰਤਿਆ
ਵਰਨ ਚਿਹਨ ਕਿਹੁ ਨਦਰ ਨ ਆਯਾ।
੨. ਛਿਅ ਦਰਸਨ ਭੇਖ ਧਾਰੀਆ
ਦਰਸਨ ਵਿਚ ਨ ਦਰਸਨ ਪਾਯਾ।
੩. ਸੰਨਿਆਸੀ ਦਸ ਨਾਵ ਧਰ
ਨਾਉ ਗਿਣਾਇ ਨ ਨਾਉ ਧਿਆਯਾ।
੪. ਰਾਵਲ ਬਾਰਹ ਪੰਥ ਕਰ
ਗੁਰਮੁਖ ਪੰਥ ਨ ਅਲਖ ਲਖਾਯਾ।
੫. ਬਹੁ ਰੂਪੀ ਬਹੁ ਰੂਪੀਏ
ਰੂਪ ਨ ਰੇਖ ਨ ਲੇਖ ਮਿਟਾਯਾ।
੬. ਮਿਲ ਮਿਲ ਚੱਲਦੇ ਸੰਗ ਲੱਖ
ਸਾਧੂ ਸੰਗ ਨ ਰੰਗ ਰੰਗਾਯਾ।
੭. ਵਿਣ ਗੁਰੁ ਪੂਰੇ ਮੋਹੇ ਮਾਯਾ॥੧੯॥

*ਪਦ ਅਰਥ :* ਵਰਨ ਚਿਹਨ—ਰੂਪ ਰੰਗ। ਰਾਵਲ—ਜੋਗੀ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਸਾਰੇ ਸੰਸਾਰ ਵਿਚ ਅਨੇਕਾਂ ਮੱਤ ਹਨ ਅਤੇ ਜੋਗੀਆਂ ਦੇ ਆਪਣੇ ਬਾਰਾਂ ਪੰਥ ਹਨ, ਹੋਰ ਭੀ ਅਨੇਕਾਂ ਆਪੋ ਆਪਣੀਆਂ ਮੰਡਲੀਆਂ ਬਣਾਈ ਫਿਰਦੇ ਹਨ, ਪਰ ਤੁਸੀਂ ਇਨ੍ਹਾਂ ਸਾਰੇ ਫ਼ਿਰਕਿਆਂ ਬਾਰੇ ਦੱਸਣ ਦੀ ਕਿਰਪਾ ਕਰੋਗੇ ਕਿ ਇਨ੍ਹਾਂ ਵਿਚੋਂ ਮਾਇਆ ਦੇ ਮੋਹ ਤੋਂ ਨਿਰਲੇਪ ਰਹਿ ਕੇ ਕੌਣ ਮੁਕਤੀ ਪ੍ਰਾਪਤ ਕਰਨ ਵਾਲਾ ਹੈ ?

ਉ: ਹੇ ਭਾਈਓ ! ਇਸ ਪੱਖ ਦੀ ਜਦੋਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁੱਛ ਕਰੀਏ ਤਾਂ ਆਪ ਜੀ ਵੱਲੋਂ ਇਹੋ ਬੋਧ ਮਿਲਦਾ ਹੈ ਕਿ ਹੇ ਸਜਨੋਂ ! ਇਸ ਸੰਸਾਰ ਵਿਚ ਜਿਤਨੇ ਭੀ ਛੋਟੇ ਵੱਡੇ ਜੀਅ ਵੇਖਦੇ ਹੋ ਇਹ ਸਾਰੇ ਦੇ ਸਾਰੇ ਇਸ ਮਾਇਆ ਨੇ ਭਰਮਾਏ ਹੋਏ ਹਨ, ਜਿਵੇਂ ਕਿ ਫ਼ੁਰਮਾਨ ਹੈ ਕਿ :

ਜਲ ਮਹਿ ਮੀਨ ਮਾਇਆ ਕੇ ਬੇਧੇ॥
ਦੀਪਕ ਪਤੰਗ ਮਾਇਆ ਕੇ ਛੇਦੇ॥
ਕਾਮ ਮਾਇਆ ਕੁੰਚਰ ਕਉ ਬਿਆਪੈ॥
ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੇ॥੧॥
ਮਾਇਆ ਐਸੀ ਮੋਹਨੀ ਭਾਈ॥
ਜੇਤੇ ਜੀਅ ਤੇਤੇ ਡਹਕਾਈ॥੧॥ਰਹਾਉ॥
ਪੰਖੀ ਮ੍ਰਿਗ ਮਾਇਆ ਮਹਿ ਰਾਤੇ॥
ਸਾਕਰ ਮਾਖੀ ਅਧਿਕ ਸੰਤਾਪੇ॥
ਤੁਰੇ ਉਸਟ ਮਾਇਆ ਮਹਿ ਭੇਲਾ॥
ਸਿਧ ਚਉਰਾਸੀਹ ਮਾਇਆ ਮਹਿ ਖੇਲਾ॥੨॥
ਛਿਅ ਜਤੀ ਮਾਇਆ ਕੇ ਬੰਦਾ॥
ਨਵੈ ਨਾਥ ਸੂਰਜ ਅਰੁ ਚੰਦਾ॥
ਤਪੇ ਰਖੀਸਰ ਮਾਇਆ ਮਹਿ ਸੂਤਾ॥
ਮਾਇਆ ਮਹਿ ਕਾਲੁ ਅਰੁ ਪੰਚ ਦੂਤਾ॥੩॥
ਸੁਆਨ ਸਿਆਲ ਮਾਇਆ ਮਹਿ ਰਾਤਾ॥
ਬੰਤਰ ਚੀਤੇ ਅਰੁ ਸਿੰਘਾਤਾ॥
ਮਾਂਜਾਰ ਗਾਡਰ ਅਰੁ ਲੂਬਰਾ॥
ਬਿਰਖ ਮੂਲ ਮਾਇਆ ਮਹਿ ਪਰਾ॥੪॥
ਮਾਇਆ ਅੰਤਰਿ ਭੀਨੇ ਦੇਵ॥
ਸਾਗਰ ਇੰਦ੍ਰਾ ਅਰੁ ਧਰਤੇਵ॥
ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ॥
ਤਬ ਛੂਟੇ ਜਬ ਸਾਧੂ ਪਾਇਆ॥੫॥੫॥੧੩॥
*(ਕਬੀਰ ਜੀ, ਪੰਨਾ ੧੧੬੦)*

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥
*(ਅਨੰਦੁ ਸਾਹਿਬ, ਪੰਨਾ ੯੨੧)*

ਮਾਇਆ ਅਗਨਿ ਜਲੈ ਸੰਸਾਰੇ॥
ਗੁਰਮੁਖਿ ਨਿਵਾਰੈ ਸਬਦਿ ਵੀਚਾਰੇ॥
*(ਮਾਰੂ, ਪੰਨਾ ੧੦੪੯)*

ਇਸ ਤਰ੍ਹਾਂ ਸਾਨੂੰ ਹੋਰ ਭੀ ਪ੍ਰਮਾਣ ਮਿਲਦੇ ਹਨ, ਜਿਨ੍ਹਾਂ ਵਿਚ ਮਾਇਆ ਦੀ ਪ੍ਰਬਲਤਾ ਵਿਖਾਈ ਹੈ ਕਿ ਇਸ ਮਾਇਆ ਨੇ ਆਦੀ ਦੇਵਤੇ ਭੀ ਕਾਬੂ ਕਰ ਲਏ ਹਨ, ਮੈਂ ਭੀ ਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਮਾਇਆ ਦੇ ਮੋਹ ਦਾ ਜ਼ਿਕਰ ਕੀਤਾ ਹੈ, ਪੂਰੇ ਗੁਰੂ ਦੀ ਕ੍ਰਿਪਾ ਦਾ ਸਦਕਾ ਹੀ ਇਸ ਤੋਂ ਬਚਾਉ ਦਾ ਸਾਧਨ ਹੈ।

(੧) (ਜਿਵੇਂ ਅਸੀਂ ਪ੍ਰਤੱਖ ਵੇਖਦੇ ਹਾਂ ਕਿ ਕੁਦਰਤ ਰੂਪ ਹੋ ਕੇ ਪ੍ਰਭੂ) ਚੌਹਾਂ ਵਰਨਾਂ ਵਿਚ ਵਰਤ ਰਿਹਾ ਹੈ, ਪਰ ਉਸਦਾ ਰੰਗ ਕਿਸੇ ਨੂੰ ਨਜ਼ਰ ਨਹੀਂ ਆਇਆ।

(੨) ਛੇ ਦਰਸ਼ਨਾਂ (ਮੱਤਾਂ) ਦੇ ਭੇਖ ਧਾਰੀਆਂ ਨੇ ਦਰਸ਼ਨਾਂ (ਮੱਤਾਂ) ਵਿਚ ਰਹਿੰਦਿਆਂ ਹੋਇਆਂ (ਪ੍ਰਭੂ) ਦੇ ਦਰਸ਼ਨ ਨਹੀਂ ਪਾਏ।

(੩) ਸੰਨਿਆਸੀਆਂ ਨੇ ਆਪਣੇ ਫ਼ਿਰਕਿਆਂ ਦੇ ਦਸ ਨਾਮ ਰਖੇ ਹਨ, ਉਹ ਵੀ ਆਪਣੇ ਫ਼ਿਰਕਿਆਂ ਦੇ ਨਾਂ ਹੀ ਗਿਣਾਉਂਦੇ ਰਹੇ, ਉਸ ਪ੍ਰਭੂ ਦਾ ਨਾਂ ਕਿਸੇ ਵੀ ਨਹੀਂ ਧਿਆਇਆ।

(੪) ਜੋਗੀਆਂ ਨੇ ਆਪਣੇ ਬਾਰਾਂ ਪੰਥ ਬਣਾਏ, ਪਰ ਗੁਰਮੁਖਾਂ ਦੇ ਅਲੱਖ ਮਾਰਗ ਨੂੰ ਕਿਸੇ ਨੇ ਭੀ ਨਹੀਂ ਜਾਣਿਆ।

(੫) ਬਹੁ-ਰੂਪੀਆਂ ਨੇ ਕਈ ਰੂਪ ਬਣਾਏ, ਪਰ ਉਨ੍ਹਾਂ ਨੇ ਵੀ ਅਕਾਲ ਪੁਰਖ ਦੇ ਰੂਪ-ਰੇਖ ਨੂੰ ਨਾ ਜਾਣਿਆ ਤੇ ਨਾ ਹੀ ਆਪਣੇ ਕਰਮਾਂ ਦੇ ਲੇਖ ਨੂੰ ਹੀ ਮਿਟਾਇਆ।

(੬) ਲੱਖਾਂ ਮੰਡਲੀਆਂ ਬਣਾ ਕੇ ਤੁਰੇ ਫਿਰਦੇ ਹਨ, ਪਰ ਉਨ੍ਹਾਂ ਨੇ ਸਾਧ ਸੰਗਤ ਵਿਚ ਮਿਲ ਕੇ ਆਪਣੇ ਆਪ ਨੂੰ ਰੰਗਿਆ ਨਹੀਂ।

(੭) ਪੂਰੇ ਸਤਿਗੁਰੂ ਦੇ ਮਿਲਾਪ ਤੋਂ ਬਿਨਾਂ ਸਭ ਮੋਹ ਮਾਇਆ ਵਿਚ ਮੋਹੇ ਹੋਏ ਹਨ। (ਕੋਈ ਭੀ ਮੁਕਤ ਨਹੀਂ ਹੈ)।੧੯।

## ੨੦. ਗੁਰਮੱਤ ਅਨੁਸਾਰ ਚੱਲਣ ਵਾਲੇ ਬੰਦੇ ਵਿਰਲੇ ਹਨ

**੧. ਕਿਰਸਾਣੀ ਕਿਰਸਾਣ ਕਰ**
**ਖੇਤ ਬੀਜ ਸੁਖ ਫਲ ਨ ਲਹੰਦੇ।**
**੨. ਵਣਜ ਕਰਨ ਵਾਪਾਰੀਏ**
**ਲੈ ਲਾਹਾ ਨਿਜ ਘਰ ਨ ਵਸੰਦੇ।**
**੩. ਚਾਕਰ ਕਰ ਕਰ ਚਾਕਰੀ**
**ਹਉਮੈ ਮਾਰ ਨ ਸੁਲ੍ਹਾ ਕਰੰਦੇ।**
**੪. ਪੁੰਨ ਦਾਨ ਚੰਗਿਆਈਆਂ**
**ਕਰ ਕਰ ਕਰਤਬ ਥਿਰ ਨ ਰਹੰਦੇ।**
**੫. ਰਾਜੇ ਪਰਜੇ ਹੋਇਕੇ**
**ਕਰ ਕਰ ਵਾਦ ਨ ਪਾਰ ਪਵੰਦੇ।**
**੬. ਗੁਰਸਿਖ ਸੁਣ ਗੁਰੁਸਿਖ ਹੋਇ**
**ਸਾਧ ਸੰਗਤ ਕਰ ਮੇਲ ਮਿਲੰਦੇ।**
**੭. ਗੁਰਮਤਿ ਚੱਲਦੇ ਵਿਰਲੇ ਬੰਦੇ ॥੨੦॥**

***ਪਦ ਅਰਥ :*** ਕਿਰਸਾਣੀ—ਜ਼ਿਮੀਂਦਾਰੀ। ਵਣਜ—ਵਪਾਰ। ਚਾਕਰ—ਨੌਕਰ। ਵਾਦ—ਲੜਾਈ, ਝਗੜੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਦੋਂ ਸੰਸਾਰ ਭਰ ਦੇ ਹਜ਼ਾਰਾਂ ਧਾਰਮਕ ਮੰਦਰਾਂ ਵਿਚ ਲੱਖਾਂ ਲੋਕਾਂ ਦਾ ਹਮੇਸ਼ਾਂ ਹੀ ਇਕੱਠ ਵੇਖਦੇ ਹਾਂ ਤਾਂ ਉਨ੍ਹਾਂ ਇਕੱਤ੍ਰਤਾਵਾਂ ਵਿਚ ਕਈ ਲੋਕ ਉਹ ਭੀ ਵੇਖਣ ਵਿਚ ਆਉਂਦੇ ਹਨ, ਜਿਨ੍ਹਾਂ ਨੂੰ ਗੁਰੂ ਦਾ ਉਪਦੇਸ਼ ਹਰ ਰੋਜ਼ ਸੁਣਦਿਆਂ ਚਾਲ੍ਹੀ ਚਾਲ੍ਹੀ ਸਾਲ ਗੁਜ਼ਰ ਗਏ ਹਨ, ਪਰ ਜਦੋਂ ਉਨ੍ਹਾਂ ਲੋਕਾਂ ਦੇ ਨੇੜੇ ਹੋ ਕੇ ਉਨ੍ਹਾਂ ਦੀ ਜੀਵਨ ਸ਼ੈਲੀ ਵੱਲ ਨਜ਼ਰ ਮਾਰਦੇ ਹਾਂ ਤਾਂ ਇਉਂ ਹੀ ਅਨੁਭਵ ਹੁੰਦਾ ਹੈ ਕਿ ਉਨ੍ਹਾਂ ਦੇ ਆਦੀ ਸੁਭਾਵਾਂ ਵਿਚ ਕੋਈ ਬਦਲ ਨਹੀਂ ਆਈ ਭਾਵ ਉਨ੍ਹਾਂ ਨੇ ਗੁਰਮਤ ਨੂੰ ਸੁਣ ਕੇ ਉਸ ਗੁਰੂ ਦੇ ਉਪਦੇਸ਼ ਨੂੰ ਧਾਰਨ ਨਹੀਂ ਕੀਤਾ, ਕਿਉਂ ਜੀ ! ਦਸੋਗੇ ਕਿ ਇਸ ਦਾ ਸਹੀ ਕਾਰਨ ਕੀ ਹੈ ?

ਉ: ਹੇ ਭਾਈਓ ! ਜੇ ਕਦੀ ਅਸੀਂ ਅਜਿਹੇ ਲੋਕਾਂ ਨੂੰ ਗਹਿਰੀਆਂ ਨਜ਼ਰਾਂ ਨਾਲ ਤੱਕਾਂਗੇ ਤਾਂ ਇਉਂ ਹੀ ਸੋਝੀ ਮਿਲੇਗੀ ਕਿ ਉਨ੍ਹਾਂ ਲੋਕਾਂ ਨੇ ਇਤਨਾ ਲੰਮਾ ਸਮਾਂ ਸੰਗਤ ਵਿਚ ਆਉਣ ਦਾ ਨਜ਼ਰੀਆ ਇਹ ਨਹੀਂ ਰਖਿਆ ਕਿ ਅਸੀਂ ਆਪਣੇ ਆਪ ਨੂੰ ਬਦਲਣਾ ਹੈ, ਉਨ੍ਹਾਂ ਨੇ ਤਾਂ ਇਕ ਰਸਮ ਪੂਰੀ ਕਰਨ ਦੀ ਹੀ ਭਾਵਨਾ ਧਾਰਨ ਕੀਤੀ ਹੈ ਕਿ ਲੋਕੀ ਮੈਨੂੰ ਹਰ ਰੋਜ਼ ਸੰਗਤ ਵਿਚ ਆਉਣ ਵਾਲਾ ਪ੍ਰੇਮੀ, ਸਤਿਸੰਗੀ, ਗੁਰਮਤੀਆ ਸਮਝਣ, ਜਿਨ੍ਹਾਂ ਦੀ ਇੱਛਾ ਹੀ ਕੇਵਲ ਇਹ ਲੋਕ-ਲਾਜ ਪਾਲਣ ਦੀ ਹੈ, ਉਨ੍ਹਾਂ ਦੇ ਆਦੀ ਸੁਭਾਉ ਵਿਚ ਤਾਂ ਬਦਲ ਆਉਣੀ ਮੁਸ਼ਕਲ ਹੀ ਨਹੀਂ, ਸਗੋਂ ਬਹੁਤ ਹੀ ਕਠਨ ਹੈ, ਪਰ ਗੁਰਮੱਤ ਨੂੰ ਧਾਰਨ ਕਰਨ ਲਈ ਤਾਂ ਪਹਿਲੇ ਕੁਝ ਨਿਯਮ ਦੇ ਧਾਰਨੀ ਹੋਣਾ ਪੈਂਦਾ ਹੈ, ਉਹ ਨਿਯਮ ਹਰ ਮਨੁੱਖ-ਮਾਤ੍ਰ ਲਈ ਸਾਨੂੰ ਗੁਰੂ ਦੀ ਬਾਣੀ ਵਿਚੋਂ ਮਿਲਦਾ ਹੈ, ਜਿਵੇਂ ਕਿ :

ਗੁਰ ਕੀ ਮਤਿ ਤੂੰ ਲੇਹਿ ਇਆਨੇ॥
ਭਗਤਿ ਬਿਨਾ ਬਹੁ ਡੂਬੇ ਸਿਆਨੇ॥

*(ਸੁਖਮਨੀ, ਪੰਨਾ ੨੮੮)*

ਭਾਵ ਹੈ ਕਿ, ਹੇ ਅਨਜਾਣ ! ਤੂੰ ਪਹਿਲੋਂ ਗੁਰਮਤ ਦਾ ਧਾਰਨੀ ਬਣ, ਕਿਉਂਕਿ ਆਪਣੇ ਆਪ ਨੂੰ ਵੱਡੇ ਵੱਡੇ ਸਿਆਣੇ ਕਹਾਉਣ ਵਾਲੇ ਭੀ ਇਸ ਸੰਸਾਰ ਵਿਚ ਹੀ ਡੁੱਬ ਗਏ ਜੋ ਭਗਤੀ ਕਰਨ ਵੱਲੋਂ ਸੱਖਣੇ ਸਨ।

ਪਰ, ਗੁਰੂ ਦੀ ਮੱਤ ਧਾਰਨ ਕਰਨ ਲਈ ਭੀ ਇਕ ਖ਼ਾਸ ਨਿਯਮ ਹੈ ਜਿਸਦੇ ਧਾਰਨੀ ਹੋਣਾ ਭੀ ਅਤਿ ਜ਼ਰੂਰੀ ਹੈ, ਉਹ ਇਹ ਹੈ ਕਿ :

ਮਨ ਕੀ ਮਤਿ ਤਿਆਗੀਐ
ਸੁਣੀਐ ਉਪਦੇਸੁ ॥੧॥ਰਹਾਉ॥

*(ਬਿਲਾਵਲੁ ਮਹਲਾ ੫, ਪੰਨਾ ੮੧੪)*

ਮਨ ਕੀ ਮਤਿ ਤਿਆਗਹੁ ਹਰਿ ਜਨ
ਏਹਾ ਬਾਤ ਕਠੈਨੀ ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ
ਗੁਰ ਸਤਿਗੁਰ ਕੀ ਮਤਿ ਲੈਨੀ ॥੩॥

*(ਬਿਲਾਵਲੁ ਮਹਲਾ ੪, ਪੰਨਾ ੮੦੦)*

ਭਾਵ ਹੈ ਕਿ ਹੇ ਗੁਰੂ ਦੇ ਉਪਦੇਸ਼ ਨੂੰ ਸੁਣਨ ਵਾਲੇ ਹਰੀ ਦੇ ਜਨੋ, ਗੁਰੂ ਦੀ ਮੱਤ ਨੂੰ ਸੁਣਨ ਲਈ ਇਹ ਜ਼ਰੂਰੀ ਸੰਕੇਤ ਹੈ ਕਿ ਤੁਸੀਂ ਪਹਿਲੀ ਜੋ ਤੁਹਾਡੀ ਮਨ ਦੀ ਮੱਤ ਹੈ ਇਸਦਾ ਤਿਆਗ ਕਰੋ, ਇਹ ਗੱਲ ਭਾਵੇਂ ਬੜੀ ਔਖੀ ਹੈ, ਪਰ ਇਸ ਦੀ ਧਾਰਨਾ ਤੋਂ ਸੱਖਣੇ ਤੁਸੀਂ ਗੁਰੂ ਦੀ ਮੱਤ ਨੂੰ ਅੰਤਰ-ਆਤਮੇ ਧਾਰਨ ਨਹੀਂ ਕਰ ਸਕੋਗੇ, ਕਿਉਂਕਿ ਇਹ ਗੁਰਬਾਣੀ ਦਾ ਸੰਕੇਤ ਹੈ ਕਿ :

ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥

*(ਮ: ੨, ਪੰਨਾ ੪੭੪)*

ਭਾਵ ਹੈ, ਜੇ ਕਿਸੇ ਭਾਂਡੇ ਵਿਚ ਗਲੀਜ਼ ਵਸਤੂ ਪਈ ਹੈ ਜਿਤਨਾ ਚਿਰ ਉਸਨੂੰ ਬਾਹਰ ਨਹੀਂ ਕੱਢਿਆ ਜਾਂਦਾ ਉਤਨਾ ਚਿਰ ਉਸਦੇ ਅੰਦਰ ਚੰਗਾ ਪਦਾਰਥ ਨਹੀਂ ਪਾਇਆ ਜਾ ਸਕਦਾ। ਇਸ ਲਈ ਅਸੀਂ ਸੁਣਨ ਵਾਲੇ ਸ੍ਰੋਤੇ ਬਹੁਤ ਹਾਂ ਪਰ ਸੁਣ ਕੇ ਧਾਰਨ ਕਰਨ ਵਾਲੇ ਬੰਦੇ ਬਹੁਤ ਥੋੜੇ ਹਨ, ਉਨ੍ਹਾਂ ਬਾਰੇ ਹੀ ਕਿਹਾ ਗਿਆ ਹੈ ਕਿ (ਕੋਟਨ ਮੈ ਨਾਨਕ ਕੋਊ)। ਸੋ, ਮੈਂ ਭੀ ਉਪ੍ਰੋਕਤ ਗੁਰਬਾਣੀ ਦੇ ਭਾਵਾਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਜ਼ਿਮੀਦਾਰ ਖੇਤੀਬਾੜੀ ਕਰਦੇ ਹਨ, ਉਹ ਖੇਤ ਵਿਚ ਬੀਜ ਬੀਜਦੇ ਹੋਏ ਆਤਮਕ ਸੁਖ ਨਹੀਂ ਲੈਂਦੇ।
(੨) ਵਪਾਰੀ ਲੋਕ ਵਪਾਰ ਕਰ ਕੇ ਨਫ਼ਾ ਖਟਦੇ ਹਨ, ਪਰ ਆਪਣੇ ਸਰੂਪ ਵਿਚ ਉਹ ਭੀ ਨਹੀਂ ਵੱਸਦੇ।
(੩) ਨੌਕਰ ਨੌਕਰੀ ਕਰਕੇ ਆਪਣੀ ਹਉਮੈ ਨੂੰ ਮਾਰ ਕੇ (ਪ੍ਰਭੂ ਨਾਲ) ਸੁਲ੍ਹਾ (ਮੇਲ) ਨਹੀਂ ਕਰਦੇ।
(੪) ਪੁੰਨ ਦਾਨ ਤੇ ਹੋਰ ਭਲਿਆਈਆਂ ਦੇ ਕਰਤਵ ਕਰਨਹਾਰੇ ਅਚੱਲ ਹੋ ਕੇ ਨਹੀਂ ਰਹਿੰਦੇ।
(੫) ਰਾਜੇ ਤੇ ਰਈਅਤ ਹੋ ਕੇ ਲੋਕ ਲੜਾਈਆਂ ਝਗੜਿਆਂ ਵਿਚ ਪਏ ਰਹਿੰਦੇ ਹਨ ਪਰ (ਸੰਸਾਰ ਸਾਗਰ ਤੋਂ) ਪਾਰ ਨਹੀਂ ਹੁੰਦੇ।
(੬) ਜਿਹੜੇ ਪੁਰਸ਼ ਗੁਰੂ ਦੀ ਸਿਖਿਆ ਸੁਣ ਕੇ ਗੁਰਸਿਖ ਬਣਦੇ ਹਨ, ਉਹ ਸਾਧ ਸੰਗਤ ਵਿਚ ਮਿਲ ਕੇ (ਵਾਹਿਗੁਰੂ ਨਾਲ) ਮਿਲਦੇ ਹਨ।
(੭) ਉਹ ਐਸੇ ਵਿਰਲੇ ਹੀ ਬੰਦੇ ਹਨ, ਜੋ ਗੁਰੂ ਦੀ ਸਿਖਿਆ 'ਤੇ ਚਲਦੇ ਹਨ। (ਨਹੀਂ ਤਾਂ ਬਹੁਤੇ ਆਪਣੀ ਮਨ ਮੱਤ ਹੀ ਕਰਦੇ ਹਨ)।੨੦।

***ਭਾਵਾਰਥ :*** ਜਿਵੇਂ ਚੰਗੇ ਬੀਜ ਨੂੰ ਪ੍ਰਫੁਲਤ ਹੋਣ ਲਈ ਚੰਗੀ ਧਰਤੀ ਚਾਹੀਦੀ ਹੈ, ਇਸੇ ਤਰ੍ਹਾਂ ਗੁਰੂ ਦੇ ਉਪਦੇਸ਼-ਰੂਪੀ ਚੰਗੇ ਬੀਜ ਨੂੰ ਹਿਰਦੇ ਦੀ ਧਰਤੀ ਨਿਰਮਲ ਤੇ ਪਵਿੱਤ੍ਰ ਚਾਹੀਦੀ ਹੈ, ਗੁਰੂ ਦਾ ਉਪਦੇਸ਼ ਉਸੇ ਅੰਤਰ-ਆਤਮਾ ਵਿਚ ਪ੍ਰਫੁੱਲਤ ਹੁੰਦਾ ਹੈ, ਨਹੀਂ ਤਾਂ :

ਕਬੀਰ ਸਾਚਾ ਸਤਿਗੁਰੁ ਕਿਆ ਕਰੈ
ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ
ਜਿਉ ਬਾਂਸੁ ਬਜਾਈਐ ਫੂਕ ॥੧੫੮॥

*(ਸਲੋਕ ਕਬੀਰ ਜੀ, ਪੰਨਾ ੧੩੭੨)*

## ੨੧. ਬਿਨਾਂ ਗੁਰੂ ਦੀ ਸਿੱਖੀ ਤੋਂ ਸੁਖ ਨਹੀਂ

**੧. ਗੁੰਗਾ ਗਾਵ ਨ ਜਾਣਈ
ਬੋਲਾ ਸੁਣੈ ਨ ਅੰਦਰ ਆਣੈ।
੨. ਅੰਨ੍ਹੈ ਦਿੱਸ ਨ ਆਵਈ
ਰਾਤ ਹਨ੍ਹੇਰੀ ਘਰ ਨ ਸਿਞਾਣੈ।
੩. ਚੱਲ ਨ ਸੱਕੈ ਪਿੰਗੁਲਾ
ਲੂਲ੍ਹਾ ਗਲ ਮਿਲ ਹੇਤ ਨ ਜਾਣੈ।
੪. ਸੰਢ ਸੁਪੁੱਤੀ ਨਾ ਥੀਐ
ਖੁਸਰੈ ਨਾਲ ਨ ਰਲੀਆ ਮਾਣੈ।
੫. ਜਣ ਜਣ ਪੁੱਤਾਂ ਮਾਈਆਂ
ਲਾਡਲੇ ਨਾਵ ਧਰੇਨਿ ਧਿਙਾਣੈ।
੬. ਗੁਰਸਿੱਖੀ ਸਤਿਗੁਰੂ ਵਿਣ
ਸੂਰਜ ਜੋਤਿ ਨ ਹੋਇ ਟਟਾਣੈ।
੭. ਸਾਧ ਸੰਗਤਿ ਗੁਰ ਸ਼ਬਦ ਵਖਾਣੈ ॥੨੧॥**

***ਪਦ ਅਰਥ :*** ਲਾਡਲੇ—ਚੰਗੇ ਨਾਉਂ। ਟਟਾਣੈ—ਟਟਹਿਣਾ।

***ਅਰਥ :***

ਪ੍ਰ: ਕਿਉਂ ਭਾਈ ਸਾਹਿਬ ਜੀਉ ! ਦਸੋਗੇ ਕਿ ਗੁਰੂ ਦੇ ਸ਼ਬਦ ਨੂੰ ਜਪਦੇ ਰਹਿਣ ਦਾ ਸਹੀ ਤਰੀਕਾ ਕਿਹੜਾ ਹੈ, ਕਿਉਂਕਿ ਬਹੁਤ ਲੋਕ ਹਨ ਜੋ ਆਪੋ ਆਪਣੀ ਪੂਜਾ ਕਰਵਾਉਣ ਲਈ ਵੱਖੋ ਵੱਖ ਢੰਗ ਦਰਸਾਉਂਦੇ ਹਨ ਪਰ ਆਪ ਦਸੋ ਕਿ ਗੁਰਮਤ ਅਨੁਸਾਰ ਸ਼ਬਦ ਦੇ ਜਾਪ ਜਪਣ ਦਾ ਕਿਹੜਾ ਢੰਗ ਹੈ ਤਾਕਿ ਅਸੀਂ ਭੀ ਉਸੇ ਸਾਧਨ ਨੂੰ ਅਪਨਾਈਏ ?

ਉ: ਹੇ ਭਾਈਓ ! ਮੈਨੂੰ ਤਾਂ ਗੁਰਬਾਣੀ ਦੁਆਰੇ ਇਹੋ ਬੋਧ ਮਿਲਿਆ ਹੈ ਕਿ ਸਾਧ ਸੰਗਤ ਦੁਆਰੇ ਹੀ ਗੁਰੂ ਦੇ ਸ਼ਬਦ ਦਾ ਸਹੀ ਜਾਪ ਜਪਿਆ ਜਾਂਦਾ ਹੈ, ਸੰਗਤ ਤੋਂ ਵੱਖਰੇ ਲੋਕਾਂ ਦੇ ਢੰਗ ਤਾਂ ਇਉਂ ਹੀ ਜਾਣੋ, ਜਿਵੇਂ ਕਿ ਮੈਂ ਗੁਰਬਾਣੀ ਦੀ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉਲੀਕੀਆਂ ਹਨ।

(੧) (ਜਿਵੇਂ ਕਿ ਅਸੀਂ ਪ੍ਰਤੱਖ ਹੀ ਤੱਕਦੇ ਹਾਂ ਕਿ) ਗੁੰਗਾ ਗਾਉਣਾ ਨਹੀਂ ਜਾਣਦਾ ਤੇ ਬੋਲਾ ਸੁਣ ਨਹੀਂ ਸਕਦਾ।

(੨) (ਤੇ ਜਿਵੇਂ) ਅੰਨ੍ਹਾ ਵੇਖ ਨਹੀਂ ਸਕਦਾ ਤੇ (ਜਿਵੇਂ) ਅਨ੍ਹੇਰੀ ਰਾਤ ਵਿਚ ਆਪਣੇ ਘਰ ਦੀ ਸਿਆਣ ਨਹੀਂ ਹੁੰਦੀ।

(੩) (ਜਿਵੇਂ) ਪਿੰਗਲਾ ਤੁਰ ਫਿਰ ਨਹੀਂ ਸਕਦਾ ਤੇ ਲੂਲ੍ਹਾ ਗਲ ਨਾਲ ਮਿਲਣ ਦੇ ਪਿਆਰ ਨੂੰ ਨਹੀਂ ਜਾਣਦਾ।

(੪) ਜਿਵੇਂ ਬਾਂਝ-ਇਸਤ੍ਰੀ ਪੁੱਤਰ ਨਹੀਂ ਜੰਮਦੀ ਤੇ ਖੁਸਰੇ ਨਾਲ ਕੋਈ (ਇਸਤ੍ਰੀ) ਰੰਗ ਰਲੀਆਂ ਨਹੀਂ ਮਾਣ ਸਕਦੀ।

(੫) ਪੁੱਤ੍ਰ ਜੰਮ ਜੰਮ ਕੇ ਮਾਵਾਂ ਉਨ੍ਹਾਂ ਦੇ ਲਾਡ ਨਾਲ ਚੰਗੇ ਚੰਗੇ ਨਾਂ ਧਰਦੀਆਂ ਹਨ।

(੬) ਗੁਰਸਿੱਖੀ ਤੇ ਸਤਿਗੁਰ ਤੋਂ ਬਿਨਾਂ ਉਹ ਇਸ ਤਰ੍ਹਾਂ ਹਨ, ਜਿਵੇਂ ਸੂਰਜ ਦੇ ਪ੍ਰਕਾਸ਼ ਸਾਹਮਣੇ ਟਟਹਿਣੇ ਦੀ ਕੋਈ ਹਸਤੀ ਨਹੀਂ ਹੁੰਦੀ।

(੭) ਸਾਧ ਸੰਗਤ ਦੁਆਰਾ ਹੀ ਗੁਰੂ ਦਾ ਸ਼ਬਦ ਜਪਿਆ ਜਾਂਦਾ ਹੈ।੨੧।

ਭਾਵ ਹੈ ਕਿ ਗੁਰਸਿੱਖੀ ਤੋਂ ਬਿਨਾਂ ਕੋਈ ਆਤਮਿਕ ਰਸ ਨਹੀਂ ਮਾਣ ਸਕਦਾ।

(ਇਸ ਉਪ੍ਰੋਕਤ ਪਉੜੀ ਦਾ ਅੰਤ੍ਰੀਵ-ਭਾਵ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਹੇਠ ਲਿਖੇ ਅਨੁਸਾਰ ਅੰਕਤ ਕਰਦੇ ਹਨ):

(੧) (ਪ੍ਰੇਮ ਰੂਪੀ ਜੀਭ ਤੋਂ ਬਿਨਾਂ) ਗੁੰਗਾ ਗਾਉਣਾ ਨਹੀਂ ਜਾਣਦਾ, (ਨਿਸਚੇ ਰੂਪੀ ਕੰਨਾਂ ਤੋਂ ਬਾਝ) ਬੋਲਾ (ਹਰਿ ਜਸ ਨੂੰ) ਸੁਣ ਨਹੀਂ ਸਕਦਾ, ਨਾਹੀ ਅੰਦਰ ਆਣੈ (ਭਾਵ ਧਾਰਨ ਕਰ ਸਕਦਾ ਹੈ)।

(੨) (ਵਿਚਾਰ ਰੂਪੀ ਅੱਖਾਂ ਤੋਂ ਬਾਝ) ਅੰਨ੍ਹੇ ਨੂੰ ਦਿਸਦਾ ਨਹੀਂ, ਰਾਤ ਹਨੇਰੀ (ਅਵਿਦਿਆ ਦੀ ਬਹੁਲਤਾ ਵਿਖੇ ਆਪਣਾ ਸਰੂਪ ਰੂਪੀ) ਘਰ ਨਹੀਂ ਪਛਾਣਦਾ।

(੩) ਪਿੰਗਲਾ (ਭੈ-ਰੂਪੀ ਪੈਰਾਂ ਤੋਂ ਬਾਝ) ਚੱਲ ਨਹੀਂ ਸਕਦਾ (ਉਪਕਾਰ ਰੂਪੀ) ਹੱਥਾਂ ਬਾਝ ਲੂਲ੍ਹਾ ਟੁੰਡਾ ਗਲ ਮਿਲਣ ਦਾ ਅਨੰਦ ਨਹੀਂ ਮਾਣਦਾ।

(੪) ਸੰਢ (ਅਨੀਸ੍ਵਰ ਵਾਦੀ ਜਗਯਾਸੂ ਰੂਪੀ ਇਸਤ੍ਰੀ) ਸਪੁੱਤ੍ਰੀ (ਗਿਆਨ) ਪੁੱਤ੍ਰ ਵਾਲੀ ਨਹੀਂ ਹੁੰਦੀ (ਝੂਠੇ ਗੁਰੂ) ਨਾਲ (ਜਗਯਾਸੂ ਰੂਪ ਤੀਵੀਂ) ਅਨੰਦ ਨਹੀਂ ਮਾਣ ਸਕਦੀ।

(੫) ਮਾਵਾਂ ਨੇ ਪੁੱਤ੍ਰ ਜਣ ਜਣ ਕੇ ਲਾਡਾਂ ਨਾਲ ਬਦੋ ਬਦੀ (ਚੰਗੇ) ਨਾਮ ਧਰ ਦਿਤੇ ਹਨ (ਭਾਵ ਚੰਗੇ ਨਾਵਾਂ ਨਾਲ ਕੋਈ ਸੱਚ ਮੁੱਚ ਚੰਗਾ ਨਹੀਂ ਹੋ ਸਕਦਾ)।

(੬) ਸਤਿਗੁਰੂ ਤੋਂ ਬਿਨਾਂ ਗੁਰਸਿੱਖੀ ਨਹੀਂ ਮਿਲ ਸਕਦੀ ਟਟਹਿਣਿਆਂ (ਦਾ ਚਾਨਣ) ਸੂਰਜ ਦੀ ਜੋਤੀ ਨੂੰ ਨਹੀਂ ਪਹੁੰਚ ਸਕਦਾ।

(੭) ਸਾਧ ਸੰਗਤ ਗੁਰੂ ਦਾ ਸ਼ਬਦ ਕਮਾਏ (ਬਿਨਾਂ ਨਹੀਂ ਹੋ ਸਕਦੀ)।੨੧।

ਭਾਵ, ਇਸ ਵਿਚ ਝੂਠੇ ਗੁਰੂ ਦਾ ਅਲੰਕਾਰ ਬੱਧਾ ਹੈ, ਕਿ ਉਹ ਦੈਵੀ ਗੁਣ, ਪ੍ਰੇਮ, ਨਿਸਚਾ, ਵਿਚਾਰ, ਦੈਵੀ ਭੈ, ਉਪਕਾਰ, ਨਾਸਤਕਤਾ ਅਗਯਾਨ ਦੇ ਕਾਰਨ ਆਪ ਅਫਲ ਹੈ ਤੇ ਕਿਸੇ ਨੂੰ ਸਫਲ ਨਹੀਂ ਕਰ ਸਕਦਾ। ਸੱਚੇ ਗੁਰੂ ਰੂਪ ਸੂਰਜ ਦੇ ਸਾਹਮਣੇ ਉਹ ਟਟਹਿਣਾ ਹੈ, ਇਸ ਲਈ ਉਹ ਕੁਝ ਨਹੀਂ ਕਰ ਸਕਦਾ, ਤਾਂ ਤੇ ਗੁਰੂ ਦੀ ਸ਼ਰਨ ਪ੍ਰਾਪਤ ਕਰਨੀ ਹੀ ਲਾਭਦਾਇਕ ਹੈ।

## ੨੨. ਗੁਰਸਿੱਖੀ ਸਭ ਕਰਮਾਂ ਨਾਲੋਂ ਸ੍ਰੇਸ਼ਟ ਹੈ

**੧. ਲੱਖ ਧਿਆਨ ਸਮਾਧਿ ਲਾਇ**
**ਗੁਰਮੁਖ ਰੂਪ ਨ ਅੱਪੜ ਸੱਕੈ।**
**੨. ਲੱਖ ਗਿਆਨ ਵਖਾਣ ਕਰ**
**ਸ਼ਬਦ ਸੁਰਤ ਓਡਾਰੀ ਥੱਕੈ।**

**੩. ਬੁਧਿ ਬਲ ਬਚਨ ਬਿਬੇਕ ਲੱਖ**
**ਢਹਿ ਢਹਿ ਪਵਨ ਪਿਰਮ ਦਰ ਧੱਕੈ।**
**੪. ਜੋਗ ਭੋਗ ਬੈਰਾਗ ਲੱਖ**
**ਸਹਿ ਨ ਸਕਹਿਂ ਗੁਣ ਵਾਸ ਮਹੱਕੈ।**
**੫. ਲੱਖ ਅਚਰਜ ਅਚਰਜ ਹੋਇ**
**ਅਬਿਗਤ ਗਤ ਅਬਿਗਤ ਵਿਚ ਅੱਕੈ।**
**੬. ਵਿਸਮਾਦੀ ਵਿਸਮਾਦ ਲੱਖ**
**ਅਕਥ ਕਥਾ ਵਿੱਚ ਸਹਿਮ ਸਹੱਕੈ।**
**੭. ਗੁਰ ਸਿੱਖੀ ਦੇ ਅੱਖ ਫਰੱਕੈ ॥੨੨॥੨੮॥**

***ਪਦ ਅਰਥ :*** ਵਖਾਣ—ਵਖਿਆਨ, ਭਾਸ਼ਨ। ਅੱਕੈ—ਅੱਕ ਜਾਂਦੇ ਹਨ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਸਨਾਤਨ ਪੁਸਤਕਾਂ ਵਿਚ ਲਿਖੇ ਅਨੁਸਾਰ ਲੱਖਾਂ ਹੀ ਲੋਕ ਗਿਆਨ, ਧਿਆਨ, ਜਪ, ਤਪ ਕਰਦੇ ਵੇਖੀਦੇ ਹਨ, ਪਰ ਗੁਰਸਿੱਖੀ ਤੇ ਉਨ੍ਹਾਂ ਕਰਮਾਂ ਵਿਚ ਆਪ ਜੀ ਕੀ ਅੰਤਰਾ ਅਨੁਭਵ ਕਰਦੇ ਹੋ ?

ਉ: ਹੇ ਭਾਈਓ ! ਮੈਂ ਤਾਂ ਜਦੋਂ ਗੁਰਬਾਣੀ ਦੀ ਰੌਸ਼ਨੀ ਵਿਚ ਤੱਕਦਾ ਹਾਂ ਤਾਂ ਗੁਰਸਿੱਖੀ ਦੇ ਮੁਕਾਬਲੇ ਵਿਚ ਇਹ ਸਾਰੇ ਹੀ ਗਿਆਨ, ਧਿਆਨ; ਜਪ, ਤਪ ਆਦਿ ਸਾਧਨ ਤੁੱਛ-ਮਾਤ੍ਰ ਪ੍ਰਤੀਤ ਹੁੰਦੇ ਹਨ, ਇਸ ਭਾਵ ਨੂੰ ਬਾਣੀ ਵਿਚ ਭੀ ਦਰਸਾਇਆ ਗਿਆ ਹੈ, ਜਿਵੇਂ ਕਿ :

ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥
ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥
ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥
ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ ॥
ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥
ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ ॥੨॥
*(ਆਸਾ ਦੀ ਵਾਰ, ਪੰਨਾ ੪੬੭)*

ਬਿਨੁ ਗੁਰ ਦਾਤੇ ਕੋਇ ਨ ਪਾਏ ॥
ਲਖ ਕੋਟੀ ਜੇ ਕਰਮ ਕਮਾਏ ॥
*(ਮਾਰੂ ਮ: ੩, ਪੰਨਾ ੧੦੫੭)*

ਇਸ ਤੋਂ ਆਦਿ ਬਾਣੀ ਵਿਚੋਂ ਹੋਰ ਭੀ ਪ੍ਰਮਾਣ ਮਿਲਦੇ ਹਨ, ਜਿਨ੍ਹਾਂ ਤੋਂ ਬੋਧ ਮਿਲਦਾ ਹੈ ਕਿ ਗੁਰਸਿੱਖੀ ਦੀ ਧਾਰਨਾ ਦੁਆਰੇ ਜੋ ਨਾਮ ਦਾ ਚਿੰਤਨ ਕਰਨਾ ਹੈ, ਇਸ ਦੇ ਮੁਕਾਬਲੇ ਵਿਚ ਲੱਖਾਂ ਹੀ ਕਰਮ ਧਰਮ ਨਹੀਂ ਮੰਨੇ ਜਾ ਸਕਦੇ। ਸੋ, ਮੈਂ ਭੀ ਬਾਣੀ ਦੀ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਵਿਚ ਇਸੇ ਭਾਵ ਨੂੰ ਦਰਸਾਉਣਾ ਕੀਤਾ ਹੈ।

(੧) (ਜਿਵੇਂ ਸਾਨੂੰ ਬਾਣੀ ਦੁਆਰੇ ਸੋਝੀ ਮਿਲਦੀ ਹੈ ਕਿ) ਲੱਖਾਂ ਧਿਆਨੀ ਸਮਾਧੀਆਂ ਲਾਉਂਦੇ ਹਨ, ਪਰ ਗੁਰਮੁਖਾਂ ਦੇ ਰੂਪ ਤਕ ਕੋਈ ਵੀ ਨਹੀਂ ਪਹੁੰਚ ਸਕਦਾ।

(੨) ਲੱਖਾਂ ਗਿਆਨੀ ਵਖਿਆਨ ਕਰਦੇ ਹਨ, ਪਰ ਬ੍ਰਹਮ ਦੀ ਉਡਾਰੀ ਵੱਲ ਉਨ੍ਹਾਂ ਦੀ ਸੁਰਤ ਵੀ ਥੱਕ ਜਾਂਦੀ ਹੈ।

(੩) ਬੁਧੀ ਦੇ ਬਲ ਨਾਲ ਲੱਖਾਂ ਲੋਕ ਵਿਵੇਕ ਦੇ ਬਚਨ ਕਰਦੇ ਹਨ, ਪਰ ਪਤੀ (ਪ੍ਰਭੂ) ਦੇ ਦਰ ਤੋਂ ਧੱਕੇ ਖਾ ਖਾ ਕੇ ਉਹ ਭੀ ਡਿੱਗ ਪੈਂਦੇ ਹਨ।

(੪) ਲੱਖਾਂ ਲੋਕ ਭੋਗਾਂ ਵੱਲੋਂ ਵੈਰਾਗੀ ਹੋ ਕੇ ਜੋਗ ਧਾਰਦੇ ਹਨ, ਪਰ ਸ਼ੁਭ ਗੁਣਾਂ ਦੀ ਵਾਸ਼ਨਾ ਨੂੰ ਉਹ ਵੀ ਨਹੀਂ ਸਹਾਰ ਸਕਦੇ (ਭਾਵ ਉਹ ਸ਼ੁਭ ਗੁਣਾਂ ਵੱਲੋਂ ਖ਼ਾਲੀ ਰਹਿੰਦੇ ਹਨ)।

(੫) (ਲੱਖਾਂ ਲੋਕ ਪ੍ਰਭੂ ਦੇ) ਅਸਚਰਜ ਕੌਤਕ ਵੇਖ ਕੇ ਅਸਚਰਜ ਹੁੰਦੇ ਹਨ, ਪਰ ਵਾਹਿਗੁਰੂ ਦੀ ਗਤੀ ਨੂੰ ਜਾਣਨ ਸਮੇਂ ਉਹ ਵੀ ਅੱਕ ਜਾਂਦੇ ਹਨ, (ਭਾਵ ਪ੍ਰਭੂ ਦੀ ਗਤੀ ਨੂੰ ਉਹ ਵੀ ਨਹੀਂ ਜਾਣ ਸਕਦੇ)।

(੬) ਲੱਖਾਂ ਹੀ ਵਿਸਮਾਦ ਰੂਪ ਪਰਮਾਤਮਾ ਦੀ ਅਕਥ ਕਥਾ ਵਿਚ ਸਹਿਮੇ ਹੋਏ ਸਹਿਕਦੇ ਹਨ।

(੭) (ਇਹ ਸਾਰੇ) ਗੁਰਸਿੱਖੀ ਦੇ ਅੱਖ ਝਮਕਣ ਜਿੰਨੇ ਅਨੰਦ ਨੂੰ ਵੀ ਨਹੀਂ ਮਾਣ ਸਕਦੇ।੨੨।੨੮।

***ਭਾਵਾਰਥ :*** ਗੁਰਸਿੱਖੀ ਸਭ 'ਤੇ ਉੱਚੀ ਹੈ, ਕਿਉਂਕਿ ਜਿਤਨੇ ਹੋਰ ਸਾਧਨ, ਮੱਤ ਆਦਿ ਏਸ ਵਾਰ ਵਿਚ ਗਿਣੇ ਹਨ, ਉਹ ਸਾਰੇ ਅਨੇਕ ਪਦਾਰਥਾਂ, ਸ਼ਕਤੀਆਂ ਤੇ ਉੱਤਮ ਗਤੀਆਂ ਦੀ ਪ੍ਰਾਪਤੀ ਦੇ ਹਨ, ਪਰ ਜਦੋਂ ਇਨ੍ਹਾਂ ਤੋਂ ਮੁਕਤੀ ਮੰਗੋ ਤਾਂ ਇਨ੍ਹਾਂ ਤੋਂ ਮੁਕਤੀ ਨਹੀਂ ਮਿਲਦੀ, ਪਰ ਗੁਰਸਿੱਖੀ ਪ੍ਰੇਮ ਦਾ ਰੂਪ ਹੈ, ਇਹ ਕੇਵਲ ਪਿਆਰੇ ਕਰਤਾ ਦੇ ਪ੍ਰੇਮ ਵਿਚ ਪਿਆਰੇ ਨੂੰ ਪ੍ਰਾਪਤ ਕਰਕੇ ਉਸ ਦੇ ਰੰਗ ਵਿਚ ਰੰਗੀ ਜਾਂਦੀ ਹੈ।

(ਅਠਾਈਵੀਂ ਵਾਰ ਸਮਾਪਤ)

# ਵਾਰ ੨੯

ੴ ਸਤਿਗੁਰ ਪ੍ਰਸਾਦਿ॥

## *੧. ਸਾਧ ਸੰਗਤ ਸੱਚਖੰਡ ਹੈ*
## ਮੰਗਲਾਚਰਨ

**੧. ਆਦਿ ਪੁਰਖ ਆਦੇਸ ਹੈ**
**ਸਤਿਗੁਰ ਸੱਚਾ ਨਾਉਂ ਸਦਾਯਾ।**
**੨. ਚਾਰ ਵਰਨ ਗੁਰਸਿੱਖ ਕਰ**
**ਗੁਰਮੁਖਿ ਸੱਚਾ ਪੰਥ ਚਲਾਯਾ।**
**੩. ਸਾਧ ਸੰਗਤ ਮਿਲ ਗਾਂਵਦੇ**
**ਸਤਿਗੁਰ ਸ਼ਬਦ ਅਨਾਹਦ ਵਾਯਾ।**
**੪. ਗੁਰ ਸਾਖੀ ਉਪਦੇਸ਼ ਕਰ**
**ਆਪ ਤਰੈ ਸੰਸਾਰ ਤਰਾਯਾ।**
**੫. ਪਾਨ ਸੁਪਾਰੀ ਕੱਥ ਮਿਲ**
**ਚੂਨੇ ਰੰਗ ਸੁਰੰਗ ਚੜ੍ਹਾਯਾ।**
**੬. ਗਿਆਨ ਧਿਆਨ ਸਿਮਰਣ ਜੁਗਤਿ**
**ਗੁਰਮਤ ਮਿਲ ਗੁਰ ਪੂਰਾ ਪਾਯਾ।**
**੭. ਸਾਧ ਸੰਗਤਿ ਸੱਚਖੰਡ ਵਸਾਯਾ॥੧॥**

***ਪਦ ਅਰਥ :*** ਆਦੇਸ—ਨਮਸਕਾਰ। ਵਾਯਾ—ਵਜਾਇਆ। ਸੱਚਖੰਡ—ਪ੍ਰਭੂ ਦਾ ਟਿਕਾਣਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਬਾਣੀ ਵਿਚ ਸੱਚਖੰਡ ਜਾਂ ਬੈਕੁੰਠ ਦਾ ਕਈ ਥਾਵਾਂ 'ਤੇ ਜ਼ਿਕਰ ਆਉਂਦਾ ਹੈ, ਕੀ ਦਸੋਗੇ ਕਿ ਇਨ੍ਹਾਂ ਦੀ ਸਹੀ ਸਹੀ ਰੂਪ-ਰੇਖਾ ਕੀ ਹੈ?

**ਉ:** ਹੇ ਭਾਈਓ! ਜੇ ਅਸੀਂ ਇਸ ਤੁਹਾਡੇ ਪ੍ਰਸ਼ਨ ਦਾ ਉੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁੱਛ ਕਰੀਏ ਤਾਂ ਉਨ੍ਹਾਂ ਵੱਲੋਂ ਸਾਨੂੰ ਖ਼ੁਲਾਸੇ ਰੂਪ ਵਿਚ ਇਹੋ ਤਸੱਲੀ ਰੂਪ ਉੱਤਰ ਮਿਲਦਾ ਹੈ, ਜਿਵੇਂ ਕਿ :

ਸਚਖੰਡਿ ਵਸੈ ਨਿਰੰਕਾਰੁ॥ *(ਜਪੁਜੀ, ਪੰਨਾ ੮)*

ਕਹੁ ਕਬੀਰ ਇਹ ਕਹੀਐ ਕਾਹਿ॥
ਸਾਧ ਸੰਗਤਿ ਬੈਕੁੰਠੈ ਆਹਿ॥੪॥੧੦॥ *(ਪੰਨਾ ੩੨੫)*

ਅਠਸਠਿ ਤੀਰਥ ਜਹ ਸਾਧ ਪਗ ਧਰਹਿ॥
ਤਹ ਬੈਕੁੰਠ ਜਹ ਨਾਮੁ ਉਚਰਹਿ॥ *(ਪੰਨਾ ੮੯੦)*

ਤਹਾ ਬੈਕੁੰਠ ਜਹ ਕੀਰਤਨੁ ਤੇਰਾ
ਤੂੰ ਆਪੇ ਸਰਧਾ ਲਾਇਹਿ॥੨॥
*(ਸੂਹੀ ਮਹਲਾ ੫, ਪੰਨਾ ੭੪੯)*

ਇਸ ਤਰ੍ਹਾਂ ਬਾਣੀ ਦੁਆਰੇ ਸੱਚਖੰਡ-ਤੇ ਬੈਕੁੰਠ ਦਾ ਬੋਧ ਮਿਲਦਾ ਹੈ, ਜਿਸ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਵਿਚ ਇਸ ਭਾਵ ਨੂੰ ਅੰਕਤ ਕੀਤਾ ਹੈ ਕਿ ਸੱਚ ਦਾ ਨਿਵਾਸ ਸਾਧ ਸੰਗਤ ਰੂਪ ਸੱਚਖੰਡ ਵਿਚ ਹੈ।

(ਅਰੰਭ ਵਿਚ ਆਦਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲਾ ਚਰਨ ਕਰਦੇ ਹਨ।)

(੧) ਉਸ ਆਦਿ ਪੁਰਖ (ਪਰਮਾਤਮਾ) ਨੂੰ ਨਮਸਕਾਰ ਹੈ, ਜਿਸਨੇ ਆਪਣਾ ਸੱਚਾ ਨਾਮ ਸਤਿਗੁਰੂ (ਨਾਨਕ ਦੇਵ) ਸਦਵਾਇਆ ਹੈ।

(੨) (ਉਸ ਸਤਿਗੁਰੂ ਨੇ) ਚੌਹਾਂ ਵਰਨਾਂ ਨੂੰ ਇਕ ਕਰਕੇ ਗੁਰਮੁਖਾਂ ਦਾ ਸੱਚਾ ਪੰਥ ਚਲਾਇਆ ਹੈ।

(੩) ਗੁਰਸਿਖ ਸਾਧ ਸੰਗਤ ਵਿਚ ਮਿਲ ਕੇ ਗਾਉਂਦੇ (ਕੀਰਤਨ ਕਰਦੇ) ਹਨ ਤੇ ਸਤਿਗੁਰੂ ਦੇ ਸ਼ਬਦ ਦੀ ਅਨਹਦ ਧੁਨੀ ਵਜਾਉਂਦੇ ਹਨ।

(੪) ਸਿੱਖ ਗੁਰੂ ਦੀ ਸਿੱਖਿਆ 'ਤੇ ਆਪ ਚਲਦੇ ਹਨ ਤੇ ਹੋਰਨਾਂ ਨੂੰ ਚਲਾ ਕੇ ਆਪ ਤਰਦੇ ਹਨ ਤੇ ਸੰਸਾਰ ਨੂੰ ਤਾਰਦੇ ਹਨ।

(੫) (ਜਿਵੇਂ ਪਾਨ, ਸੁਪਾਰੀ, ਕੱਥ ਤੇ ਚੂਨਾ ਮਿਲ ਕੇ ਸੁੰਦਰ

ਲਾਲ ਰੰਗ ਬਣ ਜਾਂਦਾ ਹੈ (ਤਿਵੇਂ ਚਾਰ ਵਰਨ ਮਿਲ ਕੇ ਗੁਰਮੁਖਾਂ ਦਾ ਉੱਤਮ ਪੰਥ ਬਣ ਜਾਂਦਾ ਹੈ)।

(੬) ਜਿਸਨੇ ਪੂਰੇ ਗੁਰੂ ਨੂੰ ਮਿਲ ਕੇ ਗੁਰਮਤ ਨੂੰ ਪ੍ਰਾਪਤ ਕੀਤਾ ਹੈ, ਉਸਨੇ ਗਿਆਨ ਧਿਆਨ ਤੇ ਸਿਮਰਨ ਦੀ ਜੁਗਤੀ ਨੂੰ ਪੂਰੀ ਤਰ੍ਹਾਂ ਜਾਣ ਲਿਆ ਹੈ।

(੭) (ਪ੍ਰਭੂ ਦਾ ਨਿਵਾਸ ਅਸਥਾਨ) ਸੱਚਖੰਡ ਸਤਿਗੁਰੂ (ਨਾਨਕ ਦੇਵ ਜੀ) ਨੇ ਸੰਗਤ ਦੇ ਰੂਪ ਵਿਚ ਵਸਾਇਆ ਹੈ।੧।

## ੨. ਗੁਰੂ ਦੀ ਸਿਖਿਆ ਖੋਟੀ ਮੱਤ ਦੂਰ ਕਰਦੀ ਹੈ

**੧. ਪਰ ਤਨ ਪਰ ਧਨ ਪਰ ਨਿੰਦ ਮੇਟ**
**ਨਾਮ ਦਾਨ ਇਸ਼ਨਾਨ ਦ੍ਰਿੜ੍ਹਾਯਾ।**
**੨. ਗੁਰਮਤ ਮਨ ਸਮਝਾਇਕੈ**
**ਬਾਹਰ ਜਾਂਦਾ ਵਰਜ ਰਹਾਯਾ।**
**੩. ਮਨ ਜਿੱਤੇ ਜੱਗ ਜਿੱਤ ਲਇਆ**
**ਅਸ਼ਟ ਧਾਤ ਇਕ ਧਾਤ ਕਰਾਯਾ।**
**੪. ਪਾਰਸ ਹੋਏ ਪਾਰਸਹੁੰ**
**ਗੁਰੁ ਉਪਦੇਸ਼ ਅਵੇਸ ਦਿਖਾਯਾ।**
**੫. ਜੋਗ ਭੋਗ ਜਿਣ ਜੁਗਤ ਕਰ**
**ਭਾਇ ਭਗਤ ਭੈ ਆਪੁ ਗਵਾਯਾ।**
**੬. ਆਪ ਗਿਆ ਆਪ ਵਰਤਿਆ**
**ਭਗਤ ਵਛਲ ਹੁਇ ਵਸਗਤ ਆਯਾ।**
**੭. ਸਾਧ ਸੰਗਤ ਵਿਚ ਅਲਖ ਲਖਾਯਾ ॥੨॥**

***ਪਦ ਅਰਥ :*** ਪਰ ਤਨ—ਪਰਾਈ ਇਸਤ੍ਰੀ। ਵਰਜ ਰਹਾਯਾ—ਰੋਕ ਰਖਿਆ। ਅਵੇਸ—ਘਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਦਸੋਗੇ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਕੀ ਕੁੱਝ ਕਰਨ ਦੀ ਆਗਿਆ ਦਿਤੀ ਹੈ ਅਤੇ ਕਿਸ ਕਿਸ ਕਰਮ ਕਰਨ ਵੱਲੋਂ ਵਰਜਿਆ ਹੈ?

ਉ: ਹੇ ਭਾਈਓ! ਜਦੋਂ ਅਸੀਂ ਗੁਰੂ ਨਾਨਕ ਦੇਵ ਜੀ ਦੇ ਸਮੁੱਚੇ ੬੨ ਹਜ਼ਾਰ ਮੀਲ ਦੇ ਕੀਤੇ ਪੈਦਲ ਸਫ਼ਰ ਵੱਲ ਨਜ਼ਰ ਮਾਰਦੇ ਹਾਂ ਤਾਂ ਬੋਧ ਮਿਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਨੌਂ ਖੰਡ ਪ੍ਰਿਥਵੀ ਵਿਚ ਵਿਚਰ ਕੇ ਸੱਚੇ ਨਾਮ ਜਪਾਉਣ ਦਾ ਹੀ ਉਪਦੇਸ਼ ਦਿਤਾ, ਕਿਸੇ ਮਾਨਸਕ ਰੋਗੀ ਨੇ ਆਪ ਜੀ ਨੂੰ ਬੁਲਾਇਆ ਨਹੀਂ, ਬਿਨਾ ਸੱਦਿਆਂ ਹੀ ਲਾ-ਇਲਾਜ ਰੋਗੀਆਂ ਦੇ ਪਾਸ ਖ਼ੁਦ ਹੀ ਪੁੱਜ ਗਏ। ਸੰਸਾਰ ਵਿਚ ਇਹ ਇਕ ਪਹਿਲਾ ਹੀ ਵੈਦ-ਵੇਖਣ ਤੇ ਸੁਣਨ ਵਿਚ ਆਇਆ ਜੋ ਬਗ਼ੈਰ ਫ਼ੀਸ, ਬਿਨਾਂ ਬੁਲਾਇਆਂ ਰੋਗੀਆਂ ਦਾ ਇਲਾਜ ਕਰਨ ਲਈ ਦੇਸ ਦੇ ਕੋਨੇ ਕੋਨੇ ਵਿਚ ਆਪ ਹੀ ਪੁੱਜਦਾ ਰਿਹਾ। ਆਪ ਜੀ ਦਾ ਸਾਰਿਆਂ ਵਰਣਾਂ ਦੇ ਲੋਕਾਂ ਵਾਸਤੇ ਇਕੋ ਹੀ ਸਾਂਝਾ ਉਪਦੇਸ਼ ਸੀ, ਜਿਸ ਤੋਂ ਪ੍ਰੇਰਨਾ ਲੈ ਕੇ ਮੈਂ ਇਹ ਚੰਦ ਸਤਰਾਂ ਉੱਕਰੀਆਂ ਹਨ, ਜਿਵੇਂ ਕਿ:

(੧) (ਆਪ ਜੀ ਨੇ) ਪਰਾਈ ਇਸਤ੍ਰੀ, ਪਰਾਇਆ ਧਨ ਤੇ ਪਰਾਈ ਨਿੰਦਾ ਤੋਂ ਹਟਾ ਕੇ ਨਾਮ, ਦਾਨ, ਇਸ਼ਨਾਨ ਹੀ ਦ੍ਰਿੜ੍ਹ ਕਰਵਾਇਆ ਹੈ।

(੨) ਗੁਰੂ ਦੀ ਸਿਖਿਆ ਨਾਲ (ਸਿੱਖਾਂ ਨੇ) ਆਪਣੇ ਆਪ ਨੂੰ ਸਮਝਾ ਕੇ ਬਾਹਰ ਵੱਲ ਦੌੜਦੇ ਮਨ ਨੂੰ ਰੋਕ ਕੇ ਰੱਖਿਆ ਹੈ।

(੩) ਮਨ ਨੂੰ ਜਿੱਤ ਲੈਣ ਨਾਲ ਹੀ ਜਗਤ ਨੂੰ ਜਿੱਤਿਆ ਜਾਂਦਾ ਹੈ। ਸਤਿਗੁਰੂ ਨੇ ਅੱਠਾਂ ਧਾਤਾਂ ਦੀ ਇਕ ਧਾਤ ਕਰ ਦਿਤੀ ਹੈ, (ਭਾਵ ਚੌਹਾਂ ਵਰਨਾਂ ਨੂੰ ਮੇਲ ਕੇ ਇਕ ਗੁਰਮਤ ਦਾ ਮਾਰਗ ਚਾਲੂ ਕਰ ਦਿਤਾ ਹੈ)।

(੪) ਪਾਰਸ ਰੂਪ ਗੁਰੂ ਦੇ ਉਪਦੇਸ਼ ਵਿਚ ਜਿਨ੍ਹਾਂ ਨੇ ਆਪਣਾ ਘਰ ਬਣਾਇਆ ਹੈ (ਭਾਵ ਹਿਰਦੇ ਵਿਚ ਵਸਾਇਆ ਹੈ) ਉਹ ਸਿੱਖ ਪਾਰਸ ਹੋ ਗਏ ਹਨ।

(੫) ਜੋਗ ਭੋਗ ਜਿੱਤਣ ਦੀ ਜੁਗਤੀ ਕਰਕੇ ਸਿੱਖਾਂ ਨੂੰ ਪ੍ਰੇਮਾ-ਭਗਤੀ ਤੇ ਪ੍ਰਭੂ ਦੇ ਭੈ ਵਿਚ ਆਪਾ-ਭਾਵ (ਹਉਮੈ) ਦੇ ਨਾਸ ਹੋਣ ਨਾਲ ਹਰ ਪਾਸੇ ਪ੍ਰਭੂ ਦਾ ਵਰਤਾਰਾ ਹੀ ਨਜ਼ਰ ਆਉਂਦਾ ਹੈ।

(੬) ਭਗਤਾਂ ਦਾ ਪਿਆਰਾ ਪ੍ਰਭੂ ਆਪਣੇ ਭਗਤਾਂ ਦੇ ਵੱਸ ਵਿਚ ਰਹਿੰਦਾ ਹੈ।

(੭) ਸਾਧ ਸੰਗਤ ਵਿਚ ਅਲੱਖ ਪਰਮਾਤਮਾ ਦਾ ਗਿਆਨ ਹੋ ਜਾਂਦਾ ਹੈ।੨।

***ਭਾਵਾਰਥ :***

ਖਤ੍ਰੀ ਬ੍ਰਾਹਮਣ ਸੂਦ ਵੈਸ
ਉਪਦੇਸੁ ਚਹੁ ਵਰਨਾ ਕਉ ਸਾਝਾ॥

*(ਸੂਹੀ ਮ: ੫, ਪੰਨਾ ੭੪੭)*

## ੩. ਸਾਧ ਸੰਗਤ ਦੀ ਵਡਿਆਈ

**੧. ਸ਼ਬਦ ਸੁਰਤ ਮਿਲ ਸਾਧ ਸੰਗ**
**ਗੁਰਮੁਖ ਦੁਖ ਸੁਖ ਸਮ ਕਰ ਸਾਧੇ।**
**੨. ਹਉਮੈ ਦੁਰਮਤਿ ਪਰਹਰੀ**
**ਗੁਰਮਤ ਸਤਿਗੁਰ ਪੁਰਖ ਅਰਾਧੇ।**
**੩. ਸ਼ਿਵ ਸ਼ਕਤੀ ਨੋਂ ਲੰਘ ਕੈ**
**ਗੁਰਮੁਖ ਸੁਖ ਫਲ ਸਹਿਜ ਸਮਾਧੇ।**
**੪. ਗੁਰੁ ਪਰਮੇਸ਼ਰ ਇੱਕ ਜਾਣ**
**ਦੂਜਾ ਭਾਉ ਮਿਟਾਇ ਉਪਾਧੇ।**
**੫. ਜੰਮਣ ਮਰਣਹੁ ਬਾਹਰੇ**
**ਅਜਰਾਵਰ ਮਿਲ ਅਗਮ ਅਗਾਧੇ।**
**੬. ਆਸ ਨ ਤ੍ਰਾਸ ਉਦਾਸ ਘਰ**
**ਹਰਖ ਸੋਗ ਵਿਹੁ ਅੰਮ੍ਰਿਤ ਸਾਧੇ।**
**੭. ਮਹਾਂ ਅਸਾਧ ਸਾਧ ਸੰਗ ਸਾਧੇ ॥੩॥**

***ਪਦ ਅਰਥ :*** ਸਮ—ਇਕੋ ਜਿਹਾ। ਅਰਾਵਰ—ਜਿਸਨੂੰ ਬੁਢਾਪਾ ਅਵਰਨ ਨ ਕਰੇ। ਦੁਰਮਤਿ—ਖੋਟੀ ਮੱਤ। ਮਹਾਂ ਅਸਾਧ—ਵੱਡੇ ਅਸਾਧ, ਭਾਵ ਕਾਮਾਦਿਕ ਵਿਖਯ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜੋ ਗੁਰਮੁਖ ਸਦਾ ਹੀ ਸਾਧ ਸੰਗਤ ਵਿਚ ਜੀਵਨ ਗੁਜ਼ਾਰਦੇ ਹਨ, ਉਨ੍ਹਾਂ ਦੀ ਜੀਵਨ-ਸ਼ੈਲੀ ਵਿਚ ਦਸੋਗੇ ਕੀ ਅੰਤਰਾ ਆ ਜਾਂਦਾ ਹੈ, ਕਿਉਂਕਿ ਵੇਖਣ ਵਿਚ ਤਾਂ ਉਹ ਸਮਾਨ ਹੀ ਨਜ਼ਰ ਆਉਂਦੇ ਹਨ, ਪਰ ਉਨ੍ਹਾਂ ਵਿਚ ਗੁਣਾਂ ਦੀ ਵਿਸ਼ੇਸ਼ਤਾ ਕੀ ਹੈ ?

ਉ: ਹੇ ਭਾਈਓ! ਇਹ ਠੀਕ ਹੈ ਕਿ ਉਨ੍ਹਾਂ ਦੀ ਸਰੀਰਕ ਕ੍ਰਿਆ ਬਾਕੀ ਦੇ ਲੋਕਾਂ ਵਾਂਗ ਹੀ ਨਜ਼ਰ ਆਉਂਦੀ ਹੈ, ਪਰ ਉਨ੍ਹਾਂ ਦੀ ਅੰਤਰ-ਆਤਮੇ ਮਾਨਸਕ ਕ੍ਰਿਆ ਵਿਚ ਬਾਕੀ ਦੇ ਲੋਕਾਂ ਨਾਲੋਂ ਬਹੁਤ ਅੰਤਰਾ ਹੋਇਆ ਕਰਦਾ ਹੈ, ਜੋ ਉਨ੍ਹਾਂ ਦੇ ਵਿਸ਼ੇਸ਼ ਗੁਣ ਗੁਰਬਾਣੀ ਦੁਆਰੇ ਮੈਨੂੰ ਪੜ੍ਹਨ ਵਿਚ ਆਏ ਹਨ, ਉਹ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਅੰਕਤ ਕਰਨ ਦਾ ਯਤਨ ਕੀਤਾ ਹੈ।

(੧) (ਜਿਵੇਂ ਕਿ ਗੁਰਬਾਣੀ ਰਾਹੀਂ ਵੇਖਣ ਵਿਚ ਆਉਂਦਾ ਹੈ ਕਿ) ਗੁਰਮੁਖ ਸਾਧ ਸੰਗਤ ਵਿਚ ਮਿਲ ਕੇ ਆਪਣੀ ਸੁਰਤੀ ਨੂੰ ਸ਼ਬਦ ਵਿਚ ਜੋੜਦੇ ਹਨ ਤੇ ਦੁਖ ਸੁਖ ਨੂੰ ਇਕੋ ਜਿਹਾ ਜਾਣਦੇ ਹਨ।

(੨) (ਗੁਰਸਿੱਖਾਂ ਨੇ) ਹਉਮੈਂ ਤੇ ਖੋਟੀ ਮੱਤ ਤਿਆਗ ਦਿਤੀ ਹੈ ਤੇ ਉਹ ਗੁਰੂ ਦੀ ਸਿਖਿਆ ਲੈ ਕੇ ਸਤਿਗੁਰੂ ਪੁਰਖ (ਪ੍ਰਭੂ) ਦੀ ਅਰਾਧਨਾ ਕਰਦੇ ਹਨ।

(੩) ਸ਼ਿਵ ਸ਼ਕਤੀ (ਤਿੰਨਾਂ ਗੁਣਾਂ) ਨੂੰ ਲੰਘ ਕੇ ਗੁਰਮੁਖ ਸਹਿਜ ਸਮਾਧੀ ਦੇ ਸੁਖ ਫਲ ਵਿਚ ਸਮਾਈ ਕਰਦੇ ਹਨ।

(੪) (ਗੁਰਮੁਖ) ਗੁਰੂ ਤੇ ਪ੍ਰਭੂ ਨੂੰ ਇਕ ਰੂਪ ਜਾਣ ਕੇ ਦੂਜੇ ਭਾਵ (ਦ੍ਵੈਤ) ਦੀ ਉਪਾਧੀ ਮਿਟਾ ਦੇਂਦੇ ਹਨ।

(੫) (ਗੁਰਸਿਖ) ਜਨਮ ਮਰਨ ਤੇ ਬੁਢਾਪੇ ਦੇ ਬੰਧਨਾਂ ਤੋਂ ਮੁਕਤ ਹੋ ਕੇ ਅਗਮ ਅਗਾਧ ਪ੍ਰਭੂ ਵਿਚ ਮਿਲ ਜਾਂਦੇ ਹਨ।

(੬) (ਗੁਰਮੁਖ) ਤ੍ਰਿਸ਼ਨਾ ਤੇ ਭੈ ਨੂੰ ਛੱਡ ਕੇ ਘਰ ਵਿਚ ਹੀ ਉਦਾਸ ਰਹਿੰਦੇ ਹਨ ਤੇ ਖ਼ੁਸ਼ੀ ਗ਼ਮੀ, ਜ਼ਹਿਰ ਤੇ ਅੰਮ੍ਰਿਤ ਨੂੰ ਇਕ ਸਮਾਨ ਜਾਣਦੇ ਹਨ।

(੭) ਨਾ ਸਾਧੇ ਜਾਣ ਵਾਲੇ (ਕਾਮ ਕ੍ਰੋਧ ਆਦਿ ਵੈਰੀਆਂ ਨੂੰ) ਸਾਧ ਸੰਗਤ ਦੇ ਪਰਤਾਪ ਕਰਕੇ ਗੁਰਮੁਖ ਸਾਧ ਲੈਂਦੇ ਹਨ।੩।

## ੪. ਗੁਰਸਿੱਖ ਅਸਾਧ ਮਨ ਨੂੰ ਸਾਧ ਲੈਂਦੇ ਹਨ

**੧. ਪਉਣ ਪਾਣੀ ਬੈਸੰਤਰੋ**
**ਰਜ ਗੁਣ ਤਮ ਗੁਣ ਸਤ ਗੁਣ ਜਿੱਤਾ।**
**੨. ਮਨ ਬਚ ਕ੍ਰਮ ਸੰਕਲਪ ਕਰ**
**ਇਕ ਮਨ ਹੋਇ ਵਿਗੋਇ ਦੁਚਿੱਤਾ।**
**੩. ਲੋਕ ਵੇਦ ਗੁਰ ਗਿਆਨ ਲਿਵ**
**ਅੰਦਰ ਇੱਕ ਬਾਹਰ ਬਹੁ ਭਿੱਤਾ।**
**੪. ਮਾਤ ਲੋਕ ਪਾਤਾਲ ਜਿਣ**
**ਸੁਰਗ ਲੋਕ ਵਿੱਚ ਹੋਇ ਅਥਿੱਤਾ।**

**੫. ਮਿੱਠਾ ਬੋਲਣ ਨਿਵ ਚਲਣ**
**ਹੱਥਹੁ ਦੇ ਕਰ ਪਤਿਤ ਪਵਿੱਤਾ।**
**੬. ਗੁਰਮੁਖ ਸੁਖ ਫਲੇ ਪਾਇਆ**
**ਅਤੁਲ ਅਡੋਲ ਅਮੋਲ ਅਮਿੱਤਾ।**
**੭. ਸਾਧ ਸੰਗਤ ਮਿਲ ਪੀੜਨ ਪਿੱਤਾ ॥੪॥**

***ਪਦ ਅਰਥ :*** ਵਿਗੋਇ ਦੁਚਿੱਤਾ—ਦੁਬਿਧਾ ਨੂੰ ਨਾਸ ਕਰ ਦਿਤਾ ਹੈ। ਭਿੱਤਾ—ਤਰ੍ਹਾਂ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਤੁਸੀਂ ਗੁਰਮਤ ਦੀਆਂ ਵਿਚਾਰਾਂ ਸੰਗਤਾਂ ਵਿਚ ਪ੍ਰਗਟਾਉਂਦੇ ਹੋਏ ਕਈ ਵਾਰ ਮਨ ਦੀ ਚੰਚਲਤਾ ਬਾਰੇ ਖ਼ਿਆਲ ਦਿਆ ਕਰਦੇ ਹੋ ਕਿ ਇਸ ਮਨ ਦਾ ਵੇਗ ਇਤਨਾ ਪ੍ਰਬਲ ਹੈ ਕਿ ਇਸਨੂੰ ਰੋਕ-ਥਾਮ ਪਾਉਣੀ ਬੜੀ ਹੀ ਕਠਿਨ ਹੈ, ਪਰ ਗੁਰਸਿੱਖਾਂ ਦੀ ਮਾਨਸਕ ਅਵੱਸਥਾ ਬਾਰੇ ਆਪ ਜੀ ਕਿਵੇਂ ਅਨੁਭਵ ਕਰਦੇ ਹੋ, ਦੱਸਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ! ਇਹ ਠੀਕ ਹੈ ਕਿ ਇਸ ਮਨ ਦੀ ਚੰਚਲਤਾ ਬਾਰੇ ਬਾਣੀ ਵਿਚ ਭੀ ਜ਼ਿਕਰ ਆਉਂਦਾ ਹੈ, ਜਿਵੇਂ ਕਿ :

ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ॥
ਖਰ ਕਾ ਪੈਖਰੁ ਤਉ ਛੁਟੈ
ਜਉ ਊਪਰਿ ਲਾਦਾ ॥੧॥ਰਹਾਉ॥
*(ਬਿਲਾਵਲੁ ਮਹਲਾ ੫, ਪੰਨਾ ੮੧੫)*

ਪਾਪੀ ਹੀਐ ਮੈ ਕਾਮੁ ਬਸਾਇ॥
ਮਨੁ ਚੰਚਲੁ ਯਾ ਤੇ ਗਹਿਓ ਨ ਜਾਇ॥੧॥ਰਹਾਉ॥
*(ਬਸੰਤੁ ਮ: ੯, ਪੰਨਾ ੧੧੮੬)*

ਬਿਰਥਾ ਕਹਉ ਕਉਨ ਸਿਉ ਮਨ ਕੀ॥
ਲੋਭਿ ਗ੍ਰਸਿਓ ਦਸਹੂ ਦਿਸ ਧਾਵਤ
ਆਸਾ ਲਾਗਿਓ ਧਨ ਕੀ॥੧॥ਰਹਾਉ॥
*(ਆਸਾ ਮਹਲਾ ੯, ਪੰਨਾ ੪੧੧)*

ਇਸ ਤਰ੍ਹਾਂ ਬਾਣੀ ਵਿਚ ਇਸ ਮਨ ਦੀ ਚੰਚਲਤਾ ਦੇ ਸੰਬੰਧ ਵਿਚ ਸਾਨੂੰ ਬਹੁਤ ਉਦਾਹਰਣ ਮਿਲਦੇ ਹਨ ਕਿ ਇਸ ਨੂੰ ਕਾਬੂ ਕਰਨਾ ਬੜਾ ਹੀ ਕਠਿਨ ਹੈ, ਕਿਉਂਕਿ ਇਸ ਮਨ ਦੀ ਚੰਚਲਤਾ ਨੇ ਵਡੇ ਵਡੇ ਜਪੀਆਂ ਤਪੀਆਂ ਨੂੰ ਡੁਲਾ ਦਿਤਾ ਹੈ। ਪੁਰਾਤਨ ਇਤਿਹਾਸ ਵਿਚ ਉਨ੍ਹਾਂ ਰਿਖੀਆਂ ਮੁਨੀਆਂ ਦੇ ਜੀਵਨਾਂ ਦਾ ਅਨੇਕਾਂ ਥਾਵਾਂ 'ਤੇ ਜ਼ਿਕਰ ਆਉਂਦਾ ਹੈ, ਜਿਨ੍ਹਾਂ ਨੂੰ ਇਸ ਮਨ ਨੇ ਉਚਾਣਾਂ ਤੋਂ ਡੇਗ ਕੇ ਨਿਵਾਣਤਾ ਵਿਖਾਈ ਹੈ। ਪਰ ਇਕ ਗੁਰਮੁਖ ਹਨ, ਜਿਨ੍ਹਾਂ ਨੇ ਇਸ ਅਸਾਧ ਮਨ ਨੂੰ ਗੁਰਬਾਣੀ ਦੀ ਕਸਵਟੀ ਪਰ ਪਰਖ ਕੇ ਬਾਰਾਂ ਵੰਨੀ ਦੇ ਸੁਇਨੇ ਵਾਂਗ ਸ਼ੁੱਧ ਕਰ ਲਿਆ ਹੈ। ਸੋ ਮੈਂ ਭੀ ਉਨ੍ਹਾਂ ਗੁਰਸਿੱਖਾਂ ਦੀ ਮਾਨਸਕ ਅਵਸਥਾ ਨੂੰ ਤੱਕ ਕੇ ਇਸ ਪਉੜੀ ਵਿਚ ਅੰਕਤ ਕਰਨ ਦਾ ਇਕ ਨਿਮਾਣਾ ਜਿਹਾ ਉਪਰਾਲਾ ਕੀਤਾ ਹੈ :

(੧) (ਜਿਵੇਂ ਕਿ ਅਸੀਂ ਤੱਕਦੇ ਹਾਂ ਕਿ ਗੁਰਮੁਖਾਂ ਨੇ) ਪੌਣ, ਪਾਣੀ, ਅੱਗ ਰੂਪ ਰਜੋ, ਤਮੋ ਤੇ ਸਤੋਗੁਣ ਨੂੰ ਜਿੱਤ ਲਿਆ ਹੈ।

(੨) (ਉਨ੍ਹਾਂ ਨੇ) ਮਨ, ਬਾਣੀ ਤੇ ਸਰੀਰ ਨੂੰ ਸੰਕਲਪ ਕਰਕੇ (ਭਾਵ ਤਿਆਗ ਕੇ) ਇਕ ਮਨ ਹੋ ਕੇ ਦੁਚਿਤੀ (ਦ੍ਵੈਤ-ਭਾਵ) ਨੂੰ ਨਾਸ ਕਰ ਦਿਤਾ ਹੈ।

(੩) ਗੁਰੂ ਦੇ ਗਿਆਨ ਦੀ ਲਿਵ ਹੀ ਗੁਰਮੁਖਾਂ ਦਾ ਲੋਕ ਤੇ ਵੇਦ ਹੈ। ਅੰਦਰੋਂ ਮਨ ਕਰਕੇ ਉਹ ਇਕ ਹਨ, (ਭਾਵ ਉਨ੍ਹਾਂ ਦਾ ਮਨ ਟਿਕਾ ਵਿਚ ਰਹਿੰਦਾ ਹੈ, ਪਰ ਬਾਹਰੋਂ ਉਹ ਕਈ ਤਰ੍ਹਾਂ ਦੇ ਦਿਖਾਈ ਦੇਂਦੇ ਹਨ।

(੪) ਮਾਤ ਲੋਕ ਤੇ ਪਦਾਰਥਾਂ ਦੀ ਵਾਸ਼ਨਾ ਨੂੰ ਉਨ੍ਹਾਂ ਨੇ ਜਿੱਤ ਲਿਆ ਹੈ ਤੇ ਸਵਰਗ ਲੋਕ ਦੇ ਪਦਾਰਥਾਂ ਨੂੰ ਉਹ ਪ੍ਰਾਹੁਣਿਆਂ ਵਾਂਗ ਜਾਣਦੇ ਹਨ।

(੫) ਉਹ ਮਿੱਠਾ ਬੋਲ ਕੇ ਨਿਉਂ ਕੇ ਚਲਦੇ ਹਨ ਤੇ ਹੱਥੋਂ ਦਾਨ ਦੇ ਕੇ ਪਾਪੀਆਂ ਨੂੰ ਭੀ ਪਵਿੱਤ੍ਰ ਕਰਦੇ ਹਨ।

(੬) ਗੁਰਮੁਖਾਂ ਨੇ ਅਤੁਲ, ਅਡੋਲ ਤੇ ਅਮੋਲ ਅੰਮ੍ਰਿਤ ਦੇ ਸੁਖ ਫਲ ਨੂੰ ਪ੍ਰਾਪਤ ਕਰ ਲਿਆ ਹੈ।

(੭) ਗੁਰਮੁਖ ਸਾਧ ਸੰਗਤ ਵਿਚ ਮਿਲ ਕੇ ਮਨ ਨੂੰ ਪੀੜ ਕੇ ਮਨ ਦਾ ਪਿੱਤਾ ਕੱਢ ਦਿੰਦੇ ਹਨ (ਭਾਵ ਆਪਣੇ ਮਨ ਦੇ ਖੋਟ ਨੂੰ ਦੂਰ ਕਰਕੇ ਮਨ ਨੂੰ ਸ਼ੁੱਧ ਕਰ ਲੈਂਦੇ ਹਨ)।੪।

***ਭਾਵਾਰਥ :*** ਜਿਵੇਂ ਅਸੀਂ ਵੇਖਦੇ ਹਾਂ ਕਿ ਮਨ ਇਸੇ ਹੀ ਤਰ੍ਹਾਂ ਨਹੀਂ ਟਿਕਦਾ ਜਿਵੇਂ ਕਿਸੇ ਦਰੱਖ਼ਤ ਦੀ ਇਕ ਟਾਹਣੀ 'ਤੇ ਬੰਦਰ ਟਿਕ ਕੇ ਨਹੀਂ ਬੈਠਦਾ, ਭਟਕਦਾ ਰਹਿੰਦਾ ਹੈ ਇਸੇ ਮਨ ਦੀ ਚੰਚਲਤਾ ਨੂੰ (ਵਿਚਾਰ ਮਾਲਾ ਦੇ ਕਰਤੇ) ਅਨਾਥ ਪੁਰੀ ਨੇ ਦਰਸਾਇਆ ਹੈ ਕਿ :

ਚਲਦਲ ਪੱਤ੍ਰ ਪਟਾਕ ਪੱਟ, ਦਾਮਨ, ਕੱਛਪ ਮਾਥ।
ਭੂਤ ਦੀਪ, ਦੀਪਕ ਸਿਖਾ, ਇਹ ਮਨ ਬ੍ਰਿਤ ਅਨਾਥ।
*(ਵਿਚਾਰ ਮਾਲਾ)*

ਭਾਵ ਹੈ ਪਿੱਪਲ ਦਾ ਪੱਤਾ, ਝੰਡੇ ਦਾ ਕੱਪੜਾ, ਬਿਜਲੀ

ਦਾ ਚਮਤਕਾਰ, ਕਛੂ ਦੀ ਸਿਰੀ, ਭੂਤਾਂ ਦੀ ਅੱਗ, ਦੀਵੇ ਦੀ ਲਾਟ, ਜਿਵੇਂ ਇਹ ਨਹੀਂ ਟਿਕ ਸਕਦੀਆਂ, ਮਨ ਭੀ ਇਸੇ ਤਰ੍ਹਾਂ ਚੰਚਲ ਹੈ ਜੋ ਕਦੇ ਭੀ ਨਹੀਂ ਟਿਕਦਾ।

ਬੱਸ ਇਸਨੂੰ ਟਿਕਾਉਣ ਦਾ ਸਾਧਨ ਤਾਂ ਕੇਵਲ ਗੁਰਮੁਖਾਂ ਨੇ ਹੀ ਲੱਭਿਆ ਹੈ ਕਿ ਗੁਰੂ ਦੇ ਸ਼ਬਦ ਦੀ ਕਮਾਈ ਕਰਕੇ ਇਸ ਅਸਾਧ ਮਨ ਨੂੰ ਸਾਧ ਲਿਆ ਹੈ।

## ੫. ਗੁਰਸਿੱਖਾਂ ਦੀ ਹਜ਼ੂਰੀ ਵਿਚ ਚਾਰੇ ਪਦਾਰਥ ਹਾਜ਼ਰ ਹਨ

**੧. ਚਾਰ ਪਦਾਰਥ ਹੱਥ ਜੋੜ**
**ਹੁਕਮੀ ਬੰਦੇ ਰਹਿਣ ਖੜੋਤੇ।**
**੨. ਚਾਰੇ ਚੱਕ ਨਿਵਾਇਆ**
**ਪੈਰੀਂ ਪੈ ਇਕ ਸੂਤ ਪਰੋਤੇ।**
**੩. ਵੇਦ ਨ ਪਾਇਨ ਭੇਦ ਕਿਹੁ**
**ਪੜ੍ਹ ਪੜ੍ਹ ਪੰਡਤ ਸੁਣ ਸੁਣ ਸ੍ਰੋਤੇ।**
**੪. ਚਹੁ ਜੁਗ ਅੰਦਰ ਜਾਗਦੀ**
**ਓਤ ਪੋਤ ਮਿਲ ਜਗ ਮਗ ਜੋਤੇ।**
**੫. ਚਾਰ ਵਰਨ ਇਕ ਵਰਨ ਹੋਇ**
**ਗੁਰਸਿਖ ਵੜੀਅਨ ਸਨਮੁਖ ਗੋਤੇ।**
**੬. ਧਰਮਸਾਲ ਵਿਚ ਬੀਜਦੇ**
**ਕਰ ਗੁਰਪੁਰਬ ਸੁ ਵਣਜ ਸਓਤੇ।**
**੭. ਸਾਧ ਸੰਗਤ ਮਿਲ ਦਾਦੇ ਪੋਤੇ॥੫॥**

***ਪਦ ਅਰਥ :*** ਚਾਰ ਪਦਾਰਥ—ਧਰਮ, ਅਰਥ, ਕਾਮ, ਮੋਖ। ਗੋਤੇ—ਗੋਤਰਾਚਾਰ। ਵੜੀਅਨ—ਵੜਦੇ ਹਨ, ਦਾਖ਼ਲ ਹੁੰਦੇ ਹਨ, ਮਿਲ ਬੈਠਦੇ ਹਨ। ਸੂਤ—ਮਰਯਾਦਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜੋ ਸਿੱਖ ਗੁਰਸਿੱਖੀ ਦੇ ਸਹੀ ਮਾਰਗ 'ਤੇ ਗੁਰੂ ਦੀ ਆਗਿਆ ਅਨੁਸਾਰ ਜੀਵਨ ਗੁਜ਼ਾਰਦੇ ਹਨ, ਕੀ ਉਨ੍ਹਾਂ ਦੇ ਅੰਦਰ ਕੁਝ ਸ਼ਕਤੀ ਭੀ ਆ ਜਾਇਆ ਕਰਦੀ ਹੈ, ਇਹ ਭੀ ਜਾਣਕਾਰੀ ਦਿਓ?

ਉ: ਹੇ ਭਾਈਓ! ਉਂਝ ਤਾਂ ਉਹ ਹਰ ਤਰ੍ਹਾਂ ਦੀਆਂ ਸ਼ਕਤੀਆਂ ਦੇ ਭੰਡਾਰ ਹੋ ਜਾਇਆ ਕਰਦੇ ਹਨ, ਪਰ ਉਹ ਇਨ੍ਹਾਂ ਬੈਰੂਨੀ ਸ਼ਕਤੀਆਂ ਦੇ (ਨਾਟਕ ਚੇਟਕ ਕੀਏ ਕੁਕਾਜਾ) ਦੇ ਮਹਾਂਵਾਕਾਂ ਅਨੁਸਾਰ ਇਨ੍ਹਾਂ ਦੇ ਵੇਖਣ ਵਿਖਾਉਣ ਨੂੰ ਕੁਕਾਜ ਸਮਝਦੇ ਹਨ, ਭਾਵ ਉਹ ਇਨ੍ਹਾਂ ਸ਼ਕਤੀਆਂ ਦੇ ਵਿਖਾਵੇ ਨੂੰ ਰੱਬੀ-ਮਾਰਗ ਪਰ ਸਫ਼ਰ ਕਰਨ ਵਾਲੇ ਲਈ ਇਕ ਬਹੁਤ ਵੱਡੀ ਰੁਕਾਵਟ ਅਨੁਭਵ ਕਰਦੇ ਹਨ, ਇਸ ਲਈ ਉਹ ਇਨ੍ਹਾਂ ਸ਼ਕਤੀਆਂ ਤੇ ਕਰਾਮਾਤਾਂ ਨੂੰ ਵੇਖਣ ਵਿਖਾਉਣ ਵਿਚ ਆਪਣਾ ਅਮੋਲਕ ਸਮਾਂ ਅਜਾਈਂ ਨਹੀਂ ਗਵਾਉਂਦੇ, ਉਨ੍ਹਾਂ ਦਾ ਜੋ ਮਾਨਸਕ ਵਿਸ਼ਵਾਸ ਹੈ, ਉਹ ਬਾਣੀ ਅਨੁਸਾਰ ਇਹੋ ਹੈ ਕਿ:

ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ
ਧਿਗੁ ਸਿਧੀ ਧਿਗੁ ਕਰਮਾਤਿ॥
ਸਾ ਸਿਧਿ ਸਾ ਕਰਮਾਤਿ ਹੈ
ਅਚਿੰਤੁ ਕਰੇ ਜਿਸੁ ਦਾਤਿ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ
ਏਹਾ ਸਿਧਿ ਏਹਾ ਕਰਮਾਤਿ॥੨॥

*(ਮ: ੩, ਪੰਨਾ ੬੫੦)*

ਨਉ ਨਿਧਿ ਰਿਧਿ ਸਿਧਿ ਪਾਈ
ਜੋ ਤੁਮਰੈ ਮਨਿ ਭਾਵਨਾ॥੫॥

*(ਮਾਰੂ ਮਹਲਾ ੫, ਪੰਨਾ ੧੦੧੮)*

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥

*(ਸਲੋਕੁ ਮ: ੩, ਪੰਨਾ ੫੯੩)*

ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ
ਜੋ ਹਰਿ ਹਿਰਦੈ ਸਦਾ ਵਸਾਇ॥

*(ਸਲੋਕ ਮ: ੩, ਪੰਨਾ ੬੪੯)*

ਇਸ ਤਰ੍ਹਾਂ ਗੁਰਬਾਣੀ ਵਿਚ ਗੁਰਸਿੱਖਾਂ ਦੀ ਮਾਨਸਕ ਉਡਾਣ ਇਤਨੀ ਉਚਾਣਾਂ 'ਤੇ ਚੜ੍ਹ ਜਾਂਦੀ ਹੈ ਕਿ ਉਹ ਇਨ੍ਹਾਂ ਰਿੱਧੀਆਂ ਸਿੱਧੀਆਂ ਨੂੰ ਇਕ ਤਰ੍ਹਾਂ ਦਾ ਮੋਹ ਸਮਝਦੇ ਹਨ, ਕਿਉਂਕਿ ਇਨ੍ਹਾਂ ਕਰਾਮਾਤਾਂ ਦੇ ਮੋਹ ਹੀ ਮਨੁੱਖ ਦੇ ਮਨ ਵਿਚ ਨਾਮ ਦਾ ਨਿਵਾਸ ਨਹੀਂ ਹੋਣ ਦੇਂਦੇ, ਉਂਝ ਵੈਸੇ ਜੋ ਮਨੁੱਖ ਹਰੀ ਦਾ ਨਾਮ ਹਿਰਦੇ ਅੰਦਰ ਧਾਰਨ ਕਰ ਲੈਂਦੇ ਹਨ, ਉਨ੍ਹਾਂ ਦੇ ਨੌਂ ਨਿੱਧੀਆਂ ਅਤੇ ਅਠਾਰਾਂ ਸਿੱਧੀਆਂ ਪਿਛੇ ਪਿਛੇ ਤੁਰੀਆਂ ਫਿਰਦੀਆਂ ਹਨ ਕਿ ਤੁਸੀਂ ਸਾਨੂੰ ਅੰਗੀਕਾਰ ਕਰ ਲਓ, ਪਰ ਨਾਮ ਦਾ ਚਿੰਤਨ ਕਰਨ ਵਾਲੇ ਗੁਰਸਿੱਖ ਇਨ੍ਹਾਂ

ਕਰਾਮਾਤਾਂ, ਰਿੱਧੀਆਂ ਸਿੱਧੀਆਂ ਤੋਂ ਦੂਰ ਹੀ ਰਹਿੰਦੇ ਹਨ, ਉਨ੍ਹਾਂ ਗੁਰਸਿੱਖਾਂ ਦੀ ਮਾਨਸਕ ਅਵਸਥਾ ਦੀ ਉੱਚੀ ਉਡਾਣ ਨੂੰ ਤੱਕ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਅੰਕਤ ਕਰਨ ਦਾ ਉਪਰਾਲਾ ਕੀਤਾ ਹੈ ਕਿ ਗੁਰੂ ਦੇ ਸਿੱਖਾਂ ਵਿਚ ਕਿਤਨੀ ਕੁ ਸ਼ਕਤੀ ਆ ਜਾਂਦੀ ਹੈ।

(੧) (ਜਿਵੇਂ ਕਿ ਅਸੀਂ ਆਮ ਹੀ ਵੇਖਦੇ ਹਾਂ ਕਿ ਗੁਰਸਿਖ ਅਗੇ) ਚਾਰੇ ਪਦਾਰਥ ਹੱਥ ਜੋੜ ਕੇ ਹੁਕਮੀ ਬੰਦਿਆਂ (ਦਾਸਾਂ) ਵਾਂਗੂੰ ਖਲੋਤੇ ਰਹਿੰਦੇ ਹਨ।

(੨) (ਜਿਸ ਪ੍ਰਭੂ ਨੇ ਇਕ ਸੂਤ ਮਰਿਆਦਾ) ਵਿਚ ਸੰਸਾਰ ਨੂੰ ਪਰੋਇਆ ਹੈ, ਉਸਦੀ ਚਰਨੀ ਲੱਗ ਕੇ ਗੁਰਮੁਖਾਂ ਨੇ ਚੌਹਾਂ ਚੱਕਾਂ ਨੂੰ ਨਿਵਾਇਆ ਹੈ।

(੩) ਵੇਦਾਂ ਨੇ ਵੀ ਕੁਛ ਭੇਦ ਨਹੀਂ ਜਾਣਿਆ। ਪੰਡਤ ਪੜ੍ਹ ਪੜ੍ਹ ਕੇ ਤੇ ਸਰੋਤੇ ਸੁਣ ਸੁਣ ਕੇ ਥੱਕ ਗਏ ਹਨ।

(੪) ਪਰਮੇਸ਼ਰ ਦੀ ਪ੍ਰਕਾਸ਼-ਮਈ ਜੋਤ ਜਗਮਗ ਕਰਕੇ ਤਾਣੇ ਪੇਟੇ ਵਾਂਗੂੰ ਮਿਲ ਕੇ ਚਹੁ ਜੁਗਾਂ ਵਿਚ ਜਗ ਰਹੀ ਹੈ।

(੫) ਚੌਹਾਂ ਵਰਨਾਂ ਤੋਂ ਇਕ ਵਰਨ ਹੋ ਕੇ ਗੁਰਸਿਖ ਆਪਣੇ ਗੋਤ੍ਰ (ਸਿੱਖ ਧਰਮ) ਵਿਚ ਮਿਲ ਕੇ ਬੈਠਦੇ ਹਨ।

(੬) (ਗੁਰਸਿਖ) ਧਰਮਸਾਲ ਵਿਚ ਗੁਰਪੁਰਬ ਮਨਾ ਕੇ ਨਫ਼ੇਵੰਦੇ ਵਪਾਰ ਦਾ ਬੀਜ ਬੀਜਦੇ ਹਨ।

(੭) ਸਾਧ ਸੰਗਤ ਵਿਚ ਸਭ ਦਾਦੇ ਤੇ ਪੋਤਰੇ (ਵੱਡੇ ਤੇ ਛੋਟੇ) ਸਭੇ ਇਕੋ ਸਮਾਨ ਹਨ।੫।

## ੬. ਗੁਰੂ ਦੇ ਸਭੇ ਸਿੱਖ ਗੁਰਭਾਈ ਹਨ

**੧. ਕਾਮ ਕ੍ਰੋਧ ਹੰਕਾਰ ਸਾਧ**
**ਲੋਭ ਮੋਹ ਦੀ ਜੋਹ ਮਿਟਾਈ।**
**੨. ਸਤ ਸੰਤੋਖ ਦਇਆ ਧਰਮ ਅਰਥ**
**ਸਮਰਥ ਸੁਗਰਥ ਮਿਟਾਈ।**
**੩. ਪੰਜੇ ਤੱਤ ਉਲੰਘਿਆ**
**ਪੰਜ ਸਬਦ ਵੱਜੀ ਵਾਧਾਈ।**
**੪. ਪੰਜੇ ਮੁੰਦ੍ਰਾਂ ਵੱਸਿ ਕਰ**
**ਪੰਚਾਇਣ ਹੁਇ ਦੇਸ਼ ਦੁਹਾਈ।**
**੫. ਪਰਮੇਸ਼ਰ ਹੈ ਪੰਜ ਮਿਲ**
**ਲੇਖ ਅਲੇਖ ਨ ਕੀਮਤ ਪਾਈ।**
**੬. ਪੰਜ ਮਿਲੇ ਪਰਪੰਚ ਤਜ**
**ਅਨਹਦ ਸ਼ਬਦ ਸੁਰਤ ਲਿਵਲਾਈ।**
**੭. ਸਾਧ ਸੰਗਤ ਸੋਹਨਿ ਗੁਰਭਾਈ ॥੬॥**

***ਪਦ ਅਰਥ :*** ਜੋਹ—ਤਾੜਨਾ। ਸੁਗਰਥ—ਸਮਰੱਥਾ। ਪਰਪੰਚ—ਛਲ ਵਲ। ਪੰਜੇ ਮੁੰਦ੍ਰਾਂ—ਪੰਜ ਇੰਦ੍ਰੀਆਂ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਿਨ੍ਹਾਂ ਸ਼ਕਤੀ-ਸ਼ਾਲੀ ਗੁਰਸਿੱਖਾਂ ਦਾ ਆਪ ਜੀ ਜ਼ਿਕਰ ਕਰਦੇ ਹੋ, ਉਨ੍ਹਾਂ ਨੇ ਧਾਰਨਾ ਕੀ ਧਾਰਨ ਕਰੀ ਹੈ ਅਤੇ ਉਨ੍ਹਾਂ ਦਾ ਤਿਆਗ ਕੀ ਹੈ, ਜਿਸਦਾ ਸਦਕਾ ਉਹ ਇਤਨੇ ਕ੍ਰਾਂਤੀਕਾਰੀ ਹੋ ਸਕੇ ਹਨ ?

ਉ: ਹੇ ਭਾਈਓ ! ਮੈਂ ਤਾਂ ਜਦੋਂ ਭੀ ਉਨ੍ਹਾਂ ਦੇ ਤਿਆਗ ਵੱਲ ਅਤੇ ਧਾਰਨਾ ਵੱਲ ਨਜ਼ਰ ਮਾਰਦਾ ਹਾਂ, ਤਾਂ ਉਨ੍ਹਾਂ ਦਾ ਤਿਆਗ ਤੇ ਧਾਰਨਾ ਭੀ ਮੈਨੂੰ ਗੁਰਬਾਣੀ ਦੇ ਅਨੁਕੂਲ ਹੀ ਨਜ਼ਰ ਆਉਂਦੀ ਹੈ। ਬਾਕੀ ਦੇ ਲੋਕ ਜੋ ਬੈਰੂਨੀ ਤਿਆਗ ਕਰਦੇ ਹਨ, ਜਿਵੇਂ ਕਿ ਕੋਈ ਕਹਿੰਦਾ ਹੈ ਮੈਂ ਅੰਨ ਤਿਆਗ ਦਿਤਾ ਹੈ, ਕੋਈ ਕਹਿੰਦਾ ਹੈ ਕਿ ਮੈਂ ਬਸਤ੍ਰ ਤਿਆਗ ਦਿਤੇ ਹਨ, ਕਿਸੇ ਨੇ ਘਰ ਬਾਰ ਪ੍ਰਵਾਰ ਦਾ ਤਿਆਗੀ ਹੋਣਾ ਉੱਤਮ ਮੰਨ ਲਿਆ ਹੈ, ਪਰ ਇਨ੍ਹਾਂ ਤਿਆਗਾਂ ਨਾਲ ਗੁਰਬਾਣੀ ਸਹਿਮਤ ਨਹੀਂ, ਜਿਸ ਕਰਕੇ ਗੁਰਮੁਖਾਂ ਨੇ ਇਸ ਤਿਆਗ ਦਾ ਤਿਆਗ ਕਰਕੇ, ਜੋ ਗੁਰਮਤ ਨੇ ਸਾਰੇ ਤਿਆਗਾਂ ਦਾ ਸ਼੍ਰੋਮਣੀ ਤਿਆਗ ਹੈ, ਉਸੇ ਦੇ ਧਾਰਨੀ ਹੋਣਾ ਯੋਗ ਸਮਝਿਆ ਹੈ, ਉਹ ਕੀ ਹੈ ? ਉੱਤਰ ਦੇਂਦੇ ਹਨ ਕਿ :

ਤਿਆਗਨਾ ਤਿਆਗਨੁ ਨੀਕਾ
ਕਾਮੁ ਕ੍ਰੋਧੁ ਲੋਭੁ ਤਿਆਗਨਾ ॥੩॥

*(ਮਾਰੂ ਮਹਲਾ ੫, ਪੰਨਾ ੧੦੧੮)*

ਤਿਆਗੇਂ ਮਨ ਕੀ ਮਤੜੀ
ਵਿਸਾਰੇਂ ਦੂਜਾ ਭਾਉ ਜੀਉ ॥
ਇਉ ਪਾਵਹਿ ਹਰਿ ਦਰਸਾਵੜਾ
ਨਹ ਲਗੈ ਤਤੀ ਵਾਉ ਜੀਉ ॥

*(ਸੂਹੀ ਮਹਲਾ ੧, ਪੰਨਾ ੭੬੩)*

ਤਿਆਗਿ ਮਾਨੁ ਝੂਠੁ ਅਭਿਮਾਨੁ ॥
ਜੀਵਤ ਮਰਹਿ ਦਰਗਹ ਪਰਵਾਨੁ ॥੩॥

*(ਗਉੜੀ, ਪੰਨਾ ੧੭੬)*

ਤਿਆਗੀਐ ਗੁਮਾਨੁ ਮਾਨੁ ਪੇਖਤਾ ਦਇਆਲ ਲਾਲ
ਹਾਂ ਹਾਂ ਮਨ ਚਰਨ ਰੇਨ ॥੧॥ਰਹਾਉ॥

*(ਕਾਨੜਾ ਮ: ੫, ਪੰਨਾ ੧੩੦੫)*

ਤਿਆਗਿ ਸਿਆਣਪ ਚਾਤੁਰੀ
ਤੂੰ ਜਾਣੁ ਗੁਪਾਲਹਿ ਸੰਗਿ ਰੀ ॥੧॥ਰਹਾਉ॥

*(ਆਸਾ ਮਹਲਾ ੫, ਪੰਨਾ ੪੦੦)*

ਇਸ ਤਰ੍ਹਾਂ ਗੁਰਮੁਖਾਂ ਨੇ ਗੁਰਬਾਣੀ ਅਨੁਸਾਰ ਤਿਆਗਨ ਜੋਗ ਹੋਰ ਭੀ ਜੋ ਸ਼ੈਆਂ ਹਨ ਉਨ੍ਹਾਂ ਦਾ ਤਿਆਗ ਕਰਕੇ, ਜੋ ਸਤਿ, ਸੰਤੋਖ, ਦਇਆ, ਖਿਮਾਂ ਆਦਿ ਦੈਵੀ-ਗੁਣ ਹਨ ਉਨ੍ਹਾਂ ਨੂੰ ਧਾਰਨ ਕੀਤਾ ਹੈ, ਜਿਨ੍ਹਾਂ ਦੀ ਧਾਰਨਾ ਨੂੰ ਤੱਕ ਕੇ ਮੈਂ ਇਸ ਪਉੜੀ ਵਿਚ ਉਨ੍ਹਾਂ ਦੇ ਤਿਆਗ ਤੇ ਧਾਰਨਾ ਦਾ ਜ਼ਿਕਰ ਕੀਤਾ ਹੈ, ਗੁਰਮੁਖਾਂ ਦੇ ਸੰਪੂਰਨ ਗੁਣ ਤਾਂ ਨਹੀਂ ਬਿਆਨੇ ਜਾ ਸਕਦੇ, ਮੈਂ ਨਾਮ ਮਾਤ੍ਰ ਹੀ ਜ਼ਿਕਰ ਕੀਤਾ ਹੈ:

(੧) (ਜਦੋਂ ਗਹਿਰੀਆਂ ਨਜ਼ਰਾਂ ਰਾਹੀਂ ਤੱਕੀਏ ਤਾਂ ਦਿਸ ਆਵੇਗਾ ਕਿ ਗੁਰਮੁਖਾਂ ਨੇ) ਕਾਮ, ਕ੍ਰੋਧ, ਹੰਕਾਰ ਨੂੰ ਜਿੱਤ ਕੇ ਲੋਭ ਤੇ ਮੋਹ ਦੀ ਤਾੜਨਾ ਮਿਟਾ ਦਿੱਤੀ ਹੈ, (ਭਾਵ ਹੁਣ ਉਨ੍ਹਾਂ 'ਤੇ ਵਿਸ਼ਯ ਬਲ ਨਹੀਂ ਪਾਉਂਦੇ)।

(੨) (ਅਤੇ) ਸਤ, ਸੰਤੋਖ, ਦਇਆ, ਧਰਮ ਤੇ ਵੀਚਾਰ ਦੀ ਸਰੇਸ਼ਟ ਸਮਰੱਥਾ ਹਿਰਦੇ ਵਿਚ ਸਮਾ ਲਈ ਹੈ। ਭਾਵ ਪੰਜੇ ਗੁਣ ਸਦਾ ਹੀ ਪੂਰਨ ਰਹਿੰਦੇ ਹਨ।

(੩) (ਗੁਰਮੁਖ) ਪੰਜਾਂ ਤੋਂ ਲੰਘ ਗਏ ਹਨ ਤੇ ਉਨ੍ਹਾਂ ਦੇ ਹਿਰਦਿਆਂ ਵਿਚ ਪੰਜਾਂ ਸ਼ਬਦਾਂ ਦੀ ਵਧਾਈ ਵੱਜ ਰਹੀ ਹੈ (ਭਾਵ ਖ਼ੁਸ਼ੀ ਪਰਗਟ ਹੋ ਰਹੀ ਹੈ।

(੪) (ਜੋਗੀਆਂ ਦੀਆਂ) ਪੰਜੇ ਮੁੰਦ੍ਰਾਂ ਵੱਲੋਂ ਮਨ ਨੂੰ ਵੱਸ ਕਰ ਲਿਆ ਹੈ ਅਤੇ ਪੰਚਾਇਣ (ਉਪਕਾਰੀ) ਹੋ ਕੇ ਦੇਸ ਵਿਚ ਦੁਹਾਈ ਦਿਤੀ ਹੈ।

(੫) ਪੰਜਾਂ ਦੇ ਮਿਲਿਆਂ ਪ੍ਰਭੂ ਦਾ ਮਿਲਾਪ ਹੁੰਦਾ ਹੈ। ਉਹ ਪ੍ਰਭੂ ਲੇਖੇ ਤੇ ਅਲੇਖ ਹੈ, ਉਸਦੀ ਕਿਸੇ ਨੇ ਕੀਮਤ ਨਹੀਂ ਪਾਈ।

(੬) (ਗੁਰਸਿੱਖਾਂ ਨੇ) ਸੰਸਾਰ ਦੇ ਪਰਪੰਚਾਂ (ਵਲਾਂ ਛਲਾਂ) ਨੂੰ ਤਿਆਗਿਆ ਹੈ ਤੇ ਉਨ੍ਹਾਂ ਨੂੰ ਪੰਜਾਂ (ਪ੍ਰਭੂ ਦੇ ਪਿਆਰਿਆਂ) ਦਾ ਮੇਲ ਹੋਇਆ ਤੇ ਅਨਹਦ ਸ਼ਬਦ ਵਿਚ ਸੁਰਤੀ ਦੀ ਲਿਵ ਲਾਈ ਹੈ।

(੭) (ਇਸ ਤਰ੍ਹਾਂ) ਸਾਧ ਸੰਗਤ ਵਿਚ ਗੁਰਸਿਖ ਗੁਰਭਾਈ ਬਣ ਕੇ ਸੋਭਦੇ ਹਨ।੬।

## ੭. ਗੁਰਮੁਖਾਂ ਦੀ ਸਹਿਜ ਪਦ ਵਿਚ ਸਮਾਈ

**੧. ਛੇ ਦਰਸ਼ਨ ਤਰਸਨ ਘਣੇ**
**ਗੁਰਮੁਖ ਸਤਿਗੁਰੁ ਦਰਸ਼ਨੁ ਪਾਯਾ।**
**੨. ਛੇ ਸਾਸਤ੍ਰ ਸਮਝਾਵਣੀ**
**ਗੁਰਮੁਖ ਗੁਰ ਉਪਦੇਸ਼ ਦ੍ਰਿੜ੍ਹਾਯਾ।**
**੩. ਛੇ ਨਾਦ ਵਿਸਮਾਦ ਵਿੱਚ**
**ਗੁਰਮਤ ਸਤਿਗੁਰ ਸ਼ਬਦ ਸੁਣਾਯਾ।**
**੪. ਛੇ ਰੁੱਤੀ ਕਰ ਵਰਤਮਾਨ**
**ਸੂਰਜ ਇੱਕ ਚਲਿਤ ਵਰਤਾਯਾ।**
**੫. ਛੇ ਰਸ ਸਾਉ ਨ ਪਾਇਨੀ**
**ਗੁਰਮੁਖ ਸੁਖ ਫਲ ਪਿਰਮ ਚਖਾਯਾ।**
**੬. ਜਤੀ ਸਤੀ ਚਿਰਜੀਵਣੇ**
**ਚੱਕ੍ਰ ਵਰਤਿ ਹੋਇ ਮੋਹੇ ਮਾਯਾ।**
**੭. ਸਾਧ ਸੰਗਤ ਮਿਲ ਸਹਿਜ ਸਮਾਯਾ ॥੭॥**

***ਪਦ ਅਰਥ :*** ਤਰਸਨ—ਚਾਹੁੰਦੇ ਹਨ। ਘਣੇ—ਬਹੁਤ। ਸਾਉ—ਸੁਆਦ।

***ਅਰਥ :***

**ਪ੍ਰ:** ਭਾਈ ਸਾਹਿਬ ਜੀਓ ! ਕੀ ਦਸੋਗੇ ਕਿ ਛੇ ਮੱਤਾਂ ਵਾਲੇ ਅਤੇ ਛੇ ਸ਼ਾਸਤ੍ਰਾਂ ਵਾਲੇ ਲੋਕਾਂ ਤੇ ਗੁਰੂ ਦੇ ਦਰਸ਼ਨ ਕਰਨ ਵਾਲੇ ਗੁਰਮੁਖਾਂ ਵਿਚ ਕੀ ਅੰਤਰਾ ਹੈ ?

**ਉ:** ਹੇ ਭਾਈਓ ! ਮੈਂ ਤਾਂ ਜਦੋਂ ਗੁਰਬਾਣੀ ਦੀ ਰੌਸ਼ਨੀ ਵਿਚ ਵੇਖਦਾ ਹਾਂ ਤਾਂ ਮੈਨੂੰ ਇਉਂ ਹੀ ਅਨੁਭਵ ਹੁੰਦਾ ਹੈ, ਜਿਸਨੂੰ ਕਿ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ :

(੧) (ਹੇ ਪਿਆਰਿਓ ! ਜਿਨ੍ਹਾਂ ਗੁਰਮੁਖਾਂ ਨੇ) ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਕੀਤਾ ਹੈ, ਉਨ੍ਹਾਂ ਦੇ ਦਰਸ਼ਨਾਂ ਲਈ ਛੇ ਦਰਸ਼ਨਾਂ (ਮੱਤਾਂ) ਵਾਲੇ ਤਰਸਦੇ ਹਨ।

(੨) ਛੇ ਸ਼ਾਸਤ੍ਰਾਂ ਦੇ ਪਾਠੀ ਸੰਸਾਰਕ ਸਮਝਾਵਣੀਆਂ ਦਿੰਦੇ ਹਨ, ਪਰ ਗੁਰਮੁਖਾਂ ਨੇ ਸਤਿਗੁਰੂ ਜੀ ਦੇ ਉਪਦੇਸ਼ ਨੂੰ ਹੀ ਦ੍ਰਿੜ੍ਹ ਕੀਤਾ ਹੈ।

(੩) ਸਤਿਗੁਰਾਂ ਨੇ ਗੁਰਸਿੱਖਾਂ ਨੂੰ ਜਿਹੜਾ ਸ਼ਬਦ ਸੁਣਾਇਆ ਹੈ, ਉਸਨੂੰ ਛੇ ਰਾਗਾਂ ਦੇ ਗਾਉਣ ਵਾਲੇ ਵੀ ਸੁਣ ਕੇ ਹੈਰਾਨ ਹੁੰਦੇ ਹਨ।

(੪) ਛੇ ਰੁੱਤਾਂ ਜੋ ਸੰਸਾਰ ਵਿਚ ਵਰਤ ਰਹੀਆਂ ਹਨ, ਉਨ੍ਹਾਂ ਵਿਚ ਇਕੋ ਸੂਰਜ ਦਾ ਕੌਤਕ ਵਰਤ ਰਿਹਾ ਹੈ (ਇਸੇ ਤਰ੍ਹਾਂ ਪ੍ਰਭੂ ਸਭ ਵਿਚ ਇਕੋ ਸਮਾਨ ਹੀ ਵਰਤ ਰਿਹਾ ਹੈ)।

(੫) ਗੁਰਮੁਖਾਂ ਨੇ ਜਿਹੜਾ ਪ੍ਰੇਮ ਰੂਪ ਸੁਖ ਫਲ ਚਖਿਆ ਹੈ, ਉਸ ਵਰਗਾ ਸੁਆਦ ਛੇ ਰਸਾਂ ਦੇ ਪਦਾਰਥਾਂ ਵਿਚੋਂ ਵੀ ਨਹੀਂ ਮਿਲਦਾ।

(੬) ਜਤੀ, ਸਤੀ, ਚਿਰਜੀਵਣੇ (ਲੰਮੀ ਉਮਰ ਵਾਲੇ) ਤੇ ਚਕ੍ਰਵਰਤੀ ਰਾਜੇ ਸਭ ਮਾਇਆ ਦੇ ਮੋਹ ਵਿਚ ਮੋਹਤ ਹੋਏ ਹੋਏ ਹਨ।

(੭) ਸਾਧ ਸੰਗਤ ਵਿਚ ਮਿਲਣ ਵਾਲੇ ਗੁਰਮੁਖ ਸਹਿਜ ਪਦ ਵਿਚ ਸਮਾ ਜਾਂਦੇ ਹਨ।੭।

***ਭਾਵਾਰਥ :*** ਬਾਕੀ ਦੇ ਸਾਰੇ ਜਪ ਤਪ ਸਾਧਨ ਸਹਿਜ ਪਦਵੀ ਤੋਂ ਉਰੇ ਹੀ ਰਹਿ ਜਾਂਦੇ ਹਨ ਇਕ ਗੁਰਮੁਖ ਹੀ ਹਨ ਜੋ ਸਾਧ ਸੰਗਤ ਦੁਆਰੇ ਸਹਿਜ ਪਦ ਵਿਚ ਹੀ ਜਾ ਸਮਾਉਂਦੇ ਹਨ।

## ੮. ਗੁਰਸਿੱਖ ਦੀ ਕਮਾਈ ਕੇਵਲ ਗੁਰ ਸ਼ਬਦ ਹੈ

**੧. ਸੱਤ ਸਮੁੰਦ ਸਮਾਇ ਲੈ**
**ਭਵਜਲ ਅੰਦਰ ਰਹੇ ਨਿਰਾਲਾ।**
**੨. ਸੱਤੇ ਦੀਪ ਅਨ੍ਹੇਰ ਹੈ**
**ਗੁਰਮੁਖ ਦੀਪਕ ਸ਼ਬਦ ਉਜਾਲਾ।**
**੩. ਸੱਤੇ ਪੁਰੀਆਂ ਸੋਧੀਆਂ**
**ਸਹਿਜ ਪੁਰੀ ਸੱਚੀ ਧਰਮਸਾਲਾ।**
**੪. ਸੱਤੇ ਰੋਹਣਿ ਸੱਤ ਵਾਰ**
**ਸਾਧੇ ਫੜ ਫੜ ਮੱਥੇ ਵਾਲਾ।**
**੫. ਤ੍ਰੈ ਸੱਤੇ ਬ੍ਰਹਮੰਡ ਕਰ**
**ਵੀਹ ਇਕੀਹ ਉਲੰਘ ਸੁਖਾਲਾ।**
**੬. ਸੱਤੇ ਸੁਰ ਭਰਪੂਰ ਕਰ**
**ਸੱਤੀਂ ਧਾਰੀਂ ਪਾਰ ਪਿਆਲਾ।**
**੭. ਸਾਧ ਸੰਗਤ ਗੁਰ ਸ਼ਬਦ ਸਮਾਲਾ ॥੮॥**

***ਪਦ ਅਰਥ :*** ਮੱਥੇ ਵਾਲਾ—ਸਿਰੋਂ ਫੜ ਕੇ। ਤ੍ਰੈ ਸੱਤੇ—੭ ਅਕਾਸ਼, ੭ ਪਤਾਲ, ੭ ਦੀਪ, ਅਥਵਾ ਤ੍ਰੈ ਸੱਤੇ ਸੁਰ—ਸਾ ਰੇ, ਗਾ, ਮਾ, ਪਾ, ਧਾ, ਨੀ। ਤ੍ਰੈ ਸੱਤੇ—ਇੱਕੀ ਪੁਰੀਆਂ। ਸਮਾਇ—ਥਾਹ। ਬ੍ਰਹਮੰਡ—ਸੰਸਾਰ। ਸਮਾਲਾ—ਸੰਭਾਲਿਆ। ਸੱਤੀਂ ਧਾਰੀਂ—ਸੱਤ ਧਾਰ ਤੋਂ ਪਾਰ ਹੋਏ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਸੰਸਾਰ ਦੇ ਕੋਨੇ ਕੋਨੇ ਵਿਚ ਅਨੇਕਾਂ ਹੀ ਫ਼ਿਰਕੇ ਹਨ ਤੇ ਉਨ੍ਹਾਂ ਵਿਚ ਵੱਖੋ ਵੱਖ ਸੰਸਥਾਵਾਂ ਹਨ, ਉਨ੍ਹਾਂ ਦੇ ਭਿੰਨ ਭਿੰਨ ਅਰਾਧਨਾ ਕਰਨ ਦੇ ਢੰਗ ਵੀ ਹਨ, ਪਰ ਜੋ ਗੁਰੂ ਦੇ ਸਿੱਖ ਹਨ ਉਨ੍ਹਾਂ ਦੀ ਅਰਾਧਨਾ ਕਰਨ ਵਿਚ ਕੀ ਵੱਖਰਾਪਨ ਹੈ, ਗੁਰਮਤ ਅਨੁਸਾਰ ਇਸ ਬਾਰੇ ਜਾਣਕਾਰੀ ਦਿਓ ?

ਉ: ਹੇ ਭਾਈਓ! ਇਹ ਠੀਕ ਹੈ ਕਿ ਸੰਸਾਰ ਵਿਚ ਅਨੇਕਾਂ ਹੀ ਫ਼ਿਰਕਿਆਂ ਵਿਚ ਬਹੁਤ ਤਰ੍ਹਾਂ ਦੀ ਅਰਾਧਨਾ ਕੀਤੀ ਜਾਂਦੀ ਹੈ, ਉਸਨੂੰ ਬਾਣੀ ਦੁਆਰੇ ਪ੍ਰਗਟਾਇਆ ਭੀ ਗਿਆ ਹੈ। ਮੇਰੇ ਪੜਚੋਲ ਕਰਨ ਵਿਚ ਜੋ ਬਾਕੀ ਦੇ ਲੋਕਾਂ ਨਾਲੋਂ ਗੁਰਮੁਖਾਂ ਦੀ ਅਰਾਧਨਾ ਵਿਚ ਅੰਤਰਾ ਹੈ ਉਹ ਇਹੋ ਹੈ ਕਿ ਜਿਥੇ ਬਾਕੀ ਦੇ ਲੋਕ ਦੇਵੀ ਦੇਵਤਿਆਂ ਦੀ ਅਰਾਧਨਾ ਕਰਦੇ ਹਨ ਉਥੇ ਗੁਰੂ ਦੇ ਸਿੱਖ ਕੇਵਲ ਗੁਰੂ ਦੇ ਸ਼ਬਦ ਦੇ ਹੀ ਉਪਾਸ਼ਕ ਹਨ ਜੋ ਸਿੱਖ ਨੂੰ ਕਲਿਆਨ ਕਰਨ ਦੀ ਦਾਤ ਬਖ਼ਸ਼ਦੀ ਹੈ। ਉਸ ਵਿਚ ਇਤਨੀ ਵਿਸ਼ੇਸ਼ਤਾ ਆ ਜਾਂਦੀ ਹੈ, ਜਿਸਨੂੰ ਮੈਂ ਇਸ ਪਉੜੀ ਵਿਚ ਅੰਕਤ ਕਰਨ ਦਾ ਉਪਰਾਲਾ ਕੀਤਾ ਹੈ :

(੧) (ਹੇ ਭਾਈਓ! ਗੁਰਬਾਣੀ ਰਾਹੀਂ ਇਹੋ ਬੋਧ ਮਿਲਦਾ ਹੈ ਕਿ ਗੁਰੂ ਦਾ ਸਿੱਖ ਗੁਰਮੁਖ) ਸੱਤਾਂ ਸਮੁੰਦਰਾਂ ਦੀ ਥਾਹ ਲੈ ਕੇ ਸੰਸਾਰ ਵਿਚ ਨਿਰਾਲਾ ਹੀ ਰਹਿੰਦਾ ਹੈ।

(੨) ਸੱਤਾਂ ਦੀਪਾਂ ਵਿਚ ਅਗਿਆਨ ਦਾ ਅੰਧੇਰਾ ਵਰਤ ਰਿਹਾ ਹੈ, ਪਰ ਗੁਰਮੁਖਾਂ ਨੇ ਗੁਰ ਦਾ ਸ਼ਬਦ-ਰੂਪ ਦੀਪਕ ਜਗਾ ਕੇ ਪ੍ਰਕਾਸ਼ ਕਰ ਲਿਆ ਹੈ।

(੩) (ਗੁਰਮੁਖਾਂ ਨੇ) ਸੱਤ ਪੁਰੀਆਂ ਨੂੰ ਸਾਧ ਕੇ (ਭਾਵ ਸੱਤ ਭੂਮਿਕਾ) ਨੂੰ ਸਾਧ ਕੇ ਸ਼ਾਂਤੀ ਦੀ ਨਗਰੀ ਭਾਵ ਸੱਚੀ ਧਰਮਸਾਲਾ ਕਾਇਮ ਕੀਤੀ ਹੈ।

(੪) ਰੋਹਣੀ ਆਦਿ ਨਛੱਤਰਾਂ ਦੇ ਸੱਤਾਂ ਚੱਕ੍ਰਾਂ ਦੇ ਸੱਤਾਂ ਵਾਰਾਂ ਨੂੰ ਸਿਰ ਦੇ ਵਾਲਾਂ ਤੋਂ ਫੜ ਫੜ ਕੇ ਸਾਧ ਲਿਆ ਹੈ (ਭਾਵ ਨਛੱਤ੍ਰਾਂ ਤੇ ਵਾਰਾਂ ਦੀ ਮਨੌਤ ਨੂੰ ਛੱਡ ਦਿਤਾ ਹੈ)।

(੫) (ਗੁਰਮੁਖ) ਤ੍ਰੈ ਸੱਤੇ (ਇੱਕੀ ਪੁਰੀਆਂ) ਦੇ ਬ੍ਰਹਿਮੰਡ ਨੂੰ ਲੰਘ ਕੇ ਵੀਹ ਇਕੀਹ ਦੀਆਂ ਗਿਣਤੀਆਂ ਨੂੰ ਛੱਡ ਕੇ ਸੁਖੀ ਹੋ ਗਏ ਹਨ।

(੬) (ਗੁਰਮੁਖਾਂ ਨੇ) ਰਾਗਾਂ ਦੀਆਂ ਸੱਤਾਂ ਸੁਰਾਂ ਵੱਲੋਂ ਮਨ ਨੂੰ ਭਰਪੂਰ ਕਰਕੇ ਪਹਾੜਾਂ ਦੀਆਂ ਸੱਤਾਂ ਧਾਰਾਂ (ਬਿਖਮ ਚੋਟੀਆਂ) ਨੂੰ ਪਾਰ ਕਰ ਲਿਆ ਹੈ।

(੭) ਗੁਰਮੁਖਾਂ ਨੇ ਸਾਧ ਸੰਗਤ ਵਿਚ ਮਿਲ ਕੇ ਸਤਿਗੁਰੂ ਦੇ ਸ਼ਬਦ (ਉਪਦੇਸ਼) ਦੀ ਸੰਭਾਲ ਕੀਤੀ ਹੈ।੮।

***ਭਾਵਾਰਥ :*** ਗੁਰਸਿਖ ਸਾਧ ਸੰਗਤ ਵਿਚ ਮਿਲ ਕੇ ਗੁਰੂ ਦੇ ਸ਼ਬਦ ਉਪਦੇਸ਼ ਦੀ ਕਮਾਈ ਕਰਦਾ ਹੈ ਤੇ ਉਹ ਹੋਰ ਸਭ ਵਹਿਮਾਂ ਨੂੰ ਤਿਆਗ ਦਿੰਦਾ ਹੈ। ਕਿਉਂਕਿ ਗੁਰੂ ਦੇ ਸ਼ਬਦ ਤੋਂ ਬਿਨਾਂ ਜਿਤਨੇ ਭੀ ਹੋਰ ਕਰਮ-ਕਾਂਡ ਹਨ ਇਹ ਮਨੁੱਖ ਨੂੰ ਇਸੇ ਸੰਸਾਰ ਦੇ ਆਵਾਗਵਨ ਵਿਚ ਰਖਦੇ ਹਨ।

## ੯. ਮਨ ਨੂੰ ਸਾਧਨਾ, ਸ੍ਰੇਸ਼ਟ ਸਾਧਨ ਸੰਗਤ ਹੈ

**੧. ਅੱਠ ਖੰਡ ਪਾਖੰਡ ਮਹਿ**
**ਗੁਰਮਤ ਇਕ ਮਨ ਇੱਕ ਧਿਆਯਾ।**
**੨. ਅਸ਼ਟਧਾਤ ਪਾਰਸ ਮਿਲੀ**
**ਗੁਰਮਖ ਕੰਚਨ ਜੋਤਿ ਜਗਾਯਾ।**
**੩. ਰਿੱਧ ਸਿੱਧ ਸਿੱਧ ਸਾਧਕਾਂ**
**ਆਦਿ ਪੁਰਖ ਆਦੇਸ ਕਰਾਯਾ।**
**੪. ਅੱਠੇ ਪਹਿਰ ਅਰਾਧੀਐ**
**ਸ਼ਬਦ ਸੁਰਤ ਲਿਵ ਅਲਖ ਲਖਾਯਾ।**
**੫. ਅਸ਼ਟ ਕੁਲੀ ਵਿਹੁ ਉੱਤਰੀ**
**ਸਤਿਗੁਰ ਮੱਤ ਨ ਮੋਹੇ ਮਾਯਾ।**
**੬. ਮਨ ਅਸਾਧ ਨ ਸਾਧੀਐ**
**ਗੁਰਮੁਖ ਸੁਖਫਲ ਸਾਧ ਸਧਾਯਾ।**
**੭. ਸਾਧ ਸੰਗਤ ਮਿਲ ਮਨ ਵਸਿ ਆਯਾ ॥੯॥**

***ਪਦ ਅਰਥ :*** ਅੱਠ ਖੰਡ—ਅੱਠ ਹਿੱਸੇ, ਪੰਥ। ਅਸ਼ਟ ਕੁਲੀ ਵਿਹੁ—ਸੱਪ ਦੀ ਵਿਖ ਭਾਵ ਹੰਕਾਰ। ਸਾਧ ਸਧਾਇਆ—ਸਾਧਨਾ ਸਿੱਧ ਕੀਤਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਸੰਸਾਰ ਵਿਚ ਭਿੰਨ ਭਿੰਨ ਵਰਨਾਂ ਤੇ ਆਸ਼੍ਰਮਾਂ ਨੇ ਮਨ ਨੂੰ ਵੱਸ ਕਰਨ ਲਈ ਅਨੇਕਾਂ ਤਰ੍ਹਾਂ ਦੇ ਸਾਧਨ ਕੀਤੇ ਹਨ, ਪਰ ਗੁਰਮੁਖਾਂ ਨੇ ਕੌਣ ਸਾਧਨ ਕਮਾਇਆ ਹੈ, ਜਾਣਕਾਰੀ ਦਿਓ ?

ਉ: ਹੇ ਭਾਈਓ! ਮੈਂ ਤਾਂ ਗੁਰਬਾਣੀ ਦੁਆਰਾ ਸੰਸਾਰ ਦੇ ਮਨ-ਸੋਧਨ ਵਾਲੇ ਸਾਰੇ ਕਰਮਾਂ-ਕਾਂਡਾਂ ਨੂੰ ਪੜਚੋਲਿਆ ਹੈ, ਪਰ ਜੋ ਗੁਰਮੁਖਾਂ ਨੇ ਸਾਧ ਸੰਗਤ ਵਿਚ ਮਿਲ ਕੇ ਸ਼ਬਦ ਦੀ ਕਮਾਈ ਕਰਕੇ ਮਨ ਨੂੰ ਵੱਸ ਕੀਤਾ ਹੈ ਇਹ ਸਾਧਨ ਸਾਰਿਆਂ ਦਾ ਸ਼ਰੋਮਣੀ ਹੈ, ਇਸੇ ਭਾਵ ਨੂੰ ਮੈਂ ਇਸ ਪਉੜੀ ਵਿਚ ਦਰਸਾਇਆ ਹੈ :

(੧) (ਜਿਵੇਂ ਕਿ ਗੁਰਮਤ ਦੁਆਰਾ ਵੇਖਦੇ ਹਾਂ ਕਿ) ਸੰਸਾਰ ਦੇ ਅੱਠੇ ਹਿਸੇ (ਚਾਰ ਵਰਨ ਤੇ ਚਾਰ ਆਸ਼੍ਰਮ) ਪਖੰਡ ਵਿਚ ਫਸੇ ਹੋਏ ਹਨ, ਪਰ ਗੁਰਸਿੱਖਾਂ ਨੇ ਗੁਰੂ ਦੀ ਸਿਖਿਆ ਦੁਆਰਾ ਕੇਵਲ ਇਕ ਪ੍ਰਭੂ ਨੂੰ ਇਕ ਮਨ ਹੋ ਕੇ ਹੀ ਅਰਾਧਿਆ ਹੈ।

(੨) (ਅੜ੍ਹੇ) ਅੱਠਾਂ ਧਾਤਾਂ (ਚਾਰ ਵਰਨ ਤੇ ਚਾਰ ਆਸ਼੍ਰਮ) ਗੁਰੂ ਰੂਪ ਪਾਰਸ ਨਾਲ ਮਿਲੀਆਂ ਤਾਂ ਸੁਨਹਿਰੀ ਜੋਤ ਪ੍ਰਗਟ ਹੋਈ (ਭਾਵ ਗੁਰਮੁਖਾਂ ਦੇ ਪੰਥ ਦਾ ਪ੍ਰਕਾਸ਼ ਹੋਇਆ)।

(੩) (ਸਤਿਗੁਰਾਂ ਨੇ) ਰਿੱਧੀਆਂ ਸਿੱਧੀਆਂ ਵਾਲੇ ਸਿੱਧ ਸਾਧਕਾਂ ਨੂੰ ਅਕਾਲ ਪੁਰਖ ਦੇ ਨਮਸਕਾਰ ਕਰਨ ਵਾਲੇ (ਸੇਵਕ) ਬਣਾ ਦਿਤਾ।

(੪) (ਗੁਰਸਿੱਖਾਂ ਨੂੰ) ਅੱਠੇ ਪਹਿਰ ਪ੍ਰਭੂ ਦੀ ਅਰਾਧਨਾ ਕਰਕੇ ਤੇ ਸ਼ਬਦ ਵਿਚ ਲਿਵ ਲਾ ਕੇ ਅਲੱਖ ਪ੍ਰਭੂ ਦੀ ਲਖਤਾ ਹੋ ਗਈ ਹੈ।

(੫) (ਉਨ੍ਹਾਂ ਦੀ ਅੱਠ ਕੁਲੀ) ਸੱਪਾਂ ਦੀ ਜ਼ਹਿਰ ਉਤਰ ਗਈ ਹੈ ਤੇ ਸਤਿਗੁਰਾਂ ਦੀ ਸਿਖਿਆ ਦੇ ਪ੍ਰਤਾਪ ਨਾਲ ਹੁਣ ਉਨ੍ਹਾਂ ਦਾ ਮਨ ਮਾਇਆ ਦੇ ਪਦਾਰਥਾਂ ਵਿਚ ਮੋਹਤ ਨਹੀਂ ਹੁੰਦਾ।

(੬) ਜਿਹੜਾ ਮਨ ਅਸਾਧ ਸੀ, ਵੱਸ ਵਿਚ ਨਹੀਂ ਸੀ ਆਉਂਦਾ, ਉਹ ਗੁਰਮੁਖਾਂ ਨੇ ਪ੍ਰੇਮਾ-ਭਗਤੀ ਨਾਲ ਸਾਧ ਲਿਆ ਹੈ (ਭਾਵ ਅਸਾਧ ਮਨ ਨੂੰ ਵੱਸ ਵਿਚ ਕਰ ਲਿਆ ਹੈ)।

(੭) ਸਾਧ ਸੰਗਤ ਵਿਚ ਮਿਲਣ ਨਾਲ ਮਨ ਕਾਬੂ ਵਿਚ ਆ ਜਾਂਦਾ ਹੈ।੯।

***ਭਾਵਾਰਥ :*** ਮਨ ਨੂੰ ਬੁਰਿਆਈਆਂ ਵੱਲੋਂ ਮੋੜਨ ਲਈ ਕੇਵਲ ਇਕ ਸਾਧ ਸੰਗਤ ਹੀ ਸ੍ਰੇਸ਼ਟ ਸਾਧਨ ਹੈ।

## ੧੦. ਨਾਮ ਜਪਣ ਦੁਆਰਾ ਜੁਬਾਨ ਦੀ ਸਫਲਤਾ

**੧. ਨਉ ਪਰਕਾਰੀ ਭਗਤ ਕਰ**
**ਸਾਧੈ ਨਵੈ ਦੁਆਰ ਗੁਰਮੱਤੀ।**
**੨. ਗੁਰਮੁਖ ਪਿਰਮ ਚਖਾਇਆ**
**ਗਾਵੈ ਜੀਭ ਰਸਾਇਨ ਰੱਤੀ।**
**੩. ਨਵੀਂ ਖੰਡੀਂ ਜਾਣਾਇਆ**
**ਰਾਜ ਜੋਗ ਜਿਣ ਸਤੀ ਅਸੱਤੀ।**
**੪. ਨਉ ਕਰ ਨਉ ਘਰ ਸਾਧਿਆ**
**ਵਰਤਮਾਨ ਪਰਲਉ ਉਤਪੱਤੀ।**
**੫. ਨਵਨਿੱਧੀ ਪਿਛਲੱਗਣੀ**
**ਨਾਥ ਅਨਾਥ ਸਨਾਥ ਜੁਗੱਤੀ।**
**੬. ਨਉ ਉੱਖਲ ਵਿਚ ਉੱਖਲੀ**
**ਮਿਠੀ ਕਉੜੀ ਠੰਢੀ ਤੱਤੀ।**
**੭. ਸਾਧ ਸੰਗਤ ਗੁਰਮਤਿ ਸਣਖੱਤੀ ॥੧੦॥**

***ਪਦ ਅਰਥ :*** ਪਿਰਮ—ਪ੍ਰੇਮ। ਰਸਾਇਨ—ਰਸ ਦਾ ਘਰ। ਸਤੀ ਅਸੱਤੀ—ਚੰਗੇ ਮੰਦੇ ਗੁਣ। ਨਉ ਕੁਰ—ਨੌਂ ਕਲਾ ਜਾਂ ਨੌਂ ਗੋਲਕਾਂ। ਨਉ ਘਰ—ਨਵੀਨ ਘਰ, ਸੰਸਾਰ। ਸਨਾਥ—ਕ੍ਰਿਤਾਰਥ। ਸਣਖੱਤੀ—ਸ੍ਰੇਸ਼ਟ, ਸੁਹਾਗਣ, ਅਨੰਦ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਜਿਵੇਂ ਪੁਰਾਤਨ ਪੁਸਤਕਾਂ ਵਿਚ ਜ਼ਿਕਰ ਆਉਂਦਾ ਹੈ ਕਿ ਪੁਰਾਤਨ ਸਮੇਂ ਦੇ ਭਗਤ-ਜਨ ਨਵਧਾ ਭਗਤੀ ਕਰਕੇ ਨੌਂ ਦਰਵਾਜ਼ੇ ਸਾਧਦੇ ਰਹੇ ਹਨ, ਕੀ ਇਨ੍ਹਾਂ ਨਵਾਂ ਦੁਆਰਿਆਂ ਨੂੰ ਸਾਧਨ ਦਾ ਗੁਰਮੁਖਾਂ ਦਾ ਭੀ ਇਹੋ ਤਰੀਕਾ ਹੈ ਜਾਂ ਕੋਈ ਹੋਰ ਢੰਗ ਹੈ, ਜਾਣਕਾਰੀ ਦਿਓ ?

**ਉ:** ਹੇ ਭਾਈਓ ! ਮੈਂ ਤਾਂ ਜਦੋਂ ਭੀ ਗੁਰਬਾਣੀ ਦੇ ਸਿਧਾਂਤਾਂ ਵੱਲ ਤੱਕਦਾ ਹਾਂ ਤਾਂ ਮੈਨੂੰ ਇਹੋ ਬੋਧ ਮਿਲਦਾ ਹੈ ਕਿ ਪੁਰਾਤਨ ਸਮੇਂ ਦੇ ਜਿਤਨੇ ਭੀ ਸਾਧਨ ਪੜ੍ਹਨ ਵਿਚ ਆਉਂਦੇ ਹਨ, ਉਨ੍ਹਾਂ ਸਾਰਿਆਂ ਤੋਂ ਹੀ ਗੁਰਮਤ ਦੇ ਵੱਖਰੇ ਨਵੀਨ ਢੰਗ ਹਨ, ਜਾਂ ਇਉਂ ਕਹੋ ਕਿ ਪੁਰਾਤਨ ਮੱਤਾਂ ਦੇ ਸਾਧਨ ਜਿਥੇ ਜਾ ਕੇ ਖਲੋ ਜਾਂਦੇ ਹਨ ਗੁਰਮਤ ਉਥੋਂ ਅਗੇ ਅਰੰਭ ਹੁੰਦੀ ਹੈ, ਇਕ ਇਹੋ ਗੁਰਮਤ ਹੈ ਜੋ ਸਾਧਕ ਨੂੰ ਰੱਬੀ ਦਰਬਾਰ ਤਕ ਪਹੁੰਚਾਉਣ ਦੀ ਸਮਰੱਥਾ ਰੱਖਦੀ ਹੈ, ਬਾਣੀ ਵਿਚ ਭੀ ਇਹੋ ਫ਼ੁਰਮਾਨ ਆਉਂਦਾ ਹੈ ਕਿ ਪਿਛਲੇ ਕਰਮਾਂ ਧਰਮਾਂ ਦੇ ਸਾਰੇ ਸਾਧਨ ਪਿਛਲੇ ਜੁਗਾਂ ਦੇ ਨਾਲ ਹੀ ਪਿਛੇ ਰਹਿ ਗਏ, ਹੁਣ ਕਲਜੁਗ ਦਾ ਸਮਾਂ ਆ ਗਿਆ ਹੈ ਇਸ ਵਿਚ ਤਾਂ ਕੇਵਲ ਇਕ ਪਰਮੇਸ਼ਰ ਦਾ ਨਾਮ ਚਿੰਤਨ ਕਰਨਾ ਹੀ ਸ਼ਰੋਮਣੀ ਸਾਧਨ ਹੈ, ਜਿਵੇਂ ਕਿ ਬਾਣੀ ਵਿਚ ਭੀ ਬਾਰ ਬਾਰ ਇਸੇ ਭਾਵ ਨੂੰ ਪ੍ਰਗਟਾਇਆ ਹੈ।

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥
ਤੀਨੌ ਜੁਗ ਤੀਨੌ ਦਿੜੇ
ਕਲਿ ਕੇਵਲ ਨਾਮ ਅਧਾਰ ॥੧॥
*(ਗਉੜੀ ਬੈਰਾਗਣਿ, ਪੰਨਾ ੩੪੬)*

ਅਬ ਕਲੂ ਆਇਓ ਰੇ ॥
ਇਕੁ ਨਾਮੁ ਬੋਵਹੁ ਬੋਵਹੁ ॥
ਆਨ ਰੁਤਿ ਨਾਹੀ ਨਾਹੀ ॥
ਮਤੁ ਭਰਮਿ ਭੂਲਹੁ ਭੂਲਹੁ ॥
*(ਬਸੰਤੁ ਮਹਲਾ ੫, ਪੰਨਾ ੧੧੮੫)*

ਇਸ ਤਰ੍ਹਾਂ ਸਾਨੂੰ ਬਾਣੀ ਵਿਚੋਂ ਹੋਰ ਭੀ ਕਈ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਇਹੋ ਬੋਧ ਮਿਲਦਾ ਹੈ ਕਿ ਪੁਰਾਤਨ ਜੁਗਾਂ ਦੇ ਪੁਰਾਤਨ ਸਾਧਨ ਪਿਛੇ ਰਹਿ ਗਏ ਇਸ ਕਲਜੁਗ ਦੇ ਵਿਚ ਤਾਂ ਕੇਵਲ ਪ੍ਰਭੂ ਦੀ ਪ੍ਰੇਮਾ-ਭਗਤੀ ਕਰਦੇ ਰਹਿਣਾ ਹੀ ਸਰੇਸ਼ਟ ਸਾਧਨ ਹੈ, ਜੋ ਮਨੁੱਖ ਦੀ ਕਲਿਆਣ ਕਰਨ ਦਾ ਇਕੋ ਸਾਧਨ ਹੈ। ਸੋ, ਮੈਂ ਭੀ ਗੁਰਬਾਣੀ ਦੇ ਉਪ੍ਰੋਕਤ ਭਾਵਾਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ :

(੧) (ਜਿਵੇਂ ਕਿ ਬਾਣੀ ਦੁਆਰੇ ਸੋਝੀ ਮਿਲਦੀ ਹੈ ਕਿ) ਨੌ ਤਰ੍ਹਾਂ ਦੀ ਭਗਤੀ ਕਰਕੇ ਭਗਤ ਜਨ ਜੋ ਨੌਂ ਦਰਵਾਜ਼ੇ ਸਾਧਦੇ ਹਨ, ਉਹ ਗੁਰਮੁਖਾਂ ਨੇ ਗੁਰੂ ਦੀ ਸਿਖਿਆ ਲੈ ਕੇ ਪ੍ਰੇਮਾ-ਭਗਤੀ ਦੁਆਰਾ ਸਾਧ ਲਏ ਹਨ।

(੨) ਗੁਰਮੁਖਾਂ ਦੀ ਜੀਭ ਪ੍ਰੇਮ-ਰਸਾਇਣ ਵਿਚ ਰੱਤੀ ਹੋਈ ਉਸ ਪ੍ਰਭੂ ਦਾ ਜੱਸ ਗਾਇਨ ਕਰਦੀ ਹੈ।

(੩) (ਗੁਰਮੁਖਾਂ ਨੇ) ਰਾਜ ਜੋਗ ਕਰਕੇ ਭਲੇ ਬੁਰੇ (ਗੁਣਾਂ) ਨੂੰ ਜਿੱਤ ਲਿਆ ਹੈ ਤੇ ਉਨ੍ਹਾਂ ਨੇ ਆਪਣੇ ਆਪ ਨੂੰ ਸੰਸਾਰ ਵਿਚ ਪ੍ਰਗਟ ਕੀਤਾ ਹੈ।

(੪) (ਗੁਰਮੁਖਾਂ ਨੇ) ਗੋਲਕਾਂ ਵਾਲੇ ਨਵੇਂ ਘਰ (ਸੰਸਾਰ) ਵਿਚ ਤਿੰਨ ਕਾਲਾਂ, ਵਰਤਮਾਨ, ਪਰਲੋ ਤੇ ਉਤਪਤੀ ਨੂੰ ਸਿੱਧ ਕਰ ਲਿਆ ਹੈ।

(੫) (ਇਨ੍ਹਾਂ ਗੁਣਾਂ ਕਰਕੇ ਗੁਰਮੁਖਾਂ ਦੇ) ਪਿਛੇ ਨੌਂ ਨਿੱਧੀਆਂ ਲਗੀਆਂ ਫਿਰਦੀਆਂ ਹਨ ਤੇ ਉਹ ਨਾਥਾਂ ਅਨਾਥਾਂ ਨੂੰ ਮੁਕਤ ਹੋਣ ਦੀ ਜੁਗਤੀ ਦਸਦੇ ਹਨ।

(੬) ਨਵਾਂ ਗੋਲਕਾਂ ਵਿਚੋਂ ਜੀਭ ਦੀ ਗੋਲਕ ਜੋ ਮਿੱਠੀ, ਕੌੜੀ, ਠੰਢੀ ਤੇ ਤੱਤੀ ਹੁੰਦੀ ਹੈ।

(੭) (ਉਹ) ਸਾਧ ਸੰਗਤ ਵਿਚ ਗੁਰੂ ਦੀ ਸਿਖਿਆ ਲੈ ਕੇ ਸਰੇਸ਼ਟ ਅਥਵਾ ਸੁਹਾਗਵਤੀ ਹੋਈ ਹੈ।੧੦।

***ਭਾਵਾਰਥ :*** ਜਿਨ੍ਹਾਂ ਗੁਰਮੁਖਾਂ ਨੇ ਗੁਰੂ ਦੁਆਰੇ ਪ੍ਰਭੂ ਦਾ ਨਾਮ ਚਿੰਤਨ ਕੀਤਾ ਹੈ, ਉਨ੍ਹਾਂ ਨੂੰ ਹੋਰ ਕਿਸੇ ਭੀ ਪੁਰਾਤਨ ਕਰਮ-ਕਾਂਡ ਕਰਨ ਦੀ ਭਾਵਨਾ ਨਹੀਂ ਰਹਿ ਜਾਂਦੀ, ਉਨ੍ਹਾਂ ਨੂੰ ਸਦੀਵੀ ਕਾਲ ਲਈ ਸ਼ਾਂਤੀ ਪ੍ਰਾਪਤ ਹੋ ਜਾਂਦੀ ਹੈ।

## ੧੧. ਗੁਰਸਿੱਖ ਦੀ ਮਾਨਸਕ ਦ੍ਰਿਸ਼ਟੀ

**੧. ਦੇਖ ਪਰਾਈਆਂ ਚੰਗੀਆਂ**
**ਮਾਵਾਂ ਭੈਣਾਂ ਧੀਆਂ ਜਾਣੈ।**
**੨. ਉਸ ਸੂਅਰ ਉਸ ਗਾਇ ਕੈ**
**ਪਰ ਧਨ ਹਿੰਦੂ ਮੁਸਲਮਾਣੈ।**
**੩. ਪੁੱਤ੍ਰ ਕਲੱਤ੍ਰ ਕੁਟੰਬ ਦੇਖ**
**ਮੋਹੈ ਮੋਹਿ ਨ ਧੋਹਿ ਧਿਙਾਣੈ।**
**੪. ਉਸਤਤ ਨਿੰਦਾ ਕੰਨ ਸੁਣ**
**ਆਪਹੁੰ ਬੁਰਾ ਨ ਆਖ ਵਖਾਣੈ।**
**੫. ਵਡ ਪਰਤਾਪ ਨ ਆਪ ਗਣ**
**ਕਰ ਅਹੰਮੇਉ ਨ ਕਿਸੈ ਰਵਾਣੈ।**
**੬. ਗੁਰਮੁਖ ਸੁਖ ਫਲ ਪਾਇਆ**
**ਰਾਜ ਜੋਗ ਰਸ ਰਲੀਆ ਮਾਣੈ।**
**੭. ਸਾਧ ਸੰਗਤ ਵਿਟਹੁ ਕੁਰਬਾਣੈ ॥੧੧॥**

***ਪਦ ਅਰਥ:*** ਧਿਙਾਣੈ—ਧਕੋ-ਧੱਕੀ। ਅਹੰਮੇਉ—ਹੰਕਾਰ। ਰਵਾਣੈ—ਦੁਖ ਕਰਨਾ। ਰਲੀਆਂ—ਖ਼ੁਸ਼ੀਆਂ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਨ੍ਹਾਂ ਗੁਰਸਿੱਖਾਂ ਦਾ ਆਪ ਜੀ ਜ਼ਿਕਰ ਕਰਦੇ ਆ ਰਹੇ ਹੋ, ਦੱਸੋਗੇ ਕਿ ਉਨ੍ਹਾਂ ਦੀ ਮਾਨਸਕ ਅਵੱਸਥਾ ਦੀ ਰੂਪ-ਰੇਖਾ ਕਿਹੋ ਜਿਹੀ ਹੋਣੀ ਚਾਹੀਦੀ ਹੈ, ਜਿਸ ਨੂੰ ਵੇਖ ਕੇ ਅਸੀਂ ਭੀ ਅਨੁਭਵ ਕਰ ਸਕੀਏ ?

ਉ: ਹੇ ਭਾਈਓ! ਇਸ ਪੱਖ ਨੂੰ ਜਦੋਂ ਅਸੀਂ ਗੁਰਬਾਣੀ ਦੀ ਰੌਸ਼ਨੀ ਵਿਚ ਤੱਕਾਂਗੇ ਤਾਂ ਸਤਿਗੁਰੂ ਜੀ ਨੇ ਗੁਰਸਿਖ ਲਈ ਬਾਣੀ ਵਿਚ ਖ਼ਾਸ ਹਿਦਾਇਤ ਕੀਤੀ ਹੈ, ਜਿਸ ਦੀ ਪ੍ਰੇਰਨਾ ਲੈ ਕੇ ਸਿੱਖ ਨੇ ਸਦੀਵੀ-ਜੀਵਨ ਗੁਜ਼ਾਰਦੇ ਰਹਿਣਾ ਹੈ, ਜਿਵੇਂ ਕਿ ਫ਼ੁਰਮਾਨ ਹੈ :

ਪਰ ਘਰ ਜਾਇ ਨ ਮਨੁ ਡੋਲਾਏ ॥
ਸਹਜ ਨਿਰੰਤਰਿ ਰਹਉ ਸਮਾਏ ॥੫॥
*(ਰਾਮਕਲੀ ਮ: ੧, ਪੰਨਾ ੯੦੪)*

ਪਰ ਘਰੁ ਜੋਹੈ ਹਾਣੇ ਹਾਣਿ ॥
ਮਨਮੁਖਿ ਭਰਮਿ ਭਵੈ ਬੇਬਾਣਿ ॥
*(ਸਿਧ ਗੋਸਟਿ, ਪੰਨਾ ੯੪੧)*

ਪਰ ਧਨ ਪਰ ਤਨ ਪਰ ਤੀ ਨਿੰਦਾ
ਪਰ ਅਪਬਾਦੁ ਨ ਛੂਟੈ ॥
ਆਵਾਗਵਨੁ ਹੋਤੁ ਹੈ ਫੁਨਿ ਫੁਨਿ
ਇਹੁ ਪਰਸੰਗੁ ਨ ਤੂਟੈ ॥੨॥
*(ਰਾਮਕਲੀ ਕਬੀਰ ਜੀ, ਪੰਨਾ ੯੭੧)*

ਪਰ ਧਨ ਪਰ ਦਾਰਾ ਸਿਉ ਰਚਿਓ
ਬਿਰਥਾ ਜਨਮੁ ਸਿਰਾਵੈ ॥੧॥
*(ਸੋਰਠਿ ਮਹਲਾ ੯, ਪੰਨਾ ੬੩੨)*

ਪਰ ਧਨ ਪਰ ਦਾਰਾ ਪਰ ਹਰੀ ॥
ਤਾ ਕੈ ਨਿਕਟਿ ਬਸੈ ਨਰ ਹਰੀ ॥੧॥
*(ਭੈਰਉ ਬਾਣੀ ਨਾਮਦੇਉ ਜੀ, ਪੰਨਾ ੧੧੬੩)*

ਪਰ ਧਨ ਪਰ ਦਾਰਾ ਪਰ ਨਿੰਦਾ
ਇਨ ਸਿਉ ਪ੍ਰੀਤਿ ਨਿਵਾਰਿ ॥
*(ਆਸਾ ਮਹਲਾ ੫, ਪੰਨਾ ੩੭੯)*

ਪਰ ਧਨ ਪਰ ਨਾਰੀ ਰਤੁ ਨਿੰਦਾ
ਬਿਖੁ ਖਾਈ ਦੁਖੁ ਪਾਇਆ ॥
*(ਮਲਾਰ ਮਹਲਾ ੧, ਪੰਨਾ ੧੨੫੫)*

ਇਸ ਤਰ੍ਹਾਂ ਗੁਰਸਿੱਖੀ ਦੇ ਮਾਰਗ 'ਤੇ ਚੱਲਣ ਵਾਲੇ ਗੁਰਸਿਖ ਲਈ ਗੁਰੂ ਗ੍ਰੰਥ ਸਾਹਿਬ ਜੀ ਨੇ ਹੋਰ ਭੀ ਬਹੁਤ ਸਾਰੇ ਨਿਯਮ ਦਰਸਾਏ ਹਨ। ਜਿਸ ਨੂੰ ਗੁਰਸਿਖ ਦਾ ਧਾਰਨ ਕਰਨਾ ਅਤਿ ਜ਼ਰੂਰੀ ਬਣਦਾ ਹੈ। ਸੋ, ਮੈਂ ਭੀ ਉਨ੍ਹਾਂ ਨਿਯਮਾਂ ਨੂੰ ਇਸ ਪਉੜੀ ਦੀਆਂ ਚੰਦ ਪੰਗਤੀਆਂ ਵਿਚ ਉੱਕਰਨ ਦਾ ਉਪਰਾਲਾ ਕੀਤਾ ਹੈ :

(੧) (ਗੁਰਮਤ ਇਹੋ ਕਹਿੰਦੀ ਹੈ ਕਿ ਗੁਰਸਿਖ) ਪਰਾਈ ਸੁੰਦਰ ਇਸਤਰੀਆਂ ਨੂੰ ਵੇਖ ਕੇ ਮਾਵਾਂ, ਭੈਣਾਂ ਤੇ ਧੀਆਂ ਸਮਾਨ ਜਾਣੇ।

(੨) ਪਰਾਇਆ ਧਨ ਉਸ ਹਿੰਦੂ ਲਈ ਗਊ ਤੇ ਮੁਸਲਮਾਨ ਲਈ ਸੂਰ ਦੇ ਬਰਾਬਰ ਹੈ।

(੩) ਪੁੱਤਰ, ਇਸਤ੍ਰੀ ਤੇ ਪਰਵਾਰ ਨੂੰ ਵੇਖ ਕੇ ਮੋਹਤ ਨਾ ਹੋਵੇ ਨਾ ਕਿਸੇ ਨਾਲ ਧੋਖਾ ਤੇ ਜ਼ਬਰਦਸਤੀ (ਧੱਕਾ) ਕਰੇ।

(੪) (ਉਸਤਤ ਤੇ ਨਿੰਦਾ ਸੁਣ ਕੇ ਕਿਸੇ ਨੂੰ ਆਪਣੇ ਤੋਂ ਬੁਰਾ ਨਾ ਸਮਝੇ।

(੫) ਆਪਣੇ ਆਪ ਨੂੰ ਵੱਡੇ ਪ੍ਰਤਾਪ ਵਾਲਾ ਨਾ ਜਾਣੇ ਤੇ ਨਾ ਹੀ ਹੰਕਾਰ ਕਰਕੇ ਕਿਸੇ ਨੂੰ ਦੁਖ ਦੇਵੇ।

(੬) (ਇਹ ਕਰਤਬ ਕਰਨ ਨਾਲ) ਗੁਰਮੁਖ ਨੂੰ ਸੁਖ ਫਲ ਦੀ ਪ੍ਰਾਪਤੀ ਹੁੰਦੀ ਹੈ ਤੇ ਉਹ ਰਾਜ-ਜੋਗ ਦਾ ਅਨੰਦ ਤੇ ਖ਼ੁਸ਼ੀਆਂ ਮਾਣਦਾ ਹੈ।

(੭) (ਮੈਂ) ਸਾਧ ਸੰਗਤ ਤੋਂ ਬਲਿਹਾਰ ਜਾਂਦਾ ਹਾਂ (ਜਿਥੋਂ ਇਸ ਉੱਤਮ ਦਾਤ ਦੀ ਪ੍ਰਾਪਤੀ ਹੁੰਦੀ ਹੈ)।੧੧।

## ੧੨. ਗੁਰਮੁਖ ਦੀ ਅਵੱਸਥਾ

**੧. ਗੁਰਮੁਖ ਪਿਰਮ ਚਖਾਇਆ**
**ਭੁੱਖ ਨ ਖਾਣ ਪੀਣ ਅੰਨ ਪਾਣੀ।**
**੨. ਸ਼ਬਦ ਸੁਰਤ ਨੀਂਦ ਉੱਘੜੀ**
**ਜਾਗਦਿਆਂ ਸੁਖ ਰੈਣ ਵਿਹਾਣੀ।**
**੩. ਸਾਹੇ ਬਧੇ ਸੋਹਣੇ**
**ਮੈਲਾਪੜ ਪਰਵਾਣ ਪਰਾਣੀ।**
**੪. ਚੱਲਣ ਜਾਣ ਸੁਜਾਣ ਹੋਇ**
**ਜਗ ਮਿਹਮਾਨ ਆਏ ਮਿਹਮਾਣੀ।**
**੫. ਸੱਚ ਵਣਜ ਖੇਪ ਲੈ ਚਲੇ**
**ਗੁਰਮੁਖ ਗਾਡੀ ਰਾਹੁ ਨਿਸਾਣੀ।**
**੬. ਹਲਤ ਪਲਤ ਮੁਖ ਉੱਜਲੇ**
**ਗੁਰ ਸਿਖ ਗੁਰ ਸਿੱਖਾਂ ਮਨ ਭਾਣੀ।**
**੭. ਸਾਧ ਸੰਗਤਿ ਵਿੱਚ ਅਕਥ ਕਹਾਣੀ॥੧੨॥**

***ਪਦ ਅਰਥ :*** ਭੁਖ—ਤ੍ਰਿਸ਼ਨਾ। ਸਾਹੇ ਬਧੇ—ਗਾਨਾ ਬੱਧੇ। ਹਲਤ ਪਲਤ—ਲੋਕ ਪ੍ਰਲੋਕ। ਮੈਲਾਪੜ—ਮੈਲੇ ਕੱਪੜੇ ਰੱਖਦੇ ਹਨ।

### *ਅਰਥ :*

**ਪ੍ਰ:** ਭਾਈ ਸਾਹਿਬ ਜੀਉ ! ਜੋ ਗੁਰਮੁਖਾਂ ਦੀ ਪਰਤੱਖ ਵੇਖਣ ਵਿਚ ਆਉਣ ਵਾਲੀ ਰੂਪ-ਰੇਖਾ ਹੈ ਉਹ ਕਿਸ ਤਰ੍ਹਾਂ ਦੀ ਹੋਇਆ ਕਰਦੀ ਹੈ, ਇਸ ਬਾਰੇ ਭੀ ਕੁਝ ਜਾਣਕਾਰੀ ਦਿਓ, ਧੰਨਵਾਦੀ ਹੋਵਾਂਗੇ ?

**ਉ:** ਹੇ ਭਾਈਓ ! ਤੁਹਾਡੇ ਵੱਲੋਂ ਜੋ ਭੀ ਪ੍ਰਸ਼ਨ ਹੁੰਦਾ ਹੈ ਉਸ ਬਾਰੇ ਮੈਂ ਆਪਣੇ ਖ਼ਿਆਲ ਨਹੀਂ, ਸਗੋਂ ਜੋ ਭੀ ਮੈਨੂੰ ਬਾਣੀ ਦੁਆਰੇ ਵੀਚਾਰ ਪ੍ਰਾਪਤ ਹੋਏ ਹਨ, ਉਨ੍ਹਾਂ ਤੋਂ ਪ੍ਰੇਰਤ ਹੋ ਕੇ ਹੀ ਮੈਂ ਆਪ ਨੂੰ ਉੱਤਰ ਦੇਣ ਦਾ ਉਪਰਾਲਾ ਕਰਿਆ ਕਰਦਾ ਹਾਂ। ਜਿਸ ਤਰ੍ਹਾਂ ਦੀ ਮੈਂ ਗੁਰਮੁਖਾਂ ਦੀ ਮਾਨਸਕ ਅਵੱਸਥਾ ਤੱਕੀ ਹੈ ਉਸਨੂੰ ਮੈਂ ਇਸ ਪਉੜੀ ਵਿਚ ਅੰਕਿਤ ਕੀਤਾ ਹੈ :

(੧) (ਜਿਸ ਤਰ੍ਹਾਂ ਕਿ ਵੇਖਣ ਵਿਚ ਆਉਂਦਾ ਹੈ ਕਿ ਗੁਰਮੁਖਾਂ ਨੇ ਪ੍ਰਭੂ ਦੇ) ਪ੍ਰੇਮ-ਰਸ ਨੂੰ ਚੱਖਿਆ ਹੈ, ਇਸ ਲਈ ਉਨ੍ਹਾਂ ਨੂੰ ਅੰਨ ਪਾਣੀ ਤੇ ਖਾਣ ਪੀਣ ਦੀ ਤ੍ਰਿਸ਼ਨਾ ਨਹੀਂ ਰਹਿੰਦੀ।

(੨) (ਉਨ੍ਹਾਂ ਦੀ) ਸ਼ਬਦ ਵਿਚ ਸੁਰਤ ਲਗਣ ਕਰਕੇ ਅਗਿਆਨ ਦੀ ਨੀਂਦ ਨਾਸ ਹੋ ਗਈ ਹੈ ਤੇ ਉਨ੍ਹਾਂ ਦੀ ਜਾਗਦਿਆਂ ਅਵੱਸਥਾ ਰੂਪ ਰਾਤ ਸੁਖ ਨਾਲ ਬਿਤੀਤ ਹੁੰਦੀ ਹੈ।

(੩) (ਉਹ ਗੁਰਮੁਖ) ਗਾਨਾ ਬੱਧੇ ਲਾੜੇ ਵਾਂਗੂੰ ਮੈਲੇ ਕੱਪੜਿਆਂ ਵਿਚ ਭੀ ਪ੍ਰਵਾਨ ਹਨ।

(੪) (ਉਹ ਇਸ ਸੰਸਾਰ ਵਿਚੋਂ) ਚਲੇ ਜਾਣਾ ਜਾਣ ਕੇ ਸੁਚੇਤ ਹੁੰਦੇ ਹਨ ਤੇ ਪ੍ਰਾਹੁਣੇ ਵਾਂਗੂੰ ਇਸ ਸੰਸਾਰ ਵਿਚ ਰਹਿੰਦੇ ਹਨ।

(੫) (ਉਹ) ਸੱਚੇ ਵਣਜ ਦੀ ਖੇਪ ਲੈ ਕੇ ਚਲਦੇ ਹਨ, ਗੁਰਮੁਖਾਂ ਦੇ ਗਾਡੀ ਰਾਹ ਦੀ ਇਹੋ ਨਿਸ਼ਾਨੀ ਹੈ।

(੬) ਗੁਰਮੁਖਾਂ ਦੇ ਮਨ ਨੂੰ ਗੁਰੂ ਦੀ ਸਿਖਿਆ ਚੰਗੀ ਲਗਦੀ ਹੈ, ਇਸ ਲਈ ਉਨ੍ਹਾਂ ਦੇ ਲੋਕ ਪ੍ਰਲੋਕ ਵਿਚ ਮੁਖ ਉੱਜਲੇ ਹੁੰਦੇ ਹਨ।

(੭) ਸਾਧ ਸੰਗਤ ਵਿਚ ਉਸ ਅਕੱਥ (ਪ੍ਰਭੂ) ਦੀ ਕਹਾਣੀ ਹੁੰਦੀ ਹੈ, ਭਾਵ ਸਾਧ ਸੰਗਤ ਵਿਚ ਪ੍ਰਭੂ ਦਾ ਜੱਸ ਕੀਤਾ ਜਾਂਦਾ ਹੈ।੧੨।

***ਭਾਵਾਰਥ :*** ਗੁਰਮੁਖ ਪ੍ਰਭੂ ਦੀ ਪ੍ਰੇਮਾ-ਭਗਤੀ ਵਿਚ ਸਦਾ ਹੀ ਲੀਨ ਰਹਿੰਦੇ ਹਨ, ਜਿਸਦਾ ਸਦਕਾ ਉਹ ਇਸ ਸੰਸਾਰ ਵਿਚ ਇਉਂ ਹੀ ਜੀਵਨ ਸਫ਼ਰ ਗੁਜ਼ਾਰਦੇ ਹਨ, ਜਿਵੇਂ ਇਕ

ਪਰਾਹੁਣਾ ਕੁਝ ਦਿਨਾਂ ਲਈ ਕਿਸੇ ਮਿੱਤ੍ਰ ਦੇ ਘਰ ਗਿਆ ਹੁੰਦਾ ਹੈ, ਉਸ ਨੂੰ ਉਨ੍ਹਾਂ ਦੇ ਦੁਖ ਸੁਖ ਵਿਚ ਕੋਈ ਵਧੇਰੇ ਹਰਖ ਸੋਗ ਨਹੀਂ ਹੋਇਆ ਕਰਦਾ।

## ੧੩. ਸਿੱਖੀ ਪ੍ਰਾਪਤੀ ਦਾ ਸਾਧਨ ਸਾਧ ਸੰਗ

੧. ਹਉਮੈਂ ਗਰਬ ਨਿਵਾਰੀਐ
ਗੁਰਮੁਖਿ ਰਿਦੈ ਗਰੀਬੀ ਆਵੈ।
੨. ਗਿਆਨ ਮਤੀ ਘਟ ਚਾਨਣਾ
ਭ੍ਰਮ ਅੱਗਯਾਨ ਅੰਧੇਰ ਮਿਟਾਵੈ।
੩. ਹੋਇ ਨਿਮਾਣਾ ਢਹਿ ਪਵੈ
ਦਰਗਹ ਮਾਣ ਨਿਮਾਣਾ ਪਾਵੈ।
੪. ਖਸਮੈ ਸੋਈ ਭਾਂਵਦਾ
ਖਸਮੈ ਦਾ ਜਿਸ ਭਾਣਾ ਭਾਵੈ।
੫. ਭਾਣਾ ਮੰਨੈ ਮੰਨੀਐ
ਅਪਨਾ ਭਾਣਾ ਆਪ ਮਨਾਵੈ।
੬. ਦੁਨੀਆਂ ਵਿੱਚ ਪਰਾਹੁਣਾ
ਦਾਵਾ ਛੱਡ ਰਹੈ ਲਾਦਾਵੈ।
੭. ਸਾਧ ਸੰਗਤਿ ਮਿਲਿ ਹੁਕਮ ਕਮਾਵੈ ॥੧੩॥

***ਪਦ ਅਰਥ :*** ਗਰਬ—ਹੰਕਾਰ। ਗਰੀਬੀ—ਨਿੰਮ੍ਰਤਾ। ਗਿਆਨ ਮਤੀ—ਗਿਆਨ ਦੀ ਸਿਖਿਆ। ਲਾਦਾਵੈ—ਦਾਵੇ ਤੋਂ ਬਿਨਾਂ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਜਿਸ ਸਿੱਖੀ ਦਾ ਆਪ ਜ਼ਿਕਰ ਕਰਦੇ ਹੋ, ਦਸੋਗੇ ਕਿ ਇਸ ਅਮੋਲਕ ਦਾਤ ਦੀ ਪ੍ਰਾਪਤੀ ਕਿਥੋਂ ਹੁੰਦੀ ਹੈ ?

**ਉ:** ਹੇ ਭਾਈਓ ! ਇਸ ਅਮੋਲਕ ਸਿੱਖੀ ਦੀ ਦਾਤ ਦੇ ਸੰਬੰਧ ਵਿਚ ਜੋ ਮੈਨੂੰ ਬਾਣੀ ਤੋਂ ਸੂਝ-ਬੂਝ ਮਿਲੀ ਹੈ, ਉਹ ਇਹੋ ਹੈ ਕਿ ਇਸ ਸਿੱਖੀ ਦੀ ਪ੍ਰਾਪਤੀ ਦਾ ਅਸਥਾਨ ਕੇਵਲ ਇਕੋ ਇਕ ਸਾਧ ਸੰਗਤ ਹੈ। ਕਿਉਂਕਿ ਜਿਵੇਂ ਅਸੀਂ ਕਿਸੇ ਬਾਜ਼ਾਰ ਵਿਚ ਵੇਖਦੇ ਹਾਂ ਕਿ ਹਰ ਸ਼ੈਅ ਪ੍ਰਾਪਤੀ ਲਈ ਵੱਖੋ ਵੱਖ ਦੁਕਾਨਾਂ ਹਨ, ਪਰ ਜਿਥੋਂ ਹੀਰੇ, ਮੋਤੀ, ਜਵਾਹਰ ਮਿਲ ਸਕਣ ਉਹ ਵਧੇਰੇ ਨਹੀਂ ਕੇਵਲ ਕੋਈ ਇਕ ਅੱਧ ਦੁਕਾਨ ਹੀ ਹੋਇਆ ਕਰਦੀ ਹੈ। ਇਸੇ ਤਰ੍ਹਾਂ ਇਸ ਗੁਰਸਿੱਖੀ ਦੀ ਅਮੋਲਕ ਦਾਤ ਨੂੰ ਪ੍ਰਾਪਤ ਕਰਨ ਦਾ ਕੇਵਲ ਇਕੋ ਇਕ ਪਵਿੱਤ੍ਰ, ਸ਼੍ਰੋਮਣੀ ਅਸਥਾਨ ਸਾਧ ਸੰਗਤ ਹੈ। ਸਾਧ ਸੰਗਤ ਵੀ ਕਿਸੇ ਵਧੇਰੇ ਇਕੱਠ ਦਾ ਨਾਮ ਨਹੀਂ। ਬਾਣੀ ਅਨੁਸਾਰ (ਸਤਿਸੰਗਤ ਕੈਸੀ ਜਾਣੀਐ ॥ ਜਿਥੈ ਏਕੋ ਨਾਮ ਵਖਾਣੀਐ) ਭਾਵ ਵਧੇਰੇ ਇਕੱਠ ਦਾ ਨਾਮ ਸਾਧ ਸੰਗਤ ਨਹੀਂ, ਸਗੋਂ ਜਿਥੇ ਇਕੋ ਪਰਮੇਸ਼ਰ ਦੇ ਨਾਮ ਦੀ ਕਮਾਈ ਕਰਨ ਵਾਲੇ ਸਾਧੂਆਂ ਦਾ ਇਕੱਠ ਹੋਵੇ, ਉਸੇ ਨੂੰ ਸਾਧ ਸੰਗਤ ਜਾਂ ਸਤਿ ਸੰਗਤ ਕਿਹਾ ਜਾਂਦਾ ਹੈ।

ਉਸ ਸਾਧ ਸੰਗਤ ਵਿਚੋਂ ਕਿਸ ਸ਼ੈਅ ਦਾ ਤਿਆਗ ਕਰਨਾ ਹੈ ਤੇ ਕਿਸ ਦਾ ਗ੍ਰਹਿਣ ਕਰਨਾ ਹੈ ? ਉਹ ਬਾਣੀ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਵਿਚ ਦਰਸਾਉਣ ਦਾ ਯਤਨ ਕੀਤਾ ਹੈ।

(੧) (ਜਿਵੇਂ ਕਿ ਬਾਣੀ ਦੁਆਰਾ ਵੇਖਣ ਵਿਚ ਆਉਂਦਾ ਹੈ ਕਿ ਗੁਰਮੁਖਾਂ ਨੇ ਆਪਣੇ ਮਨ ਵਿਚੋਂ) ਹੰਕਾਰ ਨੂੰ ਨਾਸ ਕਰ ਦਿਤਾ ਹੈ ਤੇ ਉਨ੍ਹਾਂ ਦੇ ਹਿਰਦੇ ਵਿਚ ਨਿੰਮ੍ਰਤਾ ਵੱਸਦੀ ਹੈ।

(੨) ਗਿਆਨ ਦੀ ਸਿਖਿਆ ਕਰਕੇ ਉਨ੍ਹਾਂ ਦੇ ਹਿਰਦਿਆਂ ਵਿਚ ਪ੍ਰਕਾਸ਼ ਹੋ ਗਿਆ ਹੈ ਤੇ ਅਗਿਆਨਤਾ ਤੇ ਭਰਮ ਦਾ ਅੰਧੇਰਾ ਮਿਟ ਗਿਆ ਹੈ।

(੩) (ਜਿਹੜਾ ਗੁਰਮੁਖ) ਨਿਮਾਣਾ ਹੋ ਕੇ ਸਤਿਗੁਰਾਂ ਦੇ ਚਰਨਾਂ 'ਤੇ ਢਹਿ ਪੈਂਦਾ ਹੈ, ਉਹ ਪ੍ਰਭੂ ਦੀ ਦਰਗਾਹ ਵਿਚ ਮਾਣ ਪਾਉਂਦਾ ਹੈ।

(੪) ਪ੍ਰਭੂ ਨੂੰ ਉਹੋ ਜੀਵ ਚੰਗਾ ਲੱਗਦਾ ਹੈ, ਜਿਸ ਨੂੰ ਪ੍ਰਭੂ ਦਾ ਭਾਣਾ ਚੰਗਾ ਲੱਗਦਾ ਹੈ।

(੫) ਜੋ ਜੀਵ ਪ੍ਰਭੂ ਦਾ ਭਾਣਾ ਮੰਨੇ ਤਾਂ ਹੀ ਉਹ ਮੰਨਿਆ ਜਾਂਦਾ ਹੈ, ਪਰ ਅਕਾਲ ਪੁਰਖ ਆਪਣਾ ਭਾਣਾ ਆਪ ਹੀ ਮਨਾਉਂਦਾ ਹੈ।

(੬) ਦੁਨੀਆ ਵਿਚ ਪਰਾਹੁਣਾ ਬਣ ਕੇ ਰਹੇ ਤੇ ਸਾਰੇ ਦਾਅਵੇ ਛਡ ਕੇ ਬੇ-ਦਾਅਵਾ ਹੋ ਕੇ ਰਹੇ।

(੭) (ਗੁਰਸਿਖ) ਸਾਧ ਸੰਗਤ ਵਿਚ ਮਿਲ ਕੇ (ਗੁਰੂ ਦੇ) ਹੁਕਮ ਦੀ ਕਮਾਈ ਕਰੇ (ਭਾਵ ਗੁਰੂ ਦੀ ਸਿਖਿਆ ਅਨੁਸਾਰ ਆਪਣਾ ਜੀਵਨ ਬਿਤੀਤ ਕਰੇ।੧੩।

## ੧੪. ਗੁਰਮੁਖਾਂ ਦੀ ਧਾਰਨਾ

੧. ਗੁਰ ਪਰਮੇਸਰ ਇੱਕ ਜਾਣਿ
ਗੁਰਮੁਖਿ ਦੂਜਾ ਭਾਉ ਮਿਟਾਯਾ।
੨. ਹਉਮੈ ਪਾਲ ਢਹਾਇਕੈ
ਤਾਲ ਨਦੀ ਦਾ ਨੀਰ ਮਿਲਾਯਾ।
੩. ਨਦੀ ਕਿਨਾਰੈ ਦੁਹ ਵਲੀਂ
ਇਕਦੂ ਪਾਰਾਵਾਰ ਨ ਪਾਯਾ।
੪. ਰੁੱਖਹੁ ਫਲ ਤੈ ਫਲਹੁ ਰੁੱਖ
ਇੱਕ ਨਾਉ ਫਲ ਰੁੱਖ ਸਬਾਯਾ।
੫. ਛਿਅ ਰੁੱਤੀ ਇਕ ਸੁੱਝ ਹੈ
ਸੁਝੈ ਸੁੱਝ ਨ ਹੋਰ ਦਿਖਾਯਾ।
੬. ਰਾਤੀਂ ਤਾਰੇ ਚਮਕਦੇ
ਦਿਹੁ ਚੜ੍ਹਿਐ ਕਿਨ ਆਖ ਲੁਕਾਯਾ।
੭. ਸਾਧ ਸੰਗਤ ਇਕ ਮਨ ਇਕ ਧਿਆਯਾ ॥੧੪॥

***ਪਦ ਅਰਥ :*** ਪਾਲ—ਵੱਟ, ਕੰਧ। ਸੁੱਝ—ਸੂਰਜ। ਕਿਨ ਆਖ ਲੁਕਾਯਾ—ਤਾਰਿਆਂ ਨੂੰ ਕਿਸਨੇ ਆਖ ਕੇ ਛਪਾਇਆ ਹੈ, ਕਹੁ ਕਿਸਨੇ ਛੁਪਾਇਆ ਹੈ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜੋ ਗੁਰਸਿਖ ਹਮੇਸ਼ਾਂ ਹੀ ਸਾਧ ਸੰਗਤ ਵਿਚ ਰਹਿੰਦੇ ਹਨ, ਦਸੋਗੇ ਕਿ ਉਨ੍ਹਾਂ ਦੀ ਕੀ ਧਾਰਨਾ ਹੈ ?

**ਉ:** ਹੇ ਭਾਈਓ! ਜੋ ਗੁਰਮੁਖਾਂ ਦੀ ਸੰਪੂਰਨ ਧਾਰਨਾ ਹੈ ਉਸਨੂੰ ਤਾਂ ਬਿਆਨਿਆ ਨਹੀਂ ਜਾ ਸਕਦਾ, ਪਰ ਜੋ ਮੈਨੂੰ ਗੁਰਬਾਣੀ ਦੁਆਰੇ ਉਨ੍ਹਾਂ ਦੀ ਧਾਰਨਾ ਵੇਖਣ ਵਿਚ ਆਈ ਹੈ ਉਸ ਵਿਚੋਂ ਭੀ ਸਾਰੀ ਤਾਂ ਨਹੀਂ, ਨਾਮ-ਮਾਤ੍ਰ ਇਸ ਪਉੜੀ ਵਿਚ ਅੰਕਤ ਕਰਨ ਦਾ ਇਕ ਨਿਮਾਣਾ ਜਿਹਾ ਉੱਦਮ ਕੀਤਾ ਹੈ :

(੧) (ਹੇ ਭਾਈਓ! ਜਦੋਂ ਮੈਂ ਗੁਰਬਾਣੀ ਦੀ ਰੌਸ਼ਨੀ ਵਿਚ ਤੱਕਦਾ ਹਾਂ ਤਾਂ ਮੈਨੂੰ ਇਉਂ ਹੀ ਬੋਧ ਮਿਲਦਾ ਹੈ ਕਿ ਗੁਰਮੁਖਾਂ ਨੇ) ਪ੍ਰਭੂ ਤੇ ਗੁਰੂ ਨੂੰ ਇਕ ਰੂਪ ਜਾਣ ਕੇ ਦੂਜੇ ਭਾਵ ਨੂੰ ਨਾਸ ਕਰ ਦਿਤਾ ਹੈ।

(੨) (ਉਨ੍ਹਾਂ ਨੇ) ਹਉਮੈਂ ਦੀ ਪਾਲ (ਵੱਟ) ਢਾਹ ਕੇ ਸਰੋਵਰ ਤੇ ਨਦੀ ਦੇ ਜਲ ਨੂੰ ਮਿਲਾ ਦਿਤਾ ਹੈ (ਭਾਵ ਜੀਵ ਤੇ ਈਸ਼ੁਰ ਦੀ ਏਕਤਾ ਕਰ ਲਈ ਹੈ)।

(੩) (ਜਿਸ ਤਰ੍ਹਾਂ) ਨਦੀ ਦੇ ਦੋਹਾਂ ਕੰਢਿਆਂ ਦੇ ਉਰਾਰ ਪਾਰ ਦਾ ਅੰਤ ਨਹੀਂ ਪਾਇਆ ਜਾਂਦਾ (ਇਸ ਤਰ੍ਹਾਂ ਜੀਵ ਤੇ ਈਸ਼ਰ ਦੀ ਏਕਤਾ ਹੋਣ ਕਰਕੇ ਕੋਈ ਪਛਾਣ ਨਹੀਂ ਰਹਿੰਦੀ)।

(੪) ਬ੍ਰਿਛ ਤੋਂ ਫਲ ਤੇ ਫਲ ਤੋਂ ਬ੍ਰਿਛ ਹੁੰਦਾ ਹੈ (ਆਦਿ ਕਾਰਨ ਦਾ ਪਤਾ ਨਹੀਂ ਲਗਦਾ) ਬ੍ਰਿਛ ਤੇ ਫਲ ਦਾ ਨਾਂ ਇਕੋ ਰਹਿੰਦਾ ਹੈ।

(੫) ਛੀਆਂ ਰੁੱਤਾਂ ਵਿਚੋਂ ਇਕ ਸੂਰਜ ਰਹਿੰਦਾ ਹੈ। ਸੂਰਜ ਨੂੰ ਕੋਈ ਹੋਰ ਸੂਰਜ ਪ੍ਰਕਾਸ਼ ਨਹੀਂ ਦਿੰਦਾ।

(੬) ਰਾਤ ਨੂੰ ਤਾਰੇ ਚਮਕਦੇ ਹਨ, ਦਿਨ ਚੜ੍ਹਨ ਨਾਲ ਉਨ੍ਹਾਂ ਨੂੰ ਕਿਸ ਨੇ ਲੁਕਾ ਦਿਤਾ ਹੈ ? (ਭਾਵ ਉਹ ਸੂਰਜ ਦੇ ਪ੍ਰਕਾਸ਼ ਨਾਲ ਆਪੇ ਹੀ ਛਿੱਪ ਜਾਂਦੇ ਹਨ)।

(੭) ਗੁਰਮੁਖਾਂ ਨੇ ਸਾਧ ਸੰਗਤ ਵਿਚ ਇਕਾਗਰ ਮਨ ਹੋ ਕੇ ਇਕ ਪ੍ਰਭੂ ਦੀ ਅਰਾਧਨਾ ਕੀਤੀ ਹੈ। (ਜਿਸ ਕਰਕੇ ਗੁਰਮੁਖਾਂ ਦੇ ਸੰਸੇ ਸਾਰੇ ਹੀ ਨਵਿਰਤ ਹੋ ਗਏ ਹਨ)।੧੪।

***ਭਾਵਾਰਥ :*** ਗੁਰਮੁਖਾਂ ਨੇ ਸਾਧ ਸੰਗਤ ਵਿਚ ਰਹਿ ਕੇ ਸਮ-ਦ੍ਰਿਸ਼ਟੀ ਦੀ ਧਾਰਨਾ ਧਾਰਨ ਕਰ ਲਈ ਹੈ, ਉਨ੍ਹਾਂ ਦੇ ਅੰਤਰ-ਆਤਮੇ ਵਿਚੋਂ ਦ੍ਵੈਤ-ਭਾਵ ਦੀ ਨਵਿਰਤੀ ਹੋ ਗਈ, ਜਿਸਦਾ ਸਦਕਾ ਹੁਣ ਉਨ੍ਹਾਂ ਨੂੰ ਦੁਖ ਸੁਖ ਵਿਚ ਕੋਈ ਖ਼ੁਸ਼ੀ ਗ਼ਮੀ ਨਹੀਂ ਪ੍ਰਤੀਤ ਹੁੰਦੀ, ਉਹ ਇਉਂ ਹੀ ਅਨੁਭਵ ਕਰਦੇ ਹਨ ਕਿ (ਦੁਖ ਸੁਖ ਤੇਰੀ ਆਗਿਆ ਪਿਆਰੇ)।

## ੧੫. ਗੁਰਸਿੱਖਾਂ ਦਾ ਸਹੀ ਜੋਗ

੧. ਗੁਰਸਿੱਖ ਜੋਗੀ ਜਾਗਦੇ
ਮਾਇਆ ਅੰਦਰਿ ਕਰਨ ਉਦਾਸੀ।
੨. ਕੰਨੀਂ ਮੁੰਦ੍ਰਾਂ ਮੰਤ੍ਰ ਗੁਰ
ਸੰਤਾਂ ਧੂੜਿ ਬਿਭੂਤ ਸੁਲਾਸੀ।
੩. ਖਿੰਥਾ ਖਿਮਾ ਹੰਢਾਵਣੀ
ਪ੍ਰੇਮ ਪੱਤ੍ਰ ਭਾਉ ਭੁਗਤਿ ਬਿਲਾਸੀ।
੪. ਸ਼ਬਦ ਸੁਰਤਿ ਸਿੰਙੀ ਵਜੈ
ਡੰਡਾ ਗਿਆਨ ਧਿਆਨ ਗੁਰਦਾਸੀ।

**੫. ਸਾਧ ਸੰਗਤਿ ਗੁਰੁ ਗੁਫੈ ਬਹਿ**
**ਸਹਜ ਸਮਾਧਿ ਅਗਾਧਿ ਨਿਵਾਸੀ।**
**੬. ਹਉਮੈ ਰੋਗ ਅਰੋਗ ਹੋਇ**
**ਕਰ ਸੰਜੋਗ ਵਿਜੋਗ ਖਲਾਸੀ।**
**੭. ਸਾਧ ਸੰਗਤਿ ਗੁਰਮਤਿ ਸਾਬਾਸੀ ॥੧੫॥**

***ਪਦ ਅਰਥ***: ਸੁਲਾਸੀ—ਸਰੇਸ਼ਟ। ਪ੍ਰੇਮ ਪੱਤ੍ਰ—ਪ੍ਰੇਮ ਦਾ ਭਾਂਡਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਗੁਰੂ ਨਾਨਕ ਦੇਵ ਜੀ ਦੇ ਸਮੇਂ ਤਾਂ ਜੋਗੀਆਂ ਦਾ ਬਹੁਤ ਬੋਲ ਬਾਲਾ ਸੀ, ਕੀ ਗੁਰ ਸਿਖ ਭੀ ਜੋਗ ਮੱਤ ਦੇ ਧਾਰਨੀ ਹੋਇਆ ਕਰਦੇ ਸਨ ?

**ਉ:** ਹੇ ਭਾਈਓ! ਮੈਨੂੰ ਤਾਂ ਗੁਰਬਾਣੀ ਦੁਆਰੇ ਇਹੋ ਸੂਝ ਮਿਲੀ ਹੈ ਕਿ ਗੁਰੂ ਦੇ ਸਿੱਖ ਕੇਵਲ ਗੁਰਮਤ ਦੇ ਜੋਗ ਨੂੰ ਹੀ ਉੱਤਮ ਸਮਝਦੇ ਅਤੇ ਉਸੇ ਦੇ ਹੀ ਧਾਰਨ ਕਰਨ ਨੂੰ ਪਸੰਦ ਕਰਦੇ ਸਨ, ਕਿਉਂਕਿ ਗੋਰਖ ਮੱਤ ਦੇ ਜੋਗੀਆਂ ਦਾ ਵਧੇਰੇ ਜ਼ੋਰ ਸਰੀਰਕ ਚਿੰਨ੍ਹਾਂ ਨੂੰ ਧਾਰਨ ਕਰ ਲੈਣਾ ਹੀ ਵੱਡਾ ਜੋਗ ਸਮਝਿਆ ਜਾਂਦਾ ਸੀ। ਪਰ ਜਿਥੇ ਜੋਗੀਆਂ ਨੇ ਕੇਵਲ ਸਰੀਰ ਪਰ ਜੋਗ ਦੇ ਚਿੰਨ੍ਹ ਧਾਰਨ ਕਰਨ ਨੂੰ ਹੀ ਜੋਗ ਦੀ ਅਉਧੀ ਮੰਨ ਲਿਆ ਸੀ, ਉਥੇ ਗੁਰਮਤ ਨੇ ਮਨੁੱਖਾਂ ਨੂੰ ਅੰਤ੍ਰੀਵ ਜੋਗ ਨੂੰ ਹੀ ਧਾਰਨ ਕਰਨ ਵੱਲ ਪ੍ਰੇਰਿਆ ਹੈ, ਕਿਉਂਕਿ ਜਿਤਨਾ ਚਿਰ ਮਾਨਸਕ ਜੋਗ ਦੇ ਚਿੰਨ੍ਹਾਂ ਨੂੰ ਧਾਰਨ ਨਹੀਂ ਕੀਤਾ ਜਾਂਦਾ, ਉਤਨਾ ਚਿਰ ਕੇਵਲ ਸਰੀਰ ਪਰ ਜੋਗ ਦੇ ਚਿੰਨ੍ਹ ਧਾਰਨ ਕਰ ਲੈਣ ਦਾ ਕੋਈ ਵਧੇਰੇ ਲਾਭ ਨਹੀਂ ਹੈ।

**ਪ੍ਰ:** ਕਿਉਂ ਜੀ! ਜਿਵੇਂ ਜੋਗੀਆਂ ਦੇ ਸਰੀਰਕ ਜੋਗ ਚਿੰਨ੍ਹ ਧਾਰਨ ਕਰਨੇ ਜ਼ਰੂਰੀ ਹਨ, ਜਿਵੇਂ ਕਿ ਕੰਨਾਂ ਵਿਚ ਮੁੰਦ੍ਰਾਂ, ਸਰੀਰ ਉਤੇ ਬਿਭੂਤੀ ਮਲਣਾ, ਗਲ ਵਿਚ ਖਿੰਥਾ ਪਾਈ ਰਖਣਾ, ਹੱਥ ਵਿਚ ਡੰਡੇ ਦੇ ਧਾਰਨੀ ਹੋਣਾ, ਸਿੰਙੀ ਵਜਾਉਣੀ ਅਤੇ ਗੁਫਾ ਵਿਚ ਰਹਿਣਾ, ਆਦਿ ਚਿੰਨ੍ਹ ਹਨ। ਕੀ ਇਸ ਤਰ੍ਹਾਂ ਦੇ ਅੰਤਰੀਵ ਜੋਗ ਧਾਰਨ ਲਈ ਭੀ ਕੋਈ ਖ਼ਾਸ ਚਿੰਨ੍ਹ ਮੰਨੇ ਗਏ ਹਨ, ਜੇ ਤੁਹਾਡੇ ਵੀਚਾਰ ਵਿਚ ਗੁਰਮਤ ਦੇ ਅੰਤ੍ਰੀਵ ਜੋਗ ਧਾਰਨ ਕਰਨ ਵਾਲਿਆਂ ਦੇ ਨਿਸ਼ਾਨ ਹਨ ਤਾਂ ਜਾਣਕਾਰੀ ਦਿਓ ?

**ਉ:** ਹੇ ਭਾਈਓ! ਮੈਨੂੰ ਤਾਂ ਗੁਰਬਾਣੀ ਅਨੁਸਾਰ ਇਉਂ ਹੀ ਸੋਝੀ ਪਈ ਹੈ ਕਿ ਅੰਤ੍ਰੀਵ ਮਾਨਸਕ ਜੋਗ ਦੇ ਚਿੰਨ੍ਹ ਧਾਰਨ ਤੋਂ ਸੱਖਣੇ ਜਿਤਨੇ ਭੀ ਬੈਰੂਨੀ ਸਰੀਰਕ ਚਿੰਨ੍ਹ ਹਨ, ਉਨ੍ਹਾਂ ਨੂੰ ਗੁਰਮਤ ਨੇ ਕਬੂਲਿਆ ਹੀ ਨਹੀਂ, ਜਿਵੇਂ ਕਿ ਗੁਰਬਾਣੀ ਵਿਚ ਫ਼ੁਰਮਾਨ ਆਇਆ ਹੈ ਕਿ :

ਜੋਗੁ ਨ ਖਿੰਥਾ ਜੋਗੁ ਨ ਡੰਡੈ
ਜੋਗੁ ਨ ਭਸਮ ਚੜਾਈਐ ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ
ਜੋਗੁ ਨ ਸਿੰਙੀ ਵਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਇਵ ਪਾਈਐ ॥੧॥

*(ਸੂਹੀ ਮਹਲਾ ੧, ਪੰਨਾ ੭੩੦)*

ਇਸ ਤੋਂ ਆਦਿ ਹੋਰ ਭੀ ਬਾਣੀ ਵਿਚੋਂ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਸਾਬਤ ਹੁੰਦਾ ਹੈ ਕਿ ਅੰਤਰੀਵ ਗੁਰਮਤ ਦੇ ਚਿੰਨ੍ਹਾਂ ਨੂੰ ਧਾਰਨ ਤੋਂ ਸੱਖਣੇ ਇਨ੍ਹਾਂ ਬਾਹਰਲੇ ਚਿੰਨ੍ਹਾਂ ਨੂੰ ਧਾਰਨ ਕਰ ਲੈਣ ਨੂੰ ਕੋਈ ਮਹਾਨਤਾ ਨਹੀਂ ਦਿੱਤੀ ਗਈ।

**ਪ੍ਰ:** ਕਿਉਂ ਭਾਈ ਸਾਹਿਬ ਜੀਉ! ਜਿਸ ਗੁਰਮਤ ਦੇ ਜੋਗ ਸੰਬੰਧੀ ਆਪ ਜ਼ਿਕਰ ਕਰਦੇ ਹੋ ਕੀ ਉਸ ਗੁਰਮਤ ਜੋਗ ਦੇ ਅੰਤ੍ਰੀਵ ਚਿੰਨ੍ਹ ਭੀ ਹੋਰ ਹਨ, ਜੇ ਕੋਈ ਵੱਖਰੇ ਚਿੰਨ੍ਹ ਤੁਹਾਡੇ ਪੜ੍ਹਨ ਵਿਚ ਆਏ ਹਨ ਤਾਂ ਸਾਨੂੰ ਭੀ ਜਾਣਕਾਰੀ ਦਿਓ ?

**ਉ:** ਹੇ ਭਾਈਓ! ਜਦੋਂ ਸਿੱਧਾਂ ਨੇ ਕਿਹਾ ਕਿ ਹੇ ਨਾਨਕ! ਤੂੰ ਜੋਗ ਮੱਤ ਧਾਰਨ ਕਰ ਲੈ ਤਾਂ ਅਸੀਂ ਤੈਨੂੰ ਜੋਗੀਆਂ ਦਾ ਮੁਖੀਆ ਜੋਗੀ ਬਣਾ ਦਿਆਂਗੇ। ਤਾਂ ਆਪ ਨੇ ਕਿਹਾ ਸੀ ਕਿ ਹੇ ਸਿੱਧੋ! ਮੈਂ ਤਾਂ ਜੋਗ ਮੱਤ ਪਹਿਲੋਂ ਹੀ ਧਾਰਨ ਕੀਤਾ ਹੈ, ਤਾਂ ਸਿੱਧਾਂ ਨੇ ਕਿਹਾ ਕਿ ਤੁਹਾਡੇ ਪਾਸ ਤਾਂ ਜੋਗ ਦੇ ਚਿੰਨ੍ਹ ਹੀ ਨਜ਼ਰ ਨਹੀਂ ਆਉਂਦੇ ਤਾਂ ਤੁਹਾਨੂੰ ਕਿਵੇਂ ਜੋਗੀ ਮੰਨ ਲਿਆ ਜਾਏ, ਤਾਂ ਆਪ ਨੇ ਕਿਹਾ ਸੀ ਕਿ ਹੇ ਸਿੱਧੋ! ਇਹ ਠੀਕ ਹੈ ਕਿ ਮੈਂ ਬਾਹਰਲਾ ਵਿਖਾਵੇ ਦਾ ਜੋਗ ਧਾਰਨ ਨਹੀਂ ਕੀਤਾ, ਪਰ ਜੋ ਅਸਲੀ ਅੰਤ੍ਰੀਵ ਜੋਗ ਹੈ ਮੈਂ ਉਸੇ ਦਾ ਧਾਰਨੀ ਹਾਂ, ਤਾਂ ਸਿੱਧਾਂ ਨੇ ਕਿਹਾ ਕਿ ਤੁਹਾਡੇ ਪਾਸ ਅੰਤ੍ਰੀਵ ਜੋਗ ਦੇ ਚਿੰਨ੍ਹ ਕਿਹੜੇ ਹਨ ਤਾਂ ਆਪ ਜੀ ਨੇ ਅੰਤ੍ਰੀਵ ਜੋਗ ਦੇ ਸੂਖ਼ਸ਼ਮ ਚਿੰਨ੍ਹਾਂ ਦਾ ਇਸ ਮਹਾਂਵਾਕ ਵਿਚ ਜ਼ਿਕਰ ਕੀਤਾ ਹੈ ਕਿ ਹੇ ਸਿੱਧੋ! ਸੁਣੋ, ਜਿਸ ਤਰ੍ਹਾਂ ਦਾ ਮੇਰਾ ਅੰਤ੍ਰੀਵ ਸੂਖਮ ਜੋਗ ਹੈ ਇਸਦੇ ਚਿੰਨ੍ਹ ਭੀ ਸੂਖਮ ਹਨ ਜੋ ਕਿ ਇਨ੍ਹਾਂ ਬਾਹਰਲੇ ਅਸਥੂਲ ਨੇਤ੍ਰਾਂ ਦੁਆਰਾ ਵੇਖਣ ਵਿਚ ਨਹੀਂ ਆਉਂਦੇ :

ਮੁੰਦਾ ਸੰਤੋਖੁ, ਸਰਮੁ ਪਤੁ ਝੋਲੀ
ਧਿਆਨ ਕੀ ਕਰਹਿ ਬਿਭੂਤਿ॥
ਖਿੰਥਾ ਕਾਲੁ ਕੁਆਰੀ ਕਾਇਆ
ਜੁਗਤਿ ਡੰਡਾ ਪਰਤੀਤਿ॥
ਆਈ ਪੰਥੀ ਸਗਲ ਜਮਾਤੀ
ਮਨਿ ਜੀਤੈ ਜਗੁ ਜੀਤੁ॥.....
ਭੁਗਤਿ ਗਿਆਨੁ ਦਇਆ ਭੰਡਾਰਣਿ
ਘਟਿ ਘਟਿ ਵਾਜਹਿ ਨਾਦ॥

*(ਜਪੁਜੀ, ਪੰਨਾ ੬)*

ਸੋ, ਹੇ ਭਾਈਓ! ਮੈਂ ਭੀ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਜੋ ਗੁਰਮਤ ਦਾ ਸਹੀ ਜੋਗ ਹੈ ਉਸ ਨੂੰ ਧਾਰਨ ਕਰਨ ਦੀ ਹਰ ਗੁਰਸਿਖ ਨੂੰ ਪ੍ਰੇਰਨਾ ਦਿਤੀ ਗਈ ਹੈ, ਗੁਰੂ ਦੇ ਸਿੱਖ ਸਦਾ ਇਸੇ ਜੋਗ ਦੇ ਧਾਰਨੀ ਰਹਿੰਦੇ ਹਨ, ਉਨ੍ਹਾਂ ਦੀ ਇਹੋ ਪਛਾਣ ਹੈ:

(੧) (ਗੁਰਮੱਤ ਇਹੋ ਕਹਿੰਦੀ ਹੈ ਕਿ) ਗੁਰੂ ਦੇ ਸਿਖ (ਜੋਗੀ) ਸਦਾ ਹੀ ਜਾਗਦੇ ਰਹਿੰਦੇ ਹਨ, ਉਹ ਮਾਇਆ ਵਿਚ ਰਹਿੰਦੇ ਹੋਏ ਵੀ ਮਾਇਆ ਤੋਂ ਉਦਾਸ ਰਹਿੰਦੇ ਹਨ।

(੨) (ਉਨ੍ਹਾਂ ਗੁਰਸਿੱਖਾਂ ਦੇ) ਕੰਨਾਂ ਵਿਚ ਗੁਰੂ ਦਾ ਉਪਦੇਸ਼ ਮੁੰਦਰਾਂ ਹਨ ਤੇ ਸੰਤਾਂ ਦੇ ਚਰਨਾਂ ਦੀ ਧੂੜੀ ਉਨ੍ਹਾਂ ਲਈ ਸਰੇਸ਼ਟ ਬਿਭੂਤੀ ਹੈ।

(੩) (ਉਹ ਗੁਰਸਿੱਖ) ਖਿਮਾਂ ਦੀ ਖਿੰਥਾ (ਖਫਣੀ) ਹੰਢਾਉਂਦੇ ਹਨ ਤੇ ਪ੍ਰੇਮ ਦੇ ਬਰਤਨ ਵਿਚ ਪ੍ਰਭੂ ਦੇ ਭਾਉ ਦੀ ਭੁਗਤ ਦਾ ਅਨੰਦ ਮਾਣਦੇ ਹਨ।

(੪) ਸ਼ਬਦ ਵਿਚ ਸੁਰਤੀ ਨੂੰ ਜੋੜਨਾ ਉਨ੍ਹਾਂ ਦੀ ਸਿੰਙੀ ਵੱਜਦੀ ਹੈ। ਗਿਆਨ ਦਾ ਡੰਡਾ ਉਨ੍ਹਾਂ ਦੇ ਹੱਥਾਂ ਵਿਚ ਹੁੰਦਾ ਹੈ ਤੇ ਗੁਰੂ ਦੀ ਸੇਵਾ ਕਰਨਾ ਉਨ੍ਹਾਂ ਦਾ ਧਿਆਨ ਲਾਉਣਾ ਹੈ।

(੫) ਸਾਧ ਸੰਗਤ ਰੂਪ ਗੁਫਾ ਵਿਚ ਬਹਿ ਕੇ ਉਹ ਅਗਾਧ ਪ੍ਰਭੂ ਵਿਚ ਨਿਵਾਸ ਕਰਨ ਲਈ ਸਹਿਜ ਸਮਾਧੀ ਵਿਚ ਮਸਤ ਰਹਿੰਦੇ ਹਨ।

(੬) (ਉਹ ਗੁਰਸਿਖ ਹਉਮੈਂ ਦੇ ਦੀਰਘ) ਰੋਗ ਤੋਂ ਰਹਿਤ ਹੋ ਕੇ ਅਰੋਗ ਹੋ ਗਏ ਤੇ ਸੰਜੋਗ ਵਿਜੋਗ ਦੇ ਕਰਮਾਂ ਵੱਲੋਂ ਛੁਟਕਾਰਾ ਪਾ ਗਏ ਹਨ।

(੭) ਸਾਧ ਸੰਗਤ ਵਿਚੋਂ ਗੁਰੂ ਦੀ ਸਿਖਿਆ ਲੈ ਕੇ ਉਸਦੀ ਕਮਾਈ ਕਰਨ ਕਰਕੇ ਉਨ੍ਹਾਂ ਗੁਰਸਿੱਖਾਂ ਨੂੰ ਸ਼ਾਬਾਸ਼ ਮਿਲਦੀ ਹੈ।੧੫।

## ੧੬. ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ

**੧. ਲੱਖ ਬ੍ਰਹਮੇ ਲੱਖ ਵੇਦ ਪੜ੍ਹ**
**ਨੇਤਿ ਨੇਤਿ ਕਰ ਕਰ ਸਭ ਥੱਕੇ।**
**੨. ਮਹਾਂਦੇਵ ਅਵਧੂਤ ਲੱਖ**
**ਜੋਗ ਧਿਆਨ ਉਣੀਂਦੇ ਅੱਕੇ।**
**੩. ਲੱਖ ਬਿਸ਼ਨੁ ਅਵਤਾਰ ਲੈ**
**ਗਯਾਨ ਖੜਗ ਫੜ ਪਹੁੰਚ ਨ ਸੱਕੇ।**
**੪. ਲੱਖ ਲੋਮਸ ਚਿਰਜੀਵਣੇ**
**ਆਦਿ ਅੰਤ ਵਿਚ ਧੀਰਕ ਧੱਕੇ।**
**੫. ਤਿੰਨ ਲੋਅ ਜੁਗ ਚਾਰ ਕਰ**
**ਲੱਖ ਬ੍ਰਹਮੰਡ ਖੰਡ ਕਰ ਢੱਕੇ।**
**੬. ਲੱਖ ਪਰਲਉ ਉਤਪੱਤ ਲੱਖ**
**ਹਰਹਟ ਮਾਲਾ ਅੱਖ ਫਰੱਕੇ।**
**੭. ਸਾਧ ਸੰਗਤਿ ਆਸ਼ਕ ਹੋਇ ਤੱਕੇ ॥੧੬॥**

***ਪਦ ਅਰਥ :*** ਉਣੀਂਦੇ—ਜਾਗਾ। ਚਿਰਜੀਵਣੇ—ਲੰਮੀ ਉਮਰ ਵਾਲੇ। ਢੱਕੇ—ਅਧੀਨ, ਵਸੀਕਾਰ ਹੇਠ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਪੁਰਾਤਨ ਸਮੇਂ ਵਿਚ ਹੋ ਗੁਜ਼ਰੇ ਲੱਖਾਂ ਹੀ ਜਪ, ਤਪ, ਜੋਗ, ਸਾਧਨਾ ਸਾਧਨ ਵਾਲੇ ਰਿਖੀ ਮੁਨੀ ਹੋ ਗੁਜ਼ਰੇ ਹਨ, ਕੀ ਦਸੋਗੇ ਕਿ ਉਨ੍ਹਾਂ ਵਿਚੋਂ ਉਸ ਨਿਰੰਕਾਰ ਦੇ ਦਰਸ਼ਨ ਕਿਸ ਨੂੰ ਹੋਏ ਹਨ?

ਉ: ਹੇ ਭਾਈਓ! ਜੇ ਇਸ ਦਾ ਉੱਤਰ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਮੰਗੀਏ ਤਾਂ ਉਨ੍ਹਾਂ ਵੱਲੋਂ ਇਹੋ ਉੱਤਰ ਮਿਲਦਾ ਹੈ ਕਿ ਪੁਰਾਤਨ ਸਮੇਂ ਵਿਚ ਲੱਖਾਂ ਦੀ ਗਿਣਤੀ ਵਿਚ ਪੁੰਨ, ਦਾਨ, ਜਪ, ਤਪ ਕਰਨ ਵਾਲੇ ਲੋਕਾਂ ਨੇ ਉਸ ਪ੍ਰਭੂ ਦੇ ਦਰਸ਼ਨ ਕਰਨ ਦੇ ਯਤਨ ਕੀਤੇ, ਪਰ ਉਹ ਭੀ ਬਾਣੀ ਦੁਆਰੇ ਸਾਬਤ ਹੁੰਦਾ ਹੈ ਕਿ ਉਸ ਪ੍ਰਭੂ ਦੇ ਦਰਸ਼ਨਾਂ ਤੋਂ ਸੱਖਣੇ ਹੋ ਰਹੇ ਹਨ, ਜਿਵੇਂ ਕਿ:

ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ॥
ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ॥

ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ॥
ਲਖ ਸੁਰਤੀ ਲਖ ਗਿਆਨ ਧਿਆਨ
ਪੜੀਅਹਿ ਪਾਠ ਪੁਰਾਣ॥
ਜਿਨਿ ਕਰਤੈ ਕਰਣਾ ਕੀਆ
ਲਿਖਿਆ ਆਵਣ ਜਾਣੁ॥
ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ॥੨॥
*(ਮ: ੧, ਪੰਨਾ ੪੬੭)*

ਇਸ ਤੋਂ ਆਦਿ ਹੋਰ ਭੀ ਸਾਨੂੰ ਉਦਾਹਰਣ ਮਿਲਦੇ ਹਨ ਕਿ ਲੱਖਾਂ ਹੀ ਜੋਗ ਸਾਧਨਾ ਵਾਲੇ ਲੋਕ ਨਾਮ ਸਿਮਰਨ ਤੋਂ ਸੱਖਣੇ ਰਿੱਧੀਆਂ, ਸਿੱਧੀਆਂ, ਕਰਾਮਾਤਾਂ ਤਾਂ ਭਾਵੇਂ ਹਾਸਲ ਕਰ ਸਕੇ ਹਨ, ਪਰ ਨਿਰੰਕਾਰ ਦੇ ਦਰਸ਼ਨਾਂ ਵੱਲੋਂ ਸੱਖਣੇ ਹੀ ਰਹੇ, ਜਿਸ ਕਰਕੇ ਉਹ ਇਸ ਸੰਸਾਰ ਦੇ ਆਵਾਗਵਨ ਵੱਲੋਂ ਛੁਟਕਾਰਾ ਨਹੀਂ ਪਾ ਸਕੇ, ਇਸ ਲਈ ਜਿਸ ਕਿਸੇ ਨੇ ਉਸ ਨਿਰੰਕਾਰ ਦੇ ਦਰਸ਼ਨ ਪਾਏ ਹਨ, ਉਨ੍ਹਾਂ ਨੂੰ ਸਾਧ ਸੰਗਤ ਵਿਚੋਂ ਹੀ ਉਸ ਪ੍ਰਭੂ ਦੇ ਦੀਦਾਰ ਹੋਏ ਹਨ, ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਭੀ ਇਹੋ ਹੈ ਕਿ (ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ) ਸੋ ਮੈਂ ਭੀ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਚੰਦ ਪੰਗਤੀਆਂ ਦੁਆਰੇ ਇਸੇ ਭਾਵ ਨੂੰ ਪ੍ਰਗਟਾਉਣ ਦਾ ਇਕ ਨਿਮਾਣਾ ਜਿਹਾ ਉਪਰਾਲਾ ਕੀਤਾ ਹੈ।

(੧) (ਜਿਵੇਂ ਕਿ ਸਾਨੂੰ ਬਾਣੀ ਦੁਆਰੇ ਬੋਧ ਮਿਲਦਾ ਹੈ ਕਿ) ਲੱਖਾਂ ਬ੍ਰਹਮਾ, ਵੇਦ ਪੜ੍ਹ ਪੜ੍ਹ ਕੇ (ਪ੍ਰਭੂ ਨੂੰ) ਨੇਤ ਨੇਤ ਕਹਿ ਕੇ ਹਾਰ ਗਏ ਹਨ।

(੨) (ਸ਼ਿਵ ਜੀ ਵਰਗੇ ਲੱਖਾਂ ਅਵਧੂਤ ਜੋਗ ਦੇ ਧਿਆਨ ਵਿਚ ਜਾਗੇ ਕਰ ਕਰ ਕੇ ਅੱਕ ਗਏ ਹਨ।

(੩) ਲੱਖਾਂ ਵਿਸ਼ਨੂੰ ਅਵਤਾਰ ਧਾਰ ਧਾਰ ਕੇ ਤੇ ਗਿਆਨ ਦੀ ਤਲਵਾਰ ਹੱਥ ਵਿਚ ਫੜ ਕੇ ਵੀ ਅਕਾਲ ਪੁਰਖ ਤਕ ਨਹੀਂ ਪਹੁੰਚ ਸਕੇ।

(੪) ਲੱਖਾਂ ਲੋਮਸ ਰਿਖੀ ਵਰਗੇ ਲੰਮੀ ਉਮਰ ਵਾਲਿਆਂ ਨੇ ਆਦਿ ਤੋਂ ਅੰਤ ਤਕ ਧੀਰਜ ਧਾਰ ਕੇ ਧੱਕੇ ਹੀ ਖਾਧੇ ਹਨ (ਭਾਵ ਉਨ੍ਹਾਂ ਨੂੰ ਭੀ ਪ੍ਰਭੂ ਦਾ ਦਰਸ਼ਨ ਨਹੀਂ ਹੋਇਆ)।

(੫) ਉਸ ਪ੍ਰਭੂ ਨੇ ਤਿੰਨ ਲੋਕ, ਚਾਰ ਜੁਗ ਤੇ ਲੱਖਾਂ ਬ੍ਰਹਿਮੰਡ ਬਣਾ ਕੇ ਆਪਣੇ ਅਧੀਨ ਕਰ ਰਖੇ ਹਨ।

(੬) ਲੱਖਾਂ ਪਰਲੋ ਤੇ ਲੱਖਾਂ ਉਤਪਤੀਆਂ ਹਰਟ ਦੀਆਂ ਟਿੰਡਾਂ ਵਾਂਗੂੰ ਉਸਦੇ ਅੱਖ ਫਰਕਣ ਜਿੰਨੇ ਸਮੇਂ ਵਿਚ ਹੋ ਰਹੀਆਂ ਹਨ।

(੭) ਜਿਹੜਾ ਗੁਰਸਿਖ ਸਾਧ ਸੰਗਤ ਨਾਲ ਪ੍ਰੀਤ ਕਰਦਾ ਹੈ, ਉਹੋ ਹੀ ਐਸੇ ਬੇਅੰਤ ਪ੍ਰਭੂ ਦੇ ਦਰਸ਼ਨ ਕਰ ਸਕਦਾ ਹੈ।੧੬।

## ੧੭. ਸ਼ੁਭ ਗੁਣਾਂ ਦੀ ਪ੍ਰਾਪਤੀ ਸਾਧ ਸੰਗਤ ਵਿਚੋਂ

**੧. ਪਾਰਬ੍ਰਹਮ ਪੂਰਨ ਬ੍ਰਹਮ**
**ਆਦਿ ਪੁਰਖ ਹੈ ਸਤਿਗੁਰ ਸੋਈ।**
**੨. ਜੋਗ ਧਿਆਨ ਹੈਰਾਨ ਹੋਇ**
**ਵੇਦ ਗਿਆਨ ਪਰਵਾਹ ਨ ਹੋਈ।**
**੩. ਦੇਵੀ ਦੇਵ ਸਰੇਵਦੇ**
**ਜਲ ਥਲ ਮਹੀਅਲਿ ਭਵਦੀ ਲੋਈ।**
**੪. ਹੋਮ ਜੱਗ ਜਪ ਤਪ ਘਣੇ**
**ਕਰ ਕਰ ਕਰਮ ਧਰਮ ਦੁਖ ਰੋਈ।**
**੫. ਵੱਸ ਨ ਆਵੈ ਧਾਂਵਦਾ**
**ਅੱਠ ਖੰਡ ਪਾਖੰਡ ਵਿਗੋਈ।**
**੬. ਗੁਰਮੁਖ ਮਨ ਜਿਣ ਜਗ ਜਿਣੈ**
**ਆਪ ਗਵਾਇ ਆਪ ਸਭ ਕੋਈ।**
**੭. ਸਾਧ ਸੰਗਤ ਗੁਣ ਹਾਰ ਪਰੋਈ॥੧੭॥**

***ਪਦ ਅਰਥ :*** ਭਵਦੀ ਲੋਈ—ਲੋਕਾਈ ਫਿਰਦੀ ਹੈ। ਅੱਠ ਖੰਡ ਪਾਖੰਡ—ਵਰਣਾਸ਼੍ਰਮਾਂ ਦੇ ਅੱਠ ਪਖੰਡ ਵਿਖੇ। ਸਰੇਂਵਦੇ—ਸੇਂਵਦੇ ਹਨ। ਵਿਗੋਈ—ਖੱਜਲ ਹੋਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਉਸ ਪ੍ਰਭੂ ਦੀ ਪ੍ਰਾਪਤੀ ਵਾਸਤੇ ਲੋਕਾਈ ਅਨੇਕਾਂ ਤਰ੍ਹਾਂ ਦੇ ਸਾਧਨ ਕਰਦੀ ਹੈ, ਪਰ ਗੁਰਮਤ ਅਨੁਸਾਰ ਦਸੋਗੇ ਕਿ ਉਸ ਨਿਰੰਕਾਰ ਨੂੰ ਪ੍ਰਾਪਤ ਕਰਨ ਦਾ ਮੁਖ ਸਾਧਨ ਕਿਹੜਾ ਹੈ ?

ਉ: ਹੇ ਭਾਈਓ ! ਮੈਨੂੰ ਤਾਂ ਗੁਰਬਾਣੀ ਦੀ ਵੀਚਾਰ ਕਰਨ ਤੋਂ ਉਸ ਪ੍ਰਭੂ ਦੀ ਪ੍ਰਾਪਤੀ ਦਾ ਸ਼ਿਰੋਮਣੀ ਸਾਧਨ ਇਹੋ ਨਜ਼ਰ ਆਇਆ ਹੈ ਕਿ ਇਸ ਮਨ ਨੂੰ ਗੁਰੂ ਦੇ ਸ਼ਬਦ ਦੁਆਰੇ ਸ਼ੁੱਧ ਕਰਕੇ ਉਸ ਪ੍ਰਭੂ ਦਾ ਚਿੰਤਨ ਕੀਤਾ ਜਾਏ

ਪਰ ਜੇਕਰ ਮਨ ਮੈਲਾ ਹੈ ਤਾਂ ਉਸਦੇ ਕੀਤੇ ਹੋਏ ਸਾਧਨ ਭੀ ਸਭੇ ਮੈਲੇ ਹਨ, ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਨੇ ਭੀ ਇਹੋ ਫ਼ੁਰਮਾਨ ਕੀਤਾ ਹੈ:

ਮਨਿ ਮੈਲੈ ਸਭੁ ਕਿਛੁ ਮੈਲਾ
ਤਨਿ ਧੋਤੈ ਮਨੁ ਹਛਾ ਨ ਹੋਇ॥

*(ਵਡਹੰਸੁ ਮਹਲਾ ੩, ਪੰਨਾ ੫੫੮)*

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥੨॥

*(ਮ: ੧, ਪੰਨਾ ੭੮੯)*

ਕਬੀਰ ਮਨੁ ਮੂੰਡਿਆ ਨਹੀ
ਕੇਸ ਮੁੰਡਾਏ ਕਾਂਇ॥
ਜੋ ਕਿਛੁ ਕੀਆ ਸੋ ਮਨ ਕੀਆ
ਮੂੰਡਾ ਮੂੰਡੁ ਅਜਾਂਇ॥੧੦੧॥

*(ਸਲੋਕ ਕਬੀਰ ਜੀ, ਪੰਨਾ ੧੩੬੯)*

ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ
ਪੂਜਨ ਕਉ ਬਹੁ ਦੇਵ॥
ਕਹੁ ਕਬੀਰ ਛੂਟਨੁ ਨਹੀ ਮਨ ਬਉਰਾ ਰੇ
ਛੂਟਨੁ ਹਰਿ ਕੀ ਸੇਵ॥੪॥੧॥੬॥੫੭॥

*(ਗਉੜੀ, ਪੰਨਾ ੩੩੬)*

ਇਸ ਤਰ੍ਹਾਂ ਇਸ ਪੱਖ ਵਿਚ ਸਾਨੂੰ ਹੋਰ ਭੀ ਬਹੁਤ ਬਾਣੀ ਤੋਂ ਉਦਾਹਰਣ ਮਿਲਦੇ ਹਨ ਕਿ ਜਿਤਨਾ ਚਿਰ ਮਨ ਦੀ ਸ਼ੁੱਧੀ ਨਹੀਂ, ਮਲੀਨ ਮਨ ਨਾਲ ਭਾਵੇਂ ਤੁਸੀਂ ਲੱਖਾਂ ਹੀ ਹੋਮ, ਜੱਗ, ਜਪ, ਤਪ ਕਰਦੇ ਰਹੋ, ਨਾਮ ਚਿੰਤਨ ਤੋਂ ਸੱਖਣੇ ਸਾਰੇ ਹੀ ਜਪ, ਤਪ ਸਾਧਨ ਰੱਬੀ-ਦਰਬਾਰ ਵਿਚ ਕਬੂਲ ਨਹੀਂ ਹੁੰਦੇ। ਸੋ, ਮੈਂ ਭੀ ਇਨ੍ਹਾਂ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ:

(੧) (ਬਾਣੀ ਦੁਆਰੇ ਇਹੋ ਪ੍ਰੇਰਨਾ ਮਿਲਦੀ ਹੈ ਕਿ ਉਸ) ਆਦਿ ਪੁਰਖ, ਪੂਰਨ ਬ੍ਰਹਮ ਪ੍ਰਭੂ ਦਾ ਸਰਗੁਨ ਸਰੂਪ ਸਤਿਗੁਰੂ ਜੀ ਹਨ।

(੨) (ਉਸ ਪ੍ਰਭੂ ਦੀ ਪ੍ਰਾਪਤੀ ਵਾਸਤੇ) ਜੋਗੀ ਧਿਆਨ ਲਾ ਲਾ ਕੇ ਹੈਰਾਨ ਹੋ ਰਹੇ ਹਨ ਤੇ ਵੇਦਾਂ ਦੇ ਗਿਆਨ ਦੀ ਵੀ ਕੋਈ ਪ੍ਰਵਾਹ ਨਹੀਂ (ਭਾਵ ਵੇਦਾਂ ਦੇ ਪੜ੍ਹਨ ਨਾਲ ਵੀ ਉਸ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ)।

(੩) (ਦੇਵੀਆਂ ਤੇ ਦੇਵਤੇ (ਉਸ ਪ੍ਰਭੂ ਨੂੰ) ਸੇਂਵਦੇ ਹਨ ਤੇ ਜਲਾਂ, ਥਲਾਂ, ਪ੍ਰਿਥਵੀ ਤੇ ਅਕਾਸ਼ ਵਿਚ ਲੱਭਣ ਲਈ ਲੁਕਾਈ ਫਿਰ ਰਹੀ ਹੈ।

(੪) ਅਨੇਕਾਂ ਹੋਮ, ਜੱਗ, ਜਪ ਤੇ ਤਪ ਆਦਿ ਕਰਮ ਧਰਮ ਕਰਕੇ ਲੁਕਾਈ ਦੁਖੀ ਹੋ ਕੇ ਰੋ ਰਹੀ ਹੈ।

(੫) ਇਹ ਮਨ ਕਿਸੇ ਦੇ ਵੱਸ ਵਿਚ ਨਹੀਂ ਆਉਂਦਾ, ਇਸ ਕਰਕੇ ਸੰਸਾਰ ਦੇ ਅੱਠ ਖੰਡ (ਚਾਰ ਵਰਨ ਚਾਰ ਆਸ਼੍ਰਮ) ਪਖੰਡਾਂ ਵਿਚ ਖ਼ਰਾਬ ਹੋ ਰਹੇ ਹਨ (ਕਿਉਂਕਿ ਮਨ ਵੱਸ ਵਿਚ ਆਏ ਬਿਨਾ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ)।

(੬) ਗੁਰਮੁਖਾਂ ਨੇ ਮਨ ਨੂੰ ਜਿੱਤ ਕੇ ਸਾਰੇ ਸੰਸਾਰ ਨੂੰ ਜਿੱਤ ਲਿਆ ਹੈ, ਆਪਾ-ਭਾਵ ਛੱਡਣ ਨਾਲ ਹਰ ਕੋਈ ਆਪਣਾ ਹੋ ਜਾਂਦਾ ਹੈ।

(੭) (ਗੁਰਮੁਖਾਂ ਨੇ) ਸਾਧ ਸੰਗਤ ਵਿਚ ਜਾ ਕੇ ਗੁਣਾਂ ਦਾ ਹਾਰ ਪਰੋਇਆ ਹੈ।੧੭।

***ਭਾਵਾਰਥ :*** ਜਿਨ੍ਹਾਂ ਦਾ ਮਨ ਅਜਿੱਤ ਹੈ, ਉਹ ਮਨਮੁਖ ਭਾਵੇਂ ਕਿਤਨੇ ਹੀ ਜਪ, ਤਪ ਕਰਦੇ ਰਹਿਣ ਉਨ੍ਹਾਂ ਨੂੰ ਸੁਪਨੇ-ਮਾਤ੍ਰ ਭੀ ਕਦੇ ਸੁਖ ਨਹੀਂ ਮਿਲਦਾ, ਇਸ ਭਾਵ ਨੂੰ ਗੁਰਬਾਣੀ ਵਿਚ ਖ਼ੁਲਾਸੇ ਨਾਲ ਪ੍ਰਗਟ ਕੀਤਾ ਗਿਆ ਹੈ, ਜਿਵੇਂ ਕਿ:

ਮਨਮੁਖ ਮੰਨੁ ਅਜਿਤੁ ਹੈ ਦੂਜੈ ਲਗੈ ਜਾਇ॥
ਤਿਸ ਨੋ ਸੁਖੁ ਸੁਪਨੈ ਨਹੀ ਦੁਖੇ ਦੁਖਿ ਵਿਹਾਇ॥
ਘਰਿ ਘਰਿ ਪੜਿ ਪੜਿ ਪੰਡਿਤ ਥਕੇ
ਸਿਧ ਸਮਾਧਿ ਲਗਾਇ॥
ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ॥
ਭੇਖਧਾਰੀ ਭੇਖ ਕਰ ਥਕੇ ਅਠਿ ਸਠਿ ਤੀਰਥ ਨਾਇ॥
ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ॥
ਗੁਰ ਪਰਸਾਦੀ ਭਉ ਪਇਆ
ਵਡਭਾਗਿ ਵਸਿਆ ਮਨਿ ਆਇ॥
ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ॥

*(ਮ: ੩, ਪੰਨਾ ੬੪੪)*

ਇਸ ਲਈ ਇਸ ਮਨ ਨੂੰ ਵੱਸ ਕਰਨ ਦਾ ਇਕੋ ਹੀ ਸਾਧਨ ਉਸ ਪਰੀ ਪੂਰਨ ਪਰਮੇਸ਼ਰ ਦੀ ਕ੍ਰਿਪਾ-ਦ੍ਰਿਸ਼ਟੀ ਹੈ, ਗੁਰਬਾਣੀ ਵਿਚ ਭੀ ਇਹੋ ਸੰਕੇਤ ਆਇਆ ਹੈ ਕਿ (ਮਨ ਵਸਿ ਆਵੈ ਨਾਨਕਾ ਜੇ ਪੂਰਨ ਕ੍ਰਿਪਾ ਹੋਇ।)

## ੧੮. ਸੰਸਾਰ ਸਾਗਰ ਤੋਂ ਤਾਰਨਹਾਰ ਗੁਰੂ ਹੀ ਮਲਾਹ ਹੈ

੧. ਅਲਖ ਨਿਰੰਜਨ ਆਖੀਐ
ਰੂਪ ਨ ਰੇਖ ਅਲੇਖ ਅਪਾਰਾ।
੨. ਅਬਿਗਤ ਗਤ ਅਬਿਗਤ ਘਣੀ
ਸਿਮਰਣ ਸੇਖ ਨ ਆਵੈ ਵਾਰਾ।
੩. ਅਕਥ ਕਥਾ ਕਿਉ ਜਾਣੀਐ
ਕੋਇ ਨ ਆਖ ਸੁਣਾਵਣਹਾਰਾ।
੪. ਅਚਰਜ ਨੋ ਆਚਰਜ ਹੋਇ
ਵਿਸਮਾਦੈ ਵਿਸਮਾਦ ਸਮਾਰਾ।
੫. ਚਾਰ ਵਰਨ ਗੁਰੁ ਸਿੱਖ ਹੋਇ
ਘਰ ਬਾਰੀ ਬਹੁ ਵਣਜ ਵਪਾਰਾ।
੬. ਸਾਧ ਸੰਗਤ ਆਰਾਧਿਆ
ਭਗਤ ਵਛਲ ਗੁਰੁ ਰੂਪ ਮੁਰਾਰਾ।
੭. ਭਵਸਾਗਰ ਗੁਰੁ ਸਾਗਰ ਤਾਰਾ ॥੧੮॥

***ਪਦ ਅਰਥ :*** ਅਲੇਖ—ਲੇਖੇ ਤੋਂ ਰਹਿਤ। ਅਬਿਗਤ ਗਤ—ਗਤੀ ਤੋਂ ਅਬਿਗਤ, ਮਨ ਬਾਣੀ ਤੋਂ ਪਰੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਤੁਸਾਂ ਤਾਂ ਉਸ ਪਰੀਪੂਰਨ ਪਰਮੇਸ਼ਰ ਦੇ ਸੰਬੰਧ ਵਿਚ ਹਰ ਫ਼ਿਰਕੇ ਦੀਆਂ ਪੁਰਾਤਨ ਧਾਰਮਕ ਪੁਸਤਕਾਂ ਪੜ੍ਹੀਆਂ ਹਨ, ਪਰ ਇਹ ਦਸੋ ਉਸ ਕਰਤਾ ਪੁਰਖ ਬਾਰੇ ਤੁਹਾਡਾ ਆਪਣਾ ਅਨੁਭਵ ਕੀ ਹੈ ?

ਉ: ਹੇ ਭਾਈਓ! ਭਾਵੇਂ ਮੈਂ ਪੁਰਾਤਨ ਮੱਤਾਂ ਦੇ ਧਾਰਮਕ ਪੁਸਤਕ ਭੀ ਪੜ੍ਹੇ ਹਨ, ਪਰ ਸਤਿਗੁਰਾਂ ਦੀ ਬਾਣੀ ਪੜ੍ਹ ਕੇ ਜੋ ਮੈਨੂੰ ਉਸ ਕਰਤਾਰ ਸੰਬੰਧੀ ਨਿਸਚਾ ਹੋਇਆ ਹੈ, ਉਸਨੂੰ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ :

(੧) (ਬਾਣੀ ਤੋਂ ਇਹੋ ਬੋਧ ਮਿਲਦਾ ਹੈ ਕਿ) ਉਹ ਪ੍ਰਭੂ ਅਲੱਖ, ਨਿਰੰਜਨ, ਰੂਪ-ਰੇਖ ਤੋਂ ਰਹਿਤ ਹੈ, ਉਸ ਨੂੰ ਅਲੇਖ ਤੇ ਅਪਾਰਾ ਕਿਹਾ ਜਾਂਦਾ ਹੈ।

(੨) ਉਸ ਅਬਿਗਤ ਪ੍ਰਭੂ ਦੀ ਗਤੀ ਨੂੰ ਜਾਣਨਾ ਬਹੁਤ ਔਖਾ ਹੈ, ਸ਼ੇਸ਼ਨਾਗ ਹਰ ਸਮੇਂ ਸਿਮਰਨ ਕਰਦਾ ਵੀ ਉਸ ਦਾ ਅੰਤ ਨਹੀਂ ਪਾ ਸਕਿਆ।

(੩) ਉਸਦੀ ਅਕੱਥ ਕਥਾ ਕਿਵੇਂ ਜਾਣੀ ਜਾ ਸਕਦੀ ਹੈ ? (ਕਿਉਂਕਿ) ਕੋਈ ਵੀ ਉਸਦੀ ਕਥਾ ਕਹਿ ਕੇ ਸੁਣਾਉਣ ਵਾਲਾ ਹੈ ਹੀ ਨਹੀਂ।

(੪) ਉਸ ਪ੍ਰਭੂ ਦਾ ਸ਼ੁਮਾਰ ਕਰਨ ਲਗਿਆਂ ਅਸਚਰਜ ਨੂੰ ਭੀ ਅਸਚਰਜ ਹੁੰਦਾ ਹੈ ਤੇ ਵਿਸਮਾਦ ਵੀ ਵਿਸਮਾਦ ਹੋ ਜਾਂਦਾ ਹੈ।

(੫) ਚਾਰ ਵਰਨਾਂ ਦੇ ਲੋਕ ਗੁਰਸਿਖ ਗ੍ਰਿਹਸਤੀ ਹੋ ਕੇ ਬਹੁਤ ਵਣਜ ਵਪਾਰ ਕਰਦੇ ਹਨ।

(੬) (ਉਹ ਗੁਰਸਿੱਖ) ਸਾਧ ਸੰਗਤ ਵਿਚ ਮਿਲ ਕੇ ਉਸ ਭਗਤ ਵਛਲ ਤੇ ਹੰਕਾਰ ਨਾਸਕ ਪਿਆਰੇ ਗੁਰੂ ਰੂਪ ਦੀ ਅਰਾਧਨਾ ਕਰਦੇ ਹਨ।

(੭) ਇਸ ਸੰਸਾਰ ਸਾਗਰ ਤੋਂ ਗੁਰਸਿੱਖਾਂ ਨੂੰ ਗੁਰੂ ਹੀ ਮਲਾਹ ਬਣ ਕੇ ਤਾਰਦਾ ਹੈ।

***ਭਾਵਾਰਥ :*** ਜਿਸ ਤਰ੍ਹਾਂ ਸਮੁੰਦਰ ਵਿਚ ਮਲਾਹ ਤਾਰੇ ਦੇ ਹਿਸਾਬ ਨਾਲ ਚਲਦੇ ਹਨ, ਤਿਵੇਂ ਗੁਰੂ ਸੰਸਾਰ ਸਾਗਰ ਤੋਂ ਅਗਵਾਈ ਕਰਦਾ ਹੈ।

## ੧੯. ਗੁਰਮੁਖ ਨੂੰ ਸਿਰਜਨਹਾਰ ਦੀ ਸੋਝੀ ਹੈ

੧. ਨਿਰੰਕਾਰ ਏਕੰਕਾਰ ਹੋਇ
ਓਅੰਕਾਰ ਅਕਾਰ ਅਪਾਰਾ।
੨. ਰੋਮ ਰੋਮ ਵਿੱਚ ਰਖਿਓਨ
ਕਰ ਬ੍ਰਹਮੰਡ ਕਰੋੜ ਪਸਾਰਾ।
੩. ਕੇਤੜਿਆ ਜੁਗ ਵਰਤਿਆ
ਅਗਮ ਅਗੋਚਰ ਧੁੰਧੂਕਾਰਾ।
੪. ਕੇਤੜਿਆਂ ਜੁਗ ਵਰਤਿਆ
ਕਰ ਕਰ ਕੇਤੜਿਆਂ ਅਵਤਾਰਾ।
੫. ਭਗਤ ਵਛਲ ਹੋਇ ਆਇਆ
ਕਲੀਕਾਲ ਪਰਗਟ ਪਾਹਾਰਾ।
੬. ਸਾਧ ਸੰਗਤ ਵਸਗਤ ਹੋਆ
ਓਤਪੋਤ ਕਰ ਪਿਰਮ ਪਿਆਰਾ।
੭. ਗੁਰਮੁਖ ਸੁੱਝੈ ਸਿਰਜਨਹਾਰਾ ॥੧੯॥

***ਪਦ ਅਰਥ :*** ਏਕੰਕਾਰ—ਇਕ ਦਾ ਸਰੂਪ। ਧੁੰਧੂਕਾਰਾ—ਗੁਬਾਰ। ਪਾਹਾਰਾ—ਪਾਸਾਰਾ। ਓਤਪੋਤ—ਤਾਣਾ ਪੇਟਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਪੁਰਾਤਨ ਸਮੇਂ ਦੇ ਬੁਧੀਜੀਵੀਆਂ ਨੇ ਇਸ ਸੰਸਾਰ ਦੀ ਉਪਜ ਬਾਰੇ ਆਪੋ ਆਪਣੇ ਭਿੰਨ ਭਿੰਨ ਵੀਚਾਰ ਦਰਸਾਏ ਹਨ, ਪਰ ਤੁਸੀਂ ਗੁਰਮਤ ਅਨੁਸਾਰ ਆਪਣੇ ਖ਼ਿਆਲ ਕਿਵੇਂ ਰਖਦੇਂ ਹੋ ?

ਉ: ਹੇ ਭਾਈਓ ! ਇਹ ਠੀਕ ਹੈ ਕਿ ਪੁਰਾਣੇ ਸਿਆਣਿਆਂ ਦੇ ਇਸ ਸੰਸਾਰ ਦੀ ਪੈਦਾਇਸ਼ ਸੰਬੰਧੀ ਕਿਸੇ ਇਕ ਦੇ ਖ਼ਿਆਲ ਦੂਜੇ ਨਾਲ ਤਾਲ-ਮੇਲ ਨਹੀਂ ਰਖਦੇ, ਪਰ ਮੈਂ ਤਾਂ ਗੁਰੂ ਨਾਨਕ ਦੇਵ ਜੀ ਦੇ ਇਨ੍ਹਾਂ ਹੀ ਸ਼ਬਦਾਂ 'ਤੇ ਵਿਸ਼ਵਾਸ ਰਖਦਾ ਹਾਂ ਕਿ (ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।) ਜਪੁਜੀ। ਭਾਵ ਹੈ ਕਿ ਇਸ ਸ੍ਰਿਸ਼ਟੀ ਦੇ ਸਾਜਨ ਸੰਬੰਧੀ ਜੋ ਗੁੱਝੇ ਭਾਵ ਹਨ, ਉਨ੍ਹਾਂ ਭਾਵਾਂ ਨੂੰ ਕਰਤਾ ਪੁਰਖ ਆਪ ਹੀ ਜਾਣਦਾ ਹੈ ਉਸ ਬਾਰੇ ਹੋਰ ਕਿਸੇ ਨੂੰ ਭੀ ਇਸ ਗੁੱਝੇ ਭਾਵ ਦਾ ਭੇਦ ਨਹੀਂ ਹੈ। ਮੈਨੂੰ ਤਾਂ ਜੋ ਬਾਣੀ ਦੁਆਰੇ ਸੋਝੀ ਮਿਲੀ ਹੈ, ਉਸ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ :

(੧) (ਬਾਣੀ ਤਾਂ ਇਹੋ ਜਾਣਕਾਰੀ ਦਿੰਦੀ ਹੈ ਕਿ ਉਸ) ਨਿਰੰਕਾਰ ਪ੍ਰਭੂ ਨੇ ਏਕੰਕਾਰ (ਏਕਾਂਗ) ਦਾ ਰੂਪ ਧਾਰਿਆ ਹੈ, ਫਿਰ ਉਸ ਸਰੂਪ ਤੋਂ ਓਅੰਕਾਰ ਅਕਾਰ ਅਪਾਰ ਰੂਪ ਧਾਰਨ ਕੀਤਾ ਹੈ।

(੨) ਉਸਨੇ ਕ੍ਰੋੜਾਂ ਬ੍ਰਹਿਮੰਡਾਂ ਦਾ ਪਸਾਰਾ ਕਰਕੇ ਉਨ੍ਹਾਂ ਨੂੰ ਆਪਣੇ ਇਕ ਇਕ ਰੋਮ ਵਿਚ ਰੱਖ ਛੱਡਿਆ ਹੈ।

(੩) ਉਹ ਅਗਮ ਅਗੋਚਰ ਪ੍ਰਭੂ ਕਈ ਜੁਗਾਂ ਵਿਚ ਧੁੰਧੂਕਾਰ ਹੋ ਕੇ ਵਰਤਦਾ ਰਿਹਾ ਹੈ।

(੪) (ਫਿਰ) ਉਹ ਕਈ ਜੁਗਾਂ ਵਿਚ ਕਈ ਅਵਤਾਰ ਧਾਰਨ ਕਰਕੇ ਵਰਤਦਾ ਰਿਹਾ।

(੫) ਭਗਤ ਵਛਲ ਹੋਣ ਕਰਕੇ ਉਹ ਭਗਤਾਂ ਦਾ ਪਿਆਰਾ ਕਲਜੁਗ ਵਿਚ ਗੁਰੂ ਰੂਪ ਹੋ ਕੇ ਪ੍ਰਗਟ ਹੋਇਆ।

(੬) ਉਹ ਪ੍ਰੇਮੀਆਂ ਦਾ ਪਿਆਰਾ ਹੋਣ ਕਰਕੇ ਤਾਣੇ-ਪੇਟੇ ਵਾਂਗੂੰ ਸਾਧਸੰਗਤ ਦੇ ਵਸਗਤ (ਅਧੀਨ) ਹੋਇਆ ਹੋਇਆ ਹੈ (ਭਾਵ ਉਹ ਪ੍ਰਭੂ ਗੁਰੂ ਰੂਪ ਹੋ ਕੇ ਸਾਧ ਸੰਗਤ ਵਿਚ ਵੱਸ ਰਿਹਾ ਹੈ)।

(੭) ਉਹ ਸਿਰਜਨਹਾਰ ਪ੍ਰਭੂ ਗੁਰਮੁਖਾਂ ਨੂੰ ਹੀ ਸੁਝਦਾ ਹੈ।੧੯।

## ੨੦. ਗੁਰਮੁਖਾਂ ਨੂੰ ਗੁਰੂ ਸ਼ਬਦ ਤੇ ਸੰਗਤ ਹੀ ਪਿਆਰੀ ਹੈ

**੧. ਸਤਿਗੁਰ ਮੂਰਤ ਪਰਗਟੀ**
**ਗੁਰਮੁਖ ਸੁਖ ਫਲ ਸਬਦ ਵਿਚਾਰਾ।**
**੨. ਇਕਦੂੰ ਹੋਇ ਸਹੰਸ ਫਲ**
**ਗੁਰੁ ਸਿਖ ਸਾਧ ਸੰਗਤ ਓਅੰਕਾਰਾ।**
**੩. ਡਿੱਠਾ ਸੁਣਿਆ ਮੰਨਿਆ**
**ਸਨਮੁਖ ਸੇ ਵਿਰਲੇ ਸੰਸਾਰਾ।**
**੪. ਪਹਿਲੋਂ ਦੇ ਪਾਖਾਕ ਹੋਇ**
**ਪਿਛਹੁੰ ਜਗ ਮੰਗੈ ਪਗ ਛਾਰਾ।**
**੫. ਗੁਰਮੁਖ ਮਾਰਗ ਚੱਲਿਆ**
**ਸੱਚ ਵਣਜ ਕਰ ਪਾਰ ਉਤਾਰਾ।**
**੬. ਕੀਮਤ ਕੋਇ ਨ ਜਾਣਈ**
**ਆਖਣ ਸੁਣਨ ਨ ਲਿੱਖਣਹਾਰਾ।**
**੭. ਸਾਧ ਸੰਗਤ ਗੁਰ ਸ਼ਬਦ ਪਿਆਰਾ ॥੨੦॥**

***ਪਦ ਅਰਥ :*** ਸਤਿਗੁਰ—ਗੁਰੂ ਨਾਨਕ। ਸਹੰਸ—ਹਜ਼ਾਰਾਂ। ਕੀਮਤ—ਮਹਿਮਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਦੋਂ ਅਸੀਂ ਪੁਰਾਤਨ ਇਤਿਹਾਸ ਪੜ੍ਹਦੇ ਸੁਣਦੇ ਹਾਂ ਤਾਂ ਉਨ੍ਹਾਂ ਦੁਆਰੇ ਇਹ ਪ੍ਰਗਟ ਹੁੰਦਾ ਹੈ ਕਿ ਪੁਰਾਣੇ ਸਮਿਆਂ ਵਿਚ ਜਿਤਨੇ ਭੀ ਮਹਾਂਪੁਰਖ ਗੁਰੂ ਪੀਰ ਹੋਏ ਹਨ, ਉਨ੍ਹਾਂ ਤੋਂ ਸਾਰੇ ਹੀ ਕਿਉਂ ਨਹੀਂ ਲਾਭ ਉਠਾ ਸਕੇ, ਕਈ ਤਾਂ ਮਹਾਂਪੁਰਖਾਂ ਦੇ ਨਿਕਟ-ਵਰਤੀ ਰਹਿਣ ਵਾਲੇ ਭੀ ਕੋਈ ਲਾਭ ਨਹੀਂ ਉਠਾ ਸਕੇ। ਕਿਉਂ ਜੀ! ਦਸੋਗੇ ਕਿ ਇਸਦਾ ਸਹੀ ਕਾਰਨ ਕੀ ਹੈ, ਤਾਕਿ ਸਾਨੂੰ ਭੀ ਇਸ ਪੱਖ ਦਾ ਬੋਧ ਹੋ ਸਕੇ ?

ਉ: ਹੇ ਭਾਈਓ! ਜਦੋਂ ਇਸ ਪੱਖ ਨੂੰ ਅਸੀਂ ਗਹਿਰੀਆਂ ਨਜ਼ਰਾਂ ਨਾਲ ਤੱਕਾਂਗੇ ਤਾਂ ਸਾਨੂੰ ਇਹੋ ਬੋਧ ਮਿਲੇਗਾ ਕਿ ਇਸ ਵਿਚ ਕਿਸੇ ਪੂਰਨ ਪੁਰਖ, ਮਹਾਪੁਰਖ ਦਾ ਦੋਸ਼ ਨਹੀਂ ਮੰਨਿਆ ਜਾਵੇਗਾ, ਪਰ ਜੋ ਉਨ੍ਹਾਂ ਦੇ ਨੇੜੇ ਰਹਿਣ ਵਾਲੇ ਸੱਜਨ ਹਨ ਉਨ੍ਹਾਂ ਵਿਚ ਹੀ ਦੋਸ਼ ਮੰਨਿਆਂ

ਜਾਵੇਗਾ, ਕਿਉਂਕਿ ਮਹਾਪੁਰਖਾਂ ਦੀ ਤਾਂ ਸਾਰਿਆਂ ਲਈ ਸਮ-ਦ੍ਰਿਸ਼ਟੀ ਹੋਇਆ ਕਰਦੀ ਹੈ, ਪਰ ਜੋ ਨਿਕਟਵਰਤੀ ਭਾਵਨਾ ਤੋਂ ਸੱਖਣਾ ਹੈ ਉਸ ਨੂੰ ਕੋਈ ਭੀ ਲਾਭ ਪ੍ਰਾਪਤ ਨਹੀਂ ਹੋ ਸਕਦਾ, ਜਿਵੇਂ ਅਸੀਂ ਵੇਖਦੇ ਹਾਂ ਕਿ ਜਦੋਂ ਸੂਰਜ ਚੜ੍ਹਦਾ ਹੈ ਤਾਂ ਉਸਦਾ ਪ੍ਰਕਾਸ਼ ਸਾਰਿਆਂ ਲਈ ਸਮਾਨ ਹੀ ਹੋਇਆ ਕਰਦਾ ਹੈ, ਪਰ ਹਾਂ ਜੋ ਨੇਤ੍ਰਾਂ ਤੋਂ ਹੀਣਾ ਹੈ, ਜਾਂ ਕਿਸੇ ਨੇ ਆਪਣੇ ਕਮਰੇ ਦੇ ਸਾਰੇ ਦਰਵਾਜ਼ੇ ਬੰਦ ਕਰ ਲਏ ਹਨ ਉਸ ਨੂੰ ਸੂਰਜ ਦੇ ਪ੍ਰਕਾਸ਼ ਦਾ ਕੋਈ ਲਾਭ ਨਹੀਂ ਹੋਵੇਗਾ, ਇਕ ਸੂਰਜ ਨਹੀਂ ਭਾਵੇਂ ਸੌ ਚੰਦ੍ਰਮਾ ਤੇ ਹਜ਼ਾਰ ਸੂਰਜ ਭੀ ਚੜ੍ਹ ਜਾਨ ਅੰਧੇ ਨੂੰ ਅੰਧੇਰਾ ਹੀ ਰਵ੍ਹੇਗਾ। ਬਾਣੀ ਦਾ ਫ਼ੁਰਮਾਨ ਹੈ :

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥

*(ਮ: ੨, ਪੰਨਾ ੪੬੩)*

ਸੋ, ਮੈਂ ਭੀ ਜਦੋਂ ਗੁਰ-ਇਤਿਹਾਸ ਵੱਲ ਨਜ਼ਰ ਮਾਰਦਾ ਹਾਂ ਤਾਂ ਮੇਰੇ ਸਾਹਮਣੇ ਉਪਕਾਰੀ ਸਤਿਗੁਰੂ, ਗੁਰੂ ਨਾਨਕ ਦੇਵ ਜੀ ਦਾ ਸਮਾਂ ਆ ਜਾਂਦਾ ਹੈ, ਜਦ ਕਿ ਗੁਰੂ ਨਾਨਕ ਨਾਮ-ਲੇਵਾ ਹਜ਼ਾਰਾਂ ਦੀ ਗਿਣਤੀ ਵਿਚ ਸਨ ਤਾਂ ਪਰਖ ਸਮੇਂ ਇਕ ਭਾਈ ਲਹਿਣਾ ਜੀ ਹੀ ਪੂਰਨ ਨਿਕਲੇ ਬਾਕੀ ਸਾਰੇ ਦੇ ਸਾਰੇ ਪਿਛੇ ਹੀ ਰਹਿ ਗਏ ਇਸੇ ਇਤਿਹਾਸ ਦੇ ਪੱਖ ਨੂੰ ਮੁੱਖ ਰਖ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ :

(੧) ਜਦੋਂ ਸਤਿਗੁਰੂ ਨਾਨਕ ਦੇਵ ਜੀ ਦੀ ਜੋਤ ਸੰਸਾਰ ਵਿਚ ਪ੍ਰਗਟ ਹੋਈ, ਤਦੋਂ ਭਾਈ ਲਹਿਣਾ ਰੂਪ ਗੁਰਮੁਖ ਨੇ ਗੁਰੂ ਦੇ ਸ਼ਬਦ ਦੀ ਵੀਚਾਰ ਕਰਕੇ ਸੁਖ ਫਲ ਪ੍ਰਾਪਤ ਕੀਤਾ।

(੨) ਫਿਰ ਉਸ ਇਕ ਗੁਰਮੁਖ ਸਿੱਖ ਤੋਂ ਅਗੇ ਹਜ਼ਾਰਾਂ ਫਲ (ਗੁਰਸਿੱਖ) ਪੈਦਾ ਹੋ ਗਏ (ਕਿਉਂ ਜੋ) ਗੁਰਮੁਖਾਂ ਦੀ ਸਾਧ ਸੰਗਤ ਵਿਚ ਉਸ ਪ੍ਰਭੂ ਦਾ ਵਾਸਾ ਹੁੰਦਾ ਹੈ।

(੩) ਜਿਨ੍ਹਾਂ ਗੁਰੂ ਨਾਨਕ ਦੇਵ ਜੀ ਨੂੰ ਵੇਖਿਆ, ਸੁਣਿਆ ਤੇ ਮੰਨਿਆ ਹੈ, ਐਸੇ ਸਨਮੁਖ ਸਿੱਖ ਸੰਸਾਰ ਵਿਚ ਵਿਰਲੇ ਹੀ ਹਨ।

(੪) ਜਿਹੜੇ ਗੁਰਸਿਖ ਪਹਿਲਾਂ ਗੁਰੂ ਚਰਨਾਂ ਦੀ ਧੂੜ ਬਣੇ ਹਨ, ਪਿਛੋਂ ਸੰਸਾਰ ਉਨ੍ਹਾਂ ਦੀ ਚਰਨ-ਧੂੜ ਮੰਗਦਾ ਹੈ (ਭਾਵ ਜਗਤ ਵਿਚ ਉਨ੍ਹਾਂ ਦੀ ਪੂਜਾ ਹੁੰਦੀ ਹੈ)।

(੫) ਗੁਰਮੁਖਾਂ ਦੇ ਰਸਤੇ ਚਲਣ ਵਾਲਿਆਂ ਨੂੰ ਸੱਚੇ ਵਣਜ ਕਰਕੇ ਪਾਰ-ਉਤਾਰਾ ਹੁੰਦਾ ਹੈ।

(੬) ਇਹੋ ਜਿਹੇ ਗੁਰਮੁਖ ਗੁਰਸਿੱਖਾਂ ਦੀ ਕੀਮਤ (ਮਹਿਮਾ) ਨੂੰ ਕੋਈ ਨਹੀਂ ਜਾਣਦਾ। ਉਨ੍ਹਾਂ ਦੀ ਵਡਿਆਈ ਨੂੰ ਕਹਿਣ, ਸੁਣਨ ਤੇ ਲਿਖਣ ਵਾਲਾ ਭੀ ਕੋਈ ਨਹੀਂ।

(੭) (ਗੁਰਸਿੱਖਾਂ ਨੂੰ) ਸਾਧ ਸੰਗਤ ਤੇ ਗੁਰੂ ਦਾ ਸ਼ਬਦ ਹੀ ਪਿਆਰਾ ਹੈ।੨੦।

## ੨੧. ਗੁਰੂ ਤੇ ਸਿੱਖ ਦਾ ਮਿਲਾਪ

**੧. ਸਾਧਸੰਗਤ ਗੁਰ ਸ਼ਬਦ ਲਿਵ
ਗੁਰਮੁਖ ਸੁਖ ਫਲ ਪਿਰਮ ਚਖਾਯਾ।
੨. ਸਭ ਨਿਧਾਨ ਕੁਰਬਾਨ ਕਰ
ਸੱਭੇ ਫਲ ਬਲਿਹਾਰ ਕਰਾਯਾ।
੩. ਤ੍ਰਿਸ਼ਨਾ ਜਲਨ ਬੁਝਾਈਆ
ਸ਼ਾਂਤਿ ਸਹਜ ਸੰਤੋਖ ਦ੍ਰਿੜਾਯਾ।
੪. ਸਭੇ ਆਸਾਂ ਪੂਰੀਆਂ
ਆਸਾ ਵਿੱਚ ਨਿਰਾਸ ਵਲਾਯਾ।
੫. ਮਨਸਾ ਮਨਹਿ ਸਮਾਇਲੈ
ਮਨ ਕਾਮਨ ਨਿਹਕਾਮ ਨ ਧਾਯਾ।
੬. ਕਰਮ ਕਾਲ ਜਮਜਾਲ ਕੱਟ
ਕਰਮ ਕਰੇ ਨਿਹਕਰਮ ਰਹਾਯਾ।
੭. ਗੁਰ ਉਪਦੇਸ਼ ਅਵੇਸ ਕਰ
ਪੈਰੀਂ ਪੈ ਜੱਗ ਪੈਰੀਂ ਪਾਯਾ।
੮. ਗੁਰ ਚੇਲੇ ਪਰਚਾ ਪਰਚਾਯਾ ॥੨੧॥੨੯॥**

***ਪਦ ਅਰਥ :*** ਲਿਵ—ਤਾਰ, ਧਿਆਨ, ਨਾਮ ਤੇ ਖਿੱਚ। ਚਖਾਯਾ—ਚਖਿਆ, ਮਾਣਿਆ। ਤ੍ਰਿਸ਼ਨਾ ਜਲਨ—ਤ੍ਰਿਸ਼ਨਾ ਦੀ ਅੱਗ। ਵਲਾਯਾ—ਸਮਾਂ ਬਿਤਾਉਣਾ। ਮਨਸਾ—ਵਾਸ਼ਨਾ। ਸਮਾਇ—ਨਾਸ ਕਰਕੇ। ਅਵੇਸ—ਪਰਵੇਸ਼। ਪਰਚਾਯਾ—ਪਰਚ ਗਿਆ।

***ਅਰਥ :***

**ਪ੍ਰ:** ਕਿਉਂ ਭਾਈ ਸਾਹਿਬ ਜੀਉ ! ਇਹ ਦਸੋ ਕਿ ਗੁਰਮੁਖਾਂ ਨੂੰ ਸਾਧ ਸੰਗਤ ਵਿਚ ਰਹਿੰਦਿਆਂ ਆਖ਼ਰ ਫਲ ਕੀ ਪ੍ਰਾਪਤ ਹੁੰਦਾ ਹੈ ?

**ਉ:** ਹੇ ਭਾਈਓ ! ਜੋ ਗੁਰਮੁਖ ਸਦਾ ਹੀ ਸਾਧ ਸੰਗਤ ਵਿਚ ਜੀਵਨ ਗੁਜ਼ਾਰਦੇ ਹਨ, ਉਨ੍ਹਾਂ ਨੂੰ ਜੋ ਫਲ ਹਾਸਲ ਹੁੰਦਾ

ਹੈ, ਉਸ ਦਾ ਬੋਧ ਜੋ ਮੈਨੂੰ ਗੁਰੂ ਬਾਣੀ ਦੁਆਰੇ ਪ੍ਰਾਪਤ ਹੋਇਆ ਹੈ, ਉਸਨੂੰ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਉੱਕਰਿਆ ਹੈ, ਜਿਵੇਂ ਕਿ :

(੧) (ਹੇ ਭਾਈਓ !) ਸਾਧ ਸੰਗਤ ਤੇ ਗੁਰੂ ਦੇ ਸ਼ਬਦ ਨਾਲ ਲਿਵ ਲਾ ਕੇ ਗੁਰਮੁਖਾਂ ਨੇ ਪ੍ਰੇਮ ਰੂਪ ਸੁਖ ਫਲ ਨੂੰ ਚਖਿਆ (ਮਾਣਿਆ ਹੈ)।

(੨) (ਗੁਰਮੁਖਾਂ ਨੇ) ਉਸ ਰਸ ਤੋਂ ਸਭ ਨਿੱਧੀਆਂ ਨੂੰ ਕੁਰਬਾਨ ਕਰ ਦਿਤਾ ਹੈ ਤੇ ਸਭ ਫਲਾਂ ਨੂੰ ਬਲਿਹਾਰ ਕਰ ਦਿਤਾ ਹੈ (ਭਾਵ ਕੁਝ ਵੀ ਲੋੜ ਨਹੀਂ ਰਖੀ)।

(੩) (ਉਨ੍ਹਾਂ ਨੇ) ਆਪਣੀ ਤ੍ਰਿਸ਼ਨਾ ਦੀ ਅੱਗ ਨੂੰ ਸ਼ਾਂਤ ਕਰ ਲਿਆ ਹੈ ਤੇ ਸਹਿਜੇ ਹੀ ਸ਼ਾਂਤੀ ਤੇ ਸੰਤੋਖ ਨੂੰ ਦ੍ਰਿੜ੍ਹ ਕਰ ਲਿਆ ਹੈ।

(੪) (ਉਨ੍ਹਾਂ ਗੁਰਮੁਖਾਂ ਦੀਆਂ) ਸਭ ਆਸਾਂ ਪੂਰਨ ਹੋ ਗਈਆਂ ਹਨ, ਕਿਉਂਕਿ ਉਹ ਆਸਾ ਵਿਚ ਰਹਿੰਦਿਆਂ ਉਦਾਸ ਹੋ ਕੇ ਸਮਾਂ ਬਿਤੀਤ ਕਰਦੇ ਹਨ।

(੫) ਉਨ੍ਹਾਂ ਨੇ ਆਪਣੇ ਮਨ ਦੀਆਂ ਵਾਸ਼ਨਾਂ ਨੂੰ ਨਾਸ ਕਰ ਲਿਆ ਹੈ ਤੇ ਉਹ ਕਾਮਨਾ ਵੱਲੋਂ ਮਨ ਨੂੰ ਮੋੜ ਕੇ ਨਿਸ਼ਕਾਮ ਹੋ ਗਏ ਹਨ।

(੬) ਉਹ ਕਰਮ, ਸਮਾਂ ਤੇ ਜਮਾਂ ਦੇ ਬੰਧਨ ਨੂੰ ਕੱਟ ਕੇ ਕਰਮ ਕਰਦੇ ਹੋਏ ਨਿਹ-ਕਰਮੀ ਹੋ ਕੇ ਰਹਿੰਦੇ ਹਨ।

(੭) ਉਹ ਗੁਰੂ ਦੇ ਸ਼ਬਦ ਵਿਚ ਪ੍ਰਵੇਸ਼ ਕਰਕੇ ਆਪ ਸਤਿਗੁਰੂ ਦੀ ਚਰਨੀ ਲਗਦੇ ਹਨ ਤੇ ਫਿਰ ਸੰਸਾਰ ਨੂੰ ਸਤਿਗੁਰਾਂ ਦੇ ਚਰਨਾਂ ਨਾਲ ਜੋੜਦੇ ਹਨ।

(੮) ਸਤਿਗੁਰੂ ਨਾਲ ਚੇਲੇ (ਗੁਰਸਿਖ) ਨੇ ਪ੍ਰੇਮ ਦਾ ਪਰਚਾ ਪਰਚਾਇਆ ਹੈ।੨੧।੨੯।

***ਭਾਵਾਰਥ :*** ਇਸ ਪਉੜੀ ਵਿਚ ਗੁਰੂ ਜੀ ਦੀ ਸਿੱਖਯਾ ਵਿਚ ਚੇਲੇ ਦਾ ਲਿਵ ਨਾਲ ਸੁਰਜੀਤ ਹੋਣਾ, ਪ੍ਰੇਮ ਰਸ ਵਿਚ ਖੇਡਣਾ, ਇਸ ਸੁਖ ਦੇ ਸਾਹਮਣੇ ਆਸਾ, ਫਲ, ਤ੍ਰਿਸ਼ਨਾ ਦਾ ਦੂਰ ਕਰ ਦੇਣਾ, ਦੇਸ, ਕਾਲ ਨਮਿੱਤ ਵਸਤੂ ਆਦਿ ਬੰਧਨਾਂ ਤੋਂ ਪਾਰ ਹੋ ਕੇ ਰਸ ਵਿਚ ਸਮਾ ਜਾਣਾ ਦਸਿਆ ਹੈ, ਪਰ ਧੁਨੀ ਵਿਚ ਗੁਰੂ ਅੰਗਦ ਦੇਵ ਜੀ ਦੀ ਕਰਣੀ ਦਾ ਵਰਣਨ ਹੈ।

(ਉਨੱਤੀਵੀਂ ਵਾਰ ਸਮਾਪਤ)

# ਵਾਰ ੩੦

ੴ ਸਤਿਗੁਰ ਪ੍ਰਸਾਦਿ ॥

## ੧. ਸੱਚ ਅਗੇ ਕੂੜ ਨਹੀਂ ਠਹਿਰਦਾ
## ਮੰਗਲਾਚਰਨ

੧. ਸਤਿਗੁਰ ਸੱਚਾ ਪਾਤਿਸ਼ਾਹ
ਗੁਰਮੁਖ ਸੱਚਾ ਪੰਥ ਸੁਹੇਲਾ।
੨. ਮਨਮੁਖ ਕਰਮ ਕਮਾਵਦੇ
ਦੁਰਮਤਿ ਦੂਜਾ ਭਾਉ ਦੁਹੇਲਾ।
੩. ਗੁਰਮੁਖ ਸੁਖ ਫਲ ਸਾਧ ਸੰਗ
ਭਾਇ ਭਗਤ ਕਰ ਗੁਰਮੁਖਿ ਮੇਲਾ।
੪. ਕੂੜ ਕੁਸੱਤ ਅਸਾਧ ਸੰਗ
ਮਨਮੁਖ ਦੁਖ ਫਲ ਹੈ ਵਿਹੁ ਵੇਲਾ।
੫. ਗੁਰਮੁਖ ਆਪ ਗਵਾਵਣਾ
ਪੈਰੀ ਪਉਣਾ ਨੇਹੁੰ ਨਵੇਲਾ।
੬. ਮਨਮੁਖ ਆਪ ਗਵਾਵਣਾ
ਗੁਰਮਤ ਗੁਰ ਤੇ ਉੱਕੜ ਚੇਲਾ।
੭. ਕੂੜ ਸੱਚ ਸੀਂਹ ਬੱਕਰ ਖੇਲਾ ॥੧॥

***ਪਦ ਅਰਥ :*** ਸੁਹੇਲਾ—ਸੁਖ ਰੂਪ। ਦੁਹੇਲਾ—ਦੁਖਦਾਈ। ਵਿਹੁ ਵੇਲਾ—ਜ਼ਹਿਰ ਦੀ ਵੇਲ। ਨਵੇਲਾ—ਨਵਾਂ। ਉੱਕੜ—ਉਪਰਾਮ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਗੁਰੂ ਨਾਨਕ ਦੇਵ ਜੀ ਤੋਂ ਪਹਿਲੇ ਭੀ ਤਾਂ ਸੰਸਾਰ ਵਿਚ ਅਨੇਕਾਂ ਮਾਰਗ ਪ੍ਰਚਲਤ ਸਨ, ਪਰ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਤੋਂ ਆਪ ਜੀ ਕਿਹੜੀ ਨਵੀਨਤਾ ਪ੍ਰਚਲਤ ਹੋਈ ਅਨੁਭਵ ਕਰਦੇ ਹੋ?

ਉ: ਹੇ ਭਾਈਓ! ਇਹ ਤਾਂ ਠੀਕ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਪਹਿਲੋਂ ਵੀ ਸੈਂਕੜੇ ਭਿੰਨ ਭਿੰਨ ਮਾਰਗ ਪ੍ਰਚਲਤ ਸਨ, ਜਿਨ੍ਹਾਂ ਦੀ ਰਹਿਤ-ਬਹਿਤ ਭੀ ਵੱਖੋ ਵੱਖ ਸੀ, ਪਰ ਉਨ੍ਹਾਂ ਦੀਆਂ ਪ੍ਰਚਲਤ ਰਹੁ-ਰੀਤਾਂ ਵਿਚ ਕੂੜ-ਕੁਸੱਤ ਤੇ ਲੋਕ ਵਿਖਾਵਾ ਅਤੇ ਵਧੇਰੇ ਪਖੰਡ ਦੀ ਪ੍ਰਧਾਨਤਾ ਸੀ। ਲੋਕਾਈ ਵਿਚ ਤਾਂ ਇਹ ਵਰਤਾਰਾ ਆਮ ਹੀ ਵਰਤ ਰਿਹਾ ਸੀ। ਪਰ ਜੋ ਸੱਚ ਦੇ ਕੇਂਦਰ ਧਰਮ ਅਸਥਾਨ ਸਨ, ਉਨ੍ਹਾਂ ਵਿਚ ਭੀ ਜੋ ਰਹਿਣ ਵਾਲੇ ਪੁਜਾਰੀ ਲੋਕ ਸਨ, ਉਹ ਭੀ ਸਾਰੇ ਆਪੋ ਆਪਣੇ ਸਚਾਈ ਦੇ ਮਾਰਗ ਨੂੰ ਵਿਸਾਰ ਬੈਠੇ ਸਨ, ਜਿਸ ਦਾ ਸਾਨੂੰ ਬਾਣੀ ਦੁਆਰੇ ਬੋਧ ਮਿਲਦਾ ਹੈ ਜਿਵੇਂ ਕਿ (ਸਚਿ ਕਾਲੁ ਕੂੜੁ ਵਰਤਿਆ) ਜਾਂ ਕੂੜੁ ਫਿਰੈ ਪਰਧਾਨੁ ਵੇ ਲਾਲੋ ॥ ਇਹ ਕੂੜ ਦਾ ਵਰਤਾਰਾ ਸਾਰੇ ਸੰਸਾਰ ਵਿਚ ਹੀ ਵਰਤ ਰਿਹਾ ਸੀ ਇਸ ਤਰ੍ਹਾਂ ਦੇ ਕੋਝੇ ਵਰਤਾਰੇ ਵਿਚ ਸੱਚਾ ਗੁਰਮੁਖਾਂ ਦਾ ਸੁਖਦਾਈ ਪੰਥ ਗੁਰੂ ਨਾਨਕ ਦੇਵ ਜੀ ਨੇ ਪ੍ਰਚਲਤ ਕੀਤਾ, ਜਿਸ ਦੀ ਨਾਮ-ਮਾਤ੍ਰ ਰੂਪ-ਰੇਖਾ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਵਿਚ ਉੱਕਰਨ ਦਾ ਉਪ੍ਰਾਲਾ ਕੀਤਾ ਹੈ, ਜਿਵੇਂ ਕਿ :

(੧) (ਸਤਿਗੁਰੂ ਨਾਨਕ ਦੇਵ ਜੀ) ਸੱਚਾ ਪਾਤਿਸ਼ਾਹ ਹੈ, ਜਿਸ ਨੇ ਸੁਖਦਾਈ ਗੁਰਮੁਖਾਂ ਦਾ ਸੱਚਾ ਪੰਥ ਰਚਿਆ ਹੈ।

(੨) (ਪਰ) ਮਨਮੁਖ ਖੋਟੇ ਕਰਮ ਕਰਦੇ ਹਨ ਤੇ ਦ੍ਵੈਤ ਵਿਚ ਫਸੇ ਦੁਖੀ ਹੁੰਦੇ ਹਨ।

(੩) ਗੁਰਮੁਖਾਂ ਨੇ ਗੁਰਮੁਖਾਂ ਦੀ ਸਾਧ ਸੰਗਤ ਵਿਚ ਮਿਲ ਕੇ ਸੁਖ ਫਲ ਪ੍ਰਾਪਤ ਕੀਤਾ ਹੈ।

(੪) ਮਨਮੁਖ ਕੂੜ-ਕੁਸੱਤ ਤੇ ਹਠ ਕਰਕੇ ਖੋਟਿਆਂ ਦੀ ਸੰਗਤ ਕਰਦਾ ਹੈ, ਇਸ ਲਈ ਉਹ ਦੁਖ ਫਲ ਤੇ ਜ਼ਹਿਰ ਦੀ ਵੇਲ ਹੈ।

(੫) ਗੁਰਮੁਖ ਆਪਾ-ਭਾਵ ਨਾਸ ਕਰਕੇ ਪੈਰੀਂ ਪੈਂਦੇ ਹਨ, ਇਸ ਕਰਕੇ ਉਨ੍ਹਾਂ ਦਾ ਨੇਹੁੰ (ਪ੍ਰੇਮ) ਨਿੱਤ ਨਵਾਂ ਹੀ ਰਹਿੰਦਾ ਹੈ।

(੬) ਮਨਮੁਖ ਆਪਣਾ ਜਨਮ ਵਿਅਰਥ ਗੁਆ ਦਿੰਦਾ ਹੈ, ਕਿਉਂਕਿ ਉਹ ਗੁਰੂ ਤੇ ਗੁਰੂ ਦੀ ਸਿਖਿਆ ਤੋਂ ਉਪ੍ਰਾਮ ਰਹਿੰਦਾ ਹੈ।

(੭) ਝੂਠ ਤੇ ਸੱਚ ਦਾ ਸ਼ੇਰ ਤੇ ਬੱਕਰੀ ਵਾਲਾ ਖੇਲ ਹੈ (ਭਾਵ ਸੱਚ ਅਗੇ ਝੂਠ ਨਹੀਂ ਠਹਿਰਦਾ)।੧।

## ੨. ਗੁਰਮੁਖ ਸੁੱਖਾਂ ਦਾ ਫਲ ਰੂਪ ਹੈ

**੧. ਗੁਰਮੁਖ ਸੁਖ ਫਲ ਸੱਚ ਹੈ**
**ਮਨਮੁਖ ਦੁਖ ਫਲ ਕੂੜ ਕੂੜਾਵਾਂ।**
**੨. ਗੁਰਮੁਖ ਸਚ ਸੰਤੋਖ ਰੁਖ**
**ਦੁਰਮਤਿ ਦੂਜਾ ਭਾਉ ਪਛਾਵਾਂ।**
**੩. ਗੁਰਮੁਖ ਸੱਚ ਅਡੋਲ ਹੈ**
**ਮਨਮੁਖ ਫੇਰ ਫਰੰਦੀ ਛਾਵਾਂ।**
**੪. ਗੁਰਮੁਖ ਕੋਇਲ ਅੰਬ ਬਣ**
**ਮਨਮੁਖ ਵਣ ਵਣ ਹੰਢਨਿ ਕਾਵਾਂ।**
**੫. ਸਾਧ ਸੰਗਤਿ ਸਚ ਬਾਗ ਹੈ**
**ਸ਼ਬਦ ਸੁਰਤਿ ਗੁਰੁਮੰਤ ਸਚਾਵਾਂ।**
**੬. ਵਿਹੁ ਵਣ ਵਲਿ ਅਸਾਧ ਸੰਗ**
**ਬਹੁਤ ਸਿਆਣਪ ਨਿੱਗੋਸਾਵਾਂ।**
**੭. ਜਿਉਂ ਕਰ ਵੇਸ੍ਵਾ ਵੰਸ ਨਿਨਾਵਾਂ॥੨॥**

***ਪਦ ਅਰਥ :*** ਕੂੜਾਵਾਂ—ਝੂਠ ਮੂਠ। ਰੁਖ—ਬ੍ਰਿਛ। ਪਛਾਵਾਂ—ਪਰਛਾਵਾਂ। ਅਸਾਧ ਸੰਗ—ਖੋਟੀ ਸੰਗਤ। ਫੇਰ ਫਰੰਦੀ ਛਾਵਾਂ—ਉੱਡਦੇ ਪੰਛੀ ਦੀ ਛਾਂ। ਨਿੱਗੋਸਾਵਾਂ—ਨਿਗੁਰਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਸਾਰੇ ਮਨੁੱਖ ਵੇਖਣ ਵਿਚ ਤਾਂ ਭਾਵੇਂ ਸਮਾਨ ਹੀ ਨਜ਼ਰ ਆਉਂਦੇ ਹਨ, ਪਰ ਗੁਰਮੁਖਾਂ ਤੇ ਮਨਮੁਖਾਂ ਦੇ ਵਰਤਾਰੇ ਵਿਚ ਆਪ ਗੁਰਮਤ ਅਨੁਸਾਰ ਕਿਤਨਾ ਕੁ ਅੰਤਰਾ ਅਨੁਭਵ ਕਰਦੇ ਹੋ ?

ਉ: ਹੇ ਭਾਈਓ ! ਸਾਰੇ ਮਨੁੱਖਾਂ ਦੀ ਰਚਨਾ ਤਾਂ ਭਾਵੇਂ ਪੰਜਾਂ ਹੀ ਤੱਤਾਂ ਤੋਂ ਸਮਾਨ ਰਚੀ ਗਈ ਹੈ, ਪਰ ਉਨ੍ਹਾਂ ਵਿਚ ਜੋ ਪ੍ਰਸਪਰ ਅੰਤਰਾ ਹੈ, ਉਸ ਨੂੰ ਮੈਂ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਅੰਕਿਤ ਕੀਤਾ ਹੈ :

(੧) (ਹੇ ਭਾਈਓ ! ਵੇਖਣ ਵਿਚ ਤਾਂ ਇਉਂ ਹੀ ਆਉਂਦਾ ਹੈ ਕਿ) ਗੁਰਮੁਖ ਸੱਚੇ ਸੁਖਾਂ ਦਾ ਫਲ ਰੂਪ ਹੈ ਤੇ ਮਨਮੁਖ ਕੂੜੇ (ਝੂਠੇ) ਦੁਖ ਦਾ ਫਲ ਰੂਪ ਹੈ।

(੨) ਗੁਰਮੁਖ ਸੱਚ ਤੇ ਸੰਤੋਖ ਦਾ ਬ੍ਰਿਛ ਹੈ ਤੇ ਖੋਟੀ ਮੱਤ ਵਾਲਾ ਮਨਮੁਖ ਦੂਜੇ ਭਾਵ ਵਾਲੇ ਬ੍ਰਿਛ ਦਾ ਪਰਛਾਵਾਂ ਹੈ।

(੩) ਗੁਰਮੁਖ ਸੱਚ ਵਿਚ ਅਟੱਲ (ਦ੍ਰਿੜ੍ਹ) ਹੈ ਤੇ ਮਨਮੁਖ ਛਾਂ ਵਾਂਗੂੰ ਫਿਰਦਾ ਹੈ।

(੪) ਗੁਰਮੁਖ ਸਤਿਸੰਗਤ ਰੂਪ ਅੰਬ ਦੀ ਕੋਇਲ ਵਾਂਗ ਹੈ ਤੇ ਮਨਮੁਖ ਕਾਂ ਵਾਂਗੂੰ ਬ੍ਰਿਛਾਂ 'ਤੇ ਬੈਠਾ ਕਾਂ ਕਾਂ ਕਰਦਾ ਹੈ।

(੫) ਸਾਧ ਸੰਗਤ ਸੱਚ ਦਾ ਬਗ਼ੀਚਾ ਹੈ ਤੇ ਸ਼ਬਦ ਵਿਚ ਸੁਰਤ ਜੋੜਨੀ ਤੇ ਗੁਰੂ ਦਾ ਮੰਤ੍ਰ ਸੱਚੀ ਛਾਂ ਹੈ।

(੬) ਖੋਟੀ ਸੰਗਤ ਜ਼ਹਿਰੀਲੀ ਵੇਲ ਦਾ ਬੂਟਾ ਹੈ ਤੇ ਮਨਮੁਖ ਨਿਗੁਰਾ ਹੋਣ ਕਰਕੇ, ਬੜੀਆਂ ਸਿਆਣਪਾਂ (ਚਤੁਰਾਈਆਂ) ਕਰਦਾ ਹੈ।

(੭) (ਇਸ ਲਈ ਮਨਮੁਖ ਦੀ ਦਸ਼ਾ ਇਸ ਤਰ੍ਹਾਂ ਦੀ ਹੈ) ਜਿਵੇਂ ਵੇਸਵਾ ਦਾ ਪੁੱਤਰ ਨਿਨਾਵਾਂ ਹੁੰਦਾ ਹੈ (ਭਾਵ ਉਸਦੇ ਪਿਤਾ ਦਾ ਕੋਈ ਭੀ ਨਾਂ ਨਹੀਂ ਹੁੰਦਾ)।੨।

***ਭਾਵਾਰਥ :*** ਗੁਰਮੁਖਾਂ ਦੀ ਮਾਨਸਕ ਅਤੇ ਸਰੀਰਕ ਰਹਿਤ ਗੁਰਮਤ ਦੇ ਅਨੁਕੂਲ ਹੋਣ ਕਰਕੇ ਸਦਾ ਹੀ ਸੁਖਦਾਈ ਹੈ ਅਤੇ ਮਨਮੁਖ ਸਦਾ ਮਨ ਦੇ ਪਿਛੇ ਪਿਛੇ ਟੁਰਦਾ ਕਿਰਤ ਕਰਦਾ ਹੈ, ਜਿਸ ਕਰਕੇ ਉਹ ਸਦਾ ਹੀ ਖੋਟੀ ਕਿਰਤ ਕਰਦਾ ਹੋਇਆ ਉਸਦਾ ਫਲ ਦੁਖ ਭੋਗਦਾ ਹੈ, ਜਿਸ ਕਰਕੇ ਉਹ ਸੰਸਾਰ ਵਿਚ ਜੰਮਣ ਮਰਨ ਦੇ ਚੱਕ੍ਰ ਵਿਚ ਆਉਂਦਾ ਜਾਂਦਾ ਹੈ, ਜਿਸ ਨੂੰ ਬਾਣੀ ਵਿਚ ਇਉਂ ਦਰਸਾਇਆ ਗਿਆ ਹੈ :

ਮਨਮੁਖਿ ਆਵੈ ਮਨਮੁਖਿ ਜਾਵੈ ॥
ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥
ਜਿਤਨੇ ਨਰਕ ਸੇ ਮਨਮੁਖਿ ਭੋਗੈ
ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥

*(ਮਾਰੂ ਸੋਲਹੇ ਮ: ੫ , ਪੰਨਾ ੧੦੭੩)*

## ੩. ਗੁਰਮੁਖ ਹੰਸ ਵਾਂਗੂੰ ਉੱਜਲਾ ਹੈ

੧. ਗੁਰਮੁਖ ਹੋਇ ਵਿਵਾਹੀਐ
ਦੁਹੀਂ ਵਲੀਂ ਮਿਲ ਮੰਗਲ ਚਾਰਾ।
੨. ਦੁਹੁੰ ਮਿਲ ਜੰਮੇ ਜਾਣੀਐ
ਪਿਤਾ ਜਾਤ ਪਰਵਾਰ ਸਧਾਰਾ।
੩. ਜੰਮਦਿਆਂ ਰੁਣ ਝੁੰਝਣਾ
ਵੰਸ ਵਧਾਈ ਰੁਣ ਝੁਣਕਾਰਾ।
੪. ਨਾਨਕ ਦਾਦਕ ਸੋਹਿਲੇ
ਵਿਰਤੀਸਰ ਬਹੁ ਦਾਨ ਦਤਾਰਾ।
੫. ਬਹੁ ਮਿੱਤੀ ਹੁਇ ਵੇਸਵਾ
ਨਾ ਪਿਉ ਨਾਉਂ ਨਿਨਾਂਉ ਪੁਕਾਰਾ।
੬. ਗੁਰਮੁਖ ਵੰਸੀ ਪਰਮਹੰਸ
ਮਨਮੁਖ ਠੱਗ ਬਗਵੰਸ ਹਤਿਆਰਾ।
੭. ਸੱਚ ਸਚਿਆਰ ਕੂੜਹੁੰ ਕੂੜਿਆਰਾ ॥੩॥

***ਪਦ ਅਰਥ :*** ਸਧਾਰਾ—ਵਾਧਾ। ਰੁਣ ਝੁਣਕਾਰਾ—ਅਨੰਦ ਮੰਗਲਾਚਾਰ। ਵਿਰਤੀਸਰ—ਲਾਗੀ ਲੋਕ।

***ਅਰਥ :***

ਇਸ ਪਉੜੀ ਅੰਦਰ ਵੀ ਉਪ੍ਰੋਕਤ ਪਉੜੀ ਦੇ ਭਾਵ ਨੂੰ ਬੂਣੀ ਖੰਡਨ ਨਿਯਾਯ ਅਨੁਸਾਰ ਹੋਰ ਪੱਕਾ ਕਰਦੇ ਹਨ।

(੧) ਗੁਰਮੁਖ ਦਾ ਮੇਲ ਵਿਆਹ ਵਾਂਗੂੰ ਹੈ ਤੇ ਇਸ ਵਿਆਹ ਸਮੇਂ ਦੋਹਾਂ ਪਾਸਿਆਂ ਦੇ ਸੰਬੰਧੀ ਮਿਲ ਕੇ ਮੰਗਲਾਚਾਰ ਕਰਦੇ ਹਨ।
(੨) (ਫਿਰ ਜਦ ਦੋਹਾਂ (ਪਤੀ ਤੇ ਪਤਨੀ) ਦੇ ਸੰਜੋਗ ਤੋਂ ਪੁੱਤਰ ਪੈਦਾ ਹੁੰਦਾ ਹੈ ਤਾਂ ਪਿਤਾ ਦੀ ਜਾਤ ਦਾ ਵਾਧਾ ਵੇਖ ਕੇ ਸਭ ਪ੍ਰਵਾਰ ਖੁਸ਼ ਹੁੰਦਾ ਹੈ।
(੩) (ਪੁੱਤਰ ਦੇ) ਜੰਮਦਿਆਂ ਹੀ ਖ਼ੁਸ਼ੀ ਦੇ ਵਾਜੇ ਵੱਜਦੇ ਹਨ ਤੇ ਵੰਸ ਦੇ ਵਾਧੇ ਨੂੰ ਵੇਖ ਕੇ ਸਭ ਪ੍ਰਵਾਰ ਮੰਗਲਾਚਾਰ ਮਨਾਉਂਦਾ ਹੈ।
(੪) ਨਾਨਕੇ ਤੇ ਦਾਦਕੇ ਖ਼ੁਸ਼ੀ ਦੇ ਸੋਹਿਲੇ ਗਾਉਂਦੇ ਹਨ ਤੇ ਲਾਗੀਆਂ ਨੂੰ ਦਾਤਾ ਬਣ ਕੇ ਦਾਨ ਦਿੰਦੇ ਹਨ।
(੫) ਮਨਮੁਖਾਂ ਦਾ ਮੇਲ ਇਸ ਤਰ੍ਹਾਂ ਦਾ ਹੈ, ਜਿਵੇਂ ਬਹੁਤੇ ਮਿੱਤਰਾਂ ਵਾਲੀ ਵੇਸਵਾ ਹੁੰਦੀ ਹੈ, ਉਸਦੇ ਪੁੱਤਰ ਦੇ ਪਿਤਾ ਦਾ ਕੋਈ ਨਾਂ ਨਹੀਂ ਹੁੰਦਾ ਤੇ ਉਸਨੂੰ ਨਿਨਾਵਾਂ (ਹਰਾਮ ਦਾ) ਕਹਿ ਕੇ ਸੱਦਿਆ ਜਾਂਦਾ ਹੈ।
(੬) ਗੁਰਮੁਖਾਂ ਦੀ ਵੰਸ ਪਰਮ ਹੰਸਾਂ ਵਰਗੀ (ਉੱਜਲੀ) ਹੁੰਦੀ ਹੈ ਤੇ ਮਨਮੁਖਾਂ ਦੀ ਵੰਸ ਬਗਲੇ ਵਾਂਗੂੰ ਹਤਿਆਰੀ (ਮੱਛੀਆਂ ਮਾਰਨ ਵਾਲੀ) ਹੁੰਦੀ ਹੈ।
(੭) ਮਨੁੱਖ ਸੱਚ 'ਤੇ ਚਲਣ ਕਰਕੇ ਸਚਿਆਰ ਤੇ ਝੂਠ 'ਤੇ ਚਲਣ ਕਰਕੇ ਝੂਠਾ ਜਾਪਦਾ ਹੈ।੩।

## ੪. ਗੁਰਮੁਖਾਂ ਦੀ ਸੰਪ੍ਰਦਾ ਪਰਮ ਹੰਸਾਂ ਵਾਂਗ ਉੱਜਲ ਹੈ

੧. ਮਾਨ ਸਰੋਵਰ ਸਾਧ ਸੰਗਿ
ਮਾਣਕ ਮੋਤੀ ਰਤਨ ਅਮੋਲਾ।
੨. ਗੁਰਮੁਖ ਵੰਸੀ ਪਰਮਹੰਸ
ਸਬਦ ਸੁਰਤ ਗੁਰਮੱਤ ਅਡੋਲਾ।
੩. ਖੀਰਹੁੰ ਨੀਰ ਨਿਕਾਲਦੇ
ਗੁਰਮੁਖ ਗਿਆਨ ਧਿਆਨ ਨਿਰੋਲਾ।
੪. ਗੁਰਮੁਖ ਸੱਚ ਸਲਾਹੀਐ
ਤੋਲ ਨ ਤੋਲਨਹਾਰ ਅਤੋਲਾ।
੫. ਮਨਮੁਖ ਬਗਲ ਸਮਾਧਿ ਹੈ
ਘੁਟ ਘੁਟ ਜੀਆ ਖਾਇ ਅਬੋਲਾ।
੬. ਹੋਇ ਲਖਾਉ ਟਿਕਾਇ ਜਾਇ
ਛੱਪੜ ਊਹੁ ਪੜੈ ਮੁਹ ਚੋਲਾ।
੭. ਸੱਚ ਸਾਉ ਕੂੜ ਗਹਿਲਾ ਗੋਲਾ ॥੪॥

***ਪਦ ਅਰਥ:*** ਗੁਰਮੁਖ ਵੰਸੀ—ਗੁਰਮੁਖਾਂ ਦੀ ਸੰਪ੍ਰਦਾ। ਅਬੋਲਾ—ਚੁਪ ਚਾਪ। ਲਖਾਉ—ਪਤਾ। ਊਹੁ—ਡਰ ਪੈ ਜਾਣਾ। ਗਹਿਲਾ ਗੋਲਾ—ਗਾਫ਼ਲ ਨੌਕਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਗੁਰਮੁਖ ਤੇ ਮਨਮੁਖ ਦੀ ਪ੍ਰਤੱਖ ਕਰਨੀ ਦੀ ਰੂਪ-ਰੇਖਾ ਗੁਰਮਤ ਅਨੁਸਾਰ ਦੱਸਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ ! ਗੁਰਮੁਖ ਤੇ ਮਨਮੁਖ ਦੀ ਕਰਮ ਕ੍ਰਿਤ

ਜੋ ਮੈਨੂੰ ਬਾਣੀ ਦੁਆਰੇ ਅਨੁਭਵ ਹੋਈ ਹੈ, ਉਹ ਮੈਂ ਇਸ ਪਉੜੀ ਵਿਚ ਅੰਕਤ ਕੀਤੀ ਹੈ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਸਾਧ ਸੰਗਤ ਰੂਪੀ ਮਾਨ-ਸਰੋਵਰ ਵਿਚ ਸ਼ੁਭ ਗੁਣਾਂ ਰੂਪ ਅਨਮੋਲ ਮਾਣਕ ਮੋਤੀ ਤੇ ਰਤਨ ਹਨ।

(੨) ਗੁਰਮੁਖਾਂ ਦੀ ਸੰਪ੍ਰਦਾ ਪਰਮ-ਹੰਸ ਹੋ ਕੇ ਉਥੇ ਨਿਵਾਸ ਕਰਦੀ ਹੈ ਤੇ (ਗੁਰਮੁਖ) ਗੁਰੂ ਦੀ ਸਿਖਿਆ ਲੈ ਕੇ ਤੇ ਸ਼ਬਦ ਵਿਚ ਸੁਰਤੀ ਨੂੰ ਜੋੜ ਕੇ ਅਡੋਲ ਹੋ ਕੇ ਉਥੇ ਟਿਕਦੇ ਹਨ।

(੩) (ਉਹ ਗੁਰਮੁਖ) ਦੁੱਧ ਵਿਚੋਂ ਪਾਣੀ ਵੱਖ ਕਰਦੇ ਹਨ (ਭਾਵ ਸੱਚ ਤੇ ਝੂਠ ਦਾ ਨਿਤਾਰਾ ਕਰਦੇ ਹਨ) ਗੁਰਮੁਖਾਂ ਦਾ ਗਿਆਨ ਧਿਆਨ (ਸੰਸਾਰ ਤੋਂ) ਨਿਰਾਲਾ (ਵੱਖਰਾ) ਹੈ।

(੪) ਗੁਰਮੁਖ ਸੱਚ ਨੂੰ ਸਲਾਹੁੰਦੇ ਹਨ ਤੇ ਤੋਲਣਹਾਰੇ (ਵਿਚਾਰਵਾਨ) ਹੋ ਕੇ ਉਸ ਅਤੋਲ ਪ੍ਰਭੂ ਦੀ ਵਿਚਾਰ ਕਰਦੇ ਹਨ।

(੫) (ਅਤੇ) ਮਨਮੁਖ ਬਗਲਿਆਂ ਵਾਂਗੂੰ ਸਮਾਧੀ ਲਾ ਕੇ ਬੈਠਦੇ ਹਨ ਤੇ ਚੁੱਪ-ਚਾਪ ਘੁੱਟ ਘੁੱਟ ਕੇ ਜੀਵਾਂ ਨੂੰ ਖਾਂਦੇ ਹਨ।

(੬) (ਇਹੋ ਜਿਹੇ ਮਨਮੁਖ ਰੂਪ ਬਗਲੇ ਦੇ) ਮੂੰਹ ਖੋਲ੍ਹਣ ਨਾਲ ਛੱਪੜ ਦਾ ਟਿਕਾਉ ਨਾਸ ਹੋ ਜਾਂਦਾ ਹੈ ਤੇ ਹਾਹਾਕਾਰ ਮਚ ਜਾਂਦੀ ਹੈ।

(੭) ਸਾਉ (ਸ਼ਰੀਫ਼) ਹੈ ਤੇ ਕੂੜ (ਝੂਠ) ਗਾਫ਼ਲ ਨੌਕਰ ਵਾਂਗ ਹੈ।੪।

## ੫. ਗੁਰਮੁਖ ਅਤੇ ਮਨਮੁਖ ਦੇ ਲੱਛਣਾਂ ਦਾ ਨਿਰਣਯ

**੧. ਗੁਰਮੁਖ ਸੱਚ ਸੁਲੱਖਣਾ**
**ਸਭ ਸੁਲੱਖਣ ਸੱਚ ਸੁਹਾਵਾ।**
**੨. ਮਨਮੁਖ ਕੂੜ ਕੁਲੱਖਣਾ**
**ਸਭ ਕੁਲੱਖਣ ਕੂੜ ਕੁਦਾਵਾ।**
**੩. ਸੱਚ ਸੁਇਨਾ ਕੂੜ ਕੱਚ ਹੈ**
**ਕੱਚ ਨ ਕੰਚਨ ਮੁੱਲ ਮੁਲਾਵਾ।**
**੪. ਸੱਚ ਭਾਰਾ ਕੂੜ ਹਉਲੜਾ**
**ਪਵੈ ਨ ਰੱਤਕ ਰਤਨ ਭੁਲਾਵਾ।**
**੫. ਸੱਚ ਹੀਰਾ ਕੂੜ ਫਟਕ ਹੈ**
**ਜੜੈ ਜੜਾਵ ਨ ਜੁੜੇ ਜੁੜਾਵਾ।**
**੬. ਸੱਚ ਦਾਤਾ ਕੂੜ ਮੰਗਤਾ**
**ਦਿਹੁੰ ਰਾਤੀ ਚੋਰ ਸ਼ਾਹ ਮਿਲਾਵਾ।**
**੭. ਸੱਚ ਸਾਬਤ ਕੂੜ ਫਿਰਦਾ ਫਾਵਾ॥੫॥**

***ਪਦ ਅਰਥ :*** ਸੁਲੱਖਣਾ—ਚੰਗੇ ਲੱਖਣਾਂ ਵਾਲਾ। ਕੁਲੱਖਣਾ—ਭੈੜੇ ਲੱਖਣਾਂ ਵਾਲਾ। ਹਉਲੜਾ—ਹੌਲਾ। ਫਟਕ—ਕੱਚ। ਫਾਵਾ—ਦੁਖੀ, ਥੱਕਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਗੁਰਮੁਖ ਤੇ ਮਨਮੁਖ ਦੇ ਲੱਛਣਾਂ ਬਾਰੇ ਭੀ ਕੁਝ ਆਪਣੇ ਵੀਚਾਰ ਦਿਓ ਤਾਕਿ ਸਾਨੂੰ ਭੀ ਉਨ੍ਹਾਂ ਦੇ ਤੱਕਣ ਦੁਆਰੇ ਬੋਧ ਹੋ ਸਕੇ ?

ਉ: ਹੇ ਭਾਈਓ ! ਮੈਨੂੰ ਤਾਂ ਇਨ੍ਹਾਂ ਦੋਵਾਂ ਵਿਅਕਤੀਆਂ ਦਾ ਜੋ ਬਾਣੀ ਦੁਆਰੇ ਬੋਧ ਮਿਲ ਸਕਿਆ ਹੈ, ਉਸਨੂੰ ਇਸ ਪਉੜੀ ਵਿਚ ਦਰਸਾਉਣ ਦਾ ਮੈਂ ਸੰਪੂਰਨ ਤਾਂ ਨਹੀਂ, ਥੋੜੇ ਮਾਤਰ ਉਪਰਾਲਾ ਕੀਤਾ ਹੈ। ਜਿਵੇਂ :

(੧) (ਹੇ ਭਾਈਓ ! ਵੇਖਣ ਵਿਚ ਤਾਂ ਇਉਂ ਹੀ ਆਉਂਦਾ ਹੈ ਕਿ) ਗੁਰਮੁਖ ਸਚਿਆਰ ਹੋਣ ਕਰਕੇ ਸ੍ਰੇਸ਼ਟ ਲੱਛਣਾਂ ਵਾਲਾ ਹੁੰਦਾ ਹੈ ਤੇ ਉਸ ਵਿਚ ਸੱਚ ਕਰਕੇ ਸਭੇ ਸ਼ੁਭ ਲੱਛਣ ਸੋਭਦੇ ਹਨ।

(੨) ਝੂਠ ਬੋਲਣ ਵਾਲਾ ਮਨਮੁਖ ਖੋਟੇ ਲੱਛਣਾਂ ਵਾਲਾ ਹੁੰਦਾ ਹੈ ਤੇ ਝੂਠ ਕਰਕੇ ਉਸ ਦੇ ਸਾਰੇ ਲੱਛਣ ਖੋਟੇ ਦਾਵਾਂ ਵਾਲੇ ਹੁੰਦੇ ਹਨ।

(੩) (ਇਉਂ ਹੀ ਜਾਣੋ ਕਿ) ਸੱਚ ਸੋਨਾ ਹੈ ਤੇ ਝੂਠ ਕੱਚ ਵਾਂਗੂੰ ਹੈ, ਕੱਚ ਤੇ ਸੋਨੇ ਤੋਂ ਮੁੱਲ ਦਾ ਮੇਲ ਨਹੀਂ ਹੁੰਦਾ।

(੪) (ਕਿਉਂ ਜੋ) ਸੱਚ ਭਾਰਾ ਤੇ ਝੂਠ ਹਉਲੜਾ (ਹਲਕਾ) ਹੈ, ਰਤਨ ਤੇ ਰੱਤੀਆਂ ਦਾ ਭੁਲੇਖਾ ਨਹੀਂ ਪੈਂਦਾ।

(੫) ਸੱਚ ਹੀਰਾ ਤੇ ਝੂਠ ਬਲੌਰ ਹੈ, (ਇਸ ਲਈ) ਇਨ੍ਹਾਂ ਦੋਹਾਂ ਦਾ ਆਪੋ ਵਿਚ ਜੋੜ ਨਹੀਂ ਜੁੜਦਾ।

(੬) ਸੱਚ ਦਾਤਾ ਹੈ ਤੇ ਝੂਠ ਮੰਗਤਾ ਹੈ (ਇਨ੍ਹਾਂ ਦਾ ਮੇਲ) ਦਿਨ ਰਾਤ ਚੋਰ ਤੇ ਸ਼ਾਹ ਵਰਗਾ ਹੁੰਦਾ ਹੈ।

(੭) ਸੱਚ (ਹਮੇਸ਼ਾਂ) ਸਾਬਤ ਹੈ ਤੇ ਝੂਠ ਦੁਖੀ ਹੋ ਕੇ ਫਿਰਦਾ ਹੈ।੫।

***ਭਾਵਾਰਥ :*** ਸੱਚ ਟਿਕਦਾ, ਸੁਖ ਦੇਂਦਾ ਤੇ ਦਾਤਾ ਪਦ ਵਿਚ ਉੱਚਾ ਰਖਦਾ ਹੈ ਤੇ ਕੂੜ ਝਿਥਿਆ ਤੇ ਫਾਹਵਿਆਂ ਕਰਕੇ ਸੁਰਤ ਮਾਰ ਦੇਂਦਾ ਹੈ ਤੇ ਸਦਾ ਹੀ ਭਟਕਾਉਂਦਾ ਹੈ।

## ੬. ਗੁਰਮੁਖ ਸੱਚੇ ਲਾਲ ਰੰਗ ਵਾਲਾ ਹੈ

**੧. ਗੁਰਮੁਖ ਸੱਚ ਸੁਰੰਗ ਹੈ**
**ਮੁੱਲ ਮਜੀਠ ਨ ਟਲੈ ਟਲੰਦਾ।**
**੨. ਮਨਮੁਖ ਕੂੜ ਕੁਰੰਗ ਹੈ**
**ਫੁੱਲ ਕੁਸੁੰਭੇ ਥਿਰ ਨ ਰਹੰਦਾ।**
**੩. ਥੋਮ ਕਥੂਰੀ ਵਾਸ ਲੈ**
**ਨੱਕ ਮਰੋੜੈ ਮਨ ਨ ਭਵੰਦਾ।**
**੪. ਕੂੜ ਸੱਚ ਅੱਕ ਅੰਬ ਫਲ**
**ਕਉੜਾ ਮਿੱਠਾ ਸਾਉ ਲਹੰਦਾ।**
**੫. ਸ਼ਾਹ ਸੱਚ ਚੋਰ ਕੂੜ ਹੈ**
**ਸ਼ਾਹ ਸਵੈਂ ਚੋਰ ਫਿਰੈ ਭਵੰਦਾ।**
**੬. ਸ਼ਾਹ ਫੜੇ ਉਠ ਚੋਰ ਨੋਂ**
**ਤਿਸ ਨੁਕਸਾਨ ਦੀਬਾਣ ਕਰੰਦਾ।**
**੭. ਸੱਚ ਕੂੜੈ ਲੈ ਨਿਹਣ ਬਹੰਦਾ॥੬॥**

***ਪਦ ਅਰਥ :*** ਸੁਰੰਗ—ਸੋਹਣਾ, ਲਾਲ ਰੰਗ। ਕੁਰੰਗ—ਖੋਟਾ ਰੰਗ। ਕਥੂਰੀ—ਕਸਤੂਰੀ। ਸਾਉ—ਸੁਆਦ। ਦੀਬਾਣ—ਕਚਹਿਰੀ। ਨਿਹਣ—ਕੈਦ ਕਰਨਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਤੁਹਾਡੇ ਕਥਨ ਅਨੁਸਾਰ ਦੋ ਤਰ੍ਹਾਂ ਦੇ ਰੰਗ ਹਨ, ਇਕ ਹੈ ਸੱਚੇ ਨਾਮ ਦਾ ਰੰਗ ਜਿਸ ਦੁਆਰੇ ਗੁਰਮੁਖਾਂ ਦਾ ਮਨ ਰੰਗਿਆ ਗਿਆ ਹੈ, ਦੂਜਾ ਮਾਇਕੀ ਪਦਾਰਥਾਂ ਦਾ ਰੰਗ ਹੈ ਜਿਸ ਨਾਲ ਆਮ ਮਨਮੁਖਾਂ ਦਾ ਮਨ ਰੰਗਿਆ ਨਜ਼ਰ ਆਉਂਦਾ ਹੈ, ਕਿਉਂ ਜੀ! ਦਸੋਗੇ ਕਿ ਇਨ੍ਹਾਂ ਦੋਵੇਂ ਤਰ੍ਹਾਂ ਦੇ ਰੰਗਾਂ ਵਿਚ ਅੰਤਰਾ ਕੀ ਹੈ?

ਉ: ਹੇ ਭਾਈਓ! ਇਨ੍ਹਾਂ ਦੋਵੇਂ ਤਰ੍ਹਾਂ ਦੇ ਰੰਗਾਂ ਦੀ ਪਛਾਣ ਭੀ ਸਾਨੂੰ ਗੁਰਬਾਣੀ ਦੁਆਰੇ ਖੁਲਾਸੇ ਰੂਪ ਵਿਚ ਮਿਲਦੀ ਹੈ, ਮੈਨੂੰ ਭੀ ਜੋ ਇਨ੍ਹਾਂ ਦੋਵੇਂ ਤਰ੍ਹਾਂ ਦੇ ਰੰਗਾਂ ਦਾ ਬੋਧ ਬਾਣੀ ਤੋਂ ਮਿਲਿਆ ਹੈ, ਉਸਨੂੰ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ ਕਿ ਨਾਮ ਦਾ ਜੋ ਸੱਚਾ ਰੰਗ ਹੈ ਉਸ ਨਾਲ ਗੁਰਮੁਖਾਂ ਦਾ ਮਨ ਰੰਗਿਆ ਹੋਇਆ ਹੈ, ਮਨਮੁਖਾਂ ਦੇ ਮਨ ਨੂੰ ਮਾਇਕੀ ਪਦਾਰਥਾਂ ਦਾ ਰੰਗ ਹੈ, ਪਰ ਇਨ੍ਹਾਂ ਦੋਵੇਂ ਰੰਗਾਂ ਵਿਚ ਜੋ ਅੰਤਰਾ ਹੈ, ਉਸਨੂੰ ਮੈਂ ਦਰਸਾਉਣ ਦਾ ਯਤਨ ਕੀਤਾ ਹੈ:

(੧) (ਹੇ ਭਾਈਓ! ਜਦੋਂ ਬਾਣੀ ਦੁਆਰੇ ਖੋਜ ਕਰੀਏ ਤਾਂ ਇਉਂ ਹੀ ਬੋਧ ਮਿਲਦਾ ਹੈ ਕਿ) ਗੁਰਮੁਖ ਸੱਚੇ ਲਾਲ ਰੰਗ ਵਾਲਾ ਹੈ, ਜਿਵੇਂ ਮਜੀਠ ਦਾ ਰੰਗ ਪੱਕਾ ਹੁੰਦਾ ਹੈ ਤੇ ਧੋਤਿਆਂ ਵੀ ਨਹੀਂ ਉਤਰਦਾ।

(੨) ਮਨਮੁਖ ਦਾ ਝੂਠਾ (ਖੋਟਾ) ਰੰਗ ਹੈ, ਜਿਵੇਂ ਕੁਸੁੰਭੇ ਦੇ ਫੁਲ ਦਾ ਰੰਗ ਠਹਿਰਦਾ ਨਹੀਂ।

(੩) (ਜਿਵੇਂ) ਥੋਮ ਦੀ ਵਾਸ਼ਨਾ ਤੋਂ ਨੱਕ ਮਰੋੜੀਦਾ ਹੈ ਤੇ ਕਸਤੂਰੀ ਦੀ ਸੁਗੰਧ ਮਨ ਨੂੰ ਚੰਗੀ ਲਗਦੀ ਹੈ। (ਇਸੇ ਤਰ੍ਹਾਂ ਸੱਚ ਕਸਤੂਰੀ ਹੈ ਤੇ ਝੂਠ ਥੋਮ ਵਾਂਗੂੰ ਹੈ)।

(੪) ਝੂਠ ਤੇ ਸੱਚ ਅੱਕ ਤੇ ਅੰਬ ਦੇ ਫਲ ਵਰਗੇ ਹਨ, ਅੱਕ ਦਾ ਫਲ ਕੌੜਾ ਹੁੰਦਾ ਹੈ ਤੇ ਅੰਬ ਦੀ ਮਿਠਾਸ ਦਾ ਹਰ ਕੋਈ ਸੁਆਦ ਲੈਂਦਾ ਹੈ।

(੫) ਸੱਚ ਸ਼ਾਹ ਦਾ ਰੂਪ ਹੈ ਤੇ ਝੂਠ ਚੋਰ ਹੈ। ਸ਼ਾਹ (ਰਾਤ ਨੂੰ) ਬੜੇ ਅਰਾਮ ਨਾਲ ਸੌਂਦਾ ਹੈ ਤੇ ਚੋਰ (ਰਾਤ ਨੂੰ) ਭੌਂਦਾ ਫਿਰਦਾ ਹੈ।

(੬) ਸ਼ਾਹ ਚੋਰ ਨੂੰ ਫੜ ਲੈਂਦਾ ਹੈ ਤੇ ਉਸਨੂੰ ਕਚਹਿਰੀਆਂ ਵਿਚ ਲਿਜਾ ਕੇ ਉਸਦਾ ਨੁਕਸਾਨ ਕਰਦਾ ਹੈ (ਭਾਵ ਚੋਰ ਨੂੰ ਸਜ਼ਾ ਦਿਵਾਉਂਦਾ ਹੈ)।

(੭) ਸੱਚ ਝੂਠ ਨੂੰ ਫੜ ਕੇ ਕੈਦੀ ਬ਼ਣਾ ਕੇ ਬੰਨ੍ਹ ਕੇ ਬਿਠਾਂਦਾ ਹੈ।੬।

***ਭਾਵਾਰਥ :*** ਇਸੀ ਵਾਸਤੇ ਗੁਰੂ ਫ਼ੁਰਮਾਨ ਹੈ ਕਿ:

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥

*(ਰਾਮਕਲੀ ਕੀ ਵਾਰ ਮ: ੧, ਪੰਨਾ ੯੫੩)*

## ੭. ਸੱਚ ਸ਼ੇਰ ਵਾਂਗੂੰ ਬਲਵਾਨ ਹੈ

**੧. ਸੱਚ ਸੋਹੈ ਸਿਰ ਪੱਗ ਜਿਉਂ**
**ਕੋਝਾ ਕੂੜ ਕੁਥਾਇ ਕਛੋਟਾ।**
**੨. ਸੱਚ ਸਤਾਣਾ ਸਾਰਦੂਲ**
**ਕੂੜ ਜਿਵੇਂ ਹੀਣਾ ਹਰਣੋਟਾ।**
**੩. ਲਾਹਾ ਸੱਚ ਵਣੰਜੀਐ**
**ਕੂੜ ਕਿ ਵਣਜਹੁੰ ਆਵੈ ਤੋਟਾ।**
**੪. ਸੱਚ ਖਰਾ ਸਾਬਾਸ ਹੈ**
**ਕੂੜ ਨ ਚੱਲੈ ਦਮੜਾ ਖੋਟਾ।**

**੫. ਤਾਰੇ ਲੱਖ ਅਮਾਵਸੈ**
**ਘੋਰ ਅਨ੍ਹੇਰ ਚਨਾਇਣ ਹੋਟਾ।**
**੬ ਸੂਰਜ ਇੱਕ ਚੜ੍ਹੰਦਿਆਂ**
**ਹੁਇ ਅਠਖੰਡ ਪਵੈ ਫਲ ਫੋਟਾ।**
**੭. ਕੂੜ ਸੱਚ ਜਿਉਂ ਵੱਟ ਘੜੋਟਾ॥੭॥**

***ਪਦ ਅਰਥ :*** ਕੋਝਾ—ਕਰੂਪ। ਕਛੋਟਾ—ਲੰਗੋਟਾ। ਸਤਾਨਾ—ਤਾਣ ਵਾਲਾ, ਬਲੀ। ਸਾਰਦੂਲ—ਸ਼ੇਰ। ਹਰਣੋਟਾ—ਨਿਰਬਲ ਹਰਨ ਦਾ ਬੱਚਾ। ਦਮੜਾ ਖੋਟਾ—ਖੋਟਾ ਰੁਪੱਯਾ। ਹੋਟਾ—ਘਾਟਾ। ਫਲ ਫੋਟਾ—ਫੁੱਟ ਪੈਂਦਾ ਹੈ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਸੱਚ ਤੇ ਕੂੜ ਬਾਰੇ ਉਦਾਹਰਣ ਦਿਓ ਕਿ ਆਪ ਜੀ ਇਨ੍ਹਾਂ ਦੋਨਾਂ ਵਿਚ ਕੀ ਅੰਤਰਾ ਅਨੁਭਵ ਕਰਦੇ ਹੋ?

ਉ: ਹੇ ਭਾਈਓ! ਇਨ੍ਹਾਂ ਦੋਹਾਂ ਦੇ ਵਿਚਕਾਰ ਜੋ ਮੈਂ ਅੰਤਰਾ ਅਨੁਭਵ ਕਰਦਾ ਹਾਂ, ਉਸਨੂੰ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਉੱਕਰਿਆ ਹੈ। ਜਿਵੇਂ ਕਿ :

(੧) (ਹੇ ਭਾਈਓ! ਜੇ ਵੀਚਾਰ ਦ੍ਰਿਸ਼ਟੀ ਨਾਲ ਤੱਕੀਏ ਤਾਂ ਇਉਂ ਹੀ ਪ੍ਰਤੀਤ ਹੋਵੇਗਾ ਕਿ) ਸੱਚ ਸਿਰ ਦੀ ਪੱਗ ਵਾਂਗੂ ਸੋਭਦਾ ਹੈ ਤੇ ਝੂਠ ਕੋਝੇ ਲੰਗੋਟੇ ਵਾਂਗੂ ਗੰਦੀ ਜਗ੍ਹਾ ਜਾ ਲਗਦਾ ਹੈ।

(੨) (ਜਾਂ ਇਉਂ ਕਹੋ ਕਿ) ਸੱਚ ਬਲਵਾਨ ਸ਼ੇਰ ਵਾਂਗੂ ਹੈ ਤੇ ਝੂਠ ਨਿਤਾਣੇ ਹਰਨ ਦੇ ਬੱਚੇ ਵਰਗਾ ਹੈ।

(੩) ਸੱਚ ਦਾ ਵਣਜ ਕਰਨ ਨਾਲ ਲਾਭ ਪ੍ਰਾਪਤ ਹੁੰਦਾ ਹੈ ਤੇ ਝੂਠੇ ਵਪਾਰ ਨਾਲ ਘਾਟਾ ਪੈਂਦਾ ਹੈ।

(੪) ਸੱਚ ਖਰਾ ਹੈ, ਜਿਸ ਤੋਂ ਸ਼ਾਬਾਸ਼ ਮਿਲਦੀ ਹੈ ਤੇ ਝੂਠ ਖੋਟੇ ਰੁਪਏ ਵਾਂਗੂ ਹੈ ਜੋ (ਬਾਜ਼ਾਰ ਵਿਚ) ਨਹੀਂ ਚਲਦਾ।

(੫) (ਜਿਵੇਂ) ਮੱਸਿਆ ਦੀ ਰਾਤ ਨੂੰ ਲੱਖਾਂ ਤਾਰੇ ਅਸਮਾਨ ਵਿਚ ਹੁੰਦੇ ਹਨ, ਪਰ ਘੋਰ ਅਨ੍ਹੇਰਾ ਹੋਣ ਕਰਕੇ ਚਾਨਣ ਹਟਿਆ ਰਹਿੰਦਾ ਹੈ (ਭਾਵ ਪ੍ਰਕਾਸ਼ ਨਹੀਂ ਹੁੰਦਾ)।

(੬) (ਪਰ) ਇਕ ਸੂਰਜ ਦੇ ਚੜ੍ਹਨ ਨਾਲ ਅਨ੍ਹੇਰਾ ਅੱਠ ਟੋਟੇ ਹੋ ਕੇ ਫੁੱਟ ਪੈਂਦਾ ਹੈ (ਭਾਵ ਦੂਰ ਹੋ ਜਾਂਦਾ ਹੈ, ਇਸੇ ਤਰ੍ਹਾਂ ਸੱਚ ਤੇ ਝੂਠ ਨੂੰ ਜਾਣੋ)।

(੭) ਝੂਠ ਤੇ ਸੱਚ ਦਾ ਘੜੇ ਤੇ ਵੱਟੇ ਵਰਗਾ ਵੈਰ ਹੈ।੭।

## ੮. ਸੱਚ ਪਹਾੜ ਵਾਂਗੂੰ ਪ੍ਰਗਟ ਹੈ

**੧. ਸੁਹਣੇ ਸਾਮਰਤੱਖ ਜਿਉਂ**
**ਕੂੜ ਸੱਚ ਵਰਤੈ ਵਰਤਾਰਾ।**
**੨. ਹਰੀ ਚੰਦਉਰੀ ਨਗਰ ਵਾਂਗ**
**ਕੂੜ ਸੱਚ ਪਰਗਟ ਪਾਹਾਰਾ।**
**੩. ਨਦੀ ਪਛਾਵਾਂ ਮਾਣਸਾਂ**
**ਸਿਰ ਤਲਵਾਇਆ ਅੰਬਰ ਤਾਰਾ।**
**੪. ਧੂਅਰ ਧੁੰਧੂਕਾਰ ਹੋਇ**
**ਤੁੱਲ ਨ ਘਣਹਰ ਵੱਸਣਹਾਰਾ।**
**੫. ਸਾਉ ਨ ਸਿਮਰਣ ਸੱਕਰੈ**
**ਦੀਪਕ ਬਾਝ ਨ ਮਿਟੈ ਅੰਧਾਰਾ।**
**੬. ਲੜੇ ਨ ਕਾਗਲ ਲਿਖਿਆ**
**ਚਿੱਤ ਚਿਤੇਰੇ ਸੈ ਹਥੀਆਰਾ।**
**੭. ਸੱਚ ਕੂੜ ਕਰਤੂਤ ਵਿਚਾਰਾ॥੮॥**

***ਪਦ ਅਰਥ :*** ਸੁਹਣੇ—ਸੁਪਨੇ ਵਿਚ। ਸਾਮਰਤੱਖ—ਪ੍ਰਤੱਖ। ਪਾਹਾਰਾ—ਪਹਾੜ। ਘਣਹਰ—ਬੱਦਲ। ਸੱਕਰੈ—ਸ਼ੱਕਰ। ਚਿੱਤ ਚਿਤੇਰੇ—ਚਿਤਰੇ ਹੋਏ ਚਿਤੇਰੇ ਦੇ।

***ਅਰਥ :***

ਇਸ ਪਉੜੀ ਵਿਚ ਭੀ ਭਾਈ ਸਾਹਿਬ ਜੀ ਸੱਚ ਤੇ ਕੂੜ ਦਾ ਟਾਕਰਾ ਕਰਕੇ ਦਰਸਾ ਰਹੇ ਹਨ :

(੧) ਝੂਠ ਤੇ ਸੱਚ ਦਾ ਵਰਤਾਰਾ ਸੁਪਨੇ ਤੇ ਪ੍ਰਤੱਖ ਦੇ ਵਰਤਾਰੇ ਵਾਂਗੂ ਵਰਤਦਾ ਹੈ (ਭਾਵ ਸੱਚ ਪ੍ਰਤੱਖ ਹੈ ਤੇ ਝੂਠ ਸੁਪਨੇ ਵਾਂਗੂ ਹੈ)।

(੨) ਝੂਠ ਗੰਧਰਬ ਨਗਰੀ ਵਾਂਗ ਕੂੜਾ ਹੈ ਤੇ ਸੱਚ ਪਹਾੜ ਵਾਂਗੂ ਪ੍ਰਗਟ ਹੈ।

(੩) ਜਿਸ ਤਰ੍ਹਾਂ ਨਦੀ ਦੇ ਪਾਣੀ ਵਿਚ ਮਨੁੱਖਾਂ, ਬ੍ਰਿਛਾਂ ਤੇ ਅਕਾਸ਼ ਦੇ ਤਾਰਿਆਂ ਦਾ ਪਰਛਾਵਾਂ ਹੁੰਦਾ ਹੈ, (ਇਸੇ ਤਰ੍ਹਾਂ ਝੂਠ ਹੈ)।

(੪) ਝੂਠ ਧੂੰਏ ਕਰਕੇ ਧੁੰਧੂਕਾਰ ਹੋ ਜਾਂਦਾ ਹੈ, ਉਹ ਵੱਸਣ ਵਾਲੇ ਬੱਦਲ (ਸੱਚ) ਦੀ ਬਰਾਬਰੀ ਨਹੀਂ ਕਰ ਸਕਦਾ।

(੫) ਸ਼ੱਕਰ ਨੂੰ ਯਾਦ ਕਰਨ ਨਾਲ (ਮੂੰਹ ਵਿਚ) ਸ਼ੱਕਰ ਦਾ ਸੁਆਦ ਨਹੀਂ ਆਉਂਦਾ ਤੇ ਦੀਵੇ ਤੋਂ ਬਿਨਾਂ ਹਨ੍ਹੇਰਾ ਦੂਰ ਨਹੀਂ ਹੁੰਦਾ।

(੬) ਚਿੱਤ੍ਰਕਾਰ (ਭਾਵੇਂ) ਹਥਿਆਰਾਂ ਨਾਲ ਸਜੇ ਹੋਏ ਸਿਪਾਹੀ ਦੀ ਮੂਰਤ ਬਣਾ ਦੇਵੇ, ਪਰ ਉਹ ਮੈਦਾਨ ਵਿਚ ਜਾ ਕੇ ਲੜ ਨਹੀਂ ਸਕਦਾ।

(੭) ਸੱਚ ਤੇ ਝੂਠ ਦੀ ਕਰਤੂਤ ਦਾ ਵੀਚਾਰ ਇਸੀ ਪ੍ਰਕਾਰ ਹੈ।੮।

## ੯. ਸੱਚ ਸਹਾਇਤਾ ਕਰਨ ਵਾਲਾ ਸੱਚਾ ਸਾਥੀ ਹੈ

੧. ਸੱਚੁ ਸਮਾਇਣ ਦੁੱਧ ਵਿੱਚ
ਕੂੜ ਵਿਗਾੜ ਕਾਂਜੀ ਦੀ ਚੁੱਖੈ।
੨. ਸੱਚ ਭੋਜਨ ਮੁਹਿ ਖਾਵਣਾ
ਇੱਕ ਦਾਣਾ ਨੱਕੈ ਵੱਲ ਦੁੱਖੈ।
੩. ਫਲਹੁੰ ਰੁੱਖ ਰੁੱਖਹੁੰ ਸੁ ਫਲ
ਅੰਤਕਾਲ ਖਉ ਲਾਖਹੁੰ ਰੁੱਖੈ।
੪. ਸਉ ਵਰ੍ਹਿਆਂ ਅੱਗ ਰੁੱਖ ਵਿਚ
ਭਸਮ ਕਰੈ ਅੱਗ ਬਿੰਦਕੁ ਧੁੱਖੈ।
੫. ਸੱਚੁ ਦਾਰੂ ਕੂੜ ਰੋਗ ਹੈ
ਵਿਣ ਗੁਰ ਵੈਦ ਵੇਦਨਿ ਮਨਮੁੱਖੈ।
੬. ਸੱਚੁ ਸਥੋਈ ਕੂੜ ਠੱਗ
ਲੱਗੈ ਦੁੱਖ ਨ ਗੁਰਮੁਖ ਸੁੱਖੈ।
੭. ਕੂੜ ਪਚੈ ਸੱਚੈ ਦੀ ਭੁੱਖੈ ॥੯॥

***ਪਦ ਅਰਥ :*** ਸਮਾਇਣ—ਜਾਗ। ਚੁੱਖੈ—ਬੂੰਦ, ਰਤਾ ਕੁ। ਖਉ—ਨਾਸ। ਬਿੰਦਕੁ—ਥੋੜ੍ਹੀ। ਸਥੋਈ—ਸਾਥੀ, ਸਹਾਇਕ। ਭੁੱਖੈ—ਇੱਛਾ।

***ਅਰਥ :***

(੧) (ਇਸ ਪਉੜੀ ਵਿਚ ਵੀ ਉਪ੍ਰੋਕਤ ਭਾਵ ਹੀ ਦਰਸਾਉਂਦੇ ਹਨ) ਸੱਚ ਦੁੱਧ ਨੂੰ ਜਮਾਉਣ ਵਾਲੀ ਜਾਗ ਵਾਂਗੂੰ ਹੈ ਤੇ ਝੂਠ ਦੁੱਧ ਨੂੰ ਫਟਾਉਣ ਵਾਲੀ ਕਾਂਜੀ ਦੀ ਬੂੰਦ ਵਰਗਾ ਹੈ।

(੨) ਸੱਚ ਮੂੰਹ ਰਸਤੇ ਭੋਜਨ ਖਾਣ ਵਰਗਾ ਸੁਖਦਾਈ ਹੈ ਤੇ ਝੂਠ ਨੱਕ ਵੱਲ ਇਕ ਦਾਣੇ ਦੇ ਜਾਣ ਵਾਂਗੂ ਦੁਖਦਾਈ ਹੈ।

(੩) ਸੱਚ ਫਲ ਤੋਂ ਬ੍ਰਿਛ ਤੇ ਬ੍ਰਿਛ ਤੋਂ ਫਲ ਵਾਂਗੂੰ ਹੈ, ਪਰ ਝੂਠ ਬ੍ਰਿਛ ਨੂੰ ਲਾਖ ਪੈਣ ਵਾਂਗ ਅੰਤ ਨੂੰ ਨਾਸ ਕਰਦਾ ਹੈ।

(੪) ਸੈਂਕੜੇ ਵਰ੍ਹੇ ਅੱਗ ਰੁੱਖ ਵਿਚ ਰਹਿੰਦੀ ਹੈ, ਪਰ ਥੋੜ੍ਹੀ ਜਿਹੀ ਧੁੱਖਦੀ ਅੱਗ ਬ੍ਰਿਛ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ।

(੫) ਝੂਠ ਰੋਗ ਹੈ ਤੇ ਸੱਚ ਦਾਰੂ (ਔਸ਼ਧੀ) ਹੈ। ਗੁਰੂ ਵੈਦ ਤੋਂ ਬਿਨਾਂ ਮਨਮੁਖਾਂ ਨੂੰ ਵੇਦਨਿ (ਪੀੜਾ) ਬਣੀ ਰਹਿੰਦੀ ਹੈ।

(੬) ਸੱਚ ਸਹਾਇਤਾ ਕਰਨ ਵਾਲਾ ਸਾਥੀ ਹੈ ਤੇ ਕੂੜ ਠੱਗ ਹੈ। ਗੁਰਮੁਖਾਂ ਨੂੰ ਝੂਠ ਦਾ ਦੁੱਖ ਨਹੀਂ ਲਗਦਾ, ਉਹ ਸਚਿਆਰ ਹੋਣ ਕਰਕੇ ਸੁਖੀ ਰਹਿੰਦੇ ਹਨ।

(੭) ਸੱਚ ਦੀ ਭੁੱਖ ਲਗਿਆਂ (ਭਾਵ ਸੱਚ ਦੀ ਇੱਛਾ ਕਰਨ ਨਾਲ) ਕੂੜ ਨਾਸ ਹੋ ਜਾਂਦਾ ਹੈ।੯।

***ਭਾਵਾਰਥ :*** ਸਚਿਆਰਾਂ ਦੀ ਸਭ ਲੋਕਾਂ ਨੂੰ ਚਾਹ ਲੱਗੀ ਰਹਿੰਦੀ ਹੈ, ਭਾਵ ਜਿਥੇ ਸੱਚੇ ਲੋਕ ਜਾਣ ਉਹ ਉਥੋਂ ਹੀ ਆਦਰ ਪਾਉਂਦੇ ਹਨ ਤੇ ਕੂੜੇ ਲੋਕ ਹਰ ਥਾਂ ਹੀ ਤ੍ਰਿਸਕਾਰ ਤੇ ਨਿਰਾਦਰ ਪਾਉਂਦੇ ਹਨ।

## ੧੦. ਸੱਚਾ ਪੁਰਸ਼ ਸਦਾ ਹੀ ਅਰੋਗ ਰਹਿੰਦਾ ਹੈ

੧. ਕੂੜ ਕਪਟ ਹਥਿਆਰ ਜਿਉਂ
ਸੱਚ ਰਖਵਾਲਾ ਸਿਲਹ ਸੰਜੋਆ।
੨. ਕੂੜ ਵੈਰੀ ਨਿਤ ਜੋਂਹਦਾ
ਸੱਚੁ ਸੁਮਿੱਤ ਹਿਮਾਇਤ ਹੋਆ।
੩. ਸੂਰਵੀਰ ਵਰਿਆਮ ਸੱਚ
ਕੂੜ ਕੁੜਾਵਾ ਕਰਦਾ ਢੋਆ।
੪. ਨਿਹਚਲ ਸੱਚ ਸੁਥਾਇ ਹੈ
ਲਰਜੈ ਕੂੜ ਕੁਥਾਇ ਖੜੋਆ।
੫. ਸੱਚ ਫੜ ਕੂੜ ਪਛਾੜਿਆ
ਚਾਰ ਚੱਕ ਵੇਖਣ ਤ੍ਰੈ ਲੋਆ।
੬. ਕੂੜ ਕਪਟ ਰੋਗੀ ਸਦਾ
ਸੱਚ ਸਦਾ ਹੀ ਨਵਾ ਨਿਰੋਆ।
੭. ਸੱਚ ਸੱਚਾ ਕੂੜ ਕੂੜ ਵਿਖੋਆ ॥੧੦॥

*ਅਰਥ :*

(੧) (ਜਦੋਂ ਗਹੁ ਨਾਲ ਤੱਕੀਏ ਤਾਂ ਦਿਸ ਆਵੇਗਾ ਕਿ) ਝੂਠ ਕਪਟ ਕਰਨ ਵਾਲੇ ਹਥਿਆਰਾਂ ਵਾਂਗੂੰ ਹੈ ਤੇ ਸੱਚ ਸਰੀਰ ਦੀ ਰਖਿਆ ਕਰਨ ਵਾਲੀ ਲੋਹੇ ਦੀ ਸੰਜੋਅ ਵਰਗਾ ਹੈ।
(੨) ਝੂਠ ਦੁਸ਼ਮਣਾਂ ਵਾਂਗ ਸਦਾ ਤਾੜਦਾ ਰਹਿੰਦਾ ਹੈ ਤੇ ਸੱਚ ਚੰਗੇ ਮਿੱਤਰਾਂ ਵਾਂਗੂੰ ਸਹਾਇਤਾ ਕਰਦਾ ਹੈ।
(੩) ਸੱਚ ਵਰਿਆਮ ਸੂਰਮਾ ਹੈ ਤੇ ਝੂਠ ਝੂਠਾ ਮਿਲਾਪ ਕਰਦਾ ਹੈ।
(੪) ਸੱਚ ਅਚੱਲ ਤੇ ਚੰਗੀ ਥਾਂ 'ਤੇ ਖੜਾ ਹੈ ਤੇ ਝੂਠ ਗੰਦੀ ਜਗ੍ਹਾ 'ਤੇ ਖੜਾ ਕੰਬਦਾ ਹੈ।
(੫) ਸੱਚ ਨੇ ਝੂਠ ਨੂੰ ਫੜ ਕੇ ਮਾਰਿਆ ਹੈ, ਚਾਰੇ ਚੱਕ ਤੇ ਤਿੰਨਾਂ ਲੋਕਾਂ (ਦੇ ਲੋਕ) ਇਹ ਵਰਤਾਰਾ ਵੇਖਦੇ ਹਨ।
(੬) ਝੂਠ (ਝੂਠਾ ਪੁਰਸ਼) ਵਲ ਛਲ ਕਰਨ ਕਰਕੇ ਸਦਾ ਰੋਗੀ ਰਹਿੰਦਾ ਹੈ ਤੇ ਸੱਚ (ਸਚਿਆਰ) ਸਦਾ ਨਵਾਂ ਨਿਰੋਆ (ਅਰੋਗ) ਰਹਿੰਦਾ ਹੈ।
(੭) ਸੱਚ ਬੋਲਣ ਵਾਲਾ ਸੱਚਾ ਹੈ ਤੇ ਝੂਠ ਬੋਲਣ ਵਾਲਾ ਝੂਠਾ ਦਿਖਾਈ ਦਿੰਦਾ ਹੈ।੧੦।

ਗੁਰਬਾਣੀ ਵਿਚ ਵੀ ਇਹੋ ਫੁਰਮਾਣ ਆਇਆ ਹੈ, ਜਿਵੇਂ ਕਿ :

ਉਘਰਿ ਗਇਆ ਜੈਸਾ ਖੋਟਾ ਢਬੂਆ
ਨਦਰਿ ਸਰਾਫਾ ਆਇਆ॥

*(ਆਸਾ ਮ: ੫, ਪੰਨਾ ੩੮੧)*

## *੧੧. ਸੱਚ ਤੇ ਕੂੜ ਦਾ ਨਿਰਣਯ*

**੧. ਸੱਚ ਸੂਰਜ ਪਰਗਾਸ ਹੈ**
**ਕੂੜਹੁੰ ਘੁੱਘੂ ਕੁੱਝ ਨ ਸੁੱਝੈ।**
**੨. ਸੱਚ ਵਣਾਸਪਤਿ ਬੇਹੀਆ**
**ਕੂੜਹੁੰ ਵਾਂਸ ਨ ਚੰਦਨ ਬੁੱਝੈ।**
**੩. ਸੱਚਹੁੰ ਸੁਫਲ ਤਰੋਵਰਾ**
**ਸਿੰਮਲ ਅਫਲ ਵਡਾਈ ਲੁੱਝੈ।**
**੪. ਸਾਵਣ ਵਣ ਹਰੀਆਵਲੈ**
**ਸੁੱਕੈ ਅੱਕ ਜਵਾਹਾਂ ਰੁੱਝੈ।**
**੫. ਮਾਣਕ ਮੋਤੀ ਮਾਨਸਰ**
**ਸੰਖ ਨਿਸੱਖਣਿ ਹਸਤਿਨਿ ਦੁੱਝੈ।**
**੬. ਸੱਚ ਗੰਗੋਦਕ ਨਿਰਮਲਾ**
**ਕੂੜ ਰਲੇ ਮਦ ਪਰਗਟ ਗੁੱਝੈ।**
**੭. ਸੱਚ ਸੱਚਾ ਕੂੜ ਕੂੜਹੁੰ ਬੁੱਝੈ ॥੧੧॥**

***ਪਦ ਅਰਥ :*** ਲੁੱਝੈ—ਸੜਦਾ ਹੈ। ਘੁੱਘੂ—ਉੱਲੂ। ਨਿਸੱਖਣਿ—ਸੱਖਣਾ, ਖ਼ਾਲੀ। ਹਸਤਿਨਿ ਦੁੱਝੈ—ਹੱਥਾਂ ਵਿਚ ਘੁੱਟੀਦਾ ਹੈ।

*ਅਰਥ :*

**ਪ੍ਰ:** ਭਾਈ ਸਾਹਿਬ ਜੀਉ! ਤੁਸੀਂ ਸੱਚ ਤੇ ਕੂੜ ਵਿਚ ਕਿਤਨਾ ਕੁ ਅੰਤਰ ਅਨੁਭਵ ਕਰਦੇ ਹੋ, ਦੱਸਣ ਦੀ ਕ੍ਰਿਪਾ ਕਰੋ ?

**ਉ:** ਹੇ ਭਾਈਓ! ਜੋ ਮੈਨੂੰ ਗੁਰਮਤ ਦੁਆਰੇ ਇਨ੍ਹਾਂ ਦੋਹਾਂ ਵਿਚ ਅੰਤਰਾ ਪ੍ਰਤੀਤ ਹੋਇਆ ਹੈ, ਉਸ ਨੂੰ ਮੈਂ ਇਸ ਪਉੜੀ ਵਿਚ ਦਰਸਾਉਣ ਦਾ ਯਤਨ ਕੀਤਾ ਹੈ :

(੧) (ਜੇ ਗਹੁ ਨਾਲ ਤੱਕੀਏ ਤਾਂ ਇਹੋ ਨਜ਼ਰ ਆਵੇਗਾ ਕਿ) ਸੱਚ ਸੂਰਜ ਦੇ ਪ੍ਰਕਾਸ਼ ਵਾਂਗੂੰ ਹੈ ਤੇ ਝੂਠ ਰੂਪ ਉੱਲੂ ਨੂੰ ਦਿਨੇ ਕੁਝ ਭੀ ਦਿਖਾਈ ਨਹੀਂ ਦਿੰਦਾ (ਭਾਵ ਦਿਨੇ ਅੰਨ੍ਹਾਂ ਹੋ ਜਾਂਦਾ ਹੈ)।
(੨) ਸੱਚ ਉਹ ਵਣਾਸਪਤੀ ਹੈ ਜੋ ਚੰਦਨ ਨਾਲ ਮਿਲ ਕੇ ਸੁਗੰਧਤ ਹੋ ਜਾਂਦੀ ਹੈ, ਪਰ ਝੂਠ ਵਾਂਸ ਵਾਂਗੂੰ ਹੈ ਜੋ ਕਦੇ ਚੰਦਨ ਨਹੀਂ ਸਮਝਿਆ ਜਾਂਦਾ।
(੩) ਸੱਚ ਤਾਂ ਫੁੱਲਾਂ ਵਾਲੇ ਬ੍ਰਿਛ ਵਾਂਗ ਹੈ ਤੇ ਝੂਠ ਹਉਮੈ ਵਿਚ ਸੜਨ ਵਾਲਾ ਅੱਫਲ ਸਿੰਮਲ ਰੁੱਖ ਵਰਗਾ ਹੈ।
(੪) ਸੱਚ ਸਾਵਣ ਵਿਚ ਹਰੇ ਬਨ ਵਰਗਾ ਹੈ, ਪਰ ਝੂਠ ਅੱਕ ਤੇ ਜਵਾਹਾਂ ਵਾਂਗੂੰ (ਕ੍ਰੋਧ ਅਗਨੀ) ਵਿਚ ਰਿੱਝਦਾ ਰਹਿੰਦਾ ਹੈ।
(੫) ਸੱਚ ਮਾਨ-ਸਰੋਵਰ ਦੇ ਮਾਣਕ ਤੇ ਮੋਤੀਆਂ ਵਰਗਾ ਹੈ ਤੇ ਝੂਠ ਹੱਥਾਂ ਵਿਚ ਸੱਖਣੇ ਸੰਖ ਵਾਂਗੂੰ ਨਪੀੜਿਆ ਜਾਂਦਾ ਹੈ।
(੬) ਸੱਚ ਗੰਗਾ ਜਲ ਵਰਗਾ ਸ਼ੁੱਧ, ਪਵਿੱਤਰ ਤੇ ਨਿਰਮਲ ਹੈ, ਪਰ ਕੂੜ ਦੀ ਸ਼ਰਾਬ ਲੁਕਾ ਕੇ ਰੱਖਿਆਂ ਵੀ ਪ੍ਰਗਟ ਹੋ ਜਾਂਦੀ ਹੈ।
(੭) (ਸਿਧਾਂਤ ਇਹ ਹੈ ਕਿ) ਸੱਚ ਹਮੇਸ਼ਾਂ ਸੱਚਾ ਹੀ ਰਹਿੰਦਾ ਹੈ ਤੇ ਝੂਠ ਬੋਲਣ ਵਾਲਾ ਝੂਠਾ ਕਿਹਾ ਜਾਂਦਾ ਹੈ।੧੧।

## ੧੨. ਸੱਚ ਕੂੜ ਦਾ ਅੰਤ

੧. ਸੱਚ ਕੂੜ ਦੁਇ ਝਗੜੂ
ਝਗੜਾ ਕਰਦੇ ਚਉਤੈ ਆਯਾ।
੨. ਅੱਗੇ ਸੱਚਾ ਸੱਚੁ ਨਿਆਇ
ਆਪ ਹਜ਼ੂਰ ਦੋਵੇਂ ਝਗੜਾਯਾ।
੩. ਸੱਚ ਸੱਚਾ ਕੂੜ ਕੂੜਿਆਰ
ਪੰਚਾਂ ਵਿਚਿਦੋ ਕਰ ਸਮਝਾਯਾ।
੪. ਸੱਚ ਜਿਤਾ ਕੂੜ ਹਾਰਿਆ
ਕੂੜ ਕੂੜਾ ਕਰ ਸ਼ਹਿਰ ਫਿਰਾਯਾ।
੫. ਸਚਿਆਰੇ ਸ਼ਾਬਾਸ਼ ਹੈ
ਕੂੜਿਆਰੇ ਫਿਟ ਫਿਟ ਕਰਾਯਾ।
੬. ਸੱਚ ਲਹਿਣਾ ਕੂੜ ਦੇਵਣਾ
ਖੱਤ ਸਤਾਂਗਲ ਲਿਖ ਦੇਵਾਯਾ।
੭. ਆਪ ਠਗਾਇ ਨ ਠੱਗੀਐ
ਠੱਗਣਹਾਰੈ ਆਪ ਠਗਾਯਾ।
੮. ਵਿਰਲਾ ਸੱਚ ਵਿਹਾਝਣ ਆਯਾ॥੧੨॥

***ਪਦ ਅਰਥ :*** ਚਉਤੈ—ਨਿਆਂ ਕਰਨ ਵਾਲੀ ਜਗ੍ਹਾ। ਵਿਚਿਦੋ—ਵਕੀਲੀ। ਵਿਹਾਝਣ—ਖ਼ਰੀਦਣ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਵੇਖਦੇ ਹਾਂ ਕਿ ਅਜੋਕੇ ਸਮੇਂ ਵਿਚ ਵਧੇਰੇ ਕੂੜ ਦੀ ਹੀ ਪ੍ਰਧਾਨਗੀ ਹੈ, ਇਸ ਲਈ ਕੂੜੇ ਲੋਕ ਵਧੇਰੇ ਕੂੜ ਦੇ ਨਾਲ ਹੀ ਸਹਿਮਤ ਹੁੰਦੇ ਹਨ, ਆਖ਼ਰ ਸੱਚ ਤੇ ਕੂੜ ਦਾ ਨਿਤਾਰਾ ਕਿਵੇਂ ਹੁੰਦਾ ਹੈ, ਦੱਸਣ ਦੀ ਕ੍ਰਿਪਾ ਕਰੋ?

**ਉ:** ਇਸ ਭਾਵ ਨੂੰ ਮੈਂ ਇਸ ਪਉੜੀ ਵਿਚ ਇਉਂ ਦਰਸਾਇਆ ਹੈ :

(੧) (ਹੇ ਭਾਈਓ! ਜਦੋਂ) ਸੱਚ ਤੇ ਝੂਠ ਦੋਵੇਂ ਝਗੜਾ ਕਰਦੇ (ਮੁਦਈ ਤੇ ਮੁਦਾਲੈ ਰੂਪ ਹੋ ਕੇ) ਨਿਆਂ ਕਰਵਾਣ ਲਈ ਨਿਆਇ ਸਭਾ ਵਿਚ ਆਏ।

(੨) ਅਗੇ ਨਿਆਂ ਕਰਨ ਵਾਲਾ ਹਾਕਮ ਸੱਚਾ ਹੈ, ਉਸਨੇ ਆਪਣੇ ਸਾਹਮਣੇ ਦੋਹਾਂ ਨੂੰ ਝਗੜਾਇਆ (ਭਾਵ ਦੋਹਾਂ ਦੇ ਬਿਆਨ ਸੁਣੇ)।

(੩) ਪੰਚਾਂ ਨੇ ਵਕੀਲਾਂ ਨਾਲ ਵੀਚਾਰ ਕਰਕੇ ਸੱਚ ਨੂੰ ਸੱਚਾ ਤੇ ਝੂਠੇ ਨੂੰ ਝੂਠਾ ਕਹਿ ਕੇ ਸਮਝਾਇਆ।

(੪) (ਆਖ਼ਰ) ਸੱਚ ਜਿੱਤ ਗਿਆ ਤੇ ਝੂਠੇ ਨੂੰ ਝੂਠਾ ਕਹਿ ਕੇ ਸ਼ਹਿਰ ਵਿਚ ਨਸ਼ਰ ਕੀਤਾ ਗਿਆ (ਕਿ ਇਸ ਨਾਲ ਕੋਈ ਵਿਹਾਰ ਕਾਰ ਨ ਕਰੇ)।

(੫) ਸਚਿਆਰ ਪੁਰਸ਼ ਨੂੰ (ਹਰ ਪਾਸਿਓਂ) ਸ਼ਾਬਾਸ਼ ਮਿਲਦੀ ਹੈ ਤੇ ਝੂਠੇ ਨੂੰ ਹਰ ਕੋਈ ਲਾਹਨਤਾਂ ਹੀ ਪਾਉਂਦਾ ਹੈ।

(੬) ਸੱਚ ਲਹਿਣੇਦਾਰ ਤੇ ਝੂਠ ਦੇਣਹਾਰ ਗਿਣਿਆਂ ਜਾਂਦਾ ਹੈ, ਪੰਚ ਲੋਕ ਸੱਤ ਗਵਾਹੀਆਂ ਪੁਆ ਕੇ ਝੂਠੇ ਕੋਲੋਂ ਇਕ ਲਿਖਤ ਲਿਖਵਾ ਕੇ ਸੱਚ ਨੂੰ ਦੇਂਦੇ ਹਨ।

(੭) ਜਿਹੜਾ ਪੁਰਸ਼ ਆਪਣੇ ਆਪ ਨੂੰ ਠਗਾਉਂਦਾ ਹੈ, ਉਹ ਨਹੀਂ ਠੱਗਿਆ ਜਾਂਦਾ, ਸਗੋਂ ਠੱਗਣਹਾਰਾ ਆਪ ਹੀ ਠੱਗਿਆ ਜਾਂਦਾ ਹੈ।

(੮) ਕੋਈ ਵਿਰਲਾ ਪੁਰਸ਼ ਹੀ ਇਸ ਸੰਸਾਰ ਵਿਚ ਸੱਚ ਖ਼ਰੀਦਣ ਲਈ ਆਇਆ ਹੈ।੧੨।

***ਭਾਵਾਰਥ :*** ਭਾਵੇਂ ਆਮ ਸੰਸਾਰੀ ਲੋਕਾਂ ਵਿਚ ਕੂੜ ਦੀ ਪ੍ਰਧਾਨਤਾ ਨਜ਼ਰ ਆਉਂਦੀ ਹੈ, ਕੂੜੇ ਲੋਕਾਂ ਵਿਚ ਕੂੜ ਦਾ ਬੋਲ-ਬਾਲਾ ਭੀ ਵੇਖਣ ਵਿਚ ਆਉਂਦਾ ਹੈ, ਪਰ ਉਸ ਸੱਚੇ ਪ੍ਰਭੂ ਦੇ ਸੱਚੇ ਦਰਬਾਰ ਵਿਚ ਆਖ਼ਰ ਸੱਚ ਦੀ ਹੀ ਜਿੱਤ ਹੁੰਦੀ ਹੈ।

ਇਸ ਪੱਖ ਨੂੰ ਬਾਣੀ ਵਿਚ ਪ੍ਰਗਟਾਇਆ ਗਿਆ ਹੈ, ਜਿਵੇਂ ਕਿ :

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥੨॥

*(ਰਾਮਕਲੀ ਕੀ ਵਾਰ ਮ: ੧, ਪੰਨਾ ੯੫੩)*

## ੧੩. ਰੱਬੀ ਦਰਬਾਰ ਵਿਚ ਤਾਂ ਸੱਚਾ ਮਨੁੱਖ ਹੀ ਚੰਗਾ ਲੱਗਦਾ ਹੈ

੧. ਕੂੜ ਸੁੱਤਾ ਸੱਚ ਜਾਗਦਾ
ਸੱਚੇ ਸਾਹਬ ਦੇ ਮਨ ਭਾਯਾ।
੨. ਸੱਚ ਸੱਚੈ ਕਰ ਪਾਹਰੂ
ਸੱਚ ਭੰਡਾਰ ਉਤੇ ਬਹਲਾਯਾ।

**੩. ਸੱਚ ਆਗੂ ਆਨ੍ਹੇਰ ਕੂੜ**
**ਉੱਝੜ ਦੂਜਾ ਭਾਉ ਚਲਾਯਾ।**
**੪. ਸੱਚ ਸੱਚੇ ਕਰ ਫੌਜਦਾਰ**
**ਰਾਹੁ ਚਲਾਵਨ ਜੋਗ ਪਠਾਯਾ।**
**੫. ਜਗ ਭਵਜਲ ਮਿਲ ਸਾਧ ਸੰਗਿ**
**ਗੁਰੂ ਬੋਹਿਥੈ ਚਾੜ੍ਹ ਤਰਾਯਾ।**
**੬. ਕਾਮ ਕ੍ਰੋਧ ਲੋਭ ਮੋਹ**
**ਫੜ ਅਹੰਕਾਰ ਗਰਦਨਿ ਮਰਵਾਯਾ।**
**੭. ਪਾਰ ਪਏ ਗੁਰੁ ਪੂਰਾ ਪਾਯਾ ॥੧੩॥**

***ਪਦ ਅਰਥ :*** ਪਾਹਰੂ—ਪਹਿਰੇਦਾਰ, ਰਾਖਾ। ਬਹਲਾਯਾ—ਬਿਠਾਇਆ। ਗਰਦਨਿ ਮਰਵਾਯਾ—ਥਾਂ ਮਾਰੇ। ਬੋਹਿਥੈ—ਜਹਾਜ਼।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਦਸੋਗੇ ਕਿ ਉਸ ਸੱਚੇ ਦੇ ਦਰਬਾਰ ਵਿਚ ਕਿਸਨੂੰ ਚੰਗਾ ਮੰਨਿਆ ਜਾਂਦਾ ਹੈ, ਕਿਉਂਕਿ ਵੇਖਦੇ ਹਾਂ ਕਿ ਇਸ ਕੂੜੀ ਦੁਨੀਆਂ ਵਿਚ ਤਾਂ ਵਧੇਰੇ ਕੂੜੇ ਲੋਕਾਂ ਦਾ ਹੀ ਬੋਲ-ਬਾਲਾ ਹੈ, ਸੱਚ ਤਾਂ ਵਿਚਾਰਾ ਛੁੱਪਿਆ ਹੀ ਰਹਿੰਦਾ ਹੈ, ਆਖ਼ਰ ਸੱਚ ਨੂੰ ਸਚਿਆਰ ਕਿਥੇ ਸਮਝਿਆ ਜਾਂਦਾ ਹੈ ?

ਉ: ਹੇ ਭਾਈਓ! ਇਸ ਪੱਖ ਨੂੰ ਸਮਝਣ ਲਈ ਤਾਂ ਜਦੋਂ ਮੈਂ ਗੁਰਮਤ ਨੂੰ ਖੋਜਿਆ ਹੈ ਤਾਂ ਉਸ ਗੁਰਮਤ ਦੁਆਰੇ ਜੋ ਮੈਨੂੰ ਬੋਧ ਮਿਲਿਆ ਹੈ, ਉਸ ਤੋਂ ਮੈਂ ਇਹੋ ਨਿਸਚਾ ਕੀਤਾ ਹੈ ਕਿ ਉਸ ਸੱਚੇ ਦੇ ਸੱਚੇ ਦਰਬਾਰ ਵਿਚ ਕੇਵਲ ਸੱਚੇ ਨੂੰ ਹੀ ਵਡਿਆਇਆ ਜਾਂਦਾ ਹੈ। ਇਸ ਆਪਣੇ ਨਿਸਚੇ ਨੂੰ ਮੈਂ ਇਸ ਪਉੜੀ ਵਿਚ ਉੱਕਰਿਆ ਹੈ, ਜਿਵੇਂ ਕਿ :

(੧) (ਵੇਖਦੇ ਹਾਂ ਕਿ) ਕੂੜ (ਝੂਠ) ਸੁੱਤਾ ਰਹਿੰਦਾ ਹੈ ਤੇ ਸੱਚ ਸਦਾ ਜਾਗਦਾ ਰਹਿੰਦਾ ਹੈ, ਇਸ ਲਈ ਸੱਚੇ ਸਾਹਿਬ (ਪ੍ਰਭੂ) ਨੂੰ ਸੱਚ ਚੰਗਾ ਲੱਗਦਾ ਹੈ।

(੨) ਪ੍ਰਭੂ ਨੇ ਸੱਚ ਨੂੰ ਪਹਿਰੇਦਾਰ ਬਣਾ ਕੇ ਸੱਚ ਦੇ ਖ਼ਜ਼ਾਨੇ ਦੀ ਰਾਖੀ ਕਰਨ ਲਈ ਬਿਠਾਇਆ ਹੈ।

(੩) ਸੱਚ ਆਗੂ ਹੈ ਤੇ ਝੂਠ ਅਨ੍ਹੇਰਾ ਹੈ ਜੋ ਲੋਕਾਂ ਨੂੰ ਦੂਜੇ-ਭਾਵ ਦੀ ਉਜਾੜ ਪਾ ਦਿੰਦਾ ਹੈ।

(੪) ਪ੍ਰਭੂ ਨੇ ਸੱਚ ਨੂੰ ਫ਼ੌਜਦਾਰ ਬਣਾ ਕੇ ਲੋਕਾਂ ਨੂੰ ਸਹੀ ਰਸਤਾ ਦੱਸਣ ਵਾਲਾ ਜਾਣ ਕੇ ਸੰਸਾਰ ਵਿਚ ਭੇਜਿਆ ਹੈ।

(੫) ਸੱਚ ਸਰੂਪ ਸੱਚੇ ਗੁਰੂ ਨੇ ਸਾਧ ਸੰਗਤ ਰੂਪ ਜਹਾਜ਼ 'ਤੇ ਜੀਵਾਂ ਨੂੰ ਚਾੜ੍ਹ ਕੇ ਸੰਸਾਰ ਸਾਗਰ ਤੋਂ ਪਾਰ ਕਰ ਦਿਤਾ ਹੈ।

(੬) ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਆਦਿ ਵੈਰੀਆਂ ਨੂੰ ਧੌਣੋਂ ਫੜ ਕੇ ਮਰਵਾ ਦਿੱਤਾ ਹੈ।

(੭) ਜਿਨ੍ਹਾਂ ਜੀਵਾਂ ਨੇ ਪੂਰੇ ਗੁਰੂ ਨੂੰ ਲੱਭ ਲਿਆ ਹੈ, ਉਹ ਇਸ ਸੰਸਾਰ ਸਾਗਰ ਤੋਂ ਪਾਰ ਹੋ ਗਏ ਹਨ। (ਭਾਵ ਉਹ ਜਨਮ ਮਰਨ ਦੇ ਗੇੜ ਤੋਂ ਛੁਟ ਕੇ ਮੁਕਤ ਹੋ ਗਏ ਹਨ।੧੩।

## ੧੪. ਪੂਰਨ ਪ੍ਰਤਾਪ ਵਾਲਾ ਗੁਰਮੁਖਾਂ ਦਾ ਮਾਰਗ ਹੈ

**੧. ਲੂਣ ਸਾਹਿਬ ਦਾ ਖਾਇਕੈ**
**ਰਣ ਅੰਦਰ ਲੜ ਮਰੈ ਸੁ ਜਾਪੈ।**
**੨. ਸਿਰ ਵੱਢੈ ਹਥਿਆਰ ਕਰ**
**ਵਰੀਆਮਾਂ ਵਰੀਆਮ ਸਿਵਾਪੈ।**
**੩. ਤਿਸ ਪਿੱਛੈ ਜੋ ਇਸਤਰੀ**
**ਥਪਿ ਥੇਈ ਦੇ ਵਰੈ ਸਰਾਪੈ।**
**੪. ਪੋਤੈ ਪੁੱਤ ਵਡੀਰੀਅਨਿ**
**ਪਰਵਾਰੈ ਸਾਧਾਰ ਪਰਾਪੈ।**
**੫. ਵਖਤੈ ਉੱਪਰ ਲੜ ਮਰੈ**
**ਅੰਮ੍ਰਿਤ ਵੇਲੇ ਸ਼ਬਦ ਅਲਾਪੈ।**
**੬. ਸਾਧ ਸੰਗਤਿ ਵਿਚ ਜਾਇਕੈ**
**ਹਉਮੈ ਮਾਰ ਮਰੈ ਆਪ ਆਪੈ।**
**੭. ਲੜ ਮਰਣਾ ਤੇ ਸਤੀ ਹੋਣ**
**ਗੁਰਮੁਖ ਪੰਥ ਪੂਰਣ ਪਰਤਾਪੈ।**
**੮. ਸੱਚਿ ਸਿਦਕ ਸੱਚ ਪੀਰ ਪਛਾਪੈ ॥੧੪॥**

***ਪਦ ਅਰਥ :*** ਥਪਿ ਥੇਈ—ਥੇਈ ਥੱਪਣਾ, ਸੰਕ੍ਰਾਂਤ ਨੂੰ ਦੁੱਧ ਜਾਂ ਦਹੀਂ ਸਤੀ ਦੀ ਭੇਟਾ ਕਰਕੇ ਵਰਤਦੇ ਹਨ, ਮਾੜੇ ਨੂੰ ਸਰਾਪ, ਚੰਗੇ ਨੂੰ ਵਰ ਦਿੰਦੀ ਮੰਨਦੇ ਹਨ। ਰਣ—ਮੈਦਾਨਿ ਜੰਗ। ਪਰਵਾਰੈ ਸਾਧਾਰ ਪਰਾਪੈ—ਪਰਵਾਰ ਨੂੰ ਲਾਭ ਪ੍ਰਾਪਤ ਹੁੰਦਾ ਹੈ। ਪੀਰ—ਗੁਰੂ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਤੁਸੀਂ ਸਾਨੂੰ ਗੁਰਮੁਖਾਂ ਦੇ ਪੂਰਨ ਪ੍ਰਤਾਪ ਬਾਰੇ ਕੋਈ ਬੈਰੂਨੀ ਉਦਾਹਰਣ ਦੇ ਕੇ ਸਮਝਾਓ, ਤਾਕਿ ਅਸੀਂ ਗੁਰਮੁਖਾਂ ਦੇ ਮਾਰਗ ਨੂੰ ਸਹੀ ਰੂਪ ਵਿਚ ਸਮਝ ਸਕੀਏ ?

ਉ: ਹੇ ਭਾਈਓ ! ਮੈਂ ਤੁਹਾਨੂੰ ਗੁਰਮੁਖਾਂ ਦੇ ਪੂਰਨ ਪ੍ਰਤਾਪੀ ਮਾਰਗ ਦੀ ਜਾਣਕਾਰੀ ਇਸ ਪਉੜੀ ਦੀਆਂ ਚੰਦ ਪੰਗਤੀਆਂ ਦੁਆਰੇ ਦੇਣ ਦਾ ਯਤਨ ਕਰਦਾ ਹਾਂ।

(੧) (ਜਿਵੇਂ ਅਸੀਂ ਪ੍ਰਤੱਖ ਵੇਖਦੇ ਹਾਂ ਕਿ) ਮਾਲਕ ਦਾ ਲੂਣ ਖਾ ਕੇ ਜਿਹੜਾ ਸਿਪਾਹੀ ਮੈਦਾਨ ਵਿਚ ਲੜ ਕੇ ਮਰਦਾ ਹੈ (ਉਹ ਨਿਮਕ ਹਲਾਲ) ਜਾਪਦਾ ਹੈ।

(੨) ਜਿਹੜਾ ਸ਼ਸਤ੍ਰਾਂ ਨਾਲ ਵੈਰੀਆਂ ਦਾ ਸਿਰ ਵੱਢਦਾ ਹੈ, ਉਹ ਬਹਾਦਰ ਤੋਂ ਬਹਾਦਰ ਜਾਣਿਆ ਜਾਂਦਾ ਹੈ।

(੩) (ਉਸ ਬਹਾਦਰ ਦੇ ਮਰਨ) ਪਿੱਛੋਂ ਜਿਹੜੀ ਇਸਤ੍ਰੀ ਸਤੀ ਹੋ ਕੇ ਉਸ ਨਾਲ ਮਰਦੀ ਹੈ, ਉਸਦੇ ਸੰਬੰਧੀ ਉਸ ਨੂੰ ਵਰ ਤੇ ਸਰਾਪ ਦੇਣ ਵਾਲੀ ਜਾਣ ਕੇ ਉਸਦੀ ਥਈ ਰਖਦੇ ਹਨ (ਭਾਵ ਸਤੀ ਦੇ ਸੰਬੰਧੀ ਪਹਿਲਾਂ ਸਤੀ ਦੀ ਭੇਟ ਕਰਕੇ ਪਿੱਛੋਂ ਖਾਣਾ ਖਾਂਦੇ ਹਨ)।

(੪) (ਸਤੀ ਦੇ) ਪੁੱਤਰ ਪੋਤਰਿਆਂ ਦੀ ਲੋਕ ਵਡਿਆਈ ਕਰਦੇ ਹਨ ਤੇ ਉਸਦੇ ਪ੍ਰਵਾਰ ਨੂੰ ਲਾਭ ਪੁੱਜਦਾ ਹੈ।

(੫) (ਇਸੇ ਤਰ੍ਹਾਂ ਜਿਹੜੇ ਪੁਰਸ਼) ਕਾਮ, ਕ੍ਰੋਧ ਆਦਿ ਵੈਰੀਆਂ ਨਾਲ ਲੜਦੇ ਹਨ ਤੇ ਅੰਮ੍ਰਿਤ ਵੇਲੇ ਗੁਰੂ ਦੇ ਸ਼ਬਦ (ਗੁਰਬਾਣੀ) ਦਾ ਜਾਪ ਕਰਦੇ ਹਨ।

(੬) (ਅਤੇ) ਸਾਧ ਸੰਗਤ ਵਿਚ ਆਪਣੀ ਹਉਮੈ ਨੂੰ ਮਾਰ ਕੇ ਅਪਣਤ ਖ਼ਤਮ ਕਰ ਦਿੰਦੇ ਹਨ (ਉਹ ਅਸਲ ਸੂਰਮੇ ਹਨ)।

(੭) (ਜਿਸ ਤਰ੍ਹਾਂ) ਮਾਲਕ ਲਈ ਲੜ ਕੇ ਮਰਨਾ ਤੇ ਪਤੀ ਨਾਲ ਸਤੀ ਹੋਣਾ ਵਡਿਆਈ ਵਾਲਾ ਕੰਮ ਗਿਣਿਆ ਜਾਂਦਾ ਹੈ (ਇਸੇ ਤਰ੍ਹਾਂ) ਗੁਰਮੁਖਾਂ ਦਾ ਮਾਰਗ ਪੂਰਨ ਪ੍ਰਤਾਪ ਵਾਲਾ ਹੈ।

(੮) ਜਿਸ ਵਿਚ ਪ੍ਰਭੂ 'ਤੇ ਸੱਚਾ ਸਿਦਕ ਹੈ ਉਹੋ ਸੱਚਾ ਪੀਰ (ਗੁਰੂ) ਪਛਾਣਿਆ ਜਾਂਦਾ ਹੈ।੧੪।

***ਭਾਵਾਰਥ :*** ਇਥੇ ਭਾਈ ਸਾਹਿਬ ਜੀ ਨੇ ਸਤੀ ਆਦਿ ਦਾ ਕਥਨ ਕੇਵਲ ਦ੍ਰਿਸ਼ਟਾਂਤ ਪੂਰਬਕ ਦਰਸਾਇਆ ਹੈ, ਪਰ ਗੁਰਮਤ ਵਿਚ ਸਤੀ ਹੋਣਾ ਜੋਗ ਨਹੀਂ ਮੰਨਿਆ ਗਿਆ।

ਸਤਿਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਤੀ ਹੋਣ ਵੱਲੋਂ ਮਨ੍ਹਾ ਕੀਤਾ ਹੈ, ਸਤੀ ਹੋਣਾ ਗੁਰਮੁਖ ਲਈ ਹਉਮੈ ਤੋਂ ਰਹਿਤ ਹੋਣਾ ਹੀ ਮੰਨਿਆ ਗਿਆ ਹੈ।

## ੧੫. ਗੁਰਮੁਖ ਲੋਕ-ਪ੍ਰਲੋਕ ਵਿਚ ਸੁਰਖ਼ਰੂ ਹਨ

**੧. ਨਿਹਚਲ ਸੱਚਾ ਥੇਹੁ ਹੈ**
**ਸਾਧ ਸੰਗ ਪੰਜੇ ਪਰਧਾਨਾ।**
**੨. ਸਤ ਸੰਤੋਖ ਦਇਆ ਧਰਮ ਅਰਥ**
**ਸਮਰਥ ਸਭੇ ਬੰਧਾਨਾ।**
**੩. ਗੁਰ ਉਪਦੇਸ ਕਮਾਵਣਾ**
**ਗੁਰਮੁਖਿ ਨਾਮ ਦਾਨ ਇਸ਼ਨਾਨਾ।**
**੪. ਮਿੱਠਾ ਬੋਲਣ ਨਿਵ ਚੱਲਣ**
**ਹੱਥਹੁੰ ਦੇਣ ਭਗਤ ਗੁਰ ਗਿਆਨਾ।**
**੫. ਦੁਹੀਂ ਸਰਾਈਂ ਸੁਰਖਰੂ**
**ਸੱਚ ਸ਼ਬਦ ਵੱਜੈ ਨੀਸ਼ਾਨਾ।**
**੬. ਚੱਲਣ ਜਿਨ੍ਹੀਂ ਜਾਣਿਆਂ**
**ਜਗ ਅੰਦਰ ਵਿਰਲੇ ਮਿਹਮਾਨਾ।**
**੭. ਆਪ ਗਵਾਇ ਤਿਸੇ ਕੁਰਬਾਨਾ ।।੧੫।।**

***ਪਦ ਅਰਥ :*** ਥੇਹੁ—ਗ੍ਰਾਮ, ਨਗਰ। ਬੰਧਾਨਾ—ਪਰਬੰਧ। ਦੁਹੀਂ ਸਰਾਈਂ—ਲੋਕ-ਪ੍ਰਲੋਕ। ਸੁਰਖ਼ਰੂ—ਪਤ ਸੰਜੁਗਤ। ਨੀਸ਼ਾਨਾ—ਨਗਾਰਾ। ਕੁਰਬਾਨਾ—ਬਲਿਹਾਰ। ਮਿਹਮਾਨਾ—ਪ੍ਰਾਹੁਣੇ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਜੋ ਗੁਰਮੁਖ ਲੋਕ-ਪ੍ਰਲੋਕ ਵਿਚ ਸੁਰਖ਼ਰੂ ਤੇ ਉੱਜਲੇ ਮੁਖ ਹੁੰਦੇ ਹਨ, ਉਨ੍ਹਾਂ ਵਿਚ ਆਪ ਜੀ ਗੁਰਮਤ ਅਨੁਸਾਰ ਦਸੋਗੇ ਕਿਹੜੀਆਂ ਵਿਸ਼ੇਸ਼ਤਾਵਾਂ ਅਨੁਭਵ ਕਰਦੇ ਹੋ ?

ਉ: ਹੇ ਭਾਈਓ ! ਗੁਰਬਾਣੀ ਦੀ ਪੜਚੋਲ ਕਰਦਿਆਂ ਜੋ ਮੈਨੂੰ ਗੁਰਮੁਖਾਂ ਦੇ ਜੀਵਨਾਂ ਵਿਚ ਦੈਵੀ-ਗੁਣਾਂ ਦੀ ਪ੍ਰਧਾਨਤਾ ਨਜ਼ਰ ਆਈ ਹੈ, ਉਸਨੂੰ ਮੈਂ ਇਸ ਪਉੜੀ ਵਿਚ ਦਰਸਾਉਣ ਦਾ ਥੋੜ੍ਹੇ-ਮਾਤ੍ਰ ਜ਼ਿਕਰ ਕੀਤਾ ਹੈ :

(੧) ਹੇ ਭਾਈ ! (ਗੁਰਬਾਣੀ ਦੁਆਰੇ ਮੈਨੂੰ ਇਹੋ ਬੋਧ ਮਿਲਿਆ ਹੈ ਕਿ) ਸਾਧ ਸੰਗਤ ਰੂਪੀ ਨਗਰ ਅਚੱਲ ਹੈ ਤੇ ਇਸ ਵਿਚ ਪੰਜਾਂ ਗੁਣਾਂ ਦੀ ਪ੍ਰਧਾਨਤਾ ਹੈ।

(੨) (ਇਥੇ) ਸਤ, ਸੰਤੋਖ, ਦਇਆ, ਧਰਮ ਤੇ ਅਰਥ ਦੇ ਸਾਰੇ ਪ੍ਰਬੰਧ ਸਮਰਥ (ਮੁਕੰਮਲ) ਹਨ।

(੩) ਗੁਰਮੁਖ ਗੁਰੂ ਦਾ ਉਪਦੇਸ਼ ਲੈ ਕੇ ਨਾਮ, ਦਾਨ ਤੇ ਇਸ਼ਨਾਨ (ਤਿੰਨੇ ਸ਼ੁਭ ਕਰਮਾਂ ਦੀ) ਕਮਾਈ ਕਰਦੇ ਹਨ।

(੪) (ਗੁਰੂ ਦੇ ਸਿਖ) ਮਿੱਠਾ ਬੋਲਦੇ ਹਨ, ਨਿਉਂਕੇ (ਨਿੰਮ੍ਰਤਾ ਵਿਚ) ਚਲਦੇ ਹਨ, (ਆਪਣੀ ਧਰਮ ਦੀ ਕਮਾਈ ਵਿਚੋਂ) ਦਾਨ ਕਰਦੇ ਹਨ ਤੇ ਗੁਰੂ ਦੇ ਗਿਆਨ ਦੀ ਭਗਤੀ ਕਰਦੇ ਹਨ।

(੫) (ਐਸੇ ਗੁਰਮੁਖ) ਲੋਕ ਤੇ ਪ੍ਰਲੋਕ ਵਿਚ ਸੁਰਖ਼ਰੂ (ਉੱਜਲ ਮੁਖ) ਹੁੰਦੇ ਹਨ ਤੇ ਉਨ੍ਹਾਂ ਲਈ ਸੱਚੇ ਸ਼ਬਦ ਦੇ ਨਗਾਰੇ ਵੱਜਦੇ ਹਨ।

(੬) (ਜਿਨ੍ਹਾਂ ਨੇ ਇਸ ਸੰਸਾਰ ਵਿਚੋਂ ਚਲੇ ਜਾਣ ਨੂੰ ਸੱਚ ਕਰਕੇ ਜਾਣਿਆ ਹੈ, ਐਸੇ ਪ੍ਰਾਹੁਣੇ ਜਗਤ ਵਿਚ ਵਿਰਲੇ ਹਨ।

(੭) ਆਪਾ-ਭਾਵ (ਹਉਮੈਂ-ਹੰਗਤਾ) ਨੂੰ ਗਵਾਉਣ ਵਾਲੇ (ਗੁਰਮੁਖਾਂ) ਤੋਂ ਮੈਂ ਕੁਰਬਾਨ ਜਾਂਦਾ ਹਾਂ।੧੫।

***ਭਾਵਾਰਥ :*** ਬਾਣੀ ਵਿਚ ਭੀ ਇਹੋ ਫੁਰਮਾਨ ਹੈ ਕਿ :

ਆਪੁ ਗਵਾਈਐ ਤਾ ਸਹੁ ਪਾਈਐ
ਅਉਰੁ ਕੈਸੀ ਚਤੁਰਾਈ॥

*(ਤਿਲੰਗ ਮ: ੧, ਪੰਨਾ ੭੨੨)*

## ੧੬. ਪਾਪਾਂ ਦਾ ਫਲ ਆਖ਼ਰ ਦੁਖਦਾਈ ਹੁੰਦਾ ਹੈ

**੧. ਕੂੜ ਅਹੀਰਾਂ ਪਿੰਡ ਹੈ**
**ਪੰਜ ਦੂਤ ਵੱਸਣਿ ਬੁਰਿਆਰਾ।**
**੨. ਕਾਮ ਕਰੋਧ ਵਿਰੋਧ ਨਿਤ**
**ਲੋਭ ਮੋਹ ਧ੍ਰੋਹ ਅਹੰਕਾਰਾ।**
**੩. ਖਿੰਜੋਤਾਣ ਅਸਾਧ ਸੰਗਿ**
**ਵਰਤੈ ਪਾਪੈ ਦਾ ਵਰਤਾਰਾ।**
**੪. ਪਰ ਧਨ ਪਰ ਨਿੰਦਾ ਪਿਆਰ**
**ਪਰ ਨਾਰੀ ਸਿਉ ਵਡੇ ਵਿਕਾਰਾ।**
**੫. ਖਲਹਲ ਮੂਲ ਨ ਚੁਕਈ**
**ਰਾਜ ਡੰਡ ਜਮ ਡੰਡ ਕਰਾਰਾ।**
**੬. ਦੂਹੀਂ ਸਰਾਈਂ ਜ਼ਰਦਰੂ**
**ਜੰਮਣ ਮਰਣ ਨਰਕ ਅਵਤਾਰਾ।**
**੭. ਅੱਗੀਂ ਫਲ ਹੋਵਣ ਅੰਗਿਆਰਾ॥੧੬॥**

***ਪਦ ਅਰਥ :*** ਅਹੀਰਾਂ ਪਿੰਡ—ਸ਼ਿਕਾਰੀਆਂ ਦਾ ਪਿੰਡ। ਵਡੇ ਵਿਕਾਰਾ—ਵੱਡੇ ਪਾਪ। ਖਲਹਲ—ਭੜਥੂ, ਮਾਨਸੀ ਭੜਥੂ। ਜ਼ਰਦਰੂ—ਸ਼ਰਮਿੰਦਾ।

***ਅਰਥ :***

ਪ੍ਰ: ਕਿਉਂ ਭਾਈ ਸਾਹਿਬ ਜੀਉ! ਕੂੜ ਨੂੰ ਲੁਟੇਰਿਆਂ ਦਾ ਪਿੰਡ ਕਿਉਂ ਕਿਹਾ ਜਾਂਦਾ ਹੈ?

ਉ: ਹੇ ਭਾਈਓ! ਇਸ ਬਾਰੇ ਜੋ ਮੈਨੂੰ ਗੁਰਬਾਣੀ ਤੋਂ ਪ੍ਰੇਰਨਾ ਮਿਲੀ ਹੈ, ਉਸਨੂੰ ਮੈਂ ਇਸ ਪਉੜੀ ਵਿਚ ਦਰਸਾਉਣ ਦਾ ਯਤਨ ਕੀਤਾ ਹੈ:

(੧) (ਜਦੋਂ ਗੁਰਮਤ ਦੀ ਵੀਚਾਰ ਕਰੀਏ ਤਾਂ ਇਹ ਜਾਣਕਾਰੀ ਮਿਲਦੀ ਹੈ ਕਿ) ਝੂਠ ਸ਼ਿਕਾਰੀਆਂ (ਲੁਟੇਰਿਆਂ) ਦਾ ਪਿੰਡ ਹੈ, ਜਿਸ ਵਿਚ ਪੰਜੇ ਦੂਤ (ਕਾਮ, ਕ੍ਰੋਧ ਆਦਿ) ਬੁਰਿਆਰ ਵੱਸਦੇ ਹਨ।

(੨) (ਇਥੇ) ਕਾਮ, ਕ੍ਰੋਧ, ਆਦਿ ਦੇ ਸਦਾ ਹੀ ਝਗੜੇ ਚਲਦੇ ਰਹਿੰਦੇ ਹਨ ਤੇ ਲੋਭ, ਮੋਹ ਤੇ ਹੰਕਾਰ ਆਦਿ ਧ੍ਰੋਹੀਆਂ ਦਾ ਵਾਸ ਰਹਿੰਦਾ ਹੈ।

(੩) (ਇਥੇ) ਖੋਟਿਆਂ ਦੀ ਕੁਸੰਗਤ ਵਿਚ ਪਾਟੋ-ਧਾੜ ਪਈ ਰਹਿੰਦੀ ਹੈ ਤੇ ਪਾਪ ਦਾ ਵਰਤਾਰਾ ਹੀ ਵਰਤਦਾ ਹੈ।

(੪) (ਇਥੋਂ ਦੇ ਵਾਸੀ) ਪਰਾਇਆ ਧਨ ਚੁਰਾਉਂਦੇ ਹਨ, ਪਰਾਈ ਨਿੰਦਾ ਕਰਦੇ ਹਨ ਤੇ ਪਰਾਈਆਂ ਇਸਤ੍ਰੀਆਂ ਨਾਲ ਪਿਆਰ ਕਰਨ ਵਰਗੇ ਵੱਡੇ ਵਿਕਾਰ ਕਰਦੇ ਹਨ।

(੫) ਉਨ੍ਹਾਂ ਦੇ ਮਨ ਦਾ ਭੜਥੂ (ਘਬਰਾਹਟ) ਕਦੇ ਵੀ ਨਾਸ ਨਹੀਂ ਹੁੰਦਾ ਤੇ ਉਹ ਕਰੜਾ ਰਾਜ-ਦੰਡ ਸਹਿੰਦੇ ਹਨ।

(੬) ਲੋਕ-ਪ੍ਰਲੋਕ ਵਿਚ ਉਹ ਸ਼ਰਮਿੰਦੇ ਹੁੰਦੇ ਹਨ ਤੇ ਜੰਮਣ-ਮਰਣ ਦੇ ਚੱਕ੍ਰ ਵਿਚ ਪਏ ਰਹਿੰਦੇ ਹਨ ਤੇ ਨਰਕਾਂ ਦੇ ਦੁਖ ਸਹਾਰਦੇ ਹਨ।

(੭) ਅੱਗ ਦਾ ਫਲ ਅੰਗਿਆਰ ਹੀ ਹੁੰਦੇ ਹਨ (ਭਾਵ ਪਾਪਾਂ ਦਾ ਫਲ ਦੁਖਦਾਈ ਹੁੰਦਾ ਹੈ।)।੧੬।

## ੧੭. ਸੱਚ ਵਿਚ ਕੂੜ ਦੀ ਮਿਲਾਵਟ ਨਹੀਂ ਹੋ ਸਕਦੀ

**੧. ਸੱਚ ਸਪੂਰਣ ਨਿਰਮਲਾ**
**ਤਿਸ ਵਿਚ ਕੂੜ ਨ ਰਲਦਾ ਰਾਈ।**
**੨. ਅੱਖੀਂ ਕਤ ਨ ਸੰਜਰੈ**
**ਤ੍ਰਿਣ ਅਉਖਾ ਦੁਖ ਰੈਣ ਵਿਹਾਈ।**
**੩. ਭੋਜਨ ਅੰਦਰ ਮੱਖ ਜਿਉਂ**
**ਹੋਇ ਦੁਕੁੱਧਾ ਫੇਰ ਕਢਾਈ।**
**੪. ਰੂਈਂ ਅੰਦਰ ਚਿਣਗ ਵਾਂਗ**
**ਦਹਿ ਭਸਮੰਤ ਕਰੇ ਦੁਖਦਾਈ।**
**੫. ਕਾਂਜੀ ਦੁੱਧ ਕੁਸੁਧ ਹੋਇ**
**ਫਿੱਟੈ ਸਾਦਹੁੰ ਵੰਨਹੁੰ ਜਾਈ।**
**੬. ਮਹੁਰਾ ਚੁੱਖਕੁ ਚੱਖਿਆਂ**
**ਪਾਤਿਸ਼ਾਹਾਂ ਮਾਰੇ ਸਹਮਾਈ।**
**੭. ਸੱਚ ਅੰਦਰ ਕਿਉਂ ਕੂੜ ਸਮਾਈ ॥੧੭॥**

***ਪਦ ਅਰਥ :*** ਤ੍ਰਿਣ—ਤੀਲਾ। ਮੱਖ—ਮੱਖੀ। ਸਹਮਾਈ—ਝਟਪਟ।

*ਅਰਥ :*

**ਪ੍ਰ:** ਭਾਈ ਸਾਹਿਬ ਜੀਉ ! ਆਪ ਜੀ ਕਈ ਵਾਰ ਵੀਚਾਰ ਦਿਆ ਕਰਦੇ ਹੋ ਕਿ ਸੱਚ ਤੇ ਕੂੜ ਦਾ ਤਾਲ-ਮੇਲ ਨਹੀਂ ਹੋ ਸਕਦਾ, ਕਿਉਂ ਜੀ ! ਦਸੋਗੇ ਕਿ ਇਨ੍ਹਾਂ ਵਿਚ ਪ੍ਰਸਪਰ ਕਿਤਨਾ ਕੁ ਅੰਤਰਾ ਹੈ ?

**ਉ:** ਹੇ ਭਾਈਓ ! ਇਸ ਪੱਖ ਵਿਚ ਜੋ ਮੈਨੂੰ ਗੁਰਬਾਣੀ ਤੋਂ ਪ੍ਰੇਰਨਾ ਮਿਲੀ ਹੈ, ਮੈਂ ਉਸਨੂੰ ਇਸ ਪਉੜੀ ਵਿਚ ਦਰਸਾਉਣ ਦਾ ਨਾਮ-ਮਾਤ੍ਰ ਯਤਨ ਕੀਤਾ ਹੈ :

(੧) (ਜਦੋਂ ਅਸੀਂ ਵੀਚਾਰ ਕਰੀਏ ਤਾਂ ਇਹੋ ਸਾਬਤ ਹੁੰਦਾ ਹੈ ਕਿ) ਸੱਚ ਪੂਰਨ ਤੌਰ ਪਰ ਨਿਰਮਲ (ਉੱਜਲਾ) ਹੁੰਦਾ ਹੈ, ਉਸ ਵਿਚ ਝੂਠ ਰਾਈ-ਮਾਤ੍ਰ ਵੀ ਨਹੀਂ ਰਲ ਸਕਦਾ (ਇਸ ਵਿਚ ਅਗੇ ਕਈ ਦ੍ਰਿਸ਼ਟਾਂਤ ਦੇਂਦੇ ਹਨ) ਜਿਵੇਂ ਕਿ :

(੨) ਅੱਖਾਂ ਵਿਚ ਜ਼ਰਾ-ਮਾਤ੍ਰ ਵੀ ਤੀਲਾ ਨਹੀਂ ਸਮਾਉਂਦਾ, ਜੇ ਤੀਲਾ ਪੈ ਜਾਵੇ ਤਾਂ ਸਾਰੀ ਰਾਤ ਦੁਖ ਵਿਚ ਬੀਤਦੀ ਹੈ।

(੩) (ਜਿਵੇਂ) ਖਾਣੇ ਵਿਚ ਮੱਖੀ ਪੈ ਜਾਵੇ (ਜੇ ਨਿਗਲੀ ਜਾਵੇ) ਤਾਂ ਉਤਾੜਾਂ ਕਰਕੇ ਭੋਜਨ ਨੂੰ ਬਾਹਰ ਕਢਾ ਦਿੰਦੀ ਹੈ।

(੪) (ਜਿਵੇਂ) ਰੂੰ ਵਿਚ ਅੱਗ ਦੀ ਚਿਣਗ ਪੈ ਜਾਵੇ ਤਾਂ ਉਹ ਸਾਰੀ ਰੂੰ ਨੂੰ ਸਾੜ ਕੇ ਸੁਆਹ ਕਰ ਦੇਂਦੀ ਹੈ।

(੫) ਜੇ ਦੁੱਧ ਵਿਚ ਕਾਂਜੀ ਦੀ ਛਿੱਟ ਪੈ ਜਾਵੇ ਤਾਂ ਸਾਰਾ ਦੁੱਧ ਫਿਟ ਜਾਂਦਾ ਹੈ ਤੇ ਉਸਦਾ ਸੁਆਦ ਤੇ ਰੰਗ ਵਿਗੜ ਜਾਂਦਾ ਹੈ।

(੬) ਥੋੜ੍ਹਾ ਜਿਹਾ ਜ਼ਹਿਰ ਭਾਵੇਂ ਬਾਦਸ਼ਾਹ ਵੀ ਚਖੇ ਤਾਂ ਉਹ ਉਸਨੂੰ ਝਟ ਮਾਰ ਦੇਂਦਾ ਹੈ।

(੭) (ਇਸੇ ਤਰ੍ਹਾਂ) ਸੱਚ ਅੰਦਰ ਝੂਠ ਦੀ ਸਮਾਈ ਕਿਸ ਤਰ੍ਹਾਂ ਹੋ ਸਕਦੀ ਹੈ ? (ਭਾਵ ਕਿਸੇ ਸੂਰਤ ਵਿਚ ਭੀ ਇਹ ਗੱਲ ਨਹੀਂ ਹੋ ਸਕਦੀ)।੧੭।

## ੧੮. ਕੂੜ ਸੱਚ ਨੂੰ ਨਹੀਂ ਪੁੱਜ ਸਕਦਾ

**੧. ਗੁਰਮੁਖ ਸੱਚ ਅਲਿਪਤ ਹੈ**
**ਕੂੜਹੁੰ ਲੇਪ ਨ ਲੱਗੈ ਭਾਈ।**
**੨. ਚੰਦਨ ਸੱਪੀਂ ਵੇੜ੍ਹਿਆ**
**ਚੜ੍ਹੈ ਨ ਵਿੱਸ ਨ ਵਾਸ ਘਟਾਈ।**
**੩. ਪਾਰਸ ਅੰਦਰ ਪੱਥਰਾਂ**
**ਅਸ਼ਟਧਾਂਤ ਮਿਲ ਵਿਗੜ ਨ ਜਾਈ।**
**੪. ਗੰਗਾ ਸੰਗ ਅਪਵਿਤ੍ਰ ਜਲ**
**ਕਰ ਨ ਸਕੈ ਅਪਵਿੱਤ੍ਰ ਮਿਲਾਈ।**
**੫. ਸਾਇਰ ਅੱਗ ਨ ਲੱਗਈ**
**ਮੇਰ ਸੁਮੇਰ ਨ ਵਾਉ ਡੁਲਾਈ।**
**੬. ਬਾਣ ਨ ਧੁਰ ਅਸਮਾਨ ਜਾਇ**
**ਵਾਹੇਂਦੜ ਪਿਛੈ ਪਛੁਤਾਈ।**
**੭. ਓੜਕ ਕੂੜ ਕੂੜੋ ਹੁਇ ਜਾਈ ॥੧੮॥**

***ਪਦ ਅਰਥ :*** ਅਲਿਪਤ—ਨਿਰਲੇਪ। ਮੇਰ—ਟਿੱਲਾ। ਸਾਇਰ—ਸਮੁੰਦਰ। ਬਾਣ—ਤੀਰ। ਵਾਹੇਂਦੜ—ਤੀਰ ਅੰਦਾਜ਼, ਮਾਰਨ ਵਾਲਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਜੇ ਕਿਸੇ ਸੱਚੇ ਗੁਰਮੁਖ ਨੂੰ ਕਿਸੇ ਕੂੜੇ ਮਨੁੱਖ ਦੀ ਸੰਗਤ ਹੋਇ ਜਾਵੇ, ਕੀ ਉਸ ਨੂੰ ਅਸਰ ਨਹੀਂ ਹੋਵੇਗਾ ? ਇਸ ਬਾਰੇ ਆਪ ਜੀ ਆਪਣੇ ਵੀਚਾਰ ਦਿਓ ਕਿ ਗੁਰਮਤ ਇਸ ਦੇ ਸੰਬੰਧ ਵਿਚ ਕੀ ਅਰਥ ਭਾਵ ਪ੍ਰਗਟ ਕਰਦੀ ਹੈ ?

ਉ: ਹੇ ਭਾਈਓ ! ਇਸ ਬਾਰੇ ਜੋ ਬਾਣੀ ਦੀ ਖੋਜ ਕਰਦਿਆਂ ਮੈਨੂੰ ਭਾਵਾਰਥ ਸਾਹਮਣੇ ਆਏ ਹਨ, ਉਹ ਮੈਂ ਇਸ ਪਉੜੀ ਵਿਚ ਕਈ ਉਦਾਹਰਣ ਦੇ ਕੇ ਪ੍ਰਗਟ ਕਰਨ ਦਾ ਉਪਰਾਲਾ ਕੀਤਾ ਹੈ ਤੇ ਸੱਚ ਦੀ ਜਿਥੇ ਤੱਕ ਪਹੁੰਚ ਹੈ, ਉਥੇ ਕੂੜ ਨਹੀਂ ਪੁੱਜ ਸਕਦਾ।

(੧) (ਜਿਵੇਂ ਅਸੀਂ ਪ੍ਰਤੱਖ ਵੇਖਦੇ ਹਾਂ ਕਿ) ਗੁਰਮੁਖ ਭਾਈ ਸਦਾ ਸੱਚੇ ਅਤੇ ਨਿਰਲੇਪ ਹਨ, ਉਨ੍ਹਾਂ ਨੂੰ ਝੂਠ ਦਾ ਲੇਪ (ਦੋਸ਼) ਨਹੀਂ ਲੱਗਦਾ।

(੨) (ਜਿਵੇਂ) ਚੰਦਨ ਦਾ ਬ੍ਰਿਛ ਸੱਪਾਂ ਨਾਲ ਘਿਰਿਆ ਰਹਿੰਦਾ ਹੈ, ਪਰ ਉਸਨੂੰ ਸੱਪਾਂ ਦੀ ਜ਼ਹਿਰ ਨਹੀਂ ਚੜ੍ਹਦੀ ਤੇ ਨਾ ਹੀ ਉਸਦੀ ਸੁਗੰਧੀ ਘਟਦੀ ਹੈ।

(੩) (ਜਿਵੇਂ) ਪਾਰਸ ਪੱਥਰਾਂ ਅੰਦਰ ਰਹਿੰਦਾ ਹੈ, ਪਰ ਅੱਠਾਂ ਧਾਤਾਂ ਨਾਲ ਮਿਲ ਕੇ ਉਹ ਵਿਗੜਦਾ ਨਹੀਂ।

(੪) (ਜਿਵੇਂ) ਗੰਗਾ ਦੇ ਪਵਿੱਤ੍ਰ ਜਲ ਨੂੰ ਗੰਦਾ ਪਾਣੀ ਮਿਲ ਕੇ ਅਪਵਿੱਤ੍ਰ ਨਹੀਂ ਕਰ ਸਕਦਾ।

(੫) (ਜਿਵੇਂ) ਸਮੁੰਦਰ ਨੂੰ ਅੱਗ ਨਹੀਂ ਲੱਗ ਸਕਦੀ ਤੇ ਸੁਮੇਰ ਪਰਬਤ ਨੂੰ ਹਵਾ ਨਹੀਂ ਹਿਲਾ ਸਕਦੀ।

(੬) (ਜਿਵੇਂ) ਤੀਰ ਧੁਰ ਅਕਾਸ਼ ਤਕ ਨਹੀਂ ਜਾਂਦਾ ਤੇ ਮਾਰਨ ਵਾਲਾ ਪਿੱਛੋਂ ਪਛਤਾਉਂਦਾ ਹੈ।

(੭) (ਇਸੇ ਤਰ੍ਹਾਂ) ਝੂਠ ਓੜਕ ਨੂੰ ਝੂਠ ਹੀ ਰਹਿੰਦਾ ਹੈ (ਉਹ ਸੱਚ ਨਹੀਂ ਹੋ ਸਕਦਾ)।੧੮।

***ਭਾਵਾਰਥ :*** ਇਸ ਪਉੜੀ ਵਿਚ ਇਹੋ ਦਰਸਾਇਆ ਹੈ, ਕਿ ਜਿਵੇਂ ਸੁਲਹੀ ਜੈਸੇ ਵੇਮੁਖਾਂ ਨੇ ਕਿਤਨਾ ਹੀ ਗੁਰੂ ਸੂਰਜ ਨਾਲ ਧ੍ਰੋਹ ਕੀਤਾ, ਪ੍ਰੰਤੂ ਅੰਧੇਰੇ ਵਾਂਗੂ ਆਪ ਹੀ ਪਿੱਛੋਂ ਨਾਸ ਹੋ ਗਏ, ਆਵੇ ਨੂੰ ਦੇਖਦਾ ਹੀ ਪੈਰ ਖਿਸਕਣ ਨਾਲ ਵਿਚੇ ਸੜ ਕੇ ਗ਼ਰਕ ਹੋ ਗਿਆ। ਗੁਰੂ ਸੁਮੇਰ ਵਾਂਗ ਅਡੋਲ ਤੇ ਅਟੱਲ ਰਹੇ।

ਜਿਵੇਂ ਚੰਦਨ ਨੂੰ ਸੱਪ, ਪਾਰਸ ਨੂੰ ਧਾਤਾਂ, ਗੰਗਾ ਨੂੰ ਮੋਰੀ ਜਲ, ਸਮੁੰਦਰ ਨੂੰ ਬੜਵਾ, ਮੇਰ ਨੂੰ ਵਾਉ, ਅਕਾਸ਼ ਨੂੰ ਬਾਣ ਨਹੀਂ ਅੱਪੜ ਸਕਦੇ ਤੇ ਸੱਚ ਨੂੰ ਕੂੜ ਨਹੀਂ ਅੱਪੜ ਸਕਦਾ, ਗੁਰੂ ਫ਼ੁਰਮਾਨ ਹੈ :

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥੨॥

*(ਰਾਮਕਲੀ ਕੀ ਵਾਰ ਮ: ੧, ਪੰਨਾ ੯੫੩)*

## ੧੯. ਪ੍ਰਭੂ ਦੀ ਹਜ਼ੂਰੀ ਵਿਚ ਸੱਚਾ ਹੀ ਸੋਭਦਾ ਹੈ

**੧. ਸੱਚ ਸਚਾਵਾ ਮਾਣ ਹੈ**
**ਕੂੜ ਕੂੜਾਵੀ ਮਣੀ ਮਨੂਰੀ।**
**੨. ਕੂੜੇ ਕੂੜੀ ਪਾਇ ਹੈ**
**ਸੱਚ ਸਚਾਵੀ ਗੁਰਮਤਿ ਪੂਰੀ।**
**੩. ਕੂੜੇ ਕੂੜਾ ਜੋਰ ਹੈ**
**ਸੱਚ ਸਤਾਣੀ ਗਰਬ ਗਰੂਰੀ।**
**੪. ਕੂੜ ਨ ਦਰਗਹ ਮੰਨੀਐ**
**ਸੱਚ ਸੁਹਾਵਾ ਸਦਾ ਹਜ਼ੂਰੀ।**
**੫. ਸ਼ੁਕਰਾਨਾ ਹੈ ਸੱਚ ਘਰ**
**ਕੂੜ ਕੁਫਰ ਘਰ ਨਾ ਸਾਬੂਰੀ।**
**੬. ਹਸਤਿ ਚਾਲ ਹੈ ਸੱਚ ਦੀ**
**ਕੂੜ ਕੁਢੰਗੀ ਚਾਲ ਭੇਡੂਰੀ।**
**੭. ਮੂਲੀ ਪਾਨ ਡਕਾਰ ਜਿਉਂ**
**ਮੁੱਲ ਨ ਤੁੱਲ ਲਸਣ ਕਸਤੂਰੀ।**
**੮. ਬੀਜੇ ਵਿੱਸੁ ਨ ਖਾਵੈ ਚੂਰੀ॥੧੯॥**

***ਪਦ ਅਰਥ :*** ਮਣੀ ਮਨੂਰੀ—ਸੋਭਾ ਤੇ ਮਨੌਤ। ਕੂੜੀ ਪਾਇ ਹੈ—ਝੂਠੀ ਆਬਰੋ ਹੈ। ਗਰੂਰੀ—ਮਾਣ, ਗੰਭੀਰਤਾ। ਸਬੂਰੀ—ਸਬਰ, ਸੰਤੋਖ। ਹਸਤਿ—ਹਾਥੀ। ਭੇਡੂਰੀ—ਭੇਡਾਂ ਵਾਲੀ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਸੱਚ ਤੇ ਝੂਠ ਦਾ ਪ੍ਰਸਪਰ ਕਿਤਨਾ ਕੁ ਅੰਤਰਾ ਹੈ ?

ਉ: ਹੇ ਭਾਈਓ ! ਇਸ ਭਾਵ ਨੂੰ ਭੀ ਮੈਂ ਗੁਰਮਤ ਅਨੁਸਾਰ ਇਸ ਪਉੜੀ ਵਿਚ ਦਰਸਾਇਆ ਹੈ :

(੧) ਸੱਚ ਦਾ ਸਦਾ ਹੀ ਸਤਿਕਾਰ ਹੁੰਦਾ ਹੈ, ਝੂਠ ਦੀ ਮਨੌਤ ਜਾਂ ਸੋਭਾ ਝੂਠੀ ਹੁੰਦੀ ਹੈ।

(੨) ਝੂਠਿਆਂ ਦੀ ਇੱਜ਼ਤ ਝੂਠੀ ਹੈ ਅਤੇ ਸੱਚਿਆਂ ਦੀ ਗੁਰੂ ਦੀ ਸਿਖਿਆ ਦੀ ਕਮਾਈ ਕਰਨ ਕਰਕੇ ਸੱਚੀ ਇੱਜ਼ਤ ਹੁੰਦੀ ਹੈ।

(੩) ਝੂਠਿਆਂ ਦਾ ਜ਼ੋਰ ਝੂਠਾ ਹੁੰਦਾ ਹੈ ਤੇ ਸੱਚਿਆਂ ਦਾ ਸ਼ੁੱਧ

ਮਾਣ ਗੰਭੀਰਤਾ ਵਾਲਾ ਤੇ ਬਲਵਾਨ ਹੈ।

(੪) (ਪ੍ਰਭੂ ਦੀ ਸੱਚੀ ਦਰਗਾਹ ਵਿਚ ਕੂੜਿਆਰ ਦੀ ਮਨੌਤ ਨਹੀਂ ਹੁੰਦੀ ਤੇ ਸੱਚਾ (ਪੁਰਸ਼) ਹਮੇਸ਼ਾ ਪ੍ਰਭੂ ਦੀ ਹਜ਼ੂਰੀ ਵਿਚ ਸੋਭਦਾ ਹੈ।

(੫) ਸਚਿਆਰ ਸਦਾ ਪ੍ਰਭੂ ਦਾ ਸ਼ੁਕਰਾਨਾ (ਧੰਨਵਾਦ) ਕਰਦਾ ਹੈ ਤੇ ਝੂਠੇ ਦੇ ਘਰ ਵਿਚ ਕੁਫਰ ਤੇ ਨਾ-ਸਾਬੂਰੀ ਹੁੰਦੀ ਹੈ।

(੬) ਸੱਚ ਦੀ ਚਾਲ ਮਸਤ ਹਾਥੀ ਵਾਂਗੂੰ ਹੈ ਤੇ ਝੂਠੇ ਦੀ ਚਾਲ ਭੇਡਾਂ ਵਰਗੀ ਕੁਢੰਗੀ ਹੁੰਦੀ ਹੈ।

(੭) ਮੂਲੀ ਤੇ ਪਾਨ ਦੇ ਡਕਾਰ ਵਾਗੂੰ ਥੋਮ ਤੇ ਕਸਤੂਰੀ ਦਾ ਮੁੱਲ ਬਰਾਬਰ ਨਹੀਂ ਹੁੰਦਾ।

(੮) ਜ਼ਹਿਰ ਬੀਜ ਕੇ ਕੋਈ ਚੂਰੀ ਨਹੀਂ ਖਾ ਸਕਦਾ (ਭਾਵ ਖੋਟੇ ਕਰਮਾਂ ਤੋਂ ਭਲੇ ਦੀ ਆਸ ਰੱਖਣਾ ਵਿਅਰਥ ਹੈ)।੧੯।

## ੨੦. ਜੈਸਾ ਬੀਜੈ ਸੁ ਲੁਣੈ

**੧. ਸੱਚ ਸੁਭਾਉ ਮਜੀਠ ਦਾ**
**ਸਹੈ ਅਵੱਟਣ ਰੰਗ ਚੜ੍ਹਾਏ।**
**੨. ਸਣ ਜਿਉਂ ਕੂੜ ਸੁਭਾਉ ਹੈ**
**ਖੱਲ ਕਢਾਇ ਵਟਾਇ ਬਨ੍ਹਾਏ।**
**੩. ਚੰਦਨ ਪਰਉਪਕਾਰ ਕਰ**
**ਅਫਲ ਸਫਲ ਵਿਚ ਵਾਸੁ ਵਸਾਏ।**
**੪. ਵੱਡਾ ਵਿਕਾਰੀ ਵਾਂਸ ਹੈ**
**ਹਉਮੈ ਜਲੈ ਗਵਾਂਢ ਜਲਾਏ।**
**੫. ਜਾਣ ਅਮਿਉ ਰਸ ਕਾਲਕੂਟ**
**ਖਾਧੈ ਮਰੈ ਮੁਏ ਜੀਵਾਏ।**
**੬. ਦਰਗਹ ਸੱਚੁ ਕਬੂਲ ਹੈ**
**ਕੂੜਹੁੰ ਦਰਗਹ ਮਿਲੈ ਸਜਾਏ।**
**੭. ਜੋ ਬੀਜੈ ਸੋਈ ਫਲ ਖਾਏ ॥੨੦॥੩੦॥**

***ਪਦ ਅਰਥ :*** ਅਵੱਟਣ—ਅੱਗ ਦੇ ਉਬਾਲ। ਅਮਿਉ—ਅੰਮ੍ਰਿਤ। ਕਾਲਕੂਟ—ਜ਼ਹਿਰ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਸੱਚੇ ਤੇ ਝੂਠੇ ਦੇ ਸੁਭਾਉ ਵਿਚ ਕੀ ਮਤਭੇਦ ਹੈ ?

**ਉ:** ਹੇ ਭਾਈਓ ! ਇਸ ਭਾਵ ਨੂੰ ਭੀ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ :

(੧) (ਜਿਵੇਂ ਵੇਖਣ ਵਿਚ ਆਉਂਦਾ ਹੈ ਕਿ) ਸੱਚ ਦਾ ਸੁਭਾਉ ਮਜੀਠ ਵਾਂਗੂੰ ਹੈ, ਜੋ ਉਬਾਲੇ ਸਹਿ ਕੇ (ਕੱਪੜੇ 'ਤੇ) ਪੱਕਾ ਰੰਗ ਚੜ੍ਹਾਉਂਦੀ ਹੈ।

(੨) ਕੂੜ ਦਾ ਸੁਭਾਅ ਸਣ ਵਰਗਾ ਹੈ, ਜੋ ਆਪਣੀ ਖੱਲ ਲੁਹਾ ਕੇ ਵੀ ਬੰਨ੍ਹਣ ਲਈ ਰੱਸੇ ਬਣਾਉਂਦੀ ਹੈ।

(੩) ਚੰਦਨ ਦਾ ਬੂਟਾ ਪਰਉਪਕਾਰੀ ਹੁੰਦਾ ਹੈ, ਜੋ ਫਲ-ਹੀਣ ਬ੍ਰਿਛਾਂ ਨੂੰ ਵਾਸ਼ਨਾ ਵਾਲਾ ਕਰਕੇ ਸਫਲ ਕਰ ਦਿੰਦਾ ਹੈ (ਇਸੇ ਤਰ੍ਹਾਂ ਸੱਚਾ ਪੁਰਸ਼ ਪਰਉਪਕਾਰੀ ਹੁੰਦਾ ਹੈ)।

(੪) (ਝੂਠਾ ਪੁਰਸ਼) ਵਾਂਸ ਵਾਂਗੂੰ ਵਿਕਾਰੀ (ਨਿਕੰਮਾ) ਹੁੰਦਾ ਹੈ ਜੋ ਆਪ ਹਉਮੈ ਵਿਚ ਸੜਦਾ ਹੈ ਤੇ ਗੁਆਂਢੀਆਂ ਨੂੰ ਸਾੜਦਾ ਹੈ।

(੫) ਅੰਮ੍ਰਿਤ ਰਸ ਦੇ ਚੱਖਣ ਨਾਲ ਮੋਇਆ ਪੁਰਸ਼ ਜਿਉ ਪੈਂਦਾ ਹੈ ਤੇ ਜ਼ਹਿਰ ਨੂੰ ਖਾ ਕੇ ਜੀਉਂਦਾ ਆਦਮੀ ਮਰ ਜਾਂਦਾ ਹੈ (ਇਸੇ ਤਰ੍ਹਾਂ ਸੱਚ ਤੇ ਝੂਠ ਨੂੰ ਜਾਣੋ)।

(੬) ਪ੍ਰਭੂ ਦੀ ਦਰਗਾਹ ਵਿਚ ਸੱਚ ਪ੍ਰਵਾਨ ਹੁੰਦਾ ਹੈ ਤੇ ਝੂਠੇ ਨੂੰ ਸਜ਼ਾ ਮਿਲਦੀ ਹੈ।

(੭) ਜਿਹੋ ਜਿਹਾ ਬੀਜ ਕੋਈ ਬੀਜਦਾ ਹੈ ਉਹੋ ਜਿਹਾ ਫਲ ਉਹ ਖਾਂਦਾ ਹੈ।੨੦।੩੦।

***ਭਾਵਾਰਥ :*** ਇਹ ਸਰੀਰ ਕਰਮਾਂ ਰੂਪੀ ਬੀਜ ਬੀਜਣ ਲਈ ਨਿਰੰਕਾਰ ਵਲੋਂ ਇਕ ਪ੍ਰਕਾਰ ਦੀ ਧਰਤੀ ਦਿਤੀ ਗਈ ਹੈ, ਹੁਣ ਇਸ ਵਿਚ ਜੋ ਵੀ ਕੋਈ ਚੰਗੇ ਮਾੜੇ ਕਰਮਾਂ ਦਾ ਬੀਜ ਬੋਵੇਗਾ ਉਸ ਨੂੰ ਉਹੋ ਜਿਹਾ ਫਲ ਪ੍ਰਾਪਤ ਹੋਵੇਗਾ, ਕਿਉਂਕਿ ਇਹ ਬਾਣੀ ਦਾ ਸੰਕੇਤ ਹੈ ਕਿ :

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥

*(ਬਾਰਹ ਮਾਹਾ ਮ: ੫, ਪੰਨਾ ੧੩੪)*

(ਤੀਹਵੀਂ ਵਾਰ ਸਮਾਪਤ)

# ਵਾਰ ੩੧

ੴ ਸਤਿਗੁਰ ਪ੍ਰਸਾਦਿ॥

## ੧. ਗੁਣਾਂ ਤੇ ਅਉਗੁਣਾਂ ਦਾ ਨਿਰਣਯ

**੧. ਸਾਇਰ ਵਿਚਹੁੰ ਨਿੱਕਲੇ**
**ਕਾਲਕੂਟ ਤੇ ਅੰਮ੍ਰਿਤ ਵਾਣੀ।**
**੨. ਉਤ ਖਾਧੇ ਮਰ ਮੁੱਕੀਐ**
**ਉਤ ਖਾਧੇ ਹੁਇ ਅਮਰ ਪਰਾਣੀ।**
**੩. ਵਿਸ ਵੱਸੈ ਮੂੰਹ ਸੱਪ ਦੇ**
**ਗਰੜ ਦੁਗਾਰਿ ਅਮਿਅ ਰਸ ਜਾਣੀ।**
**੪. ਕਾਉਂ ਨ ਭਾਵੈ ਬੋਲਿਆ**
**ਕੋਇਲ ਬੋਲੀ ਸਭਨਾ ਭਾਣੀ।**
**੫. ਬੁਰ ਬੋਲਾ ਨਾ ਸੁਖਾਵਈ**
**ਮਿਠ ਬੋਲਾ ਜਗ ਮਿੱਤ ਵਿਡਾਣੀ।**
**੬. ਬੁਰਾ ਭਲਾ ਸੈਂਸਾਰ ਵਿਚ**
**ਪਰਉਪਕਾਰ ਵਿਕਾਰ ਨਿਸਾਣੀ।**
**੭. ਗੁਣ ਅਵਗੁਣ ਗਤਿ ਆਖਿ ਵਖਾਣੀ ॥੧॥**

***ਪਦ ਅਰਥ :*** ਵਾਣੀ—ਵੰਨਗੀ। ਸਾਇਰ—ਸਮੁੰਦਰ। ਕਾਲਕੂਟ—ਜ਼ਹਿਰ। ਗਰੜ ਦੁਗਾਰਿ—ਗਰੁੜ ਮੰਤਰ। ਵਿਡਾਣੀ—ਅਸਚਰਜ। ਨਿਸਾਣੀ—ਚਿੰਨ੍ਹ। ਗਤਿ—ਦਸ਼ਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਬੋਲਦਾ ਤਾਂ ਹਰ ਮਨੁੱਖ ਹੀ ਵੇਖੀਦਾ ਹੈ, ਪਰ ਆਪ ਜੀ ਇਨ੍ਹਾਂ ਦੇ ਬੋਲਣ ਵਿਚ ਕਿਤਨਾ ਕੁ ਅੰਤਰਾ ਅਨੁਭਵ ਕਰਦੇ ਹੋ?

**ਉ:** ਹੇ ਭਾਈਓ! ਇਸ ਸੰਬੰਧ ਵਿਚ ਭੀ ਜੋ ਮੈਨੂੰ ਗੁਰਬਾਣੀ ਵਿਚੋਂ ਬੋਧ ਮਿਲਿਆ ਹੈ, ਉਹ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ:

(੧) (ਜਿਵੇਂ ਕਿ ਅਸੀਂ ਪ੍ਰਤੱਖ ਹੀ ਵੇਖਦੇ ਹਾਂ ਕਿ) ਸਮੁੰਦਰ ਵਿਚੋਂ ਜ਼ਹਿਰ ਤੇ ਅੰਮ੍ਰਿਤ (ਦੋਵੇਂ ਚੀਜ਼ਾਂ) ਨਿਕਲੀਆਂ ਹਨ।*

(੨) ਉਤ (ਭਾਵ ਉਸ) ਜ਼ਹਿਰ ਦੇ ਖਾਣ ਨਾਲ ਆਦਮੀ ਮਰ ਜਾਂਦਾ ਹੈ ਤੇ ਅੰਮ੍ਰਿਤ ਦੇ ਵਰਤਣ ਨਾਲ ਜੀਵ ਅਮਰ ਹੋ ਜਾਂਦਾ ਹੈ।

(੩) ਸੱਪ ਦੇ ਮੂੰਹ ਵਿਚ ਜ਼ਹਿਰ ਤੇ ਗਰੜ ਦੇ ਮੂੰਹ ਵਿਚ ਅੰਮ੍ਰਿਤ ਰਸ ਦਾ ਨਿਵਾਸ ਹੁੰਦਾ ਹੈ (ਭਾਵ ਸੱਪ ਦੀ ਜ਼ਹਿਰ ਤੋਂ ਬਚਾਉਂਦਾ ਹੈ)।

(੪) ਕਾਂ ਦਾ ਬੋਲ (ਕਾਂ ਕਾਂ) ਕਿਸੇ ਨੂੰ ਭੀ ਚੰਗਾ ਨਹੀਂ ਲਗਦਾ, ਪਰ ਕੋਇਲ ਦੀ ਅਵਾਜ਼ ਹਰ ਇਕ ਨੂੰ ਚੰਗੀ ਲਗਦੀ ਹੈ।

(੫) ਬੁਰਾ ਬੋਲਣ ਵਾਲਾ ਕਿਸੇ ਨੂੰ ਭੀ ਚੰਗਾ ਨਹੀਂ ਲਗਦਾ, ਪਰ ਮਿੱਠ-ਬੋਲਾ ਹਰ ਇਕ ਤੋਂ ਸਤਿਕਾਰ ਲੈਂਦਾ ਹੈ ਤੇ ਉਹ ਸੰਸਾਰ ਦਾ ਅਸਚਰਜ ਮਿੱਤ੍ਰ ਬਣ ਜਾਂਦਾ ਹੈ।

(੬) ਬੁਰਾ ਪੁਰਸ਼ ਸੰਸਾਰ ਵਿਚ ਬੁਰਿਆਈ ਦੀ ਨਿਸ਼ਾਨੀ ਹੈ ਤੇ ਭਲਾ ਪੁਰਸ਼ ਪਰਉਪਕਾਰ ਦੀ ਨਿਸ਼ਾਨੀ ਹੈ।

(੭) (ਇਸ ਲਈ ਅਸਾਂ) ਗੁਣਾਂ ਅਉਗੁਣਾਂ ਦੀ ਇਹ ਵੀਚਾਰ ਸੁਣਾਈ ਹੈ।੧।

***ਭਾਵਾਰਥ :*** ਸੰਸਾਰ ਸਮੁੰਦਰ ਵਿਚ ਕਾਲਕੂਟ ਦੀ ਨਿਆਈਂ ਮਨਮੁਖ ਲੋਕਾਂ ਦੇ ਨਾਸਕਾਰੀ ਹਨ ਅਤੇ ਗੁਰਮੁਖ ਅੰਮ੍ਰਿਤ ਰਸ ਦੀ ਤਰ੍ਹਾਂ ਜੀਵਾਵਣ ਵਾਲੇ ਹਨ, ਇਸ ਲਈ ਦੋਵੇਂ ਵਿਕਾਰ ਅਤੇ ਪਰਉਪਕਾਰ ਦੀਆਂ ਮੂਰਤਾਂ ਹਨ। ਮਨਮੁਖ ਕਾਵਾਂ ਵਾਂਗ ਬੁਰਾ ਬੋਲ ਬੋਲਦੇ ਹਨ ਅਤੇ ਗੁਰਮੁਖ ਕੋਇਲਾਂ ਵਾਂਗੂੰ ਬਾਹਰ ਦੀਆਂ ਖ਼ੁਸ਼ ਖ਼ਬਰਾਂ ਦੱਸ ਕੇ ਹਰੇਕ ਦਾ ਮਨ ਪ੍ਰਸੰਨ ਕਰਦੇ ਹਨ।

## ੨. ਖੋਜੀ ਅਤੇ ਵਾਦੀ

੧. ਸੁੱਝਹੁੰ ਸੁੱਝਨ ਤਿੰਨ ਲੋਅ
ਅੰਨ੍ਹੇ ਘੁੱਘੂ ਸੁੱਝ ਨ ਸੁੱਝੈ।
੨. ਚਕਵੀ ਸੂਰਜ ਹੇਤ ਹੈ
ਕੰਤ ਮਿਲੈ ਵਿਰਤੰਤ ਸੁ ਬੁੱਝੈ।
੩. ਰਾਤ ਅਨ੍ਹੇਰਾ ਪੰਖੀਆਂ
ਚਕਵੀ ਚਿੱਤ ਅਨ੍ਹੇਰ ਨ ਰੁੱਝੈ।
੪. ਬਿੰਬ ਅੰਦਰ ਪ੍ਰਤਿਬਿੰਬ ਦੇਖ
ਭਰਤਾ ਜਾਣ ਸੁਜਾਣ ਸਮੁੱਝੈ।
੫. ਦੇਖ ਪਛਾਵਾਂ ਪਵੇ ਖੂਹ
ਡੁੱਬ ਮਰੇ ਸ਼ੀਂਹ ਲੋਇ ਨ ਲੁੱਝੈਂ।
੬. ਖੋਜੀ ਖੋਜੈ ਖੋਜ ਲੈ
ਵਾਦੀ ਵਾਦ ਕਰੇਂਦੜ ਖੁੱਝੈ।
੭. ਗੋਰਸ ਗਾਈਂ ਹਸਤਿ ਨ ਦੁੱਝੈ ॥੨॥

***ਪਦ ਅਰਥ :*** ਸੁੱਝਹੁੰ—ਸੂਰਜ ਤੋਂ। ਸੁੱਝਣ—ਦਿਸਦੇ ਹਨ। ਵਿਰਤੰਤ—ਭੇਤ। ਨ ਰੁੱਝੈ—ਰੁਕਦਾ ਨਹੀਂ। ਬਿੰਬ—ਜਲ। ਸਮੁੱਝੈ—ਰਾਜ਼ੀ ਹੋਵੇ। ਲੋਇਨ ਲੁੱਝੈ—ਅੱਖਾਂ ਨਾਲ ਝਗੜੇ। ਘੁੱਘੂ—ਉੱਲੂ। ਹੇਤ—ਪਿਆਰ। ਵਾਦੀ—ਝਗੜਾਲੂ। ਗੋਰਸ—ਗਾਂ। ਖੁੱਝੈ—ਭੁਲ ਜਾਂਦੇ ਹਨ। ਹਸਤਿ—ਹੱਥਣੀ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਆਮ ਸੰਸਾਰ ਵਿਚ ਦੋ ਹੀ ਤਰ੍ਹਾਂ ਦੇ ਬੰਦੇ ਨਜ਼ਰ ਆਉਂਦੇ ਹਨ, ਜਿਨ੍ਹਾਂ ਵਿਚ ਇਕ ਖੋਜੀ ਤੇ ਦੂਸਰੇ ਵਾਦੀ ਹਨ, ਕਿਉਂ ਜੀ ! ਦਸੋਗੇ ਕਿ ਤੁਸੀਂ ਇਨ੍ਹਾਂ ਵਿਚ ਗੁਰਮਤ ਅਨੁਸਾਰ ਕਿਤਨਾ ਕੁ ਅੰਤਰਾ ਅਨੁਭਵ ਕਰਦੇ ਹੋ ?

**ਉ:** ਹੇ ਭਾਈਓ ! ਗੁਰਮਤ ਦੀ ਖੋਜ ਕਰਨ ਨਾਲ ਜੋ ਇਨ੍ਹਾਂ ਵਿਚ ਮੈਨੂੰ ਅੰਤਰਾ ਵੇਖਣ ਵਿਚ ਆਇਆ ਹੈ, ਉਸਨੂੰ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ :

(੧) (ਹੇ ਭਾਈਓ ! ਇਹ ਸਾਡੇ ਆਮ ਵੇਖਣ ਵਿਚ ਆਉਂਦਾ ਹੈ ਕਿ ਸੰਸਾਰ ਦੇ ਜੀਵਾਂ ਨੂੰ) ਸੂਰਜ ਚੜ੍ਹਨ ਨਾਲ ਤਿੰਨੇ ਲੋਕ ਦਿਸਦੇ ਹਨ, ਪਰ ਉੱਲੂ ਨੂੰ ਸੂਰਜ ਹੀ ਨਹੀਂ ਦਿਸਦਾ।

(੨) ਚਕਵੀ ਦਾ ਸੂਰਜ ਨਾਲ ਪਿਆਰ ਹੈ, ਉਹ ਦਿਨ ਚੜ੍ਹੇ ਆਪਣੇ ਪਤੀ ਨੂੰ ਮਿਲ ਕੇ ਰਾਤ ਦਾ ਬ੍ਰਿਤਾਂਤ ਪੁੱਛਦੀ ਹੈ।

(੩) ਪੰਛੀਆਂ ਦੀਆਂ ਅੱਖਾਂ ਅੱਗੇ ਰਾਤ ਨੂੰ ਹਨੇਰਾ ਛਾ ਜਾਂਦਾ ਹੈ, ਪਰ ਚਕਵੀ ਦਾ ਮਨ ਹਨ੍ਹੇਰੇ ਕਰਕੇ ਵੀ ਨਹੀਂ ਰੁਕਦਾ (ਉਹ ਸੂਰਜ ਵੱਲ ਧਿਆਨ ਲਾਈ ਰਖਦੀ ਹੈ)।

(੪) (ਚੱਕਵੀ) ਪਾਣੀ ਵਿਚ (ਆਪਣੇ ਪਤੀ) ਦਾ ਪਰਛਾਵਾਂ ਵੇਖ ਕੇ ਉਸਨੂੰ ਪਤੀ ਜਾਣ ਕੇ ਭਟਕਦੀ ਹੈ।

(੫) ਸ਼ੇਰ ਆਪਣਾ ਪਰਛਾਵਾਂ ਖੂਹ ਵਿਚ ਵੇਖ ਕੇ ਖੂਹ ਵਿਚ ਡੁੱਬ ਮਰਦਾ ਹੈ ਅਤੇ ਆਪਣੀਆਂ ਅੱਖਾਂ ਨਾਲ ਲੜਦਾ ਹੈ।

(੬) ਇਸ ਤਰ੍ਹਾਂ ਖੋਜੀ (ਗਿਆਨੀ) ਇਸ ਗੱਲ ਦੀ ਖੋਜ (ਵਿਚਾਰ) ਕਰਕੇ ਅਸਲੀਅਤ ਨੂੰ ਲੱਭ ਲੈਂਦਾ ਹੈ, ਪਰ ਵਾਦੀ (ਝਗੜਾਲੂ ਪੁਰਸ਼) ਝਗੜਾ ਕਰਦਾ (ਅਸਲੀਅਤ ਤੋਂ) ਖੁੰਝ ਜਾਂਦਾ ਹੈ।

(੭) ਗਊ ਦਾ ਦੁੱਧ ਹਥਨੀ ਤੋਂ ਨਹੀਂ ਚੋਇਆ ਜਾਂਦਾ।੨।

***ਭਾਵਾਰਥ :*** ਇਸ ਪਉੜੀ ਵਿਚ ਭਾਈ ਸਾਹਿਬ ਜੀ ਗੁਰਬਾਣੀ ਦੀਆਂ ਇਨ੍ਹਾਂ ਪੰਗਤੀਆਂ ਦਾ ਭਾਵ ਅੰਕਤ ਕਰਦੇ ਹਨ, ਜਿਵੇਂ ਕਿ :

ਖੋਜੀ ਉਪਜੈ ਬਾਦੀ ਬਿਨਸੈ

ਭਾਵ ਖੋਜ ਕਰਦਿਆਂ ਤਾਂ ਪ੍ਰਾਪਤੀ ਹੁੰਦੀ ਹੈ ਤੇ ਝਗੜਿਆਂ ਨਾਲ :

ਕਤ ਝਖਿ ਝਖਿ ਅਉਰਨ ਸਮਝਾਵਾ ॥
ਝਗਰੁ ਕੀਏ ਝਗਰਉ ਹੀ ਪਾਵਾ ॥੧੫॥

*(ਗਉੜੀ ਬਾਵਨ ਅਖਰੀ ਕਬੀਰ ਜੀ, ਪੰਨਾ ੩੪੧)*

## ੩. ਸਤਿਸੰਗਤ ਤੋਂ ਵਿੱਛੜ ਕੇ ਬਗਲ ਸਮਾਧੀਏ ਲੋਕਾਂ ਨੂੰ ਦੁਖ ਮਿਲਦਾ ਹੈ

੧. ਸਾਵਣ ਵਣ ਹਰੀਆਵਲੇ ਵੁੱਠੈ
ਸੁੱਕੇ ਅੱਕ ਜਵਾਹਾ।
੨. ਚੇਤ ਵਣਸਪਤ ਮਉਲੀਐ
ਅਪਤ ਕਰੀਰ ਨ ਕਰੈ ਉਸਾਹਾ।

**੩. ਸੁਫਲ ਫਲੰਦੇ ਬਿਰਖ ਸਭ**
**ਸਿੰਮਲ ਅਫਲ ਰਹੈ ਅਵਿਸਾਹਾ।**
**੪. ਚੰਦਨ ਵਾਸ ਵਣਾਸਪਤਿ**
**ਵਾਂਸ ਨਿਵਾਸ ਨ ਉੱਭੇ ਸਾਹਾ।**
**੫. ਸੰਖ ਸਮੁੰਦਹੁ ਸੱਖਣਾ**
**ਦੁਖਿਆਰਾ ਰੋਵੈ ਦੇ ਧਾਹਾ।**
**੬. ਬਗਲ ਸਮਾਧੀ ਗੰਗ ਵਿਚ**
**ਝੀਂਗੇ ਚੁਣ ਚੁਣ ਖਾਇ ਭਿਛਾਹਾ।**
**੭. ਸਾਥ ਵਿਛੁੰਨੇ ਮਿਲਦਾ ਫਾਹਾ ॥੩॥**

***ਪਦ ਅਰਥ :*** ਵੁੱਠੈ—ਮੀਂਹ ਵਰਨਾ। ਅਪਤ—ਪੱਤਰਾਂ ਤੋਂ ਖ਼ਾਲੀ। ਉਸਾਹਾ—ਉਤਸ਼ਾਹ। ਅਵਿਸਾਹਾ—ਬੇ-ਵਿਸਾਹਿਆ। ਉੱਭੇ ਸਾਹਾ—ਠੰਢੇ ਸਾਹ। ਝੀਂਗੇ—ਮੱਛੀਆਂ। ਭਿਛਾਹਾ—ਭੱਛਨ ਵਾਲਾ। ਸਾਥ—ਭਾਵ ਸਤਿਸੰਗ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਇਹ ਆਮ ਹੀ ਵੇਖਦੇ ਹਾਂ ਕਿ ਬਹੁਤ ਲੋਕ ਤਾਂ ਸਤਿਸੰਗਤ ਵਿਚ ਆਉਂਦੇ ਹੀ ਨਹੀਂ, ਪਰ ਆਉਣ ਵਾਲਿਆਂ ਵਿਚੋਂ ਭੀ ਬਹੁਤੇ ਖ਼ਾਲੀ ਰਹਿ ਜਾਂਦੇ ਹਨ, ਇਸ ਦਾ ਸਹੀ ਕਾਰਨ ਕੀ ਹੈ, ਇਸ ਬਾਰੇ ਜਾਣਕਾਰੀ ਦਿਓ ?

ਉ: ਹੇ ਭਾਈਓ ! ਇਸ ਪੱਖ ਸੰਬੰਧੀ ਜੋ ਮੈਨੂੰ ਗੁਰਬਾਣੀ ਦੁਆਰੇ ਬੋਧ ਮਿਲਿਆ ਹੈ, ਉਸਨੂੰ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਸਾਵਣ ਵਿਚ ਮੀਂਹ ਵਰਸਣ ਨਾਲ ਸਾਰੇ ਬ੍ਰਿਛ ਬੂਟੇ ਹਰੇ ਹੋ ਜਾਂਦੇ ਹਨ, ਪਰ ਅੱਕ ਤੇ ਜਵਾਹਾਂ ਸੁਕ ਜਾਂਦੇ ਹਨ।

(੨) ਚੇਤਰ (ਬਸੰਤ ਰੁੱਤ) ਵਿਚ ਸਾਰੀ ਬਨਾਸਪਤੀ ਮੌਲਦੀ ਹੈ, ਪਰ ਕਰੀਰ ਦਾ ਰੁੱਖ ਪੱਤ੍ਰਾਂ ਤੋਂ ਖ਼ਾਲੀ ਹੋ ਜਾਂਦਾ ਹੈ, ਉਸ ਵਿਚ ਕੋਈ ਉਤਸ਼ਾਹ ਨਹੀਂ ਹੁੰਦਾ।

(੩) ਸਾਰੇ ਬ੍ਰਿਛ ਫਲਾਂ ਨਾਲ ਫਲੀਭੂਤ ਹੁੰਦੇ ਹਨ, ਪਰ ਬੇ-ਵਿਸਾਹਿਆ ਸਿੰਮਲ ਦਾ ਬ੍ਰਿਛ ਫਲਹੀਣ ਹੀ ਰਹਿੰਦਾ ਹੈ।

(੪) ਚੰਦਨ ਦੀ ਵਾਸ਼ਨਾ ਨਾਲ ਸਾਰੀ ਬਨਾਸਪਤੀ ਸੁਗੰਧਤ ਹੋ ਜਾਂਦੀ ਹੈ, ਪਰ ਚੰਦਨ ਦੀ ਸੁਗੰਧੀ ਵਾਂਸ ਵਿਚ ਨਿਵਾਸ ਨਹੀਂ ਕਰਦੀ, ਜਿਸ ਕਰਕੇ ਉਹ ਠੰਢੇ ਸਾਹ ਲੈਂਦਾ ਹੈ (ਭਾਵ ਸਾਂ ਸਾਂ ਕਰਦਾ ਹੈ)।

(੫) ਸੰਖ ਸਮੁੰਦਰ ਵਿਚੋਂ ਖ਼ਾਲੀ ਨਿਕਲ ਕੇ ਧਾਹਾਂ ਮਾਰਦਾ ਰੋਂਦਾ ਹੈ।

(੬) ਬਗਲੇ ਵਾਂਗੂੰ ਸਮਾਧੀ ਲਾਉਣ ਵਾਲਾ ਪਖੰਡੀ ਗੰਗਾ ਆਦਿ ਪਵਿੱਤ੍ਰ ਤੀਰਥਾਂ 'ਤੇ ਜਾ ਕੇ ਵੀ ਭਿਛਿਆ ਰੂਪ ਮੱਛੀਆਂ ਖਾਂਦਾ ਹੈ।

(੭) ਸਾਥ ਭਾਵ ਸਾਧ ਸੰਗਤ ਤੋਂ ਵਿਛੜਿਆਂ ਨੂੰ ਦੁਖ ਹੀ ਮਿਲਦਾ ਹੈ।੩।

***ਭਾਵਾਰਥ :*** ਇਹੋ ਦਰਸਾ ਰਹੇ ਹਨ, ਜਿਵੇਂ ਕਿ :

ਖਟੁ ਦਰਸਨ ਭ੍ਰਮਤੇ ਫਿਰਹਿ ਨਹ ਮਿਲਿਐ ਭੇਖੰ॥
*(ਮਾਰੂ ਡ: ਮ: ੫, ਪੰਨਾ ੧੦੯੯)*

ਜਿਨ੍ਹਾਂ ਦੇ ਅੰਦਰ ਖੋਟ ਹਨ, ਉਹ ਸੁਖਦਾਈ ਸਮਿਆਂ ਪਰ ਸਗੋਂ ਸੜਦੇ ਧੁਖਦੇ ਤੇ ਦੁਖੀ ਹੁੰਦੇ ਹਨ।

## ੪. ਜੋ ਜੀਇ ਹੋਇ ਸੁ ਉਗਵੈ ਅਥਵਾ ਬੁਰਾਈ ਤੇ ਭਲਾਈ

**੧. ਆਪ ਭਲਾ ਸਭ ਜਗ ਭਲਾ**
**ਭਲਾ ਭਲਾ ਸਭਨਾ ਕਰਿ ਦੇਖੈ।**
**੨. ਆਪ ਬੁਰਾ ਸਭ ਜਗ ਬੁਰਾ**
**ਸਭ ਕੋ ਬੁਰਾ ਬੁਰੇ ਦੇ ਲੇਖੈ।**
**੩. ਕ੍ਰਿਸ਼ਨ ਸਹਾਈ ਪਾਂਡਵਾਂ**
**ਭਾਇ ਭਗਤਿ ਕਰਤੂਤ ਵਿਸੇਖੈ।**
**੪. ਵੈਰ ਭਾਉ ਚਿਤ ਕੈਰਵਾਂ**
**ਗਿਣਤੀ ਗਣਨਿ ਅੰਦਰ ਕਾਲੇਖੈ।**
**੫. ਭਲਾ ਬੁਰਾ ਪਰਵੰਨਿਆ**
**ਭਾਲਣ ਗਏ ਨ ਦ੍ਰਿਸ਼ਟ ਸਰੇਖੈ।**
**੬. ਬੁਰਾ ਨ ਕੋਈ ਜੁਧਿਸ਼ਟਰੈ**
**ਦੁਰਯੋਧਨ ਕੋ ਭਲਾ ਨ ਦੇਖੈ।**
**੭. ਕਰਵੈ ਹੋਇ ਸੁ ਟੋਟੀ ਰੇਖੈ ॥੪॥**

***ਪਦ ਅਰਥ :*** ਲੇਖੈ—ਭਾਣੈ। ਕਾਲੇਖੈ—ਕਲੰਕ, ਕਾਲਖਤਾਈ। ਪਰਵੰਨਿਆ—ਪਰਵਾਨ ਕੀਤੇ ਹੋਏ। ਸਰੇਖੈ—ਸਦਰਸ਼, ਵਰਗਾ। ਕਰਵੈ—ਗੜਵਾ, ਗੰਗਾ ਸਾਗਰ, ਮਿੱਟੀ ਦਾ ਗੜਵਾ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਜਦੋਂ ਭਲੇ ਪੁਰਸ਼ਾਂ ਵੱਲ ਨਜ਼ਰ ਮਾਰਦੇ ਹਾਂ ਉਹ ਬੁਰਾ ਕਰਨ ਵਾਲਿਆਂ ਦਾ ਭੀ ਭਲਾ ਹੀ ਕਰਦੇ ਹਨ, ਕਿਉਂ ਜੀ ! ਇਸਦਾ ਅਸਲ ਕਾਰਨ ਕੀ ਹੈ, ਦੱਸਣ ਦੀ ਕ੍ਰਿਪਾ ਕਰੋ ?

ਉ: ਹੇ ਭਾਈ ! ਗੁਰਬਾਣੀ ਲਿਖਣ ਸਮੇਂ ਜਦੋਂ ਮੇਰੇ ਸਾਹਮਣੇ ਭੀ ਇਹ ਪੱਖ ਨਜ਼ਰ ਆਉਂਦਾ ਸੀ ਤਾਂ ਇਸ ਦਾ ਬੋਧ ਮੈਨੂੰ ਗੁਰਬਾਣੀ ਵਿਚੋਂ ਇਹੋ ਦ੍ਰਿਸ਼ਟੀਗੋਚਰ ਹੁੰਦਾ ਸੀ ਕਿ ਗੁਰਮੁਖਾਂ ਦੀ ਜੋ ਮਾਨਸਕ ਅਵਸਥਾ ਹੈ ਉਹ ਸਾਰਿਆਂ ਦਾ ਹੀ ਭਲਾ ਸੋਚਦੀ ਹੈ, ਕਿਉਂਕਿ ਉਹ ਹਮੇਸ਼ਾਂ ਗੁਰੂ ਦੇ ਹੁਕਮ ਨੂੰ ਆਪਣੀਆਂ ਨਜ਼ਰਾਂ ਦੇ ਸਾਹਮਣੇ ਰਖਦੇ ਹਨ, ਜਿਵੇਂ ਕਿ :

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧ ਸੰਗਤਿ ਮੋਹਿ ਪਾਈ ॥੧॥ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ ॥੧॥

*(ਕਾਨੜਾ ਮ: ੫, ਪੰਨਾ ੧੨੯੯)*

ਇਸ ਤਰ੍ਹਾਂ ਦੀ ਪ੍ਰੇਰਨਾ ਬਾਣੀ ਵਿਚ ਗੁਰਮੁਖਾਂ ਨੂੰ ਬਾਰ ਬਾਰ ਪੜ੍ਹਨ ਨੂੰ ਮਿਲਦੀ ਹੈ, ਜਿਸ ਕਰਕੇ ਉਨ੍ਹਾਂ ਦੇ ਅੰਤਰ-ਆਤਮੇ ਸਭਨਾਂ ਦੀ ਭਲਾਈ ਕਰਨ ਦਾ ਸੁਭਾਉ ਹੀ ਪੱਕ ਗਿਆ ਹੈ, ਇਸੇ ਭਾਵ ਨੂੰ ਮੈਂ ਇਸ ਪਉੜੀ ਵਿਚ ਉੱਕਰਿਆ ਹੈ :

(੧) (ਜਿਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ) ਜਿਹੜਾ ਪੁਰਸ਼ ਆਪ ਭਲਾ ਹੈ, ਉਸਦੇ ਭਾਣੇ ਸਾਰਾ ਹੀ ਸੰਸਾਰ ਭਲਾ ਹੈ ਤੇ ਉਹ ਸਭਨਾਂ ਨੂੰ ਭਲਾ ਕਰਕੇ ਹੀ ਵੇਖਦਾ ਹੈ।

(੨) ਜਿਹੜਾ ਮਨੁੱਖ ਆਪ ਬੁਰਾ ਹੈ, ਉਹ ਸਾਰੇ ਜਗਤ ਨੂੰ ਬੁਰਾ ਹੀ ਵੇਖਦਾ ਹੈ ਤੇ ਉਸਦੇ ਲੇਖੇ ਵਿਚ ਸਭ ਬੁਰੇ ਹੀ ਹਨ।

(੩) ਕ੍ਰਿਸ਼ਨ ਜੀ ਨੇ ਪਾਂਡਵਾਂ ਦੀ ਸਹਾਇਤਾ ਕੀਤੀ (ਕਿਉਂਕਿ) ਉਨ੍ਹਾਂ ਵਿਚ (ਕੈਰਵਾਂ ਨਾਲੋਂ) ਪ੍ਰੇਮਾ-ਭਗਤੀ ਦੀ ਕਰਤੂਤ ਬਹੁਤੀ ਸੀ।

(੪) ਕੈਰਵਾਂ ਦੇ ਮਨ ਵਿਚ ਵੈਰ-ਭਾਵ ਸੀ ਤੇ ਉਹ ਵੈਰ-ਭਾਵ ਦੀਆਂ ਗਿਣਤੀਆਂ ਵਿਚ ਹੀ ਰਹਿੰਦੇ ਸਨ, ਅੰਤ ਨੂੰ ਉਨ੍ਹਾਂ ਦੇ ਮੱਥੇ 'ਤੇ ਕਾਲਖ ਦਾ ਟਿੱਕਾ ਹੀ ਲੱਗਾ।

(੫) (ਜੋ ਰਾਜੇ) ਭਲਾ ਤੇ ਬੁਰਾ ਲੱਭਣ ਲਈ ਗਏ ਸਨ, ਪਰ ਦੋਹਾਂ ਦੀ ਦ੍ਰਿਸ਼ਟੀ ਇਕੋ ਜਿਹੀ ਨਹੀਂ ਸੀ।

(੬) ਯੁਧਿਸ਼ਟਰ ਨੂੰ ਕੋਈ ਬੁਰਾ ਦਿਖਾਈ ਨਾ ਦਿਤਾ ਤੇ ਦਰਯੋਧਨ ਨੂੰ ਕੋਈ ਭਲਾ ਨਾ ਦਿਸਿਆ।

(੭) (ਮਿੱਟੀ ਦੇ ਗੜਵੇ ਵਿਚ ਜੋ ਕੁਛ ਹੁੰਦਾ ਹੈ, ਉਹ ਟੂਟੀ ਦੀ ਧਾਰ ਤੋਂ ਪ੍ਰਤੀਤ ਹੋ ਜਾਂਦਾ ਹੈ।੪।

***ਭਾਵਾਰਥ :*** ਕਹਿੰਦੇ ਹਨ ਕ੍ਰਿਸ਼ਨ ਨੇ ਧਰਮ-ਪੁੱਤ੍ਰ ਨੂੰ ਕਿਹਾ ਕਿ ਕੋਈ ਪਾਪੀ ਲਭ ਕੇ ਲੈ ਆਓ, ਇਸੇ ਤਰ੍ਹਾਂ ਦਰਯੋਧਨ ਨੂੰ ਪੁੰਨੀ ਲਿਆਉਣ ਲਈ ਘਲਿਆ, ਦੋਵੇਂ ਖ਼ਾਲੀ ਮੁੜ ਆਏ, ਕਿਉਂ ਜੋ ਧਰਮ ਪੁੱਤ੍ਰ ਨੂੰ ਸਾਰੇ ਧਰਮੀ ਅਰ ਦਰਯੋਧਨ ਨੂੰ ਸਾਰੇ ਪਾਪੀ ਦਿਸਦੇ ਸਨ, ਇਸ ਲਈ ਭਾਵਨਾ ਦਾ ਹੀ ਫਲ ਪ੍ਰਾਪਤ ਹੁੰਦਾ ਹੈ। ਭਲੇ ਭਲੇ ਰਲ ਬਹਿੰਦੇ ਹਨ ਤੇ ਬੁਰੇ ਬੁਰੇ ਮਿਲ ਬੈਠਦੇ ਹਨ। ਭਲੇ ਨੂੰ ਸਾਰੇ ਭਲੇ ਦਿਸਦੇ ਹਨ ਤੇ ਮਾੜੇ ਨੂੰ ਸਾਰੇ ਮਾੜੇ।

## ੫. ਧਰਮ ਰਾਜ ਦੀ ਪ੍ਰਸਿੱਧ ਕਥਾ

**੧. ਸੂਰਜ ਘਰ ਅਵਤਾਰ ਲੈ**
**ਧਰਮ ਵਿਚਾਰਨ ਜਾਇ ਬਹਿੱਠਾ।**
**੨. ਮੂਰਤਿ ਇੱਕਾ ਨਾਉਂ ਦੁਇ**
**ਧਰਮਰਾਇ ਜਮ ਦੇਖ ਸਰਿੱਠਾ।**
**੩ ਧਰਮੀ ਡਿੱਠਾ ਧਰਮਰਾਇ**
**ਪਾਪ ਕਮਾਇ ਪਾਪੀ ਜਮ ਡਿੱਠਾ।**
**੪. ਪਾਪੀ ਨੂੰ ਪਛੜਾਇੰਦਾ**
**ਧਰਮੀ ਨਾਲ ਬੁਲੇਂਦਾ ਮਿੱਠਾ।**
**੫. ਵੈਰੀ ਦੇਖਨ ਵੈਰ ਭਾਇ**
**ਮਿੱਤ੍ਰ ਭਾਇ ਕਰ ਦੇਖਣ ਇੱਠਾ।**
**੬. ਨਰਕ ਸੁਰਗ ਵਿਚ ਪੁੰਨ ਪਾਪ**
**ਵਰ ਸਰਾਪ ਜਾਣਨ ਅਭਿਰਿੱਠਾ।**
**੭. ਦਰਪਣ ਰੂਪ ਜਿਵੇ ਹੀ ਪਿੱਠਾ॥੫॥**

***ਪਦ ਅਰਥ :*** ਨਾਉਂ ਦੁਇ—ਧਰਮ ਰਾਜ ਤੇ ਜਮ। ਸਰਿੱਠਾ—ਸ੍ਰਿਸ਼ਟੀ। ਇੱਠਾ—ਪਿਆਰਾ। ਵਰ ਸਰਾਪ—ਦੁਖ ਸੁਖ। ਅਭਿਰਿੱਠਾ—ਪੱਕਾ। ਦਰਪਣ—ਸ਼ੀਸ਼ਾ। ਪਿੱਠਾ—ਸ਼ਕਲ।

**ਅਰਥ :**

(੧) (ਜਿਵੇਂ ਕਿ ਸੁਣੀਦਾ ਹੈ ਕਿ) ਸੂਰਜ ਦੇ ਘਰ ਜਨਮ

ਲੈ ਕੇ (ਧਰਮ ਰਾਜ) ਇਨਸਾਫ਼ ਕਰਨ ਲਈ ਗੱਦੀ ਉਤੇ ਜਾ ਬੈਠਾ।

(੨) ਉਸਦੀ ਮੂਰਤ ਤਾਂ ਇਕ ਹੈ ਪਰ ਨਾਂ ਦੋ ਹਨ। ਸਾਰੀ ਸ੍ਰਿਸ਼ਟੀ ਨੇ ਧਰਮਰਾਜ ਤੇ ਜਮਰਾਜ ਦੇ ਦੋਹਾਂ ਰੂਪਾਂ ਵਿਚ ਉਸਨੂੰ ਵੇਖਿਆ।

(੩) ਧਰਮੀਆਂ ਨੇ ਉਸਨੂੰ ਧਰਮਰਾਜ ਤੇ ਪਾਪੀਆਂ ਨੇ ਜਮ ਰੂਪ ਕਰਕੇ ਵੇਖਿਆ।

(੪) (ਉਹ ਧਰਮਰਾਜ) ਪਾਪੀਆਂ ਨੂੰ ਮਾਰਦਾ ਹੈ ਤੇ ਧਰਮੀਆਂ ਨਾਲ ਮਿੱਠਾ ਬੋਲਦਾ ਹੈ।

(੫) ਵੈਰੀ (ਉਸਨੂੰ) ਵੈਰ-ਭਾਵ ਨਾਲ ਵੇਖਦੇ ਹਨ ਤੇ ਮਿੱਤ੍ਰ ਪ੍ਰੇਮ-ਭਾਵ ਨਾਲ ਵੇਖਦੇ ਹਨ।

(੬) ਪਾਪ ਪੁੰਨ ਦਾ ਫਲ ਨਰਕ ਤੇ ਸੁਰਗ ਵਿਚ ਜਾ ਕੇ ਮਿਲਦਾ ਹੈ ਤੇ (ਧਰਤੀ ਤੇ) ਦੁਖ ਸੁਖ ਕਰਮਾਂ ਅਨੁਸਾਰ ਦ੍ਰਿੜ੍ਹ ਹੁੰਦਾ ਹੈ।

(੭) ਜਿਹੋ ਜਿਹੀ ਸ਼ਕਲ ਹੋਵੇ, ਉਹੋ ਜਿਹੀ ਸ਼ੀਸ਼ੇ ਵਿਚ ਦਿਸਦੀ ਹੈ।੫।

***ਭਾਵਾਰਥ :*** ਚੰਗੇ ਕਰਮਾਂ ਦਾ ਫਲ ਚੰਗਾ ਮੰਦਿਆਂ ਦਾ ਮੰਦਾ ਹੈ, ਈਸ਼ਵਰ ਦੀ ਸਭ ਨਾਲ ਸਮ-ਦ੍ਰਿਸ਼ਟੀ ਹੈ।

## ੬. ਗੁਰਮੁਖਾਂ ਦਾ ਹਿਰਦਾ ਆਰਸੀ ਵਾਂਗ ਸ਼ੁੱਧ ਹੈ

**੧. ਜਿਉਂ ਕਰ ਨਿਰਮਲ ਆਰਸੀ**
**ਸਭਾ ਸੁੱਧ ਸਭ ਕੋਈ ਵੇਖੈ।**
**੨. ਗੋਰਾ ਗੋਰੇ ਦਿੱਸਦਾ**
**ਕਾਲਾ ਕਾਲੇ ਵੰਨ ਵਿਸੇਖੈ।**
**੩. ਹੱਸ ਹੱਸ ਦੇਖੈ ਹਸਤ ਮੁਖ**
**ਰੋਂਦਾ ਰੋਵਣਹਾਰ ਸਲੇਖੈ।**
**੪. ਲੇਪ ਨ ਲਾਗੈ ਆਰਸੀ**
**ਛਿਅ ਦਰਸ਼ਨ ਦਿੱਸਣ ਬਹੁ ਭੇਖੈ।**
**੫. ਦੁਰਮਤ ਦੂਜਾ ਭਾਉ ਹੈ**
**ਵੈਰ ਵਿਰੋਧ ਕਰੋਧ ਕੁਲੇਖੈ।**
**੬. ਗੁਰਮਤ ਨਿਰਮਲ ਨਿਰਮਲਾ**
**ਸਮਦਰਸੀ ਸਮਦਰਸ ਸਰੇਖੈ।**
**੭. ਭਲਾ ਬੁਰਾ ਹੋਇ ਰੂਪ ਨ ਰੇਖੈ ॥੬॥**

***ਪਦ ਅਰਥ :*** ਆਰਸੀ—ਸ਼ੀਸ਼ਾ। ਵੰਨ—ਰੰਗ। ਰੋਂਦਾ—ਰੋਣ ਵਾਲਾ। ਸਰੇਖੈ—ਸਮਦਰਸ਼ੀ, ਸਰੇਸ਼ਟ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਗੁਰਮੁਖਾਂ ਦੇ ਨਿਰਮਲ ਹਿਰਦੇ ਨੂੰ ਤੁਸੀਂ ਕਿਸ ਰੂਪ ਵਿਚ ਅਨੁਭਵ ਕਰਦੇ ਹੋ?

**ਉ:** ਹੇ ਭਾਈਓ! ਇਸ ਪੱਖ ਨੂੰ ਜੋ ਮੈਂ ਬਾਣੀ ਵਿਚ ਅਨੁਭਵ ਕੀਤਾ ਹੈ, ਉਹ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਵਿਚ ਅੰਕਤ ਕੀਤਾ ਹੈ:

(੧) ਜਿਵੇਂ ਸਾਫ਼ ਸ਼ੀਸ਼ੇ ਨੂੰ ਸਭਾ ਵਿਚ ਸਾਰੇ ਸ਼ੁੱਧ (ਨਿਰਮਲ) ਹੀ ਵੇਖਦੇ ਹਨ।

(੨) (ਉਸ ਵਿਚੋਂ) ਗੋਰੇ ਦਾ ਮੂੰਹ ਗੋਰਾ ਦਿਸਦਾ ਹੈ ਤੇ ਕਾਲੇ ਨੂੰ ਕਾਲਾ ਰੰਗ ਹੀ ਦਿਖਾਈ ਦਿੰਦਾ ਹੈ।

(੩) ਹੱਸ ਹੱਸ ਕੇ ਵੇਖਣ ਵਾਲਾ ਆਪਣਾ ਮੂੰਹ ਹੱਸਦਾ ਵੇਖਦਾ ਹੈ ਤੇ ਰੋਣ ਵਾਲੇ ਨੂੰ ਆਪਣਾ ਮੂੰਹ ਰੋਂਦਾ ਦਿਖਾਈ ਦਿੰਦਾ ਹੈ।

(੪) (ਉਸ) ਸ਼ੀਸ਼ੇ ਨੂੰ ਕੋਈ ਲੇਪ (ਦੋਸ਼) ਨਹੀਂ ਲਗਦਾ, ਭਾਵ ਛੀ ਦਰਸ਼ਨਾਂ ਦੇ ਬਹੁਤ ਸਾਰੇ ਭੇਖ ਉਸ ਵਿਚ ਦਿਸਦੇ ਹਨ।

(੫) ਖੋਟੀ ਮੱਤ ਵਾਲਿਆਂ ਦੇ ਮਨ ਵਿਚ ਦ੍ਵੈਤ-ਭਾਵ ਹੁੰਦਾ ਹੈ (ਇਸ ਕਰਕੇ) ਉਹ ਵੈਰ ਵਿਰੋਧ ਤੇ ਕ੍ਰੋਧ ਦੇ ਭੁਲੇਖਿਆਂ ਵਿਚ ਪਏ ਰਹਿੰਦੇ ਹਨ।

(੬) ਗੁਰਮਤੀਆਂ ਦਾ ਮਨ ਨਿਰਮਲ ਹੁੰਦਾ ਹੈ, ਇਸ ਕਰਕੇ ਉਹ ਸਭ ਨੂੰ ਨਿਰਮਲ ਤੇ ਸਮ-ਦਰਸ਼ੀ ਜਾਣਦੇ ਹਨ।

(੭) (ਪਰਮੇਸ਼ਰ ਵਿਚ) ਭਲੇ ਬੁਰੇ ਦਾ ਕੋਈ ਰੂਪ ਨਹੀਂ ਰਹਿੰਦਾ।੬।

***ਭਾਵਾਰਥ :*** ਆਤਮਾ ਆਪਣੇ ਹੀ ਅੰਤਾਕਰਣ ਸ਼ੀਸ਼ੇ ਵਾਙੂ ਪ੍ਰਕਾਸ਼ ਰਿਹਾ ਹੈ, ਜਿਹੋ ਜਿਹੀ ਭਾਵਨਾ ਕਰਕੇ ਕੋਈ ਵੇਖਦਾ ਹੈ ਤਿਹੋ ਜਿਹੀ ਸੱਤਾ ਦੇ ਰਿਹਾ ਹੈ, ਉਹ ਆਪ ਅਲੇਪ ਹੈ ਅਤੇ ਸਭ ਪੁਰ ਕ੍ਰਿਪਾਲੂ ਤੇ ਦਿਆਲੂ ਮੂਰਤੀ ਹੈ।

## ੭. ਖੋਟੇ ਪੁਰਸ਼ਾਂ ਨੂੰ ਹੀ ਜਮਾਂ ਦੀ ਮਾਰ ਪੈਂਦੀ ਹੈ

**੧. ਇੱਕਤ ਸੂਰਜ ਆਥਵੈ**
**ਰਾਤ ਅਨ੍ਹੇਰੀ ਚਮਕਨ ਤਾਰੇ।**
**੨. ਸ਼ਾਹ ਸਵਣ ਘਰ ਆਪਣੇ**
**ਚੋਰ ਫਿਰਨ ਘਰ ਮੁਹਣੈਹਾਰੇ।**
**੩. ਜਾਗਣ ਵਿਰਲੇ ਪਾਹਰੂ**
**ਰੂਆਇਨ ਹੁਸ਼ਿਆਰ ਬਿਦਾਰੇ।**
**੪. ਜਗ ਜਗਾਇਨ ਸੁਤਿਆਂ**
**ਸ਼ਾਹ ਫੜੰਦੇ ਚੋਰ ਚੁਗਾਰੇ।**
**੫. ਜਾਗਦਿਆਂ ਘਰ ਰੱਖਿਆ**
**ਸੁੱਤੇ ਘਰ ਮੁੱਸਨ ਵੇਚਾਰੇ।**
**੬. ਸ਼ਾਹ ਆਏ ਘਰ ਆਪਣੇ**
**ਚੋਰ ਯਾਰ ਲੈ ਗਰਦਨ ਮਾਰੇ।**
**੭. ਭਲੇ ਬੁਰੇ ਵਰਤਨ ਸੈਂਸਾਰੇ ॥੭॥**

***ਪਦ ਅਰਥ :*** ਆਥਵੈ—ਡੁੱਬਦਾ ਹੈ। ਮੋਹਣੈਹਾਰੇ—ਚੋਰ। ਪਾਹਰੂ—ਪਹਿਰੇਦਾਰ। ਰੂਆਇਨ—ਪੁਕਾਰਦੇ ਹਨ। ਬਿਦਾਰੇ—ਜਾਗੇ। ਚੁਗਾਰੇ—ਉਚੱਕੇ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਕਾਮ ਕ੍ਰੋਧ ਆਦਿ ਚੋਰ ਤਾਂ ਬਹੁਤ ਬਲਵਾਨ ਹਨ, ਇਨ੍ਹਾਂ ਤੋਂ ਕਿਵੇਂ ਬਚਿਆ ਜਾਵੇ ਕੋਈ ਉਪਾਉ ਦਸੋ ?

ਉ: ਹੇ ਭਾਈਓ! ਬਾਣੀ ਵਿਚ ਭੀ ਇਹੋ ਫ਼ੁਰਮਾਨ ਆਇਆ ਹੈ ਕਿ ਇਸ ਸਰੀਰ ਰੂਪੀ ਘਰ ਵਿਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਪੰਜ ਚੋਰ ਸਦਾ ਹੀ ਵੱਸਦੇ ਹਨ, ਜੋ ਮਨੁੱਖ ਦੇ ਦੈਵੀਗੁਣਾਂ ਦਾ ਧਨ ਦਿਨੇ ਰਾਤ ਲੁੱਟੀ ਜਾਂਦੇ ਹਨ, ਪਰ ਇਨ੍ਹਾਂ ਤੋਂ ਆਪਣਾ ਸ਼ੁਭ ਗੁਣਾਂ ਦਾ ਸਰਮਾਇਆ ਬਚਾਉਣ ਦਾ ਇਕੋ ਸਾਧਨ ਗੁਰੂ ਦੇ ਸ਼ਬਦ ਦੀ ਕਮਾਈ ਕਰਦੇ ਰਹਿਣਾ ਹੈ, ਇਸੇ ਭਾਵ ਨੂੰ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਉੱਕਰਿਆ ਹੈ :

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਸੂਰਜ ਦੇ ਡੁੱਬਣ ਨਾਲ ਰਾਤ ਪੈ ਜਾਂਦੀ ਹੈ ਤੇ ਤਾਰੇ ਚਮਕਣ ਲੱਗ ਜਾਂਦੇ ਹਨ।

(੨) ਸ਼ਾਹ ਆਪਣੇ ਘਰਾਂ ਵਿਚ (ਅਰਾਮ ਨਾਲ) ਸੌਂਦੇ ਹਨ, ਪਰ ਚੋਰ ਚੋਰੀਆਂ ਕਰਨ ਲਈ (ਰਾਤ ਨੂੰ) ਫਿਰਦੇ ਰਹਿੰਦੇ ਹਨ।

(੩) ਕੋਈ ਵਿਰਲਾ ਪਹਿਰੇਦਾਰ ਅਵਾਜ਼ਾਂ ਮਾਰ ਕੇ ਲੋਕਾਂ ਨੂੰ ਹੁਸ਼ਿਆਰ ਤੇ ਖ਼ਬਰਦਾਰ ਕਰਦਾ ਹੈ।

(੪) ਜਾਗਣ ਵਾਲੇ ਸੁੱਤਿਆਂ ਨੂੰ ਜਗਾਉਂਦੇ ਹਨ ਤੇ ਚੋਰਾਂ ਉਚੱਕਿਆਂ ਨੂੰ ਫੜ ਲੈਂਦੇ ਹਨ।

(੫) ਜਾਗਦਿਆਂ ਨੇ ਤਾਂ ਆਪਣੇ ਘਰਾਂ ਨੂੰ (ਚੋਰਾਂ ਤੋਂ) ਬਚਾਅ ਲਿਆ, ਪਰ ਵਿਚਾਰੇ ਸੁੱਤੇ ਹੋਏ ਘਰ ਲੁਟਾ ਬੈਠਦੇ ਹਨ।

(੬) ਸ਼ਾਹ (ਭਲੇ ਪੁਰਸ਼) ਤਾਂ ਆਪਣੇ ਘਰ ਨੂੰ ਆ ਜਾਂਦੇ ਹਨ, ਪਰ ਚੋਰਾਂ ਜਾਰਾਂ ਨੂੰ (ਸਿਪਾਹੀ) ਧੌਣੋਂ ਫੜ ਕੇ ਮਾਰਦੇ ਹਨ।

(੭) ਸੰਸਾਰ ਵਿਚ ਭਲੇ ਬੁਰੇ ਇਉਂ ਵਰਤ ਰਹੇ ਹਨ।੭।

***ਭਾਵਾਰਥ :*** ਗੁਰੂ ਜੀ ਦੇ ਬਚਨਾਂ ਪੁਰ ਅਮਲ ਕਰਕੇ ਭਲੇ ਲੋਕ ਜਾਗ ਪੈਂਦੇ ਹਨ, ਬੁਰਿਆਂ ਕਾਮਾਦਿਕਾਂ ਤੋਂ ਸ਼ੁਭ ਗੁਣਾਂ ਦਾ ਧਨ ਬਚਾਉਂਦੇ ਹਨ ਅਤੇ ਬੁਰੇ ਲੋਕ ਅਗਿਆਨ ਨਿੰਦਰਾ ਵਿਚ ਗੂੜ੍ਹੇ ਸੌਂ ਕੇ ਆਪਣਾ ਦੈਵੀ ਸੰਪਦਾ ਦਾ ਧਨ ਲੁਟਾ ਬੈਠਦੇ ਹਨ, ਪਿੱਛੋਂ ਅਫ਼ਸੋਸ ਕਰਦੇ ਹੋਏ ਰੋਂਦੇ ਪਿਟਦੇ ਵਿਰਲਾਪ ਕਰਦੇ ਹਨ (ਅਬ ਪਛਤਾਏ ਕਿਆ ਹੋਤ ਜਬ ਚਿੜੀਆਂ ਚੁਗ ਲਿਆ ਖੇਤ।)

## ੮. ਗੁਰਮੁਖ ਸਦਾ ਹੀ ਪ੍ਰਭੂ ਦੇ ਭੈ ਵਿਚ ਰਹਿੰਦਾ ਹੈ

**੧. ਮਉਲੇ ਅੰਬ ਬਸੰਤ ਰੁੱਤ**
**ਅਉੜੀਂ ਅੱਕ ਸੁ ਫੁੱਲੀਂ ਭਰਿਆ।**
**੨. ਅੰਬ ਨ ਲਗੈ ਖੱਖੜੀ**
**ਅੱਕ ਨ ਲਗੈ ਅੰਬ ਅਫਰਿਆ।**
**੩. ਕਾਲੀ ਕੋਇਲ ਅੰਬ ਵਣ**
**ਅੱਕਤਿੱਡ ਚਿੱਤ ਮਿਤਾਲਾ ਹਰਿਆ।**
**੪. ਮਨ ਪੰਖੇਰੂ ਬਿਰਖ ਭੇਦ**
**ਸੰਗ ਸੁਭਾਉ ਸੋਈ ਫਲ ਧਰਿਆ।**

**੫. ਗੁਰਮਤਿ ਡਰਦਾ ਸਾਧ ਸੰਗ**
**ਦੁਰਮਤ ਸੰਗ ਅਸਾਧ ਨ ਡਰਿਆ।**
**੬. ਭਗਤ ਵਛਲ ਭੀ ਆਖੀਐ**
**ਪਤਿਤ ਉਧਾਰਨ ਪਤਿਤ ਉਧਰਿਆ।**
**੭. ਜੋ ਤਿਸ ਭਾਣਾ ਸੋਈ ਤਰਿਆ ॥੮॥**

***ਪਦ ਅਰਥ :*** ਅਉੜੀਂ—ਸੁੱਕੀ ਰੁੱਤੇ। ਅਫਰਿਆ—ਅਫਲਿਆ, ਬਹੁਤਾ। ਅੱਕਤਿੱਡ—ਅਕਟਿੱਡਾ। ਮਿਤਾਲਾ—ਮਿੱਤ੍ਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਕਹਿੰਦੇ ਹੋ ਕਿ ਗੁਰਮੁਖਾਂ ਨੂੰ ਸਦਾ ਹੀ ਸੁਖ ਪ੍ਰਾਪਤ ਹੁੰਦਾ ਹੈ, ਪਰ ਮਨਮੁਖ ਦੁਖੀਏ ਰਹਿੰਦੇ ਹਨ, ਕਿਉਂ ਜੀ! ਦਸੋਗੇ ਕਿ ਇਸਦਾ ਸਹੀ ਕਾਰਨ ਕੀ ਹੈ?

ਉ: ਹੇ ਭਾਈਓ! ਇਸ ਬਾਰੇ ਜੋ ਮੈਨੂੰ ਬਾਣੀ ਤੋਂ ਪ੍ਰੇਰਨਾ ਮਿਲੀ ਹੈ, ਉਹ ਇਹੋ ਹੈ ਕਿ :

ਕਬੀਰ ਮਨੁ ਪੰਖੀ ਭਇਓ
ਉਡਿ ਉਡਿ ਦਹਦਿਸ ਜਾਇ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥੮੬॥
*(ਸਲੋਕ ਕਬੀਰ ਜੀ, ਪੰਨਾ ੧੩੬੯)*

ਜਿਹੋ ਜਿਹੀ ਕਿਸੇ ਦੇ ਮਨ ਨੂੰ ਸੰਗਤ ਮਿਲਦੀ ਹੈ, ਉਸਨੂੰ ਉਹੋ ਜਿਹਾ ਫਲ ਪ੍ਰਾਪਤ ਹੁੰਦਾ ਹੈ। ਇਸ ਭਾਵ ਨੂੰ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਅੰਬ ਬਸੰਤ ਦੀ ਰੁੱਤ ਵਿਚ ਮੌਲਦਾ ਹੈ ਅਤੇ ਅੱਕ 'ਅਉੜੀ' (ਸੁੱਕੀ ਬਹਾਰ) ਅਰਥਾਤ ਧੁੱਪਾਂ ਵਿਚ ਫਲਾਂ ਨਾਲ ਭਰਦਾ ਹੈ।
(੨) ਅੰਬ ਨੂੰ ਅੱਕ ਦੀਆਂ ਖੱਖੜੀਆਂ ਨਹੀਂ ਲੱਗਦੀਆਂ ਤੇ ਅੱਕ ਨਾਲ ਅੰਬਾਂ ਦੇ ਫਲ ਨਹੀਂ ਲੱਗਦੇ।
(੩) ਕਾਲੀ ਕੋਇਲ ਅੰਬ ਦੇ ਬ੍ਰਿਛ ਨੂੰ ਪਸੰਦ ਕਰਦੀ ਹੈ, ਪਰ ਅੱਕਟਿੱਡੇ ਦਾ ਮਨ ਅੱਕ ਮਿੱਤ੍ਰ ਨੂੰ ਮਿਲ ਕੇ ਹਰਾ ਹੁੰਦਾ ਹੈ।
(੪) ਮਨ ਪੰਛੀ ਰੂਪ ਹੈ, ਬ੍ਰਿਛਾਂ ਦੇ ਭੇਦ ਕਰਕੇ ਜਿਹੋ ਜਿਹੀ ਉਹ ਸੰਗਤ ਕਰਦਾ ਹੈ, ਉਹੋ ਜਿਹਾ ਫਲ ਮਿਲਦਾ ਹੈ।
(੫) ਗੁਰੂ ਦੀ ਸਿਖਿਆ 'ਤੇ ਚਲਣ ਵਾਲਾ ਸਤਿਸੰਗੀ (ਪ੍ਰਭੂ ਤੋਂ) ਡਰਦਾ ਹੈ, ਪਰ ਖੋਟੀ ਮੱਤ ਵਾਲਾ ਦੁਰਮਤੀਆ ਖੋਟਿਆਂ ਦੀ ਸੰਗਤ ਕਰਨ ਕਰਕੇ (ਪ੍ਰਭੂ ਤੋਂ) ਨਹੀਂ ਡਰਦਾ।
(੬) ਪ੍ਰਭੂ ਨੂੰ ਭਗਤਾਂ ਦਾ ਪਿਆਰਾ ਭੀ ਕਹੀਦਾ ਹੈ ਤੇ ਪਾਪੀਆਂ ਦਾ ਉਧਾਰ ਕਰਨ ਕਰਕੇ ਉਸਨੂੰ ਪਤਿਤ ਉਧਾਰਨ ਵੀ ਕਿਹਾ ਜਾਂਦਾ ਹੈ।
(੭) ਜਿਹੜਾ ਪੁਰਸ਼ ਪ੍ਰਭੂ ਨੂੰ ਚੰਗਾ ਲੱਗਦਾ ਹੈ, ਉਹ (ਇਸ ਸੰਸਾਰ ਸਾਗਰ ਤੋਂ) ਤਰ ਜਾਂਦਾ ਹੈ।੮।

***ਭਾਵਾਰਥ :*** ਗੁਰਮੁਖਾਂ ਨੂੰ ਸਾਧ ਸੰਗਤ ਦੀ ਕ੍ਰਿਪਾ ਦਾ ਸਦਕਾ ਸਦਾ ਸੁਖ ਮਿਲਦਾ ਹੈ ਤੇ ਮਨਮੁਖ ਕੁਸੰਗਤ ਕਰਕੇ ਦੁਖੀਏ ਰਹਿੰਦੇ ਹਨ।

## ੯. ਬੁਰੇ ਕਰਮਾਂ ਤੋਂ ਸਦਾ ਹੀ ਬਚਣਾ ਚਾਹੀਦਾ ਹੈ

**੧. ਜੇਕਰ ਉਧਰੀ ਪੂਤਨਾ**
**ਵਿਹੁ ਪੀਆਲਣ ਕੰਮ ਨ ਚੰਗਾ।**
**੨. ਗਨਿਕਾ ਉਧਰੀ ਆਖੀਐ**
**ਪਰ ਘਰ ਜਾਇ ਨ ਲਈਐ ਪੰਗਾ।**
**੩. ਬਾਲਮੀਕ ਨਿਸਤਾਰਿਆ**
**ਮਾਰੈ ਵਾਟ ਨ ਹੋਇ ਨਿਸੰਗਾ।**
**੪. ਬੱਧਕ ਉਧਰੈ ਆਖੀਅਨਿ**
**ਫਾਹੀ ਪਾਇ ਨ ਫੜੀਐ ਟੰਗਾ।**
**੫. ਜੇ ਕਾਸਾਈ ਉਧਰਿਆ**
**ਜੀਆਂ ਘਾਇ ਨ ਖਾਈਐ ਭੰਗਾ।**
**੬. ਪਾਰ ਉਤਾਰੈ ਬੋਹਿਥਾ**
**ਸੋਇਨਾ ਲੋਹ ਨਹੀਂ ਇਕ ਰੰਗਾ।**
**੭. ਇਤ ਭਰਵਾਸੈ ਰਹਿਣ ਕੁਢੰਗਾ ॥੯॥**

***ਪਦ ਅਰਥ :*** ਵਿਹੁ ਪੀਆਲਣ ਕੰਮ ਨ ਚੰਗਾ—(ਲੋਕਾਂ ਨੂੰ) ਜ਼ਹਿਰ ਪਿਲਾਉਣੀ ਚੰਗੀ ਨਹੀਂ। ਪੰਗਾ—ਦਾਗ, ਕਲੰਕ ਕੰਡਾ। ਨਿਸੰਗਾ—ਬੇ-ਡਰ। ਕੁਢੰਗਾ—ਮਾੜਾ। ਭੰਗਾ—ਹਾਨੀ ਹੈ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਕਈ ਮਨਚਲੇ ਲੋਕ ਇਹ ਭੀ ਖ਼ਿਆਲ ਦਿਆ ਕਰਦੇ ਹਨ, ਕਿ ਜੇਕਰ ਉਸ ਪ੍ਰਭੂ

ਦਾ ਬਿਰਦ ਹੀ ਪਾਪੀਆਂ ਦਾ ਉਧਾਰ ਕਰਨਾ ਹੈ ਤਾਂ ਫਿਰ ਪਾਪ, ਅਪਰਾਧ ਕਰਨ ਤੋਂ ਡਰਨਾ ਕਿਉਂ ਹੈ ? ਉਸ ਨੇ ਸਾਨੂੰ ਪਾਪੀਆਂ ਨੂੰ ਉਧਾਰ ਤਾਂ ਦੇਣਾ ਹੀ ਹੈ, ਇਸ ਬਾਰੇ ਆਪ ਜੀ ਕੀ ਕਹਿਣਾ ਚਾਹੋਗੇ ?

ਉ: ਹੇ ਭਾਈਓ ! ਜੇਕਰ ਵੀਚਾਰ-ਦ੍ਰਿਸ਼ਟੀ ਨਾਲ ਤੱਕਿਆ ਜਾਵੇ ਤਾਂ ਇਹੋ ਸੂਝ ਬੂਝ ਮਿਲਦੀ ਹੈ ਕਿ ਪਤਿਤ ਉਧਾਰਣ ਬਿਰਦ ਪਰਮੇਸ਼ਰ ਦਾ ਇਸ ਲਈ ਨਹੀਂ ਕਿ ਲੋਕੀਂ ਪਾਪ ਕਰਦੇ ਜਾਣ ਤੇ ਅਪਰਾਧ ਕਰਨ ਵਿਚ ਦਲੇਰ ਹੋ ਜਾਣ। ਪਤਿਤ ਉਧਾਰਣ ਬਿਰਦ ਦਾ ਭਾਵ ਇਹ ਹੈ ਕਿ ਪਾਪੀ ਜਦ ਆਪ ਨੂੰ ਪਾਪੀ ਸਮਝਦਾ ਹੈ ਤੇ ਪਛੋਤਾਪ ਕਰਦਾ ਹੈ, ਤਦੋਂ ਪਰਮੇਸ਼ਰ ਪਿਤਾ ਦੀ ਨਿਆਈਂ ਦਿਆਲੂ ਹੋ ਕੇ ਉਸਨੂੰ ਬਖ਼ਸ਼ ਲੈਂਦਾ ਹੈ, ਇਹ ਬਿਰਦ ਇਸ ਲਈ ਹੈ ਕਿ ਗੁਨਾਹਗਾਰ ਲੋਕ ਜਦ ਸਿੱਧੇ ਰਸਤੇ ਪੈਣ ਤਾਂ ਇਸ ਬਿਰਦ ਦਾ ਆਸਰਾ ਉਨ੍ਹਾਂ ਨੂੰ ਨਿਰਾਸ ਨਾ ਹੋਣ ਦੇਵੇ ਅਰ ਨਿਰਾਸ ਹੋ ਕੇ ਫੇਰ ਡਿੱਗ ਪੈਣ ਤਾਂ ਕੱਢ ਲਵੇ। ਕਈ ਲੋਕ ਕਹਿੰਦੇ ਹਨ ਕਿ ਪਰਮੇਸ਼ਰ ਪਾਪ ਬਖ਼ਸ਼ ਨਹੀਂ ਸਕਦਾ, ਇਹ ਉਸ ਭੁੱਲ ਕੱਟਨ ਵਾਸਤੇ ਭੇਤ ਗੁਰਾਂ ਨੇ ਦਸਿਆ ਹੈ ਕਿ ਪਰਮੇਸ਼ਰ ਨੂੰ ਪਤਿਤਾਂ ਦੇ ਉਧਾਰ ਕਰਨ ਦੀ ਪੂਰੀ ਸਮਰੱਥਾ ਹੈ, ਪਰ ਇਸਦਾ ਇਹ ਅਰਥ ਨਹੀਂ ਕਿ ਪਿਛਲੇ ਪਾਪੀ ਉਧਰ ਗਏ ਹਨ ਤਾਂ ਹੁਣ ਸਾਨੂੰ ਪਾਪ ਕਰਨ ਦੀ ਖੁਲ੍ਹ ਮਿਲ ਗਈ ਹੈ, ਇਸ ਪਉੜੀ ਵਿਚ ਇਹੋ ਭਾਵ ਭਾਈ ਸਾਹਿਬ ਜੀ ਪ੍ਰਗਟ ਕਰਦੇ ਹਨ ਕਿ ਇਸ ਬਿਰਦ ਤੋਂ ਸੱਚੇ ਪਛਤਾਵੇ ਵਾਲੇ ਹੀ ਲਾਭ ਉਠਾਉਂਦੇ ਹਨ:

(੧) ਜੇਕਰ ਕ੍ਰਿਸ਼ਨ ਜੀ ਨੂੰ ਜ਼ਹਿਰੀਲਾ ਥਣ ਚੁੰਘਾਉਣ ਵਾਲੀ ਪੂਤਨਾ ਰਾਖ਼ਸ਼ਣੀ ਦਾ ਉਧਾਰ ਹੋ ਗਿਆ ਸੀ, ਤਦ ਵੀ ਕਿਸੇ ਨੂੰ ਜ਼ਹਿਰ ਦੇਣਾ ਚੰਗਾ ਕੰਮ ਨਹੀਂ ਹੈ।

(੨) ਵੇਸਵਾ ਮੁਕਤ ਹੋਈ ਕਹੀ ਜਾਂਦੀ ਹੈ, ਤਦ ਭੀ ਪਰਾਏ ਘਰ ਜਾ ਕੇ ਕਲੰਕ ਨਹੀਂ ਲਵਾਉਣਾ ਚਾਹੀਦਾ।

(੩) ਜੇਕਰ ਬਾਲਮੀਕ ਤਰਿਆ ਹੈ, ਤਦ ਵੀ ਨਿਸੰਗ ਹੋ ਕੇ ਡਾਕੇ ਨਹੀਂ ਮਾਰਨੇ ਚਾਹੀਦੇ।

(੪) ਜੇਕਰ ਫੰਧਕ ਦਾ ਤਰਨਾ ਆਖਿਆ ਜਾਂਦਾ ਹੈ, ਤਦ ਵੀ ਫਾਹੀ ਲਾ ਕੇ ਪੰਛੀਆਂ ਨੂੰ ਟੰਗਾਂ ਤੋਂ ਨਹੀਂ ਫੜਨਾ ਚਾਹੀਦਾ।

(੫) ਜੇ ਸਧਨਾ ਕਸਾਈ ਮੁਕਤ ਹੋ ਗਿਆ ਹੈ, ਤਦ ਵੀ ਜੀਆਂ ਨੂੰ ਮਾਰ ਕੇ ਨਹੀਂ ਖਾਣਾ ਚਾਹੀਦਾ।

(੬) ਜਹਾਜ਼ ਲੋਹੇ ਅਤੇ ਸੋਨੇ ਦੋਹਾਂ ਨੂੰ ਸਮੁੰਦਰ ਤੋਂ ਪਾਰ ਕਰ ਦੇਂਦਾ ਹੈ, ਪਰ ਲੋਹੇ ਤੇ ਸੋਨੇ ਦਾ ਇਕ ਰੰਗ ਨਹੀਂ ਹੁੰਦਾ।

(੭) ਇਸ ਭਰੋਸੇ 'ਤੇ ਰਹਿਣਾ ਮਾੜਾ ਕੰਮ ਹੈ।੯।

***ਭਾਵਾਰਥ :*** ਪ੍ਰਭੂ ਨੂੰ ਪਤਿਤ ਉਧਾਰਣ ਜਾਣ ਕੇ ਪਾਪ ਨਹੀਂ ਕਰਨੇ ਚਾਹੀਦੇ, ਸਗੋਂ ਪਾਪਾਂ ਤੋਂ ਬਚ ਕੇ ਆਪਣੇ ਜੀਵਨ ਨੂੰ ਉੱਚਾ ਕਰਨਾ ਚਾਹੀਦਾ ਹੈ।

## ੧੦. ਪਾਪ ਕਰਨ ਦੀ ਰੀਸ ਬੁਰੀ ਹੈ

**੧. ਪੈ ਖਾਜੂਰੀ ਜੀਵੀਐ**
**ਚੜ੍ਹ ਖਾਜੂਰੀ ਝੜਉ ਨ ਕੋਈ।**
**੨. ਉੱਝੜ ਪਇਆ ਨ ਮਾਰੀਐ**
**ਉੱਝੜ ਰਾਹੁ ਨ ਚੰਗਾ ਕੋਈ।**
**੩. ਜੇ ਸੱਪ ਖਾਧਾ ਉਬਰੇ**
**ਸੱਪ ਨ ਫੜੀਐ ਅੰਤ ਵਿਗੋਈ।**
**੪. ਵਹਿਣ ਵਹੰਦਾ ਨਿੱਕਲੇ**
**ਵਿਣੁ ਤੁਲਹੇ ਡੁੱਬ ਮਰੈ ਭਲੋਈ।**
**੫. ਪਤਿਤ ਉਧਾਰਣ ਆਖੀਐ**
**ਵਿਰਤੀਹਾਣ ਜਾਣ ਜਾਣੋਈ।**
**੬. ਭਾਉ ਭਗਤਿ ਗੁਰਮੱਤਿ ਹੈ**
**ਦੁਰਮਤਿ ਦਰਗਹ ਲਹੈ ਨ ਢੋਈ।**
**੭. ਅੰਤ ਕਮਾਣਾ ਹੋਇ ਸਥੋਈ ॥੧੦॥**

***ਪਦ ਅਰਥ :*** ਪੈ ਖਾਜੂਰੀ—ਖਜੂਰ ਤੋਂ ਡਿੱਗ ਕੇ। ਝੜਉ ਨ ਕੋਈ—ਡਿੱਗੇ ਨ ਕੋਈ। ਸੱਪ ਖਾਧਾ—ਸੱਪ ਦਾ ਕੱਟਿਆ ਹੋਇਆ। ਵਿਰਤੀਹਾਣ—ਪ੍ਰਸੰਗ। ਜਾਣ ਜਾਣੋਈ—ਜਾਨਣ ਵਾਲੇ ਜਾਣਦੇ ਹਨ ਜਾਂ ਜਿਨ੍ਹਾਂ ਨਾਲ ਵਰਤੀ ਹੈ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਬਹੁਤੇ ਲੋਕ ਬਹੁਤਿਆਂ ਲੋਕਾਂ ਨੂੰ ਪਾਪ ਕਰਮ ਕਰਦੇ ਵੇਖ ਕੇ ਉਨ੍ਹਾਂ ਦੀ ਰੀਸ ਕਰਦੇ ਹਨ, ਕਿ ਜੇ ਕਰ ਬਾਕੀ ਦੇ ਪਾਪੀ ਲੋਕਾਂ ਨੂੰ ਕੋਈ ਕਿਸੇ ਤਰ੍ਹਾਂ ਦੀ ਸਜ਼ਾ ਨਹੀਂ ਮਿਲ ਰਹੀ ਤਾਂ ਸਾਨੂੰ ਭੀ ਕੀ ਡਰ ਹੈ, ਕਿਉਂ ਜੀ ! ਦਸੋਗੇ ਕਿ ਤੁਸੀਂ ਉਨ੍ਹਾਂ ਬਾਰੇ ਕੀ ਕਹਿਣਾ ਚਾਹੋਗੇ ਤਾਕਿ ਸਾਨੂੰ ਭੀ ਜਾਣਕਾਰੀ ਹੋ ਸਕੇ ?

ਉ: ਹੇ ਭਾਈਓ ! ਇਸ ਪੱਖ ਨੂੰ ਜਦੋਂ ਅਸੀਂ ਬਾਣੀ ਦੀ ਰੌਸ਼ਨੀ ਵਿਚ ਤੱਕਦੇ ਹਾਂ ਤਾਂ ਗੁਰੂ ਗ੍ਰੰਥ ਸਾਹਿਬ ਜੀ

ਸਾਨੂੰ ਇਹ ਫ਼ੁਰਮਾਨ ਕਰਦੇ ਹਨ ਤੇ ਬਾਰ ਬਾਰ ਪਾਪ ਕਰਮ ਕਰਨ ਵੱਲੋਂ ਰੋਕਦੇ ਹਨ, ਫ਼ੁਰਮਾਨ ਹੈ ਕਿ :

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮਰਾਇ ॥੯॥
*(ਸਲੋਕ ਮਹਲਾ ੫, ਪੰਨਾ ੧੪੨੫)*

ਪਾਪੀ ਕਉ ਲਾਗਾ ਸੰਤਾਪੁ॥
*(ਗਉੜੀ ਮਹਲਾ ੫, ਪੰਨਾ ੧੯੯)*

ਪਾਪੀ ਕੀ ਗਤਿ ਕਤਹੂ ਨਾਹੀ
ਪਾਪੀ ਪਚਿਆ ਪਾਪ ਕਮਾਇਣ ॥੧॥ਰਹਾਉ॥
*(ਭੈਰਉ ਮ: ੫, ਪੰਨਾ ੧੧੩੮)*

ਪਾਪੀ ਕਾ ਘਰੁ ਅਗਨੇ ਮਾਹਿ॥
ਜਲਤ ਰਹੈ ਮਿਟਵੈ ਕਬ ਨਾਹਿ ॥੧॥ਰਹਾਉ॥
*(ਭੈਰਉ ਨਾਮਦੇਵ ਜੀ, ਪੰਨਾ ੧੧੬੫)*

ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ॥
ਕੋਇ ਨ ਬੇਲੀ ਹੋਇ ਤੇਰਾ ਸਦਾ ਪਛੋਤਾਵਹੇ॥
*(ਬਿਹਾਗੜਾ ਮਹਲਾ ੫, ਪੰਨਾ ੫੪੬)*

ਇਸ ਤਰ੍ਹਾਂ ਦੇ ਹੋਰ ਭੀ ਬਹੁਤ ਉਦਾਹਰਣ ਬਾਣੀ ਵਿਚੋਂ ਸਾਨੂੰ ਮਿਲਦੇ ਹਨ, ਜਿਨ੍ਹਾਂ ਵਿਚ ਹਰ ਪ੍ਰਾਣੀ-ਮਾਤਰ ਨੂੰ ਪਾਪ ਕਰਨ ਵੱਲੋਂ ਵਰਜਿਆ ਹੈ ਤੇ ਮੈਂ ਭੀ ਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਇਸੇ ਭਾਵ ਨੂੰ ਅੰਕਤ ਕੀਤਾ ਹੈ :

(੧) (ਅਸੀਂ) ਜੇ ਖਜੂਰ ਤੋਂ ਡਿੱਗ ਕੇ ਜੀਉਂਦੇ ਰਹਿ ਜਾਈਏ ਤਦ ਵੀ ਖਜੂਰ ਉਤੇ ਚੜ੍ਹ ਕੇ (ਜਾਣ ਬੁਝ ਕੇ) ਕੋਈ ਨਾ ਡਿੱਗੇ।

(੨) ਜੇ ਉਜਾੜ (ਜੰਗਲ) ਵਿੱਚੋਂ ਬਚ ਕੇ ਵਾਪਸ ਆ ਜਾਈਏ ਤਦ ਵੀ ਉਜਾੜ ਵਿਚ ਜਾਣਾ ਚੰਗਾ ਕੰਮ ਨਹੀਂ।

(੩) ਜੇ ਸੱਪ ਦੇ ਡੰਗਣ ਨਾਲ ਬਚ ਜਾਵੀਏ, ਤਾਂ ਵੀ ਸੱਪ ਨੂੰ ਫੜਨਾ ਚੰਗਾ ਨਹੀਂ, ਉਹ ਅੰਤ ਨੂੰ ਖ਼ਰਾਬ ਕਰਦਾ ਹੈ।

(੪) ਜੇ ਕੋਈ ਦਰਯਾ ਦੇ ਵਹਿਣ ਵਿੱਚੋਂ ਸਹੀ ਸਲਾਮਤ ਨਿਕਲ ਆਵੇ, ਤਦ ਵੀ ਤੁਲਹੇ ਤੋਂ ਬਿਨਾਂ ਦਰਯਾ ਵਿਚ ਨਹੀਂ ਪੈਣਾ ਚਾਹੀਦਾ, ਤੁਲਹੇ ਤੋਂ ਬਿਨਾ ਡੁੱਬ ਕੇ ਮਰ ਜਾਈਦਾ ਹੈ, (ਭਾਵ ਤੁਲਹੇ ਬਾਝ ਨਾ ਤਰੋ, ਜ਼ਰੂਰ ਹੀ ਮਰੋਗੇ)।

(੫) (ਪ੍ਰਭੂ ਨੂੰ ਪਾਪੀਆਂ ਦਾ ਉਧਾਰ ਕਰਨ ਵਾਲਾ ਕਿਹਾ ਜਾਂਦਾ ਹੈ, ਇਸ ਪ੍ਰਸੰਗ ਨੂੰ ਜਾਂਨਣਹਾਰੇ ਜਾਣਦੇ ਹਨ।

(੬) ਗੁਰੂ ਦੀ ਸਿਖਿਆ ਇਹ ਹੈ ਕਿ ਪ੍ਰਭੂ ਦੀ ਪ੍ਰੇਮ ਨਾਲ ਭਗਤੀ ਕਰੋ, ਕਿਉਂਕਿ ਖੋਟੀ ਮੱਤ ਵਾਲੇ (ਬੁਰੇ ਆਦਮੀ) ਨੂੰ ਪ੍ਰਭੂ ਦੀ ਦਰਗਾਹ ਵਿਚ ਢੋਈ ਨਹੀਂ ਮਿਲਦੀ।

(੭) ਮਨੁੱਖ ਦੇ ਕੀਤੇ (ਭਲੇ ਬੁਰੇ) ਕਰਮ ਹੀ ਉਸਦੇ ਸਾਥੀ ਹੁੰਦੇ ਹਨ।੧੦।

***ਭਾਵਾਰਥ :*** (ਚਲੇ ਕਮਾਣਾ ਸਾਥ) ਗੱਲ ਕੀ ਖੋਟੇ ਪਾਸਿਆਂ ਨੂੰ ਛੱਡ ਕੇ ਗੁਰਮਤ ਲੈ ਕੇ ਦੁਰਮਤ ਦੂਰ ਕਰੋ, ਪਾਪੀਆਂ ਦੇ ਤਾਰਕ ਪਰਮੇਸ਼ਰ ਪੁਰ ਭਰੋਸਾ ਰਖ ਕੇ ਸ਼ੁਭ ਕਰਮਾਂ ਦੇ ਕਰਨ ਪੁਰ ਤਤਪਰ ਰਹੋ।

ਇਥੇ ਭੀ ਉਹੋ ਉਪ੍ਰੋਕਤ ਭਾਵ ਖੋਲ੍ਹਿਆ ਹੈ ਕਿ ਜੇ ਕਦੀ ਕੋਈ ਕਿਸੇ ਦੁਖ ਵਿਚ ਅਨਭੋਲ ਪੈ ਕੇ ਉਸ ਦੁਖੋਂ ਬਚ ਜਾਏ ਤਾਂ ਇਸ ਤੋਂ ਇਹ ਸਿੱਧ ਨਹੀਂ ਹੋ ਗਿਆ ਕਿ ਉਹ ਦੁਖ ਸੁਖ ਵਿਚ ਪਲਟ ਗਿਆ ਹੈ, ਇਸੇ ਤਰ੍ਹਾਂ ਜੇ ਕੋਈ ਪਾਪੀ ਤਰ ਗਿਆ ਤਾਂ 'ਪਾਪ' 'ਪੁੰਨ' ਨਹੀਂ ਬਣ ਗਿਆ ਤੇ ਉਹ ਕਰਨੇ ਲਾਇਕ ਕਰਮ ਨਹੀਂ ਹੋ ਗਿਆ, ਤਾਂ ਤੇ ਇਸ ਹੌਸਲੇ ਪਰ ਪਾਪ ਨ ਕਰੋ।

## ੧੧. ਗੁਰਮੁਖ ਮਨਮੁਖ ਦਾ ਅੰਤਰਾ ਗੁਣਾਂ ਕਰਕੇ ਹੈ

**੧. ਥੋਮ ਕਥੂਰੀ ਵਾਸ ਜਿਉਂ**
**ਕੰਚਨ ਲੋਹ ਨਹੀਂ ਇਕ ਵੰਨਾ।**
**੨. ਫਟਕ ਨ ਹੀਰੇ ਤੁੱਲ ਹੈ**
**ਸਮਸਰ ਨੜੀ ਨ ਵੁੜੀਐ ਗੰਨਾ**
**੩. ਤੁੱਲ ਨ ਰਤਨਾਂ ਰੱਤਕਾਂ**
**ਮੁੱਲ ਨ ਕੱਚ ਵਿਕਾਵੈ ਪੰਨਾ।**
**੪. ਦੁਰਮਤਿ ਘੁੰਮਣਵਾਣੀਐ**
**ਗੁਰਮਤਿ ਸੁੱਕ੍ਰਿਤ ਬੋਹਿਥ ਬੰਨਾ।**
**੫. ਨਿੰਦਾ ਹੋਵੈ ਬੁਰੇ ਦੀ**
**ਜੈ ਜੈ ਕਾਰ ਭਲੇ ਧੰਨ ਧੰਨਾ।**
**੬. ਗੁਰਮੁਖਿ ਪਰਗਟ ਜਾਣੀਐ**
**ਮਨਮੁਖ ਸਚੁ ਰਹੈ ਪਰਛੰਨਾ।**
**੭. ਕੰਮ ਨ ਆਵੈ ਭਾਂਡਾ ਭੰਨਾ ॥੧੧॥**

***ਪਦ ਅਰਥ :*** ਵੰਨਾ—ਰੰਗ। ਵੁੜੀਐ—ਵਡਿਆਈ ਦਾ। ਘੁੰਮਣ ਵਾਣੀਐ—(ਤਿੰਨਾਂ ਗੁਣਾਂ ਦੀ) ਘੁੰਮਣ ਘੇਰੀ। ਸੁੱਕ੍ਰਿਤ—ਭਲੇ ਕਰਮ। ਪਰਛੰਨਾ—ਲੁਕਿਆ, ਛੁਪਿਆ ਹੋਇਆ। ਭੰਨਾ—ਟੁੱਟਾ ਹੋਇਆ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਆਪ ਜੀ ਗੁਰਮੁਖ ਤੇ ਮਨਮੁਖ ਵਿਚ ਪ੍ਰਸਪਰ ਕਿਤਨਾ ਕੁ ਅੰਤਰਾ ਅਨੁਭਵ ਕਰਦੇ ਹੋ, ਜਾਣਕਾਰੀ ਦਿਓ ?

ਉ: ਹੇ ਭਾਈਓ ! ਇਸ ਸੰਬੰਧ ਵਿਚ ਜੋ ਮੈਨੂੰ ਗੁਰਬਾਣੀ ਦੁਆਰੇ ਅੰਤਰਾ ਪ੍ਰਤੀਤ ਹੋਇਆ ਹੈ, ਉਸਨੂੰ ਮੈਂ ਇਸ ਪਉੜੀ ਵਿਚ ਚੰਦ ਦ੍ਰਿਸ਼ਟਾਂਤ ਦੇ ਕੇ ਪ੍ਰਗਟਾਉਣ ਦਾ ਯਤਨ ਕੀਤਾ ਹੈ :

(੧) (ਅਸੀਂ ਵੇਖਦੇ ਹਾਂ ਕਿ ਜਿਵੇਂ) ਥੋਮ ਤੇ ਕਸਤੂਰੀ ਦੀ ਵਾਸ਼ਨਾ ਇਕੋ ਜਿਹੀ ਨਹੀਂ ਹੁੰਦੀ ਤੇ ਨਾ ਹੀ ਲੋਹੇ ਤੇ ਸੋਨੇ ਦਾ ਰੰਗ ਇਕੋ ਜਿਹਾ ਹੁੰਦਾ ਹੈ।

(੨) ਬਲੌਰੀ ਪੱਥਰ ਹੀਰੇ ਦੇ ਬਰਾਬਰ ਨਹੀਂ ਹੁੰਦਾ ਨਾ ਹੀ ਨੜੇ ਨੂੰ ਗੰਨੇ ਵਾਂਗੂੰ ਵਡਿਆਇਆ ਜਾਂਦਾ ਹੈ।

(੩) ਰੱਤੀਆਂ ਰੱਤਕਾਂ ਦੇ ਬਰਾਬਰ ਨਹੀਂ ਹੁੰਦੀਆਂ ਤੇ ਕੱਚ ਪੰਨੇ ਦੇ ਮੁੱਲ ਨਹੀਂ ਵਿਕਦਾ।

(੪) (ਇਸੇ ਤਰ੍ਹਾਂ) ਖੋਟੀ ਸਿਖਿਆ ਦਰਿਆ ਦੀ ਘੁੰਮਣਵਾਣੀ ਵਾਂਗੂੰ ਹੈ ਤੇ ਗੁਰੂ ਦੀ ਸਿਖਿਆ ਸ਼ੁਭ ਕਰਮਾਂ ਦਾ ਜਹਾਜ਼ ਹੈ (ਦੋਵੇਂ ਇਕੋ ਜਿਹੇ ਨਹੀਂ)।

(੫) ਬੁਰੇ ਆਦਮੀ ਦੀ ਨਿੰਦਾ ਹੁੰਦੀ ਹੈ ਤੇ ਭਲੇ ਪੁਰਸ਼ ਦੀ ਹਰ ਪਾਸੇ ਜੈ ਜੈਕਾਰ ਹੁੰਦੀ ਹੈ ਤੇ ਹਰ ਕੋਈ ਉਸਨੂੰ ਧੰਨ ਧੰਨ ਆਖਦਾ ਹੈ।

(੬) ਗੁਰਮੁਖ ਪ੍ਰਗਟ ਰੂਪ ਵਿਚ ਜਾਣਿਆ ਜਾਂਦਾ ਹੈ ਤੇ ਮਨਮੁਖ ਸੱਚ ਵੱਲੋਂ ਲੁਕਿਆ ਰਹਿੰਦਾ ਹੈ।

(੭) ਮਨਮੁਖ ਭੱਜੇ ਭਾਂਡੇ ਵਾਂਗੂੰ ਕਿਸੇ ਕੰਮ ਨਹੀਂ ਆਉਂਦਾ।੧੧।

## ੧੨. ਭਲੇ ਪੁਰਸ਼ ਦਾ ਹੀ ਹਮੇਸ਼ਾਂ ਜੱਸ ਹੁੰਦਾ ਹੈ

**੧. ਇਕ ਵੇਚਣ ਹਥਿਆਰ ਘੜ**
**ਇੱਕ ਸਵਾਰਨ ਸਿਲਾ ਸੰਜੋਆ।**
**੨. ਰਣ ਵਿੱਚ ਘਾਉ ਬਚਾਉ ਕਰ**
**ਦੁਇ ਦਲ ਨਿੱਤ ਉਠ ਕਰਦੇ ਢੋਆ।**
**੩. ਘਾਇਲ ਹੋਇ ਨੰਗਾਸਣਾ**
**ਬਖਤਰ ਵਾਲਾ ਨਵਾਂ ਨਰੋਆ।**
**੪. ਕਰਨ ਗੁਮਾਨ ਕਮਾਨ ਗਰ**
**ਖਾਨ ਜਰਾਦੀ ਬਹੁਤ ਬਖੋਆ।**
**੫. ਜਗ ਵਿਚ ਸਾਧ ਅਸਾਧ ਸੰਗ**
**ਸੰਗ ਸੁਭਾਇ ਜਾਇ ਫਲ ਭੋਆ।**
**੬. ਕਰਮ ਸੁ ਧਰਮ ਅਧਰਮ ਕਰ**
**ਦੁਖ ਸੁਖ ਅੰਦਰ ਆਇ ਪਰੋਆ।**
**੭. ਭਲੇ ਬੁਰੇ ਜਸ ਅਪਜਸ ਹੋਆ॥੧੨॥**

***ਪਦ ਅਰਥ :*** ਸਿਲਾ ਸੰਜੋਆ—ਕਵਚ, ਜਿਰਹ ਬਖ਼ਤਰ। ਢੋਆ—ਮੁੱਠ-ਭੇੜ। ਨੰਗਾਸਣਾ—ਨੰਗੇ (ਜਿਨ੍ਹਾਂ ਦੇ ਸਰੀਰ ਦੇ ਮਰਮ ਅਸਥਾਨ ਲੋਹੇ ਦੇ ਕੱਪੜਿਆਂ ਨਾਲ ਕੱਜੇ ਨਹੀਂ ਹੋਏ)। ਜਰਾਦੀ—ਕਮਾਨ ਜਾਤੀ, ਜੋ ਚੰਗੀ ਹੁੰਦੀ ਹੈ। ਅਪਜਸ—ਨਿੰਦਿਆ। ਫਲ ਭੋਆ—ਫਲ ਦਾ ਭੇਦ ਹੈ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਭਲੇ ਪੁਰਸ਼ਾਂ ਵਿਚ ਉਹ ਕਿਹੜੇ ਗੁਣ ਹਨ, ਜਿਨ੍ਹਾਂ ਦਾ ਸਦਕਾ ਉਨ੍ਹਾਂ ਦਾ ਹਰ ਥਾਂ ਹੀ ਜਸ ਹੁੰਦਾ ਹੈ, ਜਾਣਕਾਰੀ ਦਿਓ ?

ਉ: ਹੇ ਭਾਈਓ ! ਭਲੇ ਪੁਰਸ਼ਾਂ ਵਿਚ ਸ਼ੁਭ ਗੁਣਾਂ ਦੀ ਵਿਸ਼ੇਸ਼ਤਾ ਹੈ, ਜਿਸ ਕਰਕੇ ਉਹ ਹਰ ਥਾਂ ਤੋਂ ਹੀ ਸੋਭਾ ਕਰਾਉਣ ਦੇ ਅਧਿਕਾਰੀ ਹੁੰਦੇ ਹਨ, ਇਸ ਭਾਵ ਨੂੰ ਮੈਂ ਇਸ ਪਉੜੀ ਵਿਚ ਪ੍ਰਗਟਾਉਣ ਲਈ ਕੁਝ ਪ੍ਰਮਾਣ ਦਰਸਾਏ ਹਨ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਇਕ ਸ਼ਸਤ੍ਰ ਬਣਾ ਬਣਾ ਕੇ ਵੇਚਦੇ ਹਨ ਤੇ ਇਕ ਸੰਜੋਆਂ ਨੂੰ ਮਾਂਜਣ (ਲਿਸ਼ਕਾਉਣ) ਵਾਲੇ (ਸਿਕਲੀਗਰ ਹਨ)।

(੨) ਦੋਵੇਂ ਦਲ ਮੈਦਾਨ ਵਿਚ ਨਿੱਤ ਉਠ ਕੇ ਲੜਦੇ ਹਨ ਤੇ ਘਾਵਾਂ ਤੋਂ ਆਪਣਾ ਬਚਾਅ ਕਰਦੇ ਹਨ।

(੩) ਸੰਜੋਆਂ ਤੋਂ ਬਿਨਾਂ ਸੂਰਮੇ ਜ਼ਖ਼ਮੀ ਹੁੰਦੇ ਹਨ ਤੇ ਸੰਜੋਆਂ ਵਾਲੇ ਨਵੇਂ ਨਰੋਏ (ਭਾਵ ਬਚੇ) ਰਹਿੰਦੇ ਹਨ।

(੪) ਕਮਾਨਗਰ (ਕਮਾਨਾਂ ਬਣਾਉਣ ਵਾਲੇ) ਹੰਕਾਰ ਕਰਦੇ ਹਨ ਕਿ 'ਖ਼ਾਨ ਜਰਾਦੀ' ਕਿਸਮ ਦੀ ਕਮਾਨ ਬਹੁਤ ਚੰਗੀ ਹੈ।

(੫) ਸੰਸਾਰ ਵਿਚ ਭਲਿਆਂ ਤੇ ਬੁਰਿਆਂ ਦੀਆਂ ਦੋ ਸੰਗਤਾਂ ਹਨ, ਦੋਹਾਂ ਦੀ ਸੰਗਤ ਵਿਚ ਫਲ ਦਾ ਭੇਦ ਹੈ।

(੬) ਭਲੇ ਕਰਮ ਕਰਨ ਵਾਲਾ ਧਰਮੀ ਕਿਹਾ ਜਾਂਦਾ ਹੈ ਤੇ ਉਸਨੂੰ ਸੁਖ ਮਿਲਦਾ ਹੈ ਤੇ ਅਧਰਮੀ (ਖੋਟਾ ਪੁਰਸ਼) ਦੁਖਾਂ ਵਿਚ ਪਰੋਇਆ ਜਾਂਦਾ ਹੈ।

(੭) ਭਲੇ ਪੁਰਸ਼ ਦੀ ਵਡਿਆਈ ਹੁੰਦੀ ਤੇ ਬੁਰੇ ਮਨੁੱਖ ਦੀ ਨਿੰਦਿਆ ਹੁੰਦੀ ਹੈ।੧੨।

*ਭਾਵਾਰਥ :* ਇਕ ਪੀੜ ਦੇਣ ਦਾ ਸਮਾਨ ਤਿਆਰ ਕਰਦੇ ਹਨ, ਇਕ ਪੀੜ ਤੋਂ ਬਚਾਉ ਦਾ ਸਮਾਨ ਤਿਆਰ ਕਰਦੇ ਹਨ, ਦੋਵੇਂ ਆਪਣੀ ਕਰਨੀ ਅਨੁਸਾਰ ਜਸ ਤੇ ਅਪਜਸ ਦੇ ਭਾਗੀ ਹਨ। (ਜਸ ਜੀਵਣ ਅਪਜਸ ਮਰਣ ਹੈ)।

## ੧੩. ਪਰਉਪਕਾਰ ਕਰਨਾ ਹੀ ਸ੍ਰੇਸ਼ਟ ਕਰਮ ਹੈ

**੧. ਸਤ ਸੰਤੋਖ ਦਇਆ ਧਰਮ ਅਰਥ**
**ਸੁਗਰਥ ਸਾਧ ਸੰਗ ਆਵੈ।**
**੨. ਕਾਮ ਕਰੋਧ ਅਸਾਧ ਸੰਗ**
**ਲੋਭ ਮੋਹ ਅਹੰਕਾਰ ਮਚਾਵੈ।**
**੩. ਦੁਕ੍ਰਿਤ ਸੁਕ੍ਰਿਤ ਕਰਮ ਕਰ**
**ਬੁਰਾ ਭਲਾ ਹੋਇ ਨਾਉਂ ਧਰਾਵੈ।**
**੪. ਗੋਰਸ ਗਾਈਂ ਖਾਇ ਖੜ**
**ਇਕ ਇਕ ਜਣਦੀ ਵੱਗ ਵਧਾਵੈ।**
**੫. ਦੁੱਧ ਪੀਤੈ ਵਿਹੁ ਦੇਇ ਸੱਪ**
**ਜਣ ਜਣ ਬਾਹਲੇ ਬੱਚੇ ਖਾਵੈ।**
**੬. ਸੰਗ ਸੁਭਾਉ ਅਸਾਧ ਸੰਗ**
**ਪਾਪ ਪੁੰਨ ਦੁਖ ਸੁਖ ਫਲ ਪਾਵੈ।**
**੭. ਪਰਉਪਕਾਰ ਵਿਕਾਰ ਕਮਾਵੈ ॥੧੩॥**

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਜਿਨ੍ਹਾਂ ਸ਼ੁਭ ਗੁਣਾਂ ਦੇ ਧਾਰਨੀ ਹੋਣ ਲਈ ਆਪ ਜੀ ਪ੍ਰੇਰਨਾ ਕਰਦੇ ਹੋ, ਉਨ੍ਹਾਂ ਦੀ ਪ੍ਰਾਪਤੀ ਕਿਥੋਂ ਹੁੰਦੀ ਹੈ ?

ਉ: ਹੇ ਭਾਈਓ ! ਇਸ ਭਾਵ ਨੂੰ ਭੀ ਮੈਂ ਜਦੋਂ ਬਾਣੀ ਵਿਚ ਵੀਚਾਰਿਆ ਹੈ ਤਾਂ ਇਨ੍ਹਾਂ ਸ਼ੁਭ ਗੁਣਾਂ ਦੀ ਪ੍ਰਾਪਤੀ ਦਾ ਮੁਖ ਅਸਥਾਨ ਕੇਵਲ ਮੈਨੂੰ ਸਾਧ ਸੰਗਤ ਹੀ ਨਜ਼ਰ ਆਇਆ ਹੈ, ਜਿਸ ਭਾਵ ਨੂੰ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਦੁਆਰੇ ਪ੍ਰਗਟਾਇਆ ਹੈ।

(੧) (ਜਿਵੇਂ ਮੈਨੂੰ ਗੁਰਬਾਣੀ ਦੁਆਰੇ ਬੋਧ ਹੋਇਆ ਹੈ ਕਿ) ਸਾਧ ਸੰਗਤ ਵਿਚੋਂ ਹੀ ਸੱਚ, ਸੰਤੋਖ, ਦਇਆ, ਧਰਮ ਤੇ ਅਰਥ ਆਦਿ ਸ੍ਰੇਸ਼ਟ ਪਦਾਰਥ ਪ੍ਰਾਪਤ ਹੁੰਦੇ ਹਨ।

(੨) ਅਸਾਧਾਂ (ਬੁਰੇ ਪੁਰਸ਼ਾਂ) ਦੀ ਸੰਗਤ ਕਰਨ ਕਰਕੇ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਆਦਿ ਵਧਦੇ ਹਨ।

(੩) ਖੋਟੇ ਕਰਮ ਤੇ ਚੰਗੇ ਕਰਮ ਕਰਨ ਵਾਲਿਆਂ ਦੇ ਦੋ ਅੱਡੋ ਅੱਡ ਨਾਂ ਧਰੇ ਜਾਂਦੇ ਹਨ, ਪਾਪ ਕਰਨ ਵਾਲਾ ਬੁਰਾ ਤੇ ਪੁੰਨ ਕਰਮ ਕਰਨ ਵਾਲਾ ਭਲਾ ਕਿਹਾ ਜਾਂਦਾ ਹੈ।

(੪) ਘਾਹ ਖਾ ਕੇ ਗਊ ਦੁੱਧ ਦਿੰਦੀ ਹੈ ਤੇ ਇਕ ਇਕ ਬੱਚਾ ਜਣ ਕੇ ਵੱਗ ਵਧਾਉਂਦੀ ਹੈ।

(੫) ਦੁੱਧ ਪੀ ਕੇ ਸੱਪਣੀ ਜ਼ਹਿਰ ਦਿੰਦੀ ਹੈ ਤੇ ਬਹੁਤ ਸਾਰੇ ਬੱਚੇ ਜਣ ਕੇ ਉਨ੍ਹਾਂ ਨੂੰ ਖਾ ਲੈਂਦੀ ਹੈ।

(੬) ਭਲਿਆਂ ਤੇ ਬੁਰਿਆਂ ਦੀ ਸੰਗਤ ਵਿਚ ਪਾਪ ਪੁੰਨ ਦਾ ਫਲ ਦੁਖ ਸੁਖ ਮਿਲਦਾ ਹੈ।

(੭) ਪਰਉਪਕਾਰ ਸਰੇਸ਼ਟ ਕਰਮ ਹੈ ਤੇ ਵਿਕਾਰ ਕਰਨਾ ਪਾਪ ਹੈ।੧੩।

*ਭਾਵਾਰਥ :* ਪਾਪ ਪੁੰਨ ਦਾ ਇਹੋ ਰੂਪ ਹੈ ਕਿ ਗੁਰਮੁਖ ਲੋਕ ਆਪਣੇ ਕੰਮ ਵਿਗਾੜ ਕੇ ਭੀ ਬਿਗਾਨਾ ਸਵਾਰਦੇ ਹਨ ਇਹੋ ਪਰਉਪਕਾਰ ਹੈ ਅਤੇ ਬੁਰੇ ਲੋਕ ਦੂਜੇ ਦੇ ਕੰਮ ਵਿਚ ਵਿਘਨ ਪਾਉਂਦੇ ਹਨ, ਇਹੋ ਵਿਕਾਰ ਕਮਾਉਣਾ ਹੈ।

## ੧੪. ਭਲਾ ਤੇ ਬੁਰਾ

**੧. ਚੰਦਨ ਬਿਰਖ ਸੁਬਾਸ ਦੇ**
**ਚੰਦਨ ਕਰਦਾ ਬਿਰਖ ਸਬਾਏ।**
**੨. ਖਹਿੰਦੇ ਵਾਂਸਹੁ ਅੱਗ ਧੁਖ**
**ਆਪ ਜਲੈ ਪਰਵਾਰ ਜਲਾਏ।**
**੩. ਮੁਲਹੁ ਜਿਵੇਂ ਪੰਖੇਰੂਆਂ**
**ਫਾਸੇ ਆਪ ਕੁਟੰਬ ਫਹਾਏ।**
**੪. ਅਸ਼ਟਧਾਤ ਹੁਇ ਪਰਬਤਹੁ**
**ਪਾਰਸ ਕਰ ਕੰਚਨ ਦਿਖਲਾਏ।**

੫. ਗਨਕਾ ਵਾੜੇ ਜਾਇਕੈ
ਹੋਵਨ ਰੋਗੀ ਪਾਪ ਕਮਾਏ।
੬. ਦੁਖੀਏ ਆਵਣ ਵੈਦ ਘਰ
ਦਾਰੂ ਦੇ ਦੇ ਰੋਗ ਮਿਟਾਏ।
੭. ਭਲਾ ਬੁਰਾ ਦੁਇ ਸੰਗ ਸੁਭਾਏ ॥੧੪॥

***ਪਦ ਅਰਥ :*** ਸਬਾਏ—ਸਾਰੇ। ਮੁਲਹੁ—ਤਿਲੀਅਰ, ਬਟੇਰਾ। ਵਾੜੈ—ਵੇਹੜੇ। ਗਨਕਾ—ਵੇਸਵਾ।

***ਅਰਥ :***

ਪ੍ਰ: ਭਾਈ ਸਾਹਿਬ ਜੀਓ! ਸਾਰੇ ਮਨੁੱਖ ਬਾਹਰੋਂ ਵੇਖਣ ਵਿਚ ਤਾਂ ਸਮਾਨ ਹੀ ਨਜ਼ਰ ਆਉਂਦੇ ਹਨ, ਪਰ ਭਲੇ ਤੇ ਬੁਰੇ ਵਿਚ ਅੰਤਰਾ ਕੀ ਹੈ ?

ਉ: ਹੇ ਭਾਈਓ ! ਬਾਹਰੋਂ ਤਾਂ ਦੋਵੇਂ ਇਕੋ ਜਿਹੇ ਦਿੱਸਦੇ ਹਨ, ਪਰ ਅੰਦਰੋਂ ਜਦੋਂ ਨੇੜੇ ਹੋ ਤੱਕੀਏ ਤਾਂ ਇਨ੍ਹਾਂ ਦੇ ਅੰਦਰੋਂ ਸੁਭਾਉ ਭਿੰਨ ਭਿੰਨ ਹਨ, ਜਿਨ੍ਹਾਂ ਦੇ ਸੁਭਾਵਾਂ ਨੂੰ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ :

(੧) (ਜਿਵੇਂ ਅਸੀਂ ਪ੍ਰਤੱਖ ਹੀ ਵੇਖਦੇ ਹਾਂ ਕਿ) ਚੰਦਨ ਦਾ ਬ੍ਰਿਛ ਆਪਣੀ ਚੰਗੀ ਵਾਸ਼ਨਾ ਦੇ ਕੇ ਆਲੇ ਦੁਆਲੇ ਦੇ ਸਾਰੇ ਬ੍ਰਿਛਾਂ ਨੂੰ ਚੰਦਨ ਬਣਾ ਦੇਂਦਾ ਹੈ।
(੨) ਵਾਂਸ ਆਪੋ ਵਿਚ ਖਹਿੰਦੇ ਹਨ ਤੇ ਉਨ੍ਹਾਂ ਵਿਚੋਂ ਅੱਗ ਧੁਖਦੀ ਹੈ, ਉਸ ਅੱਗ ਵਿਚ ਉਹ ਆਪ ਭੀ ਸੜਦੇ ਹਨ ਤੇ ਆਪਣਾ ਪਰਵਾਰ ਭੀ ਸਾੜ ਬੈਠਦੇ ਹਨ।
(੩) ਜਿਵੇਂ ਮੁਲਹੁ ਪੰਛੀ ਫੰਧਕ ਦੇ ਫੰਧੇ ਵਿਚ ਆਪ ਫਸ ਕੇ ਹੋਰ ਪੰਛੀਆਂ ਨੂੰ ਭੀ ਫਸਾਉਂਦਾ ਹੈ।
(੪) ਪਹਾੜਾਂ ਵਿਚ ਅੱਠ ਧਾਤਾਂ ਹੁੰਦੀਆਂ ਹਨ, ਪਾਰਸ ਸਾਰੀਆਂ ਧਾਤਾਂ ਨੂੰ ਸੋਨਾ ਬਣਾ ਦੇਂਦੀ ਹੈ।
(੫) ਖੋਟੇ ਪੁਰਸ਼ ਵੇਸਵਾ ਦੇ ਘਰ ਜਾ ਕੇ ਪਾਪ ਕਰਮ ਕਰਦੇ ਹਨ ਅਤੇ ਰੋਗੀ ਹੋ ਜਾਂਦੇ ਹਨ।
(੬) ਦੁਖੀਏ (ਰੋਗੀ ਪੁਰਸ਼) ਵੈਦ ਦੇ ਘਰ ਜਾਂਦੇ ਹਨ, ਵੈਦ ਉਨ੍ਹਾਂ ਨੂੰ ਔਸ਼ਧੀ ਦੇ ਕੇ ਰੋਗ ਦੂਰ ਕਰਦਾ ਹੈ।
(੭) ਭਲਾ ਤੇ ਬੁਰਾ ਦੋ ਸੰਗਤਾਂ ਹਨ, ਇਨ੍ਹਾਂ ਦੋਹਾਂ ਦਾ ਸੁਭਾਉ ਵੱਖੋ ਵੱਖ ਹੈ।੧੪।

***ਭਾਵਾਰਥ :*** ਭਲਾ ਭਲਾਈ ਅਰ ਬੁਰਾ ਬੁਰਾਈ ਥੋਂ ਪਰਖਿਆ ਜਾਂਦਾ ਹੈ, ਇਸ ਲਈ ਹਰ ਬੰਦੇ ਨੂੰ ਪਹਿਲੋਂ ਪਰਖ ਦੀ ਕਸੌਟੀ ਤੇ ਪਰਖ ਲੈਣਾ ਹੀ ਸਿਆਣਪ ਹੈ।

## ੧੫. ਜੋ ਬੀਜੈ ਸੋ ਖਾਵਣਾ

੧. ਭਲਾ ਸੁਭਾਉ ਮਜੀਠ ਦਾ
ਸਹੈ ਅਵੱਟਣ ਰੰਗ ਚੜ੍ਹਾਏ।
੨. ਗੰਨਾ ਕੋਹਲੂ ਪੀੜੀਐ
ਟੱਟਰ ਪਇਆ ਮਿਠਾਸੁ ਵਧਾਏ।
੩. ਤੁੰਮੇ ਅੰਮ੍ਰਿਤ ਸਿੰਜੀਐ
ਕਉੜਤਣ ਦੀ ਬਾਣ ਨ ਜਾਏ।
੪. ਅਵਗੁਣ ਕੀਤੇ ਗੁਣ ਕਰੈ
ਭਲਾ ਨ ਅਵਗੁਣ ਚਿੱਤ ਵਸਾਏ।
੫. ਗੁਣ ਕੀਤੇ ਅਵਗੁਣ ਕਰੇ
ਬੁਰਾ ਨ ਮਨ ਅੰਦਰ ਗੁਣ ਪਾਏ।
੬. ਜੋ ਬੀਜੈ ਸੋਈ ਫਲ ਖਾਏ ॥੧੫॥

***ਪਦ ਅਰਥ :*** ਅਵੱਟਣ—ਕੜ੍ਹਨੀ, ਉਬਾਲਾ। ਟੱਟਰ—ਕੜਾਹਾ। ਬਾਣ—ਆਦਤ, ਸੁਭਾਉ।

***ਅਰਥ :***

ਭਾਈ ਸਾਹਿਬ ਜੀ, ਇਸ ਪਉੜੀ ਵਿਚ ਭੀ ਉਪਰਲੀ ਪਉੜੀ ਦਾ ਭਾਵ ਹੀ ਦਰਸਾ ਰਹੇ ਹਨ :

(੧) (ਜਿਵੇਂ ਵੇਖੀਦਾ ਹੈ ਕਿ) ਮਜੀਠ ਦਾ ਸੁਭਾਅ ਚੰਗਾ ਹੈ, ਜੋ ਅੱਗ ਦਾ ਸੇਕ (ਉਬਾਲਾ) ਸਹਾਰ ਕੇ ਭੀ ਕੱਪੜੇ ਨੂੰ ਰੰਗ ਚੜ੍ਹਾਉਂਦੀ ਹੈ।
(੨) ਗੰਨੇ ਨੂੰ ਵੇਲਣੇ ਵਿਚ ਪੀੜ ਕੇ ਕੜਾਹੇ ਵਿਚ ਪਾ ਕੇ ਤਪਾਇਆ ਜਾਂਦਾ ਹੈ, ਉਹ ਫਿਰ ਵੀ ਮਿਠਾਸ ਵਧਾਉਂਦਾ ਹੈ।
(੩) ਤੁੰਮੇ ਨੂੰ ਕਿੰਨਾ ਭੀ ਅੰਮ੍ਰਿਤ ਪਾਈਏ, ਪਰ ਉਸਦੀ ਕੁੜੱਤਣ ਵਾਲੀ ਆਦਤ ਨਹੀਂ ਜਾਂਦੀ।
(੪) (ਭਲਾ ਪੁਰਸ਼) ਔਗੁਣ ਕਰਨ ਵਾਲੇ ਨਾਲ ਭੀ ਗੁਣ ਹੀ ਕਰਦਾ ਹੈ, ਉਹ ਬੁਰੇ ਪੁਰਸ਼ਾਂ ਦੇ ਔਗੁਣਾਂ ਨੂੰ ਆਪਣੇ ਮਨ ਵਿਚ ਨਹੀਂ ਵਸਾਉਂਦਾ।
(੫) ਬੁਰਾ ਪੁਰਸ਼ ਭਲਾ ਕਰਨ ਵਾਲੇ ਨਾਲ ਬੁਰਿਆਈ ਹੀ ਕਰਦਾ ਹੈ, ਉਹ ਆਪਣੇ ਮਨ ਅੰਦਰ ਗੁਣਾਂ ਨੂੰ ਧਾਰਨ ਨਹੀਂ ਕਰਦਾ।
(੬) ਜੋ ਕੁਛ ਕੋਈ ਬੀਜਦਾ ਹੈ ਉਹੋ ਜਿਹਾ ਫਲ ਉਹ ਖਾਏਗਾ।੧੫।

*ਭਾਵਾਰਥ :*

ਭਲਾ ਭਲਾ ਫਲ ਤੇ ਬੁਰਾ ਬੁਰਾ ਫਲ ਹੀ ਵੱਢਦਾ ਹੈ।

## ੧੬. ਭਲੇ ਬੁਰੇ ਦੀ ਸੁਭਾਵਕ ਨੇਕੀ ਬਦੀ

**੧. ਪਾਣੀ ਪੱਥਰ ਲੀਕ ਜਿਉਂ**
**ਭਲਾ ਬੁਰਾ ਪਰਕਿਰਤ ਸੁਭਾਏ।**
**੨. ਵੈਰ ਨ ਟਿਕਦਾ ਭਲੇ ਚਿੱਤ**
**ਹੇਤ ਨ ਟਿਕੈ ਬੁਰੇ ਮਨ ਆਏ।**
**੩. ਭਲਾ ਨ ਹੇਤ ਵਿਸਾਰਦਾ**
**ਬੁਰਾ ਨ ਵੈਰ ਮਨਹੁੰ ਵਿਸਰਾਏ।**
**੪. ਆਸ ਨ ਪੁੱਜੇ ਦੁਹਾਂ ਦੀ**
**ਦੁਰਮਤਿ ਗੁਰਮਤ ਅੰਤ ਲਖਾਏ।**
**੫. ਭਲਿਅਹੁੰ ਬੁਰਾ ਨ ਹੋਵਈ**
**ਬੁਰਿਅਹੁੰ ਭਲਾ ਨ ਭਲਾ ਮਨਾਏ।**
**੬. ਵਿਰਤੀਹਾਣ ਵਖਾਣਿਆ**
**ਸਈਂ ਸਿਆਣੀ ਸਿੱਖ ਸੁਣਾਏ।**
**੭. ਪਰਉਪਕਾਰ ਵਿਕਾਰ ਕਮਾਏ ॥੧੬॥**

*ਪਦ ਅਰਥ :* ਪਾਣੀ ਪੱਥਰ ਲੀਕ—ਪਾਣੀ 'ਤੇ ਪੱਥਰ ਦੀ ਲੀਕ, ਭਲਾਈ ਪੱਥਰ ਦੀ ਲੀਕ ਤੇ ਬੁਰਾਈ ਪਾਣੀ ਦੀ ਲੀਕ। ਪਰਕਿਰਤ—ਸੁਭਾਅ, ਦੇਹ। ਹੇਤ—ਹਿਤ, ਪਿਆਰ। ਵਿਰਤੀਹਾਣ—ਵਰਤਮਾਨ ਦੀ ਗੱਲ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਭਲੇ ਤੇ ਬੁਰੇ ਸੁਭਾਉ ਬਾਰੇ ਕੁਝ ਜਾਣਕਾਰੀ ਦਿਓ?

ਉ: ਹੇ ਭਾਈਓ! ਇਸ ਪੱਖ ਨੂੰ ਭੀ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ :

(੧) (ਹੇ ਭਾਈ! ਇਉਂ ਹੀ ਜਾਣੋ ਕਿ) ਪਾਣੀ 'ਤੇ ਪੱਥਰ ਦੀ ਲੀਕ ਵਾਂਗੂੰ ਭਲੇ ਤੇ ਬੁਰੇ ਦਾ ਸੁਭਾਉ ਹੁੰਦਾ ਹੈ।
(੨) ਭਲੇ ਦੇ ਮਨ ਵਿਚ ਪਾਣੀ ਦੀ ਲੀਕ ਵਾਂਗੂੰ ਵੈਰ ਨਹੀਂ ਟਿਕਦਾ ਤੇ ਬੁਰੇ ਦੇ ਮਨ ਵਿਚ ਪੱਥਰ ਦੀ ਲੀਕ ਵਾਂਗੂੰ ਵੈਰ ਪੱਕਾ ਹੁੰਦਾ ਹੈ। ਉਸਦੇ ਚਿੱਤ ਵਿਚ ਭਲਿਆਈ ਨਹੀਂ ਆਉਂਦੀ।
(੩) ਭਲਾ ਪੁਰਸ਼ ਹੇਤ (ਹਿਤ ਪਿਆਰ) ਨਹੀਂ ਛਡਦਾ ਤੇ ਬੁਰਾ ਆਪਣੇ ਮਨ ਵਿਚੋਂ ਵੈਰ ਨਹੀਂ ਵਿਸਾਰਦਾ।
(੪) ਦੋਹਾਂ ਦੀ ਆਸ ਪੂਰੀ ਨਹੀਂ ਹੁੰਦੀ, ਬੁਰਾ ਅੰਤ ਤਕ ਬੁਰਿਆਈ ਤੇ ਭਲਾ ਅਖੀਰ ਤਕ ਗੁਰੂ ਦੀ ਸਿਖਿਆ ਨੂੰ ਹੀ ਜਾਣਦਾ ਹੈ।
(੫) ਭਲੇ ਪੁਰਸ਼ ਕੋਲੋਂ ਕਦੀ ਵੀ ਬੁਰਿਆਈ ਨਹੀਂ ਹੁੰਦੀ ਤੇ ਬੁਰੇ ਪੁਰਸ਼ ਕੋਲੋਂ ਭਲਾ ਨਹੀਂ ਹੁੰਦਾ, ਕਿਉਂਕਿ ਉਹ ਭਲਿਆਈ ਨੂੰ ਮੰਨਦਾ ਹੀ ਨਹੀਂ।
(੬) ਇਹ ਵਰਤ ਰਿਹਾ ਵਰਤਾਰਾ ਕਥਨ ਕੀਤਾ ਹੈ, ਕਿਉਂਕਿ ਸੌ ਸਿਆਣਿਆਂ ਦੀ ਇਕੋ ਮੱਤ ਸੁਣੀਂਦੀ ਹੈ।
(੭) (ਭਲਾ ਪੁਰਸ਼ ਸਦਾ) ਪਰਉਪਕਾਰ ਹੀ ਕਰਦਾ ਹੈ ਤੇ (ਬੁਰਾ) ਵਿਕਾਰ ਹੀ ਕਮਾਉਂਦਾ ਹੈ।੧੬।

## ੧੭. ਸੱਚੇ ਪ੍ਰਭੂ ਦਾ ਨਿਆਂ ਭੀ ਸੱਚਾ ਹੈ

**੧. ਵਿਰਤੀਹਾਣ ਵਖਾਣਿਆ**
**ਭਲੇ ਬੁਰੇ ਦੀ ਸੁਣੀ ਕਹਾਣੀ।**
**੨. ਭਲਾ ਬੁਰਾ ਦੁਇ ਚੱਲੇ ਰਾਹ**
**ਉਸਥੈ ਤੋਸਾ ਉਸਥੈ ਪਾਣੀ।**
**੩. ਤੋਸਾ ਅੱਗੇ ਰੱਖਿਆ**
**ਭਲੇ ਭਲਾਈ ਅੰਦਰ ਆਣੀ।**
**੪. ਬੁਰਾ ਬੁਰਾਈ ਕਰ ਗਇਆ**
**ਹੱਥੀਂ ਕੱਢ ਨ ਦਿਤੋ ਪਾਣੀ।**
**੫. ਭਲਾ ਭਲਾਈਅਹੁੰ ਸਿੱਝਿਆ**
**ਬੁਰੇ ਬੁਰਾਈਅਹੁੰ ਵੈਰ ਵਿਹਾਣੀ।**
**੬. ਸੱਚਾ ਸਾਹਿਬ ਨਿਆਉਂ ਸੱਚ**
**ਜੀਆਂ ਦਾ ਜਾਣੋਈ ਜਾਣੀ।**
**੭. ਕੁਦਰਤ ਕਾਦਰ ਨੋ ਕੁਰਬਾਣੀ ॥੧੭॥**

*ਪਦ ਅਰਥ :* ਤੋਸਾ—ਰੋਟੀ। ਵਿਰਤੀਹਾਣ—ਵਰਤੀ ਹੋਈ ਗੱਲ। ਹੱਥੀਂ ਕੱਢ—ਹੱਥਾਂ ਨਾਲ ਕੱਢ ਕੇ। ਸਿੱਝਿਆ—ਮੁਕਤ ਹੋਇਆ।

*ਅਰਥ :*

**ਪ੍ਰ:** ਭਾਈ ਸਾਹਿਬ ਜੀਓ! ਜੇ ਕੋਈ ਭਲੇ ਤੇ ਬੁਰੇ ਦੀ ਵਾਰਤਾ ਤੁਹਾਡੇ ਪ੍ਰਤੱਖ ਵੇਖਣ ਜਾਂ ਸੁਣਨ ਵਿਚ ਆਈ ਹੋਵੇ ਤਾਂ ਜਾਣਕਾਰੀ ਦਿਓ ?

**ਉ:** ਹੇ ਭਾਈਓ! ਤੁਹਾਡੇ ਇਸ ਪ੍ਰਸ਼ਨ ਦਾ ਉੱਤਰ ਭੀ ਮੈਂ ਇਸ ਪਉੜੀ ਵਿਚ ਹੀ ਦਰਸਾਇਆ ਹੈ :

(੧) (ਹੇ ਭਾਈਓ! ਹੁਣ ਅਸੀਂ ਤੁਹਾਨੂੰ) ਵਰਤੀ ਹੋਈ ਗੱਲ ਸੁਣਾਉਂਦੇ ਹਾਂ, (ਜੋ ਅਸਾਂ ਇਕ) ਭਲੇ ਤੇ ਬੁਰੇ ਦੀ ਕਹਾਣੀ ਸੁਣੀ ਹੈ।

(੨) ਭਲਾ ਤੇ ਬੁਰਾ ਦੋਵੇਂ ਇਕੱਠੇ ਇਕ ਰਸਤੇ 'ਤੇ ਜਾ ਰਹੇ ਸਨ, ਭਲੇ ਪਾਸ ਰੋਟੀ ਸੀ ਤੇ ਬੁਰੇ ਕੋਲ ਪਾਣੀ।

(੩) ਭਲੇ ਦੇ ਮਨ ਅੰਦਰ ਭਲਿਆਈ ਵੱਸਦੀ ਸੀ, ਇਸ ਲਈ ਉਸਨੇ ਰੋਟੀ ਕੱਢ ਕੇ ਬੁਰੇ ਦੇ ਅੱਗੇ ਰੱਖੀ।

(੪) (ਪਰ) ਬੁਰਾ ਬੁਰਾਈ ਕਰਕੇ ਚਲਾ ਗਿਆ, ਉਸਨੇ ਆਪਣੇ ਹੱਥੀਂ ਭਲੇ ਪੁਰਸ਼ ਨੂੰ ਪਾਣੀ ਨਾ ਦਿਤਾ।

(੫) ਭਲਾ ਤਾਂ ਭਲਿਆਈ ਕਰਕੇ ਮੁਕਤ ਹੋ ਗਿਆ, ਪਰ ਬੁਰੇ ਦੀ ਉਮਰ ਵੈਰ ਕਮਾਉਂਦਿਆਂ ਹੀ ਬੀਤ ਗਈ (ਤੇ ਅੰਤ ਉਹ ਨਰਕਾਂ ਵਿਚ ਜਾ ਪਿਆ)।

(੬) ਸੱਚੇ ਸਾਹਿਬ (ਪ੍ਰਭੂ) ਦਾ ਨਿਆਂ ਸੱਚਾ ਹੈ, ਉਹ ਹਰ ਇਕ ਜੀਅ ਦੇ ਦਿਲ ਦੀ ਜਾਣਨ ਵਾਲਾ ਜਾਣੀ ਜਾਣ ਹੈ।

(੭) (ਸੰਸਾਰ ਵਿਚ ਵਰਤ ਰਿਹਾ ਇਹ ਵਰਤਾਰਾ ਵੇਖ ਕੇ) ਮੈਂ ਕਾਦਰ ਦੀ ਕੁਦਰਤ ਤੋਂ ਕੁਰਬਾਨ ਜਾਂਦਾ ਹਾਂ।੧੭।

***ਭਾਵਾਰਥ :*** ਇਕ ਮਾਤਾ ਪਿਤਾ ਦੀ ਸੰਤਾਨ ਹੋ ਕੇ ਸੁਭਾਉ ਭਲਾ ਤੇ ਬੁਰਾ ਵੱਖੋ ਵੱਖ ਵੇਖਣ ਵਿਚ ਆਉਂਦਾ ਹੈ, ਪਰ ਆਖ਼ਰ ਸੱਚੇ ਦੀ ਦਰਗਾਹ ਵਿਚ ਗਇਆਂ (ਜੇਹਾ ਬੀਜੈ ਸੋ ਲੁਣੈ) ਫਲ ਅਵੱਸ਼ ਭੁਗਤਣਾ ਪੈਂਦਾ ਹੈ।

## ੧੮. ਜੋ ਉਪਜਿਓ ਸੋ ਬਿਨਸਿ ਹੈ

**੧. ਭਲਾ ਬੁਰਾ ਸੈਂਸਾਰ ਵਿਚ**
**ਜੋ ਆਇਆ ਤਿਸ ਸਰਪਰ ਮਰਣਾ।**
**੨. ਰਾਵਣ ਤੇ ਰਾਮਚੰਦ ਵਾਂਗ**
**ਮਹਾਂਬਲੀ ਲੜ ਕਾਰਣ ਕਰਣਾ।**
**੩. ਜਰ ਜਰਵਾਣਾ ਵੱਸ ਕਰ**
**ਅੰਤ ਅਧਰਮ ਰਾਵਣ ਮਨ ਧਰਣਾ।**
**੪. ਰਾਮ ਚੰਦ ਨਿਰਮਲ ਪੁਰਖ**
**ਧਰਮਹੁ ਸਾਇਰ ਪੱਥਰ ਤਰਣਾ।**
**੫. ਬੁਰਿਆਈਓਂ ਰਾਵਣ ਗਿਆ**
**ਕਾਲਖ ਟਿੱਕਾ ਪਰਤ੍ਰਿਅ ਹਰਣਾ।**
**੬. ਰਾਮਾਇਣ ਜੁਗ ਜੁਗ ਅਟੱਲ**
**ਸੇ ਉਧਰੇ ਜੋ ਆਏ ਸਰਣਾ।**
**੭. ਜਸ ਅਪਜਸ ਵਿਚ ਨਿੱਡਰ ਡਰਣਾ॥੧੮॥**

***ਪਦ ਅਰਥ :*** ਮਹਾਂਬਲੀ—ਰਾਵਣ। ਜਰ—ਬੁਢੇਪਾ। ਜਰਵਾਣਾ—ਕਾਲ। ਨਿਰਮਲ—ਉੱਜਲ, ਪਵਿੱਤ੍ਰ। ਸਾਇਰ—ਸਮੁੰਦਰ। ਪਰਤ੍ਰਿਅ—ਪਰਾਈ ਇਸਤ੍ਰੀ।

*ਅਰਥ :*

ਇਸ ਪਉੜੀ ਅੰਦਰ ਭਾਈ ਸਾਹਿਬ ਜੀ ਉਸ ਨਿਰੰਕਾਰ ਦਾ ਇਕ ਅਟੱਲ ਨਿਯਮ ਦਰਸਾ ਰਹੇ ਹਨ ਕਿ ਸੰਸਾਰ ਵਿਚ ਜੋ ਭੀ ਆਇਆ ਹੈ ਅੰਤ ਉਸਨੇ ਸਮਾਂ ਪੂਰਾ ਹੋਣ ਨਾਲ ਚਲੇ ਹੀ ਜਾਣਾ ਹੈ।

(੧) ਭਲਾ ਤੇ ਬੁਰਾ ਪੁਰਸ਼, ਜੋ ਵੀ ਸੰਸਾਰ ਵਿਚ ਆਇਆ ਹੈ, ਉਹ ਅਵੱਸ਼ ਹੀ ਮਰੇਗਾ।

(੨) ਰਾਵਣ ਤੇ ਰਾਮਚੰਦਰ ਵਾਂਗੂੰ ਮਹਾਨ ਸੂਰਮੇ ਲੜਾਈ ਦਾ ਕਾਰਣ (ਯਤਨ) ਕਰਦੇ ਰਹੇ।

(੩) ਜਿਸ ਰਾਵਣ ਨੇ ਬੁਢੇਪੇ ਤੇ ਕਾਲ ਨੂੰ ਆਪਣੇ ਵੱਸ ਕਰ ਰਖਿਆ ਸੀ, ਅੰਤ ਨੂੰ ਉਸ ਰਾਵਣ ਨੇ ਮਨ ਵਿਚ ਅਧਰਮ ਨੂੰ ਧਾਰਨ ਕੀਤਾ।

(੪) ਰਾਮ ਚੰਦਰ ਜੀ ਨਿਰਮਲ (ਉੱਤਮ) ਪੁਰਸ਼ ਸਨ, ਜਿਨ੍ਹਾਂ ਦੇ ਪ੍ਰਤਾਪ ਕਰਕੇ ਸਮੁੰਦਰ ਵਿਚ ਪੱਥਰ ਵੀ ਤਰਨ ਲੱਗ ਪਏ।

(੫) ਖੋਟੇ ਕਰਮਾਂ ਕਰਕੇ ਰਾਵਣ ਦਾ ਨਾਸ ਹੋ ਗਿਆ, ਉਸਨੇ ਪਰਾਈ ਇਸਤ੍ਰੀ ਹਰ ਕੇ ਆਪਣੇ ਮੱਥੇ 'ਤੇ ਕਲੰਕ ਦਾ ਟਿੱਕਾ ਲਵਾ ਲਿਆ।

(੬) ਰਾਮਚੰਦ੍ਰ ਜੀ ਦੀ ਕਥਾ (ਰਾਮਾਇਣ) ਜੁਗਾਂ ਜੁਗਾਂ ਤੋਂ ਅਟੱਲ ਤੁਰੀ ਆ ਰਹੀ ਹੈ, ਉਹ ਪੁਰਸ਼ ਤਰ ਜਾਂਦੇ ਹਨ, ਜੋ ਪ੍ਰਭੂ ਦੀ ਸ਼ਰਨ ਵਿਚ ਜਾਂਦੇ ਹਨ।

(੭) (ਪ੍ਰਭੂ ਦਾ) ਡਰ ਮੰਨਣ ਵਾਲਿਆਂ ਦਾ ਸੰਸਾਰ ਵਿਚ ਜਸ ਹੁੰਦਾ ਹੈ ਤੇ ਨਿਡਰ (ਗੁਸਤਾਖ) ਬੰਦਿਆਂ ਦੀ ਨਿੰਦਿਆ ਹੁੰਦੀ ਹੈ।੧੮।

***ਭਾਵਾਰਥ :*** ਭਲੇ ਪੁਰਸ਼ ਉਹ ਕੰਮ ਕਰਦੇ ਹਨ, ਜਿਸ ਕਰਕੇ ਸੰਸਾਰ ਵਿਚ ਉਨ੍ਹਾਂ ਦਾ ਸਦਾ ਹੀ ਜਸ ਹੋਵੇ ਅਤੇ ਰਾਵਣ ਵਾਂਗੂੰ ਨਿਡਰ ਪੁਰਖ ਜਸ ਅਪਜਸ ਦੀ ਕੁਝ ਪਰਵਾਹ ਨਹੀਂ ਕਰਦੇ, ਉਹ ਸਦਾ ਖੋਟੇ ਕਰਮ ਕਰਨ ਲਈ ਤਤਪਰ ਰਹਿੰਦੇ ਹਨ।

ਪੁਰਾਤਨ ਬੁਧੀਜੀਵੀਆਂ ਦੀਆਂ ਲਿਖਤਾਂ ਤੋਂ ਬੋਧ ਮਿਲਦਾ ਹੈ ਕਿ ਭਲੇ ਪੁਰਸ਼ ਨੂੰ ਕ੍ਰੋੜ ਵਾਰ ਮਰਨ ਦੇ ਸਮਾਨ ਅਪਜਸ ਹੋਣ ਤੋਂ ਡਰ ਲਗਦਾ ਹੈ ਪਰ ਰੱਬ ਤੋਂ ਨਿਡਰ ਲੋਕਾਂ ਨੂੰ ਤਾਂ ਡਰ ਲਗਦਾ ਹੀ ਨਹੀਂ, ਇਸ ਕਰਕੇ ਉਹ ਨਿਰਸੰਸੇ ਹੋ ਬੁਰਾਈਆਂ ਕਰੀ ਜਾਂਦੇ ਹਨ।

## ੧੯. ਰਾਵਣ ਦੀ ਜਗਤ ਪ੍ਰਸਿੱਧ ਵਾਰਤਾ

**੧. ਸੋਇਨ ਲੰਕਾ ਵਡਾ ਗੜ੍ਹ**
**ਖਾਰ ਸਮੁੰਦ ਜਿਵੇਹੀ ਖਾਈ।**
**੨. ਲੱਖ ਪੁੱਤ ਪੋਤੇ ਸਵਾ ਲੱਖ**
**ਕੁੰਭਕਰਣ ਮਹਿਰਾਵਣ ਭਾਈ।**
**੩. ਪਵਨ ਬੁਹਾਰੀ ਦੇਇ ਨਿੱਤ**
**ਇੰਦ੍ਰ ਭਰੈ ਪਾਣੀ ਵਰਿਆਈ।**
**੪. ਬੈਸੰਤਰ ਰਸੋਈਆ**
**ਸੂਰਜ ਚੰਦ ਚਰਾਗ ਦੀਪਾਈ।**
**੫. ਬਹੁ ਖੂਹਣਿ ਚਤੁਰੰਗ ਦਲ**
**ਦੇਸ ਨ ਵੇਸ ਨ ਕੀਮਤ ਪਾਈ।**
**੬. ਮਹਾਂਦੇਵ ਦੀ ਸੇਵ ਕਰ**
**ਦੇਵ ਦਾਨਵ ਰਹਿੰਦੇ ਸ਼ਰਣਾਈ।**
**੭. ਅਪਜਸ ਲੈ ਦੁਰਮਤਿ ਬੁਰਿਆਈ ॥੧੯॥**

***ਪਦ ਅਰਥ :*** ਗੜ੍ਹ—ਕਿਲ੍ਹਾ। ਮਹਿਰਾਵਣ—ਰਾਵਣ ਦਾ ਸੱਕਾ ਮਸੇਰਾ ਭਰਾ। ਵਰਿਆਈ—ਜ਼ੋਰਾਵਰੀ, ਵਰਖਾ। ਵੇਸ—ਪੁਸ਼ਾਕਾ। ਸੇਵ ਕਰਿ—ਸੇਵਾ ਨਮਿੱਤ ਕਾਰਣ ਸੀ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਬੁਰਾਈ ਕਰਨ ਵਾਲੇ ਪੁਰਸ਼ ਨੂੰ ਆਖ਼ਰ ਕੀ ਫਲ ਮਿਲਿਆ ਕਰਦਾ ਹੈ, ਇਸ ਬਾਰੇ ਆਪਣਾ ਵੀਚਾਰ ਦਿਓ ?

**ਉ:** ਹੇ ਭਾਈਓ ! ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਭਾਵ ਨੂੰ ਇਸ ਪਉੜੀ ਵਿਚ ਉੱਕਰਿਆ ਹੈ, ਜਿਵੇਂ ਕਿ ਅਸੀਂ ਵੇਖਦੇ ਹਾਂ ਕਿ :

(੧) (ਖੋਟੀ ਮੱਤ ਵਾਲੇ ਰਾਵਣ) ਦਾ ਸੋਨੇ ਦਾ ਲੰਕਾ ਗੜ੍ਹ (ਕਿਲ੍ਹਾ) ਸੀ, ਜਿਸ ਦੇ ਚਾਰੇ ਪਾਸੇ ਖਾਰੇ ਸਮੁੰਦਰ ਦੀ ਖਾਈ ਸੀ।

(੨) ਉਸ ਦੇ ਇਕ ਲੱਖ ਪੁੱਤਰ ਤੇ ਸਵਾ ਲੱਖ ਪੋਤਰੇ ਸਨ ਬਲੀ ਕੁੰਭਕਰਨ ਤੇ ਮਹਿਰਾਵਣ ਉਸ ਦੇ ਭਰਾ ਸਨ।

(੩) ਉਸਦੇ ਘਰ ਪੌਣ ਬੁਹਾਰੀ ਦਿੰਦੀ ਸੀ ਤੇ ਇੰਦ੍ਰ ਜ਼ੋਰਾਵਰੀ ਪਾਣੀ ਭਰਦਾ ਸੀ, (ਭਾਵ ਕੁਦਰਤੀ ਤਾਕਤਾਂ ਉਸਦੇ ਅਧੀਨ ਸਨ)।

(੪) ਬੈਸੰਤਰ (ਅੱਗ) ਉਸਦਾ ਰਸੋਈਆ ਸੀ ਤੇ ਸੂਰਜ ਚੰਦ੍ਰਮਾ ਉਸ ਦੇ ਘਰ ਦੀਵੇ ਬਾਲਦੇ ਸਨ।

(੫) ਉਸ ਦੀ ਕਈ ਖੂਹਣੀਆਂ ਚਤਰੰਗਨੀ ਫ਼ੌਜ ਸੀ, ਉਸ ਦੇ ਦੇਸਾਂ ਤੇ ਵੇਸਾਂ ਦੀ ਕੋਈ ਕੀਮਤ ਨਹੀਂ ਸੀ ਪਾਈ ਜਾ ਸਕਦੀ।

(੬) ਸ਼ਿਵਜੀ ਦੀ ਸੇਵਾ ਦੇ ਪ੍ਰਤਾਪ ਕਰਕੇ ਸਭ ਦੇਵਤੇ ਤੇ ਦੈਂਤ ਉਸਦੀ ਸ਼ਰਨ ਵਿਚ ਰਹਿੰਦੇ ਸਨ।

(੭) (ਇਹੋ ਜਿਹਾ ਮਹਾਨ ਪ੍ਰਤਾਪਵਾਨ ਰਾਵਣ) ਖੋਟੀ ਮੱਤ ਕਰਕੇ ਬੁਰਿਆਈ ਕਾਰਨ ਅਪਜਸ ਹੀ ਲੈ ਕੇ ਗਿਆ।੧੯।

***ਭਾਵਾਰਥ :*** ਏਡਾ ਵੱਡਾ ਮਹਾ ਪ੍ਰਤਾਪੀ ਹੋ ਕੇ ਰਾਵਣ ਨੇ ਬੁਰਿਆਈ ਦੇ ਕਾਰਨ 'ਕਿ ਪਰਾਈ ਇਸਤ੍ਰੀ ਚੁਰਾਈ' ਜਿਸ ਦਾ ਫਲ ਉਸ ਦੇ ਮੂੰਹ ਕਾਲਖ ਦਾ ਟਿੱਕਾ ਹੀ ਲੱਗਾ।

***ਨੋਟ :*** ਇਸ ਪਉੜੀ ਵਿਚ ਭਾਈ ਸਾਹਿਬ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਕਬੀਰ ਸਾਹਿਬ ਜੀ ਦੇ ਹੇਠ ਲਿਖੇ ਸ਼ਬਦ-ਭਾਵ ਨੂੰ ਹੀ ਦਰਸਾਇਆ ਹੈ :

ਲੰਕਾ ਸਾ ਕੋਟੁ ਸਮੁੰਦ ਸੀ ਖਾਈ ॥
ਤਿਹ ਰਾਵਨ ਘਰ ਖਬਰਿ ਨ ਪਾਈ ॥੧॥
ਕਿਆ ਮਾਗਉ ਕਿਛੁ ਥਿਰੁ ਨ ਰਹਾਈ ॥
ਦੇਖਤ ਨੈਨ ਚਲਿਓ ਜਗੁ ਜਾਈ ॥੧॥ਰਹਾਉ॥
ਇਕੁ ਲਖੁ ਪੂਤ ਸਵਾ ਲਖੁ ਨਾਤੀ ॥
ਤਿਹ ਰਾਵਨ ਘਰ ਦੀਆ ਨ ਬਾਤੀ ॥੨॥
ਚੰਦੁ ਸੂਰਜੁ ਜਾ ਕੇ ਤਪਤ ਰਸੋਈ ॥
ਬੈਸੰਤਰੁ ਜਾ ਕੇ ਕਪਰੇ ਧੋਈ ॥੩॥

*(ਆਸਾ, ਪੰਨਾ ੪੮੧)*

## ੨੦. ਰਾਮ ਚੰਦ੍ਰ ਦੀ ਲੋਕ ਪ੍ਰਸਿੱਧ ਵਾਰਤਾ

੧. ਰਾਮ ਚੰਦ ਕਾਰਣ ਕਰਣ
ਕਾਰਣ ਵੱਸ ਹੋਆ ਦੇਹ ਧਾਰੀ।
੨. ਮੰਨ ਮਤੇਈ ਆਗਿਆ
ਲੈ ਬਨਵਾਸ ਵਡਾਈ ਚਾਰੀ।
੩. ਪਰਸਰਾਮ ਦਾ ਬਲ ਹਰੈ
ਦੀਨ ਦਇਆਲ ਗਰਬ ਪਰਹਾਰੀ।
੪. ਸੀਤਾ ਲਛਮਣ ਸੇਵ ਕਰ
ਜਤੀ ਸਤੀ ਸੇਵਾ ਹਿਤਕਾਰੀ।
੫. ਰਾਮਾਇਣ ਵਰਤਾਇਆ
ਰਾਮਰਾਜ ਕਰ ਸ੍ਰਿਸ਼ਟਿ ਉਧਾਰੀ।
੬. ਮਰਣ ਸੁ ਮੁਣਸਾਂ ਸਚ ਹੈ
ਸਾਧਸੰਗਤਿ ਮਿਲ ਪੈਜ ਸਵਾਰੀ।
੭. ਭਲਿਆਈ ਸਤਿਗੁਰੁ ਮਤਿ ਸਾਰੀ ॥੨੦॥੩੧॥

***ਪਦ ਅਰਥ :*** ਕਾਰਣ ਕਰਣ—ਕਾਰਨਾਂ ਦੇ ਕਰਨ ਵਾਲਾ। ਕਾਰਣ ਵੱਸ—ਦੇਵਤਿਆਂ ਦੀ ਬੇਨਤੀ ਕਾਰਨ ਸੀ। ਹਰੈ—ਨਾਸ ਕੀਤਾ। ਗਰਬ—ਹੰਕਾਰ। ਮੁਣਸਾਂ—ਸੂਰਮਿਆਂ, ਮਰਦਾਂ ਦਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਸੱਚਾ ਸੂਰਮਾ ਕਿਸ ਨੂੰ ਮੰਨਿਆ ਜਾਂਦਾ ਹੈ?

**ਉ:** ਹੇ ਭਾਈਓ! ਧਰਮ ਲਈ ਮਰਨ ਵਾਲਾ ਹੀ ਸੱਚਾ ਸੂਰਮਾ ਕਿਹਾ ਜਾ ਸਕਦਾ ਹੈ।

(੧) (ਜਿਵੇਂ ਕਿ ਅਸੀਂ ਪੁਰਾਤਨ ਇਤਿਹਾਸ ਵਿਚ ਪੜ੍ਹਦੇ ਸੁਣਦੇ ਹਾਂ ਕਿ) ਕਰਣ ਕਾਰਣ ਰਾਮ ਚੰਦ੍ਰ ਜੀ ਨੇ ਵੱਸ ਹੋ ਕੇ ਮਨੁੱਖਾ-ਦੇਹੀ ਧਾਰਨ ਕੀਤੀ।

(੨) ਮਤਰੇਈ ਮਾਂ (ਕੇਕਈ) ਦੀ ਆਗਿਆ ਮੰਨ ਕੇ (ਚੌਦਾਂ ਵਰ੍ਹੇ) ਦਾ ਬਨਵਾਸ ਕੱਟ ਕੇ ਵਡਿਆਈ ਪ੍ਰਾਪਤ ਕੀਤੀ।

(੩) ਦੀਨ ਦਇਆਲ ਰਾਮ ਚੰਦ੍ਰ ਜੀ ਨੇ ਪਰਸਰਾਮ ਦਾ ਬਲ (ਜ਼ੋਰ) ਨਾਸ਼ ਕਰਕੇ ਉਸਦਾ ਹੰਕਾਰ ਦੂਰ ਕੀਤਾ।

(੪) ਸੀਤਾ ਤੇ ਲਛਮਣ ਰਾਮ ਜੀ ਦੀ ਸੇਵਾ ਕਰਕੇ ਜਤੀ ਸਤੀ ਰਹਿੰਦੇ ਹੋਏ ਉਨ੍ਹਾਂ ਨਾਲ ਪ੍ਰੇਮ ਕਰਦੇ ਰਹੇ।

(੫) ਰਾਮ ਜੀ ਨੇ ਰਾਮ-ਰਾਜ (ਧਰਮ ਦਾ ਰਾਜ) ਕਾਇਮ ਕਰਕੇ ਸਾਰੀ ਸ੍ਰਿਸ਼ਟੀ ਦਾ ਉਧਾਰ ਕੀਤਾ ਤੇ ਰਾਮਾਇਣ ਵਰਤਾਇਆ (ਭਾਵ ਨਿਆਇ ਪੂਰਵਕ ਰਾਜ ਕਰਕੇ ਜਸ ਖੱਟਿਆ)।

(੬) ਉਨ੍ਹਾਂ ਸੂਰਮਿਆਂ ਦਾ ਮਰਣਾ ਸੱਚ ਹੈ, ਜਿਨ੍ਹਾਂ ਨੇ ਸਾਧ ਸੰਗਤ ਵਿਚ ਮਿਲ ਕੇ ਆਪਣੀ ਇੱਜ਼ਤ ਸਵਾਰੀ ਹੈ।

(੭) (ਉਨ੍ਹਾਂ ਸੂਰਮਿਆਂ ਨੇ) ਸਤਿਗੁਰੂ ਦੀ ਸ਼ੁਭ ਸਿਖਿਆ ਲੈ ਕੇ ਸੰਸਾਰ ਵਿਚ ਭਲਿਆਈ ਹੀ ਕੀਤੀ ਹੈ।੨੦।੩੧।

***ਭਾਵਾਰਥ :*** ੧੯, ੨੦ ਪਉੜੀ ਵਿਚ ਰਾਮ ਤੇ ਰਾਵਣ ਦੀ ਕਥਾ ਭੀ ਇਕਾਂਗੀ ਦ੍ਰਿਸ਼ਟਾਂਤ ਹੈ, ਰਾਵਣ ਦਾ 'ਪਰ ਤ੍ਰਿਯ ਹਰਨ' ਦਾ ਕਲੰਕ ਅਰ ਰਾਮਚੰਦਰ ਦਾ ਨਯਾਇਸ਼ੀਲ ਨੇਕ ਰਾਜ ਕਰਨ ਦਾ ਜਸ ਦੱਸ ਕੇ ਇਹ ਸਿਧਾਂਤ ਸਮਝਾਉਣ ਤੋਂ ਭਾਵ ਹੈ ਕਿ ਮਰਣਾ ਤਾਂ ਸਭ ਨੇ ਹੈ, ਪਰ ਸਫਲ ਮਰਣਾ ਉਨ੍ਹਾਂ ਦਾ ਹੈ ਜੋ ਨੇਕੀ ਖੱਟ ਕੇ ਲੈ ਗਏ ਹਨ, ਅਰ ਸਾਧ ਸੰਗ ਕਰਕੇ ਜਿਨ੍ਹਾਂ ਦੁਰਮਤ ਦੂਰ ਕੀਤੀ ਤੇ ਨਾਮ ਜਪਿਆ ਹੈ।

(ਇਕੱਤੀਵੀਂ ਵਾਰ ਸਮਾਪਤ)

# ਵਾਰ ੩੨

ੴ ਸਤਿਗੁਰ ਪ੍ਰਸਾਦਿ ॥

## ੧. ਗੁਰਮੁਖਾਂ ਦੇ ਲੱਛਣ

**੧. ਪਹਿਲਾ ਗੁਰਮੁਖ ਜਨਮ ਲੈ**
**ਭੈ ਵਿਚ ਵਰਤੈ ਹੋਇ ਇਆਣਾ।**
**੨. ਗੁਰਸਿਖ ਲੈ ਗੁਰਸਿੱਖ ਹੋਇ**
**ਭਾਇ ਭਗਤ ਵਿਚ ਖਰਾ ਸਿਆਣਾ।**
**੩. ਗੁਰਸਿਖ ਸੁਣ ਮੰਨੈ ਸਮਝ**
**ਮਾਣ ਮਹਤ ਵਿਚ ਰਹੈ ਨਿਮਾਣਾ।**
**੪. ਗੁਰਸਿਖ ਗੁਰ ਸਿਖ ਪੂਜਦਾ**
**ਪੈਰੀਂ ਪੈ ਰਹਰਾਸਿ ਲੁਭਾਣਾ।**
**੫. ਗੁਰਸਿਖ ਮਨਹੁ ਨ ਵਿਸਰੈ**
**ਚੱਲਣ ਜਾਣ ਜੁਗਤ ਮਿਹਮਾਣਾ।**
**੬. ਗੁਰਸਿਖ ਮਿੱਠਾ ਬੋਲਣਾ**
**ਨਿਵ ਚਲਣਾ ਗੁਰਸਿਖ ਪਰਵਾਣਾ।**
**੭. ਘਾਲ ਖਾਇ ਗੁਰੁ ਸਿਖ ਮਿਲ ਖਾਣਾ ॥੧॥**

***ਪਦ ਅਰਥ :*** ਮਾਣ ਮਹਤ—ਵਡਿਆਈ। ਰਹਰਾਸਿ—ਸੱਚਾ ਮਾਰਗ। ਜੁਗਤ—ਮਿਹਮਾਣਾ—ਪ੍ਰਾਹੁਣੇ ਵਾਂਗੂੰ। ਘਾਲ—ਕਮਾਈ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਤੋਂ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸਾਰੇ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਬਾਣੀ ਲਿਖਵਾਈ ਹੈ, ਪਰ ਕੀ ਦੱਸਣ ਦੀ ਕ੍ਰਿਪਾ ਕਰੋਗੇ ਕਿ ਗੁਰੂ ਦਾ ਸਿਖ ਬਣ ਕੇ ਕਿਹੜੀ ਧਾਰਨਾ ਵਿਚ ਰਹਿੰਦਾ ਹੈ?

ਉ: ਹੇ ਭਾਈਓ! ਬਾਣੀ ਵਿਚ ਗੁਰੂ ਜੀ ਨੇ ਗੁਰੂ ਦਾ ਸਿਖ ਬਣਨ ਵਾਲੇ ਲਈ ਬਹੁਤ ਸਾਰੀਆਂ ਧਾਰਨਾ ਦਾ ਧਾਰਨੀ ਹੋਣਾ ਦਰਸਾਇਆ ਹੈ, ਜਿਵੇਂ ਕਿ :

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥
ਗੁਰ ਕੀ ਆਗਿਆ ਮਨ ਮਹਿ ਸਹੈ ॥
ਆਪਸ ਕਉ ਕਰਿ ਕਛੁ ਨ ਜਨਾਵੈ ॥
ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥
ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ ॥
ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥
ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥

*(ਸੁਖਮਨੀ ਸਾਹਿਬ, ਪੰਨਾ ੨੮੬)*

ਇਸ ਤਰ੍ਹਾਂ ਬਾਣੀ ਵਿਚ ਸਿਖ ਦੇ ਧਾਰਨ ਕਰਨੇ ਯੋਗ ਹੋਰ ਭੀ ਬਹੁਤ ਪ੍ਰੇਰਨਾ ਮਿਲਦੀ ਹੈ, ਜਿਸ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਵਿਚ ਕੁਝ ਸਿਖ ਦੀ ਧਾਰਨਾ ਅੰਕਤ ਕਰੀ ਹੈ :

(੧) (ਜਦੋਂ) ਗੁਰਮੁਖ ਨਵਾਂ ਜਨਮ ਲੈਂਦਾ ਹੈ (ਭਾਵ ਗੁਰੂ ਦੀ ਸਿਖਿਆ ਲੈ ਕੇ ਨਵਾਂ ਜਨਮ ਧਾਰਦਾ ਹੈ) ਤੇ ਫਿਰ ਇਆਣਾ ਬਣ ਕੇ ਗੁਰੂ ਦੇ ਭੈ ਵਿਚ ਕੰਮ ਕਰਦਾ ਹੈ, (ਜਿਵੇਂ ਬਾਲਕ ਡਰਦਾ ਕੋਈ ਅਯੋਗ ਕੰਮ ਨਹੀਂ ਕਰਦਾ)।

(੨) ਫਿਰ ਉਹ ਸਤਿਗੁਰੂ ਦੀ ਸਿਖਿਆ ਲੈ ਕੇ ਗੁਰਸਿਖ ਬਣਦਾ ਹੈ ਤੇ ਪ੍ਰੇਮਾ-ਭਗਤੀ ਕਰਕੇ ਸਿਆਣਾ (ਜੁਵਾਨ) ਹੁੰਦਾ ਹੈ।

(੩) ਫਿਰ ਉਹ ਗੁਰੂ ਦੀ ਸਿਖਿਆ ਨੂੰ ਸੁਣਦਾ, ਮੰਨਦਾ ਤੇ ਸਮਝਦਾ ਹੈ ਤੇ ਮਾਣ ਵਡਿਆਈ ਵਿਚ ਨਿਮਾਂਣਾ ਹੋ ਕੇ ਰਹਿੰਦਾ ਹੈ।

(੪) ਗੁਰੂ ਦਾ ਸਿਖ ਗੁਰੂ ਦੇ ਸਿਖ ਦੀ ਸੇਵਾ ਕਰਦਾ ਹੈ,

ਪੈਰੀਂ ਪੈ ਕੇ ਸੱਚੇ ਮਾਰਗ ਵਿਚ ਮਸਤ ਰਹਿੰਦਾ ਹੈ।

(੫) (ਉਹ ਸਿਖ) ਗੁਰੂ ਦੀ ਸਿਖਿਆ ਨੂੰ ਮਨੋਂ ਨਹੀਂ ਵਿਸਾਰਦਾ ਤੇ ਉਹ ਇਸ ਸੰਸਾਰ ਵਿਚੋਂ ਪ੍ਰਾਹੁਣੇ ਵਾਂਗੂੰ ਚਲਣ ਨੂੰ ਸਹੀ ਜਾਣਦਾ ਹੈ।

(੬) ਗੁਰੂ ਦਾ ਸਿਖ ਮਿੱਠਾ ਬੋਲਦਾ ਹੈ ਤੇ ਨਿਉਂ ਕੇ ਚਲਦਾ ਹੈ (ਉਹ ਮਨ ਕਰਕੇ) ਗੁਰੂ ਦੀ ਸਿਖਿਆ ਨੂੰ ਪ੍ਰਵਾਨ ਕਰਦਾ ਹੈ।

(੭) (ਗੁਰਸਿਖ ਧਰਮ ਦੀ) ਕਮਾਈ ਕਰਕੇ ਗੁਰਸਿੱਖਾਂ ਨਾਲ ਮਿਲ ਕੇ (ਵੰਡ ਕੇ) ਖਾਂਦਾ ਹੈ।੧।

***ਭਾਵਾਰਥ :*** ਕਿਉਂਕਿ ਉਹ ਗੁਰਸਿਖ ਗੁਰੂ ਜੀ ਦੇ ਇਸ ਹੁਕਮ ਦੀ ਸਦਾ ਹੀ ਪਾਲਣਾ ਕਰਦਾ ਹੈ ਕਿ :

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥੧॥

*(ਸਾਰੰਗ ਕੀ ਵਾਰ ਮ: ੧, ਪੰਨਾ ੧੨੪੫)*

## ੨. ਗੁਰਮੁਖ ਤਾਣ ਹੁੰਦਿਆਂ ਨਿਤਾਣਾ ਰਹਿੰਦਾ ਹੈ

**੧. ਦ੍ਰਿਸ਼ਟ ਦਰਸ ਲਿਵ ਸਾਵਧਾਨ**
**ਸ਼ਬਦ ਸੁਰਤ ਚੇਤੰਨ ਸਿਆਣਾ।**
**੨. ਨਾਮ ਦਾਨ ਇਸ਼ਨਾਨ ਦ੍ਰਿੜ**
**ਮਨ ਬਚ ਕਰਮ ਕਰੈ ਮੇਲਾਣਾ।**
**੩. ਗੁਰ ਸਿਖ ਥੋੜਾ ਬੋਲਣਾ**
**ਥੋੜਾ ਸਉਣਾ ਥੋੜਾ ਖਾਣਾ।**
**੪. ਪਰ ਤਨ ਪਰ ਧਨ ਪਰਹਰੈ**
**ਪਰਨਿੰਦਾ ਸੁਣ ਮਨ ਸ਼ਰਮਾਣਾ।**
**੫. ਗੁਰ ਮੂਰਤ ਸਤਿਗੁਰ ਸ਼ਬਦ**
**ਸਾਧ ਸੰਗਤ ਸਮਸਰ ਪਰਵਾਣਾ।**
**੬. ਇੱਕ ਮਨ ਇੱਕ ਅਰਾਧਣਾ**
**ਦੂਤੀਆ ਨਾਸਤ ਭਾਵੈ ਭਾਣਾ।**
**੭. ਗੁਰਮੁਖ ਹੋਂਦੇ ਤਾਣ ਨਿਤਾਣਾ ॥੨॥**

***ਪਦ ਅਰਥ :*** ਦ੍ਰਿਸ਼ਟ—ਨਜ਼ਰ। ਮੇਲਾਣਾ—ਮਿਲਾਪ। ਪਰ ਤਨ—ਪਰ-ਇਸਤ੍ਰੀ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਗੁਰ ਸਿਖ ਦੇ ਕੁਝ ਹੋਰ ਭੀ ਲੱਛਣ ਦਰਸਾਓ ?

(੧) ਉ: (ਹੇ ਭਾਈਓ! ਗੁਰਮੁਖ ਨੇ) ਆਪਣੀਆਂ ਅੱਖਾਂ ਸਤਿਗੁਰਾਂ ਦੇ ਦਰਸ਼ਨ ਕਰਨ ਲਈ ਸਾਵਧਾਨ ਕੀਤੀਆਂ ਹਨ ਤੇ ਸ਼ਬਦ ਵਿਚ ਸੁਰਤੀ ਲਾ ਕੇ ਉਹ ਸਿਆਣਾ ਤੇ ਚੇਤੰਨ ਹੋਇਆ ਹੈ।

(੨) ਨਾਮ, ਦਾਨ ਤੇ ਇਸ਼ਨਾਨ (ਆਦਿ ਸ਼ੁਭ ਕਰਮਾਂ) ਵਿਚ ਉਹ ਦ੍ਰਿੜ੍ਹ ਹੋਇਆ ਹੈ ਤੇ ਮਨ ਬਾਣੀ ਸਰੀਰ ਕਰਕੇ ਸਭ ਨਾਲ ਮਿਲਾਪ ਰਖਦਾ ਹੈ।

(੩) ਗੁਰੂ ਦਾ ਸਿਖ ਥੋੜ੍ਹਾ ਬੋਲਦਾ, ਥੋੜ੍ਹਾ ਸੌਂਦਾ ਤੇ ਥੋੜ੍ਹਾ ਹੀ ਖਾਂਦਾ ਹੈ।

(੪) ਉਹ ਪਰਾਈ ਇਸਤ੍ਰੀ ਤੇ ਪਰਾਏ ਧਨ ਦੀ ਲਾਲਸਾ ਛੱਡ ਦਿੰਦਾ ਹੈ ਤੇ ਪਰਾਈ ਨਿੰਦਾ ਸੁਣਨ ਜਾਂ ਕਰਨ ਤੋਂ ਮਨ ਵਿਚ ਸ਼ਰਮਾਉਂਦਾ ਹੈ।

(੫) ਸਤਿਗੁਰੂ ਦੇ ਸਰੂਪ ਤੇ ਸ਼ਬਦ ਨੂੰ ਤੇ ਸਾਧ ਸੰਗਤ ਨੂੰ ਇਕੋ ਜਿਹਾ ਪ੍ਰਵਾਨ ਕਰਦਾ ਹੈ।

(੬) ਉਹ ਮਨ ਨੂੰ ਇਕਾਗਰ ਕਰਕੇ ਇਕ ਪ੍ਰਭੂ ਦੀ ਅਰਾਧਨਾ ਕਰਦਾ ਹੈ ਤੇ ਉਸਨੇ ਦ੍ਵੈਤ-ਭਾਵ ਨੂੰ ਨਾਸ਼ ਕਰ ਦਿਤਾ ਹੈ, ਉਸ ਨੂੰ ਪ੍ਰਭੂ ਦਾ ਭਾਣਾ ਚੰਗਾ ਲੱਗਦਾ ਹੈ।

(੭) ਗੁਰਮੁਖ ਤਾਣ (ਜ਼ੋਰ) ਹੁੰਦਿਆਂ ਭੀ ਨਿਤਾਣਾ ਹੋ ਕੇ ਰਹਿੰਦਾ ਹੈ।੨।

***ਭਾਵਾਰਥ :*** ਗੁਰੂ ਦਾ ਮਹਾਂਵਾਕ ਉਨ੍ਹਾਂ ਦੇ ਸਦਾ ਹੀ ਸਾਹਮਣੇ ਰਹਿੰਦਾ ਹੈ, ਜਿਸਨੂੰ ਕਦੀ ਭੀ ਨਜ਼ਰੋਂ ਓਹਲੇ ਨਹੀਂ ਕਰਦੇ, ਜਿਵੇਂ ਕਿ :

ਮਤਿ ਹੋਦੀ ਹੋਇ ਇਆਣਾ॥
ਤਾਣ ਹੋਦੇ ਹੋਇ ਨਿਤਾਣਾ॥
ਅਣਹੋਦੇ ਆਪੁ ਵੰਡਾਏ॥
ਕੋ ਐਸਾ ਭਗਤੁ ਸਦਾਏ॥੧੨੮॥
ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥੧੨੯॥
ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ
ਹਿਆਉ ਨ ਠਾਹੇ ਕਹੀਦਾ॥੧੩੦॥

*(ਸਲੋਕ ਫਰੀਦ ਜੀ, ਪੰਨਾ ੧੩੮੪)*

## ੩. ਵਿਣ ਸੇਵਾ ਧ੍ਰਿਗ ਹਥ ਪੈਰ

**੧. ਗੁਰਮੁਖ ਰੂਪ ਨ ਦਿੱਸਈ**
**ਹੋਂਦੀ ਅੱਖੀਂ ਅੰਨ੍ਹਾ ਸੋਈ।**
**੨. ਗੁਰਮੁਖਿ ਸਮਝ ਨ ਸੱਕਈ**
**ਹੋਂਦੀ ਕੰਨੀਂ ਬੋਲਾ ਹੋਈ।**
**੩. ਗੁਰਮੁਖਿ ਸ਼ਬਦ ਨ ਗਾਵਈ**
**ਹੋਂਦੀ ਜੀਭੇ ਗੁੰਗਾ ਗੋਈ।**
**੪. ਚਰਨ ਕਵਲ ਦੀ ਵਾਸ ਵਿਣ**
**ਨਕਟਾ ਹੋਂਦੇ ਨੱਕ ਅਲੋਈ।**
**੫. ਗੁਰਮੁਖਿ ਕਾਰ ਵਿਹੂਣਿਆਂ**
**ਹੋਂਦੇ ਕਰੀਂ ਲੁੰਜਾ ਦੁਖ ਰੋਈ।**
**੬. ਗੁਰਮਤਿ ਚਿੱਤ ਨ ਵੱਸਈ**
**ਸੋ ਮਤਿ ਹੀਣ ਨ ਲੈਂਦਾ ਢੋਈ।**
**੭. ਮੂਰਖ ਨਾਲ ਨ ਕੋਇ ਸਥੋਈ ॥੩॥**

***ਪਦ ਅਰਥ :*** ਅਲੋਈ—ਦੇਖਦਾ ਹੈ। ਲੁੰਜਾ—ਟੁੰਡਾ। ਢੋਈ—ਆਸਰਾ। ਸਥੋਈ—ਸਾਥੀ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਿਸ ਮਨੁੱਖ ਦੇ ਸਰੀਰਕ ਇੰਦ੍ਰੇ ਦੈਵੀ-ਗੁਣਾਂ ਵੱਲ ਪ੍ਰੇਰਤ ਨਹੀਂ ਹੋ ਰਹੇ, ਉਨ੍ਹਾਂ ਬਾਰੇ ਆਪ ਜੀ ਕੀ ਕਹਿਣਾ ਚਾਹੁੰਦੇ ਹੋ ?

ਉ: ਹੇ ਭਾਈਓ ! ਅਜਿਹੇ ਸੇਵਾ-ਭਾਵ ਵੱਲੋਂ ਜੋ ਮਨੁੱਖ ਸੱਖਣੇ ਹਨ, ਉਨ੍ਹਾਂ ਬਾਰੇ ਜੋ ਮੈਨੂੰ ਗੁਰਬਾਣੀ ਵਿਚੋਂ ਪ੍ਰੇਰਨਾ ਮਿਲੀ ਹੈ, ਉਸ ਭਾਵ ਨੂੰ ਤੱਕ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ, ਜਿਵੇਂ ਕਿ :

(੧) (ਹੇ ਭਾਈਓ ! ਗੁਰਮਤ ਤਾਂ ਇਹੋ ਕਹਿੰਦੀ ਹੈ ਕਿ) ਜਿਹੜਾ ਪੁਰਸ਼ ਗੁਰਮੁਖਾਂ ਦਾ ਰੂਪ ਨਹੀਂ ਵੇਖਦਾ, ਉਹ ਅੱਖਾਂ ਦੇ ਹੁੰਦਿਆਂ ਵੀ ਅੰਨ੍ਹਾ ਹੈ।

(੨) ਜਿਹੜਾ ਗੁਰਮੁਖਾਂ ਦੇ ਬਚਨਾਂ ਨੂੰ ਸਮਝ ਨਹੀਂ ਸਕਦਾ, ਉਹ ਕੰਨਾਂ ਦੇ ਹੁੰਦਿਆਂ ਵੀ ਬੋਲਾ ਹੀ ਹੈ।

(੩) ਗੁਰਮੁਖਾਂ ਦੇ ਸ਼ਬਦ ਨੂੰ ਜਿਹੜਾ ਪੁਰਸ਼ ਗਾਉਂਦਾ ਨਹੀਂ, ਉਹ ਜੀਹਬਾ ਦੇ ਹੁੰਦਿਆਂ ਗੁੰਗਾ ਹੈ।

(੪) ਜਿਹੜਾ ਜੀਵ ਗੁਰਮੁਖਾਂ ਦੇ ਚਰਨ ਕਵਲਾਂ ਦੀ ਵਾਸ਼ਨਾ ਤੋਂ ਹੀਣਾ ਹੈ, ਉਹ ਨੱਕ ਹੁੰਦਿਆਂ ਵੀ ਨਕਟਾ (ਨਕ-ਹੀਣਾ) ਦੇਖੀਦਾ ਹੈ।

(੫) ਜਿਹੜਾ ਪੁਰਸ਼ ਹੱਥਾਂ ਕਰਕੇ ਗੁਰਮੁਖਾਂ ਦੀ ਸੇਵਾ ਨਹੀਂ ਕਰਦਾ, ਉਹ ਹੱਥਾਂ ਦੇ ਹੁੰਦਿਆਂ ਵੀ ਲੁੰਜਾ (ਟੁੰਡਾ) ਹੈ ਤੇ ਉਹ ਦੁਖੀ ਹੋ ਕੇ ਰੋਂਦਾ ਹੈ।

(੬) ਜਿਸ ਪੁਰਸ਼ ਦੇ ਮਨ ਵਿਚ ਗੁਰੂ ਦੀ ਸਿਖਿਆ ਨਹੀਂ ਵੱਸਦੀ, ਉਹ ਮਤ ਹੀਣ ਹੈ, ਉਸ ਨੂੰ ਦਰਗਾਹ ਵਿਚ ਢੋਈ ਨਹੀਂ ਮਿਲਦੀ।

(੭) ਇਸ ਤਰ੍ਹਾਂ ਦੇ ਮੂਰਖ (ਮਨਮੁਖ) ਦਾ ਕੋਈ ਸਾਥੀ ਨਹੀਂ ਹੁੰਦਾ।੩।

***ਭਾਵਾਰਥ :*** ਬਾਣੀ ਵਿਚ ਤਾਂ ਹਰ ਮਨੁੱਖ-ਮਾਤ੍ਰ ਲਈ ਇਸ ਨਿਯਮ ਦੇ ਧਾਰਨੀ ਹੋਣਾ ਅਤਿ ਜ਼ਰੂਰੀ ਮੰਨਿਆ ਗਿਆ ਹੈ, ਜਿਵੇਂ ਕਿ :

ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥
ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥
ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥
ਜਗ ਮਹਿ ਉਤਮ ਕਾਢੀਅਹਿ
ਵਿਰਲੇ ਕੇਈ ਕੇਇ ॥੧॥ *(ਸਲੋਕ ਮ: ੫, ਪੰਨਾ ੫੧੭)*

## ੪. ਮੂਰਖ ਆਪਣਾ ਜਨਮ ਵਿਅਰਥ ਗੁਆ ਲੈਂਦੇ ਹਨ

**੧. ਘੁੱਘੂ ਸੁੱਝ ਨ ਸੁੱਝਈ**
**ਵਸਦੀ ਛੱਡ ਰਹੇ ਓਜਾੜੀ।**
**੨. ਇੱਲ ਪੜ੍ਹਾਈ ਨਾ ਪੜ੍ਹੈ**
**ਚੂਹੇ ਖਾਇ ਉਡੇ ਦੇਹਾੜੀ।**
**੩. ਵਾਸ ਨ ਆਵੈ ਵਾਂਸ ਨੋ**
**ਹਉਮੈ ਅੱਗ ਨ ਚੰਨਣ ਵਾੜੀ।**
**੪. ਸੰਖ ਸਮੁੰਦਹੁ ਸੱਖਣਾ**
**ਗੁਰਮਤ ਹੀਣਾ ਦੇਹ ਵਿਗਾੜੀ।**
**੫. ਸਿੰਮਲ ਬਿਰਖ ਨ ਸਫਲ ਹੁਇ**
**ਆਪ ਗਣਾਏ ਵੱਡਾ ਅਨਾੜੀ।**
**੬. ਮੂਰਖ ਫੱਕੜ ਪਵੈ ਰਿਹਾੜੀ ॥੪॥**

***ਪਦ ਅਰਥ :*** ਘੁੱਘੂ—ਉੱਲੂ। ਸੁੱਝ—ਚਾਨਣਾ ਜਾਂ ਸੂਰਜ। ਵਸਦੀ—ਵੱਸਣ ਦੀ ਥਾਂ। ਚੰਦਨ ਵਾੜੀ—ਚੰਦਨ ਦੀ ਬਗ਼ੀਚੀ। ਅਨਾੜੀ—ਮੂਰਖ, ਅਮੋੜ। ਰਿਹਾੜੀ—ਜ਼ਿਦ, ਝਗੜੇ, ਰਗੜੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜੋ ਗੁਰਮਤ ਦੀ ਧਾਰਨਾ ਤੋਂ ਖ਼ਾਲੀ ਲੋਕ ਹਨ, ਉਨ੍ਹਾਂ ਬਾਰੇ ਆਪ ਜੀ ਦੇ ਕੀ ਵੀਚਾਰ ਹਨ? ਦੱਸਣ ਦੀ ਖੇਚਲ ਕਰੋ?

ਉ: ਹੇ ਭਾਈਓ! ਗੁਰਮਤ ਤੋਂ ਸੱਖਣੇ ਲੋਕਾਂ ਦੇ ਸੰਬੰਧ ਵਿਚ ਜੋ ਮੈਂ ਗੁਰਬਾਣੀ ਦੇ ਭਾਵ ਪੜ੍ਹੇ ਹਨ, ਉਹ ਮੈਂ ਇਸ ਪਉੜੀ ਵਿਚ ਅੰਕਤ ਕੀਤੇ ਹਨ ਕਿ ਗੁਰਮਤ ਤੋਂ ਹੀਣੇ ਲੋਕ ਸੰਸਾਰ ਤੋਂ ਇਉਂ ਹੀ ਖ਼ਾਲੀ ਰਹਿੰਦੇ ਹਨ:

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਉੱਲੂ ਨੂੰ ਸੂਰਜ ਦਾ ਚਾਨਣਾ ਨਹੀਂ ਦਿਸਦਾ, ਉਹ ਵੱਸਦੀ ਥਾਂ ਨੂੰ ਛੱਡ ਕੇ ਉਜਾੜ ਵਿਚ ਰਹਿੰਦਾ ਹੈ।

(੨) ਇੱਲ ਕਿਸੇ ਦੀ ਪੜ੍ਹਾਈ ਨਹੀਂ ਪੜ੍ਹਦੀ, ਉਹ ਚੂਹੇ ਖਾ ਕੇ ਸਾਰੀ ਦਿਹਾੜੀ ਉੱਡਦੀ ਰਹਿੰਦੀ ਹੈ।

(੩) ਹਉਮੈ ਕਰਕੇ ਵਾਂਸ ਵਿਚੋਂ ਵਾਸ਼ਨਾ ਨਹੀਂ ਆਉਂਦੀ ਤੇ ਚੰਦਨ ਦੀ ਬਗ਼ੀਚੀ ਵਿਚੋਂ ਅੱਗ ਨਹੀਂ ਨਿਕਲਦੀ।

(੪) ਸੰਖ ਸਮੁੰਦਰ ਵਿਚੋਂ ਖ਼ਾਲੀ ਨਿਕਲਦਾ ਹੈ, ਇਸੇ ਤਰ੍ਹਾਂ ਗੁਰੂ ਦੀ ਸਿਖਿਆ ਤੋਂ ਹੀਣਿਆਂ ਨੇ ਆਪਣੀ ਦੇਹੀ ਵਿਗਾੜ ਲਈ ਹੈ।

(੫) ਸਿੰਮਲ ਦਾ ਬ੍ਰਿਛ ਫਲਾਂ ਵਾਲਾ ਨਹੀਂ ਹੁੰਦਾ, ਮੂਰਖ ਆਪਣਾ ਆਪ ਹੰਕਾਰ ਵਿਚ ਗੁਆ ਦਿੰਦਾ ਹੈ।

(੬) ਮੂਰਖ ਲੋਕ ਫੱਕੜ (ਖੱਪੀ) ਹੁੰਦੇ ਹਨ ਤੇ ਫ਼ਜ਼ੂਲ ਜ਼ਿਦਾਂ ਵਿਚ ਪਏ ਰਹਿੰਦੇ ਹਨ।੪।

ਭਾਵ ਹੈ ਕਿ ਮੂਰਖ ਦਾ ਕੋਈ ਸਾਥੀ ਨਹੀਂ ਹੈ, ਅੰਨ੍ਹਾਂ, ਬੋਲਾ, ਗੁੰਗਾ, ਨੱਕਟਾ, ਲੁੰਜਾ ਆਦਿ ਸਾਰੇ ਵਿਸ਼ੇਸ਼ਣ ਉਸ ਵਿਚ ਪਾਏ ਜਾਂਦੇ ਹਨ।

## ੫. ਮੂਰਖਤਾਈ ਛੁਪੀ ਨਹੀਂ ਰਹਿੰਦੀ

**੧. ਅੰਨ੍ਹੇ ਅੱਗੇ ਆਰਸੀ**
**ਨਾਈ ਧਰ ਨ ਵਧਾਈ ਪਾਵੈ।**
**੨. ਬੋਲੇ ਅੱਗੈ ਗਾਵੀਐ**
**ਸੂੰਮ ਨ ਡੂੰਮ ਕਵਾਇ ਪੈਨਾਵੈ।**
**੩. ਪੁੱਛੇ ਮਸਲਤ ਗੁੰਗਿਅਹੁ**
**ਵਿਗੜੈ ਕੰਮ ਜਬਾਬ ਨ ਆਵੈ।**
**੪. ਫੁਲਵਾੜੀ ਵੜਿ ਗੁਣਗੁਣਾ**
**ਮਾਲੀ ਨੋ ਨ ਇਨਾਮ ਦਿਵਾਵੈ।**
**੫. ਲੂਲ੍ਹੈ ਨਾਲਿ ਵਿਵਾਹੀਐ**
**ਕਿਵ ਗਲਮਿਲ ਕਾਮਣਿ ਗਲ ਲਾਵੈ।**
**੬. ਸਭਨਾਂ ਚਾਲ ਸੁਹਾਵਣੀ**
**ਲੰਗੜਾ ਕਰੇ ਲਖਾਉ ਲੰਗਾਵੈ।**
**੭. ਲੁਕੈ ਨ ਮੂਰਖ ਆਪ ਲਖਾਵੈ ॥੫॥**

***ਪਦ ਅਰਥ :*** ਆਰਸੀ—ਸ਼ੀਸ਼ਾ। ਮਸਲਤ—ਸਲਾਹ। ਵੜਿ—ਵੜ ਕੇ। ਗੁਣਗੁਣਾ—ਜਿਸ ਦੇ ਨੱਕ ਵਿਚ ਨੁਕਸ ਹੈ। ਕਾਮਣਿ—ਇਸਤ੍ਰੀ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਕੀ ਕੋਈ ਮੂਰਖ ਭੀ ਆਪਣੇ ਆਪ ਨੂੰ ਛੁਪਾ ਸਕਦਾ ਹੈ, ਇਸ ਬਾਰੇ ਤੁਹਾਡੇ ਆਪਣੇ ਵੀਚਾਰ ਕਿਵੇਂ ਹਨ?

ਉ: ਹੇ ਭਾਈਓ! ਇਸ ਬਾਰੇ ਜੋ ਮੈਂ ਪੁਰਾਤਨ ਸਿਆਣਿਆਂ ਦੇ ਸੀਨੇ-ਬ-ਸੀਨੇ ਵੀਚਾਰ ਸਰਵਣ ਕੀਤੇ ਹਨ, ਉਨ੍ਹਾਂ ਨੂੰ ਇਸ ਪਉੜੀ ਵਿਚ ਅੰਕਤ ਕੀਤਾ ਹੈ।

(੧) (ਜਿਵੇਂ ਅਸੀਂ ਪ੍ਰਤੱਖ ਵੇਖਦੇ ਹਾਂ ਕਿ) ਜੇ ਨਾਈ ਅੰਨ੍ਹੇ ਆਦਮੀ ਨੂੰ ਸ਼ੀਸ਼ਾ ਵਿਖਾਏ ਤਾਂ ਉਹ ਉਸ ਤੋਂ ਵਧਾਈ ਨਹੀਂ ਪਾਏਗਾ (ਭਾਵ ਉਸਨੂੰ ਕੋਈ ਪੈਸਾ ਨਹੀਂ ਮਿਲੇਗਾ)।

(੨) ਜੇ ਡੂੰਮ ਬੋਲੇ ਤੇ ਸੂਮ ਅਗੇ ਗਾਣਾ ਗਾਵੇ ਤਾਂ ਉਹ ਉਸਨੂੰ ਪੁਸ਼ਾਕ ਨਹੀਂ ਪਹਿਨਾਉਂਦੇ।

(੩) ਵਿਗੜੇ ਹੋਏ ਕੰਮ ਲਈ ਜੇ ਕੋਈ ਗੁੰਗੇ ਨੂੰ ਸਲਾਹ ਪੁੱਛੇ ਤਾਂ ਉਸ ਵੱਲੋਂ ਅਗੋਂ ਕੋਈ ਜਵਾਬ ਨਹੀਂ ਮਿਲਦਾ।

(੪) ਜੇ ਕੋਈ ਗੁਣਗੁਣਾ ਬਗ਼ੀਚੀ ਵਿਚ ਜਾਵੇ ਤਾਂ ਉਹ ਖ਼ੁਸ਼ ਹੋ ਕੇ ਮਾਲੀ ਨੂੰ ਇਨਾਮ ਨਹੀਂ ਦੇਵੇਗਾ।

(੫) ਲੂਲ੍ਹੇ ਨਾਲ ਜੇ ਕੋਈ ਇਸਤ੍ਰੀ ਵਿਆਹੀ ਜਾਵੇ ਤਾਂ ਉਹ ਕਿਸ ਤਰ੍ਹਾਂ ਉਸਨੂੰ ਆਪਣੇ ਗਲ ਨਾਲ ਲਾ ਕੇ ਮਿਲ ਸਕਦਾ ਹੈ।

(੬) ਸਭਨਾਂ ਦੀ ਚਾਲ ਸੋਹਣੀ ਹੁੰਦੀ ਹੈ, ਪਰ ਲੰਙਾਂ ਆਪਣੀ ਚਾਲ ਦਾ ਹੀ ਵਿਖਾਵਾ ਕਰਦਾ ਹੈ।

(੭) (ਇਸੇ ਤਰ੍ਹਾਂ) ਮੂਰਖ ਲੁਕਦਾ ਨਹੀਂ, ਉਹ ਆਪਣਾ ਆਪ ਪ੍ਰਗਟ ਕਰ ਦਿੰਦਾ ਹੈ।੫।

ਭਾਵ ਹੈ ਕਿ ਬੋਲੀ ਕਾਜ ਵਿਗਾੜਿਆ ਜਿਉ ਮੂਲੀ ਪਤਾ। ਮੂਲੀ ਦੇ ਡਕਾਰ ਥੋਂ ਹੀ ਅਨੁਮਾਨ ਮੂਲੀ ਦਾ ਕਰ ਸਕੀਦਾ ਹੈ, ਇਸੇ ਤਰ੍ਹਾਂ ਆਸੁਰੀ ਸੰਪਦਾ ਦੇ ਵਰਤਾਉ ਤੋਂ ਮੂਰਖਾਂ ਦਾ ਅਨੁਮਾਨ ਹੋ ਸਕਦਾ ਹੈ।

## ੬. ਮੂਰਖ ਦਾ ਹਿਰਦਾ ਪੱਥਰ ਵਾਂਗੂੰ ਹੈ

**੧. ਪੱਥਰ ਮੂਲ ਨ ਭਿੱਜਈ**
**ਸੌ ਵਰ੍ਹਿਆਂ ਜਲ ਅੰਦਰ ਵੱਸੈ।**
**੨. ਪੱਥਰ ਖੇਤ ਨ ਜੰਮਈ**
**ਚਾਰ ਮਹੀਨੇ ਇੰਦਰ ਵੱਸੈ।**
**੩. ਪੱਥਰ ਚੰਨਣ ਰਗੜਈ**
**ਚੰਨਣ ਵਾਂਗ ਨ ਪੱਥਰ ਘੱਸੈ।**
**੪. ਸਿਲ ਵੱਟੇ ਨਿਤ ਪੀਸਦੇ**
**ਰਸ ਕਸ ਜਾਣੈ ਵਾਸ ਨ ਰੱਸੈ।**
**੫. ਚੱਕੀ ਫਿਰੈ ਸਹੰਸ ਵਾਰ**
**ਖਾਇ ਨ ਪੀਐ ਭੁੱਖ ਨ ਤੱਸੈ।**
**੬. ਪੱਥਰ ਘੜੇ ਵਰੱਤਣਾ**
**ਹੇਠ ਉਤੇ ਹੋਇ ਘੜਾ ਵਿਣੱਸੈ।**
**੭. ਮੂਰਖ ਸੁਰਤਿ ਨ ਜਸ ਅਪਜੱਸੈ ॥੬॥**

***ਪਦ ਅਰਥ :*** ਸਿਲ ਵੱਟੇ—ਸਿਲਾਂ ਤੇ ਵੱਟੇ। ਵਾਸ—ਵਾਸ਼ਨਾ। ਤੱਸੈ—ਤ੍ਰਿਖਾ। ਰੱਸੈ—ਸੁਆਦ। ਘੜਾ ਵਿਣੱਸੈ—ਘੜੇ ਦਾ ਨਾਸ।

*ਅਰਥ :*

ਪ੍ਰ: ਭਾਈ ਸਾਹਿਬ! ਜੇਕਰ ਮੂਰਖ ਨੂੰ ਸਮਝਾਉਣ ਦਾ ਯਤਨ ਕੀਤਾ ਜਾਏ ਤਾਂ ਕੀ ਉਹ ਸਮਝ ਨਹੀਂ ਸਕਦਾ ? ਇਸ ਬਾਰੇ ਆਪ ਜੀ ਕੀ ਕਹਿਣਾ ਚਾਹੋਗੇ ?

ਉ: ਹੇ ਭਾਈਓ! ਇਸ ਬਾਰੇ ਜੋ ਮੈਨੂੰ ਗੁਰਮਤ ਦੁਆਰੇ ਸੋਝੀ ਮਿਲੀ ਹੈ, ਉਸਨੂੰ ਮੈਂ ਇਸ ਪਉੜੀ ਵਿਚ ਉਦਾਹਰਣਾਂ ਰਾਹੀਂ ਪ੍ਰਗਟਾਇਆ ਹੈ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਪੱਥਰ ਕਦੇ ਵੀ ਨਹੀਂ ਭਿੱਜਦਾ, ਭਾਵੇਂ ਉਹ ਸੌ ਵਰ੍ਹੇ ਪਾਣੀ ਵਿਚ ਵੱਸਦਾ ਰਹੇ।

(੨) ਪੱਥਰ ਉਤੇ ਖੇਤੀ ਨਹੀਂ ਜੰਮਦੀ, ਭਾਵੇਂ ਲਗਾਤਾਰ ਬਰਸਾਤ ਦੇ ਚਾਰ ਮਹੀਨੇ ਮੀਂਹ ਵੱਸਦਾ ਰਹੇ।

(੩) ਪੱਥਰ ਚੰਦਨ ਨੂੰ ਰਗੜਦਾ ਹੈ, ਪਰ ਚੰਦਨ ਵਾਂਗੂੰ ਆਪ ਨਹੀਂ ਘਸਦਾ।

(੪) ਸਿਲ ਤੇ ਵੱਟੇ ਹਰ ਰੋਜ਼ ਰਸ ਕਸ (ਕਈ ਤਰ੍ਹਾਂ ਦੇ ਮਸਾਲੇ) ਪੀਂਹਦੇ ਹਨ, ਪਰ ਉਹ ਮਸਾਲਿਆਂ ਦੀ ਵਾਸ਼ਨਾ ਤੇ ਸੁਆਦ ਨੂੰ ਨਹੀਂ ਜਾਣਦੇ।

(੫) ਚੱਕੀ ਹਜ਼ਾਰਾਂ ਵਾਰ ਫਿਰਦੀ ਹੈ, ਉਹ ਨਾ ਕੁਛ ਖਾਂਦੀ ਹੈ ਤੇ ਨਾ ਕੁਛ ਪੀਂਦੀ ਹੈ, ਉਸ ਨੂੰ ਭੁੱਖ ਤ੍ਰੇਹ ਵੀ ਨਹੀਂ ਲੱਗਦੀ।

(੬) ਪੱਥਰ ਤੇ ਘੜੇ ਦੀ ਵਰਤਣ ਇਹੋ ਜਿਹੀ ਹੁੰਦੀ ਹੈ ਕਿ ਭਾਵੇਂ ਪੱਥਰ ਹੇਠਾਂ ਹੋਵੇ ਜਾਂ ਉਤੇ ਹੋਵੇ, ਉਹ ਘੜੇ ਦਾ ਨਾਸ ਹੀ ਕਰਦਾ ਹੈ।

(੭) ਮੂਰਖ ਪੁਰਸ਼ ਨੂੰ ਆਪਣੇ ਜਸ (ਵਡਿਆਈ) ਤੇ ਅਪਜਸ (ਨਿੰਦਿਆ) ਦੀ ਕੋਈ ਸੋਝੀ ਨਹੀਂ ਹੁੰਦੀ।੬।

ਭਾਵ ਹੈ ਕਿ ਮੂਰਖ ਪੱਥਰ ਦੀ ਤਰ੍ਹਾਂ ਦਿਲ ਦਾ ਕਠੋਰ ਅਤੇ ਦੁਖਦਾਈ ਹੈ, ਉਹ ਕਿਸੇ ਤਰ੍ਹਾਂ ਵੀ ਉਪਦੇਸ਼ ਨਾਲ ਪਸੀਜਦਾ ਅਰ ਸੁਖ ਦੀ ਕਦਰ ਨਹੀਂ ਪਛਾਣਦਾ।

## ੭. ਮੂਰਖ ਮੂਰਖਤਾਈ ਕਰਕੇ ਸਦਾ ਹੀ ਰੋਂਦਾ ਹੈ

**੧. ਪਾਰਸ ਪੱਥਰ ਸੰਗ ਹੈ**
**ਪਾਰਸ਼ ਪਰਸ ਨ ਕੰਚਨ ਹੋਵੈ।**
**੨. ਹੀਰੇ ਮਾਣਕ ਪੱਥਰਹੁ**
**ਪੱਥਰ ਕੋਇ ਨ ਹਾਰ ਪਰੋਵੈ।**
**੩. ਵੱਟ ਜਵਾਹਰ ਤੋਲੀਐ**
**ਮੁੱਲ ਨ ਤੁੱਲ ਵਿਕਾਇ ਸਮੋਵੈ।**
**੪. ਪੱਥਰ ਅੰਦਰ ਅਸ਼ਟਧਾਤ**
**ਪਾਰਸ ਪਰਸ ਸੁਵੰਨ ਅਲੋਵੈ।**

੫. ਪੱਥਰ ਫਟਕ ਝਲਕਣਾ
ਬਹੁ ਰੰਗੀ ਹੋਇ ਰੰਗ ਨ ਗੋਵੈ।
੬. ਪੱਥਰ ਵਾਸ ਨ ਸਾਉ ਹੈ
ਮਨ ਕਠੋਰ ਹੁਇ ਆਪ ਵਿਗੋਵੈ।
੭. ਕਰ ਮੂਰਖਾਈ ਮੂਰਖ ਰੋਵੈ ॥੭॥

***ਪਦ ਅਰਥ :*** ਪਾਰਸ ਪੱਥਰ ਸੰਗ—ਪਾਰਸ ਦਾ ਪੱਥਰ ਨਾਲ ਮੇਲ। ਤੁੱਲ—ਬਰਾਬਰ। ਸੁਵੰਨ ਅਲੋਵੈ—ਸੋਨਾ ਵੇਖੀਦਾ ਹੈ। ਸਮੋਵੈ—ਸਮਾਈ। ਆਪ ਵਿਗੋਵੈ—ਆਪਣਾ ਆਪ ਨਾਸ ਕਰਦਾ ਹੈ। ਰੰਗ ਨ ਗੋਵੈ—ਰੰਗ ਨਹੀਂ ਧਰਦਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜੇ ਕਦੀ ਮੂਰਖ ਹਮੇਸ਼ਾਂ ਸੰਗਤ ਵਿਚ ਹੀ ਰਹਿਣ ਦਾ ਆਦੀ ਹੋ ਜਾਵੇ ਤਾਂ ਕੀ ਉਹ ਮੂਰਖਤਾਈ ਦਾ ਤਿਆਗ ਨਹੀਂ ਕਰਦਾ ? ਇਸ ਬਾਰੇ ਆਪ ਕੀ ਵੀਚਾਰ ਰੱਖਦੇ ਹੋ ?

ਉ: ਹੇ ਭਾਈਓ! ਇਸ ਬਾਰੇ ਵੀ ਜੋ ਮੈਨੂੰ ਗੁਰਬਾਣੀ ਤੋਂ ਪ੍ਰੇਰਨਾ ਮਿਲੀ ਹੈ, ਉਸ ਨੂੰ ਮੈਂ ਇਸ ਪਉੜੀ ਵਿਚ ਚੰਦ ਉਦਾਹਰਣਾਂ ਦੁਆਰੇ ਉਲੀਕਿਆ ਹੈ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਪਾਰਸ ਤੇ ਪੱਥਰ ਦਾ ਮੇਲ ਮਿਲਾਪ ਹੈ, ਪਰ ਪੱਥਰ ਪਾਰਸ ਨਾਲ ਛੋਹ ਕੇ ਸੋਨਾ ਨਹੀਂ ਹੁੰਦਾ।

(੨) ਹੀਰੇ ਤੇ ਮਾਣਕ ਪੱਥਰਾਂ ਵਿਚੋਂ ਹੀ ਨਿਕਲਦੇ ਹਨ, ਪਰ ਹੀਰਿਆਂ ਦੇ ਹਾਰ ਵਾਂਗੂ ਪੱਥਰਾਂ ਦਾ ਹਾਰ ਕੋਈ ਨਹੀਂ ਪਰੋਂਦਾ।

(੩) ਪੱਥਰਾਂ ਦੇ ਵੱਟਿਆਂ ਨਾਲ ਜਵਾਹਰਾਤ ਤੋਲੇ ਜਾਂਦੇ ਹਨ, ਪਰ ਮੁੱਲ ਵਿਚ ਦੋਹਾਂ ਦੀ ਕੋਈ ਬਰਾਬਰੀ ਨਹੀਂ।

(੪) ਪੱਥਰਾਂ ਅੰਦਰ ਹੀ ਅੱਠ ਧਾਤਾਂ ਹੁੰਦੀਆਂ ਹਨ, ਜੋ ਪਾਰਸ ਨਾਲ ਛੂਹ ਕੇ ਸੋਨਾ ਹੋਈਆਂ ਵੇਖੀਦੀਆਂ ਹਨ।

(੫) ਬਲੌਰ ਪੱਥਰ ਚਮਕੀਲਾ ਹੁੰਦਾ ਹੈ, ਉਸਦੇ ਕੋਲ ਜਿਹੜਾ ਰੰਗ ਰੱਖੀਏ, ਉਹ ਉਹੋ ਜਿਹਾ ਰੰਗ ਵਾਲਾ ਦਿੱਸਦਾ ਹੈ, ਪਰ ਆਪਣਾ ਰੰਗ ਨਹੀਂ ਗਵਾਉਂਦਾ।

(੬) ਪੱਥਰ ਵਿਚ ਨਾ ਕੋਈ ਵਾਸ਼ਨਾ ਹੈ ਤੇ ਨਾ ਕੋਈ ਸੁਆਦ, ਉਹ ਮਨ ਦਾ ਕਠੋਰ ਹੋਣ ਕਰਕੇ ਆਪਣਾ ਆਪ ਖ਼ਰਾਬ ਕਰਦਾ ਹੈ।

(੭) ਮੂਰਖ ਮੂਰਖਤਾਈਆਂ ਕਰਕੇ (ਅੰਤ ਨੂੰ) ਰੋਂਦਾ ਹੈ।੭।

## ੮. ਮੂਰਖ ਦਾ ਸੰਗ ਨਾ ਕਰੋ

੧. ਜਿਉਂ ਮਣਿ ਕਾਲੇ ਸੱਪ ਸਿਰ
ਸਾਰ ਨ ਜਾਣੈ ਵਿੱਸੂ ਭਰਿਆ।
੨. ਜਾਣ ਕਥੂਰੀ ਮਿਰਗ ਤਨ
ਝਾੜ ਸੁੰਘਦਾ ਫਿਰੇ ਅਫਰਿਆ।
੩. ਜਿਉਂ ਕਰ ਮੋਤੀ ਸਿੱਪ ਵਿਚ
ਮਰਮ ਨ ਜਾਣੈ ਅੰਦਰ ਧਰਿਆ।
੪. ਜਿਉਂ ਗਾਂਈ ਥਨ ਚਿੱਚੜੀ
ਦੁੱਧ ਨ ਪੀਏ ਲੋਹੂ ਜਰਿਆ।
੫. ਬਗੁਲਾ ਤਰਣ ਨ ਸਿੱਖਿਓ
ਤੀਰਥ ਨ੍ਹਾਇ ਨ ਪੱਥਰ ਤਰਿਆ।
੬. ਨਾਲ ਸਿਆਣੇ ਭਲੀ ਭਿੱਖ
ਮੂਰਖ ਰਾਜਹੁੰ ਕਾਜ ਨ ਸਰਿਆ।
੭. ਮੇਖੀ ਹੋਇ ਵਿਗਾੜੈ ਖਰਿਆ ॥੮॥

***ਪਦ ਅਰਥ :*** ਵਿੱਸੂ—ਜ਼ਹਿਰ। ਕਥੂਰੀ—ਕਸਤੂਰੀ। ਅਫਰਿਆ—ਅਮੋੜ, ਮੋੜਿਆ ਨਹੀਂ ਜਾਵੇ। ਮਰਮ—ਭੇਦ। ਜਰਿਆ—ਜੁੜਿਆ ਰਹਿੰਦਾ ਹੈ। ਮੇਖੀ—ਖੋਟਾ ਰੁਪੱਯਾ, ਮੇਖ ਵਾਲਾ, ਦਾਗ਼ੀ ਵਾ ਖੋਟਾ (ਪੁਰਸ਼)।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਤੁਸੀਂ ਸੰਗਤ ਵਿਚ ਆਪਣੇ ਕਈ ਵਾਰ ਵੀਚਾਰ ਦਿਆ ਕਰਦੇ ਹੋ ਕਿ ਖੋਟੇ, ਮੂਰਖ ਪੁਰਸ਼ ਦੀ ਸੰਗਤ ਨਾ ਕਰੋ, ਕਿਉਂ ਜੀ! ਜੇਕਰ ਮੂਰਖ ਦਾ ਸੰਗ ਕਰਨ ਨਾਲ ਉਸਦੇ ਮੰਦੇ ਸੁਭਾਉ ਵਿਚ ਬਦਲ ਆ ਜਾਏ ਫਿਰ ਤਾਂ ਉਸਦੀ ਸੰਗਤ ਕਰਨਾ ਉਸ 'ਤੇ ਉਪਕਾਰ ਹੀ ਹੋਵੇਗਾ। ਕਿਉਂ ਜੀ, ਇਸ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ, ਜਾਣਕਾਰੀ ਦਿਓ ?

ਉ: ਹੇ ਭਾਈਓ! ਅਸਲ ਵਿਚ ਜੋ ਮੈਂ ਸੰਗਤ ਵਿਚ ਵੀਚਾਰ ਦਿਆ ਕਰਦਾ ਹਾਂ, ਉਹ ਵੀਚਾਰ ਮੇਰੇ ਆਪਣੇ ਨਹੀਂ ਹੋਇਆ ਕਰਦੇ। ਉਹ ਵੀਚਾਰ ਤਾਂ ਮੈਨੂੰ ਗੁਰਮਤ ਦੁਆਰੇ ਪ੍ਰਾਪਤ ਹੋਏ ਹੁੰਦੇ ਹਨ, ਕਿਉਂਕਿ ਬਾਣੀ ਵਿਚ ਸੰਕੇਤ ਹੈ ਕਿ :

ਕਬੀਰ ਸਾਕਤ ਸੰਗੁ ਨ ਕੀਜੀਐ
ਦੂਰਹਿ ਜਾਈਐ ਭਾਗਿ॥
ਬਾਸਨੁ ਕਾਰੋ ਪਰਸੀਐ
ਤਉ ਕਛੁ ਲਾਗੈ ਦਾਗੁ॥੧੩੧॥

*(ਸਲੋਕ ਕਬੀਰ ਜੀ, ਪੰਨਾ ੧੩੭੧)*

ਭਾਵ ਹੈ ਸਾਕਤਾਂ ਦੀ ਸੰਗਤ ਕਰਨ ਨਾਲ ਉਨ੍ਹਾਂ ਦੇ ਸੁਭਾਉ ਵਿਚ ਬਦਲ ਆਉਣ ਦਾ ਤਾਂ ਘੱਟ ਚਾਨਸ ਹੈ, ਪਰ ਸਰਲ ਚਿੱਤ ਵਾਲੇ ਪੁਰਸ਼ ਨੂੰ ਦਾਗੀ ਹੋ ਜਾਣ ਦਾ ਵਧੇਰੇ ਖ਼ਤਰਾ ਹੈ, ਇਸ ਭਾਵ ਨੂੰ ਮੈਂ ਇਸ ਪਉੜੀ ਵਿਚ ਪ੍ਰਗਟਾਉਣ ਦਾ ਯਤਨ ਕੀਤਾ ਹੈ, ਕਿ ਸਿਆਣੇ ਗੁਰਮੁਖਾਂ ਦੀ ਹੀ ਸੰਗਤ ਕਰਨੀ ਲਾਭਦਾਇਕ ਹੈ, ਮੂਰਖ ਪਰ ਕੀਮਤੀ ਉਪਦੇਸ਼ ਦਾ ਭੀ ਵਧੇਰੇ ਅਸਰ ਨਹੀਂ ਹੁੰਦਾ, ਕਿਉਂਕਿ ਉਸਨੂੰ ਭੀ ਇਸੇ ਤਰ੍ਹਾਂ ਸਾਰ ਨਹੀਂ ਜਿਵੇਂ ਕਿ ਇਸ ਪਉੜੀ ਵਿਚ ਦਿਤੇ ਹੋਏ ਉਦਾਹਰਣਾਂ ਤੋਂ ਅਸਲੀਅਤ ਪ੍ਰਗਟ ਹੁੰਦੀ ਹੈ :

(੧) (ਜਿਵੇਂ ਕਿ ਅਸੀਂ ਪ੍ਰਤੱਖ ਹੀ ਵੇਖਦੇ ਹਾਂ ਕਿ) ਜਿਸ ਤਰ੍ਹਾਂ ਕਾਲੇ ਸੱਪ ਦੇ ਸਿਰ ਵਿਚ (ਕੀਮਤੀ) ਮਣੀ ਹੁੰਦੀ ਹੈ, ਪਰ ਉਹ ਉਸ ਮਣੀ ਦੀ ਸਾਰ ਨਹੀਂ ਜਾਣਦਾ ਤੇ ਜ਼ਹਿਰ ਨਾਲ ਭਰਿਆ ਰਹਿੰਦਾ ਹੈ।

(੨) (ਜਿਵੇਂ) ਹਰਨ ਦੇ ਸਰੀਰ ਵਿਚ ਕਸਤੂਰੀ ਹੁੰਦੀ ਹੈ, (ਪਰ ਹਰਨ ਨੂੰ ਉਸਦੀ ਕੋਈ ਸੋਝੀ ਨਹੀਂ ਹੁੰਦੀ)। ਉਹ ਝਾੜੀਆਂ ਨੂੰ ਸੁੰਘਦਾ ਅਮੋੜਾਂ ਵਾਂਗੂੰ ਭਟਕਦਾ ਫਿਰਦਾ ਹੈ।

(੩) ਜਿਵੇਂ ਸਿੱਪ ਵਿਚ ਮੋਤੀ ਹੁੰਦਾ ਹੈ, ਪਰ ਉਹ ਆਪਣੇ ਅੰਦਰ ਧਰੇ ਹੋਏ ਮੋਤੀ ਦੇ ਭੇਦ ਨੂੰ ਨਹੀਂ ਜਾਣਦਾ।

(੪) ਜਿਵੇਂ ਚਿੱਚੜ ਗਊ ਦੇ ਥਣਾਂ ਨਾਲ ਲੱਗਾ ਦੁੱਧ ਨਹੀਂ ਪੀਂਦਾ, ਲਹੂ ਪੀਣ ਵਿਚ ਜਰਿਆ (ਲੱਗਾ) ਰਹਿੰਦਾ ਹੈ।

(੫) ਬਗਲੇ ਨੇ ਤਰਨਾ ਨਹੀਂ ਸਿਖਿਆ ਤੇ ਪੱਥਰ ਵੀ ਤੀਰਥਾਂ ਵਿਚ ਨ੍ਹਾ ਕੇ ਨਹੀਂ ਤਰਿਆ।

(੬) ਸਿਆਣੇ ਪੁਰਸ਼ ਨਾਲ ਭਿੱਖਿਆ ਮੰਗ ਕੇ ਖਾ ਲੈਣੀ ਚੰਗੀ ਹੈ, ਪਰ ਮੂਰਖ ਦੀ ਸੰਗਤ ਕਰਕੇ ਰਾਜ ਦੇ ਹੁੰਦਿਆਂ ਵੀ ਕੋਈ ਕੰਮ ਨਹੀਂ ਸੌਰਦਾ।

(੭) ਖੋਟਾ ਪੁਰਸ਼ ਖਰਿਆਂ ਨੂੰ ਵੀ ਵਿਗਾੜ ਦਿੰਦਾ ਹੈ।੮।

ਇਸ ਵਾਸਤੇ ਗੁਰਬਾਣੀ ਦਾ ਫ਼ੁਰਮਾਨ ਹੈ ਕਿ—(ਸੰਗਤ ਕਰੀਐ ਸਾਧ ਕੀ)

## ੯. ਮੂਰਖ ਵੱਲੋਂ ਉਪਰਾਮ ਹੀ ਰਹਿਣਾ ਚੰਗਾ ਹੈ

**੧. ਕੱਟਣ ਚੱਟਣ ਕੁੱਤਿਆਂ**
**ਕੁੱਤੇ ਹਲਕ ਤੈ ਮਨੁ ਸੰਗਾਵੈ।**
**੨. ਠੰਢਾ ਤੱਤਾ ਕੋਇਲਾ**
**ਕਾਲਾ ਕਰ ਕੈ ਹੱਥ ਜਲਾਵੈ।**
**੩. ਜਿਉਂ ਚਕਚੂੰਧਰ ਸੱਪ ਦੀ**
**ਅੰਨ੍ਹਾ ਕੋੜ੍ਹੀ ਕਰ ਦਿਖਲਾਵੈ।**
**੪. ਜਾਣ ਰਸਉਲੀ ਦੇਹ ਵਿਚ**
**ਵੱਢੀ ਪੀੜ ਰਖੀ ਸ਼ਰਮਾਵੈ।**
**੫. ਵੰਸ ਕਪੁੱਤ ਕੁਲੱਖਣਾ**
**ਛਡੇ ਬਣੈ ਨ ਵਿੱਚ ਸਮਾਵੈ।**
**੬. ਮੂਰਖ ਹੇਤ ਨ ਲਾਈਐ**
**ਪਰਹਰ ਵੈਰ ਅਲਿਪਤ ਵਲਾਵੈ।**
**੭. ਦੁਹੀਂ ਪਾਵੜੀਂ ਦੁੱਖ ਵਿਹਾਵੈ॥੯॥**

***ਪਦ ਅਰਥ :*** ਸੰਗਾਵੈ—ਸੰਗਦਾ ਹੈ, ਡਰਦਾ ਹੈ। ਹੇਤ—ਪਿਆਰ। ਪਾਵੜੀਂ—ਪਾਸਿਆਂ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਮੂਰਖ ਲੋਕਾਂ ਬਾਰੇ ਤੁਸੀਂ ਆਪਣੇ ਵੀਚਾਰ ਦਿਓ ਕਿ ਕੀ ਉਨ੍ਹਾਂ ਨਾਲ ਪਿਆਰ-ਭਾਵ ਰਖਣਾ ਠੀਕ ਹੈ ਕਿ ਵੈਰ-ਭਾਵ?

ਉ: ਹੇ ਭਾਈਓ! ਇਸ ਸੰਬੰਧ ਵਿਚ ਜੋ ਸੀਨੇ-ਬ-ਸੀਨੇ ਲੋਕ ਉੱਕਤੀਆਂ ਸੁਣਦੇ ਆ ਰਹੇ ਹਾਂ, ਉਨ੍ਹਾਂ ਨੂੰ ਮੈਂ ਇਸ ਪਉੜੀ ਵਿਚ ਦਰਸਾਉਣ ਦਾ ਯਤਨ ਕੀਤਾ ਹੈ, ਜਿਸਦਾ ਭਾਵ ਹੈ ਕਿ ਮੂਰਖਾਂ ਵੱਲੋਂ ਸਦਾ ਨਿਰਲੇਪ ਹੀ ਰਹੋ, ਇਸੇ ਵਿਚ ਹੀ ਭਲਾਈ ਤੇ ਸੁਖ ਹੈ।

(੧) (ਹੇ ਭਾਈਓ! ਜਿਵੇਂ ਅਸੀਂ ਵੇਖਦੇ ਹਾਂ ਕਿ) ਕੁੱਤਿਆਂ ਦਾ ਕੰਮ ਕੱਟਣਾ ਤੇ ਚੱਟਣਾ ਹੈ, ਪਰ ਜੇ ਕੁੱਤਾ ਹਲਕਾ ਹੋ ਜਾਏ ਤਾਂ ਉਸਦੇ ਚੱਟਣ ਤੋਂ ਵੀ ਮਨ ਸੰਕੋਚ ਕਰਦਾ ਹੈ। (ਭਾਵ ਚੱਟਣਾ ਕੁੱਤੇ ਦਾ ਸੁਭਾਉ ਹੈ, ਪਰ ਜੇ ਕਰ ਹਲਕ ਜਾਏ ਤਾਂ ਉਸਦਾ ਚੱਟਣਾ ਹੀ ਮਾਰ ਦੇਂਦਾ ਹੈ,

ਇਸ ਕਰਕੇ ਉਸ ਤੋਂ ਸੰਕੋਚ ਕਰਨਾ ਹੀ ਚੰਗਾ ਹੈ), ਅਗੇ ਹੋਰ ਦ੍ਰਿਸ਼ਟਾਂਤ ਦੇਂਦੇ ਹਨ:

(੨) ਜਿਵੇਂ ਠੰਢਾ ਕੋਲਾ ਹੱਥ ਕਾਲੇ ਕਰਦਾ ਹੈ ਤੇ ਤੱਤਾ ਕੋਲਾ ਹੱਥ ਸਾੜ ਦੇਂਦਾ ਹੈ।

(੩) ਜਿਵੇਂ ਸੱਪ ਕੋਹੜ ਕਿਰਲੀ ਖਾਂਦਿਆਂ ਕੋਹੜੀ ਹੋ ਜਾਂਦਾ ਹੈ ਤੇ ਛੱਡਿਆਂ ਅੰਨ੍ਹਾ ਹੁੰਦਾ ਹੈ।

(੪) ਜਿਵੇਂ ਸਰੀਰ ਵਿਚ ਰਸੌਲੀ ਹੁੰਦੀ ਹੈ, ਜੇ ਉਸਨੂੰ ਵੱਢੀਏ ਤਾਂ ਪੀੜ ਕਰਦੀ ਹੈ ਤੇ ਜੇ ਉਸਨੂੰ ਰੱਖੀਏ ਤਾਂ ਸ਼ਰਮ ਆਉਂਦੀ ਹੈ (ਕਿਉਂਕਿ ਉਸ ਨਾਲ ਸਰੀਰ ਬਦ-ਸੂਰਤ ਲੱਗਦਾ ਹੈ)।

(੫) ਜਿਵੇਂ ਕੁਲ ਵਿਚ ਭੈੜੇ ਲੱਛਣਾਂ ਵਾਲਾ ਕੁਪੁੱਤ੍ਰ ਹੁੰਦਾ ਹੈ, ਉਸਨੂੰ ਨਾ ਤਾਂ ਛੱਡਿਆ ਜਾ ਸਕਦਾ ਹੈ ਤੇ ਨਾ ਹੀ ਉਸਦੀ (ਪਰਵਾਰ ਵਿਚ) ਸਮਾਈ ਹੁੰਦੀ ਹੈ।

(੬) (ਇਸੇ ਤਰ੍ਹਾਂ) ਮੂਰਖ ਨਾਲ ਨਾ ਪਿਆਰ ਕਰੀਏ ਤੇ ਨਾ ਹੀ ਵੈਰ ਵਿਹਾਝੀਏ, ਸਗੋਂ ਅਲੇਪ ਰਹਿ ਕੇ ਸਮਾਂ ਬਤੀਤ ਕਰੀਏ।

(੭) (ਨਹੀਂ ਤਾਂ) ਦੋਹਾਂ ਪਾਸਿਆਂ ਤੋਂ ਦੁਖ ਹੀ ਮਿਲੇਗਾ।੯।

ਭਾਵ ਹੈ ਮੂਰਖ ਆਦਮੀਆਂ ਨਾਲ ਪਿਆਰ ਕਰਨਾ ਤੇ ਵੈਰ ਕਰਨਾ ਦੋਵੇਂ ਕੰਮ ਮਾੜੇ ਹਨ, ਦੋਵੇਂ ਪੱਖਾਂ ਤੋਂ ਨਿਰਲੇਪ ਰਹਿਣਾ ਹੀ ਸਿਆਣਪ ਹੈ।

## ੧੦. ਮੂਰਖ ਦਾ ਕੋਈ ਅਸੂਲ ਨਹੀਂ, ਉਹ ਔਗੁਣ ਗ੍ਰਾਹੀ ਹੈ

**੧. ਜਿਉਂ ਹਾਥੀ ਦਾ ਨ੍ਹਾਵਣਾ**
**ਬਾਹਰ ਨਿਕਲ ਖੇਹ ਉਡਾਵੈ**
**੨. ਜਿਉਂ ਊਠੈ ਦਾ ਖਾਵਣਾ**
**ਪਰਹਰ ਕਣਕ ਜਵਾਹਾਂ ਖਾਵੈ।**
**੩. ਕਮਲੇ ਦਾ ਕਛੋਟੜਾ**
**ਕਦੇ ਲੱਕ ਕਦੇ ਸੀਸ ਵਲਾਵੈ।**
**੪. ਜਿਉਂ ਕਰ ਟੁੰਡੇ ਹੱਥੜਾ**
**ਸੋ ਚੁੱਤੀ ਸੋ ਵਾਤ ਵਲਾਵੈ।**
**੫. ਸੰਨ੍ਹੀ ਜਾਣ ਲੁਹਾਰ ਦੀ**
**ਖਿਨ ਜਲ ਵਿਚ ਖਿਨ ਅਗਨਿ ਸਮਾਵੈ।**
**੬. ਮੱਖੀ ਬਾਣ ਕੁਬਾਣ ਹੈ**
**ਲੈ ਦੁਰਗੰਧ ਸੁਗੰਧ ਨ ਭਾਵੈ।**
**੭. ਮੂਰਖ ਦਾ ਕਿਹੁ ਹੱਥ ਨ ਆਵੈ ॥੧੦॥**

***ਪਦ ਅਰਥ:*** ਕਛੋਟੜਾ—ਲੰਗੋਟਾ। ਵਾਤ—ਮੂੰਹ। ਚੁੱਤੀ—ਚਿੱਤੜਾਂ ਵਿਚ। ਕੁਬਾਣ—ਖੋਟੀ ਆਦਤ।

***ਅਰਥ:***

**ਪ੍ਰ:** ਭਾਈ ਸਾਹਿਬ ਜੀਉ! ਜਿਨ੍ਹਾਂ ਮੂਰਖਾਂ ਦਾ ਆਪ ਜੀ ਜ਼ਿਕਰ ਕਰਦੇ ਆ ਰਹੇ ਹੋ, ਉਨ੍ਹਾਂ ਬਾਰੇ ਕੁਝ ਜਾਣਕਾਰੀ ਦਿਓ ਕਿ ਉਨ੍ਹਾਂ ਦਾ ਆਪਣਾ ਅਸੂਲ ਕੀ ਹੈ?

**ਉ:** ਹੇ ਭਾਈਓ! ਮੈਂ ਤਾਂ ਮੂਰਖਾਂ ਦੇ ਅਤਿ ਨੇੜੇ ਹੋ ਕੇ ਤੱਕਿਆ ਹੈ ਕਿ ਉਨ੍ਹਾਂ ਦਾ ਆਪਣਾ ਪੱਕਾ ਅਸੂਲ ਕੋਈ ਭੀ ਨਹੀਂ ਹੋਇਆ ਕਰਦਾ, ਉਨ੍ਹਾਂ ਦੇ ਸੁਭਾਉ ਵਿਚ ਕੇਵਲ ਦੂਸਰੇ ਚੰਗੇ ਪੁਰਸ਼ਾਂ ਵਿਚੋਂ ਭੀ ਉਹ ਔਗੁਣ ਲੱਭਣ ਦਾ ਉਪ੍ਰਾਲਾ ਕਰਦੇ ਹਨ, ਉਨ੍ਹਾਂ ਦੇ ਇਸ ਸੁਭਾਉ ਨੂੰ ਮੈਂ ਕੁਝ ਉਦਾਹਰਣਾਂ ਰਾਹੀਂ ਪ੍ਰਗਟਾਇਆ ਹੈ:

(੧) (ਅਸੀਂ ਵੇਖਦੇ ਹਾਂ ਕਿ) ਜਿਵੇਂ ਹਾਥੀ ਦਾ ਨ੍ਹਾਉਣਾ ਹੈ, ਉਹ ਪਾਣੀ ਤੋਂ ਬਾਹਰ ਨਿਕਲਦਾ ਹੀ ਖੇਹ ਉਡਾ ਕੇ (ਆਪਣੇ ਸਿਰ ਵਿਚ) ਪਾ ਲੈਂਦਾ ਹੈ, (ਤਿਵੇਂ ਮੂਰਖ ਚੰਗਾ ਕੰਮ ਕਰੇ ਭੀ ਤਾਂ ਖੇਹ ਉਡਾਉਂਦਾ ਹੈ)।

(੨) ਜਿਵੇਂ ਊਠ ਦਾ ਖਾਣਾ ਹੈ ਉਹ (ਪੈਲੀ ਵਿਚੋਂ) ਕਣਕ ਨੂੰ ਛੱਡ ਕੇ ਜਵਾਹਾਂ (ਕੰਡਿਆਂ ਵਾਲੇ ਬੂਟੇ) ਨੂੰ ਹੀ ਖਾਂਦਾ ਹੈ।

(੩) (ਜਿਵੇਂ ਕਮਲੇ ਆਦਮੀ ਦਾ ਲੰਗੋਟਾ ਹੁੰਦਾ ਹੈ, ਉਹ ਉਸਨੂੰ ਕਦੇ ਲੱਕ ਨਾਲ ਤੇ ਕਦੇ ਸਿਰ ਉਤੇ ਬੰਨ੍ਹਦਾ ਹੈ।

(੪) ਜਿਵੇਂ ਟੁੰਡਾ ਉਹੋ ਹੱਥ ਕਦੇ ਚਿੱਤੜਾਂ ਨੂੰ ਲਾਉਂਦਾ ਹੈ ਤੇ ਕਦੇ ਮੂੰਹ ਵਿਚ ਪਾਉਂਦਾ ਹੈ।

(੫) ਜਿਵੇਂ ਲੁਹਾਰ ਦੀ ਸੰਨ੍ਹੀ ਕਦੀ ਪਾਣੀ ਵਿਚ ਤੇ ਕਦੀ ਅੱਗ ਵਿਚ ਰੱਖੀ ਜਾਂਦੀ ਹੈ।

(੬) ਜਿਵੇਂ ਮੱਖੀ ਦੀ ਖੋਟੀ ਆਦਤ ਹੈ ਕਿ ਉਹ ਦੁਰਗੰਧੀ 'ਤੇ ਹੀ ਬੈਠਦੀ ਹੈ, ਸੁਗੰਧੀ ਉਸਨੂੰ ਚੰਗੀ ਨਹੀਂ ਲੱਗਦੀ।

(੭) (ਇਸੇ ਤਰ੍ਹਾਂ) ਮੂਰਖ ਦਾ ਕੁਛ ਥਹੁ ਨਹੀਂ ਲੱਗਦਾ (ਭਾਵ ਮੂਰਖ ਦੀ ਬ੍ਰਿਤੀ ਦਾ ਕੋਈ ਪਤਾ ਨਹੀਂ ਲੱਗਦਾ, ਕਿਉਂਕਿ ਉਹ ਇਰਾਦੇ ਦਾ ਪੱਕਾ ਨਹੀਂ ਹੁੰਦਾ)।੧੦।

***ਭਾਵਾਰਥ :*** ਇਹੋ ਹੈ ਕਿ ਬੇ-ਅਸੂਲੇ ਮੂਰਖ ਲੋਕਾਂ ਦੀ ਉੱਕਾ ਹੀ ਨੇੜਤਾ ਨਾ ਕਰੋ, ਕਿਉਂਕਿ ਉਨ੍ਹਾਂ ਦਾ ਆਪਣਾ ਚੰਗਿਆਈਆਂ ਭਰਿਆ ਕੋਈ ਭੀ ਅਸੂਲ ਨਹੀਂ ਹੋਇਆ ਕਰਦਾ, ਇਸ ਲਈ ਉਨ੍ਹਾਂ ਦੀ ਸੰਗਤ ਕਰਨ ਨਾਲ ਕੋਈ ਭੀ ਲਾਭ ਨਹੀਂ, ਜੀਵਨ ਵਿਚ ਨੁਕਸਾਨ ਹੀ ਹੈ।

## ੧੧. ਮੂਰਖਾਂ ਦੇ ਆਪਣੇ ਅਉਗਣ ਹੀ ਦੁਖ ਦਾ ਕਾਰਨ ਹਨ

**੧. ਤੋਤਾ ਨਲੀ ਨ ਛੱਡਈ**
**ਆਪਣ ਹੱਥੀ ਫਾਥਾ ਚੀਕੈ।**
**੨. ਬਾਂਦਰ ਮੁਠ ਨ ਛਡਈ**
**ਘਰ ਘਰ ਨੱਚੈ ਝੀਕਣ ਝੀਕੈ।**
**੩. ਗੱਦਹੁ ਅੜੀ ਨ ਛਡਈ**
**ਚੀਂਘੀ ਪਾਉਂਦੀ ਹੀਕਣ ਹੀਕੈ।**
**੪. ਕੁੱਤੇ ਚੱਕੀ ਚੱਟਣੀ**
**ਪੂਛ ਨ ਸਿੱਧੀ ਧੀਕਣ ਧੀਕੈ।**
**੫. ਕਰਨ ਕੁਫੱਕੜ ਮੂਰਖਾਂ**
**ਸੱਪ ਗਏ ਫੜ ਫਾਟਨ ਲੀਕੈ।**
**੬. ਪੱਗ ਲਹਾਇ ਗਣਾਇ ਸ਼ਰੀਕੈ ॥੧੧॥**

***ਪਦ ਅਰਥ :*** ਝੀਕਣ ਝੀਕੈ—ਨਕਲਾਂ ਲਾਉਣੀਆਂ, ਖਿੱਝ ਕੇ ਝਈਆਂ ਲੈਣੀਆਂ। ਚੀਂਘੀ—ਛੱਟ। ਹੀਕਣ ਹੀਕੈ—ਟੀਚਣੇ ਮਾਰਦਾ ਹੈ। ਫਾਟਨ ਲੀਕੈ—ਮਾਰਦੇ ਹਨ ਲੀਕਾਂ ਨੂੰ। ਧੀਕਣ ਧੀਕੈ—ਘਸੀਟ ਕੇ ਸਿੱਧਾ ਕਰਨਾ।

***ਅਰਥ :***

ਪ੍ਰ: ਭਾਈ ਸਾਹਿਬ ਜੀਓ! ਜਦ ਮੂਰਖ ਲੋਕ ਆਪਣੀ ਮੂਰਖਤਾ ਕਰਕੇ ਹੀ ਦੁਖ ਭੋਗਦੇ ਹਨ ਤਾਂ ਫਿਰ ਉਹ ਅਉਗਣ ਕਰਨੇ ਛੱਡ ਕਿਉਂ ਨਹੀਂ ਦੇਂਦੇ ?

ਉ: ਹੇ ਭਾਈਓ! ਤੁਹਾਡੇ ਇਸ ਪ੍ਰਸ਼ਨ ਦੇ ਉੱਤਰ ਵਿਚ ਮੈਂ ਇਸ ਪਉੜੀ ਵਿਚ ਕੁਝ ਉਦਾਹਰਣ ਦਿਤੇ ਹਨ, ਜਿਸ ਰਾਹੀਂ ਤੁਸੀਂ ਅਨੁਭਵ ਕਰ ਸਕੋਗੇ ਕਿ ਮੂਰਖ ਲੋਕ ਭੀ ਆਪਣੇ ਅਉਗਣਾਂ ਨੂੰ ਇਸੇ ਤਰ੍ਹਾਂ ਨਹੀਂ ਛੱਡਦੇ।।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਤੋਤਾ ਨਲੀ ਨੂੰ ਨਹੀਂ ਛੱਡਦਾ ਤੇ ਆਪਣੇ ਆਪ ਫਸ ਕੇ ਫਿਰ ਚੀਕਦਾ ਹੈ।

(੨) ਬਾਂਦਰ ਛੋਲਿਆਂ ਦੀ ਭਰੀ ਮੁੱਠ ਨੂੰ ਕੁੱਜੇ ਵਿਚੋਂ ਨਹੀਂ ਛੱਡਦਾ ਤੇ ਫੜਿਆ ਜਾਂਦਾ ਹੈ, ਫਿਰ ਘਰ ਘਰ ਨੱਚਦਾ ਹੈ, ਨਕਲਾਂ ਲਾਉਂਦਾ ਹੈ ਤੇ ਝਈਆਂ ਲੈਂਦਾ ਹੈ।

(੩) ਖੋਤਾ ਆਪਣੀ ਅੜੀ ਨਹੀਂ ਛੱਡਦਾ, ਛੱਟ ਦੇ ਲੱਦਿਆਂ ਟੀਚਣੇ ਮਾਰਦਾ ਹੈ।

(੪) ਕੁੱਤਾ ਚੱਕੀ ਨੂੰ ਹੀ ਚੱਟਦਾ ਹੈ (ਆਟੇ ਵੱਲ ਧਿਆਨ ਨਹੀਂ ਕਰਦਾ) ਉਸਦੀ ਪੂੰਛ ਸਿੱਧੀ ਨਹੀਂ ਹੁੰਦੀ, ਭਾਵੇਂ ਉਸਦੀ ਪੂੰਛ ਨੂੰ ਕਿਤਨਾ ਹੀ ਖਿੱਚੋ।

(੫) ਮੂਰਖ ਲੋਕ ਖੋਟੇ ਕੰਮ ਹੀ ਕਰਦੇ ਹਨ, ਸੱਪ ਦੇ ਲੰਘ ਜਾਣ ਪਿੱਛੋਂ ਉਸਦੀ ਲੀਕ ਨੂੰ ਹੀ ਮਾਰਦੇ ਰਹਿੰਦੇ ਹਨ।

(੬) (ਮੂਰਖ ਪੁਰਸ਼) ਸਾਰੀ ਉਮਰ ਤਾਂ ਭਾਈ ਬੰਧਾਂ ਨਾਲ ਵੈਰ ਕਰਦਿਆਂ ਹੀ ਬਿਤਾ ਦਿੰਦੇ ਹਨ ਤੇ ਉਨ੍ਹਾਂ ਦੇ ਮਰ ਜਾਣ ਤੋਂ ਬਾਅਦ ਪੱਗ ਲਾਹ ਕੇ ਭਾਈਚਾਰੇ ਵਿਚ ਸ਼ਰੀਕ ਬਣ ਬੈਠਦੇ ਹਨ।੧੧।

## ੧੨. ਮੂਰਖ ਬੋਲ ਵਿਗਾੜ ਹੁੰਦਾ ਹੈ

**੧. ਅੰਨ੍ਹਾਂ ਆਖੇ ਲੜ ਮਰੈ**
**ਖੁਸ਼ੀ ਹੋਵੈ ਸੁਣ ਨਾਉਂ ਸੁਜਾਖਾ।**
**੨. ਭੋਲਾ ਆਖੇ ਭਲਾ ਮੰਨ**
**ਅਹਮਕ ਜਾਣ ਅਜਾਣ ਨ ਭਾਖਾ।**
**੩. ਧੋਰੀ ਆਖੈ ਹੱਸ ਦੇ**
**ਬਲਦ ਵਖਾਣ ਕਰੈ ਮਨ ਮਾਖਾ।**
**੪. ਕਾਉਂ ਸਿਆਣਪ ਜਾਣਦਾ**
**ਵਿਸ਼ਟਾ ਖਾਇ ਨ ਭਾਖ ਸੁਭਾਖਾ।**
**੫. ਨਾਉਂ ਸੁਰੀਤ ਕੁਰੀਤ ਦਾ**
**ਮੁਸ਼ਕ ਬਿਲਾਈ ਗਾਂਡੀ ਸਾਖਾ।**
**੬. ਹੇਠ ਖੜਾ ਥੂ ਥੂ ਕਰੈ**
**ਗਿੱਦੜ ਹੱਥ ਨ ਆਵੈ ਦਾਖਾ।**
**੭. ਬੋਲ ਵਿਗਾੜ ਮੂਰਖ ਭੇਡਾਖਾ ॥੧੨॥**

***ਪਦ ਅਰਥ :*** ਧੋਰੀ—ਧੀਰਜੀ। ਮਾਖਾ—ਕ੍ਰੋਧੀ। ਗਾਂਡੀ ਸਾਖਾ—ਆਮ ਬਿੱਲੀ ਦੀ ਗੁਦਾ ਦੀ ਗੰਧ। ਮੁਸ਼ਕ ਬਿਲਾਈ– ਇਕ ਜੰਗਲੀ ਜਾਨਵਰ ਦੀ ਗੰਧ ਹੈ, ਜੋ

ਖ਼ੁਸ਼ਬੂਦਾਰ ਹੁੰਦੀ ਹੈ। ਥੂ ਥੂ—ਥੁੱਕਾਂ ਸਿੱਟਣੀਆਂ। ਭੇਡਾਖਾ—ਭੇਡ ਦੀਆਂ ਅੱਖਾਂ ਵਾਲਾ।

*ਅਰਥ :*

ਪ੍ਰ: ਭਾਈ ਸਾਹਿਬ ਜੀ! ਦਸੋਗੇ ਕਿ ਮੂਰਖ ਦੀ ਵੱਡੀ ਪਛਾਣ ਕੀ ਹੈ ?

ਉ: ਹੇ ਭਾਈਓ! ਜੇ ਵੀਚਾਰ ਕੇ ਵੇਖੀਏ ਤਾਂ ਮੂਰਖ ਦੀ ਵਡੇਰੀ ਪਛਾਣ ਹੈ ਕਿ ਉਹ ਬੋਲ ਵਿਗਾੜ ਹੋਇਆ ਕਰਦਾ ਹੈ, ਇਸ ਭਾਵ ਨੂੰ ਦਰਸਾਉਣ ਲਈ ਮੈਂ ਇਸ ਪਉੜੀ ਵਿਚ ਕੁੱਝ ਉਦਾਹਰਣ ਦਿਤੇ ਹਨ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ ਮੂਰਖ) ਅੰਨ੍ਹਾ ਆਖਿਆਂ ਲੜ ਮਰਦਾ ਹੈ ਤੇ ਸੁਜਾਖਾ ਕਹੋ ਤਾਂ ਖ਼ੁਸ਼ ਹੁੰਦਾ ਹੈ।

(੨) (ਮੂਰਖ) ਨੂੰ ਭੋਲਾ ਕਹੋ ਤਾਂ ਭਲਾ ਮੰਨਦਾ ਹੈ ਤੇ ਜੇ ਅਹਿਮਕ ਆਖੋ ਤਾਂ ਜਾਣ ਬੁਝ ਕੇ ਅਨਜਾਣ ਬਣ ਜਾਂਦਾ ਹੈ ਤੇ ਬੋਲਦਾ ਹੀ ਨਹੀਂ।

(੩) ਮੂਰਖ ਨੂੰ ਧੋਰੀ (ਧੀਰਜਵਾਨ) ਆਖੋ ਤਾਂ ਹੱਸਦਾ ਹੈ ਤੇ ਜੇ ਬਲਦ ਆਖੋ ਤਾਂ ਮਨ ਵਿਚ ਕ੍ਰੋਧ ਕਰਦਾ ਹੈ।

(੪) ਕਾਂ ਸਿਆਣਪ ਜਾਣਦਾ ਹੈ, ਪਰ ਉਹ ਵਿਸ਼ਟਾ ਖਾਂਦਾ ਹੈ ਤੇ ਉਹ ਭੈੜੀ ਬੋਲੀ ਬੋਲਦਾ ਹੈ।

(੫) ਕੁਰੀਤ ਦਾ ਨਾਉਂ ਸੁਰੀਤ (ਚੰਗੀ ਰੀਤ) ਧਰਿਆ ਹੈ ਤੇ ਗਾਂਡੀ ਸਾਖਾ (ਬਿੱਲੀ ਦੇ ਵਿਸ਼ਟੇ) ਦਾ ਨਾਂ ਮੁਸ਼ਕ ਬਿਲਾਈ ਆਖਦੇ ਹਨ।

(੬) ਗਿੱਦੜ ਦਾ ਦਾਖਾਂ ਤੱਕ ਹੱਥ ਨਹੀਂ ਪਹੁੰਚਦਾ ਤਾਂ ਉਹ ਹੇਠਾਂ ਖੜੋਤਾ ਹੀ ਥੂ ਥੂ ਕਰੀ ਜਾਂਦਾ ਹੈ (ਕਿ ਦਾਖਾਂ ਖੱਟੀਆਂ ਹਨ)।

(੭) ਮੂਰਖ ਭੈੜਾ ਬੋਲ ਬੋਲ ਕੇ ਵਿਗਾੜ ਪਾ ਲੈਂਦਾ ਹੈ, ਉਹ ਭੇਡਾਖਾ (ਭੇਡ ਦੀਆਂ ਅੱਖਾਂ ਵਾਲਾ) ਹੈ (ਭਾਵ ਉਹ ਆਪਣੀ ਅਕਲ ਤੋਂ ਕੰਮ ਨਹੀਂ ਲੈਂਦਾ ਤੇ ਭੇਡ-ਚਾਲ ਵਾਂਗੂੰ ਲਾਈ-ਲਗ ਹੋ ਕੇ ਤੁਰਿਆ ਜਾਂਦਾ ਹੈ)।੧੨।

## ੧੩. ਮੂਰਖ ਬਿਨਾਂ ਗੁਣਾਂ ਤੋਂ ਹੀ ਹੰਕਾਰ ਕਰਦਾ ਹੈ

**੧. ਰੁੱਖਾਂ ਵਿਚ ਕੁਰੁੱਖ ਹੈ**
**ਅਰੰਡ ਅਵਾਈ ਆਪ ਗਣਾਏ।**
**੨. ਪਿੱਦਾ ਜਿਉਂ ਪੰਖੇਰੂਆਂ**
**ਬਹਿ ਬਹਿ ਡਾਲੀ ਬਹੁਤ ਦਿਖਾਏ।**
**੩. ਭੇਡ ਭਿਵਿੰਗਾ ਮੁਹੁ ਕਰੈ**
**ਤਰੁਨਾਪੈ ਦਿਹ ਚਾਰ ਵਲਾਏ।**
**੪. ਮੁਹੁੰ ਅੱਖੀਂ ਨਕ ਕੰਨ ਜਿਉਂ**
**ਇੰਦ੍ਰੀਆਂ ਵਿਚ ਗਾਂਡ ਸਦਾਏ।**
**੫. ਮੀਆਂ ਘਰਹੁ ਨਿਕਾਲੀਐ**
**ਤਰਕਸ਼ ਦਰਵਾਜੇ ਟੰਗਵਾਏ।**
**੬. ਮੂਰਖ ਅੰਦਰ ਮਾਣਸਾਂ**
**ਵਿਣ ਗੁਣ ਗਰਬ ਕਰੈ ਆਲਾਏ।**
**੭. ਮਜਲਸ ਬੈਠਾ ਆਪ ਲਖਾਏ ॥੧੩॥**

***ਪਦ ਅਰਥ :*** ਅਵਾਈ—ਵਿਅਰਥ। ਪਿੱਦਾ—ਨਿੱਕੀ ਚਿੜੀ ਵਰਗਾ ਇਕ ਪੰਛੀ। ਗਾਂਡ—ਗੁਦਾ। ਮੀਆਂ—ਸਿਪਾਹੀ। ਮਜਲਸ—ਸਭਾ। ਤਰਕਸ਼—ਭੱਥਾ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜੋ ਮੂਰਖ ਲੋਕ ਬਿਨਾਂ ਹੀ ਗੁਣਾਂ ਤੋਂ ਗਰਬ ਕਰਦੇ ਹਨ, ਉਨ੍ਹਾਂ ਬਾਰੇ ਆਪ ਕੀ ਕਹਿਣਾ ਚਾਹੋਗੇ, ਜਾਣਕਾਰੀ ਦਿਓ ?

ਉ: ਹੇ ਭਾਈਓ! ਅਸਲ ਵਿਚ ਇਨ੍ਹਾਂ ਮੂਰਖ ਲੋਕਾਂ ਬਾਰੇ ਮੈਂ ਤਾਂ ਕੁਝ ਵੀ ਕਹਿਣਾ ਨਹੀਂ ਚਾਹੁੰਦਾ, ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਨੇ ਅਜਿਹੇ ਲੋਕਾਂ ਨੂੰ ਖੋਤੇ ਹੋਣ ਦੀ ਸਮਾਨਤਾ ਹੈ, ਜੋ ਕਿ ਬਿਨਾਂ ਗੁਣਾਂ ਤੋਂ ਹੀ ਹੰਕਾਰ ਕਰਦੇ ਹਨ :

ਇਕਨਾ ਨਾਦੁ ਨ ਬੇਦੁ ਨ ਗੀਅ ਰਸੁ
ਰਸੁ ਕਸੁ ਨ ਜਾਣੰਤਿ॥
ਇਕਨਾ ਸਿਧਿ ਨ ਬੁਧਿ ਨ ਅਕਲਿ ਸਰ
ਅਖਰ ਕਾ ਭੇਉ ਨ ਲਹੰਤਿ॥
ਨਾਨਕ ਤੇ ਨਰ ਅਸਲਿ ਖਰ
ਜਿ ਬਿਨੁ ਗੁਣ ਗਰਬੁ ਕਰੰਤ॥੧੫॥

*(ਸਲੋਕ ਮਹਲਾ ੧, ਪੰਨਾ ੧੪੧੧)*

ਸੋ, ਮੈਂ ਭੀ ਇਨ੍ਹਾਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਅੰਕਤ ਕੀਤੀਆਂ ਹਨ, ਜਿਨ੍ਹਾਂ ਵਿਚ ਭੀ ਇਹੋ ਭਾਵ ਦਰਸਾਉਣ ਦਾ ਉਪਰਾਲਾ ਕੀਤਾ ਹੈ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਰੁੱਖਾਂ ਵਿਚੋਂ ਖੋਟਾ ਰੁਖ ਅਰਿੰਡ ਦਾ ਹੈ, ਜੋ ਵਿਅਰਥ ਹੀ ਆਪਣੇ ਆਪ ਨੂੰ ਜਣਾਉਂਦਾ ਹੈ।

(੨) (ਜਿਵੇਂ) ਪੰਛੀਆਂ ਵਿਚੋਂ ਪਿੱਦਾ (ਨਿੱਕੀ ਚਿੜੀ ਵਰਗਾ ਪੰਛੀ) ਟਾਹਣੀਆਂ 'ਤੇ ਬਹਿ ਬਹਿ ਕੇ ਆਪਣਾ ਆਪ ਦਿਖਾਉਂਦਾ ਹੈ।

(੩) (ਜਿਵੇਂ) ਭੇਡ ਭੈਂ ਭੈਂ ਕਰਕੇ ਚਾਰ ਦਿਨ ਜੁਆਨੀ ਦੇ ਬਿਤਾਉਂਦੀ ਹੈ, (ਆਖ਼ਰ ਉਹ ਮਾਰੀ ਜਾਂਦੀ ਹੈ)।

(੪) ਜਿਵੇਂ ਮੂੰਹ, ਅੱਖਾਂ, ਨੱਕ, ਕੰਨ ਆਦਿ ਗਿਆਨ ਇੰਦ੍ਰਿਆਂ ਵਿਚੋਂ ਗਾਂਡ (ਗੁਦਾ) ਵੀ ਗਿਆਨ ਇੰਦ੍ਰਾ ਕਹਾਉਂਦੀ ਹੈ (ਕਿਉਂ ਜੋ ਇਸਨੂੰ ਮਿਰਚਾਂ ਦਾ ਗਿਆਨ ਹੁੰਦਾ ਹੈ (ਇਸਦਾ ਇਹ ਗੁਮਾਨ ਝੂਠਾ ਹੁੰਦਾ ਹੈ) ਸ਼ਾਸਤ੍ਰ ਕਾਰਾਂ ਨੇ ਇਸਨੂੰ ਇੰਦ੍ਰਿਆਂ ਵਿਚ ਨਹੀਂ ਗਿਣਿਆਂ)।

(੫) ਜਿਸ ਤਰ੍ਹਾਂ ਸਿਪਾਹੀ ਨੂੰ ਘਰੋਂ ਕੱਢ ਦੇਈਏ ਤੇ ਤਰਕਸ਼ ਆਦਿ ਹਥਿਆਰ ਦਰਵਾਜ਼ੇ 'ਤੇ ਲਟਕਾ ਛੱਡੀਏ (ਕਿ ਵੈਰੀ ਦੇਖ ਕੇ ਡਰ ਜਾਣ, ਸੱਚ ਪੁਛੋ ਤ੍ਰਾਂ ਕਿਲ੍ਹੇ ਵਿਚ ਸਿਪਾਹੀ ਨਾ ਹੋਣ ਤਾਂ ਬਾਹਰ ਸ਼ਸਤ੍ਰ ਟੰਗਣ ਨਾਲ ਕੀ ਲਾਭ ਹੈ ਭਾਵ ਕੋਈ ਭੀ ਲਾਭ ਨਹੀਂ)।

(੬) (ਇਸੇ ਤਰ੍ਹਾਂ) ਮਨੁੱਖਾਂ ਵਿਚ ਬੈਠਾ ਮੂਰਖ ਹੰਕਾਰ ਕਰਕੇ ਐਂਵੇ ਹੀ ਆਪਣੇ ਆਪ ਨੂੰ ਵੱਡਾ ਆਖਦਾ ਹੈ।

(੭) (ਗੁਣਾਂ ਤੋਂ ਹੀਣਾ ਮੂਰਖ) ਸਭਾ ਵਿਚ ਬੈਠ ਕੇ ਆਪਣਾ ਆਪ ਜਣਾਉਂਦਾ ਹੈ।੧੩।

***ਭਾਵਾਰਥ :*** ਧਾਰਨਾ ਤੋਂ ਸੱਖਣਾ ਹੰਕਾਰੀ ਸਭ੍ਹਾ ਵਿਚ ਬੈਠ ਕੇ ਵਖਯਾਨ ਦੇਣ ਵਾਲਾ ਗਿਆਨੀ ਜਾਂ ਪੰਡਤ ਭੀ ਇਸੇ ਤਰ੍ਹਾਂ ਦਾ ਸਮਝੋ।

## ੧੪. ਮੂਰਖ ਦੇ ਲੱਛਣ

**੧. ਮੂਰਖ ਤਿਸਨੋ ਆਖੀਐ**
**ਬੋਲ ਨ ਸਮਝੈ ਬੋਲ ਨ ਜਾਣੈ।**
**੨. ਹੋਰੋਂ ਕਿਹੁੰਕਰ ਪੁਛੀਐ**
**ਹੋਰੋਂ ਕਿਹੁੰਕਰ ਆਖ ਵਖਾਣੈ।**
**੩. ਸਿੱਖ ਦੇਇ ਸਮਝਾਈਐ**
**ਅਰਥ ਅਨਰਥ ਮਨੈ ਵਿਚ ਆਣੈ।**
**੪. ਵਡਾ ਅਸਮਝ ਨ ਸਮਝਈ**
**ਸੁਰਤ ਵਿਹੂਣਾ ਹੋਇ ਹੈਰਾਣੈ।**
**੫. ਗੁਰਮਤਿ ਚਿੱਤ ਨ ਆਵਈ**
**ਦੁਰਮਤ ਮਿੱਤ੍ਰ ਸ਼ੱਤ੍ਰ ਪਰਵਾਣੈ।**
**੬. ਅਗਨੀ ਸੱਪਹੁੰ ਵਰਜੀਐ**
**ਗੁਣ ਵਿਚ ਅਵਗੁਣ ਕਰੈ ਧਿਙਾਣੈ।**
**੭. ਮੂਤੇ ਰੋਵੈ ਮਾਂ ਨ ਸਿਵਾਣੈ ॥੧੪॥**

***ਪਦ ਅਰਥ :*** ਪਰਵਾਣੈ—ਪ੍ਰਵਾਨ ਕਰਦਾ ਹੈ। ਧਿਙਾਣੈ—ਜ਼ਬਰਦਸਤੀ।

***ਅਰਥ :***

**ਪ੍ਰ:** ਭਾਈ ਸਾਹਿਬ ਜੀਓ ! ਬਾਹਰੋਂ ਵੇਖਣ ਵਿਚ ਤਾਂ ਸਾਰੇ ਮਨੁੱਖ ਸਮਾਨ ਹੀ ਨਜ਼ਰ ਆਉਂਦੇ ਹਨ, ਪਰ ਮੂਰਖ ਦੀ ਖ਼ਾਸ ਪਛਾਣ ਕੀ ਹੈ, ਜਿਸ ਤੋਂ ਉਸਨੂੰ ਜਾਣਿਆ ਜਾਵੇ, ਇਸ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ ?

**ਉ:** ਹੇ ਭਾਈਓ ! ਇਸ ਤੁਹਾਡੇ ਪ੍ਰਸ਼ਨ ਦਾ ਉੱਤਰ ਜੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਮੰਗੀਏ ਤਾਂ ਉਨ੍ਹਾਂ ਵੱਲੋਂ ਇਹੋ ਫ਼ੁਰਮਾਨ ਹੈ, ਜਿਵੇਂ ਕਿ :

ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥੨॥
*(ਮਾਰੂ ਮਹਲਾ ੧, ਪੰਨਾ ੧੦੧੫)*

ਮੂਰਖ ਸਚੁ ਨ ਜਾਣਨੀ ਮਨਮੁਖੀ ਜਨਮੁ ਗਵਾਇਆ ॥
ਵਿਚਿ ਦੁਨੀਆ ਕਾਹੇ ਆਇਆ ॥੮॥
*(ਪਉੜੀ, ਪੰਨਾ ੪੬੭)*

ਮੂਰਖੁ ਹੋਵੈ ਸੋ ਸੁਣੈ ਮੂਰਖ ਕਾ ਕਹਣਾ ॥
ਮੂਰਖ ਕੇ ਕਿਆ ਲਖਣ ਹੈ ਕਿਆ ਮੂਰਖ ਕਾ ਕਰਣਾ ॥
ਮੂਰਖੁ ਓਹੁ ਜਿ ਮੁਗਧੁ ਹੈ ਅਹੰਕਾਰੇ ਮਰਣਾ ॥
ਏਤੁ ਕਮਾਣੈ ਸਦਾ ਦੁਖੁ ਦੁਖ ਹੀ ਮਹਿ ਰਹਣਾ ॥
*(ਸਲੋਕ ਮ: ੩, ਪੰਨਾ ੯੫੩)*

ਇਸ ਤਰ੍ਹਾਂ ਮੂਰਖ ਦੇ ਸੰਬੰਧ ਵਿਚ ਸਾਨੂੰ ਬਾਣੀ ਦੁਆਰੇ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਇਸੇ ਭਾਵ ਨੂੰ ਉੱਕਰਿਆ ਹੈ, ਜਿਵੇਂ ਗੁਰੂ ਫ਼ੁਰਮਾਨ ਹੈ :

(੧) (ਗੁਰਬਾਣੀ ਅਨੁਸਾਰ) ਮੂਰਖ ਉਸ ਪੁਰਸ਼ ਨੂੰ ਕਿਹਾ ਜਾਂਦਾ ਹੈ, ਜੋ ਨਾ (ਠੀਕ) ਬੋਲ ਨੂੰ ਸਮਝਦਾ ਹੈ ਤੇ ਨਾ (ਠੀਕ ਤਰ੍ਹਾਂ) ਬੋਲਣਾ ਜਾਣਦਾ ਹੈ।

(੨) ਉਸਨੂੰ ਪੁਛੋ ਕੁਝ ਹੋਰ ਤੇ ਉਹ ਅਗੋਂ ਜਵਾਬ ਕੁਛ ਹੋਰ ਹੀ ਦਿੰਦਾ ਹੈ।

(੩) ਮੂਰਖ ਨੂੰ ਜੇ ਸਿਖਿਆ ਦੇ ਕੇ ਕੁਛ ਸਮਝਾਓ ਤਾਂ ਉਹ ਆਪਣੇ ਮਨ ਵਿਚ ਅਰਥ (ਸਿੱਧੀ ਗੱਲ) ਨੂੰ ਅਨਰਥ (ਪੁੱਠੀ) ਕਰਕੇ ਜਾਣਦਾ ਹੈ।

(੪) (ਉਹ) ਵੱਡਾ ਬੇ-ਸਮਝ ਹੁੰਦਾ ਹੈ, ਕਿਸੇ ਗੱਲ ਨੂੰ ਸਮਝਦਾ ਨਹੀਂ। ਉਹ ਸੁਰਤ ਵਿਹੂਣਾ ਹੈਰਾਨ ਹੋਇਆ ਰਹਿੰਦਾ ਹੈ।

(੫) ਉਹਦੇ ਮਨ ਵਿਚ ਗੁਰੂ ਦੀ ਸਿਖਿਆ ਨਹੀਂ ਵੱਸਦੀ, ਉਹ ਖੋਟੀ ਬੁੱਧੀ ਕਰਕੇ ਵੈਰੀ ਤੇ ਮਿੱਤ੍ਰ ਨੂੰ ਇਕੋ ਜਿਹਾ ਜਾਣਦਾ ਹੈ।

(੬) ਜੇ ਉਸਨੂੰ ਅੱਗ ਜਾਂ ਸੱਪ ਵੱਲੋਂ ਵਰਜੀਏ ਤਾਂ ਉਹ ਗੁਣ ਨੂੰ ਅਉਗਣ ਜਾਣ ਕੇ ਧਿੰਗੋਜ਼ੋਰੀ ਕਰਦਾ ਹੈ।

(੭) ਜਿਵੇਂ ਮਾਂ ਪੁੱਤਰ ਨੂੰ ਬਿਸਤਰੇ 'ਚੋਂ ਚੁੱਕ ਕੇ ਮੁਤਾਉਂਦੀ ਹੈ ਕਿ ਇਹ ਗਿੱਲੇ ਬਿਸਤਰੇ ਕਰਕੇ ਔਖਾ ਨਾ ਹੋਵੇ, ਪਰ ਬਾਲ ਰੋਂਦਾ ਹੈ ਤੇ ਮਾਂ ਦਾ ਉਪਕਾਰ ਨਹੀਂ ਜਾਣਦਾ (ਕਿ ਮਾਂ ਮੇਰਾ ਭਲਾ ਸੋਚ ਰਹੀ ਹੈ)।੧੪।

***ਭਾਵਾਰਥ :*** ਅਜਿਹੀ ਕ੍ਰਿਤ ਨੂੰ ਵੇਖ ਤੇ ਸੁਣ ਕੇ ਮੂਰਖ ਨੂੰ ਸਮਝ ਲਈਦਾ ਹੈ।

## ੧੫. ਮੂਰਖ ਦੀ ਪਛਾਣ

**੧. ਰਾਹ ਛਡ ਉੱਝੜ ਪਵੈ**
**ਆਗੂ ਨੋ ਭੁੱਲਾ ਕਰ ਜਾਣੈ।**
**੨. ਬੇੜੇ ਵਿੱਚ ਬਹਾਲੀਐ**
**ਕੁੱਦ ਪਵੈ ਵਿਚ ਵਹਿਣ ਧਿਙਾਣੈ।**
**੩. ਸੁਘੜਾਂ ਵਿਚ ਬਹਿੱਠਿਆਂ**
**ਬੋਲ ਵਿਗਾੜ ਉਘਾੜ ਵਖਾਣੈ।**
**੪. ਸੁਘੜਾਂ ਮੂਰਖ ਜਾਣਦਾ**
**ਆਪ ਸੁਘੜ ਹੋਇ ਵਿਰਤੀ ਹਾਣੈ।**
**੫. ਦਿਹ ਨੋ ਰਾਤ ਵਖਾਣਦਾ**
**ਚਾਮ ਚੜਿੱਕ ਜਿਵੇਂ ਟਾਟਾਣੈ।**
**੬. ਗੁਰਮਤਿ ਮੂਰਖ ਚਿੱਤ ਨ ਆਣੈ ॥੧੫॥**

***ਪਦ ਅਰਥ :*** ਉੱਝੜ—ਉਜਾੜ। ਆਗੂ—ਰਸਤਾ ਦੱਸਣ ਵਾਲਾ। ਵਹਿਣ—ਨਦੀ ਦਾ ਵਹਾ। ਸੁਘੜਾਂ—ਸਿਆਣਿਆਂ। ਟਾਟਾਣੈ—ਟਟਹਿਣਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਮੂਰਖ ਦੀ ਕੁਝ ਹੋਰ ਭੀ ਪਛਾਣ ਦਰਸਾਓ ?

**ਉ:** (੧) ਹੋਰ ਪਛਾਣ ਇਹੋ ਹੈ ਕਿ ਮੂਰਖ ਸਹੀ) ਰਸਤੇ ਨੂੰ ਛੱਡ ਕੇ ਉਝੜ (ਕੁਰਾਹੇ) ਪੈਂਦਾ ਹੈ ਤੇ ਠੀਕ ਰਸਤਾ ਦੱਸਣ ਵਾਲੇ ਨੂੰ ਭੁੱਲਾ ਹੋਇਆ ਸਮਝਦਾ ਹੈ।

(੨) (ਜੇ ਮੂਰਖ ਨੂੰ) ਬੇੜੇ ਵਿਚ ਬਹਾਈਐ ਤਾਂ ਉਹ ਬਦੋ ਬਦੀ ਦਰਿਆ ਦੇ ਵਹਿਣ ਵਿਚ ਛਾਲ ਮਾਰਦਾ ਹੈ।

(੩) ਸਿਆਣੇ ਪੁਰਸ਼ਾਂ ਵਿਚ ਬੈਠਾ ਮੂਰਖ ਆਪਣੇ ਖੋਟੇ ਬਚਨਾਂ ਕਰਕੇ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ।

(੪) ਉਹ ਸਿਆਣਿਆਂ ਨੂੰ ਮੂਰਖ ਕਰਕੇ ਜਾਣਦਾ ਹੈ ਤੇ ਆਪ ਸਿਆਣਾ ਬਣ ਕੇ ਹਾਣਤਾ ਵਾਲੇ ਕੰਮ ਕਰਦਾ ਹੈ।

(੫) (ਉਹ) ਚਾਮਚੜਿੱਕ ਤੇ ਟਟਹਿਣੇ ਵਾਂਗੂੰ ਦਿਨ ਨੂੰ ਰਾਤ ਤੇ ਰਾਤ ਨੂੰ ਦਿਨ ਆਖਦਾ ਹੈ।

(੬) ਮੂਰਖ ਆਦਮੀ ਗੁਰੂ ਦੀ ਸਿਖਿਆ ਨੂੰ ਆਪਣੇ ਮਨ ਵਿਚ ਨਹੀਂ ਵਸਾਉਂਦਾ।੧੫।

## ੧੬. ਮੂਰਖ ਪਸ਼ੂ ਵਰਗਾ ਹੀ ਹੁੰਦਾ ਹੈ

**੧. ਵੈਦ ਚੰਗੇਰੀ ਊਠਣੀ**
**ਲੈ ਸਿਲ ਵੱਟਾ ਕਚਰਾ ਭੰਨਾ।**
**੨. ਸੇਵਕ ਸਿੱਖੀ ਵੈਦਗੀ**
**ਮਾਰੀ ਬੁੱਢੀ ਰੋਵਣ ਰੰਨਾ।**
**੩. ਪਕੜ ਚਲਾਇਆ ਰਾਵਲੈ**
**ਪਉਂਦੀ ਉੱਘੜ ਗਏ ਸੁ ਕੰਨਾ।**
**੪. ਪੁਛੈ ਆਖ ਵਖਾਣਿਓਨੁ**
**ਉੱਘੜ ਗਇਆ ਪਾਜ ਪਰਛੰਨਾ।**
**੫. ਪਾਰਖੂਆਂ ਚੁਣ ਕੱਢਿਆ**
**ਜਿਉਂ ਕਚਕੜਾ ਨ ਰਲੈ ਰਤੰਨਾ।**
**੬. ਮੂਰਖ ਅਕਲੀਂ ਬਾਹਰਾ**
**ਵਾਂਸਹੁ ਮੂਲ ਨ ਹੋਵੈ ਗੰਨਾ।**
**੭. ਮਾਨਸ ਦੇਹੀ ਪਸ਼ੂ ਉਪੰਨਾ ॥੧੬॥**

***ਪਦ ਅਰਥ :*** ਕਚਰਾ—ਕੱਚਾ ਖ਼ਰਬੂਜਾ। ਰਾਵਲੈ—ਰਾਜਾ ਪਾਸ। ਪਉਂਦੀ—ਜੁੱਤੀਆਂ ਪੈਣੀਆਂ। ਪਰਛੰਨਾ—ਲੁਕਿਆ ਹੋਇਆ। ਕਚਕੜਾ—ਕੱਚ ਦਾ ਛੱਲਾ। ਉਪੰਨਾ—ਪੈਦਾ ਹੋਇਆ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਜਿਸ ਤਰ੍ਹਾਂ ਤੁਸੀਂ ਮੂਰਖ ਲੋਕਾਂ ਦੇ ਲੱਛਣ ਦਰਸਾ ਰਹੇ ਹੋ, ਉਨ੍ਹਾਂ ਤੋਂ ਤਾਂ ਇਉਂ ਹੀ ਪ੍ਰਤੀਤ ਹੋ ਰਿਹਾ ਹੈ ਕਿ ਅਸੀਂ ਸਾਰੇ ਹੀ ਲੋਕ ਜੋ ਆਪਣੇ ਆਪ ਨੂੰ ਮਨੁੱਖ ਸਮਝਦੇ ਹਾਂ, ਇਹ ਸਾਰੇ ਪਸ਼ੂਆਂ ਦੀ ਸ਼੍ਰੇਣੀ ਵਿਚ ਹੀ ਗਿਣੇ ਜਾਂਦੇ ਹਾਂ, ਕੀ ਇਸ ਬਾਰੇ ਭੀ ਤੁਸੀਂ ਗੁਰਬਾਣੀ ਦੇ ਕੁਝ ਵੀਚਾਰ ਦਿਓਗੇ ਤਾਕਿ ਸਾਨੂੰ ਕੁਝ ਹੋਰ ਭੀ ਬੋਧ ਮਿਲ ਸਕੇ ?

**ਉ:** ਹੇ ਭਾਈਓ ! ਜੇ ਅਸੀਂ ਇਸ ਪੱਖ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਤੱਕੀਏ ਤਾਂ ਅਸੀਂ ਜੋ ਗੁਰਮਤ ਦੀ ਧਾਰਨਾ ਤੋਂ ਸੱਖਣੇ ਹਾਂ, ਗੁਰੂ ਗ੍ਰੰਥ ਸਾਹਿਬ ਜੀ ਨੇ ਤਾਂ ਸਾਨੂੰ ਪਸ਼ੂਆਂ ਦੀ ਸ਼੍ਰੇਣੀ ਤੋਂ ਵੀ ਨੀਵਾਂ ਦਰਜਾ ਦਿਤਾ ਹੈ, ਜਿਵੇਂ ਕਿ ਗੁਰਬਾਣੀ ਵਿਚ ਫ਼ੁਰਮਾਨ ਆਇਆ ਹੈ ਕਿ :

ਪਸੂ ਮਿਲਹਿ ਚੰਗਿਆਈਆ
ਖੜੁ ਖਾਵਹਿ ਅੰਮ੍ਰਿਤੁ ਦੇਹਿ ॥
ਨਾਮ ਵਿਹੂਣੇ ਆਦਮੀ
ਧ੍ਰਿਗੁ ਜੀਵਣ ਕਰਮ ਕਰੇਹਿ ॥੩॥

*(ਗੂਜਰੀ ਮਹਲਾ ੧, ਪੰਨਾ ੪੮੯)*

ਨਰੂ ਮਰੈ ਨਰੁ ਕਾਮਿ ਨ ਆਵੈ ॥
ਪਸੂ ਮਰੈ ਦਸ ਕਾਜ ਸਵਾਰੈ ॥੧॥

*(ਗੋਂਡ ਕਬੀਰ ਜੀ, ਪੰਨਾ ੮੭੦)*

ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ ॥
ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ ॥

*(ਪਉੜੀ, ਪੰਨਾ ੧੨੮੪)*

ਪਸੁ ਪਰੇਤ ਮੁਗਧ ਤੇ ਬੁਰੀ ॥
ਤਿਸਹਿ ਨ ਬੂਝੈ ਜਿਨਿ ਏਹ ਸਿਰੀ ॥੩॥

*(ਰਾਮਕਲੀ ਮ: ੫, ਪੰਨਾ ੮੯੦)*

ਇਸ ਤਰ੍ਹਾਂ ਦੇ ਪ੍ਰਮਾਣ ਸਾਨੂੰ ਗੁਰਬਾਣੀ ਵਿਚੋਂ ਹੋਰ ਭੀ ਬਹੁਤ ਮਿਲਦੇ ਹਨ ਕਿ ਜੋ ਮਨੁੱਖ ਇਸ ਮਨੁੱਖ ਜਾਮੇ ਵਿਚ ਆ ਕੇ ਆਪਣਾ ਮੁਖ ਪ੍ਰਯੋਜਨ ਨਹੀਂ ਪਛਾਣਦਾ ਸਮਝੋ ਕਿ ਉਹ ਬੰਦਾ ਪਸ਼ੂਆਂ ਤੋਂ ਭੀ ਬਦਤਰ ਹੈ, ਇਨ੍ਹਾਂ ਉਪ੍ਰੋਕਤ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਵਿਚ ਇਸੇ ਭਾਵ ਨੂੰ ਉਲੀਕਿਆ ਹੈ।

(੧) (ਜਿਵੇਂ ਕਿ) ਇਕ ਵੈਦ ਨੇ ਚੰਗੀ ਉੱਠਣੀ (ਜਿਸਦੇ ਸੰਘ ਵਿਚ ਕੱਚਾ ਖ਼ਰਬੂਜਾ ਫਸ ਗਿਆ ਸੀ) ਦੇ ਗਲ ਨੂੰ ਸਿਲ 'ਤੇ ਰਖ ਕੇ ਵੱਟੇ ਨਾਲ ਕਚਰਾ ਭੰਨ ਕੇ ਉਸਨੂੰ ਠੀਕ ਕਰ ਦਿੱਤਾ।

(੨) ਉਸ ਵੈਦ ਦਾ ਇੱਕ ਚੇਲਾ ਸੀ, ਉਸਨੇ ਵੈਦ ਦਾ ਇਹ ਢੰਗ ਵੇਖ ਕੇ ਹਕੀਮੀ ਸਿਖ ਲਈ ਤੇ ਇਕ ਬੁੱਢੀ (ਜਿਸ ਦੇ ਗਲ ਵਿਚ ਗਿਲ੍ਹੜ ਸੀ) ਨੂੰ ਇਸ ਉਪਾਉ ਨਾਲ ਮਾਰ ਦਿੱਤਾ ਤੇ ਇਸਤ੍ਰੀਆਂ ਬੁੱਢੀ ਨੂੰ ਮਰਿਆ ਵੇਖ ਕੇ ਰੋਣ ਲੱਗ ਪਈਆਂ।

(੩) ਲੋਕਾਂ ਨੇ ਉਸ (ਨੀਮ-ਹਕੀਮ) ਨੂੰ ਫੜ ਕੇ ਰਾਜੇ ਦੇ ਪੇਸ਼ ਕੀਤਾ, ਜਦੋਂ ਉਸਨੂੰ ਜੁੱਤੀਆਂ ਪਈਆਂ ਤਾਂ ਫਿਰ ਉਸਦੇ ਕੰਨ ਖੁਲ੍ਹੇ।

(੪) ਜਦੋਂ ਉਸਨੂੰ ਸਾਰੀ ਹਕੀਕਤ ਪੁੱਛੀ ਗਈ ਤਾਂ ਉਸਨੇ ਸਭ ਕੁਝ ਸਚੋ ਸਚ ਦਸ ਦਿਤਾ, ਜਿਸ ਕਰਕੇ ਉਸਦਾ ਲੁਕਿਆ ਹੋਇਆ ਭੇਦ ਪ੍ਰਗਟ ਹੋ ਗਿਆ।

(੫) ਪਾਰਖੂਆਂ ਨੇ ਉਸ (ਨੀਮ-ਹਕੀਮ) ਨੂੰ ਚੁਣ ਕੇ ਬਾਹਰ ਕੱਢ ਦਿੱਤਾ, ਜਿਵੇਂ ਕਚਕੜਾ ਰਤਨ ਨਾਲ ਨਹੀਂ ਰਲਦਾ।

(੬) ਮੂਰਖ ਅਕਲ ਤੋਂ ਹੀਣਾ ਹੁੰਦਾ ਹੈ, ਜਿਵੇਂ ਵਾਂਸ ਗੰਨਾ ਨਹੀਂ ਹੁੰਦਾ।

(੭) ਮੂਰਖ ਦਾ ਸਰੀਰ ਤਾਂ ਭਾਵੇਂ ਮਨੁੱਖ ਦਾ ਹੁੰਦਾ ਹੈ, ਪਰ ਅਸਲ ਵਿਚ ਹੁੰਦਾ ਉਹ ਪਸ਼ੂ ਵਰਗਾ ਹੀ ਹੈ।੧੬।

***ਭਾਵਾਰਥ :*** ਅਜਿਹੇ ਲੋਕ ਅਕਲ ਤੋਂ ਸੱਖਣੇ ਪਸ਼ੂ ਹੀ ਜਨਮੇ ਹਨ, ਬੱਸ ਇਤਨਾ ਭੇਦ ਹੈ ਕਿ ਉਨ੍ਹਾਂ ਦੇ ਸਰੀਰ ਨੂੰ ਇਕ ਪੂੰਛ ਤੇ ਸਿੰਗ ਨਹੀਂ ਹਨ, ਹੋਰ ਸਾਰੀ ਕ੍ਰਿਆ ਪਸ਼ੂਆਂ ਦੇ ਤੁੱਲ ਹੀ ਹੈ। ਇਸੀ ਵਾਸਤੇ ਹਜ਼ੂਰ ਨੇ ਫ਼ੁਰਮਾਇਆ ਹੈ :

ਨਾਨਕ ਤੇ ਨਰ ਅਸਲਿ ਖਰ
ਜਿ ਬਿਨੁ ਗੁਣ ਗਰਬੁ ਕਰੰਤ ॥੧੫॥

*(ਸਲੋਕ ਵਾਰਾਂ ਤੇ ਵਧੀਕ ਮ: ੧, ਪੰਨਾ ੧੪੧੧)*

## ੧੭. ਮੂਰਖ ਕੁਰੁੱਤਾ ਬੀਜ ਬੀਜਦਾ ਹੈ

**੧. ਮਹਾਂਦੇਵ ਦੀ ਸੇਵ ਕਰ**
**ਵਰ ਪਾਇਆ ਸ਼ਾਹੇ ਦੇ ਪੁੱਤੇ।**
**੨. ਦਰਬ ਸਰੂਪ ਸਰੇਵੜੇ**
**ਆਇ ਵੜੇ ਘਰ ਅੰਦਰ ਉੱਤੇ।**

੩. ਜਿਉਂ ਹਥਯਾਰੀਂ ਮਾਰੀਅਨਿ
ਤਿਉਂ ਤਿਉਂ ਦਰਬ ਹੋਇ ਧੜਧੁੱਤੈ।
੪. ਬੁੱਤੀ ਕਰਦੇ ਡਿਠਿਓਨ
ਨਾਈ ਚੈਨ ਨ ਬੈਠੇ ਸੁੱਤੈ।
੫. ਮਾਰੇ ਆਨ ਸਰੇਵੜੇ
ਸੁਣ ਦੀਬਾਣ ਮਸਾਣ ਅਛੁੱਤੈ।
੬. ਮੱਥੇ ਵਾਲ ਪਛਾੜਿਆ
ਵਾਲ ਛਡਾਇਅਣ ਕਿਸਦੈ ਬੁੱਤੈ।
੭. ਮੂਰਖ ਬੀਜੈ ਬੀਉ ਕੁਰੁੱਤੈ ॥੧੭॥

***ਪਦ ਅਰਥ :*** ਮਹਾਂਦੇਵ—ਸ਼ਿਵਜੀ। ਧੜਧੁੱਤੈ—ਢੇਰਾਂ ਦੇ ਢੇਰ। ਕੁਰੁੱਤੈ—ਖੋਟੀ ਰੁੱਤ। ਮਸਾਣ ਅਛੁੱਤੈ—ਨਿਰਦੋਸ਼ ਮੋਏ। ਬੁੱਤੈ—ਪਾਸੋਂ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਆਪ ਜੀ ਨੂੰ ਤਾਂ ਹੋਰ ਭੀ ਮੂਰਖਾਂ ਦੇ ਸੁਭਾਉ ਬਾਰੇ ਬੋਧ ਹੋਵੇਗਾ, ਜੇ ਕ੍ਰਿਪਾ ਕਰੋ ਤਾਂ ਕੁਝ ਹੋਰ ਜਾਣਕਾਰੀ ਕਰਾਓ ?

ਉ: ਹੇ ਭਾਈਓ ! ਮੈਨੂੰ ਭਿੰਨ ਭਿੰਨ ਲੋਕਾਂ ਨਾਲ ਮਿਲਦੇ ਰਹਿਣ ਦਾ ਸਮਾਂ ਮਿਲਦਾ ਹੈ, ਜਿਨ੍ਹਾਂ ਵਿਚ ਸਿਆਣੇ ਬਹੁਤ ਘੱਟ ਹੋਇਆ ਕਰਦੇ ਹਨ, ਪਰ ਵਧੇਰੇ ਗਿਣਤੀ ਮੂਰਖਾਂ ਦੀ ਹੋਇਆ ਕਰਦੀ ਹੈ, ਜਿਸ ਵਿਚੋਂ ਇਕ ਪਛਾਣ ਮੂਰਖ ਦੀ ਇਹ ਭੀ ਹੈ ਕਿ ਉਹ ਕੁਰੁਤਾ ਬੀਜ ਬੀਜਦਾ ਹੈ, ਜੋ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ।

(੧) (ਜਿਵੇਂ) ਸ਼ਿਵਜੀ ਦੀ ਸੇਵਾ (ਅਰਾਧਨਾ) ਕਰਕੇ ਸ਼ਾਹੂਕਾਰ ਦੇ ਪੁੱਤ੍ਰ ਨੇ ਘਰ ਵਿਚ ਧਨ ਹੋਣ ਦਾ ਵਰ ਪ੍ਰਾਪਤ ਕੀਤਾ।

(੨) ਉਸਦੇ ਘਰ ਵਿਚ ਧਨ ਸਰੇਵੜੇ ਦਾ ਰੂਪ ਧਾਰਨ ਕਰਕੇ ਆ ਗਿਆ।

(੩) (ਸ਼ਿਵਜੀ ਦੇ ਬਚਨ ਅਨੁਸਾਰ) ਜਿਉਂ ਜਿਉਂ ਸਰੇਵੜੇ ਹਥਿਆਰਾਂ ਨਾਲ ਕੱਢੇ ਜਾਂਦੇ ਸਨ, ਤਿਉਂ ਤਿਉਂ ਹੀ ਧਨ ਦੇ ਢੇਰਾਂ ਦੇ ਢੇਰ ਲਗਦੇ ਜਾਂਦੇ ਸਨ।

(੪) ਬੁੱਤੀਆਂ ਕਰਦੇ ਇਕ ਨਾਈ ਨੇ ਵੀ ਇਹ ਦ੍ਰਿਸ਼ ਵੇਖ ਲਿਆ, ਉਸਨੂੰ ਬੈਠਿਆਂ ਸੁੱਤਿਆਂ ਚੈਨ ਨਹੀਂ ਆਉਂਦਾ ਸੀ।

(੫) ਉਸਨੇ ਘਰ ਆਣ ਕੇ ਸਰੇਵੜਿਆਂ ਨੂੰ ਮਾਰਿਆ, ਇਹ ਗੱਲ ਰਾਜ ਦਰਬਾਰ ਵਿਚ ਪਹੁੰਚ ਗਈ ਕਿ ਨਾਈ ਨੇ ਨਿਰਦੋਸ਼ ਸਰੇਵੜੇ ਮਾਰ ਦਿਤੇ ਹਨ।

(੬) ਉਸ ਨਾਈ ਨੂੰ ਸਿਰ ਦੇ ਵਾਲਾਂ ਤੋਂ ਫੜ ਕੇ ਧਰਤੀ 'ਤੇ ਪਟਕਾ ਕੇ ਮਾਰ ਦਿੱਤਾ ਗਿਆ। ਉਹ ਕਿਸ ਦੇ ਜ਼ੋਰ ਕਰਕੇ ਵਾਲਾਂ ਨੂੰ ਛੁਡਾਉਂਦਾ।

(੭) ਮੂਰਖ ਲੋਕ ਕੁਰੁੱਤਾ ਬੀਜ ਬੀਜਦੇ ਹਨ।੧੭।

***ਭਾਵਾਰਥ :*** ਇਥੇ ਭਾਈ ਸਾਹਿਬ ਜੀ ਨੇ ਇਹ ਲੋਕ ਪ੍ਰਸਿੱਧ ਕਹਾਣੀ ਕੇਵਲ ਦ੍ਰਿਸ਼ਟਾਂਤ ਅਲੰਕਾਰ ਦੇ ਢੰਗ 'ਤੇ ਵਰਣਨ ਕੀਤੀ ਹੈ। ਅਰ ਇਸੇ ਪਉੜੀ ਦਾ ਤਾਤਪਰਜ ਇਸੇ ਭਾਵ ਨੂੰ ਖੋਲ੍ਹਦਾ ਹੈ ਕਿ ਨਾਈ ਵਾਂਗੂ ਕੋਈ ਇਹ ਨਾ ਸਮਝ ਲਵੇ ਜੋ ਸ਼ਿਵ ਦੇ ਵਰ ਨਾਲ ਸਰੇਵੜੇ ਮਾਰਿਆਂ ਧਨ ਲੱਭ ਸਕਦਾ ਹੈ, ਸ਼ਿਵ ਉਪਾਸ਼ਕਾਂ ਨੇ ਇਸ ਸੱਚ ਨੂੰ ਬਿਆਨ ਕਰਨ ਲਈ ਆਪਣੇ ਇਸ਼ਟ ਦੀ ਇਕ ਕਥਾ ਰਚੀ ਹੈ ਕਿ ਮੂਰਖਾਂ ਨੂੰ ਸਮਝ ਆ ਜਾਵੇ। ਭਾਈ ਸਾਹਿਬ ਜੀ ਨੇ ਦ੍ਰਿਸ਼ਟਾਂਤ ਦੇ ਦਿਤਾ ਹੈ, ਇਸ ਦੇ ਪ੍ਰਮਾਣੀਕ ਹੋਣ ਦਾ ਇਥੇ ਕੋਈ ਮਤਲਬ ਨਹੀਂ ਹੈ। ਮੂਰਖ ਬਿਨਾ ਸੋਚੇ ਸਮਝੇ ਵੇਖਾ ਵੇਖੀ ਖੋਟੇ ਕੰਮ ਕਰਦੇ ਹਨ ਤੇ ਦੁਖ ਪਾਉਂਦੇ ਹਨ।

## ੧੮. ਪੰਡਤ ਵੀ ਮੂਰਖ ਹੋ ਸਕਦਾ ਹੈ

੧. ਗੋਸ਼ਟ ਗਾਂਗੇ ਤੇਲੀਐ
ਪੰਡਿਤ ਨਾਲਿ ਹੋਵੈ ਜਗੁ ਦੇਖੈ।
੨. ਖੜੀ ਕਰੈ ਇਕ ਅੰਗੁਲੀ
ਗਾਂਗਾ ਦੁਇ ਵੇਖਾਲੈ ਰੇਖੈ।
੩. ਫੇਰ ਉਚਾਇ ਪੰਜਾਂਗੁਲਾ
ਗਾਂਗਾ ਮੁੱਠ ਹਲਾਇ ਅਲੇਖੈ।
੪. ਪੈਰੀਂ ਪੈ ਉਠ ਚਲਿਆ
ਪੰਡਿਤ ਹਾਰ ਭੁਲਾਵੈ ਭੇਖੈ।
੫. ਨਿਰਗੁਨ ਸਰਗੁਨ ਅੰਗ ਦੁਇ
ਪਰਮੇਸਰ ਪੰਜ ਮਿਲਨ ਸਰੇਖੈ।
੬. ਅੱਖੀਂ ਦੋਵੇਂ ਭੰਨਸਾਂ
ਮੁੱਕੀ ਲਾਇ ਹਲਾਇ ਨਿਮੇਖੈ।
੭. ਮੂਰਖ ਪੰਡਿਤ ਸੁਰਤ ਵਿਸੇਖੈ ॥੧੮॥

**ਅਰਥ :**

ਪ੍ਰ: ਭਾਈ ਸਾਹਿਬ ਜੀਉ! ਦਸੋਗੇ ਕਿ ਮੂਰਖ ਤੇ ਪੰਡਤ ਵਿਚ ਕੀ ਅੰਤਰਾ ਹੈ?

ਉ: ਹੇ ਭਾਈਓ! ਮੂਰਖ ਤੇ ਪੰਡਿਤ ਵਿਚ ਗਿਆਨ ਦੀ ਵਿਸ਼ੇਸ਼ਤਾ ਹੈ। ਲਓ ਸੁਣੋ ਇਸ ਦੇ ਸੰਬੰਧ ਵਿਚ ਮੈਂ ਤੁਹਾਨੂੰ ਜੋ ਸੀਨੇ-ਬ-ਸੀਨੇ ਚਲੀ ਆ ਰਹੀ ਵਾਰਤਾ ਹੈ, ਉਸਨੂੰ ਇਸ ਪਉੜੀ ਵਿਚ ਅੰਕਤ ਕਰ ਕੇ ਸੁਣਾ ਰਿਹਾ ਹਾਂ।

(੧) (ਜਿਵੇਂ ਕਿ ਰਾਜਾ ਭੋਜ ਦੇ ਨਗਰ ਉਜੈਨ ਵਿਚ ਇਕ ਕਾਣਾ ਗਾਂਗਾ ਤੇਲੀ ਰਹਿੰਦਾ ਸੀ ਉਸ) ਗਾਂਗੇ ਦੀ ਗੋਸ਼ਟ ਇਕ ਪੰਡਿਤ ਨਾਲ ਹੋਈ, ਜਿਸਨੂੰ ਵੇਖਣ ਲਈ ਬਹੁਤ ਸਾਰੇ ਲੋਕ ਇਕੱਠੇ ਹੋਏ।

(੨) ਪੰਡਿਤ ਨੇ ਇਕ ਉਂਗਲੀ ਖੜੀ ਕਰਕੇ ਇਹ ਜਣਾਇਆ ਕਿ ਇਕੋ ਨਿਰਗੁਣ ਬ੍ਰਹਮ ਹੈ, ਗਾਂਗੇ ਨੇ ਸਮਝਿਆ ਕਿ ਪੰਡਿਤ ਕਹਿੰਦਾ ਹੈ ਕਿ ਮੈਂ ਤੇਰੀ ਇਕ ਅੱਖ ਕੱਢ ਦਿਆਂਗਾ। ਉਸ ਨੇ ਪੰਡਤ ਨੂੰ ਦੋ ਉਂਗਲੀਆਂ ਵਿਖਾਈਆਂ ਕਿ ਮੈਂ ਤੇਰੀਆਂ ਦੋਵੇਂ ਅੱਖਾਂ ਕੱਢ ਦਿਆਂਗਾ। ਪੰਡਿਤ ਨੇ ਸਮਝਿਆ ਕਿ ਇਸਦਾ ਭਾਵ ਇਹ ਹੈ ਕਿ ਬ੍ਰਹਮ ਦੇ ਨਿਰਗੁਣ ਤੇ ਸਰਗੁਣ ਦੋ ਰੂਪ ਹਨ।

(੩) ਫਿਰ ਪੰਡਿਤ ਨੇ ਪੰਜ ਉਂਗਲੀਆਂ ਖੜੀਆਂ ਕਰਕੇ ਇਹ ਜਣਾਇਆ ਕਿ ਪੰਜਾਂ ਤੱਤਾਂ ਦੇ ਪਸਾਰੇ ਕਰਕੇ ਦੋ ਰੂਪ ਭਾਸਦੇ ਹਨ, ਵਾਸਤਵ ਵਿਚ ਬ੍ਰਹਮ ਇਕੋ ਹੈ ਪਰ ਗਾਂਗੇ ਨੇ ਸਮਝਿਆ ਕਿ ਪੰਡਿਤ ਕਹਿੰਦਾ ਹੈ ਕਿ ਅਸੀਂ ਪੰਜ ਜਣੇ ਰਲ ਕੇ ਤੈਨੂੰ ਮਾਰਾਂਗੇ, ਇਸ ਲਈ ਗਾਂਗੇ ਨੇ ਮੁੱਠ ਵੱਟ ਕੇ ਦਿਖਾਈ ਕਿ ਤੁਸੀਂ ਮੇਰੀ ਇਕ (ਮੁੱਕੀ) ਦੀ ਮਾਰ ਹੋ। ਪੰਡਿਤ ਨੇ ਇਹ ਸਮਝਿਆ ਕਿ ਉਹ ਪੰਜ ਇਕ ਰੂਪ ਇਕੱਠੇ ਹੋਏ ਹਨ ਤਾਂ ਕਰਕੇ ਉਸਦੇ ਦੋ ਰੂਪ ਹਨ ਜੇਕਰ ਉਹ ਅੱਡੋ ਅੱਡ ਰਹਿਣ ਤਾਂ ਉਸਦੀ ਗਿਣਤੀ ਵਿਚ ਨਹੀਂ ਆ ਸਕਦੇ।

(੪) ਭੇਖ ਦੇ ਭੁਲਾਵੇਂ ਵਿਚ ਪੈ ਕੇ ਪੰਡਿਤ ਹਾਰ ਕੇ ਉਠ ਗਿਆ।

(੫) ਇਸ ਤੁਕ ਵਿਚ ਪੰਡਿਤ ਦੇ ਇਸ਼ਾਰੇ ਹਨ ਕਿ ਬ੍ਰਹਮ ਦਾ ਇਕ ਨਿਰਗੁਣ ਸਰੂਪ ਹੈ ਤੇ ਦੂਜਾ ਅੰਗ ਸਰਗੁਣ ਹੈ, ਪੰਜ ਤੱਤਾਂ ਦੇ ਮਿਲਣ ਨਾਲ ਪਰਮੇਸ਼ਰ ਦਾ ਸਰਗੁਣ ਅੰਗ ਹੈ।

(੬) (ਗਾਂਗੇ ਤੇਲੀ ਦੇ ਇਸ਼ਾਰੇ ਇਹ ਹਨ) ਕਿ ਦੋਵੇਂ ਅੱਖਾਂ ਕੱਢ ਦਿਆਂਗਾ ਤੇ ਇਕ ਮੁੱਕੀ ਨਾਲ ਤੈਨੂੰ ਖ਼ਤਮ ਕਰ ਦਿਆਂਗਾ।

(੭) ਮੂਰਖ ਤੇ ਪੰਡਿਤ ਵਿਚ ਗਿਆਨ (ਸਮਝ) ਦੀ ਵਿਸ਼ੇਸ਼ਤਾ ਹੈ।੧੮।

## ੧੯. ਮੂਰਖਾਂ ਦੀ ਸੰਗਤ ਵਿਚ ਕਾਵਾਂ-ਰੌਲੀ

**੧. ਠੰਢੇ ਖੂਹਹੁੰ ਨ੍ਹਾਇਕੈ**
**ਪੱਗ ਵਿਸਾਰ ਆਇਆ ਸਿਰ ਨੰਗੈ।**
**੨. ਘਰ ਵਿਚ ਰੰਨਾਂ ਕਮਲੀਆਂ**
**ਧੁੱਸੀ ਲੀਤੀ ਦੇਖ ਕੁਢੰਗੈ।**
**੩. ਰੰਨਾਂ ਦੇਖ ਪਿਟੰਦੀਆਂ**
**ਢਾਹਾਂ ਮਾਰੇ ਹੋਇ ਨਿਸੰਗੈ।**
**੪. ਲੋਕ ਸਿਆਪੇ ਆਇਆ**
**ਰੰਨਾਂ ਪੁਰਸ਼ ਜੁੜੇ ਲੈ ਪੰਗੈ।**
**੫. ਨਾਇਣ ਪੁਛਦੀ ਪਿਟਦੀਆਂ**
**ਕਿਸਦੈ ਨਾਇ ਅਲ੍ਹਾਣੀ ਅੰਗੈ।**
**੬. ਸਹੁਰੇ ਪੁਛਹੁ ਜਾਇਕੈ**
**ਕਉਣ ਮੂਆ ਨੂੰਹ ਉੱਤਰ ਮੰਗੈ।**
**੭. ਕਾਵਾਂ ਰੌਲੀ ਮੂਰਖੁ ਸੰਗੈ ॥੧੯॥**

***ਪਦ ਅਰਥ :*** ਧੁੱਸੀ—ਮੱਥੇ ਪੁਰ ਹੱਥ ਮਾਰਨਾ, ਪਿੱਟਣਾ, ਸੰਦਲਾ ਬੰਨ੍ਹਣਾ। ਪੰਗੈ—ਪੰਗਤਾਂ ਲਾ ਕੇ। ਅੰਗੈ—ਅੰਗਣ ਵਿਚ।

**ਅਰਥ :**

ਪ੍ਰ: ਭਾਈ ਸਾਹਿਬ ਜੀਉ! ਕੀ ਮੂਰਖਾਂ ਦੀ ਸੰਗਤ ਬਾਰੇ ਤੁਹਾਡੇ ਵੇਖਣ ਜਾਂ ਸੁਣਨ ਵਿਚ ਕੋਈ ਹੋਰ ਭੀ ਵਾਰਤਾ ਆਈ ਹੈ, ਜੇ ਕੋਈ ਹੈ ਤਾਂ ਉਹ ਵੀ ਸੁਣਾ ਦਿਓ?

ਉ: ਹੇ ਭਾਈਓ! ਇਕ ਹੋਰ ਭੀ ਵਾਰਤਾ ਸੀਨੇ-ਬ-ਸੀਨੇ ਸੁਣਦੇ ਆ ਰਹੇ ਹਾਂ, ਜਿਸਨੂੰ ਮੈਂ ਇਸ ਪਉੜੀ ਵਿਚ ਉੱਕਰਿਆ ਹੈ:

(੧) (ਸੁਣਿਆ ਹੈ ਕਿ ਇਕ ਖੱਤ੍ਰੀ) ਖੂਹ 'ਤੇ ਠੰਢੇ ਪਾਣੀ ਨਾਲ ਨ੍ਹਾਤਾ ਤੇ ਪੱਗ ਖੂਹ ਤੇ ਛੱਡ ਕੇ ਨੰਗੇ ਸਿਰ ਘਰ ਨੂੰ ਤੁਰ ਪਿਆ।

(੨) (ਉਸਨੂੰ) ਨੰਗੇ ਸਿਰ ਘਰ ਨੂੰ ਆਉਂਦਾ ਵੇਖ ਕੇ ਕਮਲੀਆਂ ਰੰਨਾਂ ਨੇ ਅਗੋਂ ਸਿਆਪਾ ਕਰਨਾ ਤੇ ਪਿੱਟਣਾ ਸ਼ੁਰੂ ਕਰ ਦਿੱਤਾ।
(੩) ਇਸਤ੍ਰੀਆਂ ਨੂੰ ਰੋਂਦੀਆਂ ਵੇਖ ਕੇ ਘਰ ਦੇ ਸਾਰੇ ਜੀਅ ਧਾਹਾਂ ਮਾਰ ਮਾਰ ਕੇ ਰੋਣ ਲੱਗ ਪਏ।
(੪) ਆਂਢ-ਗੁਆਂਢ ਦੇ ਲੋਕ ਵੀ ਉਨ੍ਹਾਂ ਦਾ ਕੋਈ ਜੀਅ ਮਰਿਆ ਜਾਣ ਕੇ ਉਥੇ ਆ ਗਏ ਤੇ ਇਸਤ੍ਰੀਆਂ ਪੁਰਸ਼ ਪੰਗਤ ਲਾ ਕੇ ਬੈਠ ਗਏ।
(੫) (ਇੰਨੇ ਨੂੰ) ਨੈਣ ਨੇ ਰੋਣ ਵਾਲੀਆਂ ਤੋਂ ਪੁੱਛਿਆ ਕਿ ਕਿਸ ਪਿਆਰੇ ਦੇ ਨਾਂ ਦੀ ਅਲਾਹਣੀ ਲਵਾਂ (ਭਾਵ ਕੋਈ ਇਸਤ੍ਰੀ ਮਰੀ ਹੈ ਜਾਂ ਕਿ ਕੋਈ ਮਰਦ)?
(੬) ਨੈਣ ਦੀ ਗੱਲ ਸੁਣ ਕੇ ਨੂੰਹ ਨੇ ਆਖਿਆ ਕਿ ਮੇਰੇ ਸਹੁਰੇ ਤੋਂ ਪੁੱਛੋ ਜਿਹੜਾ ਨੰਗੇ ਸਿਰ ਘਰ ਆਇਆ ਹੈ, ਉਸ ਨੂੰ ਪਤਾ ਹੈ ਕਿ ਕੌਣ ਮਰਿਆ ਹੈ? (ਇਹ ਸਾਰੀ ਗੱਲ ਸਮਝ ਕੇ ਉਸ ਖੱਤ੍ਰੀ ਨੇ ਆਪਣੀ ਭੁਲ ਨੂੰ ਜਾਣਿਆ ਤੇ ਖੂਹ ਤੋਂ ਪੱਗ ਲਿਆ ਕੇ ਸਿਰ 'ਤੇ ਬੰਨ੍ਹੀ ਤੇ ਇਹ ਸਾਰੀ ਖੱਪ ਖ਼ਤਮ ਹੋਈ)।
(੭) ਮੂਰਖਾਂ ਦੀ ਸੰਗਤ ਵਿਚ ਇਸੇ ਤਰ੍ਹਾਂ ਦੀ ਕਾਵਾਂ-ਰੌਲੀ ਪੈਂਦੀ ਹੈ।੧੯।

ਭਾਵ ਹੈ ਕਿ ਜਿਸ ਤਰ੍ਹਾਂ ਇਕ ਕਾਉਂ ਦੀ ਅਵਾਜ਼ ਸੁਣ ਕੇ ਹਜ਼ਾਰਾਂ ਕਾਂ ਕਾਉਂ ਕਾਉਂ ਕਰਦੇ ਹਨ, ਬਿਨਾਂ ਸਮਝੇ ਪਿੱਟਾ-ਖੋਹੀ ਪਾਉਂਦੇ ਹਨ, ਸੁਖ ਦੀ ਗੱਲ ਕੋਈ ਭੀ ਨਹੀਂ ਕਰਦੇ, ਇਹੋ ਮੂਰਖਾਂ ਦੀ ਸੰਗਤ ਦਾ ਫਲ ਹੈ।

## ੨੦. ਮੂਰਖ ਨਾਲ ਚੁੱਪ ਰਹਿਣਾ ਚੰਗਾ ਹੈ

**੧. ਜੇ ਮੂਰਖ ਸਮਝਾਈਐ**
**ਸਮਝੈ ਨਾਹੀਂ ਛਾਂਵ ਨ ਧੁੱਪਾ।**
**੨. ਅਖੀਂ ਪਰਖ ਨ ਜਾਣਈ**
**ਪਿੱਤਲ ਸੁਇਨਾ ਕੈਹਾਂ ਰੁੱਪਾ।**
**੩. ਸਾਉ ਨ ਜਾਣੈ ਤੇਲ ਘਿਉ**
**ਧਰਿਆ ਕੋਲ ਘੜੋਲਾ ਕੁੱਪਾ।**
**੪. ਸੁਰਤਿ ਵਿਹੂਣਾ ਰਾਤ ਦਿਹੁੰ**
**ਚਾਨਣ ਤੁੱਲ ਅਨ੍ਹੇਰਾ ਘੁੱਪਾ।**
**੫. ਵਾਸ ਕਥੂਰੀ ਥੋਮ ਦੀ**
**ਮੋਹਰਕੁਲੀ ਅਧਉੜੀ ਤੁੱਪਾ।**
**੬. ਵੈਰੀ ਮਿੱਤ੍ਰ ਨ ਸਮਝਈ**
**ਰੰਗ ਸੁਰੰਗ ਕੁਰੰਗ ਅਛੁੱਪਾ।**
**੭. ਮੂਰਖ ਨਾਲ ਚੰਗੇਰੀ ਚੁੱਪਾ ॥੨੦॥੩੨॥**

***ਪਦ ਅਰਥ :*** ਛਾਂਵ ਨ ਧੁੱਪਾ—ਭਲਾ ਬੁਰਾ ਨ (ਸਮਝਣਾ)। ਘੜੋਲਾ—ਘੜਾ ਘਿਉ ਦਾ। ਕੁੱਪਾ—ਤੇਲ ਦਾ। ਰੁੱਪਾ—ਚਾਂਦੀ। ਅਨ੍ਹੇਰਾ ਘੁੱਪਾ—ਘੁੱਪ ਘੇਰ, ਹਨੇਰਾ। ਮੋਹਰਕੁਲੀ—ਮਖ਼ਮਲ। ਅਧਉੜੀ—ਚੰਮ। ਤੁੱਪਾ—ਤੋਪਾ। ਅਛੁੱਪਾ—ਛੋਂਹਦਾ ਨਹੀਂ (ਸਮਝਦਾ ਨਹੀਂ)।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜਿਨ੍ਹਾਂ ਮੂਰਖ ਲੋਕਾਂ ਬਾਰੇ ਆਪ ਜੀ ਜਾਣਕਾਰੀ ਦੇਂਦੇ ਆ ਰਹੇ ਹੋ, ਪਰ ਆਪ ਜੀ ਇਹ ਭੀ ਦਸੋ ਕਿ ਜਦ ਕਦੀ ਉਨ੍ਹਾਂ ਨਾਲ ਸੰਜੋਗ ਹੀ ਬਣ ਜਾਏ ਤਾਂ ਉਨ੍ਹਾਂ ਨਾਲ ਕਿਵੇਂ ਵਰਤਾ ਕੀਤਾ ਜਾਵੇ, ਇਸ ਬਾਰੇ ਭੀ ਤੁਸੀਂ ਆਪਣੇ ਵੀਚਾਰ ਦਿਓ ਤਾ ਕਿ ਤੁਹਾਡੇ ਤਜਰਬੇ ਤੋਂ ਸਾਨੂੰ ਭੀ ਕੁਝ ਜੀਵਨ ਸਫ਼ਰ ਵਿਚ ਸੋਧ ਮਿਲ ਜਾਏ?

**ਉ:** ਹੇ ਭਾਈਓ! ਅਸਲ ਵਿਚ ਮੇਰੇ ਤਾਂ ਇਤਨੇ ਉੱਚੇ ਵੀਚਾਰ ਨਹੀਂ ਹਨ, ਪਰ ਮੈਨੂੰ ਤਾਂ ਜੋ ਗੁਰਬਾਣੀ ਵਿਚੋਂ ਪ੍ਰੇਰਨਾ ਮਿਲਦੀ ਹੈ, ਮੈਂ ਉਸੇ ਹੁਕਮ 'ਤੇ ਅਮਲ ਕਰਨ ਦਾ ਉਪਰਾਲਾ ਕਰਿਆ ਕਰਦਾ ਹਾਂ। ਇਸ ਪੱਖ ਵਿਚ ਭੀ ਮੈਨੂੰ ਗੁਰੂ ਫ਼ੁਰਮਾਨ ਮਿਲੇ ਹਨ, ਜਿਨ੍ਹਾਂ 'ਤੇ ਸਾਨੂੰ ਸਾਰਿਆਂ ਨੂੰ ਹੀ ਅਮਲ ਧਾਰਨ ਕਰਨਾ ਯੋਗ ਹੈ:

ਜੋ ਜੀਐ ਕੀ ਸਾਰ ਨ ਜਾਣੈ॥
ਤਿਸੁ ਸਿਉ ਕਿਛੁ ਨ ਕਹੀਐ ਅਜਾਣੈ॥
ਮੂਰਖ ਸਿਉ ਨਹ ਲੂਝੁ ਪਰਾਣੀ
ਹਰਿ ਜਪੀਐ ਪਦੁ ਨਿਰਬਾਣੀ ਹੇ॥੫॥

*(ਮਾਰੂ ਮ: ੪, ਪੰਨਾ ੧੦੭੦)*

ਸੰਤਨ ਸਿਉ ਬੋਲੇ ਉਪਕਾਰੀ॥
ਮੂਰਖ ਸਿਉ ਬੋਲੇ ਝਖ ਮਾਰੀ॥੨॥

*(ਗੋਂਡ ਕਬੀਰ ਜੀ, ਪੰਨਾ ੮੭੦)*

ਮੂਰਖ ਗਣਤ ਗਣਾਇ ਝਗੜਾ ਪਾਇਆ॥

*(ਪਉੜੀ, ਪੰਨਾ ੧੩੯)*

ਮੂਰਖ ਗੰਢੁ ਪਵੈ ਮੁਹਿ ਮਾਰ॥
ਨਾਨਕੁ ਆਖੈ ਏਹੁ ਬੀਚਾਰੁ॥ *(ਮ: ੧, ਪੰਨਾ ੧੪੩)*

ਇਸ ਤਰ੍ਹਾਂ ਬਾਣੀ ਵਿਚੋਂ ਹੋਰ ਭੀ ਬਹੁਤ ਪ੍ਰਮਾਣ ਮਿਲਦੇ ਹਨ, ਜਿਨ੍ਹਾਂ ਤੋਂ ਇਹੋ ਪ੍ਰੇਰਨਾ ਮਿਲਦੀ ਹੈ ਕਿ ਮੂਰਖਾਂ ਨਾਲ ਤਾਂ ਗੰਢ ਤਾਂਹੀਂ ਰਹਿ ਸਕਦੀ ਹੈ ਕਿ ਅਸੀਂ ਵੱਧ ਤੋਂ ਵੱਧ ਉਨ੍ਹਾਂ ਨਾਲ ਝਗੜਾ ਕਰਨ ਵੱਲੋਂ ਸੰਕੋਚ ਕਰੀਏ। ਸੋ, ਮੈਂ ਭੀ ਉਪ੍ਰੋਕਤ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ:

(੧) (ਇਹ ਅਸੀਂ ਆਮ ਹੀ ਵੇਖਦੇ ਹਾਂ ਕਿ) ਜੇ ਮੂਰਖ ਨੂੰ ਕੋਈ ਗੱਲ ਸਮਝਾਈਏ ਤਾਂ ਉਹ ਆਪਣੀ ਮੂਰਖਤਾ ਕਰਕੇ ਛਾਂ ਤੇ ਧੁੱਪ (ਭਾਵ ਭਲੇ ਬੁਰੇ) ਨੂੰ ਨਹੀਂ ਸਮਝਦਾ।
(੨) ਉਹ ਆਪਣੀਆਂ ਅੱਖਾਂ ਨਾਲ ਪਿੱਤਲ, ਸੋਨੇ, ਕੈਂਹ ਤੇ ਚਾਂਦੀ ਦੀ ਪਰਖ ਕਰਨੀ ਨਹੀਂ ਜਾਣਦਾ।
(੩) ਉਹ ਤੇਲ ਤੇ ਘਿਉ ਦੇ ਸੁਆਦ ਨੂੰ ਨਹੀਂ ਜਾਣਦਾ, ਭਾਵੇਂ ਘਿਉ ਦਾ ਘੜਾ ਤੇ ਤੇਲ ਦਾ ਕੁੱਪਾ ਉਸਦੇ ਕੋਲ ਧਰਿਆ ਹੋਵੇ।
(੪) ਉਹ ਦਿਨੇ ਰਾਤ ਸੁਰਤ (ਗਿਆਤ) ਤੋਂ ਵਿਹੂਣਾ ਰਹਿੰਦਾ ਹੈ, ਉਹ ਚਾਨਣ ਤੇ ਘੁੱਪ ਅਨ੍ਹੇਰੇ ਨੂੰ ਬਰਾਬਰ ਜਾਣਦਾ ਹੈ।
(੫) ਉਸ ਲਈ ਕਸਤੂਰੀ ਤੇ ਥੋਮ ਦੀ ਵਾਸ਼ਨਾ ਤੇ ਮਖ਼ਮਲ ਤੇ ਚੰਮ ਦਾ ਤੋਪਾ ਇਕੋ ਜਿਹਾ ਹੈ।
(੬) ਉਹ ਵੈਰੀ ਤੇ ਮਿੱਤ੍ਰ ਨੂੰ ਨਹੀਂ ਜਾਣਦਾ ਤੇ ਚੰਗੇ ਰੰਗ ਤੇ ਖੋਟੇ ਰੰਗ ਵੱਲੋਂ ਭੀ ਅਛੋਪ ਰਹਿੰਦਾ ਹੈ (ਭਾਵ ਉਸ ਨੂੰ ਚੰਗੇ ਮੰਦੇ ਰੰਗ ਦੀ ਕੋਈ ਸੋਝੀ ਨਹੀਂ ਹੁੰਦੀ)।
(੭) (ਇਹੋ ਜਿਹੇ) ਮੂਰਖ ਨਾਲ ਗੱਲ ਕਰਨ ਨਾਲੋਂ ਚੁੱਪ ਰਹਿਣਾ ਚੰਗਾ ਹੁੰਦਾ ਹੈ।੨੦।੩੦।

***ਭਾਵਾਰਥ :*** ਮੂਰਖ ਨਾਲ ਮਿੱਤ੍ਰਤਾ ਤੇ ਪਿਆਰ ਕਰਨ ਵਿਖੇ ਦੁਵੱਲੀ ਵਿਗਾੜ ਹੁੰਦਾ ਹੈ। ਮੂਰਖ ਨੂੰ ਕੁੱਤੇ ਵਾਂਗੂੰ (ਜੋ ਦੁਵੱਲੀ ਵਿਗਾੜ ਕਰਦਾ ਹੈ)। ਤਿਆਗਣਾ ਯੋਗ ਹੈ ਜਿਵੇਂ ਹਿਦਾਇਤ ਕੀਤੀ ਗਈ ਹੈ ਕਿ:

(ਮੂਰਖ ਗੰਢੁ ਪਵੈ ਮੁਹਿ ਮਾਰ) ਅਰਥਾਤ ਮੂਰਖ ਨਾਲ ਤਦ ਹੀ ਗੰਢ ਪੈਂਦੀ ਹੈ ਜੇਕਰ ਉਸ ਵੱਲੋਂ ਮੂੰਹ ਮਾਰ ਛੱਡੀਏ, ਭਾਵ ਚੁੱਪ ਰਖੀਏ, ਨਹੀਂ ਤਾਂ ਵਧੇਰੇ ਨੇੜਤਾ ਕਰਨ ਨਾਲ ਵਧੇਰੇ ਦੁੱਖ ਹੀ ਨਿਕਲੇਗਾ।

(ਬੱਤੀਵੀਂ ਵਾਰ ਸਮਾਪਤ)

# ਵਾਰ ੩੩

ੴ ਸਤਿਗੁਰ ਪ੍ਰਸਾਦਿ ॥

## ੧. ਮਨਮੁਖ ਅਨ੍ਹੇਰੇ ਦਾ ਰੂਪ ਹੈ

**੧. ਗੁਰਮੁਖ ਮਨਮੁਖ ਜਾਣੀਅਨਿ**
**ਸਾਧ ਅਸਾਧ ਜਗਤ ਵਰਤਾਰਾ।**
**੨. ਦੁਹ ਵਿਚ ਦੁਖੀ ਦੁਬਾਜਰੇ**
**ਖਰਬੜ ਹੋਏ ਖੁਦੀ ਖੁਆਰਾ।**
**੩. ਦੁਹੀਂ ਸਰਾਈਂ ਜ਼ਰਦਰੂ**
**ਦਗੇ ਦੁਰਾਹੇ ਚੋਰ ਚੁਗਾਰਾ।**
**੪. ਨਾ ਉਰਵਾਰ ਨ ਪਾਰ ਹੈ**
**ਗੋਤੇ ਖਾਣ ਭਰਮ ਸਿਰ ਭਾਰਾ।**
**੫. ਹਿੰਦੂ ਮੁਸਲਮਾਨ ਵਿਚ**
**ਗੁਰਮੁਖ ਮਨਮੁਖ ਵਿਚ ਗੁਬਾਰਾ।**
**੬. ਜੰਮਣ ਮਰਣ ਸਦਾ ਸਿਰ ਮਾਰਾ ॥੧॥**

***ਪਦ ਅਰਥ:*** ਦੁਬਾਜਰੇ—ਦੋ ਤਰਫ਼ੀਏ। ਖਰਬੜ—ਘਬਰਾਹਟ। ਜ਼ਰਦਰੂ—ਪੀਲੇ। ਚੁਗਾਰਾ—ਠੱਗ। ਗੋਤੇ ਖਾਨ—ਭਾਵ ਜਨਮ-ਮਰਨ ਵਿਚ ਭਟਕਦੇ ਹਨ।

***ਅਰਥ:***

**ਪ੍ਰ:** ਭਾਈ ਸਾਹਿਬ ਜੀਉ! ਕੀ ਆਪ ਜੀ ਸਾਨੂੰ ਗੁਰਮੁਖ ਤੇ ਮਨਮੁਖ ਬਾਰੇ ਜਾਣਕਾਰੀ ਦਿਓਗੇ, ਜਿਸ ਦਾ ਸਦਕਾ ਸਮਾਂ ਬਣੇ ਅਸੀਂ ਭੀ ਅਨੁਭਵ ਕਰ ਸਕੀਏ?

**ਉ:** ਹੇ ਭਾਈਓ! ਇਸ ਪੱਖ ਨੂੰ ਗੁਰਬਾਣੀ ਵਿਚ ਕਈ ਥਾਵਾਂ 'ਤੇ ਪ੍ਰਗਟਾਇਆ ਹੈ, ਜਿਸ ਤੋਂ ਪ੍ਰੇਰਨਾ ਲੈ ਕੇ ਮੈਂ ਉਸ ਭਾਵ ਨੂੰ ਇਸ ਪਉੜੀ ਵਿਚ ਅੰਕਤ ਕਰਿਆ ਹੈ:

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਸੰਸਾਰ ਵਿਚ ਭਲੇ ਤੇ ਬੁਰੇ ਵਰਤਾਉ ਤੋਂ ਹੀ ਗੁਰਮੁਖ ਤੇ ਮਨਮੁਖ ਜਾਣੇ ਜਾਂਦੇ ਹਨ।

(੨) ਦੋ ਤਰਫ਼ੀਏ ਪੁਰਸ਼ (ਕਦੀ ਰੱਬ ਵੱਲ ਤੇ ਕਦੀ ਮਾਇਆ ਵੱਲ ਰਹਿਣ ਵਾਲੇ) ਖ਼ੁਦੀ ਦੇ ਖ਼ੁਆਰ ਕੀਤੇ ਘਬਰਾਹਟ ਵਿਚ ਹੀ ਦੁਖੀ ਹੁੰਦੇ ਹਨ।

(੩) (ਉਨ੍ਹਾਂ ਮਨੁੱਖਾਂ ਦੇ) ਦੋਹਾਂ ਲੋਕਾਂ (ਲੋਕ ਤੇ ਪਰਲੋਕ) ਵਿਚ ਮੂੰਹ ਪੀਲੇ ਰਹਿੰਦੇ ਹਨ (ਭਾਵ ਸ਼ਰਮਿੰਦੇ ਹੁੰਦੇ ਹਨ, ਕਿਉਂਕਿ ਦੋਹਾਂ ਰਸਤਿਆਂ ਵਿਚ ਚੋਰ ਠੱਗ ਆਦਿ ਦਗਾ ਦਿੰਦੇ ਹਨ।

(੪) (ਉਹ ਮਨੁੱਖ) ਨਾ ਉਰਵਾਰ ਜੋਗੇ ਰਹਿੰਦੇ ਹਨ ਤੇ ਨਾ ਹੀ ਪਾਰ ਲਗਦੇ ਹਨ, ਉਹ ਭਰਮ ਦਾ ਭਾਰ ਸਿਰ 'ਤੇ ਚੁੱਕ ਕੇ ਸੰਸਾਰ ਸਾਗਰ ਵਿਚ ਗੋਤੇ ਖਾਂਦੇ ਫਿਰਦੇ ਹਨ।

(੫) (ਹਿੰਦੂ ਜਾਂ ਮੁਸਲਮਾਨ ਕੋਈ ਹੋਵੇ, ਗੁਰਮੁਖਾਂ ਵਿਚ ਮਨਮੁਖ ਅੰਨ੍ਹੇਰੇ ਦਾ ਰੂਪ ਹੁੰਦੇ ਹਨ।

(੬) ਮਨਮੁਖਾਂ ਦੇ ਸਿਰ 'ਤੇ ਜਨਮ ਮਰਨ ਦੀ ਸਦਾ ਹੀ ਮਾਰ ਪਈ ਰਹਿੰਦੀ ਹੈ।੧।

ਇਸ ਭਾਵ ਨੂੰ ਗੁਰਬਾਣੀ ਵਿਚ ਪ੍ਰਗਟਾਇਆ ਹੈ, ਜਿਵੇਂ ਕਿ:

ਮਨਮੁਖਿ ਆਵੈ ਮਨਮੁਖਿ ਜਾਵੈ ॥
ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥
ਜਿਤਨੇ ਨਰਕ ਸੇ ਮਨਮੁਖਿ ਭੋਗੈ
ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥

*(ਮਾਰੂ ਸੋਲਹੇ ਮਹਲਾ ੫, ਪੰਨਾ ੧੦੭੩)*

ਭਾਵ ਹੈ ਕਿ ਗੁਰਮੁਖ ਜਨਮ ਮਰਨ ਤੋਂ ਮੁਕਤ ਹੋ ਜਾਂਦਾ ਹੈ ਤੇ ਮਨਮੁਖ ਇਸ ਸੰਸਾਰ ਦੇ ਚੱਕ੍ਰ ਵਿਚ ਪਿਆ ਸਦਾ ਹੀ ਜਨਮ ਮਰਨ ਦਾ ਦੁਖ ਭੋਗਦਾ ਹੈ।

## ੨. ਹਿੰਦੂ ਅਤੇ ਮੁਸਲਮਾਨ

**੧. ਦੁਹ ਮਿਲਿ ਜੰਮੇ ਦੁਇ ਜਣੇ**
**ਦੁਹੁ ਜਣਿਆਂ ਦੁਇ ਰਾਹ ਚਲਾਏ।**
**੨. ਹਿੰਦੂ ਆਖਣ ਰਾਮ ਰਾਮ**
**ਮੁਸਲਮਾਣਾ ਨਾਉਂ ਖੁਦਾਏ।**
**੩. ਹਿੰਦੂ ਪੂਰਬ ਸਉਂਹਿਆਂ**
**ਪੱਛਮ ਮੁਸਲਮਾਨ ਨਵਾਏ।**
**੪. ਗੰਗ ਬਨਾਰਸ ਹਿੰਦੂਆਂ**
**ਮੱਕਾ ਮੁਸਲਮਾਨ ਮਨਾਏ।**
**੫. ਵੇਦ ਕਤੇਬਾਂ ਚਾਰ ਚਾਰ**
**ਚਾਰ ਵਰਨ ਚਾਰ ਮਜ਼ਹਬ ਚਲਾਏ।**
**੬. ਪੰਜ ਤੱਤ ਦੋਵੇਂ ਜਣੇ**
**ਪਉਣ ਪਾਣੀ ਬੈਸੰਤਰ ਛਾਏ।**
**੭. ਇਕ ਥਾਉਂ ਦੁਇ ਨਾਉਂ ਧਰਾਏ ॥੨॥**

***ਪਦ ਅਰਥ :*** ਦੁਹ ਮਿਲਿ—ਮਾਇਆ ਤੇ ਈਸ਼੍ਵਰ। ਦੁਇ ਜਣੇ—ਹਿੰਦੂ ਤੇ ਮੁਸਲਮਾਨ। ਸਉਂਹਿਆਂ—ਸਾਹਮਣੇ (ਭਾਵ ਪੂਰਬ)।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਆਪ ਜੀ ਨੇ ਤਾਂ ਗੁਰਮਤ ਨੂੰ ਚੰਗੀ ਤਰ੍ਹਾਂ ਪੜਚੋਲਿਆ ਹੈ, ਕੀ ਜਾਣਕਾਰੀ ਦਿਓਗੇ ਕਿ ਹਿੰਦੂ ਤੇ ਮੁਸਲਮਾਨ ਵਿਚ ਕੀ ਅੰਤਰਾ ਹੈ?

**ਉ:** ਹੇ ਭਾਈਓ! ਜਦੋਂ ਦੁਬਿਧਾ ਤੋਂ ਰਹਿਤ ਹੋ ਕੇ ਵੀਚਾਰ ਕਰੀਏ ਤਾਂ ਬਾਣੀ ਵਿਚ ਹਿੰਦੂ ਤੇ ਮੁਸਲਮਾਨ ਵਿਚ ਕੋਈ ਭੀ ਅੰਤਰਾ ਨਜ਼ਰ ਨਹੀਂ ਆਉਂਦਾ, ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ ਕਿ :

ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ ॥੧॥
ਲੋਗਾ ਭਰਮਿ ਨ ਭੂਲਹੁ ਭਾਈ ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ
ਪੂਰਿ ਰਹਿਓ ਸ੍ਰਬ ਠਾਂਈ ॥੧॥ਰਹਾਉ॥
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥੨॥
ਸਭ ਮਹਿ ਸਚਾ ਏਕੋ ਸੋਈ
ਤਿਸ ਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥
*(ਪ੍ਰਭਾਤੀ, ਪੰਨਾ ੧੩੪੯)*

ਇਸ ਪ੍ਰਕਾਰ ਇਸ ਏਕਤਾਈ ਦੇ ਪੱਖ ਨੂੰ ਸਪਸ਼ਟ ਕਰਨ ਲਈ ਗੁਰਬਾਣੀ ਵਿਚੋਂ ਸਾਨੂੰ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਮੈਂ ਇਸੇ ਭਾਵ ਨੂੰ ਇਸ ਪਉੜੀ ਵਿਚ ਅੰਕਤ ਕੀਤਾ ਹੈ :

(੧) (ਬਾਣੀ ਦੁਆਰੇ ਇਹੋ ਸਿੱਧ ਹੁੰਦਾ ਹੈ ਕਿ) ਦੋਹਾਂ (ਮਾਇਆ ਤੇ ਈਸ਼੍ਵਰ) ਨੇ ਮਿਲ ਕੇ ਦੋਹਾਂ (ਹਿੰਦੂਆਂ ਤੇ ਮੁਸਲਮਾਨਾਂ) ਨੂੰ ਉਤਪੰਨ ਕੀਤਾ ਹੈ। ਇਨ੍ਹਾਂ ਦੋਹਾਂ ਦੇ ਦੋ ਰਸਤੇ ਤੋਰ ਦਿਤੇ।

(੨) ਹਿੰਦੂ ਰਾਮ ਰਾਮ ਆਖਦੇ ਹਨ ਤੇ ਮੁਸਲਮਾਨ ਖ਼ੁਦਾ ਦਾ ਨਾਮ ਜਪਦੇ ਹਨ।

(੩) ਹਿੰਦੂ ਪੂਰਬ ਵੱਲ ਮੂੰਹ ਕਰਕੇ ਪੂਜਾ ਕਰਦੇ ਹਨ ਤੇ ਮੁਸਲਮਾਨ ਪੱਛਮ ਵੱਲ ਖ਼ੁਦਾ ਦਾ ਘਰ ਜਾਣ ਕੇ ਸਿਰ ਨਿਵਾਉਂਦੇ ਹਨ।

(੪) ਹਿੰਦੂ ਗੰਗਾ ਤੇ ਬਨਾਰਸ ਆਦਿ ਤੀਰਥਾਂ ਨੂੰ ਪਵਿੱਤ੍ਰ ਮੰਨਦੇ ਹਨ ਅਤੇ ਮੁਸਲਮਾਨ ਮੱਕੇ ਨੂੰ (ਪਵਿੱਤ੍ਰ ਜਾਣ ਕੇ) ਪੂਜਦੇ ਹਨ।

(੫) ਹਿੰਦੂਆਂ ਦੇ ਚਾਰ ਵੇਦ ਹਨ, ਮੁਸਲਮਾਨਾਂ ਦੀਆਂ ਚਾਰ ਕਤੇਬਾਂ ਹਨ। ਹਿੰਦੂਆਂ ਨੇ ਚਾਰ ਵਰਨਾਂ ਦੀ ਵੰਡ ਕੀਤੀ ਹੈ ਤੇ ਮੁਸਲਮਾਨਾਂ ਨੇ ਚਾਰ ਮਜ਼ਹਬ ਚਲਾਏ ਹਨ।

(੬) (ਪਰ ਅਸਲੀਅਤ ਇਹ ਹੈ ਕਿ) ਦੋਵੇਂ ਜਣੇ (ਹਿੰਦੂ ਤੇ ਮੁਸਲਮਾਨ) ਪੰਜ ਤੱਤਾਂ (ਪੌਣ, ਪਾਣੀ, ਅਗਨੀ, ਅਕਾਸ਼ ਤੇ ਧਰਤੀ) ਦੇ ਮੇਲ ਤੋਂ ਬਣੇ ਹਨ।

(੭) ਇਨ੍ਹਾਂ ਦੋਹਾਂ ਦੀ ਉਤਪਤੀ ਦੀ ਥਾਂ ਇਕੋ (ਈਸ਼੍ਵਰ) ਹੈ, ਪਰ ਇਨ੍ਹਾਂ ਨੇ ਨਾਂ ਦੋ ਧਰ ਲਏ ਹਨ।੨।

***ਭਾਵਾਰਥ :*** ਦੋਹਾਂ ਦਾ ਮਾਤਾ ਪਿਤਾ ਇਕੋ ਹੈ, ਅਰ ਪੰਜ ਤੱਤਾਂ ਦੀ ਦੇਹ ਭੀ ਬਰਾਬਰ ਹੈ, ਰਾਹ ਦੋ ਵਖੋ ਵਖ ਮੰਨ ਲਏ ਹਨ, 'ਦੁਇ ਮਿਲ' ਦ੍ਵੈਤ ਨਾਲ ਮਿਲ ਕੇ ਦੋ ਜਣਿਆਂ (ਮਾਂ ਅਤੇ ਪਿਉ ਨੇ) ਦੋ ਜਣੇ ਹਿੰਦੂ ਮੁਸਲਮਾਨ ਉਤਪਤ ਕੀਤੇ, ਦੋਹਾਂ ਨੇ ਦੋ ਰਾਹ ਚਲਾਏ, ਭਾਵ ਹੈ ਦ੍ਵੈਤ ਨੇ ਹੀ ਦੋ ਰਾਹ ਕੀਤੇ ਵਾਸਤਵ ਵਿਚ ਈਸ਼੍ਵਰ ਦੋਹਾਂ ਦਾ ਇਕੋ ਹੈ ਦੂਈ ਦ੍ਵੈਤ-ਭਾਵ ਨੇ ਹੀ ਪਾਈ ਹੈ।

## ੩. ਗੁਰਮੁਖਾਂ ਦੀ ਸੱਚੇ ਪ੍ਰਭੂ ਵਿਚ ਹੀ ਸਮਾਈ ਹੁੰਦੀ ਹੈ

**੧. ਦੇਖ ਦੁਭਿੱਤੀ ਆਰਸੀ**
**ਮਜਲਸ ਹੱਥੋ ਹੱਥੀ ਨੱਚੈ।**
**੨. ਦੁੱਖੋ ਦੁੱਖ ਦੁਬਾਜਰੀ**
**ਘਰ ਘਰ ਫਿਰੈ ਪਰਾਈ ਖੱਚੈ।**
**੩. ਅੱਗੈ ਹੋਇ ਸੁਹਾਵਣੀ**
**ਮੁਹਿ ਡਿੱਠੈ ਮਾਣਸ ਚਹਮੱਚੈ।**
**੪. ਪਿੱਛਹੁ ਦੇਖ ਡਰਾਵਣੀ**
**ਇਕੋ ਮੁਹ ਦੁਹ ਜਿਨਸ ਵਿਰੱਚੈ।**
**੫. ਖੇਹ ਪਾਇ ਮੂੰਹ ਮਾਂਜੀਐ**
**ਫਿਰ ਫਿਰ ਮੈਲ ਭਰੈ ਰੰਗ ਕੱਚੈ।**
**੬. ਧਰਮਰਾਇ ਜਮ ਇੱਕੁ ਹੈ**
**ਧਰਮ ਅਧਰਮ ਨ ਭਰਮ ਪਰੱਚੈ।**
**੭. ਗੁਰਮੁਖਿ ਜਾਇ ਮਿਲੈ ਸਚ ਸੱਚੈ ॥੩॥**

***ਪਦ ਅਰਥ :*** ਦੁਭਿੱਤੀ—ਦੋ ਪਾਸਿਆਂ ਵਾਲੀ। ਖੱਚੈ—ਖ਼ਰਾਬੀ। ਚਹਮੱਚੈ—ਪ੍ਰਸੰਨ। ਵਿਰੱਚੈ—ਧਾਰਦਾ ਹੈ। ਕੱਚੈ—ਝੂਠਾ ਪ੍ਰੇਮ।

***ਅਰਥ :***

**ਪ੍ਰ:** ਭਾਈ ਸਾਹਿਬ ਜੀਓ! ਆਖ਼ਰ ਸੱਚੇ ਪ੍ਰਭੂ ਨਾਲ ਕਿਸਦਾ ਮਿਲਾਪ ਹੁੰਦਾ ਹੈ?

**ਉ:** ਹੇ ਭਾਈਓ! ਦੂਰ-ਦਰਸ਼ੀ ਨਜ਼ਰਾਂ ਨਾਲ ਵੀਚਾਰਿਆਂ ਇਉਂ ਹੀ ਦਿਸ ਆਉਂਦਾ ਹੈ ਕਿ ਗੁਰਮੁਖ ਹੀ ਸੱਚੇ ਪ੍ਰਭੂ ਨਾਲ ਮਿਲਦੇ ਹਨ ਬਾਕੀ ਮਨਮੁਖ ਤਾਂ ਭਟਕਦੇ ਹੀ ਰਹਿੰਦੇ ਹਨ, ਉਨ੍ਹਾਂ ਦੀ ਹਾਲਤ ਇਸੇ ਪ੍ਰਕਾਰ ਹੁੰਦੀ ਹੈ, ਜਿਵੇਂ ਕਿ ਇਸ ਪਉੜੀ ਵਿਚ ਦਰਸਾਈ ਹੈ:

(੧) (ਜਿਵੇਂ ਕਿ ਵੇਖਦੇ ਹਾਂ ਕਿ) ਦੋ ਸ਼ਕਲਾਂ ਵਾਲਾ ਸ਼ੀਸ਼ਾ ਮਜਲਸ (ਸਭਾ) ਵਿਚ ਹਥੋ ਹੱਥ ਨਚਦਾ ਹੈ, (ਭਾਵ ਕਈ ਹੱਥਾਂ ਵਿਚ ਜਾਂਦਾ ਹੈ)।

(੨) ਦੁਤਰਫ਼ੀ ਸ਼ੀਸ਼ੇ ਨੂੰ ਦੁਖ ਹੁੰਦਾ ਹੈ ਤੇ ਪਰਾਏ ਘਰ ਵਿਚ ਖ਼ਰਾਬ ਹੁੰਦਾ ਫਿਰਦਾ ਹੈ।

(੩) ਅਗੋਂ ਦੇਖਿਆਂ ਉਹ ਸੋਹਣਾ ਲੱਗਦਾ ਹੈ, ਜਿਸ ਵਿਚੋਂ ਮੂੰਹ ਵੇਖ ਕੇ ਲੋਕ ਬੜੇ ਪ੍ਰਸੰਨ ਹੁੰਦੇ ਹਨ।

(੪) ਪਿਛਲੇ ਪਾਸਿਓਂ ਵੇਖਿਆਂ ਡਰਾਉਣਾ ਦਿੱਸਦਾ ਹੈ, ਮੂੰਹ ਇਕੋ ਹੈ ਪਰ ਸ਼ਕਲਾਂ ਦੋ ਧਾਰਨ ਕਰਦਾ ਹੈ।

(੫) ਸ਼ੀਸ਼ੇ ਦੇ ਮੂੰਹ 'ਤੇ ਸੁਆਹ ਪਾ ਕੇ ਉਸ ਨੂੰ ਮਾਂਜਿਆ ਜਾਂਦਾ ਹੈ, ਪਰ ਉਹ ਕੱਚੇ ਰੰਗ ਵਾਲਾ ਫਿਰ ਮੈਲਾ ਹੋ ਜਾਂਦਾ ਹੈ।

(੬) ਧਰਮ ਰਾਜ ਤੇ ਜਮ ਇਕੋ ਹੈ, ਉਹ ਧਰਮ ਕਰਦਾ ਹੈ ਤੇ ਅਧਰਮ ਦੇ ਭਰਮ ਵਿਚ ਨਹੀਂ ਪਰਚਦਾ (ਭਾਵ ਵਿਚਾਰ ਕੇ ਠੀਕ ਫਲ ਦੇਂਦਾ ਹੈ)।

(੭) ਗੁਰਮੁਖ ਜੋ ਸੱਚ ਵਿਚ ਰੱਤੇ ਰਹਿੰਦੇ ਹਨ (ਉਹ) ਸੱਚੇ ਪ੍ਰਭੂ ਨੂੰ ਜਾ ਮਿਲਦੇ ਹਨ, (ਦੁਬਾਜਰਿਆਂ ਵਾਂਗੂੰ ਉਹ ਜੂਨਾਂ ਵਿਚ ਨਹੀਂ ਭਟਕਦੇ)।

## ੪. ਗੁਰਸਿੱਖੀ ਵਿਛੁੜਿਆਂ ਨੂੰ ਮੇਲਦੀ ਹੈ

**੧. ਵੁਣੈ ਜੁਲਾਹਾ ਤੰਦੁ ਗੰਢ**
**ਇੱਕ ਸੂਤ ਕਰ ਤਾਣਾ ਵਾਣਾ।**
**੨. ਦਰਜੀ ਪਾੜ ਵਿਗਾੜਦਾ**
**ਪਾਟਾ ਮੁੱਲ ਨ ਲਹੈ ਵਿਕਾਣਾ।**
**੩. ਕਤਰਣ ਕਤਰੈ ਕਤਰਣੀ**
**ਹੋਇ ਦੁਮੂਹੀ ਚੜ੍ਹਦੀ ਸਾਣਾ।**
**੪. ਸੂਈ ਸੀਵੈ ਜੋੜਕੈ**
**ਵਿੱਛੁੜਿਆਂ ਕਰ ਮੇਲ ਮਿਲਾਣਾ।**
**੫. ਸਾਹਿਬ ਇੱਕੋ ਰਾਹ ਦੁਇ**
**ਜਗ ਵਿਚ ਹਿੰਦੂ ਮੁਸਲਮਾਣਾ।**
**੬. ਗੁਰਸਿੱਖੀ ਪਰਧਾਨ ਹੈ**
**ਪੀਰ ਮੁਰੀਦੀ ਹੈ ਪਰਵਾਣਾ।**
**੭. ਦੁਖੀ ਦੁਬਾਜਰਿਆ ਹੈਰਾਣਾ ॥੪॥**

***ਪਦ ਅਰਥ :*** ਵੁਣੈ—ਉਣਦਾ। ਤਾਣਾ ਵਾਣਾ—ਤਾਣਾ-ਪੇਟਾ। ਕਤਰਣ—ਕਾਤਰਾਂ। ਕਤਰਣੀ—ਕੈਂਚੀ। ਗੁਰਸਿੱਖੀ ਪਰਧਾਨ ਹੈ—ਸੂਈ ਵਾਙੂ ਗੁਰਸਿੱਖੀ ਪਾਟਿਆਂ ਨੂੰ ਜੋੜਦੀ ਹੈ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਤੁਸੀਂ ਤਾਂ ਸਾਡੇ ਨਾਲੋਂ ਅਜੋਕੇ ਸਮੇਂ ਵਿਚ ਵਧੇਰੇ ਪੰਥ ਚਲਦੇ ਵੇਖ ਰਹੇ ਹੋ, ਉਹ ਸਾਰੇ ਦੇ ਸਾਰੇ ਵਿਛੁੜਿਆਂ ਹੋਇਆਂ ਮਨੁੱਖਾਂ ਨੂੰ ਰੱਬ ਨਾਲ ਮਿਲਾਉਣ ਦਾ ਦਾਅਵਾ ਕਰਦੇ ਹਨ, ਪਰ ਤੁਹਾਡਾ ਆਪਣਾ ਨਿਸਚਾ ਕਿਸ ਪੰਥ 'ਤੇ ਹੈ ਜੋ ਇਨ੍ਹਾਂ ਜੀਵਾਂ ਦੇ ਰੱਬ ਤੋਂ ਪਏ ਵਿਜੋਗ ਨੂੰ ਸੰਜੋਗਤਾ ਵਿਚ ਬਦਲ ਦੇਵੇ, ਦੱਸਣ ਦੀ ਕ੍ਰਿਪਾ ਕਰੋ, ਤਾਕਿ ਸਾਨੂੰ ਭੀ ਸਹੀ ਸੇਧ ਮਿਲ ਸਕੇ ?

ਉ: ਹੇ ਭਾਈਓ ! ਮੈਂ ਤਾਂ ਪੁਰਾਤਨ ਸ਼ਾਸਤ੍ਰਾਂ ਦੀ ਭੀ ਪੜਚੋਲ ਕੀਤੀ ਹੈ ਤੇ ਪ੍ਰਤੱਖ ਭੀ ਤਜਰਬਾ ਕੀਤਾ ਹੈ, ਪਰ ਗੁਰਬਾਣੀ ਦੁਆਰੇ ਮੈਨੂੰ ਤਾਂ ਇਹੋ ਬੋਧ ਮਿਲਦਾ ਹੈ ਕਿ ਸਾਰਿਆਂ ਪੰਥਾਂ ਵਿਚੋਂ ਗੁਰੂ ਦਾ ਨਵੀਨ ਚਲਾਇਆ ਇਹ ਗੁਰਸਿੱਖਾਂ ਦਾ ਪੰਥ ਹੀ ਪ੍ਰਧਾਨ ਪੰਥ ਹੈ, ਇਸ ਪੱਖ ਦੀ ਪਰਪੱਕਤਾ ਵਿਚ ਸਾਨੂੰ ਗੁਰਬਾਣੀ ਵਿਚੋਂ ਭੀ ਪ੍ਰੋੜ੍ਹਤਾ ਮਿਲਦੀ ਹੈ, ਜਿਵੇਂ ਕਿ ਗੁਰੂ ਫ਼ੁਰਮਾਨ ਹੈ ਕਿ :

> ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥
> ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥
> ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥
> ਨਾਨਕ ਸਤਿਗੁਰੁ ਤਿਨਾ ਮਿਲਾਇਆ
> ਜਿਨਾ ਧੁਰੇ ਪਇਆ ਸੰਜੋਗੁ ॥੧॥
>
> *(ਸਲੋਕ ਮ: ੫, ਪੰਨਾ ੯੫੭)*

ਭਾਵ ਹੈ ਕਿ ਸਾਰਿਆਂ ਪੰਥਾਂ ਵਿਚੋਂ ਜੋ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਦਾ ਸੱਚਾ ਤੇ ਸੁੱਚਾ ਨਵੀਨ ਪੰਥ ਚਲਾਇਆ ਹੈ, ਇਹੋ ਇਕ ਪ੍ਰਧਾਨ ਪੰਥ ਹੈ ਜੋ ਹਰੀ ਦੇ ਨਾਮ ਮੰਤ੍ਰ ਨੂੰ ਦ੍ਰਿੜ੍ਹ ਕਰਵਾਉਂਦਾ ਹੈ ਜੋ ਕਿ ਹਉਮੈ ਦੇ ਵੱਡੇ ਰੋਗ ਨੂੰ ਕੱਟ ਕੇ ਪ੍ਰਭੂ ਨਾਲ ਸਦੀਵੀ ਮਿਲਾਪ ਕਰਵਾਉਂਦਾ ਹੈ, ਇਸੇ ਗੁਰੂ ਫ਼ੁਰਮਾਨ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਵਿਚ ਚੰਦ ਉਦਾਹਰਣ ਅੰਕਤ ਕੀਤੇ ਹਨ, ਜੋ ਅਸੀਂ ਪ੍ਰਤੱਖ ਵਰਤਦੇ ਤੱਕਦੇ ਹਾਂ।

(੧) (ਜਿਵੇਂ ਕਿ ਅਸੀਂ ਪ੍ਰਤੱਖ ਵੇਖਦੇ ਹਾਂ ਕਿ) ਜੁਲਾਹਾ ਤੰਦ ਤੰਦ ਗੰਢ ਕੇ ਤਾਣੇ ਪੇਟੇ ਦਾ ਸੂਤ ਇਕੋ ਜਿਹਾ ਕਰਕੇ ਤਾਣੀ (ਕੱਪੜਾ) ਉਣਦਾ ਹੈ।

(੨) ਦਰਜ਼ੀ ਕੱਪੜੇ ਨੂੰ ਪਾੜ ਕੇ ਖ਼ਰਾਬ ਕਰ ਦਿੰਦਾ ਹੈ ਉਹ ਪਾਟਾ ਹੋਇਆ ਕੱਪੜਾ ਫਿਰ ਕਿਸੇ ਮੁੱਲ ਤੋਂ ਨਹੀਂ ਵਿਕਦਾ।

(੩) ਕੈਂਚੀ ਕੱਪੜੇ ਨੂੰ ਕਾਤਰਾਂ ਕਾਤਰਾਂ ਕਰ ਦਿੰਦੀ ਹੈ, ਕੈਂਚੀ ਦੁਮੂੰਹੀ ਹੋਣ ਕਰਕੇ ਸਾਣ 'ਤੇ ਚੜ੍ਹਦੀ ਹੈ।

(੪) ਸੂਈ ਕੱਪੜੇ ਨੂੰ ਜੋੜ ਕੇ ਸਿਉਂ ਦਿੰਦੀ ਹੈ ਤੇ ਵਿਛੁੜਿਆਂ ਦਾ ਮੇਲ ਕਰ ਦਿੰਦੀ ਹੈ।

(੫) ਸਾਹਿਬ (ਪਰਮਾਤਮਾ) ਇਕੋ ਹੈ, ਪਰ ਅਗੋਂ ਲੋਕਾਂ ਨੇ ਹਿੰਦੂ ਤੇ ਮੁਸਲਮਾਨਾਂ ਦੇ ਦੋ ਰਾਹ ਚਲਾ ਲਏ ਹਨ।

(੬) ਗੁਰਸਿੱਖੀ (ਸੂਈ ਵਾਂਗੂੰ) ਪ੍ਰਧਾਨ (ਸ਼੍ਰੋਮਣੀ) ਹੈ ਜੋ ਵਿਛੜਿਆਂ ਨੂੰ ਆਪੋ ਵਿਚ ਮੇਲਦੀ ਹੈ। ਪੀਰ ਦੀ ਮੁਰੀਦੀ ਕਰਨੀ ਹੀ ਪ੍ਰਵਾਨ ਹੁੰਦੀ ਹੈ।

(੭) ਦੁਬਾਜਰੇ ਪੁਰਸ਼ (ਕੈਂਚੀ ਵਾਂਗੂੰ) ਦੁਖੀ ਤੇ ਹੈਰਾਨ ਹੋਏ ਰਹਿੰਦੇ ਹਨ, (ਉਨ੍ਹਾਂ ਦਾ ਪ੍ਰਭੂ ਨਾਲ ਮੇਲ ਨਹੀਂ ਹੁੰਦਾ)।੪।

***ਭਾਵਾਰਥ :*** ਸੰਸਾਰ ਵਿਚ ਜਿਸ ਕਿਸੇ ਨੇ ਭੀ ਗੁਰੂ ਗੋਬਿੰਦ ਸਿੰਘ ਜੀ ਦੇ ਕਥਨ ਅਨੁਸਾਰ :

> ਜਿਨ ਜਿਨ ਤਨਕ ਸਿਧ ਕੋ ਪਾਇਓ ॥
> ਤਿਨ ਤਿਨ ਅਪਨੋ ਰਾਹ ਚਲਾਇਓ ॥
> ਸਤਿਨਾਮੁ ਕਿਨਹੂੰ ਨ ਦ੍ਰਿੜਾਇਓ ॥ *(ਦਸਮ ਗ੍ਰੰਥ)*

ਅਰਥਾਤ, ਜਿਸ ਵੀ ਕਿਸੇ ਨੇ ਥੋੜ੍ਹੇ-ਮਾਤ੍ਰ ਜਪ ਤਪ ਕਰਕੇ ਕੁੱਝ ਸਿੱਧੀ ਹਾਸਲ ਕੀਤੀ, ਉਹ ਉਸੇ ਸਿੱਧੀ ਦੁਆਰੇ ਕਰਾਮਾਤਾਂ ਵਿਖਾਉਣ ਵਿਚ ਹੀ ਉਲਝ ਗਿਆ, ਹਰੀ ਦੇ ਵਿਜੋਗ ਨੂੰ ਸੰਜੋਗਤਾ ਵਿਚ ਬਦਲਣ ਲਈ ਘਰੋਂ ਟੁਰੇ ਸਨ ਪਰ (ਚਾਲੇ ਥੇ ਹਰਿ ਮਿਲਣ ਕੋ ਬੀਚੇ ਅਟਕਿਓ ਚੀਤ) ਰਸਤੇ ਵਿਚ ਹੀ ਰਹਿ ਗਏ, ਰੱਬੀ ਦਰਬਾਰ ਤਕ ਪੁੱਜ ਹੀ ਨ ਸਕੇ। ਸੋ, ਗੁਰੂ ਨਾਨਕ ਦੇਵ ਜੀ ਦਾ ਚਲਾਇਆ ਹੋਇਆ ਇਹ ਗੁਰਸਿੱਖੀ ਦਾ ਪੰਥ ਇਸ ਲਈ ਪ੍ਰਧਾਨ ਹੈ, ਕਿਉਂਕਿ ਜਿਥੇ ਸਾਰੇ ਸੰਸਾਰ ਦੇ ਪੰਥ ਜਾ ਕੇ ਰੁਕ ਜਾਂਦੇ ਹਨ, ਇਹ ਗੁਰੂ ਦਾ ਪੰਥ ਉਥੋਂ ਅਗੇ ਅਰੰਭ ਹੁੰਦਾ ਹੈ।

## ੫. ਇਹ ਸੰਸਾਰ ਭੀ ਬ੍ਰਿਛ ਦੀ ਛਾਂ ਵਾਂਗੂੰ ਹੈ

**੧. ਜਿਉਂ ਚਰਖਾ ਅਠਖੰਭੀਆ**
**ਦੁਹ ਲੱਠੀਂ ਦੇ ਮੰਝ ਮੰਝੇਰੂ।**
**੨. ਦੁਇ ਸਿਰ ਧਰ ਦੁਹੁ ਖੁੰਢ ਵਿਚ**
**ਸਿਰ ਗਿਰਦਾਨ ਫਿਰੈ ਲੱਖ ਫੇਰੂ।**

**੩. ਬਾਇੜ ਪਾਇ ਪਲੇਟੀਐ**
**ਮਾਲ੍ਹ ਵਟਾਇ ਪਾਯਾ ਘਟ ਘੇਰੂ।**
**੪. ਦੁਹ ਚਰਮਖ ਵਿਚ ਤ੍ਰਕੁਲਾ**
**ਕੱਤਨ ਕੁੜੀਆਂ ਚਿੜੀਆਂ ਹੇਰੂ।**
**੫. ਤ੍ਰਿੰਞਣ ਬਹਿ ਉਠ ਜਾਂਦੀਆਂ**
**ਜਿਉਂ ਬਿਰਖਹੁੰ ਉਡ ਜਾਨ ਪੰਖੇਰੂ।**
**੬. ਓੜ ਨਿਬਾਹੂ ਨਾਂ ਥੀਐ**
**ਕੱਚਾ ਰੰਗ ਰੰਗਾਇਆ ਗੇਰੂ।**
**੭. ਘੁੰਮ ਘੁਮੰਦੀ ਛਾਉਂ ਘੁਮੇਰੂ ॥੫॥**

***ਪਦ ਅਰਥ :*** ਅਠਖੰਭੀਆ—ਅੱਠਾਂ ਫਟੀਆਂ ਵਾਲਾ। ਮੰਞੇਰੂ—ਚੱਕ। ਸਿਰ ਗਿਰਦਾਨ—ਭੁਵਾਟਣੀਆਂ ਖਾਣੀਆਂ। ਬਾਇੜ—ਰੱਸੀ, ਸਣ ਦੀ ਰੱਸੀ ਜੋ ਚਰਖੇ ਦੇ ਫਟਾਂ ਦੇ ਉਦਾਲੇ ਹੁੰਦੀ ਹੈ। ਮਾਲ੍ਹ—ਜੋ ਤੱਕਲੇ ਤੇ ਬਾਇੜ ਦੇ ਉਤੇ ਵੱਗਦੀ ਹੈ। ਘਟਘੇਰੂ—ਘੇਰਾ। ਚਰਮਖ—ਚੰਮੜੀਆਂ। ਘੁੰਮ ਘੁਮੰਦੀ—ਫਿਰਦੀ ਘਿਰਦੀ। ਘੁਮੇਰੂ—ਘੁੰਮਣ ਵਾਲਾ ਭਾਵ ਤ੍ਰਿੰਞਣ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਇਹ ਜੋ ਸਾਰਾ ਸੰਸਾਰ ਵੱਸਦਾ ਰਸਦਾ ਨਜ਼ਰ ਆ ਰਿਹਾ ਹੈ, ਇਸ ਦੀ ਰੂਪ-ਰੇਖਾ ਤੁਸੀਂ ਬਾਣੀ ਅਨੁਸਾਰ ਕਿਵੇਂ ਅਨੁਭਵ ਕਰਦੇ ਹੋ?

**ਉ:** ਹੇ ਭਾਈਓ! ਗੁਰੂ ਗ੍ਰੰਥ ਸਾਹਿਬ ਜੀ ਨੇ ਜੋ ਇਸ ਸੰਸਾਰ ਦੀ ਰੂਪ ਰੇਖਾ ਦਰਸਾਈ ਹੈ, ਉਹ ਇਨ੍ਹਾਂ ਮਹਾਂਵਾਕਾਂ ਵਿਚ ਪ੍ਰਗਟਾਈ ਹੈ, ਜਿਵੇਂ ਕਿ :

ਬਿਰਖੈ ਹੇਠਿ ਸਭਿ ਜੰਤ ਇਕਠੇ॥
ਇਕਿ ਤਤੇ ਇਕਿ ਬੋਲਨਿ ਮਿਠੇ॥
ਅਸਤੁ ਉਦੋਤੁ ਭਇਆ ਉਠਿ ਚਲੇ
ਜਿਉ ਜਿਉ ਅਉਧ ਵਿਹਾਣੀਆ॥੧॥

*(ਮਾਰੂ ਮਹਲਾ ੫, ਪੰਨਾ ੧੦੧੯)*

ਬਿਰਖ ਕੀ ਛਾਇਆ ਸਿਉ ਰੰਗੁ ਲਾਵੈ॥
ਓਹ ਬਿਨਸੈ ਉਹੁ ਮਨਿ ਪਛੁਤਾਵੈ॥
ਜੋ ਦੀਸੈ ਸੋ ਚਾਲਨਹਾਰੁ॥
ਲਪਟਿ ਰਹਿਓ ਤਹ ਅੰਧ ਅੰਧਾਰੁ॥
ਬਟਾਊ ਸਿਉ ਜੋ ਲਾਵੈ ਨੇਹ॥
ਤਾ ਕਉ ਹਾਥਿ ਨ ਆਵੈ ਕੇਹ॥

*(ਸੁਖਮਨੀ ਸਾਹਿਬ, ਪੰਨਾ ੨੬੮)*

ਬਿਰਖ ਛਾਇਆ ਜੈਸੇ ਬਿਨਸਤ ਪਵਨ ਝੁਲਤ ਮੇਹ॥

*(ਮਾਰੂ ਮਹਲਾ ੫, ਪੰਨਾ ੧੦੦੬)*

ਰੇ ਮਨ ਤੇਰੋ ਕੋਇ ਨਹੀ ਖਿੰਚਿ ਲੇਇ ਜਿਨਿ ਭਾਰੁ॥
ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰੁ॥੧॥

*(ਗਉੜੀ ਕਬੀਰ ਜੀ, ਪੰਨਾ ੩੩੭)*

ਇਸੇ ਤਰ੍ਹਾਂ ਬਾਣੀ ਵਿਚ ਹੋਰ ਭੀ ਬਹੁਤ ਪ੍ਰਮਾਣ ਮਿਲਦੇ ਹਨ, ਜਿਨ੍ਹਾਂ ਵਿਚ ਇਸ ਸੰਸਾਰ ਨੂੰ ਕੇਵਲ ਰਾਤ ਕੱਟਣ ਲਈ ਪੰਛੀਆਂ ਵਾਂਗ ਹੀ 'ਕਠੇ ਹੋਇਆ ਦਰਸਾਇਆ ਹੈ। ਮੈਂ ਭੀ ਇਸ ਪਉੜੀ ਵਿਚ ਇਸੇ ਗੁਰਬਾਣੀ ਦੇ ਭਾਵ ਨੂੰ ਪ੍ਰਗਟਾਇਆ ਹੈ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਜਿਵੇਂ ਚਰਖਾ ਅੱਠਾਂ ਫਟੀਆਂ ਵਾਲਾ ਹੁੰਦਾ ਹੈ ਤੇ ਉਸਦਾ ਚੱਕਾ ਦੋਹਾਂ ਮੁੰਨਿਆਂ ਵਿਚ ਹੁੰਦਾ ਹੈ।

(੨) ਜਿਸ ਦੀ ਲੱਠ ਦੇ ਦੋਵੇਂ ਸਿਰੇ ਮੁੰਨਿਆਂ ਦੇ ਛੇਕਾਂ ਵਿਚ ਰਖੇ ਜਾਂਦੇ ਹਨ ਤੇ ਉਹ ਸਿਰ ਪਰਣੇ ਹੋ ਕੇ ਲੱਖਾਂ ਫੇਰੇ ਦਿੰਦਾ ਹੈ।

(੩) ਉਸ ਨੂੰ ਬਾਇੜ ਪਾ ਕੇ ਲਪੇਟੀਦਾ ਹੈ ਤੇ ਧਾਗੇ ਦੀ ਮਾਹਲ ਵੱਟ ਕੇ ਘੇਰਾ ਪਾਈਦਾ ਹੈ।

(੪) ਦੋ ਚਮੜੀਆਂ ਵਿਚ ਤੱਕਲਾ ਹੁੰਦਾ ਹੈ, ਕੁੜੀਆਂ ਚਿੜੀਆਂ ਚਰਖਾ ਕੱਤਦੀਆਂ ਵੇਖੀਆਂ ਜਾਂਦੀਆਂ ਹਨ।

(੫) ਤ੍ਰਿੰਞਣਾਂ ਵਿਚ ਬਹਿ ਕੇ ਕੁੜੀਆਂ ਚਰਖਾ ਕੱਤਦੀਆਂ ਹਨ, ਫਿਰ (ਪੂਣੀਆਂ ਖ਼ਤਮ ਹੋ ਜਾਣ ਤੇ) ਉਹ ਇਉਂ ਉਠ ਕੇ ਚਲੀਆਂ ਜਾਂਦੀਆਂ ਹਨ, ਜਿਵੇਂ ਬ੍ਰਿਛ ਤੋਂ ਪੰਛੀ ਉੱਡ ਜਾਂਦੇ ਹਨ।

(੬) ਅਖ਼ੀਰ ਤਕ ਨਿਭਣ ਵਾਲਾ ਕੋਈ ਨਹੀਂ ਹੁੰਦਾ, ਜਿਵੇਂ ਗੇਰੀ ਦਾ ਰੰਗ ਕੱਚਾ ਹੁੰਦਾ ਹੈ, ਇਸੇ ਤਰ੍ਹਾਂ ਜਗਤ ਦਾ ਪ੍ਰੇਮ ਕੱਚਾ ਹੁੰਦਾ ਹੈ।

(੭) ਬ੍ਰਿਛ ਦੀ ਫਿਰਦੀ ਛਾਂ ਵਾਂਗੂੰ ਇਹ ਸੰਸਾਰ ਵੀ ਘੁੰਮਣ ਵਾਲਾ ਹੈ।੫।

***ਭਾਵਾਰਥ :*** ਇਸ ਸੰਸਾਰ ਦੇ ਸਾਰੇ ਜੀਵ ਆਪੋ ਆਪਣੇ ਸੁਆਸਾਂ ਦੀਆਂ ਪੂਣੀਆਂ ਪੂਰੀਆਂ ਕਰਕੇ ਜੂਨਾਂ ਰੂਪੀ ਘਰਾਂ ਨੂੰ ਉੱਡ ਜਾਂਦੇ ਹਨ। ਤਾਂ ਤੇ ਐਸੀ ਸਰਾਂ ਵਿਚ ਚਰਖੇ ਦੀ ਤਰ੍ਹਾਂ ਦੁਬਿਧਾ ਵਿਚ ਨਹੀਂ ਫਸਣਾ ਚਾਹੀਦਾ, ਕੁੜੀਆਂ ਦਾ ਤ੍ਰਿੰਞਣ ਦੁਬਿਧਾ ਦਾ ਸਰੂਪ ਹੈ ਅਰ ਤੱਕਲਾ ਤੇ ਮਞੇਰੂ ਹਿੰਦੂ ਮੁਸਲਮਾਨਾਂ ਵਤ ਦੁਬਿਧਾ ਵਿਚ ਫਸੇ ਚੱਕਰ ਖਾਣ ਵਾਲੇ ਹਨ, ਘਸ ਘਸਾ ਕੇ ਹਾਰ ਜਾਣਗੇ, ਤ੍ਰੀਮਤਾਂ ਦੇ ਤ੍ਰਿੰਞਣ ਸਰੀਖੀ ਦੁਬਿਧਾ ਦੀ ਘੁਮਾਟੀ ਕਿਸੇ ਅਰਥ ਨਹੀਂ ਆਵੇਗੀ।

## ੬. ਮਨਮੁਖ ਦੁਬਿਧਾ ਕਰਕੇ ਹੀ ਦੁਖ ਪਾਉਂਦੇ ਹਨ

**੧. ਸਾਹੁਰ ਪੀਹਰੁ ਪੱਲਰੈ**
**ਹੋਇ ਨਿਲੱਜ ਨਲੱਜਾ ਧੋਵੈ।**
**੨. ਰਾਵੈ ਜਾਰ ਭਤਾਰ ਤਜਿ**
**ਖਿੰਜੋਤਾਣ ਖੁਸ਼ੀ ਕਿਉਂ ਹੋਵੈ।**
**੩. ਸਮਝਾਈ ਨ ਸਮਝਈ**
**ਮਰਣੇ ਪਰਣੇ ਲੋਕ ਵਿਗੋਵੈ।**
**੪. ਧਿਰਿ ਧਿਰਿ ਮਿਲਦੇ ਮੇਹਣੇ**
**ਹੋਇ ਸ਼ਰਮਿੰਦੀ ਅੰਝੁ ਰੋਵੈ।**
**੫. ਪਾਪ ਕਮਾਣੇ ਪਕੜੀਐ**
**ਹਾਣ ਕਾਣ ਦੀਬਾਣ ਖੜੋਵੈ।**
**੬. ਮਰੈ ਨ ਜੀਵੈ ਦੁਖ ਸਹੈ**
**ਰਹੈ ਨ ਘਰ ਵਿਚ ਪਰਘਰ ਜੋਵੈ।**
**੭. ਦੁਬਿਧਾ ਅਵਗੁਣ ਹਾਰ ਪਰੋਵੈ ॥੬॥**

***ਪਦ ਅਰਥ :*** ਸਾਹੁਰ ਪੀਹਰੁ—ਸਹੁਰਾ ਪੇਕਾ। ਪੱਲਰੈ—ਛੱਡ ਦੇਂਦੀ ਹੈ। ਖਿੰਜੋਤਾਣ—ਦੁਚਿੱਤੀ। ਧਿਰਿ ਧਿਰਿ—ਥਾਂ ਥਾਂ ਤੋਂ। ਵਿਗੋਵੈ—ਵਿਗਾੜਦੀ ਹੈ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਵੇਖਣ ਵਿਚ ਆਉਂਦਾ ਹੈ ਕਿ ਸੰਸਾਰ ਵਿਚ ਆਮ ਲੋਕਾਂ ਨਾਲੋਂ ਮਨਮੁਖ ਵਧੇਰੇ ਦੁਖ ਪਾਉਂਦੇ ਹਨ, ਇਸਦਾ ਅਸਲ ਕਾਰਨ ਕੀ ਹੈ ?

ਉ: ਹੇ ਭਾਈਓ! ਇਸ ਭਾਵ ਨੂੰ ਪ੍ਰਗਟਾਉਣ ਵਾਲੇ ਉਦਾਹਰਣ ਜੋ ਮੇਰੇ ਪੜ੍ਹਨ ਵਿਚ ਗੁਰਬਾਣੀ ਅੰਦਰ ਆਏ ਹਨ, ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ ਕਿ ਮਨਮੁਖਾਂ ਨੂੰ ਦੁਖਾਂ ਦਾ ਫਲ ਇਸੇ ਤਰ੍ਹਾਂ ਮਿਲਦਾ ਹੈ, ਜਿਵੇਂ ਕਿ ਇਕ ਡੁਹਾਗਣ, ਛੁੱਟੜ ਇਸਤ੍ਰੀ ਘਰ ਘਰ ਵਿਚ ਨਿਲੱਜ ਹੋ ਕੇ ਫਿਰਦੀ ਤੇ ਦੁਖੀ ਹੁੰਦੀ ਹੈ।

(੧) (ਜਿਵੇਂ ਕਿ ਵਿਭਚਾਰਣ ਇਸਤ੍ਰੀ) ਸਹੁਰਿਆਂ ਤੇ ਪੇਕਿਆਂ ਨੂੰ ਛੱਡ ਦੇਂਦੀ ਹੈ ਤੇ ਬੇਸ਼ਰਮ ਹੋ ਕੇ ਸ਼ਰਮ ਨੂੰ ਧੋ ਪੀਂਦੀ ਹੈ।

(੨) (ਉਹ ਇਸਤ੍ਰੀ) ਆਪਣੇ ਪਤੀ ਨੂੰ ਛੱਡ ਕੇ ਯਾਰਾਂ ਨਾਲ ਰੰਗ ਰਲੀਆਂ ਮਾਣਦੀ ਹੈ, ਇਸ ਦੁਚਿੱਤੀ ਵਿਚ ਉਸਨੂੰ ਖ਼ੁਸ਼ੀ ਕਿਸ ਤਰ੍ਹਾਂ ਹੋ ਸਕਦੀ ਹੈ (ਭਾਵ ਹੈ ਕਿ ਉਸਨੂੰ ਖ਼ੁਸ਼ੀ ਨਹੀਂ ਮਿਲਦੀ)।

(੩) ਉਹ ਕਿਸੇ ਦੇ ਸਮਝਾਉਣ ਨਾਲ ਸਮਝਦੀ ਵੀ ਨਹੀਂ, ਮਰਣੇ ਪਰਣੇ ਵਿਚ ਜਾ ਕੇ ਲੋਕਾਂ ਨੂੰ ਵਿਗਾੜ ਲੈਂਦੀ ਹੈ (ਭਾਵ ਉਹ ਕਿਸੇ ਇਕੱਠ ਵਿਚ ਸ਼ਾਮਲ ਨਹੀਂ ਹੋ ਸਕਦੀ)।

(੪) ਥਾਂ ਥਾਂ ਤੋਂ ਉਸਨੂੰ ਮਿਹਣੇ ਮਿਲਦੇ ਹਨ ਤੇ ਉਹ ਸ਼ਰਮਿੰਦੀ ਹੋ ਕੇ ਰੋਂਦੀ ਹੈ ਤੇ ਹੰਝੂ ਵਗਾਉਂਦੀ ਹੈ।

(੫) ਪਾਪ ਕਰਨ ਕਰਕੇ ਜਦੋਂ ਉਹ ਫੜੀ ਜਾਂਦੀ ਹੈ ਤਾਂ ਸ਼ਰਮ ਦੀ ਹਾਨੀ ਕਰਕੇ ਉਹ ਕਚਹਿਰੀ ਵਿਚ ਖੜੋਂਦੀ ਹੈ।

(੬) ਫਿਰ ਨਾ ਉਹ ਮਰਦੀ ਹੈ ਤੇ ਨਾ ਉਹ ਜੀਉਂਦੀ ਹੈ, ਉਹ ਦੁਖ ਸਹਿੰਦੀ ਹੈ ਤੇ ਪਰਾਏ ਘਰਾਂ ਦਾ (ਆਸਰਾ) ਤੱਕਦੀ ਹੈ।

(੭) ਉਹ ਦੁਬਿਧਾ ਵਿਚ ਰਹਿ ਕੇ ਅਉਗੁਣਾਂ ਦਾ ਹਾਰ ਹੀ ਪਰੋਂਦੀ ਹੈ।੬।

***ਭਾਵਾਰਥ*** : ਜਿਸ ਤਰ੍ਹਾਂ ਵਿਭਚਾਰਣ ਦੁਬਿਧਾ ਵਿਚ ਪੈ ਕੇ ਦੁਖੀ ਹੈ, ਇਸੇ ਪਰਮਾਰਥ ਵਿਚ ਭੀ ਮਨਮੁਖ ਦੁਬਿਧਾ ਦਾ ਹਾਰ ਗਲ ਵਿਚ ਪਾ ਕੇ ਸਦਾ ਹੀ ਦੁਖ ਭੋਗਦੇ ਹਨ ਅਰਥਾਤ ਮਨਮੁਖਾਂ ਨੂੰ ਦੁਖ ਦਾ ਵੱਡਾ ਕਾਰਨ ਦ੍ਵੈਤ-ਭਾਵ ਹੈ।

## ੭. ਵਧੇਰੇ ਦੁਖ ਦੁਬਿਧਾ ਵਿਚ ਹੈ

**੧. ਜਿਉਂ ਬੇਸੀਵੇ ਥੇਹੁ ਕਰ**
**ਪੱਛੋਤਾਵੇ ਸੁੱਖਿ ਨ ਵੱਸੈ।**
**੨. ਚੜ੍ਹ ਚੜ੍ਹ ਲੜਦੇ ਭੂਮੀਏ**
**ਧਾੜਾ ਧੇੜਾ ਖੱਸਣ ਖੱਸੈ**
**੩. ਦੁਹ ਨਾਰੀ ਦਾ ਦੂਲਹਾ**
**ਦੁਹ ਮੁਨਸਾਂ ਦੀ ਨਾਰਿ ਵਿਨੱਸੈ।**
**੪. ਹੋਇ ਉਜਾੜਾ ਖੇਤੀਐ**
**ਦੁਇ ਹਾਕਮ ਦੁਇ ਹੁਕਮ ਖੁਣੱਸੈ।**

**੫. ਦੁਖ ਦੁਇ ਚਿੰਤਾ ਰਾਤ ਦਿਹੁ**
**ਘਰੁ ਛਿੱਜੈ ਵੈਰਾਇਣ ਹੱਸੈ।**
**੬. ਦੁਹੁ ਖੁੰਡਾਂ ਵਿਚ ਰਖ ਸਿਰੁ**
**ਵਸਦੀ ਵਸੈ ਨ ਨੱਸਦੀ ਨੱਸੈ।**
**੭. ਦੂਜਾ ਭਾਉ ਭੁਅੰਗਮ ਡੱਸੈ ॥੭॥**

***ਪਦ ਅਰਥ :*** ਬੇਸੀਵੇ—ਦੂਸਰੇ ਦੀ ਹੱਦ। ਭੂਮੀਏ—ਜ਼ਿਮੀਦਾਰ। ਧਾੜਾ—ਲੁੱਟ ਮਾਰ। ਦੂਲਹਾ—ਲਾੜਾ (ਪਤੀ)। ਖੁਣੱਸੈ—ਖੋਹਣਾ। ਵੈਰਾਇਣ—ਵੈਰੀ। ਦੁਹੁ ਖੁੰਡਾਂ—ਦੋ ਖੋੜਾਂ ਵਿਚ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਆਪ ਜੀ ਵਧੇਰੇ ਦੁਖ ਦਾ ਕਾਰਨ ਦੁਬਿਧਾ ਨੂੰ ਦਰਸਾ ਰਹੇ ਹੋ, ਕੀ ਇਸ ਭਾਵ ਨੂੰ ਕੁਝ ਉਦਾਹਰਣਾਂ ਰਾਹੀਂ ਸਮਝਾਓਗੇ ?

**ਉ:** ਹੇ ਭਾਈਓ! ਇਸ ਪੱਖ ਵਿਚ ਜੋ ਮੈਨੂੰ ਉਦਾਹਰਣ ਮਿਲ ਸਕੇ ਹਨ, ਉਨ੍ਹਾਂ ਨੂੰ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਉੱਕਰਿਆ ਹੈ :

(੧) (ਹੇ ਭਾਈਓ! ਜਿਵੇਂ ਕੋਈ ਦੂਜੇ ਦੀ ਹੱਦ ਵਿਚ ਥੇਹ (ਪਿੰਡ) ਵਸਾਵੇ ਤਾਂ ਉਹ ਪਛਤਾਉਂਦਾ ਹੈ ਤੇ ਸੁਖ ਵਿਚ ਨਹੀਂ ਵੱਸਦਾ, ਦੁਖੀ ਹੁੰਦਾ ਹੈ।

(੨) (ਕਿਉਂਕਿ) ਜ਼ਿਮੀਦਾਰ ਚੜ੍ਹਾਈਆਂ ਕਰਕੇ ਲੁਟ ਮਾਰ ਕਰਦੇ ਤੇ ਖੋਹਾ ਖਾਹੀ ਕਰਦੇ ਹਨ।

(੩) (ਜਿਵੇਂ) ਦੋਹਾਂ ਇਸਤ੍ਰੀਆਂ ਦਾ ਪਤੀ ਦੁਖੀ ਹੁੰਦਾ ਹੈ ਤੇ ਦੋ ਮਨੁੱਖਾਂ ਦੀ ਇਸਤ੍ਰੀ ਨਾਸ ਹੁੰਦੀ ਹੈ।

(੪) (ਜਿਵੇਂ) ਦੋ ਹਾਕਮਾਂ ਦੇ ਹੁਕਮ ਨਾਲ ਖੇਤੀਆਂ ਦਾ ਉਜਾੜਾ ਹੁੰਦਾ ਹੈ।

(੫) ਦ੍ਵੈਤ ਵਿਚ ਦਿਨੇ ਰਾਤ ਦੁਖ ਹੁੰਦਾ ਹੈ ਤੇ ਚਿੰਤਾ ਹੁੰਦੀ ਹੈ, ਘਰ ਦਾ ਨਾਸ ਹੁੰਦਾ ਹੈ ਤੇ ਵੈਰੀ ਵੇਖਕੇ ਹੱਸਦੇ ਹਨ।

(੬) ਦੋ ਖੁੰਢਾਂ (ਭਾਵ ਦੋ ਪਤੀਆਂ ਵਿਚ) ਰਹਿਣ ਵਾਲੀ ਇਸਤ੍ਰੀ ਨਾ ਸੁਆਦ ਨਾਲ ਵੱਸਦੀ ਹੈ ਤੇ ਨਾ ਹੀ ਨੱਸ ਸਕਦੀ ਹੈ।

(੭) (ਇਸੇ ਤਰ੍ਹਾਂ) ਦੂਜਾ ਭਾਵ (ਦੁਬਿਧਾ) ਸੱਪ ਵਾਂਗੂੰ ਡੰਗ ਮਾਰਦਾ ਹੈ।੭।

***ਭਾਵਾਰਥ :*** ਇਸ ਲਈ ਇਕ ਆਪਣੇ ਪਤੀ ਨਾਲ ਪ੍ਰੇਮ ਕਰਕੇ ਸਹੁਰੇ ਵਾਸ ਕਰਨਾ ਹੀ ਸ੍ਰੇਸ਼ਟ ਹੈ, ਨਹੀਂ ਤਾਂ ਦ੍ਵੈਤ ਵਿਖੇ ਦੁਖ ਅਤੇ ਕਲੇਸ਼ ਹੀ ਹਨ, ਤਿਵੇਂ ਦ੍ਵੈਤ ਪਰਮਾਰਥਕ ਜਗਯਾਸੂ ਨੂੰ ਭਾਰੀ ਦੁਖ ਦਾਤੀ ਹੈ।

## ੮. ਮਨਮੁਖ ਦੋ ਮੂੰਹੇ ਸੱਪ ਵਰਗਾ ਹੁੰਦਾ ਹੈ

**੧. ਦੁਖੀਆ ਦੁਸ਼ਟ ਦੁਬਾਜਰਾ**
**ਸੱਪ ਦੁਮੂਹਾ ਬੁਰਾ ਬੁਰਿਆਈ।**
**੨. ਸਭਦੂੰ ਮੰਦੀ ਸੱਪ ਜੋਨਿ**
**ਸੱਪਾਂ ਵਿਚ ਕੁਜਾਤਿ ਕੁਭਾਈ।**
**੩. ਕੋੜ੍ਹੀ ਹੋਆ ਗੋਪਿ ਗੁਰੁ**
**ਨਿਗੁਰਾ ਤੰਤੁ ਨ ਮੰਤੁ ਸਖਾਈ।**
**੪. ਕੋੜ੍ਹੀ ਹੋਵੈ ਲੜੈ ਜਿਸ**
**ਵਿਗੜ ਰੂਪਿ ਹੋਇ ਮਰੇ ਸਹਮਾਈ।**
**੫. ਗੁਰਮੁਖਿ ਮਨਮੁਖ ਬਾਹਰਾ**
**ਲਾਤੋ ਲਾਵਾ ਲਾਇ ਬੁਝਾਈ।**
**੬. ਤਿਸੁ ਵਿਹੁ ਵਾਤਿ ਕੁਲਾਤਿ**
**ਮਨ ਅੰਦਰਿ ਗਣਤੀ ਤਾਤ ਪਰਾਈ।**
**੭. ਸਿਰ ਚਿੱਥੈ ਵਿਹੁ ਬਾਣਿ ਨ ਜਾਈ ॥੮॥**

***ਪਦ ਅਰਥ :*** ਕੁਭਾਈ—ਖੋਟੀ। ਗੋਪਿ—ਲੁਕਾ ਕੇ। ਸਹਮਾਈ—ਦੁਖੀ ਹੋ ਕੇ। ਕੁਲਾਤਿ—ਕਲਪਣਾ। ਤਾਤ—ਈਰਖਾ। ਲਾਤੋ ਲਾਵਾ—ਚੁਆਤੀਆ, ਲੂਤੀ ਲਾਣ ਵਾਲਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਮਨਮੁਖ ਦੀ ਰੂਪ-ਰੇਖਾ ਕਿਸ ਸ਼ਕਲ ਦੀ ਹੈ ?

**ਉ:** ਹੇ ਭਾਈਓ! ਮੈਨੂੰ ਤਾਂ ਮਨਮੁਖ ਬਾਰੇ ਇਹੋ ਜਾਣਕਾਰੀ ਮਿਲੀ ਹੈ, ਜਿਸਨੂੰ ਮੈਂ ਇਸ ਪਉੜੀ ਵਿਚ ਦਰਸਾਉਣ ਦਾ ਉਪਰਾਲਾ ਕੀਤਾ ਹੈ :

(੧) (ਹੇ ਭਾਈ!) ਦੁਖ ਦੇਣ ਵਾਲਾ ਦੁਸ਼ਟ ਤੇ ਦੁਬਾਜਰਾ ਪੁਰਸ਼ ਬੁਰਿਆਈ ਕਰਨ ਵਿਚ ਦੁਮੂੰਹੇ ਸੱਪ ਵਰਗਾ ਹੈ।

(੨) ਸਭ ਤੋਂ ਮੰਦੀ ਸੱਪ ਦੀ ਜੂਨ ਹੈ, ਪਰ ਸੱਪਾਂ ਵਿਚੋਂ ਭੀ ਦੁਮੂੰਹਾ ਸੱਪ ਖੋਟੀ ਜਾਤ ਦਾ ਹੁੰਦਾ ਹੈ।

(੩) ਗੁਰੂ ਨੂੰ ਲੁਕਾ ਕੇ ਕੋਹੜਾ ਹੁੰਦਾ ਹੈ ਤੇ ਇਹ ਨਿਗੁਰਾ ਕਿਸੇ ਤੰਤ੍ਰ ਮੰਤ੍ਰ ਨੂੰ ਨਹੀਂ ਮੰਨਦਾ।

(੪) ਜਿਸਨੂੰ ਇਹ ਲੜਦਾ ਹੈ, ਉਹ ਕੋਹੜੀ ਹੋ ਜਾਂਦਾ ਹੈ

ਤੇ ਉਸਦਾ ਰੰਗ ਰੂਪ ਵੀ ਵਿਗੜ ਜਾਂਦਾ ਹੈ ਤੇ ਉਹ ਇਸੇ ਸਹਿਮ ਵਿਚ ਮਰ ਜਾਂਦਾ ਹੈ।

(੫) (ਇਸੇ ਤਰ੍ਹਾਂ) ਮਨਮੁਖ ਗੁਰਮੁਖਾਂ ਦੀ ਸੰਗਤ ਤੋਂ ਦੂਰ ਰਹਿੰਦਾ ਹੈ ਤੇ ਚੁਆਤੀਆਂ ਲਾਉਂਦਾ ਹੈ, ਗੁਰਮੁਖ ਲਗੀਆਂ (ਚੁਆਤੀਆਂ ਨੂੰ) ਬੁਝਾਉਂਦਾ ਹੈ।

(੬) (ਮਨਮੁਖ ਦੇ) ਮੂੰਹ ਵਿਚ ਨਿੰਦਾ ਦੀ ਜ਼ਹਿਰ ਰਹਿੰਦੀ ਹੈ ਤੇ ਉਸ ਦੇ ਮਨ ਅੰਦਰ ਕਲਪਣਾ ਤੇ ਪਰਾਈ ਈਰਖਾ ਵੱਸਦੀ ਹੈ।

(੭) (ਮਨਮੁਖ ਦੀ) ਖੋਟੀ ਆਦਤ ਸਿਰ ਚਿਥੇ ਬਗ਼ੈਰ ਨਹੀਂ ਜਾਂਦੀ।੮।

***ਭਾਵਾਰਥ :*** ਜਿਸ ਤਰ੍ਹਾਂ ਦੁਮੂੰਹਾ ਸੱਪ ਸਿਰ ਚਿਥੇ ਬਿਨਾਂ ਸੂਤ ਨਹੀਂ ਹੁੰਦਾ, ਇਸੇ ਤਰ੍ਹਾਂ ਮਨਮੁਖ ਦੀ ਕੈਦ ਵਿਚ ਜਦ ਸੁਤੰਤ੍ਰਤਾ ਦਾ ਸਿਰ ਚਿਥਾ ਬੈਠਦਾ ਹੈ, ਤਦੋਂ ਹੀ ਕਾਬੂ ਆਉਂਦਾ ਹੈ।

## ੯. ਮਨਮੁਖ ਖੋਟੇ ਰੁਪਏ ਵਰਗਾ ਹੁੰਦਾ ਹੈ

**੧. ਜਿਉਂ ਬਹੁ ਮਿੱਤੀ ਵੇਸੁਆ**
**ਛਡੈ ਖਸਮ ਨਿਖਸਮੀ ਹੋਈ।**
**੨. ਪੁੱਤੁ ਜਣੇ ਜੋ ਵੇਸੁਆ**
**ਨਾਨਕ ਦਾਦਕ ਨਾਉਂ ਨ ਕੋਈ।**
**੩. ਨੱਕਿ ਸਵਾਰਿ ਸੀਗਾਰਿਆ**
**ਰਾਗ ਰੰਗ ਛਲਿ ਛਲੈ ਛਲੋਈ।**
**੪. ਘੰਟਾ ਹੇੜ ਅਹੇੜੀਆਂ**
**ਮਾਣਸ ਮਿਰਗ ਵਿਣਾਹੁ ਸਥੋਈ।**
**੫. ਇਥੈ ਮਰੈ ਹਰਾਮ ਹੋਇ**
**ਅੱਗੈ ਦਰਗਹ ਮਿਲੈ ਨ ਢੋਈ।**
**੬. ਦੁਖੀਆ ਦੁਸ਼ਟੁ ਦੁਬਾਜਰਾ**
**ਜਾਣ ਰੁਪਈਆ ਮੇਖੀ ਸੋਈ।**
**੭. ਵਿਗੜੈ ਆਪ ਵਿਗਾੜੈ ਲੋਈ॥੯॥**

***ਪਦ ਅਰਥ :*** ਬਹੁ ਮਿੱਤੀ—ਬਹੁਤੇ ਯਾਰਾਂ ਵਾਲੀ। ਛਲੋਈ—ਛਲਣ ਵਾਲੀ। ਅਹੇੜੀਆਂ—ਸ਼ਿਕਾਰੀਆਂ ਵਾਂਗੂੰ। ਸਥੋਈ—ਸਾਥੀ। ਮਾਣਸ ਮਿਰਗ—ਮਨੁੱਖ ਮਿਰਗ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਮਨਮੁਖ ਦੀ ਕੋਈ ਹੋਰ ਪਛਾਣ ਦਰਸਾਓ ?

**ਉ:** ਹੇ ਭਾਈਓ ! ਮੇਰੇ ਅਨੁਭਵ ਵਿਚ ਤਾਂ ਮਨਮੁਖ ਇਉਂ ਹੀ ਦਿਖਾਈ ਦਿੰਦਾ ਹੈ, ਜਿਸਨੂੰ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ :

(੧) (ਹੇ ਭਾਈਓ ! ਮੈਨੂੰ ਤਾਂ ਮਨਮੁਖ ਇਉਂ ਹੀ ਪ੍ਰਤੀਤ ਹੁੰਦਾ ਹੈ) ਜਿਵੇਂ ਬਹੁਤੇ ਯਾਰਾਂ ਵਾਲੀ ਵੇਸਵਾ ਆਪਣੇ ਖਸਮ ਨੂੰ ਛੱਡ ਕੇ ਨਿਖਸਮੀ ਹੋ ਜਾਂਦੀ ਹੈ।

(੨) (ਉਹ) ਵੇਸਵਾ ਜੋ ਪੁੱਤ੍ਰ ਜੰਮਦੀ ਹੈ ਤਾਂ ਉਸਦੇ ਨਾਨਕੇ ਦਾਦਕੇ ਦਾ ਕੋਈ ਨਾਂ ਨਹੀਂ ਹੁੰਦਾ।

(੩) (ਉਹ ਵੇਸਵਾ) ਨੱਕ ਨੂੰ (ਨੱਥ ਤੇ ਲੌਂਗ ਪਾ ਕੇ) ਸਵਾਰਦੀ ਤੇ ਸ਼ਿੰਗਾਰਦੀ ਹੈ ਤੇ ਆਪਣੇ ਰਾਗ ਰੰਗਾਂ ਦੇ ਛਲਾਂ ਨਾਲ ਛਲਣੀ ਹੋ ਕੇ ਛਲਦੀ ਹੈ।

(੪) ਸ਼ਿਕਾਰੀਆਂ ਦੇ ਘੰਡੇਹੇੜੇ ਵਾਂਗੂੰ ਰਾਗ ਗਾ ਕੇ ਉਹ ਮਨਮੁਖ ਰੂਪੀ ਮ੍ਰਿਗਾਂ ਨੂੰ (ਜਿਹੜੇ ਉਸਦੇ ਸਾਥੀ ਬਣਦੇ ਹਨ) ਨਾਸ ਕਰਦੀ ਹੈ।

(੫) (ਉਹ ਵੇਸਵਾ) ਇਸ ਮਾਤ-ਲੋਕ ਵਿਚ (ਹਰਾਮ) ਨਿਸਫਲ ਹੋ ਕੇ ਮਰਦੀ ਹੈ ਤੇ ਪ੍ਰਭੂ ਦੀ ਦਰਗਾਹ ਵਿਚ ਵੀ ਉਸਨੂੰ ਢੋਈ ਨਹੀਂ ਮਿਲਦੀ।

(੬) ਦੁਬਾਜਰਾ ਦੁਸ਼ਟ ਪੁਰਸ਼ ਵੀ (ਵੇਸਵਾ ਵਾਂਗੂੰ) ਦੁਖੀ ਰਹਿੰਦਾ ਹੈ, ਮਾਨੋ ਉਹ ਖੋਟਾ ਰੁਪੱਯਾ ਹੈ।

(੭) (ਮਨਮੁਖ) ਆਪ ਵਿਗੜਦਾ ਹੈ ਤੇ ਲੋਕਾਂ ਨੂੰ ਵਿਗਾੜਦਾ ਹੈ।੯।

ਗੁਰੂ ਫ਼ੁਰਮਾਨ ਹੈ ਕਿ :

ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ॥
*(ਆਸਾ ਮਹਲਾ ੫, ਪੰਨਾ ੩੭੩)*

## ੧੦. ਦੁਬਾਜਰਾ ਮਨੁੱਖ ਅੜੀਅਲ ਬਲਦ ਹੈ

**੧. ਵਣ ਵਣ ਕਾਉਂ ਨ ਸੋਹਈ**
**ਖਰਾ ਸਿਆਣਾ ਹੋਇ ਵਿਗੁੱਤਾ।**
**੨. ਚੁੱਤੜ ਮਿੱਟੀ ਜਿਸ ਲਗੈ**
**ਜਾਣੇ ਖਸਮ ਕੁਮ੍ਹਾਰਾਂ ਕੁੱਤਾ।**

**੩. ਬਾਬਾਣੀਆਂ ਕਹਾਣੀਆਂ ਘਰ ਘਰ**
**ਬਹਿ ਬਹਿ ਕਰਨ ਕੁਪੁੱਤਾ।**
**੪. ਆਗੂ ਹੋਇ ਮੁਹਾਇੰਦਾ**
**ਸਾਥ ਛੱਡ ਚਉਰਾਹੇ ਸੁੱਤਾ।**
**੫. ਜੰਮੀ ਸਾਖ ਉਜਾੜਦਾ**
**ਗੜਿਆਂ ਸੇਤੀ ਮੀਂਹ ਕੁਰੁੱਤਾ।**
**੬. ਦੁਖੀਆ ਦੁਸ਼ਟ ਦੁਬਾਜਰਾ**
**ਖੱਟਰ ਬਲਦ ਜਿਵੇਂ ਹਲ ਜੁੱਤਾ।**
**੭. ਡੰਮ ਡੰਮ ਸਾਨ੍ਹ ਉਜਾੜੀ ਮੁੱਤਾ॥੧੦॥**

***ਪਦ ਅਰਥ :*** ਖਸਮ ਕੁਮ੍ਹਾਰਾਂ ਕੁੱਤਾ—ਘੁਮਿਆਰ ਖਸਮ ਦਾ ਕੁੱਤਾ। ਵਿਗੁੱਤਾ—ਖ਼ਰਾਬ ਹੁੰਦਾ ਹੈ। ਬਾਬਾਣੀਆਂ—ਵੱਡਿਆਂ ਦੀਆਂ। ਖੱਟਰ—ਅੜੀਅਲ। ਡੰਮ ਡੰਮ—ਅੱਗ ਦਾ ਦਾਗ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਦੁਬਾਜਰੇ ਮਨੁੱਖ ਬਾਰੇ ਕੀ ਤੁਸੀਂ ਹੋਰ ਭੀ ਕੁਝ ਵੀਚਾਰ ਰੱਖਦੇ ਹੋ ਕਿ ਉਸਦਾ ਸੁਭਾਉ ਕਿਸ ਪ੍ਰਕਾਰ ਦਾ ਹੋਇਆ ਕਰਦਾ ਹੈ ?

ਉ: ਹੇ ਭਾਈਓ ! ਅਜਿਹੇ ਦੁਬਾਜਰੇ ਮਨੁੱਖ ਮੈਨੂੰ ਬਹੁਤ ਮਿਲੇ ਹਨ, ਜਿਨ੍ਹਾਂ ਦੇ ਸੁਭਾਉ ਵੇਖਣ ਵਿਚ ਵਖੋ ਵਖੋ ਆਏ ਹਨ, ਪਰ ਉਹ ਤੁਹਾਡੇ ਕਹਿਣ ਪਰ ਮੈਂ ਇਨ੍ਹਾਂ ਪਉੜੀਆਂ ਵਿਚ ਦਰਸਾਉਣ ਦਾ ਯਤਨ ਕੀਤਾ ਹੈ, ਜਿਵੇਂ ਕਿ ਅਸੀਂ ਵੇਖਦੇ ਹਾਂ ਕਿ :

(੧) (ਆਹਲਣੇ ਤੋਂ ਬਿਨਾਂ) ਕਾਂ ਵਣ ਵਣ ਵਿਚ ਫਿਰਦਾ ਚੰਗਾ ਨਹੀਂ ਲਗਦਾ; ਉਹ ਬਹੁਤਾ ਸਿਆਣਾ ਬਣ ਕੇ ਖ਼ਰਾਬ ਹੀ ਹੁੰਦਾ ਹੈ।

(੨) ਜਿਸ ਕੁੱਤੇ ਦੇ ਚਿੱਤੜਾਂ ਨੂੰ ਮਿੱਟੀ (ਗਾਰਾ) ਲੱਗ ਜਾਏ, ਉਹ (ਹੰਕਾਰ ਨਾਲ) ਆਪਣੇ ਆਪ ਨੂੰ ਘੁਮਿਆਰਾਂ ਦਾ ਕੁੱਤਾ ਮੰਨਦਾ ਹੈ।

(੩) ਖੋਟੇ ਪੁੱਤਰ ਆਪਣਿਆਂ ਵੱਡਿਆਂ ਦੀਆਂ ਕਹਾਣੀਆਂ ਘਰ ਘਰ ਬਹਿ ਕੇ ਕਰਦੇ ਹਨ (ਭਾਵ ਵਾਧੂ ਸ਼ੇਖ਼ੀਆਂ ਮਾਰਦੇ ਹਨ)।

(੪) ਜਿਹੜਾ ਪੁਰਸ਼ ਆਗੂ ਬਣ ਕੇ ਆਪਣੇ ਸਾਥ ਨੂੰ ਛੱਡ ਕੇ ਚੁਰਾਹੇ ਵਿਚ ਸੌਂ ਜਾਂਦਾ ਹੈ, ਉਹ (ਆਪਣੇ ਸਾਥੀਆਂ ਨੂੰ) ਲੁਟਾ ਬੈਠਦਾ ਹੈ।

(੫) ਗੜਿਆਂ ਵਾਲਾ ਕੁਰੁੱਤਾ ਮੀਂਹ ਜੰਮੀ (ਉੱਘੀ) ਹੋਈ ਖੇਤੀ ਨੂੰ ਉਜਾੜ ਦੇਂਦਾ ਹੈ।

(੬) ਦੁਬਾਜਰਾ ਤੇ ਦੁਸ਼ਟ ਪੁਰਸ਼ ਅੜੀਅਲ ਬਲਦ ਵਾਂਗੂੰ ਹਲ ਵਿਚ ਜੁੱਤਾ ਦੁਖੀ ਹੁੰਦਾ ਹੈ।

(੭) (ਉਹ ਬਲਦ) ਅੱਗ ਦਾ ਦਾਗ ਲਾ ਕੇ ਸਾਨ੍ਹ ਕਰਕੇ ਉਜਾੜ ਵਿਚ ਛੱਡਿਆ ਜਾਂਦਾ ਹੈ।੧੦।

## ੧੧. ਦੁਬਾਜਰਾ ਦੁਖੀਆ ਹੀ ਰਹਿੰਦਾ ਹੈ

**੧. ਦੁਖੀਆ ਦੁਸ਼ਟ ਦੁਬਾਜਰਾ**
**ਤਾਂਬੇ ਰੰਗਹੁੰ ਕੈਹਾਂ ਹੋਵੈ।**
**੨. ਬਾਹਰ ਦਿੱਸੈ ਉੱਜਲਾ**
**ਅੰਦਰ ਮੱਸੁ ਨ ਧੋਪੈ ਧੋਵੈ।**
**੩. ਸੰਨ੍ਹੀ ਜਾਣ ਲੁਹਾਰ ਦੀ**
**ਹੋਇ ਦੁਮੂੰਹੀਂ ਕੁਸੰਗ ਵਿਗੋਵੈ।**
**੪. ਖਿਣ ਤੱਤੀ ਆਰਣ ਵੜੈ**
**ਖਿਣ ਠੰਢੀ ਜਲ ਅੰਦਰ ਟੋਵੈ।**
**੫. ਤੁੰਮਾ ਦਿੱਸੈ ਸੋਹਣਾ**
**ਚਿੱਤ੍ਰਮਿਤਾਲਾ ਵਿੱਸ ਵਿਲੋਵੈ।**
**੬. ਸਾਉ ਨ ਕਉੜਾ ਸਹਿ ਸਕੈ**
**ਜੀਭੈ ਛਾਲੇ ਅੰਝੂ ਰੋਵੈ।**
**੭. ਕਲੀ ਕਨੇਰ ਨ ਹਾਰ ਪਰੋਵੈ॥੧੧॥**

***ਪਦ ਅਰਥ :*** ਤਾਂਬੇ ਰੰਗਹੁੰ ਕੈਹਾਂ—ਤਾਂਬੇ ਦੇ ਰੰਗ ਤੋਂ ਕੈਹਾਂ (ਲਾਲ ਰੰਗ ਤੋਂ ਚਿੱਟਾ) ਤਾਂਬੇ ਵਿਚ ਕਲੀ ਮਿਲਾ ਕੇ ਕੈਂਹਾ ਹੁੰਦਾ ਹੈ। ਮੱਸੁ—ਕਾਲਖ਼। ਵਿੱਸ ਵਿਲੋਵੈ—ਜ਼ਹਿਰ ਰਿੜਕਦਾ, ਕੱਢਦਾ ਹੈ। ਕਲੀ ਕਨੇਰ—ਕਨੇਰ ਦੀਆਂ ਕਲੀਆਂ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਦੁਬਾਜਰੇ ਦੁਸ਼ਟ ਪੁਰਸ਼ ਬਾਰੇ ਕੋਈ ਹੋਰ ਜਾਣਕਾਰੀ ਦਿਓ ?

ਉ: ਹੇ ਭਾਈਓ ! ਇਸ ਪਉੜੀ ਵਿਚ ਭੀ ਮੈਂ ਦੁਬਾਜਰੇ ਪੁਰਖਾਂ ਦੇ ਸੰਬੰਧ ਵਿਚ ਕੁਝ ਉਦਾਹਰਣ ਅੰਕਤ ਕੀਤੇ ਹਨ :

(੧) (ਜਿਵੇਂ) ਦੁਖੀਆ, ਦੁਸ਼ਟ ਤੇ ਦੁਬਾਜਰਾ ਪੁਰਸ਼ ਕੈਂਹ ਦੀ ਧਾਤ ਵਰਗਾ ਹੁੰਦਾ ਹੈ, ਜੋ ਤਾਂਬੇ ਤੋਂ ਕੈਂਹਾ ਬਣ ਜਾਂਦਾ ਹੈ।
(੨) ਉਹ ਬਾਹਰੋਂ ਬੜਾ ਸੋਹਣਾ ਤੇ ਉੱਜਲਾ ਦਿੱਸਦਾ ਹੈ, ਪਰ ਅੰਦਰੋਂ ਉਹ ਕਾਲਾ ਹੁੰਦਾ ਹੈ, ਉਸਦੀ ਕਾਲਖ ਧੋਤਿਆਂ ਵੀ ਨਹੀਂ ਲਹਿੰਦੀ।
(੩) ਲੁਹਾਰ ਦੀ ਸੰਨੀ ਦੋ ਮੂੰਹਾਂ ਵਾਲੀ ਹੁੰਦੀ ਹੈ, ਉਹ ਕੁਸੰਗਤ ਕਰਕੇ ਖ਼ਰਾਬ ਹੁੰਦੀ ਹੈ।
(੪) ਉਹ ਖਿਨ ਵਿਚ ਤੱਤੀ ਅੱਗ ਵਿਚ ਵੜਦੀ ਹੈ ਤੇ ਖਿਨ ਵਿਚ ਠੰਢੇ ਪਾਣੀ ਵਿਚ ਪੈ ਕੇ ਠੰਢੀ ਹੁੰਦੀ ਹੈ।
(੫) ਤੁੰਮਾ ਚਿੱਤ੍ਰ-ਮਿੱਤਰੇ ਰੰਗ ਦਾ ਬੜਾ ਸੋਹਣਾ ਦਿੱਸਦਾ ਹੈ, ਪਰ ਅੰਦਰੋਂ ਉਹ ਜ਼ਹਿਰ ਹੀ ਕੱਢਦਾ ਹੈ।
(੬) (ਉਸ ਤੁੰਮੇਂ ਦੇ) ਸੁਆਦ ਨੂੰ ਕੋਈ ਸਹਿ ਨਹੀਂ ਸਕਦਾ, ਖਾਣ ਵਾਲੇ ਦੀ ਜੀਭ 'ਤੇ ਛਾਲੇ ਪੈ ਜਾਂਦੇ ਹਨ ਤੇ ਉਹ ਅੱਖਾਂ ਵਿਚ ਹੰਝੂ ਭਰ ਕੇ ਰੋਂਦਾ ਹੈ (ਕਿ ਮੈਂ ਇਸ ਕਉੜੇ ਤੁੰਮੇ ਨੂੰ ਕਿਉਂ ਖਾਧਾ) ?
(੭) ਕਨੇਰ ਦੀਆਂ ਕਲੀਆਂ ਦਾ ਹਾਰ ਬਣਾ ਕੇ ਕੋਈ ਗਲ ਵਿਚ ਨਹੀਂ ਪਾਉਂਦਾ (ਕਿਉਂਕਿ ਕਨੇਰ ਦੇ ਫੁੱਲਾਂ ਵਿਚ ਸੁਗੰਧੀ ਨਹੀਂ ਹੁੰਦੀ)।੧੧।

***ਭਾਵਾਰਥ :*** ਇਸੇ ਤਰ੍ਹਾਂ ਉਪਰ ਕਹੇ ਹੋਏ ਦ੍ਰਿਸ਼ਟਾਂਤਾਂ ਵਾਂਗੂੰ ਦੁਬਾਜਰਾ ਪੁਰਸ਼ ਹੈ ਜੋ ਕਿ ਗੁਰੂ ਜੀ ਦੇ ਪਾਸ ਨਿੰਮ੍ਰਤਾ ਤੇ ਪਿੱਠ ਪਿਛੇ ਵਿਖ ਘੋਲਦਾ ਹੈ, ਉਹ ਕੈਹੇਂ ਦੀ ਕਾਲਖ ਵਾਂਗੂ ਕਿਤਨਾ ਭੀ ਧੋਵੋ ਕਦੀ ਭੀ ਉੱਜਲਾ ਨਹੀਂ ਹੁੰਦਾ।

## ੧੨. *ਦੁਬਿਧਾ ਵਾਲਾ ਪੁਰਸ਼ ਸਦਾ ਹੀ ਦੁਖੀ ਹੈ*

**੧. ਦੁਖੀਆ ਦੁਸ਼ਟ ਦੁਬਾਜਰਾ**
**ਸ਼ੁਤਰ ਮੁਰਗ ਹੋਇ ਕੰਮ ਨ ਆਵੈ।**
**੨. ਉੱਡਣ ਉੱਡ ਨ ਲੱਦੀਐ**
**ਪੁਰਸ਼ਸਿ ਹੋਈ ਆਪ ਲਖਾਵੈ।**
**੩. ਹਸਤੀ ਦੰਦ ਵਖਾਣੀਅਨਿ**
**ਹੋਰ ਦਿਖਾਲੇ ਹੋਰਤੁ ਖਾਵੈ।**
**੪. ਬੱਕਰੀਆਂ ਨੋ ਚਾਰ ਥਣ**
**ਦੁਇ ਗਲ ਵਿਚ ਦੁਇ ਲੇਵੈ ਲਾਵੈ।**
**੫. ਇਕੀ ਦੁੱਧ ਸਮਾਂਵਦਾ**
**ਇੱਕ ਠਗਾਊ ਠੱਗ ਠਗਾਵੈ।**
**੬. ਹਰਣਾਂ ਅੱਖੀਂ ਚਾਰ ਚਾਰ**
**ਉਇ ਦੇਖਨ ਓਨ੍ਹਾਂ ਦਿਸ ਨ ਆਵੈ।**
**੭. ਦੂਜਾ ਭਾਉ ਕੁਦਾਉ ਹਰਾਵੈ ॥੧੨॥**

***ਪਦ ਅਰਥ :*** ਸ਼ੁਤਰ ਮੁਰਗ—ਊਠ ਪੰਛੀ, ਲਮਢੀਂਗ ਜਾਤ ਦਾ ਸਭ ਤੋਂ ਵੱਡਾ ਪੰਛੀ ਜੋ ਬੜਾ ਹੀ ਦੌੜਦਾ ਹੈ। ਪੁਰਸ਼ਸਿ—ਪੰਛੀ। ਲੇਵੈ—ਹਵਾਨੇ ਨਾਲ ਲਗੇ ਹਨ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜੋ ਦ੍ਵੈਤ-ਭਾਵ ਵਾਲੇ ਲੋਕ ਹਨ ਆਖ਼ਰ ਉਨ੍ਹਾਂ ਨੂੰ ਫਲ ਕੀ ਮਿਲਦਾ ਹੈ ?
ਉ: ਹੇ ਭਾਈਓ! ਮੇਰੇ ਤਜਰਬੇ ਵਿਚ ਤਾਂ ਇਉਂ ਹੀ ਆਇਆ ਹੈ ਕਿ ਦ੍ਵੈਤ-ਭਾਵ ਵਾਲੇ ਪੁਰਸ਼ ਹਮੇਸ਼ਾ ਹੀ ਦੁਖੀਏ ਰਹਿੰਦੇ ਹਨ, ਇਸ ਪਉੜੀ ਵਿਚ ਮੈਂ ਇਹੋ ਭਾਵ ਅੰਕਤ ਕੀਤਾ ਹੈ।
(੧) (ਜਿਵੇਂ ਵੇਖਣ ਵਿਚ ਆਇਆ ਹੈ ਕਿ) ਦੁਖ ਦੇਣ ਵਾਲਾ ਦੁਸ਼ਟ ਤੇ ਦੁਬਾਜਰਾ ਪੁਰਸ਼ ਸ਼ੁਤਰ ਮੁਰਗ ਵਾਂਗੂੰ (ਲੰਮਾ ਤੇ ਉੱਚਾ ਹੋ ਕੇ ਵੀ) ਕਿਸੇ ਕੰਮ ਨਹੀਂ ਆਉਂਦਾ।
(੨) ਸ਼ੁਤਰ ਮੁਰਗ ਪੰਛੀਆਂ ਵਾਂਗੂੰ ਉੱਡ ਨਹੀਂ ਸਕਦਾ (ਤੇ ਨਾ ਊਠਾਂ ਵਾਂਗ ਲੱਦਿਆ ਜਾਂਦਾ ਹੈ) ਕੋਈ ਗੁਣ ਨਾ ਹੁੰਦਿਆਂ ਹੋਇਆਂ ਵੀ ਉਹ ਆਪਣੇ ਆਪ ਨੂੰ ਵੱਡਾ ਜਣਾਉਂਦਾ ਹੈ।
(੩) ਹਾਥੀ ਦੇ ਦੋ ਦੰਦ ਕਹੇ ਜਾਂਦੇ ਹਨ, ਦਿਖਾਣ ਵਾਲੇ ਹੋਰ ਤੇ ਖਾਣ ਵਾਲੇ ਹੋਰ ਹੁੰਦੇ ਹਨ।
(੪) ਬੱਕਰੀਆਂ ਦੇ ਚਾਰ ਥਣ ਹੁੰਦੇ ਹਨ, ਦੋ ਗਲ ਵਿਚ ਤੇ ਦੋ ਹਵਾਨੇ ਨਾਲ ਲਗੇ ਹੁੰਦੇ ਹਨ।
(੫) ਇਕਨਾ ਵਿਚ ਦੁੱਧ ਸਮਾਉਂਦਾ ਹੈ ਤੇ ਦੂਜੇ ਠੱਗ ਹੋ ਕੇ ਲੋਕਾਂ ਨੂੰ ਠੱਗਦੇ ਹਨ।
(੬) ਹਰਨਾਂ ਦੀਆਂ ਚਾਰ ਅੱਖਾਂ ਹੁੰਦੀਆਂ ਹਨ (ਦੋ ਦੇਖਣ ਵਾਲੀਆਂ ਤੇ ਦੋ ਸਿੰਙਾਂ ਕੋਲ) ਦੋਹਾਂ ਵਿਚੋਂ ਤਾਂ ਉਸਨੂੰ ਦਿਖਾਈ ਦੇਂਦਾ ਹੈ ਤੇ ਦੋਹਾਂ ਵਿਚੋਂ ਕੁੱਛ ਨਹੀਂ ਦਿਸਦਾ।
(੭) ਦ੍ਵੈਤ-ਭਾਵ ਦਾ ਖੋਟਾ ਦਾਅ ਹਮੇਸ਼ਾਂ ਹਾਰ ਹੀ ਦੇਂਦਾ ਹੈ।੧੨।

***ਭਾਵਾਰਥ :*** ਦੂਜੇ ਭਾਉ ਵਾਲੇ ਇਸਤ੍ਰੀ ਪੁਰਸ਼ ਉਪਰੋਂ ਹੋਰ ਤੇ ਅੰਦਰੋਂ ਹੋਰ ਹੁੰਦੇ ਹਨ, ਅਜਿਹੇ ਲੋਕ ਅੰਤ ਨੂੰ ਹਾਰਦੇ ਹਨ।

## ੧੩. ਦ੍ਵੈਤ-ਭਾਵ ਵਾਲਾ ਪੁਰਸ਼ ਨਰਕ-ਗਾਮੀ ਹੈ

੧. ਦੰਮਲ ਵੱਜੈ ਦੁਹੁ ਧਿਰੀਂ
ਖਾਇ ਤਮਾਚੇ ਬੰਧਨਿ ਜੜਿਆ।
੨. ਵੱਜਣ ਰਾਗ ਰਬਾਬ ਵਿਚਿ
ਕੰਨ ਮਰੋੜੀ ਫਿਰਿ ਫਿਰਿ ਫੜਿਆ।
੩. ਖਾਨ ਮਜੀਰੇ ਟੱਕਰਾਂ
ਸਿਰ ਤਨ ਭੰਨਿ ਮਰਦੇ ਕਰਿ ਧੜਿਆ।
੪. ਖਾਲੀ ਵਜੈ ਵੰਝੁਲੀ
ਦੇ ਸੂਲਾਕ ਨ ਅੰਦਰਿ ਵੜਿਆ।
੫. ਸੁਇਨੇ ਕਲਸੁ ਸਵਾਰੀਐ
ਭੰਨ ਘੜਾ ਨ ਜਾਈ ਘੜਿਆ।
੬. ਦੂਜਾ ਭਾਉ ਸੜਾਣੈ ਸੜਿਆ ॥੧੩॥

***ਪਦ ਅਰਥ :*** ਦੰਮਲ—ਢੋਲ, ਮ੍ਰਿਦੰਗ। ਮਜੀਰੇ—ਛੈਣੇ। ਕਲਸੁ—ਘੜਾ। ਸੜਾਣੈ—ਅੱਗ, ਨਰਕ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਦ੍ਵੈਤ-ਭਾਵ ਵਾਲੇ ਪੁਰਸ਼ ਨੂੰ ਆਖ਼ਰ ਸਜ਼ਾ ਕੀ ਮਿਲਦੀ ਹੈ?

ਉ: ਹੇ ਭਾਈਓ! ਮੈਂ ਤਾਂ ਜੋ ਦ੍ਵੈਤ-ਭਾਵ ਵਾਲੇ ਲੋਕਾਂ ਦੇ ਸੰਬੰਧ ਵਿਚ ਵੀਚਾਰ ਕਰੀ ਹੈ, ਉਸ ਭਾਵ ਨੂੰ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਉੱਕਰਿਆ ਹੈ:

(੧) (ਜਿਵੇਂ ਵੇਖਦੇ ਹਾਂ ਕਿ) ਢੋਲ ਦੋ ਪਾਸਿਆਂ ਤੋਂ ਵੱਜਦਾ ਹੈ, ਬੰਧਨਾਂ ਵਿਚ ਬੱਝਾ ਹੋਇਆ ਉਹ ਤਮਾਚੇ ਖਾਂਦਾ ਹੈ।

(੨) ਰਬਾਬ ਵਿਚੋਂ ਰਾਗ ਵੱਜਦੇ ਹਨ, ਉਸਦੇ ਕਿੱਲੀਆਂ ਰੂਪੀ ਕੰਨ ਮਰੋੜੇ ਜਾਂਦੇ ਹਨ।

(੩) ਛੈਣੇ ਆਪੋ ਵਿਚ ਟੱਕਰਾਂ ਖਾਂਦੇ ਹਨ ਤੇ ਸਿਰ ਤੇ ਤਨ ਨੂੰ ਭੰਨਦੇ ਹੋਏ ਧੜ ਧੜ ਕਰਕੇ ਮਰਦੇ ਹਨ।

(੪) ਵੰਝਲੀ (ਬੰਸਰੀ) ਖ਼ਾਲੀ ਹੋਵੇ ਤਾਂ ਵੱਜਦੀ ਹੈ, ਜੇ ਉਸ ਵਿਚ ਕੋਈ ਚੀਜ਼ ਫਸ ਜਾਏ ਤਾਂ ਸਾਫ਼ ਕਰਨ ਲਈ ਉਸ ਵਿਚ ਸਲਾਈ ਫੇਰੀ ਜਾਂਦੀ ਹੈ।

(੫) ਸੋਨੇ ਦਾ ਘੜਾ ਭੱਜ ਜਾਏ ਤਾਂ ਉਸ ਨੂੰ ਮੁੜ ਕੇ ਸਵਾਰ ਲਈਦਾ ਹੈ; ਪਰ ਮਿੱਟੀ ਦਾ ਘੜਾ ਜੇ ਭੱਜ ਜਾਏ ਤਾਂ ਉਹ ਫਿਰ ਨਹੀਂ ਘੜਿਆ ਜਾਂਦਾ (ਉਸ ਦੀਆਂ ਠੀਕਰੀਆਂ ਨੂੰ ਰੂੜੀ 'ਤੇ ਸੁੱਟਿਆ ਜਾਂਦਾ ਹੈ)।

(੬) (ਇਸੇ ਤਰ੍ਹਾਂ) ਦ੍ਵੈਤ-ਭਾਵ ਵਾਲਾ ਪੁਰਸ਼ ਨਰਕਾਂ ਦੀ ਅੱਗ ਵਿਚ ਸੜਦਾ ਹੈ।੧੩।

## ੧੪. ਦ੍ਵੈਤ-ਭਾਵ ਦਾ ਸੁਆਦ ਚੰਗਾ ਨਹੀਂ ਹੁੰਦਾ

੧. ਦੁਖੀਆ ਦੁਸ਼ਟੁ ਦੁਬਾਜਰਾ
ਬਗੁਲ ਸਮਾਧਿ ਰਹੈ ਇਕ ਟੰਗਾ।
੨. ਬੱਜਰ ਪਾਪ ਨ ਉਤਰਨਿ
ਘੁਟਿ ਘੁਟਿ ਜੀਆਂ ਖਾਇ ਵਿਚਿ ਗੰਗਾ।
੩. ਤੀਰਥ ਨਾਵੈ ਤੂੰਬੜੀ
ਤਰਿ ਤਰਿ ਤਨੁ ਧੋਵੈ ਕਰਿ ਨੰਗਾ।
੪. ਮਨ ਵਿਚਿ ਵੱਸੈ ਕਾਲਕੂਟ
ਭਰਮੁ ਨ ਉਤਰੈ ਕਰਮੁ ਕੁਢੰਗਾ।
੫. ਵਰਮੀ ਮਾਰੀ ਨਾ ਮਰੈ
ਬੈਠਾ ਜਾਇ ਪਤਾਲ ਭੁਇਅੰਗਾ।
੬. ਹਸਤੀ ਨੀਰ ਨੁਵਾਲੀਐ
ਨਿੱਕਲਿ ਖੇਹ ਉਡਾਏ ਅੰਗਾ।
੭. ਦੂਜਾ ਭਾਉ ਸੁਆਉ ਨ ਚੰਗਾ ॥੧੪॥

***ਪਦ ਅਰਥ :*** ਕਾਲਕੂਟ—ਜ਼ਹਿਰ। ਭੁਇਅੰਗਾ—ਸੱਪ। ਹਸਤੀ—ਹਾਥੀ। ਸੁਆਉ—ਸੁਆਦ, ਪ੍ਰਯੋਜਨ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਕਈ ਦ੍ਵੈਤ-ਵਾਦੀ ਲੋਕ ਭੀ ਲੋਕਾਂ ਤੋਂ ਸਿਫ਼ਤ ਕਰਾਉਣ ਲਈ ਬਗਲ ਸਮਾਧੀਆਂ ਲਾਉਂਦੇ ਵੇਖੀਦੇ ਹਨ, ਦਸੋਗੇ ਉਨ੍ਹਾਂ ਨੂੰ ਆਖ਼ਰ ਫਲ ਕੀ ਮਿਲਦਾ ਹੈ?

ਉ: ਹੇ ਭਾਈਓ! ਐਸੇ ਦੰਭੀ ਲੋਕਾਂ ਨੂੰ ਬਗਲ ਸਮਾਧੀ ਦਾ ਫਲ ਆਖ਼ਰ ਦੁਖ ਹੀ ਮਿਲਦਾ ਹੈ, ਜਿਸਨੂੰ ਮੈਂ ਇਸ ਪਉੜੀ ਵਿਚ ਕੁਝ ਉਦਾਹਰਣਾਂ ਰਾਹੀਂ ਪ੍ਰਗਟ ਕੀਤਾ ਹੈ:

(੧) (ਜਿਵੇਂ ਵੇਖਣ ਵਿਚ ਆਉਂਦਾ ਹੈ ਕਿ) ਦੁਸ਼ਟ ਦੁਬਾਜਰਾ ਪੁਰਸ਼ ਬਗਲੇ ਵਾਂਗੂੰ ਇਕ ਟੰਗ ਦੇ ਭਾਰ ਸਮਾਧੀ ਲਾ ਕੇ (ਵੀ) ਦੁਖੀਆ ਰਹਿੰਦਾ ਹੈ।

(੨) (ਗੰਗਾ ਵਰਗੇ ਪਵਿੱਤ੍ਰ ਅਸਥਾਨ 'ਤੇ ਬੈਠ ਬੈਠ ਕੇ ਜੀਵਾਂ ਨੂੰ ਫੜ ਫੜ ਕੇ ਖਾਣ ਦਾ ਬੱਜਰ ਪਾਪ ਉਸਦੇ ਸਿਰੋਂ ਨਹੀਂ ਉਤਰਦਾ।

(੩) (ਤੂੰਬੀ ਜਿਵੇਂ ਤੀਰਥਾਂ 'ਤੇ ਨਹਾਉਂਦੀ ਹੈ ਤੇ ਤਨ ਨੰਗਾ ਕਰਕੇ ਤਰਦੀ ਹੈ (ਇਸ ਤਰ੍ਹਾਂ ਖੋਟਾ ਪੁਰਸ਼ ਮਨ ਵਿਚ ਕਪਟ ਰਖ ਕੇ ਤੀਰਥਾਂ 'ਤੇ ਨਹਾਉਂਦਾ ਹੈ)।

(੪) (ਪਰ) ਤੂੰਬੀ ਵਾਂਗੂੰ ਦੁਬਾਜਰੇ ਮਨੁੱਖ ਦੇ ਮਨ ਵਿਚ ਪਾਪਾਂ ਦੀ ਜ਼ਹਿਰ ਵੱਸਦੀ ਹੈ, ਜਿਸ ਕਰਕੇ ਉਸ ਦੀ ਭਰਮ ਤੇ ਖੋਟੇ ਕਰਮਾਂ ਦੀ ਮੈਲ ਨਹੀਂ ਉਤਰਦੀ।

(੫) ਵਰਮੀਂ (ਖੁੱਡ) ਦੇ ਬੰਦ ਕਰਨ ਨਾਲ ਸੱਪ ਨਹੀਂ ਮਰਦਾ, ਉਹ ਪਤਾਲ ਵਿਚ ਜਾ ਵੱਸਦਾ ਹੈ, (ਇਸੇ ਤਰ੍ਹਾਂ ਕਪਟੀ ਪੁਰਸ਼ ਦਾ ਮਨ ਵੱਸ ਵਿਚ ਨਹੀਂ ਆਉਂਦਾ, ਕਿਉਂਕਿ ਉਹ ਭਰਮ ਦੇ ਅੰਨ੍ਹੇਰੇ ਵਿਚ ਵੱਸਦਾ ਹੈ)।

(੬) ਹਾਥੀ ਨੂੰ ਪਾਣੀ ਨਾਲ ਕਿੰਨਾ ਹੀ ਨੁਵਾਓ, ਪਰ ਪਾਣੀ ਤੋਂ ਬਾਹਰ ਨਿਕਲਦਾ ਹੀ ਉਹ ਆਪਣੇ ਸਿਰ ਵਿਚ ਖੇਹ ਪਾ ਲੈਂਦਾ ਹੈ। (ਇਸੇ ਤਰ੍ਹਾਂ ਖੋਟਾ ਪੁਰਸ਼ ਸਤਿਸੰਗ ਵਿਚੋਂ ਬਾਹਰ ਆ ਕੇ ਫਿਰ ਵਿਕਾਰਾਂ ਵਿਚ ਲੱਗ ਜਾਂਦਾ ਹੈ)।

(੭) ਦੂਜੇ ਭਾਵ ਦਾ ਸੁਆਉ (ਪ੍ਰਯੋਜਨ) ਚੰਗਾ ਨਹੀਂ ਹੁੰਦਾ।੧੪।

## ੧੫. ਦੁਬਾਜਰੇ ਦਾ ਅੰਤ ਹੈ ਜਮਾਂ ਦੀਆਂ ਚੋਟਾਂ

**੧. ਦੂਜਾ ਭਾਉ ਦੁਬਾਜਰਾ**
**ਮਨ ਪਾਟੈ ਖਰਬਾੜੂ ਖੀਰਾ।**
**੨. ਅੱਗਹੁ ਮਿੱਠਾ ਹੋਇ ਮਿਲੈ**
**ਪਿੱਛਹੁ ਕਉੜਾ ਦੋਖੁ ਸਰੀਰਾ।**
**੩. ਜਿਉਂ ਬਹੁ ਮਿੱਤਾ ਕਵਲ ਫੁਲ**
**ਬਹੁਰੰਗੀ ਬੰਨ੍ਹਿ ਪਿੰਡ ਅਹੀਰਾ।**
**੪. ਹਰਿਆ ਤਿਲ ਬੂਆੜ ਜਿਉਂ**
**ਕਲੀ ਕਨੇਰ ਦੁਰੰਗ ਨ ਧੀਰਾ।**
**੫. ਜੇ ਸਉ ਹੱਥਾਂ ਨੜ ਵਧੈ**
**ਅੰਦਰ ਖਾਲੀ ਵਾਜ ਨਫੀਰਾ।**
**੬. ਚੰਨਣ ਵਾਸ ਨ ਬੋਹੀਅਨ**
**ਖਹਿ ਖਹਿ ਵਾਂਸ ਜਲਨ ਬੇਪੀਰਾ।**
**੭. ਜਮ ਦਰ ਚੋਟਾਂ ਸਹੈ ਵਹੀਰਾ॥੧੫॥**

***ਪਦ ਅਰਥ :*** ਮਨ ਪਾਟੈ—ਮਨ ਦਾ ਫਟਿਆ ਹੋਇਆ। ਖਰਬਾੜੂ ਖੀਰਾ—ਫਿਟਿਆ ਦੁੱਧ। ਬਹੁ ਮਿੱਤਾ—ਬਹੁਤਿਆਂ ਦਾ ਮਿੱਤ੍ਰ, ਫੁਲ ਫੁਲ ਪਰ ਬੈਠਣ ਵਾਲਾ ਭਾਵ ਭੌਰਾ। ਪਿੰਡ ਅਹੀਰਾ—ਗੋਇਲ ਵਾਸ। ਨ ਧੀਰਾ—ਸਥਿਰ ਨਾ ਰਹਿਣ ਵਾਲਾ। ਨੜ—ਨੜਾ। ਨਫੀਰਾ—ਤੂਤੀਆਂ। ਸਹੈ ਵਹੀਰਾ—ਭੀੜਾਂ ਸਹਾਰਦੀਆਂ ਹਨ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਹਰ ਮਨੁੱਖ ਨੂੰ ਹਰ ਕਰਮ ਦਾ ਫਲ ਭੁਗਤਣਾ ਪੈਂਦਾ ਹੈ, ਆਖ਼ਰ ਮਨਮੁਖ ਨੂੰ ਮਨਮੁਖਤਾ ਦਾ ਕੀ ਫਲ ਮਿਲਦਾ ਹੈ?

**ਉ:** ਹੇ ਭਾਈਓ! ਗੁਰਬਾਣੀ ਦੇ ਭਾਵਾਂ ਅਨੁਸਾਰ ਜਦੋਂ ਵੀਚਾਰ ਕਰੀਏ ਤਾਂ ਇਹੋ ਬੋਧ ਮਿਲਦਾ ਹੈ ਕਿ ਮਨਮੁਖ ਅੰਤ ਨੂੰ ਜਮਾਂ ਦੀਆਂ ਚੋਟਾਂ ਹੀ ਸਹਾਰਦਾ ਹੈ, ਇਸੇ ਭਾਵ ਨੂੰ ਮੈਂ ਇਸ ਪਉੜੀ ਵਿਚ ਦਰਸਾਇਆ ਹੈ:

(੧) (ਗੁਰਬਾਣੀ ਦੁਆਰੇ ਜਾਣਕਾਰੀ ਮਿਲਦੀ ਹੈ ਕਿ) ਦੂਜੇ ਭਾਵ ਵਾਲੇ (ਮਨਮੁਖ) ਦਾ ਮਨ ਇਉਂ ਫਟਿਆ ਹੁੰਦਾ ਹੈ, ਜਿਵੇਂ ਫਿਟਿਆ ਹੋਇਆ ਦੁੱਧ ਹੁੰਦਾ ਹੈ।

(੨) (ਫਿਟਿਆ ਹੋਇਆ ਦੁੱਧ) ਪਹਿਲੇ ਤਾਂ ਮਿੱਠਾ ਲੱਗਦਾ ਹੈ, ਪਰ (ਖਾਣ ਤੋਂ) ਪਿਛੋਂ ਸਰੀਰ ਨੂੰ ਰੋਗੀ ਕਰ ਦਿੰਦਾ ਹੈ (ਇਸੇ ਤਰ੍ਹਾਂ ਮਨਮੁਖ ਦੀ ਦਸ਼ਾ ਹੁੰਦੀ ਹੈ)।

(੩) ਜਿਵੇਂ ਭੌਰਾ ਬਹੁਤੇ ਰੰਗਾਂ ਵਾਲੇ ਕਵਲ ਫੁੱਲਾਂ ਦੇ ਬਨ ਨੂੰ ਅਹੀਰਾਂ ਦੇ ਪਿੰਡ ਵਾਂਗੂੰ ਪੱਕਾ ਸਮਝ ਲੈਂਦਾ ਹੈ, ਪਰ ਉਹ ਇਹ ਨਹੀਂ ਜਾਣਦਾ ਕਿ ਇਹ ਤਾਂ ਗੋਇਲ ਵਾਸ ਹੈ।

(੪) ਹਰੇ ਬੂਆੜ ਦੇ ਤਿਲਾਂ ਦੇ ਬੂਟੇ ਤੇ ਕਨੇਰ ਦੀ ਕਲੀ ਵਾਂਗੂੰ ਦੁਬਾਜਰਾ ਦੋ ਰੰਗਾ ਹੁੰਦਾ ਹੈ, ਉਹ ਸਥਿਰ ਨਹੀਂ ਰਹਿੰਦਾ।

(੫) ਜੇ ਨੜਾ ਸੌ ਹੱਥ ਜਿੰਨਾ ਉੱਚਾ ਹੋ ਜਾਵੇ, ਤਦ ਵੀ ਉਹ ਅੰਦਰੋਂ ਖ਼ਾਲੀ ਹੁੰਦਾ ਹੈ ਤੇ ਮੁਰਲੀ ਬਣਨ ਦੇ ਯੋਗ ਵੀ ਨਹੀਂ ਰਹਿੰਦਾ। (ਇਸੇ ਤਰ੍ਹਾਂ ਦੁਬਾਜਰਾ ਪੁਰਸ਼ ਗੁਣਹੀਣ ਹੋਣ ਕਰਕੇ ਕਿਸੇ ਦਾ ਕੁੱਛ ਨਹੀਂ ਸਵਾਰਦਾ)।

(੬) ਚੰਦਨ ਦੇ ਕੋਲ ਰਹਿੰਦੇ ਹੋਏ ਬਾਂਸ ਸੁਗੰਧਤ ਨਹੀਂ ਹੁੰਦੇ, ਉਹ ਬੇ-ਪੀਰੇ (ਨਿਗੁਰੇ) ਆਪੋ ਵਿਚ ਖਹਿ ਖਹਿ ਕੇ ਸੜ ਮਰਦੇ ਹਨ।

(੭) (ਮਨਮੁਖ) ਜਮ ਦੇ ਦਰ 'ਤੇ ਪਏ ਚੋਟਾਂ ਸਹਿੰਦੇ ਹਨ।੧੫।

*ਭਾਵਾਰਥ :*

ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ ॥

*(ਗੂਜਰੀ ਵਾਰ ਮਹਲਾ ੫, ਪੰਨਾ ੫੨੦)*

ਅਰਥਾਤ ਬਿਗਾਨੀ ਬਾਰ (ਜਮਾਂ ਦੇ ਰਸਤੇ ਵਿਚ) ਵੱਡੀਆਂ ਚੀਕਾਂ ਰਾਹਾਂ ਵਿਖੇ ਪੈਂਦੀਆਂ ਹਨ।

## ੧੬. ਮਨਮੁਖ ਦੀ ਨਿੰਮ੍ਰਤਾ ਵੀ ਬੁਰੀ ਹੈ

**੧. ਦੂਜਾ ਭਾਉ ਦੁਬਾਜਰਾ**
**ਬੱਧਾ ਕਰੈ ਸਲਾਮ ਨ ਭਾਵੈ।**
**੨. ਢੀਂਗ ਜੁਹਾਰੀ ਢੀਂਗਲੀ**
**ਗਲ ਬੱਧੇ ਉਹ ਸੀਸ ਨਿਵਾਵੈ।**
**੩. ਗਲ ਬੱਧੇ ਜਿਉਂ ਨਿੱਕਲੈ**
**ਖੂਹੋਂ ਪਾਣੀ ਉੱਪਰ ਆਵੈ।**
**੪. ਬੱਧਾ ਚੱਟੀ ਜੇ ਭਰੈ**
**ਨਾ ਗੁਣ ਨਾ ਉਪਕਾਰ ਚੜ੍ਹਾਵੈ।**
**੫. ਨਿਵੈਂ ਕਮਾਨ ਦੁਬਾਜਰੀ**
**ਜਿਹ ਫੜ ਦੇਇ ਕਸੀਸ ਸਹਾਵੈ।**
**੬. ਨਿਵੈਂ ਅਹੇੜੀ ਮਿਰਗ ਦੇਖ**
**ਕਰੈ ਵਿਸਾਹ ਧ੍ਰੋਹ ਸਰ ਲਾਵੈ।**
**੭. ਅਪਰਾਧੀ ਅਪਰਾਧ ਕਮਾਵੈ ॥੧੬॥**

*ਪਦ ਅਰਥ :* ਜੁਹਾਰੀ—ਨਮਸਕਾਰ। ਅਹੇੜੀ—ਸ਼ਿਕਾਰੀ। ਸਰ—ਤੀਰ। ਢੀਂਗਲੀ—ਜਿਸ ਜੰਤਰ ਨਾਲ ਪਾਣੀ ਕੱਢੀਦਾ ਹੈ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਇਹ ਵੀ ਵੇਖਣ ਵਿਚ ਆਉਂਦਾ ਹੈ ਕਿ ਕਈ ਲੋਕ ਹੁੰਦੇ ਤਾਂ ਮਨਮੁਖ ਹਨ, ਪਰ ਉਹ ਆਪਣੇ ਆਪ ਵਿਚ ਨਿੰਮ੍ਰਤਾ ਬੜੀ ਪ੍ਰਗਟ ਕਰਦੇ ਹਨ, ਇਸ ਬਾਰੇ ਆਪ ਕੀ ਕਹਿਣਾ ਚਾਹੋਗੇ ?

ਉ: ਹੇ ਭਾਈਓ ! ਅਜਿਹੇ ਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੇ ਅਪਰਾਧੀ ਦਾ ਰੂਪ ਦਰਸਾਇਆ ਹੈ, ਜਿਵੇਂ ਕਿ :

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥
ਸੀਸਿ ਨਿਵਾਇਐ ਕਿਆ ਥੀਐ
ਜਾ ਰਿਦੈ ਕੁਸੁਧੇ ਜਾਹਿ ॥੧॥ *(ਸਲੋਕ ਮ: ੧, ਪੰਨਾ ੪੭੦)*

ਸੋ, ਮੈਂ ਭੀ ਇਸ ਪਉੜੀ ਵਿਚ ਇਸੇ ਭਾਵ ਨੂੰ ਦਰਸਾਇਆ ਹੈ :

(੧) (ਹੇ ਭਾਈਓ !) ਦ੍ਵੈਤ-ਭਾਵ ਵਾਲਾ ਦੁਬਾਜਰਾ ਪੁਰਸ਼ ਬਧੋਗੀਰੀ ਨਾਲ ਸਲਾਮ ਕਰਦਾ ਹੈ, ਇਸ ਕਰਕੇ ਉਹ ਕਿਸੇ ਨੂੰ ਚੰਗਾ ਨਹੀਂ ਲਗਦਾ।

(੨) (ਜਿਵੇਂ ਕਿ) ਢੀਂਗਲੀ ਨਾਲ ਡੋਲ ਬੱਧਾ ਹੁੰਦਾ ਹੈ, ਜਦੋਂ ਪਾਣੀ ਕੱਢਣ ਲਈ ਢੀਂਗਲੀ ਨੂੰ ਖੂਹ ਵਿਚ ਲਮਕਾਈਦਾ ਹੈ ਤਾਂ ਉਹ ਨਿਉਂਕੇ ਨਮਸਕਾਰ ਕਰਦੀ ਹੈ।

(੩) ਖੂਹ ਵਿਚੋਂ ਪਾਣੀ ਤਾਂ ਬਾਹਰ ਆ ਜਾਂਦਾ ਹੈ, ਪਰ ਉਹ ਗਲ ਬਝੀ ਹੋਈ ਬਾਹਰ ਆਉਂਦੀ ਹੈ।

(੪) (ਇਸੇ ਤਰ੍ਹਾਂ) ਜਿਹੜਾ ਮਨੁੱਖ ਬੱਧਾ ਹੋਇਆ ਚੱਟੀ ਭਰਦਾ ਹੈ, ਉਸਦਾ ਨਾ ਕੋਈ ਗੁਣ ਹੁੰਦਾ ਹੈ ਤੇ ਨਾ ਹੀ ਕੋਈ ਉਪਕਾਰ।

(੫) ਦੁਬਾਜਰੀ ਕਮਾਣ ਨੂੰ ਜਦੋਂ ਖਿੱਚੋ ਤਾਂ ਉਹ ਵੀ ਨਿਉਂਦੀ ਹੈ।

(੬) ਸ਼ਿਕਾਰੀ ਵੀ ਹਰਨ ਨੂੰ ਵੇਖ ਕੇ ਨਿਉਂਦਾ ਹੈ, ਪਰ ਉਹ ਵਿਸਾਹ ਕੇ ਧੋਖੇ ਨਾਲ (ਹਰਨ ਨੂੰ) ਤੀਰ ਮਾਰਦਾ ਹੈ।

(੭) (ਇਸੇ ਤਰ੍ਹਾਂ) ਅਪਰਾਧੀ ਹਮੇਸ਼ ਅਪਰਾਧ ਹੀ ਕਮਾਉਂਦਾ ਹੈ।੧੬।

ਭਾਵ ਹੈ ਕਿ ਮਨਮੁਖ ਦੀ ਨਿੰਮ੍ਰਤਾ ਵਿਚ ਭੀ ਖੋਟ ਹੀ ਹੁੰਦਾ ਹੈ।

## ੧੭. ਦੁਬਾਜਰੇ ਵਿਚ ਨਿੰਮ੍ਰਤਾ ਨਹੀਂ ਹੁੰਦੀ

੧. ਨਿਵੈਂ ਨ ਤੀਰ ਦੁਬਾਜਰਾ
ਗਾਡੀ ਖੰਭ ਮੁਖੀ ਮੁਹਿ ਲਾਏ।
੨. ਨਿਵੈਂ ਨ ਨੇਜਾ ਦੋ ਮੁਹਾਂ
ਰਣ ਵਿਚ ਉੱਚਾ ਆਪ ਗਣਾਏ।
੩. ਅਸ਼ਟ ਧਾਤ ਦਾ ਜਬਰਜੰਗ
ਨਿਵੈ ਨ ਫੁੱਟੈ ਕੋਟ ਢਹਾਏ।
੪. ਨਿਵੈਂ ਨ ਖੰਡਾ ਸਾਰ ਦਾ
ਹੋਇ ਦੁਧਾਰਾ ਖ਼ੂਨ ਕਰਾਏ।
੫. ਨਿਵੈਂ ਨ ਸੂਲੀ ਘੇਰਣੀ
ਕਰ ਅਸਵਾਰ ਫਾਹੇ ਦੇਵਾਏ।
੬. ਨਿਵਣ ਨ ਸੀਖਾਂ ਸਖਤ ਹੋਇ
ਮਾਸ ਪਰੋਇ ਕਬਾਬ ਭੁਨਾਏ।
੭. ਜਿਉਂ ਕਰ ਆਰਾ ਰੁੱਖ ਤਛਾਏ ॥੧੭॥

***ਪਦ ਅਰਥ :*** ਜਬਰਜੰਗ—ਗੁਰਜ। ਸਾਰ—ਲੋਹਾ। ਘੇਰਣੀ—ਘੇਰਨ ਵਾਲੀ। ਕਬਾਬ—ਮਾਸ। ਸੀਖਾਂ—ਲੋਹੇ ਦੀਆਂ ਸੀਖਾਂ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਦੁਬਾਜਰੇ ਪੁਰਸ਼ ਵੇਖਣ ਵਿਚ ਤਾਂ ਨਿਉਂਦੇ ਹੀ ਨਜ਼ਰ ਆਉਂਦੇ ਹਨ, ਪਰ ਇਸ ਬਾਰੇ ਆਪ ਕੀ ਕਹਿਣਾ ਚਾਹੋਗੇ, ਜਾਣਕਾਰੀ ਦਿਓ ?

ਉ: ਹੇ ਭਾਈਓ ! ਅਸਲ ਵਿਚ ਦੁਬਾਜਰਾ ਪੁਰਸ਼ ਨਿਉਂਦਾ ਨਹੀਂ, ਉਹ ਤਾਂ ਸਗੋਂ ਆਪਣੀ ਆਕੜ ਦਰਸਾਉਂਦਾ ਹੈ, ਇਸੇ ਭਾਵ ਨੂੰ ਪ੍ਰਗਟਾਉਣ ਲਈ ਮੈਂ ਇਸ ਪਉੜੀ ਵਿਚ ਕੁਝ ਉਦਾਹਰਣ ਦਿਤੇ ਹਨ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਦੁਬਾਜਰਾ ਤੀਰ ਨਿਉਂਦਾ ਨਹੀਂ, ਇਸ ਕਰਕੇ ਉਸ ਦੇ ਮੂੰਹ ਵਿਚ ਖੰਭ ਵਾਂਗੂੰ ਪਤਲੀ ਮੁਖੀ ਲਾਈਦੀ ਹੈ।

(੨) ਦੋ ਮੂੰਹਾਂ ਵਾਲਾ ਨੇਜਾ ਨਿਉਂਦਾ ਨਹੀਂ, ਜੰਗ ਦੇ ਮੈਦਾਨ ਵਿਚ ਉੱਚਾ ਹੋ ਕੇ ਆਪਣੇ ਆਪ ਨੂੰ ਜਣਾਉਂਦਾ ਹੈ।

(੩) ਅੱਠਾਂ ਧਾਤਾਂ ਦਾ ਬਣਿਆਂ ਹੋਇਆ ਗੁਰਜ ਜੰਗ ਵਿਚ ਨਿਉਂਦਾ ਤੇ ਫੁਟਦਾ ਨਹੀਂ, ਉਹ ਕਿਲ੍ਹਿਆਂ ਨੂੰ ਢਾਹੁੰਦਾ ਹੈ।

(੪) ਲੋਹੇ ਦਾ ਖੰਡਾ ਵੀ ਨਹੀਂ ਨਿਉਂਦਾ, ਉਹ ਦੋਧਾਰਾ ਹੋ ਕੇ ਖ਼ੂਨ ਕਰਦਾ ਹੈ।

(੫) ਘੇਰਣ ਵਾਲੀ ਸੂਲੀ ਵੀ ਨਹੀਂ ਨਿਉਂਦੀ, ਕਈਆਂ ਨੂੰ ਆਪਣੇ ਉਪਰ ਅਸਵਾਰ ਕਰਾ ਕੇ ਫਾਹੇ ਦਿਵਾਉਂਦੀ ਹੈ।

(੬) (ਲੋਹੇ ਦੀਆਂ) ਸਖ਼ਤ ਸੀਖ਼ਾਂ ਵੀ ਨਹੀਂ ਨਿਉਂਦੀਆਂ, ਭਾਵੇਂ ਕਈ ਤਰ੍ਹਾਂ ਦੇ ਮਾਸ ਕਬਾਬ ਉਸ ਵਿਚ ਪਰੋ ਕੇ ਭੁੰਨੇ ਜਾਂਦੇ ਹਨ।

(੭) ਜਿਸ ਤਰ੍ਹਾਂ ਆਰਾ ਬ੍ਰਿਛ ਨੂੰ ਵੱਢਦਾ ਹੈ, ਪਰ ਆਪ ਨਹੀਂ ਨਿਉਂਦਾ।੧੭।

***ਭਾਵਾਰਥ :*** ਉਪਰ ਦਰਸਾਏ ਹਥਿਆਰਾਂ ਵਾਂਗੂੰ ਦੁਬਾਜਰਾ ਪੁਰਸ਼ ਵੀ ਨਿਉਂਦਾ ਨਹੀਂ, ਉਹ ਆਪਣੀ ਆਕੜ ਨਾਲ ਲੋਕਾਂ ਨੂੰ ਦੁਖ ਦਿੰਦਾ ਹੈ ਤੇ ਆਪ ਦੁਖ ਪਾਉਂਦਾ ਹੈ।

## ੧੮. ਦੁਬਾਜਰਾ ਦੁਖਦਾਈ ਹੁੰਦਾ ਹੈ

੧. ਅੱਕ ਧਤੂਰਾ ਝੰਟੁਲਾ
ਨੀਵਾਂ ਹੋਇ ਨ ਦੁਬਿਧਾ ਖੋਈ।
੨. ਫੁਲਿ ਫੁਲਿ ਫੁਲੇ ਦੁਬਾਜਰੇ
ਬਿਖੁ ਫਲ ਫਲਿ ਫਲਿ ਮੰਦੀ ਸੋਈ।
੩. ਪੀਐ ਨ ਕੋਈ ਅੱਕ ਦੁਧੁ
ਪੀਤੇ ਮਰੀਐ ਦੁਧੁ ਨ ਹੋਈ।
੪. ਖੱਖੜੀਆਂ ਵਿਚਿ ਬੁੱਢੀਆਂ
ਫਟਿ ਫਟਿ ਫੁਟਿ ਫੁਟਿ ਉੱਡਨਿ ਓਈ।
੫. ਚਿੱਤਮਿਤਾਲਾ ਅੱਕ ਤਿਡੁ
ਮਿਲੈ ਦੁਬਾਜਰਿਆਂ ਕਿਉਂ ਢੋਈ।
੬. ਖਾਇ ਧਤੂਰਾ ਬਰਲੀਐ
ਕੱਖ ਚੁਣੰਦਾ ਵੱਤੈ ਲੋਈ।
੭. ਕਉੜੀ ਰੱਤਕ ਜੇਲ ਪਰੋਈ ॥੧੮॥

***ਪਦ ਅਰਥ :*** ਝੰਟੁਲਾ—ਲਗਰਾਂ ਵਾਲਾ। ਸੋਈ—ਸੋਭਾ। ਬਰਲੀਐ—ਕਮਲਾ ਹੋਣਾ। ਖੱਖੜੀਆਂ ਵਿਚਿ ਬੁੱਢੀਆਂ—ਰੂੰ ਦੇ ਪੰਖੇ। ਚੁਣੰਦਾ ਵੱਤੈ—ਚੁਣਦਾ ਫਿਰਦਾ ਹੈ। ਜੇਲ—ਹਾਰ।

**ਅਰਥ :**

ਪ੍ਰ: ਭਾਈ ਸਾਹਿਬ ਜੀਉ! ਤੁਸੀਂ ਆਪਣੇ ਵੀਚਾਰ ਦਸੋ ਕਿ ਦੁਬਾਜਰੇ, ਮਨਮੁਖਾਂ ਨਾਲ ਕਿਹੋ ਜਿਹਾ ਵਰਤਾਰਾ ਕਰਨਾ ਚਾਹੀਦਾ ਹੈ?

ਉ: ਹੇ ਭਾਈਓ! ਮੇਰੇ ਤਜਰਬੇ ਵਿਚ ਤਾਂ ਇਹੋ ਆਇਆ ਹੈ ਕਿ ਮਨਮੁਖ ਦੀ ਸੰਗਤ ਤੋਂ ਬਚ ਕੇ ਹੀ ਰਹਿਣਾ ਯੋਗ ਹੈ, ਕਿਉਂਕਿ ਮਨਮੁਖ ਦੀ ਕੁਸੰਗਤ ਸਦਾ ਹੀ ਦੁਖਦਾਈ ਹੋਇਆ ਕਰਦੀ ਹੈ, ਇਸੇ ਭਾਵ ਨੂੰ ਮੈਂ ਇਸ ਪਉੜੀ ਵਿਚ ਪ੍ਰਗਟਾਇਆ ਹੈ:

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਅੱਕ ਤੇ ਧਤੂਰੇ ਦਾ ਬੂਟਾ ਲਗਰਦਾਰ ਹੁੰਦਾ ਹੈ, ਉਹ ਨੀਵਾਂ ਹੋ ਕੇ ਵੀ ਦਵੈਤ-ਭਾਵ ਨਾਸ ਨਹੀਂ ਕਰਦਾ (ਭਾਵ ਆਪਣਾ ਜ਼ਹਿਰ ਨਹੀਂ ਛੱਡਦਾ)।

(੨) (ਭਾਵੇਂ ਇਹ ਦੁਬਾਜਰੇ ਬੂਟੇ) ਫੁਲ ਫਲਾਂ ਨਾਲ ਫਲਦੇ ਹਨ, ਪਰ ਜ਼ਹਿਰੀਲੇ ਫਲਾਂ ਦੇ ਲੱਗਣ ਕਰਕੇ ਇਨ੍ਹਾਂ ਦੀ ਸੋਭਾ ਮੰਦੀ ਹੀ ਹੁੰਦੀ ਹੈ।

(੩) (ਅੱਕ ਦੇ ਦੁੱਧ ਨੂੰ ਕੋਈ ਨਹੀਂ ਪੀਂਦਾ, ਇਸਦੇ ਪੀਣ ਨਾਲ ਪ੍ਰਾਣੀ ਮਰ ਜਾਂਦਾ ਹੈ, ਇਸ ਵਿਚ ਦੁੱਧ ਦਾ ਕੋਈ ਗੁਣ ਨਹੀਂ ਹੁੰਦਾ।

(੪) ਅੱਕ ਦੀਆਂ ਖੱਖੜੀਆਂ ਵਿਚੋਂ ਰੂੰ ਦੀਆਂ ਗੋਹੜੀਆਂ ਫੁੱਟ ਫੁੱਟ ਕੇ ਨਿਕਲਦੀਆਂ ਹਨ ਤੇ ਉਡਦੀਆਂ ਫਿਰਦੀਆਂ ਹਨ (ਕਈਆਂ ਦੀਆਂ ਅੱਖਾਂ ਵਿਚ ਪੈ ਕੇ ਦੁਖੀ ਕਰਦੀਆਂ ਹਨ)।

(੫) ਅੱਕ ਦੇ ਤਿੱਡੇ ਦਾ ਚਿੱਤ੍ਰ-ਮਿਤ੍ਰਾ ਰੰਗ ਹੁੰਦਾ ਹੈ, ਉਸ ਵਾਂਗੂੰ ਦੁਬਾਜਰਿਆਂ ਨੂੰ ਕਿਤੇ ਵੀ ਢੋਈ ਨਹੀਂ ਮਿਲਦੀ।

(੬) ਜੇ ਕੋਈ ਧਤੂਰਾ ਖਾ ਲਵੇ ਤਾਂ ਉਹ ਕਮਲਾ ਹੋ ਕੇ ਗਲੀਆਂ ਦੇ ਕੱਖ ਚੁਣਦਾ ਫਿਰਦਾ ਹੈ।

(੭) ਕੌਡੀਆਂ ਰੱਤਕਾਂ ਦੇ ਹਾਰ ਪਰੋ ਛੱਡਦੇ ਹਨ (ਗੱਲ ਕੀ ਭਾਵੇਂ ਹਾਰ ਪਰੋ ਕੇ ਕੁੜੀਆਂ ਗਲ ਵਿਚ ਪਾਉਂਦੀਆਂ ਹਨ, ਪਰ ਵੇਖਣ ਨੂੰ ਹੀ ਸੋਹਣੀਆਂ ਹਨ, ਅੰਦਰੋਂ ਵਿਹੂਲੀਆਂ ਹਨ)।੧੮।

***ਭਾਵਾਰਥ :*** ਇਸ ਪਉੜੀ ਵਿਚ ਭਾਈ ਸਾਹਿਬ ਜੀ ਨੇ ਨਿਵੇਂ ਹੋਏ ਦੁਬਾਜਰਿਆਂ ਦੇ ਉਦਾਹਰਣ ਦਿਤੇ ਹਨ ਕਿ ਜੇ ਮਨਮੁਖ ਨਿਉਂਵੀ ਜਾਣ, ਫਲ ਫੁਲ ਭੀ ਪੈਣ, ਲਾਭਦਾਇਕ ਤੇ ਸੋਹਣੇ ਭੀ ਦਿੱਸਣ, ਪਰ ਉਹ ਤਾਂ ਭੀ ਦੁਖਦਾਈ ਹੁੰਦੇ ਹਨ।

## ੧੯. ਮਨਮੁਖ ਹਉਮੈਂ ਵਿਚ ਸੜਦੇ ਹਨ

**੧. ਵਧੈ ਚੀਲ ਉਜਾੜ ਵਿਚਿ**
**ਉਚੈ ਉੱਪਰ ਉੱਚੀ ਹੋਈ।**
**੨. ਗੰਢੀਂ ਜਲਨ ਮੁਸਾਹਰੇ**
**ਪੱਤ ਅਪੱਤ ਨ ਛੁਹੰਦਾ ਕੋਈ।**
**੩. ਛਾਉਂ ਨ ਬਹਨਿ ਪੰਧਾਣੂਆਂ**
**ਪਵੈ ਪਿਛਾਵਾਂ ਟਿੱਬੀਂ ਟੋਈ।**
**੪. ਫਿੰਡ ਜਿਵੇ ਫਲੁ ਫਾਟੀਅਨਿ**
**ਘੁੰਘਰਿਆਲੈ ਰੁਲਨਿ ਪਰੋਈ।**
**੫. ਕਾਠੁ ਕੁਕਾਠੁ ਨ ਸਹਿ ਸਕੈ**
**ਪਾਣੀ ਪਵਣੁ ਨ ਧੁੱਪ ਨ ਲੋਈ।**
**੬. ਲੱਗੀ ਮੂਲਿ ਨ ਵਿੱਝਵੈ**
**ਜਲਦੀ ਹਉਮੈਂ ਅਗਿ ਖੜੋਈ।**
**੭. ਵਡਿਆਈ ਕਰਿ ਦਈ ਵਿਗੋਈ॥੧੯॥**

***ਪਦ ਅਰਥ :*** ਮੁਸਾਹਰੇ—ਮਸਾਲਾਂ ਦੀ ਨਿਆਈਂ। ਪੰਧਾਣੂਆਂ—ਮੁਸਾਫ਼ਰ। ਟਿੱਬੀਂ ਟੋਈ—ਟਿੱਬਿਆਂ ਟੋਇਆਂ ਵਿਚ ਭਾਵ ਦੂਰ ਦੂਰ। ਫਿੰਡ—ਅੱਕ ਖੱਖੜੀ ਦੇ ਬਿੰਡੇ ਵਾਂਗ। ਘੁੰਘਰਿਆਲੈ—ਘੁੰਘਰੀਆਂ ਵਾਲੇ ਗੋਲ ਗੋਲ। ਰੁਲਨਿ ਪਲੋਈ—ਰੁਲਦੇ ਜਾਂ ਉੱਡਦੇ ਪਏ ਹਨ।

**ਅਰਥ :**

ਪ੍ਰ: ਭਾਈ ਸਾਹਿਬ ਜੀਉ! ਉਂਞ ਤਾਂ ਸਾਰੀ ਮਨੁੱਖਤਾ ਹੀ ਭਿੰਨ ਭਿੰਨ ਵਾਸ਼ਨਾਵਾਂ ਦੀਆਂ ਅਗਨਾਂ ਵਿਚ ਦਿਨੇ ਰਾਤ ਪਈ ਸੜਦੀ ਦਿਸਦੀ ਹੈ, ਪਰ ਮਨਮੁਖਾਂ ਨੂੰ ਉਹ ਵਧੇਰੇ ਸੜਨ ਕਿਹੜੀ ਹੈ, ਜਿਸ ਦੁਆਰੇ ਉਹ ਸਦਾ ਹੀ ਸੜਦੇ ਰਹਿੰਦੇ ਹਨ?

ਉ: ਹੇ ਭਾਈਓ! ਜਦੋਂ ਬਾਣੀ ਦੁਆਰੇ ਵੀਚਾਰ ਕਰਦੇ ਹਾਂ ਤਾਂ ਇਹੋ ਬੋਧ ਮਿਲਦਾ ਹੈ ਕਿ ਇਹ ਸਾਰਾ ਸੰਸਾਰ ਹੀ ਅੱਗ ਵਿਚ ਦਿਨੇ ਰਾਤ ਸੜਦਾ ਹੈ, ਜਿਵੇਂ ਹੁਕਮ ਹੈ ਕਿ:

ਅਗਨਿ ਸਾਗਰ ਬੂਡਤ ਸੰਸਾਰਾ॥
ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ॥੪॥੩॥੮॥
*(ਬਿਲਾਵਲੁ ਮਹਲਾ ੫, ਪੰਨਾ ੮੦੪)*

ਭਾਵ ਹੈ ਕਿ ਇਹ ਸਾਰਾ ਸੰਸਾਰ ਹੀ ਕਾਮਾਦਿਕ ਵਿਕਾਰਾਂ ਦੀ ਪ੍ਰਜੁਲਤ ਅਗਨ ਵਿਚ ਪਿਆ ਸੜਦਾ ਹੈ, ਪਰ ਕੋਈ ਵਿਰਲਾ ਹੀ ਸੇਵਕ ਹੈ, ਜਿਸਨੂੰ ਸਤਿਗੁਰੂ ਜੀ ਨੇ ਬ੍ਰਿਤੀ ਰੂਪ ਭੁਜਾਂ ਤੋਂ ਪਕੜ ਕੇ ਇਨ੍ਹਾਂ ਵਿਕਾਰਾਂ ਦੀ ਅੱਗ ਤੋਂ ਬਚਾਅ ਲਿਆ ਹੈ, ਬਾਕੀ ਦੇ ਸਾਰੇ ਮਨਮੁਖ ਹਉਮੈ ਦੀ ਅਗਨ ਵਿਚ ਪਏ ਸੜਦੇ ਹਨ, ਇਸੇ ਭਾਵ ਨੂੰ ਮੈਂ ਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਅੰਦਰ ਕੁਝ ਉਦਾਹਰਣ ਅੰਕਤ ਕੀਤੇ ਹਨ:

(੧) (ਜਿਵੇਂ) ਚੀਲ੍ਹ ਦਾ ਬ੍ਰਿਛ ਉਜਾੜ ਵਿਚ ਉੱਚੇ ਪਹਾੜਾਂ 'ਤੇ ਉੱਗ ਕੇ ਉੱਚਾ ਹੁੰਦਾ ਹੈ।

(੨) ਉਸਦੀਆਂ ਗੰਢਾਂ ਮਸਾਲਾਂ ਵਾਂਗੂੰ ਬਲਦੀਆਂ ਹਨ ਤੇ ਉਸਦੇ ਬੇਪਤਿਆਂ ਪੱਤਰਾਂ ਨੂੰ (ਸੂਈਆਂ ਵਾਂਗ ਤਿਖੇ ਹੋਣ ਕਰਕੇ) ਕੋਈ ਛੋਂਹਦਾ ਵੀ ਨਹੀਂ।

(੩) ਉਸਦੀ ਛਾਂ ਹੇਠਾਂ ਰਾਹੀ ਵੀ ਨਹੀਂ ਬੈਠਦੇ, ਕਿਉਂ ਜੋ ਉਸਦੀ ਛਾਂ ਟੋਇਆਂ ਟਿੱਬਿਆਂ ਵਿਚ ਹੀ ਪੈਂਦੀ ਹੈ।

(੪) ਉਸ ਦੇ ਫਲ ਅੱਕ ਦੀ ਖੱਖੜੀ ਵਾਂਗੂੰ ਫਟਦੇ ਹਨ ਤੇ ਗੋਲ ਗੋਲ ਹੋ ਕੇ ਰੁਲਦੇ ਫਿਰਦੇ ਹਨ।

(੫) ਚੀਲ੍ਹ ਦੀ ਲੱਕੜੀ ਵੀ ਖੋਟੀ ਲੱਕੜੀ ਹੈ, ਉਹ ਪੌਣ, ਪਾਣੀ ਤੇ ਧੁੱਪ ਨੂੰ ਨਹੀਂ ਸਹਿ ਸਕਦੀ।

(੬) ਚੀਲ੍ਹ ਦੇ ਮੁਢ ਨੂੰ ਅੱਗ ਲਗ ਜਾਏ ਉਹ ਬੁੱਝਦੀ ਨਹੀਂ, ਹਉਮੈ ਦੀ ਅੱਗ ਕਰਕੇ ਖੜੋਤੀ ਹੀ ਸੜ ਜਾਂਦੀ ਹੈ।

(੭) ਵਡਿਆਈ (ਹਉਮੈਂ) ਕਰਨ ਕਰਕੇ ਪ੍ਰਭੂ ਨੇ ਉਸਨੂੰ ਨਾਸ ਕਰ ਦਿੱਤਾ ਹੈ।੧੯।

***ਭਾਵਾਰਥ:*** ਅਗਨਾਂ ਤਾਂ ਬਾਣੀ ਵਿਚ ਕਈ ਪ੍ਰਕਾਰ ਦੀਆਂ ਹਨ, ਪਰ (ਹਉਮੈਂ ਤ੍ਰਿਸ਼ਨਾ ਅੱਗ) ਨੂੰ ਵਧੇਰੇ ਮਨ ਨੂੰ ਸਾੜਨ ਦਾ ਕਾਰਨ ਮੰਨਿਆ ਗਿਆ ਹੈ। ਇਸੇ ਲਈ ਹੀ ਹਉਮੈਂ ਨੂੰ ਦੀਰਘ ਰੋਗ ਫੁਰਮਾਨ ਕੀਤਾ ਹੈ, ਜਿਸ ਰੋਗ ਕਰਕੇ ਸਾਰੇ ਮਨੁੱਖ ਮਾਨਸਕ ਰੋਗ ਕਰਕੇ ਸੜਦੇ ਰਹਿੰਦੇ ਹਨ।

ਮਨਮੁਖ ਤਾਂ ਸਦਾ ਆਪਣੀ ਹਉਮੈਂ ਦੀ ਅੱਗ ਵਿਚ ਹੀ ਸੜ ਮਰਦੇ ਹਨ।

## ੨੦. ਮਨਮੁਖ ਬੰਧਨ ਰੂਪ ਹਨ

**੧. ਤਿਲ ਕਾਲਾ ਫੁਲ ਉੱਜਲਾ**
**ਹਰਿਆ ਬੂਟਾ ਕਿਆ ਨੀਸਾਣੀ।**
**੨. ਮੁੱਢਹੁ ਵੱਢਿ ਬਣਾਈਐ**
**ਸਿਰ ਤਲਵਾਇਆ ਮੱਝਿ ਬਿਬਾਣੀ।**
**੩. ਕਰਿਕਟ ਪਾਈ ਝੰਬੀਐ**
**ਤੇਲ ਤਿਲੀਹੁੰ ਪੀੜੇ ਘਾਣੀ।**
**੪. ਸਣ ਕਪਾਹ ਦੁਇ ਰਾਹ**
**ਕਰ ਪਰਉਪਕਾਰ ਵਿਕਾਰੁ ਵਿਡਾਣੀ।**
**੫. ਵੇਲਿ ਕਤਾਇ ਵੁਣਾਈਐ**
**ਪੜਦਾ ਕੱਜਣ ਕੱਪੜ ਪ੍ਰਾਣੀ।**
**੬. ਖੱਲ ਕਢਾਇ ਵਟਾਇ ਸਣ**
**ਰੱਸੇ ਬੰਨਿ ਨ ਮਨਿ ਸ਼ਰਮਾਣੀ।**
**੭. ਦੁਸ਼ਟਾ ਦੁਸ਼ਟਾਈ ਮਿਹਮਾਣੀ ॥੨੦॥**

***ਪਦ ਅਰਥ:*** ਨੀਸਾਣੀ—ਚਿੰਨ੍ਹ। ਬਿਬਾਣੀ—ਉਜਾੜ। ਕਰਿਕਟ ਪਾਈ—ਹੱਥ ਲੱਕ ਨੂੰ ਪਾ ਕੇ ਦਥੀਆਂ ਪਾ ਕੇ। ਮਿਹਮਾਣੀ—ਚੰਦ ਰੋਜ਼ੀ, ਪ੍ਰਾਹੁਣਚਾਰੀ।

***ਅਰਥ:***

**ਪ੍ਰ:** ਭਾਈ ਸਾਹਿਬ ਜੀਉ! ਕੀ ਦੱਸਣ ਦੀ ਕ੍ਰਿਪਾ ਕਰੋਗੇ ਕਿ ਗੁਰਮੁਖ ਤੇ ਮਨਮੁਖ ਦੇ ਜੀਵਨ ਵਿਚ ਅੰਤਰਾ ਕਿਤਨਾ ਕੁ ਹੋਇਆ ਕਰਦਾ ਹੈ?

**ਉ:** ਹੇ ਭਾਈਓ! ਜੋ ਮੈਨੂੰ ਗੁਰਮਤ ਦੁਆਰਾ ਅੰਤਰਾ ਅਨੁਭਵ ਹੋਇਆ ਹੈ, ਉਹ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਅੰਕਤ ਕੀਤਾ ਹੈ:

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਤਿਲ ਕਾਲਾ ਤੇ ਫੁਲ ਚਿੱਟਾ ਹੁੰਦਾ ਹੈ। ਬੂਟਾ ਹਰਾ ਹੁੰਦਾ ਹੈ। ਤਿਲ ਦੀ ਨਿਸ਼ਾਨੀ ਕੀ ਹੈ? (ਭਾਵ ਕੁਦਰਤ ਨਾਲ ਹੀ ਹੋਰ ਦਾ ਹੋਰ ਰੰਗ ਹੋ ਜਾਂਦਾ ਹੈ)।

(੨) ਇਸਨੂੰ ਮੁੱਢ ਤੋਂ ਵੱਢ ਕੇ, ਦੱਥਾ, ਭਾਰ ਬਣਾਈਦਾ ਤੇ ਉਜਾੜ ਵਿਚ ਸਿਰ ਪਰਨੇ ਰਖੀਦਾ ਹੈ।

(੩) ਇਸ ਦੀਆਂ ਦੱਥੀਆਂ ਬਣਾ ਕੇ ਝੰਬੀਦਾ ਹੈ, ਤਦ ਇਸ ਵਿਚੋਂ ਤਿਲ ਨਿਕਲਦੇ ਹਨ, ਫਿਰ ਇਨ੍ਹਾਂ ਤਿਲਾਂ ਨੂੰ ਪੀੜ ਕੇ ਤੇਲ ਕੱਢੀਦਾ ਹੈ।

(੪) ਸਣ ਤੇ ਕਪਾਹ ਦੇ ਦੋ ਰਾਹ ਹਨ। ਕਪਾਹ ਉਪਕਾਰ ਦੇ ਕੰਮ ਕਰਦੀ ਹੈ ਤੇ ਸਣ ਖੋਟੇ ਕੰਮ ਕਰਦੀ ਹੈ।

(੫) ਕਪਾਹ ਨੂੰ ਵੇਲ ਕੇ, ਕੱਤ ਕੇ ਪੜਦਾ ਕੱਜਣ ਲਈ ਕੱਪੜਾ ਉਣਿਆ ਜਾਂਦਾ ਹੈ।

(੬) (ਪਰ) ਸਣ ਆਪਣੀ ਖੱਲ ਕਢਾ ਕੇ ਰੱਸੇ ਵਟਾਉਂਦੀ ਹੈ ਤੇ ਬੰਨ੍ਹਣ ਵਾਲੀ ਹੋ ਕੇ ਮਨ ਵਿਚ ਸ਼ਰਮ ਨਹੀਂ ਕਰਦੀ।

(੭) ਦੁਸ਼ਟਾਂ ਕੋਲ ਦੁਸ਼ਟਾਈ ਦੀ ਹੀ ਪ੍ਰਾਹੁਣਚਾਰੀ ਹੈ।੨੦।

***ਭਾਵਾਰਥ :*** ਗੁਰਮੁਖ ਕਪਾਹ ਵਾਂਗੂੰ ਪਰਉਪਕਾਰ ਕਰਦੇ ਹਨ, ਪਰ ਮਨਮੁਖ ਸਣ ਵਾਂਗੂੰ ਲੋਕਾਂ ਨੂੰ ਬੰਧਨਾਂ ਦਾ ਕਾਰਨ ਬਣਦੇ ਹਨ। ਬੱਸ ਗੁਰਮੁਖਾਂ ਤੇ ਮਨਮੁਖਾਂ ਵਿਚ ਇਹੋ ਅੰਤਰਾ ਹੈ।

## ੨੧. ਦੂਜਾ ਭਾਉ ਦੁਖਦਾਈ ਰੂਪ ਹੈ

**੧. ਕਿੱਕਰ ਕੰਡੇ ਧ੍ਰੇਕ ਫਲ**
**ਫਲੀਂ ਨ ਫਲਿਆ ਨਿਹਫਲ ਦੇਹੀ।**
**੨. ਰੰਗ ਬਿਰੰਗੀ ਦੁਹਾਂ ਫਲੁ**
**ਦਾਖ ਨ ਗੁੱਛਾ ਕਪਟ ਸਨੇਹੀ।**
**੩. ਚਿੱਤਮਤਾਲਾ ਅਰੰਡ ਫਲੁ**
**ਥੋਥੀ ਥੋਹਰਿ ਆਸ ਕਿਨੇਹੀ।**
**੪. ਰੱਤਾ ਫੁਲ ਨ ਮੁੱਲ ਅਢੁ**
**ਨਿਹਫਲ ਸਿੰਮਲ ਛਾਵ ਜਿਵੇਹੀ।**
**੫. ਜਿਉਂ ਨਲੀਏਰ ਕਠੋਰ ਫਲੁ**
**ਮੁਹ ਭੰਨੇ ਦੇ ਗਰੀ ਤਿਵੇਹੀ।**
**੬. ਸੁਤੁ ਕਪੂਤੁ ਸਪੂਤੁ ਦੂਤੁ**
**ਕਾਲੇ ਧਉਲੇ ਤੂਤ ਇਵੇਹੀ।**
**੭. ਦੂਜਾ ਭਾਉ ਕੁਦਾਇ ਧੁਰੇਹੀ ॥੨੧॥**

***ਪਦ ਅਰਥ :*** ਫਲੀਂ ਨ ਫਲਿਆ—ਫਲੀਆਂ ਨੂੰ (ਮਿੱਠੇ) ਫਲ ਨਾ ਲਗੇ। ਨਿਹਫਲ—ਵਿਅਰਥ। ਅਢੁ—ਅੱਧੀ ਕੌਡੀ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਖੋਟੇ ਸੁਭਾਉ ਨੂੰ ਤੁਸੀਂ ਕਿਤਨਾ ਕੁ ਖੋਟਾ ਅਨੁਭਵ ਕਰਦੇ ਹੋ ?

**ਉ:** ਹੇ ਭਾਈ ! ਇਸ ਭਾਵ ਨੂੰ ਭੀ ਮੈਂ ਇਸ ਪਉੜੀ ਵਿਚ ਉੱਕਰਿਆ ਹੈ :

(੧) (ਜਿਵੇਂ ਵੇਖਦੇ ਹਾਂ ਕਿ) ਕਿੱਕਰਾਂ ਨੂੰ ਕੰਡੇ ਤੇ ਫਲੀਆਂ ਤੇ ਧਰੇਕ ਨੂੰ ਫਲ (ਧ੍ਰਿਕੋਨੇ) ਲੱਗਦੇ ਹਨ, ਪਰ ਦੋਹਾਂ ਦੇ ਫਲ ਫੁਲ ਵਿਅਰਥ ਹੀ ਹੁੰਦੇ ਹਨ। ਕਿਉਂਕਿ ਦੋਹਾਂ ਦੀਆਂ ਫਲੀਆਂ ਤੇ ਫਲ ਮਿੱਠੇ ਨਹੀਂ ਹੁੰਦੇ।

(੨) ਦੋਹਾਂ ਨੂੰ ਰੰਗ ਬਰੰਗੇ ਫਲ ਲਗਦੇ ਹਨ, ਪਰ ਦਾਖ ਦੇ ਗੁੱਛੇ ਵਾਂਗੂੰ ਉਹ ਮਿੱਠੇ ਨਹੀਂ ਹੁੰਦੇ।

(੩) ਇਰੰਡ ਦਾ ਫਲ ਵੀ ਚਿੱਤ੍ਰ-ਮਿੱਤ੍ਰਾ ਹੁੰਦਾ ਹੈ, ਪਰ ਉਹ ਕਉੜਾ ਹੀ ਰਹਿੰਦਾ ਹੈ। ਖ਼ਾਲੀ ਥੋਹਰ ਦੇ ਬੂਟੇ ਤੋਂ ਚੰਗੇ ਫਲ ਦੀ ਆਸ ਕੀ ਕਰਨੀ ਹੈ।

(੪) ਸਿੰਮਲ ਦਾ ਫਲ ਲਾਲ ਹੁੰਦਾ ਹੈ, ਪਰ ਉਸਦਾ ਮੁੱਲ ਅੱਧੀ ਕੌਡੀ ਵੀ ਨਹੀਂ ਪੈਂਦਾ, ਉਸਦੀ ਛਾਂ ਵੀ ਵਿਅਰਥ ਹੈ।

(੫) ਜਿਵੇਂ ਨਲੇਰ ਦਾ ਫਲ ਕਠੋਰ ਹੁੰਦਾ ਹੈ, ਪਰ ਉਸਦਾ ਮੂੰਹ ਭੰਨੋ ਤਾਂ ਕਰੜੀ ਗਰੀ ਦਿੰਦਾ ਹੈ।

(੬) ਜਿਵੇਂ ਤੂਤ ਕਾਲਾ ਤੇ ਚਿੱਟਾ ਹੋਣ ਕਰਕੇ ਦੋ ਸੁਆਦ ਦਿੰਦਾ ਹੈ, ਇਸੇ ਤਰ੍ਹਾਂ ਪੁੱਤ੍ਰ ਕੁਪੁੱਤ੍ਰ ਦੋਵੇਂ ਪੁੱਤ੍ਰ ਹੁੰਦੇ ਹਨ, ਪਰ ਸੁਪੁੱਤ੍ਰ ਸੁਖ ਦਿੰਦਾ ਹੈ ਤੇ ਕਪੁੱਤ੍ਰ ਤੋਂ ਦੁਖ ਹੀ ਮਿਲਦਾ ਹੈ।

(੭) ਇਸੇ ਤਰ੍ਹਾਂ ਦੂਜਾ ਭਾਵ ਧੁਰ ਤੋਂ ਹੀ ਕਦਾਉ (ਖੋਟਾ ਦਾਅ) ਚਲਿਆ ਆਉਂਦਾ ਹੈ।੨੧।

***ਭਾਵਾਰਥ :*** ਵੇਖਣ ਨੂੰ ਕਿੱਕਰ ਆਦਿ ਬੂਟਿਆਂ ਦੇ ਫਲ ਸੋਹਣੇ, ਪਰ ਵਰਤਣ ਵਿਚ ਕੌੜੇ ਤੇ ਕੰਢਿਆਂ ਵਾਲੇ ਦੁਖਦਾਈ ਹਨ।

## ੨੨. ਦੁਬਾਜਰ-ਪੁਣੇ ਦਾ ਇਲਾਜ

**੧. ਜਿਉਂ ਮਣਿ ਕਾਲੇ ਸੱਪ ਸਿਰਿ**
**ਹਸਿ ਹਸਿ ਰਸਿ ਰਸਿ ਦੇਇ ਨ ਜਾਣੈ।**
**੨. ਜਾਣੁ ਕਥੂਰੀ ਮਿਰਗ ਤਨਿ**
**ਜੀਂਵਦਿਆ ਕਿਉਂ ਕੋਈ ਆਣੈ।**
**੩. ਆਰਣ ਲੋਹਾ ਤਾਈਐ**
**ਘੜੀਐ ਜਿਉਂ ਵਗਦੇ ਵਾਦਾਣੈ।**
**੪. ਸੂਰਣੁ ਮਾਰਣਿ ਸਾਧੀਐ**
**ਖਾਹਿ ਸਲਾਹਿ ਪੁਰਖ ਪਰਵਾਣੈ।**
**੫. ਪਾਨ ਸੁਪਾਰੀ ਕੱਥੁ ਮਿਲਿ**
**ਚੂਨੇ ਰੰਗੁ ਸੁਰੰਗ ਸਿਞਾਣੈ।**
**੬. ਅਉਖਧੁ ਹੋਵੈ ਕਾਲਕੂਟੁ**
**ਮਾਰਿ ਜੀਵਾਲਨਿ ਵੈਦ ਸੁਜਾਣੈ।**
**੭. ਮਨੁ ਪਾਰਾ ਗੁਰਮੁਖਿ ਵਸਿ ਆਣੈ ॥੨੨॥੩੩॥**

***ਪਦ ਅਰਥ :*** ਹਸਿ ਹਸਿ—ਪ੍ਰਸੰਨ ਹੋ ਕੇ। ਕਥੂਰੀ—ਕਸਤੂਰੀ। ਆਰਣ—ਭੱਠੀ। ਵਾਦਾਣੈ—ਹਥੌੜਾ। ਸੂਰਣੁ—ਜ਼ਿਮੀਕੰਦ। ਮਾਰਣਿ—ਮਸਾਲੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਮਨ ਨੂੰ ਵੱਸ ਕਰਨਾ ਤਾਂ ਬਹੁਤ ਔਖਾ ਹੈ, ਪਰ ਗੁਰਮੁਖ ਇਸ ਚੰਚਲ ਮਨ ਨੂੰ ਕਿਵੇਂ ਵੱਸ ਵਿਚ ਕਰਦੇ ਹਨ, ਦੱਸਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ ! ਗੁਰੂ ਫ਼ੁਰਮਾਨ ਤਾਂ ਇਹੋ ਹੈ ਕਿ (ਮਨ ਵਸਿ ਆਵੈ ਨਾਨਕਾ ਜੇ ਪੂਰਨ ਕ੍ਰਿਪਾ ਹੋਇ॥) ਭਾਵ ਇਸ ਮਨ ਨੂੰ ਕਾਬੂ ਕਰਨ ਦਾ ਸਾਧਨ ਤਾਂ ਇਕੋ ਹੈ ਕਿ ਉਹ ਪਰੀਪੂਰਨ ਪਰਮੇਸ਼ਰ ਜਦੋਂ ਕਿਸੇ 'ਤੇ ਬਖ਼ਸ਼ਿਸ਼ ਕਰੇ ਤਦੋਂ ਹੀ ਇਸ ਨੂੰ ਅਚਲਤਾ ਨਸੀਬ ਹੁੰਦੀ ਹੈ, ਪਰ ਗੁਰਮੁਖਾਂ ਨੇ ਗੁਰੂ ਦੇ ਹੁਕਮ ਦੀ ਪਾਲਣਾ ਕਰਕੇ ਇਸ ਨੂੰ ਵੱਸ ਵਿਚ ਕੀਤਾ ਹੈ। ਇਸ ਨੂੰ ਕਾਬੂ ਕਰਨਾ ਭੀ ਇਸੇ ਤਰ੍ਹਾਂ ਕਠਿਨ ਹੈ, ਜਿਵੇਂ ਕਿ ਮੈਂ ਇਸ ਪਉੜੀ ਵਿਚ ਕੁਝ ਉਦਾਹਰਣ ਦਿਤੇ ਹਨ :

(੧) (ਅਸੀਂ ਪ੍ਰਤੱਖ ਵੇਖਦੇ ਹਾਂ ਕਿ) ਜਿਵੇਂ ਕਾਲੇ ਸੱਪ ਦੇ ਸਿਰ ਵਿਚ ਮਣੀ ਹੁੰਦੀ ਹੈ, ਪਰ ਉਹ ਖ਼ੁਸ਼ੀ ਨਾਲ ਉਸਨੂੰ ਦੇਣਾ ਨਹੀਂ ਜਾਣਦਾ (ਉਸ ਨੂੰ ਮਾਰ ਕੇ ਹੀ ਮਣੀ ਮਿਲਦੀ ਹੈ)।

(੨) ਹਰਨ ਦੀ ਨਾਭੀ ਵਿਚ ਕਸਤੂਰੀ ਹੁੰਦੀ ਹੈ, ਪਰ ਉਸਨੂੰ ਮਾਰਨ ਤੋਂ ਬਿਨਾਂ ਕੋਈ ਕਿਸ ਤਰ੍ਹਾਂ ਕਸਤੂਰੀ ਲੈ ਸਕਦਾ ਹੈ (ਭਾਵ ਉਹ ਮਰ ਕੇ ਹੀ ਕਸਤੂਰੀ ਦਿੰਦਾ ਹੈ)।

(੩) ਲੋਹੇ ਨੂੰ ਭੱਠੀ ਵਿਚ ਤਾਈਦਾ ਹੈ, ਜਿਉਂ ਜਿਉਂ ਉਸਨੂੰ ਹਥੌੜੇ ਵੱਜਦੇ ਹਨ, ਤਿਉਂ ਤਿਉਂ ਉਹ ਘੜਿਆ ਜਾਂਦਾ ਹੈ।

(੪) ਜ਼ਿਮੀਕੰਦ ਨੂੰ ਮਸਾਲਿਆਂ ਨਾਲ ਬਣਾਈਦਾ ਹੈ, ਤਦ ਹੀ ਉਸਨੂੰ ਖਾਧਾ ਜਾਂਦਾ ਹੈ ਤੇ ਲੋਕ ਉਸਨੂੰ ਸਲਾਹੁੰਦੇ ਤੇ ਪ੍ਰਵਾਨ ਕਰਦੇ ਹਨ (ਕੱਚਾ ਸੰਘ ਨੂੰ ਸਾੜਦਾ ਹੈ)।

(੫) ਪਾਨ ਦਾ ਪੱਤਾ ਸੁਪਾਰੀ, ਕੱਥਾ ਤੇ ਚੂਨੇ ਦੇ ਮਿਲਣ ਨਾਲ ਸੋਹਣੇ ਲਾਲ ਰੰਗ ਦਾ ਹੋ ਜਾਵੇ ਤਾਂ ਹੀ ਉਸਨੂੰ ਅਸਲੀ ਜਾਣੀਦਾ ਹੈ।

(੬) ਜ਼ਹਿਰ ਉਂਝ ਤਾਂ ਮਨੁੱਖ ਨੂੰ ਮਾਰ ਦਿੰਦੀ ਹੈ, ਪਰ ਸਿਆਣੇ ਵੈਦ ਜਦੋਂ ਉਸਨੂੰ ਮਾਰ ਕੇ ਦਵਾਈ ਬਣਾ ਲੈਂਦੇ ਹਨ, ਫਿਰ ਉਹ ਮੋਇਆਂ ਨੂੰ ਜਿਵਾਉਣ ਵਾਲੀ ਹੋ ਜਾਂਦੀ ਹੈ।

(੭) ਮਨ ਵੀ ਪਾਰੇ ਵਾਂਗੂੰ ਚੰਚਲ ਹੁੰਦਾ ਹੈ, ਪਰ ਗੁਰਮੁਖ ਸ਼ਬਦ ਰੂਪ ਬੂਟੀਆਂ ਨਾਲ ਉਸਨੂੰ ਮਾਰ ਕੇ ਵੱਸ ਵਿਚ ਕਰ ਲੈਂਦੇ ਹਨ।੨੨।੩੩।

***ਭਾਵਾਰਥ :*** ਉਪਰਲੇ ਦ੍ਰਿਸ਼ਟਾਂਤ ਮਨ ਲਈ ਦਿਤੇ ਹਨ ਕਿ ਜੇ ਇਹ ਜਤਨ ਨਾਲ ਸਾਧਿਆਂ ਜਾਵੇ, ਤਦੋਂ ਇਹ ਦੁਬਾਜਰੇ ਤੋਂ ਅਨਿੰਨ ਹੋ ਸਕਦਾ ਹੈ। ਮਨਮੁਖ ਤੋਂ ਗੁਰਮੁਖ ਹੋ ਸਕਦਾ ਹੈ, ਪਰ ਗੁਰੂ ਦੀ ਕ੍ਰਿਪਾ ਦੁਆਰੇ ਬਹੁਤ ਹੀ ਮੁਸ਼ੱਕਤ ਦੀ ਲੋੜ ਹੈ।

ਇਸ ਪਉੜੀ ਵਿਚ ਭੀ ਭਾਈ ਸਾਹਿਬ ਇਹੋ ਦਸ ਰਹੇ ਹਨ ਕਿ ਦੁਸ਼ਟ ਦੁਬਾਜਰੇ ਭੀ ਜੇ ਮਨ ਨੂੰ ਲੋਹੇ ਵਾਂਗੂੰ ਗੁਰਮੁਖਾਂ ਦੀ ਭੱਠੀ ਤੇ ਵਧਾਣਾਂ ਹੇਠ ਦੇ ਦੇਣ ਤਾਂ ਠੀਕ ਹੋ ਸਕਦੇ ਹਨ।

(ਤੇਤੀਵੀਂ ਵਾਰ ਸਮਾਪਤ)

# ਵਾਰ ੩੪

ੴ ਸਤਿਗੁਰ ਪ੍ਰਸਾਦਿ॥

## *੧. ਸੱਚੇ ਸਤਿਗੁਰੂ ਦੀ ਮਹਿਮਾ*

**੧. ਸਤਿਗੁਰ ਪੁਰਖੁ ਅਗੰਮੁ ਹੈ**
**ਨਿਰਵੈਰੁ ਨਿਰਾਲਾ।**
**੨. ਜਾਣਹੁ ਧਰਤੀ ਧਰਮ ਕੀ**
**ਸੱਚੀ ਧਰਮਸਾਲਾ।**
**੩. ਜੇਹਾ ਬੀਜੈ ਸੋ ਲੁਣੈ**
**ਫਲ ਕਰਮ ਸਮ੍ਹਾਲਾ।**
**੪. ਜਿਉਂ ਕਰ ਨਿਰਮਲ ਆਰਸੀ**
**ਜਗ ਵੇਖਣਿ ਵਾਲਾ।**
**੫. ਜੇਹਾ ਮੁਹੁ ਕਰਿ ਭਾਲੀਐ**
**ਤੇਹੋ ਵੇਖਾਲਾ।**
**੬. ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ॥੧॥**

***ਪਦ ਅਰਥ :*** ਅਗੰਮੁ—ਮਨ ਬਾਣੀ ਤੋਂ ਪਰ੍ਹੇ। ਨਿਰਾਲਾ—ਨਿਰਲੇਪ। ਲੁਣੈ—ਵੱਢਦਾ। ਆਰਸੀ—ਸ਼ੀਸ਼ਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਤੁਸਾਂ ਤਾਂ ਬਾਣੀ ਨੂੰ ਲਿਖਿਆ, ਪੜ੍ਹਿਆ ਤੇ ਵੀਚਾਰਿਆ ਹੈ, ਪਰ ਬਾਣੀ ਅਨੁਸਾਰ ਤੁਸੀਂ ਗੁਰੂ ਬਾਰੇ ਕੀ ਨਿਸਚਾ ਰਖਦੇ ਹੋ, ਸਾਨੂੰ ਭੀ ਬੋਧ ਦਿਓ ?

ਉ: ਹੇ ਭਾਈਓ ! ਗੁਰਬਾਣੀ ਵਿਚ ਤਾਂ ਸਤਿਗੁਰੂ ਦੇ ਸੰਬੰਧ ਵਿਚ ਇਹੋ ਫੁਰਮਾਨ ਹੈ ਕਿ :

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥੧੩॥

*(ਸੂਹੀ ਮਹਲਾ ੪, ਪੰਨਾ ੭੫੯)*

ਹੇ ਭਾਈਓ ! ਸਿਖ ਨੂੰ ਤਾਂ ਸਦਾ ਇਹੋ ਨਿਸਚਾ ਕਰਨਾ ਚਾਹੀਦਾ ਕਿ ਮੇਰਾ ਸਤਿਗੁਰੂ ਸਦੀਵੀ-ਕਾਲ ਸਥਿਰ ਰਹਿਣ ਵਾਲਾ ਹੈ, ਜੋ ਆਉਂਦਾ ਜਾਂਦਾ ਨਹੀਂ ਤੇ ਸਾਰਿਆਂ ਵਿਚ ਹੀ ਸਮਾਇਆ ਹੈ। ਸੋ, ਮੈਂ ਭੀ ਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਸਤਿਗੁਰੂ ਦੀ ਮਹਿਮਾ ਅੰਕਤ ਕੀਤੀ ਹੈ, ਜਿਵੇਂ ਕਿ :

(੧) ਸਤਿਗੁਰੂ ਪੁਰਖ (ਸ੍ਰੀ ਗੁਰੂ ਨਾਨਕ ਦੇਵ ਜੀ) ਅਗੰਮ, ਨਿਰਵੈਰ ਤੇ ਨਿਰਲੇਪ ਹਨ।

(੨) ਸਤਿਗੁਰੂ ਦੀ ਬਣਾਈ ਸੱਚੀ ਧਰਮਸਾਲਾ ਨੂੰ ਧਰਮ ਦੀ ਧਰਤੀ ਜਾਣੋ।

(੩) ਜਿਹੋ ਜਿਹਾ ਕੋਈ ਬੀਜਦਾ ਹੈ ਉਹੋ ਜਿਹਾ ਵੱਢਦਾ ਹੈ, ਕਰਮਾਂ ਅਨੁਸਾਰ ਫਲ ਦੀ ਸੰਭਾਲ ਹੁੰਦੀ ਹੈ।

(੪) ਜਿਵੇਂ ਨਿਰਮਲ ਸ਼ੀਸ਼ਾ ਹੁੰਦਾ ਹੈ, ਜਗਤ ਉਸ ਵਿਚ ਆਪਣਾ ਮੂੰਹ ਵੇਖਦਾ ਹੈ।

(੫) ਜਿਹੋ ਜਿਹਾ ਕਿਸੇ ਦਾ ਮੂੰਹ ਹੁੰਦਾ ਹੈ, ਉਹੋ ਜਿਹਾ ਹੀ ਸ਼ੀਸ਼ੇ ਵਿਚੋਂ ਦਿੱਸਦਾ ਹੈ।

(੬) ਪ੍ਰਭੂ ਦੀ ਦਰਗਾਹ ਵਿਚ ਸੇਵਕ ਇਜ਼ਤ ਪਾਉਂਦਾ ਹੈ ਤੇ ਬੇ-ਮੁਖ (ਮਨਮੁਖ) ਦਾ ਮੂੰਹ ਕਾਲਾ ਹੁੰਦਾ ਹੈ।੧। ਜਿਵੇਂ ਕਿ :

ਸਤਿਗੁਰ ਤੇ ਜੋ ਮੁਹੁ ਫੇਰੇ
ਤੇ ਵੇਮੁਖ ਬੁਰੇ ਦਿਸੰਨਿ॥
ਅਨਦਿਨੁ ਬਧੇ ਮਾਰੀਅਨਿ
ਫਿਰਿ ਵੇਲਾ ਨਾ ਲਹੰਨਿ॥੧॥

*(ਗਉੜੀ ਬੈਰਾਗਣਿ ਮਹਲਾ ੩, ਪੰਨਾ ੨੩੩)*

## ੨. ਗੁਰੂ ਤੋਂ ਬੇਮੁਖ ਨੂੰ ਮੁਕਤੀ ਨਹੀਂ ਮਿਲਦੀ

**੧. ਜੋ ਗੁਰ ਗੋਪੇ ਆਪਣਾ**
**ਕਿਉਂ ਸਿੱਝੈ ਚੇਲਾ।**
**੨. ਸੰਗਲੁ ਘਤਿ ਚਲਾਈਐ**
**ਜਮ ਪੰਥਿ ਇਕੇਲਾ।**
**੩. ਲਹੈ ਸਜਾਈ ਨਰਕ ਵਿੱਚ**
**ਉਹੁ ਖਰਾ ਦੁਹੇਲਾ।**
**੪. ਲੱਖ ਚਉਰਾਸੀ ਭਉਦਿਆਂ**
**ਫਿਰਿ ਹੋਇ ਨ ਮੇਲਾ।**
**੫. ਜਨਮੁ ਪਦਾਰਥੁ ਹਾਰਿਆ**
**ਜਿਉ ਜੂਏ ਖੇਲਾ।**
**੬. ਹੱਥ ਮਰੋੜੈ ਸਿਰੁ ਧੁਨੈ ਉਹੁ ਲਹੈ ਨ ਵੇਲਾ ॥੨॥**

***ਪਦ ਅਰਥ :*** ਗੋਪੇ—ਲੁਕਾਵੇ। ਸਿੱਝੈ—ਮੁਕਤ ਹੋਣਾ। ਦੁਹੇਲਾ—ਦੁਖੀ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਜੋ ਗੁਰੂ ਦਾ ਸਿਖ ਹੋ ਕੇ ਆਪਣੇ ਗੁਰੂ ਨੂੰ ਗੁਪਤ ਰਖਦਾ ਹੈ, ਕੀ ਦਸੋਗੇ ਕਿ ਉਸਦੀ ਭੀ ਕਲਿਆਣ ਹੋ ਸਕਦੀ ਹੈ ?

(੧) ਉ: (ਹੇ ਭਾਈ !) ਜੋ ਗੁਰੂ ਦਾ ਸਿਖ ਆਪਣੇ ਗੁਰੂ ਨੂੰ ਲੁਕਾਉਂਦਾ ਹੈ, ਭਾਵ ਗੁਰੂ ਤੋਂ ਬੇਮੁਖ ਹੋ ਜਾਂਦਾ ਹੈ, ਉਹ ਕਿਸ ਤਰ੍ਹਾਂ ਮੁਕਤ ਹੋ ਸਕਦਾ ਹੈ। (ਭਾਵ ਉਹ ਤਾਂ ਮੁਕਤ ਹੋ ਹੀ ਨਹੀਂ ਸਕਦਾ)।

(੨) ਉਸਨੂੰ ਗਲ ਵਿਚ ਸੰਗਲ ਪਾ ਕੇ ਜਮ ਮਾਰਗ ਵਿਚ ਇਕੱਲਾ ਹੀ ਤੋਰਿਆ ਜਾਵੇਗਾ।

(੩) ਉਹ ਨਰਕਾਂ ਵਿਚ ਸਜ਼ਾ ਲੈਂਦਾ ਹੋਇਆ ਬਹੁਤ ਦੁਖੀ ਹੋਵੇਗਾ।

(੪) (ਉਹ) ਨਰਕਾਂ ਵਿਚੋਂ ਨਿਕਲ ਕੇ ਫਿਰ ਚੌਰਾਸੀ ਲੱਖ ਜੂਨਾਂ ਦੇ ਚੱਕਰ ਵਿਚ ਪੈ ਜਾਂਦਾ ਹੈ ਤੇ ਗੁਰੂ ਨਾਲ ਉਸਦਾ ਮਿਲਾਪ ਨਹੀਂ ਹੁੰਦਾ।

(੫) ਉਹ ਇਸ ਅਮੋਲਕ ਜਨਮ ਪਦਾਰਥ ਨੂੰ ਹਾਰ ਬੈਠਦਾ ਹੈ, ਜਿਵੇਂ ਜੁਆਰੀਆ ਜੂਏ ਵਿਚ ਸਭ ਕੁਝ ਹਾਰ ਜਾਂਦਾ ਹੈ।

(੬) ਫਿਰ ਉਹ ਹੱਥਾਂ ਨੂੰ ਮਲੇਗਾ, ਸਿਰ ਧੁਨੇਗਾ, ਪਰ ਉਹ ਵੇਲਾ ਉਸ ਦੇ ਹੱਥ ਨਹੀਂ ਆਵੇਗਾ।੨।

ਭਾਵ ਹੈ ਕਿ :

ਬੇਮੁਖ ਹੋਏ ਰਾਮ ਤੇ ਲਗਨਿ ਜਨਮਿ ਵਿਜੋਗ॥
*(ਬਾਰਹ ਮਾਹਾ, ਪੰਨਾ ੧੩੫)*

ਗੁਰੂ ਤੋਂ ਬੇਮੁਖ ਹੋਇਆ ਪ੍ਰਾਣੀ ਨਰਕਾਂ ਦੇ ਦੁਖ ਸਹੇਗਾ ਤੇ ਚੌਰਾਸੀ ਦੇ ਗੇੜ ਵਿਚ ਪਿਆ ਭਟਕੇਗਾ।

## ੩. ਗੁਰੂ ਤੋਂ ਬੇਮੁਖ ਦਰਗਾਹ ਵਿਚ ਸ਼ਰਮਿੰਦਾ ਹੈ

**੧. ਆਪਿ ਨ ਵੰਞੈ ਸਾਹੁਰੈ**
**ਸਿਖ ਲੋਕ ਸੁਣਾਵੈ।**
**੨. ਕੰਤੁ ਨ ਪੁੱਛੈ ਵਾਤੜੀ**
**ਸੋਹਾਗੁ ਗਣਾਵੈ।**
**੩. ਚੂਹਾ ਖੁੱਡ ਨ ਮਾਵਈ**
**ਲਕਿ ਛੱਜੁ ਵਲਾਵੈ।**
**੪. ਮੰਤੁ ਨ ਹੋਇ ਅਠੂਹਿਆ**
**ਹਥੁ ਸੱਪੀਂ ਪਾਵੈ।**
**੫. ਸਰੁ ਸਾਧੈ ਆਗਾਸ ਨੋ**
**ਫਿਰਿ ਮੱਥੈ ਆਵੈ।**
**੬. ਦੁਹੀ ਸਰਾਈ ਜ਼ਰਦਰੂ ਬੇਮੁਖ ਪਛੁਤਾਵੈ ॥੩॥**

***ਪਦ ਅਰਥ :*** ਨ ਵੰਞੈ—ਨਹੀਂ ਜਾਂਦੀ। ਸਿਖ—ਸਿਖਿਆ। ਕੰਤੁ—ਪਤੀ। ਮੰਤੁ—ਮੰਤਰ। ਸਰੁ—ਤੀਰ। ਜ਼ਰਦਰੂ—ਪੀਲਾ ਮੂੰਹ, ਸ਼ਰਮਿੰਦਾ। ਦੁਹੀ ਸਰਾਈ—ਲੋਕ ਤੇ ਪ੍ਰਲੋਕ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਜੋ ਭੀ ਉਪਦੇਸ਼ ਕਰਨ ਵਾਲੇ ਉਪਦੇਸ਼ਕ ਹਨ, ਵੇਖਣ ਵਿਚ ਆਉਂਦਾ ਹੈ ਕਿ ਉਹ ਆਪ ਉਸ ਉਪਦੇਸ਼ 'ਤੇ ਅਮਲ ਨਹੀਂ ਕਰਦੇ, ਕਿਉਂ ਜੀ ! ਦਸੋਗੇ ਕਿ ਤੁਸੀਂ ਉਨ੍ਹਾਂ ਬਾਰੇ ਕੀ ਵੀਚਾਰ ਰਖਦੇ ਹੋ, ਆਖ਼ਰ ਉਨ੍ਹਾਂ ਨੂੰ ਕੀ ਫਲ ਮਿਲਦਾ ਹੈ ?

ਉ: ਹੇ ਭਾਈਓ ! ਜਿਹੜਾ ਪੁਰਸ਼ ਆਪਣੇ ਦਿਤੇ ਉਪਦੇਸ਼ ਨੂੰ ਆਪ ਕਮਾਈ ਵਿਚ ਨਹੀਂ ਲਿਆਉਂਦਾ, ਉਨ੍ਹਾਂ ਬਾਰੇ ਤਾਂ ਗੁਰੂ ਗ੍ਰੰਥ ਸਾਹਿਬ ਦਾ ਫ਼ੈਸਲਾ ਹੈ ਕਿ :

ਅਵਰ ਉਪਦੇਸੈ ਆਪਿ ਨ ਕਰੈ॥
ਆਵਤ ਜਾਵਤ ਜਨਮੈ ਮਰੈ॥
*(ਸੁਖਮਨੀ ਸਾਹਿਬ, ਪੰਨਾ ੨੬੯)*

ਭਾਵ ਆਪਣੇ ਦਿਤੇ ਜਾ ਰਹੇ ਉਪਦੇਸ਼ ਨੂੰ ਆਪ ਜੋ ਨਹੀਂ ਕਮਾਉਂਦਾ ਉਹ ਤਾਂ ਸਦਾ ਹੀ ਜੰਮਣ ਮਰਣ ਦੇ ਗੇੜ ਵਿਚ ਆਉਂਦਾ ਜਾਂਦਾ ਰਵੇਗਾ, ਮੈਂ ਭੀ ਇਸੇ ਭਾਵ ਨੂੰ ਇਸ ਪਉੜੀ ਵਿਚ ਉੱਕਰਿਆ ਹੈ:

(੧) (ਜਿਵੇਂ ਕੋਈ ਵਹੁਟੀ) ਆਪ ਤਾਂ ਸਹੁਰੇ ਘਰ ਜਾਂਦੀ ਨਹੀਂ ਤੇ ਲੋਕਾਂ ਨੂੰ ਸਿਖਿਆ ਦੇਂਦੀ ਹੈ (ਕਿ ਸਹੁਰੇ ਘਰ ਰਹਿਣਾ ਚੰਗਾ ਹੈ ਤੇ ਸੱਸ ਸਹੁਰੇ ਦੀ ਆਗਿਆ ਵਿਚ ਚਲਣਾ ਚੰਗਾ ਹੈ)।
(੨) (ਇਹੋ ਜਿਹੀ ਪਤਨੀ ਨਾਲ) ਪਤੀ ਤਾਂ ਗੱਲ ਨਹੀਂ ਕਰਦਾ, ਪਰ ਇਹ ਆਪਣੇ ਆਪ ਨੂੰ ਸੁਹਾਗਣ ਗਿਣਦੀ ਹੈ।
(੩) ਚੂਹਾ ਖੁੱਡ ਵਿਚ ਆਪ ਤਾਂ ਮਿਉਂਦਾ ਨਹੀਂ, ਪਰ ਲੱਕ ਨਾਲ ਛੱਜ ਬੰਨ੍ਹੀ ਫਿਰਦਾ ਹੈ।
(੪) ਮੰਤ੍ਰ ਤਾਂ ਬਿਛੂਆਂ ਦਾ ਨਹੀਂ ਜਾਣਦਾ, ਪਰ ਹੱਥ ਸੱਪਾਂ ਨੂੰ ਪਾਉਂਦਾ ਹੈ।
(੫) (ਜਿਹੜਾ ਮਨੁੱਖ) ਆਕਾਸ਼ ਨੂੰ ਤੀਰ ਮਾਰਦਾ ਹੈ, ਉਹ ਤੀਰ ਉਸ ਦੇ ਮੱਥੇ ਵੱਲ ਆਉਂਦਾ ਹੈ।
(੬) (ਗੁਰੂ ਤੋਂ ਬੇਮੁਖ) ਲੋਕ ਤੇ ਪਰਲੋਕ ਵਿਚ ਸ਼ਰਮਿੰਦੇ ਹੋ ਕੇ ਪਛਤਾਉਂਦੇ ਹਨ।੩।

ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿਹੈ ਰੇਤੁ॥
ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ॥੯੮॥
*(ਸਲੋਕ ਕਬੀਰ ਜੀ, ਪੰਨਾ ੧੩੬੯)*

## ੪. ਬੇਮੁਖ ਰਸ ਤੋਂ ਸੱਖਣਾ ਹੈ

**੧. ਰਤਨ ਮਣੀ ਗਲਿ ਬਾਂਦਰੈ**
**ਕਿਹੁ ਕੀਮ ਨ ਜਾਣੈ।**
**੨. ਕੜਛੀ ਸਾਉ ਨ ਸੰਮਲੈ**
**ਭੋਜਨ ਰਸੁ ਖਾਣੈ।**
**੩. ਡੱਡੂ ਚਿੱਕੜਿ ਵਾਸੁ ਹੈ**
**ਕਵਲੈ ਨ ਸਿਞਾਣੈ।**
**੪. ਨਾਭਿ ਕਥੂਰੀ ਮਿਰਗ ਦੇ**
**ਫਿਰਦਾ ਹੈਰਾਣੈ।**
**੫. ਗੁੱਜਰੁ ਗੋਰਸੁ ਵੇਚ ਕੇ**
**ਖਲ ਸੂੜੀ ਆਣੈ।**
**੬. ਬੇਮੁਖ ਮੂਲਹੁ ਘੁੱਥਿਆ ਦੁਖ ਸਹੈ ਜਮਾਣੈ॥੪॥**

***ਪਦ ਅਰਥ :*** ਗੋਰਸੁ—ਦੁੱਧ। ਕੀਮ—ਕੀਮਤ। ਸਾਉ—ਸੁਆਦ। ਸੂੜੀ—ਛਾਣ, ਬੂਰਾ। ਜਮਾਣੈ—ਜਮਾਂ ਦੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜੋ ਅਗਿਆਨੀ ਹੈ, ਆਖ਼ਰ ਉਸਨੂੰ ਅੰਤ ਸਮੇਂ ਕਿਹੜੀ ਸਜ਼ਾ ਮਿਲਦੀ ਹੈ ਜੋ ਆਪਣੇ ਅਸਲੇ ਤੋਂ ਭੁਲਿਆ ਹੋਇਆ ਹੈ?

ਉ: ਹੇ ਭਾਈਓ! ਇਸ ਭਾਵ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੇ ਕਈ ਥਾਵਾਂ 'ਤੇ ਪ੍ਰਗਟ ਕੀਤਾ ਹੈ, ਜੋ ਬੇਮੁਖ ਸਦਾ ਹੀ ਦੁਖ ਸਹਾਰਦਾ ਹੈ, ਉਸੇ ਗੁਰਬਾਣੀ ਦੀ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਮੈਂ ਕੁਝ ਉਦਾਹਰਣ ਅੰਕਤ ਕੀਤੇ ਹਨ:

(੧) (ਜਿਵੇਂ ਅਸੀਂ ਵੇਖਦੇ ਹਾਂ ਕਿ ਜੇਕਰ) ਬਾਂਦਰਾਂ ਦੇ ਗਲ ਵਿਚ ਰਤਨ ਤੇ ਮਣੀਆਂ ਪਾ ਦੇਈਏ ਤਾਂ ਉਹ ਉਨ੍ਹਾਂ ਦਾ ਮੁੱਲ ਨਹੀਂ ਜਾਣਦਾ।
(੨) ਕੜਛੀ (ਖਾਣੇ ਦੇ) ਸੁਆਦ ਨੂੰ ਨਹੀਂ ਜਾਣਦੀ, ਭਾਵੇਂ ਕਈ ਤਰ੍ਹਾਂ ਦੇ ਭੋਜਨਾਂ ਵਿਚ ਉਹ ਫਿਰਦੀ ਹੈ।
(੩) ਡੱਡੂ ਦਾ ਚਿੱਕੜ ਵਿਚ ਵਾਸਾ ਹੁੰਦਾ ਹੈ, ਪਰ ਉਹ ਕੌਲ ਫੁੱਲ ਨੂੰ ਨਹੀਂ ਸਿਞਾਣਦਾ।
(੪) ਹਰਨ ਦੀ ਨਾਭ (ਧੁੰਨੀ) ਵਿਚ ਕਸਤੂਰੀ ਹੁੰਦੀ ਹੈ, ਪਰ ਉਹ ਉਸਨੂੰ ਬਾਹਰੋਂ ਲੱਭਦਾ ਹੈਰਾਨ ਹੋਇਆ ਫਿਰਦਾ ਹੈ।
(੫) ਗੁੱਜਰ ਦੁੱਧ ਵੇਚ ਕੇ ਖਲ ਤੇ ਸੂੜੀ (ਛਾਣ ਬੂਰਾ) ਲੈ ਆਉਂਦਾ ਹੈ।
(੬) (ਇਸੇ ਤਰ੍ਹਾਂ ਅਗਿਆਨਤਾ ਕਰਕੇ) ਬੇਮੁਖ ਪੁਰਸ਼ ਆਪਣੇ ਅਸਲੇ ਤੋਂ ਖੁੰਝਿਆ ਜਮਾਂ ਦੀਆਂ ਚੋਟਾਂ ਸਹਾਰਦਾ ਹੈ।੪।

ਭਾਵ, ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥
ਨਾਨਕ ਜਿਉ ਮਥਨਿ ਮਾਧਾਣੀਆ
ਤਿਉ ਮਥੇ ਧ੍ਰਮ ਰਾਇ॥੯॥ *(ਸਲੋਕ ਮ: ੫, ਪੰਨਾ ੧੪੨੫)*

## ੫. ਬੇਮੁਖ ਸਦਾ ਹੀ ਦੁਖੀ ਰਹਿੰਦਾ ਹੈ

**੧. ਸਾਵਣ ਵਣ ਹਰੀਆਵਲੇ**
**ਸੁੱਕੈ ਜਾਵਾਹਾ।**
**੨. ਸਭ ਕੋ ਸਰਸਾ ਵਰਸਦੇ**
**ਝੂਰੇ ਜੋਲਾਹਾ।**
**੩. ਸਭਨਾ ਰਾਤਿ ਮਿਲਾਵੜਾ**
**ਚਕਵੀ ਦੋਰਾਹਾ।**
**੪. ਸੰਖ ਸਮੁੰਦਹੁ ਸੱਖਣਾ**
**ਰੋਵੈ ਦੇ ਧਾਹਾ।**
**੫. ਰਾਹਹੁੰ ਉੱਝੜ ਜੋ ਪਵੈ**
**ਮੁਸੈ ਦੇ ਫਾਹਾ।**
**੬. ਤਿਉਂ ਜਗ ਅੰਦਰ ਬੇਮੁਖਾਂ ਨਿਤ ਉਭੇ ਸਾਹਾ ॥੫॥**

***ਪਦ ਅਰਥ :*** ਹਰੀਆਵਲੇ—ਹਰੇ ਭਰੇ। ਸਰਸਾ—ਖੁਸ਼ੀ। ਦੋਰਾਹਾ—ਵਿਛੋੜਾ। ਮੁਸੈ—ਲੁਟਿਆ ਜਾਂਦਾ ਹੈ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਦਸੋਗੇ ਕਿ ਆਖ਼ਰ ਰੱਬ ਤੋਂ ਬੇਮੁਖਾਂ ਨੂੰ ਕੀ ਸਜ਼ਾ ਮਿਲਦੀ ਹੈ?

**ਉ:** ਹੇ ਭਾਈਓ! ਰੱਬ ਤੋਂ ਬੇਮੁਖਾਂ ਨੂੰ ਗੁਰਬਾਣੀ ਵਿਚ ਸਦਾ ਹੀ ਦੁਖੀਏ ਦਰਸਾਇਆ ਹੈ:

ਬੇਮੁਖ ਹੋਏ ਰਾਮ ਤੇ ਲਗਨਿ ਜਨਮਿ ਵਿਜੋਗ॥
*(ਬਾਰਹ ਮਾਹਾ, ਪੰਨਾ ੧੩੫)*

ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਇਸੇ ਭਾਵ ਨੂੰ ਮੈਂ ਕਈ ਉਦਾਹਰਣਾਂ ਵਿਚ ਦਰਸਾਇਆ ਹੈ:

(੧) (ਜਿਵੇਂ) ਸਾਵਣ ਦੇ ਮਹੀਨੇ ਵਿਚ ਬਾਰਸ਼ ਹੋਣ ਨਾਲ ਸਭ ਬਨਾਸਪਤੀ ਹਰੀ ਹੁੰਦੀ ਹੈ, ਪਰ ਜਵਾਹੇ ਦਾ ਬੂਟਾ ਸੁੱਕ ਜਾਂਦਾ ਹੈ।

(੨) ਮੀਂਹ ਵੱਸਣ ਨਾਲ ਹਰ ਇਕ ਜੀਵ ਖ਼ੁਸ਼ ਹੁੰਦਾ ਹੈ, ਪਰ ਜੁਲਾਹਾ (ਆਪਣੀ ਤਾਣੀ ਦੀ ਚਿੰਤਾ ਕਰਕੇ) ਝੂਰਦਾ ਹੈ।

(੩) ਰਾਤ ਨੂੰ ਸਭ ਜੀਵਾਂ ਦਾ ਆਪੋ ਆਪਣੇ ਘਰਾਂ ਵਿਚ ਮਿਲਾਪ ਹੁੰਦਾ ਹੈ, ਪਰ ਚਕਵੀ ਨੂੰ ਵਿਛੋੜਾ ਪੈ ਜਾਂਦਾ ਹੈ।

(੪) ਸੰਖ ਸਮੁੰਦਰ ਵਿਚੋਂ ਸੱਖਣਾ (ਖ਼ਾਲੀ) ਨਿਕਲਦਾ ਹੈ, ਉਹ ਦੋਵੇਂ ਵੇਲੇ ਧਾਹਾਂ ਮਾਰ ਮਾਰ ਕੇ ਰੋਂਦਾ ਹੈ।

(੫) ਸਹੀ ਰਸਤੇ ਨੂੰ ਛੱਡ ਕੇ ਜਿਹੜਾ ਮਨੁੱਖ ਕੁਰਾਹੇ ਪੈਂਦਾ ਹੈ, ਉਸਨੂੰ ਚੋਰ ਫੜ ਕੇ ਉਸ ਦੇ ਗਲ ਫਾਹੀ ਪਾ ਕੇ ਲੁੱਟ ਲੈਂਦੇ ਹਨ।

(੬) ਇਸੇ ਤਰ੍ਹਾਂ ਜਗਤ ਵਿਚ ਬੇਮੁਖ ਸਦਾ ਉਭੇ ਸਾਹ ਲੈਂਦਾ ਹੈ, (ਭਾਵ ਹਮੇਸ਼ਾਂ ਹੀ ਦੁਖੀ ਰਹਿੰਦਾ ਹੈ)।੫।

ਭਾਵ ਬੇਮੁਖ ਨੂੰ ਸੱਚ ਨਹੀਂ ਭਾਉਂਦਾ, ਉਹ ਝੂਠੇ ਵਿਹਾਰਾਂ ਵਿਚ ਪਿਆ ਦੁਖ ਸਹਿੰਦਾ ਹੈ।

## ੬. ਬੇਮੁਖ ਛੁੱਟੜ ਇਸਤ੍ਰੀ ਵਾਂਗੂ ਦੁਖੀ ਰਹਿੰਦਾ ਹੈ

**੧. ਗਿੱਦੜ ਦਾਖ ਨ ਅੱਪੜੈ**
**ਆਖੈ ਥੂ ਕਉੜੀ।**
**੨. ਨੱਚਣੁ ਨੱਚਿ ਨ ਜਾਣਈ**
**ਆਖੈ ਭੁਇ ਸਉੜੀ।**
**੩. ਬੋਲੈ ਅਗੈ ਗਾਵੀਐ**
**ਭੈਰਉ ਸੋ ਗਉੜੀ।**
**੪. ਹੰਸਾ ਨਾਲਿ ਟਟੀਹਰੀ**
**ਕਿਉ ਪਹੁਚੇ ਦਉੜੀ।**
**੫. ਸਾਵਣ ਵਣ ਹਰੀਆਵਲੇ**
**ਅੱਕ ਜੰਮੈ ਅਉੜੀ।**
**੬. ਬੇਮੁਖ ਸੁਖੁ ਨ ਦੇਖਈ ਜਿਉਂ ਛੁੱਟੜ ਛਉੜੀ ॥੬॥**

***ਪਦ ਅਰਥ :*** ਭੁਇ ਸਉੜੀ—ਥਾਂ ਭੀੜੀ, ਤੰਗ। ਅਉੜੀ—ਔੜ, ਹਾੜ ਦਾ ਸਮਾ। ਛਉੜੀ—ਛੱਡੀ ਹੋਈ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਇਹ ਦਸੋ ਕਿ ਬੇਮੁਖ ਦੁਖੀ ਕਿਉਂ ਹੁੰਦੇ ਹਨ?

**ਉ:** ਹੇ ਭਾਈਓ! ਮਨਮੁਖ ਆਪ ਭੈੜੇ ਹੁੰਦੇ ਹਨ, ਪਰ ਦੋਸ਼ ਭਲੇ ਪੁਰਸ਼ਾਂ ਨੂੰ ਦੇਂਦੇ ਹਨ ਕਿ ਉਨ੍ਹਾਂ ਦਾ ਮਾਰਗ ਠੀਕ ਨਹੀਂ, ਇਸੇ ਭਾਵ ਨੂੰ ਮੈਂ ਇਸ ਪਉੜੀ ਵਿਚ ਕੁਝ ਉਦਾਹਰਣਾਂ ਵਿਚ ਉਲੀਕਿਆ ਹੈ:

(੧) (ਜਦੋਂ) ਗਿੱਦੜ ਦਾ ਦਾਖਾਂ ਦੇ ਗੁੱਛੇ ਤਕ ਹੱਥ ਨਹੀਂ

ਪਹੁੰਚਦਾ ਤਾਂ ਉਹ ਥੂ ਥੂ ਕਰਦਾ ਹੈ, ਕਹਿੰਦਾ ਹੈ ਕਿ ਇਹ ਦਾਖ ਕਉੜੀ ਹੈ।

(੨) ਨੱਚਣ ਵਾਲੀ ਨੱਚਣਾ ਤਾਂ ਜਾਣਦੀ ਨਹੀਂ ਤੇ ਕਹਿੰਦੀ ਹੈ ਕਿ ਇਹ ਜਗ੍ਹਾ ਨੱਚਣ ਲਈ ਸਉੜੀ (ਤੰਗ) ਹੈ।

(੩) ਬੋਲੇ ਅਗੇ ਜੇ ਰਾਗ ਗਾਵੀਏ ਤਾਂ ਉਸ ਲਈ ਭੈਰਉ ਤੇ ਗਉੜੀ ਇਕੋ ਜਿਹੇ ਹਨ (ਕਿਉਂਕਿ ਉਹ ਕੁਛ ਸੁਣਦਾ ਤਾਂ ਹੈ ਨਹੀਂ)।

(੪) ਹੰਸਾਂ ਨਾਲ ਟਟੀਹਰੀ (ਨਿੱਕੀ ਗੁਟਾਰ) ਦੌੜ ਕੇ ਕਿਵੇਂ (ਬਰਾਬਰ) ਪਹੁੰਚੇਗੀ।

(੫) ਸਾਵਣ ਵਿਚ ਸਾਰੇ ਬ੍ਰਿਛ ਹਰੇ ਹੁੰਦੇ ਹਨ, ਪਰ ਅੱਕ ਔੜ ਵਿਚ ਹੀ ਉੱਗਦਾ ਹੈ।

(੬) ਬੇਮੁਖ ਮਨੁੱਖ (ਆਪਣੇ ਕਰਮਾਂ ਕਰਕੇ) ਸੁਖ ਨਹੀਂ ਪਾਉਂਦਾ, ਜਿਵੇਂ ਛੁੱਟੜ ਇਸਤ੍ਰੀ ਦੁਖੀ ਹੁੰਦੀ ਹੈ (ਸੁਖ ਨਹੀਂ ਪਾਉਂਦੀ)।੬।

ਭਾਵ ਹੈ ਇਸੇ ਤਰ੍ਹਾਂ ਬੇਮੁਖ ਭੈੜੇ ਆਪ ਹੁੰਦੇ ਹਨ, ਪਰ ਕਹਿੰਦੇ ਹਨ ਕਿ ਗੁਰੂ ਦਾ ਰਸਤਾ ਮਾੜਾ ਸੀ, ਅਸੀਂ ਇਸ ਕਰਕੇ ਪਿੱਠ ਦਿੱਤੀ ਹੈ।

## ੭. ਬੇਮੁਖ ਦੀ ਸੰਗਤ ਦਾ ਫਲ

**੧. ਭੇਡੈ ਪੂਛਲਿ ਲੱਗਿਆਂ**
**ਕਿਉਂ ਪਾਰ ਲੰਘੀਐ।**
**੨. ਭੂਤੈ ਕੇਰੀ ਦੋਸਤੀ**
**ਨਿਤ ਸਹਸਾ ਜੀਐ।**
**੩. ਨਦੀ ਕਿਨਾਰੈ ਰੁੱਖੜਾ**
**ਵੇਸਾਹੁ ਨ ਕੀਐ।**
**੪. ਮਿਰਤਕ ਨਾਲਿ ਵਿਵਾਹੀਐ**
**ਸੋਹਾਗੁ ਨ ਥੀਐ।**
**੫. ਵਿਸੁ ਹਲਾਹਲ ਬੀਜਿ ਕੈ**
**ਕਿਉਂ ਅਮਿਓ ਲੀਐ।**
**੬. ਬੇਮੁਖ ਸੇਤੀ ਪਿਰਹੜੀ ਜਮ ਡੰਡ ਸਹੀਐ ॥੭॥**

***ਪਦ ਅਰਥ :*** ਸਹਸਾ—ਸੰਸਾ। ਵੇਸਾਹੁ—ਇਤਬਾਰ। ਮਿਰਤਕ—ਮੁਰਦੇ। ਹਲਾਹਲ—ਜ਼ਹਿਰ। ਅਮਿਓ—ਅੰਮ੍ਰਿਤ। ਪਿਰਹੜੀ—ਪ੍ਰੀਤ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਕੀ ਦਸੋਗੇ ਕਿ ਮਨਮੁਖ ਨਾਲ ਪ੍ਰੀਤ ਕਰਨ ਦਾ ਕੀ ਦੰਡ ਹੈ?

ਉ: ਹੇ ਭਾਈਓ! ਮਨਮੁਖਾਂ ਬਾਰੇ ਗੁਰੂ ਗ੍ਰੰਥ ਸਾਹਿਬ ਦਾ ਫ਼ੁਰਮਾਨ ਹੈ ਕਿ:

ਮਨਮੁਖ ਕਚੇ ਕੂੜਿਆਰ
ਤਿਨੀ ਨਿਹਚਉ ਦਰਗਹ ਹਾਰਿਆ॥

*(ਪਉੜੀ, ਪੰਨਾ ੧੨੮੦)*

ਭਾਵ ਹੈ ਕਿ ਮਨਮੁਖ ਕੱਚੇ ਕੂੜਿਆਰ ਹਨ, ਜਿਨ੍ਹਾਂ ਨੂੰ ਰੱਬੀ ਦਰਬਾਰ ਵਿਚ ਜਾ ਕੇ ਹਾਰ ਹੀ ਹੋਣੀ ਹੈ, ਇਸ ਲਈ ਉਨ੍ਹਾਂ ਦੀ ਸੰਗਤ ਕਰਨ ਤੋਂ ਸਦਾ ਹੀ ਬਚ ਕੇ ਰਹੋ, ਕਿਉਂਕਿ ਉਨ੍ਹਾਂ ਦੇ ਸੰਗ ਵਿਚ ਸਦਾ ਹੀ ਦੁਖ ਮਿਲਦਾ ਹੈ, ਇਸੇ ਭਾਵ ਨੂੰ ਮੈਂ ਇਸ ਪਉੜੀ ਵਿਚ ਦਰਸਾਇਆ ਹੈ:

(੧) (ਜਿਵੇਂ) ਭੇਡ ਦੀ ਪੂੰਛ ਫੜ ਕੇ ਕੋਈ ਨਦੀ ਨੂੰ ਕਿਵੇਂ ਪਾਰ ਕਰ ਸਕਦਾ ਹੈ। (ਭਾਵ ਕੋਈ ਭੀ ਨਦੀ ਤੋਂ ਪਾਰ ਨਹੀਂ ਹੋ ਸਕਦਾ)।

(੨) ਭੂਤ ਦੀ ਦੋਸਤੀ ਨਾਲ ਜੀਅ ਨੂੰ ਸਦਾ ਸੰਸਾ ਲਗਾ ਰਹਿੰਦਾ ਹੈ (ਕਿ ਪਤਾ ਨਹੀਂ ਕਦੋਂ ਮਾਰ ਦੇਵੇ)।

(੩) ਨਦੀ ਦੇ ਕੰਢੇ ਵਾਲੇ ਬ੍ਰਿਛ ਦਾ ਵੀ ਕੋਈ ਭਰੋਸਾ ਨਹੀਂ ਹੁੰਦਾ (ਕਿ ਕਦੋਂ ਡਿੱਗ ਪਵੇਗਾ)।

(੪) ਮੁਰਦੇ ਨਾਲ ਵਿਵਾਹ ਕਰਨ ਵਾਲੀ ਇਸਤ੍ਰੀ ਸੁਹਾਗਣ ਨਹੀਂ ਹੁੰਦੀ।

(੫) ਕੌੜੀ ਜ਼ਹਿਰ ਬੀਜ ਕੇ ਅੰਮ੍ਰਿਤ ਫਲ ਕਿਵੇਂ ਮਿਲ ਸਕਦੇ ਹਨ (ਭਾਵ ਜ਼ਹਿਰ ਬੀਜਣ ਨਾਲ ਜ਼ਹਿਰ ਹੀ ਮਿਲੇਗਾ)

(੬) ਬੇਮੁਖ (ਮਨਮੁਖ) ਨਾਲ ਪ੍ਰੀਤ ਕੀਤਿਆਂ ਜਮ ਦਾ ਡੰਡ ਹੀ ਸਹੀਦਾ ਹੈ।੭।

ਕਬੀਰ ਸਾਹਿਬ ਜੀ ਨੇ ਵੀ ਇਸੇ ਭਾਵ ਦੀ ਪ੍ਰੋੜ੍ਹਤਾ ਕੀਤੀ ਹੈ:

ਕਬੀਰ ਸਾਕਤ ਸੰਗੁ ਨ ਕੀਜੀਐ
ਦੂਰਹਿ ਜਾਈਐ ਭਾਗਿ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥੧੩੧॥

*(ਸਲੋਕ ਕਬੀਰ ਜੀ, ਪੰਨਾ ੧੩੭੧)*

## ੮. ਬੇਮੁਖ ਗਿਆਨਹੀਨਾ ਆਪ ਦੋਸ਼ੀ ਹੈ

**੧. ਕੋਰੜੁ ਮੋਠੁ ਨ ਰਿੱਝਈ**
**ਕਰਿ ਅਗਨੀ ਜੋਸੁ।**
**੨. ਸਹਸ ਫਲਹੁ ਇਕੁ ਵਿਗੜੈ**
**ਤਰਵਰ ਕੀ ਦੋਸੁ।**
**੩. ਟਿੱਬੈ ਨੀਰੁ ਨ ਠਾਹਰੈ**
**ਘਣਿ ਵਰਸਿ ਗਇਓਸੁ।**
**੪. ਵਿਣੁ ਸੰਜਮੁ ਰੋਗੀ ਮਰੈ**
**ਚਿਤਿ ਵੈਦ ਨ ਰੋਸੁ।**
**੫. ਅਵਿਆਵਰ ਨ ਵਿਆਵਈ**
**ਮਸਤਕਿ ਲਿਖਿਓਸੁ।**
**੬. ਬੇਮੁਖ ਪੜੈ ਨ ਇਲਮ ਜਿਉ ਅਵਗੁਣ ਸਭਿ ਓਸੁ ॥੮॥**

***ਪਦ ਅਰਥ :*** ਕੋਰੜੁ—ਕਰੜਾ। ਜੋਸੁ—ਉਬਾਲਾ। ਸਹਸ ਫਲਹੁ—ਹਜ਼ਾਰਾਂ ਫਲਾਂ ਵਿਚੋਂ। ਤਰਵਰ—ਬ੍ਰਿਛ। ਸੰਜਮੁ—ਪ੍ਰਹੇਜ਼। ਵਿਗੜੈ—ਨਾ ਠਹਿਰੇ, ਖ਼ਰਾਬ ਹੋ ਜਾਏ। ਘਣਿ ਵਰਸਿ—ਬੱਦਲ ਵੱਸ ਗਿਆ। ਅਵਿਆਵਰ—ਬਾਂਝ ਇਸਤ੍ਰੀ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਬੇਮੁਖ ਨੂੰ ਦੋਸ਼ੀ ਕਿਵੇਂ ਕਿਹਾ ਜਾਂਦਾ ਹੈ ?

ਉ: ਹੇ ਭਾਈਓ! ਬੇਮੁਖ ਨੂੰ ਇਸੇ ਲਈ ਦੋਸ਼ੀ ਕਿਹਾ ਜਾਂਦਾ ਹੈ, ਕਿ ਉਹ ਗਿਆਨ ਨਹੀਂ ਸਿਖਦਾ, ਇਸੇ ਸੰਬੰਧ ਵਿਚ ਮੈਂ ਇਸ ਪਉੜੀ ਵਿਚ ਕੁਝ ਦ੍ਰਿਸ਼ਟਾਂਤ ਕਹੇ ਹਨ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਭਾਵੇਂ ਕਿੰਨੀ ਅੱਗ ਬਾਲ ਬਾਲ ਕੇ ਉਬਾਲੇ ਦਿਓ, ਪਰ ਕੋਰੜ (ਕਰੜਾ) ਮੋਠ ਦਾ ਦਾਣਾ ਨਹੀਂ ਰਿੱਝਦਾ।

(੨) ਹਜ਼ਾਰਾਂ ਫਲਾਂ ਵਿਚੋਂ ਜੇ ਇਕ ਫਲ ਖ਼ਰਾਬ ਹੋ ਜਾਏ ਤਾਂ ਇਸ ਵਿਚ ਬ੍ਰਿਛ ਦਾ ਕੀ ਦੋਸ਼ ਹੈ ?

(੩) ਭਾਵੇਂ ਕਿੰਨਾ ਮੀਂਹ ਵੱਸੇ ਪਰ ਟਿੱਬਿਆਂ (ਉੱਚੀਆਂ ਥਾਵਾਂ) 'ਤੇ ਪਾਣੀ ਨਹੀਂ ਠਹਿਰਦਾ।

(੪) ਪਥ, ਪ੍ਰਹੇਜ਼ ਤੋਂ ਬਿਨਾਂ ਜੇ ਰੋਗੀ ਮਰ ਜਾਏ ਤਾਂ ਵੈਦ 'ਤੇ ਗੁੱਸਾ ਨਹੀਂ ਕਰਨਾ ਚਾਹੀਦਾ।

(੫) ਬਾਂਝ ਇਸਤ੍ਰੀ ਜੇ ਬਾਲ ਨਹੀਂ ਜੰਮਦੀ ਤਾਂ ਇਸ ਵਿਚ ਉਸਦੇ ਪਤੀ ਦਾ ਕੀ ਦੋਸ਼ ਹੈ। (ਉਸ ਦੇ ਮੱਥੇ ਦੇ ਲੇਖ ਹੀ ਐਸੇ ਲਿਖੇ ਹੁੰਦੇ ਹਨ)।

(੬) ਬੇਮੁਖ ਮਨੁੱਖ ਇਲਮ (ਗਿਆਨ) ਨਹੀਂ ਪੜ੍ਹਦਾ, ਇਹ ਸਾਰੇ ਔਗੁਣ ਉਸਦੇ ਆਪਣੇ ਹੀ ਹੁੰਦੇ ਹਨ (ਇਸ ਵਿਚ ਕਿਸੇ ਹੋਰ ਦਾ ਕੋਈ ਦੋਸ਼ ਨਹੀਂ ਹੁੰਦਾ।੮।

ਭਾਵ ਹੈ ਗੁਰੂ ਵਿਖੇ ਕੋਈ ਅਵਗੁਣ ਨਹੀਂ, ਕਿਉਂ ਜੋ ਸੂਰਦਾਸ ਆਪ ਹੀ ਆਰਸੀ ਦੇਖ ਨਹੀਂ ਸਕਦਾ ਤਾਂ ਆਰਸੀ ਦਾ ਕੋਈ ਦੋਸ਼ ਨਹੀਂ ਤੇ ਸੂਰਜ ਦਾ ਕੀ ਦੋਸ਼ ਹੈ, ਬੇਮੁਖ ਵਿਚ ਗਿਆਨ ਵੈਰਾਗ ਦੀਆਂ ਅੱਖਾਂ ਨਹੀਂ ਹਨ, ਇਸ ਲਈ ਉਸਨੂੰ ਕੋਈ ਲਾਭ ਨਹੀਂ।

## ੯. ਬੇਮੁਖ ਦੀ ਕਰਨੀ ਦੋਸ਼ੀ ਹੈ

**੧. ਅੰਨ੍ਹੈ ਚੰਦ ਨ ਦਿੱਸਈ**
**ਜਗਿ ਜੋਤਿ ਸਬਾਈ।**
**੨. ਬੋਲਾ ਰਾਗੁ ਨ ਸਮਝਈ**
**ਕਿਹੁ ਘਟਿ ਨ ਜਾਈ।**
**੩. ਵਾਸੁ ਨ ਆਵੈ ਗੁਣਗੁਣੈ**
**ਪਰਮਲੁ ਮਹਕਾਈ।**
**੪. ਗੁੰਗੈ ਜੀਭ ਨ ਉਘੜੈ**
**ਸਭਿ ਸਬਦਿ ਸੁਹਾਈ।**
**੫. ਸਤਿਗੁਰੁ ਸਾਗਰੁ ਸੇਵਿਕੈ**
**ਨਿਧਿ ਸਭਨਾ ਪਾਈ।**
**੬. ਬੇਮੁਖ ਹੱਥ ਘਘੂਟਿਆ ਤਿਸ ਦੋਸ ਕਮਾਈ ॥੯॥**

***ਪਦ ਅਰਥ :*** ਘਟਿ ਨ—ਘਟਦਾ ਨਹੀਂ। ਵਾਸੁ—ਸੁਗੰਧੀ। ਗੁਣਗੁਣੈ—ਨਕ ਫੀਨੇ, ਸੁੰਘਣ ਸ਼ਕਤੀ ਨਾ ਹੋਣ ਵਾਲਾ ਨੱਕ। ਪਰਮਲੁ—ਚੰਦਨ। ਸਭਿ—ਸਭਨਾਂ ਨੂੰ। ਘਘੂਟਿਆ—ਘੋਗੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਦ ਕਿ ਗੁਰੂ ਦੇ ਦਿਤੇ ਜਾ ਰਹੇ ਉਪਦੇਸ਼ ਤੋਂ ਸਭ ਨੂੰ ਲਾਭ ਪ੍ਰਾਪਤ ਹੁੰਦਾ ਹੈ, ਪਰ ਬੇਮੁਖ ਕਿਉਂ ਖ਼ਾਲੀ ਰਹਿ ਜਾਂਦੇ ਹਨ, ਇਸਦਾ ਸਹੀ ਕਾਰਨ ਕੀ ਹੈ, ਜਾਣਕਾਰੀ ਦਿਓ ?

ਉ: ਹੇ ਭਾਈਓ! ਗੁਰੂ ਦਾ ਉਪਦੇਸ਼ ਤਾਂ ਸਾਰਿਆਂ ਲਈ ਸਮਾਨ ਹੀ ਹੈ, ਪਰ ਮਨਮੁਖਾਂ ਦੀ ਕਮਾਈ ਖੋਟੀ ਹੈ,

ਜਿਸ ਕਰਕੇ ਉਹ ਲਾਭ ਨਹੀਂ ਲੈ ਸਕਦੇ, ਗੁਰਬਾਣੀ ਦੀ ਪ੍ਰੇਰਨਾ ਲੈ ਕੇ ਇਸ ਭਾਵ ਨੂੰ ਪ੍ਰਗਟ ਕਰਨ ਲਈ ਇਸ ਪਉੜੀ ਵਿਚ ਮੈਂ ਕੁਝ ਉਦਾਹਰਣ ਦਰਸਾਏ ਹਨ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਚੰਦ੍ਰਮਾ ਦਾ ਪ੍ਰਕਾਸ਼ ਸਾਰੇ ਸੰਸਾਰ ਅੰਦਰ ਹੀ ਪਸਰਿਆ ਹੁੰਦਾ ਹੈ, ਪਰ ਅੰਨ੍ਹੇ ਨੂੰ ਚੰਦ੍ਰਮਾਂ ਨਜ਼ਰ ਨਹੀਂ ਆਉਂਦਾ।

(੨) ਜੇਕਰ ਬੋਲਾ ਰਾਗ ਨੂੰ ਨਹੀਂ (ਸੁਣਦਾ ਜਾਂ) ਸਮਝਦਾ ਤਾਂ ਰਾਗ ਦਾ ਕੁਝ ਘਟ ਨਹੀਂ ਜਾਂਦਾ।

(੩) ਭਾਵੇਂ ਚੰਦਨ ਦੀ ਵਾਸ਼ਨਾ ਕਿਤਨੀ ਹੀ ਮਹਿਕ ਰਹੀ ਹੋਵੇ, ਪਰ ਗੁਣਗੁਣੇ ਨੂੰ ਉਹ ਵਾਸ਼ਨਾ ਨਹੀਂ ਆਉਂਦੀ।

(੪) ਗੁੰਗੇ ਦੀ ਜੀਭ ਨਹੀਂ ਉਘੜਦੀ (ਖੁਲ੍ਹਦੀ) ਭਾਵੇਂ ਸਤਿਗੁਰਾਂ ਦਾ ਸ਼ਬਦ ਸਾਰਿਆਂ ਨੂੰ ਸੁਭਾਇਮਾਨ ਕਰ ਰਿਹਾ ਹੁੰਦਾ ਹੈ।

(੫) ਸ਼ਰਧਾਲੂਆਂ ਨੇ ਸਤਿਗੁਰੂ ਰੂਪ ਸਾਗਰ ਦੀ ਸੇਵਾ ਕਰਕੇ ਸਤਿ, ਸੰਤੋਖ, ਦਇਆ, ਧਰਮ ਆਦਿ ਸਤਿ ਪਦਾਰਥਾਂ ਦੇ ਖ਼ਜ਼ਾਨੇ ਪ੍ਰਾਪਤ ਕਰ ਲਏ ਹਨ।

(੬) (ਪਰ) ਬੇਮੁਖਾਂ ਦੇ ਹੱਥ ਘੋਘੇ ਹੀ ਆਉਂਦੇ ਹਨ। (ਕਿਉਂਕਿ ਉਹ) ਮੰਦੇ ਕਰਮਾਂ ਵਿਚ ਹੀ ਲੱਗੇ ਰਹਿੰਦੇ ਹਨ) ਇਹ ਉਨ੍ਹਾਂ ਦੀ ਮੰਦੀ ਕਮਾਈ ਦਾ ਦੋਸ਼ ਹੈ।੯।

ਭਾਵ ਮਨਮੁਖ ਆਪਣੇ ਮੰਦੇ ਕਰਮਾਂ ਕਰਕੇ ਸਤਿਗੁਰੂ ਦੀ ਮੇਹਰ ਤੋਂ ਖ਼ਾਲੀ ਰਹਿੰਦੇ ਹਨ, ਸਤਿਗੁਰੂ ਤਾਂ ਸਮੁੰਦਰ ਵਤ ਗਹਿਰ ਗੰਭੀਰ ਸਦਾ ਹੀ ਪਰਉਪਕਾਰੀ ਹਨ।

## ੧੦. *ਬੇਮੁਖਾਂ ਦੇ ਮਸਤਕ ਲੇਖ ਨੂੰ ਕੋਈ ਨਹੀਂ ਮਿਟਾ ਸਕਦਾ*

**੧. ਰਤਨ ਉਪੰਨੇ ਸਾਇਰਹੁ**
**ਭੀ ਪਾਣੀ ਖਾਰਾ।**
**੨. ਸੁੱਝਹੁ ਸੁੱਝਨਿ ਤਿਨ ਲੋਅ**
**ਅਉਲੰਗੁ ਵਿਚਕਾਰਾ।**
**੩. ਧਰਤੀ ਉਪਜੈ ਅੰਨੁ ਧਨੁ**
**ਵਿਚਿ ਕੱਲਰੁ ਭਾਰਾ।**
**੪. ਈਸਰੁ ਤੁੱਸੈ ਹੋਰਨਾਂ**
**ਘਰਿ ਖੱਪਰ ਛਾਰਾ।**
**੫. ਜਿਉਂ ਹਣਵੰਤਿ ਕਛੋਟੜਾ**
**ਕਿਆ ਕਰੈ ਵਿਚਾਰਾ।**
**੬. ਬੇਮੁਖ ਮਸਤਕਿ ਲਿਖਿਆ ਕਉਣੁ ਮੇਟਣਹਾਰਾ ॥੧੦॥**

***ਪਦ ਅਰਥ :*** ਸਾਇਰਹੁ—ਸਮੁੰਦਰ ਵਿਚੋਂ। ਸੁੱਝਹੁੰ—ਚੰਦਰਮਾਂ ਤੋਂ। ਤਿਨ ਲੋਅ—ਤਿੰਨ ਲੋਕ। ਅਉਲੰਗੁ—ਕਲੰਕ (ਕਾਲਖ)। ਈਸਰੁ—ਸ਼ਿਵਜੀ। ਹਣਵੰਤਿ—ਹਨੂੰਮਾਨ। ਕਛੋਟੜਾ—ਕੱਛ। ਤੁੱਸੈ—ਕ੍ਰਿਪਾਲੂ ਹੁੰਦਾ ਹੈ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜੋ ਬੇਮੁਖਾਂ ਦੇ ਮੱਥੇ ਦਾ ਖੋਟਾ ਲੇਖ ਹੈ, ਕੀ ਉਸਨੂੰ ਮਿਟਾਇਆ ਨਹੀਂ ਜਾ ਸਕਦਾ?

ਉ: ਹੇ ਭਾਈਓ! ਜਦੋਂ ਬ੍ਰੀਕ-ਬੀਨੀ ਨਜ਼ਰਾਂ ਨਾਲ ਤੱਕਿਆ ਜਾਵੇ ਤਾਂ ਇਹੋ ਸਾਬਤ ਹੁੰਦਾ ਹੈ ਕਿ ਬੇਮੁਖਾਂ ਦੇ ਮਸਤਕ ਦੇ ਲੇਖਾਂ ਨੂੰ ਮਿਟਾਉਣਾ ਅਸੰਭਵ ਹੈ। ਇਸ ਪੱਖ ਵਿਚ ਜੋ ਮੈਨੂੰ ਗੁਰਬਾਣੀ ਵਿਚੋਂ ਪ੍ਰੇਰਨਾ ਮਿਲੀ ਹੈ, ਉਸਨੂੰ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਕੁਝ ਅਲੰਕਾਰ ਦਰਸਾਏ ਹਨ ਕਿ ਮਨਮੁਖਾਂ ਦੇ ਮਸਤਕ ਦੇ ਲੇਖਾਂ ਨੂੰ ਮਿਟਾਇਆ ਨਹੀਂ ਜਾ ਸਕਦਾ, ਅਗੇ ਉਦਾਹਰਣ ਦਿਤੇ ਹਨ:

(੧) (ਜਿਵੇਂ ਅਸੀਂ ਪ੍ਰਤੱਖ ਹੀ ਤੱਕਦੇ ਹਾਂ ਕਿ) ਸਮੁੰਦਰ ਵਿਚੋਂ ਚੌਦਾਂ ਰਤਨ ਨਿਕਲੇ ਹਨ, ਪਰ ਪਾਣੀ ਉਸਦਾ ਖਾਰਾ ਹੀ ਰਿਹਾ।

(੨) ਚੰਦ੍ਰਮਾ ਦੇ ਚੜ੍ਹਨ ਨਾਲ ਤਿੰਨ ਲੋਕ (ਸਾਰਾ ਸੰਸਾਰ) ਦਿਸਦੇ ਹਨ, ਪਰ ਉਸਨੂੰ ਕਾਲਖ ਦਾ ਕਲੰਕ ਲੱਗਾ ਹੋਇਆ ਹੈ।

(੩) ਧਰਤੀ ਵਿਚੋਂ ਬੇਅੰਤ ਅੰਨ ਧਨ ਪੈਦਾ ਹੁੰਦਾ ਹੈ, ਪਰ ਉਸ ਵਿਚ ਕਲਰ ਵੀ ਬੜਾ ਹੁੰਦਾ ਹੈ।

(੪) ਸ਼ਿਵਜੀ ਹੋਰਨਾਂ 'ਤੇ ਪ੍ਰਸੰਨ ਹੋ ਕੇ ਵਰ ਬਖ਼ਸ਼ਦਾ ਹੈ, ਪਰ ਉਸਦੇ ਆਪਣੇ ਘਰ ਖੱਪਰ ਤੇ ਸੁਆਹ ਹੀ ਹੁੰਦੀ ਹੈ।

(੫) ਜਿਵੇਂ ਹਨੂਮਾਨ ਨੇ ਸ੍ਰੀ ਰਾਮਚੰਦਰ ਜੀ ਦੇ ਬੜੇ ਵੱਡੇ ਵੱਡੇ ਕੰਮ ਕੀਤੇ, ਪਰ ਬਖ਼ਸ਼ਿਸ਼ ਵਿਚ ਉਸ ਨੂੰ ਕੱਛ ਹੀ ਮਿਲੀ।

ਭਾਵ ਹਨੂਮਾਨ ਨੇ (ਸਮੁੰਦਰ ਟੱਪ ਕੇ ਸੀਤਾ ਦੀ ਖ਼ਬਰ ਲਿਆਂਦੀ ਅਤੇ ਰਾਖ਼ਸ਼ ਮਾਰੇ, ਲੰਕਾ ਵਿਖੇ ਫ਼ਤਹਿ ਪਾਈ, ਜੀਵਨ ਬੂਟੀ ਲਿਆਂਦੀ, ਪਰ ਉਸ ਦੇ ਤੇੜ) ਕਛੋਟੀ ਹੀ ਰਹੀ, ਵਿਚਾਰਾ ਕੀ ਕਰੇ (ਕਰਮ ਕਰਿ ਕਛਉਟੀ ਮਫੀਟਸਿ ਰੀ) ਉਸਦੇ ਕਰਮਾਂ ਵਿਚ ਇਹੋ ਲਿਖੀ ਸੀ ਸੋ ਸਿਰੋਂ ਨਾ ਟਲੀ, ਕਿਉਂਕਿ ਰਾਮ ਜੀ ਨੇ

ਕਿਹਾ ਸੀ ਕਿ ਜਦੋਂ ਸੰਜੀਵਨੀ ਬੂਟੀ ਆਊ ਤਦ ਜੋ ਪੁਸ਼ਾਕ ਸਾਡੇ ਅੰਗ ਹੋਵੇਗੀ ਉਹ ਲਾਹ ਦੇਵਾਂਗੇ। ਗੱਲ ਕੀ ਤਦੋਂ ਇਸ਼ਨਾਨ ਕਰ ਰਹੇ ਸਨ, ਇਕ ਇਹੋ ਤੇੜ ਸੀ ਲਾਹ ਕੇ ਹਨੂਮਾਨ ਨੂੰ ਦੇ ਦਿਤੀ।

(੬) (ਇਸੇ ਤਰ੍ਹਾਂ) ਬੇਮੁਖ ਦੇ ਮੱਥੇ 'ਤੇ ਜੋ ਮੰਦੇ ਲੇਖ ਲਿਖੇ ਹਨ, ਉਸਨੂੰ ਮਿਟਾਉਣ ਵਾਲਾ ਕੌਣ ਹੈ ?।੧੦।

***ਭਾਵਾਰਥ :*** ਭਾਵੇਂ ਬੇਮੁਖ—ਸਾਇਰ, ਚੰਦ੍ਰਮਾ, ਧਰਤੀ, ਸ਼ਿਵ, ਹਨੂਮਾਨ ਵਾਂਗੂੰ ਕਈ ਗੱਲਾਂ ਕਰਕੇ ਸਮਰਥ ਪੂਰਾ ਭੀ ਹੋਵੇ, ਪ੍ਰੰਤੂ ਫੇਰ ਭੀ ਉਸਦੇ ਮੱਥੇ (ਗੁਰੂ ਤੋਂ ਬੇਮੁਖਤਾਈ ਦਾ) ਭਾਰੀ ਦੂਸ਼ਨ ਹੈ ਉਸਦੇ ਤਿੰਨ ਕਾਣੇ ਕਦੇ ਵੀ ਪੂਰਨ ਨਹੀਂ ਹੋਣਗੇ, ਸਦਾ ਕਲੰਕਤ ਹੀ ਰਹੇਗਾ।

ਹਨੂੰਮਾਨ ਤੇ ਸ਼ਿਵ ਨੂੰ ਬੇਮੁਖ ਕਹਿਣ ਤੋਂ ਮਤਲਬ ਨਹੀਂ ਹੈ, ਬਲਕਿ ਉਨ੍ਹਾਂ ਦੇ ਆਪ ਸੰਪਦਹੀਨ ਹੋਣ ਤੋਂ ਮਤਲਬ ਹੈ, ਦ੍ਰਿਸ਼ਟਾਂਤ ਦਾ ਇਕ ਅੰਗ ਲਿਆ ਜਾਂਦਾ ਹੈ। ਬੇਮੁਖ ਦੇ ਲਿਖੇ ਲੇਖਾਂ ਨੂੰ ਭਾਵੇਂ ਕੋਈ ਨਹੀਂ ਮਿਟਾ ਸਕਦਾ। ਪਰ ਹਾਂ, ਜੇ ਉਹ ਸਤਿਗੁਰੂ ਦੀ ਸ਼ਰਨ ਆ ਜਾਵੇ ਤਾਂ ਉਸ ਦੀ ਕਰਮ ਰੇਖਾ ਮਿਟ ਜਾਂਦੀ ਹੈ, ਹੋਰ ਕੋਈ ਉਪਾਅ ਨਹੀਂ।

## ੧੧. ਬੇਮੁਖ ਝੂਠਾ ਹੈ

**੧. ਗਾਈਂ ਘਰ ਗੋਸਾਂਈਆ**
**ਮਾਧਾਣੁ ਘੜਾਏ।**
**੨. ਘੋੜੇ ਸੁਣਿ ਸਉਦਾਗਰਾਂ**
**ਚਾਬਕ ਮੁਲਿ ਆਏ।**
**੩. ਦੇਖਿ ਪਰਾਏ ਖੱਲਵਾੜ**
**ਘਰਿ ਗਾਹੁ ਘਤਾਏ।**
**੪. ਸੁਇਨਾ ਹੱਥ ਸਰਾਫ ਦੇ**
**ਸੁਨਿਆਰ ਸਦਾਏ।**
**੫. ਅੰਦਰਿ ਢੋਈ ਨਾ ਲਹੈ**
**ਬਾਹਰਿ ਬੈਫਾਏ।**
**੬. ਬੇਮੁਖ ਬੱਦਲ ਛਾਵ ਹੈ ਕੂੜੇ ਆਲਾਏ ॥੧੧॥**

***ਪਦ ਅਰਥ :*** ਗੋਸਾਂਈਆ—ਗੁੱਜਰਾਂ, ਮਾਲਕਾਂ। ਖੱਲਵਾੜ—ਖਲਵਾੜੇ। ਬਾਫਾਏ—ਗਿੱਬਣਾ, ਗੱਪਾਂ ਮਾਰਨੀਆਂ। ਬੱਦਲ ਛਾਵ—ਬੱਦਲਾਂ ਦੀ ਛਾਂ ਵਾਂਗੂੰ ਖਿਨ ਭੰਗਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਮਨੁੱਖ ਤਾਂ ਵੇਖਣ ਵਿਚ ਸਮਾਨ ਹੀ ਨਜ਼ਰ ਆਉਂਦੇ ਹਨ, ਪਰ ਬੇਮੁਖ ਦੀ ਅਸਲ ਪਛਾਣ ਕੀ ਹੈ ?

ਉ: ਹੇ ਭਾਈਓ ! ਬੇਮੁਖ ਦੀ ਸਹੀ ਪਛਾਣ ਹੈ ਕਿ ਉਸ ਦੇ ਸਾਰੇ ਕਰਮ ਝੂਠੇ ਤੇ ਛਲਾਵੇ ਵਾਲੇ ਹੁੰਦੇ ਹਨ, ਜਿਸ ਬਾਰੇ ਮੈਂ ਇਸ ਭਾਵ ਨੂੰ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਅੰਕਤ ਕੀਤਾ ਹੈ, ਜਿਸ ਤੋਂ ਉਸਦੀ ਪਰਖ ਹੁੰਦੀ ਹੈ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਗਾਵਾਂ ਤਾਂ ਗੁੱਜਰਾਂ ਦੇ ਘਰ ਹਨ, ਪਰ (ਮੂਰਖ) ਨੇ ਮਧਾਣੀਆਂ ਘੜਾ ਛੱਡੀਆਂ (ਕਿ ਦੁੱਧ ਰਿੜਕਾਂਗੇ)।

(੨) (ਮੂਰਖ ਨੇ) ਸੁਦਾਗਰਾਂ ਕੋਲੋਂ ਘੋੜਿਆਂ ਦਾ ਨਾਂ ਸੁਣ ਕੇ ਚਾਬਕ ਮੁੱਲ ਲੈ ਆਂਦੇ (ਕਿ ਘੋੜਿਆਂ ਦੀ ਸਵਾਰੀ ਕਰਨ ਵੇਲੇ ਚਾਬਕ ਮਾਰਾਂਗਾ)।

(੩) ਪਰਾਏ ਖਲਵਾੜੇ ਵੇਖ ਕੇ (ਮੂਰਖ) ਨੇ ਆਪਣੇ ਘਰ ਵਿਚ ਗਾਹ ਘੱਤ ਲਿਆ ਹੈ।

(੪) ਸਰਾਫ਼ ਦੇ ਹੱਥ ਵਿਚ ਸੋਨਾ ਵੇਖ ਕੇ (ਮੂਰਖ ਸ਼ੇਖ਼ਚਿੱਲੀ ਨੇ) ਆਪਣੇ ਘਰ ਵਿਚ ਸੁਨਿਆਰੇ ਸੱਦ ਲਏ (ਕਿ ਸੋਨੇ ਨੂੰ ਪਰਖ ਕੇ ਮੁੱਲ ਦੱਸਣਗੇ)।

(੫) (ਮੂਰਖ ਨੂੰ) ਘਰ ਵਿਚ ਚੱਪਾ ਜਿੰਨੀ ਥਾਂ ਨਹੀਂ ਮਿਲਦੀ, ਪਰ ਬਾਹਰ ਲੋਕਾਂ ਵਿਚ ਵੱਡੀਆਂ ਵੱਡੀਆਂ ਗੱਪਾਂ ਮਾਰਦਾ ਹੈ (ਕਿ ਸਾਰੇ ਘਰ ਵਿਚ ਮੇਰਾ ਹੁਕਮ ਹੀ ਚਲਦਾ ਹੈ)।

(੬) ਬੇਮੁਖਾਂ ਦੀ ਦਸ਼ਾ ਬੱਦਲਾਂ ਦੀ ਛਾਂ ਵਾਂਗੂੰ ਖਿਨ ਭੰਗਰ ਹੁੰਦੀ ਹੈ, (ਜੋ ਇਕ ਪਲ ਹੁੰਦੀ ਹੈ ਤੇ ਦੂਜੇ ਪਲ ਨਾਸ ਹੋ ਜਾਂਦੀ ਹੈ) ਬੇਮੁਖ ਹਰ ਸਮੇਂ ਝੂਠ ਹੀ ਬੋਲਦਾ ਰਹਿੰਦਾ ਹੈ।੧੧।

ਭਾਵ ਹੈ ਕਿ :

ਤ੍ਰਿਣ ਕੀ ਅਗਨਿ ਮੇਘ ਕੀ ਛਾਇਆ
ਗੋਬਿੰਦ ਭਜਨ ਬਿਨੁ ਹੜ ਕਾ ਜਲੁ ॥ਰਹਾਉ॥

*(ਟੋਡੀ ਮਹਲਾ ੫, ਪੰਨਾ ੭੧੨)*

ਬੇਮੁਖ ਦਾ ਸਾਰਾ ਕਰਮ ਪਾਣੀ ਦੀ ਲੀਕ ਵਾਂਗੂੰ ਖਿਨ ਭੰਗਰ ਹੈ, ਗੱਪਾਂ ਤੇ ਝੂਠ ਨਾਲ ਲਿਬੜਿਆ ਹੋਇਆ ਹੈ।

## ੧੨. ਬੇਮੁਖ ਆਦਮੀ ਨਿਕੰਮਾ ਹੈ

**੧. ਮੱਖਣੁ ਲਇਆ ਵਿਰੋਲਿਕੈ
ਛਾਹਿ ਛੁੱਟੜਿ ਹੋਈ।
੨. ਪੀੜ ਲਈ ਰਸੁ ਗੰਨਿਅਹੁ
ਛਿੱਲੁ ਛੁਹੇ ਨ ਕੋਈ।
੩. ਰੰਗੁ ਮਜੀਠਹੁ ਨਿਕਲੈ
ਅੱਢ ਲਹੈ ਨ ਸੋਈ।
੪. ਵਾਸ ਲਈ ਫੁਲਵਾੜੀਅਹੁ
ਫਿਰ ਮਿਲੈ ਨ ਢੋਈ।
੫. ਕਾਇਆਂ ਹੰਸੁ ਵਿਛੁੰਨਿਆ
ਤਿਸੁ ਕੋ ਨ ਸਥੋਈ।
੬. ਵੇਮੁਖ ਸੁੱਕੇ ਰੁੱਖ ਜਿਉ ਦੇਖੈ ਸਭ ਲੋਈ॥੧੨॥**

***ਪਦ ਅਰਥ :*** ਵਿਰੋਲਿਕੈ—ਰਿੜਕ ਕੇ। ਛਾਹਿ—ਲੱਸੀ। ਅੱਢ—ਅੱਧੀ ਕੌਡੀ। ਢੋਈ—ਆਸਰਾ। ਹੰਸੁ—ਜੀਵਾਤਮਾ। ਸਥੋਈ—ਸਾਥੀ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਬੇਮੁਖ ਆਦਮੀ ਨੂੰ ਆਪ ਜੀ ਨਿਕੰਮਾ ਹੋਣ ਦਾ ਦਰਜਾ ਦੇਂਦੇ ਹੋ, ਪਰ ਇਸਨੂੰ ਆਪ ਜੀ ਖੁਲਾਸੇ ਰੂਪ ਵਿਚ ਦਰਸਾਓ ਤਾਕਿ ਅਸੀਂ ਭੀ ਸਮਝ ਸੱਕੀਏ?

**ਉ:** ਹੇ ਭਾਈਓ! ਮੈਂ ਇਸ ਬੇਮੁਖ ਮਨੁੱਖ ਦੀ ਰੂਪ-ਰੇਖਾ ਦਾ ਚਿੱਤ੍ਰਨ ਇਸ ਪਉੜੀ ਦੀਆਂ ਕੁਝ ਕੁ ਪੰਗਤੀਆਂ ਵਿਚ ਅੰਕਤ ਕੀਤਾ ਹੈ ਕਿ ਅਜਿਹਾ ਬੇਮੁਖ ਸ਼ੁਭ ਗੁਣਾਂ ਤੋਂ ਸੱਖਣਾ ਹੈ, ਜਿਸ ਕਰਕੇ ਉਸਦੀ ਕੋਈ ਭੀ ਕਦਰ ਨਹੀਂ ਕਰਦਾ।

(੧) (ਜਿਵੇਂ ਕਿ ਅਸੀਂ ਜਾਣਦੇ ਹੀ ਹਾਂ ਕਿ) ਦਹੀਂ ਨੂੰ ਰਿੜਕ ਕੇ ਮੱਖਣ ਕੱਢ ਲਈਏ ਤਾਂ ਪਿਛੋਂ ਛੁੱਟੜ ਹੋ ਜਾਂਦੀ ਹੈ, (ਭਾਵ ਉਸਦੀ ਕਦਰ ਨਹੀਂ ਰਹਿੰਦੀ)।

(੨) ਗੰਨੇ ਨੂੰ ਵੇਲਣੇ ਵਿਚ ਪੀੜ ਕੇ (ਰਸ) ਰਹੁ ਕੱਢ ਲਈਏ ਤਾਂ ਉਸਦੀ ਛਿੱਲ ਨੂੰ ਕੋਈ ਨਹੀਂ ਛੋਂਹਦਾ (ਫਿਰ ਉਹ ਬਾਲਣ ਦੇ ਕੰਮ ਹੀ ਆਉਂਦੀ ਹੈ)।

(੩) ਜਦੋਂ ਮਜੀਠ ਵਿਚੋਂ ਰੰਗ ਕੱਢ ਲਿਆ ਜਾਂਦਾ ਹੈ, ਫਿਰ ਉਸਦੇ ਫੋਗ ਦੀ ਅੱਧੀ ਕੌਡੀ ਭੀ ਕੀਮਤ ਨਹੀਂ ਪੈਂਦੀ।

(੪) ਜਦੋਂ ਫੁਲਾਂ ਵਿਚੋਂ ਵਾਸ਼ਨਾਂ ਕੱਢ ਲਈ ਜਾਂਦੀ ਹੈ ਤਾਂ ਫੁਲਾਂ ਦੇ ਰਹਿੰਦੇ ਫੋਗ ਨੂੰ ਕਿਤੇ ਵੀ ਢੋਈ ਨਹੀਂ ਮਿਲਦੀ।

(੫) ਜਦੋਂ ਇਸ ਕਾਇਆਂ (ਸਰੀਰ) ਵਿਚੋਂ ਹੰਸ (ਜੀਵ) ਵਿਛੜ ਜਾਂਦਾ ਹੈ, ਫਿਰ ਉਸ ਮ੍ਰਿਤਕ ਸਰੀਰ ਦਾ ਕੌਣ ਸਾਥੀ ਬਣਦਾ ਹੈ (ਭਾਵ ਕੋਈ ਸਾਥੀ ਨਹੀਂ ਹੁੰਦਾ, ਫਿਰ ਉਸ ਮੁਰਦਾ ਸਰੀਰ ਨੂੰ ਸਾੜਿਆ ਜਾਂ ਦੱਬਿਆ ਜਾਂਦਾ ਹੈ)।

(੬) ਬੇਮੁਖ ਨੂੰ ਲੋਕ ਸੁੱਕੇ ਰੁੱਖ ਵਰਗਾ ਵੇਖਦੇ ਹਨ, (ਜਿਸ ਨੂੰ ਅੱਗ ਵਿਚ ਝੋਕਿਆ ਜਾਂਦਾ ਹੈ)।੧੨।

ਭਾਵ ਬੇਮੁਖ ਵਿਚੋਂ ਸ਼ਰਧਾ, ਪ੍ਰੇਮ ਰੂਪੀ ਮੱਖਣ, ਆਤਮ ਰਸ, ਸੁਰਤ ਚੜ੍ਹਾਉਣ ਦਾ ਰੰਗ, ਨਾਮ ਦੀ ਵਾਸ ਰੂਪੀ ਜਿੰਦ ਨਿਕਲ ਗਈ, ਹੁਣ ਉਹ ਕਦਰਯੋਗ ਨਹੀਂ ਰਿਹਾ, ਨਰਕਾਂ ਦਾ ਅਧਿਕਾਰੀ ਹੈ।

## ੧੩. ਮੂਰਖ ਗੰਢੁ ਪਵੈ ਮੁਹਿ ਮਾਰ

**੧. ਜਿਉਂ ਕਰਿ ਖੂਹਹੁ ਨਿਕਲੈ
ਗਲਿ ਬੱਧੇ ਪਾਣੀ।
੨. ਜਿਉਂ ਮਣਿ ਕਾਲੇ ਸੱਪ ਸਿਰਿ
ਹੱਸਿ ਦੇਇ ਨ ਜਾਣੀ।
੩. ਜਾਣ ਕਥੂਰੀ ਮਿਰਗ ਤਨਿ
ਮਰਿ ਮੁੱਕੇ ਆਣੀ।
੪. ਤੇਲ ਤਿਲਹੁ ਕਿਉਂ ਨਿੱਕਲੈ
ਵਿਣੁ ਪੀੜੇ ਘਾਣੀ।
੫. ਜਿਉਂ ਮੁਹ ਭੰਨੇ ਗਰੀ ਦੇ
ਨਲੀਏਰੁ ਨੀਸਾਣੀ।
੬. ਬੇਮੁਖ ਲੋਹਾ ਸਾਧੀਐ ਵਗਦੀ ਵਾਦਾਣੀ॥੧੩॥**

***ਪਦ ਅਰਥ :*** ਗਲਿ ਬੱਧੇ—ਗਲ ਬੰਨ੍ਹਣਾ। ਸਾਧੀਐ—ਸਿੱਧਾ ਕਰੀਦਾ ਹੈ। ਵਗਦੀ ਵਾਦਾਣੀ—ਹਥੌੜਿਆਂ ਦੇ ਵੱਜਦਿਆਂ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਦਸੋਗੇ ਕਿ ਮੂਰਖ ਮਨੁੱਖ ਨੂੰ ਕਿਵੇਂ ਸਾਧਿਆ ਜਾਵੇ?

**ਉ:** ਹੇ ਭਾਈਓ ! ਇਸ ਭਾਵ ਨੂੰ ਭੀ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਉੱਕਰਿਆ ਹੈ, ਜਿਸ ਵਿਚ ਕਈ ਉਦਾਹਰਣ ਦਿਤੇ ਹਨ, ਜਿਵੇਂ ਕਿ :

(੧) (ਹੇ ਭਾਈਓ ! ਜਿਵੇਂ ਅਸੀਂ ਵੇਖਦੇ ਹਾਂ ਕਿ) ਜਿਵੇਂ ਖੂਹ ਵਿਚੋਂ ਪਾਣੀ ਤਦ ਨਿਕਲਦਾ ਹੈ ਜੇ ਘੜੇ ਦਾ ਗਲ ਲੱਜ (ਰੱਸੇ) ਨਾਲ ਬੰਨ੍ਹਿਆ ਜਾਏ।

(੨) ਜਿਸ ਤਰ੍ਹਾਂ ਮਣੀ ਕਾਲੇ ਸੱਪ ਦੇ ਸਿਰ ਵਿਚ ਹੁੰਦੀ ਹੈ, ਪਰ ਉਹ ਹੱਸ ਕੇ (ਖ਼ੁਸ਼ੀ ਨਾਲ) ਦੇਣੀ ਨਹੀਂ ਜਾਣਦਾ, ਉਸਨੂੰ ਮਾਰ ਕੇ ਹੀ ਮਣੀ ਲਈ ਜਾਂਦੀ ਹੈ)।

(੩) ਜਿਵੇਂ ਹਰਨ ਦੀ ਨਾਭੀ (ਧੁੰਨੀ) ਵਿਚ ਕਸਤੂਰੀ ਹੁੰਦੀ ਹੈ, ਪਰ ਜਦੋਂ ਉਹ ਮਰ ਮੁਕਦਾ ਹੈ, ਤਦੋਂ ਹੀ ਕਸਤੂਰੀ ਮਿਲਦੀ ਹੈ।

(੪) (ਤਿਲਾਂ ਨੂੰ ਕੋਹਲੂ ਵਿਚ ਪੀੜੇ ਤੋਂ ਬਿਨ੍ਹਾਂ ਤੇਲ ਕਿਵੇਂ ਨਿਕਲ ਸਕਦਾ ਹੈ ? (ਭਾਵ ਐਵੇਂ ਹੀ ਨਹੀਂ ਨਿਕਲਦਾ)।

(੫) (ਜਿਸ ਤਰ੍ਹਾਂ ਨਾਲੀਏਰ ਦੀ ਇਹ ਨਿਸ਼ਾਨੀ ਹੁੰਦੀ ਹੈ, ਕਿ ਉਹ ਮੂੰਹ ਭੰਨੇ ਬਿਨਾ ਗਰੀ ਨਹੀਂ ਦਿੰਦਾ।

(੬) ਗੁਰੂ ਤੋਂ ਬੇਮੁਖ ਲੋਹੇ ਦੇ ਸਮਾਨ ਹੈ। ਜਿਵੇਂ ਲੋਹੇ ਨੂੰ ਹਥੌੜੇ ਦੀਆਂ ਸੱਟਾਂ ਪੈਣ, ਤਦ ਉਹ ਘੜਿਆ ਜਾਂਦਾ ਹੈ। ਇਸੇ ਤਰ੍ਹਾਂ ਬੇ-ਮੁਖ ਨੂੰ ਚੋਟਾਂ ਪੈਂਦੀਆਂ ਹਨ, ਤਦ ਉਹ ਸਿੱਧਾ ਹੁੰਦਾ ਹੈ।੧੩।

ਭਾਵ ਹੈ ਕਿ ਮੂਰਖ ਦਾ ਸੁਭਾਉ ਹੈ ਕਿ ਉਹ ਜ਼ੋਰ ਨਾਲ ਹੀ ਸਿੱਧਾ ਹੁੰਦਾ ਹੈ, ਉਂਞ ਬੇਮੁਖ ਤੋਂ ਕੰਮ ਨਹੀਂ ਲਿਆ ਜਾ ਸਕਦਾ। ਗੁਰੂ ਫ਼ੁਰਮਾਨ ਭੀ ਇਹੋ ਹੈ ਕਿ :

ਮੂਰਖ ਗੰਢੁ ਪਵੈ ਮੁਹਿ ਮਾਰ॥

*(ਮਾਝ ਕੀ ਵਾਰ ਮ: ੧, ਪੰਨਾ ੧੪੩)*

## ੧੪. ਮੂਰਖ ਦਾ ਹਰ ਕੰਮ ਹੀ ਪੁੱਠਾ ਹੁੰਦਾ ਹੈ

**੧. ਮਹੁਰਾ ਮਿੱਠਾ ਆਖੀਐ**
**ਰੁਠੀ ਨੋ ਤੁਠੀ।**
**੨. ਬੁਝਿਆ ਵਡਾ ਵਖਾਣੀਐ**
**ਸਵਾਰੀ ਕੁੱਠੀ।**
**੩. ਜਲਿਆ ਠੰਢੇ ਗਈ ਨੋਂ**
**ਆਈ ਤੇ ਉੱਠੀ।**
**੪. ਅਹਮਕੁ ਭੋਲਾ ਆਖੀਐ**
**ਸਭਿ ਗੱਲਿ ਅਪੁੱਠੀ।**
**੫. ਉੱਜੜੁ ਤੱਟੀ ਬੇਮੁਖਾਂ**
**ਤਿਸ ਆਖ ਨ ਵੁੱਠੀ।**
**੬. ਚੋਰੈ ਸੰਦੀ ਮਾਉਂ ਜਿਉਂ ਲੁਕਿ ਰੋਵੈ ਮੁਠੀ॥੧੪॥**

***ਪਦ ਅਰਥ*** :ਰੁੱਠੀ—ਰੁੱਸੀ। ਤੁੱਠੀ—ਪ੍ਰਸੰਨ ਹੋਈ। ਕੁੱਠੀ—ਕੋਹੀ। ਅਹਮਕੁ—ਮੂਰਖ। ਤੱਟੀ—ਝੁੱਗੀ। ਵੁੱਠੀ—ਵੱਸਦੀ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਮਨਮੁਖਾਂ ਦੀ ਅਸਲ ਪਛਾਣ ਕੀ ਹੈ, ਜਿਸ ਤੋਂ ਉਨ੍ਹਾਂ ਨੂੰ ਅਸੀਂ ਜਾਣ ਸਕੀਏ ?

**ਉ:** ਹੇ ਭਾਈਓ ! ਇਸ ਪੱਖ ਨੂੰ ਭੀ ਮੈਂ ਇਸ ਪਉੜੀ ਵਿਚ ਦਰਸਾਇਆ ਹੈ ਕਿ ਮਨਮੁਖ ਦੀ ਬੋਲ ਚਾਲ, ਕੰਮ ਕਾਰ ਸਭੋ ਕੁਝ ਪੁੱਠਾ ਹੋਇਆ ਕਰਦਾ ਹੈ।

(੧) (ਜਿਵੇਂ ਕਿ) ਮਨਮੁਖਾਂ ਦੀ ਸਾਰੀ ਗੱਲ ਉਲਟੀ ਹੁੰਦੀ ਹੈ। ਕਿਸ ਤਰ੍ਹਾਂ ਉਲਟੀ ਹੈ ? ਜ਼ਹਿਰ ਜੋ ਮਨੁੱਖਾਂ ਨੂੰ ਮਾਰ ਦਿੰਦਾ ਹੈ, ਉਸਨੂੰ ਮਿੱਠਾ ਤੇਲੀਆ ਕਹਿੰਦੇ ਹਨ। ਕਰੋਪਵਾਨ ਹੋਈ ਮਾਤਾ ਸੀਤਲਾ ਨੂੰ ਪ੍ਰਸੰਨ ਹੋਈ ਆਖਦੇ ਹਨ।

(੨) ਜੇ ਦੀਵਾ ਬੁੱਝ ਜਾਏ ਤਾਂ ਉਸ ਨੂੰ ਵੱਡਾ ਹੋਇਆ ਕਹਿੰਦੇ ਹਨ। ਕੋਹੀ ਹੋਈ ਬੱਕਰੀ ਨੂੰ ਸਵਾਰੀ ਹੋਈ ਕਿਹਾ ਜਾਂਦਾ ਹੈ।

(੩) ਸੜ ਗਏ ਮੁਰਦੇ ਨੂੰ ਠੰਢਾ ਹੋਇਆ ਕਹਿੰਦੇ ਹਨ। ਗਈ (ਦੁਖਦੀ) ਅੱਖ ਨੂੰ ਆਈ ਆਖਦੇ ਹਨ, ਜੇ ਕੋਈ ਵਿਧਵਾ ਕਿਸੇ ਦੇ ਘਰ ਵੱਸ ਜਾਏ ਤਾਂ ਉਸਨੂੰ ਉਠੀ ਕਹਿੰਦੇ ਹਨ, ਇਹ ਨਹੀਂ ਜਾਣਦੇ ਕਿ ਉਹ ਤਾਂ ਵੱਸ ਪਈ ਹੈ।

(੪) ਮੂਰਖ ਨੂੰ ਭੋਲਾ (ਸਿਧਾ ਸਾਧਾ) ਆਖਦੇ ਹਨ, ਇਹ ਸਭ ਗੱਲਾਂ ਪੁੱਠੀਆਂ ਹਨ।

(੫) ਬੇਮੁਖਾਂ ਦੀ ਤੱਟੀ (ਝੁੱਗੀ) ਉੱਜੜਦੀ ਹੈ, ਉਸ ਨੂੰ ਵੱਸੀ ਹੋਈ ਨਾ ਆਖੋ।

(੬) ਜਿਵੇਂ ਚੋਰ ਦੀ ਮਾਂ ਗੁੱਠਾਂ ਵਿਚ ਲੱਗ ਕੇ ਰੋਂਦੀ ਹੈ, ਇਸੇ ਤਰ੍ਹਾਂ ਬੇਮੁਖ ਦੀ ਦਸ਼ਾ ਹੁੰਦੀ ਹੈ।੧੪।

ਭਾਵ, ਮਨਮੁਖ (ਬੇਮੁਖ) ਨੂੰ ਵੱਸਿਆ ਹੋਇਆ ਨਾ ਸਮਝੋ ਉਸ ਦੀ ਕੁੱਲੀ (ਘਰ) ਉੱਜੜਿਆ ਹੁੰਦਾ ਹੈ।

## ੧੫. ਬੇਮੁਖ ਦੀ ਸੰਗਤ ਦਾ ਬੁਰਾ ਫਲ ਹੈ

**੧. ਵੜੀਐ ਕੱਜਲ ਕੋਠੜੀ**
**ਮੁਹੁ ਕਾਲਖ ਭਰੀਐ।**
**੨. ਕੱਲਰ ਖੇਤੀ ਬੀਜੀਐ**
**ਕਿਹੁ ਕਾਜ ਨ ਸਰੀਐ।**
**੩. ਟੁੱਟੀ ਪੀਂਘੇ ਪੀਂਘੀਐ**
**ਪੈ ਟੋਏ ਮਰੀਐ।**
**੪. ਕੰਨਾ ਫੜਿ ਮਨਤਾਰੂਆਂ**
**ਕਿਉ ਦੁੱਤਰੁ ਤਰੀਐ।**
**੫. ਅੱਗਿ ਲਾਇ ਮੰਦਰਿ ਸਵੇ**
**ਤਿਸ ਨਾਲਿ ਨ ਫਰੀਐ।**
**੬. ਤਿਉਂ ਠੱਗ ਸੰਗਤਿ ਬੇਮੁਖਾਂ ਜੀਅ ਜੋਖਹੁ ਡਰੀਐ ॥੧੫॥**

***ਪਦ ਅਰਥ :*** ਕੱਜਲ—ਕਾਲਖ। ਕੰਨਾ—ਮੋਢਾ। ਫਰੀਐ—ਸਹਾਇਤਾ। ਮਨਤਾਰੂਆਂ—ਅਣਤਾਰੂਆਂ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜੇ ਕਦੀ ਮਨਮੁਖਾਂ ਦੀ ਸੰਗਤ ਹੋ ਵੀ ਜਾਏ ਤਾਂ ਕੀ ਇਹ ਨਹੀਂ ਚੰਗਾ ਕਿ ਉਸ ਦੀ ਸੰਗਤ ਦਾ ਅਸਰ ਹੀ ਨ ਕਬੂਲ ਕਰੀਏ, ਇਸ ਬਾਰੇ ਆਪ ਕੀ ਕਹਿਣਾ ਚਾਹੋਗੇ।

ਉ: ਹੇ ਭਾਈਓ ! ਗੁਰੂ ਗ੍ਰੰਥ ਸਾਹਿਬ ਜੀ ਦਾ ਇਹੋ ਫ਼ੁਰਮਾਨ ਹੈ ਕਿ :

ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥੯੩॥
*(ਸਲੋਕ ਕਬੀਰ ਜੀ, ਪੰਨਾ ੧੩੬੯)*

ਸਾਕਤ ਦੀ ਸੰਗਤ ਕਦੇ ਭੀ ਨਾ ਕਰੋ, ਇਸ ਬਾਣੀ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਵਿਚ ਕੁਝ ਉਦਾਹਰਣ ਅੰਕਤ ਕੀਤੇ ਹਨ, ਜਿਵੇਂ ਕਿ :

(੧) ਹੇ ਭਾਈ ! ਜੇ ਕੱਜਲ ਦੀ ਕੋਠੀ ਵਿਚ ਵੜੀਏ ਤਾਂ ਮੂੰਹ ਕਾਲਖ਼ ਨਾਲ ਭਰ ਜਾਂਦਾ ਹੈ।
(੨) ਕੱਲਰ ਵਿਚ ਖੇਤੀ ਬੀਜੀਏ ਤਾਂ ਕੋਈ ਕੰਮ ਨਹੀਂ ਸੌਰਦਾ।
(੩) ਟੁੱਟੀ ਹੋਈ ਪੀਂਘ ਨੂੰ ਝੂਟੀਏ ਤਾਂ ਟੋਏ ਵਿਚ ਡਿੱਗ ਕੇ ਮਰ ਜਾਈਦਾ ਹੈ।
(੪) ਅਣਤਾਰੂਆਂ ਦਾ ਮੋਢਾ ਫੜ ਕੇ ਕਠਿਨ ਦਰਿਆ ਨੂੰ ਕਿਵੇਂ ਪਾਰ ਕਰ ਸਕੀਦਾ ਹੈ ? (ਜਿਹੜਾ ਆਪ ਹੀ ਨਹੀਂ ਤਰਨਾ ਜਾਣਦਾ ਉਹ ਦੂਜੇ ਨੂੰ ਕਿਵੇਂ ਪਾਰ ਕਰ ਸਕਦਾ ਹੈ ?)
(੫) ਜਿਹੜਾ ਪੁਰਖ ਆਪ ਹੀ ਅੱਗ ਲਾ ਕੇ ਘਰ ਵਿਚ ਸੌਂ ਜਾਂਦਾ ਹੈ, ਉਸਦੀ ਸਹਾਇਤਾ ਨਾ ਕਰੋ, (ਕਿਉਂਕਿ ਉਸਨੂੰ ਬਚਾਉਣ ਦਾ ਯਤਨ ਕਰਨ ਵਾਲਾ ਆਪ ਹੀ ਸੜ ਮਰੇਗਾ)।
(੬) (ਇਸੇ ਤਰ੍ਹਾਂ) ਬੇਮੁਖਾਂ ਦੀ ਸੰਗਤ ਚੋਰਾਂ, ਠੱਗਾਂ ਦੀ ਸੰਗਤ ਵਰਗੀ ਖ਼ਤਰਨਾਕ ਹੈ। ਇਸ ਵਿਚ ਇਕ ਨ ਇਕ ਦਿਨ ਰਾਜਾ ਦੀ ਕੈਦ ਦਾ ਖ਼ਤਰਾ ਹੈ, ਇਸ ਲਈ ਦੁਸ਼ਟਾਂ ਦੀ ਸੰਗਤ ਤੋਂ ਦਿਲੋਂ ਹੀ ਡਰਦੇ ਰਹਿਣਾ ਚੰਗਾ ਹੈ।

## ੧੬. ਬੇਮੁਖ ਮਹਾ ਘੋਰ ਪਾਪੀ ਹੈ

**੧. ਬਾਮ੍ਹਣ ਗਾਂਈ ਵੰਸ ਘਾਤ**
**ਅਪਰਾਧ ਕਰਾਰੇ।**
**੨. ਮਦ ਪੀ ਜੂਏ ਖੇਲਦੇ**
**ਜੋਹਨਿ ਪਰ ਨਾਰੇ।**
**੩. ਮੁਹਨਿ ਪਰਾਈ ਲਖਮੀ**
**ਠੱਗ ਚੋਰ ਚਗਾਰੇ।**
**੪. ਵਿਸਾਸ ਧ੍ਰੋਹੀ ਅਕ੍ਰਿਤਘਣ**
**ਪਾਪੀ ਹਤਿਆਰੇ।**
**੫. ਲੱਖ ਕਰੋੜੀ ਜੋੜੀਅਨਿ**
**ਅਨਗਿਣਤ ਅਪਾਰੇ।**
**੬. ਇੱਕਤ ਲੂਇ ਨ ਪੁੱਜਨੀ ਬੇਮੁਖ ਗੁਰਦੁਆਰੇ ॥੧੬॥**

***ਪਦ ਅਰਥ :*** ਕਰਾਰੇ—ਕਰੜੇ, ਸਖ਼ਤ। ਮੁਹਨਿ—ਠੱਗਦੇ। ਚਗਾਰੇ—ਰਾਹਮਾਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਿਨ੍ਹਾਂ ਬੇਮੁਖਾਂ ਦਾ ਆਪ ਜੀ ਪਿਛੇ ਜ਼ਿਕਰ ਕਰਦੇ ਆ ਰਹੇ ਹੋ, ਜੋ ਗੁਰੂ ਦੇ ਦਰ ਤੋਂ ਬੇਮੁਖ ਹਨ, ਤੁਸੀਂ ਉਨ੍ਹਾਂ ਬਾਰੇ ਕੀ ਵੀਚਾਰ ਰਖਦੇ ਹੋ ?

ਉ: ਹੇ ਭਾਈਓ ! ਮੈਨੂੰ ਤਾਂ ਗੁਰਬਾਣੀ ਅਨੁਸਾਰ ਇਹੋ ਜਾਣਕਾਰੀ ਮਿਲੀ ਹੈ ਕਿ ਜੋ ਲੋਕ ਗੁਰੂ ਦੇ ਦਰੋਂ ਤੇ ਪਰਮੇਸ਼ਰ ਵੱਲੋਂ ਬੇਮੁਖ ਹੋਏ ਹਨ, ਉਹ ਸਭਨਾਂ ਪਾਪੀਆਂ

ਤੋਂ ਭੀ ਵੱਡੇ ਹਤਿਆਰੇ ਮੰਨੇ ਗਏ ਹਨ, ਉਨ੍ਹਾਂ ਹੀ ਬੇਮੁਖਾਂ ਦੀ ਰੂਪ-ਰੇਖਾ ਦਾ ਮੈਂ ਇਸ ਪਉੜੀ ਦੀਆਂ ਕੁਝ ਸਤਰਾਂ ਦੁਆਰੇ ਪ੍ਰਗਟਾਵਾ ਕੀਤਾ ਹੈ, ਜਿਵੇਂ ਕਿ:

(੧) (ਅਸੀਂ ਵੇਖਦੇ ਹਾਂ ਕਿ) ਬ੍ਰਾਹਮਣ, ਗਾਂ ਤੇ ਵੰਸ (ਕੁੱਲ) ਦੀ ਹੱਤਿਆ ਕਰਨੀ (ਇਹ) ਬੜੇ ਸਖ਼ਤ ਪਾਪ ਹਨ।
(੨) ਸ਼ਰਾਬ ਪੀਣੀ, ਜੂਆ ਖੇਡਣਾ ਤੇ ਬਿਗਾਨੀਆਂ ਇਸਤ੍ਰੀਆਂ ਨੂੰ ਬੁਰੀ ਨਜ਼ਰ ਨਾਲ ਦੇਖਣਾ।
(੩) ਠੱਗ, ਚੋਰ ਤੇ ਰਾਹਮਾਰ ਬਣ ਕੇ ਪਰਾਏ ਧਨ ਨੂੰ ਠੱਗਣਾ।
(੪) (ਵਿਸ਼ਵਾਸਘਾਤੀ, ਧਰੋਹ (ਦਗ਼ਾ) ਕਰਨ ਵਾਲੇ, ਕੀਤੇ ਨੂੰ ਨਾ ਜਾਣਨ ਵਾਲੇ (ਅਕ੍ਰਿਤਘਣ) ਪਾਪੀ ਤੇ ਹਤਿਆਰੇ।
(੫) ਇਹੋ ਜਿਹੇ ਬੁਰੇ ਕੰਮ ਕਰਨ ਵਾਲੇ ਲੱਖਾਂ ਕ੍ਰੋੜਾਂ ਤੇ ਬੇਗਿਣਤ ਜੋੜ ਲਈਏ।
(੬) ਇਹ ਸਾਰੇ, ਗੁਰੂ ਦੇ ਦੁਆਰੇ ਤੋਂ ਬੇਮੁਖ ਹੋਏ ਮਨੁੱਖ ਦੇ ਇਕ ਰੋਮ ਦੇ ਬਰਾਬਰ ਨਹੀਂ ਹੁੰਦੇ।੧੬।

***ਭਾਵਾਰਥ:*** ਉਪਰ ਲਿਖੇ ਸਾਰੇ ਪਾਪ ਗੁਰੂ ਦੁਆਰੇ ਆਇਆਂ ਸਤਿਸੰਗ ਕੀਤਿਆਂ ਦੂਰ ਹੋ ਜਾਣਗੇ, ਪਰ ਜੋ ਗੁਰੂ ਦੁਆਰੇ, ਸਾਧ ਸੰਗਤ ਨਾਲ ਹੀ ਰੁਸ ਬੈਠਾ ਹੈ, ਉਸਦਾ ਕੋਈ ਉਪਾਉ ਨਹੀਂ ਹੈ, ਉਸ ਲਈ ਉਸਦੇ ਪਾਪ ਸਦਾ ਵਧਦੇ ਹਨ, ਜਿਨ੍ਹਾਂ ਦੇ ਘਟਣੇ ਦੀ ਆਸ ਨਹੀਂ, ਦੂਜੇ ਪਾਪੀ ਇਸ ਕਰਕੇ ਹੌਲੇ ਹਨ, ਜੋ ਉਨ੍ਹਾਂ ਨੇ ਆਪਣੇ ਛੁਟਕਾਰੇ ਦਾ ਬੂਹਾ ਬੰਦ ਨਹੀਂ ਕੀਤਾ।

ਵੱਡੇ ਵੱਡੇ ਪਾਪੀਆਂ ਨਾਲੋਂ ਬੇਮੁਖ ਵੱਡਾ ਪਾਪੀ ਹੁੰਦਾ ਹੈ, ਉਸਦੇ ਪਾਪ ਕਿਤੇ ਵੀ ਨਹੀਂ ਬਖ਼ਸ਼ੇ ਜਾਂਦੇ।

## ੧੭. ਬੇਮੁਖਤਾ ਦੀ ਹੱਤਿਆ ਨਹੀਂ ਲਹਿੰਦੀ

**੧. ਗੰਗਾ ਜਮਨ ਗੋਦਾਵਰੀ**
**ਕੁਲਖੇਤ ਸਿਧਾਰੇ।**
**੨. ਮਥੁਰਾ ਮਾਇਆ ਅਜੁਧਿਆ**
**ਕਾਂਸ਼ੀ ਕੇਦਾਰੇ।**
**੩. ਗਇਆ ਪਿਰਾਗ ਸੁਰਸੁਤੀ**
**ਗੋਮਤੀ ਦੁਆਰੇ।**
**੪. ਜਪ ਤਪ ਸੰਜਮ ਹੋਮ ਜਗਿ**
**ਸਭ ਦੇਵ ਜੁਹਾਰੇ।**
**੫. ਅੱਖੀਂ ਪਰਣੈ ਜੇ ਭਵੈ**
**ਤਿਹੁ ਲੋਇ ਮਝਾਰੇ।**
**੬. ਮੂਲਿ ਨ ਉਤਰੈ ਹਤਿਆ ਬੇਮੁਖ ਗੁਰਦੁਆਰੇ ॥੧੭॥**

***ਪਦ ਅਰਥ:*** ਸਿਧਾਰੇ—ਜਾਵੇ, ਯਾਤ੍ਰਾ ਕਰੇ। ਦੁਆਰੇ—ਦਰਵਾਜ਼ਾ। ਜੁਹਾਰੇ—ਨਮਸਕਾਰਾਂ।

***ਅਰਥ:***

**ਪ੍ਰ:** ਭਾਈ ਸਾਹਿਬ ਜੀਉ! ਜਿਸ ਬੇਮੁਖਤਾਈ ਦਾ ਆਪ ਜ਼ਿਕਰ ਕਰਦੇ ਹੋ ਕਿ ਇਸ ਦੀ ਬੱਜਰ ਹੱਤਿਆ ਉੱਕਾ ਹੀ ਉਤਰਦੀ ਨਹੀਂ, ਪਰ ਸਨਾਤਨ ਲੋਕਾਂ ਦਾ ਤਾਂ ਇਹ ਨਿਸਚਾ ਹੈ ਕਿ ਗੰਗਾ ਆਦਿ ਤੀਰਥਾਂ ਵਿਚ ਇਸ਼ਨਾਨ ਕਰਨ ਨਾਲ ਸਾਰੇ ਹੀ ਪਾਪ ਲਹਿ ਜਾਂਦੇ ਹਨ, ਪਰ ਆਪ ਜੀ ਇਸ ਬਾਰੇ ਕੀ ਵੀਚਾਰ ਰਖਦੇ ਹੋ, ਜਾਣਕਾਰੀ ਦਿਓ?

**ਉ:** ਹੇ ਭਾਈਓ! ਇਸ ਸਨਾਤਨ ਲੋਕਾਂ ਦੀ ਵੀਚਾਰਧਾਰਾ ਨਾਲ ਗੁਰਮਤ ਸਹਿਮਤ ਨਹੀਂ ਕਿ ਸਾਰੇ ਪਾਪਾਂ ਦੀ ਹੱਤਿਆ ਤੀਰਥਾਂ ਵਿਚ ਇਸ਼ਨਾਨ ਕਰਨ ਨਾਲ ਉਤਰ ਜਾਵੇਗੀ, ਇਸ ਖ਼ਿਆਲ ਦਾ ਖੰਡਨ ਬਾਣੀ ਵਿਚ ਬੜੇ ਜ਼ੋਰਦਾਰ ਸ਼ਬਦਾਂ ਵਿਚ ਕੀਤਾ ਗਿਆ ਹੈ:

ਕਬੀਰ ਗੰਗਾ ਤੀਰ ਜੁ ਘਰੁ ਕਰਹਿ
ਪੀਵਹਿ ਨਿਰਮਲ ਨੀਰੁ ॥
ਬਿਨੁ ਹਰਿ ਭਗਤਿ ਨ ਮੁਕਤਿ ਹੋਇ
ਇਉ ਕਹਿ ਰਮੇ ਕਬੀਰ ॥੫੪॥

*(ਸਲੋਕ ਕਬੀਰ ਜੀ, ਪੰਨਾ ੧੩੬੭)*

ਪਾਪ ਕਰਹਿ ਪੰਚਾਂ ਕੇ ਬਸਿ ਰੇ ॥
ਤੀਰਥਿ ਨਾਇ ਕਹਹਿ ਸਭਿ ਉਤਰੇ ॥
ਬਹੁਰਿ ਕਮਾਵਹਿ ਹੋਇ ਨਿਸੰਕ ॥
ਜਮਪੁਰਿ ਬਾਂਧਿ ਖਰੇ ਕਾਲੰਕ ॥੨॥

*(ਪ੍ਰਭਾਤੀ ਮਹਲਾ ੫, ਪੰਨਾ ੧੩੪੮)*

ਭਾਵ, ਕਿਸੇ ਮਨੁੱਖ ਦੇ ਅਨੇਕਾਂ ਤਰ੍ਹਾਂ ਦੇ ਕੀਤੇ ਹੋਏ ਪਾਪਾਂ ਨੂੰ ਉਤਾਰਨ ਦਾ ਸਾਧਨ ਕੋਈ ਵੀ ਤੀਰਥ ਦਾ ਇਸ਼ਨਾਨ ਨਹੀਂ ਹੈ, ਇਸ ਭਰੋਸੇ ਪਰ ਜੋ ਪਾਪ ਕਰਮ ਕਰਦੇ ਹਨ, ਉਹ ਅੰਤ ਸਮੇਂ ਜਮਾਂ ਦੀ ਪੁਰੀ ਨੂੰ ਹੀ ਬੰਨ੍ਹੇ ਹੋਏ ਜਾਣਗੇ, ਪਾਪਾਂ ਦੇ ਉਤਾਰਨ ਦਾ ਸਾਧਨ ਤਾਂ ਕੇਵਲ ਪ੍ਰਭੂ ਦੀ ਨਿਸ਼ਕਾਮ ਭਗਤੀ ਹੈ, ਇਸ ਤਰ੍ਹਾਂ ਬਾਣੀ ਵਿਚੋਂ ਸਾਨੂੰ ਹੋਰ ਵੀ ਕਈ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਅੰਕਤ ਕੀਤੀਆਂ ਹਨ:

(੧) (ਜੇ ਕੋਈ) ਗੰਗਾ, ਜਮਨਾ, ਗੁਦਾਵਰੀ ਤੇ ਕੁਰਖੇਤ੍ਰ ਦੀ ਯਾਤਰਾ ਲਈ ਜਾਵੇ।
(੨) ਮਥੁਰਾ, ਮਾਇਆ, ਅਜੁੱਧਿਆ, ਕਾਂਸ਼ੀ ਤੇ ਕੇਦਾਰਨਾਥ ਦੇ ਦਰਸ਼ਨ ਕਰੇ।
(੩) ਗਯਾ, ਪ੍ਰਾਗਰਾਜ, ਸੁਰਸ੍ਵਤੀ ਤੇ ਗੋਮਤੀ ਦੇ ਦੁਆਰੇ ਪਰਸੇ।
(੪) ਜਪ, ਤਪ, ਸੰਜਮ, ਹੋਮ, ਜੱਗ ਕਰੇ ਤੇ ਸਭ ਦੇਵਤਿਆਂ ਦੀ ਪੂਜਾ ਕਰੇ ਤੇ ਨਮਸਕਾਰ ਕਰੇ।
(੫) ਅੱਖਾਂ ਦੇ ਭਾਰ ਜੇ ਤਿੰਨਾਂ ਲੋਕਾਂ ਵਿਚ ਭਵੇਂ।
(੬) (ਪਰ) ਗੁਰੂ ਦੇ ਦੁਆਰੇ ਤੋਂ ਬੇਮੁਖ ਰਹਿਣ ਦੀ ਹੱਤਿਆ (ਪਾਪ) ਏਨੇ ਕਰਮਾਂ ਦੇ ਕਰਨ ਨਾਲ ਵੀ ਨਹੀਂ ਉਤਰਦੀ।੧੭।

***ਭਾਵਾਰਥ :*** ਸਾਰੇ ਪਾਪਾਂ ਦੀ ਨਵਿਰਤੀ ਗੁਰੂ ਦੀ ਸ਼ਰਨ ਵਿਚ ਜਾਣ ਨਾਲ ਦੂਰ ਹੋ ਜਾਂਦੀ ਹੈ, ਪਰ ਜਿਹੜਾ ਮਨੁੱਖ ਗੁਰੂ ਦੀ ਸੰਗਤ ਤੋਂ ਹੀ ਦੂਰ ਰਹਿੰਦਾ ਹੈ, ਉਸਦੇ ਪਾਪ ਕਿਸ ਤਰ੍ਹਾਂ ਨਾਸ ਹੋ ਸਕਦੇ ਹਨ ? ਭਾਵ ਉਸਦੇ ਪਾਪਾਂ ਦੀ ਨਵਿਰਤੀ ਹੋ ਹੀ ਨਹੀਂ ਸਕਦੀ।

## ੧੮. ਗੁਰੂ ਤੋਂ ਸੱਖਣੇ ਨੂੰ ਮੁਕਤੀ ਨਹੀਂ ਮਿਲਦੀ

**੧. ਕੋਟੀ ਸਾਦੀ ਕੇਤੜੇ**
**ਜੰਗਲ ਭੂਪਾਲਾ।**
**੨. ਥਲੀ ਵਰੋਲੇ ਕੇਤੜੇ**
**ਪਰਬਤ ਬੇਤਾਲਾ।**
**੩. ਨਦੀਆ ਨਾਲੇ ਕੇਤੜੇ**
**ਸਰਵਰ ਅਸਰਾਲਾ।**
**੪. ਅੰਬਰਿ ਤਾਰੇ ਕੇਤੜੇ**
**ਬਿਸੀਅਰ ਪਾਤਾਲਾ।**
**੫. ਭੰਭਲ ਭੂਸੇ ਭੁੱਲਿਆਂ**
**ਭਵਜਲ ਭਰਨਾਲਾ।**
**੬. ਇੱਕਸ ਸਤਿਗੁਰ ਬਾਹਰੈ ਸਭ ਆਪ ਜੰਜਾਲਾ ॥੧੮॥**

***ਪਦ ਅਰਥ :*** ਕੋਟੀ ਸਾਦੀ—ਕ੍ਰੋੜਾਂ ਸੁਆਦ (ਵਿਸ਼ਯ)। ਜੰਗਲ ਭੂਪਾਲਾ—ਬਣਾਂ ਦੇ ਰਾਜੇ। ਬੇਤਾਲਾ—ਭੂਤਨੇ। **ਸਰਵਰ—ਸਮੁੰਦਰ। ਅਸਰਾਲਾ**—ਮਗਰਮੱਛ, ਭੈ-ਦਾਇਕ। **ਬਿਸੀਅਰ—ਸੱਪ। ਭਵਜਲ** ਭਰਨਾਲਾ—ਸੰਸਾਰ ਦਾ ਪ੍ਰਵਾਹ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਜਦੋਂ ਸੰਸਾਰ ਦੇ ਆਮ ਲੋਕਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਲੋਕ ਕਈ ਪ੍ਰਕਾਰ ਦੇ ਕਰਮ-ਕਾਂਡ ਕਰਦੇ ਹੋਏ ਵੇਖਣ ਵਿਚ ਆਉਂਦੇ ਹਨ, ਪਰ ਤੁਹਾਡਾ ਕੀ ਨਿਸਚਾ ਹੈ, ਕਿ ਇਨ੍ਹਾਂ ਭਿੰਨ ਭਿੰਨ ਸਾਰੇ ਸਾਧਨਾ ਕਰਨ ਵਾਲੇ ਸਾਧਕਾਂ ਵਿਚੋਂ ਮੁਕਤ ਹੋਣ ਵਾਲਾ ਵਿਅਕਤੀ ਕੌਣ ਹੋ ਸਕਦਾ ਹੈ ?

**ਉ:** ਹੇ ਭਾਈਓ ! ਬਾਣੀ ਦੁਆਰੇ ਤਾਂ ਇਹੋ ਬੋਧ ਮਿਲਦਾ ਹੈ ਕਿ ਇਹ ਜੋ ਸਾਰੇ ਕਰਮ-ਧਰਮ ਕਰਨ ਵਾਲੇ ਨਾਮ ਤੋਂ ਸੱਖਣੇ ਹਨ, ਇਨ੍ਹਾਂ ਦਾ ਛੁਟਕਾਰਾ ਨਹੀਂ ਹੋ ਸਕਦਾ ਕਿਉਂਕਿ ਅਜਿਹੀ ਪਖੰਡ ਦੀ ਕਰਮ ਕ੍ਰਿਆ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਦਾ ਇਹੋ ਫੁਰਮਾਨ ਹੈ ਕਿ :

ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇ ਛੁਟਕਾਰ ॥
*(ਕਾਨੜਾ ਮਹਲਾ ੫, ਪੰਨਾ ੧੩੦੧)*

ਜਾਪ ਤਾਪ ਗਿਆਨ ਸਭਿ ਧਿਆਨ ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥
ਸਗਲ ਤਿਆਗਿ ਬਨ ਮਧੇ ਫਿਰਿਆ ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥
ਪੁੰਨ ਦਾਨ ਹੋਮੇ ਬਹੁ ਰਤਨਾ ॥
ਸਰੀਰੁ ਕਟਾਇ ਹੋਮੈ ਕਰਿ ਰਾਤੀ ॥
ਵਰਤ ਨੇਮ ਕਰੈ ਬਹੁ ਭਾਤੀ ॥
ਨਹੀ ਤੁਲਿ ਰਾਮ ਨਾਮ ਬੀਚਾਰ ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥
*(ਸੁਖਮਨੀ ਸਾਹਿਬ, ਪੰਨਾ ੨੬੫)*

ਇਸ ਭਾਵ ਦੇ ਹੋਰ ਭੀ ਬਹੁਤ ਪ੍ਰਮਾਣ ਗੁਰਬਾਣੀ ਵਿਚੋਂ ਮਿਲਦੇ ਹਨ, ਜਿਨ੍ਹਾਂ ਤੋਂ ਬੋਧ ਮਿਲਦਾ ਹੈ ਕਿ ਨਾਮ ਸਿਮਰਨ ਤੋਂ ਸੱਖਣੇ ਬੈਰੂਨੀ ਕਰਮ-ਕਾਂਡ ਤੋਂ ਮਨੁੱਖ ਨੂੰ ਮੁਕਤੀ ਨਹੀਂ ਮਿਲਦੀ; ਇਨ੍ਹਾਂ ਮਹਾਵਾਕਾਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ ਅਨੇਕਾਂ ਮਨੁੱਖ) ਕਰੋੜਾਂ ਸੁਆਦਾਂ (ਵਿਸ਼ਿਆਂ) ਵਿਚ ਲੱਗੇ ਹੋਏ ਹਨ ਤੇ ਕਿਤਨੇ ਹੀ ਜੰਗਲ ਦੇ ਰਾਜੇ ਬਣੇ ਹੋਏ ਹਨ, (ਭਾਵ ਵਿਸ਼ਿਆਂ ਤੋਂ ਉਪ੍ਰਾਮ ਹੋ ਕੇ ਉਜਾੜਾਂ ਵਿਚ ਰਹਿੰਦੇ ਹਨ)।

(੨) ਕਈ ਵਰੋਲਿਆਂ ਵਾਂਗੂੰ ਮਾਰੂਥਲਾਂ ਵਿਚ ਭੌਂਦੇ ਹਨ ਤੇ ਕਈ ਭੂਤਨਿਆਂ ਵਾਂਗੂੰ ਪਹਾੜਾਂ ਦੀਆਂ ਗੁਫਾਂ ਵਿਚ ਰਹਿੰਦੇ ਹਨ।

(੩) (ਕਈ ਨਦੀਆਂ ਨਾਲਿਆਂ ਤੇ ਸਮੁੰਦਰਾਂ ਦੇ ਮਗਰਮੱਛ ਬਣੇ ਰਹਿੰਦੇ ਹਨ, (ਭਾਵ ਹਰ ਸਮੇਂ ਤੀਰਥਾਂ 'ਤੇ ਹੀ ਭੌਂਦੇ ਰਹਿੰਦੇ ਹਨ)।

(੪) (ਕਿਤਨੇ ਮਨੁੱਖ ਅਕਾਸ਼ ਦੇ ਤਾਰਿਆਂ ਵਾਂਗੂੰ ਪੁੱਠੇ ਲਮਕਦੇ ਹਨ ਤੇ ਕਈ ਸੱਪਾਂ ਵਾਂਗੂੰ ਪਤਾਲ (ਜ਼ਮੀਨ) ਵਿਚ ਵੱਸਦੇ ਹਨ, (ਭਾਵ ਜ਼ਮੀਨ ਵਿਚ ਭੋਰੇ ਬਣਾ ਕੇ ਵੱਸਦੇ ਹਨ)।

(੫) ਇਨ੍ਹਾਂ ਭੰਬਲਭੂਸਿਆਂ ਵਿਚ ਫਸਿਆਂ ਜੀਵਾਂ ਦਾ ਇਸ ਸੰਸਾਰ ਸੁਮੰਦਰ ਵਿਚ ਪਰਵਾਹ ਚਲਦਾ ਰਹਿੰਦਾ ਹੈ (ਭਾਵ ਇਹੋ ਜਿਹੇ ਕਰਮ-ਕਾਂਡੀ ਜੀਵ ਜਨਮ ਮਰਣ ਦੇ ਗੇੜ ਵਿਚ ਪਏ ਭੌਂਦੇ ਹਨ)।

(੬) ਇਕ ਸੱਚੇ ਸਤਿਗੁਰੂ (ਨਾਨਕ ਦੇਵ ਜੀ) ਦੀ ਸ਼ਰਨ ਤੋਂ ਬਿਨਾਂ ਸਭ ਵੱਡੇ ਵੱਡੇ ਜੰਜਾਲ ਵਿਚ ਫਸੇ ਹੋਏ ਭਟਕ ਰਹੇ ਹਨ।੧੮।

***ਭਾਵਾਰਥ :*** ਫੋਕਟ ਕਰਮਾਂ ਨਾਲ ਮੁਕਤੀ ਨਹੀਂ ਮਿਲਦੀ, ਸੱਚੇ ਸਤਿਗੁਰੂ ਦੀ ਚਰਨ ਸ਼ਰਨ ਵਿਚ ਗਿਆਂ ਹੀ ਮੁਕਤੀ ਮਿਲਦੀ ਹੈ। ਇਕ ਸਤਿਗੁਰ ਦੀ ਸ਼ਰਨ ਹੀ ਸੁਖਦਾਈ ਹੈ, ਕਿਉਂਕਿ ਸਤਿਗੁਰੂ ਦੀ ਆਪਣੀ ਪੱਕੀ ਹੋਈ ਸੁਰਤ ਨਾਲ ਜਗਿਆਸੂ ਦੀ ਸੁਰਤ ਪੱਕਿਆਂ ਕਰਕੇ ਉੱਚਿਆਂ ਕਰਦੇ ਹਨ, ਅਰ ਵਾਹਿਗੁਰੂ ਜੀ ਨਾਲ ਜੋੜ ਦੇਂਦੇ ਹਨ।

## ੧੯. ਬੇਮੁਖ ਦਾ ਕੋਈ ਵੀ ਆਸਰਾ ਨਹੀਂ ਬਣਦਾ

**੧. ਬਹੁਤੀਂ ਘਰੀਂ ਪਰਾਹੁਣਾ**
**ਜਿਉਂ ਰਹਿੰਦਾ ਭੁੱਖਾ।**
**੨. ਸਾਂਝਾ ਬੱਬੁ ਨ ਰੋਈਐ**
**ਚਿਤਿ ਚਿੰਤ ਨ ਚੁੱਖਾ।**
**੩. ਬਾਹਲੀ ਡੂਮੀ ਢੱਡ ਜਿਉਂ**
**ਓਹੁ ਕਿਸੈ ਨ ਧੁੱਖਾ।**
**੪. ਵਣਿ ਵਣਿ ਕਾਉਂ ਨ ਸੋਹਈ**
**ਕਿਉਂ ਮਾਣੈ ਸੁੱਖਾ।**
**੫. ਜਿਉਂ ਬਹੁ ਮਿਤੀ ਵੇਸਿਆ**
**ਤਨਿ ਵੇਦਨਿ ਦੁੱਖਾ।**
**੬. ਵਿਣੁ ਗੁਰ ਪੂਜਨਿ ਹੋਰਨਾਂ ਬਰਨੇ ਬੇਮੁਖਾ॥੧੯॥**

***ਪਦ ਅਰਥ :*** ਬੱਬੁ—ਵਸਤੂ, ਪਿਤਾ। ਢੱਡ—ਢੋਲ। ਧੁੱਖਾ—ਫ਼ਿਕਰ, ਚਿੰਤਾ। ਬਰਨੇ ਬੇਮੁਖਾ—ਬੇਮੁਖ ਕਹੀਦੇ ਹਨ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਜੋ ਗੁਰੂ ਨਾਨਕ ਦੇਵ ਜੀ ਨੂੰ ਤਿਆਗ ਕੇ ਹੋਰਨਾਂ ਦੇਵੀ ਦੇਵਤਿਆਂ ਦੀ ਪੂਜਾ ਕਰਦੇ ਹਨ, ਦਸੋਗੇ ਕਿ ਉਨ੍ਹਾਂ ਬਾਰੇ ਤੁਸੀਂ ਕੀ ਅਨੁਭਵ ਕਰਦੇ ਹੋ ?

**ਉ:** ਹੇ ਭਾਈਓ ! ਉਨ੍ਹਾਂ ਲੋਕਾਂ ਨੂੰ ਤਾਂ ਗੁਰਮਤ ਅਨੁਸਾਰ ਬੇਮਖ ਹੀ ਕਿਹਾ ਜਾ ਸਕਦਾ ਹੈ, ਉਨ੍ਹਾਂ ਦੀ ਜੋ ਦੁਰਦਸ਼ਾ ਹੁੰਦੀ ਹੈ, ਉਸਨੂੰ ਮੈਂ ਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਅੰਕਤ ਕੀਤਾ ਹੈ :

(੧) (ਉਨ੍ਹਾਂ ਦੀ ਦਸ਼ਾ ਇਉਂ ਹੈ ਕਿ) ਜਿਵੇਂ ਬਹੁਤੇ ਘਰਾਂ ਦਾ ਪ੍ਰਾਹੁਣਾ ਭੁੱਖਾ ਰਹਿੰਦਾ ਹੈ।

(੨) ਜਿਵੇਂ ਸਾਂਝੀ ਵਸਤੂ ਦੇ ਚਲੇ ਜਾਣ ਨਾਲ ਕੋਈ ਨਹੀਂ ਰੋਂਦਾ, ਕਿਸੇ ਦੇ ਚਿੱਤ ਵਿਚ ਉਸਦੀ ਰਤਾ ਜਿਤਨੀ ਭੀ ਚਿੰਤਾ ਨਹੀਂ ਹੁੰਦੀ।

(੩) ਜਿਵੇਂ ਬਹੁਤੇ ਡੂੰਮਾਂ ਦੀ ਢੱਡ ਨਹੀਂ ਵੱਜਦੀ, ਕਿਉਂਕਿ ਉਸਦੇ ਟੁੱਟਣ-ਭੱਜਣ ਦਾ ਕਿਸੇ ਨੂੰ ਫ਼ਿਕਰ ਨਹੀਂ ਹੁੰਦਾ।

(੪) ਜਿਵੇਂ ਕਈ ਬ੍ਰਿਛਾਂ 'ਤੇ ਭੌਂਦਾ ਕਾਂ ਚੰਗਾ ਨਹੀਂ ਲਗਦਾ ਤੇ ਉਹ ਸੁਖ ਨਹੀਂ ਮਾਣਦਾ।

(੫) ਜਿਵੇਂ ਬਹੁਤੇ ਮਿੱਤਰਾਂ ਵਾਲੀ ਵੇਸਵਾ ਸੁਖੀ ਨਹੀਂ ਹੁੰਦੀ ਤੇ ਉਸਦੇ ਸਰੀਰ ਨੂੰ ਦੁਖ ਤੇ ਪੀੜਾ ਹੀ ਬਣੀ ਰਹਿੰਦੀ ਹੈ (ਕਿਉਂਕਿ ਉਸਦੀ ਸੰਭਾਲ ਕੋਈ ਨਹੀਂ ਕਰਦਾ)।

(੬) (ਇਸੇ ਤਰ੍ਹਾਂ) ਆਪਣੇ ਸਤਿਗੁਰੂ ਤੋਂ ਬਿਨਾਂ ਜੋ ਹੋਰ ਨੂੰ ਪੂਜਦੇ ਹਨ, ਉਨ੍ਹਾਂ ਨੂੰ ਬੇਮੁਖ ਕਿਹਾ ਜਾਂਦਾ ਹੈ ਤੇ ਉਨ੍ਹਾਂ ਨੂੰ ਕਿਤੇ ਭੀ ਢੋਈ ਨਹੀਂ ਮਿਲਦੀ।੧੯।

***ਭਾਵਾਰਥ :*** ਜਿਹੜਾ ਮਨੁੱਖ ਆਪਣੇ ਸਤਿਗੁਰੂ ਦਾ ਆਸਰਾ ਛੱਡ ਕੇ ਹੋਰ ਦੇਵੀ ਦੇਵਤਿਆਂ ਦੀ ਪੂਜਾ ਕਰਦਾ ਹੈ ਤੇ ਫੋਕਟ ਕਰਮਾਂ ਵਿਚ ਲੱਗਾ ਰਹਿੰਦਾ ਹੈ, ਉਹ ਸੁਖੀ ਨਹੀਂ ਹੁੰਦਾ ਤੇ ਉਸਦੀ ਆਸ ਕਿਤੋਂ ਵੀ ਪੂਰੀ ਨਹੀਂ ਹੁੰਦੀ, ਕਿਉਂਕਿ ਉਸਦਾ ਆਸਰਾ ਕੋਈ ਨਹੀਂ ਜੋ ਕਿ ਉਸਨੂੰ ਉਪਰਲੀ ਉੱਚੀ ਮੰਜ਼ਲ ਪਰ ਪਹੁੰਚਾ ਸਕੇ।

## ੨੦. ਬੇਮੁਖ ਵੀ ਭੂਤਨੇ ਵਾਂਗੂੰ ਹੁੰਦੇ ਹਨ

**੧. ਵਾਇ ਸੁਣਾਏ ਛਾਨਣੀ**
**ਤਿਸੁ ਉੱਠ ਉਠਾਲੇ।**
**੨. ਤਾੜੀ ਮਾਰ ਡਰਾਇੰਦੇ**
**ਮੈਗਲ ਮਤਵਾਲੇ।**
**੩. ਬਾਸਕਿ ਨਾਗੈ ਸਾਮ੍ਹਣਾ**
**ਜਿਉਂ ਦੀਵਾ ਬਾਲੇ।**
**੪. ਸ਼ੀਹ ਤਰੱਜੈ ਸਹਾ ਜਿਉਂ**
**ਅੱਖੀ ਵੇਖਾਲੇ।**
**੫. ਸਾਇਰ ਲਹਿਰ ਨ ਪੁੱਜਨੀ**
**ਪਾਣੀ ਪਰਨਾਲੇ।**
**੬. ਅਣਹੋਂਦਾ ਆਪੁ ਗਣਾਇੰਦੇ ਬੇਮੁਖ ਬੇਤਾਲੇ ॥੨੦॥**

***ਪਦ ਅਰਥ :*** ਵਾਇ—ਵਜਾ ਕੇ। ਮੈਗਲ—ਹਾਥੀ। ਤਰੱਜੈ—ਡਾਂਟਣਾ। ਸਾਇਰ—ਸਮੁੰਦਰ। ਉੱਠ ਉਠਾਲੇ—ਊਠ ਦੇ ਉਠਾਉਣ ਲਈ। ਪਰਨਾਲੇ—ਗਲੀਆਂ ਦੇ ਪਰਨਾਲੇ। ਬੇਤਾਲੇ—ਭੂਤਨੇ। ਆਪੁ ਗਣਾਇੰਦੇ—ਹੰਕਾਰ ਕਰਦੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਵੇਖਣ ਵਿਚ ਤਾਂ ਆਮ ਹੀ ਆਉਂਦਾ ਹੈ ਕਿ ਕਈ ਗੁਣਵਾਨ ਲੋਕ ਤਾਂ ਹੰਕਾਰੀ ਹੋ ਜਾਣ ਦੀ ਲਪੇਟ ਵਿਚ ਆ ਹੀ ਜਾਂਦੇ ਹਨ, ਹਾਲਾਂ ਕਿ ਗੁਣਵਾਨ ਹੋ ਕੇ ਫਲ ਦਾਇਕ ਬ੍ਰਿਛ ਦੀਆਂ ਟਾਹਣੀਆਂ ਵਾਂਗ ਝੁਕ ਜਾਣਾ ਚਾਹੀਦਾ ਹੈ, ਪਰ ਜੋ ਵੱਡੇ ਵੱਡੇ ਗੁਣਵਾਨ ਤੇ ਪੜ੍ਹੇ ਲਿਖੇ ਲੋਕ ਆਪਣੀ ਵਿਦਿਆ ਦਾ ਹੰਕਾਰ ਕਰਦੇ ਨੇ ਉਨ੍ਹਾਂ ਲੋਕਾਂ ਨੂੰ ਤਾਂ ਗੁਰਬਾਣੀ ਨੇ ਮੂਰਖਾਂ ਦੀ ਲਿਸਟ ਵਿਚ ਦਰਜ ਕੀਤਾ ਹੈ, ਜਿਵੇਂ ਕਿ ਗੁਰੂ ਫ਼ੁਰਮਾਨ ਹੈ :

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥
*(ਪਉੜੀ, ਪੰਨਾ ੧੪੦)*

ਭਾਵ ਜਿਸ ਪੜ੍ਹੇ ਲਿਖੇ ਵੱਡੇ ਗੁਣੀਏ ਵਿਚ ਇਹ ਤਿੰਨ ਸ਼ੈਆਂ (ਲਬ, ਲੋਭ ਤੇ ਹੰਕਾਰ) ਹਨ ਉਸਨੂੰ ਮੂਰਖ ਆਖੋ, ਕਿਉਂਕਿ ਜਿਥੇ ਉਸਨੇ ਵਧੇਰੇ ਪੜ੍ਹਾਈ ਪੜ੍ਹ ਕੇ ਇਨ੍ਹਾਂ ਔਗੁਣਾਂ ਦਾ ਤਿਆਗ ਕਰਨਾ ਸੀ, ਉਥੇ ਉਸਨੇ ਸਗੋਂ ਧਾਰਨ ਕਰ ਲਏ ਹਨ, ਇਹ ਤਾਂ ਪੜ੍ਹੇ ਲਿਖੇ ਗੁਣਵਾਨਾਂ ਦੀ ਗੱਲ ਹੈ, ਪਰ ਜੋ ਲੋਕ ਬਗੈਰ ਹੀ ਕਿਸੇ ਗੁਣਾਂ ਤੋਂ ਹੰਕਾਰ ਕਰਦੇ ਹਨ, ਉਨ੍ਹਾਂ ਬੰਦਿਆਂ ਨੂੰ ਗੁਰੂ ਨਾਨਕ ਦੇਵ ਜੀ ਨੇ ਅਸਲ ਖੋਤਿਆਂ ਦਾ ਦਰਜਾ ਦਿਤਾ ਹੈ, ਜਿਵੇਂ ਕਿ :

ਨਾਨਕ ਤੇ ਨਰ ਅਸਲਿ ਖਰ
ਜਿ ਬਿਨੁ ਗੁਣ ਗਰਬੁ ਕਰੰਤ ॥
*(ਸਲੋਕ ਵਾਰਾਂ ਤੇ ਵਧੀਕ ਮਹਲਾ ੧, ਪੰਨਾ ੧੪੧੧)*

ਸੋ, ਮੈਂ ਭੀ ਇਨ੍ਹਾਂ ਗੁਰਬਾਣੀ ਦੀਆਂ ਪੰਗਤੀਆਂ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਕੁਝ ਪੰਗਤੀਆਂ ਵਿਚ ਇਸੇ ਭਾਵ ਨੂੰ ਪ੍ਰਗਟਾਇਆ ਹੈ ਕਿ ਜੋ ਲੋਕ ਗੁਣਾਂ ਤੋਂ ਸੱਖਣੇ ਹੁੰਦਿਆਂ ਭੀ ਆਪਣੇ ਆਪ ਨੂੰ ਜਣਾਉਂਦੇ ਹਨ ਉਹ ਭੀ ਇਕ ਤਰ੍ਹਾਂ ਦੇ ਭੂਤਨੇ ਹੀ ਹੁੰਦੇ ਹਨ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਊਠ ਨੂੰ ਉਠਾਉਣ ਲਈ ਕੋਈ ਛਾਨਣੀ ਵਜਾ ਕੇ ਸੁਣਾਏ ਤਾਂ ਉਹ ਉਠਦਾ ਨਹੀਂ।
(੨) ਕੋਈ ਤਾੜੀ ਮਾਰ ਕੇ ਮਸਤ ਹਾਥੀ ਨੂੰ ਡਰਾਉਣਾ ਚਾਹੇ (ਤਾਂ ਹਾਥੀ ਡਰਦਾ ਨਹੀਂ)।
(੩) ਬਾਸਕ ਨਾਗ ਦੇ ਸਾਹਮਣੇ ਦੀਵਾ ਬਾਲ ਕੇ ਉਸਨੂੰ ਨਸਾਉਣਾ ਚਾਹੇ (ਤਾਂ ਉਹ ਨੱਸਦਾ ਨਹੀਂ)।
(੪) ਸਹਿਆ ਜੇ ਅੱਖਾਂ ਕੱਢ ਕੱਢ ਕੇ ਸ਼ੇਰ ਨੂੰ ਡਰਾਵੇ (ਤਾਂ ਉਹ ਡਰਦਾ ਨਹੀਂ)।
(੫) (ਗਲੀਆਂ ਦੇ ਪਰਨਾਲਿਆਂ ਦਾ ਪਾਣੀ ਸਮੁੰਦਰ ਦੀਆਂ ਲਹਿਰਾਂ ਦੀ ਬਰਾਬਰੀ ਨਹੀਂ ਕਰ ਸਕਦਾ।
(੬) (ਇਸੇ ਤਰ੍ਹਾਂ) ਜਿਹੜੇ ਮਨੁੱਖ ਗੁਣ-ਹੀਣ ਹੋਣ ਕਰਕੇ ਆਪਣਾ ਆਪ ਜਣਾਉਂਦੇ ਹਨ, ਉਹ ਬੇਮੁਖ ਲੋਕ ਭੂਤਨੇ ਹਨ।੨੦।

ਭਾਵ ਹੈ ਕਿ ਬੇਮੁਖਾਂ ਵਿਚ ਕੋਈ ਸਤਿਆ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਦੀ ਸੁਰਤ ਅਤਿ ਖਿਲਰੀ ਹੋਣ ਕਰਕੇ ਉਨ੍ਹਾਂ ਵਿਚ ਤਾਕਤ ਨਹੀਂ ਰਹਿੰਦੀ, ਜਿਸ ਤਰ੍ਹਾਂ ਘੜੀ ਦਾ ਫਨਰ ਖੁੱਲ੍ਹ ਕੇ ਸਤਾ-ਹੀਨ ਹੋ ਜਾਂਦਾ ਹੈ ਤੇ ਲਠੋਂ ਨਿਕਲ ਗਿਆ ਕੰਮ ਨਹੀਂ ਦੇਂਦਾ, ਤਿਵੇਂ ਕੇਂਦਰਹੀਨ ਸੁਰਤ ਖਿੰਡੀ ਵਾਲੇ ਬੇਮੁਖ ਭੂਤਨੇ ਸਮਾਨ ਬੇਥਵੇ ਸਤਾ-ਹੀਨ ਹਨ, ਪਰ ਫਿਰ ਉਹ ਗੁਰਮੁਖਾਂ ਨੂੰ ਭੈ ਦੇਂਦੇ ਹਨ, ਪਰ ਉਨ੍ਹਾਂ ਦੇ ਭੈ ਦੇਣ ਦਾ ਅਸਰ ਕੀ ਹੈ ? ਊਠ ਨੂੰ ਛਾਨਣੀ ਦੀ ਵਾਜ, ਮਸਤ ਹਾਥੀ ਨੂੰ ਤਾੜੀ, ਨਾਗ ਨੂੰ ਦੀਵਾ, ਸ਼ੇਰ ਨੂੰ ਸਹੇ ਦੀਆਂ ਅੱਖਾਂ, ਸਮੁੰਦਰ ਨੂੰ ਪਰਨਾਲਾ ਕੀ ਅਰਥ ਹੈ।

## ੨੧. ਓੜਕ ਸੱਚ ਰਹੀ

੧. ਨਾਰਿ ਭਤਾਰਹੁ ਬਾਹਰੀ
ਸੁਖਿ ਸੇਜ ਨ ਚੜੀਐ।
੨. ਪੁੱਤੁ ਨ ਮੰਨੈ ਮਾਪਿਆਂ
ਕਮਜਾਤੀਂ ਵੜੀਐ।
੩. ਵਣਜਾਰਾ ਸ਼ਾਹਹੁੰ ਫਿਰੈ
ਵੇਸਾਹੁ ਨ ਜੜੀਐ
੪. ਸਾਹਿਬੁ ਸਉਹੈ ਆਪਣੇ
ਹਥਿਆਰੁ ਨ ਫੜੀਐ।
੫. ਕੂੜ ਨ ਪਹੁਚੇ ਸਚ ਨੋ
ਸਉ ਘਾੜਤ ਘੜੀਐ।
੬. ਮੁੰਦ੍ਰਾਂ ਕੰਨਿ ਜਿਨਾੜੀਆਂ
ਤਿਨ੍ਹਾਂ ਨਾਲ ਨ ਅੜੀਐ ॥੨੧॥੩੪॥

***ਪਦ ਅਰਥ :*** ਭਤਾਰਹੁ—ਪਤੀ ਤੋਂ। ਵੜੀਐ—ਕਹੀਦਾ ਹੈ। ਵਣਜਾਰਾ—ਵਪਾਰੀ। ਜੜੀਐ—ਰਹਿੰਦਾ, ਬੱਝਦਾ। ਸਾਹਿਬੁ—ਮਾਲਕ। ਘਾੜਤ—ਬਨਾਵਟ। ਮੁੰਦ੍ਰਾਂ ਕੰਨਿ—ਕੰਨਾਂ ਵਿਚ ਮੁੰਦ੍ਰਾਂ ਵਾਲੇ ਜੋਗੀ, ਇਸਤ੍ਰੀਆਂ। ਜਿਨਾੜੀਆਂ—ਜਿਨ੍ਹਾਂ ਦੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਕਈ ਕੂੜੇ ਸੱਚ ਨੂੰ ਛੁਪਾਉਣ ਲਈ ਹਰ ਵਕਤ ਕੂੜ ਦਾ ਹੀ ਆਸਰਾ ਲੈਂਦੇ ਹਨ, ਉਨ੍ਹਾਂ ਲਈ ਆਪ ਕੀ ਵੀਚਾਰ ਰਖਦੇ ਹੋ ?

ਉ: ਹੇ ਭਾਈਓ ! ਸਚਾਈ ਨੂੰ ਛੁਪਾਉਣ ਲਈ ਜੋ ਕੂੜੇ ਲੋਕ ਹਰ ਸਮੇਂ ਕੂੜ ਦਾ ਹੀ ਸਹਾਰਾ ਲੈਂਦੇ ਹਨ, ਗੁਰਬਾਣੀ ਦਾ ਤਾਂ ਇਹੋ ਫ਼ੁਰਮਾਨ ਹੈ ਕਿ ਓੜਕ ਨੂੰ ਸੱਚ ਹੀ ਜਿੱਤਦਾ ਹੈ :

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥
*(ਰਾਮਕਲੀ ਕੀ ਵਾਰ ਮ: ੧, ਪੰਨਾ ੯੫੩)*

ਇਸੇ ਭਾਵ ਨੂੰ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਉੱਕਰਿਆ ਹੈ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਆਪਣੇ ਪਤੀ ਤੋਂ ਬਿਨਾਂ ਕੋਈ ਇਸਤ੍ਰੀ ਸੁਖਾਂ ਦੀ ਸੇਜਾ 'ਤੇ ਨਹੀਂ ਚੜ੍ਹ ਸਕਦੀ।
(੨) ਜਿਹੜਾ ਪੁੱਤ੍ਰ ਮਾਪਿਆਂ ਦਾ ਕਿਹਾ ਨਹੀਂ ਮੰਨਦਾ, ਉਸਨੂੰ ਕਮਜਾਤ ਕਿਹਾ ਜਾਂਦਾ ਹੈ।
(੩) ਜਿਹੜਾ ਵਪਾਰੀ ਆਪਣੇ ਸ਼ਾਹ ਤੋਂ (ਫਿਰ) ਮੁੱਕਰ ਜਾਂਦਾ ਹੈ, ਉਸ ਦਾ ਵਿਸਾਹ ਨਹੀਂ ਰਹਿੰਦਾ।
(੪) ਆਪਣੇ ਮਾਲਕ ਦੇ ਸਾਹਮਣੇ ਕਦੀ ਹਥਿਆਰ ਨਹੀਂ ਫੜਨਾ ਚਾਹੀਦਾ।
(੫) ਭਾਵੇਂ ਸੌ ਬਨਾਵਟਾਂ ਬਨਾਈਏ, ਤਦ ਵੀ ਝੂਠ ਸੱਚ ਦੀ ਬਰਾਬਰੀ ਨਹੀਂ ਕਰ ਸਕਦਾ।
(੬) ਜਿਨ੍ਹਾਂ ਦੇ ਕੰਨਾਂ ਵਿਚ ਮੁੰਦਰਾਂ ਹੋਣ, ਉਨ੍ਹਾਂ ਨਾਲ ਅੜਨਾ ਨਹੀਂ ਚਾਹੀਦਾ।੨੧।੩੪।

***ਭਾਵਾਰਥ :*** ਇਸ ਸਾਰੀ ਵਾਰ ਵਿਚ ਬੇਮੁਖ ਮਨੁੱਖਾਂ ਦਾ ਵਰਣਨ ਕੀਤਾ ਗਿਆ ਹੈ। ਕਈ ਤਰ੍ਹਾਂ ਦੇ ਪ੍ਰਮਾਣ ਦੇ ਕੇ ਭਾਈ ਸਾਹਿਬ ਜੀ ਨੇ ਇਹ ਸਿੱਧ ਕੀਤਾ ਹੈ ਕਿ ਬੇਮੁਖ ਪੁਰਸ਼ ਸਭ ਨਾਲੋਂ ਮੰਦਾ ਹੈ, ਉਹ ਗੁਰੂ ਤੋਂ ਬੇਮੁਖ ਹੁੰਦਾ ਹੈ, ਇਸ ਲਈ ਉਸਨੂੰ ਕਿਤੇ ਵੀ ਢੋਈ ਨਹੀਂ ਮਿਲਦੀ, ਉਹ ਕਾਂ ਵਾਂਗੂੰ ਵਣ ਵਣ ਫਿਰਦਾ ਹੈ, ਉਸ ਦੀ ਆਸ ਕਿਤੋਂ ਭੀ ਪੂਰੀ ਨਹੀਂ ਹੁੰਦੀ।

ਅਗੇ, ਬੇਮੁਖਾਂ ਤੋਂ ਉਪ੍ਰੰਤ ਕੰਨ ਪਾਟੇ ਜੋਗੀਆਂ ਬਾਰੇ ਭੀ ਜ਼ਿਕਰ ਕਰਦੇ ਹਨ ਕਿ ਇਨ੍ਹਾਂ ਨਾਲ ਅੜੀ ਕਰਕੇ ਕੋਈ ਨਹੀਂ ਜਿੱਤਦਾ। ਇਸੇ ਤਰ੍ਹਾਂ ਬੇਮੁਖ ਹਨ, ਇਨ੍ਹਾਂ ਨਾਲ ਭੀ ਅੜਨਾ ਨਹੀਂ ਚਾਹੀਦਾ, ਇਨ੍ਹਾਂ ਦਾ ਇਲਾਜ ਤਾਂ ਇਨ੍ਹਾਂ ਦਾ ਤਿਆਗ ਕਰਨਾ ਹੀ ਹੈ, ਇਨ੍ਹਾਂ ਨਾਲ ਅੜਨਾ ਭੀ ਨਿਸਫਲ ਹੈ। ਇਸੇ ਲਈ ਗੁਰੂ ਫ਼ੁਰਮਾਨ ਹੈ ਕਿ :

ਮੂਰਖ ਨਾਲਿ ਨ ਲੂਝੁ ਪ੍ਰਾਣੀ॥

(ਚੌਤੀਵੀਂ ਵਾਰ ਸਮਾਪਤ)

# ਵਾਰ ੩੫

ੴ ਸਤਿਗੁਰ ਪ੍ਰਸਾਦਿ॥

## *੧. ਨਿੰਦਕ*

**੧. ਕੁੱਤਾ ਰਾਜ ਬਹਾਲੀਐ**
**ਫਿਰ ਚੱਕੀ ਚੱਟੈ।**
**੨. ਸੱਪੈ ਦੁੱਧੁ ਪਿਆਲੀਐ**
**ਵਿਹੁ ਮੁਖਹੁੰ ਸੱਟੈ।**
**੩. ਪੱਥਰ ਪਾਣੀ ਰਖੀਐ**
**ਮਨ ਹਠ ਨ ਘੱਟੈ।**
**੪. ਚੋਆ ਚੰਦਨੁ ਪਰਿਹਰੈ**
**ਖਰੁ ਖੇਹ ਪਲੱਟੈ।**
**੫. ਤਿਉਂ ਨਿੰਦਕ ਪਰ ਨਿੰਦਿਅਹੁੰ**
**ਹਠਿ ਮੂਲ ਨ ਹੱਟੈ।**
**੬. ਆਪਣ ਹਥੀਂ ਆਪਣੀ ਜੜ੍ਹ ਆਪਿ ਉਪੱਟੈ॥੧॥**

***ਪਦ ਅਰਥ :*** ਮੁਖਹੁੰ—ਮੂੰਹ ਤੋਂ। ਹਠ—ਕਰੜਾਪਨ। ਪਲੱਟੈ—ਲੇਟਦਾ ਹੈ। ਉਪੱਟੈ—ਪੁੱਟਦਾ ਹੈ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਜੋ ਨਿੰਦਕ ਲੋਕ ਹਰ ਮਨੁੱਖ ਦੀ ਹੀ ਨਿੰਦਾ ਕਰਨ ਦੇ ਆਦੀ ਹਨ, ਉਹ ਸਾਰਿਆਂ ਲੋਕਾਂ ਦੀਆਂ ਨਜ਼ਰਾਂ ਵਿਚੋਂ ਗਿਰੇ ਰਹਿੰਦੇ ਹਨ, ਪਰ ਉਹ ਫਿਰ ਵੀ ਨਿੰਦਾ ਦਾ ਤਿਆਗ ਨਹੀਂ ਕਰਦੇ, ਕਿਉਂ ਜੀ! ਤੁਸੀਂ ਦਸੋਗੇ ਇਸ ਦਾ ਅਸਲ ਕਾਰਨ ਕੀ ਹੈ, ਅਤੇ ਅਜਿਹੇ ਨਿੰਦਕਾਂ ਨੂੰ ਆਖ਼ਰ ਫਲ ਕੀ ਪ੍ਰਾਪਤ ਹੁੰਦਾ ਹੈ?

**ਉ:** ਹੇ ਭਾਈਓ! ਅਸਲ ਵਿਚ ਉਹ ਲੋਕ ਨਿੰਦਾ ਕਰਨ ਦੇ ਆਦੀ ਹੋ ਚੁੱਕੇ ਹਨ, ਜਿਸ ਆਦਤ ਨੂੰ ਤਿਆਗਣਾ ਉਨ੍ਹਾਂ ਲਈ ਬਹੁਤ ਔਖਾ ਹੋ ਜਾਂਦਾ ਹੈ, ਇਸੇ ਹੀ ਭਾਵ ਨੂੰ ਪ੍ਰਗਟਾਉਣ ਲਈ ਮੈਂ ਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਦਰਸਾਇਆ ਹੈ ਕਿ ਜਿਵੇਂ ਇਨ੍ਹਾਂ ਸੰਸਾਰਕ ਸ਼ੈਆਂ ਦਾ ਸੁਭਾਉ ਨਹੀਂ ਬਦਲਦਾ, ਇਸੇ ਤਰ੍ਹਾਂ ਨਿੰਦਕ ਲੋਕਾਂ ਦੀ ਦਸ਼ਾ ਹੋਇਆ ਕਰਦੀ ਹੈ।

(੧) (ਜਿਵੇਂ ਅਸੀਂ ਪਰਤੱਖ ਰੂਪ ਵਿਚ ਵੇਖਦੇ ਹਾਂ ਕਿ) ਕੁੱਤੇ ਨੂੰ (ਜੇ) ਰਾਜ ਸਿੰਘਾਸਣ 'ਤੇ ਬਿਠਾ ਦੇਈਏ, ਤਦ ਵੀ ਉਹ ਚੱਕੀ ਹੀ ਚਟੇਗਾ।

(੨) ਸੱਪ ਨੂੰ (ਜੇ) ਦੁੱਧ ਵੀ ਪਿਆਉ ਤਦ ਵੀ ਉਹ ਮੂੰਹ ਵਿਚੋਂ ਜ਼ਹਿਰ ਹੀ ਸੁੱਟੇਗਾ।

(੩) ਪੱਥਰ ਨੂੰ ਭਾਵੇਂ ਕਿਤਨਾ ਚਿਰ ਹੀ ਪਾਣੀ ਵਿਚ ਰਖੋ, ਉਸਦੇ ਮਨ ਦਾ ਕਰੜਾਪਨ ਫਿਰ ਵੀ ਨਹੀਂ ਘਟਦਾ।

(੪) ਖੋਤਾ ਚੰਦਨ ਆਦਿ ਸੁਗੰਧੀਆਂ ਨੂੰ ਛੱਡ ਕੇ ਖੇਹ ਵਿਚ ਹੀ ਲੇਟਦਾ ਹੈ।

(੫) (ਇਸੇ ਤਰ੍ਹਾਂ) ਨਿੰਦਕ ਪਰਾਈ ਨਿੰਦਾ ਕਰਨ ਦੇ ਹਠ ਵੱਲੋਂ ਨਹੀਂ ਹਟਦਾ।

(੬) (ਇਸ ਕੁਕਰਮ ਦਾ ਫਲ ਉਸ ਨੂੰ ਇਹੋ ਮਿਲਦਾ ਹੈ ਕਿ) ਉਹ ਆਪਣੇ ਹੱਥੀਂ ਆਪਣੀ ਜੜ੍ਹ ਆਪ ਹੀ ਪੁੱਟਦਾ ਹੈ।੧।

***ਭਾਵਾਰਥ :*** ਨਿੰਦਕ ਬਾਰੇ ਬਾਣੀ ਵਿਚ ਤਾਂ ਇਉਂ ਹੀ ਫ਼ੁਰਮਾਨ ਆਇਆ ਹੈ ਕਿ ਅਜਿਹੇ ਨਿੰਦਕਾਂ ਦੇ ਮੂੰਹ ਇਸ ਲੋਕ ਵਿਚ ਭੀ ਕਾਲੇ ਹੋਇਆ ਕਰਦੇ ਹਨ ਤੇ ਅੰਤ ਵਿਚ ਉਹ ਘੋਰ ਭਿਆਨਕ ਨਰਕਾਂ ਵਿਚ ਜਾ ਪੈਂਦੇ ਹਨ, ਇਸੇ ਲਈ ਗੁਰੂ ਗ੍ਰੰਥ ਸਾਹਿਬ ਜੀ ਨੇ ਹਿਦਾਇਤ ਕਰ ਦਿਤੀ ਹੈ ਕਿ ਨਿੰਦਾ ਕਿਸੇ ਦੀ ਭੀ ਕਰਨੀ ਜੋਗ ਨਹੀਂ, ਫ਼ੁਰਮਾਨ ਹੈ :

ਨਿੰਦਾ ਭਲੀ ਕਿਸੈ ਕੀ ਨਾਹੀ
ਮਨਮੁਖ ਮੁਗਧ ਕਰੰਨਿ॥
ਮੁਹ ਕਾਲੇ ਤਿਨ ਨਿੰਦਕਾ
ਨਰਕੇ ਘੋਰਿ ਪਵੰਨਿ॥੬॥ *(ਸੂਹੀ ਮਹਲਾ ੩, ਪੰਨਾ ੭੫੫)*

ਨਿੰਦਕੁ ਸੋਧਿ ਸਾਧਿ ਬੀਚਾਰਿਆ॥
ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥੪॥

*(ਗੌਂਡ, ਪੰਨਾ ੮੭੫)*

ਨਿੰਦਕ ਕਉ ਫਿਟਕੇ ਸੰਸਾਰੁ॥
ਨਿੰਦਕ ਕਾ ਝੂਠਾ ਬਿਉਹਾਰੁ॥

*(ਭੈਰਉ ਮਹਲਾ ੫, ਪੰਨਾ ੧੧੫੧)*

ਨਿੰਦਕਾ ਕੇ ਮੁਹ ਕਾਲੇ ਕਰੇ
ਹਰਿ ਕਰਤੈ ਆਪਿ ਵਧਾਈ॥

*(ਸਲੋਕ ਮ: ੪, ਪੰਨਾ ੩੦੭)*

ਇਸ ਤਰ੍ਹਾਂ ਬਾਣੀ ਵਿਚੋਂ ਹੋਰ ਵੀ ਬਹੁਤ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਨਿੰਦਕਾਂ ਦੀ ਲੋਕ-ਪ੍ਰਲੋਕ ਵਿਚ ਹੁੰਦੀ ਦੁਰਦਸ਼ਾ ਦਾ ਪ੍ਰਗਟਾਵਾ ਕੀਤਾ ਗਿਆ ਹੈ। ਮੈਂ ਭੀ ਬਾਣੀ ਵਿਚੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ।

## ੨. ਨਿੰਦਕ ਅਗਨੀ ਮਾਹਿ ਜਲਾਵੈ

**੧. ਕਾਉਂ ਕਪੂਰ ਨ ਚੱਖਈ**
**ਦੁਰਗੰਧਿ ਸੁਖਾਵੈ।**
**੨. ਹਾਥੀ ਨੀਰਿ ਨਵਾਲੀਐ**
**ਸਿਰਿ ਛਾਰੁ ਉਡਾਵੈ।**
**੩. ਤੁੰਮੇ ਅੰਮ੍ਰਿਤ ਸਿੰਜੀਐ**
**ਕਉੜੱਤੁ ਨ ਜਾਵੈ।**
**੪. ਸਿੰਮਲ ਰੁੱਖੁ ਸਰੇਵੀਐ**
**ਫਲੁ ਹੱਥ ਨ ਆਵੈ।**
**੫. ਨਿੰਦਕ ਨਾਮ ਵਿਹੂਣਿਆ**
**ਸਤਿਸੰਗ ਨ ਭਾਵੈ।**
**੬. ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ॥੨॥**

***ਪਦ ਅਰਥ :*** ਨਵਾਲੀਐ—ਨੁਵਾਈਏ। ਦੁਰਗੰਧਿ—ਬਦਬੂ। ਸੁਖਾਵੈ—ਚੰਗੀ ਲੱਗਦੀ ਹੈ। ਛਾਰੁ—ਮਿੱਟੀ। ਸਰੇਵੀਐ—ਪਾਲੀਏ। ਮੁਹਾਵੈ—ਲੁਟਾਉਂਦਾ ਹੈ।

***ਅਰਥ :***

ਪ੍ਰ: ਕਿਉਂ ਭਾਈ ਸਾਹਿਬ ਜੀਉ! ਜੋ ਨਿੰਦਕ ਲੋਕ ਕਦੀ ਸਤਿਸੰਗਤ ਵਿਚ ਆਉਂਦੇ ਹੀ ਨਹੀਂ ਇਸਦਾ ਅਸਲ ਕਾਰਨ ਕੀ ਹੈ, ਜਾਣਕਾਰੀ ਦਿਓ?

ਉ: ਹੇ ਭਾਈਓ! ਇਸ ਸੰਬੰਧ ਵਿਚ ਜੋ ਮੈਨੂੰ ਬਾਣੀ ਤੋਂ ਪ੍ਰੇਰਨਾ ਮਿਲੀ ਹੈ ਜਾਂ ਮੇਰੇ ਪ੍ਰਤੱਖ ਵੇਖਣ ਵਿਚ ਆਈ ਹੈ, ਉਸਨੂੰ ਮੈਂ ਇਸ ਪਉੜੀ ਵਿਚ ਉੱਕਰਿਆ ਹੈ ਕਿ ਨਿੰਦਕ ਨੂੰ ਇਸੇ ਹੀ ਤਰ੍ਹਾਂ ਸਤਿਸੰਗ ਨਹੀਂ ਭਾਉਂਦੀ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਕਾਂ ਕਪੂਰ ਨਹੀਂ ਚਖਦਾ, ਉਸਨੂੰ (ਵਿਸ਼ਟਾ ਦੀ) ਬਦਬੋ ਹੀ ਚੰਗੀ ਲਗਦੀ ਹੈ।

(੨) ਹਾਥੀ ਨੂੰ ਪਾਣੀ ਨਾਲ ਨੁਵਾਈਏ, ਤਦ ਵੀ ਉਹ ਆਪਣੇ ਸਿਰ ਵਿਚ ਖੇਹ ਹੀ ਪਾਉਂਦਾ ਹੈ।

(੩) ਤੁੰਮੇ ਨੂੰ ਅੰਮ੍ਰਿਤ (ਦੁੱਧ) ਨਾਲ ਕਿੰਨਾਂ ਹੀ ਸਿੰਜੀਏ, ਉਸਦਾ ਕਉੜਾਪਨ ਫਿਰ ਵੀ ਨਹੀਂ ਜਾਂਦਾ।

(੪) (ਸਿੰਮਲ ਦੇ ਰੁਖ ਨੂੰ ਭਾਵੇਂ ਕਿੰਨਾ ਪਾਲੀਏ ਉਸ ਤੋਂ ਫਲ ਨਹੀਂ ਮਿਲਦਾ।

(੫) (ਇਸੇ ਤਰ੍ਹਾਂ) ਨਿੰਦਕ ਨਾਮ ਤੋਂ ਵਿਹੂਣੇ ਹੁੰਦੇ ਹਨ, ਉਨ੍ਹਾਂ ਨੂੰ ਸਤਿਸੰਗ ਚੰਗਾ ਨਹੀਂ ਲੱਗਦਾ।

(੬) ਜੇਕਰ ਆਗੂ (ਰਾਹ ਦੱਸਣ ਵਾਲਾ) ਅੰਨ੍ਹਾ ਹੋਵੇ, ਤਦ ਉਹ ਸਾਰੇ ਸਾਥ ਨੂੰ ਲੁਟਾ ਬੈਠਦਾ ਹੈ।੨।

***ਭਾਵਾਰਥ :*** ਜੋ ਪੁਰਸ਼ ਨਿੰਦਕ ਦੀ ਸੰਗਤ ਕਰਦਾ ਹੈ, ਉਹ ਆਪਣੀ ਦੈਵੀ ਸੰਪਤਾ ਦਾ ਸਾਰਾ ਧਨ ਕਾਮ ਕ੍ਰੋਧਾਦਿਕ ਚੋਰਾਂ ਤੋਂ ਲੁਟਾ ਬੈਠਦਾ ਹੈ, ਅੰਤ ਨੂੰ ਉਹ ਨਰਕ ਦੇ ਖਾਤੇ ਵਿਚ ਡਿੱਗਦਾ ਹੈ।

## ੩. ਮਨਮੁੱਖ ਗੁਝਾ ਨਹੀਂ ਰਹਿੰਦਾ

**੧. ਲਸਣ ਲੁਕਾਇਆ ਨਾ ਲੁਕੈ**
**ਬਹਿ ਖਾਜੈ ਕੂਣੈ।**
**੨. ਕਾਲਾ ਕੰਬਲੁ ਉੱਜਲਾ**
**ਕਿਉਂ ਹੋਇ ਸਬੂਣੈ।**
**੩. ਛੋਮੂੰ ਖੱਖਰ ਜੋ ਛੁਹੈ**
**ਦਿਸੈ ਮੁਹਿ ਸੂਣੈ।**
**੪. ਕਿਤੈ ਕੰਮਿ ਨ ਆਵਈ**
**ਲਾਵਣੁ ਬਿਨੁ ਲੂਣੈ।**

੫. ਨਿੰਦਕ ਨਾਮ ਵਿਸਾਰਿਆ
ਗੁਰ ਗਿਆਨ ਵਿਹੂਣੈ।
੬. ਹਲਤ ਪਲਤ ਸੁਖੁ ਨਾ ਲਹੈ ਦੁਖੀਆ ਸਿਰੁ ਝੂਣੈ ॥੩॥

***ਪਦ ਅਰਥ :*** ਲਸਣ—ਥੋਮ। ਕੂਣੈ—ਖੂੰਜਾ। ਸੂਣੈ—ਸੁੱਜਿਆ। ਲਾਵਣੁ—ਸਬਜ਼ੀ, ਭਾਜੀ। ਹਲਤ ਪਲਤ—ਲੋਕ-ਪ੍ਰਲੋਕ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਇਹ ਪ੍ਰਤੱਖ ਹੀ ਵੇਖਦੇ ਹਾਂ ਕਿ ਮਨਮੁਖ ਤੇ ਨਿੰਦਕ ਲੋਕ ਆਪਣੇ ਆਪ ਨੂੰ ਛੁਪਾਉਣ ਦਾ ਬੜਾ ਯਤਨ ਕਰਦੇ ਹਨ, ਪਰ ਫਿਰ ਭੀ ਉਹ ਲੋਕਾਂ ਵਿਚ ਪ੍ਰਗਟ ਹੋ ਹੀ ਜਾਂਦੇ ਹਨ, ਇਸ ਬਾਰੇ ਤੁਸੀਂ ਕੀ ਅਨੁਭਵ ਕਰਦੇ ਹੋ?

ਉ: ਹੇ ਭਾਈਓ! ਇਸ ਭਾਵ ਨੂੰ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ ਕਿ ਐਸੇ ਲੋਕ ਭੀ ਇਸੇ ਤਰ੍ਹਾਂ ਨਹੀਂ ਗੁੱਝੇ ਰਹਿ ਸਕਦੇ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਥੋਮ ਨੂੰ ਭਾਵੇਂ ਕਿਸੇ ਖੂੰਜੇ (ਨੁੱਕਰ) ਵਿਚ ਬਹਿ ਕੇ ਲੁਕ ਕੇ ਖਾਓ ਉਹ ਲੁਕਦਾ ਨਹੀਂ, (ਵਾਸ਼ਨਾ ਤੋਂ ਮਾਲੂਮ ਹੋ ਜਾਂਦਾ ਹੈ)।

(੨) ਕਾਲੇ ਕੰਬਲ ਨੂੰ ਭਾਵੇਂ ਕਿਤਨਾ ਹੀ ਸਾਬਣ ਮਲੋ, ਉਹ ਉੱਜਲਾ (ਚਿੱਟਾ) ਕਿਵੇਂ ਹੋ ਸਕਦਾ ਹੈ, (ਭਾਵ ਹੈ ਕਿ ਉਹ ਚਿੱਟਾ ਨਹੀਂ ਹੁੰਦਾ)।

(੩) ਭੂੰਡਾਂ ਦੀ ਖੱਖਰ ਨੂੰ ਜਿਹੜਾ ਛੇੜੇਗਾ, ਉਸਦਾ ਮੂੰਹ ਸੁਜਿਆ ਹੋਇਆ ਦਿਸੇਗਾ।

(੪) ਬਿਨਾਂ ਲੂਣ ਪਾਇਆਂ ਭਾਜੀ ਕਿਸੇ ਕੰਮ ਨਹੀਂ ਆਉਂਦੀ।

(੫) (ਇਸੇ ਤਰ੍ਹਾਂ) ਗੁਰੂ ਦੇ ਗਿਆਨ ਤੋਂ ਹੀਣਾ ਮਨਮੁਖ ਗੁੱਝਾ ਨਹੀਂ ਰਹਿੰਦਾ (ਕਿਉਂਕਿ) ਉਸਨੇ ਪ੍ਰਭੂ ਦੇ ਨਾਮ ਨੂੰ ਵਿਸਾਰ ਦਿਤਾ ਹੁੰਦਾ ਹੈ।

(੬) (ਇਸਦਾ ਫਲ ਮਨਮੁਖ ਨੂੰ ਇਹ ਮਿਲਦਾ ਹੈ ਕਿ ਉਹ) ਲੋਕ ਪਰਲੋਕ ਵਿਚ ਸੁਖ ਨਹੀਂ ਲੈਂਦਾ ਤੇ ਦੁਖੀ ਹੋਇਆ ਸਿਰ ਝੂਣਦਾ ਹੈ।੩।

***ਭਾਵਾਰਥ :*** ਨਿੰਦਕ ਦਾ ਅੰਤਾਕਰਣ ਠੰਢਾ ਕਦੇ ਨਹੀਂ ਹੋ ਸਕਦਾ, ਠੰਢ ਤਾਂ ਪੈਂਦੀ ਹੈ ਜੇ ਗੁਣਾਂ ਦੀ ਵੰਨੀ ਚੜ੍ਹੇ, ਨਿੰਦਕ ਦੇ ਅੰਦਰ ਤਾਂ ਲੋਕਾਂ ਦੇ ਪਾਪਾਂ ਦੀ ਮੈਲ ਦਾ ਗੰਦ 'ਕੱਠਾ ਹੋ ਜਾਂਦਾ ਹੈ, ਜਿਸ ਨਾਲ ਉਸਦੀ ਸੁਰਤ ਖਿੰਡੀ ਹੀ ਰਹਿੰਦੀ ਹੈ ਤੇ ਖਿੰਡੀ ਸੁਰਤ ਵਿਚ ਸੁਖ ਕਦੇ ਹੋਇਆ ਹੀ ਨਹੀਂ ਕਰਦਾ, ਇਸ ਕਰਕੇ ਨਿੰਦਕ ਨਿੰਦਾ ਦਾ ਰਸ ਲੈਂਦਾ ਭੀ ਇਥੇ ਸਿਰ ਝੂਣਦਾ ਦੁਖੀ ਰਹਿੰਦਾ ਹੈ ਤੇ ਅਗੇ ਤਾਂ ਉਹ ਜਾ ਕੇ ਬਹੁਤ ਹੀ ਦੁਖੀ ਰਵ੍ਹੇਗਾ।

## *੪. ਨਿੰਦਾ ਕਰਨੀ ਬਹੁਤ ਵੱਡਾ ਖੋਟਾ ਕਰਮ ਹੈ*

੧. ਡਾਇਣ ਮਾਣਸ ਖਾਵਣੀ
ਪੁੱਤੁ ਬੁਰਾ ਨ ਮੰਗੈ।
੨. ਵੱਡਾ ਵਿਕਰਮੀ ਆਖੀਐ
ਧੀ ਭੈਣਹੁ ਸੰਗੈ।
੩. ਰਾਜੇ ਧ੍ਰੋਹ ਕਮਾਂਵਦੇ
ਰੈਬਾਰ ਸਰੰਗੈ।
੪. ਬੱਜਰ ਪਾਪ ਨ ਉਤਰਨਿ
ਜਾਇ ਕੀਚਨਿ ਗੰਗੈ।
੫. ਥਰਹਰ ਕੰਬੈ ਨਰਕ ਜਮੁ
ਸੁਣ ਨਿੰਦਕ ਢੰਗੈ।
੬. ਨਿੰਦਾ ਭਲੀ ਨ ਕਿਸੇ ਦੀ ਗੁਰ ਨਿੰਦ ਕੁਢੰਗੈ ॥੪॥

***ਪਦ ਅਰਥ :*** ਖਾਵਣੀ—ਖਾਣੇ ਵਾਲੀ। ਵਿਕਰਮੀ—ਮੰਦੇ ਕਰਮ ਕਰਨ ਵਾਲਾ। ਸੰਗੈ—ਸੰਗ ਕਰਨਾ। ਰੈਬਾਰ—ਵਿਚੋਲਾ, ਸਫ਼ੀਰ। ਸਰੰਗੈ—ਰੰਗ ਵਿਚ। ਗੰਗੈ—ਗੰਗਾ ਉਤੇ, ਗੰਗਾ ਤੋਂ ਭਾਵ ਉਹ ਥਾਉਂ ਹਨ ਕਿ ਜੋ ਪਾਪਾਂ ਦੇ ਨਾਸ ਕਰਨ ਵਾਲੇ ਮੰਨੇ ਗਏ ਹਨ, ਹਰ ਮੱਤ ਲਈ ਆਪੋ ਆਪਣੇ ਥਾਉਂ ਹਨ। ਇਥੇ ਗੰਗਾ ਆਮ ਖੁਲ੍ਹੇ ਅਰਥ ਵਿਚ ਹੈ। ਢੰਗੈ—ਕਰਮ। ਕੁਢੰਗੈ—ਖੋਟਾ ਕਰਮ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਕਈ ਨਿੰਦਕ ਲੋਕ ਤਾਂ ਵੇਖਣ ਵਿਚ ਆਉਂਦੇ ਹਨ ਕਿ ਉਹ ਗੁਰੂ ਦੀ ਨਿੰਦਾ ਕਰਨ ਵੱਲੋਂ ਭੀ ਦਰੇਗ ਨਹੀਂ ਕਰਦੇ, ਕਿਉਂ ਜੀ! ਐਸੇ ਨਿੰਦਕਾਂ ਬਾਰੇ ਆਪ ਕੀ ਖ਼ਿਆਲ ਕਰਦੇ ਹੋ?

ਉ: ਹੇ ਭਾਈਓ! ਬਾਣੀ ਦਾ ਤਾਂ ਇਹ ਫ਼ੁਰਮਾਨ ਹੈ ਕਿ :

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥
*(ਸੂਹੀ ਮਹਲਾ ੩, ਪੰਨਾ ੭੫੫)*

ਭਾਵ ਹੈ ਕਿ ਨਿੰਦਾ ਤਾਂ ਕਿਸੇ ਦੀ ਭੀ ਕਰਨੀ ਚੰਗੀ ਨਹੀਂ, ਜੋ ਕਰਨ ਵਾਲੇ ਹਨ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੇ ਮਨਮੁਖ ਤੇ ਮੁਗਧਾਂ ਦੀ ਲਿਸਟ ਵਿਚ ਸ਼ਾਮਲ ਕੀਤਾ ਹੈ, ਮੈਂ ਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਗੁਰੂ ਦੀ ਨਿੰਦਾ ਕਰਨ ਵਾਲੇ ਨਿੰਦਕਾਂ ਬਾਰੇ ਕੁਝ ਉਦਾਹਰਣ ਅੰਕਤ ਕੀਤੇ ਹਨ।

(੧) (ਜਿਵੇਂ ਵੇਖਣ ਵਿਚ ਆਉਂਦਾ ਹੈ ਕਿ) ਡਾਇਣ ਮਨੁੱਖਾਂ ਨੂੰ ਖਾਂਦੀ ਹੈ, ਪਰ ਆਪਣੀ ਸੰਤਾਨ (ਧੀ-ਪੁੱਤਰ) ਦਾ ਬੁਰਾ ਨਹੀਂ ਮੰਗਦੀ।

(੨) ਜਿਸਨੂੰ ਵੱਡਾ ਵਿਕਰਮੀ (ਮੰਦੇ ਕਰਮ ਕਰਨ ਵਾਲਾ) ਆਖਿਆ ਜਾਂਦਾ ਹੈ, ਉਹ ਭੀ ਆਪਣੀ ਧੀ-ਭੈਣ ਨਾਲ ਵਿਭਚਾਰ ਕਰਨ ਤੋਂ ਸੰਗਦਾ ਹੈ।

(੩) ਰਾਜੇ ਆਪੋ ਵਿਚ ਧਰੋਹ (ਵੈਰ ਵਿਰੋਧ) ਕਰਦੇ ਹਨ, ਪਰ ਵਿਚੋਲਾ (ਸਫ਼ੀਰ) ਅਨੰਦ ਵਿਚ ਰਹਿੰਦਾ ਹੈ (ਉਸਨੂੰ ਕੋਈ ਕੁਛ ਨਹੀਂ ਕਹਿੰਦਾ)।

(੪) ਜਿਹੜੇ ਪਾਪ ਕਰਮ ਪਵਿੱਤ੍ਰ ਤੀਰਥਾਂ 'ਤੇ ਜਾ ਕੇ ਕੀਤੇ ਜਾਂਦੇ ਹਨ, ਉਹ ਵੱਡੇ ਭਾਰੇ ਪਾਪ ਕਿਸੇ ਤਰ੍ਹਾਂ ਵੀ ਨਹੀਂ ਉਤਰਦੇ।

(੫) ਨਰਕ ਤੇ ਜਮ, ਨਿੰਦਕ ਦਾ ਖੋਟਾ ਢੰਗ ਸੁਣ ਕੇ ਥਰਥਰ ਕੰਬਦੇ ਹਨ, (ਕਿ ਅਸੀਂ ਅਧੋਗਤੀ ਨੂੰ ਨਾ ਚਲੇ ਜਾਈਏ)।

(੬) ਨਿੰਦਾ ਕਿਸੇ ਦੀ ਵੀ ਕਰਨੀ ਚੰਗੀ ਨਹੀਂ ਹੁੰਦੀ, ਪਰ ਗੁਰੂ ਦੀ ਨਿੰਦਾ ਕਰਨੀ ਤਾਂ ਬੜਾ ਭਾਰੀ ਖੋਟਾ ਕਰਮ ਹੈ।੪।

***ਭਾਵਾਰਥ :*** ਹੋਰ ਸਾਰਿਆਂ ਪਾਪਾਂ ਦਾ ਪ੍ਰਾਸਚਿਤ ਹੋ ਸਕਦਾ ਹੈ, ਪਰ ਇਸ ਪਾਪ ਦਾ ਕੋਈ ਹੋਰ ਉਪਾਵ ਨਹੀਂ। ਗੁਰੂ ਨਿੰਦਕ ਦਾ ਨਾਮ ਸੁਣ ਕੇ ਨਰਕ ਵੀ ਨੱਕ ਵੱਟਦਾ ਹੈ ਕਿ ਇਹ ਪਾਪੀ ਮੇਰੇ ਵਿਚ ਨਾ ਪਾਇਆ ਜਾਵੇ। ਅਰ ਜਮਰਾਜ ਵੀ ਉਸਦਾ ਮੂੰਹ ਵੇਖਣਾ ਨਹੀਂ ਚਾਹੁੰਦਾ ਕਿ ਹੋਰ ਵਧੇਰੇ ਪਾਪ ਨ ਚੰਮੜ ਜਾਵਣ। ਧੁਨੀ ਇਹ ਹੈ ਕਿ ਆਮ ਪਾਪ ਤਾਂ ਸੱਚੇ ਦਿਲੋਂ ਪਛੁਤਾਇਆਂ ਹਟ ਗਏ, ਜਿਹੜੇ ਘੋਰ ਪਾਪ ਸਨ, ਉਹ ਗੁਰੂ ਦੀ ਸ਼ਰਨ ਆਇਆਂ ਮਿਟ ਗਏ। ਨਿੰਦਾ ਦਾ ਪਾਪ ਗੁਰੂ ਜੀ ਤਦ ਤਕ ਨਹੀਂ ਬਖ਼ਸ਼ਦੇ ਜਦ ਤਕ ਜਿਸਦੀ ਨਿੰਦਾ ਕੀਤੀ ਹੈ, ਉਸ ਤੋਂ ਨਾ ਬਖ਼ਸ਼ਾਵਣ ਤੇ ਜਦ ਗੁਰੂ ਜੀ ਦੀ ਨਿੰਦਾ ਹੀ ਹੋ ਚੁੱਕੀ ਤਾਂ ਢੋਈ ਕਿਥੇ ਰਹੀ।

## ੫. ਗੁਰੂ ਦੀ ਨਿੰਦਾ 'ਤੇ ਦ੍ਰਿਸ਼ਟਾਂਤ

**੧. ਨਿੰਦਾ ਕਰ ਹਰਨਾਕਸੈ**
**ਵੇਖਹੁ ਫਲੁ ਵੱਟੈ।**
**੨. ਲੰਕ ਲੁਟਾਈ ਰਾਵਣੈ**
**ਮਸਤਕਿ ਦਸ ਕੱਟੈ।**
**੩. ਕੰਸੁ ਗਇਆ ਸਣ ਲਸ਼ਕਰੈ**
**ਸਭ ਦੈਤ ਸੰਘੱਟੈ।**
**੪. ਵੰਸ ਗਵਾਇਆ ਕੈਰਵਾਂ**
**ਖੂਹਨਿ ਲੱਖ ਫੱਟੈ।**
**੫. ਦੰਤ ਬਕਤ੍ਰ ਸਸਪਾਲ ਦੇ**
**ਦੰਦ ਹੋਏ ਖੱਟੈ।**
**੬. ਨਿੰਦਾ ਕੋਇ ਨ ਸਿੱਝਿਓ**
**ਇਉਂ ਵੇਦ ਉਘੱਟੈ।**
**੭. ਦੁਰਬਾਸੇ ਨੇ ਸਰਾਪ ਦੇ ਯਾਦਵ ਸਭ ਤੱਟੈ॥੫॥**

***ਪਦ ਅਰਥ :*** ਫਲੁ ਵੱਟੈ—ਫਲ ਲੀਤਾ। ਮਸਤਕਿ ਦਸ—ਦਸ ਸਿਰ। ਸੰਘੱਟੈ—ਨਾਸ ਕੀਤੇ। ਲੁਟਾਈ—ਖੁਹਾਈ। ਵੇਦ—ਧਰਮ ਗ੍ਰੰਥ। ਉਘੱਟੈ—ਪ੍ਰਗਟ ਕਰਦੇ ਹਨ। ਤੱਟੈ—ਨਾਸ ਕਰ ਦਿਤੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਪ੍ਰਤੱਖ ਸਮੇਂ ਵਿਚ ਤਾਂ ਨਿੰਦਕਾਂ ਦੀ ਜੋ ਦਸ਼ਾ ਹੋ ਰਹੀ ਹੈ ਉਸਨੂੰ ਅਸੀਂ ਸਾਰੇ ਵੇਖ ਹੀ ਰਹੇ ਹਾਂ, ਪਰ ਪਿੱਛੇ ਗੁਜ਼ਰੇ ਸਮੇਂ ਵਿਚ ਜੋ ਨਿੰਦਕ ਲੋਕਾਂ ਨੂੰ ਫਲ ਮਿਲ ਚੁੱਕਾ ਹੈ, ਉਸ ਬਾਰੇ ਕੁਝ ਜਾਣਕਾਰੀ ਦਿਓ ?

ਉ: ਹੇ ਭਾਈਓ ! ਜੋ ਪਿੱਛੇ ਨਿੰਦਾ ਕਰਨ ਵਾਲਿਆਂ ਨੂੰ ਫਲ ਮਿਲ ਚੁੱਕਾ ਹੈ, ਉਨ੍ਹਾਂ ਵਿਚੋਂ ਕੁਝ ਕੁ ਦਾ ਨਿਰਣਾ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਦਿੱਤਾ ਹੈ।

(੧) (ਜਿਵੇਂ ਪੁਰਾਣਾਂ ਵਿਚ ਕਥਾਵਾਂ ਸੁਣਦੇ ਹਾਂ ਕਿ) ਹਰਨਾਖ਼ਸ਼ ਨੇ ਆਪਣੇ ਗੁਰੂ ਨਾਰਦ ਦੀ ਨਿੰਦਾ ਕਰਕੇ ਕੀ ਫਲ ਪਾਇਆ ? (ਭਾਵ ਮਾਰਿਆ ਗਿਆ)।

(੨) ਰਾਵਣ ਨੇ ਰਾਮ ਜੀ ਦੀ ਨਿੰਦਾ ਕਰਕੇ ਲੰਕਾ ਖੁਹਾ ਲਈ ਤੇ ਦਸ ਸਿਰ ਕਟਵਾ ਲਏ।

(੩) ਕੰਸ (ਵਾਸਦੇਵ, ਕ੍ਰਿਸ਼ਨ ਜੀ ਤੇ ਆਪਣੇ ਪਿਤਾ ਦੀ) ਨਿੰਦਾ ਕਰਕੇ ਆਪਣੀਆਂ ਫ਼ੌਜਾਂ ਤੇ ਦੈਂਤਾਂ ਸਮੇਤ ਮਾਰਿਆ ਗਿਆ।

(੪) ਕੈਰਵਾਂ ਨੇ ਵੀ ਗੁਰੂ ਦੀ ਨਿੰਦਾ ਕਰਕੇ ਆਪਣੀ ਫ਼ੌਜ ਨਾਸ ਕਰਵਾ ਲਈ ਤੇ ਉਨ੍ਹਾਂ ਦੀਆਂ ਕਈ ਖੂਹਣੀਆਂ ਫ਼ੌਜਾਂ ਖ਼ਤਮ ਹੋ ਗਈਆਂ।

(੫) (ਸਸਪਾਲ ਤੇ ਦੰਤ ਬਕਤ੍ਰ ਦੇ (ਗੁਰੂ ਦੀ ਨਿੰਦਾ ਕਰਕੇ) ਦੰਦ ਖੱਟੇ ਹੋਏ (ਭਾਵ ਦੁਖ ਪਾਇਆ)।

(੬) (ਧਰਮ ਗ੍ਰੰਥ ਇਹ ਪ੍ਰਗਟ ਕਰਦੇ ਹਨ ਕਿ ਨਿੰਦਾ ਕਰਨ ਨਾਲ ਕੋਈ ਵੀ ਸਫਲ ਨਹੀਂ ਹੋਇਆ।

(੭) ਯਾਦਵਾਂ ਨੇ ਦੁਰਬਾਸ਼ਾ ਰਿਸ਼ੀ ਨਾਲ ਮਸ਼ਕਰੀ ਕੀਤੀ (ਭਾਵ ਉਸਦੀ ਨਿੰਦਾ ਕੀਤੀ) ਜਿਸ ਕਰਕੇ ਰਿਸ਼ੀ ਦੇ ਸਰਾਪ ਨਾਲ ਯਾਦਵਾਂ ਦੀ ਕੁਲ ਦਾ ਨਾਸ ਹੋ ਗਿਆ।੫।

ਦੁਰਬਾਸਾ ਸਿਉ ਕਰਤ ਠਗਉਰੀ
ਜਾਦਵ ਏ ਫਲ ਪਾਏ॥

*(ਧਨਾਸਰੀ ਨਾਮਦੇਵ ਜੀ, ਪੰਨਾ ੬੯੩)*

ਭਾਵ ਹੈ ਜੋ ਕਿ ਪਿਛਲੀ ਪਉੜੀ ਵਿਚ ਕਿਹਾ ਸੀ ਉਸੇ ਨੂੰ ਹੀ ਲੋਕ ਪ੍ਰਸਿੱਧ ਦ੍ਰਿਸ਼ਟਾਂਤ ਦੇ ਕੇ ਆਪਣੇ ਭਾਵਾਂ ਨੂੰ ਇਥੇ ਪ੍ਰਗਟ ਕੀਤਾ ਹੈ ਕਿ ਵੱਡੇ ਵੱਡੇ ਰਾਜੇ ਨਿੰਦਾ ਕਰਨ ਨਾਲ ਨਾਸ ਹੋ ਗਏ ਹਨ।

## ੬. ਗੁਰੂ ਦਾ ਨਿੰਦਕ ਸਦਾ ਹੀ ਦੁਖੀ ਰਹਿੰਦਾ ਹੈ

**੧. ਸਭਨਾਂ ਦੇ ਸਿਰ ਗੁੰਦੀਅਨ**
**ਗੰਜੀ ਗੁਰੜਾਵੈ।**
**੨. ਕੰਨਿ ਤਨਉੜੇ ਕਾਮਣੀ**
**ਬੂੜੀ ਬੁਰੜਾਵੈ।**
**੩. ਨੱਥਾਂ ਨੱਕਿ ਨਵੇਲੀਆਂ**
**ਨਕਟੀ ਨ ਸੁਖਾਵੈ।**
**੪. ਕੱਜਲ ਅੱਖੀਂ ਹਰਨਾਖੀਆਂ**
**ਕਾਣੀ ਕੁਰਲਾਵੈ।**
**੫. ਸਭਨਾਂ ਚਾਲ ਸੁਹਾਵਣੀ**
**ਲੰਗੜੀ ਲੰਗੜਾਵੈ।**
**੬. ਗਣਤ ਗਣੈ ਗੁਰਦੇਵ ਦੀ ਤਿਸੁ ਦੁੱਖਿ ਵਿਹਾਵੈ॥੬॥**

***ਪਦ ਅਰਥ :*** ਗੁਰੜਾਵੈ—ਗੁੜ ਗੁੜ ਕਰਨਾ। ਬੂੜੀ—ਬੁੱਚੀ। ਨਕਟੀ—ਨੱਕ-ਵੱਢੀ। ਗਣਤ ਗਣੈ—ਨਿੰਦਾ ਕਰੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜੋ ਪੁਰਸ਼ ਆਪਣੇ ਗੁਰੂ ਦੀ ਨਿੰਦਾ ਕਰਦਾ ਹੈ, ਆਖ਼ਰ ਉਸਦੀ ਦਸ਼ਾ ਕਿਵੇਂ ਹੁੰਦੀ ਹੈ, ਜਾਣਕਾਰੀ ਦਿਓ ?

ਉ: ਹੇ ਭਾਈਓ! ਗੁਰੂ ਦਾ ਨਿੰਦਕ ਭੀ ਸਦਾ ਇਸੇ ਤਰ੍ਹਾਂ ਦੁਖੀ ਰਹਿੰਦਾ ਹੈ, ਜਿਸਨੂੰ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ।

(੧) (ਜਿਵੇਂ) ਸਾਰਿਆਂ ਦੇ ਸਿਰ ਗੁੰਦੇ ਹੋਏ ਵੇਖ ਕੇ ਗੰਜੀ ਗੁਰੜਾਉਂਦੀ (ਦੁਖੀ ਹੁੰਦੀ ਹੈ)।

(੨) ਹੋਰ ਇਸਤ੍ਰੀਆਂ ਦੇ ਕੰਨਾਂ ਵਿਚ ਤਨਾਉੜੇ (ਪਿਪਲਵਤ੍ਰੇ) ਪਏ ਵੇਖ ਕੇ ਬੂੜੀ (ਬੁੱਚੀ) ਬੁੜ ਬੁੜ ਕਰਦੀ ਹੈ।

(੩) ਨੱਕ-ਵੱਢੀ ਨੂੰ ਸਹੇਲੀਆਂ ਦੇ ਨੱਕ ਵਿਚ ਨੱਥਾਂ ਪਈਆਂ ਨਹੀਂ ਸੁਖਾਉਂਦੀਆਂ।

(੪) ਹਰਨ ਵਰਗੀਆਂ ਸੋਹਣੀਆਂ ਅੱਖਾਂ ਵਿਚ ਸੁਰਮਾ ਪਿਆ ਵੇਖ ਕੇ ਕਾਣੀ ਕੁਰਲਾਉਂਦੀ ਹੈ।

(੫) ਸਭ ਇਸਤ੍ਰੀਆਂ ਦੀ ਚਾਲ ਸੋਹਣੀ ਹੈ, ਪਰ ਲੰਗੜੀ ਲੰਗੜਾ ਕੇ ਤੁਰਦੀ ਹੈ।

(੬) ਜਿਹੜਾ ਪੁਰਸ਼ ਆਪਣੇ ਗੁਰੂ ਦੀ ਨਿੰਦਾ ਕਰਦਾ ਹੈ, ਉਹ ਉਪ੍ਰੋਕਤ ਕਥਨ ਕੀਤੇ ਅਪਾਹਜਾਂ ਵਾਂਗੂੰ ਦੁਖ ਵਿਚ ਜ਼ਿੰਦਗੀ ਨੂੰ ਬਿਤੀਤ ਕਰਦਾ ਹੈ।੬।

***ਭਾਵਾਰਥ :*** ਨਿੰਦਾ ਨਾਲ ਗੁਰੂ ਜੀ ਦਾ ਅਰ ਸਰੇਸ਼ਟ ਪੁਰਸ਼ਾਂ ਦਾ ਤਾਂ ਕੁਝ ਨਹੀਂ ਵਿਗੜਦਾ, ਪਰ ਜੋ ਵਿਗੜਦਾ ਹੈ ਸੋ ਨਿੰਦਕ ਦਾ ਆਪਣਾ ਹੀ ਵਿਗੜਦਾ ਹੈ। ਜੋ ਆਪਣੇ ਦੂਸ਼ਨਾਂ ਕਰਕੇ ਦੁਖੀ ਤੇ ਦੂਜੇ ਦੇ ਦੂਸ਼ਨਾਂ ਨੂੰ ਵੇਖ ਕੇ ਧੁਖਦਾ ਹੈ।

## ੭. ਗੁਰੂ ਨਿੰਦਕ ਦਾ ਜਨਮ ਅਕਾਰਥ ਹੈ

੧. ਅਪਤੁ ਕਰੀਰੁ ਨ ਮਉਲੀਐ
ਦੇ ਦੋਸੁ ਬਸੰਤੈ ।
੨. ਸੰਢਿ ਸਪੁਤੀ ਨਾ ਥੀਐ
ਕਣਤਾਵੈ ਕੰਤੈ ।
੩. ਕੱਲਰਿ ਖੇਤੁ ਨ ਜੰਮਈ
ਘਨਹਰੁ ਵਰਸੰਤੈ ।
੪. ਪੰਗਾ ਪਿਛੈ ਚੰਗਿਆਂ
ਅਵਗੁਣ ਗੁਣਵੰਤੈ ।
੫. ਸਾਇਰੁ ਵਿਚ ਘੰਘੂਟਿਆਂ
ਬਹੁ ਰਤਨ ਅਨੰਤੈ ।
੬. ਜਨਮ ਗਵਾਇ ਅਕਾਰਥਾ ਗੁਰੁ ਗਣਤ ਗਣੰਤੈ ॥੭॥

***ਪਦ ਅਰਥ :*** ਅਪਤੁ—ਪੱਤਰਾਂ ਤੋਂ ਬਿਨਾ। ਸੰਢਿ—ਬਾਂਝ ਇਸਤ੍ਰੀ। ਕਣਤਾਵੈ—ਦੋਸ਼। ਪੰਗਾ—ਬੁਰਾ ਮਨੁੱਖ। ਸਾਇਰੁ—ਸਮੁੰਦਰ। ਘੰਘੂਟਿਆਂ—ਘੋਗੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਨਿੰਦਕ ਦੇ ਸੰਪੂਰਨ ਜਨਮ ਬਾਰੇ ਆਪ ਕਿਵੇਂ ਅਨੁਭਵ ਕਰਦੇ ਹੋ ?

ਉ: ਹੇ ਭਾਈਓ ! ਮੈਂ ਤਾਂ ਗੁਰਬਾਣੀ ਦੇ ਭਾਵਾਂ ਅਨੁਸਾਰ ਨਿੰਦਕ ਦਾ ਜੀਵਨ ਬਿਰਥਾ ਹੀ ਅਨੁਭਵ ਕਰਦਾ ਹਾਂ, ਜਿਸਨੂੰ ਕਿ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ :

(੧) (ਹੇ ਭਾਈਓ ! ਜਿਵੇਂ ਅਸੀਂ ਵੇਖਦੇ ਹਾਂ ਕਿ) ਪੱਤਿਆਂ ਤੋਂ ਹੀਣਾ ਕਰੀਰ ਦਾ ਬ੍ਰਿਛ ਆਪ ਤਾਂ ਫਲਦਾ ਨਹੀਂ, ਪਰ ਦੋਸ਼ ਬਸੰਤ ਰੁੱਤ ਨੂੰ ਦੇਂਦਾ ਹੈ।
(੨) ਸੰਢ (ਬਾਂਝ ਇਸਤ੍ਰੀ) ਆਪ ਤਾਂ ਪੁੱਤਰ ਜੰਮਦੀ ਨਹੀਂ ਪਰ ਦੋਸ਼ ਪਤੀ ਨੂੰ ਦੇਂਦੀ ਹੈ।
(੩) ਕਲਰੀ ਖੇਤੀ ਵਿਚ ਖੇਤੀ ਨਹੀਂ ਉਗਦੀ, ਭਾਵੇਂ ਕਿੰਨਾ ਮੀਂਹ ਵੱਸੇ।
(੪) ਬੁਰਾ ਪੁਰਸ਼ ਵੀ ਚੰਗਿਆਂ ਨਾਲ ਲਗਣ ਨਾਲ ਔਗਣਾਂ ਤੋਂ ਗੁਣਵਾਨ ਹੋ ਜਾਂਦਾ ਹੈ।
(੫) (ਜਿਸ ਤਰ੍ਹਾਂ) ਸਮੁੰਦਰ ਵਿਚ ਘੋਗਿਆਂ ਤੋਂ ਹੀ ਬੇਅੰਤ ਰਤਨ ਪੈਦਾ ਹੋ ਜਾਂਦੇ ਹਨ।
(੬) ਗੁਰੂ ਦੇ ਕਰਤਵਾਂ ਦੀ ਗਿਣਤੀ ਕਰਨ ਵਾਲੇ (ਭਾਵ ਨਿੰਦਾ ਕਰਨ ਵਾਲੇ) ਮਨੁੱਖ ਦਾ ਜਨਮ ਵਿਅਰਥ ਜਾਂਦਾ ਹੈ।੭।

***ਭਾਵਾਰਥ :*** ਜਿਸ ਦੇ ਸੁਧਰਨ ਦਾ ਹੋਰ ਕੋਈ ਯਤਨ ਹੀ ਨਹੀਂ।

## ੮. ਅਕਿਰਤਘਣ

੧. ਨਾ ਤਿਸੁ ਭਾਰੇ ਪਰਬਤਾਂ
ਅਸਮਾਨ ਖਹੰਦੇ ।
੨. ਨਾ ਤਿਸੁ ਭਾਰੇ ਕੋਟਗੜ੍ਹ
ਘਰ ਬਾਰ ਦਿਸੰਦੇ ।
੩. ਨਾ ਤਿਸੁ ਭਾਰੇ ਸਾਇਰਾਂ
ਨਦ ਵਾਹ ਵਹੰਦੇ ।
੪. ਨਾ ਤਿਸੁ ਭਾਰੇ ਤਰਵਰਾਂ
ਫਲ ਸੁਫਲ ਫਲੰਦੇ ।
੫. ਨਾ ਤਿਸੁ ਭਾਰੇ ਜੀਅ ਜੰਤ
ਅਨਗਣਤ ਫਿਰੰਦੇ ।
੬. ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ ॥੮॥

***ਪਦ ਅਰਥ :*** ਖਹੰਦੇ—ਖਹਿਣ ਵਾਲੇ। ਕੋਟਗੜ੍ਹ—ਕਿਲ੍ਹੇ। ਸਾਇਰਾਂ—ਸਮੁੰਦਰ । ਭੁਈਂ—ਧਰਤੀ। ਅਕਿਰਤਘਣ—ਕੀਤਾ ਨਾ ਜਾਨਣ ਵਾਲਾ ਮਨੁੱਖ। ਤਰਵਰਾਂ—ਬ੍ਰਿਛ।

***ਅਰਥ :***

ਪ੍ਰ: ਕਿਉਂ ਭਾਈ ਸਾਹਿਬ ਜੀਉ ! ਤੁਸਾਂ ਨਿੰਦਕਾਂ ਨੂੰ ਬਹੁਤ ਵੱਡੇ ਬੁਰੇ ਹੋਣ ਦਾ ਦਰਜਾ ਦਿਤਾ ਹੈ, ਕੀ ਤੁਹਾਡੇ ਵੀਚਾਰ ਵਿਚ ਕੋਈ ਇਨ੍ਹਾਂ ਨਿੰਦਕਾਂ ਤੋਂ ਭੀ ਹੋਰ ਵਡੇਰਾ ਮੰਦਾ ਕਿਹਾ ਜਾ ਸਕਦਾ ਹੈ, ਜੇ ਕੋਈ ਹੈ ਤਾਂ ਉਹ ਭੀ ਦੱਸ ਦਿਓ ?

ਉ: ਹੇ ਭਾਈਓ ! ਜੇ ਕਦੀ ਦੂਰ-ਦਰਸ਼ੀ ਨਜ਼ਰਾਂ ਰਾਹੀਂ ਤੱਕੀਏ ਤਾਂ ਜੋ ਅਕ੍ਰਿਤਘਣ ਬੰਦੇ ਹਨ ਉਹ ਮੰਦਿਆਂ ਤੋਂ ਭੀ ਅਤਿ ਮੰਦੇ ਮੰਨੇ ਗਏ ਹਨ, ਜਿਵੇਂ ਕਿ ਮੈਂ ਇਸ ਪਉੜੀ ਵਿਚ ਅਕ੍ਰਿਤਘਣਾਂ ਬਾਰੇ ਧਰਤੀ ਦੀ ਪੁਕਾਰ ਦਰਸਾਈ ਹੈ।

(੧) ਜਿਵੇਂ ਕਿ ਉਸਨੂੰ (ਭਾਵ ਧਰਤੀ ਨੂੰ) ਅਸਮਾਨ ਨਾਲ ਖਹਿੰਦੇ (ਬਹੁਤੇ ਉੱਚੇ) ਪਹਾੜ ਭਾਰੇ ਨਹੀਂ ਲੱਗਦੇ।
(੨) ਬੜੇ ਬੜੇ ਕਿਲ੍ਹੇ ਤੇ ਘਰ ਬਾਰ ਵੀ (ਧਰਤੀ ਨੂੰ) ਭਾਰੇ ਨਹੀਂ ਲੱਗਦੇ।
(੩) ਸਮੁੰਦਰ ਤੇ ਨਦੀਆਂ ਦੇ ਵਹਿਣ ਵੀ (ਧਰਤੀ ਨੂੰ) ਭਾਰੇ ਨਹੀਂ ਲੱਗਦੇ।
(੪) ਫਲਾਂ ਨਾਲ ਭਰੇ ਬ੍ਰਿਛ ਵੀ (ਧਰਤੀ ਨੂੰ) ਭਾਰੇ ਨਹੀਂ ਜਾਪਦੇ।
(੫) ਬੇਅੰਤ ਜੀਵ ਜੰਤੂ ਜੋ ਧਰਤੀ 'ਤੇ ਫਿਰ ਰਹੇ ਹਨ, ਇਹ ਵੀ ਉਸਨੂੰ ਭਾਰੇ ਨਹੀਂ ਲੱਗਦੇ।
(੬) (ਪਰ) ਧਰਤੀ ਨੂੰ ਅਕ੍ਰਿਤਘਣ ਭਾਰੇ ਲੱਗਦੇ ਹਨ, ਕਿਉਂਕਿ ਉਹ ਬੁਰਿਆਂ ਤੋਂ ਭੀ ਬੁਰੇ ਹਨ।੮।

***ਭਾਵਾਰਥ :*** ਇਸ ਪਉੜੀ ਵਿਚ ਭਾਈ ਸਾਹਿਬ ਜੀ ਨਿੰਦਕਾਂ ਨਾਲੋਂ ਅਕ੍ਰਿਤਘਣਾਂ ਦਾ ਨੀਵਾਂ ਦਰਜਾ ਵਧੀਕ ਦਰਸਾ ਰਹੇ ਹਨ। ਨਿੰਦਕ ਤਾਂ ਹੋ ਸਕਦਾ ਹੈ ਕਿ ਉਪਕਾਰੀਆਂ ਤੋਂ ਬਿਨਾਂ ਕਿਸੇ ਹੋਰ ਦਾ ਵੀ ਕੋਈ ਹੋ ਜਾਵੇ, ਪਰ ਅਕ੍ਰਿਤਘਣ ਉਹੀ ਹੈ ਜਿਸ ਨਾਲ ਨੇਕੀ ਕੀਤੀ ਜਾਵੇ ਤੇ ਕੀਤਾ ਉਪਕਾਰ ਨ ਜਾਣੇ, ਨਿੰਦਾ ਕਰੇ ਅਰ ਦੁਖ ਦੇਵੇ, ਉਹ ਸਾਰਿਆਂ ਤੋਂ ਹੀ ਬੁਰਾ ਹੈ।

## ੯. ਅਕ੍ਰਿਤਘਣਾਂ ਦੀ ਮੰਦੀ ਨਜ਼ਰ

**੧. ਮਦ ਵਿਚਿ ਰਿੱਧਾ ਪਾਇਕੈ**
**ਕੁੱਤੇ ਦਾ ਮਾਸ।**
**੨. ਧਰਿਆ ਮਾਣਸ ਖੋਪਰੀ**
**ਤਿਸੁ ਮੰਦੀ ਵਾਸੁ।**
**੩. ਰੱਤੂ ਭਰਿਆ ਕੱਪੜਾ**
**ਕਰਿ ਕੱਜਣ ਤਾਸੁ।**
**੪. ਢੱਕ ਲੈ ਚੱਲੀ ਚੂਹੜੀ**
**ਕਰਿ ਭੋਗ ਬਿਲਾਸੁ।**
**੫. ਆਖਿ ਸੁਣਾਏ ਪੁੱਛਿਆ**
**ਲਾਹੇ ਵਿਸਵਾਸੁ।**
**੬. ਨਦਰੀ ਪਵੈ ਅਕ੍ਰਿਤਘਣ ਮਤ ਹੋਇ ਵਿਣਾਸੁ ॥੯॥**

***ਪਦ ਅਰਥ :*** ਮਦ—ਸ਼ਰਾਬ। ਮੰਦੀ ਵਾਸੁ—ਖੋਟੀ ਵਾਸ਼ਨਾ। ਰੱਤੂ—ਲਹੂ। ਕੱਜਣ—ਢੱਕਣਾ। ਲਾਹੇ ਵਿਸਵਾਸੁ—ਸੰਸਾ ਦੂਰ ਕਰ ਦਿੱਤਾ। ਵਿਣਾਸੁ—ਫਿਟ ਜਾਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਕੀ ਤੁਸੀਂ ਅਕ੍ਰਿਤਘਣਾਂ ਦੇ ਸੰਬੰਧ ਵਿਚ ਕੋਈ ਹੋਰ ਭੀ ਘਿਰਣਾ-ਜੋਗ ਜਾਣਕਾਰੀ ਦਿਓਗੇ, ਜਿਸ ਕਰਕੇ ਸਾਨੂੰ ਹੋਰ ਭੀ ਸੋਝੀ ਮਿਲ ਸਕੇ ?

ਉ: ਹੇ ਭਾਈਓ! ਅਕ੍ਰਿਤਘਣਾਂ ਦੇ ਬਾਰੇ ਜੋ ਇਕ ਸੀਨੇ-ਬ-ਸੀਨੇ ਚਲੀ ਆ ਰਹੀ ਵਾਰਤਾ ਹੈ, ਉਸਨੂੰ ਮੈਂ ਇਸ ਪਉੜੀ ਵਿਚ ਉਲੀਕਿਆ ਹੈ, ਜਿਸ ਵਿਚ ਅਕ੍ਰਿਤਘਣਾਂ ਦੀ ਮੰਦ ਦ੍ਰਿਸ਼ਟੀ ਦਾ ਜ਼ਿਕਰ ਕੀਤਾ ਗਿਆ ਹੈ।

(੧) (ਜਿਵੇਂ ਕਿਸੇ ਚੂਹੜੀ ਨੇ) ਸ਼ਰਾਬ ਵਿਚ ਕੁੱਤੇ ਦਾ ਮਾਸ ਪਾ ਕੇ ਰਿੰਨ੍ਹਿਆਂ।
(੨) ਰਿੰਨ੍ਹੇ ਹੋਏ ਮਾਸ ਨੂੰ ਉਸਨੇ ਮਨੁੱਖ ਦੀ ਖੋਪਰੀ ਵਿਚ ਪਾ ਕੇ ਰੱਖਿਆ ਹੋਇਆ ਸੀ, ਇਸ ਕਰਕੇ ਉਸ ਵਿਚੋਂ ਭੈੜੀ ਵਾਸ਼ਨਾ ਆ ਰਹੀ ਸੀ।
(੩) ਲਹੂ ਦੇ ਭਰੇ ਕੱਪੜੇ ਨਾਲ ਉਸ ਨੂੰ ਢੱਕਿਆ ਹੋਇਆ ਸੀ।
(੪) ਇਸ ਤਰ੍ਹਾਂ ਉਸ ਮਾਸ ਨੂੰ ਢੱਕ ਕੇ ਚੂਹੜੀ ਭੋਗ-ਬਿਲਾਸ ਕਰਨ ਲਈ ਲੈ ਕੇ ਤੁਰੀ ਜਾਂਦੀ ਸੀ।
(੫) ਅਗੋਂ ਕਿਸੇ ਨੇ ਪੁੱਛਿਆ ਕਿ ਇਹ ਤੂੰ ਕਿਹੜੀ ਚੀਜ਼ ਢੱਕ ਕੇ ਲਈ ਜਾਂਦੀ ਹੈਂ ਤਾਂ ਚੂਹੜੀ ਨੇ (ਪੁੱਛਣ ਵਾਲੇ ਦਾ) ਸੰਸਾ ਦੂਰ ਕਰਨ ਲਈ ਸਭ ਕੁਝ ਦੱਸ ਦਿਤਾ ਕਿ :
(੬) ਮੈਂ ਜੋ ਕੁਝ ਲਈ ਜਾਂਦੀ ਹਾਂ, ਇਸਨੂੰ ਇਸ ਲਈ ਢੱਕਿਆ ਹੋਇਆ ਹੈ ਕਿ ਕਿਸੇ ਅਕ੍ਰਿਤਘਣ ਮਨੁੱਖ ਦੀ ਨਜ਼ਰ ਪੈ ਗਈ ਤਾਂ ਇਹ ਸਾਰਾ ਕੁਝ ਨਿਕੰਮਾ ਹੋ ਜਾਵੇਗਾ।੯।

***ਭਾਵਾਰਥ :*** ਇਹ ਲੋਕਾਂ ਦੀ ਰੀਤੀ ਹੈ ਕਿ ਨਵੇਂ ਮਹਲਾਂ ਪੁਰ ਕਾਲੀਆਂ ਟਿੰਡਾਂ ਟੰਗਦੇ ਅਰ ਪੁੱਤਾਂ ਦੇ ਮੂੰਹਾਂ ਪੁਰ ਕਾਲਖ ਲਾਉਂਦੇ ਹਨ ਕਿ ਨਜ਼ਰ ਟਪਾਰ ਨਾ ਹੋਵੇ। ਇਥੇ ਕੁੱਤੇ ਦਾ ਮਾਸ, ਮੁਰਦੇ ਦੀ ਖੋਪਰੀ, ਸ਼ਰਾਬ ਆਦਿਕ ਸਾਰੀਆਂ ਵਸਤਾਂ ਅਪਵਿੱਤ੍ਰ ਨਜ਼ਰ ਟਪਾਰ ਤੋਂ ਪਰ੍ਹੇ ਸਨ, ਫੇਰ ਭੀ ਅਕ੍ਰਿਤਘਣਾਂ ਦੀ ਅਜਿਹੀ ਖੋਟੀ ਨਜ਼ਰ ਹੈ ਕਿ ਉਹ ਅਪਵਿੱਤ੍ਰਾਂ ਨੂੰ ਭੀ ਹੋਰ ਅਪਵਿੱਤ੍ਰ ਕਰ ਸਕਦੇ ਹਨ।

## ੧੦. ਲੂਣ-ਹਰਾਮੀ

**੧. ਚੋਰੁ ਗਇਆ ਘਰਿ ਸ਼ਾਹ ਦੇ ਘਰ ਅੰਦਰਿ ਵੜਿਆ।**
**੨. ਕੁੱਛਾ ਕੂਣੈ ਭਾਲਦਾ ਚਉਬਾਰੇ ਚੜ੍ਹਿਆ।**
**੩. ਸੁਇਨਾ ਰੁੱਪਾ ਪੰਡ ਬੰਨ੍ਹ ਅਗਲਾਈ ਅੜਿਆ।**
**੪. ਲੋਭ ਲਹਿਰ ਹਲਕਾਇਆ ਲੂਣ ਹਾਂਡਾ ਫੜਿਆ।**
**੫. ਚੁੱਖਕੁ ਲੈ ਕੇ ਚੱਖਿਆ ਤਿਸੁ ਕੱਖ ਨ ਖੜਿਆ।**
**੬. ਲੂਣ ਹਰਾਮੀ ਗੁਨਹਗਾਰ ਧੜੁ ਧੰਮੜ ਧੜਿਆ ॥੧੦॥**

***ਪਦ ਅਰਥ :*** ਕੁਛਾ ਕੂਣੈ—ਸਾਰੇ ਪਾਸੇ। ਅਗਲਾਈ ਅੜਿਆ—ਬਹੁਤੇ ਵਿਖੇ ਫਸਿਆ। ਚੁੱਖਕੁ—ਜ਼ਰਾ ਜਿੰਨਾ। ਧੜੁ ਧੰਮੜ—ਧੜ ਧੜ ਕਰਕੇ ਢੋਲ ਵਾਂਗੂੰ ਕੁੱਟਿਆ ਜਾਂਦਾ ਹੈ।

***ਅਰਥ :***

ਪ੍ਰ: ਭਾਈ ਸਾਹਿਬ ਜੀਓ! ਜਿਵੇਂ ਆਪ ਜੀ ਨੇ ਅਕ੍ਰਿਤਘਣਾਂ ਬਾਰੇ ਜਾਣਕਾਰੀ ਦਿਤੀ ਹੈ, ਕੀ ਇਸੇ ਤਰ੍ਹਾਂ ਲੂਣ ਹਰਾਮੀਆਂ ਦੇ ਸੰਬੰਧ ਵਿਚ ਭੀ ਕੁਝ ਬੋਧ ਦਿਓਗੇ ?

ਉ: ਹੇ ਭਾਈਓ ! ਨਿਮਕ ਹਰਾਮੀਆਂ ਦੇ ਸੰਬੰਧ ਵਿਚ ਭੀ ਜੋ ਮੈਂ ਵਾਰਤਾ ਸੁਣੀ ਹੈ, ਉਸਨੂੰ ਭੀ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ।

(੧) (ਜਿਵੇਂ) ਇਕ ਚੋਰ ਚੋਰੀ ਕਰਨ ਵਾਸਤੇ ਇਕ ਸ਼ਾਹ ਦੇ ਘਰ ਅੰਦਰ ਜਾ ਵੜਿਆ।

(੨) ਸਾਰੇ ਪਾਸੇ ਫੋਲਾ-ਫਾਲੀ ਕਰਕੇ ਜਦੋਂ ਉਸਨੂੰ ਕੁੱਛ ਨਾ ਮਿਲਿਆ ਤਾਂ ਉਹ ਉਪਰ ਚੁਬਾਰੇ 'ਤੇ ਜਾ ਚੜ੍ਹਿਆ।

(੩) ਸੋਨੇ ਚਾਂਦੀ ਆਦਿ ਬਹੁ-ਮੁੱਲੇ ਪਦਾਰਥਾਂ ਦੀ ਪੰਡ ਬੰਨ੍ਹ ਲਈ, ਫਿਰ ਉਹ ਹੋਰ ਮਾਲ ਲੈਣ ਦੇ ਲੋਭ ਵਿਚ ਫਸ ਗਿਆ।

(੪) ਲੋਭ ਲਹਿਰ ਦਾ ਐਸਾ ਹਲਕ ਕੁੱਦਿਆ ਕਿ ਉਸ ਨੇ ਲੂਣ ਵਾਲੇ ਭਾਂਡੇ ਨੂੰ (ਖੰਡ ਦਾ ਜਾਣ ਕੇ) ਫੜ ਲੀਤਾ।

(੫) (ਉਸ ਭਾਂਡੇ ਵਿਚੋਂ ਖੰਡ ਦੇ ਭੁਲੇਖੇ ਉਸਨੇ) ਥੋੜ੍ਹਾ ਜਿਹਾ ਲੂਣ ਚੱਖਿਆ ਤਾਂ ਸਾਰਾ ਮਾਲ ਉਹ ਉਥੇ ਹੀ ਛੱਡ ਗਿਆ ਕੁਛ ਭੀ ਨਾਲ ਲੈ ਕੇ ਨਾ ਗਿਆ (ਉਸਦੇ ਦਿਲ ਵਿਚ ਇਹ ਵੀਚਾਰ ਆਈ ਕਿ ਮੈਂ ਸ਼ਾਹ ਦਾ ਲੂਣ ਖਾ ਲਿਆ ਹੈ, ਇਸ ਲਈ ਮੈਂ ਲੂਣ ਹਰਾਮੀ ਨਹੀਂ ਬਣਨਾ ਚਾਹੁੰਦਾ)।

(੬) (ਕਿਉਂਕਿ) ਲੂਣ-ਹਰਾਮੀ ਗੁਨਾਹਗਾਰ ਹੁੰਦਾ ਹੈ ਤੇ (ਪ੍ਰਭੂ ਦੀ ਦਰਗਾਹ ਵਿਚ) ਉਹ ਢੋਲ ਵਾਂਗੂੰ ਚੋਬਾਂ ਨਾਲ ਕੁੱਟਿਆ ਜਾਂਦਾ ਹੈ।੧੦।

***ਭਾਵਾਰਥ :*** ਰਤੀ ਜਿੰਨਾ ਲੂਣ ਹਰਾਮੀ ਹੋਣ ਦਾ ਇਤਨਾ ਡੰਡ ਹੈ, ਜੋ ਲੋਕ ਬਾਹਲਾ ਚਿਰ ਲੂਣ ਖਾ ਕੇ ਮਾਲਕਾਂ ਦਾ ਬੁਰਾ ਕਰਦੇ ਹਨ, ਉਨ੍ਹਾਂ ਦਾ ਕੀ ਹਾਲ ਹੋਵੇਗਾ ?

ਭਾਈ ਸਾਹਿਬ ਜੀ ਨੇ ਇਸ ਕਹਾਣੀ ਤੋਂ ਇਹ ਉਪਦੇਸ਼ ਦਿਤਾ ਹੈ ਕਿ ਲੂਣ ਹਰਾਮੀ ਨਾ ਹੋਵੋ, ਪਿਛੇ ਉਪਕਾਰ ਵਿਸਾਰਨ ਵਾਲੇ ਅਕ੍ਰਿਤਘਣਾਂ ਦਾ ਕਥਨ ਸੀ, ਏਥੇ ਲੂਣ ਖਾ ਕੇ ਬੁਰਾ ਕਰਨ ਵਾਲਿਆਂ ਦਾ ਹੈ। ਲੂਣ-ਹਰਾਮੀ ਤੋਂ ਭਾਵ ਉਪਕਾਰਿਤ ਹੋ ਕੇ ਵਿਸਾਹ-ਘਾਤ ਕਰਨਾ, ਜਿਵੇਂ ਨੌਕਰ ਆਦਿ ਹੋ ਕੇ ਦਗਾ ਕਰਨਾ ਹੈ।

## ੧੧. ਲੂਣ-ਹਰਾਮੀ ਵੱਡਾ ਗੁਨਾਹਗਾਰ ਹੈ

**੧. ਖਾਧੇ ਲੂਣ ਗੁਲਾਮ ਹੋਇ ਪੀਹ ਪਾਣੀ ਢੋਵੈ।**
**੨. ਲੂਣ ਖਾਇ ਕਰ ਚਾਕਰੀ ਰਣਿ ਟੁਕ ਟੁਕ ਹੋਵੈ।**
**੩. ਲੂਣ ਖਾਇ ਧੀ ਪੁੱਤੁ ਹੋਇ ਸਭ ਲੱਜਾ ਧੋਵੈ**
**੪. ਲੂਣ ਵਣੋਟਾ ਖਾਇਕੈ ਹੱਥ ਜੋੜਿ ਖੜੋਵੈ।**
**੫. ਵਾਟ ਵਟਾਊ ਲੂਣ ਖਾਇ ਗੁਣੁ ਕੰਠਿ ਪਰੋਵੈ।**
**੬. ਲੂਣ ਹਰਾਮੀ ਗੁਨਹਗਾਰ ਮਰਿ ਜਨਮੁ ਵਿਗੋਵੈ ॥੧੧॥**

***ਪਦ ਅਰਥ :*** ਟੂਕ ਟੂਕ—ਟੁਕੜੇ ਟੁਕੜੇ। ਲੱਜਾ ਧੋਵੈ—ਪਤ ਉੱਜਲ ਕਰਨੀ। ਵਣੋਟਾ—ਗੁਮਾਸ਼ਤਾ। ਵਾਟ ਵਟਾਊ—ਮੁਸਾਫ਼ਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜੋ ਲੂਣ-ਹਰਾਮੀ ਲੋਕ ਹਨ, ਉਨ੍ਹਾਂ ਨੂੰ ਤੁਸੀਂ ਕਿਸ ਗਿਣਤੀ ਵਿਚ ਸ਼ਾਮਲ ਕਰਦੇ ਹੋ?

ਉ: ਹੇ ਭਾਈਓ! ਸਿਆਣੇ ਲੋਕਾਂ ਨੇ ਉਨ੍ਹਾਂ ਲੂਣ-ਹਰਾਮੀਆਂ ਨੂੰ ਸਭ ਤੋਂ ਵੱਡੇ ਗੁਨਾਹਗਾਰ ਦਰਸਾਇਆ ਹੈ। ਜੋ ਸਦਾ ਹੀ ਜੰਮਣ ਮਰਨ ਵਿਚ ਖੁਆਰ ਹੁੰਦੇ ਹਨ, ਮੈਂ ਇਸ ਭਾਵ ਨੂੰ ਭੀ ਇਸ ਪਉੜੀ ਵਿਚ ਅੰਕਤ ਹੈ:

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਲੂਣ ਖਾਣ ਵਾਲਾ (ਨੌਕਰ) ਗੁਲਾਮਾਂ ਵਾਂਗੂੰ ਚੱਕੀ ਪੀਂਹਦਾ ਤੇ ਪਾਣੀ ਢੋਂਹਦਾ ਹੈ।

(੨) ਲੂਣ ਖਾਣ ਕਰਕੇ ਚਾਕਰ (ਨੌਕਰ) ਮਾਲਕ ਦੀ ਖ਼ਾਤਰ ਜੁੱਧ ਵਿਚ ਟੁਕੜੇ ਟੁਕੜੇ ਹੋ ਕੇ ਮਰਦਾ ਹੈ।

(੩) ਮਾਤਾ-ਪਿਤਾ ਦਾ ਲੂਣ ਖਾਣ ਕਰਕੇ ਪੁੱਤ੍ਰ ਧੀਆਂ ਕੁਟੰਬ ਦੀਆਂ ਲੱਜਾਂ ਧੋਂਦੇ ਹਨ (ਭਾਵ ਇੱਜ਼ਤ ਵਧਾਉਂਦੇ ਹਨ)।

(੪) ਸ਼ਾਹ ਦਾ ਗੁਮਾਸ਼ਤਾ ਸ਼ਾਹ ਦਾ ਲੂਣ ਖਾ ਕੇ ਉਸ ਅੱਗੇ ਹੱਥ ਜੋੜ ਕੇ ਖੜੋਂਦਾ ਹੈ।

(੫) ਰਾਹ ਜਾਂਦਾ ਮੁਸਾਫ਼ਰ ਜੇ ਕਿਸੇ ਦੇ ਘਰੋਂ ਲੂਣ ਖਾਵੇ ਤਾਂ ਉਹ ਕੰਠ ਵਿਖੇ ਗੁਣਾਂ ਦਾ ਹਾਰ ਪ੍ਰੋਂਦਾ ਹੈ (ਭਾਵ ਹਰ ਥਾਂ 'ਤੇ ਉਸਦੀ ਵਡਿਆਈ ਕਰਦਾ ਹੈ)।

(੬) (ਪਰ) ਲੂਣ ਖਾ ਕੇ ਜੋ ਹਰਾਮ ਕਰਦਾ ਹੈ, ਉਹ ਪਾਪੀ ਜਨਮ ਮਰਨ ਦੇ ਗੇੜ ਵਿਚ ਪੈ ਕੇ ਆਪਣਾ ਜਨਮ ਖ਼ਰਾਬ ਕਰ ਲੈਂਦਾ ਹੈ।੧੧।

***ਭਾਵਾਰਥ :*** ਅੰਤਲੀ ਤੁਕ ਦਾ ਭਾਵ ਇਉਂ ਭੀ ਸਮਝਿਆ ਜਾਂਦਾ ਹੈ ਕਿ ਜੋ ਅਕਾਲ ਪੁਰਖ ਦਾ ਲੂਣ ਖਾ ਕੇ ਹਰਾਮ ਕਰਦਾ ਹੈ, ਉਸ ਪ੍ਰਭੂ ਦੀ ਰਜ਼ਾ ਵਿਚ ਜੀਵਨ ਨਹੀਂ ਗੁਜ਼ਾਰਦਾ, ਉਹ ਮਰਨ ਜੰਮਣ ਦੇ ਦੁਖਾਂ ਵਿਚ ਹੀ ਆਪਣਾ ਜਨਮ ਨਸ਼ਟ ਕਰਦਾ ਹੈ।

## ੧੨. ਧਰਮਸਾਲ ਦੀ ਝਾਕ

**੧. ਜਿਉਂ ਮਰਿਜਾਦਾ ਹਿੰਦੂਆਂ**
**ਗਊ ਮਾਸ ਅਖਾਜੁ।**
**੨. ਮੁਸਲਮਾਣਾਂ ਸੂਅਰਹੁੰ**
**ਸਉਗੰਦ ਵਿਆਜੁ।**
**੩. ਸਹੁਰਾ ਘਰਿ ਜਾਵਾਈਐ**
**ਪਾਣੀ ਮਦਰਾਜੁ।**
**੪. ਸਿਹਾ ਨ ਖਾਹੀ ਚੂਹੜਾ**
**ਮਾਇਆ ਮੁਹਤਾਜੁ।**
**੫. ਜਿਉਂ ਮਿਠੇ ਮਖੀ ਮਰੈ**
**ਤਿਸੁ ਹੋਇ ਅਕਾਜੁ।**
**੬. ਤਿਉਂ ਧਰਮਸਾਲ ਦੀ ਝਾਕ ਹੈ**
**ਵਿਹੁ ਖੰਡੂ ਪਾਜੁ ॥੧੨॥**

***ਪਦ ਅਰਥ :*** ਅਖਾਜੁ—ਹਰਾਮ। ਸਉਗੰਦ—ਸੌਂਹ। ਮਦਰਾਜੁ—ਸ਼ਰਾਬ। ਝਾਕ—ਤੱਕ, ਹਿਰਸ। ਵਿਹੁ ਖੰਡੂ ਪਾਜੁ—ਖੰਡ ਨਾਲ ਗਲੇਫੀ ਹੋਈ ਜ਼ਹਿਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜੋ ਲੋਕ ਧਰਮਸਾਲਾ ਵਿਚ ਰਹਿੰਦੇ ਹਨ ਤੇ ਭਜਨ ਬੰਦਗੀ ਵੱਲੋਂ ਸੱਖਣੇ ਸਦਾ ਖਾਣ ਪੀਣ ਵਿਚ ਹੀ ਮਸਤ ਰਹਿੰਦੇ ਹਨ, ਕਿਉਂ ਜੀ! ਨਾਮ ਸਿਮਰਨ ਤੋਂ ਸੱਖਣੇ ਲੋਕਾਂ ਦੇ ਖਾਣ ਪੀਣ ਬਾਰੇ ਆਪ ਜੀ ਕੀ ਕਹਿਣਾ ਚਾਹੋਗੇ?

ਉ: ਹੇ ਭਾਈਓ! ਇਸ ਪੱਖ ਨੂੰ ਜਦੋਂ ਬਾਣੀ ਅਨੁਸਾਰ ਤੱਕਿਆ ਜਾਵੇ, ਤਾਂ ਹਰ ਪ੍ਰਾਣੀ ਨੂੰ ਉਸ ਪਰਮੇਸ਼ਰ ਵੱਲੋਂ ਮਿਲੀਆਂ ਹੋਈਆਂ ਦਾਤਾਂ ਦੇ ਖਾਧਿਆਂ ਪਹਿਣਦਿਆਂ ਸਦਾ ਹੀ ਉਸ ਪ੍ਰਭੂ ਦਾ ਸ਼ੁਕਰਾਨਾ ਕਰਦੇ ਰਹਿਣਾ ਚਾਹੀਦਾ ਹੈ, ਪਰ ਜੋ ਲੋਕ ਧਰਮਸਾਲਾ ਵਿਚ ਰਹਿੰਦੇ ਹਨ ਉਨ੍ਹਾਂ ਦਾ ਤਾਂ ਨਾਮ ਸਿਮਰਦੇ ਰਹਿਣਾ ਮੁਖ ਪ੍ਰਯੋਜਨ ਹੈ, ਪਰ ਜੋ ਨਾਮ ਸਿਮਰਨ ਤੋਂ ਸੱਖਣੇ ਲੋਕ ਹਨ, ਉਨ੍ਹਾਂ ਲਈ ਤਾਂ ਖ਼ਾਸ ਹਿਦਾਇਤ ਹੈ ਤੇ ਖ਼ਾਸ ਤਾੜਨਾ ਕੀਤੀ ਗਈ ਹੈ:

ਨਾਮ ਬਿਨਾ ਜੋ ਪਹਿਰੈ ਖਾਇ॥
ਜਿਉ ਕੂਕਰੁ ਜੂਠਨ ਮਹਿ ਪਾਇ॥੧॥

*(ਗਉੜੀ ਮਹਲਾ ੫, ਪੰਨਾ ੨੪੦)*

(੧) ਜਿਵੇਂ ਹਿੰਦੂਆਂ ਦੀ ਮਰਿਆਦਾ ਹੈ ਕਿ ਉਨ੍ਹਾਂ ਲਈ ਗਊ ਦਾ ਮਾਸ ਅਖਾਜ (ਹਰਾਮ) ਹੈ।
(੨) ਮੁਸਲਮਾਨਾਂ ਲਈ ਸੂਰ ਦੇ ਮਾਸ ਤੇ ਵਿਆਜ ਦੀ ਸੌਂਹ ਹੈ (ਮੁਸਲਮਾਨ ਸੂਰ ਦਾ ਮਾਸ ਤੇ ਵਿਆਜ ਖਾਣ ਨੂੰ ਹਰਾਮ ਸਮਝਦੇ ਹਨ)।
(੩) ਜਵਾਈ ਦੇ ਘਰ ਦਾ ਪਾਣੀ ਸਹੁਰੇ ਲਈ ਸ਼ਰਾਬ ਦੇ ਬਰਾਬਰ ਹੈ।
(੪) ਚੂਹੜਾ ਭਾਵੇਂ ਮਾਇਆ ਦਾ ਕਿਤਨਾ ਹੀ ਲੋੜਵੰਦ ਹੋਵੇ, ਉਹ ਸਹਿਆ ਨਹੀਂ ਖਾਂਦਾ।
(੫) ਜਿਵੇਂ ਸ਼ਹਿਦ ਉਤੇ ਮੱਖੀ ਮੋਹਤ ਹੁੰਦੀ ਹੈ ਤੇ ਉਸਦਾ ਨਾਸ ਹੋ ਜਾਂਦਾ ਹੈ।
(੬) (ਇਸੇ ਤਰ੍ਹਾਂ) ਸਿੱਖ ਲਈ ਧਰਮਸਾਲਾ ਦੀ ਝਾਕ ਰਖਣੀ ਖੰਡ ਵਿਚ ਗਲੇਫੀ ਜ਼ਹਿਰ ਵਾਂਗੂੰ ਖ਼ਤਰਨਾਕ ਹੈ (ਭਾਵ ਸਿੱਖ ਧਰਮਸਾਲਾ ਦੇ ਪਦਾਰਥਾਂ ਵੱਲ ਨ ਵੇਖੇ, ਸਗੋਂ ਧਰਮ ਦੀ ਕਿਰਤ ਕਰਕੇ ਵੰਡ ਕੇ ਛਕੇ)।੧੨।

***ਭਾਵਾਰਥ :*** ਧਰਮਸਾਲਾ ਹੱਟੀਆਂ ਨਹੀਂ ਹਨ, ਧਰਮ ਦੀਆਂ ਥਾਵਾਂ ਹਨ। ਜਿਥੇ ਭਜਨ ਸਿਮਰਨ ਹੋਣਾ ਯੋਗ ਹੈ ਅਰ ਧਰਮਸਾਲਾ ਦੇ ਪਦਾਰਥ ਭਜਨ ਕਰਨ ਵਾਲੇ ਗ਼ਰੀਬ, ਮੁਸਾਫ਼ਰ, ਲੋੜਵੰਦਾਂ ਦਾ ਨਿਰਬਾਹ-ਮਾਤ੍ਰ ਕਰਨ ਲਈ ਹਨ, ਇਹ ਪਦਾਰਥ ਗੁਲਛੱਰਲੇ ਉਡਾਉਣ ਵਾਸਤੇ ਨਹੀਂ।

## ੧੩. ਪੂਜਾ ਦੇ ਧਾਨ ਦੀ ਝਾਕ

**੧. ਖਰਾ ਦੁਹੇਲਾ ਜੱਗ ਵਿਚਿ**
**ਜਿਸੁ ਅੰਦਰਿ ਝਾਕ।**
**੨. ਸੋਨੇ ਨੋ ਹਥੁ ਪਾਇੰਦਾ**
**ਹੁਇ ਵੰਵੈ ਖਾਕ।**
**੩. ਇੱਠ ਮਿੱਤ ਪੁੱਤ ਭਾਇਰਾ**
**ਵਿਹਰਨਿ ਸਭ ਸਾਕ।**
**੪. ਸੋਗੁ ਵਿਜੋਗੁ ਸਰਾਪ ਹੈ**
**ਦੁਰਮਤਿ ਨਾਪਾਕ।**
**੫. ਵੱਤੈ ਮੁੱਤੜ ਰੰਨ ਜਿਉਂ**
**ਦਰਿ ਮਿਲੈ ਤਲਾਕ।**
**੬. ਦੁੱਖੁ ਭੁੱਖੁ ਦਾਲਿਦ ਘਣਾ**
**ਦੋਜ਼ਕ ਅਉਤਾਕ ॥੧੩॥**

***ਪਦ ਅਰਥ :*** ਝਾਕੁ—ਹਿਰਸ। ਇੱਠ—ਪਿਆਰੇ। ਵਿਹਰਨਿ—ਗੁੱਸੇ ਨਾਲ ਤੱਕਦੇ ਹਨ। ਮੁੱਤੜ—ਛੁੱਟੜ। ਤਲਾਕ—ਧਿਕਾਰ, ਧੱਕੇ ਜਾਣਾ। ਅਉਤਾਕ—ਘਰ, ਸਰਾਂ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਕਈ ਮਨੁੱਖ ਦਸਾਂ ਨੌਹਾਂ ਦੀ ਕਮਾਈ ਕਰਨੀ ਛੱਡ ਕੇ ਉਹ ਸਦਾ ਹੀ ਧਰਮਸਾਲਾ ਦੀ ਝਾਕ ਵਿਚ ਰਹਿੰਦੇ ਹਨ ਕਿ ਸਾਨੂੰ ਹਮੇਸ਼ਾਂ ਵੇਹਲੇ ਬੈਠਿਆਂ ਨੂੰ ਹੀ ਪਦਾਰਥ ਖਾਣ ਲਈ ਮਿਲਦੇ ਰਹਿਣ, ਕਿਉਂ ਜੀ ! ਦਸੋਗੇ ਕਿ ਉਨ੍ਹਾਂ ਦੀ ਆਖ਼ਰ ਦਸ਼ਾ ਕੀ ਹੁੰਦੀ ਹੈ ?

ਉ: ਹੇ ਭਾਈਓ ! ਇਸ ਬਾਰੇ ਵਿਚ ਜੋ ਬੁਧੀ-ਜੀਵੀਆਂ ਦੇ ਵੀਚਾਰ ਹਨ, ਉਨ੍ਹਾਂ ਨੂੰ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਵਿਚ ਅੰਕਤ ਕੀਤਾ ਹੈ :

(੧) (ਇਹ ਆਮ ਹੀ ਵੇਖਣ ਵਿਚ ਆਉਂਦਾ ਹੈ ਕਿ) ਜਿਸ ਮਨੁੱਖ ਵਿਚ ਆਪਣੀ ਕਮਾਈ ਛੱਡ ਕੇ ਧਰਮਸਾਲਾ ਦੇ ਪਦਾਰਥਾਂ ਦੀ ਝਾਕ ਹੈ, ਉਹ ਸੰਸਾਰ ਵਿਚ ਬਹੁਤ ਦੁਖੀ ਹੁੰਦਾ ਹੈ।
(੨) ਜੇਕਰ ਉਹ ਸੋਨੇ ਨੂੰ ਹੱਥ ਪਾਉਂਦਾ ਹੈ ਤਾਂ ਉਹ ਸੁਆਹ ਹੋ ਜਾਂਦਾ ਹੈ।
(੩) ਉਸਨੂੰ ਪਿਆਰੇ ਮਿੱਤਰ, ਪੁੱਤਰ ਤੇ ਭਰਾ ਆਦਿ ਸੰਬੰਧੀ ਬੜੇ ਗੁੱਸੇ ਨਾਲ ਵੇਖਦੇ ਹਨ ਤੇ ਉਸ ਨੂੰ ਛੱਡ ਦੇਂਦੇ ਹਨ।
(੪) ਉਸਨੂੰ ਸੋਗ ਵਿਜੋਗ ਦਾ ਸਰਾਪ ਲੱਗਾ ਰਹੇਗਾ ਤੇ ਉਹ ਖੋਟੀ ਮੱਤ ਕਰਕੇ ਸਦਾ ਅਪਵਿੱਤ੍ਰ ਹੀ ਰਹੇਗਾ।
(੫) ਉਹ ਛੁੱਟੜ ਇਸਤ੍ਰੀ ਵਾਂਗੂੰ ਪਿਆ ਫਿਰੇਗਾ ਤੇ ਉਸਨੂੰ (ਪ੍ਰਭੂ ਦੀ) ਦਰਗਾਹ ਵਿਚੋਂ (ਤਲਾਕ) ਧੱਕਾ ਮਿਲੇਗਾ।
(੬) (ਇਸ ਸੰਸਾਰ ਵਿਚ ਉਸਨੂੰ ਬਹੁਤ ਸਾਰਾ ਦੁਖ, ਭੁਖ ਤੇ ਦਲਿੱਦ੍ਰ ਮਿਲੇਗਾ ਤੇ ਅਗੇ ਨਰਕ ਰੂਪੀ ਸਰਾਂ ਵਿਚ ਵਾਸਾ ਮਿਲੇਗਾ।੧੩।

***ਭਾਵਾਰਥ :*** ਪਰਮੇਸ਼ਰ ਨੇ ਇਹ ਮਨੁੱਖਾ-ਜਨਮ ਦਿਤਾ ਸੀ ਕਿ ਧਰਮਸਾਲਾ ਵਿਖੇ ਭਜਨ ਬੰਦਗੀ, ਅਥਵਾ ਕਥਾ ਕੀਰਤਨ ਕਰਕੇ ਜਨਮ ਸਵਾਰੋ, ਉਲਟਾ ਪੂਜਾ ਦੀ ਝਾਕ ਵਿਚ ਹੀ ਹੀਰਾ ਜਨਮ ਗਵਾ ਲਿਆ।

## ੧੪. ਪੂਜਾ ਦਾ ਧਾਨ

**੧. ਵਿਗੜੇ ਚਾਟਾ ਦੁੱਧ ਦਾ**
**ਕਾਂਜੀ ਦੀ ਚੁੱਖੈ।**
**੨. ਸਹਸ੍ਰ ਮਣਾ ਰੂਈਂ ਜਲੈ**
**ਚਿਨਗਾਰੀ ਧੁੱਖੈ।**
**੩. ਬੂਰ ਵਿਣਾਹੇ ਪਾਣੀਐ**
**ਖਉ ਲਾਖਹੁ ਰੁੱਖੈ।**
**੪. ਜਿਉ ਉਦਮਾਦੀ ਅਤੀਸਾਰ**
**ਖਈ ਰੋਗ ਮਨੁੱਖੈ।**
**੫. ਜਿਉ ਜਾਲਿ ਪੰਖੇਰੂ ਫਾਸਦੇ**
**ਚੁੱਗਣ ਦੀ ਭੁੱਖੈ।**
**੬. ਤਿਉਂ ਅਜਰੁ ਝਾਕ ਭੰਡਾਰ ਦੀ**
**ਵਿਆਪੈ ਵੇਮੁੱਖੈ॥੧੪॥**

***ਪਦ ਅਰਥ :*** ਚਾਟਾ—ਮਟਕਾ। ਚੁੱਖੈ—ਇਕ ਬੂੰਦ। ਧੁੱਖੈ—ਧੁਖਣ ਨਾਲ। ਵਿਣਾਹੈ—ਨਾਸ ਕਰਦਾ ਹੈ। ਉਦਮਾਦੀ—ਸ਼ੁਦਾਈ। ਭੰਡਾਰ—ਧਰਮਸਾਲ ਦੇ ਮਾਲ੍ਹ ਪੂੜੇ ਭਜਨ ਬਿਨਾ। ਖਉ ਲਾਖਹੁ—ਲਾਖ ਨਾਲ ਨਾਸ ਹੋਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਤੁਸੀਂ ਕਈ ਵਾਰ ਵੀਚਾਰ ਦਿਆ ਕਰਦੇ ਹੋ ਕਿ ਪੂਜਾ ਦਾ ਧਾਨ ਮਨੁੱਖ ਨੂੰ ਨਾਸ ਕਰ ਦਿੰਦਾ ਹੈ, ਕੀ ਇਸ ਬਾਰੇ ਕੋਈ ਉਦਾਹਰਣ ਦਿਓਗੇ ਕਿ ਕਿਵੇਂ ਨਾਸ ਕਰਦਾ ਹੈ ?

ਉ: ਹੇ ਭਾਈਓ! ਇਸ ਪ੍ਰਸ਼ਨ ਦੇ ਉੱਤਰ ਵਿਚ ਮੈਂ ਤੁਹਾਨੂੰ ਇਸ ਪਉੜੀ ਦੀਆਂ ਪੰਗਤੀਆਂ ਵਿਚ ਉਹ ਉਦਾਹਰਣ ਦੇਂਦਾ ਹਾਂ, ਜੋ ਸਾਡੇ ਸਾਰਿਆਂ ਦੇ ਪ੍ਰਤੱਖ ਵੇਖਣ ਵਿਚ ਆਉਂਦੇ ਹਨ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਕਾਂਜੀ ਦੀ ਇਕ ਬੂੰਦ ਪੈਣ ਨਾਲ ਦੁੱਧ ਦਾ ਮਟਕਾ ਖ਼ਰਾਬ ਹੋ ਜਾਂਦਾ ਹੈ।

(੨) (ਅਤੇ) ਹਜ਼ਾਰਾਂ ਮਣ ਰੂੰ ਇਕ ਚਿੰਗਾੜੀ ਨਾਲ ਸੜ ਜਾਂਦੀ ਹੈ।

(੩) ਪਾਣੀ ਦੇ ਤਲਾ ਨੂੰ ਬੂਰ ਖ਼ਰਾਬ ਕਰ ਦੇਂਦਾ ਹੈ ਤੇ ਬ੍ਰਿਛ ਨੂੰ ਲਾਖ ਪੈ ਜਾਏ ਤਾਂ ਉਸਦਾ ਨਾਸ ਹੋ ਜਾਂਦਾ ਹੈ।

(੪) ਜਿਵੇਂ ਸ਼ੁਦਾਈ ਨੂੰ ਅਤੀਸਾਰ ਰੋਗ ਤੇ ਮਨੁੱਖ ਨੂੰ ਖਈ ਰੋਗ ਨਾਸ ਕਰ ਦੇਂਦਾ ਹੈ।

(੫) ਜਿਵੇਂ ਦਾਣਾ ਚੁਗਣ ਦੀ ਤ੍ਰਿਸ਼ਨਾ ਨਾਲ ਪੰਛੀ ਜਾਲ ਵਿਚ ਫਸ ਜਾਂਦੇ ਹਨ।

(੬) (ਇਸੇ ਤਰ੍ਹਾਂ) ਨਾ ਜਰੀ ਜਾਣ ਵਾਲੀ ਧਰਮਸਾਲਾ ਦੇ ਭੰਡਾਰੇ ਦੀ ਝਾਕ ਜਿਸ ਬੇਮੁਖ ਨੂੰ ਲੱਗ ਜਾਂਦੀ ਹੈ, ਉਸਦਾ ਨਾਸ ਕਰ ਦੇਂਦੀ ਹੈ।੧੪।

***ਭਾਵਾਰਥ :*** ਧਰਮਸਾਲਾ ਦੇ ਭੰਡਾਰਿਆਂ ਦੀ ਝਾਕ ਰਖਣ ਵਾਲੇ ਬੇਮੁਖ ਮਨੁੱਖ ਦੀ ਬੁਰੀ ਦਸ਼ਾ ਹੁੰਦੀ ਹੈ। ਭਜਨ ਕਰਨ ਵਾਲਿਆਂ ਲਈ ਧਰਮ ਸਾਲ ਦਾ ਭੰਡਾਰਾ ਨਿਰਬਾਹ ਤੋਰਨ ਲਈ ਹੈ ਨਿਰਬਾਹ ਮਾਤਰ ਧਾਨ ਛਕਣਾ ਭਜਨ ਦੀ ਅਗਨੀ ਵਿਚ ਦਗਧ ਹੋ ਜਾਂਦਾ ਹੈ, ਲਾਲਚ ਨਾਲ ਲੀਤਾ ਤੇ 'ਕੱਠਾ ਕੀਤਾ ਪੂਜਾ ਦਾ ਧਾਨ ਨਾਸ ਕਰਦਾ ਹੈ ਅਰ ਜੋ ਭਜਨ ਨਾ ਕਰੇ ਤੇ ਪੂਜਾ ਦੇ ਧਾਨ ਦਾ ਲਾਲਚ ਕਰੇ ਉਹ ਦੋਹਾਂ ਜਹਾਨਾਂ ਵਿਚ ਗਿਆ ਗੁਜ਼ਰਿਆ ਜਾਣੋ। ਇਸ ਲਈ ਗੁਰਮਤ ਦੀ ਮਰਿਆਦਾ ਅਨੁਸਾਰ ਧਰਮ ਦੀ ਕਮਾਈ ਕਰਕੇ ਹੀ ਗੁਜ਼ਰਾਨ ਕਰਨੀ ਚਾਹੀਦੀ ਹੈ।

## ੧੫. ਪੂਜਾ ਦੇ ਧਾਨ ਤੋਂ ਕਿਵੇਂ ਬਚੀਦਾ ਹੈ

**੧. ਅਉਚਰ ਝਾਕ ਭੰਡਾਰ ਦੀ**
**ਚੁਖੁ ਲੱਗੈ ਚੱਖੀ।**
**੨. ਹੋਇ ਦੁਕੁੱਧਾ ਨਿਕਲੈ**
**ਭੋਜਨ ਮਿਲਿ ਮੱਖੀ।**
**੩. ਰਾਤਿ ਸੁਖਾਲਾ ਕਿਉਂ ਸਵੈਂ**
**ਤਿਣੁ ਅੰਦਰਿ ਅੱਖੀ।**
**੪. ਕੱਖਾਂ ਦੱਬੀ ਅੱਗਿ ਜਿਉਂ**
**ਓਹੁ ਰਹੈ ਨ ਰੱਖੀ।**
**੫. ਝਾਕ ਝਕਾਈਐ ਝਾਕਵਾਲੁ**
**ਕਰਿ ਭੱਖ ਅਭੱਖੀ।**
**੬. ਗੁਰ ਪਰਸਾਦੀ ਉਬਰੈ ਗੁਰਸਿਖਾਂ ਲੱਖੀ॥੧੫॥**

***ਪਦ ਅਰਥ :*** ਅਉਚਰ—ਅਭੱਖ, ਅਖਾਜ। ਚੁਖੁ—ਚਾਹ। ਦੁਕੁੱਧਾ—ਉਲਟੀ। ਚੱਖੀ—ਚੱਖਣ ਦੀ। ਤਿਣੁ—ਕੱਖ। ਲੱਖੀ—ਜਾਣੀ ਹੈ। ਝਾਕ ਭੰਡਾਰ ਦੀ—ਭੰਡਾਰਿਆਂ ਦੀ ਤੱਕ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਇਸ ਧਰਮਸਾਲਾ ਦੀ ਝਾਕ ਬਾਰੇ ਆਪ ਜੀ ਦੀ ਦੂਰ-ਦਰਸ਼ੀ ਦੀ ਰੂਪ-ਰੇਖਾ ਕੀ ਹੈ, ਜਾਣਕਾਰੀ ਦਿਓ?

ਉ: ਹੇ ਭਾਈਓ! ਜਦੋਂ ਸਾਰਿਆਂ ਬੁਧੀ-ਜੀਵੀਆਂ ਦੇ ਵੀਚਾਰ ਸੁਣੋ ਤਾਂ ਸਾਰੇ ਹੀ ਇਹੋ ਖ਼ਿਆਲ ਪ੍ਰਗਟ ਕਰਦੇ ਹਨ, ਜਿਸਨੂੰ ਮੈਂ ਇਸ ਪਉੜੀ ਵਿਚ ਦਰਸਾਇਆ ਹੈ :

(੧) (ਕਿ ਹੇ ਭਾਈਓ!) ਧਰਮਸਾਲਾ ਦੇ ਭੰਡਾਰਿਆਂ ਦੀ ਝਾਕ (ਤੱਕ) ਚੰਗੀ ਨਹੀਂ (ਪਰ ਜਿਸਨੂੰ ਇਸਦੇ) ਚੱਖਣ ਦੀ ਚਾਹ ਲੱਗ ਜਾਂਦੀ ਹੈ।

(੨) ਉਸਨੂੰ ਉਲਟੀ ਹੋ ਕੇ ਨਿਕਲ ਜਾਂਦੀ ਹੈ, ਜਿਸ ਤਰ੍ਹਾਂ ਮੱਖੀ ਨਾਲ ਭੋਜਨ ਖਾਧਾ ਨਿਕਲ ਜਾਂਦਾ ਹੈ।

(੩) ਜਿਸ ਦੀ ਅੱਖ ਵਿਚ ਕੱਖ ਪੈ ਜਾਏ ਉਹ ਰਾਤ ਨੂੰ ਸੌਖਾ ਕਿਵੇਂ ਸੌਂ ਸਕਦਾ ਹੈ?

(੪) ਜਿਵੇਂ ਕੱਖਾਂ ਹੇਠਾਂ ਅੱਗ ਦਬਾ ਕੇ ਰੱਖੀਏ ਤਾਂ ਉਹ ਨਹੀਂ ਰਹਿੰਦੀ।

(੫) ਝਾਕ ਵਾਲਾ ਝਾਕ ਨੂੰ ਤਾੜਦਾ ਰਹਿੰਦਾ ਹੈ ਤੇ ਉਹ ਨਾ ਖਾਣ ਵਾਲੇ ਪਦਾਰਥਾਂ ਨੂੰ ਭੀ ਖਾ ਜਾਂਦਾ ਹੈ।

(੬) (ਕਿਉਂ ਜੀ! ਕੋਈ ਬਚਿਆ ਭੀ ਹੈ) ਜਿਨ੍ਹਾਂ ਗੁਰਸਿੱਖਾਂ ਨੇ ਇਹ ਗੱਲ ਜਾਣ ਲਈ ਹੈ, ਉਹ ਗੁਰੂ ਦੀ ਕ੍ਰਿਪਾ ਨਾਲ ਇਸ ਝਾਕ ਤੋਂ ਬਚ ਗਏ ਹਨ।੧੫।

***ਭਾਵਾਰਥ :*** ਬਚੇ ਉਹੋ ਸਿੱਖ ਹਨ ਜੋ ਧਰਮਸਾਲਾ ਅਤੇ ਗੁਰਦੁਆਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਟਹਿਲ ਸੇਵਾ ਕਰਦੇ ਹਨ ਅਤੇ ਆਏ ਗਏ ਨਾਲ ਵੰਡ ਕੇ ਛਕਦੇ ਹਨ, ਆਪ ਭਜਨ ਵਿਚ ਤਤਪਰ ਰਹਿੰਦੇ ਹਨ, ਉਹ ਗੁਰੂ ਜੀ ਦੀ ਕ੍ਰਿਪਾ ਨਾਲ ਬਚੇ ਰਹਿੰਦੇ ਹਨ। ਕਬੀਰ ਜੀ ਦਾ ਕਥਨ ਹੈ :

ਏਕੁ ਕਬੀਰਾ ਨਾ ਮੁਸੈ
ਜਿਨਿ ਕੀਨੀ ਬਾਰਹ ਬਾਟ॥੨੦॥

*(ਸਲੋਕ ਕਬੀਰ ਜੀ, ਪੰਨਾ ੧੩੬੫)*

ਕਬੀਰ ਜੀ ਪੂਜਾ ਦੇ ਧਾਨ ਦੇ ਬਾਰਾਂ ਹਿੱਸੇ ਕਰਕੇ ਵੰਡ ਦੇਂਦੇ ਸਨ, ਆਪ ਬਾਰ੍ਹਵੇਂ ਨੂੰ ਨਿਰਬਾਹ-ਮਾਤ੍ਰ ਵਰਤਦੇ ਸਨ, ਇਸ ਕਰਕੇ ਠੱਗੇ ਨਾ ਗਏ।

## ੧੬. ਧਰਮਸਾਲ ਦੇ ਝਾਕੀਆਂ ਦੇ ਲੱਛਣ

**੧. ਜਿਉਂ ਘੁਣੁ ਖਾਧੀ ਲੱਕੜੀ**
**ਵਿਣੁ ਤਾਣਿ ਨਿਤਾਣੀ।**
**੨. ਜਾਣੁ ਡਰਾਵਾ ਖੇਤ ਵਿਚ**
**ਨਿਰਜੀਉ ਪਰਾਣੀ।**
**੩. ਜਿਉਂ ਧੂਅਰੁ ਝੜੁਵਾਲ ਦੀ**
**ਕਿਉਂ ਵਰਸੈ ਪਾਣੀ।**
**੪. ਜਿਉਂ ਥਣ ਗਲ ਵਿਚ ਬੱਕਰੀ**
**ਦੁਹਿ ਦੁੱਧੁ ਨ ਆਣੀ।**
**੫. ਝਾਕੇ ਅੰਦਰਿ ਝਾਕਵਾਲੁ**
**ਤਿਸ ਕਿਆ ਨੀਸਾਣੀ।**
**੬. ਜਿਉਂ ਚੰਮੁ ਚੱਟੈ ਗਾਇ ਮਹਿੰ**
**ਉਹ ਭਰਮਿ ਭੁਲਾਣੀ॥੧੬॥**

***ਪਦ ਅਰਥ :*** ਤਾਣਿ—ਜ਼ੋਰ। ਨਿਰਜੀਉ—ਪ੍ਰਾਣ-ਰਹਿਤ। ਝੜੁਵਾਲ—ਬੱਦਲ। ਚੰਮੁ ਚੱਟੈ—ਚੰਮ ਦਾ ਚੱਟਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜੋ ਬੰਦਾ ਹਰ ਵਕਤ ਹੀ ਧਰਮ ਸਾਲ ਦੀ ਝਾਕ ਵਿਚ ਰਹਿੰਦਾ ਹੈ, ਉਸ ਦੇ ਤੁਸੀਂ ਲੱਛਣ ਕਿਵੇਂ ਅਨੁਭਵ ਕਰਦੇ ਹੋ, ਸਾਨੂੰ ਭੀ ਸਮਝਾ ਦਿਓ?

ਉ: ਹੇ ਭਾਈਓ! ਉਨ੍ਹਾਂ ਦੇ ਲੱਛਣਾਂ ਦੀ ਜੋ ਰੂਪ-ਰੇਖਾ ਮੈਨੂੰ ਦਿਸ ਆਈ ਹੈ, ਉਸਨੂੰ ਮੈਂ ਇਸ ਪਉੜੀ ਦੀਆਂ ਪੰਗਤੀਆਂ ਵਿਚ ਕੁਝ ਉਦਾਹਰਣਾਂ ਦੁਆਰੇ ਅੰਕਤ ਕੀਤਾ ਹੈ :

(੧) (ਅਸੀਂ ਵੇਖਦੇ ਹਾਂ ਕਿ) ਜਿਵੇਂ ਘੁਣ ਦੀ ਖਾਧੀ ਲੱਕੜ ਜ਼ੋਰ ਤੋਂ ਬਿਨਾਂ ਕਮਜ਼ੋਰ ਹੋ ਜਾਂਦੀ ਹੈ।

(੨) (ਅਤੇ) ਜਿਸ ਤਰ੍ਹਾਂ ਖੇਤਾਂ ਵਿਚ ਨਕਲੀ ਡਰਾਉਣਾ ਮਨੁੱਖ ਮੁਰਦਾ (ਪ੍ਰਾਣ-ਹੀਣ) ਹੁੰਦਾ ਹੈ।

(੩) ਜਿਵੇਂ ਧੂੰਏਂ ਤੋਂ ਬੱਦਲ ਵਾਂਗੂ ਬਰਖਾ ਨਹੀਂ ਹੁੰਦੀ।

(੪) ਜਿਸ ਤਰ੍ਹਾਂ ਬੱਕਰੀ ਦੇ ਗਲ ਵਾਲੇ ਥਣਾਂ ਤੋਂ ਚੋਇਆਂ ਦੁੱਧ ਨਹੀਂ ਨਿਕਲਦਾ।

(੫) (ਇਸੇ ਤਰ੍ਹਾਂ) ਧਰਮਸਾਲਾ ਦੀ ਝਾਕ ਰੱਖਣ ਵਾਲਾ ਮਨੁੱਖ ਨਿਸਫਲ ਹੁੰਦਾ ਹੈ।

(੬) (ਕਿਉਂ ਜੀ! ਉਸਦੀ ਨਿਸ਼ਾਨੀ ਕੀ ਹੈ? ਉਸਦੀ ਨਿਸ਼ਾਨੀ ਇਹੋ ਹੈ ਕਿ) ਜਿਵੇਂ ਗਊਆਂ ਮਹੀਆਂ ਤੂੜੀ ਦੇ ਭਰੇ ਹੋਏ ਚੰਮ ਨੂੰ ਭਰਮ ਵਿਚ ਭੁਲੀਆਂ ਹੋਈਆਂ ਚਟਦੀਆਂ ਹਨ, ਇਸੇ ਤਰ੍ਹਾਂ ਧਰਮਸਾਲਾ ਦੀ ਝਾਕ ਰਖਣ ਵਾਲਿਆਂ ਦੀ ਬੁੱਧੀ ਭਰਮ ਵਿਚ ਭੁਲੀ ਹੋਈ ਭੱਖ ਅਭੱਖ ਦੀ ਵੀਚਾਰ ਨਹੀਂ ਕਰਦੀ।੧੬।

***ਭਾਵਾਰਥ :*** ਜਿਵੇਂ ਤੂੜੀ ਦੇ ਭਰੇ ਹੋਏ ਨਕਲੀ ਵੱਛੇ ਅਤੇ ਕੱਟੇ ਦੇ ਚੰਮ ਨੂੰ ਆਪਣਾ ਪੁੱਤਰ ਜਾਣ ਕੇ ਚੱਟਦੀਆਂ ਹਨ, ਉਹ ਕੇਵਲ ਭਰਮ ਵਿਚ ਹੀ ਭੁੱਲੀਆਂ ਹੋਈਆਂ ਹਨ, ਉਨ੍ਹਾਂ ਵਾਂਗੂੰ ਧਰਮਸਾਲ ਦੀ ਝਾਕ ਵਾਲਾ ਵੀ ਭਰਮ ਵਿਚ ਭੁੱਲਾ ਹੋਇਆ ਸੱਚੇ ਅਨੰਦ ਨੂੰ ਛੱਡ ਕੇ ਝੂਠੇ ਲੋਭ ਵਿਚ ਫਸਿਆ ਹੋਇਆ ਹੈ, ਉਹ ਮੁਰਦਾ ਚੰਮ ਚੱਟ ਰਿਹਾ ਹੈ। ਸੋ ਮਾਲ੍ਹ ਪੂੜੇ ਦੇ ਪ੍ਰੇਮੀਆਂ ਤੇ ਧਰਮਸਾਲਾ ਨੂੰ ਆਪਣੀ ਜਾਇਦਾਦ ਬਣਾਉਣ ਵਾਲਿਆਂ ਨੂੰ ਭਾਈ ਸਾਹਿਬ ਜੀ ਦੇ ਕਥਨ ਤੋਂ ਕੁਝ ਪ੍ਰੇਰਨਾ ਲੈਣੀ ਚਾਹੀਦੀ ਹੈ।

## *੧੭. ਸਾਧ ਤੇ ਅਸਾਧ ਦੇ ਲੱਛਣ*

**੧. ਗੁੱਛਾ ਹੋਇ ਧ੍ਰਿਕੋਨਿਆ**
**ਕਿਉਂ ਵੁੜੀਐ ਦਾਖੈ।**
**੨. ਅੱਕੇ ਕੇਰੀ ਖੱਖੜੀ**
**ਕੋਈ ਅੰਬ ਨ ਆਖੈ।**
**੩. ਗਹਣੈ ਜਿਉਂ ਜਰਪੋਸ ਦੇ**
**ਨਹੀਂ ਸੋਇਨ ਸਾਖੈ।**
**੪. ਫਟਕ ਨ ਪੁੱਜਨਿ ਹੀਰਿਆਂ**
**ਓਇ ਭਰੇ ਬਿਆਖੈ।**
**੫. ਧਉਲੇ ਦਿੱਸਨ ਛਾਹਿ ਦੁੱਧ**
**ਸਾਦਹੁ ਗੁਣ ਗਾਖੈ।**
**੬. ਤਿਉਂ ਸਾਧ ਅਸਾਧ ਪਰੱਖੀਅਨਿ**
**ਕਰਤੂਤ ਸੁਭਾਖੈ ॥੧੭॥**

***ਪਦ ਅਰਥ :*** ਵੁੜੀਐ—ਕਹੀਦਾ ਹੈ। ਜਰਪੋਸ—ਮੁਲੰਮਾ। ਫਟਕ—ਬਿਲੌਰ। ਬਿਆਖੈ—ਬਹੁਤ ਮੁੱਲ ਦੇ। ਧਉਲੇ—ਚਿੱਟੇ। ਛਾਹਿ—ਲੱਸੀ। ਗਾਖੈ—ਜਾਣੇ ਜਾਂਦੇ ਹਨ। ਸੁਭਾਖੈ—ਬੋਲਣ ਕਰਕੇ।

***ਅਰਥ :***

**ਪ੍ਰ:** ਭਾਈ ਸਾਹਿਬ ਜੀਓ! ਬਾਹਰਲੇ ਲਿਬਾਸ ਵਿਚ ਤਾਂ ਸਾਰੇ ਸਾਧੂ ਸਮਾਨ ਹੀ ਨਜ਼ਰ ਆਉਂਦੇ ਹਨ, ਪਰ ਉਨ੍ਹਾਂ ਵਿਚੋਂ ਅਸਲੀ ਤੇ ਨਕਲੀ, ਭਾਵ ਸਾਧ ਤੇ ਅਸਾਧ ਦੀ ਕਿਵੇਂ ਪਰਖ ਹੋ ਸਕਦੀ ਹੈ, ਤੁਸੀਂ ਆਪਣੇ ਵੀਚਾਰ ਦਿਓ?

**ਉ:** ਹੇ ਭਾਈਓ! ਬੈਰੂਨੀ ਲਿਬਾਸ ਵਿਚ ਤਾਂ ਭਾਵੇਂ ਸਾਰੇ ਸਾਧੂ ਹੀ ਨਜ਼ਰ ਆਉਂਦੇ ਹਨ, ਪਰ ਅਸਲੀ ਤੇ ਨਕਲੀ ਦੀ ਪਛਾਣ ਤਾਂ ਉਨ੍ਹਾਂ ਦੀ ਅੰਤ੍ਰੀਵ ਰਹਿਤ ਤੋਂ ਹੀ ਜਾਣੀ ਜਾ ਸਕਦੀ ਹੈ, ਇਸ ਭਾਵ ਨੂੰ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਉੱਕਰਿਆ ਹੈ :

(੧) (ਜਿਵੇਂ ਅਸੀਂ ਪ੍ਰਤੱਖ ਵੇਖਦੇ ਹਾਂ ਕਿ) ਧ੍ਰਿਕੋਨਿਆਂ ਦੇ ਗੁੱਛੇ ਨੂੰ ਦਾਖਾਂ ਦਾ ਗੁੱਛਾ ਕਿਸ ਤਰ੍ਹਾਂ ਕਿਹਾ ਜਾਵੇ? (ਭਾਵ ਨਹੀਂ ਕਿਹਾ ਜਾਂਦਾ)।

(੨) ਅੱਕ ਦੀ ਖੱਖੜੀ ਨੂੰ ਕੋਈ ਵੀ ਅੰਬ ਨਹੀਂ ਆਖਦਾ।

(੩) ਜਿਸ ਤਰ੍ਹਾਂ ਮੁਲੰਮੇ ਦੇ ਗਹਿਣਿਆਂ ਦੀ ਕੋਈ ਸਾਖ ਨਹੀ ਭਰਦਾ ਕਿ ਇਹ ਸੋਨੇ ਦੇ ਗਹਿਣੇ ਹਨ।

(੪) ਬਿਲੌਰ ਹੀਰਿਆਂ ਦੇ ਤੁੱਲ ਨਹੀਂ ਪੁੱਜਦਾ, ਕਿਉਂਕਿ ਹੀਰੇ ਬੜੇ ਕੀਮਤੀ ਹੁੰਦੇ ਹਨ।

(੫) ਲੱਸੀ ਤੇ ਦੁੱਧ ਦੋਵੇਂ ਚਿੱਟੇ ਰੰਗ ਦੇ ਦਿੱਸਦੇ ਹਨ, ਪਰ ਗੁਣ ਤੇ ਸੁਆਦ ਤੋਂ ਉਨ੍ਹਾਂ ਦਾ ਨਿਰਣਾ ਹੋ ਜਾਂਦਾ ਹੈ।

(੬) (ਇਸੇ ਤਰ੍ਹਾਂ) ਸਾਧ ਤੇ ਅਸਾਧ ਕਰਮਾਂ ਤੇ ਬੋਲੀ ਤੋਂ ਪਰਖੇ ਜਾਂਦੇ ਹਨ।੧੭।

ਭਾਵ, ਸ਼ੁਭ ਕਰਮਾਂ ਤੇ ਮਿੱਠੇ ਬਚਨਾਂ ਵਾਲੇ ਮਨੁੱਖ ਨੂੰ ਸਾਧੂ ਕਿਹਾ ਜਾਂਦਾ ਹੈ। ਕੁਕਰਮੀ ਤੇ ਫਿੱਕਾ ਬੋਲਣ ਵਾਲੇ ਪੁਰਸ਼ ਨੂੰ ਅਸਾਧ ਆਖਿਆ ਜਾਂਦਾ ਹੈ।

## *੧੮. ਚਾਰ ਵਰਨਾਂ ਦੇ ਸਾਧ*

**੧. ਸਾਵੇ ਪੀਲੇ ਪਾਨ ਹਹਿਂ**
**ਓਇ ਵੇਲਹੁ ਤੁੱਟੈ।**
**੨. ਚਿੱਤ ਮਿਤਾਲੈ ਫੋਫਲੇ**
**ਫਲ ਬਿਰਖਹੁ ਛੁੱਟੈ।**

**੩. ਕੱਥ ਹੁਰੇਹੀ ਭੂਸਲੀ**
**ਦੇ ਚਾਵਲ ਚੁੱਟੈ।**
**੪. ਚੂਨਾਂ ਦਿਸੈ ਉਜਲਾ**
**ਦਹਿ ਪੱਥਰ ਕੁੱਟੈ।**
**੫. ਆਪੁ ਗਵਾਇ ਸਮਾਇ ਮਿਲ**
**ਰੰਗੁ ਚੀਚ ਵਹੁੱਟੈ।**
**੬. ਤਿਉ ਚਹੁ ਵਰਨਾ ਵਿਚ ਸਾਧ ਹਨਿ**
**ਗੁਰਮੁਖਿ ਮੁਹਿ ਜੁੱਟੈ॥੧੮॥**

***ਪਦ ਅਰਥ :*** ਚਿੱਤ ਮਿਤਾਲੈ—ਰੰਗ ਬਰੰਗੀ। ਫੋਫਲੇ—ਸੁਪਾਰੀਆਂ। ਚੁੱਟੈ—ਚੁਟਕੀ। ਦਹਿ—ਸਾੜ ਕੇ। ਚੀਚ ਵਹੁੱਟੈ—ਲਾਲ ਰੰਗ ਦਾ ਕੀੜਾ। ਮੁਹਿ ਜੁੱਟੈ—ਮਿਲਕੇ ਬੈਠਦੇ ਹਨ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਵੇਂ ਚਾਰੇ ਵਰਨਾਂ ਦੇ ਸਾਧੂ ਵੱਖੋ ਵੱਖ ਵੇਖਣ ਵਿਚ ਆਉਂਦੇ ਹਨ, ਪਰ ਕੀ ਇਨ੍ਹਾਂ ਵਿਚ ਭੀ ਕੋਈ ਅੰਤਰਾ ਹੋਇਆ ਕਰਦਾ ਹੈ, ਇਸ ਪੱਖ ਨੂੰ ਤੁਸੀਂ ਕਿਵੇਂ ਅਨੁਭਵ ਕਰਦੇ ਹੋ, ਜਾਣਕਾਰੀ ਦਿਓ?

ਉ: ਹੇ ਭਾਈਓ! ਚਾਰੇ ਵਰਨਾਂ ਦੇ ਵੱਖ ਵੱਖ ਸਾਧੂਆਂ ਦੇ ਸਰੀਰਕ ਪਹਿਰਾਵੇ ਤਾਂ ਭਿੰਨ ਭਿੰਨ ਵੇਖਣ ਵਿਚ ਆ ਸਕਦੇ ਹਨ, ਪਰ ਜਦੋਂ ਉਨ੍ਹਾਂ ਦੀ ਆਤਮਕ ਅਵਸਥਾ ਗਿਆਨ ਦੀਆਂ ਸਿਖ਼ਰਾਂ 'ਤੇ ਜਾ ਕੇ ਸਥਿਰ ਹੋ ਜਾਏ, ਫਿਰ ਉਨ੍ਹਾਂ ਵਿਚ ਕੋਈ ਭੀ ਅੰਤਰਾ ਨਹੀਂ ਰਹਿੰਦਾ, ਇਸ ਭਾਵ ਨੂੰ ਮੈਂ ਇਸ ਪਉੜੀ ਵਿਚ ਉਦਾਹਰਣਾਂ ਦੁਆਰੇ ਪ੍ਰਗਟਾਇਆ ਹੈ:

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਪਾਨਾਂ ਦੇ ਪੱਤਰ ਸਾਵੇ ਪੀਲੇ ਹੋ ਕੇ ਵੇਲ ਨਾਲੋਂ ਟੁੱਟਦੇ ਹਨ।
(੨) ਸੁਪਾਰੀਆਂ ਰੰਗ ਬਰੰਗੀਆਂ ਹੋ ਕੇ ਬ੍ਰਿਛ ਨਾਲੋਂ ਡਿੱਗਦੀਆਂ ਹਨ।
(੩) ਕੱਥ ਹਉਲੀ ਤੇ ਭੂਸਲੇ ਰੰਗ ਦੀ ਹੁੰਦੀ ਹੈ, ਜੋ ਚਾਵਲ ਜਿੰਨੀ ਚੁਟਕੀ ਨਾਲ ਪਾਈਦੀ ਹੈ।
(੪) ਚੂਨਾ ਚਿੱਟਾ ਦਿੱਸਦਾ ਹੈ, ਜੋ ਪੱਥਰ ਸਾੜ ਕੇ ਫਿਰ ਬਰੀਕ ਕਰਨ ਲਈ ਪੱਥਰ 'ਤੇ ਕੁੱਟਿਆ ਜਾਂਦਾ ਹੈ।
(੫) ਇਹ ਸਾਰੀਆਂ ਚੀਜ਼ਾਂ (ਪਾਨ, ਸੁਪਾਰੀਆਂ, ਕੱਥਾ, ਚੂਨਾ) ਜਦੋਂ ਆਪਣਾ ਆਪ ਗਵਾ ਕੇ ਆਪੋ ਵਿਚ ਮਿਲ ਕੇ ਇਕ ਹੁੰਦੀਆਂ ਹਨ, ਤਾਂ ਇਨ੍ਹਾਂ ਵਿਚੋਂ ਚੀਚ-ਵਹੁਟੀ ਵਰਗਾ ਲਾਲ ਰੰਗ ਨਿਕਲਦਾ ਹੈ।
(੬) ਇਸੇ ਤਰ੍ਹਾਂ ਜਦੋਂ ਚਾਰੇ ਵਰਨਾਂ ਵਿਚੋਂ ਸਜੇ ਗੁਰਮੁਖ ਪੁਰਸ਼ ਬੈਠਦੇ ਹਨ, ਤਾਂ ਉਹ ਸਾਧ (ਸਰੇਸ਼ਟ) ਹੋ ਜਾਂਦੇ ਹਨ।੧੮।

ਜਿਵੇਂ ਕਿ:

ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ॥
*(ਸਿਰੀ ਰਾਗੁ ਮਹਲਾ ੧, ਪੰਨਾ ੧੮)*

## *੧੯. ਪਰਖ ਸਮੇਂ ਸੱਚੇ ਸਿੱਖ ਦੀ ਪਛਾਣ ਹੁੰਦੀ ਹੈ*

**੧. ਚਾਕਰ ਸਭ ਸਦਾਇੰਦੇ**
**ਸਾਹਿਬ ਦਰਬਾਰੇ।**
**੨. ਨਿਵ ਨਿਵ ਕਰਨ ਜੁਹਾਰੀਆਂ**
**ਸਭਸੈ ਹਥੀਆਰੇ।**
**੩. ਮਜਲਸ ਬਹਿ ਬਾਫਾਇੰਦੇ**
**ਬੋਲ ਬੋਲਨਿ ਭਾਰੇ।**
**੪. ਗਲੀਏਂ ਤੁਰੇ ਨਚਾਇੰਦੇ**
**ਗਜਗਾਹ ਸਵਾਰੇ।**
**੫. ਰਣ ਵਿਚ ਪਇਆਂ ਜਾਣੀਅਨਿ**
**ਜੋਧ ਭੱਜਨਹਾਰੇ।**
**੬. ਤਿਉਂ ਸਾਂਗ ਸਿਞਾਪਨ ਸਨਮੁਖਾਂ**
**ਬੇਮੁਖ ਹਤਿਆਰੇ॥੧੯॥**

***ਪਦ ਅਰਥ :*** ਚਾਕਰ—ਨੌਕਰ। ਸਾਹਿਬ ਦਰਬਾਰੇ—ਪਾਤਿਸ਼ਾਹ ਦੇ ਦਰਬਾਰ। ਜੁਹਾਰੀਆਂ—ਬੰਦਗੀਆਂ। ਮਜਲਸ—ਸਭਾ। ਬਾਫਾਇੰਦੇ—ਦੰਮ ਮਾਰਨਾ। ਤੁਰੇ—ਘੋੜੇ ਗਜਗਾਹ—ਹਾਥੀ ਘੋੜਿਆਂ ਦਾ ਇਕ ਗਹਿਣਾ। ਭੱਜਨਹਾਰੇ—ਕਾਇਰ। ਸਾਂਗ—ਸਵਾਂਗ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਕਈ ਬੇਮੁਖ ਵੀ ਗੁਰਮੁਖਾਂ ਦਾ ਸਵਾਂਗ ਬਣਾ ਕੇ ਫਿਰਦੇ ਹਨ, ਉਨ੍ਹਾਂ ਦੀ ਪਰਖ ਕਿਵੇਂ ਹੋ ਸਕਦੀ ਹੈ?

ਉ: ਹੇ ਭਾਈਓ! ਬੇਮੁਖ ਲੋਕ ਵੇਖਣ ਨੂੰ ਤਾਂ ਭਾਵੇਂ ਸਮਾਨ ਹੀ ਲੱਗਦੇ ਹਨ, ਪਰ ਪਰਖ ਕਰਨ ਸਮੇਂ ਹੀ ਉਨ੍ਹਾਂ ਦਾ

ਪ੍ਰਗਟਾਵਾ ਹੁੰਦਾ ਹੈ, ਇਸ ਭਾਵ ਨੂੰ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਦੁਆਰੇ ਉਦਾਹਰਣਾਂ ਵਿਚ ਪ੍ਰਗਟ ਕੀਤਾ ਹੈ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਪਾਤਿਸ਼ਾਹ ਦੇ ਦਰਬਾਰ ਸਾਰੇ ਨੌਕਰ ਸਦਾਉਂਦੇ ਹਨ।

(੨) ਸਭ ਹਥਿਆਰਬੰਦ ਨੌਕਰ ਪਾਤਿਸ਼ਾਹ ਨੂੰ ਨਿਉਂ ਨਿਉਂ ਕੇ ਨਮਸਕਾਰਾਂ ਵੀ ਕਰਦੇ ਹਨ।

(੩) (ਉਹ) ਮਜਲਸਾਂ (ਸਭਾ) ਵਿਚ ਬੈਠ ਕੇ ਆਪਣਾ ਆਪ ਜਣਾਉਂਦੇ ਹਨ ਤੇ ਬੜੇ ਬੜੇ ਬੋਲ ਬੋਲਦੇ ਹਨ।

(੪) (ਉਹ) ਗਲੀਆਂ (ਬਜ਼ਾਰਾਂ) ਵਿਚ ਘੋੜੇ ਨਚਾਉਂਦੇ ਹਨ ਤੇ ਉਹ ਗਜਗਾਹਾਂ ਸਵਾਰਦੇ ਹਨ।

(੫) (ਪਰ) ਜਦੋਂ ਉਹ ਨੌਕਰ ਜੰਗ ਵਿਚ ਜਾਂਦੇ ਹਨ ਤਦੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਵਿਚੋਂ ਸੂਰਮਾ ਕੌਣ ਹੈ ਤੇ ਜੰਗ ਵਿਚੋਂ ਭੱਜਣ ਵਾਲਾ ਕਾਇਰ ਕੌਣ ਹੈ ?

(੬) (ਇਸੇ ਤਰ੍ਹਾਂ) ਜਿਹੜੇ ਬੇਮੁਖ ਤੇ ਹਤਿਆਰੇ ਸਨਮੁਖਾਂ (ਗੁਰਮੁਖਾਂ) ਦਾ ਸਵਾਂਗ ਬਣਾ ਕੇ ਫਿਰਦੇ ਹਨ, ਉਹ ਸਤਿਗੁਰਾਂ ਵੱਲੋਂ ਪ੍ਰੀਖਿਆ ਲੈਣ ਸਮੇਂ ਸਿਞਾਣੇ ਜਾਂਦੇ ਹਨ।੧੯।

ਭਾਵ ਹੈ ਕਿ ਮਨਮੁਖ ਬਿੱਲੀਆਂ ਵਾਂਙੂੰ ਸਮਾਧੀਆਂ ਲਾ ਅੱਖਾਂ ਬੰਦ ਕਰਕੇ ਬੈਠਦੇ ਹਨ, ਪਰ ਚੂਹਿਆਂ ਦਾ ਖੜਕਾਰ ਸੁਣਦੇ ਹੀ ਹੜਪ ਕਰ ਜਾਂਦੇ ਹਨ, ਜਦ ਪਰਤਾਵੇ ਦਾ ਕੋਈ ਵੇਲਾ ਆ ਪਵੇ ਸਨਮੁਖ ਤਾਂ ਸਾਹਮਣੇ ਨਿਤਰਦੇ ਹਨ ਤੇ ਪਰਤਾਵੇ ਤੋਂ ਪਾਰ ਹੋ ਜਾਂਦੇ ਹਨ, ਬੇਮੁਖ ਕਾਇਰ ਜਾਂ ਭਗੌੜੇ ਨੱਸਦੇ ਹਨ ਅਰ ਬੁਰੀ ਤਰ੍ਹਾਂ ਪਟਖਦੇ ਹਨ।

ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ
ਬਹਿ ਸਾਧ ਜਨਾ ਵੀਚਾਰਿਆ॥

*(ਗਉੜੀ ਵਾਰ, ਮ: ੪, ਪੰਨਾ ੩੧੫)*

ਜਦੋਂ ਸਤਿਗੁਰੂ ਜੀ ਸਿੱਖ ਦੀ ਪਰਖ ਕਰਦੇ ਹਨ ਤਾਂ ਪਤਾ ਲਗਦਾ ਹੈ ਕਿ ਪੂਰਨ ਸਿੱਖ ਕਿਹੜਾ ਹੈ ਤੇ ਭੇਖੀ ਸਿੱਖ ਕਿਹੜਾ ਹੈ ?

## ੨੦. ਜੇ ਗੁਰ ਸਾਂਗ ਵਰਤਦਾ

**੧. ਜੇ ਮਾਂ ਹੋਵੈ ਜਾਰਨੀ**
**ਕਿਉਂ ਪੁੱਤ ਪਤਾਰੇ।**
**੨. ਗਾਂਈਂ ਮਾਣਕ ਨਿਗਲਿਆ**
**ਪੇਟੁ ਪਾੜਿ ਨ ਮਾਰੇ।**
**੩. ਜੇ ਪਿਰੁ ਬਹੁ ਘਰੁ ਹੰਢਣਾ**
**ਸਤੁ ਰੱਖੇ ਨਾਰੇ।**
**੪. ਅਮਰੁ ਚਲਾਵੈ ਚੰਮੁ ਦੇ**
**ਚਾਕਰ ਵੇਚਾਰੇ।**
**੫. ਜੇ ਮਦੁ ਪੀਤਾ ਬਾਮਣੀ**
**ਲੋਇ ਲੁੱਝਣ ਸਾਰੇ।**
**੬. ਜੇ ਗੁਰ ਸਾਂਗਿ ਵਰਤਦਾ**
**ਸਿੱਖੁ ਸਿਦਕੁ ਨ ਹਾਰੇ ॥੨੦॥**

***ਪਦ ਅਰਥ :*** ਜਾਰਨੀ—ਵਿਭਚਾਰਨੀ। ਪਤਾਰੇ—ਨਿੰਦਾ। ਅਮਰੁ—ਹੁਕਮ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਸਿੱਖ ਆਪਣੇ ਗੁਰੂ 'ਤੇ ਭਰੋਸਾ ਕਿਵੇਂ ਕਾਇਮ ਰਖੇ ?

ਉ: ਹੇ ਭਾਈਓ ! ਇਸ ਸੰਬੰਧ ਵਿਚ ਭੀ ਮੈਂ ਇਸ ਪਉੜੀ ਵਿਚ ਉਦਾਹਰਣ ਦਿਤੇ ਹਨ ਕਿ ਸਿੱਖ ਨੂੰ ਆਪਣੇ ਗੁਰੂ 'ਤੇ ਸਦਾ ਹੀ ਭਰੋਸਾ ਕਾਇਮ ਰਖਣਾ ਚਾਹੀਦਾ ਹੈ।

(੧) ਜੇਕਰ ਮਾਂ ਵਿਭਚਾਰਨੀ ਹੋਵੇ ਤਾਂ ਪੁੱਤ੍ਰ ਉਸਦੀ ਨਿੰਦਾ ਕਿਵੇਂ ਕਰੇਗਾ ? (ਭਾਵ ਨਿੰਦਾ ਨਹੀਂ ਕਰਦਾ)।

(੨) (ਜੇਕਰ ਗਾਂ ਮਾਣਕ ਨਿਗਲ ਜਾਵੇ ਤਾਂ ਉਸ ਦਾ ਢਿੱਡ ਪਾੜ ਕੇ ਨਹੀਂ ਮਾਰੀਦਾ।

(੩) ਜੇਕਰ ਪਤੀ ਬਹੁਤੇ ਘਰਾਂ ਵਿਚ ਫਿਰਨ ਵਾਲਾ ਹੋਵੇ (ਭਾਵ ਵਿਭਚਾਰੀ ਹੋਵੇ)। ਤਦ ਉਸਦੀ ਪਤਨੀ ਆਪਣੇ ਸਤ ਧਰਮ ਨੂੰ ਕਾਇਮ ਰੱਖਦੀ ਹੈ, (ਉਹ ਵਿਭਚਾਰ ਨਹੀਂ ਕਰਦੀ)।

(੪) ਜੇਕਰ ਬਾਦਸ਼ਾਹ ਆਪਣੇ ਹੁਕਮ ਨਾਲ ਚੰਮ ਦੇ ਦੰਮ ਚਲਾਵੇ ਤਾਂ ਵਿਚਾਰੇ ਨੌਕਰਾਂ ਦਾ ਕੀ ਚਾਰਾ (ਉਹ ਬਾਦਸ਼ਾਹ ਦੇ ਹਰ ਹੁਕਮ ਨੂੰ ਮੰਨਦੇ ਹਨ)।

(੫) ਜੇ ਕੋਈ ਬ੍ਰਾਹਮਣੀ ਸ਼ਰਾਬ ਪੀ ਲਵੇ ਤਾਂ ਲੋਕ ਉਸਨੂੰ ਵੇਖ ਕੇ ਕ੍ਰਿਝਦੇ ਹਨ (ਪਰ ਉਸ ਬ੍ਰਾਹਮਣੀ ਨੂੰ ਮਾਰਦਾ ਕੋਈ ਨਹੀਂ)।

(੬) (ਸਿੱਖ ਦੀ ਪ੍ਰੀਖਿਆ ਲੈਣ ਲਈ) ਜੇ ਗੁਰੂ ਕੋਈ ਸਵਾਂਗ ਵਰਤਦਾ ਹੈ, ਤਾਂ ਸਿੱਖ ਆਪਣਾ ਭਰੋਸਾ ਨਹੀਂ ਹਾਰਦਾ।੨੦।

ਜਦੋਂ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ

ਗੁਰਦਾਸ ਜੀ ਦੀ ਇਹ ਪਉੜੀ ਸੁਣੀ ਤਾਂ ਸਤਿਗੁਰੂ ਜੀ ਨੇ ਜਾਣਿਆ ਕਿ ਭਾਈ ਸਾਹਿਬ ਨੂੰ ਕੁਝ ਹੰਕਾਰ ਹੋ ਗਿਆ ਹੈ। ਤਾਂ ਸਤਿਗੁਰੂ ਜੀ ਨੇ ਭਾਈ ਸਾਹਿਬ ਦਾ ਹੰਕਾਰ ਦੂਰ ਕਰਨ ਲਈ ਆਪ ਨੂੰ ਕਾਬਲ ਵਿਚ ਘੋੜੇ ਖ਼ਰੀਦਣ ਲਈ ਭੇਜਿਆ ਤਾਂ ਉਥੇ ਸਤਿਗੁਰੂ ਜੀ ਦਾ ਵਰਤਾਇਆ ਸਵਾਂਗ ਭਾਈ ਸਾਹਿਬ ਨਾ ਜਾਣ ਸਕੇ ਤੇ ਆਪਣਾ ਸਿਦਕ ਭਰੋਸਾ ਤਿਆਗ ਕੇ ਉਥੋਂ ਨੱਠ ਉੱਠੇ ਤੇ ਕਾਂਸ਼ੀ ਵਿਚ ਜਾ ਟਿਕੇ, ਕੁਝ ਸਮੇਂ ਪਿਛੋਂ ਭਾਈ ਸਾਹਿਬ ਨੂੰ ਆਪਣੀ ਭੁੱਲ ਦਾ ਗਿਆਨ ਹੋਇਆ ਤਾਂ ਆਪ ਨੇ ਸਤਿਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਅਗਲੀ ਪਉੜੀ ਰਚ ਕੇ ਸੁਣਾਈ ਤੇ ਆਪਣੀ ਭੁੱਲ ਦਾ ਪਸਚਾਤਾਪ ਕੀਤਾ।

## ੨੧. ਭਰੋਸੇ ਵਿਚ ਕਾਇਮ ਰਹਿਣ ਵਾਲੇ ਵਿਰਲੇ ਬੰਦੇ ਹਨ

**੧. ਧਰਤੀ ਉੱਪਰਿ ਕੋਟ ਗੜ੍ਹ**
**ਭੁਇ ਚਾਲ ਕਬੰਦੇ।**
**੨. ਝੱਖੜਿ ਆਏ ਤਰਵਰਾਂ**
**ਸਰਬੱਤ ਹਲੰਦੇ।**
**੩. ਡਵਿ ਲੱਗੈ ਓਜਾੜ ਵਿਚਿ**
**ਸਭ ਘਾਹ ਜਲੰਦੇ।**
**੪. ਹੜ੍ਹ ਆਏ ਕਿਨਿ ਥੰਮੀਅਨਿ**
**ਦਰੀਆਉ ਵਹੰਦੇ।**
**੫. ਅੰਬਰ ਪਾਟੇ ਥਿਗਲੀ**
**ਕੂੜਿਆਰ ਕਰੰਦੇ।**
**੬. ਸਾਂਗੈ ਅੰਦਰਿ ਸਾਬਤੇ ਸੇ ਵਿਰਲੇ ਬੰਦੇ ॥੨੧॥**

*ਪਦ ਅਰਥ :* ਕਬੰਦੇ—ਕੰਬਦੇ ਹਨ। ਤਰਵਰਾਂ—ਬ੍ਰਿਛ। ਡਵਿ—ਬਨ ਦੀ ਅੱਗ। ਅੰਬਰ—ਅਕਾਸ਼। ਥਿਗਲੀ—ਟਾਕੀ। ਬੰਦੇ—ਦਾਸ।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਜਦੋਂ ਕੁਝ ਇਕੱਤ੍ਰ ਹੋਏ ਸਿੱਖ ਪ੍ਰਸਪਰ ਵੀਚਾਰਾਂ ਕਰਦੇ ਹਨ ਤਾਂ ਉਨ੍ਹਾਂ ਵਿਚੋਂ ਉਹ ਗੁਰਸਿੱਖ ਭੀ ਹੋਇਆ ਕਰਦੇ ਹਨ, ਜੋ ਆਪਣੇ ਆਪ ਨੂੰ ਪੂਰਨ ਭਰੋਸੇ ਵਾਲੇ ਪ੍ਰਗਟ ਕਰਦੇ ਹਨ, ਕਿਉਂ ਭਾਈ ਸਾਹਿਬ ਜੀਉ! ਤੁਸੀਂ ਉਨ੍ਹਾਂ ਬਾਰੇ ਕੀ ਕਹਿਣਾ ਚਾਹੁੰਦੇ ਹੋ?

ਉ: ਹੇ ਭਾਈਓ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਕਿਸੇ ਗੱਲ ਨੂੰ ਕਹਿ ਲੈਣਾ ਤਾਂ ਬਹੁਤ ਸੁਖਾਲਾ ਹੈ, ਪਰ ਉਸ ਪਰ ਅਮਲ ਕਰਨਾ ਔਖਾ ਹੋਇਆ ਕਰਦਾ ਹੈ, ਇਸ ਭਾਵ ਨੂੰ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਉੱਕਰਿਆ ਹੈ, ਜਿਸ ਨੂੰ ਸਿੱਧ ਕਰਨ ਲਈ ਕੁਝ ਉਦਾਹਰਣ ਦਿਤੇ ਹਨ:

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਧਰਤੀ 'ਤੇ ਜੋ ਕਰੋੜਾਂ ਕਿਲ੍ਹੇ ਹਨ, ਉਹ ਭੁਚਾਲ ਦੇ ਆਇਆਂ ਕੰਬ ਉਠਦੇ ਹਨ।
(੨) ਝੱਖੜ (ਹਨੇਰੀ) ਦੇ ਵੱਗਣ ਨਾਲ ਸਭ ਬ੍ਰਿਛ ਹਿੱਲਣ ਲੱਗ ਪੈਂਦੇ ਹਨ।
(੩) ਜਦੋਂ ਜੰਗਲ ਵਿਚ ਅੱਗ ਲੱਗਦੀ ਹੈ, ਤਦੋਂ ਸਾਰੇ ਘਾਹ ਤੇ ਬੂਟੇ ਸੜ ਜਾਂਦੇ ਹਨ।
(੪) ਦਰਿਆ ਵਿਚ ਹੜ੍ਹ ਆਏ ਨੂੰ ਕੌਣ ਥੰਮ੍ਹ ਸਕਦਾ ਹੈ? ਭਾਵ ਕੋਈ ਭੀ ਨਹੀਂ ਰੋਕ ਸਕਦਾ।
(੫) ਜੇ ਅਕਾਸ਼ ਪਾਟ ਜਾਏ ਤਾਂ ਉਸਨੂੰ ਟਾਕੀ ਲਾਉਣੀ ਝੂਠੇ ਲੋਕਾਂ ਦਾ ਕੰਮ ਹੈ (ਭਾਵ ਇਹ ਕੰਮ ਕੋਈ ਨਹੀਂ ਕਰ ਸਕਦਾ)।
(੬) (ਭਾਵ ਹੈ ਕਿ) ਸਾਂਗ ਦੇ ਅੰਦਰ ਜੋ ਭਰੋਸਾ ਰੱਖਦੇ ਹਨ ਉਹ (ਪਰਮੇਸ਼ਰ ਦੇ) ਦਾਸ ਬਹੁਤ ਥੋੜ੍ਹੇ ਹਨ।੨੧।

ਭਾਈ ਸਾਹਿਬ ਜੀ ਨੇ ਜੋ ਪਿਛੇ ਬਚਨ ਕਿਹਾ ਸੀ ਕਿ (ਸਿੱਖ ਸਿਦਕ ਨਾ ਹਾਰੇ) ਉਸ ਤੋਂ ਹੁਣ ਇਕ ਕਦਮ ਪਿਛੇ ਹਟ ਕੇ ਉਸ ਉਕਾਈ ਦੀ ਸਮਝ ਦੇਂਦੇ ਹਨ ਕਿ ਸਾਂਗ ਵਿਚ ਸਿੱਖ ਸਿਦਕ ਨਾ ਹਾਰੇ, ਪਰ ਇਹ ਸੌਖੀ ਗੱਲ ਨਹੀਂ ਹੈ, ਇਹ ਬਹੁਤ ਕਠਿਨ ਹੈ ਅਰ ਵਿਰਲੇ ਹੀ ਬਚਦੇ ਹਨ। ਅਗੇ ਬਚਣ ਵਾਲੇ ਦੀ ਲਚਾਰੀ ਦੱਸ ਕੇ ਇਕ ਕਦਮ ਹੋਰ ਅਸਲੀ ਭੇਦ ਵੱਲ ਸਾਨੂੰ ਲਿਆਉਂਦੇ ਹਨ।

## ੨੨. ਗੁਰੂ ਦੇ ਵਰਤਾਏ ਸਾਂਗ ਅੱਗੇ ਸਿੱਖ ਬੇ-ਵੱਸ ਹੁੰਦਾ ਹੈ

**੧. ਜੇ ਮਾਉ ਪੁਤੈ ਵਿੱਸੁ ਦੇ**
**ਤਿਸਤੇ ਕਿਸੁ ਪਿਆਰਾ।**
**੨. ਜੇ ਘਰੁ ਭੰਨੈ ਪਾਹਰੂ**
**ਕਉਣ ਰੱਖਣਹਾਰਾ।**

੩. ਬੇੜਾ ਡੋਬੈ ਪਾਤਣੀ
ਕਿਉਂ ਪਾਰਿ ਉਤਾਰਾ।
੪. ਆਗੂ ਲੇ ਉੱਝੜਿ ਪਵੈ
ਕਿਸੁ ਕਰੈ ਪੁਕਾਰਾ।
੫. ਜੇਕਰ ਖੇਤੈ ਖਾਇ ਵਾੜਿ
ਕੋ ਲਹੈ ਨ ਸਾਰਾ।
੬. ਜੇ ਗੁਰ ਭਰਮਾਏ ਸਾਂਗੁ ਕਰਿ
ਕਿਆ ਸਿੱਖੁ ਵਿਚਾਰਾ ॥੨੨॥

***ਪਦ ਅਰਥ :*** ਪਾਹਰੂ—ਪਹਿਰੇਦਾਰ। ਪਾਤਣੀ—ਮਲਾਹ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਖ਼ਰ ਗੁਰੂ ਦੇ ਵਰਤਾਏ ਸਾਂਗ ਅੰਦਰ ਸਿੱਖ ਕਿਵੇਂ ਸਾਬਤ ਰਹਿ ਸਕਦਾ ਹੈ, ਇਸ ਬਾਰੇ ਕੁਝ ਆਪਣੇ ਵੀਚਾਰ ਦਿਓ?

ਉ: ਹੇ ਭਾਈਓ! ਜੇ ਕਦੀ ਭਰੋਸੇ ਦੀਆਂ ਨਜ਼ਰਾਂ ਨਾਲ ਤੱਕਿਆ ਜਾਵੇ ਤਾਂ ਇਉਂ ਹੀ ਸਾਬਤ ਹੋਵੇਗਾ ਕਿ ਗੁਰੂ ਦੇ ਵਰਤਾਏ ਸਾਂਗ ਵਿਚ ਸਿੱਖ ਬੇ-ਵੱਸ ਹੁੰਦਾ ਹੈ, ਸਿਖ ਦੀ ਸਾਂਗ ਵਿਚ ਸਾਬਤੀ ਤਦੋਂ ਹੀ ਰਹਿ ਸਕਦੀ ਹੈ ਜੇ ਗੁਰੂ ਦੀ ਕ੍ਰਿਪਾ ਹੋਵੇ, ਗੁਰੂ ਦੀ ਕ੍ਰਿਪਾ ਤੋਂ ਸੱਖਣੇ ਸਿਖ ਦੀ ਦਸ਼ਾ ਵੀ ਇਸੇ ਤਰ੍ਹਾਂ ਵੇਖਣ ਵਿਚ ਆਉਂਦੀ ਹੈ, ਜਿਸ ਨੂੰ ਮੈਂ ਇਸ ਪਉੜੀ ਵਿਚ ਕੁਝ ਉਦਾਹਰਣਾਂ ਦੁਆਰੇ ਪ੍ਰਗਟਾਇਆ ਹੈ :

(੧) (ਇਹ ਅਸੀਂ ਪ੍ਰਤੱਖ ਹੀ ਵੇਖਦੇ ਹਾਂ ਕਿ) ਜੇਕਰ ਮਾਂ ਹੀ ਆਪਣੇ ਪੁੱਤਰ ਨੂੰ ਜ਼ਹਿਰ ਦੇਵੇ ਤਾਂ ਉਸ ਤੋਂ ਪਿਆਰਾ ਹੋਰ ਕੌਣ ਹੈ, ਜੋ ਪੁੱਤਰ ਨੂੰ ਬਚਾਏਗਾ? (ਭਾਵ ਕੋਈ ਨਹੀਂ ਬਚਾ ਸਕਦਾ)।

(੨) ਜੇਕਰ ਪਹਿਰੇਦਾਰ ਹੀ ਘਰ ਨੂੰ ਭੰਨੇ (ਭਾਵ ਚੋਰੀ ਕਰੇ) ਤਾਂ ਘਰ ਦੀ ਰਾਖੀ ਕਰਨ ਵਾਲਾ ਹੋਰ ਕੌਣ ਹੈ (ਭਾਵ ਹੋਰ ਕੋਈ ਨਹੀਂ)।

(੩) ਜੇ ਮਲਾਹ ਹੀ ਬੇੜੀ ਨੂੰ ਡੋਬੇ ਤਾਂ ਉਸ ਬੇੜੀ ਦਾ ਕਿਵੇਂ ਪਾਰ ਉਤਾਰਾ ਹੋ ਸਕਦਾ ਹੈ? (ਭਾਵ ਨਹੀਂ, ਹੋ ਸਕਦਾ)।

(੪) ਜੇ ਆਗੂ ਹੀ ਆਪਣੇ ਸਾਥੀਆਂ ਨੂੰ ਕੁਰਾਹੇ ਲੈ ਤੁਰੇ ਤਾਂ ਸਾਥ ਕਿਸ ਅੱਗੇ ਪੁਕਾਰ ਕਰੇਗਾ।

(੫) ਜੇਕਰ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ ਤਾਂ ਫਿਰ ਕੋਈ ਸਾਰ ਨਹੀਂ ਲੈਂਦਾ।

(੬) ਜੇਕਰ ਗੁਰੂ ਹੀ ਕੋਈ ਸਵਾਂਗ ਵਰਤਾ ਕੇ ਸਿੱਖ ਨੂੰ ਭਰਮਾਵੇ ਤਾਂ ਸਿੱਖ ਵਿਚਾਰਾ ਕੀ ਕਰ ਸਕਦਾ ਹੈ?।੨੨।

***ਭਾਵਾਰਥ :*** ਇਸ ਪਉੜੀ ਵਿਚ ਸਿੱਖ ਨੂੰ ਸਮਝ ਆਈ ਕਿ ਹਉਮੈਂ ਦੇ ਤਾਣ ਮੇਰਾ ਸਿਦਕ ਨਹੀਂ ਰਹਿ ਸਕਦਾ, ਕਿਉਂਕਿ ਜੇ ਗੁਰੂ ਦੀ ਮਰਜ਼ੀ ਹੈ ਕਿ ਮੈਂ ਭਰਮ ਜਾਵਾਂ ਤਦ ਮੇਰੀ ਨਿੱਕੀ ਮਰਜ਼ੀ, ਜਿਸ ਦਾ ਆਸਰਾ 'ਹਉਮੈਂ ਹੈ, ਉਸ ਵੱਡੀ ਮਰਜ਼ੀ ਦੇ ਸਾਹਮਣੇ, ਜਿਸਦਾ ਆਸਰਾ ਆਤਮਾ ਹੈ, ਕੀ ਕਰ ਸਕਦੀ ਹੈ? ਤਾਂ ਤੇ ਮੈਂ ਨਿਰਬਲ ਹਾਂ। ਹੁਣ ਟਪਲਾ ਇਹ ਲੱਗਦਾ ਹੈ ਕਿ ਕਿਆ ਸਿੱਖ ਆਸਾ ਦਾ ਲੱਕ ਤੋੜ ਕੇ ਭਰਮ ਜਾਵੇ। ਨਹੀਂ ਦ੍ਰਿਸ਼ਟਾਂਤ ਵਿਚ ਧੁਨੀ ਮੌਜੂਦ ਹੈ ਕਿ ਮਾਂ ਕਦੀ ਪੁੱਤ ਨੂੰ ਜ਼ਹਿਰ ਦੇ ਨਹੀਂ ਸਕਦੀ, ਪਹਿਰੂਆ ਕਦੀ ਘਰ ਭੰਨ ਨਹੀਂ ਸਕਦਾ, ਪਾਤਣੀ ਬੇੜੀ ਡੋਬ ਨਹੀਂ ਸਕਦਾ, ਆਗੂ ਔਜੜ ਪਾ ਨਹੀਂ ਸਕਦਾ, ਵਾੜ ਖੇਤੀ ਨੂੰ ਨਹੀਂ ਖਾ ਸਕਦੀ, ਤਿਵੇਂ ਗੁਰੂ ਕਦੇ ਸਿੱਖ ਨੂੰ ਭਰਮ ਵਿਚ ਪਾ ਕੇ ਡੋਬ ਨਹੀਂ ਸਕਦਾ। ਜੋ ਗੁਰੂ ਹੈ ਅਰਥਾਤ ਸੱਚਾ ਗੁਰੂ ਹੈ, ਉਸਦੀ ਨੀਯਤ ਸਿੱਖ ਨੂੰ ਭਰਮਾਉਣ ਦੀ ਕਦੇ ਨਹੀਂ ਹੋਵੇਗੀ, ਜੇ ਪਰਤਾਵੇ ਵਿਚ ਪਾਵੇਗਾ ਤਾਂ ਸਿੱਖ ਦਾ ਕੁਝ ਹੋਰ ਭਲਾ ਕਰਨਾ ਹੋਵੇਗਾ। ਤਾਂ ਤੇ ਸਿੱਖ ਨਿਰਾਸ ਨਾ ਹੋਵੇ ਕਿ ਹੁਣ ਤਾਂ ਗੁਰੂ ਹੀ ਮਾਰਨ ਲੱਗਾ ਹੈ ਤਾਂ ਕਿਥੇ ਢੋਈ? ਉਹ ਗੁਰੂ ਅੱਗੇ ਹੀ ਦੁਹਾਈ ਦੇਵੇ ਕਿ ਹੇ ਗੁਰੂ! ਮੈਂ ਅਨਾਥ ਹਾਂ ਰੱਖ ਲਵੋ। ਜਿਸ ਤਰ੍ਹਾਂ ਮਾਂ ਮਾਰੇ ਤਾਂ ਪੁੱਤ ਮਾਂ ਦੇ ਮੋਢੇ ਹੀ ਚੰਬੜਦਾ ਤੇ ਮਾਂ ਅੱਗੇ ਹੀ ਫਰਿਆਦ ਕਰਦਾ ਹੈ, ਤਿਵੇਂ ਸਿੱਖ ਹਉਮੈ ਦੀ ਟੇਕ ਛੱਡ ਗੁਰੂ ਅੱਗੇ ਹੀ ਅਰਦਾਸਾਂ ਕਰੇ।

## ੨੩. ਗੁਰੂ ਕਿਰਪਾ ਨਾਲ ਹੀ ਸਿੱਖ ਦਾ ਡੋਲਣ ਤੋਂ ਬਚਾਅ ਹੁੰਦਾ ਹੈ

੧. ਜਲ ਵਿਚਿ ਕਾਗਦ ਲੂਣ ਜਿਉਂ
ਘਿਅ ਚੋਪੜਿ ਪਾਏ।
੨. ਦੀਵੇ ਵੱਟੀ ਤੇਲੁ ਦੇ
ਸਭ ਰਾਤਿ ਜਲਾਏ।
੩. ਵਾਇ ਮੰਡਲ ਜਿਉਂ ਡੋਰ ਫੜ
ਗੁੱਡੀ ਓਡਾਏ।
੪. ਮੁਹ ਵਿਚ ਗਰੁੜ ਦੁਗਾਰੁ ਪਾਇ
ਜਿਉਂ ਸੱਪ ਲੜਾਏ।

**੫. ਰਾਜਾ ਫਿਰੈ ਫਕੀਰੁ ਹੋਇ**
**ਸੁਣਿ ਦੁੱਖਿ ਮਿਟਾਏ।**
**੬. ਸਾਂਗੈ ਅੰਦਰਿ ਸਾਬਤਾ**
**ਜਿਸੁ ਗੁਰੂ ਰਹਾਏ ॥੨੩॥੩੫॥**

***ਪਦ ਅਰਥ :*** ਵਾਇ ਮੰਡਲ—ਅਕਾਸ਼।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਆਖ਼ਰ ਸਤਿਗੁਰੂ ਦੀ ਪ੍ਰੀਖਿਆ ਵਿਚ ਕੌਣ ਪੂਰਾ ਉਤਰ ਸਕਦਾ ਹੈ ?

**ਉ:** ਹੇ ਭਾਈਓ ! ਗੁਰੂ ਦੀ ਕ੍ਰਿਪਾ ਨਾਲ ਹੀ ਸਿੱਖ ਦਾ ਬਚਾਉ ਹੁੰਦਾ ਹੈ, ਉਹ ਬਚਾਉ ਕਿਸ ਤਰ੍ਹਾਂ ਹੁੰਦਾ ਹੈ, ਉਸਨੂੰ ਮੈਂ ਇਸ ਪਉੜੀ ਵਿਚ ਕੁਝ ਕੁ ਉਦਾਹਰਣਾਂ ਰਾਹੀਂ ਪ੍ਰਗਟਾਇਆ ਹੈ :

(੧) ਜਿਵੇਂ ਕਾਗਜ਼ ਤੇ ਲੂਣ ਨੂੰ ਘਿਉ ਨਾਲ ਚੋਪੜ ਕੇ ਪਾਣੀ ਵਿਚ ਰਖੀਏ ਤਾਂ ਉਹ ਘੱਟ ਗਲਦੇ ਹਨ।
(੨) ਦੀਵੇ ਦੀ ਵੱਟੀ ਤੇਲ ਦੇ ਆਸਰੇ ਸਾਰੀ ਰਾਤ ਬਲਦੀ ਰਹਿੰਦੀ ਹੈ।
(੩) ਡੋਰ ਦੇ ਆਸਰੇ ਅਕਾਸ਼ ਵਿਚ ਗੁੱਡੀ ਉਡਾਈ ਜਾਂਦੀ ਹੈ।
(੪) ਜਿਵੇਂ ਮੂੰਹ ਵਿਚ ਗਾਰੜੂ ਬੂਟੀ ਰਖ ਕੇ ਸਰੀਰ ਨੂੰ ਸੱਪ ਲੜਾਇਆ ਜਾਏ ਤਾਂ ਸੱਪ ਦਾ ਜ਼ਹਿਰ ਨਹੀਂ ਚੜ੍ਹਦਾ।
(੫) ਰਾਜਾ ਫ਼ਕੀਰ ਹੋ ਕੇ ਫਿਰਦਾ ਹੈ ਤਾਂ ਪਰਜਾ ਦੇ ਦੁਖ ਵੇਖ ਕੇ ਉਸਨੂੰ ਦੂਰ ਕਰਦਾ ਹੈ।
(੬) (ਇਸੇ ਤਰ੍ਹਾਂ) ਜਿਸ ਸਿੱਖ 'ਤੇ ਸਤਿਗੁਰੂ ਜੀ ਆਪਣੀ ਕ੍ਰਿਪਾ ਕਰਨ ਉਹ ਸਤਿਗੁਰੂ ਜੀ ਦੀ ਪ੍ਰੀਖਿਆ ਵਿਚ ਪੂਰਾ ਉਤਰਦਾ ਹੈ (ਡੋਲਦਾ ਨਹੀਂ)।੨੩।੩੫।

ਭਾਈ ਸਾਹਿਬ ਜੀ ਦੀ ਉਪ੍ਰੋਕਤ ਪਉੜੀ ਵਿਚ ਵਰਣਨ ਕੀਤੀ ਨਿੰਮ੍ਰਤਾ ਤੇ ਸਿਦਕ ਨੂੰ ਵੇਖ ਕੇ ਸਤਿਗੁਰੂ ਜੀ ਨੇ ਆਪ ਨੂੰ ਗਲ ਨਾਲ ਲਾ ਲਿਆ ਤੇ ਬਚਨ ਕੀਤਾ ਕਿ ਭਾਈ ਸਾਹਿਬ ਆਪ ਦੀ ਬਾਣੀ ਸਿੱਖ ਦਾ ਹੰਕਾਰ ਨਾਸ ਕਰਨ ਵਾਲੀ ਹੈ।

ਹੁਣ ਧੁਨੀ ਇਹ ਨਿਕਲੀ ਕਿ ਸਾਂਗ ਵੇਲੇ ਆਪਣੇ ਸਿਦਕ ਦਾ ਆਸਰਾ ਹਉਮੈ ਨੂੰ ਨਾ ਬਣਾਵੇ ਕਿ ਮੈਂ ਨਹੀਂ ਡੋਲਾਂਗਾ, ਸਗੋਂ ਗੁਰੂ ਨੂੰ ਹੀ ਆਸਰਾ ਬਣਾਵੇ ਕਿ ਹੇ ਗੁਰੂ ! ਤੁਸੀਂ ਆਪ ਹੀ ਰਖਿਆ ਕਰੋ, ਗੁਰੂ ਜੀ ਸਦਾ ਹੀ ਸਿੱਖ ਦੀ ਰਾਖੀ ਕਰਦੇ ਹਨ, ਸਿੱਖ ਹੰਕਾਰ ਨਾ ਕਰੇ, ਉਹ ਨਿਮਾਣਾ ਨਿਤਾਣਾ ਹੋ ਕੇ ਗੁਰੂ ਚਰਨਾਂ ਪਰ ਹੀ ਢਵੇ, ਤਦ ਸਿੱਖ ਨੂੰ ਤੱਤੀ ਵਾਉ ਨਹੀਂ ਲਗਦੀ।

(ਪੈਂਤੀਵੀਂ ਵਾਰ ਸਮਾਪਤ)

# ਵਾਰ ੩੬

ੴ ਸਤਿਗੁਰ ਪ੍ਰਸਾਦਿ ॥

## ੧. *ਮੀਣੇ ਦਾ ਮੂੰਹ ਕਾਲਾ*

**੧. ਤੀਰਥ ਮੰਝਿ ਨਿਵਾਸ ਹੈ**
**ਬਗੁਲਾ ਅਪਤੀਣਾ।**
**੨. ਲਵੈ ਬਬੀਹਾ ਵਰਸਦੈ**
**ਜਲ ਜਾਇ ਨ ਪੀਣਾ।**
**੩. ਵਾਂਸ ਸੁਗੰਧਿ ਨ ਹੋਵਈ**
**ਪਰਮਲ ਸੰਗਿ ਲੀਣਾ।**
**੪. ਘੁੱਘੂ ਸੁੱਝੁ ਨ ਸੁੱਝਈ**
**ਕਰਮਾਂ ਦਾ ਹੀਣਾ।**
**੫. ਨਾਭਿ ਕਥੂਰੀ ਮਿਰਗ ਦੇ**
**ਵੱਤੈ ਓਡੀਣਾ।**
**੬. ਸਤਿਗੁਰੁ ਸੱਚਾ ਪਾਤਿਸਾਹੁ ਮੁਹੁ ਕਾਲੇ ਮੀਣਾ॥੧॥**

***ਪਦ ਅਰਥ :*** ਅਪਤੀਣਾ—ਬੇ-ਪ੍ਰਤੀਤਾ। ਲਵੈ—ਬੋਲਦਾ। ਪਰਮਲ—ਚੰਦਨ। ਘੁੱਘੂ—ਉੱਲੂ। ਸੁੱਝ—ਸੂਰਜ। ਓਡੀਣਾ—ਉਦਾਸੀਨ। ਮੀਣਾ—ਦੱਖਣੀ ਪੰਜਾਬ ਦੇ ਜ਼ਿਲ੍ਹਿਆਂ ਵਿਚ ਇਕ ਜਰਾਇਮ ਪੇਸ਼ਾ ਕੌਮ ਹੈ, ਜਿਸ ਦਾ ਨਾਮ ਮੀਣਾ ਹੈ, ਇਹ ਲੋਕ ਅਜਬ ਹੀਲਿਆਂ ਨਾਲ ਮੁਸਾਫ਼ਰਾਂ, ਸੰਗਾਂ ਤੇ ਕਾਫ਼ਲਿਆਂ ਨੂੰ ਲੁੱਟਦੇ ਹੁੰਦੇ ਸਨ। ਇਥੋਂ ਬੁਰੇ ਆਦਮੀ ਨੂੰ ਮੀਣਾ ਕਹਿੰਦੇ ਹਨ, ਆਮ ਅਰਥ ਮੀਸਣਾ ਹੈ। ਕਪਟੀ, ਛਲੀਆ ਜੋ ਉਤੋਂ ਹੋਰ ਹੋਵੇ ਤੇ ਅੰਦਰੋਂ ਹੋਰ ਹੋਵੇ, ਇਸ ਸਾਰੀ ਵਾਰ ਵਿਚ ਕਪਟੀ ਨਾ ਹੋਣ ਦਾ ਉਪਦੇਸ਼ ਹੈ। ਜਿਵੇਂ :

ਮਨ ਮੇਰੇ ਭੂਲੇ ਕਪਟੁ ਨ ਕੀਜੈ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥੧॥

*(ਸੋਰਠਿ ਕਬੀਰ ਜੀ, ਪੰਨਾ ੬੫੬)*

ਕਈ ਬੁਧੀ-ਜੀਵੀਆਂ ਦਾ ਵੀਚਾਰ ਹੈ ਕਿ ਪ੍ਰਿਥੀ ਚੰਦ ਨੂੰ ਗੁਰੂ ਰਾਮਦਾਸ ਜੀ ਨੇ ਕਪਟ ਕਰਨੇ ਪਰ 'ਮੀਣਾ' ਕਿਹਾ ਸੀ, ਅਰ ਸੱਚ ਪਿੱਛੇ ਕਪਟੀ ਪੁੱਤ ਦਾ ਭੀ ਲਿਹਾਜ਼ ਨਹੀਂ ਕੀਤਾ ਸੀ, ਇਸ ਲਈ ਉਸਨੂੰ ਮੀਣਾ ਕਿਹਾ ਗਿਆ ਸੀ, ਤਾਂ ਤੇ ਬੇਮੁਖ ਅਰਥ ਭੀ ਹੈ। ਐਸਾ ਆਦਮੀ ਜੋ ਧਰਮ ਅਸਥਾਨਾਂ ਪੁਰ ਰਹੇ, ਧਰਮ ਦਾ ਆਗੂ ਬਣੇ, ਪਰ ਵਾਹਿਗੁਰੂ ਨਾਲ ਮੇਲ ਨਾ ਹੋਵੇ, ਧਰਮ ਨੂੰ ਚਾਕਰ ਬਣਾਏ ਤੇ ਕਰੇ ਮਾਇਆ ਇਕੱਤ੍ਰ। ਸੂਰਜ ਪ੍ਰਕਾਸ਼ ਵਿਚ ਸਾਖੀ ਆਈ ਹੈ ਕਿ ਪੰਚਮ ਪਾਤਿਸ਼ਾਹ ਜੀ ਦੇ ਭੇਜੇ ਹੋਏ ਭਾਈ ਗੁਰਦਾਸ ਜੀ ਆਪ ਪ੍ਰਿਥੀਚੰਦ ਜੀ ਨੂੰ ਮਨਾਉਣ ਤੇ ਸਮਝਾਉਣ ਤੇ ਪਿਆਰ ਕਰਨ ਗਏ ਸਨ, ਉਨ੍ਹਾਂ ਦੇ ਸਾਰੇ ਪਿਆਰ ਦੇ ਯਤਨ ਪਰ ਪ੍ਰਿਥੀ ਚੰਦ ਜੀ ਨਹੀਂ ਮੰਨੇ, ਸਗੋਂ ਮੰਦੇ ਵਾਕਾਂ ਤਕ ਉਤਰ ਪਏ। ਉਥੋਂ ਮੁੜਦਿਆਂ ਰਸਤੇ ਵਿਚ ਭਾਈ ਸਾਹਿਬ ਜੀ ਨੇ ੩੬ਵੀਂ ਵਾਰ ਉਚਾਰਨ ਕੀਤੀ, ਜਿਸ ਵਿਚ ਆਪ ਨੇ ਪ੍ਰਿਥੀ ਚੰਦ ਵਾਸਤੇ ਇਹ 'ਮੀਣਾ' ਪਦ ਵਰਤਿਆ ਤੇ ਉਸਦੇ ਹਿਰਦੇ ਦੀ ਤਸਵੀਰ ਦੇ ਕੇ ਦਸ ਦਿਤਾ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਉਸ ਨੂੰ ਗੱਦੀ ਨਾ ਦੇਣ ਵਿਚ ਸੰਗਤਾਂ 'ਤੇ ਬੜਾ ਹੀ ਉਪਕਾਰ ਕੀਤਾ ਹੈ। ਭਾਈ ਗੁਰਦਾਸ ਜੀ ਨੇ ਪ੍ਰਿਥੀਚੰਦ ਨੂੰ ਗੁਰੂ ਘਰ ਨਾਲ ਵਿਰੋਧ ਕਰਦਿਆਂ ਵੇਖ ਕੇ ਇਹ ਵਾਰ ਉਸ ਦੀਆਂ ਚਾਲਾਂ ਨੂੰ ਪ੍ਰਗਟ ਕਰਨ ਲਈ ਉਚਾਰੀ ਹੈ, ਇਸ ਵਿਚ ਪ੍ਰਿਥੀਚੰਦ ਲਈ 'ਮੀਣਾ' ਸ਼ਬਦ ਵਰਤਿਆ ਹੈ :

(੧) (ਜਿਵੇਂ ਅਸੀਂ ਤੱਕਦੇ ਹਾਂ ਕਿ) ਬਗਲਾ ਤੀਰਥਾਂ 'ਤੇ ਰਹਿੰਦਾ ਹੈ, ਪਰ ਤੀਰਥਾਂ 'ਤੇ ਵਿਸ਼ਵਾਸ ਨਹੀਂ ਕਰਦਾ (ਕਿ ਇਹ ਪਵਿੱਤ੍ਰ ਅਸਥਾਨ ਹਨ ਇਥੇ ਪਾਪ ਕਰਨੇ ਚੰਗੇ ਨਹੀਂ।)

(੨) ਵੱਸਦੇ ਮੀਂਹ ਵਿਚ ਭੀ ਬਬੀਹਾ (ਚਾਤ੍ਰਿਕ) ਬੋਲਦਾ ਰਹਿੰਦਾ ਹੈ, ਉਹ ਜਲ ਨੂੰ ਪੀਂਦਾ ਨਹੀਂ।

(੩) ਵਾਂਸ ਸੁਗੰਧਤ ਨਹੀਂ ਹੁੰਦਾ, ਭਾਵੇਂ ਉਹ ਚੰਦਨ ਦੇ ਕੋਲ ਹੀ ਵੱਸਦਾ ਹੋਵੇ।

(੪) ਕਰਮ-ਹੀਣ ਉੱਲੂ ਨੂੰ ਸੂਰਜ ਦਾ ਚਾਨਣਾ ਨਹੀਂ ਦਿੱਸਦਾ।
(੫) ਮਿਰਗ (ਹਰਨ) ਦੀ ਨਾਭੀ (ਧੁੰਨੀ) ਵਿਚ ਕਸਤੂਰੀ ਹੁੰਦੀ ਹੈ, ਪਰ ਉਹ ਉਦਾਸ ਹੋ ਕੇ ਝਾੜੀਆਂ ਨੂੰ ਸੁੰਘਦਾ ਫਿਰਦਾ ਹੈ।
(੬) ਸਤਿਗੁਰੂ ਤਾਂ ਸੱਚਾ ਪਾਤਿਸ਼ਾਹ ਹੈ, ਪਰ ਬੇਮੁਖ ਮੀਣੇ ਦਾ ਮੂੰਹ ਕਾਲਾ ਹੁੰਦਾ ਹੈ। (ਕਿਉਂਕਿ ਉਹ ਸਤਿਗੁਰੂ ਦੀ ਮਹਿਮਾ ਨੂੰ ਨਹੀਂ ਜਾਣਦਾ)।੧।

## ੨. ਮੀਣੇ ਨੂੰ ਦਰਗਾਹ ਵਿਚ ਮਾਰ ਪੈਂਦੀ ਹੈ

**੧. ਨੀਲਾਰੀ ਦੇ ਮੱਟ ਵਿੱਚਿ**
**ਪੈ ਗਿੱਦੜ ਰੱਤਾ।**
**੨. ਜੰਗਲ ਅੰਦਰ ਜਾਇਕੈ**
**ਪਾਖੰਡੁ ਕਮੱਤਾ।**
**੩. ਦਰਿ ਸੇਵੈ ਮਿਰਗਾਵਲੀ**
**ਹੋਇ ਬਹੈ ਅਵੱਤਾ।**
**੪. ਕਰੈ ਹਕੂਮਤਿ ਅੱਗਲੀ**
**ਕੂੜੇ ਮਦਿ ਮੱਤਾ।**
**੫. ਬੋਲਣਿ ਪਾਜ ਉਘਾੜਿਆ**
**ਜਿਉਂ ਮੂਲੀ ਬੱਤਾ।**
**੬. ਤਿਉਂ ਦਰਗਹਿ ਮੀਣਾ ਮਾਰੀਐ**
**ਕਰਿ ਕੂੜੁ ਕੁਪੱਤਾ॥੨॥**

***ਪਦ ਅਰਥ :*** ਰੱਤਾ—ਰੰਗਿਆ ਗਿਆ। ਕਮੱਤਾ—ਕਮਾਇਆ। ਅਵੱਤਾ—ਆਕੜ ਕੇ। ਮੱਤਾ—ਮਸਤ ਹੋਇਆ। ਬੱਤਾ—ਡਕਾਰ।

***ਅਰਥ :***

ਪ੍ਰ: ਕਿਉਂ ਭਾਈ ਸਾਹਿਬ ਜੀਉ! ਜਿਸ ਤਰ੍ਹਾਂ ਮੀਣੇ ਦਾ ਆਪ ਜੀ ਜ਼ਿਕਰ ਕਰਦੇ ਹੋ, ਦਸੋਗੇ ਕਿ ਅਜਿਹੇ ਮੀਣੇ ਨੂੰ ਰੱਬੀ-ਦਰਬਾਰ ਵਿਚ ਆਖ਼ਰ ਸਜ਼ਾ ਕੀ ਮਿਲੇਗੀ?

ਉ: ਹੇ ਭਾਈਓ! ਜੋ ਰੱਬੀ ਦਰਬਾਰ ਵਿਚ ਉਸ ਮੀਣੇ ਨੂੰ ਸਜ਼ਾ ਮਿਲਦੀ ਹੈ, ਉਸਨੂੰ ਮੈਂ ਇਕ ਦੰਭੀ, ਪਖੰਡੀ, ਗਿੱਦੜ ਦੇ ਉਦਾਹਰਣ ਵਿਚ ਉੱਕਰਿਆ ਹੈ:
(੧) (ਜਿਵੇਂ) ਇਕ ਗਿੱਦੜ ਲਿਲਾਰੀ ਦੇ (ਰੰਗ ਵਾਲੇ) ਮੱਟ ਵਿਚ ਪੈ ਕੇ ਰੰਗਿਆ ਗਿਆ।
(੨) ਉਸਨੇ ਜੰਗਲ ਵਿਚ ਜਾ ਕੇ ਇਹ ਪਾਖੰਡ ਸ਼ੁਰੂ ਕਰ ਦਿਤਾ ਕਿ ਮੈਂ ਜੰਗਲ ਦਾ ਰਾਜਾ ਹਾਂ।
(੩) ਹਰਨਾਂ ਦੀ ਡਾਰ (ਤੇ ਹੋਰ ਜੰਗਲੀ ਜੀਵ) ਉਸਦੇ ਦਰ 'ਤੇ ਸੇਵਾ ਲਈ ਹਾਜ਼ਰ ਰਹਿਣ ਲਗੇ ਤੇ ਉਹ ਬੜੀ ਆਕੜ ਨਾਲ ਤਖ਼ਤ 'ਤੇ ਬੈਠਣ ਲੱਗਾ।
(੪) ਉਹ ਝੂਠ ਦੀ ਸ਼ਰਾਬ ਵਿਚ ਮਸਤ ਹੋਇਆ ਸਭ 'ਤੇ ਹਕੂਮਤ ਕਰਨ ਲੱਗ ਪਿਆ।
(੫) (ਪਰ) ਇਕ ਦਿਨ ਆਪਣੇ ਸਾਥੀ ਗਿੱਦੜਾਂ ਦੀ ਅਵਾਜ਼ ਸੁਣ ਕੇ ਉਹ ਵੀ ਬੋਲ ਪਿਆ, ਜਿਸ ਕਰਕੇ ਉਸਦਾ ਪਾਜ ਉੱਘੜ ਗਿਆ, ਜਿਵੇਂ ਮੂਲੀ ਦਾ ਡਕਾਰ ਪਾਜ ਖੋਲ੍ਹ ਦਿੰਦਾ ਹੈ। (ਸਾਰੇ ਜੰਗਲੀ ਜੀਵਾਂ ਨੇ ਉਸਦੀ ਅਸਲੀਅਤ ਜਾਣ ਕੇ ਉਸ ਨੂੰ ਮਾਰ ਮਾਰ ਕੇ ਭਜਾ ਦਿਤਾ)।
(੬) ਇਸੇ ਤਰ੍ਹਾਂ ਪ੍ਰਭੂ ਦੀ ਦਰਗਾਹ ਵਿਚ ਪਾਖੰਡੀ ਮੀਣੇ ਨੂੰ ਝੂਠਾ ਤੇ ਕੁਪੱਤਾ ਹੋਣ ਕਰਕੇ ਮਾਰ ਪੈਂਦੀ ਹੈ।੨।

## ੩. ਪਾਪੀ ਦਾ ਉਧਾਰ ਨਹੀਂ ਹੋ ਸਕਦਾ

**੧. ਚੋਰੁ ਕਰੈ ਨਿੱਤ ਚੋਰੀਆਂ**
**ਓੜਕਿ ਦੁਖ ਭਾਰੀ।**
**੨. ਨੱਕੁ ਕੰਨੁ ਫੜਿ ਵੱਢੀਐ**
**ਰਾਵੈ ਪਰ ਨਾਰੀ।**
**੩. ਅਉਘਟ ਰੁੱਧੇ ਮਿਰਗ ਜਿਉਂ**
**ਵਿਤੁ ਹਾਰ ਜੁਆਰੀ।**
**੪. ਲੰਞੀ ਕੁਹਲਿ ਨ ਆਵਈ**
**ਪਰ ਵੇਲਿ ਪਿਆਰੀ।**
**੫. ਵੱਗ ਨ ਹੋਵਨ ਕੁੱਤੀਆਂ**
**ਮੀਣੇ ਮੁਰਦਾਰੀ।**
**੬. ਪਾਪਹੁੰ ਮੂਲਿ ਨ ਤੱਗੀਐ**
**ਹੋਇ ਅੰਤਿ ਖੁਆਰੀ॥੩॥**

***ਪਦ ਅਰਥ :*** ਓੜਕਿ—ਅੰਤ ਨੂੰ। ਰਾਵੈ—ਭੋਗਦਾ ਹੈ।

ਅਉਘਟ ਰੁੱਧੇ—ਜਾਲ ਵਿਚ ਫੱਸਿਆ। ਵਿਤੁ—ਧਨ। ਕੁਹਲਿ—ਚੰਗੀ ਚਾਲ। ਪਰ ਵੇਲਿ—ਪਰਾਈ ਇਸਤ੍ਰੀ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਵੇਖਣ ਵਿਚ ਆਉਂਦਾ ਹੈ ਕਿ ਲੋਕ ਵੱਖੋ ਵੱਖ ਪਾਪ ਕਰਮ ਕਰਦੇ ਹਨ, ਕੀ ਇਨ੍ਹਾਂ ਨੂੰ ਸਜ਼ਾਵਾਂ ਭੀ ਭਿੰਨ ਭਿੰਨ ਮਿਲਣਗੀਆਂ ?

**ਉ:** ਹੇ ਭਾਈਓ! ਪਾਪ ਭਾਵੇਂ ਕਿਸੇ ਤਰ੍ਹਾਂ ਦਾ ਭੀ ਕੋਈ ਮਨੁੱਖ ਕਰਦਾ ਹੈ, ਉਸਦਾ ਉਧਾਰ ਨਹੀਂ ਹੋ ਸਕਦਾ, ਆਖ਼ਰ ਵਿਚ ਉਸਨੂੰ ਅਤਿਅੰਤ ਖ਼ੁਆਰੀ ਹੁੰਦੀ ਹੈ, ਜਿਸਨੂੰ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ।

(੧) (ਜਿਵੇਂ ਵੇਖੀਦਾ ਹੈ ਕਿ) ਚੋਰ ਸਦਾ ਚੋਰੀਆਂ ਹੀ ਕਰਦਾ ਹੈ, ਪਰ ਅੰਤ ਇਕ ਦਿਨ ਉਹ ਫੜਿਆ ਜਾਂਦਾ ਹੈ ਤੇ ਬੜਾ ਹੀ ਦੁਖ ਪਾਉਂਦਾ ਹੈ।

(੨) ਜਿਹੜਾ ਮਨੁੱਖ ਪਰਾਈਆਂ ਇਸਤ੍ਰੀਆਂ ਨੂੰ ਭੋਗਦਾ ਹੈ, ਉਸਦੇ ਨੱਕ ਤੇ ਕੰਨ ਵੱਢ ਦਿਤੇ ਜਾਂਦੇ ਹਨ।

(੩) ਜਿਵੇਂ ਜਾਲ ਵਿਚ ਫਸਿਆ ਹਰਨ ਦੁਖੀ ਹੁੰਦੀ ਹੈ ਤੇ ਜੁਆਰੀਆ ਧਨ ਹਾਰ ਕੇ ਦੁਖੀ ਹੁੰਦਾ ਹੈ।

(੪) ਲੰਙੀ ਨੂੰ ਸੋਹਣੀ ਚਾਲ ਨਹੀਂ ਆਉਂਦੀ, ਪਰ ਵਿਭਚਾਰੀ ਨੂੰ ਫੇਰ ਵੀ ਪਰਾਈ-ਇਸਤ੍ਰੀ ਪਿਆਰੀ ਹੀ ਲਗਦੀ ਹੈ।

(੫) ਕੁੱਤੀਆਂ ਦੇ ਵੱਗ ਨਹੀਂ ਹੁੰਦੇ (ਵੱਗ ਗਊਆਂ ਦੇ ਹੁੰਦੇ ਹਨ) ਮੀਣੇ ਮੁਰਦੇ ਖਾਣੇ ਹਨ। (ਕੂੜੁ ਬੋਲਿ ਮੁਰਦਾਰੁ ਖਾਇ)।

(੬) ਪਾਪ ਕਰਨ ਨਾਲ ਕਦੇ ਪਾਰ-ਉਤਾਰਾ ਨਹੀਂ ਹੁੰਦਾ, ਅੰਤ ਨੂੰ ਖੇਹ ਖ਼ਰਾਬੀ ਹੁੰਦੀ ਹੈ।੩।

ਭਾਵ ਹੈ ਜਿਵੇਂ ਕੁੱਤੀਆਂ ਦੇ ਵੱਗ ਨਹੀਂ ਹੁੰਦੇ, ਇਸੇ ਤਰ੍ਹਾਂ ਮੀਣੇ ਬੇਮੁਖਾਂ ਨਾਲ ਸੰਗਤ ਨਹੀਂ ਜੁੜਦੀ।

## ੪. ਮੀਣਾ ਜਮਪੁਰੀ ਨੂੰ ਜਾਏਗਾ

**੧. ਚਾਨਣਿ ਚੰਦ ਨ ਪੁੱਜਈ**
**ਚਮਕੈ ਟਾਨਾਣਾ।**
**੨. ਸਾਇਰ ਬੂੰਦ ਬਰਾਬਰੀ**
**ਕਿਉ ਆਖਿ ਵਖਾਣਾ।**
**੩. ਕੀੜੀ ਇੱਭ ਨ ਅੱਪੜੈ**
**ਕੂੜਾ ਤਿਸੁ ਮਾਣਾ।**
**੪. ਨਾਨੇਹਾਲ ਵਖਾਣਦਾ**
**ਮਾਂ ਪਾਸਿ ਇਆਣਾ।**
**੫. ਜਿਨਿ ਤੂੰ ਸਾਜਿ ਨਿਵਾਜਿਆ**
**ਦੇ ਪਿੰਡੁ ਪਰਾਣਾ।**
**੬. ਮੁੰਢਹੁ ਘੁਥਹੁੰ ਮੀਣਿਆਂ**
**ਤੁਧੁ ਜਮਪੁਰ ਜਾਣਾ॥੪॥**

***ਪਦ ਅਰਥ :*** ਟਾਨਾਣਾ—ਟਟਹਿਣਾ। ਸਾਇਰ—ਸਮੁੰਦਰ। ਇੱਭ—ਹਾਥੀ। ਨਾਨੇਹਾਲ—ਨਾਨਕਿਆਂ ਦਾ ਹਾਲ, ਭਾਵ ਮਾਪੇ ਛੱਡ ਕੇ ਨਾਨਕਿਆਂ ਦੀ ਉਸਤਤ ਕਰਦਾ ਹੈ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਆਖ਼ਰ ਮੀਣੇ ਨੂੰ ਸਜ਼ਾ ਕੀ ਮਿਲੇਗੀ ?

**ਉ:** ਹੇ ਭਾਈਓ! ਪੁਰਾਤਨ ਇਤਿਹਾਸ ਤਾਂ ਇਹੋ ਦਸਦਾ ਹੈ ਕਿ ਮੀਣੇ ਲੋਕ ਜਮਪੁਰੀ ਨੂੰ ਜਾਣਗੇ, ਇਸੇ ਸੰਬੰਧ ਵਿਚ ਮੈਂ ਇਹ ਪਉੜੀ ਰਚੀ ਹੈ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਟਟਹਿਣਾ ਰਾਤ ਨੂੰ ਭਾਵੇਂ ਕਿੰਨਾ ਚਮਕੇ, ਪਰ ਉਹ ਚੰਦ੍ਰਮਾਂ ਦੀ ਚਾਣਨੀ ਦੀ ਬਰਾਬਰੀ ਨਹੀਂ ਕਰ ਸਕਦਾ।

(੨) ਪਾਣੀ ਦੀ ਇਕ ਬੂੰਦ ਨੂੰ ਸਮੁੰਦਰ ਦੇ ਬਰਾਬਰ ਕਿਵੇਂ ਕਿਹਾ ਜਾ ਸਕਦਾ ਹੈ ?

(੩) ਕੀੜੀ ਹਾਥੀ ਦੀ ਬਰਾਬਰੀ ਕਰੇ ਤਾਂ ਉਸਦਾ ਇਹ ਮਾਣ ਝੂਠਾ ਹੈ।

(੪) ਨਿਆਣਾ ਨਾਨਕਿਆਂ ਦੀ ਵਡਿਆਈ ਮਾਂ ਅੱਗੇ ਕਰਦਾ ਹੈ (ਉਹ ਮਾਂ ਨਾਲੋਂ ਨਾਨਕਿਆਂ ਦਾ ਹਾਲ ਵਧੇਰੇ ਨਹੀਂ ਜਾਣਦਾ, ਇਸ ਲਈ ਉਸਦਾ ਹਾਲ ਸੁਣਾਉਣਾ ਝੂਠਾ ਹੈ)।

(੫) (ਹੇ ਮੀਣੇ ਪ੍ਰਿਥੀ ਚੰਦ!) ਜਿਸ ਨੇ ਤੈਨੂੰ ਸਾਜ ਕੇ ਵਡਿਆਈ ਦਿੱਤੀ ਹੈ ਤੇ ਸਰੀਰ ਤੇ ਪ੍ਰਾਣ ਦਿਤੇ ਹਨ (ਤੂੰ ਉਸਦੇ ਗੁਣਾਂ ਦੀ ਕਦਰ ਨਹੀਂ ਕਰਦਾ)।

(੬) ਹੇ ਮੁੱਢ ਤੋਂ ਘੁਥੇ ਹੋਏ ਮੀਣੇ! ਤੂੰ ਆਪਣੀਆਂ ਕਰਤੂਤਾਂ ਕਰਕੇ ਜਮਪੁਰੀ ਨੂੰ ਜਾਏਂਗਾ।੪।

(ਇਸ ਤੋਂ ਭਾਵ ਹੈ ਕਿ ਕਪਟੀ ਤੇ ਡਿੰਭੀ ਪੁਰਖਾਂ ਨੂੰ ਇਸ ਵਾਰ ਤੋਂ ਸਿਖਿਆ ਲੈਣੀ ਚਾਹੀਦੀ ਹੈ)।

## ੫. ਮੀਣੇ ਦੀ ਸੰਗਤ ਖੋਟੀ ਤੇ ਦੁਖਦਾਈ ਹੁੰਦੀ ਹੈ

**੧. ਕੈਂਹਾ ਦਿੱਸੈ ਉੱਜਲਾ**
**ਮਸੁ ਅੰਦਰਿ ਚਿੱਤੈ।**
**੨. ਹਰਿਆ ਤਿਲ ਬੂਆੜ ਜਿਉਂ**
**ਫਲੁ ਕੰਮੁ ਨ ਕਿੱਤੈ।**
**੩. ਜੇਹੀ ਕਲੀ ਕਨੇਰ ਦੀ**
**ਮਨ ਤਨ ਦੁਹੁ ਭਿੱਤੈ।**
**੪. ਪੇਝੂ ਦਿੱਸਨ ਰੰਗੁਲੇ**
**ਮਰੀਐ ਅਗਲਿੱਤੈ।**
**੫. ਖਰੀ ਸੁਆਲਿਉ ਵੇਸੁਆ**
**ਜੀਅ ਬੱਝਾ ਇੱਤੈ।**
**੬. ਖੋਟੀ ਸੰਗਤਿ ਮੀਣਿਆਂ ਦੁਖ ਦੇਂਦੀ ਮਿੱਤੈ ॥੫॥**

***ਪਦ ਅਰਥ :*** ਉੱਜਲਾ—ਚਿੱਟਾ। ਮਸੁ—ਕਾਲਖ, ਸਿਆਹੀ। ਦੁਹੁ ਭਿੱਤੈ—ਦੁਭਾਤੀਆ। ਪੇਝੂ—ਕਰੀਰ ਦਾ ਫਲ। ਅਗਲਿੱਤੈ—ਬਹੁਤੇ। ਸੁਆਲਿਉ—ਸੋਹਣੀ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਕਈ ਮੀਣੇ ਲੋਕਾਂ ਦਾ ਬਾਹਰੋਂ ਵਰਤਾਰਾ ਬਹੁਤ ਮਿੱਠਾ ਤੇ ਪਿਆਰ ਭਰਿਆ ਹੁੰਦਾ ਹੈ, ਉਨ੍ਹਾਂ ਬਾਰੇ ਆਪ ਕਿਵੇਂ ਅਨੁਭਵ ਕਰਦੇ ਹੋ?

ਉ: ਹੇ ਭਾਈਓ! ਮੀਸਣੇ ਲੋਕ ਬਾਹਰੋਂ ਭਾਵੇਂ ਕਿਤਨਾ ਭੀ ਪਿਆਰ ਵਿਖਾਉਂਦੇ ਹਨ, ਪਰ ਅੰਤ ਵਿਚ ਉਨ੍ਹਾਂ ਦੀ ਸੰਗਤ ਦੁਖਦਾਈ ਹੁੰਦੀ ਹੈ।

(੧) (ਜਿਵੇਂ ਵੇਖੀਦਾ ਹੈ ਕਿ) ਕੈਂਹਾ ਬਾਹਰੋਂ ਬੜਾ ਸੋਹਣਾ ਤੇ ਉੱਜਲਾ ਦਿਸਦਾ ਹੈ, ਪਰ ਅੰਦਰ ਉਸਦੇ ਕਾਲਖ ਹੁੰਦੀ ਹੈ।

(੨) ਜਿਵੇਂ ਹਰਿਆ ਬੂਆੜ ਦਾ ਬੂਟਾ ਤਿਲਾਂ ਦੇ ਖੇਤ ਵਿਚ ਹੁੰਦਾ ਹੈ, ਪਰ ਉਸਦਾ ਫਲ ਕਿਸੇ ਕੰਮ ਨਹੀਂ ਆਉਂਦਾ।

(੩) ਕਨੇਰ ਦੀ ਕਲੀ ਮਨੋਂ ਤਨੋਂ ਦੋ ਤਰ੍ਹਾਂ ਦੀ ਹੁੰਦੀ ਹੈ (ਵੇਖਣ ਨੂੰ ਬੜੀ ਸੋਹਣੀ, ਪਰ ਅੰਦਰੋਂ ਜ਼ਹਿਰੀਲੀ ਹੁੰਦੀ ਹੈ)।

(੪) (ਕਰੀਰ ਦੇ ਫਲ) ਪੇਝੂ ਬੜੇ ਸੋਹਣੇ ਲਾਲ ਦਿਸਦੇ ਹਨ, ਪਰ ਬਹੁਤੇ ਖਾਣ ਨਾਲ ਮਰ ਜਾਈਦਾ ਹੈ।

(੫) ਵੇਸਵਾ ਬਹੁਤ ਸੋਹਣੀ ਦਿੱਸਦੀ ਹੈ (ਪਰ) ਇਸਦੇ ਪਿਆਰ ਵਿਚ ਬੱਝਾ ਮਨੁੱਖ (ਅੰਤ ਨੂੰ ਖ਼ੁਆਰ ਹੁੰਦਾ ਹੈ)।

(੬) (ਇਸੇ ਤਰ੍ਹਾਂ) ਮੀਣਿਆਂ ਦੀ ਸੰਗਤ ਕਰਨੀ ਖੋਟੀ ਹੈ, ਉਹ ਮਿੱਤ੍ਰਾਂ ਨੂੰ ਦੁਖ ਦਿੰਦੀ ਹੈ।੫।

## ੬. ਮੀਣਾ ਆਖ਼ਰ ਨਰਕਾਂ ਵਿਚ ਹੀ ਲੈ ਜਾਂਦਾ ਹੈ

**੧. ਬੱਧਿਕੁ ਨਾਦੁ ਸੁਣਾਇਕੈ**
**ਜਿਉਂ ਮਿਰਗੁ ਵਿਣਾਹੈ।**
**੨. ਝੀਵਰੁ ਕੁੰਡੀ ਮਾਸੁ ਲਾਇ**
**ਜਿਉਂ ਮੱਛੀ ਫਾਹੈ।**
**੩. ਕਵਲੁ ਦਿਖਾਲੈ ਮੁਹਿ ਖਿੜਾਇ**
**ਭੰਵਰੈ ਵੇਸਾਹੈ।**
**੪. ਦੀਪਕ ਜੋਤਿ ਪਤੰਗ ਨੋ**
**ਦੁਰਜਨ ਜਿਉ ਦਾਹੈ।**
**੫. ਕਲਾ ਰੂਪ ਹੋ ਹਸਤਨੀ**
**ਮੈਗਲੁ ਉਸਾਹੈ।**
**੬. ਤਿਉਂ ਨਕਟ ਪੰਥੁ ਹੈ ਮੀਣਿਆਂ**
**ਮਿਲ ਨਰਕ ਨਿਬਾਹੈ ॥੬॥**

***ਪਦ ਅਰਥ :*** ਵਿਣਾਹੈ—ਮਾਰਦਾ ਹੈ। ਮੈਗਲੁ—ਹਾਥੀ। ਵੇਸਾਹੈ—ਭਰੋਸਾ ਬਣਾਉਣਾ। ਨਕਟ ਪੰਥੁ—ਖੋਟਾ ਪੰਥ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਖ਼ਰ ਮੀਣਿਆਂ ਦੀ ਸੰਗਤ ਕਰਦੇ ਰਹਿਣ ਦਾ ਫਲ ਕੀ ਹੁੰਦਾ ਹੈ?

ਉ: ਹੇ ਭਾਈਓ! ਦੂਰ-ਦਰਸ਼ੀ ਨਜ਼ਰਾਂ ਨਾਲ ਤੱਕਿਆਂ ਇਉਂ ਹੀ ਬੋਧ ਮਿਲਦਾ ਹੈ ਕਿ ਮੀਣੇ ਲੋਕਾਂ ਦੀ ਸੰਗਤ ਕਰਦੇ ਰਹਿਣ ਨਾਲ ਆਖ਼ਰ ਨਰਕਾਂ ਵਿਚ ਹੀ ਨਿਵਾਸ ਹੁੰਦਾ ਹੈ, ਇਸੇ ਭਾਵ ਨੂੰ ਮੈਂ ਇਸ ਪਉੜੀ ਵਿਚ ਉੱਕਰਿਆ ਹੈ:

(੧) ਜਿਵੇਂ ਸ਼ਿਕਾਰੀ (ਘੰਡੇ ਹੇੜੇ ਦਾ) ਨਾਦ ਸੁਣਾ ਕੇ ਹਰਨ ਨੂੰ ਮਾਰਦਾ ਹੈ।

(੨) ਜਿਵੇਂ ਝੀਉਰ ਕੁੰਡੀ ਨੂੰ ਮਾਸ ਲਾ ਕੇ ਮੱਛੀ ਨੂੰ ਫਸਾਉਂਦਾ ਹੈ।
(੩) ਜਿਵੇਂ ਕੌਲ ਫੁਲ ਆਪਣਾ ਖਿੜਿਆ ਮੂੰਹ ਭੌਰੇ ਨੂੰ ਵਿਖਾਉਂਦਾ ਹੈ ਤੇ ਉਹ ਉਸ ਦੇ ਉਤੇ ਵਿਸਾਹਿਆ ਜਾਂਦਾ ਹੈ (ਤੇ ਉਸ ਵਿਚ ਰਾਤ ਨੂੰ ਫਸ ਕੇ ਮਰ ਜਾਂਦਾ ਹੈ)।
(੪) ਜਿਵੇਂ ਦੀਵੇ ਦੀ ਲਾਟ ਦੁਸ਼ਮਣ ਵਾਂਗੂੰ ਪਤੰਗੇ ਨੂੰ ਸਾੜ ਦਿੰਦੀ ਹੈ।
(੫) (ਜਿਵੇਂ) ਕਲਬੂਤੀ ਹਸਤਣੀ ਦੇ ਉਤਸ਼ਾਹ ਵਿਚ ਆਇਆ ਹਾਥੀ ਕੈਦ ਹੋ ਜਾਂਦਾ ਹੈ।
(੬) ਇਸੇ ਤਰ੍ਹਾਂ ਮੀਣਿਆਂ ਦਾ ਨਕਟਾ ਪੰਥ (ਭਾਵ ਬੇਪੱਤਾ ਪੰਥ) ਹੈ, ਜਿਹੜਾ ਇਨ੍ਹਾਂ ਦੀ ਸੰਗਤ ਕਰਦਾ ਹੈ, ਉਹ ਨਰਕਾਂ ਨੂੰ ਜਾਂਦਾ ਹੈ।੬।

***ਭਾਵਾਰਥ :*** ਜੋ ਬੇਮੁਖਾਂ ਮੀਣਿਆਂ ਦੇ ਮਗਰ ਲੱਗਣ ਵਾਲੇ ਲੋਕ ਹਨ, ਉਹ ਮੁਕਤੀ ਪ੍ਰਾਪਤ ਨਹੀਂ ਕਰ ਸਕਦੇ, ਆਖ਼ਰ ਨਰਕਾਂ ਨੂੰ ਹੀ ਜਾਂਦੇ ਹਨ।

## ੭. ਮੀਣਿਆਂ ਦੀ ਸੰਗਤ ਦਾ ਫਲ ਨਿਰਾਸਤਾ ਹੈ

**੧. ਹਰਿਚੰਦਉਰੀ ਦੇਖਿਕੈ**
**ਕਰਦੇ ਭਰਵਾਸਾ।**
**੨. ਥਲ ਵਿਚ ਤੱਪਣ ਭੱਠੀਆਂ**
**ਕਿਉਂ ਲਹੈ ਪਿਆਸਾ।**
**੩. ਸੁਹਣੇ ਰਾਜ ਕਮਾਈਐ**
**ਕਰ ਭੋਗ ਬਿਲਾਸਾ।**
**੪. ਛਾਇਆ ਬਿਰਖੁ ਨ ਰਹੈ ਥਿਰੁ**
**ਪੁੱਜੈ ਕਿਉ ਆਸਾ।**
**੫. ਬਾਜੀਗਰ ਦੀ ਖੇਡ ਜਿਉਂ**
**ਸਭੁ ਕੂੜੁ ਤਮਾਸਾ।**
**੬. ਰਲੇ ਜੋ ਸੰਗਤਿ ਮੀਣਿਆਂ**
**ਉਠ ਚਲੈ ਨਿਰਾਸਾ ॥੭॥**

***ਪਦ ਅਰਥ :*** ਹਰਿਚੰਦਉਰੀ—ਹਰੀ ਚੰਦ ਦੀ ਨਗਰੀ (ਗੰਧਰਬ ਨਗਰੀ)। ਤੱਪਣ ਭੱਠੀਆਂ—ਮ੍ਰਿਗ ਤ੍ਰਿਸ਼ਨਾ। ਸੁਹਣੇ—ਸੁਪਨੇ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਮੀਣਿਆਂ ਦੀ ਸੰਗਤ ਕਰਨ ਨਾਲ ਕੋਈ ਆਸ ਤਾਂ ਪੂਰਨ ਹੁੰਦੀ ਹੋਵੇਗੀ?

**ਉ:** ਹੇ ਭਾਈਓ! ਸਚਾਈ ਤਾਂ ਇਹੋ ਹੈ ਕਿ ਮੀਣਿਆਂ ਦੀ ਸੰਗਤ ਕਰਦੇ ਰਹਿਣ ਨਾਲ ਆਖ਼ਰ ਨਿਰਾਸਤਾ ਮਿਲਦੀ ਹੈ, ਜਿਵੇਂ ਕਿ ਅਸੀਂ ਵੇਖਦੇ ਹਾਂ ਕਿ :

(੧) ਜਿਹੜਾ ਕੋਈ ਹਰੀ ਚੰਦ ਦੀ ਨਗਰੀ (ਭਾਵ ਗੰਧਰਬ ਨਗਰੀ) ਵੇਖ ਕੇ ਭਰਵਾਸਾ ਕਰਦਾ ਹੈ, (ਉਹ ਨਿਰਾਸ ਹੁੰਦਾ ਹੈ।)
(੨) (ਜਿਵੇਂ) ਮਾਰੂਥਲ ਵਿਚ ਕਹਿਰ ਦੀ ਧੁੱਪ ਨਾਲ ਭੱਠੀਆਂ ਤਪਦੀਆਂ ਹਨ ਤੇ ਜਲ ਦਾ ਭੁਲੇਖਾ ਪੈਂਦਾ ਹੈ ਭਾਵ ਉਸ ਭ੍ਰਾਤਿਕ ਜਲ ਨਾਲ ਤ੍ਰੇਹ ਕਿਵੇਂ ਹਟੇਗੀ? (ਭਾਵ ਮ੍ਰਿਗ-ਤ੍ਰਿਸ਼ਨਾ ਦਾ ਜਲ ਸੱਚ-ਮੁਚ ਦਾ ਜਲ ਨਹੀਂ ਹੋ ਸਕਦਾ)।
(੩) ਸੁਪਨੇ ਵਿਚ ਰਾਜ ਕਮਾਈਏ ਤੇ ਭੋਗ-ਬਿਲਾਸ ਕਰੀਏ (ਪਰ ਜਾਗਣ ਨਾਲ ਨਿਰਾਸਤਾ ਹੀ ਹੁੰਦੀ ਹੈ)।
(੪) ਬ੍ਰਿਛ ਦੀ ਛਾਂ ਇਕ ਥਾਂ ਟਿਕੀ ਨਹੀਂ ਰਹਿੰਦੀ, ਫਿਰ ਉਸ ਤੋਂ ਕੋਈ ਆਸ ਪੂਰੀ ਕਿਵੇਂ ਹੋਵੇਗੀ?
(੫) ਜਿਸ ਤਰ੍ਹਾਂ ਬਾਜ਼ੀਗਰ ਦੀ ਸਾਰੀ ਖੇਡ ਦਾ ਤਮਾਸ਼ਾ ਝੂਠਾ ਹੁੰਦਾ ਹੈ।
(੬) (ਇਸੇ ਤਰ੍ਹਾਂ) ਜਿਹੜਾ ਕੋਈ ਮੀਣਿਆਂ (ਬੇਮੁਖਾਂ) ਦੀ ਸੰਗਤ ਵਿਚ ਰਲ ਕੇ ਬੈਠਦਾ ਹੈ, ਉਹ (ਅੰਤ ਨੂੰ) ਨਿਰਾਸ ਹੋ ਕੇ ਉੱਠ ਤੁਰਦਾ ਹੈ।੭।

***ਭਾਵਾਰਥ :*** ਬੇਮੁਖ, ਡਿੰਭੀ, ਸਾਧੂ ਦਾ ਸੰਗੀ ਕਦੇ ਵਾਹਿਗੁਰੂ ਦਾ ਮਿਲਾਪ ਹਾਸਲ ਨਹੀਂ ਕਰਦਾ, ਉਸਦੀ ਕੋਈ ਭੀ ਆਸ ਪੂਰੀ ਨਹੀਂ ਹੁੰਦੀ, ਉਹ ਸਦਾ ਹੀ ਨਿਰਾਸ ਰਹਿੰਦਾ ਹੈ।

## ੮. ਮੀਣੇ ਪੀਰ ਫਿਟਕੇ ਹਨ

**੧. ਕੋਇਲ ਕਾਉਂ ਰਲਾਈਅਨ**
**ਕਿਉਂ ਹੋਵਨ ਇੱਕੈ।**
**੨. ਤਿਉਂ ਨਿੰਦਕ ਜਗਿ ਜਾਣੀਅਨ**
**ਬੋਲਿ ਬੋਲਣਿ ਫਿੱਕੈ।**

**੩. ਬਗੁਲੇ ਹੰਸੁ ਬਰਾਬਰੀ**
**ਕਿਉਂ ਮਿੱਕਨਿ ਮਿੱਕੈ।**
**੪. ਤਿਉਂ ਬੇਮੁਖ ਚੁਣਿ ਕੱਢੀਅਨਿ**
**ਮੁਹਿ ਕਾਲੇ ਟਿੱਕੈ।**
**੫. ਕਿਆ ਨੀਸਾਣੀ ਮੀਣਿਆਂ**
**ਖੋਟੁ ਸਾਲੀ ਸਿੱਕੈ।**
**੬. ਸਿਰਿ ਸਿਰਿ ਪਹਣੀ ਮਾਰੀਅਨਿ**
**ਓਇ ਪੀਰ ਫਿਟਿੱਕੈ ॥੮॥**

***ਪਦ ਅਰਥ :*** ਫਿੱਕੈ—ਕੌੜੇ। ਮਿੱਕਨਿ ਮਿੱਕੈ—ਮਿਲੌਣੀ ਵਿਚ ਮਿਲਣਾ। ਖੋਟੁ ਸਾਲੀ—ਖੋਟੀ ਟਕਸਾਲ। ਪਹਣੀ—ਜੁੱਤੀ। ਪੀਰ ਫਿਟਿੱਕੈ—ਪੀਰ ਦੇ ਧਿਕਾਰੇ ਹੋਏ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਅਜਿਹੇ ਬੇਮੁਖਾਂ ਦੀ ਦਰਗਾਹ ਵਿਚ ਕੀ ਦਸ਼ਾ ਹੁੰਦੀ ਹੈ ?

ਉ: ਹੇ ਭਾਈਓ ! ਉਹ ਬੇਮੁਖ ਰੱਬੀ-ਦਰਬਾਰ ਵਿਚ ਗਿਆਂ ਖੋਟੀ ਟਕਸਾਲ ਦੇ ਰੁਪਇਆਂ ਵਾਂਗੂੰ ਖੋਟੇ ਹੀ ਹੁੰਦੇ ਹਨ, ਉਹ ਚੰਗੇ ਲੋਕਾਂ ਵਿਚ ਬੈਠ ਕੇ ਭੀ ਚੰਗੇ ਨਹੀਂ ਹੋ ਸਕਦੇ, ਜਿਵੇਂ :

(੧) ਕੋਇਲ ਤੇ ਕਾਂ ਨੂੰ ਰਲਾਈਏ ਤਾਂ ਉਹ ਕਿਵੇਂ ਰਲਣਗੇ ? (ਕਿਉਂਕਿ ਕਾਂ ਫਿੱਕਾ ਬੋਲਦਾ ਹੈ ਤੇ ਕੋਇਲ ਮਿੱਠੀ ਬਾਣੀ ਬੋਲਦੀ ਹੈ)।

(੨) ਇਸੇ ਤਰ੍ਹਾਂ ਨਿੰਦਕ ਪੁਰਸ਼ ਸੰਸਾਰ ਵਿਚ ਜਾਣੇ ਜਾਂਦੇ ਹਨ, ਕਿਉਂਕਿ ਉਹ ਫਿੱਕੇ (ਕੌੜੇ) ਬੋਲ ਬੋਲਦੇ ਹਨ।

(੩) ਬਗਲਾ ਹੰਸ ਦੀ ਬਰਾਬਰੀ ਕਰਕੇ ਹੰਸ ਦੀ ਮਿਲੌਣੀ ਵਿਚ ਕਿਵੇਂ ਮਿਲ ਸਕਦਾ ਹੈ ? (ਭਾਵ ਕਿਸੇ ਤਰ੍ਹਾਂ ਭੀ ਨਹੀਂ ਮਿਲ ਸਕਦਾ)।

(੪) ਇਸੇ ਤਰ੍ਹਾਂ ਬੇਮੁਖ ਪ੍ਰਭੂ ਦੀ ਦਰਗਾਹ ਵਿਚੋਂ ਚੁਣ ਕੇ ਬਾਹਰ ਕੱਢ ਦਿਤੇ ਜਾਂਦੇ ਹਨ, ਉਨ੍ਹਾਂ ਦੇ ਮੂੰਹ 'ਤੇ ਕਾਲਖ਼ ਦੇ ਟਿੱਕੇ ਲਾਏ ਜਾਂਦੇ ਹਨ।

(੫) ਮੀਣਿਆਂ (ਬੇਮੁਖਾਂ) ਦੀ ਨਿਸ਼ਾਨੀ ਕੀ ਹੈ ? (ਉਹਨਾਂ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ) ਉਹ ਖੋਟੀ ਟਕਸਾਲ ਦੇ ਰੁਪਇਆਂ ਵਾਂਗੂੰ ਖੋਟੇ ਹੁੰਦੇ ਹਨ, ਉਨ੍ਹਾਂ ਦਾ ਕੋਈ ਮੁੱਲ ਨਹੀਂ ਪੈਂਦਾ।

(੬) ਉਨ੍ਹਾਂ ਬੇਮੁਖਾਂ ਨੂੰ ਸਿਰੋ ਸਿਰ ਜੁੱਤੀਆਂ ਪੈਂਦੀਆਂ ਹਨ, (ਕਿਉਂਕਿ) ਉਹ ਗੁਰੂ ਪੀਰ ਵੱਲੋਂ ਫਿਟਕੇ (ਧਿਰਕਾਰੇ) ਹੋਏ ਹਨ।੮।

***ਭਾਵਾਰਥ :*** ਬੇਮੁਖਾਂ ਨੂੰ ਕੋਈ ਭੀ ਮੂੰਹ ਨਹੀਂ ਲਾਉਂਦਾ, ਹਰ ਪਾਸਿਓਂ ਉਨ੍ਹਾਂ ਨੂੰ ਲਾਹਨਤਾਂ ਹੀ ਪੈਂਦੀਆਂ ਹਨ।

## *੯. ਗੁਣਹੀਣ ਹੋ ਕੇ ਗੁਰੂ ਸਦਾਉਣਾ*

**੧. ਰਾਤੀਂ ਨੀਗਰ ਖੇਲਦੇ**
**ਸਭ ਹੋਇ ਇਕੱਠੇ।**
**੨. ਰਾਜਾ ਪਰਜਾ ਹੋਂਵਦੇ**
**ਕਰਿ ਸਾਂਗ ਉਪੱਠੇ।**
**੩. ਇਕਿ ਲਸ਼ਕਰ ਲੈ ਧਾਂਵਦੇ**
**ਇਕਿ ਫਿਰਦੇ ਨੱਠੇ।**
**੪. ਠੀਕਰਿਆਂ ਹਾਲੇ ਭਰਨ**
**ਉਇ ਖਰੇ ਅਸੱਠੇ।**
**੫. ਖਿਨ ਵਿਚ ਖੇਡ ਉਜਾੜਦੇ**
**ਘਰੁ ਘਰੁ ਨੂੰ ਤ੍ਰੁੱਠੇ।**
**੬. ਵਿਣੁ ਗੁਣ ਗੁਰੂ ਸਦਾਇੰਦੇ**
**ਓਇ ਖੋਟੇ ਮੱਠੇ ॥੯॥**

***ਪਦ ਅਰਥ :*** ਨੀਗਰ—ਬਾਲਕ। ਹਾਲੇ—ਮਾਮਲੇ। ਅਸੱਠੇ—ਸਿਆਣੇ। ਤ੍ਰੁੱਠੇ—ਭੱਜ ਜਾਂਦੇ। ਮੱਠੇ—ਆਲਸੀ ਢੱਗੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਕਈ ਲੋਕ ਗੁਣਾਂ ਤੋਂ ਸੱਖਣੇ ਹੀ ਆਪਣੇ ਆਪ ਨੂੰ ਗੁਰੂ ਸਦਾਉਂਦੇ ਹਨ, ਉਨ੍ਹਾਂ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ ?

ਉ: ਹੇ ਭਾਈਓ ! ਉਨ੍ਹਾਂ ਦਾ ਗੁਰੂ ਸਦਵਾਉਣਾ ਇਸੇ ਤਰ੍ਹਾਂ ਕੂੜਾ ਹੈ, ਜਿਸ ਤਰ੍ਹਾਂ ਕਿ ਮੈਂ ਕੁਝ ਬਾਲਕਾਂ ਦੀ ਕੂੜੀ ਖੇਡ ਇਸ ਪਉੜੀ ਵਿਚ ਅੰਕਤ ਕੀਤੀ ਹੈ :

(੧) (ਜਿਵੇਂ) ਰਾਤ ਨੂੰ ਸਭ ਬਾਲਕ ਇਕੱਠੇ ਹੋ ਕੇ ਖੇਡਦੇ ਹਨ।

(੨) (ਉਹ) ਰਾਜਾ ਤੇ ਪਰਜਾ ਬਣ ਕੇ ਕਈ ਤਰ੍ਹਾਂ ਦੇ ਉਲਟੇ-ਪੁਲਟੇ ਸਾਂਗ ਬਣਾ ਲੈਂਦੇ ਹਨ।

(੩) ਇਕ ਫ਼ੌਜਾਂ ਬਣਾ ਕੇ ਚੜ੍ਹਾਈ ਕਰਦੇ ਹਨ ਤੇ ਇਕ ਉਨ੍ਹਾਂ ਦੇ ਅੱਗੇ ਨੱਠੇ ਫਿਰਦੇ ਹਨ।

(੪) ਇਕ ਠੀਕਰੀਆਂ ਦੇ ਰੁਪਏ ਬਣਾ ਕੇ ਮਾਮਲੇ ਤਾਰਦੇ ਹਨ ਤੇ ਇਕ ਬੜੇ ਸਿਆਣੇ ਬਣ ਕੇ ਮਾਮਲਾ ਲੈਣ ਲਈ ਬੈਠਦੇ ਹਨ।

(੫) ਫਿਰ ਥੋੜ੍ਹੇ ਚਿਰ ਪਿਛੋਂ ਉਹ ਬਾਲਕ ਸਾਰੀ ਖੇਡ ਨੂੰ ਉਜਾੜ ਕੇ ਆਪੋ ਆਪਣੇ ਘਰਾਂ ਨੂੰ ਭੱਜ ਜਾਂਦੇ ਹਨ।

(੬) (ਇਸੇ ਤਰ੍ਹਾਂ ਬਾਲਾਂ ਦੀ ਝੂਠੀ ਖੇਡ ਵਾਂਗੂੰ) ਬਿਨਾਂ ਗੁਣਾਂ ਤੋਂ ਜੋ ਆਪਣੇ ਆਪ ਨੂੰ ਗੁਰੂ ਸਦਵਾਉਂਦੇ ਹਨ, ਉਹ (ਮਨ ਦੇ) ਖੋਟੇ ਤੇ ਆਲਸੀ ਢੱਗੇ ਹਨ।੯।

ਗੁਰੂ ਗ੍ਰੰਥ ਸਾਹਿਬ ਜੀ ਨੇ ਅਜਿਹੇ ਲੋਕਾਂ ਬਾਰੇ ਕਿਹਾ ਹੈ ਕਿ:

> ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ॥
> *(ਪੰਨਾ ੧੪੧੧)*

## ੧੦. ਪਾਖੰਡੀ ਗੁਰੂ ਦੇ ਚੇਲੇ ਨਿਰਾਸ ਹੀ ਜਾਂਦੇ ਹਨ

**੧. ਉੱਚਾ ਲੰਮਾ ਝੰਟੁਲਾ**
**ਵਿਚਿ ਬਾਗ ਦਿਸੰਦਾ।**
**੨. ਮੋਟਾ ਮੁੱਢ ਪਤਾਲ ਜੜਿ**
**ਬਹੁ ਗਰਬ ਕਰੰਦਾ।**
**੩. ਪੱਤ ਸੁਪੱਤਰ ਸੋਹਣੇ**
**ਵਿਸਥਾਰ ਬਣੰਦਾ।**
**੪. ਫੁਲ ਰੱਤੇ ਫਲ ਬਕਬਕੇ**
**ਹੋਇ ਅਫਲ ਫਲੰਦਾ।**
**੫. ਸਾਵਾ ਤੋਤਾ ਚੁਹਚੁਹਾ**
**ਤਿਸੁ ਦੇਖਿ ਭੁਲੰਦਾ।**
**੬. ਪਿਛੋਂ ਦੇ ਪਛੁਤਾਇਦਾ ਓਹੁ ਫਲੁ ਨ ਲਹੰਦਾ॥੧੦॥**

***ਪਦ ਅਰਥ:*** ਝੰਟੁਲਾ—ਸੰਘਣਾ। ਸੁਪੱਤਰ—ਸਾਵੇ, ਹਰੇ। ਚੁਹਚੁਹਾ—ਸੋਹਣਾ।

***ਅਰਥ:***

**ਪ੍ਰ:** ਭਾਈ ਸਾਹਿਬ ਜੀਉ! ਜੋ ਪਾਖੰਡੀ ਗੁਰੂ ਹਨ, ਜਦੋਂ ਉਹ ਗੱਦੀਆਂ ਲਾ ਕੇ ਦਰਬਾਰ ਸਜਾ ਕੇ ਬੈਠਦੇ ਹਨ, ਉਨ੍ਹਾਂ ਦਾ ਲੋਕਾਂ 'ਤੇ ਪ੍ਰਭਾਵ ਬੜਾ ਪੈਂਦਾ ਹੈ, ਆਪ ਉਨ੍ਹਾਂ ਬਾਰੇ ਕੀ ਅਨੁਭਵ ਕਰਦੇ ਹੋ?

**ਉ:** ਹੇ ਭਾਈਓ! ਉਨ੍ਹਾਂ ਨੂੰ ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ, ਜਿਸਨੂੰ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਵਿਚ ਉਕਰਿਆ ਹੈ:

(੧) (ਜਿਵੇਂ ਸਿੰਮਲ ਦਾ) ਉੱਚਾ, ਲੰਮਾ ਤੇ ਸੰਘਣਾ ਬ੍ਰਿਛ ਬਾਗ ਵਿਚ ਹੁੰਦਾ ਹੈ।

(੨) (ਉਸਦਾ) ਮੁੱਢ ਮੋਟਾ ਹੁੰਦਾ ਹੈ ਤੇ ਪਾਤਾਲ ਤਕ ਉਸਦੀਆਂ ਡੂੰਘੀਆਂ ਜੜ੍ਹਾਂ ਹੁੰਦੀਆਂ ਹਨ (ਤੇ ਉਹ) ਬੜਾ ਹੰਕਾਰ ਕਰਦਾ ਹੈ (ਕਿ ਮੇਰੇ ਵਰਗਾ ਵੱਡਾ ਬ੍ਰਿਛ ਕੋਈ ਨਹੀਂ)।

(੩) ਉਸਦੇ ਪੱਤਰ ਬੜੇ ਸੋਹਣੇ ਤੇ ਹਰੇ ਹੁੰਦੇ ਹਨ ਤੇ ਉਹ ਬੜੇ ਫੈਲਾਉ ਵਿਚ ਪਸਰਿਆ ਹੁੰਦਾ ਹੈ।

(੪) ਉਸਦੇ ਫੁਲ ਬੜੇ ਲਾਲ ਰੰਗ ਦੇ ਹੁੰਦੇ ਹਨ (ਪਰ) ਫਲ ਬਕਬਕੇ ਹੁੰਦੇ ਹਨ, ਉਹ ਫਲਦਾ ਹੋਇਆ ਭੀ ਅਫਲ ਹੈ।

(੫) (ਕਿਉਂਕਿ) ਉਸ ਸਿੰਮਲ ਦੇ ਰੁਖ ਨੂੰ ਸੋਹਣਾ ਤੇ ਸਾਵਾ ਤੋਤਾ ਵੇਖ ਕੇ ਭੁੱਲ ਜਾਂਦਾ ਹੈ।

(੬) (ਉਹ ਤੋਤਾ) ਪਿਛੋਂ ਪਛਤਾਉਂਦਾ ਹੋਇਆ ਖ਼ਾਲੀ ਮੁੜ ਜਾਂਦਾ ਹੈ, ਕਿਉਂਕਿ ਉਸਨੂੰ ਉਸ ਬ੍ਰਿਛ ਤੋਂ ਖਾਣ ਲਈ ਕੋਈ ਫਲ ਨਹੀਂ ਮਿਲਦਾ।੧੦।

***ਭਾਵਾਰਥ:*** ਪਾਖੰਡੀ ਗੁਰੂ ਸਿੰਮਲ ਦੇ ਰੁੱਖ ਵਾਂਗੂੰ ਗੁਣ-ਹੀਣ ਹੁੰਦਾ ਹੈ, ਉਸਦੀ ਸੰਗਤ ਕਰਨ ਨਾਲ ਜਗਿਆਸੂ ਨੂੰ ਕੋਈ ਲਾਭ ਨਹੀਂ ਹੁੰਦਾ, ਉਸਦੀ ਸੇਵਾ ਵਿਅਰਥ ਜਾਂਦੀ ਹੈ।

ਇਸੇ ਭਾਵ ਨੂੰ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਦੇ ਸਲੋਕ ਵਿਚ ਬੜੇ ਖ਼ੁਲਾਸੇ ਰੂਪ ਵਿਚ ਪ੍ਰਗਟਾਇਆ ਹੈ:

> ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥
> ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥
> ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥
> *(ਆਸਾ ਦੀ ਵਾਰ, ਪੰਨਾ ੪੭੦)*

## ੧੧. ਗੁਣ-ਹੀਣਾ ਗੁਰੂ ਨਿਕੰਮਾ ਹੈ

**੧. ਪਹਿਨੇ ਪੰਜੇ ਕਪੜੇ**
**ਪੁਰਸ਼ਾਵਾਂ ਵੇਸੁ।**
**੨. ਮੁਛਾਂ ਦਾਹੜੀ ਸੋਹਣੀ**
**ਬਹੁ ਦੁਰਲਭ ਵੇਸ।**

**੩. ਸੈ ਹਥਿਆਰੀ ਸੂਰਮਾਂ**
**ਪੰਚੀਂ ਪਰਵੇਸ।**
**੪. ਮਾਹਰੁ ਦੜ ਦੀਬਾਣ ਵਿਚਿ**
**ਜਾਣੈ ਸਭੁ ਦੇਸੁ।**
**੫. ਪੂਰਨ ਗੁਣ ਪੁਰਖੱਤ ਵਿਣੁ**
**ਕਾਮਣਿ ਕਿ ਕਰੇਸੁ।**
**੬. ਵਿਣੁ ਗੁਣ ਗੁਰੂ ਸਦਾਇੰਦੇ**
**ਕਉਣ ਕਰੈ ਅਦੇਸੁ ॥੧੧॥**

***ਪਦ ਅਰਥ :*** ਪੰਜੇ ਕਪੜੇ—ਚੱਦਰ, ਪੱਗ, ਅੰਗਰੱਖਾ, ਅੰਗੋਛਾ, ਦੁਪੱਟਾ ਕਮਰਕੱਸੇ ਵਾਲਾ। ਪੁਰਸ਼ਾਵਾਂ—ਮਰਦਾਵਾਂ। ਵੇਸੁ—ਲਿਬਾਸ। ਪੰਚੀਂ ਪਰਵੇਸ—ਚੌਧਰੀਆਂ ਵਿਚ ਸ਼ਾਮਲ। ਮਾਹਰੁ—ਚੌਧਰੀ। ਪੁਰਖੱਤ ਵਿਣ—ਪੁਰਖਪੁਣੇ ਤੋਂ ਬਾਂਝ, ਹੀਜੜਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਕਈ ਪਾਖੰਡੀ ਲੋਕ ਸਰੀਰ ਉਤੇ ਤਰ੍ਹਾਂ ਤਰ੍ਹਾਂ ਦੇ ਭੇਖ ਬਣਾ ਕੇ ਆਪਣੇ ਆਪ ਨੂੰ ਪੂਰਨ ਗੁਰੂ ਸਦਵਾਉਣ ਦਾ ਯਤਨ ਕਰਦੇ ਹਨ, ਕਿਉਂ ਜੀ ! ਉਨ੍ਹਾਂ ਦੇ ਸੰਬੰਧ ਵਿਚ ਤੁਹਾਡੇ ਕੀ ਵੀਚਾਰ ਹਨ ?

ਉ: ਹੇ ਭਾਈਓ ! ਜੇ ਕੋਈ ਪਾਖੰਡੀ ਆਦਮੀ ਗੁਰੂ ਬਣ ਬੈਠੇ ਤਾਂ ਉਸਨੂੰ ਪੂਰਨ ਗੁਰੂ ਹੋ ਜਾਣ ਦਾ ਦਰਜਾ ਨਹੀਂ ਮਿਲ ਜਾਂਦਾ, ਇਸ ਭਾਵ ਨੂੰ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਵਿਚ ਉਦਾਹਰਣ ਰਾਹੀਂ ਦਰਸਾਇਆ ਹੈ :

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਜੇ ਕੋਈ ਮਨੁੱਖ ਪੰਜੇ ਕੱਪੜੇ ਪਹਿਨ ਕੇ ਆਦਮੀਆਂ ਵਾਲਾ ਵੇਸ ਕਰੇ।

(੨) ਉਸ ਦੀਆਂ ਮੁੱਛਾਂ ਤੇ ਦਾਹੜੀ ਵੀ ਸੋਹਣੀ ਹੋਵੇ ਤੇ ਬੜਾ ਸੋਹਣਾ ਸਰੂਪ ਹੋਵੇ।

(੩) ਉਹ ਸਾਰੇ ਹਥਿਆਰ ਲਾਉਣ ਵਾਲਾ ਸੂਰਮਾ ਹੋਵੇ ਤੇ ਪੈਂਚਾਂ ਵਿਚ ਭੀ ਉਹ ਸ਼ਾਮਲ ਹੋਵੇ।

(੪) ਦਰਬਾਰ ਸਭਾ ਆਦਿ ਵਿਚ ਉਹ ਮੁਖੀਆ ਹੋਵੇ ਤੇ ਦੇਸ ਸਾਰਾ ਹੀ ਉਸਨੂੰ ਜਾਣਦਾ ਹੋਵੇ।

(੫) (ਪਰ) ਜੇ ਉਹ ਏਨੇ ਗੁਣਾਂ ਦੇ ਹੁੰਦਿਆਂ ਪੁਰਖਪੁਣੇ ਤੋਂ ਬਾਂਝ ਭਾਵ (ਹੀਜੜਾ) ਹੋਵੇ ਤਾਂ ਉਸਨੂੰ ਮਰਦ ਨਹੀਂ ਗਿਣਿਆਂ ਜਾਂਦਾ, ਉਸਦੀ ਇਸਤ੍ਰੀ ਉਸਨੂੰ ਕੀ ਕਰੇਗੀ ? ਭਾਵ ਸਾਰੇ ਮਰਦਾਂ ਵਾਲੇ ਸ਼ਿੰਗਾਰਾਂ ਦੇ ਹੁੰਦਿਆਂ ਉਹ ਇਸਤ੍ਰੀ ਦੇ ਮਤਲਬ ਦਾ ਨਹੀਂ ਹੈ।

(੬) (ਇਸੇ ਤਰ੍ਹਾਂ) ਗੁਣਾਂ ਤੋਂ ਹੀਣਾ ਮਨੁੱਖ, ਜੋ ਗੁਰੂ ਸਦਾਉਂਦਾ ਹੈ, ਉਸਨੂੰ ਕੌਣ ਨਮਸਕਾਰ ਕਰੇਗਾ, ਭਾਵ ਹੈ ਨਿਗੁਰੇ ਪੁਰਖ, ਜਗਿਆਸੂ ਲਈ ਨਿਕੰਮੇ ਹਨ। ਪਾਖੰਡੀ ਆਦਮੀ ਜੇ ਗੁਰੂ ਬਣ ਬੈਠੇ ਤਾਂ ਉਸਨੂੰ ਪੂਰਨ ਗੁਰੂ ਦਾ ਦਰਜਾ ਨਹੀਂ ਦਿਤਾ ਜਾਂਦਾ।੧੧।

## *੧੨. ਪਤੀ ਪ੍ਰਮੇਸ਼ਰ ਸੇਵਾ ਨਾਲ ਹੀ ਮਿਲਦਾ ਹੈ*

**੧. ਗੱਲੀਂ ਜੇ ਸਹੁ ਪਾਈਐ**
**ਤੋਤਾ ਕਿਉ ਫਾਸੈ।**
**੨. ਮਿਲੈ ਨ ਬਹੁਤੁ ਸਿਆਣਪੈ**
**ਕਾਉਂ ਗੂੰਹੁ ਗਿਰਾਸੈ।**
**੩. ਜੋਰਾਵਰੀ ਨ ਜਿੱਪਈ**
**ਸ਼ੀਂਹ ਸਹਾ ਵਿਣਾਸੈ।**
**੪. ਗੀਤ ਕਵਿੱਤੁ ਨ ਭਿੱਜਈ**
**ਭੱਟ ਭੇਖ ਉਦਾਸੈ।**
**੫. ਜੋਬਨ ਰੂਪ ਨ ਮੋਹੀਐ**
**ਰੰਗੁ ਕਸੁੰਭੁ ਦੁਰਾਸੈ।**
**੬. ਵਿਣੁ ਸੇਵਾ ਦੋਹਾਗਣੀ ਪਿਰੁ ਮਿਲੈ ਨ ਹਾਸੈ ॥੧੨॥**

***ਪਦ ਅਰਥ :*** ਗੱਲੀਂ—ਗੱਲਾਂ ਨਾਲ। ਸਿਆਣਪੈ—ਚਤਰਾਈਆਂ ਨਾਲ। ਦੁਰਾਸੈ—ਵਿਨਾਸ਼। ਹਾਸੈ—ਹਾਸਿਆਂ ਨਾਲ। ਸ਼ੀਂਹ ਸਹਾ ਵਿਣਾਸੈ—ਸ਼ੀਂਹ ਨੂੰ ਸਹੇ ਨੇ ਮਾਰਨਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜੋ ਪਾਖੰਡੀ ਗੁਰੂ ਹਨ, ਉਹ ਇਤਨੀਆਂ ਸਿਆਣਪ ਭਰੀਆਂ ਗੱਲਾਂ ਕਰਦੇ ਹਨ, ਜਿਨ੍ਹਾਂ ਨੂੰ ਸੁਣਨ ਵਾਲੇ ਮੋਹਤ ਹੋ ਜਾਂਦੇ ਹਨ ਤੇ ਉਨ੍ਹਾਂ ਦੀਆਂ ਗੱਲਾਂ ਸੁਣਨ ਵਾਲੇ ਇਉਂ ਹੀ ਪ੍ਰਤੀਤ ਕਰਦੇ ਹਨ, ਕਿ ਇਹ ਲੋਕ ਤਾਂ ਰੱਬ ਤਕ ਪਹੁੰਚੇ ਹੋਏ ਹਨ, ਪਰ ਆਪ ਜੀ ਦਸੋ, ਉਨ੍ਹਾਂ ਪਾਖੰਡੀ ਲੋਕਾਂ ਬਾਰੇ ਕਿਵੇਂ ਅਨੁਭਵ ਕਰਦੇ ਹੋ ?

ਉ: ਹੇ ਭਾਈਓ ! ਇਹ ਠੀਕ ਹੈ ਕਿ ਉਹ ਵਧੇਰੇ ਗੱਲਾਂ ਕਰਕੇ ਸਾਧਾਰਨ ਲੋਕਾਂ ਨੂੰ ਤਾਂ ਭਰਮਾ ਲੈਂਦੇ ਹਨ, ਪਰ

ਉਨ੍ਹਾਂ ਦੰਭੀ ਲੋਕਾਂ ਦੀ ਰੱਬ ਤਕ ਪਹੁੰਚ ਨਹੀਂ ਹੋਇਆ ਕਰਦੀ, ਇਸ ਭਾਵ ਨੂੰ ਮੈਂ ਇਸ ਪਉੜੀ ਵਿਚ ਉੱਕਰਿਆ ਹੈ :

(੧) (ਹੇ ਭਾਈਓ!) ਜੇ ਨਿਰੀਆਂ ਗੱਲਾਂ ਕਰਨ ਨਾਲ ਹੀ ਪਤੀ ਮਿਲ ਸਕਦਾ ਹੋਵੇ ਤਾਂ ਬਹੁਤੀਆਂ ਗੱਲਾਂ ਕਰਨ ਵਾਲਾ ਤੋਤਾ ਕਿਉਂ ਫਸੇ ?

(੨) ਜੇ ਬਹੁਤੀਆਂ ਸਿਆਣਪਾਂ (ਚਤੁਰਾਈਆਂ) ਨਾਲ ਪਿਆਰਾ ਮਿਲਦਾ ਹੋਵੇ ਤਾਂ ਕਾਂ ਗੰਦਗੀ ਕਿਉਂ ਖਾਵੇ ?

(੩) ਜੇ ਜ਼ੋਰਾਵਰੀ ਨਾਲ ਮਿਲਦਾ ਹੋਵੇ ਤਾਂ ਸਹਿਆ ਸ਼ੇਰ ਨੂੰ ਕਿਉਂ ਮਾਰ ਲੈਂਦਾ ?

(੪) ਗੀਤਾਂ ਕਬਿੱਤਾਂ ਦੇ ਗਾਉਣ ਨਾਲ ਵੀ (ਪਤੀ) ਨਹੀਂ ਰੀਝਦਾ, ਜੇ ਰੀਝਦਾ ਹੋਵੇ ਤਾਂ ਭੱਟ ਕਿਉਂ ਉਦਾਸੀ ਭੇਖ ਵਿਚ ਫਿਰਨ ?

(੫) ਜਵਾਨੀ ਤੇ ਸੋਹਣੇ ਰੂਪ ਨਾਲ ਵੀ ਸ਼ਹੁ ਨਹੀਂ ਮੋਹਿਆ ਜਾਂਦਾ (ਕਿਉਂਕਿ) ਕਸੁੰਭੇ ਦਾ ਰੰਗ ਐਵੇਂ ਹੀ ਨਾਸ ਹੋ ਜਾਂਦਾ ਹੈ।

(੬) ਹੇ ਦੁਹਾਗਣੀ! ਬਿਨਾਂ ਸੇਵਾ ਕਰਨ ਤੋਂ ਪਤੀ ਐਵੇਂ ਹਾਸਿਆਂ ਨਾਲ ਨਹੀਂ ਮਿਲਦਾ।੧੨।

ਭਾਵ ਸੇਵਾ ਕਰਨ ਨਾਲ ਹੀ ਪਿਆਰੇ ਦੀ ਪ੍ਰਾਪਤੀ ਹੁੰਦੀ ਹੈ, ਐਵੇਂ ਗੱਲਾਂ ਕਰਨ ਨਾਲ ਕੁਝ ਵੀ ਹੱਥ ਨਹੀਂ ਆਉਂਦਾ। ਹੁਕਮ ਭੀ ਇਹੋ ਹੈ :

ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ ॥

*(ਗਉੜੀ ਬਾਵਨ ਅਖਰੀ ਮਹਲਾ ੫, ਪੰਨਾ ੨੫੫)*

## ੧੩. ਫੋਕਟ ਕਰਮਾਂ ਨਾਲ ਮੁਕਤੀ ਨਹੀਂ ਮਿਲਦੀ

**੧. ਸਿਰ ਤਲਵਾਇਆਂ ਪਾਈਐ**
**ਚਮਗਿੱਦੜ ਜੂਹੇ।**
**੨. ਮੜੀ ਮਸਾਣੀ ਜੇ ਮਿਲੈ**
**ਵਿਚ ਖੁੱਡਾਂ ਚੂਹੇ।**
**੩. ਮਿਲੈ ਨ ਵੱਡੀ ਆਰਜਾ**
**ਬਿਸੀਅਰ ਵਿਹੁ ਲੂਹੇ।**
**੪. ਹੋਇ ਕੁਚੀਲੁ ਵਰਤੀਐ**
**ਖਰ ਸੂਰ ਭਸੂਹੇ।**
**੫. ਕੰਦਮੂਲ ਚਿਤੁ ਲਾਈਐ**
**ਅਈਅੜ ਵਣੁ ਧੂਹੇ।**
**੬. ਵਿਣੁ ਗੁਰ ਮੁਕਤਿ ਨ ਹੋਵਈ**
**ਜਿਉਂ ਘਰੁ ਵਿਣੁ ਬੂਹੇ ॥੧੩॥**

***ਪਦ ਅਰਥ :*** ਸਿਰ ਤਲਵਾਇਆਂ—ਮੂਧੇ ਸਿਰ ਕਰਨ ਨਾਲ। ਜੂਹੇ—ਬਨਾਂ ਵਿਚ। ਆਰਜਾ—ਉਮਰ। ਬਿਸੀਅਰ—ਸੱਪ। ਭਸੂਹੇ—ਖੇਹ ਵਿਚ ਰੁਲਣਾ। ਅਈਅੜ—ਬੱਕਰੀਆਂ ਦਾ ਵੱਗ। ਬੂਹੇ—ਤਖਤੇ, ਦਿਲ੍ਹੀਜ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਅਨੇਕਾਂ ਲੋਕ ਮੁਕਤ ਹੋਣ ਲਈ ਅਨੇਕਾਂ ਤਰ੍ਹਾਂ ਦੇ ਤਪ ਜਪ ਕਰਦੇ ਹਨ, ਪਰ ਇਨ੍ਹਾਂ ਬਾਰੇ ਤੁਹਾਡਾ ਗੁਰਮਤ ਅਨੁਸਾਰ ਕੀ ਵੀਚਾਰ ਹੈ ?

**ਉ:** ਹੇ ਭਾਈਓ! ਇਨ੍ਹਾਂ ਬੈਰੂਨੀ ਅਨੇਕ ਤਰ੍ਹਾਂ ਦੇ ਸਾਧਨ ਕਰਨ ਵਾਲੇ ਲੋਕਾਂ ਬਾਰੇ ਜੋ ਮੈਨੂੰ ਗੁਰਮਤ ਦੁਆਰੇ ਬੋਧ ਮਿਲਿਆ ਹੈ, ਉਸਨੂੰ ਮੈਂ ਇਸ ਪਉੜੀ ਵਿਚ ਉੱਕਰਿਆ ਹੈ :

(੧) (ਹੇ ਭਾਈਓ! ਗੁਰਮਤ ਤਾਂ ਇਉਂ ਹੀ ਫ਼ੁਰਮਾਨ ਕਰਦੀ ਹੈ ਕਿ) ਜੇ ਪੁੱਠੇ ਲਟਕ ਕੇ ਤਪ ਕੀਤਿਆਂ (ਮੁਕਤੀ) ਮਿਲਦੀ ਹੋਵੇ ਤਾਂ ਉਜਾੜਾਂ ਵਿਚ ਚਮਗਿੱਦੜ ਪੁੱਠੇ ਲਟਕਦੇ ਹਨ (ਉਹ ਮੁਕਤ ਹੋ ਜਾਂਦੇ)।

(੨) ਜੇ ਮੜ੍ਹੀਆਂ ਮਸਾਣਾਂ ਵਿਚ ਰਹਿ ਕੇ (ਮੁਕਤੀ ਮਿਲਦੀ) ਤਾਂ ਚੂਹਿਆਂ ਨੂੰ ਖੁੱਡਾਂ ਵਿਚ ਮਿਲ ਜਾਂਦੀ।

(੩) ਲੰਮੀ ਉਮਰ ਨਾਲ ਵੀ ਮੁਕਤੀ ਨਹੀਂ ਮਿਲਦੀ, ਵੱਡੀ ਉਮਰ ਵਾਲੇ ਸੱਪ ਵਿਹੁ ਵਿਚ ਹੀ ਲੂੰਹਦੇ ਰਹਿੰਦੇ ਹਨ।

(੪) ਜੇਕਰ ਕੁਚੀਲ (ਗੰਦੇ) ਰਿਹਾਂ ਮੁਕਤੀ ਮਿਲਦੀ ਹੋਵੇ ਤਾਂ ਖੋਤੇ ਤੇ ਸੂਰ ਖੇਹ ਵਿਚ ਹੀ ਰੁਲਦੇ ਰਹਿੰਦੇ ਹਨ (ਉਹ ਮੁਕਤ ਕਿਉਂ ਨਹੀਂ ਹੁੰਦੇ)।

(੫) (ਜੇਕਰ ਕੰਦਮੂਲ ਖਾਧਿਆਂ (ਮੁਕਤੀ) ਮਿਲਦੀ ਹੋਵੇ ਤਾਂ ਬੱਕਰੀਆਂ ਦਾ ਇੱਜੜ ਦਰਖ਼ਤਾਂ ਨੂੰ ਹੀ ਧੂਹ ਧੂਹ ਕੇ ਖਾਂਦਾ ਰਹਿੰਦਾ ਹੈ।

(੬) ਬਿਨਾਂ ਪੂਰਨ ਗੁਰੂ ਤੋਂ ਮੁਕਤੀ ਨਹੀਂ ਮਿਲਦੀ, ਜਿਵੇਂ ਬੂਹਿਆਂ ਨੂੰ ਲੰਘੇ ਬਿਨਾਂ ਘਰ ਵਿਚ ਨਹੀਂ ਜਾ ਸਕੀਦਾ।੧੩।

***ਭਾਵਾਰਥ :*** ਝੂਠੇ ਸਾਧਨਾਂ ਦਾ ਪੋਲ ਖੋਲ੍ਹ ਕੇ ਦੱਸਦੇ ਹਨ ਕਿ ਸਤਿਗੁਰੂ ਬਿਨਾਂ ਮੁਕਤੀ ਨਹੀਂ ਮਿਲਦੀ, ਜੋ ਸੱਜਨ 'ਗੁਰੂ ਗ੍ਰੰਥ ਪੰਥ' ਦੀ ਸ਼ਰਨ ਆ ਕੇ ਸੱਚੇ ਸਤਿਸੰਗ (ਗੁਰਮੁਖ ਮੇਲ) ਪਾ ਕੇ ਸਫਲ ਨਹੀਂ ਹੋਏ ਉਨ੍ਹਾਂ ਦਾ ਮੁਕਤ ਹੋਣਾ ਕਠਿਨ ਹੈ।

## ੧੪. ਪੂਰਨ ਗੁਰੂ ਤੋਂ ਬਿਨਾਂ ਮੁਕਤੀ ਨਹੀਂ ਮਿਲਦੀ

੧. ਮਿਲੈ ਜਿ ਤੀਰਥਿ ਨ੍ਹਾਤਿਆਂ
ਡੱਡਾਂ ਜਲ ਵਾਸੀ।
੨. ਵਾਲ ਵਧਾਇਆਂ ਪਾਈਐ
ਬੜ ਜਟਾਂ ਪਲਾਸੀ।
੩. ਨੰਗੇ ਰਹਿਆਂ ਜੇ ਮਿਲੈ
ਵਣਿ ਮਿਰਗ ਉਦਾਸੀ।
੪. ਭਸਮ ਲਾਇ ਜੇ ਪਾਈਐ
ਖਰੁ ਖੇਹ ਨਿਵਾਸੀ।
੫. ਜੇ ਪਾਈਐ ਚੁਪ ਕੀਤਿਆਂ
ਪਸ਼ੂਆਂ ਜੜ ਹਾਸੀ।
੬. ਵਿਣੁ ਗੁਰ ਮੁਕਤਿ ਨ ਹੋਵਈ
ਗੁਰੁ ਮਿਲੈ ਖਲਾਸੀ ॥੧੪॥

***ਪਦ ਅਰਥ :*** ਡੱਡਾਂ—ਡੱਡੂ। ਬੜ—ਬੋਹੜ। ਖਰ—ਖੋਤਾ। ਖਲਾਸੀ—ਮੁਕਤੀ।

***ਅਰਥ :***

(੧) (ਉਪਰਲੇ ਭਾਵ ਦਾ ਹੀ ਹੋਰ ਖੁਲਾਸਾ ਕਰਦੇ ਹਨ) ਜੇ ਤੀਰਥਾਂ ਦੇ ਪਾਣੀ ਵਿਚ ਨਹਾਉਣ ਨਾਲ ਮੁਕਤੀ ਮਿਲਦੀ ਹੋਵੇ ਤਾਂ ਡੱਡੂ ਆਦਿ ਜੀਵ ਹਰ ਸਮੇਂ ਪਾਣੀ ਵਿਚ ਹੀ ਵੱਸਦੇ ਹਨ।
(੨) ਜੇ ਜਟਾਂ ਵਧਾਉਣ ਨਾਲ ਮੁਕਤੀ ਪ੍ਰਾਪਤ ਹੁੰਦੀ ਹੋਵੇ ਤਾਂ ਬੋਹੜ ਦੀਆਂ ਜੜਾਵਾਂ ਪਾਲੋ ਪਾਲ ਲਮਕਦੀਆਂ ਹਨ।
(੩) ਜੇ ਨੰਗੇ ਰਹਿਣ ਨਾਲ ਮੁਕਤੀ ਮਿਲਦੀ ਹੋਵੇ ਤਾਂ ਬਨਾਂ ਵਿਚ ਹਰਨ ਆਦਿ ਪਸ਼ੂ ਵੀ ਫਿਰਦੇ ਰਹਿੰਦੇ ਹਨ।
(੪) ਜੇ ਭਸਮ (ਬਿਭੂਤ) ਲਾਇਆਂ ਮੁਕਤੀ ਮਿਲਦੀ ਹੋਵੇ ਤਾਂ ਖੋਤਾ ਖੇਹ ਵਿਚ ਹੀ ਲੇਟਦਾ ਰਹਿੰਦਾ ਹੈ।
(੫) ਜੇ ਚੁੱਪ (ਮੋਨ) ਰਹਿਆਂ ਮੁਕਤੀ ਪ੍ਰਾਪਤ ਹੁੰਦੀ ਹੋਵੇ ਤਾਂ ਸਾਰੇ ਪਸ਼ੂ ਚੁੱਪ ਹੀ ਰਹਿੰਦੇ ਹਨ।
(੬) (ਸਿਧਾਂਤ ਦੀ ਗੱਲ ਇਹੋ ਹੈ ਕਿ) ਪੂਰਨ ਗੁਰੂ ਤੋਂ ਬਿਨਾ ਮੁਕਤੀ ਨਹੀਂ ਮਿਲਦੀ, ਗੁਰੂ ਮਿਲੇ ਤਾਂ ਹੀ ਇਸ ਜਨਮ ਮਰਨ (ਆਵਾਗਵਨ) ਦੇ ਚੱਕਰ ਤੋਂ ਛੁਟਕਾਰਾ ਮਿਲਦਾ ਹੈ।੧੪।

## ੧੫. ਮੁਕਤੀ ਦੀ ਦਾਤ ਪੂਰਨ ਗੁਰੂ ਤੋਂ ਹੀ ਮਿਲਦੀ ਹੈ

੧. ਜੜ੍ਹੀਂ ਬੂਟੀਂ ਜੇ ਜੀਵੀਐ
ਕਿਉ ਮਰੈ ਧਨੰਤਰੁ।
੨. ਤੰਤੁ ਮੰਤੁ ਬਾਜੀਗਰਾਂ
ਓਇ ਭਵਹਿ ਦਿਸੰਤਰੁ।
੩. ਰੁੱਖੀਂ ਬਿਰਖੀਂ ਪਾਈਐ
ਕਾਸਟ ਬੈਸੰਤਰੁ।
੪. ਮਿਲੈ ਨ ਵੀਰਾਰਾਧ ਕਰਿ
ਠੱਗ ਚੋਰ ਨ ਅੰਤਰੁ।
੫. ਮਿਲੈ ਨ ਰਾਤੀਂ ਜਾਗਿਆਂ
ਅਪਰਾਧਿ ਭਵੰਤਰੁ।
੬. ਵਿਣੁ ਗੁਰ ਮੁਕਤਿ ਨ ਹੋਵਈ
ਗੁਰਮੁਖਿ ਅਮਰੰਤਰੁ ॥੧੫॥

***ਪਦ ਅਰਥ :*** ਧਨੰਤਰੁ—ਪ੍ਰਸਿੱਧ ਵੈਦ। ਵੀਰਾਰਾਧ—ਭੂਤਾਂ ਦੀ ਸੇਵਾ। ਨ ਅੰਤਰੁ—ਅੰਤਰਾ ਨਹੀਂ। ਅਮਰੰਤਰੁ—ਅਮਰ ਤੇ ਅਮਰ ਕਾਰਕ।

***ਅਰਥ :***

(੧) ਜੇਕਰ ਜੜ੍ਹੀ ਬੂਟੀਆਂ (ਔਸ਼ਧੀਆਂ) ਨਾਲ ਅਮਰ-ਜੀਵਨ (ਜੀਵਨ-ਮੁਕਤੀ) ਮਿਲਦੀ ਹੁੰਦੀ ਤਾਂ ਧਨੰਤਰ ਵੈਦ ਕਿਉਂ ਮਰਦਾ ?
(੨) ਜੇਕਰ ਜੰਤ੍ਰਾਂ ਮੰਤ੍ਰਾਂ ਤੇ ਤੰਤਰਾਂ ਨਾਲ ਅਮਰਤਾ ਮਿਲਦੀ ਹੋਵੇ ਤਾਂ ਬਾਜੀਗਰ ਦੇਸ ਦਿਸੰਤਰਾਂ ਵਿਚ ਕਿਉਂ ਭੌਂਦੇ ਫਿਰਨ ?
(੩) ਜੇਕਰ ਰੁਖਾਂ ਬ੍ਰਿਛਾਂ ਨੂੰ ਪੂਜਿਆਂ ਮੁਕਤੀ ਮਿਲਦੀ ਹੋਵੇ ਤਾਂ ਬ੍ਰਿਛਾਂ ਨੂੰ ਅੱਗ ਕਿਉਂ ਵਿਆਪਦੀ ? (ਭਾਵ ਬ੍ਰਿਛ ਆਪ ਕਲੇਸ਼ ਤੇ ਮੁਕਤ ਨਹੀਂ ਹੁੰਦੇ)।
(੪) ਭੂਤਾਂ ਦੀ ਅਰਾਧਨਾ ਕਰਨ ਨਾਲ ਵੀ ਮੁਕਤੀ ਨਹੀਂ ਮਿਲਦੀ, ਕਿਉਂਕਿ ਭੂਤਾਂ ਦੀ ਅਰਾਧਨਾ ਕਰਨ ਵਾਲਿਆਂ ਠੱਗਾਂ ਚੋਰਾਂ ਵਿਚ ਕੋਈ ਫ਼ਰਕ ਨਹੀਂ ਹੁੰਦਾ।
(੫) ਰਾਤ ਜਾਗਿਆਂ ਵੀ ਮੁਕਤੀ ਨਹੀਂ ਮਿਲਦੀ, ਜੇ ਮਿਲਦੀ ਹੋਵੇ ਤਾਂ ਚੋਰ ਡਾਕੂ ਆਦਿ ਅਪਰਾਧੀ ਸਾਰੀ ਰਾਤ ਜਾਗ ਕੇ ਭੌਂਦੇ ਰਹਿੰਦੇ ਹਨ।

(੬) (ਮੁਕਦੀ ਗੱਲ ਇਹ ਹੈ ਕਿ) ਬਿਨਾਂ ਗੁਰੂ ਤੋਂ ਮੁਕਤੀ ਨਹੀਂ ਮਿਲਦੀ, ਗੁਰੂ ਆਪ ਅਮਰ (ਮੁਕਤ) ਹਨ ਤੇ ਆਪਣੇ ਸਤਿਸੰਗੀਆਂ ਨੂੰ ਮੁਕਤ ਕਰਦੇ ਹਨ।੧੫।

## ੧੬. ਬਿਨਾਂ ਪੂਰੇ ਗੁਰੂ ਤੋਂ ਮੁਕਤ ਨਹੀਂ ਮਿਲਦੀ

**੧. ਘੰਟੁ ਘੜਾਇਆ ਚੂਹਿਆਂ**
**ਗਲਿ ਬਿੱਲੀ ਪਾਈਐ।**
**੨. ਮਤਾ ਪਕਾਇਆ ਮੱਖੀਆਂ**
**ਘਿਉ ਅੰਦਰ ਨ੍ਹਾਈਐ।**
**੩. ਸੂਤਕੁ ਲਹੈ ਨ ਕੀੜਿਆਂ**
**ਕਿਉਂ ਝੱਟ ਲੰਘਾਈਐ।**
**੪. ਸਾਵਣ ਰਹਿਣ ਭੰਬੀਰੀਆਂ**
**ਜੇ ਪਾਰਿ ਵਸਾਈਐ।**
**੫. ਕੂੰਜੜੀਆਂ ਵੈਸਾਖ ਵਿਚਿ**
**ਜਿਉਂ ਜੂਹ ਪਰਾਈਐ।**
**੬. ਵਿਣੁ ਗੁਰ ਮੁਕਤਿ ਨ ਹੋਵਈ**
**ਫਿਰ ਆਈਐ ਜਾਈਐ ॥੧੬॥**

***ਪਦ ਅਰਥ :*** ਘੰਟੁ—ਘੜਿਆਲ। ਮਤਾ—ਸਲਾਹ। ਪਾਰਿ ਵਸਾਈਐ—ਜਤਨ ਕਰੀਏ। ਜੂਹ—ਉਜਾੜ।

***ਅਰਥ :***

(ਇਸ ਪਉੜੀ ਵਿਚ ਭੀ ਪੂਰਨ ਗੁਰੂ ਦੀ ਮਹਾਨਤਾ ਦਰਸਾਈ ਹੈ)।

(੧) (ਜਿਵੇਂ) ਚੂਹਿਆਂ ਨੇ ਘੜਿਆਲ ਬਣਾਇਆ ਕਿ ਬਿੱਲੀ ਦੇ ਗਲ ਵਿਚ ਪਾ ਦੇਈਏ (ਤਾਕਿ ਉਸਦੇ ਆਉਣ ਦਾ ਸਾਨੂੰ ਪਤਾ ਲੱਗ ਜਾਇਆ ਕਰੇ, ਪਰ ਉਹ ਇਹ ਗੱਲ ਕਰ ਨਹੀਂ ਸਕਦੇ।)

(੨) ਮੱਖੀਆਂ ਨੇ ਸਲਾਹ ਕੀਤੀ ਕਿ ਘਿਉ ਵਿਚ ਨਹਾਈਏ, (ਪਰ ਉਹ ਅਜਿਹਾ ਨਹੀਂ ਕਰ ਸਕਦੀਆਂ)।

(੩) ਕੀੜਿਆਂ ਨੇ ਸਲਾਹ ਕੀਤੀ ਕਿ ਆਪਣਾ ਸੂਤਕ ਲਾਹੀਏ ਤੇ ਆਪਣਾ ਸਮਾਂ ਬਿਤਾਈਏ (ਪਰ ਉਨ੍ਹਾਂ ਦਾ ਸੂਤਕ ਨਹੀਂ ਲਹਿੰਦਾ ਕਿਉਂਕਿ ਉਹ ਪਲ ਪਲ ਪਿਛੋਂ ਮਰਦੇ ਹਨ)।

(੪) ਭਾਵੇਂ ਕਿਤਨਾ ਜਤਨ ਕਰੀਏ ਕਿ ਸਾਵਣ ਦੇ ਭੰਬਟ ਭੰਬੀਰੀਆਂ ਜਿਉਂਦੇ ਰਹਿ ਸਕਣ (ਪਰ ਉਹ ਜੀਉਂਦੇ ਨਹੀਂ ਰਹਿ ਸਕਦੇ)।

(੫) ਜਿਵੇਂ ਵਿਸਾਖ ਦੇ ਮਹੀਨੇ ਵਿਚ ਕੂੰਜਾਂ ਪਰਾਈ ਉਜਾੜ ਵਿਚ ਚਲੀਆਂ ਜਾਂਦੀਆਂ ਹਨ, (ਸਦਾ ਇਕ ਜਗ੍ਹਾ ਨਹੀਂ ਰਹਿੰਦੀਆਂ)।

(੬) (ਇਸੇ ਤਰ੍ਹਾਂ) ਪੂਰਨ ਗੁਰੂ ਤੋਂ ਬਿਨਾਂ ਮੁਕਤੀ ਹੋਣੀ ਅਸੰਭਵ ਹੈ, ਮੁੜ ਮੁੜ ਆਈ ਜਾਈਦਾ ਹੈ।੧੬।

ਭਾਵ, ਮੁਕਤੀ ਸੱਚੇ ਸਤਿਗੁਰੂ ਤੋਂ ਹੀ ਮਿਲਦੀ ਹੈ, ਉਸੇ ਦੀ ਸ਼ਰਨ ਵਿਚ ਰਹਿ ਕੇ ਸੇਵਾ ਤੇ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ।

## ੧੭. ਝੂਠ ਕਦੇ ਭੀ ਸੱਚ ਨਹੀਂ ਬਣਦਾ

**੧. ਜੇ ਖੁੱਥੀ ਬਿੰਡਾ ਬਹੈ**
**ਕਿਉਂ ਹੋਇ ਬਜਾਜੁ।**
**੨. ਕੁੱਤੇ ਦੇ ਗਲਿ ਵਾਸਣੀ**
**ਨ ਸਰਾਫੀ ਸਾਜੁ।**
**੩. ਰਤਣ ਮਣੀ ਗਲਿ ਬਾਂਦਰੈ**
**ਜਉਹਰੀ ਨਹਿ ਕਾਜੁ।**
**੪. ਗੱਦਹੁ ਚੰਦਨੁ ਲੱਦੀਐ**
**ਨਹਿ ਗਾਂਧੀ ਗਾਜੁ।**
**੫. ਜੇ ਮੱਖੀ ਮੁਹਿ ਮੱਕੜੀ**
**ਕਿਉਂ ਹੋਵੈ ਬਾਜੁ।**
**੬. ਸੱਚੁ ਸਚਾਂਵਾਂ ਕਾਂਢੀਐ ਕੂੜਿ ਕੂੜਾ ਪਾਜੁ ॥੧੭॥**

***ਪਦ ਅਰਥ :*** ਖੁੱਥੀ—ਥੇਕੀ, ਥਾਨਾਂ ਦੀ ਗੰਢ। ਗਾਜੁ—ਕਹੀਦਾ। ਕਾਂਢੀਐ—ਕਹੀਦਾ। ਵਾਸਣੀ—ਲੱਕ ਦੀ ਰੁਪੱਯਾਂ ਵਾਲੀ ਥੈਲੀ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਕਈ ਝੂਠੇ ਬੰਦੇ ਭੀ ਆਪਣੇ ਆਪ ਨੂੰ ਸੱਚੇ ਦਰਸਾਉਣ ਦਾ ਯਤਨ ਕਰਦੇ ਹਨ, ਕੀ ਉਹ ਇਸ ਤਰ੍ਹਾਂ ਕਰਨ ਨਾਲ ਸਫਲ ਹੋ ਜਾਂਦੇ ਹਨ ?

ਉ: ਹੇ ਭਾਈਓ ! ਉਹ ਕੂੜੇ ਲੋਕ ਸਦਾ ਹੀ ਝੂਠੇ ਰਹਿੰਦੇ ਹਨ।

(੧) (ਜਿਵੇਂ ਕਿ) ਜੇ ਬੀਂਡਾ ਥੇਕੀ (ਥਾਨਾਂ ਦੀ ਗੰਢ) ਉਤੇ ਬਹਿ ਜਾਵੇ ਤਾਂ ਉਹ ਬਜਾਜ ਕਿਸ ਤਰ੍ਹਾਂ ਬਣ ਜਾਏਗਾ ? (ਭਾਵ ਨਹੀਂ ਬਣਦਾ)।

(੨) ਜੇ ਕੁੱਤੇ ਦੇ ਗਲ ਵਿਚ ਰੁਪਯਾਂ ਦੀ ਵਾਂਸਲੀ ਬੰਨ੍ਹ ਦਿਤੀ ਜਾਵੇ ਤਾਂ ਉਸਦਾ ਸਰਾਫ਼ ਨਾਲ ਸਾਜ ਨਹੀਂ ਹੋ ਸਕਦਾ।

(੩) ਬਾਂਦਰ ਦੇ ਗਲ ਵਿਚ ਰਤਨ ਤੇ ਮਣੀਆਂ ਬੰਨ੍ਹ ਦੇਈਏ ਤਾਂ ਉਹ ਜੌਹਰੀ ਦਾ ਕੰਮ ਨਹੀਂ ਕਰ ਸਕਦਾ।

(੪) ਜੇ ਖੋਤੇ ਉਤੇ ਚੰਦਨ ਲੱਦ ਦੇਈਏ ਤਾਂ ਉਹ ਗਾਂਧੀ (ਅਤਰ ਵੇਚਣ ਵਾਲਾ) ਨਹੀਂ ਕਿਹਾ ਜਾਂਦਾ।

(੫) ਜੇ ਮੱਕੜੀ ਦੇ ਮੂੰਹ ਵਿਚ ਮੱਖੀ ਆ ਜਾਵੇ ਤਾਂ ਉਹ ਬਾਜ ਕਿਵੇਂ ਹੋ ਸਕਦੀ ਹੈ ? (ਭਾਵ ਨਹੀਂ ਹੋ ਸਕਦੀ)।

(੬) (ਇਸੇ ਤਰ੍ਹਾਂ) ਸੱਚੇ ਨੂੰ ਹੀ ਸੱਚਾ ਕਿਹਾ ਜਾਂਦਾ ਹੈ, ਝੂਠੇ ਦਾ ਪਖੰਡ ਝੂਠਾ ਹੀ ਹੋਇਆ ਕਰਦਾ ਹੈ।੧੭।

## ੧੮. ਅਣਹੋਂਦਾ ਆਪ ਨੂੰ ਗਣਾਉਣ ਵਾਲਾ ਮੂਰਖ ਹੈ

**੧. ਅੰਙਨਿ ਪੁੱਤੁ ਗਵਾਂਢਣੀ**
**ਕੂੜਾਵਾ ਮਾਣਾ।**
**੨. ਪਾਲੀ ਚਉਣਾ ਚਾਰਦਾ**
**ਘਰ ਵਿੱਤੁ ਨ ਜਾਣਾ।**
**੩. ਬਦਰਾ ਸਿਰਿ ਵੇਗਾਰੀਐ**
**ਨਿਰਧਨੁ ਹੈਰਾਣਾ।**
**੪. ਜਿਉਂ ਕਰ ਰਾਖਾ ਖੇਤ ਵਿਚਿ**
**ਨਾਹੀ ਕਿਰਸਾਣਾ।**
**੫. ਪਰ ਘਰੁ ਜਾਣੈ ਆਪਣਾ**
**ਮੂਰਖ ਮਿਹਮਾਣਾ।**
**੬. ਅਣਹੋਂਦਾ ਆਪ ਗਣਾਇਦਾ**
**ਓਹ ਵਡਾ ਅਜਾਣਾ ॥੧੮॥**

**ਪਦ ਅਰਥ :** ਅੰਙਨਿ—ਵੇਹੜੇ ਵਿਚ। ਪਾਲੀ—ਵਾਗੀ। ਚਉਣਾ—ਵੱਗ। ਬਦਰਾ—(ਰੁਪਯਾਂ ਦੀ) ਥੈਲੀ। ਹੈਰਾਣਾ—ਦੁਖੀ ਹੋਣਾ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਤੁਹਾਡੀਆਂ ਨਜ਼ਰਾਂ ਵਿਚ ਵੱਡਾ ਮੂਰਖ ਕੌਣ ਹੋ ਸਕਦਾ ਹੈ ?

ਉ: ਹੇ ਭਾਈਓ ! ਇਸ ਭਾਵ ਨੂੰ ਪ੍ਰਗਟਾਉਣ ਲਈ ਮੈਂ ਕੁਝ ਉਦਾਹਰਣ ਦਿਤੇ ਹਨ।

(੧) (ਜਿਵੇਂ ਕਿ) ਜੇ ਕਿਸੇ ਗੁਆਂਢਣ ਦਾ ਪੁੱਤਰ ਆਪਣੇ ਵੇਹੜੇ ਵਿਚ ਆ ਜਾਵੇ ਤਾਂ ਉਸ ਨੂੰ ਆਪਣਾ ਜਾਣ ਕੇ ਮਾਣ ਕਰਨਾ ਝੂਠਾ ਹੈ।

(੨) ਵਾਗੀ ਵੱਗ ਨੂੰ ਚਾਰਦਾ ਹੈ, ਪਰ ਉਹ ਵੱਗ ਨੂੰ ਆਪਣੇ ਘਰ ਦਾ ਮਾਲ ਨਹੀਂ ਜਾਣ ਸਕਦਾ।

(੩) ਰੁਪਿਆਂ ਦੀ ਥੈਲੀ ਕਿਸੇ ਵਿਗਾਰੀ ਦੇ ਸਿਰ 'ਤੇ ਹੁੰਦਿਆਂ ਵੀ ਉਹ ਨਿਰਧਨ ਹੈ ਤੇ ਹੈਰਾਨ (ਦੁਖੀ) ਰਹਿੰਦਾ ਹੈ।

(੪) ਜਿਵੇਂ ਰਾਖਾ ਖੇਤ ਦੀ ਰਾਖੀ ਕਰਦਾ ਹੈ, ਪਰ ਉਹ ਜ਼ਿਮੀਦਾਰ (ਖੇਤ ਦਾ ਮਾਲਕ) ਨਹੀਂ ਹੋ ਜਾਂਦਾ।

(੫) ਉਹ ਪਰਾਹੁਣਾ ਮੂਰਖ ਹੁੰਦਾ ਹੈ, ਜਿਹੜਾ ਬਿਗਾਨੇ ਘਰ ਨੂੰ ਆਪਣਾ ਜਾਣਦਾ ਹੈ।

(੬) (ਇਸੇ ਤਰ੍ਹਾਂ) ਜਿਹੜਾ ਮਨੁੱਖ ਅਣਹੋਂਦਾ ਹੀ ਆਪਣੇ ਆਪ ਨੂੰ ਜਣਾਉਂਦਾ ਹੈ, ਉਹ ਵੱਡਾ ਮੂਰਖ ਹੈ।੧੮।

ਜਿਵੇਂ ਕਿ ਗੁਰੂ ਫ਼ੁਰਮਾਣ ਹੈ :

ਨਾਨਕ ਤੇ ਨਰ ਅਸਲਿ ਖਰ
ਜਿ ਬਿਨੁ ਗੁਣ ਗਰਬੁ ਕਰੰਤ॥ *(ਪੰਨਾ ੧੪੧੧)*

## ੧੯. ਗੁਣਾਂ ਤੋਂ ਹੀਣਾ ਬੰਦਾ ਭੀ ਗਵਾਰ ਹੈ

**੧. ਕੀੜੀ ਵਾਕ ਨ ਥੰਮੀਐ**
**ਹਸਤੀ ਦਾ ਭਾਰੁ।**
**੨. ਹੱਥ ਮਰੋੜੇ ਮੱਖੁ ਕਿਉਂ**
**ਹੋਵੈ ਸ਼ੀਂਹ ਮਾਰੁ।**

੩. ਮੱਛਰ ਡੰਗ ਨ ਪੁੱਜਈ
ਬਿਸੀਅਰੁ ਬੁਰਿਆਰੁ।
੪. ਚਿੱਤ੍ਰੇ ਲੱਖ ਮਕੌੜਿਆਂ
ਕਿਉਂ ਹੋਇ ਸ਼ਿਕਾਰੁ।
੫. ਜੇ ਜੂਹ ਸਉੜੀ ਸੰਜਰੀ
ਰਾਜਾ ਨ ਭਤਾਰੁ।
੬. ਅਣਹੋਂਦਾ ਆਪ ਗਣਾਇੰਦਾ ਓਹ ਵਡਾ ਗਵਾਰੁ ॥੧੯॥

***ਪਦ ਅਰਥ :*** ਕੀੜੀ ਵਾਕ—ਕੀੜੀ ਪਾਸੋਂ, ਜਾਂ ਕੀੜੀ ਦੇ ਕਹੇ। ਹਸਤੀ—ਹਾਥੀ। ਬਿਸੀਅਰੁ—ਸੱਪ। ਬੁਰਿਆਰੁ—ਜ਼ਹਿਰੀਲਾ। ਜੂਹ—ਜੂੰਆਂ। ਸਉੜੀ—ਰਜ਼ਾਈ। ਚਿੱਤ੍ਰੇ—ਰੰਗ ਦੇਵੇ।

***ਅਰਥ :***

ਇਸ ਪਉੜੀ ਵਿਚ ਭੀ ਪਿਛਲਾ ਹੀ ਭਾਵ ਪ੍ਰਗਟ ਕਰਦੇ ਹਨ, ਕਿ ਨਿਰਗੁਣ ਪੁਰਸ਼ ਜੋ ਮਾਣ ਕਰਦਾ ਹੈ, ਉਹ ਭੀ ਮੂਰਖ ਹੈ।

(੧) (ਜਿਵੇਂ) ਕੀੜੀ ਪਾਸੋਂ ਹਾਥੀ ਦਾ ਭਾਰ ਨਹੀਂ ਥੰਮ੍ਹਿਆ ਜਾਂਦਾ।
(੨) ਮੱਖ ਕਿਤਨਾ ਹੀ ਹੱਥ ਮਰੋੜੇ, ਉਹ ਸ਼ੇਰ-ਮਾਰ ਕਿਵੇਂ ਬਣ ਜਾਏਗਾ ?
(੩) ਮੱਛਰ ਦਾ ਡੰਗ ਜ਼ਹਿਰੀਲੇ ਸੱਪ ਦੇ ਜ਼ਹਿਰ ਬਰਾਬਰ ਨਹੀਂ ਹੋ ਸਕਦਾ।
(੪) ਲੱਖਾਂ ਮਕੌੜੇ ਮਾਰ ਕੇ ਕੋਈ ਚਿੱਤ੍ਰੇ ਦਾ ਸ਼ਿਕਾਰੀ ਨਹੀਂ ਬਣ ਜਾਂਦਾ।
(੫) ਜੇਕਰ ਕਿਸੇ ਮਨੁੱਖ ਦੀ ਰਜ਼ਾਈ ਵਿਚ ਬਹੁਤੀਆਂ ਜੂਆਂ ਇਕੱਠੀਆਂ ਹੋ ਜਾਣ ਤਾਂ ਉਸ ਰਜ਼ਾਈ ਦਾ ਮਾਲਕ ਰਾਜਾ ਨਹੀਂ ਬਣ ਜਾਂਦਾ।
(੬) (ਇਸੇ ਤਰ੍ਹਾਂ) ਜਿਹੜਾ ਮਨੁੱਖ ਗੁਣ-ਹੀਣ ਹੁੰਦਾ ਹੋਇਆ ਵੀ ਆਪਣੇ ਆਪ ਨੂੰ ਜਣਾਉਂਦਾ ਹੈ, ਉਹ ਵੱਡਾ ਮੂਰਖ ਹੈ।੧੯।

## ੨੦. ਗੁਰੂ ਦਾ ਪ੍ਰੇਮੀ ਪ੍ਰਗਟ ਹੋ ਜਾਂਦਾ ਹੈ

੧. ਪੁੱਤੁ ਜਣੈ ਵੜਿ ਕੋਠੜੀ
ਬਾਹਰਿ ਜਗੁ ਜਾਣੈ।
੨. ਧਨੁ ਧਰਤੀ ਵਿਚਿ ਦੱਬੀਐ
ਮਸਤਕਿ ਪਰਵਾਣੈ।
੩. ਵਾਟ ਵਟਾਊ ਆਖਦੇ
ਵੁੱਠੈ ਇੰਦ੍ਰਾਣੈ।
੪. ਸਭੁ ਕੋ ਸੀਸ ਨਿਵਾਇੰਦਾ
ਚੜਿਐ ਚੰਦ੍ਰਾਣੈ।
੫. ਗੋਰਖ ਦੇ ਗਲਿ ਗੋਦੜੀ
ਜਗੁ ਨਾਥੁ ਵਖਾਣੈ।
੬. ਗੁਰ ਪਰਚੈ ਗੁਰੁ ਆਖੀਐ
ਸਚਿ ਸੱਚੁ ਸਿਵਾਣੈ ॥੨੦॥

***ਪਦ ਅਰਥ :*** ਜਣੈ—ਜੰਮਦੀ ਹੈ। ਮਸਤਕਿ—ਮੱਥੇ ਵਿਚੋਂ। ਪਰਵਾਣੈ—ਪ੍ਰਤੀਤ ਹੁੰਦਾ ਹੈ। ਵੁੱਠੈ—ਮੀਂਹ ਵਰਸਣਾ। ਚੰਦ੍ਰਾਣੈ—ਦੂਜ ਦਾ ਚੰਦ੍ਰਮਾ। ਗੁਰ ਪਰਚੈ—ਗੁਰੂ ਨਾਲ ਪ੍ਰੇਮ ਕਰਨਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਕਈ ਰੱਬੀ-ਮਾਰਗ ਪਰ ਸਫ਼ਰ ਕਰਨ ਵਾਲੇ ਗੁਰੂ-ਪ੍ਰੇਮੀਆਂ ਵੱਲ ਤੱਕੀਦਾ ਹੈ ਕਿ ਉਹ ਜਿਤਨਾ ਭੀ ਆਪਣੇ ਆਪ ਨੂੰ ਗੁਪਤ ਰਖਣਾ ਚਾਹੁੰਦੇ ਹਨ, ਉਹ ਆਖ਼ਰ ਪ੍ਰਗਟ ਹੋ ਹੀ ਜਾਂਦੇ ਹਨ, ਇਸਦਾ ਅਸਲ ਕਾਰਨ ਕੀ ਹੈ, ਜਾਣਕਾਰੀ ਦਿਓ ?

**ਉ:** ਹੇ ਭਾਈਓ ! ਇਸੇ ਭਾਵ ਨੂੰ ਪ੍ਰਗਟਾਉਣ ਲਈ ਮੈਂ ਇਸ ਪਉੜੀ ਵਿਚ ਕੁਝ ਉਦਾਹਰਣ ਦਿਤੇ ਹਨ, ਜਿਸ ਵਿਚ ਇਹ ਬੋਧ ਦਿਤਾ ਹੈ ਕਿ ਅਸਲੀਅਤ ਨੂੰ ਛੁਪਾਇਆ ਨਹੀਂ ਜਾ ਸਕਦਾ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ ਇਸਤ੍ਰੀ) ਕੋਠੜੀ ਵਿਚ ਪੁੱਤ੍ਰ ਜੰਮਦੀ ਹੈ, ਪਰ ਬਾਹਰ ਸੰਸਾਰ ਦੇ ਲੋਕਾਂ ਨੂੰ ਪਤਾ ਲੱਗ ਜਾਂਦਾ ਹੈ।
(੨) ਧਨ ਧਰਤੀ ਵਿਚ ਭੀ ਦੱਬਿਆ ਹੋਵੇ, ਤਾਂ ਵੀ ਲੋਕ

ਮੱਥੇ ਦੀ ਚਮਕ ਦਮਕ ਵੇਖ ਕੇ ਜਾਣ ਲੈਂਦੇ ਹਨ ਕਿ ਇਸ ਕੋਲ ਧਨ ਹੈ।

(੩) ਰਸਤੇ ਦੇ ਰਾਹੀ ਵੀ ਆਖਦੇ ਹਨ ਕਿ ਮੀਂਹ ਵਰ੍ਹਿਆ ਹੈ (ਭਾਵ ਮੀਂਹ ਵਰ੍ਹਿਆ ਗੁੱਝਾ ਨਹੀਂ ਰਹਿੰਦਾ)।

(੪) ਦੂਜ ਦਾ ਚੰਦ੍ਰਮਾ ਚੜ੍ਹਿਆਂ ਹਰ ਕੋਈ ਸਿਰ ਨਿਵਾਉਂਦਾ ਹੈ।

(੫) ਗੋਰਖ ਦੇ ਗਲ ਵਿਚ ਗੋਦੜੀ ਪਈ ਹੋਵੇ ਤਾਂ ਹਰ ਕੋਈ ਉਸਨੂੰ (ਜਗਤ ਦਾ ਨਾਥ) ਮਾਲਕ ਆਖਦਾ ਹੈ।

(੬) (ਏਸੇ ਤਰ੍ਹਾਂ) ਜਿਹੜਾ ਕੋਈ ਗੁਰੂ ਨਾਲ ਪ੍ਰੇਮ ਕਰਦਾ ਹੈ, ਉਸਨੂੰ ਗੁਰੂ ਕਹੀਦਾ ਹੈ, ਕਿਉਂ ਜੋ ਸੱਚ ਨੂੰ ਸੱਚ ਪਛਾਣਦਾ ਹੈ।੨੦।

***ਭਾਵਾਰਥ :*** ਸੱਚ ਗੁੱਝਾ ਨਹੀਂ ਰਹਿੰਦਾ, ਤਿਵੇਂ ਗੁਰੂ ਲੁਕ ਨਹੀਂ ਸਕਦਾ, ਗੁਰੂ ਭਾਵੇਂ ਕਿਤੇ ਭੀ ਛਪ ਜਾਏ, ਆਖ਼ਰ ਪਤਾ ਲੱਗ ਜਾਂਦਾ ਹੈ। ਸਾਰਿਆਂ ਦ੍ਰਿਸ਼ਟਾਂਤਾਂ ਦਾ ਇਹੋ ਹੀ ਭਾਵ ਹੈ ਕਿ :

> ਅਨਿਕ ਜਤਨ ਕਰਿ ਹਿਰਦੈ ਰਾਖਿਆ
> ਰਤਨੁ ਨ ਛਪੈ ਛਪਾਇਆ ॥੧॥ *(ਭੀਖਨ, ਪੰਨਾ ੬੫੯)*

## ੨੧. ਬਖ਼ਸ਼ਣਹਾਰ ਸਤਿਗੁਰੂ ਦਾ ਹੀ ਸਦਾ ਸਿਮਰਨ ਕਰੋ

**੧. ਹਉ ਅਪਰਾਧੀ ਗੁਨਹਗਾਰੁ**
**ਹਉ ਬੇਮੁਖ ਮੰਦਾ।**
**੨. ਚੋਰ ਯਾਰ ਜੂਆਰਿ ਹਉਂ**
**ਪਰ ਘਰਿ ਜੋਹੰਦਾ।**
**੩. ਨਿੰਦਕੁ ਦੁਸ਼ਟੁ ਹਰਾਮ ਖੋਰੁ**
**ਠੱਗੁ ਦੇਸ ਠਗੰਦਾ।**
**੪. ਕਾਮੁ ਕਰੋਧੁ ਮਦੁ ਲੋਭੁ ਮੋਹੁ**
**ਹੰਕਾਰੁ ਕਰੰਦਾ।**
**੫. ਬਿਸਾਸਘਾਤੀ ਅਕ੍ਰਿਤਘਣ**
**ਮੈ ਕੋ ਨ ਰਖੰਦਾ।**
**੬. ਸਿਮਰਿ ਮੁਰੀਦਾ ਢਾਡੀਆ**
**ਸਤਿਗੁਰੁ ਬਖਸੰਦਾ ॥੨੧॥੩੬॥**

***ਪਦ ਅਰਥ :*** ਗੁਨਹਗਾਰੁ—ਦੋਸ਼ੀ, ਕਸੂਰਵਾਰ। ਜੋਹੰਦਾ—ਵੇਖਣ ਵਾਲਾ। ਠਗੰਦਾ—ਠੱਗਣ ਵਾਲਾ। ਸਿਮਰਿ—ਯਾਦ ਕਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਅਸੀਂ ਕਲਜੁਗੀ ਜੀਵਾਂ ਵਿਚ ਅਪਰਾਧ ਤਾਂ ਬਹੁਤ ਹਨ, ਉਨ੍ਹਾਂ ਨੂੰ ਹੀ ਬਖ਼ਸ਼ਾਉਣ ਲਈ ਕੋਈ ਸੁਖੈਨ ਸਾਧਨ ਦਰਸਾਓ ?

ਉ: ਹੇ ਭਾਈਓ! ਸਭ ਤੋਂ ਉੱਤਮ ਸਾਧਨ ਤਾਂ ਇਕੋ ਅਰਦਾਸ ਹੈ, ਜੋ ਸਦਾ ਹੀ ਇਉਂ ਕਰਦੇ ਰਹਿਣਾ ਚਾਹੀਦਾ ਹੈ ਕਿ :

(੧) (ਹੇ ਮੇਰੇ ਸਤਿਗੁਰੂ ਜੀ!) ਮੈਂ ਅਪਰਾਧੀ, ਦੋਸ਼ੀ, ਬੇਮੁਖ ਤੇ (ਮੰਦਾ) ਬੁਰਾ ਹਾਂ।

(੨) ਮੈਂ ਚੋਰ, ਯਾਰ, ਜੁਆਰੀਆ ਤੇ ਪਰਾਏ ਘਰਾਂ ਨੂੰ ਤਾੜਨ ਵਾਲਾ ਹਾਂ।

(੩) (ਮੈਂ) ਨਿੰਦਕ, ਦੁਸ਼ਟ, ਹਰਾਮਖੋਰ ਤੇ ਲੋਕਾਂ ਨੂੰ ਠੱਗਣ ਵਾਲਾ ਠੱਗ ਹਾਂ।

(੪) (ਮੈਂ), ਕਾਮ, ਕ੍ਰੋਧ, ਮਦ, ਲੋਭ, ਮੋਹ ਤੇ ਹੰਕਾਰ ਕਰਨ ਵਾਲਾ ਹਾਂ।

(੫) (ਮੈਂ) ਵਿਸ਼ਵਾਸਘਾਤੀ ਤੇ ਅਕ੍ਰਿਤਘਣ ਹਾਂ, ਮੇਰੀ ਰਖਿਆ ਕਰਨ ਵਾਲਾ ਕੋਈ ਨਹੀਂ।

(੬) ਹੇ ਸਤਿਗੁਰੂ ਦੇ ਮੁਰੀਦ ਢਾਢੀ! ਸਤਿਗੁਰੂ ਜੀ ਦਾ ਸਿਮਰਨ ਕਰ, ਉਹ ਬਖ਼ਸ਼ਣਹਾਰ ਹਨ ਤੇ ਤੈਨੂੰ ਬਖ਼ਸ਼ ਦੇਣਗੇ।੨੧।੩੬।

***ਭਾਵਾਰਥ :*** ਇਹ ਇਸ ਵਾਰ ਦੀ ਅੰਤਲੀ ਪਉੜੀ ਆਤਮਕ ਨਿਯਮ ਨੂੰ ਪ੍ਰਗਟ ਕਰਦੀ ਹੈ, ਪਿਛੇ ਮੀਣੇ, ਬੇਮੁਖ, ਨਿਗੁਰੇ, ਕੂੜ ਪਾਜੇ ਤੇ ਅਣਹੋਂਦਾ ਗਣਾਉਣ ਵਾਲੇ ਪਾਪੀਆਂ ਦਾ ਜ਼ਿਕਰ ਕਰਦੇ ਆਏ ਹਨ। ਅੰਤ ਵਿਚ ਨਿੰਮ੍ਰਤਾ ਤੇ ਬੇਨਤੀ ਵਿਚ ਚਲੇ ਗਏ ਕਿ ਸਭ ਤੋਂ ਬੁਰਾ ਮੈਂ ਹਾਂ, ਹੇ ਵਾਹਿਗੁਰੂ! ਮੈਨੂੰ ਬਖ਼ਸ਼ ਲਓ, ਮੇਰੇ ਵਿਚ ਅਨੇਕਾਂ ਔਗਣ ਹਨ ਆਪ ਕ੍ਰਿਪਾ ਕਰਕੇ ਮੈਨੂੰ ਬਖ਼ਸ਼ ਲਓ।

ਭਾਈ ਸਾਹਿਬ ਜੀ! ਰਾਗ-ਦ੍ਵੈਖ ਨਾਲ ਕੁਝ ਨਹੀਂ ਲਿਖ ਰਹੇ ਕੇਵਲ ਸਾਡੇ ਉਧਾਰ ਲਈ ਸਿਖਿਆਵਾਂ ਲਿਖੀਆਂ ਹਨ, ਉਨ੍ਹਾਂ ਦਾ ਮਨ ਅਤਿ ਨਿੰਮ੍ਰਤਾ ਸਹਿਤ ਸਾਫ਼ ਸੀ।

(ਛੱਤੀਵੀਂ ਵਾਰ ਸਮਾਪਤ)

# ਵਾਰ ੩੭

ੴ ਸਤਿਗੁਰ ਪ੍ਰਸਾਦਿ ॥

## ਮੰਗਲਾਚਰਨ

## ੧. ਪ੍ਰਭੂ ਦੇ ਅਸਚਰਜ ਕੌਤਕ

**੧. ਇਕੁ ਕਵਾਉ ਪਸਾਉ ਕਰਿ**
**ਓਅੰਕਾਰ ਆਕਾਰੁ ਬਨਾਯਾ।**
**੨. ਅੰਬਰਿ ਧਰਤਿ ਵਿਛੋੜਕੈ**
**ਵਿਣੁ ਥੰਮਾ ਆਕਾਸ਼ ਰਹਾਯਾ।**
**੩. ਜਲ ਵਿਚ ਧਰਤੀ ਰੱਖੀਅਨਿ**
**ਧਰਤੀ ਅੰਦਰ ਨੀਰੁ ਧਰਾਯਾ।**
**੪. ਕਾਠੈ ਅੰਦਰਿ ਅੱਗੁ ਧਰਿ**
**ਅੱਗੀਂ ਹੋਂਦੀ ਸੁਫਲੁ ਫਲਾਯਾ।**
**੫. ਪਉਣ ਪਾਣੀ ਬੈਸੰਤਰੋ**
**ਤਿੰਨੇ ਵੈਰੀ ਮੇਲ ਮਿਲਾਯਾ।**
**੬. ਰਾਜਸ ਸਾਤਕ ਤਾਮਸੋ**
**ਬ੍ਰਹਮਾ ਬਿਸਨੁ ਮਹੇਸੁ ਉਪਾਯਾ।**
**੭. ਚੋਜ ਵਿਡਾਣੁ ਚਲਿੱਤ ਵਰਤਾਯਾ ॥੧॥**

***ਪਦ ਅਰਥ:*** ਕਵਾਉ—ਵਾਕ। ਚੋਜ ਵਿਡਾਣੁ—ਅਸਚਰਜ ਕੌਤਕ।

***ਅਰਥ:***

ਪ੍ਰ: ਭਾਈ ਸਾਹਿਬ ਜੀਉ! ਇਸ ਸੰਸਾਰਕ ਰਚਨਾ ਰਚੀ ਜਾਣ ਦੇ ਸੰਬੰਧ ਵਿਚ ਪੁਰਾਤਨ ਹੋ ਗੁਜ਼ਰੇ ਬੁਧੀ-ਜੀਵੀਆਂ ਨੇ ਆਪੋ ਆਪਣੇ ਭਿੰਨ ਭਿੰਨ ਵੀਚਾਰ ਆਪਣੀ ਕ੍ਰਿਤ ਭਾਵ ਸ਼ਾਸਤ੍ਰਾਂ ਵਿਚ ਦਰਸਾਏ ਹਨ, ਪਰ ਉਨ੍ਹਾਂ ਸਾਰਿਆਂ ਦੀ ਵੀਚਾਰਧਾਰਾ ਇਕ ਦੂਸਰੇ ਨਾਲ ਪ੍ਰਸਪਰ ਤਾਲ-ਮੇਲ ਨਹੀਂ ਕਰਦੀ, ਇਸ ਲਈ ਉਨ੍ਹਾਂ ਸ਼ਾਸਤ੍ਰਕਾਰਾਂ ਦੀਆਂ ਰਚਨਾਵਾਂ ਨੂੰ ਪੜ੍ਹਨ ਵਾਲੇ ਪਾਠਕ-ਜਨ ਭਰਮ ਵਿਚ ਪਏ ਚੱਕ੍ਰਤ ਹੋ ਜਾਂਦੇ ਹਨ ਕਿ ਸਹੀ ਰੂਪ ਕਿਸਨੂੰ ਦਿਤਾ ਜਾਏ, ਪਰ ਆਪ ਜੀ ਕਹੋ ਕਿ ਇਸ ਸੰਸਾਰ ਦੀ ਰਚਨਾ ਬਾਰੇ ਤੁਹਾਡੇ ਕੀ ਵੀਚਾਰ ਹਨ ਤਾਕਿ ਅਸੀਂ ਭੀ ਨਿਰ-ਸੰਦੇਹ ਹੋ ਜਾਵੀਏ?

ਉ: ਹੇ ਭਾਈਓ! ਅਸਲ ਵਿਚ ਸਚਾਈ ਤਾਂ ਇਹੋ ਹੈ ਕਿ ਇਸ ਉਚੇਰੇ ਪੱਖ ਨੂੰ ਸੋਚਣ ਵਾਲੀ ਸੋਚ-ਸ਼ਕਤੀ ਮੇਰੇ ਵਿਚ ਨਹੀਂ ਹੈ, ਪਰ ਹਾਂ ਮੈਨੂੰ ਜੋ ਗੁਰਬਾਣੀ ਵਿਚੋਂ ਬੋਧ ਮਿਲਿਆ ਹੈ, ਮੈਂ ਤਾਂ ਉਸੇ ਪਰ ਹੀ ਪੂਰਨ ਨਿਸਚਾ ਰਖਦਾ ਹਾਂ, ਇਸ ਪੱਖ ਨੂੰ ਗੁਰੂ ਨਾਨਕ ਦੇਵ ਜੀ ਨੇ ਭੀ ਆਪਣੀ ਰਚਨਾ 'ਜਪੁਜੀ' ਸਾਹਿਬ ਵਿਚ ਇਉਂ ਫ਼ੁਰਮਾਇਆ ਹੈ:

ਕੀਤਾ ਪਸਾਉ ਏਕੋ ਕਵਾਉ ॥
ਤਿਸ ਤੇ ਹੋਏ ਲਖ ਦਰੀਆਉ ॥ *(ਜਪੁਜੀ, ਪੰਨਾ ੩)*

ਏਸੇ ਭਾਵ ਦੀਆਂ ਬਾਣੀ ਵਿਚੋਂ ਸਾਨੂੰ ਹੋਰ ਭੀ ਬਹੁਤ ਸਾਰੀਆਂ ਪੰਗਤੀਆਂ ਪੜ੍ਹਨ ਵਿਚ ਆਉਂਦੀਆਂ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਉੱਕਰੀਆਂ ਹਨ, ਜਿਸ ਵਿਚ ਉਸ ਪ੍ਰਭੂ ਦੀ ਇਸ ਬੇਅੰਤ ਰਚਨਾ ਨੂੰ ਇਕੋ ਵਾਕ ਦੁਆਰੇ ਰਚ ਕੇ ਸਭ ਨੂੰ ਆਪਣੀ ਗੁਪਤ ਸ਼ਕਤੀ ਦੇ ਅਧੀਨ ਰਖਿਆ ਹੋਇਆ ਹੈ ਭਾਵ ਸਾਰੇ ਹੀ ਤੱਤ ਸੁਤੰਤ੍ਰ ਨਹੀਂ, ਉਸੇ ਪ੍ਰਭੂ ਦੀ ਆਗਿਆ ਦੇ ਅਧੀਨ ਹੋਏ ਕ੍ਰਿਆ ਕਰਦੇ ਹਨ। (ਭਾਈ ਸਾਹਿਬ ਜੀ, ਇਸ ਸੈਂਤੀਵੀਂ ਵਾਰ ਦੇ ਅਰੰਭ ਵਿਚ ਉਸ ਅਕਾਲ ਪੁਰਖ ਦਾ ਵਸਤੂ ਨਿਰਦੇਸ਼ ਮੰਗਲਾ ਚਰਨ ਕਰਦੇ ਹਨ):

(੧) ਅਕਾਲ ਪੁਰਖ ਨੇ ਇਕ ਵਾਕ ਤੋਂ ਸਾਰਾ ਪਸਾਰਾ ਕਰਕੇ ਜਗਤ ਦਾ ਅਕਾਰ (ਸਰੂਪ) ਬਣਾਇਆ ਹੈ।

(੨) ਅਕਾਸ਼ ਤੇ ਧਰਤੀ ਨੂੰ ਵਿਛੋੜ ਕੇ ਬਿਨਾਂ ਥੰਮ੍ਹਾਂ ਤੋਂ ਆਕਾਸ਼ ਨੂੰ ਰੱਖਿਆ ਹੈ।

(੩) ਪਾਣੀ ਵਿਚ ਧਰਤੀ ਨੂੰ ਰੱਖਿਆ ਹੈ ਤੇ ਧਰਤੀ ਦੇ ਅੰਦਰ ਪਾਣੀ ਧਰਿਆ ਹੈ।

(੪) ਕਾਠ (ਭਾਵ ਬ੍ਰਿਛਾਂ) ਅੰਦਰ ਅੱਗ ਨੂੰ ਧਰਿਆ ਹੈ ਤੇ ਬ੍ਰਿਛਾਂ ਅੰਦਰ ਅੱਗ ਦੇ ਹੁੰਦਿਆਂ ਵੀ ਉਨ੍ਹਾਂ ਨੂੰ ਫਲਾਂ ਨਾਲ ਫਲੀਭੂਤ ਕੀਤਾ ਹੈ।

(੫) ਪੌਣ, ਪਾਣੀ ਤੇ ਅੱਗ ਆਪੋ ਵਿਚ ਵਿਰੋਧੀ ਭਾਵ ਰਖਦੇ ਹਨ, ਪਰ ਕਾਦਰ ਨੇ ਇਨ੍ਹਾਂ ਤਿੰਨਾਂ ਦਾ ਮੇਲ ਮਿਲਾ ਕੇ ਇਕ ਜਗ੍ਹਾ ਰੱਖਿਆ ਹੈ।

(੬) (ਪ੍ਰਭੂ ਨੇ) ਰਜੋ, ਸਤੋ ਤੇ ਤਮੋਗੁਣਾਂ ਵਾਲੇ ਵੱਖੋ ਵੱਖ ਤਿੰਨ ਦੇਵਤੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਨੂੰ ਉਤਪੰਨ ਕੀਤਾ ਹੈ।

(੭) (ਕਰਤਾਰ ਨੇ) ਇਹ ਅਸਚਰਜ ਕੌਤਕ ਵਾਲਾ ਚਲਿੱਤ੍ਰ ਵਰਤਾਇਆ ਹੈ।੧।

***ਭਾਵਾਰਥ :*** ਉਸ ਪਰਮੇਸ਼ਰ ਦੀ ਰਚਨਾ ਨੂੰ ਤੱਕਿਆਂ ਜੋ ਅਸਚਰਜ ਪੈਦਾ ਹੁੰਦਾ ਹੈ ਭਾਈ ਸਾਹਿਬ ਨੇ ਇਥੇ ਉਸਦਾ ਵਰਣਨ ਕੀਤਾ ਹੈ ਕਿ ਕਿਸ ਤਰ੍ਹਾਂ ਅਕਾਸ਼ ਵਿਚ ਧਰਤੀ ਨਿਰ-ਆਸਰੇ ਛੱਡੀ ਫਿਰ ਰਹੀ ਹੈ, ਸਮੁੰਦਰਾਂ ਵਿਚ ਖ਼ੁਸ਼ਕੀ, ਖ਼ੁਸ਼ਕੀ ਵਿਚ ਪਾਣੀ, ਕਾਠ ਵਿਚ ਅੱਗ, ਗਰਮੀ, ਦਰੱਖ਼ਤ ਵਿਚ ਇਤਯਾਦਿ ਮੇਲ, ਸੰਜੋਗ ਵਚਿੱਤ੍ਰ ਰਚਨਾ ਹੈ, ਜਿਸਨੂੰ ਵੇਖ ਵੇਖ ਕੇ ਮਨੁੱਖ ਦੀ ਅਕਲ ਹੈਰਾਨ ਹੁੰਦੀ ਹੈ।

## ੨. ਪ੍ਰਭੂ ਦੀ ਸ਼ਕਤੀ ਬੇਅੰਤ ਹੈ

**੧. ਸ਼ਿਵ ਸ਼ਕਤੀ ਦਾ ਰੂਪ ਕਰਿ**
**ਸੂਰਜ ਚੰਦ ਚਰਾਗ ਬਲਾਯਾ।**
**੨. ਰਾਤੀਂ ਤਾਰੇ ਚਮਕਦੇ**
**ਘਰਿ ਘਰਿ ਦੀਪਕਿ ਜੋਤਿ ਜਗਾਯਾ।**
**੩. ਸੂਰਜੁ ਏਕੰਕਾਰੁ ਦਿਹਿ**
**ਤਾਰੇ ਦੀਪਕ ਰੂਪੁ ਲੁਕਾਯਾ।**
**੪. ਲਖ ਦਰਯਾਉ ਕਵਾਉ ਵਿਚਿ**
**ਤੋਲ ਅਤੋਲ ਨ ਤੋਲਿ ਤੁਲਾਯਾ।**
**੫. ਓਅੰਕਾਰ ਅਕਾਰੁ ਜਿਸਿ**
**ਪਰਵਦਗਾਰੁ ਅਪਾਰੁ ਅਲਾਯਾ।**
**੬. ਅਬਿਗਤਿ ਗਤਿ ਅਗੰਮ ਹੈ**
**ਅਕਥ ਕਥਾ ਨਹਿ ਅਲਖ ਲਖਾਯਾ।**
**੭. ਸੁਣਿ ਸੁਣਿ ਆਖਣਿ ਆਖਿ ਸੁਣਾਯਾ ॥੨॥**

***ਪਦ ਅਰਥ :*** ਸ਼ਿਵ—ਚੇਤਨ ਸੱਤਾ। ਸ਼ਕਤੀ—ਪ੍ਰਕ੍ਰਿਤੀ (ਮਾਇਆ)। ਅਕਾਰੁ—ਸਰੂਪ। ਪਰਵਦਗਾਰੁ—ਪਾਲਣਾ ਕਰਨ ਵਾਲਾ।

***ਅਰਥ :***

ਇਸ ਪਉੜੀ ਵਿਚ ਵੀ ਪ੍ਰਭੂ ਦੀ ਬੇਅੰਤ ਸ਼ਕਤੀ ਦਾ ਉਚਾਰਨ ਕਰਦੇ ਹਨ:

(੧) (ਪ੍ਰਭੂ ਨੇ) ਚੇਤਨ ਤੇ ਮਾਇਆ ਦਾ ਰੂਪ ਸੰਸਾਰ ਪੈਦਾ ਕਰਕੇ ਸੂਰਜ ਤੇ ਚੰਦਰਮਾ ਦੇ ਦੀਵੇ ਬਾਲੇ ਹਨ।

(੨) ਰਾਤ ਨੂੰ ਤਾਰੇ ਵੀ ਚਮਕਦੇ ਹਨ ਤੇ ਘਰ ਘਰ ਵਿਚ ਦੀਵਿਆਂ ਦੀ ਜੋਤੀ ਵੀ ਜਗਾਈ ਜਾਂਦੀ ਹੈ। (ਕਿ ਘਰਾਂ ਦੇ ਅੰਦਰ ਵੀ ਚਾਨਣ ਹੋਵੇ)।

(੩) ਦਿਨ ਨੂੰ ਏਕੰਕਾਰ (ਇਕ ਅਕਾਰ) ਦਾ ਰੂਪ ਸੂਰਜ ਚੜ੍ਹਦਾ ਹੈ ਤਾਂ ਤਾਰਿਆਂ ਤੇ ਦੀਵਿਆਂ ਦੇ ਰੂਪ ਲੁਕ ਜਾਂਦੇ ਹਨ।

(੪) ਜਿਸ ਦੇ ਇਕ ਵਾਕ ਵਿਚ ਲੱਖਾਂ ਦਰਿਆ ਹਨ, ਉਹ ਤੋਲ ਤੋਂ ਰਹਿਤ ਹੈ ਤੇ ਉਸਦਾ ਤੋਲ ਕੋਈ ਨਹੀਂ ਕਰ ਸਕਦਾ।

(੫) ਜਿਸ ਪ੍ਰਭੂ ਨੇ ਇਸ ਸੰਸਾਰ ਦਾ ਅਕਾਰ (ਸਰੂਪ) ਬਣਾਇਆ ਹੈ ਉਹ ਪਾਲਣਾ ਕਰਨ ਵਾਲਾ ਤੇ ਬੇਅੰਤ ਕਿਹਾ ਜਾਂਦਾ ਹੈ।

(੬) ਉਸ ਗਤੀ ਰਹਿਤ (ਪਰਮੇਸ਼ਰ ਦੀ) ਮਰਯਾਦਾ ਪਹੁੰਚ ਤੋਂ ਪਰ੍ਹੇ ਹੈ, ਉਸ ਕਥਨ ਰਹਿਤ ਤੇ ਅਲਖ (ਪ੍ਰਭੂ ਨੇ) ਆਪਣਾ ਆਪ ਨਹੀਂ ਜਣਾਇਆ।

(੭) ਸਭ ਉਸਦੇ ਪ੍ਰਸੰਸਾਂ (ਕੌਤਕਾਂ) ਨੂੰ ਇਕ ਦੂਜੇ ਕੋਲੋਂ ਸੁਣ ਕੇ ਹੀ ਵਰਣਨ ਕਰਦੇ ਹਨ (ਉਸ ਨੂੰ ਵੇਖ ਕੇ ਕਿਸੇ ਨੇ ਵਰਣਨ ਨਹੀਂ ਕੀਤਾ)।੨।

***ਭਾਵਾਰਥ :*** ਪਰਮੇਸ਼ਰ ਬੇਅੰਤ ਹੈ, ਉਸਦੇ ਕੌਤਕਾਂ ਦਾ ਵਰਣਨ ਕਰਨਾ ਕਠਿਨ ਹੈ, ਉਸਦੀ ਰਚਨਾ ਅਸਚਰਜਤਾ ਭਰੀ ਹੈ।

## ੩. ਪ੍ਰਭੂ ਦੀ ਰਚਨਾ ਵਚਿੱਤ੍ਰ ਹੈ

**੧. ਖਾਣੀ ਬਾਣੀ ਚਾਰ ਜੁਗ**
**ਜਲ ਥਲ ਤਰਵਰ ਪਰਬਤ ਸਾਜੇ।**
**੨. ਤਿੰਨ ਲੋਅ ਚੌਦਹ ਭਵਣ ਕਰਿ**
**ਇੱਕੀਹ ਬ੍ਰਹਮੰਡ ਨਿਵਾਜੇ।**
**੩. ਚਾਰੇ ਕੁੰਡਾ ਦੀਪ ਸੱਤ**
**ਨਉ ਖੰਡ ਦਹਦਿਸਿ ਵੱਜਨਿ ਵਾਜੇ।**
**੪. ਇੱਕਸ ਇੱਕਸ ਖਾਣਿ ਵਿਚਿ**
**ਇੱਕੀ ਇੱਕੀ ਲੱਖ ਜੋਨਿ ਉਪਾਜੇ।**
**੫. ਇੱਕਤ ਇੱਕਤ ਜੂਨਿ ਵਿਚਿ**
**ਜੀਅ ਜੰਤੁ ਅਣਗਣਤ ਬਿਰਾਜੇ।**
**੬. ਰੂਪ ਅਨੂਪ ਸਰੂਪ ਕਰ**
**ਰੰਗ ਬਿਰੰਗ ਤਰੰਗ ਅਗਾਜੇ।**
**੭. ਪਉਣੁ ਪਾਣੀ ਘਰਿ ਨਉ ਦਰਵਾਜੇ ॥੩॥**

***ਪਦ ਅਰਥ :*** ਇੱਕੀਹ—ਇਕ ਈਸ਼ਵਰ ਨੇ। ਵਾਜੇ—ਬਾਣੀਆਂ ਦੇ। ਤਰੰਗ—ਕੌਤਕ, ਲਹਿਰਾਂ। ਘਰਿ—ਸਰੀਰ। ਨਉ ਦਰਵਾਜੇ—ਨੌਂ ਗੋਲਕਾਂ। ਅਗਾਜੇ—ਪ੍ਰਗਟ, ਬਹੁਤ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਕੀ ਇਹ ਭੀ ਜਾਣਕਾਰੀ ਦਿਓਗੇ ਕਿ ਇਸ ਸਾਰੀ ਰਚਨਾ ਨੂੰ ਉਸ ਪਰਮੇਸ਼ਰ ਨੇ ਕਿਵੇਂ ਰਚਿਆ ਹੈ ਤੇ ਇਸਦੀ ਸਹੀ ਰੂਪ ਰੇਖਾ ਕਿਵੇਂ ਜਾਣੀ ਜਾਵੇ, ਇਸ ਬਾਰੇ ਭੀ ਤੁਸੀਂ ਕੁਝ ਆਪਣੇ ਵੀਚਾਰ ਦਿਓ ?

ਉ: ਹੇ ਭਾਈਓ! ਇਸ ਪੱਖ ਬਾਰੇ ਮੈਂ ਕੁਝ ਵਧੇਰੇ ਤਾਂ ਨਹੀਂ ਕਹਿ ਸਕਦਾ, ਪਰ ਜੋ ਸੀਨੇ-ਬ-ਸੀਨੇ ਸੁਣਦੇ ਆ ਰਹੇ ਹਾਂ ਅਤੇ ਜੋ ਕੁਝ ਮੈਨੂੰ ਬਾਣੀ ਦੁਆਰੇ ਪ੍ਰੇਰਨਾ ਮਿਲੀ ਹੈ, ਉਸਨੂੰ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਅੰਦਰ ਉੱਕਰਿਆ ਹੈ :

(੧) ਉਸ ਪ੍ਰਭੂ ਨੇ ਚਾਰ ਖਾਣੀਆਂ, ਚਾਰ ਬਾਣੀਆਂ, ਚਾਰ ਜੁਗ, ਜਲ, ਥਲ, ਬ੍ਰਿਛ ਤੇ ਪਹਾੜ ਬਣਾਏ ਹਨ।
(੨) ਪ੍ਰਭੂ ਨੇ ਤਿੰਨ ਲੋਕ, ਚੌਦਾਂ ਭਵਨ ਪੈਦਾ ਕਰਕੇ ਫਿਰ ਇੱਕੀ ਬ੍ਰਹਿਮੰਡ ਪੂਰੇ ਕੀਤੇ ਹਨ (ਭਾਵ ਇਕ ਇਕ ਲੋਕ ਵਿਚ ਸੱਤ ਸੱਤ ਬ੍ਰਹਿਮੰਡ ਰਚੇ ਹਨ)।
(੩) ਚਾਰ ਕੁੰਟਾਂ (ਕੋਨੇ) ਸੱਤ ਦੀਪ, ਨੌਂ ਖੰਡ (ਹਿੱਸੇ) ਤੇ ਦਸ ਦਿਸ਼ਾਂ ਵਿਚ ਜੀਵਾਂ ਰੂਪੀ ਵਾਜੇ ਵੱਜ ਰਹੇ ਹਨ।
(੪) ਇਕ ਇਕ ਖਾਣੀ ਵਿਚ ਇੱਕੀ ਇੱਕੀ ਲੱਖ ਜੂਨਾਂ ਪੈਦਾ ਕੀਤੀਆਂ ਹਨ।
(੫) ਇਕ ਇਕ ਜੂਨ ਵਿਚ ਬੇਸ਼ੁਮਾਰ ਜੀਵ-ਜੰਤ ਰਚੇ ਹਨ।
(੬) ਤਰ੍ਹਾਂ ਤਰ੍ਹਾਂ ਦੇ ਸੋਹਣੇ ਰੂਪਾਂ ਵਾਲੇ ਜੀਵ ਬਣਾਏ ਹਨ ਤੇ ਰੰਗ ਬਰੰਗੇ ਤਰੰਗ ਪ੍ਰਗਟ ਕੀਤੇ ਹਨ।
(੭) ਪੌਣ ਪਾਣੀ ਆਦਿ ਪੰਜਾਂ ਤੱਤਾਂ ਤੋਂ ਸਰੀਰ ਰੂਪ ਘਰ ਬਣਾ ਕੇ ਨੌਂ ਗੋਲਕਾਂ ਰੂਪ ਦਰਵਾਜੇ ਬਣਾਏ ਹਨ।੩।

ਭਾਵ ਹੈ ਉਸ ਪ੍ਰਭੂ ਨੇ ਆਪਣੀ ਸ਼ਕਤੀ (ਮਾਇਆ) ਨਾਲ ਬੇਅੰਤ ਰਚਨਾ ਰਚੀ ਹੈ।

## ੪. ਪ੍ਰਭੂ ਰਚਨਾ ਦੀ ਵਚਿੱਤ੍ਰਤਾ

**੧. ਕਾਲਾ ਧਉਲਾ ਰੱਤੜਾ**
**ਨੀਲਾ ਪੀਲਾ ਹਰਿਆ ਸਾਜੇ।**
**੨. ਰਸੁ ਕਸੁ ਕਰਿ ਵਿਸਮਾਦ ਸਾਦ**
**ਜੀਭਹੁੰ ਜਾਪਨਿ ਖਾਜ ਅਖਾਜੇ।**
**੩. ਮਿੱਠਾ ਕਉੜਾ ਖਟ ਤੁਰਸ**
**ਫਿੱਕਾ ਸਾਉ ਸਲੂਣਾ ਛਾਜੇ।**
**੪. ਗੰਧ ਸੁਗੰਧਿ ਅਵੇਸ ਕਰਿ**
**ਚੋਆ ਚੰਦਨ ਕੇਸਰ ਕਾਜੇ।**
**੫. ਮੇਦੁ ਕਥੂਰੀ ਪਾਨ ਫੁਲੁ**
**ਅੰਬਰਚੂਰ ਕਪੂਰ ਅੰਦਾਜੇ।**
**੬. ਰਾਗ ਨਾਦ ਸੰਬਾਦ ਬਹੁ**
**ਚਉਦਹ ਵਿਦਿਆ ਅਨਹਦ ਗਾਜੇ।**
**੭. ਲਖ ਦਰਯਾਉ ਕਰੋੜ ਜਹਾਜੇ ॥੪॥**

***ਪਦ ਅਰਥ :*** ਸਾਉ—ਸੁਆਦ। ਛਾਜੇ—ਸਜ ਰਹੇ। ਅੰਬਰ ਚੂਰ—ਮੁਸੱਬਰ। ਗਾਜੇ—ਵੱਜਦੇ ਹਨ। ਅੰਦਾਜੇ—ਮਰਯਾਦਾ ਯੁਕਤ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਉਸ ਪ੍ਰਭੂ ਨੇ ਹੋਰ ਕੀ ਕੀ ਬਣਾਇਆ ਹੈ ?

**ਉ:** ਹੇ ਭਾਈਓ! ਸਭੋ ਕੁਝ ਤਾਂ ਨਹੀਂ ਕਿਹਾ ਜਾ ਸਕਦਾ, ਪਰ ਇਸ਼ਾਰੇ-ਮਾਤ੍ਰ ਇਉਂ ਕਹਿ ਸਕਦੇ ਹਾਂ ਕਿ:

(੧) (ਉਸ ਪ੍ਰਭੂ ਨੇ) ਕਾਲਾ, ਚਿੱਟਾ, ਲਾਲ, ਨੀਲਾ, ਪੀਲਾ ਤੇ ਹਰਾ (ਆਦਿ ਰੰਗ) ਬਣਾਏ ਹਨ।

(੨) ਰਸਾਂ ਕਸਾਂ ਦੇ ਭੇਦ ਕਰਕੇ ਅਸਚਰਜ ਸੁਆਦ ਬਣਾਏ ਹਨ, ਜੋ ਖਾਣ ਵਾਲੇ ਤੇ ਨਾ ਖਾਣ ਵਾਲੇ ਜੀਭ ਦੁਆਰੇ ਜਾਣੇ ਜਾਂਦੇ ਹਨ।

(੩) ਮਿੱਠਾ, ਕੌੜਾ, ਖੱਟਾ, ਤੁਰਸ਼ਾ (ਖੱਟ-ਮਿੱਠਾ) ਫਿੱਕਾ ਤੇ ਸਲੂਣਾ ਸੁਆਦ ਬਣਾਇਆ ਹੈ।

(੪) ਕਈ ਤਰ੍ਹਾਂ ਦੀਆਂ ਗੰਧਾਂ ਸੁਗੰਧਾਂ ਦਾ ਮਿਲਾਪ ਕਰਕੇ ਚੋਆ ਚੰਦਨ ਤੇ ਕੇਸਰ ਆਦਿ ਜੀਵਾਂ ਦੇ ਵਰਤਣ ਲਈ ਬਣਾਏ ਹਨ।

(੫) ਮੁਸ਼ਕ ਬਿਲਾਈ, ਕਸਤੂਰੀ, ਪਾਨ, ਫੁਲ, ਅੰਬਰਚੂਰ ਤੇ ਕਪੂਰ ਆਦਿ ਦਾ ਅੰਦਾਜ਼ਾ (ਵਜ਼ਨ) ਕੀਤਾ ਹੈ।

(੬) ਰਾਗਾਂ ਨਾਦਾਂ ਦੇ ਸੰਬਾਦ (ਫੈਲਾਉ) ਤੇ ਚੌਦਾਂ ਵਿਦਿਆ ਦੇ ਅਨਹਦ ਵਾਜੇ ਵੱਜਦੇ ਹਨ।

(੭) ਲੱਖਾਂ ਦਰਿਆ ਤੇ ਕਰੋੜਾਂ ਜਹਾਜ਼ ਬਣਾਏ ਹਨ ਕਿ ਇਨ੍ਹਾਂ ਦੁਆਰੇ ਲੋਕ ਆਪਣੇ ਨਿਰਬਾਹ ਕੀਤਾ ਕਰਨ।

## ੫. *ਇਸ ਰਚਨਾ ਵਿਚ ਕੇਵਲ ਮਨੁੱਖਾ-ਦੇਹ ਵਿਚ ਹੀ ਮੁਕਤ ਹੋ ਸਕੀਦਾ ਹੈ*

**੧. ਸੱਤ ਸਮੁੰਦ ਅਥਾਹ ਕਰਿ**
**ਰਤਨ ਪਦਾਰਥ ਭਰੇ ਭੰਡਾਰਾ।**
**੨. ਮਹੀਅਲ ਏਤੀ ਅਉਖਧੀ**
**ਛਾਦਨ ਭੋਜਨ ਬਹੁ ਬਿਸਥਾਰਾ।**
**੩. ਤਰਵਰ ਛਾਇਆ ਫੁੱਲ ਫਲ**
**ਸ਼ਾਖਾ ਪੱਤ ਮੂਲ ਬਹੁ ਭਾਰਾ।**
**੪. ਪਰਬਤ ਅੰਦਰਿ ਅਸ਼ਟ ਧਾਤੁ**
**ਲਾਲੁ ਜਵਾਹਰ ਪਾਰਸ ਪਾਰਾ।**
**੫. ਚਉਰਾਸੀ ਲਖ ਜੋਨਿ ਵਿਚਿ**
**ਮਿਲਿ ਮਿਲਿ ਵਿਛੜੇ ਵਡ ਪ੍ਰਵਾਰਾ।**
**੬. ਜੰਮਣ ਜੀਵਣ ਮਰਣ ਵਿੱਚ**
**ਭਵਜਲ ਪੂਰ ਭਰਾਇ ਹਜਾਰਾ।**
**੭. ਮਾਣਸ ਦੇਹੀ ਪਾਰਿ ਉਤਾਰਾ ॥੫॥**

***ਪਦ ਅਰਥ:*** ਅਥਾਹ—ਡੂੰਘੇ। ਮਹੀ—ਧਰਤੀ। ਅਉਖਧੀ—ਦਵਾ। ਅਲ—ਪੂਰਣ। ਛਾਦਨ—ਕੱਪੜੇ।

***ਅਰਥ:***

**ਪ੍ਰ:** ਭਾਈ ਸਾਹਿਬ ਜੀਉ! ਇਸ ਸੰਸਾਰ ਵਿਚ ਚੌਰਾਸੀ ਲੱਖ ਜੂਨਾਂ ਦਾ ਆਪ ਜ਼ਿਕਰ ਕਰਦੇ ਆ ਰਹੇ ਹੋ, ਪਰ ਇਹ ਭੀ ਦਸੋ ਕਿ ਇਸ ਜੰਮਣ ਮਰਨ ਦੇ ਗੇੜ ਤੋਂ ਕਿਵੇਂ ਪਾਰ ਹੋ ਸਕੀਦਾ ਹੈ?

**ਉ:** ਹੇ ਭਾਈਓ! ਮੈਨੂੰ ਤਾਂ ਗੁਰਬਾਣੀ ਤੋਂ ਇਹੋ ਬੋਧ ਹਾਸਲ ਹੋਇਆ ਹੈ ਕਿ ਇਸ ਸੰਸਾਰ ਤੋਂ ਪਾਰ ਹੋਣ ਦਾ ਇਕੋ ਸਾਧਨ ਇਹ ਮਨੁੱਖਾ-ਦੇਹ ਹੈ, ਜਿਸ ਰਾਹੀਂ ਸਿਮਰਨ ਕਰਕੇ ਪਾਰ ਹੋ ਸਕੀਦਾ ਹੈ। ਇਸੇ ਭਾਵ ਨੂੰ ਮੈਂ ਇਸ ਪਉੜੀ ਵਿਚ ਉੱਕਰਿਆ ਹੈ:

(੧) (ਪਰਮਾਤਮਾ ਨੇ) ਸੱਤ ਅਥਾਹ ਸਮੁੰਦਰ ਰਚ ਕੇ ਰਤਨ ਪਦਾਰਥਾਂ ਦੇ ਭੰਡਾਰੇ ਭਰ ਦਿਤੇ।

(੨) ਧਰਤੀ ਰਚ ਕੇ ਖੇਤੀ ਤੇ ਔਸ਼ਧੀਆਂ (ਦਵਾਵਾਂ) ਨਾਲ ਪਰੀਪੂਰਨ ਕਰ ਦਿੱਤੀ ਹੈ (ਉਨ੍ਹਾਂ ਤੋਂ) ਕੱਪੜੇ ਤੇ ਭੋਜਨਾਂ ਦੇ ਬਹੁਤ ਵਿਸਥਾਰ ਹੁੰਦੇ ਹਨ।

(੩) ਬ੍ਰਿਛਾਂ ਦੀ ਛਾਇਆ, ਫੁਲ ਫਲ ਟਹਿਣੀਆਂ ਤੇ ਪੱਤਰਾਂ ਦੇ ਬੜੇ ਭਾਰ ਲੱਗੇ ਹਨ।

(੪) ਪਹਾੜਾਂ ਵਿਚ ਅੱਠ ਧਾਤਾਂ, ਲਾਲ, ਜਵਾਹਰ, ਪਾਰਸ ਤੇ ਪਾਰਾ ਪੈਦਾ ਕੀਤਾ ਹੈ।

(੫) ਚੁਰਾਸੀ ਲੱਖ ਜੂਨਾਂ ਵਿਚ ਜੀਵਾਂ ਦੇ ਵੱਡੇ ਵੱਡੇ ਪਰਵਾਰ ਮਿਲ ਮਿਲ ਕੇ ਫਿਰ ਵਿੱਛੜ ਜਾਂਦੇ ਹਨ।

(੬) ਜੰਮਣ, ਜੀਉਣ ਤੇ ਮਰਨ ਦੇ ਚੱਕਰ ਵਿਚ ਸੰਸਾਰ ਦੇ ਜੀਵਾਂ ਦੇ ਹਜ਼ਾਰਾਂ ਪੂਰ ਭਰੀਦੇ ਹਨ।

(੭) ਇਸ ਮਨੁੱਖਾ-ਦੇਹੀ ਵਿਚ ਹੀ ਇਸ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਹੁੰਦਾ ਹੈ।੫।

***ਭਾਵਾਰਥ:*** ਇਸ ਮਨੁੱਖਾ-ਦੇਹੀ ਵਿਚ ਹੀ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ, ਬਾਕੀ ਜੂਨਾਂ ਵਿਚ ਇਹ ਵਿਸ਼ੇਸ਼ਤਾ ਨਹੀਂ ਹੈ। ਇਸ ਲਈ ਜੋ ਗੁਰੂ ਨਾਲ ਮਿਲ ਕੇ ਸ੍ਵੈ-ਸਰੂਪ ਦੀ ਲਖਤਾ ਕਰੇ ਉਹ ਤਰ ਜਾਂਦਾ ਹੈ, ਨਹੀਂ ਤਾਂ ਹਰਟ ਦੀਆਂ ਟਿੰਡਾਂ ਵਾਂਗੂੰ ਘੁੰਮਦਾ ਰਹਿੰਦਾ ਹੈ ਛੁਟਕਾਰੇ ਦਾ ਸਮਾਂ ਨਹੀਂ ਆਉਂਦਾ।

## ੬. ਮਾਣਸ ਜਨਮ ਵਿਚ ਵੱਡੀ ਭੁੱਲ

੧. ਮਾਣਸ ਜਨਮ ਦੁਲੰਭੁ ਹੈ
ਛਿਣ ਭੰਗਰੁ ਛਲ ਦੇਹੀ ਛਾਰਾ।
੨. ਪਾਣੀ ਦਾ ਕਰਿ ਪੂਤਰਾ
ਉਡੈ ਨ ਪਉਣੁ ਖੁਲੈ ਨਉ ਦੁਆਰਾ।
੩. ਅਗਨਿ ਕੁੰਡ ਵਿਚਿ ਰਖਿਅਨਿ
ਨਰਕ ਘੋਰ ਮਹਿ ਉਦਰ ਮੰਝਾਰਾ।
੪. ਕਰੈ ਉਰਧ ਤਪੁ ਗਰਭ ਵਿਚਿ
ਚਸਾ ਨ ਵਿਸਰੈ ਸਿਰਜਣਹਾਰਾ।
੫. ਦਸੀਂ ਮਹੀਨੀ ਜੰਮਿਆ
ਸਿਮਰਣ ਕਰੀ ਕਰੇ ਨਿਸਤਾਰਾ।
੬. ਜੰਮਦੋ ਮਾਇਆ ਮੋਹਿਆ
ਨਦਰਿ ਨ ਆਵੈ ਰਖਣਹਾਰਾ।
੭. ਸ਼ਾਹਹੁੰ ਵਿਛੁੜਿਆ ਵਣਜਾਰਾ ॥੬॥

*ਪਦ ਅਰਥ :* ਛਾਰਾ—ਸੁਆਹ। ਨਿਸਤਾਰਾ—ਖ਼ਲਾਸੀ। ਸ਼ਾਹਹੁੰ—ਸ਼ਾਹ (ਪ੍ਰਭੂ) ਤੋਂ। ਵਣਜਾਰਾ—ਵਪਾਰੀ (ਜੀਵ)।

*ਅਰਥ :*

ਪ੍ਰ: ਭਾਈ ਸਾਹਿਬ ਜੀਉ! ਤੁਸੀਂ ਬਾਕੀ ਦੀਆਂ ਸਮੂੰਹ ਜੂਨਾਂ ਵਿਚੋਂ ਇਸ ਮਨੁੱਖ-ਜਾਮੇ ਨੂੰ ਕਿਤਨੀ ਕੁ ਅਮੋਲਕ ਦਾਤ ਅਨੁਭਵ ਕਰਦੇ ਹੋ?

ਉ: ਹੇ ਭਾਈਓ! ਇਸ ਮਨੁੱਖ-ਜਨਮ ਬਾਰੇ ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁੱਛੀਏ ਤਾਂ ਉਨ੍ਹਾਂ ਨੇ ਇਸ ਮਨੁੱਖਾ-ਜਨਮ ਨੂੰ ਬਾਕੀ ਦੀਆਂ ਸਾਰੀਆਂ ਜੂਨਾਂ ਵਿਚੋਂ ਇਸੇ ਮਨੁੱਖ-ਜਾਮੇ ਨੂੰ ਉੱਤਮ ਦਰਜਾ ਦਿਤਾ ਹੈ, ਜਿਵੇਂ ਕਿ ਅਸੀਂ ਪੜ੍ਹਦੇ ਹਾਂ ਕਿ :

ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ ॥
*(ਵਡਹੰਸੁ ਮਹਲਾ ੩, ਪੰਨਾ ੫੬੫)*

ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ ॥
*(ਸੂਹੀ ਮਹਲਾ ੧, ਪੰਨਾ ੭੫੧)*

ਮਾਣਸ ਜਨਮੁ ਵਡ ਪੁੰਨੇ ਪਾਇਆ
ਦੇਹ ਸੁ ਕੰਚਨ ਚੰਗੜੀਆ ॥
*(ਵਡਹੰਸੁ ਮਹਲਾ ੪, ਪੰਨਾ ੫੭੫)*

ਇਸੇ ਭਾਵ ਦੇ ਸਾਨੂੰ ਹੋਰ ਭੀ ਬਾਣੀ ਵਿਚੋਂ ਬਹੁਤ ਪ੍ਰਮਾਣ ਮਿਲਦੇ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਵਿਚ ਮਨੁੱਖ-ਜਾਮੇ ਦੇ ਸੰਬੰਧ ਵਿਚ ਚੰਦ ਸਤਰਾਂ ਉੱਕਰੀਆਂ ਹਨ :

(੧) (ਗੁਰਬਾਣੀ ਦੇ ਹੁਕਮ ਅਨੁਸਾਰ) ਇਹ ਮਨੁੱਖਾ-ਜਨਮ ਵੱਡਾ ਦੁਰਲਭ ਹੈ (ਪਰ) ਛਲ ਰੂਪ ਇਹ ਮਿੱਟੀ ਦਾ ਸਰੀਰ ਖਿਨ ਵਿਚ ਸੁਆਹ ਹੋ ਜਾਣ ਵਾਲਾ ਹੈ।

(੨) ਪਿਤਾ ਦੇ ਵੀਰਜ ਤੇ ਮਾਤਾ ਦੇ ਰਕਤ ਰੂਪ ਪਾਣੀ ਤੋਂ ਇਹ (ਮਨੁਖੀ) ਪੁਤਲਾ ਬਣਿਆ ਹੈ, ਇਸ (ਸਰੀਰ ਦੇ) ਨੌਂ ਦਰਵਾਜ਼ੇ ਖੁਲ੍ਹੇ ਹਨ, ਪਰ ਸਵਾਸਾਂ ਦੀ ਪੌਣ ਉੱਡਦੀ ਨਹੀਂ।

(੩) (ਪ੍ਰਭੂ ਨੇ) ਮਾਤਾ ਦੇ ਉਦਰ (ਪੇਟ) ਰੂਪੀ ਘੋਰ ਅਗਨ-ਕੁੰਡ ਵਿਚ ਇਸ ਦੀ ਰੱਖਿਆ ਕੀਤੀ ਹੈ।

(੪) ਇਹ ਜੀਵ (ਮਾਤਾ ਦੇ ਗਰਭ ਵਿਚ) ਉਲਟਾ ਹੋ ਕੇ ਪ੍ਰਭੂ ਦਾ ਸਿਮਰਨ ਕਰਦਾ ਸੀ ਤੇ ਇਕ ਪਲ ਵੀ ਉਸ ਸਿਰਜਨਹਾਰ ਨੂੰ ਨਹੀਂ ਸੀ ਵਿਸਾਰਦਾ।

(੫) ਇਸ ਸਿਮਰਨ ਕਰਦੇ ਜੀਵ ਨੂੰ ਦਸਾਂ ਮਹੀਨਿਆਂ ਪਿਛੋਂ ਪ੍ਰਭੂ ਨੇ ਖ਼ਲਾਸੀ ਦਿਤੀ।

(੬) ਜੰਮਦਿਆਂ ਸਾਰ ਹੀ ਇਸ ਜੀਵ ਨੂੰ ਮਾਇਆ ਨੇ ਐਸਾ ਮੋਹਤ ਕੀਤਾ ਕਿ ਇਸਨੂੰ ਮਾਤਾ ਦੇ ਗਰਭ ਵਿਚ ਰਖਣਹਾਰਾ ਪ੍ਰਭੂ ਹੁਣ ਨਜ਼ਰ ਹੀ ਨਹੀਂ ਆਉਂਦਾ।

(੭) (ਅਕਾਲ ਪੁਰਖ ਰੂਪੀ) ਸ਼ਾਹ ਤੋਂ ਵਣਜਾਰਾ (ਜੀਵ) ਵਿਛੜ ਗਿਆ ਹੈ।੬।

## ੭. ਮਨੁੱਖ ਮਾਇਆ ਦੇ ਮਹਾਂ-ਜਾਲ ਵਿਚ ਫਸ ਗਿਆ

੧. ਰੋਵੈ ਰਤਨੁ ਗਵਾਇਕੈ
ਮਾਇਆ ਮੋਹੁ ਅਨ੍ਹੇਰ ਗੁਬਾਰਾ।
੨. ਓਹੁ ਰੋਵੈ ਦੁਖੁ ਆਪਣਾ
ਹਸਿ ਹਸਿ ਗਾਵੈ ਸਭ ਪਰਵਾਰਾ।
੩. ਸਭਨਾ ਮਨਿ ਵਾਧਾਈਆਂ
ਰੁਣ ਝੁੰਝਨੜਾ ਰੁਣ ਝੁਣਕਾਰਾ।
੪. ਨਾਨਕ ਦਾਦਕ ਸੋਹਿਲੇ
ਦੇਨਿ ਅਸੀਸਾਂ ਬਾਲ ਪਿਆਰਾ।

**੫. ਚੁਖਹੁੰ ਬਿੰਦਕ ਬਿੰਦੁ ਕਰਿ**
**ਬਿੰਦਹੁ ਕੀਤਾ ਪਰਬਤ ਭਾਰਾ।**
**੬. ਸਤਿ ਸੰਤੋਖ ਦਇਆ ਧਰਮੁ**
**ਅਰਥੁ ਸੁਗਰਥ ਵਿਸਾਰ ਵਿਸਾਰਾ।**
**੭. ਕਾਮ ਕ੍ਰੋਧੁ ਵਿਰੋਧੁ ਵਿਚਿ**
**ਲੋਭੁ ਮੋਹੁ ਧ੍ਰੋਹੁ ਅਹੰਕਾਰਾ।**
**੮. ਮਹਾਂ ਜਾਲ ਫਾਥਾ ਵੇਚਾਰਾ ॥੭॥**

***ਪਦ ਅਰਥ :*** ਰੁਣ ਝੁੰਝਨੜਾ—ਮੰਗਲਾਚਾਰ। ਰੁਣ ਝੁਣਕਾਰਾ—ਢੋਲ ਢਮੱਕਾ। ਬਿੰਦਕ—ਰਤੀ ਕੁ ਬੀਰਜ ਬੂੰਦ ਤੋਂ। ਬਿੰਦੁ—ਬੁਦਬੁਦਾ। ਪਰਬਤ—ਸਰੀਰ। ਸੁਗਰਥ— ਸਰੇਸ਼ਟ, ਉੱਤਮ। ਮਹਾਂ ਜਾਲ—ਵੱਡਾ ਜਾਲ। ਫਾਥਾ— ਫਸਿਆ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਇਹ ਅਸੀਂ ਆਮ ਹੀ ਵੇਖਦੇ ਤੇ ਸੁਣਦੇ ਆ ਰਹੇ ਹਾਂ ਕਿ ਹਰ ਬੱਚਾ ਜਨਮ ਲੈਣ ਸਮੇਂ ਰੋਂਦਾ ਹੈ, ਕਿਉਂ ਜੀ! ਦੱਸੋਗੇ ਕਿ ਇਸਦਾ ਭੀ ਕੋਈ ਖ਼ਾਸ ਕਾਰਨ ਹੈ, ਇਹ ਐਸਾ ਕਿਉਂ ਹੈ ?

**ਉ:** ਹੇ ਭਾਈਓ! ਮੈਨੂੰ ਤਾਂ ਬਾਣੀ ਪੜਚੋਲ ਕਰਨ ਤੋਂ ਤੁਹਾਡੇ ਇਸ ਪ੍ਰਸ਼ਨ ਦਾ ਉੱਤਰ ਇਹੋ ਮਿਲਿਆ ਹੈ ਕਿ ਇਸ ਬੱਚੇ ਦੀ ਸੁਰਤ ਮਾਤਾ ਦੇ ਪੇਟ ਵਿਚ ਉਸ ਪਰਮੇਸ਼ਰ ਵਿਚ ਜੁੜੀ ਹੋਈ ਸੀ, ਪਰ ਜਨਮ ਲੈਣ ਸਮੇਂ ਮਾਇਆ ਨੇ ਐਸਾ ਹੁਕਮ ਵਰਤਾਇਆ ਕਿ ਇਸ ਦੀ ਪ੍ਰਭੂ ਨਾਲ ਜੁੜੀ ਹੋਈ ਸੁਰਤ ਟੁੱਟ ਗਈ :

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥
*(ਅਨੰਦੁ ਸਾਹਿਬ, ਪੰਨਾ ੯੨੧)*

ਭਾਵ ਹੈ ਉਸ ਬੱਚੇ ਦੀ ਜੋ ਲਿਵ ਉਸ ਪਰਮੇਸ਼ਰ ਵਿਚ ਜੁੜੀ ਹੋਈ ਸੀ, ਉਹ ਹੁਣ ਟੁੱਟ ਗਈ, ਜਿਸ ਦੇ ਟੁੱਟਣ ਨਾਲ ਇਸ ਜੀਵ ਨੂੰ ਉਸ ਸੁਖ ਦਾ ਵੀ ਵਿਜੋਗ ਹੋ ਗਿਆ, ਜਿਸ ਵਿਛੋੜੇ ਨੂੰ ਯਾਦ ਕਰਕੇ ਵਿਰਲਾਪ ਕਰਦਾ ਹੈ, ਇਸ ਵਿਰਲਾਪ ਦੇ ਸੰਬੰਧ ਵਿਚ ਸਾਨੂੰ ਗੁਰਬਾਣੀ ਵਿਚੋਂ ਕਈ ਥਾਵਾਂ 'ਤੇ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਅੰਕਤ ਕੀਤੀਆਂ ਹਨ :

(੧) ਮਾਇਆ ਦੇ ਮੋਹ-ਰੂਪੀ ਘੋਰ ਅੰਨ੍ਹੇਰੇ ਵਿਚ (ਪ੍ਰਭੂ ਰੂਪ ਅਮੋਲਕ) ਰਤਨ ਨੂੰ ਗਵਾ ਕੇ ਬਾਲਕ ਜਨਮ ਲੈ ਕੇ ਰੋਂਦਾ ਹੈ।
(੨) (ਉਹ ਬਾਲਕ ਆਪਣੇ ਵਿਛੋੜੇ ਦੇ) ਦੁਖ ਨੂੰ ਯਾਦ ਕਰ ਕਰ ਕੇ ਰੋਂਦਾ ਹੈ, ਪਰ ਸਾਰਾ ਪਰਵਾਰ ਹੱਸ ਹੱਸ ਕੇ ਖ਼ੁਸ਼ੀ ਦੇ ਗੀਤ ਗਾਉਂਦਾ ਹੈ।
(੩) ਸਭ ਜੀਆਂ ਦੇ ਮਨ ਵਿਚ ਮੰਗਲਾਚਾਰ ਤੇ ਵਧਾਈਆਂ ਹੁੰਦੀਆਂ ਹਨ ਤੇ ਉਹ ਢੋਲ ਢਮੱਕੇ ਵਜਾ ਵਜਾ ਕੇ ਖ਼ੁਸ਼ੀਆਂ ਮਨਾਉਂਦੇ ਹਨ।
(੪) ਨਾਨਕੇ ਤੇ ਦਾਦਕੇ ਖ਼ੁਸ਼ੀ ਦੇ ਸੋਹਲੇ ਗਾਉਂਦੇ ਹਨ ਤੇ ਬਾਲਕ ਨੂੰ ਅਸੀਸਾਂ ਤੇ ਪਿਆਰ ਦੇਂਦੇ ਹਨ।
(੫) (ਪ੍ਰਭੂ ਨੇ) ਵੀਰਜ ਦੀ ਜ਼ਰਾ ਜਿੰਨੀ ਬੂੰਦ ਤੋਂ ਇਹ ਬੁਦ ਬੁਦਾ ਰਚਿਆ ਤੇ ਫਿਰ ਇਸ ਬੁਦਬੁਦੇ ਤੋਂ ਸਰੀਰ-ਰੂਪੀ ਪਹਾੜ ਬਣਾ ਦਿੱਤਾ।
(੬) (ਪਰ) ਜੀਵ ਨੇ ਜਨਮ ਲੈ ਕੇ ਸਤ, ਸੰਤੋਖ, ਦਇਆ, ਧਰਮ ਨੂੰ ਵਿਸਾਰ ਕੇ ਸਰੇਸ਼ਟ ਅਰਥ (ਆਤਮ-ਵਿਚਾਰ) ਨੂੰ ਵੀ ਵਿਸਾਰ ਦਿਤਾ।
(੭) (ਇਹ ਜੀਵ) ਕਾਮ, ਕਰੋਧ, ਲੋਭ, ਮੋਹ ਤੇ ਵਲ ਛਲ ਵਿਚ ਲਗ ਕੇ ਅਹੰਕਾਰੀ ਹੋਇਆ ਫਿਰਦਾ ਹੈ।
(੮) ਇਹ ਵਿਚਾਰਾ ਜੀਵ ਮਾਇਆ ਦੇ ਜਾਲ ਵਿਚ ਫਸਿਆ ਹੋਇਆ ਹੈ।੭।

***ਭਾਵਾਰਥ :*** ਬਾਣੀ ਵਿਚ ਤਾਂ ਇਸ ਜੀਵ ਨੂੰ ਬਾਰ ਬਾਰ ਸੰਬੋਧਨ ਕੀਤਾ ਹੈ ਕਿ ਹੇ ਜੀਵ! ਤੂੰ ਉਸ ਪ੍ਰਭੂ ਨੂੰ ਸਵਾਸ ਸਵਾਸ ਚੇਤੇ ਕਰ, ਜਿਸ ਦੀ ਕ੍ਰਿਪਾ ਦਾ ਸਦਕਾ ਉਸ ਮਾਤਾ ਦੇ ਪੇਟ ਦੀ ਜਠਰਾ ਅਗਨ ਤੈਨੂੰ ਸਾੜ ਨਹੀਂ ਸਕੀ।

ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ॥
ਨਾਨਕ ਸੋ ਧਣੀ ਕਿਉ ਵਿਸਾਰਿਓ
ਉਧਰਹਿ ਜਿਸ ਦੈ ਨਾਇ॥੨॥
ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ॥
ਉਰਧ ਮੁਖੁ ਕੁਚੀਲ ਬਿਕਲੁ ਨਰਕਿ ਘੋਰਿ ਗੁਬਾਰਿ॥
ਹਰਿ ਸਿਮਰਤ ਤੂ ਨਾ ਜਲਹਿ ਮਨਿ ਤਨਿ ਉਰਧਾਰਿ
ਬਿਖਮ ਥਾਨਹੁ ਜਿਨਿ ਰਖਿਆ ਤਿਸੁ ਤਿਲੁ ਨ ਵਿਸਾਰਿ॥
ਪ੍ਰਭ ਬਿਸਰਤ ਸੁਖੁ ਕਦੇ ਨਾਹਿ
ਜਾਸਹਿ ਜਨਮੁ ਹਾਰਿ॥੨॥ *(ਪਉੜੀ, ਪੰਨਾ ੭੦੬)*

## ੮. ਬਾਲਕ ਬੁੱਧਿ ਅਚੇਤ

**੧. ਹੋਇ ਸੁਚੇਤ ਅਚੇਤ ਇਵ**
**ਅੱਖੀਂ ਹੋਂਦੀ ਅੰਨ੍ਹਾ ਹੋਆ।**
**੨. ਵੈਰੀ ਮਿੱਤ ਨ ਜਾਣਦਾ**
**ਡਾਇਣੁ ਮਾਉਂ ਸੁਭਾਉ ਸਮੋਆ।**

੩. ਬੋਲਾ ਕੰਨੀ ਹੋਂਦਈ
ਜਸੁ ਅਪਜਸੁ ਮੋਹੁ ਧੋਹੁ ਨ ਸੋਆ।
੪. ਗੁੰਗਾ ਜੀਭੈ ਹੁੰਦਿਐ
ਦੁਧੁ ਵਿਚਿ ਵਿਸੁ ਘੋਲਿ ਮੁਹਿ ਚੋਆ।
੫. ਵਿਹੁ ਅੰਮ੍ਰਿਤ ਸਮਸਰ ਪੀਐ
ਮਰਣ ਜੀਵਣ ਆਸ ਤ੍ਰਾਸ ਨ ਢੋਆ।
੬. ਸਰਪੁ ਅਗਨਿ ਵਲਿ ਹਥੁ ਪਾਇ
ਕਰੈ ਮਨੋਰਥ ਪਕੜ ਖਲੋਆ।
੭. ਸਮਝੈ ਨਾਹੀਂ ਟਿੱਬਾ ਟੋਆ ॥੮॥

***ਪਦ ਅਰਥ :*** ਸੁਚੇਤ—ਸਮਝਦਾਰ। ਡਾਇਣ ਮਾਉਂ—ਡੈਣ ਤੇ ਮਾਂ। ਸੋਆ—ਕਨਸੋ। ਢੋਆ—ਢੰਗ। ਮਨੋਰਥ—ਸੰਕਲਪ। ਸਮੋਆ—ਬਰਾਬਰ ਜਾਨਣਾ।

***ਅਰਥ :***

ਇਸ ਪਉੜੀ ਵਿਚ ਭਾਈ ਸਾਹਿਬ ਜੀ ਨੇ ਬਾਲਕ ਅਵਸਥਾ ਦੇ ਦੁਖ ਕਥਨ ਕੀਤੇ ਹਨ:

(੧) (ਇਹ ਬਾਲਕ) ਸਮਝਦਾਰ ਹੁੰਦਾ ਹੋਇਆ ਬੇ-ਸਮਝ ਹੈ ਤੇ ਅੱਖਾਂ ਦੇ ਹੁੰਦਿਆਂ ਅੰਨ੍ਹਾਂ ਹੋ ਰਿਹਾ ਹੈ।
(੨) (ਬੇ-ਸਮਝੀ ਕਰਕੇ) ਇਹ ਵੈਰੀ ਤੇ ਮਿੱਤ੍ਰ ਨੂੰ ਨਹੀਂ ਜਾਣਦਾ ਤੇ ਡੈਣ ਤੇ ਮਾਂ ਦੇ ਸੁਭਾਉ ਨੂੰ ਇਕੋ ਜਿਹਾ ਜਾਣਦਾ ਹੈ।
(੩) ਕੰਨਾਂ ਦੇ ਹੁੰਦਿਆਂ ਬੋਲਾ ਹੋਇਆ ਫਿਰਦਾ ਹੈ, ਜਸ ਤੇ ਅਪਜਸ ਪਿਆਰ ਤੇ ਵੈਰ ਦੀ ਕਨਸੋ ਨੂੰ ਨਹੀਂ ਪਰਖਦਾ।
(੪) ਜੀਭ ਦੇ ਹੁੰਦਿਆਂ ਗੁੰਗਾ ਹੈ, ਜੇ ਕੋਈ ਦੁੱਧ ਵਿਚ ਜ਼ਹਿਰ ਘੋਲ ਕੇ ਮੂੰਹ ਵਿਚ ਪਾ ਦੇਵੇ ਤਾਂ ਪੀ ਜਾਂਦਾ ਹੈ।
(੫) ਜ਼ਹਿਰ ਤੇ ਅੰਮ੍ਰਿਤ ਨੂੰ ਇਕੋ ਜਿਹਾ ਜਾਣ ਕੇ ਪੀ ਜਾਂਦਾ ਹੈ ਤੇ ਇਸਨੂੰ ਜੀਉਣ ਦੀ ਆਸ ਤੇ ਮਰਨ ਦੇ ਡਰ ਦਾ ਕੋਈ ਢੰਗ (ਸੰਸਾ) ਨਹੀਂ।
(੬) ਸੱਪ ਤੇ ਅੱਗ ਨੂੰ ਫੜਨ ਦੇ ਮਨੋਰਥ ਨਾਲ ਹੱਥ ਵਧਾ ਕੇ ਉਠ ਖੜੋਂਦਾ ਹੈ।
(੭) ਅੱਗੇ ਆਏ ਟਿੱਬੇ ਟੋਏ ਨੂੰ ਨਹੀਂ ਸਮਝਦਾ (ਪਛਾਣਦਾ)।੮।

## ੯. ਵਿਚਾਰ-ਹੀਨ ਬਾਲ-ਅਵਸਥਾ

੧. ਲੂਲਾ ਪੈਰੀਂ ਹੋਂਦਈ
ਟੰਗਾਂ ਮਾਰਿ ਨ ਉਠਿ ਖਲੋਆ।
੨. ਹੱਥੋ ਹੱਥੁ ਨਚਾਈਐ
ਆਸਾ ਬੰਧੀ ਹਾਰੁ ਪਰੋਆ।
੩. ਉੱਦਮ ਉਕਤਿ ਨ ਆਵਈ
ਦੇਹਿ ਬਿਦੇਹਿ ਨ ਨਵਾਂ ਨਿਰੋਆ।
੪. ਹੱਗਣ ਮੂਤਣ ਛੱਡਣਾ
ਰੋਗੁ ਸੋਗੁ ਵਿਚਿ ਦੁਖੀਆ ਰੋਆ।
੫. ਘੁਟੀ ਪੀਐ ਨ ਖੁਸ਼ੀ ਹੋਇ
ਸਪਹੁੰ ਰਖਿਅੜਾ ਅਣਖੋਆ।
੬. ਗੁਣੁ ਅਵਗੁਣੁ ਨਾ ਵਿਚਾਰਦਾ
ਨਾ ਉਪਕਾਰੁ ਵਿਕਾਰੁ ਅਲੋਆ।
੭. ਸਮਸਰ ਤਿਸੁ ਹਥਿਆਰ ਸੰਜੋਆ ॥੯॥

***ਪਦ ਅਰਥ :*** ਆਸਾ ਬੰਧੀ—ਆਸਾ ਵਿਚ ਬੱਝੀਆਂ ਹੋਈਆਂ। ਉਕਤਿ—ਬੁੱਧੀ, ਯੁਕਤੀ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਬੱਚਿਆਂ ਦੀ ਬਾਲ-ਅਵਸਥਾ ਨੂੰ ਤੁਸੀਂ ਹੋਰ ਕਿਸ ਰੂਪ ਵਿਚ ਤੱਕਦੇ ਹੋ?

ਉ: ਹੇ ਭਾਈਓ! ਮੇਰੇ ਦੇਖਣ ਵਿਚ ਤਾਂ ਇਉਂ ਹੀ ਆਉਂਦਾ ਹੈ, ਜਿਵੇਂ ਕਿ:

(੧) (ਬਾਲਕ) ਪੈਰਾਂ ਦੇ ਹੁੰਦਿਆਂ ਲੂਲ੍ਹਿਆਂ ਵਾਂਗੂੰ ਲੱਤਾਂ ਮਾਰਦਾ ਹੈ ਤੇ ਉਠ ਕੇ ਖੜਾ ਨਹੀਂ ਹੋ ਸਕਦਾ।
(੨) (ਮਾਂ ਤੇ ਭੈਣਾਂ) ਉਸਨੂੰ ਹੱਥੋ ਹੱਥ ਨਚਾਉਂਦੀਆਂ ਹਨ ਤੇ ਆਸਾ ਦੀਆਂ ਬੱਝੀਆਂ ਹਾਰ ਵਾਂਗੂੰ ਗਲ ਨਾਲ ਲਾਈ ਫਿਰਦੀਆਂ ਹਨ।
(੩) (ਬਾਲਕ ਨੂੰ) ਉੱਦਮ ਤੇ ਬੁੱਧੀ ਨਹੀਂ ਹੁੰਦੀ ਤੇ ਉਹ ਦੇਹ ਤੋਂ ਬਿਦੇਹ ਹੋ ਕੇ ਨਵਾਂ ਨਰੋਆ (ਅਰੋਗ) ਨਹੀਂ ਰਹਿੰਦਾ।
(੪) ਹੱਗਣ ਮੂਤਣ ਆਦਿ ਕਿਰਿਆ ਕਰਨ ਵੇਲੇ ਤੇ ਰੋਗ ਸੋਗ ਵਿਚ ਦੁਖੀ ਹੋ ਕੇ ਰੋਂਦਾ ਹੈ।
(੫) ਘੁਟੀ (ਗੁੜ੍ਹਤੀ) ਪੀਣ ਲੱਗਿਆਂ ਖ਼ੁਸ਼ ਨਹੀਂ ਹੁੰਦਾ ਤੇ ਜਦੋਂ ਮਾਂ ਸੱਪ ਨੂੰ ਫੜਨ ਲਗਿਆਂ ਰੋਕਦੀ ਹੈ ਤਾਂ ਗੁੱਸੇ ਹੋ ਕੇ ਰੋਂਦਾ ਹੈ।

(੬) (ਉਹ) ਗੁਣ ਤੇ ਅਉਗੁਣ ਨੂੰ ਨਹੀਂ ਵੀਚਾਰਦਾ, ਨਾ ਹੀ ਉਸਨੂੰ ਉਪਕਾਰ ਤੇ ਵਿਕਾਰ (ਭਲੇ-ਬੁਰੇ) ਦੀ ਸੋਝੀ ਹੁੰਦੀ ਹੈ।

(੭) (ਉਸਨੂੰ) ਹਥਿਆਰ ਤੇ ਸੰਜੋਅ ਇਕੋ ਜਿਹੇ ਭਾਸਦੇ ਹਨ।੯।

*ਭਾਵਾਰਥ :* ਉਪਰੋਕਤ ਦੋਹਾਂ ਪਉੜੀਆਂ ਵਿਚ ਬਾਲ-ਅਵਸਥਾ ਦੇ ਦੁਖਾਂ ਤੇ ਬੇ-ਸਮਝੀਆਂ ਦਾ ਵਰਣਨ ਕੀਤਾ ਹੈ ਤੇ ਦੱਸਿਆ ਹੈ ਕਿ ਅਨਜਾਣ ਬਾਲਕ ਲਈ ਵੈਰੀ ਤੇ ਮਿੱਤਰ, ਅੰਮ੍ਰਿਤ ਤੇ ਜ਼ਹਿਰ, ਦੁਖ ਤੇ ਸੁਖ ਇਕੋ ਸਮਾਨ ਹੁੰਦੇ ਹਨ।

## ੧੦. ਬੱਚਿਆਂ ਦੀ ਪਾਲਣਾ ਕਰਨਾ ਮਾਤਾ-ਪਿਤਾ ਦਾ ਉਪਕਾਰ ਹੈ

**੧. ਮਾਤ ਪਿਤਾ ਮਿਲਿ ਨਿੰਮਿਆਂ**
**ਆਸਾ ਵੰਤੀ ਉਦਰੁ ਮਝਾਰੇ।**
**੨. ਰਸ ਕਸ ਖਾਇ ਨਿਲੱਜ ਹੋਇ**
**ਛੁਹ ਛੁਹ ਧਰਣਿ ਧਰੈ ਪਗਧਾਰੇ।**
**੩. ਪੇਟ ਵਿੱਚਿ ਦਸ ਮਾਹ ਰੱਖਿ**
**ਪੀੜਾ ਖਾਇ ਜਣੈ ਪੁਤ ਪਿਆਰੇ।**
**੪. ਜਣ ਕੈ ਪਾਲੈ ਕਸ਼ਟ ਕਰਿ**
**ਖਾਨ ਪਾਨ ਵਿਚਿ ਸੰਜਮ ਸਾਰੇ।**
**੫. ਗੁੜ੍ਹਤੀ ਦੇਇ ਪਿਆਲਿ ਦੁਧੁ**
**ਘੁੱਟੀ ਵੱਟੀ ਦੇਇ ਨਿਹਾਰੇ।**
**੬. ਛਾਦਨੁ ਭੋਜਨੁ ਪੋਖਿਆ**
**ਭੱਦਣ ਮੰਗਣ ਪੜ੍ਹਣ ਚਿਤਾਰੇ।**
**੭. ਪਾਂਧੇ ਪਾਸ ਬਹਾਲਿਆ**
**ਖੱਟਿ ਲੁਟਾਇ ਹੋਇ ਸਚਿਆਰੇ।**
**੮. ਉਰਿਣਿਤ ਹੋਏ ਭਾਰ ਉਤਾਰੇ ॥੧੦॥**

*ਪਦ ਅਰਥ :* ਨਿੰਮਿਆਂ—ਟਿਕਿਆ। ਛੁਹ ਛੁਹ—ਹੌਲੀ ਹੌਲੀ। ਗੁੜ੍ਹਤੀ—ਘੁਟੀ ਸ਼ਹਿਦ ਆਦਿ। ਉਰਿਣਿਤ—ਸੁਰਖ਼ਰੂ। ਖੱਟਿ—ਧਨ। ਸਚਿਆਰੇ—ਸੱਚੇ ਹੋਇ।

*ਅਰਥ :*

**ਪ੍ਰ:** ਭਾਈ ਸਾਹਿਬ ਜੀਉ ! ਮਾਪੇ ਬੱਚਿਆਂ ਲਈ ਹੋਰ ਕੀ ਕੁਝ ਕਰਦੇ ਹਨ ?

**ਉ:** ਹੇ ਭਾਈਓ ! ਜੋ ਬੱਚਿਆਂ ਲਈ ਆਮ ਮਾਤਾ-ਪਿਤਾ ਸੰਸਾਰਕ ਰਸਮਾਂ ਕਰਦੇ ਹਨ, ਉਨ੍ਹਾਂ ਨੂੰ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ :

(੧) ਜਦੋਂ ਮਾਤਾ-ਪਿਤਾ ਦੇ ਮਿਲਾਪ ਤੋਂ ਇਹ ਜੀਵ ਮਾਤਾ ਦੇ ਗਰਭ ਵਿਚ ਟਿਕਿਆ ਤਾਂ ਮਾਂ ਆਸਾਵੰਤੀ ਹੁੰਦੀ ਹੈ।

(੨) ਮਾਤਾ ਸ਼ੰਕਾਵਾਨ ਹੋ ਕੇ ਰਸ ਕਸ (ਖੱਟਾ-ਮਿੱਠਾ) ਨਹੀਂ ਖਾਂਦੀ ਤੇ ਹੌਲੀ ਹੌਲੀ ਧਰਤੀ ਤੇ ਪੈਰ ਰਖਦੀ ਹੈ।

(੩) ਦਸ ਮਹੀਨੇ ਆਪਣੇ ਪੇਟ ਵਿਚ ਰਖ ਕੇ ਮਾਂ ਬੜੀਆਂ ਪੀੜਾਂ ਸਹਿ ਕੇ ਪਿਆਰੇ ਪੁੱਤਰ ਨੂੰ ਜਣਦੀ ਹੈ।

(੪) ਪੁੱਤਰ ਜੰਮ ਕੇ ਮਾਂ ਬੜੇ ਕਸ਼ਟਾਂ ਨਾਲ ਉਸਨੂੰ ਪਾਲਦੀ ਹੈ ਤੇ ਸੰਜਮ ਨਾਲ ਖਾਣ ਪਾਨ ਕਰਦੀ ਹੈ।

(੫) (ਮਾਤਾ ਪੁੱਤਰ ਨੂੰ) ਗੁੜ੍ਹਤੀ ਦਿੰਦੀ ਹੈ ਤੇ ਦੁੱਧ ਪਿਆਉਂਦੀ ਹੈ। ਦੁਖ ਤਕਲੀਫ਼ ਹੋਵੇ ਤਾਂ ਘੁੱਟੀ ਤੇ ਵੱਟੀ ਦਿੰਦੀ ਹੈ।

(੬) ਸੋਹਣੇ ਸੋਹਣੇ ਕੱਪੜੇ ਪਾਉਂਦੀ ਹੈ ਤੇ ਚੰਗੇ ਭੋਜਨਾਂ ਨਾਲ ਪੁੱਤਰ ਨੂੰ ਪਾਲਦੀ ਹੈ, ਭੰਡਾਂ ਕਰਨੀਆਂ, ਪੜ੍ਹਨੇ ਪਾਉਣਾ ਤੇ ਮੰਗਣੀ ਕਰਨੀ ਚਿਤਾਰਦੀ ਹੈ।

(੭) ਫਿਰ ਪਾਂਧੇ ਪਾਸ ਬਹਾਇਆ ਜਾਂਦਾ ਹੈ ਤੇ ਆਪਣਾ ਕਮਾਇਆ ਧਨ ਲੁਟਾ ਕੇ ਮਾਪੇ ਸਚਿਆਰ ਹੁੰਦੇ ਹਨ।

(੮) ਇਸ ਤਰ੍ਹਾਂ ਮਾਪੇ ਆਪਣੇ ਸਿਰ ਤੋਂ ਕਰਜ਼ ਦਾ ਭਾਰ ਉਤਾਰ ਕੇ ਸੁਰਖ਼ਰੂ ਹੋ ਜਾਂਦੇ ਹਨ।

*ਭਾਵਾਰਥ :* ਇਸ ਪਉੜੀ ਵਿਚ ਭਾਈ ਸਾਹਿਬ ਜੀ ਕੇਵਲ ਸੰਸਾਰਕ ਰਸਮਾਂ ਰਿਵਾਜਾਂ ਦਾ ਵਰਣਨ ਕਰਦੇ ਹਨ, ਕੋਈ ਧਰਮ ਸ਼ਾਸਤ੍ਰ ਨਹੀਂ ਲਿਖ ਰਹੇ।

## ੧੧. ਕੁਪੁੱਤ੍ਰ ਹੀ ਮਾਂ-ਪਿਉ ਨਾਲ ਝਗੜਦਾ ਹੈ

**੧. ਮਾਤਾ ਪਿਤਾ ਅਨੰਦ ਵਿਚਿ**
**ਪੁੱਤੈ ਦੀ ਕੁੜਮਾਈ ਹੋਈ।**
**੨. ਰਹਸੀ ਅੰਗ ਨ ਮਾਵਈ**
**ਗਾਵੈ ਸੋਹਿਲੜੇ ਸੁਖ ਸੋਈ।**

**੩. ਵਿਗਸੀ ਪੁੱਤ੍ਰ ਵਿਆਹਿਐ**
**ਘੋੜੀ ਲਾਵਾਂ ਗਾਵ ਭਲੋਈ।**
**੪. ਸੁੱਖਾਂ ਸੁੱਖੈ ਮਾਵੜੀ**
**ਪੁੱਤ ਨੂੰਹ ਦਾ ਮੇਲ ਅਲੋਈ।**
**੫. ਨੂੰਹ ਨਿਤ ਕੰਤ ਕੁਮੰਤ ਦੇਇ**
**ਵਿਹਰੇ ਹੋਵਨ ਸੱਸੁ ਵਿਗੋਈ।**
**੬. ਲੱਖ ਉਪਕਾਰੁ ਵਿਸਾਰਕੈ**
**ਪੁੱਤ ਕੁਪੁੱਤ ਚੱਕੀ ਉਠਿ ਝੋਈ।**
**੭. ਹੋਵੈ ਸਰਵਣ ਵਿਰਲਾ ਕੋਈ ॥੧੧॥**

***ਪਦ ਅਰਥ :*** ਰਹਸੀ—ਖ਼ੁਸ਼ੀ ਵਿਚ। ਵਿਗਸੀ—ਖਿੜੀ, ਪ੍ਰਸੰਨ ਹੋਈ। ਮਾਵੜੀ—ਮਾਂ। ਅਲੋਈ—ਵੇਖਦੇ। ਕੁਮੰਤ—ਖੋਟੀ ਮੱਤ। ਵਿਹਰੇ—ਸਾਹਮਣੇ ਹੋਣਾ। ਸੱਸੁ ਵਿਗੋਈ—ਸੱਸ ਦੁਖੀ ਹੋਵੇ। ਚੱਕੀ ਉਠਿ ਝੋਈ—ਭਾਵ ਮੇਹਣੇ ਮਾਰਨੇ, ਲੜਨਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਸਾਰੇ ਪੁੱਤ੍ਰ 'ਸਰਵਣ' ਵਾਂਗ ਮਾਤਾ-ਪਿਤਾ ਦੀ ਸੇਵਾ ਕਰਨ ਵਾਲੇ ਕਿਉਂ ਨਹੀਂ ਵੇਖਣ ਵਿਚ ਆਉਂਦੇ, ਇਸ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ?

ਉ: ਹੇ ਭਾਈਓ! ਮੈਂ ਜੋ ਵੇਖ ਰਿਹਾ ਹਾਂ, ਉਸਨੂੰ ਮੈਂ ਇਸ ਪਉੜੀ ਵਿਚ ਉੱਕਰਿਆ ਹੈ:

(੧) (ਇਉਂ ਹੀ ਤੱਕਦੇ ਹਾਂ ਕਿ) ਜਦੋਂ ਪੁੱਤਰ ਦੀ ਕੁੜਮਾਈ ਹੋਈ ਤਦੋਂ ਮਾਤਾ ਪਿਤਾ ਖ਼ੁਸ਼ੀ ਵਿਚ (ਮਸਤ ਹੋਏ ਫਿਰਦੇ ਹਨ)।

(੨) ਇਸ ਖ਼ੁਸ਼ੀ ਵਿਚ ਮਾਤਾ ਮਿਉਂਦੀ ਨਹੀਂ ਤੇ ਸੋਹਲੇ ਗਾਉਂਦੀ ਹੋਈ ਸੁਖ ਵਿਚ ਸੌਂਦੀ ਹੈ।

(੩) ਜਦੋਂ ਪੁੱਤਰ ਦਾ ਵਿਆਹ ਹੁੰਦਾ ਹੈ ਤਾਂ ਮਾਂ ਪ੍ਰਸੰਨ ਹੋ ਕੇ ਘੋੜੀਆਂ ਤੇ ਲਾਵਾਂ ਗਾਉਂਦੀ ਹੈ।

(੪) ਨੂੰਹ-ਪੁੱਤ੍ਰ ਦਾ ਮਿਲਾਪ ਵੇਖ ਕੇ ਸੁਖਣਾ ਸੁਖਦੀ ਹੈ (ਕਿ ਇਹ ਜੋੜੀ ਸੁਖ ਮਾਣੇ ਤੇ ਹਰੀ ਭਰੀ ਰਹੇ)।

(੫) (ਪਰ) ਨੂੰਹ ਹਰ ਰੋਜ਼ ਆਪਣੇ ਪਤੀ ਨੂੰ ਖੋਟੀ ਮੱਤ ਹੀ ਦਿੰਦੀ ਹੈ, ਜਿਸ ਕਰਕੇ ਦੋਵੇਂ ਜੀਅ (ਨੂੰਹ ਤੇ ਪੁੱਤ੍ਰ) ਆਕੀ ਹੋ ਖੜੋਂਦੇ ਹਨ ਤੇ ਮਾਤਾ ਦੁਖੀ ਹੁੰਦੀ ਹੈ।

(੬) ਮਾਤਾ-ਪਿਤਾ ਦੇ ਲੱਖਾਂ ਉਪਕਾਰਾਂ ਨੂੰ ਵਿਸਾਰ ਕੇ ਕੁਪੁੱਤ੍ਰ ਪੁੱਤਰ ਨੇ ਮਾਪਿਆਂ ਨਾਲ ਲੜਾਈ ਦੀ ਚੱਕੀ ਝੋਈ ਹੈ (ਭਾਵ ਮਾਪਿਆਂ ਨਾਲ ਝਗੜੇ ਕਰਦਾ ਹੈ)।

(੭) (ਇਸ ਸੰਸਾਰ ਵਿਚ) ਕੋਈ ਵਿਰਲਾ ਹੀ ਸਰਵਣ ਵਰਗਾ ਪੁੱਤਰ ਮਾਪਿਆਂ ਦੀ ਸੇਵਾ ਕਰਦਾ ਹੈ।੧੧।

ਭਾਵ ਵਿਆਹ ਹੋ ਜਾਣ ਤੋਂ ਪਿਛੋਂ ਕੋਈ ਵਿਰਲਾ ਪੁੱਤਰ ਹੀ ਮਾਤਾ-ਪਿਤਾ ਦੇ ਉਪਕਾਰਾਂ ਨੂੰ ਸਾਹਮਣੇ ਰਖ ਕੇ ਸਰਵਣ ਵਾਂਗੂੰ ਆਗਿਆਕਾਰੀ ਰਹਿੰਦਾ ਹੈ।

## *੧੨. ਮਾਪਿਆਂ ਦਾ ਉਪਕਾਰ ਭੁੱਲ ਜਾਣਾ ਭੀ ਪਾਪ ਹੈ*

**੧. ਕਾਮਣਿ ਕਾਮਣਿਆਰੀਐ**
**ਕੀਤੇ ਕਾਮਣ ਕੰਤ ਪਿਆਰੇ।**
**੨. ਜੰਮੇ ਸਾਈਂ ਵਿਸਾਰਿਆ**
**ਵੀਵਾਹਿਆਂ ਮਾਂ ਪਿਓ ਵਿਸਾਰੇ।**
**੩. ਸੁੱਖਾਂ ਸੁੱਖਿ ਵਿਵਾਹਿਆ**
**ਸਉਣੁ ਸੰਜੋਗ ਵਿਚਾਰਿ ਵਿਚਾਰੇ।**
**੪. ਪੁਤ ਨੂੰਹੈਂ ਦਾ ਮੇਲੁ ਵੇਖਿ**
**ਅੰਗ ਨ ਮਾਵਨਿ ਮਾਂ ਪਿਉ ਵਾਰੇ।**
**੫. ਨੂੰਹੁੰ ਨਿਤ ਕੰਤ ਕੁਮੰਤ ਦੇਇ**
**ਮਾਂ ਪਿਉ ਛੱਡਿ ਵਡੇ ਹਤਿਆਰੇ।**
**੬. ਵੱਖ ਹੋਵੈ ਪੁਤੁ ਰੰਨਿ ਲੈ**
**ਮਾਂ ਪਿਉ ਦੇ ਉਪਕਾਰੁ ਵਿਸਾਰੇ।**
**੭. ਲੋਕਾਚਾਰ ਹੁਇ ਵਡੇ ਕੁਚਾਰੇ ॥੧੨॥**

***ਪਦ ਅਰਥ :*** ਕਾਮਣਿ—ਇਸਤ੍ਰੀ। ਕਾਮਣਿਆਰੀ—ਟੂਣੇ ਕਰਨ ਵਾਲੀ। ਕਾਮਣ—ਟੂਣਾ। ਸਾਈਂ—ਪਰਮੇਸ਼ਰ। ਸਉਣੁ—ਸਗਨ। ਹਤਿਆਰੇ—ਪਾਪੀ। ਲੋਕਾਚਾਰ—ਲੋਕਾਂ ਦੇ ਕੰਮ।

***ਅਰਥ :***

ਭਾਈ ਸਾਹਿਬ, ਇਸ ਉਪਰਲੀ ਪਉੜੀ ਵਿਚ ਭੀ, ਪਹਿਲੀ ਪਉੜੀ ਦਾ ਹੀ ਭਾਵਾਰਥ ਦਰਸਾਉਂਦੇ ਹਨ, ਜਿਵੇਂ ਕਿ ਅੱਗੇ ਅੰਕਤ ਕਰਦੇ ਹਨ:

(੧) ਟੂਣੇ ਕਰਨ ਵਾਲੀ ਇਸਤ੍ਰੀ ਨੇ ਆਪਣੇ ਪਿਆਰੇ ਪਤੀ ਤੇ ਐਸਾ ਜਾਦੂ ਪਾ ਦਿਤਾ ਕਿ:

(੨) ਜਨਮ ਲੈਣ ਤੋਂ ਪਿਛੋਂ ਉਸ ਨੇ ਆਪਣੇ ਸਾਈਂ (ਮਾਲਕ ਪ੍ਰਭੂ) ਨੂੰ ਭੁਲਾ ਦਿਤਾ ਤੇ ਵਿਆਹ ਹੋ ਜਾਣ ਬਾਅਦ ਮਾਪਿਆਂ ਨੂੰ ਵਿਸਾਰ ਦਿਤਾ।

(੩) (ਮਾਪਿਆਂ ਨੇ) ਸੁਖਾਂ ਸੁਖ ਕੇ ਤੇ ਕਈ ਤਰ੍ਹਾਂ ਦੇ ਸਗਨ ਆਦਿ ਵਿਚਾਰ ਕੇ ਪੁੱਤਰ ਦਾ ਵਿਆਹ ਕੀਤਾ।

(੪) ਨੂੰਹ ਤੇ ਪੁੱਤਰ ਦਾ ਮਿਲਾਪ ਵੇਖ ਕੇ ਮਾਪੇ ਅੰਗਾਂ ਵਿਚ ਨਹੀਂ ਮਿਉਂਦੇ ਤੇ ਵਾਰਨੇ ਜਾਂਦੇ ਹਨ।

(੫) (ਪਰ) ਨੂੰਹ ਆਪਣੇ ਪਤੀ ਨੂੰ ਨਿੱਤ ਖੋਟੀ ਮੱਤ ਦਿੰਦੀ ਹੈ, ਜਿਸ ਕਰਕੇ ਪੁੱਤਰ ਮਾਪਿਆਂ ਨੂੰ ਛੱਡ ਕੇ ਹਤਿਆਰਿਆਂ (ਪਾਪੀਆਂ) ਵਾਲਾ ਕੰਮ ਕਰਦਾ ਹੈ।

(੬) (ਇਸ ਹਰ ਰੋਜ਼ ਦੀ ਖੋਟੀ ਮੱਤ ਦਾ ਅਸਰ ਇਹ ਹੁੰਦਾ ਹੈ ਕਿ) ਪੁੱਤਰ ਵਹੁਟੀ ਨੂੰ ਲੈ ਕੇ ਵੱਖ ਹੋ ਜਾਂਦਾ ਹੈ ਤੇ ਮਾਪਿਆਂ ਦੇ ਸਾਰੇ ਉਪਕਾਰ ਭੁਲਾ ਦੇਂਦਾ ਹੈ।

(੭) (ਪੁੱਤਰਾਂ ਦਾ ਇਹ ਕਰਮ) ਲੋਕਾਚਾਰੀ ਵੱਲੋਂ ਬੜਾ ਖੋਟੀ ਚਾਲ ਵਾਲਾ ਹੁੰਦਾ ਹੈ।੧੨।

## ੧੩. ਮਾਪਿਆਂ ਦੀ ਸੇਵਾ ਤੋਂ ਸੱਖਣੇ ਪੁੱਤਰਾਂ ਦੇ ਜਪ ਤਪ ਕੀਤੇ ਨਿਸਫਲ ਹਨ

**੧. ਮਾਂ ਪਿਉ ਪਰਹਰਿ ਸੁਣੈ ਵੇਦੁ**
**ਭੇਦ ਨ ਜਾਣੈ ਕਥਾ ਕਹਾਣੀ।**
**੨. ਮਾਂ ਪਿਉ ਪਰਹਰਿ ਕਰੈ ਤਪੁ**
**ਵਣਖੰਡਿ ਭੁੱਲਾ ਫਿਰੈ ਬਿਬਾਣੀ।**
**੩. ਮਾਂ ਪਿਉ ਪਰਹਰਿ ਕਰੈ ਪੂਜ**
**ਦੇਵੀ ਦੇਵ ਨ ਸੇਵ ਕਮਾਣੀ।**
**੪. ਮਾਂ ਪਿਉ ਪਰਹਰਿ ਨ੍ਹਾਵਣਾ**
**ਅਠਸਠਿ ਤੀਰਥ ਘੁੰਮਣਵਾਣੀ।**
**੫. ਮਾਂ ਪਿਉ ਪਰਹਰਿ ਵਰਤ ਕਰਿ**
**ਮਰਿ ਮਰਿ ਜੰਮੈ ਭਰਮ ਭੁਲਾਣੀ।**
**੬. ਮਾਂ ਪਿਉ ਪਰਹਰਿ ਕਰੈ ਦਾਨ**
**ਬੇਈਮਾਨ ਅਗਿਆਨ ਪਰਾਣੀ।**
**੭. ਗੁਰੁ ਪਰਮੇਸਰੁ ਸਾਰੁ ਨ ਜਾਣੀ ॥੧੩॥**

***ਪਦ ਅਰਥ :*** ਪਰਹਰਿ—ਤਿਆਗ ਕੇ। ਬਿਬਾਣੀ—ਜੰਗਲਾਂ ਵਿਚ। ਘੁੰਮਣਵਾਣੀ—ਘੁੰਮਣਘੇਰੀ, ਭਾਵ ਘੁੰਮਣਘੇਰ ਦੇ ਗੋਤੇ ਖਾਣੇ, ਨਰਕਾਧਿਕਾਰੀ। ਸਾਰੁ—ਖ਼ਬਰ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਕਈ ਅਜਿਹੇ ਪੁੱਤ੍ਰ ਭੀ ਵੇਖਣ ਵਿਚ ਆਉਂਦੇ ਹਨ, ਜੋ ਮਾਂ-ਪਿਉ ਦੀ ਸੇਵਾ ਕਰਨੀ ਤਾਂ ਆਪਣਾ ਮੁਖ ਪ੍ਰਯੋਜਨ ਨਹੀਂ ਸਮਝਦੇ, ਪਰ ਹੋਰ ਜਪ, ਤਪ, ਦਾਨ, ਪੁੰਨ ਕਰਨ ਦਾ ਉਪਰਾਲਾ ਕਰਦੇ ਹਨ, ਉਨ੍ਹਾਂ ਬਾਰੇ ਆਪ ਦੀ ਕੀ ਰਾਇ ਹੈ ?

**ਉ:** ਹੇ ਭਾਈਓ ! ਜੋ ਮਾਤਾ-ਪਿਤਾ ਦੀ ਸੇਵਾ ਵੱਲੋਂ ਸੱਖਣੇ ਪੁੱਤਰ ਹਨ, ਉਨ੍ਹਾਂ ਦੇ ਸੰਬੰਧ ਵਿਚ ਜੋ ਮੈਂ ਅਨੁਭਵ ਕਰਦਾ ਹਾਂ, ਉਹ ਖ਼ਿਆਲ ਭੀ ਮੈਂ ਇਸ ਪਉੜੀ ਵਿਚ ਉੱਕਰੇ ਹਨ, ਜਿਵੇਂ ਕਿ :

(੧) (ਜਿਹੜਾ ਪੁੱਤਰ) ਮਾਪਿਆਂ ਨੂੰ ਤਿਆਗ ਕੇ ਵੇਦ ਸੁਣਦਾ ਹੈ, ਉਹ ਵੇਦਾਂ ਦੀਆਂ ਕਥਾ ਕਹਾਣੀਆਂ ਦਾ ਭੇਦ ਨਹੀਂ ਜਾਣ ਸਕਦਾ।

(੨) (ਜਿਹੜਾ ਪੁੱਤਰ) ਮਾਤਾ ਪਿਤਾ ਨੂੰ ਤਿਆਗ ਕੇ ਬਣਾਂ ਵਿਚ ਜਾ ਕੇ ਤਪ ਕਰਦਾ ਹੈ, ਉਹ ਜੰਗਲ ਵਿਚ ਭੁੱਲਾ ਫਿਰਦਾ ਹੈ।

(੩) (ਜਿਹੜਾ ਪੁੱਤਰ) ਮਾਪਿਆਂ ਨੂੰ ਛੱਡ ਕੇ ਦੇਵੀ ਦੇਵਤਿਆਂ ਦੀ ਪੂਜਾ ਕਰਦਾ ਹੈ, ਉਸ ਦੀ ਪੂਜਾ ਨੂੰ ਦੇਵੀ ਦੇਵਤੇ ਪ੍ਰਵਾਨ ਨਹੀਂ ਕਰਦੇ।

(੪) ਮਾਤਾ-ਪਿਤਾ ਨੂੰ ਵਿਸਾਰ ਕੇ (ਜਿਹੜਾ ਪੁੱਤਰ) ਅਠਾਹਠ ਤੀਰਥਾਂ 'ਤੇ ਇਸ਼ਨਾਨ ਕਰਦਾ ਫਿਰਦਾ ਹੈ, ਉਹ ਘੁੰਮਣਘੇਰੀਆਂ ਵਿਚ ਗੋਤੇ ਖਾਂਦਾ ਹੈ।

(੫) ਮਾਪਿਆਂ ਦਾ ਤਿਆਗ ਕਰਕੇ (ਜਿਹੜਾ ਪੁੱਤਰ) ਦਾਨ ਕਰਦਾ ਹੈ, ਉਹ ਪੁੱਤਰ ਅਗਿਆਨੀ ਤੇ ਬੇਈਮਾਨ ਹੈ।

(੬) ਮਾਤਾ-ਪਿਤਾ ਦਾ ਤਿਆਗ ਕਰਕੇ (ਜਿਹੜਾ ਪੁੱਤਰ) ਵਰਤ-ਨੇਮ ਆਦਿ ਕਰਮ ਕਰਦਾ ਹੈ। ਉਹ ਚੌਰਾਸੀ ਲੱਖ ਜੂਨਾਂ ਦੇ ਚੱਕਰ ਵਿਚ ਭਰਮਦਾ ਭੁੱਲਾ ਹੋਇਆ ਫਿਰਦਾ ਹੈ।

(੭) (ਇਹੋ ਜਿਹੇ ਖੋਟੇ ਪੁੱਤਰਾਂ ਨੇ) ਗੁਰੂ ਤੇ ਪਰਮੇਸ਼ਰ ਦੀ ਸਾਰ ਨਹੀਂ ਜਾਣੀ।੧੩।

***ਭਾਵਾਰਥ :*** ਜਿਸ ਵਿਚ ਆਪਣੇ ਉਪਰ ਉਪਕਾਰ ਕਰਨ ਵਾਲੇ ਦੀ ਕ੍ਰਿਤੱਗਯਤਾ ਨਹੀਂ, ਭਾਵ ਮਾਪਿਆਂ ਜੈਸੇ ਕੁਦਰਤੀ ਪਿਆਰਿਆਂ ਦਾ ਮੋਹ ਜਿਸ ਨੂੰ ਖਿੱਚ ਨਹੀਂ ਪਾਉਂਦਾ, ਉਹ ਜੋ ਵੀ ਕਰਮ ਕਰਦਾ ਹੈ, ਕੇਵਲ ਵਿਖਾਵੇ ਯਾ ਹਉਂ ਦੇ ਬੰਧ ਵਿਚ ਉਹ ਸਾਰੇ ਨਿਸਫਲ ਹਨ। ਕਿਉਂਕਿ ਉਸਦੇ ਸਰੀਰ ਦੇ ਉਪਕਾਰ ਉਸ ਪਰ ਸੰਤੁਸ਼ਟ ਨਹੀਂ ਹਨ,

ਉਸ ਪਰ ਗੁਰੂ ਤੇ ਪਰਮੇਸ਼ਰ ਕਿਵੇਂ ਪ੍ਰਸੰਨ ਹੋ ਸਕਦਾ ਹੈ, ਉਸਦੇ ਹੋਰ ਕਰਮ ਕੀਤੇ ਸਭੇ ਨਿਸਫਲ ਹੁੰਦੇ ਹਨ।

## ੧੪. ਉਪਕਾਰੀ ਪ੍ਰਭੂ ਨੂੰ ਸਦਾ ਹੀ ਯਾਦ ਰੱਖੋ

**੧. ਕਾਦਰ ਮਨਹੁ ਵਿਸਾਰਿਆ**
**ਕੁਦਰਤਿ ਅੰਦਰਿ ਕਾਦਰੁ ਦਿੱਸੈ।**
**੨. ਜੀਉ ਪਿੰਡ ਦੇ ਸਾਜਿਆ**
**ਸਾਸ ਮਾਸ ਦੇ ਜਿੱਸੈ ਕਿੱਸੈ।**
**੩. ਅੱਖੀਂ ਮੁਹੁ ਨੱਕ ਕੰਨ**
**ਦੁਇ ਹਥੁ ਪੈਰੁ ਸਭਿ ਦਾਤ ਸੁ ਤਿੱਸੈ।**
**੪. ਅੱਖੀਂ ਦੇਖੈ ਰੂਪ ਰੰਗ**
**ਸਬਦਿ ਸੁਰਤਿ ਮੁਹਿ ਕੰਨ ਸਰਿੱਸੈ।**
**੫. ਨੱਕ ਵਾਸ ਹਥੀਂ ਕਿਰਤ**
**ਪੈਰੀ ਚੱਲਣ ਪਲ ਪਲ ਖਿੱਸੈ।**
**੬. ਵਾਲ ਦੰਦ ਮੂੰਹ ਰੋਮ ਰੋਮ**
**ਸਾਸ ਗਿਰਾਸਿ ਸਮਾਲਿ ਸਲਿੱਸੈ।**
**੭. ਸਾਦੀ ਲੱਬੇ ਸਾਹਿਬੋ**
**ਤਿਸ ਤੂੰ ਸੰਮਲ ਸੌਵੇਂ ਹਿੱਸੈ।**
**੮. ਲੂਣ ਪਾਇ ਕਰਿ ਆਟੈ ਮਿੱਸੈ ॥੧੪॥**

***ਪਦ ਅਰਥ :*** ਸਰਿੱਸੈ—ਵਿਸ਼ੇਸ਼। ਖਿੱਸੈ—ਖਿਸਕਣਾ। ਸਲਿੱਸੈ—ਪਿਆਰ ਨਾਲ। ਸਾਦੀ ਲੱਬੇ—ਸੁਆਦਾਂ ਦੇ ਲੋਭ ਨਾਲ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਸੰਸਾਰ ਵਿਚ ਆਮ ਵਧੇਰੇ ਗਿਣਤੀ ਉਨ੍ਹਾਂ ਹੀ ਲੋਕਾਂ ਦੀ ਵੇਖਣ ਵਿਚ ਆਉਂਦੀ ਹੈ, ਜਿਨ੍ਹਾਂ ਨੇ ਉਸ ਪਰਮੇਸ਼ਰ ਨੂੰ ਆਪਣੇ ਮਨ ਵਿਚੋਂ ਸਦਾ (ਉੱਕਾ) ਹੀ ਵਿਸਾਰ ਦਿੱਤਾ ਹੈ, ਕਿਉਂ ਜੀ! ਤੁਸੀਂ ਇਸਦਾ ਸਹੀ ਕਾਰਨ ਕੀ ਅਨੁਭਵ ਕਰਦੇ ਹੋ?

ਉ: ਹੇ ਭਾਈਓ! ਅਸਲ ਵਿਚ ਤਾਂ ਸੰਸਾਰੀ ਜੀਵ ਉਸੇ ਸ਼ੈ ਦੀ ਹੋਂਦ ਨੂੰ ਮੰਨਦੇ ਹਨ, ਜੋ ਉਨ੍ਹਾਂ ਨੂੰ ਪ੍ਰਤੱਖਸ਼ ਵੇਖਣ ਵਿਚ ਆਉਂਦੀ ਹੈ। ਉਹ ਖ਼ਿਆਲ ਕਰਦੇ ਹਨ ਕਿ ਜੋ ਵਸਤੂ ਦਿੱਸਦੀ ਹੀ ਨਹੀਂ, ਉਹ ਹੋਇਆ ਹੀ ਨਹੀਂ ਕਰਦੀ, ਪਰ ਉਨ੍ਹਾਂ ਲੋਕਾਂ ਨੂੰ ਕੌਣ ਦੱਸੇ ਕਿ ਦਿੱਸਣ ਵਾਲੇ ਸਾਰੇ ਪਦਾਰਥ ਤਾਂ ਇਨ੍ਹਾਂ ਨੇਤ੍ਰਾਂ ਰਾਹੀਂ ਵੇਖੇ ਜਾਂਦੇ ਹਨ, ਪਰ ਉਹ ਪਰੀਪੂਰਨ ਪਰਮੇਸ਼ਰ ਤਾਂ ਇਨ੍ਹਾਂ ਨੇਤਰਾਂ ਦਾ ਵਿਸ਼ਾ ਹੀ ਨਹੀਂ ਕਿਉਂਕਿ ਉਸਨੂੰ ਵੇਖਣ ਵਾਲੇ ਨੇਤ੍ਰ ਤਾਂ ਹੋਰ ਹਨ, ਜਿਨ੍ਹਾਂ ਬਾਰੇ ਸਤਿਗੁਰੂ ਜੀ ਨੇ ਇਉਂ ਫ਼ੁਰਮਾਇਆ ਹੈ ਕਿ :

ਨਾਨਕ ਸੇ ਅਖੜੀਆਂ ਬਿਅੰਨਿ
ਜਿਨੀ ਡਿਸੰਦੋ ਮਾ ਪਿਰੀ ॥੩॥ *(ਮ: ੫, ਪੰਨਾ ੧੧੦੦)*

ਭਾਵ ਹੈ ਕਿ ਉਸ ਕਾਦਰ ਕਰੀਮ ਨੂੰ ਅਨੁਭਵ ਕਰਨ ਵਾਲੇ ਤਾਂ ਗਿਆਨ ਦੇ ਹੀ ਨੇਤ੍ਰ ਹਨ, ਜਿਨ੍ਹਾਂ ਦੁਆਰੇ ਉਸ ਨੂੰ ਵੇਖਿਆ ਜਾ ਸਕਦਾ ਹੈ। ਸੋ, ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਇਨ੍ਹਾਂ ਸੰਸਾਰੀ ਲੋਕਾਂ ਦੇ ਉਸ ਪਰਮੇਸ਼ਰ ਨੂੰ ਵਿਸਾਰ ਦੇਣ ਦਾ ਇਕੋ ਹੀ ਕਾਰਨ ਹੈ ਕਿ ਇਨ੍ਹਾਂ ਲੋਕਾਂ ਪਾਸ ਉਹ ਗਿਆਨ ਦੇ ਨੇਤ੍ਰ ਨਹੀਂ, ਉਂਝ ਤਾਂ ਉਹ ਪ੍ਰਭੂ ਆਪਣੀ ਕੁਦਰਤ ਦੁਆਰੇ ਹਰ ਸ਼ੈ ਵਿਚ ਹੀ ਪ੍ਰਤੱਖ ਵੇਖਣ ਵਿਚ ਆਉਂਦਾ ਹੈ। ਇਸੇ ਭਾਵ ਨੂੰ ਮੈਂ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਅੰਕਤ ਕਰਨ ਦਾ ਇਕ ਨਿਮਾਣਾ ਜਿਹਾ ਉਪਰਾਲਾ ਕੀਤਾ ਹੈ :

(੧) (ਹੇ ਭਾਈਓ! ਵੇਖਣ ਵਿਚ ਤਾਂ ਠੀਕ ਇਉਂ ਹੀ ਆਉਂਦਾ ਹੈ ਕਿ ਸੰਸਾਰ ਦੇ ਲੋਕਾਂ ਨੇ) ਕਾਦਰ (ਪ੍ਰਭੂ) ਨੂੰ ਵਿਸਾਰ ਦਿਤਾ ਹੈ (ਪਰ) ਉਹ ਪਰਮਾਤਮਾ ਆਪਣੀ ਕੁਦਰਤ ਵਿਚ (ਪਰਤੱਖ) ਦਿੱਸਦਾ ਹੈ।

(੨) (ਪ੍ਰਭੂ ਨੇ) ਜੀਉ, ਸਰੀਰ, ਮਾਸ ਤੇ ਸਵਾਸ ਆਦਿ ਬਣਾ ਕੇ ਸਭ ਜੀਵਾਂ ਦੀ ਰਚਨਾ ਕੀਤੀ ਹੈ।

(੩) (ਜਿਵੇਂ ਕਿ) ਅੱਖਾਂ, ਮੂੰਹ, ਨੱਕ, ਕੰਨ, ਦੋਵੇਂ ਹੱਥ ਤੇ ਪੈਰ ਸਭ ਉਸ ਪ੍ਰਭੂ ਦੀਆਂ ਬਖ਼ਸ਼ੀਆਂ ਹੋਈਆਂ ਦਾਤਾਂ ਹਨ।

(੪) ਅੱਖਾਂ ਰੂਪ ਰੰਗ ਵੇਖਦੀਆਂ ਹਨ, ਮੂੰਹੋਂ ਬੋਲਣ ਤੇ ਕੰਨਾਂ ਵਿਚ ਸੁਣਨ ਦੀ ਵਿਸ਼ੇਸ਼ ਸੁਰਤੀ ਦਿੱਤੀ ਹੈ।

(੫) ਨੱਕ ਵਾਸ਼ਨਾ ਲੈਂਦਾ ਹੈ, ਹੱਥਾਂ ਨਾਲ ਕਾਰ-ਵਿਹਾਰ ਹੁੰਦਾ ਹੈ ਤੇ ਪੈਰਾਂ ਨਾਲ ਪਲ ਪਲ ਚਲਣਾ ਹੁੰਦਾ ਹੈ।

(੬) ਸਿਰ ਤੇ ਵਾਲ ਦਿਤੇ ਹਨ ਤੇ ਮੂੰਹ ਵਿਚ ਦੰਦ ਲਾਏ ਹਨ। ਹੇ ਭਾਈ! ਐਸੇ ਪ੍ਰਭੂ ਨੂੰ ਰੋਮ ਰੋਮ ਤੇ ਸ੍ਵਾਸ ਸ੍ਵਾਸ ਵਿਚ ਪ੍ਰੀਤ ਨਾਲ ਯਾਦ ਕਰ।

ਪ੍ਰ: ਭਾਈ ਸਾਹਿਬ ਜੀਉ! ਕਈ ਲੋਕ ਇਹ ਭੀ ਸ਼ੰਕਾ ਕਰਦੇ ਹਨ ਕਿ ਹਰ ਸਮੇਂ ਪ੍ਰਭੂ ਦਾ ਸਿਮਰਨ ਨਹੀਂ ਹੋ ਸਕਦਾ, ਕਿਉਂਕਿ ਜਗਤ ਦੇ ਕਾਰ-ਵਿਹਾਰ ਭੀ ਕਰਨੇ

ਹੁੰਦੇ ਹਨ, ਇਸ ਬਾਰੇ ਤੁਸੀਂ ਕੀ ਕਹਿਣਾ ਚਾਹੁੰਦੇ ਹੋ ?

**ਉ:** ਹੇ ਭਾਈਓ! ਇਸਦਾ ਉੱਤਰ ਤਾਂ ਇਹੋ ਹੈ ਕਿ:

(੭) ਸੁਆਦਾਂ ਦੇ ਲਾਲਚ ਕਰਕੇ ਤੂੰ ਸਾਹਿਬ (ਮਾਲਕ) ਦੀ ਸੇਵਾ ਕਰਦਾ ਹੈਂ। ਉਸ ਤੋਂ ਸੌਵਾਂ ਹਿੱਸਾ ਪ੍ਰਭੂ ਦਾ ਸਿਮਰਨ ਕਰ ਤੇ

(੮) ਇਸ ਸਵਾਸਾਂ ਰੂਪੀ ਆਟੇ ਵਿਚ ਸਿਮਰਨ ਰੂਪੀ ਲੂਣ ਪਾ ਕੇ ਇਸ ਨੂੰ ਮਿੱਸਾ ਕਰ।੧੪।

ਯਥਾ—ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥
ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥੨੩੨॥

*(ਸਲੋਕ ਭਗਤ ਕਬੀਰ ਜੀ, ਪੰਨਾ ੧੩੭੭)*

ਭਾਵ ਜਿਵੇਂ ਆਟੇ ਵਿਚ ਥੋੜ੍ਹਾ ਜਿਹਾ ਲੂਣ ਪਾ ਕੇ ਆਟੇ ਨੂੰ ਸੁਆਦਲਾ ਬਣਾ ਲਿਆ ਜਾਂਦਾ ਹੈ, ਇਸੇ ਤਰ੍ਹਾਂ ਪ੍ਰਭੂ ਦੀ ਯਾਦ ਨਾਲ ਇਹ ਜੀਵਨ ਸਫਲ ਹੋ ਜਾਂਦਾ ਹੈ।

## ੧੫. ਜਿਹੋ ਜੇਹੀ ਜਾਗਦਿਆਂ ਸੁਰਤ ਤੇਹੋ ਜਿਹੀ ਸੁਪਨ ਵਿਚ

**੧. ਦੇਹੀ ਵਿੱਚਿ ਨ ਜਾਪਈ**
**ਨੀਂਦ ਭੁੱਖ ਤਿਹ ਕਿੱਥੈ ਵੱਸੈ।**
**੨. ਹੱਸਣ ਰੋਵਣ ਗਾਵਣਾ**
**ਛਿੱਕ ਡਕਾਰੁ ਖੰਘੂਰਣ ਦੱਸੈ।**
**੩. ਆਲਕ ਤੇ ਅਗਵਾੜੀਆਂ**
**ਹਿਡਕੀ ਖੁਰਕਣੁ ਪਰਸ ਪਰੱਸੈ।**
**੪. ਉਭੇ ਸਾਹ ਉਬਾਸੀਆਂ**
**ਚੁਟਕਾਰੀ ਤਾਣੀ ਸੁਣਿ ਕਿੱਸੈ।**
**੫. ਆਸਾ ਮਨਸਾ ਹਰਖੁ ਸੋਗੁ**
**ਭੋਗੁ ਜੋਗੁ ਦੁਖੁ ਸੁਣਿ ਨ ਵਿਗੱਸੈ।**
**੬. ਜਾਗਦਿਆਂ ਲੱਖ ਚਿਤਵਣੀ**
**ਸੁੱਤਾ ਸੁਹਣੇ ਅੰਦਰਿ ਧੱਸੈ।**
**੭. ਸੁੱਤਾ ਹੀ ਬਰੜਾਂਵਦਾ**
**ਕਿਰਤ ਵਿਰਤ ਵਿਚ ਜਸ ਅਪਜੱਸੈ।**
**੮. ਤਿਸਨਾ ਅੰਦਰਿ ਘਣਾ ਤਰੱਸੈ॥੧੫॥**

***ਪਦ ਅਰਥ :*** ਆਲਕ—ਆਲਸ। ਅਗਵਾੜੀਆਂ—ਆਕੜਾਂ। ਪਰਸ ਪਰੱਸੈ—ਆਪੋ ਵਿਚ। ਚੁਟਕਾਰੀ—ਚੁਟਕੀਆਂ। ਸੁਣਿ ਕਿੱਸੈ—ਕਹਾਣੀਆਂ ਸੁਣ ਕੇ। ਸੁਹਣੇ—ਸੁਪਨੇ।

### *ਅਰਥ :*

(੧) ਇਹ ਪਤਾ ਨਹੀਂ ਲਗਦਾ ਕਿ (ਇਸ ਮਨੁੱਖਾ) ਦੇਹੀ ਵਿਚ ਨੀਂਦਰ ਭੁਖ ਤੇ ਤਰੇਹ ਕਿਥੇ ਵੱਸਦੀਆਂ ਹਨ।

(੨) ਹੱਸਣਾ, ਰੋਣਾ, ਗੌਣਾ, ਨਿੱਛਾਂ, ਡਕਾਰਨਾ ਤੇ ਖੰਘੂਰਨਾ ਬਾਰੇ (ਕੋਈ) ਦੱਸੇ।

(੩) ਆਲਸ, ਆਕੜਾਂ ਭੰਨਣੀਆਂ, ਹਿੜਕੀ ਤੇ ਆਪੋ ਵਿਚ ਇਕ ਦੂਜੇ ਨੂੰ ਖੁਰਕਣਾ।

(੪) ਉਭੇ ਸਾਹ ਲੈਣੇ, ਉਬਾਸੀਆਂ ਲੈਣੀਆਂ, ਚੁਟਕੀਆਂ ਮਾਰਨੀਆਂ, ਕਿੱਸੇ ਕਹਾਣੀਆਂ ਸੁਣ ਕੇ ਖ਼ੁਸ਼ੀ ਨਾਲ ਤਾੜੀਆਂ ਮਾਰਨੀਆਂ।

(੫) ਆਸਾ, ਮਨਸਾ, ਖ਼ੁਸ਼ੀ, ਗ਼ਮੀ, ਕਦੀ ਭੋਗ, ਕਦੀ ਜੋਗ, ਦੁਖ ਦੀਆਂ ਗੱਲਾਂ ਸੁਣ ਕੇ ਪ੍ਰਸੰਨ ਨਾ ਹੋਣਾ।

(੬) ਜਾਗਦਿਆਂ (ਮਨੁੱਖ) ਇਹੋ ਜਿਹੀਆਂ ਲੱਖਾਂ ਚਿਤਵਨੀਆਂ ਕਰਦਾ ਹੈ ਤੇ ਸੁੱਤਾ ਹੋਇਆ ਸੁਪਨਿਆਂ ਵਿਚ ਜਾ ਵੜਦਾ ਹੈ।

(੭) ਸੁੱਤਾ ਪਿਆ ਮਨੁੱਖ ਬਰੜਾਉਂਦਾ ਹੈ, ਕਿਰਤ ਵਿਹਾਰ ਦੇ ਜਸ ਅਪਜਸ ਨੂੰ ਲੈਂਦਾ ਹੈ (ਭਾਵ ਸੁਪਨੇ ਵਿਚ ਵੀ ਉਹੋ ਕੁਝ ਵੇਖਦਾ ਹੈ)।

(੮) (ਮਨੁੱਖ) ਤ੍ਰਿਸ਼ਨਾ ਵਿਚ ਫਸਿਆ ਹੋਇਆ (ਸੁਪਨੇ ਵਿਚ ਭੀ) ਬਹੁਤ ਤਰਸਦਾ ਹੈ, (ਦੁਖੀ ਹੁੰਦਾ ਹੈ ਤੇ ਡਰਦਾ ਹੈ)।

ਭਾਵ ਹੈ ਕਿ ਜੋ ਮਨੁੱਖ ਜਾਗ੍ਰਤ ਵਿਚ ਸ਼ੁਭ ਕਰਮ ਕਰਦਾ ਹੈ, ਉਹ ਸੁਪਨੇ ਵਿਚ ਭੀ ਸ਼ੁਭ ਸੰਸਕਾਰ ਵੇਖਦਾ ਹੈ, ਭਾਵ ਇਸਦਾ ਇਹੋ ਹੈ ਕਿ ਜਾਗ੍ਰਤ ਦਾ ਵਿਹਾਰ ਹੀ ਸੁਪਨ ਦਾ ਵਿਹਾਰ ਬਣਦਾ ਹੈ।

## ੧੬. ਪਾਪੀ ਮਨੁੱਖ ਉਪਕਾਰ ਕੀਤਿਆਂ ਭੀ ਨਹੀਂ ਪ੍ਰਸੰਨ ਹੁੰਦਾ

**੧. ਗੁਰਮਤਿ ਦੁਰਮਤਿ ਵਰਤਣਾ**
**ਸਾਧੁ ਅਸਾਧੁ ਸੰਗਤਿ ਵਿਚਿ ਵੱਸੈ।**
**੨. ਤਿੰਨ ਵੇਸ ਜਮਵਾਰ ਵਿਚਿ**
**ਹੋਇ ਸੰਜੋਗ ਵਿਜੋਗ ਮੁਣੱਸੈ।**

੩. ਸਹਸ ਕੁਬਾਣ ਨ ਵਿੱਸਰੈ
ਸਿਰਜਨਹਾਰੁ ਵਿਸਾਰਿ ਵਿਗੱਸੈ।
੪. ਪਰ ਨਾਰੀ ਪਰ ਦਰਬੁ ਹਿਤੁ
ਪਰ ਨਿੰਦਾ ਪਰਪੰਚ ਰਹੱਸੈ।
੫. ਨਾਮ ਦਾਨ ਇਸ਼ਨਾਨ ਤਜਿ
ਕੀਰਤਨ ਕਥਾ ਨ ਸਾਧੁ ਪਰੱਸੈ।
੬. ਕੁੱਤਾ ਚਉਕ ਚੜ੍ਹਾਈਐ
ਚੱਕੀ ਚੱਟਣਿ ਕਾਰਣ ਨੱਸੈ।
੭. ਅਵਗੁਣਿਆਰਾ ਗੁਣ ਨ ਸਰੱਸੈ ॥੧੬॥

***ਪਦ ਅਰਥ :*** ਜਮਵਾਰ—ਜਨਮ ਵਿਚ। ਮੁਣੱਸੈ—ਮਨੁੱਖ। ਰਹੱਸੈ—ਖੁਸ਼ ਹੋਣਾ। ਪਰੱਸੈ—ਮਿਲਣਾ, ਪਰਸਣਾ। ਚਉਕ—ਤਖ਼ਤ। ਸਰੱਸੈ—ਪ੍ਰਸੰਨ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਕਈ ਵਾਰ ਯਤਨ ਕੀਤੇ ਗਏ ਹਨ, ਪਰ ਦੁਰਮਤੀਏ ਲੋਕ ਉਪਕਾਰ ਕਰਨ ਤੋਂ ਭੀ ਪ੍ਰਸੰਨ ਨਹੀਂ ਹੁੰਦੇ, ਇਸਦਾ ਸਹੀ ਕਾਰਨ ਕੀ ਹੈ, ਜਾਣਕਾਰੀ ਦਿਓ ?

ਉ: ਹੇ ਭਾਈਓ ! ਇਸ ਭਾਵ ਨੂੰ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ ਕਿ ਜੋ ਜਿਸਦਾ ਆਦੀ ਸੁਭਾਉ ਹੋਵੇ, ਉਸਨੂੰ ਬਦਲਨਾ ਬਹੁਤ ਔਖਾ ਹੋਇਆ ਕਰਦਾ ਹੈ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਖੋਟੀ ਮੱਤ ਵਾਲਾ ਮਨੁੱਖ ਸਾਧਾਂ ਦੀ ਸੰਗਤ ਕਰਦਾ ਹੋਇਆ ਵੀ ਖੋਟਿਆਂ ਦੀ ਸੰਗਤ ਵਿਚ ਵੱਸਦਾ ਹੈ।

(੨) ਮਨੁੱਖ ਨੂੰ ਜਨਮ ਵਿਚ ਤਿੰਨ ਵੇਸਾਂ (ਬਾਲਪਨ, ਜੁਆਨੀ ਤੇ ਬੁਢੇਪਾ) ਦਾ ਸੰਜੋਗ ਵਿਜੋਗ ਹੋਈ ਜਾਂਦਾ ਹੈ।

(੩) (ਤਿੰਨ ਅਵਸਥਾ ਵਿਚ ਮਨੁੱਖ ਨੂੰ) ਖੋਟੀਆਂ ਵਾਦੀਆਂ ਨਹੀਂ ਵਿਸਰਦੀਆਂ ਤੇ ਸਿਰਜਨਹਾਰ ਪ੍ਰਭੂ ਨੂੰ ਵਿਸਾਰ ਕੇ ਖ਼ੁਸ਼ ਹੁੰਦਾ ਹੈ।

(੪) (ਖੋਟਾ ਪੁਰਸ਼) ਪਰਾਈ-ਇਸਤ੍ਰੀ, ਪਰਾਇਆ ਧਨ ਤੇ ਪਰਾਈ ਨਿੰਦਾ ਕਰਕੇ ਵਲਾਂ ਛਲਾਂ ਵਿਚ ਖ਼ੁਸ਼ ਹੁੰਦਾ ਹੈ।

(੫) (ਮੰਦੇ ਕਰਮਾਂ ਵਿਚ ਲੱਗਾ ਮਨੁੱਖ) ਨਾਮ, ਦਾਨ ਤੇ ਇਸ਼ਨਾਨ (ਆਦਿ ਸ਼ੁਭ ਕਰਮਾਂ) ਨੂੰ ਤਿਆਗ ਦਿੰਦਾ ਹੈ ਤੇ ਕਥਾ ਕੀਰਤਨ ਤੇ ਸਤਿਸੰਗ ਭੀ ਨਹੀਂ ਕਰਦਾ।

(੬) (ਜਿਸ ਤਰ੍ਹਾਂ) ਕੁੱਤੇ ਨੂੰ ਤਖ਼ਤ ਤੇ ਬਿਠਾ ਦੇਈਏ ਤਦ ਵੀ ਉਹ ਚੱਕੀ ਚੱਟਣ ਲਈ ਨੱਸਦਾ ਹੈ।

(੭) (ਇਸੇ ਤਰ੍ਹਾਂ) ਅਵਗੁਣਿਆਰਾ ਮਨੁੱਖ ਗੁਣਾਂ ਤੇ ਪ੍ਰਸੰਨ ਨਹੀਂ ਹੁੰਦਾ।੧੬।

***ਭਾਵਾਰਥ :*** ਖੋਟਾ ਪੁਰਸ਼ ਭਲਿਆਂ ਪੁਰਸ਼ਾਂ ਦੀ ਸੰਗਤ ਤਿਆਗ ਕੇ ਬੁਰਿਆਂ ਕਰਮਾਂ ਵੱਲ ਹੀ ਦੌੜਦਾ ਹੈ।

## ੧੭. ਇਕੋ ਪ੍ਰਭੂ ਦਾ ਸਿਮਰਨ ਕਰੋ

੧. ਜਿਉ ਬਹੁ ਵਰਣ ਵਣਾਸਪਤਿ
ਮੂਲ ਪੱਤ੍ਰ ਫਲੁ ਫੁੱਲੁ ਘਨੇਰੇ।
੨. ਇੱਕ ਵਰਣ ਬੈਸੰਤਰੈ
ਸਭਸੈ ਅੰਦਰਿ ਕਰਦਾ ਡੇਰੇ।
੩. ਰੂਪੁ ਅਨੂਪੁ ਅਨੇਕ ਹੋਇ
ਰੰਗ ਸੁਰੰਗ ਸੁਵਾਸ ਚੰਗੇਰੇ।
੪. ਵਾਂਸਹੁੰ ਉੱਠ ਉਪੱਠ ਕਰ
ਜਾਲ ਕਰੰਦਾ ਭਸਮੈ ਢੇਰੇ।
੫. ਰੰਗ ਬਿਰੰਗੀ ਗਊ ਵੰਸ
ਅੰਗੁ ਅੰਗੁ ਧਰਿ ਨਾਉ ਲਵੇਰੇ।
੬. ਸੱਦੀ ਆਵੈ ਨਾਉਂ ਸੁਣਿ
ਪਾਲੀ ਚਾਰੈ ਮੇਰੇ ਤੇਰੇ।
੭. ਸਭਨਾਂ ਦਾ ਇਕ ਰੰਗੁ
ਦੁਧੁ ਘਿਓ ਪਟ ਭਾਂਡੇ ਦੋਖ ਨ ਹੇਰੇ।
੮. ਚਿਤੈ ਅੰਦਰਿ ਚੇਤੁ ਚਿਤੇਰੇ ॥੧੭॥

***ਪਦ ਅਰਥ :*** ਵਰਣ—ਰੰਗ। ਉੱਠ—ਉਠ ਕੇ। ਉਪੱਠਿ ਕਰ—ਉਲਟਾ ਕੇ। ਲਵੇਰੇ—ਲਵੇਰੀਆਂ। ਪਾਲੀ—ਵਾਗੀ। ਚਿਤੇਰੇ—ਚਿੱਤਰਕਾਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਸਾਰੇ ਸੰਸਾਰ ਵਿਚ ਅਨੇਕਾਂ ਫ਼ਿਰਕੇ ਹਨ, ਜੋ ਭਿੰਨ ਭਿੰਨ ਦੇਵੀ ਦੇਵਤਿਆਂ ਦਾ

ਚਿੰਤਨ ਕਰਦੇ ਹਨ, ਪਰ ਤੁਸੀਂ ਗੁਰਮਤ ਅਨੁਸਾਰ ਕਿਸਦਾ ਚਿੰਤਨ ਕਰਨ ਵਿਚ ਵਿਸ਼ਵਾਸ ਰਖਦੇ ਹੋ, ਜਾਣਕਾਰੀ ਦਿਓ ?

ਉ: ਹੇ ਭਾਈਓ ! ਗੁਰਮਤ ਸੰਸਾਰ ਵਿਚ ਕਿਸੇ ਨੂੰ ਭੀ ਨਫ਼ਰਤ ਦੀ ਨਜ਼ਰ ਨਾਲ ਨਹੀਂ ਤੱਕਦੀ, ਪਰ ਉਹ ਸਿਮਰਨ ਕਰਨ ਦੀ ਇਹੋ ਪ੍ਰੇਰਨਾ ਕਰਦੀ ਹੈ ਕਿ :

ਹਰਿ ਏਕੁ ਸਿਮਰਿ ਏਕੁ ਸਿਮਰਿ ਏਕੁ ਸਿਮਰਿ ਪਿਆਰੇ ॥

*(ਧਨਾਸਰੀ ਮਹਲਾ ੫, ਪੰਨਾ ੬੭੯)*

ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ ॥
ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ ॥
ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ ॥

*(ਪਉੜੀ, ਪੰਨਾ ੫੯੦)*

ਇਸ ਤਰ੍ਹਾਂ ਬਾਣੀ ਵਿਚੋਂ ਸਾਨੂੰ ਹੋਰ ਭੀ ਕਈ ਥਾਵਾਂ 'ਤੇ ਪ੍ਰੇਰਨਾ ਮਿਲਦੀ ਹੈ ਕਿ ਉਸ ਕਰਤੇ ਦੀ ਕਿਰਤ ਦਾ ਨਹੀਂ, ਸਗੋਂ ਉਸ ਕਰਤਾਰ ਦਾ ਚਿੰਤਨ ਕਰੋ। ਸੋ, ਮੈਂ ਭੀ ਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਇਸੇ ਭਾਵ ਨੂੰ ਉੱਕਰਿਆ ਹੈ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਜਿਸ ਤਰ੍ਹਾਂ ਬਨਾਸਪਤੀ ਦੇ ਅਨੇਕਾਂ ਰੰਗ, ਰੂਪ ਹਨ ਤੇ ਮੂਲ ਪੱਤ੍ਰ ਫਲ ਤੇ ਫੁਲ ਬਹੁਤੇ ਹੁੰਦੇ ਹਨ।

(੨) (ਪਰ) ਸਾਰੀ ਬਨਾਸਪਤੀ ਵਿਚ ਅੱਗ ਇਕੋ ਰੰਗ ਦੀ ਵੱਸਦੀ ਹੈ।

(੩) ਬੜੇ ਬੜੇ ਸੋਹਣੇ ਰੰਗ ਰੂਪ ਵਾਲੇ ਅਨੇਕਾਂ ਤਰ੍ਹਾਂ ਦੇ ਵਾਂਸ ਹੁੰਦੇ ਹਨ।

(੪) (ਪਰ) ਵਾਂਸਾਂ ਤੋਂ ਹੀ ਅੱਗ ਉਠ ਕੇ ਉਪੁਠੇ ਕੰਮ ਕਰਕੇ ਸਾਰਿਆਂ ਵਾਂਸਾਂ ਨੂੰ ਸਾੜ ਕੇ ਸੁਆਹ ਕਰ ਦੇਂਦੀ ਹੈ।

(੫) ਗਊਆਂ ਦੀ ਰੰਗ-ਬਿਰੰਗੀ ਵੰਸ ਹੁੰਦੀ ਹੈ, ਉਨ੍ਹਾਂ ਲਵੇਰੀਆਂ ਦੇ ਨਾਂ ਅੱਡੋ ਅੱਡ ਰਖ ਦਿਤੇ ਜਾਂਦੇ ਹਨ।

(੬) ਪਾਲੀ (ਵਾਗੀ) ਸਭਨਾਂ ਨੂੰ ਚਾਰਦਾ ਹੈ ਤੇ ਜਿਸ ਗਾਂ ਦਾ ਨਾਂ ਲੈ ਕੇ ਅਵਾਜ਼ ਮਾਰਦਾ ਹੈ, ਉਹੋ ਹੀ ਨੱਠੀ ਆਉਂਦੀ ਹੈ।

(੭) (ਪਰ) ਸਾਰੀਆਂ ਗਊਆਂ ਦਾ ਦੁੱਧ ਇਕੋ ਰੰਗ ਦਾ ਹੁੰਦਾ ਹੈ, ਘਿਉ ਤੇ ਰੇਸ਼ਮ ਦੇ ਭਾਂਡੇ ਦਾ ਦੋਸ਼ ਨਹੀਂ ਵੇਖੀਦਾ (ਅਰਥਾਤ ਭਗਤ ਜਨ ਕਿਸੇ ਜਾਤ ਦੇ ਹੋਣ ਉਨ੍ਹਾਂ ਨੂੰ ਘਿਉ ਤੇ ਰੇਸ਼ਮ ਵਾਂਗੂੰ ਪਵਿੱਤ੍ਰ ਜਾਣੋ)। ਜਿਵੇਂ ਕਿ ਗੁਰੂ ਫ਼ੁਰਮਾਨ ਹੈ :

ਘਿਅ ਪਟ ਭਾਂਡਾ ਕਹੈ ਨ ਕੋਇ ॥
ਐਸਾ ਭਗਤੁ ਵਰਨ ਮਹਿ ਹੋਇ ॥

*(ਤਿਲੰਗ ਮਹਲਾ ੧, ਪੰਨਾ ੭੨੧)*

(੮) (ਸਾਰੀ ਰਚਨਾ ਵਿਚ ਪ੍ਰਭੂ ਆਪ ਵੱਸ ਰਿਹਾ ਹੈ, ਇਸ ਲਈ) ਇਸ ਸੰਸਾਰ ਦੀ ਚਿੱਤ੍ਰਕਾਰੀ ਕਰਨ ਵਾਲੇ ਚਿੱਤ੍ਰਕਾਰ (ਅਕਾਲ ਪੁਰਖ) ਦਾ ਹੀ ਚਿੱਤ ਵਿਚ ਸਿਮਰਨ ਕਰੋ।੧੭।

***ਭਾਵਾਰਥ :*** ਇਸ ਸਾਰੀ ਚਿੱਤ੍ਰਕਾਰੀ ਵਿਚ ਉਹ ਚਿਤੇਰਾ ਆਪ ਹੀ ਹੈ, ਭਾਵੇਂ ਜਗਤ ਦੇ ਨਾਮ ਰੂਪ ਅਨੇਕਾਂ ਹਨ, ਉਹ ਚਿਤੇਰਾ ਅਕਾਲ ਪੁਰਖ ਰਚ ਕੇ ਆਪ ਹੀ ਸਭ ਵਿਚ ਇਕ ਰੂਪ ਤੋਂ ਸੱਤਾ ਦੇ ਰਿਹਾ ਹੈ। ਭਾਵ ਹੈ ਕਿ ਹੇ ਜੀਵ ! ਉਸ ਕਰਤੇ ਦੀ ਕੁਦਰਤ ਨੂੰ ਵੇਖ ਕੇ ਭੁੱਲ ਨ ਜਾਹ, ਜਿਹੜੀ ਚੇਤਨ-ਸੱਤਾ ਇਕ ਰੂਪ ਸਾਰੇ ਨਾਨ੍ਹਾ ਰੂਪਾਂ ਨੂੰ ਦਿਖਾ ਰਹੀ ਹੈ ਤੇ ਆਸਰਾ ਦੇ ਰਹੀ ਹੈ, ਉਸੇ ਵੱਲ ਧਿਆਨ ਕਰ ਤੇ ਉਸੇ ਹੀ ਸਿਰਜਨਹਾਰ ਨਾਲ ਪਿਆਰ ਪਾ। ਜੋ ਸਾਰਿਆਂ ਵਿਚ ਇਉਂ ਵਿਆਪਕ ਹੈ, ਜਿਵੇਂ ਕਿ :

ਸਗਲ ਬਨਸਪਤਿ ਮਹਿ ਬੈਸੰਤਰੁ
ਸਗਲ ਦੂਧ ਮਹਿ ਘੀਆ ॥
ਊਚ ਨੀਚ ਮਹਿ ਜੋਤਿ ਸਮਾਣੀ
ਘਟਿ ਘਟਿ ਮਾਧਉ ਜੀਆ ॥੧॥

*(ਸੋਰਠਿ ਮਹਲਾ ੫, ਪੰਨਾ ੬੧੭)*

ਜਾਤੀ ਦਾ ਅਭਿਮਾਨ ਛੱਡ ਕੇ ਸਾਰੇ ਜੀਵਾਂ ਵਿਚ ਉਸੇ ਪ੍ਰਭੂ ਦੀ ਜੋਤ ਵੇਖੋ ਅਤੇ ਹਰ ਇਕ ਨਾਲ ਪਿਆਰ ਕਰੋ।

## ੧੮. ਦਾਤ ਪਿਆਰੀ ਵਿਸਰਿਆ ਦਾਤਾਰਾ

**੧. ਧਰਤੀ ਪਾਣੀ ਵਾਸੁ ਹੈ**
**ਫੁੱਲੀਂ ਵਾਸੁ ਨਿਵਾਸ ਚੰਗੇਰੀ।**
**੨. ਤਿਲ ਫੁਲਾਂ ਦੇ ਸੰਗਿ ਮਿਲਿ**
**ਪਤਿਤ ਪੁਨੀਤ ਫੁਲੇਲ ਘਵੇਰੀ।**
**੩. ਅੱਖੀਂ ਦੇਖ ਅੰਧੇਰ ਕਰਿ**
**ਮਨ ਅੰਧੇ ਤਨ ਅੰਧ ਅੰਧੇਰੀ।**
**੪. ਛਿਅ ਰੁਤ ਬਾਰਹ ਮਾਹ ਵਿਚਿ**
**ਸੂਰਜ ਇਕ ਨ ਘੁੱਘੂ ਹੇਰੀ।**

੫. ਸਿਮਰਣ ਕੂੰਜ ਧਿਆਨ ਕੱਛ
ਪੱਥਰ ਕੀੜੇ ਰਿਜਕ ਸਵੇਰੀ।
੬. ਕਰਤੇ ਨੋ ਕੀਤਾ ਨ ਚਿਤੇਰੀ ॥੧੮॥

***ਪਦ ਅਰਥ :*** ਘਵੇਰੀ—ਵਾਸ਼ਨਾ, ਸੁਗੰਧੀ। ਸਵੇਰੀ—ਹਰ ਰੋਜ਼। ਨ ਚਿਤੇਰੀ—ਯਾਦ ਨਹੀਂ ਕਰਦਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਇਸ ਜੀਵ ਨੇ ਉਸ ਦੇਣ ਵਾਲੇ ਦਾਤਾਰ ਨੂੰ ਕਿਉਂ ਵਿਸਾਰ ਦਿਤਾ ਹੈ, ਦੱਸੋ ਇਸ ਬਾਰੇ ਆਪ ਜੀ ਦੇ ਕੀ ਵੀਚਾਰ ਹਨ ?

**ਉ:** ਹੇ ਭਾਈਓ ! ਅਸਲ ਵਿਚ ਇਹ ਜੀਵ ਆਪਣੀ ਮੂਰਖਤਾ ਦੇ ਅੰਧ-ਗੁਬਾਰ ਵਿਚ ਰਹਿੰਦਾ ਹੈ, ਜਿਸ ਕਰਕੇ ਇਹ ਉਸ ਸਿਰਜਨਹਾਰ ਨੂੰ ਨਹੀਂ ਸਿਮਰਦਾ, ਉਸਨੂੰ ਆਪਣਾ ਕਰਤਾ ਨਹੀਂ ਪਛਾਣਦਾ, ਇਸ ਭਾਵ ਨੂੰ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਉੱਕਰਿਆ ਹੈ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਧਰਤੀ ਤੇ ਪਾਣੀ ਵਿਚ ਵੱਸਣ ਕਰਕੇ ਫੁੱਲਾਂ ਵਿਚ ਸੋਹਣੀ ਵਾਸ਼ਨਾ ਦਾ ਨਿਵਾਸ ਹੁੰਦਾ ਹੈ।

(੨) ਤਿਲ ਫੁੱਲਾਂ ਨਾਲ ਮਿਲ ਕੇ ਪਤਿਤ ਤੋਂ ਪੁਨੀਤ (ਫੁਲੇਲ ਘਵੇਰੀ) ਫੁਲੇਲ ਦੀ ਸੁਗੰਧੀ ਦਿੰਦੇ ਹਨ।

(੩) ਅੱਖਾਂ ਨਾਲ ਦੇਖਦਾ ਹੋਇਆ ਵੀ ਹਨੇਰ ਮਾਰਦਾ ਹੈ, ਮਨ ਦੇ ਅੰਧੇ ਨੂੰ ਤਨ ਵੱਲੋਂ ਵੀ ਅੰਧ ਅੰਧੇਰ ਹੀ ਦਿੱਸਦਾ ਹੈ (ਭਾਵ ਵੀਚਾਰ ਕਰਕੇ ਚਿਤੇਰੇ ਨੂੰ ਚਿੱਤ੍ਰਕਾਰੀ ਵਿਚ ਨਹੀਂ ਦੇਖਦਾ, ਇਸ ਕਰਕੇ ਸਰੀਰ ਭੀ ਖੋਟੀ ਮੱਤ ਵਿਚ ਲੱਗ ਪੈਂਦਾ ਹੈ)।

(੪) (ਜਿਵੇਂ) ਛੇ ਰੁੱਤਾਂ ਤੇ ਬਾਰ੍ਹਾਂ ਮਹੀਨਿਆਂ ਵਿਚ ਸੂਰਜ ਇਕੋ ਹੁੰਦਾ ਹੈ, ਪਰ ਉੱਲੂ ਨੂੰ ਸੂਰਜ ਨਹੀਂ ਦਿੱਸਦਾ।

(੫) ਸਿਮਰਨ ਕਰਨ ਨਾਲ ਕੂੰਜ ਦੇ ਬੱਚੇ ਤੇ ਧਿਆਨ ਕਰਨ ਨਾਲ ਕੱਛੂ ਦੇ ਬੱਚੇ ਪਲਦੇ ਹਨ, ਪੱਥਰ ਦੇ ਕੀੜਿਆਂ ਨੂੰ ਵੀ ਹਰ ਰੋਜ਼ ਪ੍ਰਭੂ ਰਿਜ਼ਕ ਦਿੰਦਾ ਹੈ।

(੬) (ਸੰਸਾਰ) ਸਿਰਜਨਹਾਰ ਨੂੰ ਇਹ ਪ੍ਰਭੂ ਦਾ ਬਣਾਇਆ ਜੀਵ ਯਾਦ ਨਹੀਂ ਕਰਦਾ।੧੮।

***ਭਾਵਾਰਥ :*** ਇਹ ਭੁੱਲੜ ਜੀਵ ਆਪਣੇ ਰਚਣਹਾਰ ਪਰਮਾਤਮਾ ਨੂੰ ਵਿਸਾਰ ਕੇ ਪ੍ਰਭੂ ਦੀਆਂ ਬਖ਼ਸ਼ੀਆਂ ਦਾਤਾਂ ਨੂੰ ਹੀ ਪਿਆਰ ਕਰਦਾ ਹੈ।

## ੧੯. ਮਨਮੁਖ ਸਦਾ ਹੀ ਅੰਨ੍ਹੇ ਹਨ

੧. ਘੁੱਘੂ ਚਾਮਚੜਿੱਕ ਨੋ
ਦਿਹੁ ਨ ਸੁਝੈ ਚਾਨਣ ਹੋਂਦੇ।
੨. ਰਾਤ ਅਨ੍ਹੇਰੀ ਦੇਖਦੇ
ਬੋਲ ਕੁਬੋਲ ਅਬੋਲ ਖਲੋਂਦੇ।
੩. ਮਨਮੁਖ ਅੰਨ੍ਹੇ ਰਾਤਿ ਦਿਹੁ
ਸੁਰਤਿ ਵਿਹੂਣੇ ਚੱਕੀ ਝੋਂਦੇ।
੪. ਅਉਗੁਣ ਚੁਣਿ ਚੁਣਿ ਛੱਡਿ ਗੁਣ
ਪਰਹਰਿ ਹੀਰੇ ਫਟਕ ਪਰੋਂਦੇ।
੫. ਨਾਉਂ ਸੁਜਾਖੇ ਅੰਨ੍ਹਿਆਂ
ਮਾਇਆ ਮਦ ਮਤਵਾਲੇ ਰੋਂਦੇ।
੬. ਕਾਮ ਕ੍ਰੋਧ ਵਿਰੋਧ ਵਿਚਿ
ਚਾਰੇ ਪੱਲੇ ਭਰ ਭਰ ਧੋਂਦੇ।
੭. ਪੱਥਰ ਪਾਪ ਨ ਛੁਟਹਿ ਢੋਂਦੇ ॥੧੯॥

***ਪਦ ਅਰਥ :*** ਬੋਲ ਕੁਬੋਲ—ਨ ਬੋਲੇ ਜਾਣ ਵਾਲੇ ਕੁਬੋਲ ਬੋਲਣੇ। ਦਿਹੁ—ਦਿਨੇ। ਅਬੋਲ—ਚੁੱਪ। ਚੱਕੀ ਝੋਂਦੇ—ਲੜਾਈ, ਕਲਹ ਰਖਣੀ। ਫਟਕ—ਕਚਕੜੇ, ਕੱਚ ਦੇ ਮਣਕੇ। ਚਾਰੇ ਪੱਲੇ—ਚਾਰੇ ਅੰਤਹ ਕਰਣ। ਧੋਂਦੇ—ਥੋੜ੍ਹੇ ਪੁੰਨ ਨਾਲ ਧੋਣਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਕਈ ਮਨਮੁਖ ਭੀ ਸਚਿਆਰ ਬਣਨ ਲਈ ਕੋਈ ਨ ਕੋਈ ਕਰਮ ਧਰਮ ਕਰਦੇ ਰਹਿੰਦੇ ਹਨ, ਕੀ ਉਨ੍ਹਾਂ ਨੂੰ ਕੋਈ ਚੰਗਾ ਫਲ ਨਹੀਂ ਮਿਲੇਗਾ ?

**ਉ:** ਹੇ ਭਾਈਓ ! ਅਸਲ ਵਿਚ ਉਨ੍ਹਾਂ ਦਾ ਦਾਨ-ਪੁੰਨ ਕੀਤਾ ਭੀ ਇਸੇ ਤਰ੍ਹਾਂ ਹੈ, ਜਿਵੇਂ ਕੋਈ :

ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥
*(ਮਾਝ ਕੀ ਵਾਰ ਮਹਲਾ ੧, ਪੰਨਾ ੧੪੧)*

ਭਾਵ ਹੈ ਜੇ ਕੋਈ ਹਰਾਮ ਦੇ ਮਾਸ ਵਿਚ ਆਪਣੇ ਪਾਸੋਂ ਮਸਾਲਾ ਪਾ ਕੇ ਕਵ੍ਹੇ ਕਿ ਇਹ ਹੁਣ ਹਲਾਲ ਦਾ ਮਾਸ ਬਣ ਗਿਆ ਹੈ, ਇਸ ਤਰ੍ਹਾਂ ਜੇ ਕੋਈ ਇਕ ਹਜ਼ਾਰ ਰੁਪਇਆ ਕਿਸੇ ਤੋਂ ਧੋਖੇ ਨਾਲ ਲੈ ਕੇ ਉਸ ਵਿਚੋਂ ਇਕ ਸੌ ਰੁਪਏ ਦਾਨ ਵੀ ਕਰ ਦੇਵੇ ਤਾਂ ਉਹ ਬਾਕੀ ਨੌਂ ਸੌ ਰੁਪਇਆ ਉਸਦੀ ਧਰਮ ਦੀ ਕਮਾਈ ਨਹੀਂ ਹੋ ਜਾਂਦੀ ਉਹ ਤਾਂ

ਸਿਰਫ਼ ਆਪਣੇ ਪਾਪ ਨੂੰ ਛਪਾਉਣ ਲਈ ਪੜਦਾ ਪਾਉਂਦਾ ਹੈ। ਸੋ, ਮਨਮੁਖ ਦੇ ਧੋਖੇ ਦੀ ਕਮਾਈ ਨਾਲ ਕੀਤੇ ਕਰਮ ਧਰਮ ਸਭ ਪਾਖੰਡ ਤੇ ਵਿਅਰਥ ਹਨ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਉੱਲੂ ਤੇ ਚਾਮਚੜਿੱਕ ਨੂੰ ਚਾਣਨ ਹੁੰਦਿਆਂ ਦਿਨੇ ਕੁਝ ਨਹੀਂ ਸੁੱਝਦਾ (ਦਿੱਸਦਾ)।

(੨) (ਪਰ) ਉਹ ਅਨ੍ਹੇਰੀ ਰਾਤ ਵਿਚ ਸਭ ਕੁਝ ਵੇਖਦੇ ਹਨ ਤੇ ਆਪਣੇ ਭੈੜੇ ਬੋਲਾਂ ਤੋਂ ਚੁੱਪ ਹੋ ਕੇ ਖੜੋਂਦੇ ਹਨ।

(੩) ਅੰਨ੍ਹੇ ਅਗਿਆਨੀ ਮਨਮੁਖ ਗਿਆਨ ਤੋਂ ਬਿਨਾਂ ਝਗੜਿਆਂ ਦੀ ਚੱਕੀ ਝੋਈ ਰਖਦੇ ਹਨ (ਭਾਵ ਹਰ ਸਮੇਂ ਕੁਛ ਨਾ ਕੁਛ ਬੋਲਦੇ ਰਹਿੰਦੇ ਹਨ, ਕਦੇ ਵੀ ਚੁੱਪ ਨਹੀਂ ਹੁੰਦੇ)।

(੪) ਉਹ ਮਨਮੁਖ ਗੁਣਾਂ ਨੂੰ ਛੱਡ ਕੇ ਔਗਣਾਂ ਨੂੰ ਚੁਣ ਚੁਣ ਕੇ ਇਕੱਠੇ ਕਰਦੇ ਰਹਿੰਦੇ ਹਨ, ਮਾਨੋ ਹੀਰਿਆਂ ਨੂੰ ਛੱਡ ਕੇ ਕੱਚ ਦੇ ਮਣਕਿਆਂ ਦਾ ਹਾਰ ਪਰੋਂਦੇ ਹਨ।

(੫) ਮਨਮੁਖ ਹੈਨ ਤਾਂ ਅੰਨ੍ਹੇ ਪਰ ਨਾਂ ਉਨ੍ਹਾਂ ਨੇ ਸੁਜਾਖੇ ਰਖਿਆ ਹੋਇਆ ਹੈ, ਉਹ ਮਾਇਆ ਮਦ ਵਿਚ ਮਤਵਾਲੇ ਹੋਏ ਰਹਿੰਦੇ ਹਨ ਅਤੇ ਰੋਂਦੇ ਹਨ।

(੬) ਕਾਮ, ਕ੍ਰੋਧ ਆਦਿ ਵਿਸ਼ਿਆਂ ਤੇ ਵਿਰੋਧ ਵਿਚ ਚਾਰੇ ਅੰਤਹਕਰਣ ਰੂਪੀ ਪੱਲੇ ਭਰ ਭਰ ਕੇ ਧੋਂਦੇ ਹਨ (ਭਾਵ ਦੁਨੀਆਂ ਸਾਹਮਣੇ ਸਚਿਆਰ ਬਣਨ ਲਈ ਕੋਈ ਨਾ ਕੋਈ ਕਰਮ ਧਰਮ ਕਰਦੇ ਰਹਿੰਦੇ ਹਨ)।

(੭) ਉਹ ਪਾਪਾਂ ਦੇ ਪੱਥਰ ਢੋਂਦੇ ਹੋਏ ਛੁਟਦੇ ਨਹੀਂ। (ਅੰਤ ਨੂੰ ਨਰਕਾਂ ਦੀ ਫਾਹੀ ਵਿਚ ਫਸੇ ਹੋਏ ਵੇਗਾਰਾਂ ਵਿਚ ਕਸ਼ਟ ਸਹਾਰਦੇ ਹਨ)।੧੯।

## ੨੦. ਮਨਮੁਖ ਗੁਣਾਂ ਨੂੰ ਅਵਗੁਣ ਕਰ ਦਿੰਦਾ ਹੈ

**੧. ਥਲਾਂ ਅੰਦਰਿ ਅੱਕ ਉੱਗਵਣ**
**ਵੁੱਠੇ ਮੀਂਹ ਪਵੈ ਮੁਹਿ ਮੋਆ।**
**੨. ਪੱਤ ਟੁੱਟੈਂ ਦੁੱਧ ਵਹਿ ਚਲੈ**
**ਰੀਤੇ ਕਾਲਕੂਟ ਓਹ ਹੋਆ।**
**੩. ਅੱਕਹੁ ਫਲ ਹੋਇ ਖੱਖੜੀ**
**ਨਿਹਫਲ ਸੋ ਫਲ ਅਕਤਿਡ ਭੋਆ।**
**੪. ਵਿਹੁ ਨੱਸੈ ਅੱਕ ਦੁੱਧ ਤੇ**
**ਸੱਪ ਖਾਧਾ ਖਾਇ ਅੱਕ ਨਿਰੋਆ।**
**੫. ਸੋ ਅੱਕ ਚਰਿਕੈ ਬੱਕਰੀ**
**ਦੇਇ ਦੁਧੁ ਅੰਮ੍ਰਿਤ ਮੁਹਿ ਚੋਆ।**
**੬. ਸੱਪੈ ਦੁਧੁ ਪੀਆਲੀਐ**
**ਵਿਸੁ ਉਗਾਲੈ ਪਾਸ ਖੜੋਆ।**
**੭. ਗੁਣ ਕੀਤੇ ਅਵਗੁਣ ਕਰਿ ਢੋਆ ॥੨੦॥**

***ਪਦ ਅਰਥ :*** ਥਲ—ਰੇਤਲੇ ਮੈਦਾਨ। ਕਾਲਕੂਟ—ਜ਼ਹਿਰ। ਭੋਆ—ਭਾਉਂਦਾ ਹੈ। ਪਵੈ ਮੁਹਿ ਮੋਆ—ਮੂੰਹ ਭਾਰ ਪੈਣਾ, ਝੁਕਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਆਪ ਜੀ ਗੁਰਮੁਖ ਤੇ ਮਨਮੁਖ ਵਿਚ ਕਿਤਨਾ ਕੁ ਅੰਤਰਾ ਅਨੁਭਵ ਕਰਦੇ ਹੋ?

ਉ: ਹੇ ਭਾਈਓ! ਗੁਰਮੁਖ ਅਵਗੁਣਾਂ ਦਾ ਗੁਣ ਕਰ ਦਿੰਦਾ ਹੈ ਤੇ ਮਨਮੁਖ ਗੁਣਾਂ ਨੂੰ ਵੀ ਅਵਗੁਣ ਬਣਾ ਦੇਂਦਾ ਹੈ, ਇਸ ਭਾਵ ਨੂੰ ਮੈਂ ਇਸ ਪਉੜੀ ਵਿਚ ਉੱਕਰਿਆ ਹੈ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਰੇਤਲੇ ਮੈਦਾਨਾਂ ਵਿਚ ਅੱਕ ਦੇ ਬੂਟੇ ਉੱਗਦੇ ਹਨ, ਜੋ ਮੀਂਹ ਦੇ ਵੱਸਣ ਨਾਲ ਮੂੰਹਦੇ ਮੂੰਹ ਡਿੱਗ ਪੈਂਦੇ ਹਨ (ਉਨ੍ਹਾਂ ਲਈ ਮੀਂਹ ਦਾ ਪਾਣੀ ਜ਼ਹਿਰ ਵਾਂਗੂੰ ਹੁੰਦਾ ਹੈ)।

(੨) (ਉਸ ਅੱਕ ਦੇ) ਪੱਤਰ ਟੁੱਟਦੇ ਹਨ ਤਾਂ ਉਨ੍ਹਾਂ ਵਿਚੋਂ ਦੁੱਧ ਵਹਿ ਤੁਰਦਾ ਹੈ, ਉਸ ਦੁੱਧ ਦੇ ਪੀਣ ਨਾਲ ਜ਼ਹਿਰ ਦਾ ਅਸਰ ਹੁੰਦਾ ਹੈ।

(੩) ਅੱਕ ਤੋਂ ਖੱਖੜੀ ਦਾ ਨਿਕੰਮਾ ਫਲ ਪੈਂਦਾ ਹੈ, ਜੋ ਅੱਕ ਤਿੱਡੇ ਨੂੰ ਹੀ ਚੰਗਾ ਲੱਗਦਾ ਹੈ।

(੪) ਅੱਕ ਦਾ ਦੁੱਧ ਵਰਤਨ ਨਾਲ ਜ਼ਹਿਰ ਦੂਰ ਹੁੰਦੀ ਹੈ, ਸੱਪ ਦਾ ਡੰਗਿਆ ਮਨੁੱਖ ਅੱਕ ਦੇ ਖਾਣ ਨਾਲ ਰਾਜ਼ੀ ਹੋ ਜਾਂਦਾ ਹੈ।

(੫) ਉਹੋ ਅੱਕ ਬੱਕਰੀ ਚਰ ਕੇ ਅੰਮ੍ਰਿਤ ਵਰਗਾ ਦੁੱਧ ਦਿੰਦੀ ਹੈ, ਜਿਸ ਨੂੰ (ਬਾਲਾਂ ਦੇ) ਮੂੰਹ ਵਿਚ ਚੋਇਆ ਜਾਂਦਾ ਹੈ।

(੬) ਜੇ ਸੱਪ ਨੂੰ ਦੁੱਧ ਪਿਆਈਐ ਤਾਂ ਉਹ ਕੋਲ ਖੜੋਤਾ ਹੋਇਆ ਜ਼ਹਿਰ ਉਗਲਦਾ ਹੈ।

(੭) ਇਸ ਤਰ੍ਹਾਂ ਮਨਮੁਖ ਗੁਣ ਕੀਤੇ ਨੂੰ ਵੀ ਅਵਗੁਣ ਕਰ ਦਿੰਦਾ ਹੈ।੨੦।

***ਭਾਵਾਰਥ :*** ਬੱਕਰੀ ਅਵਗੁਣ ਦਾ ਗੁਣ ਦੱਸਦੀ ਹੈ, ਅਰ ਸੱਪ ਗੁਣ ਦਾ ਅਵਗੁਣ ਕਰਦਾ ਹੈ, ਅਜਿਹਾ ਹੀ ਗੁਰਮੁਖ ਅਤੇ ਮਨਮੁਖ ਕਰਮ ਅਨੁਸਾਰ ਜਾਣੋ।

## ੨੧. ਨਿਗੁਰਾ ਮਨਮੁਖ ਭਲੇ ਬੁਰੇ ਦੀ ਪਛਾਣ ਨਹੀਂ ਕਰਦਾ

੧. ਕੁਹੈ ਕਸਾਈ ਬੱਕਰੀ
ਲਾਇ ਲੂਣ ਸੀਖ ਮਾਸ ਪਰੋਆ।
੨. ਹੱਸਿ ਹੱਸਿ ਬੋਲੈ ਕੁਹੀ ਦੀ
ਖਾਧੇ ਅੱਕੁ ਹਾਲ ਏਹੁ ਹੋਆ।
੩. ਮਾਸ ਖਾਣ ਗਲ ਛੁਰੀ ਦੇ
ਹਾਲ ਤਿਨਾੜਾ ਕਉਣ ਅਲੋਆ।
੪. ਜੀਭੈ ਹੰਦਾ ਫੇੜਿਐ
ਖਉ ਦੰਦਾਂ ਮੁਹਿ ਭੰਨਿ ਵਿਗੋਆ।
੫. ਪਰ ਤਨ ਪਰ ਧਨ ਨਿੰਦ ਕਰਿ
ਹੋਆ ਦੁਜੀਭਾ ਬਿਸੀਅਰੁ ਭੋਆ।
੬. ਵੱਸਿ ਆਵੈ ਗੁਰ ਮੱਤਿ ਸੁਣਿ
ਨਿਗੁਰਾ ਮਨਮੁਖ ਸੁਣੈ ਨ ਸੋਆ।
੭. ਵੇਖਿ ਨ ਚੱਲੈ ਅਗੈ ਟੋਆ ॥੨੧॥

**ਪਦ ਅਰਥ :** ਅਲੋਆ—ਵੇਖਣਾ। ਦੁਜੀਭਾ ਬਿਸੀਅਰੁ—ਦੋ ਜੀਭਾ ਸੱਪ (ਜੀਭ ਵਿਚ ਸੁਆਦ ਤੇ ਕੁਬਚਨ ਦੋ ਪਾਪ ਹਨ) ਇਸ ਲਈ ਦੋ-ਜੀਭਾ ਸੱਪ ਹੁੰਦਾ ਹੈ (ਮਨਮੁਖ)। ਭੋਆ—ਮਿਲਦਾ ਹੈ ਵਾ ਹੁੰਦਾ ਹੈ। ਸੋਆ—ਕਨਸੋਅ, ਸੋਭਾ।

**ਅਰਥ :**

**ਪ੍ਰ:** ਭਾਈ ਸਾਹਿਬ ਜੀਉ! ਦੱਸੋਗੇ ਕਿ ਨਿਗੁਰੇ ਮਨਮੁਖ ਦੀ ਹੋਰ ਕੀ ਪਛਾਣ ਹੈ?

**ਉ:** ਹੇ ਭਾਈਓ! ਮੈਂ ਤਾਂ ਮਨਮੁਖ ਦੀ ਇਹੋ ਵੀਚਾਰ ਕੀਤੀ ਹੈ ਕਿ ਉਹ ਭਲੇ ਬੁਰੇ ਦੀ ਪਛਾਣ ਕਰਕੇ ਨਹੀਂ ਚੱਲਦਾ, ਇਸੇ ਭਾਵ ਨੂੰ ਮੈਂ ਇਸ ਪਉੜੀ ਵਿਚ ਦਰਸਾਇਆ ਹੈ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਕਸਾਈ ਬੱਕਰੀ ਨੂੰ ਮਾਰਦਾ ਹੈ, ਲੂਣ ਲਾ ਕੇ ਮਾਸ ਨੂੰ ਸੀਖ ਉਤੇ ਪਰੋਂਦਾ ਹੈ।

(੨) (ਉਹ ਬੱਕਰੀ) ਮਰੀਂਦੀ ਹੋਈ ਹੱਸ ਹੱਸ ਕੇ ਕਹਿੰਦੀ ਹੈ ਕਿ ਅੱਕ ਦੇ ਖਾਣ ਨਾਲ ਮੇਰਾ ਇਹ ਹਾਲ ਹੋਇਆ ਹੈ।

(੩) (ਜਿਹੜੇ ਮਨੁੱਖ) ਮੇਰੇ ਗਲ ਵਿਚ ਛੁਰੀ ਫੇਰ ਕੇ ਮੇਰਾ ਮਾਸ ਖਾਂਦੇ ਹਨ, ਉਨ੍ਹਾਂ ਦਾ ਕੀ ਹਾਲ ਹੋਵੇਗਾ?

(੪) ਜੀਭ ਦਾ ਵਿਗੜਿਆ ਹੋਇਆ ਦੰਦਾਂ ਦਾ ਖਉ ਤੇ ਮੂੰਹ ਨੂੰ ਨਾਸ ਕਰਦਾ ਹੈ।

(੫) ਪਰ ਇਸਤ੍ਰੀ ਗਮਨ ਕਰਨ ਵਾਲਾ, ਪਰਾਏ ਧਨ ਨੂੰ ਲੈਣ ਵਾਲਾ ਤੇ ਪਰਾਈ ਨਿੰਦਾ ਕਰਨ ਵਾਲਾ ਮਨੁੱਖ ਦੋ-ਜੀਭਾ ਸੱਪ ਬਣਦਾ ਹੈ।

(੬) ਦੋ-ਜੀਭਾ ਸੱਪ ਤਾਂ ਗੁਰਾਂ ਦਾ ਮੰਤ੍ਰ ਸੁਣ ਕੇ ਵੱਸ ਵਿਚ ਆ ਜਾਂਦਾ ਹੈ, ਪਰ ਮਨਮੁਖ ਗੁਰੂ ਦੇ ਸ਼ਬਦ ਦੀ ਕਨਸੋਅ ਵੀ ਨਹੀਂ ਸੁਣਦਾ।

(੭) (ਉਹ ਮਨਮੁਖ ਅਗਿਆਨ ਵਿਚ ਅੰਨ੍ਹਾ ਹੋਇਆ) ਟੋਆ ਟਿੱਬਾ ਵੇਖ ਕੇ ਨਹੀਂ ਚੱਲਦਾ।੨੧।

ਭਾਵ ਮਨਮੁਖ ਭਲੇ ਬੁਰੇ ਦੀ ਪਛਾਣ ਕਰਕੇ ਨਹੀਂ ਚੱਲਦਾ।

## ੨੨. ਦ੍ਵੈਤ-ਭਾਉ ਖੋਟਾ ਦਾਉ

੧. ਆਪ ਨ ਵੰਞੈ ਸਾਹੁਰੈ
ਲੋਕਾਂ ਮੱਤੀਂ ਦੇ ਸਮਝਾਏ।
੨. ਚਾਨਣ ਘਰ ਵਿਚਿ ਦੀਵਿਅਹੁੰ
ਹੇਠ ਅੰਨ੍ਹੇਰੁ ਨ ਸਕੈ ਮਿਟਾਏ।
੩. ਹਥੁ ਦੀਵਾ ਫੜਿ ਆਖੁੜੈ
ਹੁਇ ਚਕਚਉਧੀ ਪੈਰ ਥਿੜਾਏ।
੪. ਹੱਥ ਕੰਙਣੁ ਲੈ ਆਰਸੀ
ਅਉਖਾ ਹੋਵੈ ਦੇਖਿ ਦਿਖਾਏ।
੫. ਦੀਵਾ ਇੱਕਤੁ ਹੱਥੁ ਲੈ
ਆਰਸੀ ਦੂਜੇ ਹੱਥ ਫੜਾਏ।
੬. ਹੁੰਦੇ ਦੀਵੇ ਆਰਸੀ
ਆਖੁੜ ਟੋਏ ਪਉਂਦਾ ਜਾਏ।
੭. ਦੂਜਾ ਭਾਉ ਕੁਦਾਉ ਹਰਾਏ ॥੨੨॥

**ਪਦ ਅਰਥ :** ਆਖੁੜੈ—ਠੁੱਡੇ ਖਾਂਦਾ ਹੈ। ਚਕਚਉਧੀ—ਚੱਕ੍ਰਤ। ਆਰਸੀ—ਸ਼ੀਸ਼ਾ। ਥਿੜਾਏ—ਥਿੜਕਦਾ ਹੈ। ਕੁਦਾਉ—ਖੋਟਾ ਦਾਅ। ਟੋਏ ਪਉਂਦਾ—ਖਾਤੇ ਪੈਂਦਾ ਹੈ, ਕਿਉਂ ਜੋ ਸ਼ੀਸ਼ੇ ਤੇ ਦੀਵੇ ਵੱਲ ਤੱਕਦਾ ਹੈ, ਰਾਹ ਵੱਲ ਨਹੀਂ ਦੇਖਦਾ।

**ਅਰਥ :**

ਪ੍ਰ: ਭਾਈ ਸਾਹਿਬ ਜੀਉ! ਕਈ ਲੋਕ ਉਪਦੇਸ਼ ਤਾਂ ਅਦ੍ਵੈਤ-ਭਾਵ ਦਾ ਕਰਦੇ ਰਹਿੰਦੇ ਹਨ, ਪਰ ਆਪ ਸਦਾ ਹੀ ਦ੍ਵੈਤ-ਭਾਵ ਵਿਚ ਹੀ ਵਰਤਦੇ ਹਨ, ਉਨ੍ਹਾਂ ਦਾ ਅੰਤ ਕੀ ਹੋਵੇਗਾ ?

ਉ: ਹੇ ਭਾਈਓ! ਜੋ ਅਜਿਹੇ ਦ੍ਵੈਤ-ਵਾਦੀ ਲੋਕ ਹਨ, ਉਨ੍ਹਾਂ ਦੀ ਦਸ਼ਾ ਨੂੰ ਜੋ ਮੈਂ ਅਨੁਭਵ ਕੀਤਾ ਹੈ, ਉਸ ਨੂੰ ਮੈਂ ਇਸ ਪਉੜੀ ਵਿਚ ਦਰਸਾਇਆ ਹੈ।

(੧) (ਜਿਵੇਂ ਵੇਖੀਦਾ ਹੈ ਕਿ ਛੁੱਟੜ ਇਸਤ੍ਰੀ) ਆਪ ਤਾਂ ਸਹੁਰੇ ਘਰ ਜਾ ਕੇ ਵੱਸਦੀ ਨਹੀਂ, ਪਰ ਲੋਕਾਂ ਨੂੰ ਮੱਤਾਂ ਦੇ ਕੇ ਸਮਝਾਉਂਦੀ ਹੈ (ਕਿ ਸਹੁਰੇ ਘਰ ਵੱਸਣਾ ਚੰਗਾ ਹੁੰਦਾ ਹੈ)।

(੨) ਦੀਵੇ ਦੇ ਜਗਨ ਨਾਲ ਘਰ ਵਿਚ ਚਾਨਣ ਹੁੰਦਾ ਹੈ, ਪਰ ਦੀਵਾ ਆਪਣੇ ਹੇਠਲਾ ਅਨ੍ਹੇਰਾ ਦੂਰ ਨਹੀਂ ਕਰ ਸਕਦਾ।

(੩) ਹੱਥ ਵਿਚ ਦੀਵਾ ਫੜ ਕੇ ਤੁਰਨ ਵਾਲਾ ਠੁੱਡੇ ਖਾਂਦਾ ਹੈ ਤੇ ਚੱਕ੍ਰਤ ਹੋਏ ਦੇ ਪੈਰ ਥਿੜਕਦੇ ਹਨ।

(੪) ਜਿਹੜਾ ਮਨੁੱਖ ਹੱਥ ਦੇ ਕੰਙਣ ਨੂੰ ਸ਼ੀਸ਼ਾ ਲੈ ਕੇ ਵੇਖਦਾ ਹੈ, ਉਹ ਵੇਖਣ ਵਿਖਾਉਣ ਵਿਚ ਔਖਾ ਹੋਵੇਗਾ।

(੫) (ਜਿਹੜਾ ਮਨੁੱਖ) ਇਕ ਹੱਥ ਵਿਚ ਦੀਵਾ ਤੇ ਦੂਜੇ ਹੱਥ ਵਿਚ ਸ਼ੀਸ਼ਾ ਫੜਦਾ ਹੈ।

(੬) ਉਹ ਦੀਵੇ ਤੇ ਸ਼ੀਸ਼ੇ ਦੇ ਹੁੰਦਿਆਂ ਠੇਡਾ ਖਾ ਕੇ ਟੋਏ ਵਿਚ ਜਾ ਪਏਗਾ।

(੭) ਦੂਜੇ-ਭਾਵ ਦਾ ਖੋਟਾ ਦਾਅ ਹਾਰ ਹੀ ਦਿੰਦਾ ਹੈ।੨੨।

ਭਾਵ ਦ੍ਵੈਤ-ਭਾਵ ਵਾਲੇ ਮਨੁੱਖ ਇਸ ਅਮੋਲਕ ਮਨੁੱਖਾ-ਜਨਮ ਦੀ ਬਾਜ਼ੀ ਨੂੰ ਹਾਰ ਦਿੰਦੇ ਹਨ।

## ੨੩. ਅਕ੍ਰਿਤਘਣ ਮਨਮੁਖ ਹੈ

**੧. ਅਮਿਅ ਸਰੋਵਰੁ ਮਰੈ ਡੁਬਿ**
**ਤਰੈ ਨ ਮਨਤਾਰੂ ਸੁ ਅਵਾਈ।**
**੨. ਪਾਰਸ ਪਰਸਿ ਨ ਪੱਥਰਹੁ**
**ਕੰਚਨ ਹੋਇ ਨ ਅਘੜੁ ਘੜਾਈ।**
**੩. ਬਿਸੀਅਰੁ ਵਿੱਸੁ ਨ ਪਰਹਰੈ**
**ਅੱਠ ਪਹਿਰਿ ਚੰਨਣ ਲਪਟਾਈ।**
**੪. ਸੰਖ ਸਮੁੰਦਹੁ ਸੱਖਣਾ**
**ਰੋਵੈ ਧਾਹਾਂ ਮਾਰ ਸੁਣਾਈ।**
**੫. ਘੁੱਘੂ ਸੁੱਝ ਨ ਸੁੱਝਈ**
**ਸੂਰਜ ਜੋਤਿ ਨ ਲੁਕੈ ਲੁਕਾਈ।**
**੬. ਮਨਮੁਖ ਵਡਾ ਅਕ੍ਰਿਤਘਣ**
**ਦੂਜੈ ਭਾਇ ਸੁਆਇ ਲੁਭਾਈ।**
**੭. ਸਿਰਜਣਹਾਰ ਨ ਚਿੱਤਿ ਵਸਾਈ ॥੨੩॥**

***ਪਦ ਅਰਥ :*** ਮਨਤਾਰੂ—ਅਣਤਾਰੂ। ਅਵਾਈ—ਅਮੋੜ, ਕਹੇ ਨ ਲੱਗਣ ਵਾਲਾ।

**ਅਰਥ :**

ਪ੍ਰ: ਭਾਈ ਸਾਹਿਬ ਜੀਉ! ਤੁਹਾਡੀਆਂ ਨਜ਼ਰਾਂ ਵਿਚ ਵੱਡਾ ਅਕ੍ਰਿਤਘਣ ਕੌਣ ਹੈ ?

ਉ: ਹੇ ਭਾਈਓ! ਮੇਰੀਆਂ ਨਜ਼ਰਾਂ ਵਿਚ ਤਾਂ ਸਭ ਤੋਂ ਵੱਡਾ ਅਕ੍ਰਿਤਘਣ ਮਨਮੁਖ ਹੈ, ਜੋ ਪਰਮੇਸ਼ਰ ਦੇ ਉਪਕਾਰਾਂ ਨੂੰ ਭੁਲਾ ਕੇ ਦ੍ਵੈਤ-ਭਾਵਨਾ ਵਿਚ ਖਚਤ ਹੋ ਰਿਹਾ ਹੈ, ਇਸੇ ਭਾਵ ਨੂੰ ਮੈਂ ਇਸ ਪਉੜੀ ਵਿਚ ਦਰਸਾਇਆ ਹੈ :

(੧) (ਜਿਵੇਂ ਵੇਖਣ ਵਿਚ ਆਉਂਦਾ ਹੈ ਕਿ) ਅੰਮ੍ਰਿਤ ਦੇ ਸਰੋਵਰ ਵਿਚ ਅਮੋੜ ਅਣਤਾਰੂ ਡੁਬ ਮਰਦਾ ਹੈ, ਤਰਦਾ ਨਹੀਂ।

(੨) ਪਾਰਸ ਨੂੰ ਛੁਹ ਕੇ ਪੱਥਰ ਸੋਨਾ ਨਹੀਂ ਹੁੰਦਾ ਤੇ ਨਾ ਹੀ ਉਹ ਅਘੜ ਪੱਥਰ ਸੋਨੇ ਵਾਂਗੂੰ ਘੜਿਆ ਜਾਂਦਾ ਹੈ।

(੩) ਸੱਪ ਅੱਠੇ ਪਹਿਰ ਚੰਦਨ ਦੇ ਬ੍ਰਿਛ ਨਾਲ ਲਪੇਟੇ ਰਹਿਣ 'ਤੇ ਵੀ ਆਪਣੀ ਜ਼ਹਿਰ ਨਹੀਂ ਛੱਡਦਾ।

(੪) ਸੰਖ ਸਮੁੰਦਰ ਵਿਚੋਂ ਖ਼ਾਲੀ ਨਿਕਲਦਾ ਹੈ ਤੇ ਧਾਹਾਂ ਮਾਰ ਮਾਰ ਕੇ ਲੋਕਾਂ ਨੂੰ ਸੁਣਾਉਂਦਾ ਹੈ।

(੫) ਉੱਲੂ ਨੂੰ ਸੂਰਜ ਚੜ੍ਹਿਆ ਨਹੀਂ ਦਿੱਸਦਾ, ਸੂਰਜ ਦਾ ਪ੍ਰਕਾਸ਼ ਲੋਕਾਂ ਤੋਂ ਲੁਕਿਆ ਨਹੀਂ ਰਹਿੰਦਾ।

(੬) ਮਨਮੁਖ ਵੱਡਾ ਅਕ੍ਰਿਤਘਣ ਹੈ, ਜੋ ਦੂਜੇ-ਭਾਵ ਦੇ ਸੁਆਦਾਂ ਵਿਚ ਲੁਭਾਇਮਾਨ ਹੋ ਰਿਹਾ ਹੈ।

(੭) ਇਹੋ ਜਿਹਾ ਮਨਮੁਖ ਸਿਰਜਨਹਾਰ (ਅਕਾਲ ਪੁਰਖ) ਨੂੰ ਆਪਣੇ ਚਿੱਤ ਵਿਚ ਨਹੀਂ ਵਸਾਉਂਦਾ।੨੩।

ਇਸੇ ਭਾਵ ਨੂੰ ਬਾਣੀ ਵਿਚ ਪ੍ਰਗਟਾਇਆ ਹੈ ਕਿ :

ਦਾਤਿ ਪਿਆਰੀ ਵਿਸਰਿਆ ਦਾਤਾਰਾ॥
ਜਾਣੈ ਨਾਹੀ ਮਰਣੁ ਵਿਚਾਰਾ॥੨॥

*(ਧਨਾਸਰੀ ਮ: ੫, ਪੰਨਾ ੬੭੬)*

ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ॥

*(ਮਾਝ ਕੀ ਵਾਰ ਮਹਲਾ ੧, ਪੰਨਾ ੧੩੮)*

ਭਾਵ, ਮਨਮੁਖ ਮੰਦੇ ਕਰਮਾਂ ਵਿਚ ਲਗ ਕੇ ਆਪਣਾ ਅਮੋਲਕ ਜਨਮ ਵਿਅਰਥ ਗੁਆ ਲੈਂਦਾ ਹੈ।

## ੨੪. ਨਿਗੁਰਾ ਪ੍ਰਾਣੀ ਬੁਰਾ ਹੈ

**੧. ਮਾਂ ਗੱਭਣ ਜੀਅ ਜਾਣਦੀ**
**ਪੁੱਤ ਸਪੁੱਤ ਹੋਵੈ ਸੁਖਦਾਈ।**
**੨. ਪੁੱਤਹੁੰ ਧੀ ਚੰਗੇਰੜੀ**
**ਪਰ ਘਰ ਜਾਇ ਵਸਾਇ ਨ ਆਈ।**
**੩. ਕੁਧੀਅਹੁੰ ਸੱਪ ਸਕਾਰਥਾ**
**ਜਾਉ ਜਣੇਂਦੀ ਜਣਿ ਜਣਿ ਖਾਈ।**
**੪. ਮਾਂ ਡਾਇਣ ਧੰਨ ਧੰਨ ਹੈ**
**ਕਪਟੀ ਪੁੱਤੈ ਖਾਇ ਅਘਾਈ।**
**੫. ਬਾਮਣ ਗਾਈ ਖਾਇ ਸੱਪ**
**ਫੜ ਗੁਰਮੰਤ੍ਰ ਪਵਾਇ ਪਿੜਾਈ।**
**੬. ਨਿਗੁਰੇ ਤੁਲਿ ਨ ਹੋਰ ਕੋ**
**ਸਿਰਜਣਹਾਰੈ ਸਿਰਠਿ ਉਪਾਈ।**
**੭. ਮਾਤਾ ਪਿਤਾ ਨ ਗੁਰੁ ਸਰਣਾਈ ॥੨੪॥**

***ਪਦ ਅਰਥ :*** ਗੱਭਣ—ਗਰਭਵਤੀ। ਸਕਾਰਥਾ—ਚੰਗਾ। ਜਾਉ—ਬੱਚੇ। ਪਿੜਾਈ—ਪਟਾਰੀ। ਸਿਰਠਿ—ਸ੍ਰਿਸ਼ਟੀ।

***ਅਰਥ :***

**ਪ੍ਰ :** ਭਾਈ ਸਾਹਿਬ ਜੀਓ ! ਤੁਸੀਂ ਸਾਰੇ ਮਨੁੱਖਾਂ ਵਿਚੋਂ ਕਿਸ ਪ੍ਰਾਣੀ ਨੂੰ ਬੁਰਾ ਅਨੁਭਵ ਕਰਦੇ ਹੋ ? ਗੁਰਬਾਣੀ ਅਨੁਸਾਰ ਆਪਣੇ ਵੀਚਾਰ ਦਿਓ ?

**ਉ:** ਹੇ ਭਾਈਓ ! ਬਾਣੀ ਵਿਚ ਤਾਂ ਨਿਗੁਰੇ ਨੂੰ ਹੀ ਸਭ ਤੋਂ ਬੁਰਾ ਆਖਿਆ ਗਿਆ ਹੈ :

ਨਿਗੁਰੇ ਕਉ ਗਤਿ ਕਾਈ ਨਾਹੀ ॥
ਅਵਗੁਣਿ ਮੁਠੇ ਚੋਟਾ ਖਾਹੀ ॥੩॥
*(ਆਸਾ ਮ: ੩, ਪੰਨਾ ੩੬੧)*

ਬਾਣੀ ਤੋਂ ਪ੍ਰੇਰਨਾ ਲੈ ਕੇ ਮੈਂ ਇਸ ਪਉੜੀ ਵਿਚ ਨਿਗੁਰੇ ਦੀ ਦਸ਼ਾ ਦਰਸਾਈ ਹੈ :

(੧) ਗਰਭਵਤੀ ਹੋ ਕੇ ਮਾਂ ਆਪਣੇ ਮਨ ਵਿਚ ਇਹ ਜਾਣਦੀ ਹੈ ਕਿ ਮੇਰਾ ਪੁੱਤਰ ਸਪੁੱਤਰ ਹੋ ਕੇ ਮੈਨੂੰ ਸੁਖ ਦੇਵੇਗਾ।

(੨) (ਪਰ) ਖੋਟੇ ਪੁੱਤਰ ਨਾਲੋਂ ਧੀ ਚੰਗੀ ਹੈ, ਜੋ ਪਰਾਏ ਘਰ ਨੂੰ ਜਾ ਕੇ ਵਸਾਏਗੀ ਤੇ ਮੁੜ ਕੇ ਨਹੀਂ ਆਵੇਗੀ।

(੩) ਖੋਟੀ ਧੀ ਨਾਲੋਂ ਸੱਪਣੀ ਚੰਗੀ ਹੈ, ਜੋ ਆਪਣੇ ਜਣੇ ਬੱਚਿਆਂ ਨੂੰ ਆਪ ਹੀ ਖਾ ਲੈਂਦੀ ਹੈ।

(੪) (ਸੱਪਣੀ ਨਾਲੋਂ) ਡੈਣ ਮਾਂ ਵੀ ਧੰਨ ਹੈ, ਜੋ ਆਪਣੇ ਕਪਟੀ ਪੁੱਤਰ ਨੂੰ ਖਾ ਕੇ ਰੱਜਦੀ ਹੈ।

(੫) ਭਾਵੇਂ ਸੱਪ, ਬ੍ਰਾਹਮਣ ਤੇ ਗਊ ਨੂੰ ਖਾ ਲੈਂਦਾ ਹੈ, ਪਰ ਉਹ ਫਿਰ ਵੀ ਚੰਗਾ ਹੈ, ਕਿਉਂਕਿ ਉਹ ਗੁਰੂ ਦੇ ਮੰਤ੍ਰ ਨੂੰ ਸੁਣ ਕੇ ਪਟਾਰੀ ਵਿਚ ਪੈ ਜਾਂਦਾ ਹੈ।

(੬) ਸਿਰਜਨਹਾਰ ਨੇ ਏਨੀ ਸ੍ਰਿਸ਼ਟੀ ਪੈਦਾ ਕੀਤੀ ਹੈ, ਪਰ ਨਿਗੁਰੇ ਵਰਗੀ ਬੁਰੀ ਚੀਜ਼ ਹੋਰ ਕੋਈ ਨਹੀਂ ਰਚੀ।

(੭) (ਨਿਗੁਰੇ ਦੇ ਲੱਛਣ ਇਹ ਹੁੰਦੇ ਹਨ ਕਿ ਉਹ) ਮਾਤਾ ਪਿਤਾ ਤੇ ਗੁਰੂ ਦੀ ਸ਼ਰਨ ਵਿਚ ਨਹੀਂ ਜਾਂਦਾ।੨੪।

ਭਾਵ, ਸੱਪ ਸਭ ਤੋਂ ਨੀਚ ਜੂਨੀ ਹੈ, ਕਿਉਂ ਜੋ ਰਿਸ਼ੀ ਮੁਨੀ ਸਭ ਨੂੰ ਡੰਗ ਮਾਰਨੋਂ ਨਹੀਂ ਟਲਦਾ, ਪਰ ਮੰਤ੍ਰ ਦਾ ਅਸਰ ਕਬੂਲ ਕਰਦਾ ਹੈ, ਪਰ ਨਿਗੁਰਾ ਮਾਤਾ ਪਿਤਾ ਗੁਰੂ ਕਿਸੇ ਦੀ ਵੀ ਸ਼ਰਣ ਨਹੀਂ ਮੰਨਦਾ।

## ੨੫. ਨਿਗੁਰੇ ਦਾ ਦਰਸ਼ਨ ਨਾ ਕਰੋ

**੧. ਨਿਗੁਰੇ ਲੱਖ ਨ ਤੁੱਲ ਤਿਸ**
**ਨਿਗੁਰੇ ਸਤਿਗੁਰ ਸ਼ਰਣ ਨ ਆਏ।**
**੨. ਜੋ ਗੁਰ ਗੋਪੈ ਆਪਣਾ**
**ਤਿਸੁ ਡਿਠੇ ਨਿਗੁਰੇ ਸ਼ਰਮਾਏ।**
**੩. ਸ਼ੀਂਹ ਸਉਹਾਂ ਜਾਣਾ ਭਲਾ**
**ਨਾ ਤਿਸ ਬੇਮੁਖ ਸਉਹਾਂ ਜਾਏ।**
**੪. ਸਤਿਗੁਰੁ ਤੇ ਜੋ ਮੁਹੁ ਫਿਰੈ**
**ਤਿਸ ਮੁਹ ਲੱਗਣ ਵਡੀ ਬਲਾਏ।**
**੫. ਜੋ ਤਿਸ ਮਾਰੇ ਧਰਮ ਹੈ**
**ਮਾਰਿ ਨ ਹੰਘੈ ਆਪ ਹਟਾਏ।**
**੬. ਸੁਆਮਿ ਧ੍ਰੋਹੀ ਅਕਿਰਤਘਣ**
**ਬਾਮ੍ਹਣ ਗਊ ਵਿਸਾਹ ਮਰਾਏ।**
**੭. ਬੇਮੁਖ ਲੂੰਅ ਨ ਤੁੱਲ ਤੁਲਾਏ ॥੨੫॥**

***ਪਦ ਅਰਥ :*** ਗੋਪੈ—ਛਪਾਵੈ। ਸਉਹਾਂ—ਸਾਹਮਣੇ। ਬਲਾਏ—ਉਪੱਦ੍ਰਵ। ਹੰਘੈ—ਸਕੇ। ਸੁਆਮਿ ਧ੍ਰੋਹੀ—ਸੁਆਮੀ, ਮਾਲਕ ਨੂੰ ਮਾਰਨ ਵਾਲਾ। ਵਿਸਾਹ—ਭਰੋਸਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜੋ ਨਿਗੁਰਾ ਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ, ਉਸ ਬਾਰੇ ਬਾਣੀ ਵਿਚ ਕੀ ਫ਼ੁਰਮਾਨ ਹੈ, ਜਾਣਕਾਰੀ ਦਿਓ?

ਉ: ਹੇ ਭਾਈਓ! ਗੁਰਬਾਣੀ ਵਿਚ ਜੋ ਨਿਗੁਰੇ ਬਾਰੇ ਫ਼ੁਰਮਾਨ ਹੈ, ਉਹ ਇਉਂ ਕਿਹਾ ਗਿਆ ਹੈ ਕਿ :

ਸਤਿਗੁਰ ਬਾਝਹੁ ਗੁਰੁ ਨਹੀ ਕੋਈ
ਨਿਗੁਰੇ ਕਾ ਹੈ ਨਾਉ ਬੁਰਾ॥੧੩॥

*(ਆਸਾ ਮ: ੩, ਪੰਨਾ ੪੩੫)*

ਹੇ ਭਾਈ! ਗੁਰੂ ਨਾਨਕ ਦੇਵ ਤੋਂ ਬਿਨਾਂ ਹੋਰ ਕੋਈ ਗੁਰੂ ਨਹੀਂ, ਪਰ ਜੋ ਗੁਰੂ ਤੋਂ ਸੱਖਣਾ ਹੈ ਉਸਦਾ ਤਾਂ ਨਾਉਂ ਭੀ ਲੈਣਾ ਬੁਰਾ ਹੈ। ਮੈਂ ਇਸ ਭਾਵ ਨੂੰ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਚੰਦ ਸਤਰਾਂ ਉੱਕਰੀਆਂ ਹਨ :

(੧) ਲੱਖਾਂ ਨਿਗੁਰੇ ਉਸ ਨਿਗੁਰੇ ਦੇ ਬਰਾਬਰ ਨਹੀਂ, ਜਿਹੜਾ ਨਿਗੁਰਾ ਸਤਿਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ।
(੨) ਜਿਹੜਾ ਨਿਗੁਰਾ ਆਪਣੇ ਗੁਰੂ ਨੂੰ ਛਪਾਉਂਦਾ ਹੈ (ਭਾਵ ਗੁਰੂ ਤੋਂ ਬੇਮੁਖ ਹੁੰਦਾ ਹੈ) ਉਸਨੂੰ ਵੇਖ ਕੇ ਤਾਂ ਨਿਗੁਰੇ ਭੀ ਸ਼ਰਮਾਉਂਦੇ ਹਨ।
(੩) ਸ਼ੇਰ ਦੇ ਸਾਹਮਣੇ ਜਾਣਾ ਚੰਗਾ ਹੈ, ਪਰ ਗੁਰੂ ਤੋਂ ਬੇਮੁਖ ਦੇ ਸਾਹਮਣੇ ਨਹੀਂ ਜਾਣਾ ਚਾਹੀਦਾ।
(੪) ਜਿਹੜਾ ਮਨੁੱਖ ਆਪਣੇ ਗੁਰੂ ਤੋਂ ਮੂੰਹ ਫੇਰ ਲੈਂਦਾ ਹੈ (ਭਾਵ ਬੇਮੁਖ ਹੋ ਜਾਂਦਾ ਹੈ) ਉਸਦੇ ਮੂੰਹ ਲੱਗਣ ਨਾਲ ਬੜੇ ਉਪੱਦ੍ਰਵ ਵਿਆਪਦੇ ਹਨ।
(੫) ਉਸ ਦੇ ਇਸ ਬੇਮੁਖ ਸੁਭਾਵ ਨੂੰ ਮਾਰਨਾ ਧਰਮ ਦਾ ਕੰਮ ਹੈ, ਜੋ ਐਸਾ ਨਹੀਂ ਕਰ ਸਕਦਾ ਤਾਂ ਉਸਦੀ ਸੰਗਤ ਤੋਂ ਆਪਣੇ ਆਪ ਨੂੰ ਦੂਰ ਰੱਖੋ।
(੬) ਮਾਲਕ ਨੂੰ ਮਾਰਨ ਵਾਲੇ, ਕੀਤੇ ਨੂੰ ਨਾ ਜਾਣਨ ਵਾਲੇ, ਬ੍ਰਾਹਮਣ ਤੇ ਗਊ ਨੂੰ ਮਾਰਨ ਵਾਲੇ ਤਾਂ ਵਿਸ਼ਵਾਸਘਾਤੀ ਆਦਿ ਪਾਪੀ।
(੭) ਬੇਮੁਖ ਦੇ ਇਕ ਰੋਮ ਦੇ ਬਰਾਬਰ ਨਹੀਂ ਪੁੱਜਦੇ।੨੫।

ਭਾਵ ਹੈ ਕਿ ਬੇਮੁਖ ਵੱਡੇ ਵੱਡੇ ਪਾਪੀਆਂ ਤੋਂ ਭੀ ਮੰਦਾ ਹੈ ਤੇ ਉਸਦਾ ਕੋਈ ਭਰੋਸਾ ਨਹੀਂ ਕਿ ਕਿਸ ਵੇਲੇ ਕੀ ਕੁਝ ਕਰ ਦੇਵੇ, ਇਸ ਬੇਮੁਖ ਤੋਂ ਦੂਰ ਹੀ ਰਹੋ।

## ੨੬. ਮਾਨਸ ਜਨਮ ਦੁਲੰਭ ਹੈ

**੧. ਮਾਨਸ ਦੇਹਿ ਦੁਲੰਭੁ ਹੈ**
**ਜੁਗਹ ਜੁਗੰਤਰਿ ਆਵੈ ਵਾਰੀ।**
**੨. ਉਤਮ ਜਨਮ ਦੁਲੰਭੁ ਹੈ**
**ਇਕਵਾਕੀ ਕੋੜਮਾ ਵੀਚਾਰੀ।**
**੩. ਦੇਹ ਅਰੋਗ ਦੁਲੰਭੁ ਹੈ**
**ਭਾਗਠੁ ਮਾਤ ਪਿਤਾ ਹਿਤਕਾਰੀ।**
**੪. ਸਾਧੂ ਸੰਗ ਦੁਲੰਭੁ ਹੈ**
**ਗੁਰਮੁਖਿ ਸੁਖਫਲ ਭਗਤਿ ਪਿਆਰੀ।**
**੫. ਫਾਥਾ ਮਾਇਆ ਮਹਾਂ ਜਾਲ**
**ਪੰਜ ਦੂਤ ਜਮਕਾਲ ਸੁ ਭਾਰੀ।**
**੬. ਜਿਉ ਕਰ ਸਹਾ ਵਹੀਰ ਵਿਚਿ**
**ਪਰ ਹੱਥ ਪਾਸਾ ਪਉਛਕਿ ਸਾਰੀ।**
**੭. ਦੂਜੇ ਭਾਇ ਕੁਦਾਇ ਅੜ**
**ਜਮ ਜੰਦਾਰ ਸਾਰ ਸਿਰ ਮਾਰੀ।**
**੮. ਆਵੈ ਜਾਇ ਭਵਾਈਐ**
**ਭਵਜਲੁ ਅੰਦਰਿ ਹੋਇ ਖੁਆਰੀ।**
**੯. ਹਾਰੇ ਜਨਮ ਅਮੋਲ ਜੁਆਰੀ॥੨੬॥**

***ਪਦ ਅਰਥ :*** ਇਕਵਾਕੀ—ਸੱਚ ਬੋਲਣ ਵਾਲਾ। ਭਾਗਠੁ—ਧਨਵਾਨ। ਸਹਾ—ਸਹਿਆ। ਵਹੀਰ—ਭੀੜ। ਪਉਛਕਿ ਸਾਰੀ—ਪੁੱਠੀ ਖੇਡ ਹੈ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਗੁਰਬਾਣੀ ਅਨੁਸਾਰ ਦੱਸੋਗੇ ਕਿ ਚੌਰਾਸੀ ਲੱਖ ਜੂਨਾਂ ਵਿਚੋਂ ਉੱਤਮ ਦਰਜਾ ਕਿਸ ਜੂਨ ਨੂੰ ਦਿਤਾ ਗਿਆ ਹੈ?

ਉ: ਹੇ ਭਾਈਓ! ਬਾਣੀ ਦੁਆਰੇ ਵੀਚਾਰ ਕਰਨ ਤੋਂ ਇਹੋ ਬੋਧ ਮਿਲਦਾ ਹੈ ਕਿ ਸਾਰੀਆਂ ਜੂਨਾਂ ਵਿਚੋਂ ਉੱਚਾ ਦਰਜਾ ਮਨੁੱਖਾ-ਜਨਮ ਨੂੰ ਹੀ ਦਿਤਾ ਗਿਆ ਹੈ, ਜਿਵੇਂ ਕਿ ਗੁਰੂ ਫ਼ੁਰਮਾਨ ਹੈ :

ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ॥

*(ਵਡਹੰਸੁ ਮ: ੩, ਪੰਨਾ ੫੬੫)*

ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ ॥

*(ਸੂਹੀ ਮਹਲਾ ੧, ਪੰਨਾ ੭੫੧)*

ਮਾਣਸ ਜਨਮੁ ਵਡ ਪੁੰਨੇ ਪਾਇਆ
ਦੇਹ ਸੁ ਕੰਚਨ ਚੰਗੜੀਆ ॥

*(ਵਡਹੰਸੁ ਮਹਲਾ ੪, ਪੰਨਾ ੫੭੫)*

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥
ਜਿਉ ਬਨ ਫਲ ਪਾਕੇ ਭੁਇ ਗਿਰਹਿ
ਬਹੁਰਿ ਨ ਲਾਗਹਿ ਡਾਰ ॥੩੦॥

*(ਸਲੋਕ ਕਬੀਰ ਜੀ, ਪੰਨਾ ੧੩੬੬)*

ਇਸ ਤਰ੍ਹਾਂ ਬਾਣੀ ਵਿਚੋਂ ਸਾਨੂੰ ਹੋਰ ਭੀ ਬਹੁਤ ਉਦਾਹਰਣ ਮਿਲਦੇ ਹਨ ਕਿ ਸਾਰੀਆਂ ਜੂਨਾਂ ਵਿਚੋਂ ਕੇਵਲ ਮਨੁੱਖ ਦਾ ਜਾਮਾ ਹੀ ਉੱਤਮ ਹੈ, ਬਾਣੀ ਦੀ ਪ੍ਰੇਰਨਾ ਲੈ ਕੇ ਹੀ ਇਸ ਪਉੜੀ ਵਿਚ ਮੈਂ ਇਸ ਮਨੁੱਖਾ-ਦੇਹ ਦੀ ਪ੍ਰਧਾਨਤਾ ਨੂੰ ਉੱਕਰਿਆ ਹੈ :

(੧) ਇਹ ਮਨੁੱਖਾ-ਦੇਹ ਦੁਰਲੱਭ ਹੈ, ਕਿਉਂਕਿ ਕਈ ਜੁਗਾਂ ਪਿਛੋਂ ਇਸ ਦੀ ਵਾਰੀ ਆਉਂਦੀ ਹੈ।

(੨) ਸੱਚ ਬੋਲਣ ਵਾਲੇ (ਭਾਵ ਚੰਗੇ) ਪ੍ਰਵਾਰ ਵਿਚ ਜਨਮ ਹੋਣਾ ਹੋਰ ਭੀ ਉੱਤਮ ਅਤੇ ਦੁਰਲੱਭ ਹੈ।

(੩) ਦੇਹ ਦਾ ਅਰੋਗ ਹੋਣਾ ਵੀ ਦੁਰਲੱਭ ਹੈ ਤੇ ਮਾਤਾ-ਪਿਤਾ ਦਾ ਧਨਵਾਨ ਤੇ ਹਿਤਕਾਰੀ ਹੋਣਾ ਭੀ ਦੁਰਲੱਭ ਹੈ।

(੪) ਸਾਧ ਸੰਗਤ ਦਾ ਮੇਲ ਹੋਣਾ ਭੀ ਦੁਰਲੱਭ ਹੈ, ਗੁਰਮੁਖ ਸੱਜਣ ਸੁਖ ਫਲ ਦਾਤੀ ਭਗਤੀ ਨੂੰ ਪਿਆਰੀ ਜਾਣਦੇ ਹਨ।

(੫) (ਪਰ ਆਮ ਮਨੁੱਖ ਦੀ ਦਸ਼ਾ ਇਹ ਹੈ ਕਿ ਉਹ) ਮਾਇਆ ਦੇ ਜਾਲ ਤੇ ਕਾਮ, ਕ੍ਰੋਧ ਆਦਿ ਪੰਜਾਂ ਦੂਤਾਂ ਵਿਚ ਫਸਿਆ ਜਨਮ ਮਰਨ ਦੇ ਕਸ਼ਟ ਸਹਿੰਦਾ ਹੈ।

(੬) ਜਿਵੇਂ ਸਹਿਆ ਸ਼ਿਕਾਰੀਆਂ ਦੇ ਵਹੀਰ ਵਿਚ ਫਸਿਆ ਦੁਖੀ ਹੁੰਦਾ ਹੈ ਜਾਂ ਬਾਜ਼ੀ ਪੁੱਠੀ ਪੈ ਜਾਂਦੀ ਹੈ।

(੭) ਦੂਜੇ ਭਾਉ ਦੇ ਕਦਾਉ ਵਿਚ ਫਸ ਕੇ ਜਮ ਦਾ ਡੰਡਾ ਸਿਰ ਪੁਰ ਵੱਜਦਾ ਹੈ।

(੮) ਆਵਣ ਜਾਣ ਵਿਚ ਭਵਾਈਦਾ ਹੈ, ਸੰਸਾਰ ਸਮੁੰਦਰ ਵਿਚ ਸਦਾ ਹੀ ਖ਼ਰਾਬੀ ਰਹਿੰਦੀ ਹੈ।

(੯) (ਕਈ ਜੁਗਾਂ ਪਿੱਛੋਂ ਮਿਲੀ ਇਹ) ਅਮੋਲਕ-ਜਨਮ ਦੀ ਬਾਜ਼ੀ ਮਨਮੁਖ ਜੁਆਰੀਆਂ ਵਾਂਗੂੰ ਹਾਰ ਬੈਠਦਾ ਹੈ।੨੬।

## ੨੭. ਗੁਰਮੁਖ ਜੀਵਨ-ਬਾਜ਼ੀ ਜਿੱਤ ਕੇ ਜਾਂਦੇ ਹਨ

**੧. ਇਹੁ ਜਗੁ ਚਉਪੜ ਖੇਲੁ ਹੈ**
**ਆਵਾਗਉਣ ਭਉਜਲ ਸੈਂਸਾਰੇ।**
**੨. ਗੁਰਮੁਖਿ ਜੋੜਾ ਸਾਧ ਸੰਗਿ**
**ਪੂਰਾ ਸਤਿਗੁਰੁ ਪਾਰਿ ਉਤਾਰੇ।**
**੩. ਲੱਗ ਜਾਇ ਸੋ ਪੁੱਗ ਜਾਇ**
**ਗੁਰਪਰਸਾਦੀ ਪੰਜ ਨਿਵਾਰੇ।**
**੪. ਗੁਰਮੁਖਿ ਸਹਜਿ ਸੁਭਾਉ ਹੈ**
**ਆਪਹੁ ਬੁਰਾ ਨ ਕਿਸੈ ਵਿਚਾਰੇ।**
**੫. ਸਬਦ ਸੁਰਤਿ ਲਿਵ ਸਾਵਧਾਨ**
**ਗੁਰਮੁਖਿ ਪੰਥ ਚਲੈ ਪਗਧਾਰੇ।**
**੬. ਲੋਕ ਵੇਦ ਗੁਰੁ ਗਜਾਨ ਮਤਿ**
**ਭਾਇ ਭਗਤਿ ਗੁਰੁ ਸਿੱਖ ਪਿਆਰੇ।**
**੭. ਨਿਜ ਘਰਿ ਜਾਇ ਵਸੈ ਗੁਰੁ ਦੁਆਰੇ ॥੨੭॥**

***ਪਦ ਅਰਥ :*** ਲੱਗ ਜਾਇ—ਦਾਅ ਲੱਗਣਾ। ਪੁੱਗ—ਪੁੱਗ ਜਾਣਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਿਵੇਂ ਤੁਸੀਂ ਇਸ ਮਨੁੱਖ ਜਾਮੇ ਨੂੰ ਸਾਰੀਆਂ ਜੂਨਾਂ ਤੋਂ ਉੱਤਮ ਦਰਜਾ ਦਰਸਾ ਰਹੇ ਹੋ, ਪਰ ਤੁਹਾਡੀਆਂ ਨਜ਼ਰਾਂ ਵਿਚ ਉਹ ਕੌਣ ਮਨੁੱਖ ਹੈ, ਜੋ ਇਸ ਜਾਮੇ ਵਿਚ ਸਾਰਿਆਂ ਤੋਂ ਉਚੇਰੀ ਪਦਵੀ ਹਾਸਲ ਕਰਨ ਵਾਲਾ ਹੋਵੇ ?

ਉ: ਹੇ ਭਾਈਓ ! ਜਦੋਂ ਬਾਣੀ ਦੀ ਵੀਚਾਰ ਕਰਦੇ ਹਾਂ ਤਾਂ ਇਸ ਸੰਸਾਰ ਨੂੰ ਇਕ ਤਰ੍ਹਾਂ ਦੀ ਚਉਪੜ ਦੀ ਖੇਡ ਦਾ ਰੂਪ ਬਿਆਨ ਕੀਤਾ ਹੈ, ਜਿਸ ਤਰ੍ਹਾਂ ਚਉਪੜ ਦੀ ਖੇਡ ਵਿਚ ਜੋਟਾ ਹੋਈ ਨਰਦ ਨੂੰ ਕੋਈ ਨਹੀਂ ਮਾਰ ਸਕਦਾ, ਇਸੇ ਤਰ੍ਹਾਂ ਜਿਹੜਾ ਸਿਖ ਸਤਿਗੁਰੂ ਨਾਲ ਮਿਲ ਗਿਆ ਹੈ, ਉਹ ਫਿਰ ਜਮਾਂ ਦੀ ਮਾਰ ਨਹੀਂ ਖਾਂਦਾ ਤੇ ਉਹ ਫਿਰ ਇਸ ਜਨਮ-ਰੂਪੀ ਬਾਜ਼ੀ ਨੂੰ ਜਿੱਤ ਕੇ ਜਾਂਦਾ ਹੈ, ਇਸ ਭਾਵ ਨੂੰ ਮੈਂ ਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਉੱਕਰਿਆ ਹੈ ਜਿਵੇਂ :

(੧) ਇਹ ਸੰਸਾਰ ਚਉਪੜ ਦੀ ਖੇਡ ਵਾਂਗੂੰ ਹੈ, ਸੰਸਾਰ

ਸਮੁੰਦਰ ਵਿਚ ਆਵਾਗਵਨ ਦੀ ਬਾਜ਼ੀ ਵਿਛੀ ਹੋਈ ਹੈ ਤੇ (ਜੀਵ ਚਉਰਾਸੀ ਲੱਖ ਜੂਨਾਂ ਵਿਚ ਨਰਦਾਂ ਵਾਂਗੂ ਫਿਰ ਰਹੇ ਹਨ)।

(੨) ਜਿਹੜਾ ਗੁਰਮੁਖ ਸਾਧ ਸੰਗਤ ਨਾਲ ਮਿਲ ਕੇ ਜੋੜਾ ਹੋਇਆ ਹੈ, ਪੂਰਾ ਸਤਿਗੁਰੂ ਉਸ ਦਾ ਪਾਰ-ਉਤਾਰਾ ਕਰ ਦਿੰਦਾ ਹੈ।

(੩) ਜਿਹੜਾ ਜੀਵ ਸਤਿਗੁਰਾਂ ਦੀ ਚਰਨੀ ਜਾ ਲੱਗਦਾ ਹੈ, ਉਹ ਪੁੱਗ ਜਾਂਦਾ ਹੈ, (ਭਾਵ ਪੂਰਨ ਹੋ ਜਾਂਦਾ ਹੈ) ਸਤਿਗੁਰਾਂ ਦੀ ਕ੍ਰਿਪਾ ਨਾਲ ਉਸ ਦੇ ਪੰਜੇ ਦੂਤ (ਕਾਮ, ਕ੍ਰੋਧ ਆਦਿ) ਨਾਸ ਹੋ ਜਾਂਦੇ ਹਨ।

(੪) ਗੁਰਮੁਖ ਦਾ ਸੁਭਾਉ ਸ਼ਾਂਤੀ ਵਾਲਾ ਹੋ ਜਾਂਦਾ ਹੈ ਤੇ ਉਹ ਆਪਣੇ ਤੋਂ ਬੁਰਾ ਕਿਸੇ ਨੂੰ ਨਹੀਂ ਜਾਣਦਾ।

(੫) (ਉਹ ਗੁਰਮੁਖ) ਸ਼ਬਦ ਦੀ ਤਾਰ ਵਿਚ ਸਾਵਧਾਨ ਹੋ ਕੇ ਗੁਰਮੁਖਾਂ ਦੇ ਮਾਰਗ ਉਤੇ ਬੁੱਧੀ ਰੂਪੀ ਪੈਰ ਟਿਕਾ ਕੇ ਚੱਲਦਾ ਹੈ।

(੬) (ਉਹ) ਲੋਕ, ਧਰਮ ਗ੍ਰੰਥ, ਗੁਰੂ ਦੀ ਮੱਤ ਅਨੁਸਾਰ ਗੁਰਸਿੱਖਾਂ ਨਾਲ ਮਿਲ ਕੇ ਪ੍ਰੇਮਾ-ਭਗਤੀ ਕਰਦਾ ਹੈ।

(੭) (ਇਸ ਤਰ੍ਹਾਂ) ਉਹ ਗੁਰਸਿਖ ਗੁਰੂ ਦੇ ਵਸੀਲੇ ਨਾਲ ਆਪਣੇ ਨਿਜ ਸਰੂਪ ਵਿਚ ਜਾ ਵੱਸਦਾ ਹੈ।੨੭।

## ੨੮. *ਅੰਨ੍ਹਾ ਆਗੂ ਸਾਰੇ ਸਾਥ ਨੂੰ ਹੀ ਲੁਟਾਉਂਦਾ ਹੈ*

**੧. ਵਾਂਸ ਸੁਗੰਧਿ ਨ ਹੋਵਈ**
**ਚਰਣੋਦਕ ਬਾਵਨ ਬੋਹਾਏ।**
**੨. ਕੱਚਹੁੰ ਕੰਚਨ ਨਾ ਥੀਐ**
**ਕੱਚਹੁੰ ਕੰਚਨ ਪਾਰਸ ਲਾਏ।**
**੩. ਨਿਹਫਲ ਸਿੰਮਲ ਜਾਣੀਐ**
**ਅਫਲ ਸਫਲ ਕਰਿ ਸਭ ਫਲ ਪਾਏ।**
**੪. ਕਾਉਂ ਨ ਹੋਵਨ ਉੱਜਲੇ**
**ਕਾਲੀ ਹੂੰ ਧਉਲੇ ਸਿਰਿ ਆਏ।**
**੫. ਕਾਗ ਵੰਸ ਹੋਇ ਪਰਮ ਹੰਸ**
**ਨਿਰਮੋਲਕੁ ਮੋਤੀ ਚੁਣ ਖਾਏ।**
**੬. ਪਸੂ ਪਰੇਤਹੁੰ ਦੇਵ ਕਰਿ**
**ਸਾਧ ਸੰਗਤਿ ਗੁਰ ਸ਼ਬਦ ਕਮਾਏ।**
**੭. ਤਿਸੁ ਗੁਰ ਸਾਰ ਨ ਜਾਤੀਆ**
**ਦੁਰਮਤਿ ਦੂਜੈ ਭਾਇ ਭੁਲਾਏ।**
**੮. ਅੰਨ੍ਹਾ ਆਗੂ ਸਾਥ ਮੁਹਾਏ ॥੨੮॥**

***ਪਦ ਅਰਥ :*** ਬਾਵਨ—ਉੱਤਮ ਚੰਦਨ। ਬੋਹਾਏ—ਸੁਗੰਧੀ ਵਾਲਾ ਕਰ ਦਿੰਦਾ ਹੈ। ਸਾਰ—ਖ਼ਬਰ। ਮੁਹਾਏ—ਲੁਟਾਉਂਦਾ ਹੈ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਕਈ ਲੋਕ ਸਤਿਗੁਰੂ ਦੀ ਸੰਗਤ ਵਿਚ ਤਾਂ ਭਾਵੇਂ ਆਉਂਦੇ ਹਨ, ਪਰ ਉਹ ਗੁਰੂ ਦੇ ਉਪਦੇਸ਼ ਦੀ ਧਾਰਨਾ ਤੋਂ ਸੱਖਣੇ ਰਹਿ ਕੇ ਭੀ ਆਪਣੇ ਆਪ ਨੂੰ ਗੁਰੂ ਸਦਵਾਉਣ ਦਾ ਦਾਅਵਾ ਕਰਦੇ ਤੇ ਆਪ ਨੂੰ ਆਗੂ ਅਖਵਾਉਣ ਦਾ ਫ਼ਖ਼ਰ ਕਰਦੇ ਹਨ, ਕਿਉਂ ਜੀ ! ਉਨ੍ਹਾਂ ਬਾਰੇ ਆਪ ਕੀ ਕਹਿਣਾ ਚਾਹੋਗੇ ?

ਉ: ਹੇ ਭਾਈਓ ! ਜੇ ਐਸੇ ਅੰਧੇ ਅਗਿਆਨੀ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁੱਛ ਕਰੀਏ ਤਾਂ ਉਨ੍ਹਾਂ ਵੱਲੋਂ ਐਸੇ ਆਗੂਆਂ ਬਾਰੇ ਇਹੋ ਬੋਧ ਮਿਲਦਾ ਹੈ ਕਿ :

ਅੰਧੇ ਗੁਰੂ ਤੇ ਭਰਮੁ ਨ ਜਾਈ॥
ਮੂਲੁ ਛੋਡਿ ਲਾਗੇ ਦੂਜੈ ਭਾਈ॥
ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ॥੩॥
*(ਗਉੜੀ ਮਹਲਾ ੩, ਪੰਨਾ ੨੩੨)*

ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥
ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ॥
*(ਸੂਹੀ ਮਹਲਾ ੧, ਪੰਨਾ ੭੬੭)*

ਇਸ ਤਰ੍ਹਾਂ ਬਾਣੀ ਵਿਚੋਂ ਸਾਨੂੰ ਹੋਰ ਭੀ ਬਹੁਤ ਪ੍ਰਮਾਣ ਮਿਲਦੇ ਹਨ ਕਿ ਜੋ ਅੰਧੇ ਅਗਿਆਨੀ ਆਗੂ ਬਣ ਕੇ ਲੋਕਾਂ ਨੂੰ ਉਪਦੇਸ਼ ਕਰਦੇ ਹਨ, ਉਹ ਆਪ ਭੀ ਡੁਬਦੇ ਹਨ ਤੇ ਸਾਥੀਆਂ ਨੂੰ ਭੀ ਡੋਬਣ ਦਾ ਕਾਰਨ ਬਣਦੇ ਹਨ। ਸੋ, ਮੈਂ ਭੀ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਇਸੇ ਭਾਵ ਨੂੰ ਦਰਸਾਇਆ ਹੈ।

(੧) (ਜਿਵੇਂ ਅਸੀਂ ਵੇਖਦੇ ਹਾਂ ਕਿ) ਵਾਂਸ ਵਿਚ ਸੁਗੰਧੀ ਨਹੀਂ ਹੁੰਦੀ (ਪਰ) ਸਤਿਗੁਰੂ ਦੇ ਚਰਨਾਂ ਦਾ ਜਲ ਰੂਪੀ ਬਾਵਨ ਚੰਦਨ ਵਾਂਸ ਰੂਪੀ ਸਾਕਤਾਂ ਅੰਦਰ ਭਗਤੀ ਰੂਪੀ ਸੁਗੰਧੀ ਮਹਿਕਾ ਦਿੰਦਾ ਹੈ।

(੨) ਕੱਚ ਤੋਂ ਸੋਨਾ ਨਹੀਂ ਬਣਦਾ (ਪਰ) ਸਤਿਗੁਰੂ ਪਾਰਸ ਨਾਲ ਛੋਹਿਆਂ ਕੱਚ ਰੂਪ ਸਾਕਤ ਵੀ ਸੋਨਾ (ਗੁਰਮੁਖ) ਹੋ ਜਾਂਦਾ ਹੈ।

(੩) ਸਿੰਮਲ ਦਾ ਬ੍ਰਿਛ ਨਿਹਫਲ ਹੁੰਦਾ ਹੈ, ਪਰ ਸਤਿਗੁਰੂ

ਰੂਪ ਚੰਦਨ ਨਾਲ ਮਿਲ ਕੇ ਉਹ ਅਫਲੋ ਫਲ ਵਾਲਾ ਹੋ ਜਾਂਦਾ ਹੈ ਤੇ ਸਾਰੇ ਫਲ (ਧਰਮ, ਅਰਥ, ਕਾਮ, ਮੋਖ) ਪ੍ਰਾਪਤ ਕਰ ਲੈਂਦਾ ਹੈ।

(੪) ਕਾਉਂ ਕਾਲਿਆਂ ਤੋਂ ਕਦੇ ਚਿੱਟੇ ਨਹੀਂ ਹੁੰਦੇ, ਭਾਵੇਂ ਕਾਲਿਆਂ ਵਾਲਾਂ ਤੋਂ ਧਉਲੇ ਆ ਜਾਣ।

(੫) (ਪਰ) ਸਤਿਗੁਰੂ ਨੂੰ ਮਿਲ ਕੇ ਕਾਵਾਂ ਵਰਗੇ ਸਾਕਤ ਪੁਰਸ਼ ਵੀ ਹੰਸ ਹੋ ਜਾਂਦੇ ਹਨ ਤੇ ਸਤਿਗੁਰੂ ਰੂਪੀ ਮਾਨ ਸਰੋਵਰ ਦੇ ਸ਼ੁਭ ਗੁਣਾਂ ਰੂਪੀ ਮੋਤੀ ਚੁਣ ਚੁਣ ਖਾਂਦੇ ਹਨ।

(੬) ਸਤਿਗੁਰੂ ਪਸ਼ੂਆਂ ਤੇ ਪ੍ਰੇਤਾਂ ਨੂੰ ਦੇਵਤੇ ਬਣਾ ਦਿੰਦੇ ਹਨ ਤੇ ਉਹ ਫਿਰ ਸਤਿਸੰਗਤ ਵਿਚ ਮਿਲ ਕੇ ਗੁਰੂ ਦੇ ਉਪਦੇਸ਼ ਦਾ ਅਭਿਆਸ ਕਰਦੇ ਹਨ।

(੭) (ਹੇ ਮਨੁੱਖ !) ਤੂੰ ਐਸੇ ਮਹਾਨ ਸਤਿਗੁਰੂ ਦੀ ਸਾਰ ਨਹੀਂ ਜਾਣੀ ਤੇ ਖੋਟੀ ਮੱਤ ਕਰਕੇ ਦੂਜੇ ਭਾਵ ਵਿਚ ਭੁੱਲ ਰਿਹਾ ਹੈਂ।

(੮) (ਤੇਰੇ ਵਰਗਾ) ਅੰਨ੍ਹਾ ਆਗੂ ਸਾਰੇ ਸਾਥ ਨੂੰ ਹੀ ਲੁਟਾ ਦਿੰਦਾ ਹੈ।੨੮।

ਭਾਵ ਜੋ ਗੁਰੂ ਦਾ ਮੁਕਾਬਲਾ ਕਰਦਾ ਹੈ, ਆਪ ਗੁਰੂ ਬਣਦਾ ਹੈ, ਉਹ ਆਪ ਆਪਣੇ ਸਾਥ ਸਮੇਤ ਡੁੱਬੇਗਾ।

## *੨੯. ਨਿੰਮ੍ਰਤਾ ਭਰਿਆ ਉੱਤਮ ਉਪਦੇਸ਼*

**੧. ਮੈ ਜੇਹਾ ਨ ਅਕਿਰਤਘਣ**
**ਹੈ ਭਿ ਨ ਹੋਆ ਹੋਵਣਹਾਰਾ।**
**੨. ਮੈ ਜੇਹਾ ਨ ਹਰਾਮ ਖੋਰੁ**
**ਹੋਰੁ ਨ ਕੋਈ ਅਵਗੁਣਿਆਰਾ।**
**੩. ਮੈ ਜੇਹਾ ਨਿੰਦਕੁ ਨ ਕੋਇ**
**ਗੁਰੁ ਨਿੰਦਾ ਸਿਰਿ ਬੱਜਰ ਭਾਰਾ।**
**੪. ਮੈ ਜੇਹਾ ਬੇਮੁਖੁ ਨ ਕੋਇ**
**ਸਤਿਗੁਰ ਤੇ ਬੇਮੁਖ ਹੱਤਿਆਰਾ।**
**੫. ਮੈ ਜੇਹਾ ਕੋ ਦੁਸ਼ਟਿ ਨਾਹਿ**
**ਨਿਰਵੈਰੈ ਸਿਉ ਵੈਰ ਵਿਕਾਰਾ।**
**੬. ਮੈ ਜੇਹਾ ਨ ਵਿਸ੍ਵਾਸ ਧ੍ਰੋਹਿ**
**ਬਗਲ ਸਮਾਧੀ ਮੀਨ ਅਹਾਰਾ।**
**੭. ਬੱਜਰ ਲੇਪ ਨ ਉਤਰੇ**
**ਪਿੰਡ ਅਪਰਚੇ ਅਉਚਰ ਚਾਰਾ।**
**੮. ਮੈ ਜੇਹਾ ਨ ਦੁਬਾਜਰਾ**
**ਤਜ ਗੁਰਮਤਿ ਦੁਰਮਤਿ ਹਿਤਕਾਰਾ।**
**੯. ਨਾਉ ਮੁਰੀਦ ਨ ਸਬਦ ਵੀਚਾਰਾ ॥੨੯॥**

***ਪਦ ਅਰਥ :*** ਹਰਾਮਖੋਰੁ—ਹਰਾਮ ਖਾਣ ਵਾਲਾ। ਵਿਸ੍ਵਾਸ ਧ੍ਰੋਹਿ—ਵਿਸ਼ਵਾਸਘਾਤੀ। ਮੀਨ ਅਹਾਰਾ—ਮੱਛੀਆਂ ਖਾਣ ਵਾਲਾ ਬਗਲਾ। ਪਿੰਡ—ਦੇਹ। ਅਪਰਚੇ—ਪ੍ਰੇਮ ਤੋਂ ਬਿਨਾ।

***ਅਰਥ :***

(ਅਗਲੀਆਂ ਦੋ ਪਉੜੀਆਂ ਵਿਚ ਭਾਈ ਸਾਹਿਬ ਆਪਣੀ ਨਿੰਮ੍ਰਤਾ ਦੱਸਦੇ ਹਨ):

(੧) ਮੈਂ ਇਹੋ ਜਿਹਾ ਅਕ੍ਰਿਤਘਣ ਹਾਂ, ਜਿਸ ਵਰਗਾ ਅਗੇ ਨਾ ਕੋਈ ਹੋਇਆ ਹੈ, ਨਾ ਹੈ, ਨਾ ਕੋਈ ਅੱਗੋਂ ਹੋਵੇਗਾ।

(੨) ਮੇਰੇ ਜਿਹਾ ਨਾ ਕੋਈ ਹਰਾਮਖੋਰ ਹੈ ਤੇ ਨਾ ਹੀ ਮੇਰੇ ਵਰਗਾ ਕੋਈ ਔਗਣਹਾਰਾ ਹੈ।

(੩) ਮੇਰੇ ਜਿਹਾ ਨਿੰਦਕ ਭੀ ਕੋਈ ਨਹੀਂ, ਜਿਸਨੇ ਗੁਰੂ ਦੀ ਨਿੰਦਾ ਦਾ ਭਾਰੀ ਭਾਰ ਆਪਣੇ ਸਿਰ 'ਤੇ ਚੁੱਕਿਆ ਹੋਇਆ ਹੈ।

(੪) ਮੇਰੇ ਵਰਗਾ ਬੇਮੁਖ ਭੀ ਕੋਈ ਨਹੀਂ, ਜੋ ਸਤਿਗੁਰ ਤੋਂ ਬੇਮੁਖ ਤੇ ਹਤਿਆਰਾ ਹੈ।

(੫) ਮੇਰੇ ਜੈਸਾ ਦੁਸ਼ਟ ਭੀ ਕੋਈ ਨਹੀਂ, ਕਿਉਂਕਿ ਮੈਂ ਨਿਰਵੈਰਾਂ ਨਾਲ ਵੈਰ ਵਿਰੋਧ ਕਰਦਾ ਹਾਂ।

(੬) ਮੇਰੇ ਵਰਗਾ ਵਿਸ਼ਵਾਸਘਾਤੀ ਭੀ ਕੋਈ ਨਹੀਂ, ਕਿਉਂ ਕਿ ਮੈਂ ਬਗਲੇ ਵਾਂਗੂ ਸਮਾਧੀਆਂ ਲਾ ਕੇ ਮੱਛੀਆਂ ਖਾਣ ਵਾਲਾ ਹਾਂ।

(੭) ਮੇਰੇ ਸਿਰ ਤੋਂ ਪਾਪਾਂ ਦਾ ਭਾਰ ਨਹੀਂ ਉਤਰੇਗਾ, ਕਿਉਂਕਿ ਮੈਂ ਪ੍ਰੇਮ-ਹੀਣ ਤੇ ਪੂਜਾ ਦਾ ਧਾਨ ਖਾਣ ਵਾਲੇ ਮਨੁੱਖਾਂ ਨਾਲ ਖਾਣ ਪੀਣ ਕਰਦਾ ਰਹਿੰਦਾ ਹਾਂ।

(੮) ਮੇਰੇ ਜਿਹਾ ਦੁਬਾਜਰਾ ਵੀ ਕੋਈ ਨਹੀਂ, ਕਿਉਂਕਿ ਮੈਂ ਗੁਰੂ ਦੀ ਸਿਖਿਆ ਤਿਆਗ ਕੇ ਦੁਰਮਤਿ (ਖੋਟੀ ਮੱਤ) ਨਾਲ ਹਿਤ ਕਰਦਾ ਹਾਂ।

(੯) ਨਾਮ ਕਰਕੇ ਤਾਂ ਮੈਂ ਗੁਰੂ ਦਾ ਸਿਖ ਹਾਂ, ਪਰ ਗੁਰੂ ਦੇ ਸ਼ਬਦ ਦੀ ਵੀਚਾਰ ਮੈਂ ਕਦੀ ਵੀ ਨਹੀਂ ਕਰਦਾ।੨੯।

ਭਾਵ, ਹੁਣ ਭਾਈ ਸਾਹਿਬ ਜੀ ਨੇ ਇਸ ਸ਼ੰਕੇ ਦੀ ਇਸ ਪਉੜੀ ਵਿਚ ਨਵਿਰਤੀ ਕੀਤੀ ਹੈ ਕਿ ਕੋਈ ਇਹ ਨਾ ਸਮਝੇ ਕਿ ਹੋਰਨਾਂ ਬੇਮੁਖਾਂ ਦੇ ਐਬ ਗਿਣਦੇ ਹਨ ਕਿ ਸ਼ਾਇਦ ਆਪ ਨੂੰ ਉਨ੍ਹਾਂ ਨੇ ਉੱਤਮ ਸਮਝਿਆ ਹੋਵੇਗਾ।

## ੩੦. ਸੰਸਾਰ ਵਿਚ ਮੇਰੇ ਵਰਗਾ ਬੁਰਾ ਕੋਈ ਨਹੀਂ

੧. ਬੇਮੁਖ ਹੋਵਨਿ ਬੇਮੁਖਾਂ
ਮੈਂ ਜੇਹੇ ਬੇਮੁਖ ਮੁਹ ਡਿੱਠੇ।
੨. ਬਜਰ ਪਾਪਾਂ ਬਜਰ ਪਾਪ
ਮੈਂ ਜੇਹੇ ਕਰ ਵੈਰੀ ਇੱਠੇ।
੩. ਕਰਿ ਕਰਿ ਸਿੱਠਾਂ ਬੇਮੁਖਾਂ
ਆਪਹੁੰ ਬੁਰੇ ਜਾਣ ਕੈ ਸਿੱਠੇ।
੪. ਲਿਖ ਨ ਸੱਕਨਿ ਚਿੱਤ ਗੁਪਤ
ਸੱਤ ਸਮੁੰਦ ਸਮਾਵਨ ਚਿੱਠੇ।
੫. ਚਿੱਠੀ ਹੂ ਤੂਮਾਰ ਲਿਖਿ
ਲੱਖ ਲੱਖ ਇਕਦੂ ਇੱਕ ਦੁਧਿੱਠੇ।
੬. ਕਰਿ ਕਰਿ ਸ੍ਵਾਂਗ ਹੁਰੇਹਿਆਂ
ਹੁਇ ਮਸਕਰਾ ਸਭਾ ਸਭਿ ਠਿੱਠੇ।
੭. ਮੈਥਹੁੰ ਬੁਰਾ ਨ ਕੋਇ ਸਰਿੱਠੇ ॥੩੦॥

***ਪਦ ਅਰਥ :*** ਇੱਠੇ—ਪਿਆਰੇ। ਸਿੱਠਾਂ—ਸਿੱਠਣੀਆਂ। ਸਿੱਠੇ—ਨਿੰਦੇ। ਤੂਮਾਰ—ਲੰਮੀ ਕਹਾਣੀ। ਦੁਧਿੱਠੇ— ਦੂਣੇ। ਸਰਿੱਠੇ—ਸੰਸਾਰ ਵਿਚ।

***ਅਰਥ :***

(ਇਸ ਪਉੜੀ ਵਿਚ ਭੀ ਉਪਰਲੀ ਪਉੜੀ ਦਾ ਹੀ ਭਾਵ ਦਰਸਾਉਂਦੇ ਹਨ) :

(੧) ਮੇਰੇ ਵਰਗੇ ਬੇਮੁਖ ਦਾ ਮੂੰਹ ਵੇਖਣ ਵੱਲੋਂ ਬੇਮੁਖ ਭੀ ਬੇਮੁਖ ਹੁੰਦੇ ਹਨ (ਭਾਵ ਵੱਡੇ ਪਾਪੀ ਭੀ ਮੈਨੂੰ ਵੇਖਣਾ ਨਹੀਂ ਚਾਹੁੰਦੇ)।

(੨) ਵੱਡੇ ਤੋਂ ਵੱਡੇ ਪਾਪਾਂ ਨੂੰ ਮੇਰੇ ਵਰਗੇ ਪਾਪੀਆਂ ਨੇ ਪਿਆਰੇ ਕਰਕੇ ਜਾਣਿਆਂ ਹੈ।

(੩) ਮੈਂ ਬੇਮੁਖਾਂ ਦੀ ਸਿੱਠਾਂ (ਨਿੰਦਿਆ) ਕਰਕੇ ਖੁਸ਼ੀ ਹੁੰਦਾ ਹਾਂ ਤੇ ਆਪਣੇ ਨਾਲੋਂ ਬੁਰੇ ਜਾਣ ਕੇ ਉਨ੍ਹਾਂ ਦੀ ਨਿੰਦਾ ਕਰਦਾ ਹਾਂ।

(੪) (ਮੇਰੇ ਪਾਪਾਂ ਦੇ ਲੇਖੇ ਨੂੰ) ਚਿਤ੍ਰ ਗੁਪਤ ਭੀ ਨਹੀਂ ਲਿਖ ਸਕਦੇ, ਮੇਰੇ ਹਿਸਾਬ ਦੇ ਚਿੱਠੇ ਵਿਚ ਸੱਤ ਸਮੁੰਦਰ ਸਮਾ ਜਾਂਦੇ ਹਨ।

(੫) ਇਕ ਚਿੱਠੀ ਲਿਖਣ ਦੀ ਜਗ੍ਹਾ ਲੰਮੀ ਕਹਾਣੀ ਹੋ ਜਾਂਦੀ ਹੈ, ਫਿਰ ਇਕ ਤੋਂ ਵਧ ਕੇ ਲੱਖਾਂ ਤੱਕ ਲੇਖਾ ਬਣ ਜਾਂਦਾ ਹੈ (ਮੇਰੇ ਲੇਖਾਂ ਦਾ ਫਿਰ ਵੀ ਅੰਤ ਨਹੀਂ ਆਉਂਦਾ)।

(੬) ਮੈਂ ਬੇਮੁਖਾਂ ਦਾ ਸਾਂਗ ਧਾਰ ਧਾਰ ਕੇ ਮਸਖ਼ਰਾ ਹੋ ਕੇ ਉਨ੍ਹਾਂ ਨੂੰ ਸਾਰੀਆਂ ਸਭਾਵਾਂ ਵਿਚ ਠਿੱਠ ਕਰਦਾ ਰਿਹਾ ਹਾਂ।

(੭) (ਇਸ ਲਈ) ਇਸ ਸੰਸਾਰ ਵਿਚ ਮੇਰੇ ਜਿਹਾ ਬੁਰਾ ਕੋਈ ਨਹੀਂ।੩੦।

ਭਾਵ, ਇਥੇ ਇਕ ਹੋਰ ਭਾਵ ਖੋਲ੍ਹਦੇ ਹਨ, ਕਿ ਮੈਂ ਬੇਮੁਖਾਂ ਦੇ ਅਵਗੁਣ ਕਥਨ ਕਰਦਾ ਰਿਹਾ ਹਾਂ, ਇਸ ਕਰਕੇ ਵੱਡਾ ਬੇਮੁਖ ਮੈਂ ਹਾਂ। ਕਿਉਂਕਿ ਗੁਣਾਂ ਦੇ ਕਥਨ ਕੀਤਿਆਂ ਆਤਮਾ ਨਿਰਮਲ ਹੁੰਦੀ ਹੈ ਤੇ ਅਵਗੁਣਾਂ ਦੇ ਕਥਨ ਤੋਂ ਮੈਲੀ ਹੁੰਦੀ ਹੈ। ਉਪਦੇਸ਼ ਲਈ ਜਦ ਭਾਈ ਸਾਹਿਬ ਜੀ ਨੂੰ ਕਥਨ ਕਰਨਾ ਹੀ ਪਿਆ ਤਾਂ ਹੁਣ ਉਸਦਾ ਦਾਰੂ ਨਿੰਮ੍ਰਤਾ ਤੇ ਵੈਰਾਗ ਤੇ ਬੇਨਤੀ ਨਾਲ ਕਰਦੇ ਹਨ, ਇਸ ਪਉੜੀ ਤੋਂ ਪਤਾ ਲੱਗਦਾ ਹੈ ਕਿ ਭਾਈ ਸਾਹਿਬ ਜੀ ਸੱਚਮੁਚ ਐਸੇ ਸਿਖ ਸਨ, ਜਿਨ੍ਹਾਂ ਦੀ ਬਾਣੀ ਨੂੰ ਸਿਦਕ, ਸਿਖੀ ਦਾਤਾ ਹੋਣ ਦਾ ਯੋਗ ਵਰ ਦਿਤਾ ਗਿਆ ਸੀ, ਆਪ ਗੁਰੂ ਆਸ਼ੇ ਦੇ ਓਸ ਥਾਂ 'ਤੇ ਆਉਂਦੇ ਹਨ, ਜਿਥੇ ਕਿਹਾ ਹੈ :

> ਤਿਸ ਕੈ ਭਾਣੈ ਕੋਇ ਨ ਭੂਲਾ
> ਜਿਨਿ ਸਗਲੋ ਬ੍ਰਹਮੁ ਪਛਾਤਾ ॥ਰਹਾਉ॥
>
> *(ਸੋਰਠਿ ਮਹਲਾ ੫, ਪੰਨਾ ੬੧੦)*

ਇਨ੍ਹਾਂ ਪਉੜੀਆਂ ਵਿਚ ਗੁਰਸਿੱਖਾਂ ਨੂੰ ਨਿੰਮਰਤਾ ਦਾ ਉਪਦੇਸ਼ ਦਿਤਾ ਹੈ, ਨਿੰਮਰਤਾ ਵਾਲਾ ਹੀ ਸਹੀ ਮੰਜ਼ਲ 'ਤੇ ਪੁੱਜਦਾ ਹੈ।

## ੩੧. ਸਤਿਗੁਰੂ ਜੀ ਪਤਿਤਾਂ ਨੂੰ ਤਾਰਦੇ ਹਨ

੧. ਲੈਲੀ ਦੀ ਦਰਗਾਹ ਦਾ
ਕੁੱਤਾ ਮਜਨੂੰ ਦੇਖਿ ਲੁਭਾਣਾ।
੨. ਕੁੱਤੇ ਦੀ ਪੈਰੀ ਪਵੈ
ਹੜਿ ਹੜਿ ਹੱਸੈ ਲੋਕ ਵਿਡਾਣਾ।

**੩. ਮੀਰਾਸੀ ਮੀਰਾਸੀਆਂ**
**ਨਾਮ ਧਰੀਕ ਮੁਰੀਦ ਬਿਬਾਣਾ।**
**੪. ਕੁੱਤਾ ਡੂਮ ਵਖਾਣੀਐ**
**ਕੁੱਤਾ ਵਿਚਿ ਕੁੱਤਿਆਂ ਨਿਮਾਣਾ।**
**੫. ਗੁਰੁ ਸਿਖ ਆਸ਼ਕ ਸ਼ਬਦ ਦੇ**
**ਕੁੱਤੇ ਦਾ ਪੜਕੁੱਤਾ ਭਾਣਾ।**
**੬. ਕੱਟਨਿ ਚੱਟਨਿ ਕੁੱਤਿਆਂ**
**ਮੋਹੁ ਨ ਧੋਹੁ ਧ੍ਰਿਗਸਟ ਕਮਾਣਾ।**
**੭. ਅਵਗੁਣਿਆਰੇ ਗੁਣ ਕਰਨ**
**ਗੁਰਮੁਖਿ ਸਾਧ ਸੰਗਤਿ ਕੁਰਬਾਣਾ।**
**੮. ਪਤਿਤ ਉਧਾਰਨ ਬਿਰਦ ਵਖਾਣਾ ॥੩੧॥੩੭॥**

***ਪਦ ਅਰਥ :*** ਦਰਗਾਹ—ਕਚਹਿਰੀ। ਲੁਭਾਣਾ—ਖ਼ੁਸ਼ ਹੋਇਆ। ਹੜਿ ਹੜਿ—ਖਿੜ ਖਿੜ। ਨਾਮ ਧਰੀਕ—ਨਾਮ ਮਾਤ੍ਰ। ਬਿਬਾਣਾ—ਬਾਬੇ ਦਾ। ਪੜਕੁੱਤਾ—ਨੀਵਾਂ ਕੁੱਤਾ।

***ਅਰਥ :***

ਇਕ ਦਫ਼ਾ ਕਾਂਸ਼ੀ ਦੇ ਪੰਡਤਾਂ ਨੇ ਭਾਈ ਸਾਹਿਬ ਜੀ ਨੂੰ ਮੇਹਣਾ ਦੇ ਕੇ ਕਿਹਾ ਸੀ ਕਿ ਤੁਹਾਡੀ ਸੰਪ੍ਰਦਾਇ ਵਿਚ ਕੁੱਤੇ ਮਰਾਸੀਆਂ ਨੂੰ ਪਾਸ ਬਿਠਾ ਕੇ ਸਿਖ ਅਰਦਾਸਾਂ ਦਿੰਦੇ ਹਨ, ਕੀ ਇਹ ਚੰਗੀ ਗੱਲ ਹੈ ?

ਤਾਂ ਆਪ ਨੇ ਉੱਤਰ ਦਿੱਤਾ ਕਿ ਹੇ ਭਾਈਓ ! ਸੁਣੋ, ਇਕ ਵਾਰ ਦਿੱਲੀਓਂ, ਇਕ ਸਾਂਢਨੀ ਅਸਵਾਰ ਲਾਹੌਰ ਆਇਆ ਸੀ, ਨਾਲ ਲੇਲੀ ਦਾ ਸ਼ਾਹੀ ਕੁੱਤਾ ਸੀ, ਜਦ ਮਜਨੂੰ ਨੂੰ ਇਹ ਪਤਾ ਲੱਗਾ ਕਿ ਇਹ ਤਾਂ ਲੇਲੀ ਦੀ ਕਚਹਿਰੀ ਵਿਚ ਰਹਿਣ ਵਾਲਾ ਕੁੱਤਾ ਹੈ ਤਦ ਉਸਨੂੰ ਪਿਆਰ ਕਰਨ ਲੱਗ ਪਿਆ, ਤਿਵੇਂ ਜਿਸਨੂੰ ਤੁਸਾਂ ਕੁੱਤਾ ਕਿਹਾ ਹੈ, ਉਹ ਸਾਡੇ ਗੁਰੂ ਦਾ ਕੂਕਰ ਹੈ, ਪਰ ਉਹ ਸਾਡੇ ਪਿਆਰੇ ਦਾ ਹੈ, ਇਸ ਕਰਕੇ ਉਹ ਸਤਿਕਾਰ ਯੋਗ ਹੈ। ਧੁਨੀ ਇਹ ਹੈ ਕਿ ਜਿਵੇਂ ਉਸ ਪਤਿਤ ਮਿਰਾਸੀ ਨੂੰ ਗੁਰੂ ਜੀ ਨੇ ਨਿਵਾਜ ਕੇ 'ਭਾਈ' ਕੀਤਾ ਤੇ ਤਾਰਿਆ, ਤਿਵੇਂ ਮੇਰੇ ਜਿਹੇ ਪਾਪੀ ਨੂੰ ਭੀ ਬਖ਼ਸ਼ ਲਏਗਾ। ਮੈਂ ਭੀ ਗੁਰੂ ਦੀ ਦਰਗ਼ਾਹ ਦਾ ਵਾਰਾਂ ਕਹਿਣ ਵਾਲਾ ਮਿਰਾਸੀ ਨਾਉਂ ਧ੍ਰੀਕ ਸਿਖ ਮਰਦਾਨੇ ਵਾਂਙੂ ਕੁੱਤਾ ਹਾਂ, ਚੱਟਣ ਕੱਟਣ ਮੇਰਾ ਧ੍ਰਿਗ ਕੰਮ ਹੈ, ਪਰ ਗੁਰੂ ਦਾ ਬਿਰਦ ਪਤਿਤ ਪਾਵਨ ਹੈ।

ਜਿਸ (ਮਰਦਾਨੇ) ਨੂੰ ਮੂਰਖ ਲੋਕ ਕੁੱਤਾ ਆਖਦੇ ਸਨ, ਉਸ ਨਾਲ ਸਤਿਗੁਰੂ ਜੀ ਦੇ ਸਿਖ ਪਿਆਰ ਕਰਦੇ ਸਨ ਤੇ ਗੁਰੂ ਘਰ ਦਾ ਕੀਰਤਨੀਆਂ ਹੋਣ ਕਰਕੇ ਉਸਦਾ ਸਤਿਕਾਰ ਕਰਦੇ ਸਨ। ਧੁਨੀ ਇਹ ਹੈ ਕਿ ਜਿਸ ਤਰ੍ਹਾਂ ਨੀਚ ਮਿਰਾਸੀ ਨੂੰ ਸਤਿਗੁਰੂ ਜੀ ਨੇ ਆਪਣੀ ਸੰਗਤ ਵਿਚ ਮੇਲ ਕੇ ਤਾਰ ਦਿਤਾ ਸੀ, ਏਸੇ ਤਰ੍ਹਾਂ ਮੇਰੇ 'ਤੇ ਵੀ ਕਿਰਪਾ ਕਰਕੇ ਮੇਰਾ ਉਧਾਰ ਕਰਨਗੇ। ਇਸੇ ਭਾਵ ਨੂੰ ਇਸ ਪਉੜੀ ਵਿਚ ਨਿਰੂਪਨ ਕਰਦੇ ਹਨ :

(੧) (ਜਿਸ ਤਰ੍ਹਾਂ) ਲੈਲੀ ਦੀ ਦਰਗਾਹ ਦਾ ਕੁੱਤਾ ਵੇਖ ਕੇ ਮਜਨੂੰ ਬੜਾ ਪ੍ਰਸੰਨ ਹੋਇਆ।

(੨) ਉਹ ਕੁੱਤੇ ਦੀ ਪੈਰੀਂ ਪਿਆ (ਤੇ ਪਿਆਰ ਕੀਤਾ) ਲੋਕ ਉਸ ਦਾ ਇਹ ਕਰਤੱਬ ਵੇਖ ਕੇ ਅਸਚਰਜ ਹੋ ਕੇ ਖਿੜ ਖਿੜ ਕੇ ਹੱਸੇ।

(੩) ਮਿਰਾਸੀਆਂ ਵਿਚੋਂ (ਮਰਦਾਨਾ) ਮਿਰਾਸੀ ਬਾਬੇ (ਨਾਨਕ) ਜੀ ਦਾ ਨਾਮ-ਧ੍ਰੀਕ ਮੁਰੀਦ ਸੀ।

(੪) ਲੋਕ (ਮਰਦਾਨੇ) ਨੂੰ ਕੁੱਤਾ ਡੂਮ ਆਖਦੇ ਸਨ। ਉਹ ਕੁੱਤਿਆਂ ਵਿਚ ਵੀ ਨਿਮਾਣਾ ਕੁੱਤਾ ਬਣ ਕੇ ਰਹਿੰਦਾ ਸੀ, ਕਿਉਂਕਿ ਉਸਦੀ ਬਰਾਦਰੀ ਵਾਲਿਆਂ ਨੇ ਉਸਨੂੰ ਆਪਣੇ ਵਿਚੋਂ ਛੇਕ ਦਿਤਾ ਸੀ ਤੇ ਉਸਨੂੰ ਕਾਫ਼ਰ ਕਹਿੰਦੇ ਸਨ।

(੫) (ਪਰ) ਗੁਰੂ ਦੇ ਸਿਖ ਗੁਰੂ ਦੇ ਸ਼ਬਦ ਦੇ ਪ੍ਰੇਮੀ ਸਨ। ਉਨ੍ਹਾਂ ਨੂੰ ਕੁੱਤਿਆਂ ਦਾ ਪੜਕੁੱਤਾ (ਨੀਵਾਂ ਕੁੱਤਾ) ਹੀ ਚੰਗਾ ਲੱਗਾ (ਗੁਰੂ ਦੇ ਸਿਖ ਭਾਈ ਮਰਦਾਨੇ ਦਾ ਸਤਿਕਾਰ ਕਰਦੇ ਸਨ, ਕਿਉਂਕਿ ਉਹ ਗੁਰੂ ਦੇ ਦਰਬਾਰ ਦਾ ਰਬਾਬੀ ਸੀ)।

(੬) ਕੱਟਣਾ ਤੇ ਚੱਟਣਾ ਕੁੱਤਿਆਂ ਦਾ ਕੰਮ ਹੁੰਦਾ ਹੈ (ਗੁੱਸੇ ਵਿਚ ਆਏ ਕੁੱਤੇ ਕੱਟਦੇ ਹਨ ਤੇ ਮੋਹ ਵਿਚ ਆਏ ਚੱਟਦੇ ਹਨ)। ਇਸ ਲਈ ਕੁੱਤਿਆਂ ਦਾ ਕੰਮ ਧ੍ਰਿਗ ਹੈ। (ਸਤਿਗੁਰੂ ਜੀ ਧੰਨ ਹਨ, ਜੋ ਇਨ੍ਹਾਂ ਕੁੱਤਿਆਂ ਨੂੰ ਭੀ ਤਾਰਦੇ ਹਨ)।

(੭) (ਸਤਿਗੁਰੂ ਜੀ) ਨਿਰਗੁਣਿਆਂ 'ਤੇ ਉਪਕਾਰ ਕਰਦੇ ਹਨ। ਮੈਂ ਗੁਰਮੁਖਾਂ ਦੀ ਸਾਧ ਸੰਗਤ ਤੋਂ ਕੁਰਬਾਨ ਹਾਂ।

(੮) ਸਾਧ ਸੰਗਤ ਦਾ ਬਿਰਦ ਪਤਿਤ ਉਧਾਰਨ ਕਿਹਾ ਜਾਂਦਾ ਹੈ।੩੧।੩੭।

(ਸੈਂਤੀਵੀਂ ਵਾਰ ਸਮਾਪਤ)

# ਵਾਰ ੩੮

ੴ ਸਤਿਗੁਰ ਪ੍ਰਸਾਦਿ ॥

## ੧. ਗੁਰਸਿੱਖ ਵਿਕਾਰਾਂ ਤੋਂ ਰਹਿਤ ਹੈ

**੧. ਕਾਮ ਲੱਖ ਕਰਿ ਕਾਮਨਾ**
**ਬਹੁ ਰੂਪੀ ਸੋਹੈ।**
**੨. ਲੱਖ ਕਰੋਧ ਕਰੋਧ ਕਰਿ**
**ਦੁਸ਼ਮਨ ਹੋਇ ਜੋਹੈ।**
**੩. ਲੱਖ ਲੋਭ ਲੱਖ ਲੱਖਮੀ**
**ਹੋਇ ਧੋਹਣ ਧੋਹੈ।**
**੪. ਮਾਇਆ ਮੋਹ ਕਰੋੜ ਮਿਲਿ**
**ਹੋਇ ਬਹੁਗੁਣ ਸੋਹੈ।**
**੫. ਅਸੁਰ ਸੰਘਾਰਿ ਹੰਕਾਰ ਲਖ**
**ਹਉਮੈ ਕਰਿ ਛੋਹੈ।**
**੬. ਸਾਧਸੰਗਤਿ ਗੁਰੁ ਸਿਖ ਸੁਣ ਗੁਰੁ ਸਿਖ ਨ ਪੋਹੈ ॥੧॥**

***ਪਦ ਅਰਥ :*** ਕਾਮਨਾ—ਦਲੀਲਾਂ। ਜੋਹੈ—ਵੇਖਦੇ ਹਨ। ਧੋਹਣ—ਠੱਗ। ਛੋਹੈ—ਛੋਂਹਦਾ ਹੈ। ਪੋਹੈ—ਅਸਰ ਕਰਨਾ, ਚੰਬੜਨਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਤੁਸੀਂ ਕਈ ਵਾਰ ਸੰਗਤ ਵਿਚ ਇਹ ਵੀ ਵੀਚਾਰ ਪ੍ਰਗਟ ਕਰਿਆ ਕਰਦੇ ਹੋ ਕਿ ਗੁਰੂ ਦੇ ਸਿੱਖਾਂ ਦੀ ਮਾਨਸਕ ਅਵਸਥਾ ਇਤਨੀ ਉਚੇਰੀ ਹੋ ਜਾਂਦੀ ਹੈ ਕਿ ਉਨ੍ਹਾਂ ਨੂੰ ਸੰਸਾਰ ਦੇ ਲੱਖਾਂ ਹੀ ਵਿਕਾਰ ਨਹੀਂ ਪੋਹ ਸਕਦੇ, ਕਿਉਂ ਜੀ ! ਜਿਨ੍ਹਾਂ ਵਿਕਾਰਾਂ ਨੇ ਸੰਸਾਰ ਦੇ ਵੱਡੇ ਵੱਡੇ ਹੋ ਚੁੱਕੇ ਬ੍ਰਹਮਾਦਿਕ ਦੇਵਤਿਆਂ ਨੂੰ ਭੀ ਆਪਣੇ ਅਸਰ ਹੇਠ ਦਬਾਅ ਲਿਆ, ਉਨ੍ਹਾਂ ਤੋਂ ਗੁਰੂ ਦੇ ਸਿੱਖਾਂ ਨੇ ਆਪਣੇ ਆਪ ਨੂੰ ਕਿਵੇਂ ਬਚਾਈ ਰਖਿਆ, ਇਸ ਬਾਰੇ ਕੁੱਝ ਬੋਧ ਦਿਓ ?

ਉ: ਹੇ ਭਾਈਓ ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਗੁਰਸਿੱਖਾਂ ਪਾਸ ਵਡੇਰੀ ਇਕੋ ਸ਼ਕਤੀ ਗੁਰੂ ਦੀ ਬਾਣੀ ਹੈ, ਜਿਸ ਤੋਂ ਉਹ ਸਦਾ ਹੀ ਪ੍ਰੇਰਨਾ ਲੈਂਦੇ ਹਨ, ਉਨ੍ਹਾਂ ਦੇ ਸਾਹਮਣੇ ਇਹ ਗੁਰੂ ਫ਼ਰਮਾਨ ਸਦਾ ਹੀ ਰਹਿੰਦਾ ਹੈ, ਜਿਸ ਦਾ ਸਦਕਾ ਉਹ ਸੰਸਾਰ ਦੇ ਵਿਕਾਰਾਂ ਵੱਲੋਂ ਸਦਾ ਨਿਰਲੇਪ ਰਹਿੰਦੇ ਹਨ :

ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥
*(ਸਲੋਕ ਸਹਸਕ੍ਰਿਤੀ, ਪੰਨਾ ੧੩੫੮)*

ਨਿਮਖ ਕਾਮ ਸੁਆਦ ਕਾਰਣਿ
ਕੋਟਿ ਦਿਨਸ ਦੁਖੁ ਪਾਵਹਿ ॥
*(ਆਸਾ ਮਹਲਾ ੫, ਪੰਨਾ ੪੦੩)*

ਇਤਿਆਦਿਕ ਗੁਰੂ ਦੀ ਸਿਖਿਆ ਦੇ ਚਿੰਤਨ ਨਾਲ ਗੁਰਸਿਖ ਵਿਸ਼ਯਾਂ ਤੋਂ ਬਚੇ ਰਹਿੰਦੇ ਹਨ, ਕਿਉਂਕਿ ਗੁਰਸਿਖ ਬਾਣੀ ਦਾ ਸਦਾ ਹੀ ਅਭਿਆਸ ਕਰਦੇ ਰਹਿੰਦੇ ਹਨ, ਜਿਸ ਕਰਕੇ ਵਾਹਿਗੁਰੂ ਸਿਮਰਨ ਵਿਚ ਉਨ੍ਹਾਂ ਦਾ ਚਿੱਤ ਜੁੜਿਆ ਰਹਿੰਦਾ ਹੈ। ਅਜਿਹੇ ਜੋ ਗੁਰਸਿਖ ਵਿਕਾਰਾਂ ਤੋਂ ਨਿਰਲੇਪ ਰਹਿੰਦੇ ਹਨ, ਉਨ੍ਹਾਂ ਦੇ ਪਵਿੱਤ੍ਰ ਜੀਵਨਾਂ ਨੂੰ ਤੱਕ ਕੇ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਉੱਕਰੀਆਂ ਹਨ ।

(੧) (ਜਿਵੇਂ ਕਿ ਅਸੀਂ ਤੱਕਦੇ ਹਾਂ ਕਿ) ਬਹੁਰੂਪੀਆ ਕਾਮ, ਕਾਮਨਾ ਆਦਿਕ ਲੱਖਾਂ ਹੀ ਰੂਪ ਕਰਕੇ ਦਿਖਾਈ ਦਿੰਦਾ ਹੈ।

(੨) ਲੱਖਾਂ ਕਰੋਧ ਕ੍ਰੋਧ ਕਰਕੇ ਵੈਰੀ ਹੋ ਕੇ ਵੇਖਦੇ ਹਨ।

(੩) ਲੱਖਾਂ ਲੋਭ, ਲੱਖਾਂ ਲਖਮੀਆਂ ਦਾ ਰੂਪ ਧਾਰ ਕੇ ਠੱਗੀਆਂ ਕਰ ਕਰਕੇ ਠੱਗ ਰਹੇ ਹਨ।

(੪) ਮਾਇਆ ਦੇ ਮੋਹ ਕਰੋੜਾਂ ਮਿਲ ਕੇ ਬਹੁਤ ਗੁਣਾਂ ਵਾਲੇ ਹੋ ਕੇ ਸੋਭਦੇ ਹਨ।

(੫) ਅਸੁਰਾਂ (ਰਾਖ਼ਸ਼ਾਂ) ਦੇ ਸੰਘਾਰ ਦਾ ਕਾਰਨ ਹੰਕਾਰ, ਹੰਗਤਾ ਮਮਤਾ ਕਰਕੇ ਬੜੇ ਕ੍ਰੋਧ ਨਾਲ ਜੀਵਾਂ ਨੂੰ ਛੋਂਹਦਾ ਹੈ।

(੬) (ਪਰ) ਸਾਧ ਸੰਗਤ ਵਿਚ ਮਿਲ ਕੇ ਜਿਹੜਾ ਗੁਰਸਿੱਖ ਗੁਰੂ ਦਾ ਸ਼ਬਦ ਸੁਣਦਾ ਹੈ, ਉਸਨੂੰ ਇਹ ਕਾਮ, ਕ੍ਰੋਧ ਆਦਿ ਵਿਕਾਰ ਨਹੀਂ ਪੋਹਦੇ।੧।

***ਭਾਵਾਰਥ :*** ਗੁਰੂ ਦੇ ਸਿਖ ਦੀ ਸੁਰਤੀ ਗੁਰੂ ਦੇ ਸ਼ਬਦ ਨਾਲ ਜੁੜ ਕੇ ਏਨੀ ਉੱਚੀ ਹੋ ਜਾਂਦੀ ਹੈ ਕਿ ਉਸ 'ਤੇ ਕੋਈ ਵੀ ਵਿਕਾਰ ਅਸਰ ਨਹੀਂ ਕਰ ਸਕਦਾ।

## ੨. ਗੁਰਸਿੱਖ ਕਾਮੀ ਨਹੀਂ

**੧. ਲੱਖ ਕਾਮਣਿ ਲੱਖ ਕਾਮ ਰੂਪ**
**ਲੱਖ ਕਾਮਣਿਆਰੀ।**
**੨. ਸੰਗਲ ਦੀਪਹੁੰ ਪਦਮਣੀ**
**ਬਹੁ ਰੂਪਿ ਸੀਂਗਾਰੀ।**
**੩. ਮੋਹਣੀਆਂ ਇੰਦ੍ਰਾ ਪੁਰੀ**
**ਅਪੱਛਰਾਂ ਸੁਚਾਰੀ।**
**੪. ਹੂਰਾਂ ਪਰੀਆਂ ਲੱਖ ਲੱਖ**
**ਬਾਹਿਸ਼ਤ ਸਵਾਰੀ।**
**੫. ਲੱਖ ਕਉਲਾਂ ਨਵ ਜੋਬਨੀ**
**ਲਖ ਕਾਮ ਕਰਾਰੀ।**
**੬. ਗੁਰਮੁਖਿ ਪੋਹਿ ਨ ਸੱਕਨੀ ਸਾਧ ਸੰਗਤਿ ਭਾਰੀ ॥੨॥**

***ਪਦ ਅਰਥ :*** ਕਾਮਣਿ—ਇਸਤ੍ਰੀਆਂ। ਕਾਮਰੂਪ—ਕਾਮਰੂਪ ਨਾਮੇ ਦੇਸ। ਸੁਚਾਰੀ—ਚੰਗੇ ਅਚਾਰ ਵਾਲੀਆਂ। ਬਾਹਿਸ਼ਤ ਸਵਾਰੀ—ਸੁਰਗ ਦੀਆਂ ਸਵਾਰੀਆਂ ਹੋਈਆਂ। ਕਾਮ ਕਰਾਰੀ—ਕਾਮਕਲਾ ਯੁਕਤ। ਪੋਹਿ—ਛੂਹਣਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਲੱਖਾਂ ਸੰਗਲਾਦੀਪ ਦੀਆਂ, ਇੰਦ੍ਰ ਪੁਰੀ ਦੀਆਂ, ਬਹਿਸ਼ਤ ਦੀਆਂ ਅਪੱਛਰਾਂ ਜੋ ਵੱਡੇ ਵੱਡੇ ਸਿੱਧਾਂ ਜੋਗੀਆਂ ਨੂੰ ਵੱਸ ਕਰਨ ਵਾਲੀਆਂ ਕਾਮਣੀਆਂ ਹਨ, ਉਨ੍ਹਾਂ ਤੋਂ ਗੁਰੂ ਦੇ ਸਿਖ ਕਿਵੇਂ ਬਚਦੇ ਹਨ, ਉਨ੍ਹਾਂ ਪਾਸ ਐਸੀ ਕਿਹੜੀ ਤਾਕਤ ਹੈ?

**ਉ:** ਹੇ ਭਾਈਓ! ਗੁਰੂ ਦੇ ਸਿਖਾਂ ਪਾਸ ਵਿਕਾਰਾਂ ਤੋਂ ਬਚਣ ਲਈ ਇਕੋ ਹੀ ਸਾਧ ਸੰਗਤ ਰੂਪੀ ਢਾਲ ਹੈ, ਜੋ ਹਰ ਵਿਕਾਰ ਦੇ ਵਾਰ ਤੋਂ ਬਚਾਈ ਰੱਖਦੀ ਹੈ।

(੧) (ਉਂਝ ਤਾਂ ਅਸੀਂ ਵੇਖ ਹੀ ਰਹੇ ਹਾਂ ਕਿ ਜਾਦੂ ਵਾਂਙ ਮੋਹਣ ਵਾਲੀਆਂ) ਲੱਖਾਂ ਹੀ ਇਸਤ੍ਰੀਆਂ, ਕਾਮਰੂਪ ਦੇਸ ਦੀਆਂ ਟੂਣੇ ਕਰਕੇ ਵੱਸ ਵਿਚ ਕਰ ਲੈਣ ਵਾਲੀਆਂ ਇਸਤ੍ਰੀਆਂ ਜੋ ਲੱਖਾਂ (ਇਸਤ੍ਰੀਆਂ) ਹਨ।

(੨) ਸੰਗਲਾਦੀਪ ਦੀਆਂ ਬਹੁਤੇ ਸ਼ਿੰਗਾਰਾਂ ਨਾਲ ਸ਼ਿੰਗਾਰੀਆਂ ਹੋਈਆਂ ਜੋ ਪਦਮਣੀਆਂ ਇਸਤ੍ਰੀਆਂ ਹਨ।

(੩) ਇੰਦ੍ਰ ਪੁਰੀ (ਸੁਰਗ) ਦੀਆਂ ਮਨ ਨੂੰ ਮੋਹਣ ਵਾਲੀਆਂ ਚੰਗੇ ਅਚਾਰ ਵਾਲੀਆਂ ਜੋ ਅਪੱਛਰਾਂ ਹਨ।

(੪) ਬਹਿਸ਼ਤ ਦੀਆਂ ਸਵਾਰੀਆਂ ਜੋ ਲੱਖਾਂ ਹੂਰਾਂ ਤੇ ਲੱਖਾਂ ਪਰੀਆਂ ਹਨ।

(੫) ਨਵੀਂ ਜੁਆਨੀ ਵਾਲੀਆਂ ਜੋ ਲੱਖਾਂ ਕਾਮ ਕਲਾ ਯੁਕਤ ਲੱਛਮੀਆਂ ਹਨ।

(੬) (ਇਹ ਉਪ੍ਰੋਕਤ ਸਾਰੀਆਂ ਸੁੰਦਰ ਤੇ ਮਨਮੋਹਣੀਆਂ ਇਸਤ੍ਰੀਆਂ) ਗੁਰਸਿਖ ਨੂੰ ਛੋਹ ਵੀ ਨਹੀਂ ਸਕਦੀਆਂ, ਕਿਉਂਕਿ ਗੁਰਸਿਖ ਦੇ ਚਾਰ ਚੁਫੇਰੇ ਸਾਧ ਸੰਗਤ ਰੂਪੀ ਬੜੀ ਭਾਰੀ ਵਾੜ ਹੈ।੨।

ਭਾਵ ਹੈ ਕਿ ਸਾਧ ਸੰਗਤ ਦੀ ਕ੍ਰਿਪਾ ਨਾਲ ਗੁਰਸਿਖ ਕਾਮ ਦੀ ਵਾਸ਼ਨਾ ਤੋਂ ਬਚਿਆ ਰਹਿੰਦਾ ਹੈ ਤੇ ਉਸਨੂੰ ਸੁੰਦਰ ਤੋਂ ਸੁੰਦਰ ਇਸਤ੍ਰੀਆਂ ਵੀ ਡੁਲਾਇਮਾਨ ਨਹੀਂ ਕਰ ਸਕਦੀਆਂ। ਪਰ ਸਾਧ ਸੰਗਤ ਤੋਂ ਸੱਖਣਾ ਤਪੀਆ ਪੁਰਖ ਭੀ ਕਾਮਨਾਵਾਂ ਦੇ ਚੱਕ੍ਰ ਵਿਚ ਫਸ ਮਰਦਾ ਹੈ।

## ੩. ਗੁਰਸਿੱਖ ਨਿਰ-ਹੰਕਾਰ ਹੁੰਦਾ ਹੈ

**੧. ਲੱਖ ਦੁਰਯੋਧਨ ਕੰਸ ਲੱਖ**
**ਲੱਖ ਦੈਤ ਲੜੰਦੇ।**
**੨. ਲੱਖ ਰਾਵਣ ਕੁੰਭਕਰਣ ਲੱਖ**
**ਲੱਖ ਰਾਕਸ਼ਮੰਦੇ।**
**੩. ਪਰਸਰਾਮ ਲੱਖ ਸਹਸਬਾਹੁ**
**ਕਰ ਖੁਦੀ ਖਹੰਦੇ।**
**੪. ਹਰਨਾਖਸ ਹਰਨਾਖਸਾ**
**ਨਰ ਸਿੰਘ ਬੁਕੰਦੇ।**
**੫. ਲੱਖ ਕਰੋਧ ਵਿਰੋਧ ਲੱਖ**
**ਲੱਖ ਵੈਰ ਕਰੰਦੇ।**
**੬. ਗੁਰਸਿੱਖ ਪੋਹਿ ਨ ਸੱਕਈ ਸਾਧ ਸੰਗਿ ਮਿਲੰਦੇ ॥੩॥**

***ਪਦ ਅਰਥ :*** ਲੜੰਦੇ—ਲੜਦੇ ਹਨ। ਖੁਦੀ—ਹੰਕਾਰ। ਖਹੰਦੇ—ਭਿੜਦੇ ਹਨ। ਹਰਨਾਕਸ—ਸੋਨੇ ਵਾਂਙੂ ਅੱਖਾਂ ਵਾਲਾ। ਬੁਕੰਦੇ—ਗਰਜਦੇ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਤੁਸੀਂ ਗੁਰਸਿੱਖਾਂ ਦੀ ਪਦਵੀ ਕਿਤਨੀ ਕੁ ਉਚੇਰੀ ਅਨੁਭਵ ਕਰਦੇ ਹੋ ?

**ਉ:** ਹੇ ਭਾਈਓ ! ਮੈਂ ਤਾਂ ਵੱਡੇ ਵੱਡੇ ਜੋਧਿਆਂ ਦੇ ਇਤਿਹਾਸ ਪੜ੍ਹੇ ਹਨ, ਪਰ ਉਹ ਸਾਰੇ ਹੀ ਗੁਰੂ ਦੇ ਸਿੱਖਾਂ ਦਾ ਮੁਕਾਬਲਾ ਨਹੀਂ ਕਰ ਸਕਦੇ, ਜੋ ਮੈਂ ਇਸ ਪਉੜੀ ਵਿਚ ਉੱਕਰੇ ਹਨ।

(੧) (ਜਿਵੇਂ ਕਿ) ਲੱਖਾਂ ਦੁਰਯੋਧਨ, ਲੱਖਾਂ ਕੰਸ ਤੇ ਲੱਖਾਂ ਹੋਰ ਰਾਖਸ਼ਾਂ ਵਾਂਗੂੰ ਲੜਨ ਵਾਲੇ।

(੨) ਲੱਖਾਂ ਰਾਵਣ ਤੇ ਕੁੰਭਕਰਨ ਤੇ ਲੱਖਾਂ ਮੰਦੇ ਕਰਮ ਕਰਨ ਵਾਲੇ ਰਾਖਸ਼।

(੩) ਲੱਖਾਂ ਪਰਸਰਾਮ ਤੇ ਸਹੰਸਰਬਾਹੁ ਵਰਗੇ ਹੰਕਾਰ ਵਿਚ ਖਹਿ ਖਹਿ ਮਰਨ ਵਾਲੇ ਰਾਜੇ।

(੪) ਹਿਰਣਕਸ਼ਯਪ, ਹਰਨਾਖ਼ਸ਼ ਤੇ ਨਰਸਿੰਘ ਵਾਲੇ।

(੫) ਲੱਖਾਂ ਕ੍ਰੋਧ, ਲੱਖਾਂ ਵਿਰੋਧ ਤੇ ਲੱਖਾਂ ਵੈਰ ਕਰਨ ਵਾਲੇ।

(੬) (ਇਹ ਸਾਰੇ) ਗਰਸਿੱਖਾਂ ਨੂੰ ਨਹੀਂ ਪੋਹ ਸਕਦੇ, ਕਿਉਂਕਿ ਗੁਰਸਿਖ ਸਾਧ ਸੰਗਤ ਵਿਚ ਮਿਲਕੇ ਬੈਠਦੇ ਹਨ।੩।

ਭਾਵ ਹੈ ਕਿ ਗੁਰੂ ਦਾ ਸਿਖ ਸਦਾ ਹੀ ਹੰਕਾਰ ਤੋਂ ਬਚਿਆ ਰਹਿੰਦਾ ਹੈ, ਉਹ ਹੰਕਾਰ ਵਿਚ ਆ ਕੇ ਕਿਸੇ ਨਾਲ ਧੱਕਾ ਨਹੀਂ ਕਰਦਾ, ਉਸ ਨੂੰ ਬਾਣੀ ਦੁਆਰੇ ਇਹ ਭੀ ਬੋਧ ਮਿਲਿਆ ਹੈ ਕਿ ਉਸ ਹਰੀ ਪਰਮੇਸ਼ਰ ਨੂੰ ਹੰਕਾਰੀ ਕਦੇ ਭੀ ਨਹੀਂ ਭਾਉਂਦਾ।

## ੪. ਗੁਰੂ ਦਾ ਸਿੱਖ ਲੋਭੀ ਨਹੀਂ

**੧. ਸੁਇਨਾ ਰੁਪਾ ਲੱਖ ਮਣਾ**
**ਲੱਖ ਭਰੇ ਭੰਡਾਰਾ।**
**੨. ਮੋਤੀ ਮਾਣਕ ਹੀਰਿਆਂ**
**ਬਹੁ ਮੋਲ ਅਪਾਰਾ।**
**੩. ਦੇਸ ਵੇਸ ਲੱਖ ਰਾਜ ਭਾਗ**
**ਪਰਗਣੇ ਹਜਾਰਾ।**
**੪. ਸਿੱਧੀ ਰਿੱਧੀ ਜੋਗ ਭੋਗ**
**ਅਭਰਣ ਸੀਂਗਾਰਾ।**
**੫. ਕਾਮਧੇਨੁ ਲੱਖ ਪਾਰਜਾਤ**
**ਚਿੰਤਾਮਣਿ ਪਾਰਾ।**
**੬. ਚਾਰ ਪਦਾਰਥ ਸਗਲ ਫਲ**
**ਲੱਖ ਲੋਭ ਉਭਾਰਾ।**
**੭. ਗੁਰਸਿਖ ਪੋਹਿ ਨ ਹੰਘਨੀ**
**ਸਾਧ ਸੰਗਿ ਉਧਾਰਾ॥੪॥**

***ਪਦ ਅਰਥ :*** ਰੁਪਾ—ਚਾਂਦੀ। ਵੇਸ—ਪੁਸ਼ਾਕਾਂ। ਪਰਗਣੇ—ਇਲਾਕੇ। ਅਭਰਣ—ਗਹਿਣੇ। ਉਭਾਰਾ—ਉਦੇ ਹੋਣਾ। ਹੰਘਨੀ—ਸਕਣਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਤੁਸੀਂ ਗੁਰਸਿਖ ਵਿਚ ਹੋਰ ਕੀ ਵਿਸ਼ੇਸ਼ ਗੁਣ ਤੱਕਦੇ ਹੋ ?

**ਉ:** ਹੇ ਭਾਈਓ ! ਗੁਰੂ ਦਾ ਸਿਖ ਲੋਭੀ ਨਹੀਂ ਹੁੰਦਾ, ਮੈਂ ਤਾਂ ਵੇਖਦਾ ਹਾਂ ਕਿ ਸੰਸਾਰ ਦੇ ਜਿਤਨੇ ਭੀ ਮਾਇਕੀ ਪਦਾਰਥ ਹਨ ਸਿੱਖ ਨੂੰ ਲੋਭਾਇਮਾਨ ਨਹੀਂ ਕਰ ਸਕਦੇ, ਜਿਵੇਂ ਕਿ :

(੧) ਸੋਨੇ ਚਾਂਦੀ ਦੇ ਲੱਖਾਂ ਮਣਾਂ ਮੂੰਹੀ ਖ਼ਜ਼ਾਨੇ ਭਰੇ ਪਏ ਹੋਣ।

(੨) ਮੋਤੀ ਮਾਣਕ ਤੇ ਹੀਰੇ ਬੇਅੰਤ ਮੁੱਲ ਵਾਲੇ ਹੋਣ।

(੩) ਲੱਖਾਂ ਦੇਸ, ਲੱਖਾਂ ਸੋਹਣੀਆਂ ਪੁਸ਼ਾਕਾਂ ਰਾਜ-ਭਾਗ ਤੇ ਹਜ਼ਾਰਾਂ ਇਲਾਕੇ ਹੋਣ।

(੪) ਰਿੱਧੀਆਂ-ਸਿੱਧੀਆਂ, ਜੋਗ, ਭੋਗ ਤੇ ਗਹਿਣਿਆਂ ਦੇ ਸ਼ਿੰਗਾਰ ਹੋਣ।

(੫) ਲੱਖਾਂ ਕਾਮਧੇਨ ਗਊਆਂ, ਕਲਪ ਬ੍ਰਿਛ ਤੇ ਬੇਸ਼ੁਮਾਰ ਚਿੰਤਾਮਣੀਆਂ ਹੋਣ।

(੬) ਚਾਰ ਪਦਾਰਥ, ਸਾਰੇ ਫਲ, ਲੱਖਾਂ ਲੋਭਾਂ ਦੇ (ਉਭਾਰ) ਉਦੇ ਹੋਣ।

(੭) ਇਹ ਸਾਰੀ ਸੰਪਤੀ ਤੇ ਸਾਰੇ ਪਦਾਰਥ ਗੁਰੂ ਦੇ ਸਿਖ ਨੂੰ ਨਹੀਂ ਪੋਹ ਸਕਦੇ, ਕਿਉਂਕਿ ਉਸਦਾ ਸਾਧ ਸੰਗਤ ਵਿਚ ਉਧਾਰ ਹੋਇਆ ਹੈ।੪।

ਭਾਵ ਹੈ ਕਿ ਦੁਨੀਆਂ ਦੇ ਸਾਰੇ ਪਦਾਰਥਾਂ ਦਾ ਲੋਭ ਸਿਖ ਨੂੰ ਨਹੀਂ ਡੁਲਾ ਸਕਦਾ, ਕਿਉਂਕਿ ਉਸਦੇ ਸਿਰ 'ਤੇ ਗੁਰੂ ਦਾ ਹੱਥ ਹੁੰਦਾ ਹੈ ਤੇ ਉਸਨੂੰ ਸਾਧ ਸੰਗਤ ਦੀ ਟੇਕ ਹੁੰਦੀ ਹੈ।

## ੫. ਗੁਰੂ ਦਾ ਸਿੱਖ ਮੋਹ ਤੋਂ ਰਹਿਤ ਹੁੰਦਾ ਹੈ

**੧. ਪਿਉ ਪੁੱਤ ਮਾਵੜੁ ਧੀਵੜੀ**
**ਹੋਇ ਭੈਣ ਭਿਰਾਵਾ।**
**੨. ਨਾਰਿ ਭਤਾਰੁ ਪਿਆਰ ਲੱਖ**
**ਮਨ ਮੇਲ ਮਿਲਾਵਾ।**
**੩. ਸੁੰਦਰ ਮੰਦਰ ਚਿਤ੍ਰਸਾਲ**
**ਬਾਗ ਫੁਲ ਸੁਹਾਵਾ।**
**੪. ਰਾਗ ਰੰਗ ਰਸ ਰੂਪ ਲੱਖ**
**ਬਹੁ ਭੋਗ ਭੁਲਾਵਾ।**
**੫. ਲੱਖ ਮਾਇਆ ਲੱਖ ਮੋਹ ਮਿਲ**
**ਹੋਇ ਮੁਦਈ ਦਾਵਾ।**
**੬. ਗੁਰੁ ਸਿਖ ਪੋਹਿ ਨ ਹੰਘਨੀ**
**ਸਾਧਸੰਗ ਸੁਹਾਵਾ॥੫॥**

***ਪਦ ਅਰਥ :*** ਮਾਵੜੁ—ਮਾਤਾ। ਭਤਾਰੁ—ਪਤੀ। ਚਿਤ੍ਰਸਾਲ—ਬਾਰਾਂ ਦਰੀਆਂ। ਮੁਦਈ ਦਾਵਾ—ਮੁਦਈ ਹੋਏ, ਦਾਅਵਾ ਬੰਨ੍ਹਣਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਗੁਰੂ ਦੇ ਸਿਖ ਵਿਚ ਤੁਸੀਂ ਹੋਰ ਕਿਹੜੀ ਵਿਸ਼ੇਸ਼ਤਾ ਤੱਕਦੇ ਹੋ?

**ਉ:** ਹੇ ਭਾਈਓ! ਮੈਂ ਤਾਂ ਗੁਰੂ ਦੇ ਸਿਖ ਵਿਚ ਇਕ ਹੋਰ ਭੀ ਵੱਡਾ ਗੁਣ ਤੱਕਦਾ ਹਾਂ ਕਿ ਜਿਸ ਮੋਹ ਸੂਰਮੇ ਨੇ ਵੱਡੇ ਵੱਡੇ ਵੈਰਾਗੀਆਂ ਤਿਆਗੀਆਂ ਨੂੰ ਭੀ ਆਪਣੇ ਕਾਬੂ ਕਰ ਲਿਆ; ਪਰ ਗੁਰਸਿਖ ਉਸ ਮੋਹ ਤੋਂ ਭੀ ਸਦਾ ਰਹਿਤ ਰਹਿੰਦਾ ਹੈ।

(੧) (ਜਿਵੇਂ ਤੱਕਦੇ ਹਾਂ ਕਿ ਸੰਸਾਰ ਵਿਚ) ਪਿਉ, ਪੁੱਤਰ, ਮਾਂ, ਧੀ, ਭੈਣ ਤੇ ਭਰਾ ਦਾ ਮੋਹ ਹੁੰਦਾ ਹੈ।

(੨) ਇਸਤ੍ਰੀ ਤੇ ਪਤੀ ਦਾ ਪਿਆਰ ਤੇ ਲੱਖਾਂ ਮਨ-ਮੇਲੀਆਂ ਦਾ ਮਿਲਾਪ ਹੁੰਦਾ ਹੈ।

(੩) ਬੜੇ ਸੁੰਦਰ ਮੰਦਰ, ਬਾਰਾਂਦਰੀਆਂ ਤੇ ਬਾਗ਼ਾਂ ਵਿਚ ਫੁੱਲ ਸੋਭਦੇ ਹਨ।

(੪) ਲੱਖਾਂ ਰਾਗ, ਰੰਗ, ਰਸ, ਰੂਪ ਤੇ ਬਹੁਤੇ ਭੋਗਾਂ ਦੇ ਭੁਲਾਵੇ ਹੁੰਦੇ ਹਨ।

(੫) ਲੱਖਾਂ ਮਾਇਆਧਾਰੀ ਮਾਇਆ ਦੇ ਮੋਹ ਵਿਚ ਮਿਲੇ ਹੋਏ ਦਾਅਵੇਗੀਰ ਹੋ ਕੇ ਦਾਅਵੇ ਬੰਨ੍ਹਦੇ ਹਨ।

(੬) (ਸੰਸਾਰ ਦੇ ਇਹ ਸਾਰੇ ਸੰਬੰਧੀ ਤੇ ਪਦਾਰਥ) ਗੁਰਸਿਖ ਨੂੰ ਨਹੀਂ ਪੋਹਦੇ, ਕਿਉਂਕਿ ਗੁਰਸਿਖ ਸਾਧ ਸੰਗਤ ਵਿਚ ਹੀ (ਸਦਾ) ਸੋਭਦੇ ਹਨ।੫।

ਭਾਵ ਹੈ ਕਿ ਸਾਧ ਸੰਗਤ ਵਿਚ ਵੱਸਣ ਵਾਲੇ ਗੁਰਸਿੱਖ ਨੂੰ ਦੁਨਿਆਵੀ ਰਿਸ਼ਤੇ, ਸੋਹਣੇ ਮੰਦਰ ਤੇ ਬਾਗ਼ ਆਦਿ ਦਾ ਮੋਹ ਆਪਣੇ ਜਾਲ ਵਿਚ ਨਹੀਂ ਫਸਾ ਸਕਦਾ।

## ੬. ਗੁਰਸਿੱਖ ਖ਼ੁਦੀ ਤੋਂ ਭੀ ਸਦਾ ਖ਼ਾਲੀ ਹੈ

**੧. ਵਰਨਾ ਵਰਨ ਨ ਭਾਵਨੀ**
**ਕਰ ਖੁਦੀ ਖਹੰਦੇ।**
**੨. ਜੰਗਲ ਅੰਦਰ ਸ਼ੀਹ ਦੁਇ**
**ਬਲਵੰਤ ਬੁਕੰਦੇ।**
**੩. ਹਾਥੀ ਹਥਿਆਈ ਕਰਨ**
**ਮਤਵਾਲੇ ਹੋ ਅੜੀ ਅੜੰਦੇ।**
**੪. ਰਾਜ ਭੂਪ ਰਾਜੇ ਵਡੇ**
**ਮਲ ਦੇਸ ਲੜੰਦੇ।**
**੫. ਮੁਲਕ ਅੰਦਰ ਪਾਤਸ਼ਾਹ ਦੁਇ**
**ਜਾਇ ਜੰਗ ਜੁੜੰਦੇ।**
**੬. ਹਉਮੈ ਕਰਿ ਹੰਕਾਰ ਲੱਖ**
**ਮੱਲ ਮੱਲ ਘੁਲੰਦੇ।**
**੭. ਗੁਰੁ ਸਿਖ ਪੋਹਿ ਨ ਸੱਕਨੀ**
**ਸਾਧ ਸੰਗ ਵਸੰਦੇ॥੬॥**

***ਪਦ ਅਰਥ :*** ਵਰਨਾ—ਵਰਨਾਂ ਨੂੰ। ਨ ਭਾਵਨੀ—ਚੰਗੇ ਨਹੀਂ ਲੱਗਦੇ। ਖੁਦੀ—ਹੰਕਾਰ। ਬਲਵੰਤ—ਬਲ ਵਾਲੇ। ਹਥਿਆਈ—ਹਾਥੀ ਪੁਣਾ। ਮੱਲ—ਪਹਿਲਵਾਨ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਤੁਸੀਂ ਗੁਰਸਿਖ ਵਿਚ ਕੋਈ ਹੋਰ ਵਿਸ਼ੇਸ਼ ਗੁਣ ਭੀ ਤੱਕਦੇ ਹੋ?

**ਉ:** ਹੇ ਭਾਈਓ! ਮੈਂ ਤਾਂ ਤੱਕਦਾ ਹਾਂ ਕਿ ਸਾਰੇ ਵਰਨ ਇਕ ਦੂਜੇ ਨਾਲ ਹਉਮੈ ਹੰਕਾਰ ਵਿਚ ਸਦਾ ਹੀ ਸੜਦੇ ਰਹਿੰਦੇ ਹਨ, ਪਰ ਗੁਰਸਿਖ ਸਦਾ ਹੀ ਨਿਰਹੰਕਾਰ ਜੀਵਨ ਗੁਜ਼ਾਰਦੇ ਹਨ।

(੧) (ਜਿਵੇਂ ਕਿ ਮੈਂ ਦੇਖਦਾ ਹਾਂ ਕਿ) ਇਕ ਵਰਨ ਨੂੰ ਦੂਜਾ ਵਰਨ ਨਹੀਂ ਚੰਗਾ ਲੱਗਦਾ, ਇਸ ਲਈ ਹੰਕਾਰ ਕਰਕੇ ਇਕ ਦੂਜੇ ਨਾਲ ਖਹਿੰਦੇ ਹਨ।

(੨) (ਜਿਵੇਂ) ਜੰਗਲ ਵਿਚ ਦੋ ਬਲਵਾਨ ਸ਼ੇਰ ਗਰਜਦੇ ਹਨ।

(੩) (ਅਤੇ ਜਿਸ ਤਰ੍ਹਾਂ) ਮਸਤ ਹੋਏ ਦੋ ਹਾਥੀ ਆਪੋ ਵਿਚ ਅੜ ਖੜੋਂਦੇ ਹਨ।

(੪) ਵੱਡੇ ਵੱਡੇ ਰਾਜੇ ਦੇਸਾਂ ਨੂੰ ਮੱਲਣ ਵਾਸਤੇ ਇਕ ਦੂਜੇ ਨਾਲ ਲੜਾਈਆਂ ਲੜਦੇ ਹਨ।

(੫) ਇਕ ਦੇਸ ਵਿਚ ਦੋ ਬਾਦਸ਼ਾਹ ਨਹੀਂ ਰਹਿ ਸਕਦੇ, ਉਹ (ਹਰ ਸਮੇਂ) ਜੰਗ ਵਿਚ ਹੀ ਜੁਟੇ ਰਹਿੰਦੇ ਹਨ।

(੬) ਹਉਮੈ ਤੇ ਹੰਕਾਰ ਕਰਕੇ ਲੱਖਾਂ ਪਹਿਲਵਾਨ ਆਪੋ ਵਿਚ ਕੁਸ਼ਤੀਆਂ ਕਰਦੇ ਹਨ।

(੭) (ਹਉਮੈ ਦੇ ਇਹ ਦੋਸ਼) ਗੁਰਸਿਖ ਨੂੰ ਨਹੀਂ ਪੋਂਹਦੇ, ਕਿਉਂਕਿ ਉਹ ਸਾਧ ਸੰਗਤ ਵਿਚ ਹੀ ਨਿਵਾਸ ਕਰਦੇ ਹਨ।੬।

ਭਾਵ ਹੈ ਕਿ ਹਉਮੈਂ ਤੇ ਹੰਕਾਰ ਇਹ ਇਕ ਬਹੁਤ ਵੱਡੇ ਅਸਾਧ ਰੋਗ ਹਨ, ਪਰ ਗੁਰੂ ਦੇ ਸਿਖ ਹਉਮੈ ਤੇ ਹੰਕਾਰ ਨੂੰ ਤਿਆਗ ਕੇ ਨਿੰਮ੍ਰਤਾ ਸਹਿਤ ਜੀਵਨ ਗੁਜ਼ਾਰਦੇ ਹਨ।

## ੭. ਗੁਰਸਿੱਖ ਨਿਰ-ਹੰਕਾਰ ਜਤੀ ਹੈ

**੧. ਗੋਰਖ ਜਤੀ ਸਦਾਇੰਦਾ**
**ਤਿਸ ਗੁਰ ਘਰਬਾਰੀ।**
**੨. ਸ਼ੁੱਕਰ ਕਾਣਾ ਹੋਇਆ**
**ਮੰਤ੍ਰੀ ਅਵੀਚਾਰੀ।**
**੩. ਲਖਮਣ ਸਾਧੀ ਭੁਖ ਤਿਹ**
**ਹਉਮੈ ਹੰਕਾਰੀ।**
**੪. ਹਨੂਮਾਨ ਬਲਵੰਤ ਹੋਇ**
**ਚੰਚਲ ਮਤਿ ਕਾਰੀ।**
**੫. ਭੈਰਉ ਭੂਤ ਕੁਸੂਤ ਸੰਗਿ**
**ਦੁਰਮਤਿ ਉਰਧਾਰੀ।**
**੬. ਗੁਰਸਿਖ ਜਤੀ ਸਲਾਹੀਅਨ**
**ਜਿਨਿ ਹਉਮੈ ਮਾਰੀ॥੭॥**

***ਪਦ ਅਰਥ :*** ਘਰਬਾਰੀ—ਗ੍ਰਿਹਸਤੀ, ਗੋਰਖ ਦਾ ਗੁਰੂ ਜੋ ਮਛਿੰਦਰ ਸੀ, ਜੋ ਕਾਮੀ ਹੋ ਕੇ ਰਾਜੇ ਦੇ ਤਨ ਵਿਚ ਪ੍ਰਵੇਸ਼ ਹੋ ਭੋਗ ਭੋਗਦਾ ਰਿਹਾ। ਦੁਰਮਤਿ—ਖੋਟੀ ਸਲਾਹ। ਕੁਸੂਤ—ਖੋਟੀ ਮਰਯਾਦਾ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਗੁਰਸਿਖ ਵਿਚ ਤੁਸੀਂ ਹੋਰ ਕਿਹੜੀ ਵਿਸ਼ੇਸ਼ਤਾ ਤੱਕਦੇ ਹੋ?

**ਉ:** ਹੇ ਭਾਈਓ! ਮੈਂ ਤਾਂ ਜਦੋਂ ਪੁਰਾਤਨ ਹੋ ਗੁਜ਼ਰੇ ਮਛਿੰਦ੍ਰ ਨਾਥ, ਲਛਮਣ ਅਤੇ ਹਨੂਮਾਨ ਦੀਆਂ ਜੀਵਨੀਆਂ ਪੜ੍ਹਦਾ ਹਾਂ ਤਾਂ ਉਨ੍ਹਾਂ ਵਿਚ ਕੋਈ ਨਾ ਕੋਈ ਘਾਟ ਨਜ਼ਰ ਆਉਂਦੀ ਹੈ, ਪਰ ਇਕ ਗੁਰਸਿਖ ਦਾ ਜੀਵਨ ਹੀ ਨਿਰਲੇਪ ਦਿੱਸ ਆਉਂਦਾ ਹੈ।

(੧) (ਜਿਵੇਂ ਪੁਰਾਤਨ ਇਤਿਹਾਸ ਸੁਣਦੇ ਹਾਂ ਕਿ) ਗੋਰਖ ਜਤੀ ਕਿਹਾ ਜਾਂਦਾ ਹੈ, ਪਰ ਉਸਦਾ ਗੁਰੂ ਮਛਿੰਦ੍ਰ ਨਾਥ ਕਾਮ ਦੇ ਅਧੀਨ ਹੋ ਕੇ ਗ੍ਰਿਹਸਤ ਦੇ ਚੱਕਰ ਵਿਚ ਫਸ ਕੇ ਕਲੰਕੀ ਹੋ ਗਿਆ ਸੀ।

(੨) ਸ਼ੁੱਕਰ ਕਾਣਾ ਹੋ ਗਿਆ ਖੋਟੇ ਮੰਤਰ ਦੇ ਵੀਚਾਰ ਕਰਨ ਕਰਕੇ (ਭਾਵ ਹੈ ਉਹ ਭੀ ਦਾਗ਼ੀ ਹੋ ਗਿਆ)।

(੩) ਲਛਮਣ ਨੇ ਭੁੱਖ ਤੇ ਤ੍ਰੇਹ ਨੂੰ ਸਾਧਿਆ ਸੀ, (ਭਾਵ ਰਾਮ ਜੀ ਨਾਲ ਬਨ ਵਿਚ ਰਹਿ ਕੇ ਉਹ ਫਲਾਹਾਰੀ ਰਿਹਾ) ਪਰ ਹਉਮੈਂ ਕਰਕੇ ਉਹ ਹੰਕਾਰੀ ਰਿਹਾ।

(੪) ਹਨੂਮਾਨ ਬੜਾ ਬਲੀ ਹੋਇਆ ਹੈ, ਪਰ ਉਸਦੀ ਬੁੱਧੀ ਬੜੀ ਚੰਚਲ ਸੀ।

(੫) ਭੈਰਉ ਦੀ ਮਰਯਾਦਾ ਭੂਤਾਂ ਦੇ ਸੰਗ ਕਰਕੇ ਖੋਟੀ ਸੀ, ਉਸਨੇ ਭੀ ਮਨ ਵਿਚ ਦੁਰਮਤ ਨੂੰ ਧਾਰੀ ਰਖਿਆ।

(੬) (ਇਸ ਲਈ) ਗੁਰੂ ਦੇ ਸਿਖ ਹੀ ਸ਼ਲਾਘਾਯੋਗ ਹਨ, ਜਿਨ੍ਹਾਂ ਨੇ (ਆਪਣੇ ਅੰਦਰੋਂ) ਹਉਮੈ ਨੂੰ ਮਾਰ ਦਿਤਾ ਹੈ।੭।

ਭਾਵ ਹੈ ਵੱਡੇ ਵੱਡੇ ਜਤੀਆਂ ਸਤੀਆਂ ਵਿਚੋਂ ਹਉਮੈਂ ਦਾ ਨਾਸ ਨਹੀਂ ਹੋਇਆ, ਪਰ ਗੁਰਸਿੱਖਾਂ ਨੇ ਗੁਰੂ ਦੀ ਕ੍ਰਿਪਾ ਨਾਲ ਹਉਮੈ ਨੂੰ ਮਾਰ ਲਿਆ ਹੈ, ਇਸ ਲਈ ਉਹ ਸਭ ਤੋਂ ਸਰੇਸ਼ਟ ਹਨ।

## ੮. ਸਿੱਖ ਨਿਰਮਾਣਤਾ ਦਾ ਧਾਰਨੀ ਹੈ

**੧. ਹਰੀਚੰਦ ਸਤ ਰਖਿਆ**
**ਨੇਖਾਸ ਵਿਕਾਣਾ।**
**੨. ਬਲ ਛਲਿਆ ਸਤ ਪਾਲਦਾ**
**ਪਾਤਾਲ ਸਿਧਾਣਾ।**
**੩. ਕਰਨ ਸੁ ਕੰਚਨ ਦਾਨ ਕਰਿ**
**ਅੰਤੁ ਪਛੋਤਾਣਾ।**
**੪. ਸਤਵਾਦੀ ਹੋਇ ਧਰਮ ਪੁਤੁ**
**ਕੂੜ ਜਮਪੁਰਿ ਜਾਣਾ।**
**੫. ਜਤੀ ਸਤੀ ਸੰਤੋਖੀਆਂ**
**ਹਉਮੈ ਗਰਬਾਣਾ।**
**੬. ਗੁਰਸਿਖ ਰੋਮ ਨ ਪੁੱਜਨੀ**
**ਬਹੁ ਮਾਣ ਨਿਮਾਣਾ॥੮॥**

***ਪਦ ਅਰਥ :*** ਨੇਖਾਸ—ਮੰਡੀ। ਕੰਚਨ—ਸੋਨਾ। ਸਤਵਾਦੀ—ਸੱਚ ਬੋਲਣ ਵਾਲਾ। ਪਛੋਤਾਣਾ—ਪਛਤਾਇਆ ਕਿ ਮੈਂ ਅੰਨ ਦਾਨ ਕਿਉਂ ਨਾ ਕੀਤਾ। ਧਰਮ ਪੁਤੁ—ਯੁਧਿਸ਼ਟਰ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਤੁਸੀਂ ਸਭ ਤੋਂ ਉਚੇਰਾ ਦਰਜਾ ਦੇਂਦੇ ਹੋ ਗੁਰੂ ਦੇ ਸਿਖ ਨੂੰ, ਪਰ ਇਸਦਾ ਕਾਰਨ ਕੀ ਹੈ?

ਉ: ਹੇ ਭਾਈਓ! ਅਸਲ ਵਿਚ ਜਿਤਨੇ ਭੀ ਪਿਛੇ ਜਤੀ, ਸਤੀ, ਸਤਵਾਦੀ ਹੋ ਗੁਜ਼ਰੇ ਹਨ ਉਹ ਦੈਵੀ ਗੁਣਾਂ ਦੇ ਧਾਰਨੀ ਹੁੰਦੇ ਹੋਏ ਭੀ ਹਉਮੈ ਵਿਚ ਗ੍ਰਸੇ ਰਹੇ ਹਨ, ਪਰ ਗੁਰਸਿਖ ਸਦਾ ਹੀ ਨਿਰਮਾਣਤਾ ਦਾ ਧਾਰਨੀ ਹੁੰਦਾ ਹੈ, ਜਿਸ ਕਰਕੇ ਇਸ ਨੂੰ ਉੱਚੀ ਪਦਵੀ ਦਿੱਤੀ ਗਈ ਹੈ, ਇਸ ਭਾਵ ਨੂੰ ਮੈਂ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਉੱਕਰਿਆ ਹੈ।

(੧) (ਜਿਵੇਂ ਕਿ ਅਸੀਂ ਪੜ੍ਹਦੇ ਹਾਂ ਕਿ) ਹਰੀ ਚੰਦ ਰਾਜੇ ਨੇ ਆਪਣਾ ਸਤ ਕਾਇਮ ਰਖਿਆ ਤੇ ਮੰਡੀ ਵਿਚ ਜਾ ਕੇ ਵਿਕਿਆ।

(੨) ਬਲ ਰਾਜਾ ਸਤ ਪਾਲਦਾ ਹੋਇਆ ਛਲਿਆ ਗਿਆ ਤੇ ਪਾਤਾਲ ਵਿਚ ਗਿਆ।

(੩) ਕਰਨ ਸੋਨੇ ਦਾ ਦਾਨ ਕਰਦਾ ਸੀ, ਪਰ ਅੰਤ ਨੂੰ ਉਹ ਭੀ ਪਛੁਤਾਇਆ ਕਿ ਮੈਂ ਅੰਨ ਦਾਨ ਕਿਉਂ ਨਾ ਕੀਤਾ।

(੪) ਧਰਮ ਪੁੱਤ੍ਰ (ਯੁਧਿਸ਼ਟਰ) ਵੱਡਾ ਸਤਵਾਦੀ ਸੀ, ਪਰ ਇਕ ਝੂਠ ਬੋਲਣੇ ਕਰਕੇ ਉਹ ਭੀ ਜਮਪੁਰੀ ਨੂੰ ਗਿਆ।

(੫) (ਇਸ ਸੰਸਾਰ ਵਿਚ) ਜਤੀ, ਸਤੀ ਤੇ ਸੰਤੋਖੀ ਅਨੇਕਾਂ ਹੋਏ ਹਨ, ਪਰ ਸਾਰੇ ਹਉਮੈ ਵਿਚ ਹੀ ਗ੍ਰਸੇ ਰਹੇ।

(੬) (ਇਹ ਸਾਰੇ) ਗੁਰੂ ਦੇ ਸਿਖ ਦੇ ਇਕ ਰੋਮ ਦੀ ਬਰਾਬਰੀ ਨਹੀਂ ਕਰ ਸਕਦੇ, ਕਿਉਂਕਿ ਗੁਰੂ ਦੇ ਸਿਖ ਮਾਣ ਹੁੰਦਿਆਂ ਭੀ ਨਿਮਾਣੇ ਹੁੰਦੇ ਹਨ।੮।

ਭਾਵ ਹੈ ਕਿ ਗੁਰਸਿਖ ਮਾਣ ਹੁੰਦਿਆਂ ਵੀ ਨਿਮਾਣੇ ਹੋ ਕੇ ਚੱਲਦੇ ਹਨ, ਇਨ੍ਹਾਂ ਗੁਣਾਂ ਕਰਕੇ ਉਹ ਸਭ ਤੋਂ ਉੱਚੇ ਹਨ। ਇਥੇ ਕਿਸੇ ਦੀ ਨਿੰਦਾ ਨਹੀਂ ਕਰਦੇ, ਸਗੋਂ ਇਹ ਭਾਵ ਦਰਸਾ ਰਹੇ ਹਨ ਕਿ ਹਉਮੈਂ ਦੇ ਧਾਰਨੀ ਹੋਣ ਨਾਲ ਰੱਬੀ ਮਾਰਗ ਪਰ ਟੁਰਿਆ ਨਹੀਂ ਜਾਂਦਾ।

## ੯. ਗੁਰਸਿੱਖ ਹਿੰਦੂ ਮੁਸਲਮਾਨ ਤੋਂ ਭੀ ਉੱਚਾ ਹੈ

**੧. ਮੁਸਲਮਾਣਾਂ ਹਿੰਦੂਆਂ**
**ਦੁਇ ਰਾਹ ਚਲਾਏ।**
**੨. ਮਜ਼ਹਬ ਵਰਨ ਗਣਾਇੰਦੇ**
**ਗੁਰੁ ਪੀਰੁ ਸਦਾਏ।**
**੩. ਸਿਖ ਮੁਰੀਦ ਪਖੰਡ ਕਰਿ**
**ਉਪਦੇਸ ਦ੍ਰਿੜਾਏ।**
**੪. ਰਾਮ ਰਹੀਮ ਧਿਆਇੰਦੇ**
**ਹਉਮੈ ਗਰਬਾਏ।**
**੫. ਮੱਕਾ ਗੰਗ ਬਨਾਰਸੀ**
**ਪੂਜ ਜ਼ਾਰਤ ਆਏ।**
**੬. ਰੋਜੇ ਵਰਤ ਨਿਮਾਜ ਕਰ**
**ਡੰਡਉਤ ਕਰਾਏ।**
**੭. ਗੁਰੁਸਿਖ ਰੋਮ ਨ ਪੁਜਨੀ**
**ਜੋ ਆਪ ਗਵਾਏ॥੯॥**

***ਪਦ ਅਰਥ :*** ਰਾਹ—ਪੰਥ। ਜ਼ਾਰਤ—ਯਾਤ੍ਰਾ। ਰੋਮ—ਵਾਲ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਵੇਂ ਕਿ ਵੇਖਣ ਵਿਚ ਆਉਂਦਾ ਹੈ ਕਿ ਸੰਸਾਰ ਵਿਚ ਹਿੰਦੂ ਤੇ ਮੁਸਲਮਾਨ ਆਦਿ ਅਨੇਕਾਂ ਪੰਥ ਪ੍ਰਚਲਤ ਹਨ, ਪਰ ਤੁਸੀਂ ਕਿਸ ਪੰਥ ਨੂੰ ਸਾਰਿਆਂ ਤੋਂ ਉਚੇਰਾ ਦਰਜਾ ਦਿੰਦੇ ਹੋ, ਜਾਣਕਾਰੀ ਦਿਓ?

ਉ: ਹੇ ਭਾਈਓ! ਅਸਲ ਵਿਚ ਗੁਰਬਾਣੀ ਰਾਹੀਂ ਜੋ ਮੈਨੂੰ ਬੋਧ ਮਿਲਿਆ ਹੈ ਉਹ ਤਾਂ ਇਹੋ ਹੈ ਕਿ ਸਾਰਿਆਂ ਮਾਰਗਾਂ ਤੋਂ ਉਚੇਰਾ ਮਾਰਗ ਗੁਰੂ ਨਾਨਕ ਦੇਵ ਜੀ ਨੇ ਜੋ ਸਿਖੀ ਪੰਥ ਚਲਾਇਆ ਹੈ, ਇਹੋ ਸੱਚਾ ਸੁੱਚਾ ਤੇ ਉਚੇਰਾ ਮਾਰਗ ਹੈ, ਕਿਉਂਕਿ ਇਹ ਨਿਰੋਲ ਪੱਖ ਪਾਤ ਤੇ ਭੇਖਾਂ ਤੇ ਪਾਖੰਡਾਂ ਤੋਂ ਰਹਿਤ ਤੇ ਕੇਵਲ ਇਕੋ ਹੀ ਅਕਾਲ ਪੁਰਖ ਦਾ ਪੁਜਾਰੀ ਹੈ, ਬਾਕੀ ਜੋ ਕੁਝ ਵੀ ਦੇਖਣ ਵਿਚ ਆਉਂਦਾ ਹੈ, ਉਸਨੂੰ ਮੈਂ ਇਸ ਪਉੜੀ ਅੰਦਰ ਦਰਸਾਇਆ ਹੈ।

(੧) (ਜਿਵੇਂ ਕਿ ਅਸੀਂ ਵੇਖਦੇ ਹਾਂ ਕਿ) ਮੁਸਲਮਾਨ ਤੇ ਹਿੰਦੂਆਂ ਨੇ ਦੋ ਰਾਹ (ਪੰਥ) ਚਲਾਏ ਹਨ।

(੨) ਮੁਸਲਮਾਨ ਆਪਣੇ ਪੰਥ ਨੂੰ ਮਜ਼ਹਬ ਤੇ ਹਿੰਦੂ ਵਰਨ ਕਹਿੰਦੇ ਹਨ, ਹਿੰਦੂ ਗੁਰੂ ਤੇ ਮੁਸਲਮਾਨ ਪੀਰ ਸਦਾਉਂਦੇ ਹਨ।

(੩) ਹਿੰਦੂ ਚੇਲੇ ਤੇ ਮੁਸਲਮਾਨ ਮੁਰੀਦ ਪਾਖੰਡ ਕਰ ਕਰ ਕੇ ਉਪਦੇਸ਼ ਦਿੰਦੇ ਹਨ।

(੪) ਹਿੰਦੂ ਰਾਮ ਰਾਮ ਤੇ ਮੁਸਲਮਾਨ ਰਹੀਮ ਨੂੰ ਧਿਆਉਂਦੇ ਹੋਏ ਹੰਕਾਰ ਤੇ ਗਰਬ ਕਰਦੇ ਹਨ।

(੫) ਮੁਸਲਮਾਨ ਮੱਕੇ ਦੇ ਹੱਜ (ਯਾਤਰਾ) ਲਈ ਜਾਂਦੇ ਹਨ ਤੇ ਹਿੰਦੂ ਗੰਗਾ ਤੇ ਬਨਾਰਸ (ਕਾਂਸ਼ੀ) ਦੀ ਪੂਜਾ ਕਰਦੇ ਹਨ।

(੬) ਮੁਸਲਮਾਨ ਰੋਜ਼ੇ ਤੇ ਹਿੰਦੂ ਵਰਤ ਰਖਦੇ ਹਨ, ਨਿਮਾਜ਼ਾਂ ਤੇ ਡੰਡਉਤਾਂ ਕਰਦੇ ਹਨ।

(੭) (ਪਰ ਇਹ ਦੋਵੇਂ ਹਿੰਦੂ ਤੇ ਮੁਸਲਮਾਨ) ਗੁਰਸਿਖ ਦੇ ਰੋਮ ਦੇ ਬਰਾਬਰ ਨਹੀਂ ਪੁੱਜਦੇ, ਕਿਉਂਕਿ ਗੁਰਸਿਖ ਆਪਾ-ਭਾਵ ਨੂੰ ਗਵਾਉਂਦਾ ਹੈ।੯।

ਭਾਵ, ਗੁਰ ਸਿਖ ਗੁਰੂ ਦੇ ਉਪਦੇਸ਼ 'ਤੇ ਚੱਲਦਾ ਹੋਇਆ ਆਪਣੇ ਅੰਦਰੋਂ ਹਉਮੈਂ ਦਾ ਨਾਸ ਕਰ ਦੇਂਦਾ ਹੈ, ਇਸ ਲਈ ਸਭ ਮੱਤਾਂ ਤੋਂ ਉੱਚਾ ਹੈ।

## ੧੦. ਗੁਰਸਿੱਖ ਮਜ਼ਹਬੀ ਝਗੜਿਆਂ ਤੋਂ ਭੀ ਉੱਚਾ ਹੈ

**੧. ਛਿਅ ਦਰਸ਼ਨ ਵਰਤਾਇਆ**
**ਚਉਦਹ ਖਨਵਾਦੇ।**
**੨. ਘਰੈ ਘੁੰਮਿ ਘਰਬਾਰੀਆ**
**ਅਸਵਾਰ ਪਿਆਦੇ।**
**੩. ਸੰਨਿਆਸੀ ਦਸ ਨਾਮ ਧਰਿ**
**ਕਰਿ ਵਾਦ ਕਵਾਦੇ।**
**੪. ਰਾਵਲ ਬਾਰਹ ਪੰਥ ਕਰਿ**
**ਫਿਰਦੇ ਉਦਮਾਦੇ।**
**੫. ਜੈਨੀ ਜੂਠ ਨ ਉਤਰੈ**
**ਜੂਠੈ ਪਰਸਾਦੇ।**
**੬. ਗੁਰਸਿਖ ਰੋਮ ਨ ਪੁੱਜਈ**
**ਧੁਰਿ ਆਦਿ ਜੁਗਾਦੇ ॥੧੦॥**

***ਪਦ ਅਰਥ :*** ਚਉਦਹ ਖਨਵਾਦੇ—੧੪ ਵਿਦਿਆ ਵਿਚ ਝਗੜਦੇ ਹਨ। ਵਾਦ ਕਵਾਦੇ—ਉੱਤਰ ਪ੍ਰਸ਼ਨ ਦੇ ਵਾਦ। ਘਰੈ ਘੁੰਮਿ—ਘਰ ਦੀ ਘੁੰਮਣ-ਘੇਰੀ। ਘਰ ਬਾਰੀਆ—ਗ੍ਰਿਹਸਤੀ। ਰਾਵਲ—ਜੋਗੀ। ਉਦਮਾਦੇ—ਸ਼ुਦਾਈ, ਮਸਤ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਤੁਸੀਂ ਗੁਰਸਿੱਖਾਂ ਵਿਚ ਹੋਰ ਵਿਸ਼ੇਸ਼ ਗੁਣ ਕਿਹੜਾ ਤੱਕਦੇ ਹੋ?

ਉ: ਹੇ ਭਾਈਓ! ਮੈਂ ਇਹ ਭੀ ਗੁਰਸਿੱਖਾਂ ਵਿਚ ਵਿਸ਼ੇਸ਼ਤਾ ਵੇਖਦਾ ਹਾਂ ਕਿ ਸਿਖ ਮਜ਼ਹਬੀ ਝਗੜਿਆਂ ਵਿਚ ਭੀ ਨਹੀਂ ਆਉਂਦੇ, ਕੇਵਲ ਇਕੋ ਅਕਾਲ ਦੇ ਪੁਜਾਰੀ ਹਨ, ਬਾਕੀ ਹੋਰ ਸਭਨਾਂ ਵੱਲ ਜਦੋਂ ਨਜ਼ਰ ਮਾਰਦਾ ਹਾਂ ਤਾਂ ਇਉਂ ਹੀ ਵੇਖਣ ਵਿਚ ਆਉਂਦਾ ਹੈ ਕਿ:

(੧) (ਜੋ) ਛੇ ਦਰਸ਼ਨ (ਮੱਤ) ਚੌਦਾਂ ਵਿਦਿਆ ਦੇ ਝਗੜਿਆਂ ਵਿਚ ਹੀ ਵਰਤਦੇ ਹਨ।

(੨) ਗ੍ਰਿਹਸਤੀ ਲੋਕ ਵੀ ਅਸਵਾਰ ਪਿਆਦੇ (ਨੌਕਰੀ ਚਾਕਰੀ) ਦੀ ਘੁੰਮਣ-ਘੇਰੀ ਵਿਚ ਘਿਰੇ ਹੋਏ ਹਨ।

(੩) ਸੰਨਿਆਸੀ ਆਪਣੇ ਫ਼ਿਰਕਿਆਂ ਦੇ ਦਸ ਨਾਂ ਧਰ ਕੇ ਉੱਤਰ ਪ੍ਰਸ਼ਨਾਂ ਦੇ ਝਗੜੇ ਕਰਦੇ ਹਨ।

(੪) ਜੋਗੀ ਆਪਣੇ ਬਾਰ੍ਹਾਂ ਪੰਥ ਬਣਾ ਕੇ ਉਨ੍ਹਾਂ ਵਿਚ ਮਸਤ ਹੋ ਕੇ ਫਿਰਦੇ ਹਨ।

(੫) ਜੈਨੀਆਂ ਦੀ ਜੂਠ ਨਹੀਂ ਉਤਰਦੀ, ਕਿਉਂਕਿ ਉਹ ਜੂਠੀਆਂ ਰੋਟੀਆਂ ਤੇ ਜੂਠਾ ਪਾਣੀ ਵਰਤਦੇ ਹਨ।

(੬) (ਇਹ ਸਾਰੇ) ਗੁਰਸਿਖ ਦੇ ਰੋਮ ਦੇ ਬਰਾਬਰ ਵੀ ਨਹੀਂ ਪੁੱਜਦੇ, ਕਿਉਂਕਿ ਗੁਰਸਿਖ ਧੁਰ ਤੋਂ ਹੀ ਆਦਿ ਜੁਗਾਦਿ ਰੂਪ (ਅਕਾਲ ਪੁਰਖ) 'ਤੇ ਟੇਕ ਰਖਦੇ ਹਨ।੧੦। .

***ਭਾਵਾਰਥ :*** ਸੰਸਾਰ ਦੇ ਸਾਰੇ ਮੱਤ ਆਪੋ ਆਪਣੇ ਫ਼ਿਰਕਿਆਂ ਦੀ ਧੜੇ-ਬੰਦੀ ਵਿਚ ਫਸੇ ਹੋਏ ਝਗੜੇ ਕਰਦੇ ਹਨ। ਪਰ ਗੁਰੂ ਦੇ ਸਿਖ ਇਨ੍ਹਾਂ ਸਾਰਿਆਂ ਹੀ ਝਗੜਿਆਂ ਤੋਂ ਬਾਹਰ ਰਹਿੰਦੇ ਹਨ, ਇਸ ਲਈ ਉਹ ਸਭ ਤੋਂ ਉੱਚੇ ਤੇ ਸੁੱਚੇ ਹਨ।

## ੧੧. ਗੁਰਸਿੱਖ ਧਾਰਮਿਕ ਹੰਕਾਰ ਤੋਂ ਭੀ ਰਹਿਤ ਹੈ

**੧. ਬਹੁ ਸੁੰਨੀ ਸ਼ੀਆ ਰਾਫਜ਼ੀ**
**ਮਜ਼ਹਬ ਮਨ ਭਾਣੇ।**
**੨. ਮੁਲਹਿਦ ਹੋਇ ਮੁਨਾਫਕਾ**
**ਸਭ ਭਰਮ ਭੁਲਾਣੇ।**
**੩. ਈਸਾਈ ਮੂਸਾਈਆਂ**
**ਹਉਮੈ ਹੈਰਾਣੇ।**
**੪. ਹੋਇ ਫਿਰੰਗੀ ਅਰਮਨੀ**
**ਰੂਮੀ ਗਰਬਾਣੇ।**
**੫. ਕਾਲੀ ਪੋਸ਼ ਕਲੰਦਰਾ**
**ਦਰਵੇਸ਼ ਦੁਗਾਣੇ।**
**੬. ਗੁਰੁਸਿਖ ਰੋਮ ਨ ਪੁੱਜਨੀ**
**ਗੁਰ ਹੱਟ ਵਿਕਾਣੇ ॥੧੧॥**

***ਪਦ ਅਰਥ :*** ਸੁੰਨੀ, ਸ਼ੀਆ ਤੇ ਰਾਫਜ਼ੀ—ਮੁਸਲਮਾਨਾਂ ਦੇ ਫ਼ਿਰਕੇ ਹਨ। ਦੁਗਾਣੇ—ਖੋਟੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਕੀ ਤੁਸੀਂ ਗੁਰਸਿੱਖਾਂ ਵਿਚ ਹੋਰ ਭੀ ਕੋਈ ਉੱਚਤਾ ਤੱਕਦੇ ਹੋ, ਜੇ ਕੋਈ ਹੋਰ ਵਿਸ਼ੇਸ਼ ਗੁਣ ਹੈ ਤਾਂ ਉਹ ਭੀ ਦੱਸਣ ਦੀ ਕ੍ਰਿਪਾ ਕਰੋ ?

ਉ: ਹੇ ਭਾਈਓ ! ਮੇਰੇ ਵੇਖਣ ਵਿਚ ਗੁਰੂ ਦੇ ਸਿਖਾਂ ਅੰਦਰ ਇਕ ਹੋਰ ਭੀ ਉੱਚੀ ਸੋਚਣੀ ਹੈ ਕਿ ਉਹ ਆਪਣੇ ਵਿਚ ਵੱਡੇ ਧਾਰਮਿਕ ਹੋਣ ਦਾ ਭੀ ਹੰਕਾਰ ਨਹੀਂ ਕਰਦੇ, ਬਾਕੀਆਂ ਨੂੰ ਮੈਂ ਵੇਖਦਾ ਹਾਂ ਕਿ ਉਹ ਆਪ ਨੂੰ ਵੱਡੇ ਧਾਰਮਿਕ ਹੋਣ ਦਾ ਮਾਨ ਕਰਦੇ ਹਨ।

(੧) (ਜਿਵੇਂ ਕਿ ਪ੍ਰਤੱਖ ਵੇਖਣ ਵਿਚ ਆਉਂਦਾ ਹੈ ਕਿ) ਸੁੰਨੀ, ਸ਼ੀਆ ਤੇ ਰਾਫ਼ਜ਼ੀ ਆਦਿ ਬਹੁਤ ਸਾਰੇ ਫ਼ਿਰਕੇ ਮੁਸਲਮਾਨਾਂ ਦੇ ਮਨ ਨੂੰ ਚੰਗੇ ਲੱਗਦੇ ਹਨ।

(੨) ਮੁਲਹਿਦ ਤੇ ਮੁਨਾਫ਼ਕ ਸਭ ਭਰਮ ਵਿਚ ਭੁਲੇ ਫਿਰਦੇ ਹਨ।

(੩) (ਈਸਾ ਨੂੰ ਮੰਨਣ ਵਾਲੇ) ਈਸਾਈ ਤੇ (ਮੂਸਾ ਨੂੰ ਮੰਨਣ ਵਾਲੇ) ਮੁਸਾਈ ਹਉਮੈਂ ਵਿਚ ਹੈਰਾਨ ਹੋ ਕੇ ਫਿਰਦੇ ਹਨ।

(੪) ਫਿਰੰਗੀ ਇਰਮਨੀ ਤੇ ਰੂਮੀ ਹੰਕਾਰ ਵਿਚ ਮਸਤ ਹੋਏ ਹਨ।

(੫) ਕਾਲੀ ਪੋਸ਼, ਕਲੰਦਰ ਤੇ ਦਰਵੇਸ਼ ਵੀ ਦੋ ਕੌਡਾਂ ਦੇ ਮੁੱਲ ਵਾਲੇ ਹਨ (ਕਿਉਂਕਿ ਉਹ ਭੀ ਹੰਕਾਰ ਵਿਚ ਫਿਰਦੇ ਹਨ)।

(੬) (ਇਹ ਸਾਰੇ) ਗੁਰੂ ਦੇ ਸਿਖ ਦੇ ਰੋਮ ਦੇ ਬਰਾਬਰ ਨਹੀਂ, ਕਿਉਂਕਿ ਗੁਰੂ ਦਾ ਸਿਖ ਗੁਰੂ ਦੀ ਹੱਟੀ 'ਤੇ ਆਪਣਾ ਆਪ ਵੇਚ ਚੁੱਕਾ ਹੈ।੧੧।

ਭਾਵ ਹੈ ਕਿ ਗੁਰਸਿਖ ਮੁੱਲ ਖ਼ਰੀਦੀ ਲਾਲੇ ਗੋਲੇ ਹੁੰਦੇ ਹਨ, ਉਹ ਇਕ ਪ੍ਰਭੂ 'ਤੇ ਟੇਕ ਰੱਖਣ ਕਰਕੇ ਸਾਰਿਆਂ ਮੱਤਾਂ ਨਾਲੋਂ ਉੱਚੇ ਹੁੰਦੇ ਹਨ।

## ੧੨. ਗੁਰਸਿੱਖ ਸਾਰੇ ਕਰਮ-ਕਾਂਡਾਂ ਤੋਂ ਭੀ ਉੱਚਾ ਹੈ

**੧. ਜਪ ਤਪ ਸੰਜਮ ਸਾਧਨਾ**
**ਹਠ ਨਿੱਗ੍ਰਹ ਕਰਣੇ।**
**੨. ਵਰਤ ਨੇਮ ਤੀਰਥ ਘਣੇ**
**ਅਧਿਆਤਮ ਧਰਣੇ।**

੩. ਦੇਵੀ ਦੇਵਾ ਦੇਹੁਰੇ
ਪੂਜਾ ਪਰਵਰਣੇ।
੪. ਹੋਮ ਜੱਗ ਬਹੁ ਦਾਨ ਕਰ
ਮੁਖ ਵੇਦ ਉਚਰਣੇ।
੫. ਕਰਮ ਧਰਮ ਭੈ ਭਰਮ ਵਿਚ
ਬਹੁ ਜੰਮਣ ਮਰਣੇ।
੬. ਗੁਰਮੁਖ ਸੁਖ ਫਲ ਸਾਧਸੰਗਿ
ਮਿਲ ਦੁੱਤਰ ਤਰਣੇ ॥੧੨॥

***ਪਦ ਅਰਥ :*** ਅਧਿਆਤਮ—ਆਤਮ ਵੀਚਾਰ। ਪੂਜਾ ਪਰਵਰਣੇ—ਪੂਜਾ ਵਿਚ ਪ੍ਰਵਿਰਤ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਜਿਵੇਂ ਹਿੰਦੂ ਮੱਤ ਵਿਚ ਅਨੇਕਾਂ ਤਰ੍ਹਾਂ ਦੇ ਕਰਮ ਧਰਮ ਕਰਦੇ ਰਹਿਣ ਦਾ ਉਪਦੇਸ਼ ਹੈ, ਕੀ ਗੁਰੂ ਦੇ ਸਿਖ ਭੀ ਉਨ੍ਹਾਂ ਦੇ ਕਰਨ ਵਿਚ ਵਿਸ਼ਵਾਸ਼ ਰਖਦੇ ਹਨ ?

ਉ: ਹੇ ਭਾਈਓ ! ਮੈਂ ਤਾਂ ਇਹੋ ਤੱਕਦਾ ਹਾਂ ਕਿ ਗੁਰੂ ਦਾ ਸਿਖ ਉਨ੍ਹਾਂ ਹੀ ਕਰਮ ਕਰਨ ਵਿਚ ਭਰੋਸਾ ਰਖਦਾ ਜਿਨ੍ਹਾਂ ਦੇ ਕਰਨ ਦੀ ਬਾਣੀ ਵਿਚ ਪ੍ਰੇਰਨਾ ਆਈ ਹੈ, ਪਰ ਜਿਨ੍ਹਾਂ ਧਰਮ ਦੇ ਕਰਮਾਂ ਵਿਚ ਪਖੰਡ ਦਿੱਸਦਾ ਹੈ, ਉਨ੍ਹਾਂ ਦੇ ਕਰਨ ਵਿਚ ਗੁਰਸਿਖ ਦੀ ਕੋਈ ਰੁਚੀ ਨਹੀਂ, ਬਾਕੀ ਲੋਕਾਂ ਵੱਲ ਵੇਖਦੇ ਹਾਂ ਕਿ :

(੧) ਜਪ, ਤਪ ਤੇ ਸੰਜਮ (ਇੰਦ੍ਰੇ ਰੋਕਣੇ) ਦੇ ਸਾਧਨ ਹਠ ਧਾਰ ਕੇ ਕਰਨੇ।
(੨) ਵਰਤ, ਨੇਮ ਬਹੁਤੇ ਤੀਰਥਾਂ ਦੇ ਇਸ਼ਨਾਨ ਤੇ ਆਤਮ ਵੀਚਾਰ ਕਰਨੀ।
(੩) ਦੇਵੀ, ਦੇਵਤਿਆਂ ਤੇ ਸ਼ਿਵਾਲਿਆਂ ਦੀ ਪੂਜਾ ਵਿਚ ਲਗੇ ਰਹਿਣਾ।
(੪) ਹੋਮ, ਜੱਗ ਬਹੁਤੇ ਦਾਨ ਕਰਨੇ ਤੇ ਮੂੰਹੋਂ ਵੇਦਾਂ ਦੇ ਪਾਠ ਕਰਨੇ।
(੫) ਇਨ੍ਹਾਂ ਕਰਮਾਂ ਧਰਮਾਂ ਦੇ ਭੈ ਭਰਮ ਵਿਚ ਲਗੇ ਅਨੇਕਾਂ ਲੋਕ ਜੰਮਦੇ ਮਰਦੇ ਹਨ।
(੬) ਜਿਹੜੇ ਪੁਰਸ਼ ਗੁਰਮੁਖਾਂ ਦੁਆਰਾ ਸਾਧ ਸੰਗਤ ਵਿਚ ਮਿਲੇ ਹਨ, ਉਹ ਇਸ ਦੁੱਤਰ (ਨਾ ਤਰੇ ਜਾਣ ਵਾਲੇ) ਸੰਸਾਰ ਸਮੁੰਦਰ ਤੋਂ ਤਰ ਜਾਂਦੇ ਹਨ।੧੨।

ਭਾਵ ਗੁਰਮੁਖਾਂ ਦੀ ਸੰਗਤ ਕਰਨ ਵਾਲੇ ਪੁਰਸ਼ ਗੁਰੂ ਦੇ ਉਪਦੇਸ਼ ਦੀ ਕਮਾਈ ਕਰਕੇ ਮੁਕਤ ਹੋ ਜਾਂਦੇ ਹਨ।

## *੧੩. ਗੁਰਮੁਖ ਸਭ ਭਲਿਆਂ ਤੋਂ ਭੀ ਭਲੇ ਹਨ*

੧. ਉਦੈ ਅਸਤ ਵਿੱਚ ਰਾਜ ਕਰ
ਚੱਕ੍ਰਵਰਤਿ ਘਨੇਰੇ।
੨. ਅਰਬ ਖਰਬ ਲੈ ਦਰਬ ਨਿੱਧਿ
ਰਸ ਭੋਗ ਚੰਗੇਰੇ।
੩. ਨਰਪਤਿ ਸੁਰਪਤਿ ਛਤ੍ਰਪਤਿ
ਹਉਮੈ ਵਿਚ ਘੇਰੇ।
੪. ਸਿਵ ਲੋਕਹੁੰ ਚੜ੍ਹ ਬ੍ਰਹਮ ਲੋਕ
ਬੈਕੁੰਠ ਵਸੇਰੇ।
੫. ਚਿਰ ਜੀਵਣ ਬਹੁ ਹੰਢਣਾ
ਹੋਇ ਵਡੇ ਵਡੇਰੇ।
੬. ਗੁਰਮੁਖਿ ਸੁਖ ਫਲ ਅਗਮ ਹੈ
ਹੋਇ ਭਲੇ ਭਲੇਰੇ ॥੧੩॥

***ਪਦ ਅਰਥ :*** ਨਰਪਤਿ—ਰਾਜੇ। ਸੁਰਪਤਿ—ਇੰਦਰ। ਭਲੇ ਭਲੇਰੇ—ਭਲਿਆਂ ਤੋਂ ਭਲੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਤੁਸੀਂ ਤਾਂ ਪੁਰਾਤਨ ਹੋ ਗੁਜ਼ਰੇ ਵੱਡੇ ਵੱਡੇ ਚੱਕ੍ਰਵਰਤੀ ਮਹਾਂ ਬਲੀ ਰਾਜੇ, ਜੋ ਖਰਬਾਂ ਅਰਬਾਂ ਦੇ ਮਾਲਕ ਸਨ ਅਤੇ ਵਡੇਰੀਆਂ ਉਮਰਾਂ ਵਾਲੇ ਚਿਰ-ਜੀਵੀ ਲੋਕਾਂ ਦੇ ਜੀਵਨਾਂ ਨੂੰ ਪੜਚੋਲਿਆ ਹੈ, ਅਤੇ ਵਰਤਮਾਨ ਸਮੇਂ ਦੇ ਰਿੱਧੀਆਂ ਸਿੱਧੀਆਂ ਦੇ ਮਾਲਕਾਂ ਵੱਲ ਭੀ ਤੱਕਦੇ ਹੋ, ਪਰ ਇਹ ਦਸੋ ਕਿ ਸਦੀਵੀ ਸੁਖ ਦੀ ਪ੍ਰਾਪਤੀ ਵਾਲੇ ਲੋਕ ਤੁਹਾਡੀਆਂ ਨਜ਼ਰਾਂ ਵਿਚ ਕੌਣ ਹਨ ?

ਉ: ਹੇ ਭਾਈਓ ! ਇਹ ਠੀਕ ਹੈ ਕਿ ਪੁਰਾਤਨ ਹੋ ਗੁਜ਼ਰੇ ਲੋਕਾਂ ਦੇ ਜੀਵਨਾਂ ਦੀ ਪੜਚੋਲ ਕਰਨ ਦਾ ਮੈਨੂੰ ਸਮਾਂ ਮਿਲਿਆ ਹੈ, ਪਰ ਗੁਰਬਾਣੀ ਦੀ ਖੋਜ ਕਰਨ ਤੋਂ ਇਹੋ ਬੋਧ ਮਿਲਿਆ ਹੈ ਕਿ ਜੋ ਸੁਖ ਫਲ ਦੀ ਪ੍ਰਾਪਤੀ ਗੁਰਮੁਖਾਂ ਨੂੰ ਮਿਲਦੀ ਹੈ, ਉਹ ਕਿਸੇ ਹੋਰ ਵਿਅਕਤੀ ਨੂੰ ਹਾਸਲ ਨਹੀਂ ਹੋ ਸਕਦੀ। ਸੋ, ਮੈਂ ਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਭਾਵ ਨੂੰ ਇਸ ਪਉੜੀ ਦੀਆਂ ਚੰਦ ਪੰਗਤੀਆਂ ਵਿਚ ਅੰਕਤ ਕਰਿਆ ਹੈ।

(੧) (ਜਿਵੇਂ ਅਸੀਂ ਪ੍ਰਤੱਖ ਤੱਕਦੇ ਹਾਂ ਕਿ) ਚੜ੍ਹਦੇ ਤੋਂ ਲਹਿੰਦੇ ਤਕ ਰਾਜ ਕਰਨ ਵਾਲੇ ਅਨੇਕਾਂ ਚੱਕਰਵਰਤੀ ਰਾਜੇ ਹੋਏ ਹਨ।

(੨) ਅਰਬਾਂ ਖਰਬਾਂ ਪਦਾਰਥਾਂ ਦੇ ਖ਼ਜ਼ਾਨੇ ਤੇ ਚੰਗੇ ਰਸਾਂ ਦੇ ਭੋਗ ਭੋਗਦੇ ਹਨ।

(੩) ਨਰਾਂ ਦੇ ਰਾਜੇ, ਇੰਦ੍ਰ ਤੇ ਹੋਰ ਛਤ੍ਰਪਤੀ (ਰਾਜੇ) ਹਉਮੈ ਵਿਚ ਹੀ ਘਿਰੇ ਰਹਿੰਦੇ ਹਨ।

(੪) ਸ਼ਿਵ ਲੋਕ ਤੋਂ ਚੜ੍ਹ ਕੇ ਬ੍ਰਹਮ ਲੋਕ ਤੇ ਕਈ ਬੈਕੁੰਠ ਦੇ ਵਾਸੀ ਹੋਏ ਹਨ।

(੫) ਕਈ ਚਿਰ-ਜੀਵੀ ਤੇ ਕਈ ਬਹੁਤੀਆਂ ਉਮਰਾਂ ਭੋਗਣ ਵਾਲੇ ਵੱਡਿਆਂ ਤੋਂ ਵੱਡੇ ਹੋਏ ਹਨ।

(੬) (ਪਰ) ਗੁਰਮੁਖਾਂ ਦਾ ਸੁਖ ਫਲ ਇਨ੍ਹਾਂ ਸਾਰਿਆਂ ਦੀ ਪਹੁੰਚ ਤੋਂ ਪਰ੍ਹੇ ਹੈ, ਇਸ ਲਈ ਗੁਰਮੁਖ ਸਭ ਭਲਿਆਂ ਤੋਂ ਭਲਾ ਹੈ।੧੩।

ਭਾਵ ਹੈ ਕਿ ਗੁਰਮੁਖ ਉਪਰ ਕਹੇ ਹੋਏ ਸਾਰੇ ਭਲਿਆਂ ਨਾਲੋਂ ਉੱਤਮ ਹੈ, ਕਿਉਂਕਿ ਉਹ ਸ਼ਾਂਤਾਤਮਾ ਹੋ ਕੇ ਆਪਣੇ ਆਪ ਦੇ ਅਨੰਦ ਵਿਚ ਮਗਨ ਰਹਿੰਦਾ ਹੈ।

## ੧੪. ਗੁਰਮੁਖਾਂ ਦਾ ਮਿਲਾਪ ਸਭ ਪਦਾਰਥਾਂ ਤੋਂ ਸਰੇਸ਼ਟ ਹੈ

**੧. ਰੂਪ ਅਨੂਪ ਸਰੂਪ ਲੱਖ**
**ਹੁਇ ਰੰਗ ਬਿਰੰਗੀ।**
**੨. ਰਾਗ ਨਾਦ ਸੰਬਾਦ ਲੱਖ**
**ਸੰਗਤਿ ਅਭੰਗੀ।**
**੩. ਗੰਧ ਸੁਗੰਧ ਮਿਲਾਪ ਲੱਖ**
**ਅਰਗਜੇ ਅਦੰਗੀ।**
**੪. ਛੱਤੀਹ ਭੋਜਨ ਪਾਕਸਾਲ**
**ਰਸ ਭੋਗ ਸੁਢੰਗੀ।**
**੫. ਪਾਟ ਪਟੰਬਰ ਗਹਿਣਿਆਂ**
**ਸੋਹਹਿਂ ਸਰਬੰਗੀ।**
**੬. ਗੁਰਮੁਖਿ ਸੁਖ ਫਲ ਅਗਮ ਹੈ**
**ਗੁਰੁ ਸਿਖ ਸਹਲੰਗੀ ॥੧੪॥**

***ਪਦ ਅਰਥ :*** ਰੰਗ ਬਿਰੰਗੀ—ਮਿਸ਼ਰਤ ਰੰਗ। ਅਦੰਗੀ—ਦਾਗ਼ ਤੋਂ ਰਹਿਤ। ਸੁਢੰਗੀ—ਚੰਗੇ ਢੰਗ। ਸਰਬੰਗੀ—ਸਾਰੇ ਅੰਗਾਂ ਵਾਲੇ ਪੂਰੇ। ਪਾਕਸਾਲ—ਰਸੋਈ। ਸਹਲੰਗੀ—ਸੰਬੰਧੀ, ਮੇਲੀ। ਅਗਮ—ਜਿਸ ਵਿਚ ਗੰਮਤਾ ਨਾ ਹੋਵੇ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਸ ਸੁਖ ਫਲ ਦੀ ਪ੍ਰਾਪਤੀ ਤੁਸੀਂ ਗੁਰਮੁਖਾਂ ਨੂੰ ਹੋਈ ਤੱਕਦੇ ਹੋ, ਕੀ ਅਜਿਹਾ ਸੁਖ ਫਲ ਤੁਹਾਨੂੰ ਕਿਸੇ ਹੋਰ ਪਦਾਰਥ ਵਿਚ ਭੀ ਨਜ਼ਰ ਆਉਂਦਾ ਹੈ?

ਉ: ਹੇ ਭਾਈਓ! ਮੈਨੂੰ ਤਾਂ ਗੁਰਬਾਣੀ ਦੁਆਰੇ ਇਹੋ ਜਾਣਕਾਰੀ ਮਿਲ ਸਕੀ ਹੈ ਕਿ ਜੋ ਸੁਖ ਗੁਰਮੁਖਾਂ ਨੂੰ ਪ੍ਰਾਪਤ ਹੈ, ਉਹ ਕਿਸੇ ਹੋਰ ਪਦਾਰਥ ਵਿਚੋਂ ਨਹੀਂ ਪਾਇਆ ਜਾਂਦਾ, ਇਸ ਭਾਵ ਨੂੰ ਮੈਂ ਇਸ ਪਉੜੀ ਦੀਆਂ ਚੰਦ ਪੰਗਤੀਆਂ ਵਿਚ ਉਲੀਕਿਆ ਹੈ, ਜਿਵੇਂ :

(੧) (ਹੇ ਭਾਈਓ! ਮੈਂ ਤਾਂ ਵੇਖਦਾ ਹਾਂ ਕਿ) ਲੱਖਾਂ ਸੁੰਦਰ ਤੋਂ ਸੁੰਦਰ ਰੰਗ-ਬਿਰੰਗੇ ਸਰੂਪ ਹੋਣ।

(੨) ਨਾਸ ਰਹਿਤ ਰਾਗਾਂ ਨਾਦਾਂ ਦੇ ਲੱਖਾਂ ਹੀ 'ਸੰਬਾਦ' (ਝਗੜੇ) ਲੱਖਾਂ ਸੰਗਤਾਂ ਇਕ ਰਸ (ਰਹਿਣ ਵਾਲੀਆਂ ਵਿਦਮਾਨ) ਹੋਣ।

(੩) ਦਾਗ ਰਹਿਤ ਲੱਖਾਂ ਸੁਗੰਧੀਆਂ ਤੋਂ ਸਰੇਸ਼ਟ ਸੁਗੰਧੀਆਂ ਦੇ (ਅਰਗਜੇ) ਬਹੁਤੀਆਂ ਸੁਗੰਧੀਆਂ ਵਾਲੇ ਤੇਲ) ਹੋਣ।

(੪) ਰਸੋਈ ਵਿਚ ਛਤੀਹ ਪ੍ਰਕਾਰ ਦੇ ਭੋਜਨ ਤੇ ਹੋਰ ਰਸਾਂ ਦੇ ਭੋਗ ਚੰਗੇ ਢੰਗ ਵਾਲੇ ਹੋਣ।

(੫) ਰੇਸ਼ਮੀ ਕੱਪੜੇ ਤੇ ਸਾਰੇ ਅੰਗਾਂ 'ਤੇ ਪਹਿਨਣ ਵਾਲੇ (ਸੁੰਦਰ) ਗਹਿਣੇ ਹੋਣ।

(੬) (ਪਰ) ਗੁਰਮੁਖਾਂ ਦਾ ਸੁਖ ਫਲ (ਗਿਆਨ) ਇਨ੍ਹਾਂ ਸਾਰੇ ਸੁੰਦਰ ਪਦਾਰਥਾਂ ਤੋਂ ਉਪਰ ਹੈ, ਗੁਰਮੁਖਾਂ ਦਾ ਮਿਲਾਪ ਹੀ ਇਸ ਸੁਖ ਫਲ ਨੂੰ ਜਾਣਦਾ ਹੈ।੧੪।

ਭਾਵ ਹੈ ਕਿ ਗੁਰਸਿੱਖਾਂ ਦਾ ਅਨੰਦ ਅਨੰਤ ਸੁਖਾਂ ਦਾ ਕਾਰਨ ਹੈ, ਹੋਰ ਸੰਸਾਰਕ ਸੁਖ ਨਾਸਵਾਨ ਹਨ ਅਤੇ ਗੁਰਮੁਖਾਂ ਦਾ ਸੁਖ ਫਲ ਹੀ ਇਕ ਰਸ ਰਹਿਣ ਵਾਲਾ ਅਬਿਨਾਸ਼ੀ ਸੁਖ ਹੈ।

## ੧੫. ਗੁਰਸਿੱਖ ਮਨ ਬੁਧੀ ਦੇ ਸੁਖਾਂ ਤੋਂ ਉਚੇਰੇ ਹਨ

**੧. ਲੱਖ ਮਤਿ ਬੁੱਧਿ ਸੁੱਧਿ ਉਕਤਿ ਲੱਖ**
**ਲੱਖ ਲੱਖ ਚਤੁਰਾਈ।**
**੨. ਲੱਖ ਬਲ ਬਚਨ ਬਿਬੇਕ**
**ਲੱਖ ਪਰਕਿਰਤ ਕਮਾਈ।**
**੩. ਲੱਖ ਸਿਆਣਪ ਸੁਰਤਿ ਲੱਖ**
**ਲੱਖ ਸੁਰਤਿ ਘੜਾਈ।**
**੪. ਗਿਆਨ ਧਿਆਨ ਸਿਮਰਣ ਸਹੰਸ**
**ਲੱਖ ਪਤਿ ਵਡਿਆਈ।**
**੫. ਹਉਮੈ ਅੰਦਰ ਵਰਤਣਾ**
**ਦਰਿ ਥਾਇ ਨ ਪਾਈ।**
**੬. ਗੁਰਮੁਖ ਸੁਖ ਫਲ ਅਗਮ ਹੈ**
**ਸਤਿਗੁਰ ਸਰਣਾਈ॥੧੫॥**

***ਪਦ ਅਰਥ :*** ਪਰਕਿਰਤ ਕਮਾਈ—ਮਾਇਆ ਪ੍ਰਾਪਤੀ ਲਈ ਕਮਾਈ। ਸਹੰਸ—ਹਜ਼ਾਰਾਂ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ! ਅਸੀਂ ਵੇਖਦੇ ਹਾਂ ਕਿ ਸਾਰੇ ਮਾਇਕੀ ਪਦਾਰਥਾਂ ਦੇ ਰਸ ਨੂੰ ਮਨ ਤੇ ਬੁੱਧੀ ਰਾਹੀਂ ਪਰਖਿਆ ਜਾਂਦਾ ਹੈ, ਕੀ ਗੁਰਮੁਖਾਂ ਦਾ ਸੁਖ ਫਲ ਭੀ ਕਿਸੇ ਮਨ ਬੁੱਧੀ ਦਾ ਵਿਸ਼ਾ ਹੈ?

**ਉ:** ਹੇ ਭਾਈਓ! ਇਹ ਠੀਕ ਹੈ ਕਿ ਸਾਰੇ ਲੋਕ ਸਾਰੇ ਸੰਸਾਰਕ ਪਦਾਰਥਾਂ ਨੂੰ ਮਨ ਅਤੇ ਬੁੱਧੀ ਦੁਆਰੇ ਪਰਖਦੇ ਹਨ, ਪਰ ਜੋ ਸੁਖ ਗੁਰਮੁਖਾਂ ਨੂੰ ਹਾਸਿਲ ਹੋਇਆ ਹੈ, ਉਹ ਸੁਖ ਮਨ ਤੇ ਬੁੱਧੀ ਦੇ ਸੁਖਾਂ ਤੋਂ ਉਚੇਰਾ ਸੁਖ ਹੈ, ਇਸਦਾ ਬੋਧ ਵੀ ਮੈਨੂੰ ਗੁਰਬਾਣੀ ਦੁਆਰੇ ਹੋਇਆ ਹੈ, ਜਿਸ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਦੀਆਂ ਚੰਦ ਪੰਗਤੀਆਂ ਵਿਚ ਮੈਂ ਇਸੇ ਭਾਵ ਨੂੰ ਉੱਕਰਿਆ ਹੈ।

(੧) (ਜਿਵੇਂ ਕਿਸੇ ਕੋਲ) ਲੱਖਾਂ ਮਤ ਤੇ ਲੱਖਾਂ ਬੁੱਧੀਆਂ, ਲੱਖਾਂ ਉੱਕਤੀਆਂ ਜੁਗਤੀਆਂ ਦੀ ਸੋਝੀ ਤੇ ਲੱਖਾਂ ਚਤੁਰਾਈਆਂ ਹੋਣ।

(੨) ਲੱਖਾਂ (ਸਰੀਰਕ) ਬਲ, ਲੱਖਾਂ ਵਿਵੇਕ ਵਾਲੇ ਵਚਨ ਤੇ ਲੱਖਾਂ ਮਾਇਆ ਦੀ ਪ੍ਰਾਪਤੀ ਵਾਲੀਆਂ ਕਮਾਈਆਂ ਹੋਣ।

(੩) ਲੱਖਾਂ ਸਿਆਣਪਾਂ ਲੱਖਾਂ ਸੁਰਤੀਆਂ (ਸੋਝੀਆਂ) ਤੇ ਲੱਖਾਂ ਘੜਾਈਆਂ ਘੜਨ ਦੀ ਗਿਆਤ ਹੋਵੇ (ਭਾਵ ਰਾਜਗਿਰੀ) ਆਦਿ ਚੰਗੇ ਕੰਮਾਂ ਦਾ ਜਾਣੂ ਹੋਵੇ।

(੪) ਹਜ਼ਾਰਾਂ ਗਿਆਨ, ਧਿਆਨ, ਸਿਮਰਨ ਤੇ ਲੱਖਾਂ ਇਜ਼ਤਾਂ ਤੇ ਵਡਿਆਈਆਂ ਹੋਣ।

(੫) (ਇਨ੍ਹਾਂ ਸਭ ਕੁਝ ਦੇ ਹੁੰਦਿਆਂ) ਜੋ ਪੁਰਸ਼ ਹਉਮੈ ਵਿਚ ਵਰਤਦਾ ਹੈ, ਉਹ ਦਰਗਾਹ ਵਿਚ ਪ੍ਰਵਾਨ ਨਹੀਂ ਹੁੰਦਾ।

(੬) ਗੁਰਮੁਖਾਂ ਦਾ ਸੁਖ ਫਲ (ਗਿਆਨ) ਸਭ ਤੋਂ ਸਰੇਸ਼ਟ ਹੈ, (ਕਿਉਂਕਿ) ਗੁਰਮੁਖ ਸਤਿਗੁਰੂ ਦੀ ਸ਼ਰਨੀ ਪਏ ਹਨ।੧੫।

## ੧੬. ਗੁਰਮੁਖ ਸਤੋਗੁਣੀ ਸੁਖਾਂ ਤੋਂ ਭੀ ਉੱਚਾ ਹੁੰਦਾ ਹੈ

**੧. ਸਤਿ ਸੰਤੋਖ ਦਇਆ ਧਰਮ**
**ਲੱਖ ਅਰਥ ਮਿਲਾਹੀ।**
**੨. ਧਰਤਿ ਅਗਾਸ ਪਾਣੀ ਪਵਣ**
**ਲੱਖ ਤੇਜ ਤਪਾਹੀ।**
**੩. ਖਿਮਾ ਧੀਰਜ ਲੱਖ ਲੱਖ**
**ਮਿਲਿ ਸੋਭਾ ਸਰਮਾਹੀ।**
**੪. ਸਾਂਤਿ ਸਹਜ ਸੁਖ ਸੁਕ੍ਰਿਤਾ**
**ਭਾਉ ਭਗਤਿ ਕਰਾਹੀ।**
**੫. ਸਗਲ ਪਦਾਰਥ ਸਗਲ ਫਲ**
**ਆਨੰਦ ਵਧਾਹੀ।**
**੬. ਗੁਰਮੁਖ ਸੁਖ ਫਲ ਪਿਰਮ ਰਸ**
**ਇਕ ਤਿਲੁ ਨ ਪੁਜਾਹੀ॥੧੬॥**

***ਪਦ ਅਰਥ :*** ਸਰਮਾਹੀ—ਸ਼ਰਮ ਕਰਨਾ, ਵੈਰਾਗ ਧਾਰਨਾ। ਸੁਕ੍ਰਿਤਾ—ਪੁੰਨ ਕਰਨੇ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਤੁਸੀਂ ਕੀ ਗੁਰਮੁਖਾਂ ਦੇ ਮਾਨਸਕ ਸੁਖ ਨੂੰ ਸਤੋਗੁਣੀ ਸੁਖਾਂ ਦੀ ਸਮਤਾ ਦੇਂਦੇ ਹੋ, ਜਾਣਕਾਰੀ ਦਿਓ ?

ਉ: ਹੇ ਭਾਈਓ ! ਮੈਨੂੰ ਤਾਂ ਬਾਣੀ ਦੁਆਰੇ ਇਹੋ ਸੋਝੀ ਮਿਲੀ ਹੈ ਕਿ ਜੋ ਮਾਨਸਕ ਸੁਖ ਫਲ ਗੁਰਮੁਖਾਂ ਨੂੰ ਮਿਲਿਆ ਹੈ, ਉਹ ਰਜੋ, ਤਮੋ ਤੇ ਸਤੋਗੁਣਾਂ ਸਭ ਤੋਂ ਉਚੇਰਾ ਸੁਖ ਹੈ।

(੧) (ਜਿਵੇਂ ਵੀਚਾਰ ਕਰਨ ਤੋਂ ਸੋਝੀ ਮਿਲਦੀ ਹੈ ਕਿ) ਸਤ, ਸੰਤੋਖ, ਦਇਆ, ਧਰਮ ਤੇ ਲੱਖਾਂ ਅਰਥਾਂ ਦਾ ਮਿਲਾਪ ਹੋਣਾ।

(੨) ਲੱਖਾਂ ਧਰਤੀਆਂ, ਅਕਾਸ਼, ਪਾਣੀ, ਪਉਣ ਤੇ ਲੱਖਾਂ ਅੱਗਾਂ ਤਾਪਣੀਆਂ (ਭਾਵ ਪੰਜਾਂ ਤੱਤਾਂ ਦੀ ਰਹਿਤ ਧਾਰਨ ਕਰਨੀ)।

(੩) ਲੱਖਾਂ ਖ਼ਿਮਾਂ ਤੇ ਧੀਰਜ ਧਾਰ ਕੇ ਸੋਭਾ ਖੱਟਣੀ।

(੪) ਸ਼ਾਂਤੀ ਧਾਰਨੀ, ਸਹਿਜ ਦਾ ਸੁਖ, ਪੁੰਨ ਕਰਨੇ ਤੇ ਭਾਉ ਭਗਤੀ ਕਰਨੀ।

(੫) ਸਾਰੇ (ਸੰਸਾਰਕ) ਪਦਾਰਥ ਤੇ ਸਾਰੇ ਫਲ ਮਿਲ ਕੇ ਖ਼ੁਸ਼ੀ ਵਧਾਉਂਦੇ ਹੋਣ।

(੬) (ਪਰ ਇਹ ਸਾਰੇ ਉਪ੍ਰੋਕਤ ਸੁਖ) ਗੁਰਮੁਖਾਂ ਦੇ ਗਿਆਨ ਤੇ ਪ੍ਰੇਮ ਰਸ ਦੇ ਮੁਕਾਬਲੇ ਇਕ ਤਿਲ ਦੇ ਬਰਾਬਰ ਵੀ ਨਹੀਂ ਪੁੱਜ ਸਕਦੇ।੧੬।

ਭਾਵ ਹੈ ਕਿ ਇਹ ਸੁਖ ਫਲ ਸਾਰੇ ਧਰਮਾਂ ਅਰ ਸਾਰੇ ਸਾਧਨਾਂ ਦਾ ਸ਼੍ਰੋਮਣੀ ਸੁਖ ਹੈ, ਕਿਉਂਕਿ ਇਸ ਵਿਚ ਅਭਿਮਾਨ ਦਾ ਮੁਸ਼ਕ ਮਾਤ੍ਰ ਭੀ ਨਹੀਂ ਹੁੰਦਾ, ਸਿੱਟਾ ਇਹੋ ਨਿਕਲਦਾ ਹੈ ਕਿ ਜਿਸ ਬਾਤ ਵਿਚ ਹਉਮੈ ਹੈ ਉਹ ਨੀਵੀਂ ਹੈ, ਗੁਰਮੁਖਾਂ ਦੇ ਪ੍ਰੇਮ ਰਸ ਵਿਚ ਪੂਰਨ ਅਨੰਦ ਤੇ ਰਸ ਹੈ।

## ੧੭. ਗੁਰਸਿੱਖ ਆਤਮ ਸੁਖਾਂ ਤੋਂ ਉੱਚਾ ਹੁੰਦਾ ਹੈ

**੧. ਲੱਖ ਲੱਖ ਜੋਗ ਧਿਆਨ ਮਿਲਿ**
**ਧਰ ਧਿਆਨ ਬਹੰਦੇ।**
**੨. ਲੱਖ ਲੱਖ ਸੁੰਨ ਸਮਾਧਿ ਸਾਧ**
**ਨਿਜ ਆਸਣ ਸੰਦੇ।**
**੩. ਲੱਖ ਸੇਖ ਸਿਮਰਨ ਕਰਹਿ**
**ਗੁਣ ਗਿਆਨ ਗਣੰਦੇ।**
**੪. ਮਹਿਮਾਂ ਲੱਖ ਮਹਾਤਮਾਂ**
**ਜੈ ਕਾਰ ਕਰੰਦੇ।**
**੫. ਉਸਤਤਿ ਉਪਮਾਂ ਲੱਖ ਲੱਖ**
**ਲੱਖ ਭਗਤ ਜਪੰਦੇ।**
**੬. ਗੁਰਮੁਖਿ ਸੁਖ ਫਲ ਪਿਰਮ ਰਸ**
**ਇਕ ਪਲ ਨ ਲਹੰਦੇ ॥੧੭॥**

***ਪਦ ਅਰਥ :*** ਸੁੰਨ ਸਮਾਧਿ—ਅਫੁਰ ਸਮਾਧਿ। ਆਸਣ ਸੰਦੇ—ਆਸਣਾਂ ਦੇ ਕਰਮ। ਗਣੰਦੇ—ਗਿਣਦੇ ਹਨ।

**ਅਰਥ :**

ਪ੍ਰ: ਭਾਈ ਸਾਹਿਬ ਜੀਉ ! ਵੇਖਣ ਵਿਚ ਆਉਂਦਾ ਹੈ ਕਿ ਲੱਖਾਂ ਹੀ ਜੋਗੀ, ਤਪੀ ਤੇ ਹੋਰ ਅਨੇਕਾਂ ਅਫੁਰ ਸਮਾਧੀਆਂ ਲਾਉਣ ਵਾਲੇ ਲੋਕ ਵੇਖਣ ਵਿਚ ਆਉਂਦੇ ਹਨ, ਕੀ ਉਨ੍ਹਾਂ ਨੂੰ ਉਹ ਸੁਖ ਫਲ ਪ੍ਰਾਪਤ ਨਹੀਂ ਹੁੰਦਾ ਜੋ ਗੁਰਮੁਖ ਲੋਕ ਹਾਸਲ ਕਰਦੇ ਹਨ, ਜਾਣਕਾਰੀ ਦਿਓ ?

ਉ: ਹੇ ਭਾਈਓ ! ਮੈਂ ਤਾਂ ਲੱਖਾਂ ਹੀ ਸਾਧਨਾਂ ਕਰਨ ਵਾਲੇ ਤਪੀਸ਼ਰਾਂ ਨੂੰ ਗੁਰਬਾਣੀ ਦੀ ਸਚਾਈ ਭਰੀ ਖੋਜ ਦੁਆਰੇ ਤੱਕਿਆ ਹੈ ਕਿ ਗੁਰਮੁਖਾਂ ਦੇ ਪ੍ਰੇਮ-ਰਸ ਤੋਂ ਸਾਰੇ ਉਰਾਰ ਹੀ ਰਹਿ ਜਾਂਦੇ ਹਨ, ਇਸੇ ਭਾਵ ਨੂੰ ਮੈਂ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਇਸ ਪਉੜੀ ਵਿਚ ਅੰਕਤ ਕੀਤਾ ਹੈ :

(੧) (ਮੈਂ ਤਾਂ ਵੇਖਦਾ ਹਾਂ ਕਿ) ਲੱਖਾਂ ਜੋਗੀ ਤੇ ਲੱਖਾਂ ਧਿਆਨੀ ਮਿਲ ਕੇ ਧਿਆਨ ਧਾਰ ਕੇ ਬੈਠਦੇ ਹਨ।

(੨) ਲੱਖਾਂ ਅਫੁਰ ਸਮਾਧੀਆਂ ਲਾ ਕੇ ਬੈਠਦੇ ਹਨ ਤੇ ਲੱਖਾਂ ਆਪਣੇ ਸਰੂਪ ਦੀ ਪ੍ਰਾਪਤੀ ਵਾਸਤੇ ਕਰਮ ਕਰਦੇ ਹਨ।

(੩) ਲੱਖਾਂ ਸ਼ੇਸ਼ਨਾਗ ਸਿਮਰਨ ਕਰਦੇ ਹਨ ਤੇ ਪ੍ਰਭੂ ਦੇ ਗੁਣ ਤੇ ਗਿਆਨ ਦੀ ਗਣਨਾ ਕਰਦੇ ਹਨ।

(੪) ਲੱਖਾਂ ਮਹਾਤਮਾ (ਪ੍ਰਭੂ ਦੀ) ਮਹਿਮਾ ਤੇ ਜੈ ਜੈਕਾਰ ਕਰਦੇ ਹਨ।

(੫) ਲੱਖਾਂ ਭਗਤ (ਅਕਾਲ ਪੁਰਖ) ਦੀ ਉਸਤਤੀ ਕਰਦੇ ਜਾਪਦੇ ਹਨ।

(੬) (ਪਰ ਇਹ ਸਾਰੇ) ਗੁਰਮੁਖਾਂ ਦੇ ਪ੍ਰੇਮ ਰਸ ਦੇ ਸੁਖ ਫਲ ਨੂੰ ਇਕ ਪਲ ਭਰ ਵੀ ਨਹੀਂ ਲੈ ਸਕਦੇ।੧੭।

ਭਾਵ ਹੈ ਕਿ ਜੋਗੀ, ਜਤੀ ਤੇ ਤਪੀ ਆਦਿਕ ਆਪਣੀਆਂ ਘਾਲਣਾ ਨਾਲ ਕੁਝ ਅਨੰਦ ਪ੍ਰਾਪਤ ਕਰਦੇ ਹਨ, ਪਰ ਗੁਰਸਿਖ ਪ੍ਰਭੂ ਦਾ ਸਿਮਰਨ ਕਰਕੇ ਉਸ ਨਾਲ ਅਭੇਦ ਹੋ ਕੇ ਪਰਮ ਰਸ ਦੀ ਪ੍ਰਾਪਤੀ ਕਰਦਾ ਹੈ, ਉਕਤ ਜੋਗ ਧਿਆਨਾਦਿਕ ਗੁਰਮੁਖਾਂ ਦੇ ਪ੍ਰੇਮ ਰਸ ਤੋਂ ਵਾਰਨੇ ਕੀਤੇ ਜਾ ਸਕਦੇ ਹਨ, ਜਿਵੇਂ ਕਿ ਗੁਰਬਾਣੀ ਦਾ ਫ਼ੁਰਮਾਨ ਹੈ :

ਜਪ ਤਪ ਸੰਜਮ ਹਰਖ ਸੁਖ
ਮਾਨ ਮਹਤ ਅਰੁ ਗਰਬ ॥
ਮੂਸਨ ਨਿਮਖਕ ਪ੍ਰੇਮ ਪਰਿ
ਵਾਰਿ ਵਾਰਿ ਦੇਂਉ ਸਰਬ ॥੫॥

*(ਚਉਬੋਲੇ ਮਹਲਾ ੫, ਪੰਨਾ ੧੩੬੪)*

ਇਸੇ ਕਰਕੇ ਗੁਰਸਿੱਖ ਦੀ ਪਦਵੀ ਸਾਰਿਆਂ ਤੋਂ ਉੱਚੀ ਕਹੀ ਜਾਂਦੀ ਹੈ।

## ੧੮. ਗੁਰਸਿੱਖਾਂ ਦਾ ਪ੍ਰੇਮ-ਰਸ ਸਭ ਤੋਂ ਉੱਚਾ ਹੈ

**੧. ਅਚਰਜ ਨੋ ਆਚਰਜੁ ਹੈ**
**ਆਚਰਜੁ ਹੋਵੰਦਾ।**
**੨. ਵਿਸਮਾਦੇ ਵਿਸਮਾਦੁ ਹੈ**
**ਵਿਸਮਾਦ ਰਹੰਦਾ।**
**੩. ਹੈਰਾਣੈ ਹੈਰਾਣ ਹੈ**
**ਹੈਰਾਣੁ ਕਰੰਦਾ।**
**੪. ਅਬਗਤਹੁ ਅਬਗਤੀ ਹੈ**
**ਨਹਿ ਅਲਖੁ ਲਖੰਦਾ।**
**੫. ਅਕਥਹੁ ਅਕਥ ਅਲੇਖ ਹੈ**
**ਨਿੱਤ ਨੇਤਿ ਸੁਣੰਦਾ।**
**੬. ਗੁਰਮੁਖਿ ਸੁਖ ਫਲ ਪਿਰਮ ਰਸ**
**ਵਾਹੁ ਵਾਹੁ ਚਵੰਦਾ ॥੧੮॥**

***ਪਦ ਅਰਥ :*** ਅਚਰਜ ਨੋ ਆਚਰਜੁ—ਅਸਚਰਜ ਤੋਂ ਵੱਡਾ ਅਸਚਰਜ। ਅਬਗਤ—ਜਿਸ ਦੀ ਗਤੀ ਨ ਲਖੀ ਜਾਵੇ। ਚਵੰਦਾ—ਕਹਿੰਦਾ ਹੈ।

***ਅਰਥ :***

**ਪ੍ਰ:** ਭਾਈ ਸਾਹਿਬ ਜੀਉ ! ਜਿਸ ਗੁਰਮੁਖਾਂ ਦੇ ਪ੍ਰੇਮ-ਰਸ ਦਾ ਆਪ ਜੀ ਕਥਨ ਕਰਦੇ ਆ ਰਹੇ ਹੋ, ਉਸ ਦੀ ਰੂਪ-ਰੇਖਾ ਦਾ ਕੁਝ ਬਿਆਨ ਕਰੋ ਤਾ ਕਿ ਅਸੀਂ ਭੀ ਕੁਝ ਸਮਝ ਸਕੀਏ ?

**ਉ:** ਹੇ ਭਾਈਓ ! ਉਸ ਪ੍ਰੇਮ-ਰਸ ਦੇ ਅਨੰਦ ਨੂੰ ਗੁਰਮੁਖ ਆਪ ਹੀ ਜਾਣ ਸਕਦੇ ਨੇ, ਹੋਰ ਕੋਈ ਉਸਨੂੰ ਨਹੀਂ ਜਾਣ ਸਕਦਾ। ਕਿਉਂਕਿ ਹੁਕਮ ਭੀ ਇਹੋ ਹੈ ਕਿ 'ਉਹ ਰਸ ਜਾਣੈ ਓਹਾ ਹੇ' ਮੈਨੂੰ ਤਾਂ ਜੋ ਬਾਣੀ ਦੁਆਰੇ ਬੋਧ ਮਿਲਿਆ ਹੈ, ਉਸ ਨੂੰ ਇਸ ਪਉੜੀ ਵਿਚ ਦਰਸਾਇਆ ਹੈ :

(੧) (ਹੇ ਭਾਈਓ ! ਗੁਰਮੁਖਾਂ ਦੇ) ਅਸਚਰਜ (ਰੂਪ ਪ੍ਰੇਮ-ਰਸ) ਨੂੰ ਵੇਖ ਕੇ ਅਸਚਰਜ ਵੀ ਅਸਚਰਜ ਹੁੰਦਾ ਹੈ।
(੨) (ਵਿਸਮਾਦ ਤੋਂ ਵੱਡਾ ਵਿਸਮਾਦ ਵੀ ਵਿਸਮਾਦ ਰਹਿੰਦਾ ਹੈ।
(੩) ਹੈਰਾਨਾਂ ਵਿਚੋਂ ਜੋ ਵੱਡਾ ਹੈਰਾਣ ਹੈ, ਉਸਨੂੰ ਭੀ ਹੈਰਾਨ ਕਰਦਾ ਹੈ।
(੪) ਅਬਿਗਤ ਤੋਂ ਵੱਡੀ ਜਿਹੜੀ ਅਬਿਗਤੀ ਹੈ, ਉਹ ਵੀ ਉਸ ਅਲੱਖ ਨੂੰ ਨਹੀਂ ਜਾਣ ਸਕਦੀ।
(੫) ਅਕੱਥ ਤੋਂ ਅਕੱਥ ਹੈ, ਅਲੇਖ ਭੀ ਉਸ ਨੂੰ ਸਦਾ ਨੇਤ ਨੇਤ ਕਰਕੇ ਸੁਣਾਉਂਦਾ ਹੈ।
(੬) ਗੁਰਮੁਖਾਂ ਨੂੰ ਜਿਹੜਾ ਪ੍ਰੇਮ-ਰਸ ਦਾ ਸੁਖ ਫਲ ਪ੍ਰਾਪਤ ਹੁੰਦਾ ਹੈ, ਉਸਨੂੰ ਗੁਰਮੁਖ ਵਾਹੁ ਵਾਹੁ ਕਹਿ ਕੇ ਹੀ ਪ੍ਰਗਟ ਕਰਦੇ ਹਨ।੧੮।

ਭਾਵ ਹੈ ਕਿ ਗੁਰਮੁਖਾਂ ਨੂੰ ਜਿਹੜਾ ਪ੍ਰੇਮ-ਰਸ ਪ੍ਰਾਪਤ ਹੁੰਦਾ ਹੈ, ਉਸਦਾ ਵਰਣਨ ਉਹ ਨਹੀਂ ਕਰ ਸਕਦੇ। ਕੇਵਲ ਵਾਹੁ ਵਾਹੁ (ਧੰਨ ਧੰਨ) ਕਹਿ ਕੇ ਹੀ ਉਹ ਆਪਣੇ ਅਨੰਦ ਨੂੰ ਪ੍ਰਗਟ ਕਰਦੇ ਹਨ, ਕਿਉਂਕਿ ਉਹ ਅਸ਼ਚਰਜ ਤੋਂ ਅਸਚਰਜ ਹੈ, ਉਸ ਨੂੰ ਪਾ ਕੇ ਤਾਂ ਮੂੰਹੋਂ ਵਾਹ ਵਾਹ ਹੀ ਨਿਕਲ ਸਕਦਾ ਹੈ, ਇਸ ਕਰਕੇ ਗੂਜਰੀ ਕੀ ਵਾਰ ਵਿਚ ਸਤਿਗੁਰੂ ਜੀ ਨੇ ਵਾਹੁ ਵਾਹੁ ਕਰਕੇ ਪਿਰਮ-ਰਸ ਦਾ ਅਵਾਜ਼ਾ ਦਿੱਤਾ ਹੈ।

## ੧੯. ਸਾਧ ਸੰਗਤ ਹੀ ਸੱਚਖੰਡ ਹੈ

੧. ਇੱਕ ਕਵਾਉ ਪਸਾਉ ਕਰਿ
ਬ੍ਰਹਮੰਡ ਪਸਾਰੇ।
੨. ਕਰਿ ਬ੍ਰਹਮੰਡ ਕਰੋੜ ਲੱਖ
ਰੋਮ ਰੋਮ ਸੰਜਾਰੇ।
੩. ਪਾਰਬ੍ਰਹਮ ਪੂਰਣ ਬ੍ਰਹਮ
ਗੁਰੁ ਰੂਪ ਮੁਰਾਰੇ।
੪. ਗੁਰ ਚੇਲਾ ਚੇਲਾ ਗੁਰੂ
ਗੁਰੁ ਸ਼ਬਦ ਵੀਚਾਰੇ।
੫. ਸਾਧ ਸੰਗਤਿ ਸੱਚ ਖੰਡ ਹੈ
ਵਾਸਾ ਨਿਰੰਕਾਰੇ।
੬. ਗੁਰਮੁਖਿ ਸੁਖ ਫਲ ਪਿਰਮ ਰਸ
ਦੇਹਿ ਹਉਮੈ ਮਾਰੇ ॥੧੯॥

***ਪਦ ਅਰਥ :*** ਕ੍ਵਾਉ—ਵਾਕ। ਸੰਜਾਰੇ—ਸੱਜਰੇ, ਮਿਲੇ ਹੋਏ। ਹਉਮੈ ਮਾਰੇ—ਹੰਕਾਰ ਨਾਸ਼ਕ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਸੱਚ ਖੰਡ ਬਾਰੇ ਵੱਖੋ ਵੱਖ ਮਨੌਤ ਹੈ, ਪਰ ਗੁਰਮਤ ਦੁਆਰੇ ਆਪ ਜੀ ਸੱਚ ਖੰਡ ਬਾਰੇ ਸੂਚਨਾ ਦਿਓ ਤਾ ਕਿ ਅਸੀਂ ਭੀ ਨਿਰ-ਸੰਦੇਹ ਹੋ ਸਕੀਏ ?

ਉ: ਹੇ ਭਾਈਓ ! ਗੁਰਬਾਣੀ ਅੰਦਰ ਤਾਂ ਸਾਧ ਸੰਗਤ ਨੂੰ ਹੀ ਸੱਚ-ਖੰਡ ਕਿਹਾ ਗਿਆ ਹੈ, ਕਿਉਂਕਿ ਇਸੇ ਵਿਚ ਨਿਰੰਕਾਰ ਦਾ ਨਿਵਾਸ ਹੈ, ਇਸ ਭਾਵ ਨੂੰ ਮੈਂ ਇਸ ਪਉੜੀ ਵਿਚ ਨਿਰੂਪਨ ਕੀਤਾ ਹੈ :

(੧) (ਹੇ ਭਾਈਓ ! ਉਸ ਪ੍ਰਭੂ ਨੇ ਆਪਣੇ) ਇਕ ਵਾਕ ਤੋਂ ਹੀ ਪਸਾਰਾ ਕਰਕੇ ਬੇਅੰਤ ਬ੍ਰਹਿਮੰਡਾਂ ਦੀ ਰਚਨਾ ਕਰ ਦਿਤੀ ਹੈ।

(੨) ਕ੍ਰੋੜਾਂ ਬ੍ਰਹਿਮੰਡ ਰਚ ਕੇ ਆਪਣੇ ਇਕ ਇਕ ਰੋਮ ਵਿਚ ਲੱਖਾਂ ਬ੍ਰਹਿਮੰਡ ਮਿਲਾ ਰਖੇ ਹਨ।

(੩) ਉਸ ਨਿਰਗੁਣ ਸਰੂਪ ਮੁਰਾਰੀ ਨੇ ਹੀ ਆਪਣਾ ਸਰਗੁਣ ਗੁਰੂ ਰੂਪ ਧਾਰਨ ਕੀਤਾ ਹੈ।

(੪) ਉਸ ਗੁਰੂ ਦੇ ਉਪਦੇਸ਼ ਦੀ ਕਮਾਈ ਕਰਕੇ ਚੇਲਾ ਗੁਰੂ ਹੋ ਗਿਆ ਤੇ ਗੁਰੂ ਚੇਲਾ ਬਣ ਗਿਆ।

(੫) ਸਾਧ ਸੰਗਤ ਹੀ ਸੱਚ ਖੰਡ ਹੈ, ਜਿਥੇ ਨਿਰੰਕਾਰ ਦਾ ਨਿਵਾਸ ਹੈ।

(੬) ਗੁਰਮੁਖਾਂ ਨੇ ਆਪਣੀ ਦੇਹ ਦੀ ਹੰਗਤਾ (ਹਉਮੈ) ਮਾਰ ਦਿਤੀ ਹੈ, ਜਿਸ ਕਰਕੇ ਉਨ੍ਹਾਂ ਨੂੰ ਪ੍ਰੇਮ-ਰਸ ਦੇ ਸੁਖ ਫਲ ਦੀ ਪ੍ਰਾਪਤੀ ਹੋਈ ਹੈ।੧੯।

***ਭਾਵਾਰਥ :*** ਏਸ ਪਉੜੀ ਵਿਚ ਪਿਰਮ-ਰਸ ਦੀ ਪ੍ਰਾਪਤੀ ਦਾ ਜ਼ਿਕਰ ਹੈ ਕਿ ਪਰਮੇਸ਼ਰ ਜੋ ਮਨ, ਬੁੱਧੀ, ਦੇਸ ਕਾਲ ਨਮਿੱਤ ਤੋਂ ਪਰੇ ਅਲਖ ਉਸ ਦਾ ਪ੍ਰਤੱਖ ਸਿਖਿਆ ਦਾਤਾ ਬਿਰਦ ਗੁਰੂ ਨਾਨਕ ਤੇ ਅੰਗਦ ਹੋ ਕੇ 'ਨਾਮ ਦੁਆਰੇ' ਇਹ ਰਸਤਾ ਬਖ਼ਸ਼ਿਆ ਹੈ। ਹੁਣ ਸਾਧ ਸੰਗਤ ਵਿਚ ਇਹ ਨਾਮ ਦਾ ਰਸਤਾ ਹੈ, ਜਿਨ੍ਹਾਂ ਦੇ ਵਿਚ ਨਿਰੰਕਾਰ ਦਾ ਵਾਸ ਹੈ, ਉਹ ਨਾਮ ਦਾਨ ਦੇ ਕੇ ਪਿਰਮ-ਰਸ ਵਿਚ ਲੈ ਜਾਂਦੇ ਹਨ। ਸਾਧ ਸੰਗਤ ਵਿਚ ਅਕਾਲ ਪੁਰਖ ਦਾ ਜਸ ਹੁੰਦਾ ਹੈ, ਇਸ ਕਰਕੇ ਪ੍ਰਭੂ ਦਾ ਨਿਵਾਸ ਸਾਧ ਸੰਗਤ ਵਿਚ ਹੁੰਦਾ ਹੈ।

## ੨੦. ਛੇਆਂ ਗੁਰਾਂ ਦੀ ਏਕਤਾ ਤੇ ਉਸਤਤੀ

੧. ਸਤਿਗੁਰੁ ਨਾਨਕ ਦੇਉ ਹੈ
ਪਰਮੇਸਰੁ ਸੋਈ।
੨. ਗੁਰੁ ਅੰਗਦ ਗੁਰੁ ਅੰਗ ਤੇ
ਜੋਤੀ ਜੋਤਿ ਸਮੋਈ।
੩. ਅਮਰਾਪਦ ਗੁਰੁ ਅੰਗਦਹੁੰ
ਹੋਇ ਜਾਣ ਜਣੋਈ।
੪. ਗੁਰੁ ਅਮਰਹੁੰ ਗੁਰੁ ਰਾਮਦਾਸ
ਅੰਮ੍ਰਿਤ ਰਸੁ ਭੋਈ।
੫. ਰਾਮਦਾਸਹੁੰ ਅਰਜਨ ਗੁਰੂ
ਗੁਰੁ ਸਬਦ ਸਥੋਈ।
੬. ਹਰਿਗੋਵਿੰਦ ਗੁਰੁ ਅਰਜਨਹੁੰ
ਗੁਰੁ ਗੋਵਿੰਦੁ ਹੋਈ।
੭. ਗੁਰਮੁਖਿ ਸੁਖ ਫਲ ਪਿਰਮ ਰਸ
ਸਤਿਸੰਗ ਅਲੋਈ।
੮. ਗੁਰ ਗੋਵਿੰਦਹੁੰ ਬਾਹਿਰਾ
ਦੂਜਾ ਨਹੀ ਕੋਈ ॥੨੦॥੩੮॥

**ਪਦ ਅਰਥ :** ਅੰਗ ਤੇ—ਸਰੀਰ ਤੋਂ। ਜਣੋਈ—ਗਿਆਨਵਾਨ। ਭੋਈ—ਭਿੱਜ ਗਏ। ਸਥੋਈ—ਧਾਰਨ ਵਾਲੇ। ਅਲੋਈ—ਵੇਖਣਾ।

**ਅਰਥ :**

(ਇਸ ਵਾਰ ਦੇ ਅੰਤ ਵਿਚ ਛੇਆਂ ਗੁਰੂ ਸਾਹਿਬਾਂ ਦਾ ਮੰਗਲਾਚਰਨ ਕਰਦੇ ਹਨ):

(੧) ਸਤਿਗੁਰੂ ਨਾਨਕ ਦੇਵ ਜੀ ਪ੍ਰਕਾਸ਼ਵਾਨ ਪਰਮੇਸ਼ਰ ਦਾ ਸਰੂਪ ਹਨ।

(੨) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰੀਰ ਤੋਂ ਗੁਰੂ ਅੰਗਦ ਜੀ ਪ੍ਰਗਟ ਹੋਏ, ਗੁਰੂ ਨਾਨਕ ਦੇਵ ਜੀ ਨੇ ਆਪਣੀ ਜੋਤ ਉਨ੍ਹਾਂ ਵਿਚ ਸਮੋਈ (ਪਾਈ) ਹੈ।

(੩) ਗੁਰੂ ਅੰਗਦ ਦੇਵ ਜੀ ਤੋਂ ਜਾਣੀ ਜਾਣ ਅਮਰ ਪਦਵੀ ਵਾਲੇ (ਗੁਰੂ ਅਮਰਦਾਸ ਜੀ) ਹੋਏ ਹਨ।

(੪) ਗੁਰੂ ਅਮਰਦਾਸ ਜੀ ਤੋਂ ਨਾਮ ਦੇ ਅੰਮ੍ਰਿਤ ਰਸ ਵਿਚ ਭਿੱਜੇ ਹੋਏ ਗੁਰੂ ਰਾਮਦਾਸ ਜੀ ਹੋਏ ਹਨ।

(੫) ਗੁਰੂ ਰਾਮਦਾਸ ਜੀ ਤੋਂ ਗੁਰੂ ਦੇ ਸ਼ਬਦ ਨੂੰ ਧਾਰਨ ਕਰਨ ਵਾਲੇ ਗੁਰੂ ਅਰਜਨ ਦੇਵ ਜੀ ਪ੍ਰਗਟ ਹੋਏ ਹਨ।

(੬) ਗੁਰੂ ਅਰਜਨ ਦੇਵ ਜੀ ਤੋਂ ਗੋਵਿੰਦ ਰੂਪ ਗੁਰੂ ਹਰਿਗੋਵਿੰਦ ਜੀ ਹੋਏ ਹਨ।

(੭) ਇਨ੍ਹਾਂ ਦੀ ਸੰਗਤ ਕਰਨ ਵਾਲੇ ਗੁਰਮੁਖ ਸੁਖਦਾਈ ਫਲ ਪ੍ਰੇਮ-ਰਸ ਨੂੰ ਵੇਖਦੇ ਹਨ।

(੮) (ਇਸ ਸਮੇਂ) ਸ੍ਰੀ ਗੁਰੂ ਹਰਿਗੋਬਿੰਦ ਜੀ ਤੋਂ ਬਿਨਾਂ ਹੋਰ ਕੋਈ ਦੂਜਾ ਗੁਰੂ ਨਹੀਂ ਹੈ।੨੦।੩੮।

ਇਸ ਵਾਰ ਦੀ ਇਸ ਅੰਤਲੀ ਪਉੜੀ ਵਿਚ ਭਾਈ ਸਾਹਿਬ ਜੀ ਛੇਆਂ ਸਤਿਗੁਰਾਂ ਦੀ ਉਸਤਤੀ ਕਰਕੇ ਸਿੱਖਾਂ ਨੂੰ ਇਹ ਦ੍ਰਿੜ ਕਰਵਾਉਂਦੇ ਹਨ ਕਿ ਸੰਸਾਰ ਦੀ ਕਲਿਆਣ ਲਈ ਪ੍ਰਭੂ ਨੇ ਗੁਰੂ ਰੂਪ ਧਾਰਨ ਕੀਤਾ ਹੈ ਤੇ ਸਤਿਸੰਗਤ ਦਾ ਸੱਚਾ ਮਾਰਗ ਚਲਾਇਆ ਹੈ। ਸੋ, ਸਤਿਸੰਗਤ ਵਿਚੋਂ ਮੁਕਤੀ ਪ੍ਰਾਪਤ ਕਰੋ।

(ਅਠੱਤੀਵੀਂ ਵਾਰ ਸਮਾਪਤ)

# ਵਾਰ ੩੯

ੴ ਸਤਿਗੁਰ ਪ੍ਰਸਾਦਿ ॥

## ੧. ਮੂਲ-ਮੰਤ੍ਰ ਦਾ ਮੰਗਲਾਚਰਨ

**੧. ਏਕੰਕਾਰ ਇਕਾਂਗ ਲਿਖਿ**
**ਊੜਾ ਓਅੰਕਾਰੁ ਲਿਖਾਇਆ।**
**੨. ਸਤਿਨਾਮੁ ਕਰਤਾ ਪੁਰਖੁ**
**ਨਿਰਭਉ ਹੁਇ ਨਿਰਵੈਰੁ ਸਦਾਇਆ।**
**੩. ਅਕਾਲ ਮੂਰਤਿ ਪ੍ਰਤੱਖ ਸੋਇ**
**ਨਾਉ ਅਜੂਨੀ ਸੈਭੰ ਭਾਇਆ।**
**੪. ਗੁਰਪ੍ਰਸਾਦਿ ਸੁ ਆਦਿ ਸਚੁ**
**ਜੁਗਹੁ ਜੁਗੰਤਰ ਹੋਂਦਾ ਆਇਆ।**
**੫. ਹੈ ਭੀ ਹੋਸੀ ਸਚੁ ਨਾਉ**
**ਸੱਚ ਦਰਸ਼ਨ ਸਤਿਗੁਰੂ ਦਿਖਾਇਆ।**
**੬. ਸਬਦੁ ਸੁਰਤਿ ਲਿਵਲੀਣੁ ਹੁਇ**
**ਗੁਰੁ ਚੇਲਾ ਪਰਚਾ ਪਰਚਾਇਆ।**
**੭. ਗੁਰੁ ਚੇਲਾ ਰਹਰਾਸਿ ਕਰਿ**
**ਵੀਹ ਇਕੀਹ ਚੜ੍ਹਾਉ ਚੜ੍ਹਾਇਆ।**
**੮. ਗੁਰਮੁਖਿ ਸੁਖ ਫਲ ਅਲਖ ਲਖਾਇਆ ॥੧॥**

*ਅਰਥ :*

(੧) (ਸਤਿਗੁਰੂ ਜੀ ਨੇ ਮੂਲ-ਮੰਤਰ ਦੇ ਅਰੰਭ ਵਿਚ) ਇਕ ਦਾ ਸਰੂਪ ਏਕਾ (੧) ਲਿਖ ਕੇ ਊੜੇ (ੳ) ਤੋਂ ਓਅੰਕਾਰ ਦਾ ਰੂਪ ਲਖਾਇਆ ਹੈ।

(੨) ਉਸ ਪ੍ਰਭੂ ਦਾ ਨਾਮ ਸੱਚਾ ਹੈ ਉਹ ਸਿਰਜਨਹਾਰ ਵਿਆਪਕ ਹੈ, ਉਸ ਨੇ ਨਿਰਭਉ ਤੇ ਨਿਰਵੈਰ ਸਦਵਾਇਆ ਹੈ।

(੩) ਫਿਰ ਪ੍ਰਤੱਖ ਹੋਣ ਕਰਕੇ ਪ੍ਰਭੂ ਦਾ ਨਾਮ ਅਕਾਲ ਮੂਰਤਿ ਅਜੂਨੀ ਤੇ ਸੈਭੰ (ਸਤਿਗੁਰਾਂ) ਨੂੰ ਭਾਇਆ ਹੈ।

(੪) ਉਸ ਪ੍ਰਭੂ ਨੂੰ ਗੁਰੂ ਦੀ ਕ੍ਰਿਪਾ ਨਾਲ ਜਾਣਿਆਂ ਜਾਂਦਾ ਹੈ ਉਹ ਪ੍ਰਭੂ ਆਦਿ ਵਿਚ ਵੀ ਸੱਚ ਸੀ, ਜੁਗਾਂ ਜੁਗਾਂ ਵਿਚ ਭੀ ਸੱਚ ਹੁੰਦਾ ਆਇਆ ਹੈ।

(੫) ਉਹ ਪਰਮੇਸ਼ਰ ਸੱਚ ਹੈ ਤੇ ਅਗੋਂ ਭੀ ਉਸ ਦਾ ਨਾਮ ਸੱਚਾ ਹੋਵੇਗਾ, ਇਹ ਸੱਚਾ ਮੱਤ ਸਤਿਗੁਰੂ ਜੀ ਨੇ (ਆਪਣੇ ਸਿੱਖਾਂ ਨੂੰ) ਦਿਖਾਇਆ ਹੈ।

(੬) ਜਿਹੜਾ ਚੇਲਾ ਸ਼ਬਦ ਸੁਰਤ ਵਿਚ ਲਿਵਲੀਨ ਹੋਇਆ ਹੈ ਤੇ ਜਿਸ ਨੇ ਸ਼ਬਦ ਨਾਲ ਆਪਣੇ ਮਨ ਨੂੰ ਪਰਚਾਇਆ ਹੈ ਤੇ

(੭) ਜਿਸ ਨੇ ਗੁਰੂ ਤੇ ਚੇਲੇ ਦੀ ਰਹੁਰੀਤ (ਮਰਿਆਦਾ) ਕਰਕੇ ਵੀਹ ਤੋਂ ਇਕੀਹਵੀਂ ਭੂਮਿਕਾ ਦਾ ਚੜ੍ਹਾਉ ਚੜ੍ਹਾਇਆ ਹੈ।

(੮) ਉਸ ਗੁਰਸਿਖ ਨੂੰ ਸਤਿਗੁਰਾਂ ਨੇ ਅਲਖ (ਨ ਜਾਣੇ ਜਾਣ ਵਾਲਾ) ਸੁਖ ਫਲ ਲਖਾ ਦਿਤਾ ਹੈ।੧।

***ਭਾਵਾਰਥ :*** ਗੁਰੂ ਅੰਗਦ ਜਿਹੇ ਗੁਰ ਚੇਲੇ ਨੂੰ ਅਲਖ ਪਰਮੇਸ਼ਰ ਜੋ ਸੁਖ ਫਲਾਂ ਦਾ ਰੂਪ ਹੈ, ਲਖਾ ਦਿਤਾ। ਗੁਰੂ ਅੰਗਦ 'ਤੇ ਗੁਰੂ ਅਮਰ ਜੀ, ਗੁਰੂ ਅਮਰ ਜੀ ਤੋਂ ਗੁਰੂ ਰਾਮਦਾਸ ਅਤੇ ਗੁਰੂ ਰਾਮਦਾਸ ਤੋਂ ਗੁਰੂ ਅਰਜਨ ਦੇਵ ਈਸ਼੍ਵਰ ਸਰੂਪ ਹੋਏ ਆਦਿ ਅਥਵਾ ਗੁਰੂ ਦੁਆਰੇ ਅਲਖ ਸੁਖ ਫਲ ਤਿਨ੍ਹਾਂ ਨੂੰ ਲਖਾ ਦਿਤਾ।

## ੨. ਪੰਜੇ ਸਤਿਗੁਰੂ ਪ੍ਰਭੂ ਦਾ ਸਰੂਪ ਹਨ

**੧. ਨਿਰੰਕਾਰੁ ਆਕਾਰ ਕਰਿ**
**ਏਕੰਕਾਰ ਅਪਾਰ ਸਦਾਇਆ।**
**੨. ਓਅੰਕਾਰੁ ਅਕਾਰ ਕਰਿ**
**ਇੱਕ ਕਵਾਉ ਪਸਾਉ ਕਰਾਇਆ।**

੩. ਪੰਜ ਤੱਤ ਪਰਵਾਣ ਕਰਿ
ਪੰਜ ਮਿਤ੍ਰ ਪੰਜ ਸਤ੍ਰ ਮਿਲਾਇਆ।
੪. ਪੰਜੇ ਤਿੰਨ ਅਸਾਧ ਸਾਧ
ਸਾਧੁ ਸਦਾਇ ਸਾਧ ਬਿਰਦਾਇਆ।
੫. ਪੰਜੇ ਏਕੰਕਾਰ ਲਿਖਿ
ਅੱਗੋਂ ਪਿੱਛੀਂ ਸਹਸ ਫਲਾਇਆ।
੬. ਪੰਜ ਅਖਰ ਪਰਧਾਨ ਕਰਿ
ਪਰਮੇਸਰੁ ਹੁਇ ਨਾਉ ਧਰਾਇਆ।
੭. ਸਤਿਗੁਰ ਨਾਨਕ ਦੇਉ ਹੈ
ਗੁਰ ਅੰਗਦ ਅੰਗਹੁ ਉਪਜਾਇਆ।
੮. ਅੰਗਦ ਤੇ ਗੁਰੁ ਅਮਰਪਦ
ਅੰਮ੍ਰਿਤ ਰਾਮ ਨਾਮ ਗੁਰੁ ਭਾਇਆ।
੯. ਰਾਮਦਾਸ ਗੁਰੁ ਅਰਜਨ ਛਾਇਆ ॥੨॥

***ਪਦ ਅਰਥ :*** ਪਰਵਾਣ—ਵਜੂਦ ਵਾਲੇ। ਕਰਿ—ਰਚ ਕੇ, ਬਣਾ ਕੇ। ਪੰਜ ਮਿਤ੍ਰ—ਸਤ, ਸੰਤੋਖ ਆਦਿ ਸ਼ੁਭ ਗੁਣ। ਪੰਜ ਸਤ੍ਰ—ਕਾਮ ਕ੍ਰੋਧ ਆਦਿ ਵੈਰੀ। ਪੰਜੇ—ਪੰਜ ਤੱਤ। ਤਿੰਨ—ਤਿੰਨ ਗੁਣ। ਅਸਾਧ ਸਾਧ—ਜੋ ਸਾਧੇ ਨਹੀਂ ਜਾ ਸਕਦੇ, ਸੋ ਸਾਧ ਲੀਤੇ। ਪੰਜ ਅਖਰ—ਪੰਜ ਨਾਮ, ਪੰਜ ਗੁਰੂ।

***ਅਰਥ :***

(੧) ਨਿਰੰਕਾਰ ਨੇ ਹੀ ਸਰਗੁਣ ਰੂਪ ਧਾਰਨ ਕਰਕੇ (ਆਪਣਾ ਨਾਮ) ਏਕੰਕਾਰ ਤੇ ਅਪਾਰ ਸਦਾਇਆ ਹੈ।
(੨) ਉਸ ਨਿਰੰਕਾਰ (ਪ੍ਰਭੂ) ਨੇ ਆਪਣੇ ਇਕ ਵਾਕ ਨਾਲ (ਬੇਅੰਤ ਬ੍ਰਹਿਮੰਡਾਂ ਦਾ) ਪਸਾਰਾ ਪਸਾਰਿਆ ਹੈ।
(੩) ਪੰਜਾਂ ਤੱਤਾਂ ਦਾ ਵਜੂਦ ਰਚ ਕੇ (ਰਚਨਾ ਕਰਕੇ) ਪੰਜ ਸਤ ਸੰਤੋਖ ਆਦਿ ਸ਼ੁਭ ਗੁਣਾਂ ਰੂਪੀ ਮਿੱਤ੍ਰ ਤੇ ਕਾਮ ਕ੍ਰੋਧ ਆਦਿ ਵੈਰੀਆਂ ਨੂੰ ਪਰਸਪਰ ਮਿਲਾਇਆ ਹੈ।
(੪) (ਜਿਸਨੇ) ਪੰਜੇ ਕਾਮ ਕ੍ਰੋਧ ਆਦਿ ਵੈਰੀਆਂ ਨੂੰ ਤੇ ਤਿੰਨ ਗੁਣਾਂ ਨੂੰ ਜੋ ਅਸਾਧ ਸਨ ਸਾਧ ਲਿਆ ਹੈ, ਉਸ (ਗੁਰੂ) ਨੇ ਸਾਧ ਸਦਾ ਕੇ ਸਾਧੂਆਂ ਵਾਲਾ ਬਿਰਦ (ਧਰਮ) ਪੂਰਾ ਕੀਤਾ ਹੈ।
(੫) ਪੰਜੇ ਸਤਿਗੁਰਾਂ ਨੇ ਏਕੰਕਾਰ ਦਾ ਨਾਮ ਲਿਖ ਕੇ (ਈਸ਼੍ਵਰੀ ਬਾਣੀ ਰਚ ਕੇ) ਵਧਾ ਘਟਾ ਰੂਪ ਸੰਸਾਰ ਵਿਚ ਹਜ਼ਾਰ ਗੁਣਾਂ ਫਲਵਾਨ ਕੀਤਾ ਹੈ।
(੬) ਪੰਜੇ ਗੁਰ ਪਰਧਾਨ ਕਰਕੇ ਪ੍ਰਭੂ ਨੇ ਆਪਣਾ ਨਾਮ ਹੀ ਰਖਾਇਆ ਹੈ।
(੭) (ਜਿਵੇਂ) ਸਤਿਗੁਰੂ ਨਾਨਕ ਦੇਵ ਜੀ ਹੋਏ ਹਨ, ਫਿਰ ਇਨ੍ਹਾਂ ਦੇ ਅੰਗ (ਸਰੀਰ) ਤੋਂ ਗੁਰੂ ਅੰਗਦ ਜੀ ਪਰਗਟ ਹੋਏ।
(੮) ਫਿਰ ਗੁਰੂ ਅੰਗਦ ਦੇਵ ਜੀ ਤੋਂ ਅਮਰ ਪਦਵੀ ਵਾਲੇ ਗੁਰੂ ਅਮਰਦਾਸ ਜੀ ਹੋਏ ਫਿਰ ਇਨ੍ਹਾਂ ਤੋਂ ਗੁਰੂ ਰਾਮਦਾਸ ਜੀ ਪ੍ਰਗਟ ਹੋਏ।
(੯) ਗੁਰੂ ਰਾਮਦਾਸ ਜੀ ਤੋਂ ਗੁਰੂ ਅਰਜਨ ਦੇਵ ਜੀ (ਗੁਰਗੱਦੀ ਤੇ) ਬਿਰਾਜਮਾਨ ਹੋਏ ਹਨ।੨।

ਭਾਵ ਹੈ ਕਿ ਪੰਜੇ ਸਤਿਗੁਰੂ ਜੀ ਅਕਾਲ ਪੁਰਖ ਦਾ ਰੂਪ ਹਨ ਤੇ ਇਨ੍ਹਾਂ ਪੰਜਾਂ ਵਿਚ ਇਕੋ ਹੀ ਜੋਤ ਹੈ।

## ੩. ਸ੍ਰੀ ਗੁਰੂ ਹਰਿ ਗੋਬਿੰਦ ਜੀ ਦੀ ਮਹਿਮਾ

੧. ਦਸਤਗੀਰ ਹੁਇ ਪੰਜ ਪੀਰ
ਹਰਿ ਗੁਰੁ ਹਰਿਗੋਬਿੰਦ ਅਤੋਲਾ।
੨. ਦੀਨ ਦੁਨੀ ਦਾ ਪਾਤਸ਼ਾਹ
ਪਾਤਸ਼ਾਹਾਂ ਪਾਤਸ਼ਾਹ ਅਡੋਲਾ।
੩. ਪੰਜ ਪਿਆਲੇ ਅਜਰੁ ਜਰਿ
ਹੋਇ ਮਸਤਾਨ ਸੁਜਾਣ ਵਿਚੋਲਾ।
੪. ਤੁਰੀਆ ਚੜ੍ਹਿ ਜਿਣਿ ਪਰਮ ਤੱਤੁ
ਛਿਅ ਵਰਤਾਰੇ ਕੋਲੋ ਕੋਲਾ।
੫. ਛਿਅ ਦਰਸ਼ਨ ਛਿਅ ਪੀੜ੍ਹੀਆਂ
ਇੱਕਸੁ ਦਰਸਨੁ ਅੰਦਰਿ ਗੋਲਾ।
੬. ਜਤੀ ਸਤੀ ਸੰਤੋਖੀਆਂ
ਸਿੱਧ ਨਾਥ ਅਵਤਾਰ ਵਿਰੋਲਾ।
੭. ਗਿਆਰਹ ਰੁਦ੍ਰ ਸਮੁੰਦ੍ਰ ਵਿਚ
ਮਰਿ ਜੀਵੇ ਤਿਸੁ ਰਤਨ ਅਮੋਲਾ।
੮. ਬਾਰਹ ਸੋਲਾ ਮੇਲ ਕਰਿ
ਵੀਹ ਇਕੀਹ ਚੜ੍ਹਾਉ ਹਿੰਡੋਲਾ।
੯. ਅੰਤਰਜਾਮੀ ਬਾਲਾ ਭੋਲਾ ॥੩॥

**ਪਦ ਅਰਥ :** ਦਸਤਗੀਰ—ਹੱਥ ਫੜਨ ਵਾਲੇ। ਵਿਚੋਲਾ—ਵਕੀਲ। ਪੰਜ ਪਿਆਲੇ—ਪੰਜ ਗਿਆਨ ਇੰਦ੍ਰੇ-ਸਤ ਸੰਤੋਖ ਆਦਿ। ਕੋਲੋ ਕੋਲਾ—ਪਾਸ ਪਾਸ। ਛਿਅ ਵਰਤਾਰੇ—ਛੀ ਭੇਖ। ਵਿਰੋਲਾ—ਰਿੜਕ ਕੇ।

**ਅਰਥ :**

(੧) ਪੰਜ ਪੀਰ (ਪੰਜੇ ਗੁਰੂ) ਸਿਖ ਦਾ ਹੱਥ ਫੜਨ ਵਾਲੇ ਹੋਏ ਹਨ ਤੇ ਹਰੀ ਰੂਪ ਹਰਿਗੋਬਿੰਦ ਜੀ ਅਤੋਲ ਹਨ।
(੨) (ਛੇਵੇਂ ਗੁਰੂ) ਪਾਤਿਸ਼ਾਹਾਂ ਦੇ ਪਾਤਿਸ਼ਾਹ ਹਨ ਤੇ ਅਚੱਲ ਮੂਰਤੀ ਹਨ।
(੩) ਪੰਜ ਅਜਰ ਪਿਆਲੇ (ਸਤ ਸੰਤੋਖ ਆਦਿ) ਇਨ੍ਹਾਂ ਨੇ ਜਰ ਲੀਤੇ ਹਨ ਤੇ ਮਸਤ ਹੋ ਕੇ ਵੱਡੇ ਸੁਜਾਨ ਪ੍ਰਭੂ ਨਾਲ ਮੇਲਣਹਾਰ (ਵਿਚੋਲੇ) ਬਣੇ ਹਨ।
(੪) ਇਨ੍ਹਾਂ ਨੇ ਤੁਰੀਆ ਪਦ ਵਿਚ ਚੜ੍ਹ ਕੇ ਪਰਮ ਤੱਤ ਨੂੰ ਪ੍ਰਾਪਤ ਕੀਤਾ ਹੈ ਤੇ ਛੇ ਦਰਸ਼ਨ (ਮੱਤ) ਇਨ੍ਹਾਂ ਦੇ ਆਸ ਪਾਸ ਵਰਤਦੇ ਹਨ।
(੫) ਛੇ ਦਰਸ਼ਨਾਂ ਦੀਆਂ ਛੇ ਸੰਪ੍ਰਦਾਵਾਂ ਇਕ ਦਰਸ਼ਨ (ਭਾਵ ਗੁਰੂ ਘਰ) ਵਿਚ ਦਾਸ ਹੋ ਕੇ ਵਰਤਦੀਆਂ ਹਨ।
(੬) ਜਤੀਆਂ, ਸਤੀਆਂ, ਸੰਤੋਖੀਆਂ, ਸਿੱਧਾਂ, ਨਾਥਾਂ ਤੇ ਅਵਤਾਰਾਂ ਦਾ ਸਿਧਾਂਤ ਸਿਖ ਪੰਥ ਨੇ ਵਿਰੋਲ ਲਿਆ ਹੈ (ਭਾਵ ਸਭ ਦਾ ਸਾਰ ਗ੍ਰਹਿਣ ਕਰਕੇ ਬਾਕੀ ਫੋਗ ਨੂੰ ਤਿਆਗ ਦਿਤਾ ਹੈ)।
(੭) ਗਿਆਰਾਂ ਰੁਦਰ (ਸਤਿਗੁਰੂ ਜੀ ਦੇ ਹਿਰਦੇ ਰੂਪ) ਸਮੁੰਦਰ ਵਿਚ ਹਨ, ਜਿਹੜੇ ਸਿਖ ਆਪਾ-ਭਾਵ ਮਾਰ ਕੇ ਮਰਜੀਵੇ ਬਣਦੇ ਹਨ, ਉਨ੍ਹਾਂ ਨੂੰ ਅਮੋਲਕ ਰਤਨ ਪ੍ਰਾਪਤ ਹੁੰਦੇ ਹਨ।
(੮) ਬਾਰ੍ਹਾਂ ਰਾਸਾਂ ਵਾਲਾ ਸੂਰਜ, ਸੋਲ੍ਹਾਂ ਕਲਾਂ ਵਾਲਾ ਚੰਦ੍ਰਮਾ ਮਿਲ ਕੇ ਜੀਵ ਈਸ਼ਰ ਦੇ ਮਿਲਾਪ ਦਾ ਝੂਲਣਾ ਝੂਲਦੇ ਹਨ।
(੯) ਸਤਿਗੁਰੂ ਜੀ ਅੰਤਰਜਾਮੀ ਹੁੰਦੇ ਹੋਏ ਵੀ ਬਾਲੇ ਭੋਲੇ ਬਣੇ ਰਹਿੰਦੇ ਹਨ (ਭਾਵ ਆਪਣਾ ਆਪ ਕਿਸੇ ਨੂੰ ਜਣਾਉਂਦੇ ਨਹੀਂ)।੩।

## ੪. ਸਤਿਗੁਰੂ ਜੀ ਦੇ ਚਰਨਾਮ੍ਰਿਤ ਦੀ ਮਹਿਮਾ

੧. ਗੁਰ ਗੋਵਿੰਦ ਖੁਦਾਇ ਪੀਰ
ਗੁਰੁ ਚੇਲਾ ਚੇਲਾ ਗੁਰ ਹੋਆ।
੨. ਨਿਰੰਕਾਰ ਆਕਾਰ ਕਰਿ
ਏਕੰਕਾਰੁ ਅਕਾਰੁ ਪਛੋਆ।
੩. ਓਅੰਕਾਰ ਅਕਾਰੁ ਲਖ
ਲੱਖ ਦਰੀਯਾਉ ਕਰੇਂਦੇ ਢੋਆ।
੪. ਲੱਖ ਦਰੀਆਉ ਸਮੁੰਦ੍ਰ ਵਿਚ
ਸੱਤ ਸਮੁੰਦ੍ਰ ਗਿੜਾੜ ਸਮੋਆ।
੫. ਲੱਖ ਗੜਾੜ ਕੜਾਹ ਵਿਚਿ
ਤ੍ਰਿਸ਼ਨਾ ਦੱਝਹਿ ਸੀਖ ਪਰੋਆ।
੬. ਬਾਵਨ ਚੰਦਨ ਬੂੰਦ ਇਕੁ
ਠੰਢੇ ਤੱਤੇ ਹੋਇ ਖਲੋਆ।
੭. ਬਾਵਨ ਚੰਦਨ ਲੱਖ ਲੱਖ
ਚਰਣ ਕਵਲ ਚਰਣੋਦਕੁ ਹੋਆ।
੮. ਪਾਰਬ੍ਰਹਮੁ ਪੂਰਨ ਬ੍ਰਹਮੁ
ਆਦਿ ਪੁਰਖੁ ਆਦੇਸੁ ਅਲੋਆ।
੯. ਹਰਿਗੋਵਿੰਦ ਗੁਰ ਛਤ੍ਰ ਚੰਦੋਆ ॥੪॥

**ਪਦ ਅਰਥ :** ਪਛੋਆ—ਪਿੱਛੇ ਹੈ। ਗੜਾੜ—ਵੱਡਾ ਸੁਮੰਦਰ, ਮਹਾਂਸਾਗਰ। ਸੀਖ ਪਰੋਆ—ਸੀਖ ਵਿਚ ਪਰੋਏ ਹੋਏ। ਠੰਢੇ ਤੱਤੇ—ਤੱਤੇ ਤੋਂ ਠੰਢੇ ਹੋਣਾ। ਅਲੋਆ—ਨਿਰਣੇ ਕਰਨਾ।

**ਅਰਥ :**

(੧) ਸ੍ਰੀ ਗੁਰੂ ਹਰਿਗੋਵਿੰਦ ਪੀਰ ਖ਼ੁਦਾ ਦਾ ਰੂਪ ਹੈ, ਕਿਉਂਕਿ ਉਹ ਗੁਰੂ ਅਰਜਨ ਦੇਵ ਜੀ ਦਾ ਚੇਲਾ ਬਣ ਕੇ ਗੁਰੂ ਬਣਿਆ ਹੈ।
(੨) ਨਿਰੰਕਾਰ ਨੇ ਪਹਿਲੇ ਇਕਾਂਗ ਰਚ ਕੇ ਪਿਛੋਂ ਗੁਰੂ ਦਾ ਅਕਾਰ ਬਣਾਇਆ ਹੈ।
(੩) ਓਅੰਕਾਰ ਦੇ ਅਕਾਰ ਤੋਂ ਹੀ ਲੱਖਾਂ ਦਰਯਾ ਨਿਕਲੇ ਹਨ।

(੪) ਲੱਖਾਂ ਦਰਿਆ ਸਮੁੰਦਰ ਵਿਚ ਜਾ ਮਿਲਦੇ ਹਨ, ਫਿਰ ਸੱਤ ਸਮੁੰਦਰ ਮਹਾਂਸਾਗਰ ਵਿਚ ਸਮਾਉਂਦੇ ਹਨ।
(੫) ਤ੍ਰਿਸ਼ਨਾ ਰੂਪੀ ਕੜਾਹ (ਅਗਨੀ) ਵਿਚ ਲੱਖਾਂ ਮਹਾਂ-ਸਾਗਰ ਸੀਖ ਵਿਚ ਪਰੋਤੇ ਮਾਸ ਵਾਂਗੂੰ ਸੜਦੇ ਹਨ।
(੬) ਇਹ ਸਾਰੇ ਸੜਨਹਾਰੇ ਬਾਵਨ ਚੰਦਨ ਦੀ ਇਕ ਬੂੰਦ ਨਾਲ ਤੱਤੇ ਤੋਂ ਠੰਢੇ ਹੋ ਖੜੋਂਦੇ ਹਨ। (ਉਹ ਬਾਵਨ ਚੰਦਨ ਕਿਹੜਾ ਹੈ)?
(੭) (ਉਹ) ਲੱਖਾਂ ਤੋਂ ਲੱਖਾਂ ਬਾਵਨ ਚੰਦਨ ਸਤਿਗੁਰੂ ਹਰਿਗੋਵਿੰਦ ਜੀ ਦੇ ਚਰਨ ਕਵਲਾਂ ਦੇ ਚਰਣੋਦਕ ਤੋਂ ਹੋਏ ਹਨ।
(੮) ਆਦਿ ਪੁਰਖ ਪੂਰਨ ਬ੍ਰਹਮ ਹੀ ਸਰਗੁਣ ਰੂਪ ਗੁਰੂ ਹੋ ਕੇ ਸਭ ਦੇਸਾਂ ਵਿਚ ਆਇਆ ਵੇਖੀਦਾ ਹੈ।
(੯) ਸ੍ਰੀ ਗੁਰੂ ਹਰਿਗੋਵਿੰਦ ਜੀ ਦੇ ਜਸ ਦਾ ਛੱਤ੍ਰ ਤੇ ਚੰਦੋਆ ਚੰਦ੍ਰਮਾ ਵਾਂਗੂੰ ਹਰ ਪਾਸੇ ਤਣਿਆ ਹੋਇਆ ਹੈ।੪।

ਭਾਵ ਹੈ ਹਰਿਗੋਵਿੰਦ, ਸਿਖੀ ਦਾ ਗੁਰੂ ਕਲਿਆਣ ਕਰਤਾ, ਸ਼ਬਦ ਦਾਤਾ, ਛਤ੍ਰਪਤਿ ਤੇ ਚੰਦੋਆ—ਆਸਰਾ ਹੈ।

ਤ੍ਰਿਸ਼ਨਾ ਦੀ ਅੱਗ ਸਤਿਗੁਰੂ ਜੀ ਦੇ ਚਰਣਾਮ੍ਰਿਤ ਪੀਣ ਨਾਲ ਸ਼ਾਂਤ ਹੋ ਜਾਂਦੀ ਹੈ।

## ੫. ਸੰਤਾਂ ਦਾ ਦੇਸ ਧਨ ਨਾਲ ਨਹੀਂ ਮਿਲਦਾ

**੧. ਸੂਰਜ ਦੇ ਘਰਿ ਚੰਦ੍ਰਮਾ**
**ਵੈਰੁ ਵਿਰੋਧੁ ਉਠਾਵੈ ਕੇਤੇ।**
**੨. ਸੂਰਜ ਆਵੈ ਚੰਦ੍ਰ ਘਰਿ**
**ਵੈਰੁ ਵਿਸਾਰਿ ਸਮਾਲੈ ਹੇਤੇ।**
**੩. ਜੋਤੀ ਜੋਤਿ ਸਮਾਇਕੈ**
**ਪੂਰਨ ਪਰਮ ਜੋਤਿ ਚਿਤਿ ਚੇਤੇ।**
**੪. ਲੋਕ ਵੇਦ ਗੁਣੁ ਗਿਆਨੁ ਮਿਲਿ**
**ਪਿਰਮ ਪਿਆਲਾ ਮਜਲਸ ਭੇਤੇ।**
**੫. ਛਿਅ ਰੁਤੀ ਛਿਅ ਦਰਸ਼ਨਾ**
**ਇਕੁ ਸੂਰਜੁ ਗੁਰ ਗਿਆਨੁ ਸਮੇਤੇ।**
**੬. ਮਜ਼ਹਬ ਵਰਨ ਸਪਰਸ ਕਰਿ**
**ਅਸਟ ਧਾਤ ਇਕੁ ਧਾਤੁ ਸੁਖੇਤੇ।**
**੭. ਨਉ ਘਰ ਥਾਪੇ ਨਵੇਂ ਅੰਗ**
**ਦਸਮਾ ਸੁੰਨ ਲੰਘਾਇ ਅਗੇਤੇ।**
**੮. ਨੀਲ ਅਨੀਲ ਅਨਾਹਦੋ**
**ਨਿਝਰੁ ਧਾਰਿ ਅਪਾਰ ਸਨੇਤੇ।**
**੯. ਵੀਹ ਇਕੀਹ ਅਲੇਖ ਲੇਖ**
**ਸੰਖ ਅਸੰਖ ਨ ਸਤਿਜੁਗ ਤ੍ਰੇਤੇ।**
**੧੦. ਚਾਰ ਵਰਨ ਤੰਬੋਲ ਰਸ**
**ਦੇਵ ਕਰੇਂਦਾ ਪਸੂ ਪਰੇਤੇ।**
**੧੧. ਫੱਕਰ ਦੇਸ ਕਿਉ ਮਿਲੈ ਦਮੇਤੇ ॥੫॥**

***ਪਦ ਅਰਥ :*** ਹੇਤੇ—ਹਿਤ। ਚਿਤਿ ਚੇਤੇ—ਚਿਤ ਵਿਚ ਚੇਤਦੇ ਹਨ। ਸਮੇਤੇ—ਸਮਾਨ। ਸੁਖੇਤੇ—ਸੁਖੈਨ। ਅਗੇਤੇ—ਅੱਗੇ। ਦਮੇਤੇ—ਦਮੜਿਆਂ ਨਾਲ। ਫੱਕਰ ਦੇਸ—ਸਾਧਸੰਗਤ।

### *ਅਰਥ :*

(੧) (ਜਿਸ ਤਰ੍ਹਾਂ) ਸੂਰਜ ਦੇ ਘਰ ਵਿਚ ਚੰਦ੍ਰਮਾਂ ਆਵੇ ਤਾਂ ਕਈ ਵੈਰ ਵਿਰੋਧ ਉਠਦੇ ਹਨ, (ਇਸੇ ਤਰ੍ਹਾਂ ਮਾਇਆ ਦੇ ਘਰ ਵਿਚ ਗੁਰਮੁਖ ਆਵੇ ਤਾਂ ਕਈ ਉਪੱਦ੍ਰਵ ਉਠਦੇ ਹਨ।)
(੨) ਜੇ ਚੰਦ ਦੇ ਘਰ ਸੂਰਜ ਆਵੇ ਤਾਂ ਵੈਰ ਵਿਸਾਰ ਕੇ ਪ੍ਰੇਮ ਵਧਦਾ ਹੈ (ਇਸੇ ਤਰ੍ਹਾਂ ਸੰਤਾਂ ਦੇ ਘਰ ਮਾਇਆ ਆਵੇ ਤਾਂ ਸੰਸਾਰ ਦੇ ਸੁਖ ਲਈ ਵਰਤੀ ਜਾਂਦੀ ਹੈ)।
(੩) ਗੁਰਮੁਖ ਜੋਤੀ ਵਿਚ ਆਪਣੀ ਜੋਤ ਨੂੰ ਮਿਲਾ ਕੇ ਪਰਮਾਤਮਾ ਦੀ ਪਰਮ ਜੋਤ ਨੂੰ ਆਪਣੇ ਚਿਤ ਵਿਚ ਚੇਤਦੇ ਹਨ।
(੪) ਸੰਤਾਂ ਦੀ ਮਜਲਸ ਵਿਚ ਲੋਕ ਪ੍ਰੇਮ ਦਾ ਪਿਆਲਾ ਮਿਲ ਕੇ ਪੀਂਦੇ ਹਨ ਤੇ ਗੁਣ ਤੇ ਗਿਆਨ ਦੇ ਸਾਰੇ ਭੇਤ ਜਾਣਦੇ ਹਨ।
(੫) (ਜਿਸ ਤਰ੍ਹਾਂ) ਇਕ ਸੂਰਜ ਤੋਂ ਛੇਆਂ ਰੁੱਤਾਂ ਦਾ ਗਿਆਨ ਹੁੰਦਾ ਹੈ (ਇਸੇ ਤਰ੍ਹਾਂ) ਇਕ ਗੁਰੂ ਦੇ ਗਿਆਨ ਤੋਂ ਛੇਆਂ ਦਰਸ਼ਨਾਂ (ਸੰਤਾਂ) ਦਾ ਭੇਦ ਪ੍ਰਗਟ ਹੁੰਦਾ ਹੈ।
(੬) (ਜਿਸ ਤਰ੍ਹਾਂ) ਅਠੇ ਧਾਤਾਂ ਪਾਰਸ ਨੂੰ ਪਰਸ ਕੇ ਸੋਨਾ ਹੋ ਜਾਂਦੀਆਂ ਹਨ, ਇਸੇ ਤਰ੍ਹਾਂ ਚਾਰੇ ਮਜ਼ਹਬ ਤੇ ਚਾਰ ਵਰਨ ਗੁਰੂ ਪਾਰਸ ਨਾਲ ਮਿਲ ਕੇ ਇਕ ਵਰਨ (ਸੋਨਾ) ਹੋ ਜਾਂਦੇ ਹਨ।
(੭) ਨੌਂ ਅੰਗਾਂ ਰੂਪ ਨੌਂ ਘਰ ਥਾਪੇ ਹਨ। ਦਸਵਾਂ ਘਰ ਬਿੰਦੀ ਰੂਪ ਅਗਾਹਾਂ ਲੰਘਾਉਂਦਾ ਹੈ, ਜਿਵੇਂ ਨਵਾਂ ਅੰਗਾਂ ਦਾ

ਮੁੱਲ ਬਿੰਦੀ ਲਾਉਣ ਨਾਲ ਦਸ ਗੁਣਾਂ ਵਧ ਜਾਂਦਾ ਹੈ, ਤਿਵੇਂ ਨਵਾਂ ਗੋਲਕਾਂ ਦੀ ਸੁਰਤ ਜਦ ਦਸਮ ਦੁਆਰ ਨਾਲ ਮਿਲਦੀ ਹੈ, ਤਦ ਉਹ ਸੁਰਤ ਪ੍ਰਭੂ ਦੇ ਚਰਨਾਂ ਵਿਚ ਜਾ ਸਮਾਉਂਦੀ ਹੈ।

(੮) ਗਿਣਤੀ ਤੋਂ ਪਾਰ ਹੋ ਕੇ ਅਨਹਦ ਰੂਪ ਨਾਮ ਦੀ ਧਾਰ ਚੋਂਦੀ ਹੈ।

(੯) ਗੁਰਮੁਖ ਵੀਹ ਇਕੀਹ ਦੇ ਲੇਖਿਆਂ ਤੋਂ ਪਾਰ ਹੋ ਕੇ ਤੁਰੀਆ ਪਦ ਵਿਚ ਲੇਖੇ ਤੋਂ ਅਲੇਖ ਤੇ ਸੰਖ ਤੋਂ ਅਸੰਖ ਹੋ ਜਾਂਦਾ ਹੈ ਤੇ ਫਿਰ ਸਤਿਜੁਗ ਤੇ ਤਰੇਤੇ ਆਦਿ ਜੁਗਾਂ ਵਿਚ ਨਹੀਂ ਜਾਂਦਾ।

(੧੦) (ਜਿਸ ਤਰ੍ਹਾਂ) ਚਾਰ ਰੰਗਾਂ ਵਾਲੇ ਪਾਨ ਦੇ ਬੀੜੇ ਦਾ ਇਕ ਰੰਗ ਹੁੰਦਾ ਹੈ (ਇਸੇ ਤਰ੍ਹਾਂ) ਗੁਰਮੁਖ ਪਸ਼ੂ ਤੇ ਪਰੇਤ ਤੋਂ ਦੇਵਤਾ ਬਣਾ ਦਿੰਦਾ ਹੈ।

(੧੧) ਸੰਤਾਂ ਦੇ ਦੇਸ ਦਾ ਵਾਸਾ ਦਮੜਿਆਂ ਨਾਲ ਕਿਸ ਤਰ੍ਹਾਂ ਮਿਲ ਸਕਦਾ ਹੈ ? ਭਾਵ ਕਿਸੇ ਤਰ੍ਹਾਂ ਭੀ ਨਹੀਂ ਮਿਲ ਸਕਦਾ।੫।

## ੬. ਸੱਚਾ ਜੀਵਨ ਹੀ ਸਭ ਤੋਂ ਉੱਚਾ ਹੈ

**੧. ਚਾਰ ਮਜ਼ਹਬ ਚਾਰ ਵਰਨ**
**ਛਿਅ ਦਰਸ਼ਨ ਵਰਤੈ ਵਰਤਾਰਾ।**
**੨. ਸਿਵ ਸਕਤੀ ਵਿੱਚਿ ਵਣਜ ਕਰਿ**
**ਚਉਦਹ ਹੱਟ ਸ਼ਾਹ ਵਣਜਾਰਾ।**
**੩. ਸੱਚ ਵਣਜ ਗੁਰ ਹੱਟੀਐ**
**ਸਾਧ ਸੰਗਤਿ ਕੀਰਤਿ ਕਰਤਾਰਾ।**
**੪. ਗਜਾਨ ਧਜਾਨ ਸਿਮਰਨ ਸਦਾ**
**ਭਾਉ ਭਗਤਿ ਭਉ ਸਬਦ ਵਿਚਾਰਾ।**
**੫. ਨਾਮ ਦਾਨ ਇਸਨਾਨ ਦ੍ਰਿੜ**
**ਗੁਰਮੁਖਿ ਪੰਥ ਰਤਨ ਵਾਪਾਰਾ।**
**੬. ਪਰਉਪਕਾਰੀ ਸਤਿਗੁਰੂ**
**ਸੱਚ ਖੰਡ ਵਾਸਾ ਨਿਰੰਕਾਰਾ।**
**੭. ਚਉਦਹ ਵਿਦਿਆ ਸੋਧਿਕੈ**
**ਗੁਰਮੁਖ ਸੁਖ ਫਲ ਸੱਚ ਪਿਆਰਾ।**
**੮. ਸੱਚਹੁ ਓਰੈ ਸਭ ਕਿਛੁ**
**ਉੱਪਰਿ ਗੁਰਮੁਖਿ ਸੱਚ ਆਚਾਰਾ।**
**੯. ਚੰਦਨ ਵਾਸ ਵਣਾਸਪਤਿ**
**ਗੁਰੁ ਉਪਦੇਸ ਤਰੈ ਸੈਸਾਰਾ।**
**੧੦. ਅਪਿਉ ਪੀਆ ਗੁਰਮਤਿ ਹੁਸ਼ਿਆਰਾ॥੬॥**

***ਪਦ ਅਰਥ :*** ਚਾਰ ਮਜ਼ਹਬ—(ਮੁਸਲਮਾਨਾਂ ਦੇ) ਚਾਰ ਮੱਤ। ਵਰਤਾਰਾ—ਕੌਤਕ। ਸਿਵ ਸਕਤੀ—ਸਤੋ ਤੇ ਤਮੋ। ਵਣਜ—ਵਪਾਰ। ਰਤਨ—ਭਾਵ ਵੈਰਾਗ। ਚੰਦਨ ਵਾਸ—ਗੁਰੂ ਚੰਦਨ, ਗੁਰ ਉਪਦੇਸ਼।

### *ਅਰਥ :*

(੧) (ਸੰਸਾਰ ਵਿਚ) ਚਾਰ ਮਜ਼ਹਬਾਂ, ਚਾਰ ਵਰਨਾਂ ਤੇ ਛੇ ਦਰਸ਼ਨਾਂ ਦਾ ਵਰਤਾਰਾ (ਕੌਤਕ) ਵਰਤ ਰਿਹਾ ਹੈ।

(੨) ਚੌਦਾਂ ਹੱਟੀਆਂ ਦੇ ਸ਼ਾਹ ਤੇ ਵਣਜਾਰੇ ਸਤੋ, ਤਮੋ ਤੇ ਰਜੋ ਗੁਣ ਦਾ ਵਣਜ ਵਪਾਰ ਕਰਦੇ ਹਨ।

(੩) ਸਾਧ ਸੰਗਤ ਰੂਪੀ ਸਤਿਗੁਰਾਂ ਦੀ ਹੱਟੀ 'ਤੇ ਪ੍ਰਭੂ ਦਾ ਕੀਰਤਨ ਸੱਚਾ ਵਣਜ ਹੁੰਦਾ ਹੈ।

(੪) (ਉਥੇ) ਗਿਆਨ, ਧਿਆਨ, ਪ੍ਰਭੂ ਦਾ ਸਿਮਰਨ, ਪ੍ਰੇਮਾ-ਭਗਤੀ ਤੇ ਸ਼ਬਦ ਦਾ ਵਿਚਾਰ ਹੁੰਦਾ ਹੈ।

(੫) (ਗੁਰਮੁਖਾਂ ਦੇ ਪੰਥ ਵਿਚ) ਨਾਮ, ਦਾਨ ਤੇ ਇਸ਼ਨਾਨ ਦੀ ਸਿਖਿਆ ਦ੍ਰਿੜ੍ਹ ਕਰਾਈ ਜਾਂਦੀ ਹੈ ਤੇ ਵੈਰਾਗ ਆਦਿ ਸ਼ੁਭ ਗੁਣਾਂ ਰੂਪੀ ਰਤਨਾਂ ਦਾ ਵਪਾਰ ਹੁੰਦਾ ਹੈ।

(੬) ਸਤਿਗੁਰੂ ਪਰਉਪਕਾਰੀ ਹਨ, ਜੋ ਨਿਰੰਕਾਰ ਦੇ ਸੱਚ ਖੰਡ ਵਿਚ ਵੱਸਦੇ ਹਨ।

(੭) (ਸਤਿਗੁਰੂ ਜੀ ਦੇ ਸਿੱਖਾਂ ਨੇ) ਚੌਦਾਂ ਵਿਦਿਆਂ ਨੂੰ ਵਿਚਾਰ ਕੇ ਸੱਚ ਨਾਲ ਪਿਆਰ ਕਰਨਾ ਹੀ ਸੁਖ ਫਲ ਜਾਣਿਆ ਹੈ।

(੮) ਸਭ ਸਾਧਨ ਸੱਚ ਤੋਂ ਉਰ੍ਹੇ ਹਨ, ਸਿਰਫ਼ ਗੁਰਮੁਖਾਂ ਦਾ ਸੱਚਾ ਆਚਾਰ (ਕਰਤੱਬ) ਸੱਚ ਤੋਂ ਉੱਚਾ ਹੈ।

(੯) (ਜਿਸ ਤਰ੍ਹਾਂ) ਚੰਦਨ ਦੀ ਵਾਸ਼ਨਾ ਨਾਲ ਸਾਰੀ ਬਨਾਸਪਤੀ ਸੁਗੰਧਤ ਹੋ ਜਾਂਦੀ ਹੈ। (ਇਸੇ ਤਰ੍ਹਾਂ) ਗੁਰੂ ਦੇ ਉਪਦੇਸ਼ ਨਾਲ ਸਾਰਾ ਸੰਸਾਰ ਤਰ ਜਾਂਦਾ ਹੈ।

(੧੦) ਜਿਸ ਜੀਵ ਨੇ ਸਤਿਗੁਰਾਂ ਦਾ ਸਿਖਿਆ ਰੂਪ ਅੰਮ੍ਰਿਤ ਪੀਤਾ ਹੈ (ਉਹ ਬਦਮਸਤ ਨਹੀਂ ਹੁੰਦਾ) ਉਹ ਕਾਮ ਕ੍ਰੋਧ ਆਦਿ ਵੈਰੀਆਂ ਤੋਂ ਹੁਸ਼ਿਆਰ ਰਹਿੰਦਾ ਹੈ।੬।

## ੭. ਗੁਰਮੁਖ ਵਿਚ ਗੁਰੂ ਵੱਸਦਾ ਹੈ

੧. ਅਮਲੀ ਸੂਫੀ ਚਾਕਰਾਂ
ਆਪੁ ਆਪਣੇ ਲਾਗੇ ਬੰਨੇ।
੨. ਮਹਰਮ ਹੋਇ ਵਜੀਰ ਸੋ
ਮੰਤ੍ਰ ਪਿਆਲਾ ਮੂਲ ਨ ਮੰਨੇ।
੩. ਨਾ ਮਹਿਰਮ ਹੁਸਿਆਰ ਮਸਤ
ਮਰਦਾਨੀ ਮਜਲਸ ਕਰਿ ਭੰਨੇ।
੪. ਤਕਰੀਰੀ ਤਹਰੀਰ ਵਿਚਿ
ਪੀਰ ਪਰਸਤ ਮੁਰੀਦ ਉਪੰਨੇ।
੫. ਗੁਰਮਤਿ ਅਲਖ ਨ ਲਖੀਐ
ਅਮਲੀ ਸੂਫੀ ਲੱਗਨ ਕੰਨੇ।
੬. ਅਮਲੀ ਜਾਣਨਿ ਅਮਲੀਆਂ
ਸੋਫੀ ਜਾਣਨਿ ਸੋਫੀ ਵੰਨੇ।
੭. ਹੇਤ ਵਜੀਰੇ ਪਾਤਿਸਾਹ
ਦੁਇ ਖੋੜੀ ਇਕੁ ਜੀਉ ਸਿਧੰਨੇ।
੮. ਜਿਉ ਸ਼ਮਸ਼ੇਰ ਮਿਆਨ ਵਿਚਿ
ਇਕਤੁ ਥੋਕੁ ਰਹਿਨ ਦੁਇ ਖੰਨੇ।
੯. ਵੀਹ ਇਕੀਹ ਜਿਵੇਂ ਰਸ ਗੰਨੇ ॥੭॥

***ਪਦ ਅਰਥ :*** ਬੰਨੇ—ਕੰਮ। ਮੰਤ੍ਰ—ਸਲਾਹ। ਤਕਰੀਰੀ—ਗੱਲਾਂ। ਤਹਰੀਰ—ਲਿਖਤ। ਪੀਰ ਪਰਸਤ—ਗੁਰੂ ਪੂਜਕ। ਮੁਰੀਦ ਉਪੰਨੇ—ਚੇਲੇ ਹੋਏ। ਕੰਨੇ—ਪਾਸ। ਖੋੜੀ—ਦੇਹ। ਸਿਧੰਨੇ—ਸਿੱਧ ਹੁੰਦਾ ਹੈ।

***ਅਰਥ :***

(੧) ਅਮਲੀ ਤੇ ਸੋਫੀ (ਅਮਲ ਨਾ ਵਰਤਨ ਵਾਲੇ) ਦੋਵੇਂ ਨੌਕਰ ਹੋ ਕੇ ਆਪੋ ਆਪਣੇ ਕੰਮਾਂ ਵਿਚ ਲਗਦੇ ਹਨ।
(੨) ਜਿਹੜਾ ਵਜ਼ੀਰ ਪਾਤਿਸ਼ਾਹ ਦਾ ਭੇਤੀ ਹੁੰਦਾ ਹੈ, ਉਸਨੂੰ ਸਲਾਹ ਦਾ ਪਿਆਲਾ ਕਦਾਚਿਤ ਮਨ੍ਹਾਂ ਨਹੀਂ ਹੁੰਦਾ।
(੩) (ਅਤੇ) ਜੋ ਭੇਤੀ ਨਹੀਂ ਹੁੰਦਾ, ਉਹ ਚਾਹੇ ਹੁਸ਼ਿਆਰ ਹੋਵੇ ਜਾਂ ਸੁਸਤ, ਉਸਨੂੰ ਮਰਦਾਨੀ ਮਜਲਸ ਤੋਂ ਦੂਰ ਕੀਤਾ ਜਾਂਦਾ ਹੈ।
(੪) ਜੋ ਬਾਣੀ ਤੇ ਲਿਖਤ ਵਿਚ ਗੁਰੂ ਦੀ ਪੂਜਾ ਕਰਨ ਵਾਲੇ ਮੁਰੀਦ ਹੋਏ ਹਨ (ਉਨ੍ਹਾਂ ਨੂੰ ਵਜ਼ੀਰੀ ਦੀ ਪਦਵੀ ਮਿਲਦੀ ਹੈ)।
(੫) ਜਿਨ੍ਹਾਂ ਨੇ ਗੁਰੂ ਦੀ ਸਿਖਿਆ ਲੈ ਕੇ ਅਲਖ ਨੂੰ ਨਹੀਂ ਲਖਿਆ, ਉਹ ਅਮਲੀ ਸੋਫੀਆਂ ਦੇ ਕੋਲ ਨਹੀਂ ਬੈਠ ਸਕਦੇ (ਭਾਵ ਵਿਕਾਰੀ ਆਦਮੀ ਸੰਤਾਂ ਦੀ ਮਜਲਸ ਵਿਚ ਨਹੀਂ ਬੈਠ ਸਕਦਾ)।
(੬) ਅਮਲੀ ਅਮਲੀਆਂ ਨੂੰ ਜਾਣਦੇ ਹਨ ਤੇ ਸੋਫੀ ਸੋਫੀਆਂ ਦੇ ਰੂਪ ਨੂੰ ਜਾਣਦੇ ਹਨ।
(੭) ਵਜ਼ੀਰ ਤੇ ਪਾਤਿਸ਼ਾਹ ਦਾ ਆਪੋ ਵਿਚ ਪ੍ਰੇਮ ਹੁੰਦਾ ਹੈ, ਦੋਹਾਂ ਦੀ ਦੇਹ ਦਾ ਇਕ ਜੀਵ ਹੁੰਦਾ ਹੈ।
(੮) ਜਿਵੇਂ ਦੋ ਤਲਵਾਰਾਂ ਦੋ ਮਿਆਨਾਂ ਵਿਚ ਇਕੋ ਇਕ ਹੁੰਦੀ ਹੈ, ਪਰ ਇਕ ਖਾਨੇ (ਮਿਆਨ) ਵਿਚ ਵਸਤੂ ਇਕੋ ਹੁੰਦੀ ਹੈ (ਇਸੇ ਤਰ੍ਹਾਂ ਵਜ਼ੀਰ ਤੇ ਪਾਤਿਸ਼ਾਹ ਦੀਆਂ ਦੇਹਾਂ ਵਿਚ ਜੀਵ ਇਕੋ ਹੁੰਦਾ ਹੈ।)
(੯) ਅਨੇਕਾਂ ਗੰਨਿਆਂ ਵਿਚ ਰਸ ਇਕੋ ਤਰ੍ਹਾਂ ਦਾ ਹੁੰਦਾ ਹੈ।੭।

ਭਾਵ ਜਿਨ੍ਹਾਂ ਗੁਰਸਿੱਖਾਂ ਵਿਚ ਗੁਰੂ ਵੱਸਦਾ ਹੈ, ਉਹ ਗੁਰਮੁਖ ਹਨ, ਫੋਕੀਆਂ ਗੱਲਾਂ ਕਰਨ ਵਾਲੇ ਗਿਆਨੀ ਗੁਰਮੁਖ ਨਹੀਂ ਕਹੇ ਜਾਂਦੇ।

## ੮. ਪ੍ਰੇਮ-ਰਸ ਪੀਣ ਵਾਲੇ ਤਰ ਜਾਂਦੇ ਹਨ

੧. ਚਾਕਰ ਅਮਲੀ ਸੋਫੀਆਂ
ਪਾਤਿਸਾਹ ਦੀ ਚਉਕੀ ਆਏ।
੨. ਹਾਜ਼ਰ ਹਾਜ਼ਰਾ ਲਿਖੀਅਨਿ
ਗੈਰ ਹਾਜ਼ਰਾਂ ਗੈਰ ਹਾਜ਼ਰਿ ਲਾਏ।
੩. ਲਾਇਕ ਦੇ ਵੀਚਾਰਕੈ
ਵਿਰਲੇ ਮਜਲਸ ਵਿੱਚਿ ਸਦਾਏ।
੪. ਪਾਤਿਸਾਹ ਹੁਸਿਆਰ ਮਸਤ
ਖੁਸ਼ ਫਹਮੀ ਦੋਵੇ ਪਰਚਾਏ।
੫. ਦੇਣ ਪਿਆਲੇ ਅਮਲੀਆਂ
ਸੋਫੀ ਸਭ ਪੀਆਵਣ ਲਾਏ।
੬. ਮਤਵਾਲੇ ਅਮਲੀ ਹੋਏ
ਪੀ ਪੀ ਚੜ੍ਹੇ ਸਹਜਿ ਘਰ ਆਏ।

**੭. ਸੂਫੀ ਮਾਰਨਿ ਟੱਕਰਾਂ**
**ਪੂਜ ਨਿਵਾਜੈ ਸੀਸ ਨਿਵਾਏ।**
**੮. ਵੇਦ ਕਿਤਾਬ ਅਜਾਬ ਵਿੱਚ**
**ਕਰਿ ਕਰਿ ਖੁਦੀ ਬਹਸ ਬਹਸਾਏ।**
**੯. ਗੁਰਮੁਖਿ ਸੁਖ ਫਲ ਵਿਰਲਾ ਪਾਏ ॥੮॥**

***ਪਦ ਅਰਥ :*** ਅਮਲੀ—ਪ੍ਰੇਮ ਰਸੀਏ। ਸੋਫੀ—ਗਿਆਨ-ਹੀਨ। ਖੁਸ਼ ਫਹਮੀ—ਸਮਝਦਾਰ।

***ਅਰਥ :***

(੧) ਅਮਲੀ (ਪ੍ਰੇਮ-ਰਸੀਏ) ਤੇ ਸੋਫੀ (ਪ੍ਰੇਮ ਤੋਂ ਹੀਨੇ) ਦੋਵੇਂ ਨੌਕਰ ਪਾਤਿਸ਼ਾਹ ਦੀ ਹਜ਼ੂਰੀ ਵਿਚ ਆਏ।
(੨) ਜੋ ਹਾਜ਼ਰ ਸਨ, ਉਨ੍ਹਾਂ ਨੂੰ ਹਾਜ਼ਰ ਲਿਖਿਆ ਗਿਆ ਤੇ ਗ਼ੈਰ ਹਾਜ਼ਰਾਂ ਦੀ ਗ਼ੈਰ-ਹਾਜ਼ਰੀ ਲਾਈ ਗਈ (ਭਾਵ ਸਨਮੁਖ ਹਾਜ਼ਰ ਤੇ ਬੇਮੁਖ ਗ਼ੈਰ-ਹਾਜ਼ਰ ਜਾਣੇ ਗਏ)।
(੩) ਉਨ੍ਹਾਂ ਵਿਚੋਂ ਜਿਹੜੇ ਲਾਇਕ ਸਨ, ਉਨ੍ਹਾਂ ਨੂੰ ਚੋਣਵੇਂ ਜਾਣ ਕੇ ਮਜਲਸ ਵਿਚ ਸਦਿਆ ਗਿਆ।
(੪) ਪਾਤਿਸ਼ਾਹ ਹੁਸ਼ਿਆਰ ਹੈ, ਉਸਨੇ ਮਸਤ ਅਕਲਮੰਦ ਦੋਹਾਂ ਨੂੰ ਪਰਚਾਇਆ ਹੋਇਆ ਹੈ (ਭਾਵ ਦੋਹਾਂ ਨੂੰ ਪ੍ਰੇਮ ਪਿਆਲਾ ਦਿਤਾ ਹੈ)।
(੫) ਅਮਲੀਆਂ ਨੂੰ ਪ੍ਰੇਮ ਪਿਆਲੇ ਪਿਆਉਣ ਲਈ ਸਭ ਸੋਫੀਆਂ ਨੂੰ ਲਾਇਆ ਹੈ (ਭਾਵ ਕਥਾ ਵਾਚਕ ਪ੍ਰੇਮੀਆਂ ਨੂੰ ਪ੍ਰਭੂ ਦੀ ਕਥਾ ਤੇ ਕੀਰਤਨ ਸੁਣਾਉਂਦੇ ਹਨ)।
(੬) ਮਤਵਾਲੇ ਅਮਲੀ ਇਹ ਪ੍ਰੇਮ ਪਿਆਲੇ ਪੀ ਪੀ ਕੇ ਮਸਤ ਹੋਏ ਹਨ ਤੇ ਉਹ ਸਹਿਜ ਅਵਸਥਾ (ਆਤਮ ਘਰ) ਵਿਚ ਜਾ ਵੱਸੇ ਹਨ।
(੭) ਸੂਫ਼ੀ (ਪ੍ਰੇਮ-ਹੀਨ) ਟੱਕਰਾਂ ਮਾਰਦੇ ਖ਼ਾਲੀ ਰਹਿ ਗਏ ਤੇ ਪੂਜਾ ਨਿਮਾਜ਼ਾਂ ਤੇ ਸੀਸ ਨਿਵਾਉਣ ਵਿਚ ਹੀ ਲੱਗੇ ਰਹੇ।
(੮) ਉਹ ਵੇਦਾਂ ਕਤੇਬਾਂ ਦੇ ਦੱਸੇ ਕਰਮ-ਕਾਂਡਾਂ ਵਿਚ ਦੁਖੀ ਹੋਏ ਫਿਰਦੇ ਰਹੇ ਤੇ ਹੰਕਾਰ ਵਿਚ ਆਏ ਆਪੋ ਵਿਚ ਝਗੜੇ ਝਗੜਦੇ ਰਹੇ।
(੯) ਕੋਈ ਵਿਰਲਾ ਗੁਰਮੁਖ ਹੀ (ਪ੍ਰੇਮ-ਰਸ) ਦਾ ਸੁਖ ਫਲ ਪ੍ਰਾਪਤ ਕਰਦਾ ਹੈ।੮।

***ਭਾਵਾਰਥ :*** ਸੋਫੀ ਅਸਲ ਵਿਚ ਗਿਆਨੀ ਨੂੰ, ਅਰ ਇਕ ਤਰ੍ਹਾਂ ਦੇ ਮੁਸਲਮਾਨ ਫ਼ਕੀਰਾਂ ਨੂੰ ਕਹਿੰਦੇ ਹਨ, ਪਰ ਪੰਜਾਬੀ ਵਿਚ ਸੋਫ਼ੀ ਸ਼ਰਾਬ ਨਾ ਪੀਣ ਵਾਲੇ ਦਾ ਨਾਮ ਹੈ, ਭਾਈ ਸਾਹਿਬ ਜੀ ਨੇ ਦੋਵੇਂ ਕਟਾਖਯ ਮੇਲ ਕੇ 'ਸੋਫੀ' ਨਾਮ, ਰਸ ਰਹਿਤ, ਪ੍ਰੇਮ ਹੀਨ ਵਿਦਵਾਨਾਂ ਦਾ ਰਖਿਆ ਹੈ।

ਕਥਾ ਕੀਰਤਨ ਤੇ ਵਾਰਤਾ ਕਰਨ ਵਾਲੇ ਖ਼ਾਲੀ ਰਹਿ ਜਾਂਦੇ ਹਨ ਤੇ ਪ੍ਰੇਮੀ ਸਰੋਤੇ ਸੁਣ ਸੁਣ ਕੇ ਤਰ ਜਾਂਦੇ ਹਨ।

## ੯. ਕੋਈ ਵਿਰਲਾ ਹੀ ਨਾਮ-ਰਸ ਪੀਂਦਾ ਹੈ

**੧. ਬਹੈ ਝਰੋਖੇ ਪਾਤਿਸਾਹ**
**ਖਿੜਕੀ ਖੋਲਿ ਦੀਵਾਨ ਲਗਾਵੈ।**
**੨. ਅੰਦਰਿ ਚਉਕੀ ਮਹਲ ਦੀ**
**ਬਾਹਰਿ ਮਰਦਾਨਾ ਮਿਲਿ ਆਵੈ।**
**੩. ਪੀਐ ਪਿਆਲਾ ਪਾਤਿਸਾਹੁ**
**ਅੰਦਰ ਖਾਸਾਂ ਮਹਲਿ ਪਿਲਾਵੈ।**
**੪. ਦੇਵਨ ਅਮਲੀ ਸੂਫੀਆਂ**
**ਅੱਵਲ ਦੋਮ ਦੇਖਿ ਦਿਖਲਾਵੈ।**
**੫. ਕਰੇ ਮਨਾਹ ਸ਼ਰਾਬ ਦੀ**
**ਪੀਐ ਆਪੁ ਨ ਹੋਰੁ ਸੁਖਾਵੈ।**
**੬. ਉਲਸ ਪਿਆਲਾ ਮਿਹਰ ਕਰਿ**
**ਵਿਰਲੇ ਦੇਇ ਨ ਪੱਛੋਤਾਵੈ।**
**੭. ਕਿਹੁ ਨ ਵਸਾਵੈ ਕਿਹੈ ਦਾ**
**ਗੁਨਹ ਕਰਾਇ ਹੁਕਮ ਬਖਸਾਵੈ।**
**੮. ਹੋਰੁ ਨ ਜਾਣੈ ਪਿਰਮ ਰਸ**
**ਜਾਣੈ ਆਪ ਕੈ ਜਿਸੈ ਜਣਾਵੈ।**
**੯. ਵਿਰਲੇ ਗੁਰਮੁਖਿ ਅਲਖ ਲਖਾਵੈ ॥੯॥**

***ਪਦ ਅਰਥ :*** ਝਰੋਖੇ—ਸਤਿਸੰਗ ਵਿਚ। ਖਿੜਕੀ—ਬਾਰੀ ਭਾਵ ਬਾਣੀ। ਦੀਵਾਨ—ਸਿਖ ਸਭਾ। ਚਉਕੀ ਮਹਲ ਦੀ—ਹਜ਼ੂਰ ਦੀ ਅੰਤ੍ਰਿੰਗ ਸਭਾ। ਬਾਹਰਿ ਮਰਦਾਨਾ—ਆਮ ਲੋਕ, ਭਾਵ ਬਹੁਰੰਗ ਸਾਧਨਾ ਵਾਲੇ। ਉਲਸ—ਸੀਤ ਪ੍ਰਸਾਦ।

***ਅਰਥ :***

(੧) ਸਤਿਗੁਰੂ ਸੱਚਾ ਪਾਤਿਸ਼ਾਹ ਸਤਿਸੰਗ ਦੇ ਝਰੋਖੇ ਵਿਚ ਬੈਠ ਕੇ ਆਪਣੀ ਬਾਣੀ ਜਾਂ ਜੀਭਾ ਰੂਪੀ ਖਿੜਕੀ ਖੋਲ੍ਹ ਕੇ ਦੀਵਾਨ ਲਗਾਉਂਦੇ ਹਨ।

(੨) ਅੰਦਰ ਗੁਰਮੁਖਾਂ ਦੀ ਅੰਤ੍ਰਿੰਗ ਸਭਾ ਬੈਠਦੀ ਹੈ ਤੇ ਬਾਹਰ ਆਮ ਲੋਕ ਦਰਸ਼ਨਾਂ ਲਈ ਆਉਂਦੇ ਹਨ।

(੩) (ਉਥੇ) ਸਤਿਗੁਰੂ ਸੱਚਾ ਪਾਤਿਸ਼ਾਹ ਆਪ ਪ੍ਰੇਮ ਪਿਆਲਾ ਪੀਂਦਾ ਹੈ ਤੇ ਖ਼ਾਸ ਸੇਵਕਾਂ (ਗੁਰਮੁਖਾਂ) ਨੂੰ ਪਿਲਾਉਂਦਾ ਹੈ।

(੪) (ਫਿਰ) ਅਮਲੀ (ਗੁਰਮੁਖ ਪਹਿਲੇ ਦੂਜੇ ਦਰਜੇ ਦੇ) ਸੋਫੀਆਂ ਨੂੰ ਵੇਖ ਕੇ ਪੀਣ ਲਈ ਪਿਆਲਾ ਦਿੰਦੇ ਹਨ।

(੫) ਪਰ ਉਹ ਸੋਫੀ (ਪ੍ਰੇਮ ਰੂਪੀ) ਸ਼ਰਾਬ ਦੀ ਮਨਾਹੀ ਕਰਦੇ ਹਨ, ਨਾ ਉਹ ਆਪ ਪੀਂਦੇ ਹਨ ਤੇ ਨਾ ਕਿਸੇ ਹੋਰ ਨੂੰ ਪੀਂਦਾ ਵੇਖ ਕੇ ਸੁਖੀ ਹੁੰਦੇ ਹਨ।

(੬) (ਪਰ) ਸਤਿਗੁਰੂ ਜੀ ਆਪਣੇ ਸੀਤ ਪ੍ਰਸ਼ਾਦ ਦਾ ਪਿਆਲਾ ਕਿਸੇ ਵਿਰਲੇ ਨੂੰ ਦਿੰਦੇ ਹਨ। (ਜੇ ਕੋਈ ਨਾ ਲਵੇ ਤਾਂ) ਉਹ ਪਛਤੌਂਦੇ ਨਹੀਂ।

(੭) (ਕਿਉਂਕਿ ਸਤਿਗੁਰੂ ਜੀ ਜਾਣਦੇ ਹਨ ਕਿ) ਇਹ ਕਿਸੇ ਦੇ ਆਪਣੇ ਵੱਸ ਦੀ ਗੱਲ ਨਹੀਂ ਕਿਸੇ ਦਾ ਗੁਨਾਹ (ਦੋਸ਼) ਹੀ ਨਾਂਹ ਕਰਾਉਂਦਾ ਹੈ। ਪ੍ਰਭੂ ਦਾ ਹੁਕਮ ਹੀ ਇਸ ਗੁਨਾਹ ਨੂੰ ਬਖ਼ਸ਼ਦਾ ਹੈ।

(੮) ਪ੍ਰੇਮ-ਰਸ ਨੂੰ ਹੋਰ ਕੋਈ ਨਹੀਂ ਜਾਣਦਾ ਜਾਂ ਸਤਿਗੁਰੂ ਜਾਣਦੇ ਹਨ ਜਾਂ ਜਿਨ੍ਹਾਂ ਨੂੰ ਉਹ ਜਣਾਉਂਦੇ ਹਨ ਉਹ ਜਾਣਦਾ ਹੈ।

(੯) ਕੋਈ ਵਿਰਲਾ ਗੁਰਮੁਖ ਹੀ ਉਸ ਅਲਖ ਪ੍ਰਭੂ ਨੂੰ ਲਖਦਾ ਹੈ।੯।

ਇਸ ਪਉੜੀ ਦਾ ਭਾਵ ਹੈ ਕਿ ਅਨੁਭਵੀ ਮਹਾਤਮਾ ਝਗੜਾਲੂ ਧਰਮੀ ਪੰਡਤਾਂ ਨੂੰ ਪ੍ਰੇਮ-ਰਸ ਬਖ਼ਸ਼ਦੇ ਹਨ, ਪਰ ਉਹ ਲੈਂਦੇ ਨਹੀਂ ਉਨ੍ਹਾਂ ਦੇ ਮਨ ਪਰ ਪੰਡਤਾਈ ਦੇ ਮਾਨ ਦੀ ਮੈਲ ਚੜ੍ਹ ਰਹੀ ਹੈ।

## ੧੦. ਹਿੰਦੂ ਤੇ ਮੁਸਲਮਾਨ ਦੋਵੇਂ ਪ੍ਰੇਮ ਤੋਂ ਖ਼ਾਲੀ ਹਨ

**੧. ਵੇਦ ਕਤੇਬ ਵਖਾਣਦੇ**
**ਸੂਫੀ ਹਿੰਦੂ ਮੁਸਲਮਾਣਾ।**
**੨. ਮੁਸਲਮਾਨ ਖੁਦਾਇ ਦੇ**
**ਹਿੰਦੂ ਹਰਿ ਪਰਮੇਸੁਰੁ ਭਾਣਾ।**
**੩. ਕਲਮਾਂ ਸੁੰਨਤ ਸਿਦਕ ਧਰਿ**
**ਪਾਇ ਜਨੇਊ ਤਿਲਕੁ ਸੁਖਾਣਾ।**
**੪. ਮੱਕਾ ਮੁਸਲਮਾਣ ਦਾ**
**ਗੰਗ ਬਨਾਰਸ ਦਾ ਹਿੰਦੁਵਾਣਾ।**
**੫. ਰੋਜ਼ੇ ਰੱਖਿ ਨਿਮਾਜ਼ ਕਰਿ**
**ਪੂਜਾ ਵਰਤ ਅੰਦਰਿ ਹੈਰਾਣਾ।**
**੬. ਚਾਰਿ ਮਜ਼ਹਬ ਚਾਰੇ ਵਰਨ**
**ਛਿਅ ਘਰ ਗੁਰੁ ਉਪਦੇਸੁ ਵਖਾਣਾ।**
**੭. ਮੁਸਲਮਾਨ ਮੁਰੀਦ ਪੀਰ**
**ਗੁਰੁ ਸਿਖੀ ਹਿੰਦੂ ਲੋਭਾਣਾ।**
**੮. ਹਿੰਦੂ ਦਸ ਅਵਤਾਰ ਕਰਿ**
**ਮੁਸਲਮਾਨ ਏਕੋ ਰਹਿਮਾਣਾ।**
**੯. ਖਿੰਜੋਤਾਣ ਕਰੇਨਿ ਧਿਙਾਣਾ ॥੧੦॥**

***ਪਦ ਅਰਥ :*** ਘਰ—ਮੱਤ। ਰਹਿਮਾਣਾ—ਖ਼ੁਦਾ। ਖਿੰਜੋਤਾਣ—ਖਿੱਚਾ-ਖਿੱਚੀ।

***ਅਰਥ :***

(੧) ਹਿੰਦੂ ਵੇਦ ਤੇ ਮੁਸਲਮਾਨ ਕਤੇਬ ਪੜ੍ਹਦੇ ਹਨ, ਪਰ ਦੋਵੇਂ ਸੋਫੀ ਹਨ ਭਾਵ ਪ੍ਰੇਮ ਤੋਂ ਹੀਣੇ ਹਨ।

(੨) ਮੁਸਲਮਾਨ ਖ਼ੁਦਾ ਖ਼ੁਦਾ ਆਖਦੇ ਹਨ ਤੇ ਹਿੰਦੂਆਂ ਨੂੰ ਪ੍ਰਭੂ ਦਾ ਹਰੀ ਨਾਮ ਚੰਗਾ ਲਗਦਾ ਹੈ।

(੩) ਮੁਸਲਮਾਨਾਂ ਨੇ ਕਲਮਾਂ ਪੜ੍ਹਨ ਤੇ ਸੁੰਨਤ ਕਰਾਉਣ ਵਿਚ ਹੀ ਭਰੋਸਾ ਰਖਿਆ ਹੈ, ਹਿੰਦੂਆਂ ਨੂੰ ਜਨੇਊ ਤੇ ਤਿਲਕ ਲਾਉਣਾ ਹੀ ਸੁਖਾਉਂਦਾ ਹੈ।

(੪) ਮੁਸਲਮਾਨਾਂ ਨੇ ਮੱਕੇ ਨੂੰ ਪਵਿੱਤ੍ਰ ਅਸਥਾਨ ਮੰਨਿਆ ਹੈ, ਹਿੰਦੂਆਂ ਨੇ ਗੰਗਾ ਤੇ ਬਨਾਰਸ ਨੂੰ ਮਹਾਨ ਤੀਰਥ ਜਾਣਿਆ ਹੈ।

(੫) ਮੁਸਲਮਾਨ ਰੋਜ਼ੇ ਰਖਣ ਤੇ ਨਿਮਾਜ਼ਾਂ ਪੜ੍ਹਨ ਵਿਚ ਤੇ ਹਿੰਦੂ ਪੂਜਾ ਤੇ ਵਰਤਾਂ ਵਿਚ ਹੈਰਾਨ ਹੋਏ ਫਿਰਦੇ ਹਨ।

(੬) ਮੁਸਲਮਾਨਾਂ ਦੇ ਚਾਰ ਮਜ਼ਹਬ, ਹਿੰਦੂਆਂ ਦੇ ਚਾਰ ਵਰਨ, ਛੇ ਸ਼ਾਸਤ੍ਰਾਂ ਦੇ ਛੇ ਮੱਤ ਤੇ ਛੇ ਗੁਰੂ ਵੱਖਰੇ ਵੱਖਰੇ ਉਪਦੇਸ਼ ਦੇ ਰਹੇ ਹਨ।

(੭) ਮੁਸਲਮਾਨ ਪੀਰੀ ਮੁਰੀਦੀ ਤੇ ਹਿੰਦੂ ਗੁਰੂ ਚੇਲੇ ਦੀ ਪਧਤਾ ਪੁਰ ਲੁਭਾਇਮਾਨ ਹੋ ਰਹੇ ਹਨ।

(੮) ਹਿੰਦੂ ਦਸਾਂ ਅਵਤਾਰਾਂ ਨੂੰ ਮੰਨਦੇ ਹਨ ਤੇ ਮੁਸਲਮਾਨ ਇਕ ਖ਼ੁਦਾ 'ਤੇ ਭਰੋਸਾ ਰਖਦੇ ਹਨ।

(੯) (ਸਾਰੇ ਆਪੋ ਆਪਣੇ ਮੱਤ ਵੱਲ) ਧਿੰਗੋਜ਼ੋਰੀ ਨਾਲ ਖਿੱਚਾ ਖਿੱਚੀ ਕਰ ਰਹੇ ਹਨ।੧੦।

*ਭਾਵਾਰਥ :* ਸਭ ਮੱਤਾਂ ਵਾਲੇ ਖਿੱਚੋਤ੍ਹਾਨ ਕਰਨ ਵਿਚ ਰੁਝੇ ਹੋਏ ਹਨ, ਇਸ ਲਈ ਪ੍ਰਭੂ ਦੇ ਪ੍ਰੇਮ ਤੋਂ ਸਾਰੇ ਹੀ ਖ਼ਾਲੀ ਹਨ, ਨਾ ਮਹਿਰਮ ਹਨ।

## ੧੧. ਪ੍ਰੇਮ-ਰਸੀਆਂ ਦੀ ਮਾਨਸਕ ਅਵਸਥਾ

**੧. ਅਮਲੀ ਖਾਸੇ ਮਜਲਸੀ**
**ਪਿਰਮ ਪਿਆਲਾ ਅਲਖੁ ਲਖਾਯਾ।**
**੨. ਮਾਲਾ ਤਸਬੀ ਤੋੜਿਕੈ**
**ਜਿਉਂ ਸਉ ਤਿਵੈ ਅਠੋਤਰ ਲਾਯਾ।**
**੩. ਮੇਰੁ ਇਮਾਮ ਰਲਾਇਕੈ**
**ਰਾਮੁ ਰਹੀਮੁ ਨ ਨਾਉ ਗਣਾਯਾ।**
**੪. ਦੁਇ ਮਿਲਿ ਇੱਕੁ ਵਜੂਦ ਹੁਇ**
**ਚਉਪੜ ਸਾਰੀ ਜੋੜਿ ਜੁੜਾਯਾ।**
**੫. ਸਿਵ ਸਕਤੀ ਨੋ ਲੰਘਿਕੈ**
**ਪਿਰਮ ਪਿਆਲੇ ਨਿਜ ਘਰਿ ਆਯਾ।**
**੬. ਰਾਜਸੁ ਤਾਮਸੁ ਸਾਂਤਕੋ**
**ਤੀਨੋ ਲੰਘ ਚਉਥਾ ਪਦ ਪਾਯਾ।**
**੭. ਗੁਰ ਗੋਵਿੰਦ ਖ਼ੁਦਾਇ ਪੀਰ**
**ਗੁਰਸਿੱਖ ਪੀਰੁ ਮੁਰੀਦੁ ਲਖਾਯਾ।**
**੮. ਸੱਚੁ ਸਬਦ ਪਰਗਾਸ ਕਰਿ**
**ਸਬਦ ਸੁਰਤਿ ਸੱਚੁ ਸੱਚੁ ਮਿਲਾਯਾ।**
**੯. ਸੱਚਾ ਪਾਤਿਸਾਹੁ ਸੱਚੁ ਭਾਯਾ॥੧੧॥**

*ਪਦ ਅਰਥ :* ਮਜਲਸੀ—ਸਤਿਸੰਗ ਦੇ। ਮੇਰੁ—ਮਾਲਾ ਦੇ ਸਿਰੇ ਦਾ ਮਣਕਾ। ਇਮਾਮ—ਤਸਬੀ ਦੇ ਸਿਰੇ ਦਾ ਮਣਕਾ। ਇੱਕੁ ਵਜੂਦ—ਇਕ ਰੂਪ। ਦੁਇ—ਦਵੈਤ।

*ਅਰਥ :*

(੧) ਅਕਾਲ ਪੁਰਖ ਦੀ ਸਤਿਸੰਗਤ ਦੇ ਅਮਲੀਆਂ ਨੇ ਪ੍ਰੇਮ-ਪਿਆਲਾ ਪੀ ਕੇ ਅਲਖ ਪ੍ਰਭੂ ਨੂੰ ਲਖ ਲਿਆ ਹੈ (ਭਾਵ ਜਾਣ ਲਿਆ ਹੈ)।

(੨) ਉਨ੍ਹਾਂ ਨੇ ਹਿੰਦੂਆਂ ਦੀ ਮਾਲਾ ਤੇ ਮੁਸਲਮਾਨਾਂ ਦੀ ਤਸਬੀ ਤੋੜ ਕੇ ਜਿਵੇਂ ਮੁਸਲਮਾਨਾਂ ਦੀ ਤਸਬੀ ਨੂੰ ਛੱਡਿਆ ਸੀ, ਤਿਵੇਂ ਹਿੰਦੂਆਂ ਦੀ ਅਠੋਤਰੀ (ਮਾਲਾ) ਨੂੰ ਆਪਣੇ ਮਨ ਤੋਂ ਲਾਹ ਦਿੱਤਾ।

(੩) ਉਨ੍ਹਾਂ ਨੇ ਮਾਲਾ ਦੇ ਸਿਰੇ ਦੇ ਮਣਕੇ ਤੇ ਇਮਾਮ ਨੂੰ ਇਕੋ ਜਿਹਾ ਜਾਣਿਆ ਹੈ ਤੇ ਰਹੀਮ ਦੇ ਨਾਉਂ ਨੂੰ ਵੱਖੋ ਵੱਖ ਨਹੀਂ ਗਿਣਿਆ।

(੪) ਉਨ੍ਹਾਂ ਨੇ ਰਾਮ ਤੇ ਰਹੀਮ ਨੂੰ ਇਕੋ ਰੂਪ ਸਮਝ ਕੇ ਸਾਰੇ ਸੰਸਾਰ ਨੂੰ ਚਉਪੜ ਦੀ ਬਾਜੀ ਦਾ ਜੋੜ ਜਾਣਿਆ ਹੈ।

(੫) ਉਹ ਈਸ਼ੁਰ ਦੀ ਮਾਇਆ ਤੋਂ ਲੰਘ ਕੇ ਪ੍ਰੇਮ ਦਾ ਪਿਆਲਾ ਪੀ ਕੇ ਆਪਣੇ ਸਰੂਪ ਵਿਚ ਆਉਂਦੇ ਹਨ।

(੬) ਉਹ ਰਜੋ, ਤਮੋ ਤੇ ਸਤੋ ਤਿੰਨਾਂ ਗੁਣਾਂ ਨੂੰ ਲੰਘ ਕੇ ਚਉਥੇ ਪਦ (ਤੁਰੀਆ ਅਵਸਥਾ) ਵਿਚ ਸਥਿਰ ਰਹਿੰਦੇ ਹਨ।

(੭) ਉਹ ਗੋਵਿੰਦ ਨੂੰ ਗੁਰੂ ਤੇ ਖ਼ੁਦਾ ਨੂੰ ਪੀਰ ਜਾਣਦੇ ਹਨ ਤੇ ਗੁਰੂ ਸਿਖ ਤੇ ਪੀਰ ਮੁਰੀਦ ਦੀ ਪਧਤੀ ਨੂੰ ਇਕੋ ਜਿਹਾ ਸਮਝਦੇ ਹਨ।

(੮) ਉਹ ਸੱਚੇ ਸ਼ਬਦ ਦਾ ਪ੍ਰਕਾਸ਼ ਕਰਕੇ, ਸ਼ਬਦ ਵਿਚ ਸੁਰਤੀ ਜੋੜ ਕੇ, ਸੱਚ ਵਿਚ ਸੱਚ ਰੂਪ ਹੋ ਕੇ ਮਿਲ ਜਾਂਦੇ ਹਨ।

(੯) ਉਹ ਇਕ ਪ੍ਰਭੂ ਨੂੰ ਸੱਚਾ ਪਾਤਿਸ਼ਾਹ ਜਾਣਦੇ ਹਨ ਤੇ ਸੱਚ ਨਾਲ ਪ੍ਰੀਤ ਰਖਦੇ ਹਨ।੧੧।

ਭਾਵ, ਪ੍ਰਭੂ ਦੇ ਪ੍ਰੇਮ-ਰਸ ਵਿਚ ਮਗਨ ਹੋਇਆ ਪ੍ਰੇਮੀ ਸੱਚ ਨੂੰ ਖੋਜਦਾ ਹੈ ਤੇ ਸੰਸਾਰਕ ਮੱਤ ਮਤਾਤਰਾਂ ਦੇ ਪਿਛੇ ਨਹੀਂ ਟੁਰਦਾ।

## ੧੨. ਸਤਿਗੁਰੂ ਦਾ ਸਤਿਸੰਗਤ ਵਿਚ ਹੀ ਨਿਵਾਸ ਹੈ

**੧. ਪਾਰਬ੍ਰਹਮੁ ਪੂਰਨ ਬ੍ਰਹਮੁ**
**ਸਤਿਗੁਰੁ ਸਾਧ ਸੰਗਤਿ ਵਿਚਿ ਵੱਸੈ।**
**੨. ਸਬਦ ਸੁਰਤਿ ਆਰਾਧੀਐ**
**ਭਾਇ ਭਗਤਿ ਭੈ ਸਹਜ ਵਿਗੱਸੈ।**

**੩. ਨਾ ਓਹੁ ਮਰੈ ਨ ਸੋਗੁ ਹੋਇ**
**ਦੇਂਦਾ ਰਹੈ ਨ ਭੋਗੁ ਵਿਣੱਸੈ।**
**੪. ਗੁਰੂ ਸਮਾਣਾ ਆਖੀਅਹਿ**
**ਸਾਧ ਸੰਗਤਿ ਅਬਿਨਾਸੀ ਹੱਸੈ।**
**੫. ਛੇਵੀ ਪੀੜ੍ਹੀ ਗੁਰੂ ਦੀ**
**ਗੁਰ ਸਿਖਾਂ ਪੀੜ੍ਹੀ ਕੋ ਦੱਸੈ।**
**੬. ਸੱਚ ਨਾਉਂ ਸੱਚੁ ਦਰਸ਼ਨੋਂ**
**ਸੱਚਖੰਡ ਸਤਿਸੰਗ ਸਰੱਸੈ।**
**੭. ਪਿਰਮ ਪਿਆਲਾ ਸਾਧ ਸੰਗਿ**
**ਭਗਤ ਵਛਲੁ ਪਾਰਸੁ ਪਰੱਸੈ।**
**੮. ਨਿਰੰਕਾਰ ਆਕਾਰ ਕਰਿ**
**ਹੋਇ ਅਕਾਲ ਅਜੋਨੀ ਜੱਸੈ।**
**੯. ਸੱਚਾ ਸੱਚੁ ਕਸਉਟੀ ਕੱਸੈ ॥੧੨॥**

***ਪਦ ਅਰਥ :*** ਵਿਗੱਸੈ—ਪ੍ਰਕਾਸ਼ਦਾ ਹੈ। ਵਿਣੱਸੈ—ਨਾਸ।

***ਅਰਥ :***

(੧) (ਵੀਚਾਰ ਭਰੀਆਂ ਨਜ਼ਰਾਂ ਦੁਆਰੇ ਤੱਕੀਏ ਤਾਂ ਦਿਸ ਆਵੇਗਾ ਕਿ) ਨਿਰਗੁਣ ਪ੍ਰਭੂ ਸਰਗੁਣ ਸਰੂਪ ਹੋ ਕੇ ਸਤਿਗੁਰੂ ਦੇ ਰੂਪ ਵਿਚ ਸਤਿਸੰਗਤ ਵਿਚ ਹੀ ਵੱਸਦਾ ਹੈ।

(੨) ਗੁਰੂ ਦੇ ਸ਼ਬਦ (ਉਪਦੇਸ਼) ਵਿਚ ਸੁਰਤੀ ਲਾ ਕੇ ਪ੍ਰੇਮਾ-ਭਗਤੀ ਤੇ ਭੈ ਵਿਚ ਰਹਿ ਕੇ ਸਿਮਰਨ ਕਰੀਏ ਤਾਂ ਉਹ ਸਹਿਜੇ ਹੀ ਰਿਦੇ ਵਿਚ ਪ੍ਰਕਾਸ਼ਦਾ ਹੈ।

(੩) ਉਹ ਕਦੇ ਜੰਮਦਾ ਮਰਦਾ ਨਹੀਂ ਤੇ ਨਾ ਹੀ ਉਸਨੂੰ ਸੋਗ ਹੁੰਦਾ ਹੈ, ਉਹ ਸਦਾ ਦਾਤਾਂ ਦਿੰਦਾ ਰਹਿੰਦਾ ਹੈ ਤੇ ਉਸਦੇ ਦਿਤੇ ਹੋਏ ਭੋਗ (ਪਦਾਰਥ) ਨਾਸ ਨਹੀਂ ਹੁੰਦੇ।

(੪) ਲੋਕ ਕਹਿੰਦੇ ਹਨ ਕਿ ਗੁਰੂ ਜੋਤੀ ਜੋਤ ਸਮਾ ਗਿਆ ਹੈ, ਪਰ ਉਹ ਅਬਿਨਾਸ਼ੀ ਗੁਰੂ ਸਾਧ ਸੰਗਤ ਵਿਚ ਬੈਠਾ ਅਨੰਦ ਕਰ ਰਿਹਾ ਹੈ।

(੫) ਛੀਵੀਂ ਪੀਹੜੀ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਹੈ। ਗੁਰਸਿੱਖਾਂ ਦੀ ਪੀਹੜੀ ਕਿਹੜੀ ਹੈ ਦੱਸਦੇ ਹਨ? ਕਿਉਂਕਿ ਸਿਖੀ ਬੇਅੰਤ ਹੈ।

(੬) (ਉਤਰ : ਸੱਚਾ ਨਾਉਂ ਸੱਚੇ ਦਰਸ਼ਨ ਤੇ ਸਤਿਸੰਗ (ਸੱਚ-ਖੰਡ) ਰੂਪੀ ਪੀਹੜੀ ਵਿਚ ਗੁਰਸਿਖ ਸੋਭਨੀਕ ਹਨ।

(੭) ਸਾਧ ਸੰਗਤ ਵਿਚੋਂ ਪ੍ਰੇਮ-ਪਿਆਲਾ ਪੀਣ ਵਾਲੇ ਨੂੰ ਭਗਤਾਂ ਦਾ ਪਿਆਰਾ ਪ੍ਰਭੂ ਪਾਰਸ ਰੂਪ ਹੋ ਕੇ ਪਰਸਦਾ ਹੈ।

(੮) ਨਿਰੰਕਾਰ ਪ੍ਰਭੂ ਅਕਾਰ ਵਾਲਾ ਸਤਿਗੁਰੂ ਰੂਪ ਹੋ ਕੇ ਅਕਾਲ ਤੇ ਅਜੋਨੀ ਪਰਮਾਤਮਾ ਦਾ ਜਸ ਕਰ ਰਿਹਾ ਹੈ।

(੯) ਸੱਚਾ ਗੁਰੂ ਸਿਖ ਨੂੰ ਸੱਚ ਦੀ ਕਸਉਟੀ 'ਤੇ ਕਸ ਲਾਉਂਦਾ ਹੈ (ਭਾਵ ਸੱਚ ਦੀ ਕਸੌਟੀ 'ਤੇ ਲਾ ਕੇ ਪਰਖਦਾ ਹੈ)।੧੨।

***ਭਾਵਾਰਥ :*** ਸਤਿਗੁਰੂ ਅਮਰ ਹੈ ਤੇ ਸਾਧ ਸੰਗਤ ਵਿਚ ਸਦਾ ਵੱਸਦਾ ਹੈ। ਪੰਜ ਭੂਤਕ ਸਰੀਰ ਵਿਚ ਜਿਵੇਂ ਸੰਸਾਰ ਨੂੰ ਤਾਰਦਾ ਹੈ, ਉਸੇ ਤਰ੍ਹਾਂ ਹੀ ਸਾਧ ਸੰਗਤ ਵਿਚ ਵੱਸ ਕੇ ਸੰਸਾਰ ਨੂੰ ਤਾਰਦਾ ਹੈ। ਪਿਰਮ ਪਿਆਲੇ ਦੀ ਦਾਤ ਸਦਾ ਜਾਰੀ ਹੈ, ਪਰ ਅਮਲੀ ਲੋਕ ਸਤਿਸੰਗੀ ਹਨ, ਸੋਫੀ ਲੋਕ ਇਹ ਕੰਮ ਨਹੀਂ ਕਰ ਸਕਦੇ। ਸੂਫੀਆਂ ਦੇ ਸੰਗ ਵਿਚ ਉਹ ਕੁੱਛ ਹੈ ਜੋ ਦਸਵੀਂ ਪਉੜੀ ਵਿਚ ਦੱਸਿਆ ਹੈ, ਅਮਲੀਆਂ ਦੇ ਸਤਿਸੰਗ ਵਿਚ ਪਿਰਮ ਰਸ ਪ੍ਰਾਪਤ ਹੁੰਦਾ ਹੈ।

## ੧੩. ਗੁਰ ਗੋਬਿੰਦ, ਗੋਬਿੰਦ ਗੁਰੂ ਹੈ

**੧. ਓਅੰਕਾਰ ਅਕਾਰ ਕਰਿ**
**ਤ੍ਰੈ ਗੁਣ ਪੰਜ ਤੱਤ ਉਪਜਾਯਾ।**
**੨. ਬ੍ਰਹਮਾ ਬਿਸਨੁ ਮਹੇਸ ਸਾਜਿ**
**ਦਸ ਅਵਤਾਰ ਚਲਿਤ ਵਰਤਾਯਾ।**
**੩. ਛਿਅ ਰੁਤਿ ਬਾਰਹ ਮਾਹ ਕਰਿ**
**ਸੱਤ ਵਾਰ ਸੈਂਸਾਰ ਉਪਾਯਾ।**
**੪. ਜਨਮ ਮਰਨ ਦੇ ਲੇਖ ਲਿਖ**
**ਸ਼ਾਸਤ੍ਰ ਵੇਦੁ ਪੁਰਾਨ ਸੁਣਾਯਾ।**
**੫. ਸਾਧ ਸੰਗਤਿ ਦਾ ਆਦਿ ਅੰਤ**
**ਥਿੱਤ ਵਾਰੁ ਨਾ ਮਾਹੁ ਲਖਾਯਾ।**
**੬. ਸਾਧ ਸੰਗਤਿ ਸੱਚਖੰਡ ਹੈ**
**ਨਿਰੰਕਾਰ ਗੁਰੁ ਸਬਦੁ ਵਸਾਯਾ।**

**੭. ਬ੍ਰਿਖਹੁੰ ਫਲ ਫਲ ਤੇ ਬਿਰਖ**
**ਅਕਲ ਕਲਾ ਕਰ ਅਲਖ ਲਖਾਯਾ।**
**੮. ਆਦਿ ਪੁਰਖੁ ਆਦੇਸ ਕਰਿ**
**ਆਦਿ ਪੁਰਖੁ ਆਦੇਸੁ ਕਰਾਯਾ।**
**੯. ਪੁਰਖ ਪੁਰਾਤਨੁ ਸਤਿਗੁਰੂ**
**ਓਤ ਪੋਤਿ ਇਕੁ ਸੂਤ੍ਰ ਬਣਾਯਾ।**
**੧੦. ਵਿਸਮਾਦੈ ਵਿਸਮਾਦੁ ਮਿਲਾਯਾ ॥੧੩॥**

***ਪਦ ਅਰਥ :*** ਆਦਿ ਪੁਰਖ—ਪ੍ਰਭੂ। ਪੁਰਖ ਪੁਰਾਤਨੁ—ਅਕਾਲ ਪੁਰਖ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਇਸ ਸੰਸਾਰ ਦੀ ਰਚਨਾ ਬਾਰੇ ਭਿੰਨ ਭਿੰਨ ਵੀਚਾਰ ਸੁਣਦੇ ਆ ਰਹੇ ਹਾਂ, ਤੁਸੀਂ ਗੁਰਮਤ ਅਨੁਸਾਰ ਆਪਣੇ ਵੀਚਾਰ ਦਿਓ ?

ਉ: ਹੇ ਭਾਈਓ ! ਗੁਰਮਤ ਰਾਹੀਂ ਜੋ ਮੈਨੂੰ ਇਸ ਰਚਨਾ ਬਾਰੇ ਬੋਧ ਮਿਲ ਸਕਿਆ ਹੈ, ਉਸਨੂੰ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਉੱਕਰਿਆ ਹੈ :

(੧) (ਹੇ ਭਾਈਓ ! ਗੁਰਮਤ ਰਾਹੀਂ ਵੀਚਾਰ ਕਰਨ ਤੋਂ ਇਉਂ ਹੀ ਸੋਝੀ ਮਿਲਦੀ ਹੈ ਕਿ) ਓਅੰਕਾਰ (ਅਕਾਲ ਪੁਰਖ) ਨੇ ਤਿੰਨਾਂ ਗੁਣਾਂ ਦਾ ਅਕਾਰ ਕਰਕੇ ਪੰਜਾਂ ਤੱਤਾਂ ਨੂੰ ਪੈਦਾ ਕੀਤਾ।

(੨) ਫਿਰ ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਬਣਾ ਕੇ ਦਸ ਅਵਤਾਰਾਂ ਦਾ ਕੌਤਕ ਵਰਤਾਇਆ।

(੩) ਛੇ ਰੁੱਤਾਂ, ਬਾਰ੍ਹਾਂ ਮਹੀਨੇ ਤੇ ਸੱਤ ਵਾਰ ਸੰਸਾਰ (ਦੇ ਕਾਰ ਵਿਹਾਰ ਲਈ) ਬਣਾਏ।

(੪) ਸ਼ਾਸਤ੍ਰਾਂ ਵੇਦਾਂ ਦੇ ਲਿਖਾਰੀਆਂ ਨੇ ਜਨਮ ਮਰਨ ਦੇ ਲੇਖ ਲਿਖ ਕੇ ਲੋਕਾਂ ਨੂੰ ਸੁਣਾਏ।

(੫) (ਪੰਡਤਾਂ ਨੇ ਲੋਕਾਂ ਦੇ ਲੇਖ ਤਾਂ ਲਿਖ ਦਿਤੇ, ਪਰ) ਸਾਧ ਸੰਗਤ ਦੇ ਆਦਿ ਅੰਤ ਤੇ ਥਿੱਤ ਵਾਰ ਬਾਰੇ ਕੁੱਝ ਨਾ ਲਿਖਿਆ (ਕਿ ਇਹ ਕਦੋਂ ਪ੍ਰਗਟ ਹੋਈ)।

(੬) (ਸਾਧ ਸੰਗਤ ਬਾਰੇ ਉਹ ਇਸ ਲਈ ਨਹੀਂ ਲਿਖ ਸਕੇ ਕਿ) ਸਾਧ ਸੰਗਤ ਸੱਚਖੰਡ ਹੈ ਅਤੇ ਨਿਰੰਕਾਰ ਰੂਪ ਸਤਿਗੁਰੂ ਆਪਣੇ ਸ਼ਬਦ ਨਾਲ ਇਸਨੂੰ ਆਪ ਵਸਾਇਆ ਹੈ।

(੭) (ਜਿਵੇਂ ਬ੍ਰਿਛ ਤੋਂ ਫਲ ਤੇ ਫਲ ਤੋਂ ਬ੍ਰਿਛ ਹੁੰਦਾ ਹੈ, ਇਸੇ ਤਰ੍ਹਾਂ ਅਕਾਲ (ਪ੍ਰਭੂ) ਨੇ ਆਪਣੀ ਕਲਾ (ਸ਼ਕਤੀ) ਦੁਆਰਾ ਅਲਖ ਵਸਤੂ (ਸਾਧ ਸੰਗਤ) ਨੂੰ ਲਖਾਇਆ ਹੈ।

(੮) ਸਤਿਗੁਰੂ ਜੀ ਨੇ ਆਦਿ ਪੁਰਖ (ਵਾਹਿਗੁਰੂ) ਨੂੰ ਆਪ ਨਮਸਕਾਰ ਕੀਤੀ ਹੈ ਤੇ ਪ੍ਰਭੂ ਨੇ ਸੰਸਾਰੀ ਜੀਵਾਂ ਕੋਲੋਂ ਸਤਿਗੁਰੂ ਨੂੰ ਨਮਸਕਾਰ ਕਰਵਾਈ ਹੈ।

(੯) ਜਿਵੇਂ ਇਕ ਸੂਤਰ ਤੋਂ ਤਾਣਾ ਤੇ ਪੇਟਾ ਬਣਦਾ ਹੈ, ਇਸੇ ਤਰ੍ਹਾਂ ਪ੍ਰਭੂ ਨੇ ਆਪਣੇ ਸਰੂਪ ਤੋਂ ਸਤਿਗੁਰੂ ਦਾ ਸਰੂਪ ਬਣਾਇਆ ਹੈ (ਭਾਵ ਪ੍ਰਭੂ ਤੇ ਸਤਿਗੁਰੂ ਵਿਚ ਕੋਈ ਭਿੰਨਤਾ ਨਹੀਂ।)

(੧੦) ਅਸਚਰਜ ਰੂਪ ਪ੍ਰਭੂ ਵਿਚ ਅਸਚਰਜ ਰੂਪ ਸਤਿਗੁਰੂ ਦਾ ਮੇਲ ਹੋਇਆ ਹੈ।੧੩।

## ੧੪. ਬ੍ਰਹਮਾ ਦੇ ਕਰਤੱਵ

**੧. ਬ੍ਰਹਮੇ ਦਿਤੇ ਵੇਦ ਚਾਰ**
**ਚਾਰਿ ਵਰਨ ਆਸ਼੍ਰਮ ਉਪਜਾਏ।**
**੨. ਛਿਅ ਦਰਸਨ ਛਿਅ ਸ਼ਾਸਤ੍ਰਾ**
**ਛਿਅ ਉਪਦੇਸ ਭੇਸ ਵਰਤਾਏ।**
**੩. ਚਾਰੇ ਕੁੰਡਾ ਦੀਪ ਸੱਤ**
**ਨਉਖੰਡ ਦਹਦਿਸ ਵੰਡ ਵੰਡਾਏ।**
**੪. ਜਲ ਥਲ ਵਣ ਖੰਡ ਪਰਬਤਾਂ**
**ਤੀਰਥ ਦੇਵ ਸਥਾਨ ਬਣਾਏ।**
**੫. ਜਪ ਤਪ ਸੰਜਮ ਹੋਮ ਜੱਗ**
**ਕਰਮ ਧਰਮ ਕਰਿ ਦਾਨ ਕਰਾਏ।**
**੬. ਨਿਰੰਕਾਰ ਨ ਪਛਾਣਿਆ**
**ਸਾਧ ਸੰਗਤਿ ਦੱਸੈ ਨ ਦਸਾਏ।**
**੭. ਸੁਣਿ ਸੁਣਿ ਆਖਣੁ ਆਖਿ ਸੁਣਾਏ ॥੧੪॥**

***ਪਦ ਅਰਥ :*** ਦੱਸੈ ਨ ਦਸਾਏ—ਦੱਸਣ ਵਾਲੇ ਤੋਂ ਪੁੱਛਦਾ ਨਹੀਂ। ਆਖਣੁ—ਪ੍ਰਸੰਗ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਕੁਝ ਬ੍ਰਹਮਾ ਦੇ ਕਰਤੱਵਾਂ ਬਾਰੇ ਭੀ ਜਾਣਕਾਰੀ ਦਿਓ ?

ਉ: ਹੇ ਭਾਈਓ ! ਬਾਣੀ ਦੁਆਰੇ ਤੇ ਸਨਾਤਨ ਪੁਸਤਕਾਂ ਰਾਹੀਂ ਜੋ ਸੀਨੇ-ਬ-ਸੀਨੇ ਸੁਣਦੇ ਆ ਰਹੇ ਹਾਂ, ਉਸਨੂੰ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ :

(੧) (ਪੜ੍ਹਨ ਸੁਣਨ ਵਿਚ ਤਾਂ ਇਉਂ ਹੀ ਆਉਂਦਾ ਹੈ ਕਿ) ਬ੍ਰਹਮਾ ਨੇ ਚਾਰ ਵੇਦ ਰਚ ਕੇ (ਸੰਸਾਰ ਨੂੰ) ਦਿਤੇ ਤੇ ਚਾਰ ਵਰਨ ਤੇ ਚਾਰ ਆਸ਼੍ਰਮ ਪੈਦਾ ਕੀਤੇ।
(੨) ਛੀ ਦਰਸ਼ਨਾਂ ਤੇ ਛੀ ਸ਼ਾਸਤਰਾਂ ਦੇ ਉਪਦੇਸ਼ਾਂ ਅਨੁਸਾਰ ਅੱਡ ਅੱਡ ਛੀ ਭੇਸ ਵਰਤਾਏ।
(੩) ਚਾਰ ਕੁੰਟਾਂ, ਸੱਤ ਦੀਪ, ਨੌਂ ਖੰਡ ਤੇ ਦਸ ਦਿਸ਼ਾ ਦੀ ਵੰਡ ਕਰ ਦਿਤੀ।
(੪) ਜਲ ਥਲ ਵਣ ਖੰਡ ਤੇ ਪਹਾੜਾਂ ਵਿਚ ਤੀਰਥ ਤੇ ਦੇਵ ਸਥਾਨ ਬਣਾ ਦਿਤੇ।
(੫) (ਲੋਕ) ਜਪ ਤਪ ਸੰਜਮ ਹੋਮ ਜੱਗ ਆਦਿ ਕਰਮ ਧਰਮ ਕਰਕੇ ਦਾਨ ਕਰਦੇ ਹਨ।
(੬) (ਪਰ) ਨਿਰੰਕਾਰ ਨੂੰ ਕਿਸੇ ਭੀ ਨਹੀਂ ਪਛਾਣਿਆ, ਨਿਰੰਕਾਰ ਬਾਰੇ ਸਾਧ ਸੰਗਤ ਹੀ ਦੱਸਦੀ ਹੈ, ਪਰ ਸਾਧ ਸੰਗਤ ਕੋਲੋਂ ਕੋਈ ਜੀਵ ਪੁੱਛਦਾ ਹੀ ਨਹੀਂ।
(੭) ਸਭ ਸੁਣੇ ਸੁਣਾਏ ਪ੍ਰਸੰਗਾਂ ਨੂੰ ਹੀ ਅੱਗੇ ਲੋਕਾਂ ਨੂੰ ਆਖ ਕੇ ਸੁਣਾਉਂਦੇ ਹਨ।੧੪।

***ਭਾਵਾਰਥ :*** ਸਰਬ-ਸ੍ਰਿਸ਼ਟੀ ਦਾ ਕਰਤਾ ਨਿਰੰਕਾਰ ਹੈ, ਉਸਨੂੰ ਸਾਧ ਸੰਗਤ ਹੀ ਜਾਣ ਸਕਦੀ ਹੈ, ਇਤਰ ਜੀਵ ਹੋਰ ਕਿੱਸੇ ਤੇ ਕਹਾਣੀਆਂ ਨੂੰ ਸੁਣਾਉਂਦੇ ਹਨ, ਕਰਤੇ ਦਾ ਪਛਾਣੂ ਕੋਈ ਵਿਰਲਾ ਹੈ, ਪਛਾਣ ਸਤਿਸੰਗਤ ਵਿਚ ਹੈ, ਸਤਿਸੰਗਤ ਕੋਈ ਨਹੀਂ ਕਰਦਾ।

ਬ੍ਰਹਮਾ ਵੱਲ ਇਸ਼ਾਰਾ ਕਰਕੇ ਦੱਸਦੇ ਹਨ ਕਿ ਨਿਰੰਕਾਰ ਨੂੰ ਨਹੀਂ ਪਛਾਣਿਆ ਉਸਨੇ ਤਾਂ ਸਾਧ ਸੰਗਤ ਦਾ ਪਤਾ ਨਹੀਂ ਦੱਸਿਆ। ਉਸਨੇ ਲੇਖੇ ਤੇ ਹਿਸਾਬ ਲਿਖੇ ਹਨ। ਜੋ ਸੁਣਿਆ ਉਹ ਕੁਝ ਹੀ ਓਹ ਆਖਦੇ ਹਨ। ਸੋ ਇਹ ਤਾਂ ਹਿਸ਼ਾਬ ਹੈ ਅਰ ਬੁੱਧੀ ਦਾ ਮੰਡਲ ਹੈ। ਪਰ ਨਿਰੰਕਾਰ ਦੀ ਪਛਾਣ ਉਚੇਰੀ ਹੈ। ਸਾਧ ਸੰਗਤ ਵਿਚ ਕੇਵਲ ਪਿਆਰੇ ਦੀ ਪ੍ਰਾਪਤੀ ਦਾ ਕਾਰਜ ਹੁੰਦਾ ਹੈ, ਹੋਰ ਕੋਈ ਕੰਮ ਨਹੀਂ ਹਨ, ਇਸ ਕਰਕੇ ਸਭ ਨੂੰ ਪ੍ਰਤੱਖ ਸਰੂਪ ਵੱਲ ਹੀ ਆਉਣਾ ਯੋਗ ਹੈ।

## ੧੫. ਵਿਸ਼ਨੂੰ ਦੇ ਕਰਮ

**੧. ਦਸ ਅਵਤਾਰੀ ਬਿਸ਼ਨੁ ਹੋਇ**
**ਵੈਰ ਵਿਰੋਧ ਜੋਧ ਲੜਵਾਏ।**
**੨. ਦੇਵ ਦਾਨਵ ਕਰ ਦੁਇ ਧੜੇ**
**ਦੈਤ ਹਰਾਏ ਦੇਵ ਜਿਤਾਏ।**
**੩. ਮੱਛ ਕੱਛ ਵੈਰਾਹ ਰੂਪ**
**ਨਰ ਸਿੰਘ ਬਾਵਨ ਬੋਧ ਉਪਾਏ।**
**੪. ਪਰਸ ਰਾਮ ਰਾਮ ਕ੍ਰਿਸਨੁ ਹੋਇ**
**ਕਿਲਕ ਕਲੰਕੀ ਨਾਉ ਗਣਾਏ।**
**੫. ਚੰਚਲ ਚਲਿਤ ਪਖੰਡ ਬਹੁ**
**ਵਲ ਛਲ ਕਰ ਪਰਪੰਚ ਵਧਾਏ।**
**੬. ਪਾਰਬ੍ਰਹਮ ਪੂਰਨ ਬ੍ਰਹਮ**
**ਨਿਰਭਉ ਨਿਰੰਕਾਰ ਨ ਦਿਖਾਏ।**
**੭. ਖਤ੍ਰੀ ਮਾਰ ਸੰਘਾਰ ਕਰਿ**
**ਰਾਮਾਯਣ ਮਹਾਭਾਰਥ ਭਾਏ।**
**੮. ਕਾਮ ਕਰੋਧ ਨ ਮਾਰਿਓ**
**ਲੋਭ ਮੋਹ ਅਹੰਕਾਰ ਨ ਜਾਏ।**
**੯. ਸਾਧਸੰਗਤਿ ਵਿਣੁ ਜਨਮ ਗਵਾਏ ॥੧੫॥**

***ਪਦ ਅਰਥ :*** ਜੋਧ—ਸੂਰਮੇ। ਨਰ ਸਿੰਘ—ਨਰ ਨਾਰਾਇਣ। ਕਿਲਕ—ਦੇਸ ਦਾ ਨਾਮ ਹੈ। ਪਰਪੰਚ—ਪਸਾਰਾ।

***ਅਰਥ :***

ਪ੍ਰ: ਭਾਈ ਸਾਹਿਬ ਜੀਉ ! ਬ੍ਰਹਮਾ ਵਾਂਗ ਕੁਝ ਵਿਸ਼ਨੂੰ ਬਾਰੇ ਭੀ ਸੋਝੀ ਦਿਓ, ਉਸ ਦਾ ਕੀ ਕਰਤੱਵ ਹੈ ?
ਉ: ਹੇ ਭਾਈਓ ! ਵਿਸ਼ਨੂੰ ਦੇ ਕਰਤੱਵ ਬਾਰੇ ਭੀ ਮੈਂ ਇਸ ਪਉੜੀ ਵਿਚ ਉਸਦੇ ਕਰਮਾਂ ਦਾ ਜ਼ਿਕਰ ਕੀਤਾ ਹੈ, ਜਿਵੇਂ ਕਿ ਸੀਨੇ-ਬ-ਸੀਨੇ ਸੁਣਿਆ ਗਿਆ ਹੈ।
(੧) (ਜਿਵੇਂ ਕਿ ਸੁਣੀਦਾ ਹੈ ਕਿ) ਵਿਸ਼ਨੂੰ ਨੇ ਦਸ ਅਵਤਾਰ ਧਾਰ ਕੇ ਵੈਰ ਵਿਰੋਧ ਵਧਾ ਕੇ ਸੂਰਮਿਆਂ ਨੂੰ ਆਪੋ ਵਿਚ ਲੜਵਾਇਆ।
(੨) ਦੇਵਤੇ ਤੇ ਦੈਂਤਾਂ ਦੇ ਦੋ ਧੜੇ ਬਣਾ ਦਿਤੇ, ਦੈਂਤਾਂ ਨੂੰ ਹਰਾ ਕੇ ਦੇਵਤਿਆਂ ਨੂੰ ਜਤਾਇਆ।
(੩) ਦਸ ਅਵਤਾਰ ਇਹ ਹਨ : ੧. ਕੱਛ ੨. ਮੱਛ ੩. ਸ਼ੁਕਰਾਵਤਾਰ ੪. ਨਰ ਨਾਰਾਇਣ ੫. ਬਾਵਨ ੬. ਬੋਧ ਉਤਪੰਨ ਕੀਤੇ।
(੪) ੭. ਪਰਸਰਾਮ ੮. ਰਾਮਚੰਦਰ ੯. ਕ੍ਰਿਸ਼ਨ ੧੦. ਕਿਲਕ ਦੇਸ ਵਿਚ ਕਲਕੀ ਅਵਤਾਰ, ਇਹ ਦਸ ਨਾਂ ਗਿਣਾਏ।
(੫) ਚੰਚਲਤਾਈ ਦੇ ਕੌਤਕ, ਪਖੰਡ ਤੇ ਵਲ ਛਲ ਕਰਕੇ ਬਹੁਤ ਪਸਾਰੇ ਵਧਾਏ।

(੬) ਪਾਰਬ੍ਰਹਮ, ਪੂਰਨ ਬ੍ਰਹਮ ਤੇ ਨਿਰਭਉ ਨਿਰੰਕਾਰ ਨੂੰ ਕਿਸੇ ਨੇ ਭੀ ਨਾ ਦਿਖਾਇਆ (ਸਭ ਨੇ ਆਪੋ ਆਪਣਾ ਨਾਮ ਹੀ ਜਪਾਇਆ)।
(੭) (ਪਰਸ ਰਾਮ ਨੇ ਇੱਕੀ ਵਾਰ) ਖੱਤ੍ਰੀਆਂ ਦਾ ਨਾਸ ਕੀਤਾ, ਰਾਮਾਇਣ ਤੇ ਮਹਾਭਾਰਥ ਆਦਿ ਜੰਗਾਂ ਜੁੱਧਾਂ ਦੇ ਗ੍ਰੰਥ ਹੀ ਲੋਕਾਂ ਨੂੰ ਚੰਗੇ ਲਗੇ।
(੮) ਕਿਸੇ ਅਵਤਾਰ ਨੇ ਕਾਮ ਕ੍ਰੋਧ ਆਦਿ ਵੈਰੀਆਂ ਦਾ ਨਾਸ ਨ ਕੀਤਾ ਤੇ ਲੋਭ ਮੋਹ ਤੇ ਹੰਕਾਰ ਵੀ ਨਾਸ ਨਾ ਹੋਇਆ।
(੯) ਸਾਧ ਸੰਗਤ ਤੋਂ ਬਿਨਾਂ ਸਭ ਨੇ ਆਪਣਾ ਜਨਮ ਬ੍ਰਿਥਾ ਹੀ ਗਵਾ ਲਿਆ।੧੫।

## ੧੬. ਸ਼ਿਵਜੀ ਦੇ ਕਰਤੱਵ

**੧. ਇੱਕ ਦੂੰ ਗਯਾਰਹ ਰੁਦ੍ਰ ਹੋਇ**
**ਘਰਬਾਰੀ ਅਉਧੂਤ ਸਦਾਯਾ।**
**੨. ਜਤੀ ਸਤੀ ਸੰਤੋਖੀਆ**
**ਸਿਧ ਨਾਥ ਕਰਿ ਪਰਚਾ ਲਾਯਾ।**
**੩. ਸੰਨਿਆਸੀ ਦਸ ਨਾਵ ਧਰਿ**
**ਜੋਗੀ ਬਾਰਹ ਪੰਥ ਚਲਾਯਾ।**
**੪. ਰਿਧਿ ਸਿਧਿ ਨਿਧਿ ਰਸਾਇਣਾ**
**ਤੰਤ ਮੰਤ ਚੇਟਕ ਵਰਤਾਯਾ।**
**੫. ਮੇਲਾ ਕਰ ਸ਼ਿਵਰਾਤ ਦਾ**
**ਕਰਾਮਾਤ ਵਿਚ ਵਾਦ ਵਧਾਯਾ।**
**੬. ਪੋਸਤ ਭੰਗ ਸ਼ਰਾਬ ਦਾ**
**ਚਲੈ ਪਿਆਲਾ ਭੁਗਤ ਭੁੰਚਾਯਾ।**
**੭. ਵੱਜਣ ਬੁਰਗੂ ਸਿੰਙੀਆਂ**
**ਸੰਖ ਨਾਦ ਰਹਰਾਸ ਕਰਾਯਾ।**
**੮. ਆਦਿ ਪੁਰਖ ਆਦੇਸ ਕਰਿ**
**ਅਲਖ ਜਗਾਇ ਨ ਅਲਖ ਲਖਾਯਾ।**
**੯. ਸਾਧਸੰਗਤਿ ਵਿਣੁ ਭਰਮਿ ਭੁਲਾਯਾ॥੧੬॥**

*ਪਦ ਅਰਥ :* ਘਰਬਾਰੀ—ਗ੍ਰਿਹਸਥੀ। ਪਰਚਾ—ਸ਼ਕਤੀਆਂ। ਭੁਗਤ—ਪਦਾਰਥ। ਚੇਟਕ—ਚਟਕ, ਪ੍ਰੇਮ। ਬੁਰਗੂ—ਰਣਸਿੰਗੇ, ਨਾਦ।

*ਅਰਥ :*

ਪ੍ਰ: ਭਾਈ ਸਾਹਿਬ ਜੀਉ ! ਸ਼ਿਵਜੀ ਕਰਤੱਬਾਂ ਬਾਰੇ ਭੀ ਕੁਝ ਜਾਣਕਾਰੀ ਦਿਓ ?

ਉ: ਹੇ ਭਾਈਓ ! ਸ਼ਿਵਜੀ ਦੀ ਕ੍ਰਿਤ ਬਾਰੇ ਜੋ ਮੈਨੂੰ ਪੁਰਾਤਨ ਪੁਰਾਣਕ ਕਥਾਵਾਂ ਵਿਚੋਂ ਬੋਧ ਮਿਲਿਆ ਹੈ, ਉਸ ਨੂੰ ਮੈਂ ਇਸ ਪਉੜੀ ਦੀਆਂ ਚੰਦ ਸਤਰਾਂ ਵਿਚ ਦਰਸਾਉਣ ਦਾ ਉਪਰਾਲਾ ਕੀਤਾ ਹੈ :

(੧) (ਹੇ ਭਾਈਓ !) ਸ਼ਿਵਜੀ ਇਕ ਤੋਂ ਯਾਰਾਂ ਰੂਪ ਹੋ ਕੇ ਤੇ ਗ੍ਰਿਹਸਥੀ ਹੋ ਕੇ ਵੀ ਅਵਧੂਤ ਸਦਵਾਇਆ।
(੨) ਜਤੀਆਂ ਸਤੀਆਂ ਸੰਤੋਖੀਆਂ, ਸਿੱਧਾਂ ਨਾਥਾਂ ਨੇ ਪ੍ਰਵਿਰਤੀ ਕਰਨ ਵਿਚ ਹੀ ਸਮਾਂ ਬਿਤੀਤ ਕੀਤਾ, (ਭਾਵ ਸ਼ਕਤੀਆਂ ਪ੍ਰਾਪਤ ਕਰਨ ਵਿਚ ਹੀ ਲਗੇ ਰਹੇ)।
(੩) ਸੰਨਿਆਸੀਆਂ ਨੇ ਆਪਣੇ ਦਸ ਨਾਮ ਰਖ ਲਏ (ਤੇ ਦਸ ਫ਼ਿਰਕੇ ਚਲਾ ਲਏ) ਜੋਗੀਆਂ ਨੇ ਬਾਰਾਂ ਪੰਥ ਚਲਾ ਦਿਤੇ।
(੪) ਇਨ੍ਹਾਂ ਨੇ ਰਿੱਧੀਆਂ ਸਿੱਧੀਆਂ ਨਿੱਧੀਆਂ ਰਸਾਇਣਾਂ ਤੰਤ੍ਰਾਂ ਤੇ ਮੰਤ੍ਰਾਂ ਦਾ ਚੇਟਕ ਵਰਤਾਇਆ।
(੫) (ਸਿੱਧਾਂ ਨੇ) ਸ਼ਿਵਰਾਤ੍ਰੀ ਦਾ ਮੇਲਾ (ਵਟਾਲੇ ਵਿਚ) ਕਰਕੇ ਕਰਾਮਾਤਾਂ ਦਿਖਾਉਣ ਦੇ ਝਗੜੇ ਵਧਾਏ।
(੬) (ਉਸ ਮੇਲੇ ਵਿਚ) ਪੋਸਤ, ਭੰਗ, ਸ਼ਰਾਬ ਦੇ ਦੌਰ ਚਲਾਏ ਤੇ ਕਈ ਤਰ੍ਹਾਂ ਦੇ ਪਦਾਰਥ ਖਾਣ ਲਗੇ।
(੭) ਉਹ ਰਣਸਿੰਗੇ, ਸਿੰਙੀਆਂ ਤੇ ਸੰਖ ਵਜਾ ਕੇ ਮਰਯਾਦਾ ਪੂਰੀ ਕਰਦੇ ਹਨ।
(੮) ਆਦਿ ਪੁਰਖ ਨੂੰ ਆਦੇਸ ਕਰਕੇ ਅਲੱਖ ਅਲੱਖ ਕਹਿੰਦੇ ਫਿਰਦੇ ਹਨ, ਪਰ ਅਲੱਖ (ਪ੍ਰਭੂ) ਨੂੰ ਕਿਸੇ ਨਹੀਂ (ਲਖਿਆ) ਜਾਣਿਆ।
(੯) (ਉਪ੍ਰੋਕਤ, ਜਤੀ, ਸਤੀ, ਸਿੱਧ, ਨਾਥ, ਸੰਨਿਆਸੀ ਆਦਿ) ਸਾਧ ਸੰਗਤ ਤੋਂ ਬਿਨਾਂ ਭਰਮ ਵਿਚ ਹੀ ਭੁੱਲੇ ਫਿਰਦੇ ਹਨ।

## ੧੭. ਸੱਚੀ ਰਹੁ-ਰੀਤੀ ਮੁਕਤ ਮਾਰਗ

**੧. ਨਿਰੰਕਾਰ ਆਕਾਰ ਕਰਿ**
**ਸਤਿਗੁਰੁ ਗੁਰਾਂ ਗੁਰੂ ਅਬਿਨਾਸੀ।**
**੨. ਪੀਰਾਂ ਪੀਰ ਵਖਾਣੀਐ**
**ਨਾਥਾਂ ਨਾਥ ਸਾਧ ਸੰਗਿ ਵਾਸੀ।**

**੩. ਗੁਰਮੁਖਿ ਪੰਥ ਚਲਾਇਆ**
**ਗੁਰਸਿਖੁ ਮਾਇਆ ਵਿਚਿ ਉਦਾਸੀ।**
**੪. ਸਨਮੁਖਿ ਮਿਲਿ ਪੰਜ ਆਖੀਅਨਿ**
**ਬਿਰਦ ਪੰਚ ਪਰਮੇਸੁਰੁ ਪਾਸੀ।**
**੫. ਗੁਰਮੁਖਿ ਮਿਲਿ ਪਰਵਾਣ ਪੰਚ**
**ਸਾਧਸੰਗਤਿ ਸਚਖੰਡ ਬਿਲਾਸੀ।**
**੬. ਗੁਰ ਦਰਸਨ ਗੁਰੁ ਸਬਦ ਹੈ**
**ਨਿਜ ਘਰਿ ਭਾਇ ਭਗਤ ਰਹਰਾਸੀ।**
**੭. ਮਿੱਠਾ ਬੋਲਣੁ ਨਿਵ ਚਲਣੁ**
**ਖੱਟਿ ਖਵਾਲਣ ਆਸ ਨਿਰਾਸੀ।**
**੮. ਸਦਾ ਸਹਜਿ ਵੈਰਾਗੁ ਹੈ**
**ਕਲੀ ਕਾਲ ਅੰਦਰ ਪਰਗਾਸੀ।**
**੯. ਸਾਧ ਸੰਗਤਿ ਮਿਲਿ ਬੰਦ ਖਲਾਸੀ ॥੧੭॥**

***ਪਦ ਅਰਥ :*** ਸਤਿਗੁਰੁ—ਗੁਰੂ ਨਾਨਕ ਦੇਵ। ਪੰਚ—ਸੰਤ, ਭਗਤ। ਬਿਲਾਸੀ—ਅਨੰਦ।

***ਅਰਥ :***

ਪ੍ਰ: ਭਾਈ ਸਾਹਿਬ ਜੀਉ! ਜਿਥੇ ਬ੍ਰਹਮਾ ਆਦਿ ਦੇਵਤਿਆਂ ਨੇ ਆਪੋ ਆਪਣੀ ਕ੍ਰਿਤ ਵਿਚ ਸੰਸਾਰ ਦੀ ਪਰਵਿਰਤੀ ਵਧਾਉਣ ਦਾ ਹੀ ਉਪਰਾਲਾ ਕੀਤਾ ਹੈ, ਉਥੇ ਗੁਰਮਤ ਨੇ ਉੱਤਮ ਸਾਧਨ ਕਿਹੜਾ ਦਰਸਾਇਆ ਹੈ, ਜਿਨ੍ਹਾਂ ਦੁਆਰੇ ਇਹ ਮਨੁੱਖ ਪ੍ਰਵਿਰਤੀ ਦੇ ਬੰਧਨਾਂ ਤੋਂ ਮੁਕਤ ਹੋ ਸਕਦਾ ਹੈ, ਇਹ ਭੀ ਦੱਸਣ ਦੀ ਕ੍ਰਿਪਾ ਕਰੋ?

ਉ: ਹੇ ਭਾਈਓ! ਗੁਰਮਤ ਨੇ ਸੰਸਾਰ ਦੇ ਮਨੁੱਖ-ਮਾਤ੍ਰ ਨੂੰ ਇਸ ਸੰਸਾਰ ਦੇ ਬੰਧਨਾਂ ਤੋਂ ਖ਼ਲਾਸੀ ਦਿਵਾਉਣ ਲਈ ਸਾਧ ਸੰਗਤ ਕਾਇਮ ਕੀਤੀ ਹੈ, ਜਿਸ ਵਿਚ ਕਰਮ-ਕਾਂਡਾਂ ਤੋਂ ਵਰਜ ਕੇ ਨਿਰੋਲ ਪ੍ਰਭੂ ਭਗਤੀ ਕਰਦੇ ਰਹਿਣ ਵੱਲ ਹੀ ਪ੍ਰੇਰਿਆ ਹੈ, ਇਸੇ ਭਾਵ ਨੂੰ ਮੈਂ ਇਸ ਪਉੜੀ ਵਿਚ ਅੰਕਤ ਕੀਤਾ ਹੈ:

(੧) (ਹੇ ਭਾਈਓ! ਬਾਣੀ ਦੁਆਰੇ ਇਹੋ ਬੋਧ ਮਿਲਦਾ ਹੈ ਕਿ) ਅਕਾਲ ਪੁਰਖ ਅਬਿਨਾਸ਼ੀ ਨੇ ਆਪ ਹੀ ਗੁਰੂਆਂ ਦੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਰੂਪ ਧਾਰਨ ਕੀਤਾ ਹੈ।

(੨) ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੀਰਾਂ ਦੇ ਪੀਰ ਤੇ ਨਾਥਾਂ ਦੇ ਨਾਥ ਕਿਹਾ ਜਾਂਦਾ ਹੈ ਤੇ ਉਹ ਸਾਧ ਸੰਗਤ ਵਿਚ ਹੀ ਵੱਸਦੇ ਹਨ।

(੩) ਉਨ੍ਹਾਂ ਨੇ ਗੁਰਮੁਖਾਂ ਦਾ ਪੰਥ (ਮਾਰਗ) ਚਲਾਇਆ ਹੈ, ਉਹ ਗੁਰਮੁਖ (ਗੁਰਸਿਖ) ਮਾਇਆ ਵਿਚ ਰਹਿੰਦੇ ਹੋਏ ਵੀ ਉਦਾਸ ਰਹਿੰਦੇ ਹਨ।

(੪) ਜਿਹੜੇ ਪੁਰਸ਼ ਸਤਿਗੁਰਾਂ ਨੂੰ ਸਨਮੁਖ ਹੋ ਕੇ ਮਿਲਦੇ ਹਨ, ਉਨ੍ਹਾਂ ਨੂੰ ਪੰਚ (ਸੰਤ) ਕਿਹਾ ਜਾਂਦਾ ਹੈ, ਜਿਨ੍ਹਾਂ ਨੇ ਸੰਤਾਂ ਦਾ ਧਰਮ ਕੀਤਾ ਹੈ, ਉਹ ਪ੍ਰਭੂ ਦੇ ਪਾਸ ਰਹਿੰਦੇ ਹਨ।

(੫) ਗੁਰਮੁਖਾਂ ਦਾ ਮੇਲ ਹੀ ਪੰਚ ਪ੍ਰਵਾਣ ਹੈ, ਸੰਤਾਂ ਦਾ ਮੇਲੀ ਸਤਿਸੰਗਤ ਰੂਪੀ ਸੱਚਖੰਡ ਵਿਚ ਅਨੰਦ ਮਾਣਦਾ ਹੈ।

(੬) ਸਤਿਗੁਰਾਂ ਦਾ ਉਪਦੇਸ਼ ਸੁਣਨਾ ਹੀ ਸਤਿਗੁਰਾਂ ਦਾ ਦਰਸ਼ਨ ਹੈ। ਪ੍ਰੇਮਾ-ਭਗਤੀ ਨਾਲ ਗੁਰੂ ਦੇ ਉਪਦੇਸ਼ ਦੀ ਕਮਾਈ ਕਰਕੇ ਸਹਿਜ ਅਵਸਥਾ ਵਿਚ ਪਹੁੰਚਣ ਦੀ ਮਰਯਾਦਾ ਵਾਲੇ ਹੋਈਦਾ ਹੈ।

(੭) (ਸਤਿਗੁਰਾਂ ਦੀ ਦੱਸੀ ਮਰਯਾਦਾ ਇਹ ਹੈ) ਮਿੱਠਾ ਬੋਲਣਾ, ਨਿਉਂ ਕੇ ਚੱਲਣਾ, ਧਰਮ ਦੀ ਕਮਾਈ ਕਰਕੇ ਆਪ ਖਾਣਾ ਤੇ ਹੋਰ ਲੋੜਵੰਦਾਂ ਨੂੰ ਖਵਾਉਣਾ ਤੇ ਆਸਾ ਵਿਚ ਨਿਰਾਸ ਰਹਿਣਾ।

(੮) ਹਮੇਸ਼ਾਂ ਸਹਿਜ ਅਵਸਥਾ ਵਿਚ ਵੈਰਾਗੀ ਹੋ ਕੇ ਰਹਿਣਾ। ਕਲਜੁਗ ਅੰਦਰ (ਸ੍ਰੀ ਗੁਰੂ ਨਾਨਕ ਦੇਵ ਜੀ ਨੇ) ਇਹ ਮਰਯਾਦਾ ਪਰਚਲਤ ਕੀਤੀ ਹੈ।

(੯) ਸਾਧ ਸੰਗਤ ਵਿਚ ਮਿਲ ਕੇ ਇਸ ਮਰਿਆਦਾ ਦੀ ਸਿਖਿਆ ਲੈ ਕੇ ਬੰਦ ਖ਼ਲਾਸੀ ਹੁੰਦੀ ਹੈ (ਭਾਵ ਮੁਕਤੀ ਮਿਲਦੀ ਹੈ)।੧੭।

## ੧੮. ਸਾਧ ਸੰਗਤਿ ਵਿਟਹੁ ਬਲਿਹਾਰੀ

**੧. ਨਾਰੀ ਪੁਰਖੁ ਪਿਆਰੁ ਹੈ**
**ਪੁਰਖੁ ਪਿਆਰ ਕਰੇਂਦੇ ਨਾਰੀ।**
**੨. ਨਾਰਿ ਭਤਾਰੁ ਸੰਜੋਗਿ ਮਿਲਿ**
**ਪੁੱਤ ਸਪੁੱਤ ਕੁਪੁੱਤ ਸੈਂਸਾਰੀ।**
**੩. ਪੁਰਖਾਂ ਪੁਰਖਾਂ ਜੋ ਰਚਨਿ**
**ਤੇ ਵਿਰਲੇ ਨਿਰਮਲ ਨਿਰੰਕਾਰੀ।**
**੪. ਪੁਰਖਹੁੰ ਪੁਰਖਾ ਉਪਜਦਾ**
**ਗੁਰ ਚੇਲਾ ਕਰਿ ਸੁਰਤ ਵਿਚਾਰੀ।**

੫. ਪਾਰਸ ਹੋਆ ਪਾਰਸਹੁੰ
ਗੁਰੁ ਚੇਲਾ ਚੇਲਾ ਗੁਣਕਾਰੀ।
੬. ਗੁਰਮੁਖਿ ਵੰਸੀ ਪਰਸਿ ਗੁਰ
ਸਿਖ ਸਾਧ ਸੇ ਪਰਉਪਕਾਰੀ।
੭. ਗੁਰ ਭਾਈ ਗੁਰ ਭਾਈਆਂ
ਸਾਕ ਸੱਚਾ ਗੁਰਵਾਕ ਜੁਹਾਰੀ।
੮. ਪਰ ਤਨੁ ਪਰ ਧਨੁ ਪਰਹਰੈ
ਪਰਨਿੰਦਾ ਹਉਮੈ ਪਰਹਾਰੀ।
੯. ਸਾਧ ਸੰਗਤਿ ਵਿਟਹੁ ਬਲਿਹਾਰੀ ॥੧੮॥

***ਪਦ ਅਰਥ :*** ਪੁਰਖੁ—ਪਤੀ। ਉਪਜਦਾ—ਪੈਦਾ ਹੁੰਦਾ ਹੈ। ਸਾਧ—ਉੱਤਮ, ਸ੍ਰੇਸ਼ਟ।

***ਅਰਥ :***

(੧) (ਸਾਧ ਸੰਗਤ ਦੁਆਰੇ ਇਹ ਬੋਧ ਮਿਲਦਾ ਹੈ ਕਿ) ਇਸਤ੍ਰੀ ਦਾ (ਆਪਣੇ) ਪਤੀ ਨਾਲ ਪਿਆਰ ਹੁੰਦਾ ਹੈ ਤੇ ਪਤੀ ਆਪਣੀ ਇਸਤ੍ਰੀ ਨਾਲ ਪਿਆਰ ਕਰਦਾ ਹੈ।
(੨) ਪਤੀ ਪਤਨੀ ਦੇ ਸੰਜੋਗ ਤੋਂ ਸੰਸਾਰ ਵਿਚ ਪੁੱਤ੍ਰ, ਸੁਪੁੱਤ੍ਰ ਤੇ ਕਪੁੱਤ੍ਰ ਪੈਦਾ ਹੁੰਦੇ ਹਨ।
(੩) ਜਿਹੜੇ ਨਿਰਮਲ ਨਿਰੰਕਾਰ ਨਾਲ ਰਚਦੇ ਹਨ (ਭਾਵ ਪ੍ਰੇਮ ਕਰਦੇ ਹਨ) ਉਹ ਪੁਰਸ਼ ਜਗ ਵਿਚ ਵਿਰਲੇ ਹਨ।
(੪) ਪੁਰਖਾਂ ਤੋਂ ਪੁਰਖ ਪੈਦਾ ਹੁੰਦਾ ਹੈ ਅਰਥਾਤ ਗੁਰੂ ਦੇ ਸ਼ਬਦ ਦੀ ਵੀਚਾਰ ਕਰਕੇ ਗੁਰੂ ਤੋਂ ਚੇਲਾ ਪੈਦਾ ਹੁੰਦਾ ਹੈ।
(੫) ਪਾਰਸ ਦੇ ਸਪਰਸ਼ ਕਰਨ ਨਾਲ ਪਾਰਸ ਹੋਇਆ ਹੈ, ਕਿਉਂਕਿ ਗੁਰੂ ਚੇਲਾ ਤੇ ਚੇਲਾ ਗੁਰੂ ਹੋਇਆ ਹੈ।
(੬) ਗੁਰੂ ਨੂੰ ਪਰਸ ਕੇ ਗੁਰਮੁਖਾਂ ਦੀ ਵੰਸ ਚਲੀ ਹੈ, ਉਹ ਗੁਰੂ ਦੇ ਸਿਖ ਪਰਉਪਕਾਰੀ ਹੁੰਦੇ ਹਨ।
(੭) ਗੁਰਭਾਈ ਦਾ ਗੁਰਭਾਈ ਨਾਲ ਸੱਚਾ ਸਾਕ ਹੁੰਦਾ ਹੈ, ਗੁਰਸਿਖ ਗੁਰਵਾਕ ਅਨੁਸਾਰ ਆਪੋ ਵਿਚ ਨਮਸਕਾਰ ਕਰਦੇ ਹਨ (ਭਾਵ ਇਕ ਦੂਜੇ ਨੂੰ ਮੱਥਾ ਟੇਕਦੇ ਹਨ)।
(੮) (ਗੁਰਸਿੱਖਾਂ) ਨੇ ਪਰਾਈ ਇਸਤ੍ਰੀ, ਪਰਾਇਆ ਧਨ, ਪਰਾਈ ਨਿੰਦਾ ਤੇ ਹਉਮੈ ਨੂੰ ਤਿਆਗ ਦਿਤਾ ਹੈ।
(੯) (ਇਹੋ ਜਿਹੀ ਸ੍ਰੇਸ਼ਟ ਸਿਖਿਆ ਦੇਣ ਵਾਲੀ) ਸਾਧ ਸੰਗਤ ਤੋਂ ਮੈਂ ਬਲਿਹਾਰ ਜਾਂਦਾ ਹਾਂ।੧੮।

## ੧੯. ਸਾਧ ਸੰਗਤ ਦਾ ਸਾਕ ਹੀ ਸੱਚਾ ਹੈ

੧. ਪਿਉ ਦਾਦਾ ਪੜਦਾਦਿਓਂ
ਪੁੱਤ੍ਰ ਪੋਤਾ ਪੜਪੋਤਾ ਨੱਤਾ।
੨. ਮਾਂ ਦਾਦੀ ਪੜਦਾਦੀਓਂ
ਫੁਫੀ ਭੈਣ ਧੀਅ ਸਣਖੱਤਾ।
੩. ਨਾਨਾ ਨਾਨੀ ਆਖੀਐ
ਪੜਨਾਨਾ ਪੜਨਾਨੀ ਪੱਤਾ।
੪. ਤਾਇਆ ਚਾਚਾ ਜਾਣੀਐ
ਤਾਈ ਚਾਚੀ ਮਾਇਆ ਮੱਤਾ।
੫. ਮਾਮੇ ਤੇ ਮਾਮਾਣੀਆਂ
ਮਾਸੀ ਮਾਸੜ ਦੈ ਰੰਗ ਰੱਤਾ।
੬. ਮਾਸੜ ਫੁਫੜ ਸਾਕ ਸਭ
ਸਹੁਰਾ ਸੱਸ ਸਾਲੀ ਸਾਲੱਤਾ।
੭. ਤਾਏਰ ਪਿਤੀਏਰ ਮੇਲ ਮਿਲਿ
ਮਉਲੇਰ ਫੁਫੇਰ ਅਵੱਤਾ।
੮. ਸਾਂਢੂ ਕੁੜਮ ਕੁਟੰਬ ਸਭ
ਨਦੀ ਨਾਵ ਸੰਜੋਗ ਨਿਸੱਤਾ।
੯. ਸੱਚਾ ਸਾਕ ਨ ਵਿੱਛੁੜੈ
ਸਾਧ ਸੰਗਤਿ ਗੁਰੁ ਭਾਈ ਭੱਤਾ।
੧੦. ਭੋਗ ਭੁਗਤਿ ਵਿਚਿ ਜੋਗ ਜੁਗੱਤਾ ॥੧੯॥

***ਪਦ ਅਰਥ :*** ਸਣਖੱਤਾ—ਸਰੇਸ਼ਟ। ਪੱਤਾ—ਪਤਾ ਦਿੰਦੇ ਹਨ। ਮੱਤਾ—ਮਸਤ। ਸਾਲੱਤਾ—ਸਾਲੇ ਦਾ ਪੁੱਤਰ। ਅਵੱਤਾ—ਆਕੜਦਾ ਹੈ। ਨਿਸੱਤਾ—ਝੂਠ।

***ਅਰਥ :***

(੧) (ਇਸ ਪਉੜੀ ਵਿਚ ਦਰਸਾਏ ਸਾਰੇ ਸਾਕ ਝੂਠੇ ਹਨ) ਪਿਉ ਤੇ ਪੁੱਤ੍ਰ, ਦਾਦੇ ਤੋਂ ਪੋਤਰਾ, ਪੜਦਾਦਿਓਂ ਪੜਪੋਤ੍ਰਾ ਤੇ ਪੜਪੋਤਰੇ ਦਾ ਪੁੱਤਰ ਨੱਤਾ ਕਿਹਾ ਜਾਂਦਾ ਹੈ।
(੨) ਮਾਂ, ਦਾਦੀ, ਪੜਦਾਦੀ, ਭੂਆ, ਭੈਣ, ਧੀ ਤੇ ਨੂੰਹ ਦਾ ਸਾਕ ਹੁੰਦਾ ਹੈ।

(੩) ਨਾਨਾ ਤੇ ਨਾਨੀ, ਪੜਨਾਨਾ ਤੇ ਪੜਨਾਨੀ ਦੇ ਸਾਕ ਦੇ ਪਤੇ ਮਿਲਦੇ ਹਨ।

(੪) ਤਾਇਆ, ਚਾਚਾ, ਤਾਈ ਤੇ ਚਾਚੀ ਆਦਿ ਦਾ ਸਾਕ ਮਾਇਆ ਵਿਚ ਮਸਤ ਰਹਿੰਦੇ ਹਨ।

(੫) ਮਾਮੇ ਮਾਮੀਆਂ, ਮਾਸੀ ਮਾਸੜ ਦੇ ਪ੍ਰੇਮ ਵਿਚ ਜੀਵ ਰੱਤਾ ਰਹਿੰਦਾ ਹੈ।

(੬) ਮਾਸੜ, ਫੁਫੜ, ਸੌਹਰਾ ਸੱਸ, ਸਾਲੀ ਤੇ ਸਾਲੇ ਦਾ ਪੁੱਤ੍ਰ ਸਭ ਸਾਕ ਕਹੇ ਜਾਂਦੇ ਹਨ।

(੭) (ਕੋਈ) ਤਾਏ ਦੇ ਪੁੱਤਰਾਂ, ਚਾਚੇ ਦੇ ਪੁੱਤਰਾਂ, ਮਾਮੇ ਦੇ ਪੁੱਤਰਾਂ ਤੇ ਭੂਆ ਦੇ ਪੁੱਤਰਾਂ ਦੀ ਆਕੜ ਵਿਚ ਪਿਆ ਫਿਰਦਾ ਹੈ।

(੮) ਸਾਂਢੂ, ਕੁੜਮ ਤੇ ਹੋਰ ਕੁਟੰਬੀ ਨਦੀ ਉਤੇ ਬੇੜੀ ਦੇ ਪੂਰ ਵਾਂਗੂੰ ਇਕੱਠੇ ਹੋਏ ਹਨ।

(੯) (ਇਹ ਮੇਲ ਝੂਠਾ ਹੈ) ਸੱਚਾ ਸਾਕ ਸਾਧ ਸੰਗਤ ਹੈ, ਜੋ ਕਦੀ ਵੀ ਨਹੀਂ ਵਿਛੜਦਾ। ਸਭ ਸਤਿਸੰਗੀ ਗੁਰਭਾਈਆਂ ਵਾਂਗ ਮਿਲਦੇ ਹਨ।

(੧੦) ਗੁਰਸਿੱਖ ਸੰਸਾਰਕ ਪਦਾਰਥਾਂ ਦੇ ਭੋਗ ਭੋਗਦੇ ਹੋਏ ਵੀ ਜੋਗ ਵਿਚ ਜੁੜੇ ਰਹਿੰਦੇ ਹਨ।੧੯।

## ੨੦. ਸਤਿਗੁਰਾਂ ਦੇ ਸਮਾਨ ਹੋਰ ਕੋਈ ਭੀ ਕ੍ਰਿਪਾਲੂ ਨਹੀਂ

**੧. ਪਿਉ ਦੇ ਨਾਹ ਪਿਆਰ ਤੁੱਲਿ**
**ਨਾ ਫੁੱਫੀ ਨਾ ਪਿਤੀਏ ਤਾਏ।**
**੨. ਮਾਊ ਹੇਤੁ ਨ ਪੁੱਜਨੀ**
**ਹੇਤੁ ਨ ਮਾਮੇ ਮਾਸੀ ਜਾਏ।**
**੩. ਅੰਬਾਂ ਸੱਧਰ ਨਾ ਲਹੈ**
**ਆਣ ਅੰਬਾਕੜੀਆਂ ਜੇ ਖਾਏ।**
**੪. ਮੂਲੀ ਪਾਨ ਪਟੰਤਰਾ**
**ਵਾਸ ਡਕਾਰ ਪਰਗਟੀ ਆਏ।**
**੫. ਸੂਰਜ ਚੰਦ ਨ ਪੁੱਜਨੀ**
**ਦੀਵੇ ਲੱਖ ਤਾਰੇ ਚਮਕਾਏ।**
**੬. ਰੰਗ ਮਜੀਠ ਕਸੁੰਭ ਦਾ**
**ਸਦਾ ਸਥੋਈ ਵੇਸ ਵਟਾਏ।**
**੭. ਸਤਿਗੁਰੁ ਤੁੱਲਿ ਨ ਮੇਹਰਵਾਨ**
**ਮਾਤਾ ਪਿਤਾ ਨ ਦੇਵ ਸਬਾਏ।**
**੮. ਡਿੱਠੇ ਸਭੇ ਠੋਕਿ ਵਜਾਏ ॥੨੦॥**

***ਪਦ ਅਰਥ :*** ਅੰਬਾਕੜੀਆਂ—ਅੰਬੀਆਂ ਦੇ ਸੁੱਕੇ ਛਿੱਲ। ਪਟੰਤਰਾ—ਬਰਾਬਰੀ। ਸਥੋਈ—ਸਾਥੀ। ਠੋਕਿ ਵਜਾਏ—ਪਰਖ ਕੇ।

***ਅਰਥ :***

(੧) ਪਿਤਾ ਦੇ ਪਿਆਰ ਦੇ ਬਰਾਬਰ ਭੂਆ, ਚਾਚੇ ਤੇ ਤਾਏ ਦਾ ਪਿਆਰ ਨਹੀਂ ਹੋ ਸਕਦਾ (ਕਿਉਂਕਿ ਪਿਤਾ ਦਾ ਮੋਹ ਕੁਦਰਤੀ ਹੁੰਦਾ ਹੈ)।

(੨) ਮਾਵਾਂ ਦੇ ਪਿਆਰ ਦੇ ਬਰਾਬਰ ਮਾਮੇ ਤੇ ਮਾਸੀਆਂ ਦਾ ਪਿਆਰ ਨਹੀਂ ਪੁੱਜਦਾ।

(੩) ਅੰਬਾਂ ਦੀ ਸੱਧਰ (ਭੁਖ) ਅੰਬਾਕੜੀਆਂ ਦੇ ਖਾਣ ਨਾਲ ਨਹੀਂ ਲਹਿੰਦੀ।

(੪) ਮੂਲੀ ਤੇ ਪਾਨ ਦੀ ਵਾਸ਼ਨਾ ਦਾ ਫ਼ਰਕ ਡਕਾਰ ਤੋਂ ਪਰਗਟ ਹੁੰਦਾ ਹੈ।

(੫) ਭਾਵੇਂ ਲੱਖਾਂ ਦੀਵੇ ਜਗਦੇ ਹੋਣ ਤੇ ਲੱਖਾਂ ਤਾਰੇ ਚਮਕਦੇ ਹੋਣ, ਉਹ ਸੂਰਜ ਤੇ ਚੰਦ੍ਰਮਾ ਦੇ ਬਰਾਬਰ ਨਹੀਂ ਪੁੱਜ ਸਕਦੇ।

(੬) ਮਜੀਠ ਤੇ ਕਸੁੰਭੇ ਦਾ ਰੰਗ ਸਦਾ ਸਾਥੀ ਨਹੀਂ ਹੁੰਦੇ, ਕਿਉਂਕਿ ਕਸੁੰਭੇ ਦਾ ਰੰਗ ਵੇਸ ਵਟਾ ਲੈਂਦਾ ਹੈ (ਭਾਵ ਫਿਕਾ ਪੈ ਜਾਂਦਾ ਹੈ) ਤੇ ਮਜੀਠ ਦਾ ਰੰਗ ਪੱਕਾ ਰਹਿੰਦਾ ਹੈ।

(੭) (ਇਸੇ ਤਰ੍ਹਾਂ) ਮਾਤਾ-ਪਿਤਾ ਆਦਿ ਸਾਰੇ ਸੰਬੰਧੀ ਤੇ ਸਾਰੇ ਦੇਵਤੇ ਸਤਿਗੁਰਾਂ ਦੇ ਤੁੱਲ ਮੇਹਰਵਾਨ ਨਹੀਂ ਹੁੰਦੇ।

(੮) ਅਸਾਂ ਸਭ ਨੂੰ ਪਰਖ ਕੇ ਵੇਖ ਲਿਆ ਹੈ।੨੦।

ਭਾਵ ਦੁਨੀਆਂ ਦੇ ਸਾਰੇ ਸਾਕ ਮਾਇਆ ਦੇ ਬੰਧਨਾਂ ਵਿਚ ਬੰਨ੍ਹਦੇ ਹਨ, ਸਤਿਗੁਰ ਤੇ ਸਾਧ ਸੰਗਤ ਦਾ ਸਾਕ ਐਸਾ ਹੈ ਜੋ ਬੰਧਨਾਂ ਨੂੰ ਤੋੜ ਕੇ ਮੁਕਤ ਕਰ ਦਿੰਦਾ ਹੈ।

## ੨੧. ਸਤਿਗੁਰਾਂ ਦੀ ਸਭ ਤੋਂ ਵੱਡੀ ਵਡਿਆਈ ਹੈ

੧. ਮਾਪੇ ਹੇਤੁ ਨ ਪੁੱਜਨੀ
ਸਤਿਗੁਰ ਹੇਤੁ ਸੁਚੇਤ ਸਹਾਈ।
੨. ਸ਼ਾਹ ਵਿਸਾਹ ਨ ਪੁੱਜਨੀ
ਸਤਿਗੁਰ ਸ਼ਾਹ ਅਥਾਹ ਸਮਾਈ।
੩. ਸਾਹਿਬ ਤੁੱਲਿ ਨ ਸਾਹਿਬੀ
ਸਤਿਗੁਰ ਸਾਹਿਬ ਸੱਚਾ ਸਾਈ।
੪. ਦਾਤੇ ਦਾਤਿ ਨ ਪੁੱਜਨੀ
ਸਤਿਗੁਰ ਦਾਤਾ ਸਚ ਦ੍ਰਿੜਾਈ।
੫. ਵੈਦ ਨ ਪੁੱਜਨਿ ਵੈਦਗੀ
ਸਤਿਗੁਰ ਹਉਮੈ ਰੋਗ ਮਿਟਾਈ।
੬. ਦੇਵੀ ਦੇਵ ਨ ਸੇਵ ਤੁੱਲ
ਸਤਿਗੁਰ ਸੇਵ ਸਦਾ ਸੁਖਦਾਈ।
੭. ਸਾਇਰ ਰਤਨ ਨ ਪੁੱਜਨੀ
ਸਾਧ ਸੰਗਤਿ ਗੁਰ ਸਬਦੁ ਸੁਭਾਈ।
੮. ਅਕੱਥ ਕਥਾ ਵਡੀ ਵਡਿਆਈ॥੨੧॥੩੯॥

***ਪਦ ਅਰਥ :*** ਮਾਪੇ ਹੇਤੁ—ਮਾਪਿਆਂ ਦਾ ਪਿਆਰ। ਸਾਹਿਬ ਤੁੱਲਿ—ਰਾਜੇ ਤੁੱਲ। ਵੈਦਗੀ—ਹਕੀਮੀ। ਸਾਇਰ—ਸਮੁੰਦਰ।

***ਅਰਥ :***

(੧) ਮਾਤਾ ਪਿਤਾ ਦਾ ਪਿਆਰ ਸਤਿਗੁਰਾਂ ਦੇ ਪਿਆਰ ਦੇ ਬਰਾਬਰ ਨਹੀਂ ਪੁੱਜਦਾ, ਕਿਉਂਕਿ ਸਤਿਗੁਰਾਂ ਦਾ ਪਿਆਰ ਸੁਚੇਤ ਕਰਨ ਵਾਲਾ ਤੇ ਅੰਤ ਨੂੰ ਸਹਾਇਤਾ ਕਰਨ ਵਾਲਾ ਹੁੰਦਾ ਹੈ।

(੨) (ਦੁਨੀਆਂ ਦੇ) ਸ਼ਾਹ ਵੀ ਸਤਿਗੁਰਾਂ ਦੀ ਬਰਾਬਰੀ ਨਹੀਂ ਕਰ ਸਕਦੇ, ਕਿਉਂਕਿ ਸਤਿਗੁਰੂ ਸ਼ਾਹ ਅਥਾਹ ਹਨ ਤੇ ਹਰ ਇਕ ਦੀ ਸਮਾਈ ਕਰ ਸਕਦੇ ਹਨ।

(੩) ਕਿਸੇ ਸਾਹਿਬ (ਰਾਜੇ) ਦੀ ਸਾਹਿਬੀ (ਵਡੱਤਣ) ਵੀ ਸਤਿਗੁਰੂ ਦੀ ਬਰਾਬਰੀ ਨਹੀਂ ਕਰ ਸਕਦੀ, ਕਿਉਂਕਿ ਸਤਿਗੁਰੂ ਸਾਹਿਬ ਸੱਚਾ ਸੁਆਮੀ ਹੈ।

(੪) ਕਿਸੇ ਦਾਤੇ ਦੀ ਦਾਤ ਵੀ ਸਤਿਗੁਰੂ ਦੀ ਬਖ਼ਸ਼ੀ ਦਾਤ ਦੇ ਬਰਾਬਰ ਨਹੀਂ ਕਿਉਂਕਿ ਸਤਿਗੁਰੂ ਸੱਚ ਦਾ ਉਪਦੇਸ਼ ਦ੍ਰਿੜ੍ਹ ਕਰਾਉਂਦਾ ਹੈ।

(੫) ਸਤਿਗੁਰਾਂ ਦੀ ਵੈਦਗੀ ਦੇ ਬਰਾਬਰ ਕਿਸੇ ਵੈਦ ਦੀ ਵੈਦਗੀ ਨਹੀਂ ਪੁੱਜਦੀ ਕਿਉਂਕਿ ਸਤਿਗੁਰੂ ਜੀ ਗੁਰਸਿਖ ਦੇ ਅੰਦਰੋਂ ਹਉਮੈ ਦਾ ਰੋਗ ਨਾਸ ਕਰ ਦਿੰਦੇ ਹਨ।

(੬) ਦੇਵੀਆਂ ਤੇ ਦੇਵਤਿਆਂ ਦੀ ਕੀਤੀ ਸੇਵਾ ਵੀ ਗੁਰੂ ਦੀ ਬਰਾਬਰੀ ਨਹੀਂ ਕਰ ਸਕਦੀ, ਕਿਉਂਕਿ ਸਤਿਗੁਰੂ ਜੀ ਦੀ ਕੀਤੀ ਸੇਵਾ ਸਦੀਵੀ ਸੁਖਾਂ ਦੇ ਦੇਣ ਵਾਲੀ ਹੁੰਦੀ ਹੈ।

(੭) ਸਮੁੰਦਰ ਵਿਚੋਂ ਨਿਕਲੇ ਰਤਨ ਵੀ ਗੁਰੂ ਉਪਦੇਸ਼ ਦੀ ਬਰਾਬਰੀ ਨਹੀਂ ਕਰ ਸਕਦੇ, ਕਿਉਂਕਿ ਸਤਿਗੁਰਾਂ ਦੀ ਸਾਧ ਸੰਗਤ ਵਿਚ ਗੁਰੂ ਉਪਦੇਸ਼ ਰੂਪੀ ਅਮੋਲਕ ਰਤਨ ਪ੍ਰਕਾਸ਼ਦੇ ਹਨ।

(੮) ਸਤਿਗੁਰਾਂ ਦੀ ਕਥਾ ਅਕੱਥ (ਕਥਨ ਤੋਂ ਬਾਹਰ) ਹੈ ਤੇ ਵਡਿਆਈ ਵੱਡੀ ਹੈ।੨੧।੩੯।

ਭਾਵ ਸਤਿਗੁਰੂ ਦਾ ਪਿਆਰ ਸਭ ਤੋਂ ਉੱਚਾ ਹੈ।

(ਉਨਤਾਲੀਵੀਂ ਵਾਰ ਸਮਾਪਤ)

# ਵਾਰ ੪੦

ੴ ਸਤਿਗੁਰ ਪ੍ਰਸਾਦਿ ॥

## ੧. *ਸਤਿਗੁਰਾਂ ਦਾ ਮੰਗਲਾਚਰਨ*

**੧. ਸਉਦਾ ਇੱਕਤੁ ਹੱਟਿ ਹੈ**
**ਪੀਰਾਂ ਪੀਰੁ ਗੁਰਾਂ ਗੁਰੁ ਪੂਰਾ।**
**੨. ਪਤਿਤ ਉਧਾਰਨ ਦੁਖ ਹਰਣ**
**ਅਸਰਣ ਸਰਣ ਵਚਨ ਦਾ ਸੂਰਾ।**
**੩. ਅਉਗਣ ਲੈ ਗੁਣ ਵਿੱਕਣੈ**
**ਸੁਖ ਸਾਗਰੁ ਵਿਸਰਾਇ ਵਿਸੂਰਾ।**
**੪. ਕੱਟ ਵਿਕਾਰ ਹਜਾਰ ਲੱਖ**
**ਪਰਉਪਕਾਰੀ ਸਦਾ ਹਜੂਰਾ।**
**੫. ਸਤਿਨਾਮੁ ਕਰਤਾ ਪੁਰਖ**
**ਸਤਿ ਸਰੂਪ ਨ ਕਦ ਹੀ ਊਰਾ।**
**੬. ਸਾਧ ਸੰਗਤਿ ਸੱਚਖੰਡ ਵਸਿ**
**ਅਨਹਦ ਸਬਦ ਵਜਾਏ ਤੂਰਾ।**
**੭. ਦੂਜਾ ਭਾਉ ਕਰੇ ਚਕਚੂਰਾ ॥੧॥**

***ਪਦ ਅਰਥ :*** ਵਿਸਰਾਇ—ਦੂਰ ਕਰਨਾ। ਵਿਸੂਰਾ—ਝੂਰੇ। ਊਰਾ—ਘੱਟ। ਤੂਰਾ—ਵਾਜੇ। ਚਕਚੂਰਾ—ਨਾਸ।

***ਅਰਥ :***

(ਇਸ ਚਾਲੀਸਵੀਂ ਵਾਰ ਦੇ ਅਰੰਭ ਵਿਚ ਗੁਰੂ ਜੀ ਦਾ ਵਸਤੂ ਨਿਰਦੇਸ਼ ਮੰਗਲਾਚਰਨ ਕਰਦੇ ਹਨ):

(੧) (ਨਾਮ ਦਾ) ਸੌਦਾ ਇਕੋ ਹੱਟੀ 'ਚੋਂ ਹੀ ਮਿਲਦਾ ਹੈ। ਪੀਰਾਂ ਦਾ ਪੀਰ ਤੇ ਗੁਰੂਆਂ ਦਾ ਗੁਰੂ (ਨਾਨਕ ਦੇਵ) ਹੀ ਇਹ ਪੂਰਾ ਹੱਟ ਹੈ।

(੨) ਜੋ ਪਾਪੀਆਂ ਨੂੰ ਤਾਰਨ ਵਾਲਾ, ਦੁਖੀਆਂ ਦੇ ਦੁਖ ਦੂਰ ਕਰਨ ਵਾਲਾ, ਅਸਰਣਾਂ ਦੀ ਸਰਣ ਅਰ ਬਚਨ ਦਾ ਸੂਰਮਾ ਹੈ।

(੩) ਸਤਿਗੁਰੂ ਜੀ ਸਿਖਾਂ ਦੇ ਅਉਗਣ ਲੈ ਕੇ (ਭਾਵ ਦੂਰ ਕਰਕੇ) ਗੁਣ ਦਿੰਦੇ ਹਨ, ਉਹ ਸੁਖਾਂ ਦੇ ਸਮੁੰਦਰ ਹੋਣ ਕਰਕੇ (ਝੋਰੇ) ਦੁਖ ਦੂਰ ਕਰਦੇ ਹਨ।

(੪) (ਸਿੱਖਾਂ ਦੇ ਲੱਖਾਂ ਹਜ਼ਾਰਾਂ) ਵਿਕਾਰਾਂ ਨੂੰ ਸਤਿਗੁਰੂ ਜੀ ਕੱਟਦੇ ਹਨ, ਆਪ ਪਰਉਪਕਾਰੀ ਹਨ ਤੇ ਸਦਾ ਪ੍ਰਭੂ ਦੀ ਹਜ਼ੂਰੀ ਵਿਚ ਰਹਿੰਦੇ ਹਨ।

(੫) ਸਤਿਗੁਰੂ ਜੀ ਸਿੱਖਾਂ ਨੂੰ ਸਤਿਨਾਮ ਕਰਤਾ ਪੁਰਖ ਦਾ ਸਿਮਰਨ ਬਖ਼ਸ਼ ਕੇ ਸਤਿ ਸਰੂਪ ਕਰਦੇ ਹਨ, ਫਿਰ ਸਿਖ ਕਦੇ ਭੀ ਊਣਾ (ਘੱਟ) ਨਹੀਂ ਹੁੰਦਾ।

(੬) ਸਤਿਗੁਰੂ ਜੀ ਸਤਿ ਸੰਗਤ ਦੇ ਸੱਚਖੰਡ ਵਿਚ ਨਿਵਾਸ ਕਰਦੇ ਹਨ ਤੇ ਉਨ੍ਹਾਂ ਦੇ ਉਪਦੇਸ਼ ਰੂਪੀ ਅਨਹਦ ਵਾਜੇ ਸਦਾ ਵੱਜਦੇ ਰਹਿੰਦੇ ਹਨ।

(੭) ਸਤਿਗੁਰੂ ਜੀ ਸਿੱਖਾਂ ਦਾ ਦ੍ਵੈਤ-ਭਾਵ (ਅਗਿਆਨ) ਨਾਸ ਕਰਦੇ ਹਨ।੧।

## ੨. *ਸਤਿਸੰਗਤ ਦੀ ਮਹਿਮਾ*

**੧. ਪਾਰਸ ਪਰਉਪਕਾਰ ਕਰਿ**
**ਜਾਤ ਨ ਅਸ਼ਟਧਾਤ ਵੀਚਾਰੇ।**
**੨. ਬਾਵਨ ਚੰਦਨ ਬੋਹਿੰਦਾ**
**ਅਫਲ ਸਫਲ ਨ ਜੁਗਤਿ ਉਰਧਾਰੇ।**
**੩. ਸਭ ਤੇ ਇੰਦਰ ਬਰਸਦਾ**
**ਥਾਉਂ ਕੁਥਾਉਂ ਨ ਅੰਮ੍ਰਿਤ ਧਾਰੇ।**
**੪. ਸੂਰਜ ਜੋਤਿ ਉਦੋਤ ਕਰਿ**
**ਓਤ ਪੋਤ ਹੋ ਕਿਰਣ ਪਸਾਰੇ।**

੫. ਧਰਤੀ ਅੰਦਰਿ ਸਹਿਨਸੀਲ
ਪਰਮਲ ਹਰੈ ਅਵਗੁਣ ਨ ਚਿਤਾਰੇ।
੬. ਲਾਲ ਜਵਾਹਰ ਮਣਿ ਲੋਹਾ
ਸੁਇਨਾ ਪਾਰਸ ਜਾਤਿ ਬਿਚਾਰੇ।
੭. ਸਾਧ ਸੰਗਤਿ ਕਾ ਅੰਤੁ ਨ ਪਾਰੇ ॥੨॥

***ਪਦ ਅਰਥ :*** ਜੁਗਤਿ—ਰੀਤੀ। ਥਾਉਂ ਕੁਥਾਉਂ—ਚੰਗੀ ਮੰਦੀ ਥਾਂ। ਅੰਮ੍ਰਿਤ—ਜਲ। ਓਤ ਪੋਤ—ਧਰਤੀ ਅਕਾਸ਼, ਹਰ ਥਾਂ।

***ਅਰਥ :***

(੧) (ਜਿਵੇਂ ਕਿ) ਪਾਰਸ ਪਰਉਪਕਾਰ ਕਰਕੇ ਅੱਠਾਂ ਧਾਤਾਂ ਨੂੰ ਸੋਨਾ ਕਰ ਦਿੰਦਾ ਹੈ, ਉਹ ਅੱਠਾਂ ਧਾਤਾਂ ਦੀਆਂ (ਜਾਤਾਂ) ਕਿਸਮਾਂ ਨੂੰ ਨਹੀਂ ਵੀਚਾਰਦਾ।
(੨) ਬਾਵਨ ਚੰਦਨ ਫਲਾਂ ਵਾਲੇ ਤੇ ਫਲ-ਹੀਣੇ ਬ੍ਰਿਖਾਂ ਨੂੰ ਸੁਗੰਧਤ ਕਰ ਦਿੰਦਾ ਹੈ, ਉਹ ਇਸ ਜੁਗਤ (ਰੀਤੀ) ਦਾ ਮਾਣ ਆਪਣੇ ਹਿਰਦੇ ਵਿਚ ਨਹੀਂ ਕਰਦਾ।
(੩) ਇੰਦ੍ਰ ਸਭ ਥਾਂ ਇਕੋ ਜਿਹਾ ਵਰਸਦਾ ਹੈ ਤੇ ਚੰਗੀ ਮੰਦੀ ਥਾਂ ਵੇਖ ਕੇ ਘੱਟ ਵਧ ਨਹੀਂ ਵਰਸਦਾ।
(੪) ਸੂਰਜ ਆਪਣੇ ਪ੍ਰਕਾਸ਼ ਨੂੰ ਉਦੇ ਕਰਕੇ ਹਰ ਥਾਂ ਆਪਣੀਆਂ ਕਿਰਨਾਂ ਨਾਲ ਪ੍ਰਕਾਸ਼ ਕਰਦਾ ਹੈ।
(੫) ਧਰਤੀ ਅੰਦਰ ਬੜੀ ਸਹਿਨ-ਸ਼ੀਲਤਾ ਹੈ, ਉਹ ਪਰਾਈ ਮੈਲ ਨਾਸ ਕਰਦੀ ਹੈ ਤੇ ਕਿਸੇ ਦੇ ਔਗੁਣਾਂ ਨੂੰ ਨਹੀਂ ਚਿਤਾਰਦੀ।
(੬) ਲਾਲ, ਜਵਾਹਰ, ਮਣੀ ਤੇ ਪਾਰਸ ਨਾਲ ਛੂਹ ਕੇ ਲੋਹੇ ਤੋਂ ਬਣੇ ਸੋਨੇ ਵਿਚ ਜਾਤੀ ਅਭਿਮਾਨ ਬਣਿਆ ਰਹਿੰਦਾ ਹੈ।
(੭) ਸਾਧ ਸੰਗਤ ਦੇ ਪਾਰ ਉਰਾਰ ਦਾ ਕੋਈ ਅੰਤ ਨਹੀਂ, ਜਿਥੇ ਜਾਤੀ ਅਭਿਮਾਨ ਵੀ ਨਾਸ ਹੋ ਜਾਂਦਾ ਹੈ।੨।

ਭਾਵ ਸਤਿਸੰਗਤ ਹੀ ਇਕ ਐਸੀ ਥਾਂ ਹੈ, ਜਿਥੇ ਉਚ-ਨੀਚ ਨੂੰ ਨਹੀਂ ਵਿਚਾਰਿਆ ਜਾਂਦਾ, ਸਭ ਨਾਲ ਇਕ ਸਮਾਨ ਵਰਤਾਉ ਹੁੰਦਾ ਹੈ।

## ੩. ਸਤਿਗੁਰੂ ਦੀ ਸੇਵਾ ਸਭ ਫਲਾਂ ਦੀ ਦਾਤੀ ਹੈ

੧. ਪਾਰਸ ਧਾਤ ਕੰਚਨ ਕਰੈ
ਹੋਇ ਮਨੂਰ ਨ ਕੰਚਨ ਝੂਰੈ।
੨. ਬਾਵਨ ਬੋਹੈ ਬਨਾਸਪਤਿ
ਬਾਂਸ ਨਿਗੰਧ ਨ ਬੁਹੈ ਹਜੂਰੈ।
੩. ਖੇਤੀ ਜੰਮੈ ਸਹਸ ਗੁਣ
ਕੱਲਰ ਖੇਤਿ ਨ ਬੀਜ ਉਗੂਰੈ।
੪. ਉਲੂ ਸੁੱਝ ਨ ਸੁੱਝਈ
ਸਤਿਗੁਰੁ ਸੁੱਝ ਸੁਝਾਇ ਹਜੂਰੈ।
੫. ਧਰਤੀ ਬੀਜੈ ਸੋ ਲੁਣੈ
ਸਤਿਗੁਰੁ ਸੇਵਾ ਸਭ ਫਲ ਚੂਰੈ।
੬. ਬੋਹਿਥ ਪਵੈ ਸੁ ਨਿਕਲੈ
ਸਤਿਗੁਰ ਸਾਧੁ ਅਸਾਧੁ ਨ ਦੂਰੈ।
੭. ਪਸੂ ਪਰੇਤਹੁ ਦੇਵ ਵਿਚੂਰੈ ॥੩॥

***ਪਦ ਅਰਥ :*** ਮਨੂਰ—ਲੋਹੇ ਦੀ ਮੈਲ। ਨਿਗੰਧ—ਸੁਗੰਧੀ ਤੋਂ ਹੀਣਾ। ਉਗੂਰੈ—ਉੱਗਦਾ। ਸੁੱਝ—ਸੂਰਜ। ਚੂਰੈ—ਪਰਾਪਤ। ਬੋਹਿਥ—ਜਹਾਜ਼। ਵਿਚੂਰੈ—ਵੀਚਾਰਦੇ।

***ਅਰਥ :***

(੧) ਪਾਰਸ ਹਰ ਇਕ ਧਾਤ ਨੂੰ ਤਾਂ ਸੋਨਾ ਬਣਾ ਦਿੰਦਾ ਹੈ ਪਰ ਮਨੂਰ (ਲੋਹੇ ਦੀ ਮੈਲ) ਸੋਨਾ ਨਹੀਂ ਬਣਦਾ, ਇਸ ਲਈ ਝੂਰਦਾ ਹੈ।
(੨) ਬਾਵਨ ਚੰਦਨ (ਸਾਰੀ) ਬਨਾਸਪਤੀ ਨੂੰ ਸੁਗੰਧਤ ਕਰਦਾ ਹੈ ਪਰ ਨਿਗੰਧ ਬਾਂਸ (ਉਸਦੇ) ਕੋਲ ਰਹਿ ਕੇ ਵੀ ਸੁਗੰਧਤ ਨਹੀਂ ਹੁੰਦਾ।
(੩) ਮੀਂਹ ਵੱਸਿਆਂ ਖੇਤੀ ਹਜ਼ਾਰ ਗੁਣਾਂ ਜੰਮਦੀ ਹੈ, ਪਰ ਕਲਰੀ ਖੇਤ ਵਿਚ ਪਾਇਆ ਬੀਜ ਨਹੀਂ ਉੱਗਦਾ।
(੪) ਉੱਲੂ ਨੂੰ ਸੂਰਜ ਚੜ੍ਹਿਆ ਨਹੀਂ ਦਿੱਸਦਾ, ਪਰ ਸਤਿਗੁਰੂ ਸੂਰਜ ਪ੍ਰਭੂ ਦੇ ਪ੍ਰਤੱਖ ਦਰਸ਼ਨ ਕਰਾਉਂਦੇ ਹਨ।
(੫) ਧਰਤੀ ਵਿਚ ਜੋ ਵਸਤੂ ਬੀਜੀਏ, ਉਹੋ ਹੀ ਵੱਢੀ ਦੀ ਹੈ, ਪਰ ਸਤਿਗੁਰੂ ਦੀ ਸੇਵਾ ਤੋਂ ਸਾਰੇ ਫਲ ਪ੍ਰਾਪਤ ਹੁੰਦੇ ਹਨ।

(੬) ਜਹਾਜ਼ ਵਿਚ ਜਿਹੜਾ ਚੜ੍ਹੇਗਾ ਉਹੋ ਸਮੁੰਦਰ ਤੋਂ ਪਾਰ ਹੋਵੇਗਾ, ਪਰ ਸਤਿਗੁਰੂ ਜੀ ਸ਼ਰਨ ਆਏ ਹਰ ਇਕ ਪ੍ਰਾਣੀ ਦਾ ਉਧਾਰ ਕਰਦੇ ਹਨ (ਉਹ ਭਲੇ ਬੁਰੇ ਦੀ ਵੀਚਾਰ ਨਹੀਂ ਕਰਦੇ)।

(੭) ਸਤਿਗੁਰੂ ਜੀ ਸ਼ਰਨ ਆਏ ਪਸ਼ੂ, ਪ੍ਰੇਤ ਨੂੰ ਵੀ ਦੇਵਤਾ ਬਣਾ ਦਿੰਦੇ ਹਨ (ਉਹ ਕਿਸੇ ਦੇ ਅਵਗੁਣਾਂ ਨੂੰ ਨਹੀਂ ਵਿਚਾਰਦੇ)।੩।

## ੪. ਸਤਿਗੁਰੂ ਜੀ ਦੀ ਸਰੇਸ਼ਟਤਾ

੧. ਕੰਚਨ ਹੋਵੈ ਪਾਰਸਹੁੰ
ਕੰਚਨੁ ਕਰੈ ਨ ਕੰਚਨ ਹੋਰੀ।
੨. ਚੰਦਨ ਬਾਵਨਿ ਚੰਦਨਹੁ
ਓਦੂ ਹੋਰੁ ਨ ਪਵੈ ਕਰੋਰੀ।
੩. ਵੁੱਠੇ ਜੰਮੇ ਬੀਜਿਆ
ਸਤਿਗੁਰੁ ਮਤਿ ਚਿਤਵੈ ਫਲ ਭੋਰੀ।
੪. ਰਾਤ ਪਵੈ ਦਿਹ ਆਥਵੈ
ਸਤਿਗੁਰੁ ਗੁਰੁ ਪੂਰਨ ਧੁਰ ਧੋਰੀ।
੫. ਬੋਹਿਥ ਪਰਬਤ ਨਾ ਚੜੈ
ਸਤਿਗੁਰੁ ਹਠ ਨਿਗ੍ਰਹ ਨ ਲਹੋਰੀ।
੬. ਧਰਤੀ ਨੋ ਭੁੰਚਾਲ ਡਰ
ਗੁਰੁਮਤਿ ਨਿਹਚਲ ਚਲੈ ਨ ਚੋਰੀ।
੭. ਸਤਿਗੁਰੁ ਰਤਨ ਪਦਾਰਥ ਬੋਰੀ॥੪॥

**ਪਦ ਅਰਥ :** ਕੰਚਨ—ਸੋਨਾ। ਕਰੋਰੀ—ਵਾਸ਼ਨਾ। ਭੋਰੀ—ਛੇਤੀ। ਦਿਹ—ਸੂਰਜ। ਧੁਰ ਧੋਰੀ—ਮਰਯਾਦਾ ਧਾਰਨ ਵਾਲੇ।

**ਅਰਥ :**

(੧) ਪਾਰਸ ਤੋਂ ਸਭ ਧਾਤਾਂ ਸੋਨਾ ਹੋ ਜਾਂਦੀਆਂ ਹਨ, ਪਰ ਉਹ ਸੋਨਾ ਕਿਸੇ ਹੋਰ ਨੂੰ ਸੋਨਾ ਨਹੀਂ ਕਰ ਸਕਦਾ।

(੨) ਬਾਵਨ ਚੰਦਨ ਤੋਂ ਚੰਦਨ ਹੁੰਦਾ ਹੈ, ਪਰ ਉਸ ਚੰਦਨ ਤੋਂ ਕਿਸੇ ਹੋਰ ਬਿਛ ਵਿਚ ਵਾਸ਼ਨਾ ਨਹੀਂ ਪੈਂਦੀ।

(੩) ਮੀਂਹ ਦੇ ਵੱਸਿਆਂ ਜੋ ਕੁਝ ਬੀਜਿਆ ਹੁੰਦਾ ਹੈ ਉਹੋ ਉੱਗਦਾ ਹੈ, ਪਰ ਸਤਿਗੁਰੂ ਸਿਖਿਆ ਦੇ ਚਿਤਵਨ ਨਾਲ ਹੀ ਛੇਤੀ ਫਲ ਮਿਲਦਾ ਹੈ।

(੪) ਰਾਤ ਪੈਣ ਨਾਲ ਸੂਰਜ ਅਸਤ ਹੋ ਜਾਂਦਾ ਹੈ, ਪਰ ਸਤਿਗੁਰੂ ਜੀ ਪੂਰਨ ਮਰਯਾਦਾ ਦੇ ਧਾਰਨ ਵਾਲੇ ਹਨ (ਉਹ ਸਦਾ ਇਕ ਰਸ ਰਹਿੰਦੇ ਹਨ)।

(੫) ਜਹਾਜ਼ ਪਹਾੜ 'ਤੇ ਨਹੀਂ ਚੜ੍ਹਦਾ, ਪਰ ਸਤਿਗੁਰੂ ਜੀ ਪਹਾੜ ਵਰਗੇ ਹਠੀ ਸੁਭਾਆਂ ਵਾਲਿਆਂ ਨੂੰ ਵੀ ਤਾਰਦੇ ਹਨ।

(੬) ਧਰਤੀ ਨੂੰ ਭੁਚਾਲ ਦਾ ਡਰ ਹੈ, ਪਰ ਸਤਿਗੁਰੂ ਦੀ ਸਿਖਿਆ ਅਚੱਲ ਹੈ, ਉਹ ਸਿਖ ਨੂੰ ਮਾੜਿਆਂ ਕੰਮਾਂ ਵਿਚ ਨਹੀਂ ਪੈਣ ਦਿੰਦੀ।

(੭) ਸਤਿਗੁਰੂ ਜੀ ਸ਼ੁਭ ਗੁਣਾਂ ਰੂਪੀ ਰਤਨਾਂ ਦੀ (ਗੰਢ) ਹੈ ਭਾਵ ਭਰੇ ਹੋਏ ਹਨ।੪।

## ੫. ਸਾਧ ਸੰਗਤ ਤੋਂ ਬਲਿਹਾਰ

੧. ਸੂਰਜ ਚੜਿਐ ਜਾਣ ਲੁਕ
ਉਲੂ ਅੰਧ ਕੰਧ ਜਗ ਮਾਹੀਂ।
੨. ਬੁਕੇ ਸਿੰਘ ਉਦਿਆਨ ਮਹਿ
ਜੰਬੁਕ ਮਿਰਗ ਨ ਖੋਜੈ ਪਾਹੀਂ।
੩. ਚੜਿਆ ਚੰਦ ਅਕਾਸ ਤੇ
ਵਿੱਚਿ ਕੁਨਾਲੀ ਲੁਕੈ ਨਾਹੀਂ।
੪. ਪੰਖੀ ਜੇਤੇ ਬਨ ਬਿਖੈ
ਡਿੱਠੇ ਬਾਜ ਨ ਠਉਰਿ ਰਹਾਹੀਂ।
੫. ਚੋਰ ਯਾਰ ਹਰਾਮ ਖੋਰ
ਦਿਹ ਚੜਿਆ ਕੋ ਦਿੱਸੈ ਨਾਹੀਂ।
੬. ਸਾਧ ਸੰਗਤਿ ਵਿਟਹੁੰ ਬਲਿ ਜਾਹੀਂ॥੫॥

**ਪਦ ਅਰਥ :** ਅੰਧ ਕੰਧ—ਕੰਧ ਵਾਂਗੂੰ ਅੰਨ੍ਹੇ। ਸਿੰਘ—ਸ਼ੇਰ। ਜੰਬੁਕ—ਗਿੱਦੜ। ਵਿਟਹੁੰ—ਉਪਰੋਂ।

**ਅਰਥ :**

(੧) ਸੂਰਜ ਦੇ ਚੜ੍ਹਨ ਨਾਲ ਕੰਧ ਵਾਂਗੂੰ ਅੰਨ੍ਹੇ ਉੱਲੂ (ਬ੍ਰਿਛਾਂ ਵਿਚ) ਲੁਕ ਜਾਂਦੇ ਹਨ।

(੨) ਜਦੋਂ ਸ਼ੇਰ ਜੰਗਲ ਵਿਚ ਬੁਕਦਾ (ਗਰਜਦਾ) ਹੈ, ਤਦੋਂ ਗਿੱਦੜ ਤੇ ਹਰਨਾਂ ਦਾ ਖੁਰਾ ਨਹੀਂ ਲਭਦਾ।

(੩) ਅਕਾਸ਼ ਵਿਚ ਚੜ੍ਹਿਆ ਚੰਦ੍ਰਮਾ ਕੁਨਾਲੀ ਨਾਲ ਲੁਕਾਇਆਂ ਲੁਕਦਾ ਨਹੀਂ।

(੪) ਜੰਗਲ ਵਿਚ ਕਿੰਨੇ ਪੰਛੀ ਹੁੰਦੇ ਹਨ, ਉਹ ਬਾਜ਼ ਨੂੰ ਵੇਖ ਕੇ ਆਪਣੇ ਟਿਕਾਣੇ ਨਹੀਂ ਰਹਿੰਦੇ।

(੫) ਚੋਰ ਯਾਰ ਤੇ ਹਰਾਮਖੋਰ (ਲੁਟੇਰੇ ਤੇ ਧਾੜਵੀ) ਦਿਨ ਚੜ੍ਹਨ ਨਾਲ ਕਿਤੇ ਵੀ ਨਹੀਂ ਦਿੱਸਦੇ।

(੬) ਸਾਧ ਸੰਗਤ ਉਪਰੋਂ ਅਸੀਂ ਕੁਰਬਾਨ ਜਾਂਦੇ ਹਾਂ (ਜਿਸ ਦੇ ਪ੍ਰਤਾਪ ਕਰਕੇ ਗੁਰਸਿੱਖਾਂ ਦੇ ਕਾਮ, ਕ੍ਰੋਧ ਆਦਿ ਵਿਕਾਰ ਨਾਸ ਹੋ ਜਾਂਦੇ ਹਨ)।੫।

## ੬. ਸਾਧ ਸੰਗ ਧੰਨ ਹੈ

੧. ਰਾਤਿ ਅਨ੍ਹੇਰੀ ਚਮਕਦੇ
ਲੱਖ ਕਰੋੜੀ ਅੰਬਰਿ ਤਾਰੇ।
੨. ਚੜ੍ਹਿਐ ਚੰਦ ਮਲੀਣ ਹੋਇ
ਕੋ ਲੁਕੈ ਕੋ ਬੁਕੈ ਬਬਾਰੇ।
੩. ਸੂਰਜ ਜੋਤਿ ਉਦੋਤ ਕਰਿ
ਤਾਰੇ ਚੰਦ ਨ ਰੈਣ ਅੰਧਾਰੇ।
੪. ਦੇਵੀ ਦੇਵ ਨ ਸ਼ੈਵਕਾਂ
ਤੰਤ ਨ ਮੰਤ ਨ ਫੁਰਨ ਵਿਚਾਰੇ।
੫. ਵੇਦ ਕਤੇਬਾਂ ਅਸਟ ਧਾਤ
ਪੂਰੇ ਸਤਿਗੁਰੁ ਸ਼ਬਦ ਸਵਾਰੇ।
੬. ਗੁਰਮੁਖਿ ਪੰਥ ਸੁਹਾਵੜਾ
ਧੰਨ ਗੁਰੂ ਧੰਨ ਗੁਰੂ ਪਿਆਰੇ।
੭. ਸਾਧ ਸੰਗਤਿ ਪਰਗਟ ਸੰਸਾਰੇ ॥੬॥

***ਪਦ ਅਰਥ :*** ਅੰਬਰਿ—ਅਕਾਸ਼। ਮਲੀਣ—ਮੈਲੇ, ਮੰਦ। ਬਬਾਰੇ—ਬੁੜ ਬੁੜ। ਸ਼ੈਵਕਾਂ—ਸ਼ਿਵਾਂ ਦੇ ਉਪਾਸ਼ਕ।

***ਅਰਥ :***

(੧) ਅਨ੍ਹੇਰੀ ਰਾਤ ਨੂੰ ਅਕਾਸ਼ ਵਿਚ ਲੱਖਾਂ ਕਰੋੜਾਂ ਤਾਰੇ ਚਮਕਦੇ ਹਨ।

(੨) ਚੰਦਰਮਾ ਦੇ ਚੜ੍ਹਨ ਨਾਲ ਤਾਰੇ ਮਲੀਨ (ਮੰਦ) ਹੋ ਜਾਂਦੇ ਹਨ, ਕੋਈ ਲੁਕਦਾ ਹੈ ਕੋਈ ਬੁੜ ਬੁੜ ਕਰਕੇ ਬੋਲਦਾ ਹੈ (ਭਾਵ ਥੋੜ੍ਹਾ ਥੋੜ੍ਹਾ ਟਿਮ-ਟਿਮਾਉਂਦਾ ਹੈ)।

(੩) (ਪਰ ਜਦੋਂ) ਸੂਰਜ ਆਪਣੀ ਜੋਤ ਦਾ ਉਜਾਲਾ ਕਰਦਾ ਹੈ ਤਾਂ ਤਾਰੇ, ਚੰਦ੍ਰਮਾ ਤੇ ਅਨ੍ਹੇਰੀ ਰਾਤ ਤਿੰਨੇ ਨਹੀਂ ਰਹਿੰਦੇ।

(੪) (ਇਸੇ ਤਰ੍ਹਾਂ) ਗੁਰਮਤ ਦੇ ਸੂਰਜ ਚੜ੍ਹਿਆਂ ਦੇਵੀ, ਦੇਵਤੇ, ਸ਼ਿਵਾਂ ਦੇ ਉਪਾਸ਼ਕ ਤੇ ਤੰਤ੍ਰ ਮੰਤ੍ਰ ਵਿਚਾਰੇ ਵੀ ਨਹੀਂ ਫੁਰਦੇ (ਭਾਵ, ਗੁਰ ਸ਼ਬਦ ਅਗੇ ਸਭ ਮਾਤ ਪੈ ਜਾਂਦੇ ਹਨ)।

(੫) ਵੇਦ, ਕਤੇਬ ਤੇ ਅੱਠ ਧਾਤਾਂ (ਚਾਰ ਵਰਨ ਤੇ ਚਾਰ ਆਸ਼ਰਮ) ਪੂਰੇ ਸਤਿਗੁਰ ਦੇ ਸ਼ਬਦ ਕਰਕੇ ਸੰਵਰ ਜਾਂਦੇ ਹਨ।

(੬) ਗੁਰਮੁਖਾਂ ਦਾ ਪੰਥ ਸੁਭਾਇਮਾਨ ਹੈ, ਇਸ ਲਈ ਸਤਿਗੁਰੂ ਜੀ ਧੰਨ ਹਨ ਤੇ ਗੁਰੂ ਦੇ ਪਿਆਰੇ ਸਿਖ ਵੀ ਧੰਨ ਹਨ।

(੭) ਸਾਧ ਸੰਗਤ ਸੰਸਾਰ ਵਿਚ ਪ੍ਰਗਟ ਹੈ (ਜਿਸ ਦੀ ਕ੍ਰਿਪਾ ਨਾਲ ਸਭ ਜੀਵਾਂ ਦਾ ਉਧਾਰ ਹੋ ਜਾਂਦਾ ਹੈ)।੬।

ਯਥਾ : ਮੇਰੇ ਮਾਧਉ ਜੀ ਸਤ ਸੰਗਤਿ ਮਿਲੇ ਸੁ ਤਰਿਆ ॥
ਗੁਰ ਪਰਸਾਦਿ ਪਰਮ ਪਦੁ ਪਾਇਆ
ਸੂਕੇ ਕਾਸਟ ਹਰਿਆ ॥੧॥ਰਹਾਉ॥
*(ਰਹਰਾਸਿ ਸਾਹਿਬ, ਪੰਨਾ ੧੦)*

## ੭. ਸਤਿਗੁਰੂ ਦੇ ਗਾਹਕ

੧. ਚਾਰਿ ਵਰਨ ਚਾਰਿ ਮਜ਼ਹਬਾ
ਛਿਅ ਦਰਸਨ ਵਰਤਨ ਵਰਤਾਰੇ।
੨. ਦਸ ਅਵਤਾਰ ਹਜਾਰ ਨਾਵ
ਥਾਨ ਮੁਕਾਮ ਸੱਚੇ ਵਣਜਾਰੇ।
੩. ਇੱਕਤੁ ਹੱਟਹੁ ਵਣਜ ਲੈ
ਦੇਸ ਦਿਸੰਤਰਿ ਕਰਨ ਪਸਾਰੇ।
੪. ਸਤਿਗੁਰੁ ਪੂਰਾ ਸ਼ਾਹੁ ਹੈ
ਬੇਪਰਵਾਹ ਅਥਾਹ ਭੰਡਾਰੇ।
੫. ਲੈ ਲੈ ਮੁੱਕਰ ਪਾਣਿ ਸਭ
ਸਤਿਗੁਰ ਦੇਇ ਨ ਦੇਂਦਾ ਹਾਰੇ।
੬. ਇੱਕੁ ਕਵਾਉ ਪਸਾਉ ਕਰਿ
ਓਅੰਕਾਰ ਅਕਾਰ ਸਵਾਰੇ।
੭. ਪਾਰਬ੍ਰਹਮ ਸਤਿਗੁਰ ਬਲਿਹਾਰੇ ॥੭॥

***ਪਦ ਅਰਥ :*** ਥਾਨ ਮੁਕਾਮ—ਪੱਕੇ ਥਾਵਾਂ ਵਾਲੇ। ਵਣਜਾਰੇ—ਗਾਹਕ।

**ਅਰਥ :**

(੧) ਚਾਰੇ ਵਰਨ, ਚਾਰੇ ਮਜ਼ਹਬ ਤੇ ਛੇ ਦਰਸ਼ਨਾਂ ਦੇ ਜਿੰਨੇ ਵਰਤਾਰੇ ਵਰਤ ਰਹੇ ਹਨ।
(੨) ਦਸ ਅਵਤਾਰ ਤੇ ਹੋਰ ਹਜ਼ਾਰਾਂ ਨਾਵਾਂ ਵਾਲੇ ਜੋ ਮੁਕਾਮੀ ਥਾਵਾਂ ਵਾਲੇ ਹਨ, ਇਹ ਸਾਰੇ ਸੱਚੇ ਗੁਰੂ ਦੇ ਹੀ ਵਣਜਾਰੇ (ਗਾਹਕ, ਖ਼ਰੀਦਦਾਰ) ਹਨ।
(੩) ਇਹ ਇਕੋ ਹੱਟੀ ਤੋਂ ਸੌਦਾ ਲੈ ਪ੍ਰਦੇਸਾਂ ਵਿਚ ਆਪੋ ਆਪਣਾ ਫੈਲਾਉ ਕਰਦੇ ਹਨ।
(੪) ਸਤਿਗੁਰੂ ਪੂਰਾ ਸਾਹੁ ਹੈ, ਜਿਸ ਬੇਪਰਵਾਹ ਦੇ ਬੇਅੰਤ (ਨਾਮ ਦੇ) ਭੰਡਾਰੇ ਭਰੇ ਹੋਏ ਹਨ।
(੫) ਸਾਰੇ ਸਤਿਗੁਰੂ ਤੋਂ ਦਾਤਾਂ ਲੈ ਕੇ ਮੁਕਰ ਜਾਂਦੇ ਹਨ, ਪਰ ਸਤਿਗੁਰੂ ਦਾਤਾਂ ਦੇਂਦਾ ਜਾਂਦਾ ਹੈ, ਉਹ ਹਾਰਦਾ ਨਹੀਂ।
(੬) ਇਕ ਵਾਕ ਤੋਂ ਹੀ ਓਅੰਕਾਰ (ਪ੍ਰਭੂ) ਨੇ ਪਸਾਰਾ ਕਰਕੇ ਆਪਣਾ ਸਰੂਪ (ਸਤਿਗੁਰੂ) ਧਾਰਨ ਕੀਤਾ ਹੈ।
(੭) ਮੈਂ ਉਸ ਪਾਰਬ੍ਰਹਮ ਸਰੂਪ ਸਤਿਗੁਰੂ ਤੋਂ ਕੁਰਬਾਨ ਜਾਂਦਾ ਹਾਂ।੭।

## ੮. ਸਤਿਗੁਰ ਬਾਝਹੁ ਮੁਕਤ ਨ ਕੋਈ

੧. ਪੀਰ ਪੈਕੰਬਰ ਔਲੀਏ
ਗੌਸ ਕੁਤਬ ਉਲਮਾਉ ਘਨੇਰੇ।
੨. ਸ਼ੇਖ ਮਸਾਇਕ ਸਾਦਕਾ
ਸ਼ੁਹਦੇ ਔਰ ਸ਼ਹੀਦ ਬਹੁਤੇਰੇ।
੩. ਕਾਜ਼ੀ ਮੁੱਲਾਂ ਮਉਲਵੀ
ਮੁਫਤੀ ਦਾਨਸ਼ਵੰਦ ਬੰਦੇਰੇ।
੪. ਰਿਖੀ ਮੁਨੀ ਦਿਗੰਬਰਾ
ਕਾਲਖ ਕਰਾਮਾਤ ਅਗਲੇਰੇ।
੫. ਸਾਧਿਕ ਸਿੱਧ ਅਗਣਤ ਹੈਨਿ
ਆਪ ਜਣਾਇਨਿ ਵਡੇ ਵਡੇਰੇ।
੬. ਬਿਨ ਗੁਰ ਕੋਇ ਨ ਸਿਝਈ
ਹਉਮੈ ਵਧਦੀ ਜਾਇ ਵਧੇਰੇ।
੭. ਸਾਧ ਸੰਗਤਿ ਬਿਨ ਹਉਮੈ ਹੇਰੇ ॥੮॥

***ਪਦ ਅਰਥ :*** ਸਾਦਕਾ—ਸਿਦਕੀ। ਸ਼ੁਹਦੇ—ਗ਼ਰੀਬ। ਦਾਨਸ਼ਵੰਦ—ਸਿਆਣੇ। ਬੰਦੇਰੇ—ਦਾਸ।

**ਅਰਥ :**

(੧) ਬਹੁਤ ਸਾਰੇ ਪੀਰ, ਪੈਗੰਬਰ, ਔਲੀਏ, ਗੌਸ, ਕੁਤਬ ਤੇ ਆਲਮ (ਵਿਦਵਾਨ) ਹੋ ਗੁਜ਼ਰੇ ਹਨ।
(੨) ਸ਼ੇਖ ਮਸਾਇਕ, ਸਿਦਕੀ, ਗ਼ਰੀਬ ਤੇ ਬੇਅੰਤ ਸ਼ਹੀਦ ਹੋਏ ਹਨ।
(੩) ਕਾਜ਼ੀ ਮੁੱਲਾਂ ਮੌਲਵੀ ਮੁਫ਼ਤੀ ਤੇ ਸਿਆਣੇ ਬੰਦੇ ਵੀ ਅਨੇਕਾਂ ਹੋਏ ਹਨ।
(੪) ਬਹੁਤੇ ਰਿਖੀ ਮੁਨੀ, ਨਾਂਗੇ ਕਰਾਮਾਤ ਦੀ ਕਾਲਖ ਵਿਚ ਲਗੇ ਹੋਏ ਹਨ।
(੫) ਬੇਅੰਤ ਸਾਧਕ ਤੇ ਸਿੱਧ ਹਨ, ਜੋ ਆਪਣੇ ਆਪ ਨੂੰ ਵੱਡੇ ਤੋਂ ਵੱਡਾ ਕਹਾਉਂਦੇ ਹਨ।
(੬) (ਪਰ) ਗੁਰੂ ਤੋਂ ਬਿਨਾ ਕੋਈ ਵੀ ਮੁਕਤ ਨਹੀਂ ਹੋ ਸਕਦਾ, (ਸਗੋਂ) ਹਉਮੈਂ ਬਹੁਤੀ ਵਧਦੀ ਜਾਂਦੀ ਹੈ।
(੭) ਸਾਧ ਸੰਗਤਿ ਬਿਨਾ ਸਭ ਹਉਮੈ ਵਿਚ ਗ੍ਰਸੇ ਹੋਏ ਵੇਖੀਦੇ ਹਨ।੮।

ਭਾਵ ਸਤਿਗੁਰੂ ਦੀ ਸੰਗਤ ਤੋਂ ਬਿਨਾ ਸਭ ਵੱਡੇ ਵਡੇਰੇ ਹਉਮੈ ਦੀ ਫਾਹੀ ਵਿਚ ਫਸੇ ਹੋਏ ਹਨ, ਪਰ ਇਕ ਸਤਿਗੁਰੂ ਦਾ ਉਪਦੇਸ਼ ਹੀ ਹਉਮੈ ਦੀ ਨਵਿਰਤੀ ਕਰਦਾ ਹੈ।

## ੯. ਸਭ ਦਾਤਾਂ ਪਰਮੇਸ਼ਰ ਹੀ ਬਖ਼ਸ਼ਦਾ ਹੈ

੧. ਕਿਸੈ ਰਿੱਧਿ ਸਿੱਧਿ ਕਿਸੈ ਦੇਇ
ਕਿਸੈ ਨਿੱਧਿ ਕਰਾਮਾਤ ਸੁ ਕਿੱਸੈ।
੨. ਕਿਸੈ ਰਸਾਇਣ ਕਿਸੈ ਮਣਿ
ਕਿਸੈ ਪਾਰਸ ਕਿਸੈ ਅੰਮ੍ਰਿਤ ਰਿੱਸੈ।
੩. ਤੰਤੁ ਮੰਤੁ ਪਾਖੰਡ ਕਿਸੈ
ਵੀਰਾਰਾਧ ਦਿਸੰਤਰੁ ਦਿੱਸੈ।
੪. ਕਿਸੈ ਕਾਮਧੇਨੁ ਪਾਰਜਾਤ ਕਿਸੈ
ਲੱਖਮੀ ਦੇਵੈ ਜਿੱਸੈ।
੫. ਨਾਟਕ ਚੇਟਕ ਆਸਣਾ
ਨਿਵਲੀ ਕਰਮ ਭਰਮ ਭਉ ਮਿੱਸੈ।
੬. ਜੋਗੀ ਭੋਗੀ ਜੋਗੁ ਭੋਗੁ
ਸਦਾ ਸੰਜੋਗੁ ਵਿਜੋਗੁ ਸੁਲਿੱਸੈ।
੭. ਓਅੰਕਾਰ ਅਕਾਰ ਸੁ ਤਿੱਸੈ ॥੯॥

***ਪਦ ਅਰਥ :*** ਰਿੱਸੈ—ਮਿਲਿਆ। ਵੀਰਾਰਾਧ—ਮਸਾਣ ਜਗਾਣੇ। ਮਿੱਸੈ—ਮਿਲਿਆ। ਸੁਲਿੱਸੈ—ਵਿਸ਼ੇਸ਼ ਮਿਲੇ ਹੋਏ।

***ਅਰਥ :***

(੧) (ਪਰਮੇਸ਼ਰ ਨੇ) ਕਿਸੇ ਨੂੰ ਰਿੱਧੀਆਂ, ਕਿਸੇ ਨੂੰ ਸਿੱਧੀਆਂ, ਕਿਸੇ ਨੂੰ ਨਿੱਧੀਆਂ ਤੇ ਕਿਸੇ ਨੂੰ ਕਰਾਮਾਤਾਂ ਦਿਤੀਆਂ ਹਨ।
(੨) ਕਿਸੇ ਨੂੰ ਰਸਾਇਣ, ਕਿਸੇ ਨੂੰ ਮਣੀ, ਕਿਸੇ ਨੂੰ ਪਾਰਸ ਤੇ ਕਿਸੇ ਨੂੰ ਅੰਮ੍ਰਿਤ ਮਿਲਿਆ ਹੈ।
(੩) ਕਿਸੇ ਨੂੰ ਤੰਤ੍ਰ ਮੰਤ੍ਰਾਂ ਦਾ ਪਖੰਡ, ਕਿਸੇ ਨੂੰ ਮਸਾਣ ਜਗਾਉਣ (ਮੁਰਦੇ ਦੀ ਰੂਹ ਸੇਵਨੀ) ਤੇ ਕਿਸੇ ਨੂੰ ਦੇਸਾਂ ਦਿਸੰਤ੍ਰਾਂ ਵਿਚ ਭਟਕਣਾ ਹੀ ਦਿਤਾ ਹੈ।
(੪) ਕਿਸੇ ਨੂੰ ਕਾਮਧੇਨ ਗਊ, ਕਿਸੇ ਨੂੰ ਪਾਰਜਾਤ (ਕਲਪ ਬ੍ਰਿਛ) ਤੇ ਕਿਸੇ ਨੂੰ ਲੱਛਮੀ ਦਿਤੀ ਹੋਈ ਹੈ (ਤੇ ਉਹ ਰਾਜੇ ਬਣੇ ਹੋਏ ਹਨ)।
(੫) ਕਈ ਨਾਟਕਾਂ, ਚੇਟਕਾਂ, ਆਸਣਾਂ, ਨਿਉਲੀ ਕਰਮਾਂ ਦੇ ਭਰਮਾਂ ਵਿਚ (ਮਿੱਸੈ) ਮਿਲੇ ਹੋਏ ਹਨ।
(੬) (ਕੋਈ ਜੋਗੀ ਜੋਗ ਤੋਂ ਵਿਛੜ ਕੇ ਭੋਗੀ ਬਣਿਆ ਹੋਇਆ ਹੈ ਤੇ ਕੋਈ ਭੋਗੀ ਭੋਗ ਤੋਂ ਵਿਛੜ ਕੇ ਜੋਗੀ ਬਣਿਆ ਫਿਰਦਾ ਹੈ, ਜੋਗੀ ਤੇ ਭੋਗੀ ਇਸ ਸੰਜੋਗ ਵਿਯੋਗ ਵਿਚ ਵਿਸ਼ੇਸ਼ ਤੌਰ 'ਤੇ ਮਿਲੇ ਹੋਏ ਹਨ।
(੭) ਇਹ ਸਭ ਅਕਾਰ (ਪਸਾਰਾ) ਉਸ ਇਕੋ ਓਅੰਕਾਰ (ਪ੍ਰਭੂ) ਤੋਂ ਬਣਿਆ ਹੋਇਆ ਹੈ।੯।

ਭਾਵ ਸਭ ਦਾਤਾਂ ਦਾ ਦਾਤਾ ਅਕਾਲ ਪੁਰਖ ਹੈ, ਭੁੱਲੜ ਜੀਵ ਉਸ ਦੀਆਂ ਬਖ਼ਸ਼ੀਆਂ ਦਾਤਾਂ ਵਿਚ ਫਸਿਆ ਪ੍ਰਭੂ ਤੋਂ ਬੇਮੁਖ ਹੋਇਆ ਫਿਰਦਾ ਹੈ।

## ੧੦. ਮਾਣਸ ਜਨਮ ਦੀ ਉੱਤਮਤਾ

**੧. ਖਾਣੀ ਬਾਣੀ ਜੁੱਗ ਚਾਰਿ**
**ਲੱਖ ਚਉਰਾਸੀਹ ਜੂਨਿ ਉਪਾਈ।**
**੨. ਉੱਤਮ ਜੂਨਿ ਵਖਾਣੀਐ**
**ਮਾਣਸ ਜੂਨਿ ਦੁਲੰਭ ਦਿਖਾਈ।**
**੩. ਸਭ ਜੂਨੀ ਕਰਿ ਵੱਸ ਤਿਸੁ**
**ਮਾਣਸ ਨੋ ਦਿੱਤੀ ਵਡਿਆਈ।**
**੪. ਬਹੁਤੇ ਮਾਣਸ ਜਗਤ ਵਿੱਚ**
**ਪਰਾਧੀਨ ਕਿਛੁ ਸਮਝ ਨ ਪਾਈ।**
**੫. ਤਿਨ ਮੈਂ ਸੋ ਆਧੀਨ ਜੋ**
**ਮੰਦੀ ਕੰਮੀ ਜਨਮੁ ਗਵਾਈ।**
**੬. ਸਾਧ ਸੰਗਤਿ ਦੇ ਵੁੱਠਿਆਂ**
**ਲੱਖ ਚਉਰਾਸੀਹ ਫੇਰ ਮਿਟਾਈ।**
**੭. ਗੁਰੁ ਸਬਦੀ ਵੱਡੀ ਵਡਿਆਈ ॥੧੦॥**

***ਪਦ ਅਰਥ :*** ਦੁਲੰਭ—ਦੁਰਲੱਭ। ਪਰਾਧੀਨ—ਗ਼ੁਲਾਮ।

***ਅਰਥ :***

(੧) ਚਾਰ ਖਾਣੀਆਂ, ਚਾਰ ਬਾਣੀਆਂ, ਚਾਰ ਜੁਗ ਤੇ ਚੌਰਾਸੀ ਲੱਖ ਜੂਨ (ਅਕਾਲ ਪੁਰਖ ਨੇ) ਉਤਪੰਨ ਕੀਤੀ ਹੈ।
(੨) ਮਨੁੱਖ ਦੀ ਜੂਨ ਸਭ ਤੋਂ ਉੱਤਮ ਤੇ ਦੁਰਲੱਭ ਦੱਸੀ ਜਾਂਦੀ ਹੈ।
(੩) ਸਭ ਜੂਨੀਆਂ ਨੂੰ ਮਨੁੱਖ ਦੇ ਅਧੀਨ ਕਰਕੇ ਇਸਨੂੰ ਸਭ ਤੋਂ ਸ਼੍ਰੋਮਣੀ ਹੋਣ ਦੀ ਵਡਿਆਈ ਦਿੱਤੀ ਹੈ।
(੪) ਬਹੁਤੇ ਮਨੁੱਖ ਇਸ ਸੰਸਾਰ ਵਿਚ ਇਕ ਦੂਜੇ ਦੇ ਗ਼ੁਲਾਮ ਹੋ ਕੇ ਰਹਿੰਦੇ ਹਨ, ਇਸ ਗੱਲ ਦੀ ਕੋਈ ਸਮਝ ਨਹੀਂ ਪੈਂਦੀ।
(੫) ਮਨੁੱਖਾਂ ਵਿਚੋਂ ਬਹੁਤੇ ਲੋਕ ਪਰਾਧੀਨ ਉਹ ਗਿਣੇ ਜਾਂਦੇ ਹਨ, ਜਿਹੜੇ ਮੰਦੇ ਕੰਮਾਂ ਵਿਚ ਲੱਗ ਕੇ ਇਸ ਅਮੋਲਕ ਮਨੁੱਖਾ-ਜਨਮ ਨੂੰ ਬੇਅਰਥ ਗੁਆ ਦੇਂਦੇ ਹਨ।
(੬) ਸਾਧ ਸੰਗਤ ਦੇ ਵੁੱਠਿਆਂ (ਵਰਖਾ) ਕੀਤਿਆਂ (ਭਾਵ ਪ੍ਰਸੰਨ ਹੋਇਆਂ) ਚੌਰਾਸੀ ਲੱਖ ਜੂਨਾਂ ਦਾ ਫੇਰਾ ਨਾਸ ਹੋ ਜਾਂਦਾ ਹੈ।
(੭) ਗੁਰੂ ਦੇ ਸ਼ਬਦ (ਉਪਦੇਸ਼) ਦੀ ਵਡਿਆਈ ਵੱਡੀ ਹੈ।੧੦।

ਭਾਵ ਸਾਧ ਸੰਗਤ ਦੀ ਕ੍ਰਿਪਾ ਨਾਲ ਚੌਰਾਸੀ ਲੱਖ ਜੂਨਾਂ ਦਾ ਚੱਕਰ (ਆਵਾਗਵਨ) ਮਿਟ ਜਾਂਦਾ ਹੈ।

## ੧੧. ਗੁਰਸਿੱਖ ਦੀ ਨਿੱਤ ਕਿਰਿਆ

**੧. ਗੁਰੁ ਸਿੱਖ ਭਲਕੇ ਉਠ ਕਰਿ**
**ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ।**
**੨. ਗੁਰ ਕੇ ਬਚਨ ਉਚਾਰਿਕੈ**
**ਧਰਮਸਾਲ ਦੀ ਸੁਰਤਿ ਕਰੰਦਾ।**

**੩. ਸਾਧ ਸੰਗਤਿ ਵਿਚਿ ਜਾਇਕੈ**
**ਗੁਰੁ ਬਾਣੀ ਦੇ ਪ੍ਰੀਤਿ ਸੁਣੰਦਾ।**
**੪. ਸ਼ੰਕਾ ਮਨਹੁ ਮਿਟਾਇਕੈ**
**ਗੁਰੁ ਸਿੱਖਾਂ ਦੀ ਸੇਵ ਕਰੰਦਾ।**
**੫. ਕਿਰਤ ਵਿਰਤ ਕਰਿ ਧਰਮ ਦੀ**
**ਲੈ ਪਰਸਾਦਿ ਆਣ ਵਰਤੰਦਾ।**
**੬. ਗੁਰੁ ਸਿਖਾਂ ਨੋ ਦੇਇ ਕਰ**
**ਪਿੱਛੋਂ ਬਚਿਆ ਆਪ ਖਵੰਦਾ।**
**੭. ਕਲੀਕਾਲ ਪਰਗਾਸ ਕਰ**
**ਗੁਰੁ ਚੇਲਾ ਚੇਲਾ ਗੁਰੁ ਸੰਦਾ।**
**੮. ਗੁਰਮੁਖਿ ਗਾਡੀ ਰਾਹੁ ਚਲੰਦਾ ॥੧੧॥**

***ਪਦ ਅਰਥ :*** ਭਲਕੇ—ਹਰ ਰੋਜ਼। ਸਰੁ—ਖੂਹ, ਬਾਉਲੀ ਆਦਿ। ਸੁਰਤਿ—ਪ੍ਰੀਤ। ਪਰਸਾਦਿ—ਕੜਾਹ ਪ੍ਰਸ਼ਾਦ, ਅਥਵਾ ਭੋਜਨ ਆਦਿ।

*ਅਰਥ :*

(ਇਸ ਪਉੜੀ ਵਿਚ ਗੁਰਸਿੱਖਾਂ ਦੀ ਨਿੱਤ ਕਿਰਿਆ ਦਾ ਵਰਣਨ ਕੀਤਾ ਗਿਆ ਹੈ):

(੧) ਗੁਰੂ ਦਾ ਸਿਖ ਹਰ ਰੋਜ਼ ਸਵੇਰੇ ਉੱਠ ਕੇ ਅੰਮ੍ਰਿਤ ਵੇਲੇ ਤਲਾਅ, ਖੂਹ ਜਾਂ ਬਾਉਲੀ ਆਦਿ 'ਤੇ ਇਸ਼ਨਾਨ ਕਰਦਾ ਹੈ।
(੨) (ਫਿਰ ਉਹ) ਗੁਰੂ ਦੇ ਬਚਨ (ਗੁਰਬਾਣੀ) ਪੜ੍ਹ ਕੇ ਧਰਮ-ਸਾਲ ਜਾਣ ਦੀ ਸੁਰਤ (ਸੰਭਾਲ) ਕਰਦਾ ਹੈ।
(੩) ਸਾਧ ਸੰਗਤ ਵਿਚ ਜਾ ਕੇ ਉਹ ਗੁਰਬਾਣੀ ਦਾ ਕੀਰਤਨ ਬੜੇ ਪ੍ਰੇਮ ਨਾਲ ਸੁਣਦਾ ਹੈ।
(੪) ਮਨ ਦੇ ਸਾਰੇ ਸੰਸੇ ਨਵਿਰਤ ਕਰਕੇ ਉਹ ਗੁਰਸਿੱਖਾਂ ਦੀ ਸੇਵਾ ਕਰਦਾ ਹੈ।
(੫) ਧਰਮ ਦੀ ਕਮਾਈ (ਦਸਾਂ ਨੌਹਾਂ ਦੀ ਕਿਰਤ) ਕਰਕੇ ਉਹ ਆਪਣੀ ਉਪਜੀਵਕਾ ਤੋਰਦਾ ਹੈ ਤੇ ਉਸ ਕਮਾਈ ਵਿਚੋਂ ਕੜਾਹ ਪ੍ਰਸ਼ਾਦ ਲਿਆ ਕੇ ਸਾਧ ਸੰਗਤ ਵਿਚ ਵਰਤਾਉਂਦਾ ਹੈ।
(੬) ਪਹਿਲਾਂ ਉਹ ਕੜਾਹ ਪ੍ਰਸ਼ਾਦ ਗੁਰਸਿੱਖਾਂ ਨੂੰ ਦਿੰਦਾ ਹੈ, ਪਿਛੋਂ ਜੋ ਬਚ ਰਹੇ ਉਹ ਆਪ ਖਾਂਦਾ ਹੈ।
(੭) ਕਲਜੁਗ ਵਿਚ ਇਸ ਤਰ੍ਹਾਂ ਦੀ ਕਿਰਤ ਕਰਦਾ ਹੋਇਆ ਗੁਰੂ ਚੇਲਾ ਤੇ ਚੇਲਾ ਗੁਰੂ ਹੋ ਜਾਂਦਾ ਹੈ।
(੮) ਗੁਰਮੁਖ ਗੁਰੂ ਜੀ ਦੇ ਚਲਾਏ ਹੋਏ ਗਾਡੀ ਰਾਹ 'ਤੇ ਚਲਦਾ ਹੈ।੧੧।

ਇਸ ਪਉੜੀ ਵਿਚ ਭਾਈ ਸਾਹਿਬ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਗਉੜੀ ਰਾਗ ਵਿਚ ਉਚਾਰਨ ਕੀਤੇ ਇਸ ਸ਼ਬਦ ਦਾ ਭਾਵ ਪ੍ਰਗਟ ਕੀਤਾ ਹੈ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥ *(ਪੰਨਾ ੩੦੬)*

## ੧੨. ਗੁਰੂ ਆਗਿਆ ਵਿਚ ਲੀਨ ਸਿਖ ਗੁਰੂ ਨਾਲ ਮਿਲਦਾ ਹੈ

**੧. ਓਅੰਕਾਰ ਅਕਾਰ ਜਿਸੁ**
**ਸਤਿਗੁਰੁ ਪੁਰਖੁ ਸਿਰੰਦਾ ਸੋਈ।**
**੨. ਇੱਕ ਕਵਾਉ ਪਸਾਉ ਜਿਸ**
**ਸਬਦ ਸੁਰਤਿ ਸਤਿਸੰਗ ਵਿਲੋਈ।**
**੩. ਬ੍ਰਹਮਾ ਬਿਸਨੁ ਮਹੇਸੁ ਮਿਲਿ**
**ਦਸ ਅਵਤਾਰ ਵੀਚਾਰ ਨ ਹੋਈ।**
**੪. ਭੇਦ ਨ ਬੇਦ ਕਤੇਬ ਨੋ**
**ਹਿੰਦੂ ਮੁਸਲਮਾਣ ਨ ਜਣੋਈ।**
**੫. ਉਤਮ ਜਨਮ ਸਕਾਰਥਾ**
**ਚਰਣ ਸਰਣ ਸਤਿਗੁਰ ਵਿਰਲੋਈ।**
**੬. ਗੁਰ ਸਿਖ ਸੁਣਿ ਗੁਰੁ ਸਿੱਖੁ ਹੋਇ**
**ਮੁਰਦਾ ਹੋਇ ਮੁਰੀਦ ਸੁ ਕੋਈ।**
**੭. ਸਤਿਗੁਰੁ ਗੋਰਿਸਤਾਨ ਸਮੋਈ ॥੧੨।**

***ਪਦ ਅਰਥ :*** ਸਿਰੰਦਾ—ਸਿਰਜਨਹਾਰ। ਕਵਾਉ—ਵਾਕ। ਗੋਰਿਸਤਾਨ ਸਮੋਈ—ਗੁਰੂ ਰੂਪ ਕਬਰ ਵਿਚ ਸਮਾਵੇ।

*ਅਰਥ :*

(੧) ਓਅੰਕਾਰ ਹੀ ਜਿਸਦਾ ਆਕਾਰ ਹੈ, ਉਹੋ ਸਿਰਜਨਹਾਰ ਸਤਿਗੁਰੂ ਪੁਰਖ ਹੈ।
(੨) ਜਿਸਨੇ ਇਕੋ ਵਾਕ ਤੋਂ ਹੀ ਇਹ ਸਾਰਾ ਪਸਾਰਾ ਪਸਰਿਆ ਹੈ, ਉਸ ਨੇ ਹੀ ਸਤਿਸੰਗ ਵਿਚ ਸ਼ਬਦ ਸੁਰਤ ਨੂੰ ਰਿੜਕਿਆ ਹੈ।

(੩) ਬ੍ਰਹਮਾ, ਵਿਸ਼ਨੂੰ, ਸ਼ਿਵਜੀ ਤੇ ਦਸਾਂ ਅਵਤਾਰਾਂ ਦੇ ਮੇਲ ਵਿਚ ਭੀ ਉਸਦੀ ਵੀਚਾਰ ਨਹੀਂ ਹੋ ਸਕੀ।
(੪) ਵੇਦ ਕਤੇਬ ਵੀ ਉਸਦੇ ਭੇਦ ਨੂੰ ਨਹੀਂ ਜਾਣ ਸਕੇ ਤੇ ਹਿੰਦੂ ਮੁਸਲਮਾਨ ਭੀ ਉਸ ਦਾ ਅੰਤ ਨਹੀਂ ਪਾ ਸਕੇ।
(੫) ਉਸ ਵਿਰਲੇ ਮਨੁੱਖ ਦਾ ਇਹ ਉੱਤਮ ਜਨਮ ਸਫਲ ਹੋਇਆ ਹੈ, ਜਿਹੜਾ ਸਤਿਗੁਰੂ ਦੀ ਚਰਨ ਸ਼ਰਨ ਵਿਚ ਗਿਆ ਹੈ।
(੬) ਸਤਿਗੁਰੂ ਦੀ ਸਿਖਿਆ ਸੁਣ ਕੇ ਜਿਹੜਾ ਸਿਖ ਹੋ ਕੇ ਮੁਰਦੇ ਵਾਂਗੂੰ ਮੁਰੀਦ ਹੋਵੇ, ਐਸਾ ਕੋਈ ਵਿਰਲਾ ਹੈ।
(੭) ਉਹ ਸਿਖ ਗੁਰੂ-ਰੂਪੀ ਕਬਰ ਵਿਚ ਸਮਾਉਂਦਾ ਹੈ (ਭਾਵ ਗੁਰੂ ਨਾਲ ਅਭੇਦ ਹੋ ਜਾਂਦਾ ਹੈ)।੧੨।

***ਭਾਵਾਰਥ:*** ਅਕਾਲ ਪੁਰਖ ਦਾ ਸਰੂਪ ਸਤਿਗੁਰੂ ਹੈ, ਜਿਹੜਾ ਸਿਖ ਸਤਿਗੁਰੂ ਦੀ ਆਗਿਆ ਵਿਚ ਚਲਦਾ ਹੈ, ਉਹ ਸਿਖ ਗੁਰੂ ਦਾ ਰੂਪ ਹੋ ਜਾਂਦਾ ਹੈ।

## ੧੩. ਗੁਰਸਿੱਖ ਹੀ ਸਭ ਤੋਂ ਉਚੇਰੇ ਹਨ

**੧. ਜਪ ਤਪ ਹਠ ਨਿੱਗ੍ਰਹ ਘਣੇ**
**ਚਉਦਹ ਵਿਦਿਆ ਵੇਦ ਵਖਾਣੇ।**
**੨. ਸ਼ੇਸ਼ਨਾਗ ਸਨਕਾਦਿਕਾ**
**ਲੋਮਸ ਅੰਤ ਅਨੰਤ ਨ ਜਾਣੇ।**
**੩. ਜਤੀ ਸਤੀ ਸੰਤੋਖੀਆਂ**
**ਸਿੱਧ ਨਾਥ ਹੁਇ ਨਾਥ ਭੁਲਾਣੇ।**
**੪. ਪੀਰ ਪੈਕੰਬਰ ਅਉਲੀਏ**
**ਬਜ਼ੁਰਗਵਾਰ ਹਜਾਰ ਹੈਰਾਣੇ।**
**੫. ਜੋਗ ਭੋਗ ਲਖ ਰੋਗ ਸੋਗ**
**ਲਖ ਸੰਜੋਗ ਵਿਜੋਗ ਵਿਡਾਣੇ।**
**੬. ਦਸ ਨਾਉ ਸੰਨਿਆਸੀਆਂ**
**ਭੰਭਲਭੂਸੇ ਖਾਇ ਭੁਲਾਣੇ।**
**੭. ਗੁਰਸਿਖ ਜੋਗੀ ਜਾਗਦੇ**
**ਹੋਰ ਸਭ ਬਨਬਾਸ ਲੁਕਾਣੇ।**
**੮. ਸਾਧ ਸੰਗਤਿ ਮਿਲਿ ਨਾਮ ਵਖਾਣੇ ॥੧੩॥**

***ਪਦ ਅਰਥ :*** ਭੁਲਾਣੇ—ਭੁਲੇ ਰਹੇ। ਬਜ਼ੁਰਗਵਾਰ—ਬਜ਼ੁਰਗੀ ਵਾਲੇ। ਭੰਭਲਭੂਸੇ—ਡੱਕੋ ਡੋਲੇ।

***ਅਰਥ :***

(੧) (ਹੇ ਭਾਈਓ! ਵੇਖਦੇ ਹਾਂ ਕਿ) ਕਈ ਜਪ, ਤਪ ਤੇ ਹੱਠ ਧਾਰ ਕੇ ਇੰਦ੍ਰੇ ਰੋਕਦੇ ਹਨ ਤੇ ਕਈ ਚੌਦਾਂ ਵਿਦਿਆ ਸਿਖਦੇ ਤੇ ਵੇਦਾਂ ਦਾ ਵਖਿਆਨ ਕਰਦੇ ਹਨ।
(੨) ਸ਼ੇਸ਼ਨਾਗ, ਸਨਕ ਸਨੰਦਨ ਆਦਿ ਤੇ ਲੋਮਸ ਰਿਖੀ ਵਰਗੇ ਉਸ ਅਨੰਤ ਦੇ ਅੰਤ ਨੂੰ ਨਹੀਂ ਜਾਣਦੇ।
(੩) ਜਤੀ, ਸਤੀ, ਸੰਤੋਖੀ ਸਿੱਧ ਤੇ ਨਾਥ ਆਦਿ ਆਪਣੇ ਆਪ ਨੂੰ ਨਾਥ (ਸੁਆਮੀ) ਮੰਨ ਕੇ ਭਰਮ ਵਿਚ ਭੁੱਲੇ ਫਿਰਦੇ ਹਨ।
(੪) ਪੀਰ ਪੈਕੰਬਰ ਅਉਲੀਏ ਤੇ ਹਜ਼ਾਰਾਂ ਬਜ਼ੁਰਗੀ ਵਾਲੇ ਹੈਰਾਨ ਹੋਏ ਫਿਰਦੇ ਹਨ।
(੫) ਲੱਖਾਂ ਜੋਗ ਭੋਗ ਵਿਚ, ਲੱਖਾਂ ਰੋਗ ਸੋਗ ਵਿਚ ਤੇ ਲੱਖਾਂ ਸੰਜੋਗ ਵਿਜੋਗ ਵਿਚ ਹੱਕੇ ਬੱਕੇ ਹੋ ਰਹੇ ਹਨ।
(੬) ਸੰਨਿਆਸੀਆਂ ਦੇ ਦਸ ਪੰਥ ਡੱਕੋ ਡੋਲੇ ਖਾਂਦੇ ਫਿਰਦੇ ਹਨ।
(੭) ਗੁਰੂ ਦੇ ਸਿਖ ਜੋਗੀ ਹੋ ਕੇ ਸਾਵਧਾਨ ਰਹਿੰਦੇ ਹਨ, ਹੋਰ ਸਾਰੇ ਜੰਗਲਾਂ ਬਨਾਂ ਵਿਚ ਲੁਕੇ ਰਹਿੰਦੇ ਹਨ।
(੮) (ਕਿਉਂਕਿ) ਗੁਰਸਿਖ ਸਾਧ ਸੰਗਤ ਵਿਚ ਮਿਲ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਦੇ ਹਨ (ਇਸ ਲਈ ਉਹ ਸਭ ਤੋਂ ਉੱਚੇ ਸ੍ਰੇਸ਼ਟ ਹਨ)।੧੩।

ਭਾਵ ਸਭ ਮੱਤ ਮਤਾਂਤ੍ਰਾਂ ਵਾਲੇ ਗੁਰੂ ਦੇ ਨਾਮ ਨੂੰ ਭੁਲਾ ਕੇ ਹਉਮੈ ਵਿਚ ਭਟਕ ਰਹੇ ਹਨ। ਕੇਵਲ ਗੁਰੂ ਕੇ ਸਿਖ ਸ਼ਬਦ ਦੀ ਕਮਾਈ ਕਰਕੇ ਮੁਕਤ ਹੋ ਜਾਂਦੇ ਹਨ।

## ੧੪. ਗੁਰ-ਸਿਖਿਆ ਦੇ ਪ੍ਰਕਾਸ਼ ਦੀ ਵਡਿਆਈ

**੧. ਚੰਦ ਸੂਰਜ ਲੱਖ ਚਾਨਣੇ**
**ਤਿਲ ਨ ਪੁੱਜਨਿ ਸਤਿਗੁਰੁ ਮੱਤੀ।**
**੨. ਲੱਖ ਪਤਾਲ ਅਕਾਸ ਲੱਖ**
**ਉਚੀ ਨੀਵੀ ਕਿਰਣ ਨ ਰੱਤੀ।**

**੩. ਲੱਖ ਪਾਣੀ ਲੱਖ ਪਉਣ ਮਿਲਿ**
**ਰੰਗ ਬਿਰੰਗ ਤਰੰਗਨ ਵੱਤੀ।**
**੪. ਆਦਿ ਨ ਅੰਤ ਨ ਮੱਧ ਪਲ**
**ਲੱਖ ਪਰਲਉ ਲੱਖ ਲੱਖ ਉਤਪੱਤੀ।**
**੫. ਧੀਰਜ ਧਰਮ ਨ ਪੁੱਜਨੀ**
**ਲੱਖ ਲੱਖ ਪਰਬਤ ਲੱਖ ਧਰੱਤੀ।**
**੬. ਲੱਖ ਗਿਆਨ ਧਿਆਨ ਲੱਖ**
**ਤੁੱਲ ਨ ਤੁਲੀਐ ਤਿਲ ਗੁਰਮੱਤੀ।**
**੭. ਸਿਮਰਣ ਕਿਰਣ ਘਣੀ ਘੋਲ ਘੱਤੀ ॥੧੪॥**

***ਪਦ ਅਰਥ :*** ਸਤਿਗੁਰੁ ਮੱਤੀ—ਸਤਿਗੁਰ ਦੀ ਸਿਖਿਆ ਨੂੰ। ਕਿਰਣ ਨ ਰੱਤੀ—ਭਾਵ ਗੁਰੂ ਦ੍ਰਿਸ਼ਟੀ ਇਕੋ ਜਿਹੀ ਹੈ। ਤਰੰਗਨ ਵੱਤੀ—ਤਰੰਗਾਂ ਵਾਲੇ। ਘੋਲ ਘੱਤੀ—ਵਾਰਨੇ ਕਰਨਾ।

***ਅਰਥ :***

(੧) ਲੱਖਾਂ ਚੰਦ੍ਰਮਾ ਤੇ ਸੂਰਜਾਂ ਦਾ ਚਾਨਣਾ ਸਤਿਗੁਰਾਂ ਦੀ ਸਿਖਿਆ ਦੇ ਪ੍ਰਕਾਸ਼ ਦੇ ਮੁਕਾਬਲੇ ਇਕ ਤਿਲ ਵੀ ਨਹੀਂ ਪੁੱਜਦਾ।
(੨) ਲੱਖਾਂ ਪਾਤਾਲਾਂ ਤੇ ਲੱਖਾਂ ਅਕਾਸ਼ਾਂ ਵਿਚ (ਸਤਿਗੁਰੂ ਦੀ ਕ੍ਰਿਪਾ-ਦ੍ਰਿਸ਼ਟੀ ਦੀ) ਕਿਰਨ ਰਤੀ ਭਰ ਵੀ ਉੱਚੀ ਨੀਵੀਂ ਨਹੀਂ ਪੈਂਦੀ।
(੩) ਲੱਖਾਂ ਪਾਣੀ (ਦਰਿਆ) ਲੱਖਾਂ ਪਉਣਾਂ ਨਾਲ ਮਿਲ ਕੇ ਰੰਗ ਬਿਰੰਗੇ ਤਰੰਗਾਂ ਵਾਲੇ ਹੋ ਜਾਂਦੇ ਹਨ (ਪਰ, ਉਹ ਗੁਰ ਸਿਖਿਆ ਦੀ ਬਰਾਬਰੀ ਫਿਰ ਵੀ ਨਹੀਂ ਕਰ ਸਕਦੇ)।
(੪) ਆਦਿ ਵਿਚ ਉਤਪਤੀ, ਅੰਤ ਵਿਚ ਪਰਲੋ ਤੇ ਮਧ ਕਾਲ ਵਿਚ ਜੋ ਲੱਖਾਂ ਉਤਪਤੀਆਂ ਹੋ ਰਹੀਆਂ ਹਨ, ਇਹ ਸਭ ਸਤਿਗੁਰੂ ਜੀ ਦੀ ਸਿਖਿਆ ਅਗੇ ਤੁੱਛ ਹਨ।
(੫) ਲੱਖਾਂ ਪਰਬਤਾਂ ਦਾ ਧੀਰਜ ਤੇ ਲੱਖਾਂ ਧਰਤੀਆਂ ਦਾ ਧਰਮ ਸਤਿਗੁਰਾਂ ਦੇ ਧਰਮ ਤੇ ਧੀਰਜ ਦੇ ਬਰਾਬਰ ਨਹੀਂ ਪੁੱਜਦਾ।
(੬) ਲੱਖਾਂ ਗਿਆਨ ਤੇ ਲੱਖਾਂ ਧਿਆਨ ਗੁਰੂ ਦੀ ਸਿਖਿਆ ਦੇ ਇਕ ਤਿਲ ਸਮਾਨ ਨਹੀਂ ਹੁੰਦੇ।
(੭) (ਇਸ ਲਈ) ਮੈਂ ਗੁਰੂ ਦੀ ਸਿਖਿਆ ਦੀ ਇਕ ਕਿਰਨ ਤੋਂ ਅਨੇਕਾਂ ਵਾਰੀ ਵਾਰਨੇ ਜਾਂਦਾ ਹਾਂ।੧੪।

## *੧੫. ਵਿਰਲੇ ਬੰਦੇ*

**੧. ਲੱਖ ਦਰਿਯਾਉ ਕਵਾਉ ਵਿਚਿ**
**ਲੱਖ ਲੱਖ ਲਹਿਰ ਤਰੰਗ ਉਠੰਦੇ।**
**੨. ਇੱਕਸ ਲਹਿਰ ਤਰੰਗ ਵਿਚਿ**
**ਲੱਖ ਲੱਖ ਦਰਿਯਾਉ ਵਹੰਦੇ।**
**੩. ਇੱਕਸ ਇੱਕਸ ਦਰਿਯਾਉ ਵਿੱਚ**
**ਲੱਖ ਲੱਖ ਅਵਤਾਰ ਅਕਾਰ ਫਿਰੰਦੇ।**
**੪. ਮੱਛ ਕੱਛ ਮਰਜੀਵੜੇ**
**ਅਗਮ ਅਥਾਹ ਨ ਥਾਹ ਲਹੰਦੇ।**
**੫. ਪਰਵਦਗਾਰ ਅਪਾਰ ਹੈ**
**ਪਾਰਾਵਾਰ ਨ ਲਹਿਰ ਤਰੰਦੇ।**
**੬. ਅਜਰਾਵਰ ਸਤਿਗੁਰੁ ਪੁਰਖ**
**ਗੁਰਮਤਿ ਗੁਰਸਿਖ ਅਜਰ ਜਰੰਦੇ।**
**੭. ਕਰਨ ਬੰਦਗੀ ਵਿਰਲੇ ਬੰਦੇ ॥੧੫॥**

***ਪਦ ਅਰਥ :*** ਦਰਿਯਾਉ—ਸ਼ਕਤੀਆਂ। ਦਰਿਯਾਉ—ਬ੍ਰਹਿਮੰਡ। ਮਰਜੀਵੜੇ—ਅਵਤਾਰ।

***ਅਰਥ :***

(੧) ਅਕਾਲ ਪੁਰਖ ਦੇ ਇਕ ਵਾਕ (ਫੁਰਨੇ) ਵਿਚ ਲੱਖਾਂ ਸ਼ਕਤੀਆਂ ਹਨ, ਜਿਨ੍ਹਾਂ ਤੋਂ ਲਹਿਰਾਂ ਤੇ ਤਰੰਗ ਉੱਠਦੇ ਹਨ।
(੨) ਇਕ ਮਾਇਆ ਰੂਪੀ ਲਹਿਰ ਦੇ ਤਰੰਗ ਵਿਚੋਂ ਲੱਖਾਂ ਦਰਿਆ (ਬ੍ਰਹਿਮੰਡ) ਵੱਗਦੇ ਹਨ।
(੩) ਇਕ ਇਕ ਬ੍ਰਹਿਮੰਡ ਵਿਚ ਲੱਖਾਂ ਅਵਤਾਰ ਸਰੀਰ ਧਾਰ ਕੇ ਫਿਰਦੇ ਹਨ।
(੪) ਮੱਛ, ਕੱਛ ਆਦਿ ਅਵਤਾਰ ਅਗਮ ਤੇ ਅਥਾਹ (ਪਰਮਾਤਮਾ) ਦਾ ਅੰਤ ਨਹੀਂ ਲੈ ਸਕਦੇ।
(੫) ਸਭ ਦੀ ਪਾਲਨਾ ਕਰਨ ਵਾਲਾ ਪ੍ਰਭੂ ਅਪਾਰ ਹੈ, ਉਸਦੀ ਲਹਿਰ (ਮਾਇਆ ਦਾ) ਪਾਰਾਵਾਰ ਵੀ ਕੋਈ ਨਹੀਂ ਪਾ ਸਕਦਾ।
(੬) ਸਤਿਗੁਰੂ (ਨਾਨਕ ਦੇਵ ਜੀ) ਅਜਰ ਤੇ ਅਮਰ ਹਨ, ਗੁਰਸਿਖ ਸਤਿਗੁਰੂ ਦੀ ਸਿਖਿਆ ਲੈ ਕੇ ਅਜਰ ਵਸਤੂ ਨਾਮ ਨੂੰ ਜਰਦੇ ਹਨ (ਭਾਵ ਨਾਮ ਦੀ ਦਾਤ ਪ੍ਰਾਪਤ ਕਰਕੇ ਕਿਸੇ ਨੂੰ ਜਣਾਉਂਦੇ ਨਹੀਂ।)

(੭) ਇਹੋ ਜਿਹੀ ਬੰਦਗੀ (ਭਗਤੀ) ਕਰਨ ਵਾਲੇ ਵਿਰਲੇ ਬੰਦੇ ਹਨ।੧੫।

ਭਾਵ ਅਕਾਲ ਪੁਰਖ ਦੀ ਰਚਨਾ ਬੇਅੰਤ ਹੈ, ਉਸਦਾ ਕੋਈ ਅੰਤ ਨਹੀਂ ਪਾ ਸਕਦਾ।

## ੧੬. ਆਦਿ ਪੁਰਖ ਪ੍ਰਭੂ ਨੂੰ ਨਮਸਕਾਰ ਹੈ

**੧. ਇੱਕ ਕਵਾਉ ਅਮਾਉ ਜਿਸ**
**ਕੇਵਡ ਵਡੇ ਦੀ ਵਡਿਆਈ।**
**੨. ਓਅੰਕਾਰ ਅਕਾਰ ਜਿਸੁ**
**ਤਿਸ ਦਾ ਅੰਤੁ ਨ ਕੋਊ ਪਾਈ।**
**੩. ਅੱਧਾ ਸਾਹੁ ਅਥਾਉ ਜਿਸੁ**
**ਵਡੀ ਆਰਜਾ ਗਣਤ ਨ ਆਈ।**
**੪. ਕੁਦਰਤਿ ਕੀਮ ਨ ਜਾਣੀਐ**
**ਕਾਦਰੁ ਅਲਖੁ ਨ ਲਖਿਆ ਜਾਈ।**
**੫. ਦਾਤ ਨ ਕੀਮ ਨ ਰਾਤਿ ਦਿਹੁ**
**ਬੇਸੁਮਾਰ ਦਾਤਾਰ ਖੁਦਾਈ।**
**੬. ਅਬਿਗਤ ਗਤਿ ਅਨਾਥ ਨਾਥ**
**ਅਕਥ ਕਥਾ ਨੇਤਿ ਨੇਤਿ ਅਲਾਈ।**
**੭. ਆਦਿ ਪੁਰਖੁ ਆਦੇਸੁ ਕਰਾਈ॥੧੬॥**

***ਪਦ ਅਰਥ :*** ਕਵਾਉ—ਵਾਕ। ਅਮਾਉ—ਮਿਣਤੀ ਤੋਂ ਰਹਿਤ। ਖੁਦਾਈ—ਪਾਤਿਸ਼ਾਹੀ। ਆਦੇਸੁ—ਨਮਸਕਾਰ। ਅਬਿਗਤ—ਜੋ ਨਾਸ ਨ ਹੋਵੇ।

***ਅਰਥ :***

(੧) ਜਿਸ ਦਾ ਇਕ ਵਾਕ ਹੀ ਮਿਣਤੀ ਤੋਂ ਬਾਹਰ ਹੈ, ਉਸ ਵੱਡੇ ਦੀ ਵਡਿਆਈ ਕਿੰਨੀ ਕੁ ਵੱਡੀ ਆਖੀਏ ?
(੨) ਜਿਸਦਾ ਰੂਪ ਓਅੰਕਾਰ ਹੈ, ਉਸਦਾ ਅੰਤ ਕੋਈ ਨਹੀਂ ਪਾ ਸਕਦਾ।
(੩) ਜਿਸ ਦਾ ਅੱਧਾ ਸਾਹ (ਸ੍ਵਾਸ) ਅਥਾਹ ਹੈ, ਉਸਦੀ ਵੱਡੀ ਉਮਰ ਦੀ ਗਿਣਤੀ ਨਹੀਂ ਆ ਸਕਦੀ।
(੪) ਉਸ ਦੀ ਕੁਦਰਤ (ਮਾਇਆ) ਦੀ ਕੀਮਤ ਨਹੀਂ ਜਾਣੀ ਜਾਂਦੀ, ਉਹ ਕਾਦਰ ਕਰਤਾਰ ਅਲਖ ਹੈ, ਲਖਿਆ ਨਹੀਂ ਜਾਂਦਾ।
(੫) ਉਸ ਦੀਆਂ ਬਖ਼ਸ਼ੀਆਂ ਦਾਤਾਂ ਦੀ ਕੀਮਤ ਨਹੀਂ ਪੈ ਸਕਦੀ, ਰਾਤ ਤੇ ਦਿਨ ਦਾ ਅੰਤ ਵੀ ਨਹੀਂ ਆਉਂਦਾ, ਉਸ ਦਾਤਾਰ ਦੀ ਪਾਤਿਸ਼ਾਹੀ ਬੇ-ਸ਼ੁਮਾਰ ਹੈ।
(੬) ਉਸ ਪ੍ਰਭੂ ਦੀ ਗਤੀ ਨਾਸ ਤੋਂ ਰਹਿਤ ਹੈ, ਉਹ ਅਨਾਥਾਂ ਦਾ ਨਾਥ ਹੈ ਸਭ ਉਸ ਦੀ ਅਕਥ ਕਥਾ ਨੂੰ ਨੇਤਿ ਨੇਤਿ (ਬੇਅੰਤ ਬੇਅੰਤ) ਆਖਦੇ ਹਨ।
(੭) ਮੈਂ ਉਸ ਆਦਿ ਪੁਰਖ (ਅਕਾਲ ਪੁਰਖ) ਨੂੰ ਨਮਸਕਾਰ ਕਰਦਾ ਹਾਂ।੧੬।

## ੧੭. ਪੂਰਨ ਸੁਖ ਗੁਰੂ ਦੀ ਸ਼ਰਨ ਵਿਚ ਹੈ

**੧. ਸਿਰ ਕਲਵਤ ਲੈ ਲੱਖ ਵਾਰ**
**ਹੋਮੇ ਕਟਿ ਕਟਿ ਤਿਲ ਤਿਲ ਦੇਹੀ।**
**੨. ਗਲੈ ਹਿਮਾਚਲ ਲੱਖ ਵਾਰਿ**
**ਕਰੈ ਉਰਧ ਤਪ ਜੁਗਤਿ ਸਨੇਹੀ।**
**੩. ਜਲ ਤਪ ਸਾਧੇ ਅਗਨਿ ਤਪ**
**ਅਰਧ ਤਾਪ ਕਰਿ ਹੋਇ ਵਿਦੇਹੀ।**
**੪. ਵਰਤ ਨੇਮ ਸੰਜਮ ਘਣੇ**
**ਦੇਵੀ ਦੇਵ ਅਸਥਾਨ ਭਵੇਹੀ।**
**੫. ਪੁੰਨ ਦਾਨ ਚੰਗਿਆਈਆਂ**
**ਸਿੱਧਾਸਣ ਸਿੰਘਾਸਣ ਬੇਹੀ।**
**੬. ਨਿਵਲੀ ਕਰਮ ਭੁਇਅੰਗਮਾ**
**ਪੂਰਕ ਕੁੰਭਕ ਰੇਚ ਕਰੇਹੀ।**
**੭. ਗੁਰਮੁਖਿ ਸੁਖਫਲ ਸ਼ਰਨ ਸਭੇਹੀ॥੧੭॥**

***ਪਦ ਅਰਥ :*** ਕਲਵਤ—ਕਲਵਤਰ, ਆਰਾ। ਹਿਮਾਚਲ—ਹਿਮਾਲੀਆ। ਜੁਗਤਿ ਸਨੇਹੀ—ਇਸ ਜੁਗਤੀ ਵਿਚ ਪ੍ਰੇਮ ਰਖੇ। ਰੇਚ ਕਰੇਹੀ—ਰੇਚਕ ਕਰੇ।

*ਅਰਥ :*

(੧) (ਕਾਂਸ਼ੀ ਵਿਚ ਜਾ ਕੇ) ਭਾਵੇਂ ਲੱਖਾਂ ਵਾਰੀ ਸਿਰ ਤੇ ਕਲਵਤਰ ਲਵੇ ਤੇ ਦੇਹੀ ਨੂੰ ਤਿਲ ਤਿਲ ਜਿੰਨੀ ਕੱਟ ਕੇ ਹਵਨ ਕਰੇ।

(੨) ਹਿਮਾਲੀਆ ਪਹਾੜ ਦੀਆਂ ਬਰਫ਼ਾਂ ਵਿਚ ਲੱਖ ਵਾਰੀ ਜਾ ਕੇ ਗਲੇ, ਬਾਹਾਂ ਉੱਚੀਆਂ ਕਰਕੇ ਉਰਧ ਤਪ ਕਰਨ ਦੀ ਜੁਗਤੀ ਵਿਚ ਪ੍ਰੇਮ ਰਖੇ।

(੩) (ਸਰਦੀਆਂ ਵਿਚ) ਜਲਧਾਰਾ ਲਵੇ, ਗਰਮੀਆਂ ਵਿਚ (ਪੰਜ ਧੂਣੀਆਂ ਦੀ) ਅਗਨ ਤਪੇ ਤੇ ਜਨਕ ਵਾਂਗੂ ਵਿਦੇਹੀ ਹੋ ਕੇ ਅਰਧ ਤਪ ਕਰੇ।

(੪) ਬਹੁਤ ਵਰਤ ਨੇਮ ਤੇ ਸੰਜਮ ਆਦਿ ਕਰੇ, ਦੇਵੀ ਦੇਵਤਿਆਂ ਦੇ ਮੰਦਰਾਂ ਦੀ ਯਾਤ੍ਰਾ ਕਰੇ।

(੫) ਪੁੰਨ ਦਾਨ ਆਦਿ ਨੇਕੀਆਂ ਕਰੇ, ਸਿੱਧਾਂ ਵਾਲੇ ਆਸਣ ਕਰਕੇ ਸਿੰਘਾਸਣਾਂ ਉਤੇ ਬੈਠੇ।

(੬) ਨਿਉਲੀ ਕਰਮ ਕਰੇ, ਭੁਯੰਗਮ ਨਾੜੀ ਦਾ ਸਾਧਨ (ਪ੍ਰਾਣਾਯਾਮ) ਕਰੇ ਤੇ ਪੂਰਕ, ਕੁੰਭਕ, ਰੇਚਕ ਆਦਿ ਕਰਮ ਕਰੇ।

(੭) ਇਹ ਸਾਰੇ ਕਰਮ ਗੁਰਮੁਖਾਂ ਦੇ ਸੁਖ ਫਲ ਦੇ ਬਰਾਬਰ ਨਹੀਂ ਪੁੱਜਦੇ।੧੭।

ਭਾਵ ਜਪਾਂ, ਤਪਾਂ, ਹਠਾਂ ਆਦਿ ਕਰਮਾਂ ਨਾਲ ਪੂਰਨ ਸੁਖ ਨਹੀਂ ਮਿਲਦਾ, ਪੂਰਨ ਸੁਖ ਸੱਚੇ ਸਤਿਗੁਰਾਂ ਦੇ (ਸ਼ਬਦ) ਉਪਦੇਸ਼ ਨਾਲ ਪ੍ਰਾਪਤ ਹੁੰਦਾ ਹੈ।

## ੧੮. ਗੁਰਮੁਖਾਂ ਦੇ ਸੁਖ ਫਲ ਦੀ ਵਿਸ਼ੇਸ਼ਤਾ ਵੱਡੀ ਹੈ

**੧. ਸਹਸ ਸਿਆਣੇ ਸਾਂਪੁਰਸ**
**ਸਹਸ ਸਿਆਣਪ ਲਇਆ ਨ ਜਾਈ।**
**੨. ਸਹਸ ਸੁਘੜ ਸੁਘੜਾਈਆਂ**
**ਤੁੱਲ ਨ ਸਹਸ ਚਤੁਰ ਚਤੁਰਾਈ।**
**੩. ਲੱਖ ਹਕੀਮ ਲੱਖ ਹਿਕਮਤੀ**
**ਦੁਨੀਆਦਾਰ ਵੱਡੇ ਦੁਨਿਆਈ।**
**੪. ਲੱਖ ਸ਼ਾਹ ਪਾਤਿਸ਼ਾਹ ਲੱਖ**
**ਲੱਖ ਵਜੀਰ ਨ ਮਸਲਤ ਕਾਈ।**
**੫. ਜਤੀ ਸਤੀ ਸੰਤੋਖੀਆਂ**
**ਸਿੱਧ ਨਾਥ ਮਿਲ ਹਾਥ ਨ ਪਾਈ।**
**੬. ਚਾਰ ਵਰਨ ਚਾਰ ਮਜ਼ਬਾ**
**ਛਿਅ ਦਰਸਨ ਨਹਿ ਅਲਖ ਲਖਾਈ।**
**੭. ਗੁਰਮੁਖਿ ਸੁਖ ਫਲ ਵਡੀ ਵਡਿਆਈ ॥੧੮॥**

***ਪਦ ਅਰਥ :*** ਸਾਂਪੁਰਸ—ਉੱਦਮ। ਸੁਘੜਾਈਆਂ—ਸਿਆਣਪਾਂ। ਦੁਨਿਆਈ—ਮਾਲਦਾਰ, ਧਨਵਾਨ। ਮਸਲਤ—ਸਲਾਹ।

*ਅਰਥ :*

(੧) (ਗੁਰਮੁਖਾਂ ਦੇ ਸੁਖ ਫਲ ਨੂੰ) ਹਜ਼ਾਰਾਂ ਸਿਆਣਿਆਂ ਦੇ ਉੱਦਮ ਤੇ ਹਜ਼ਾਰਾਂ ਸਿਆਣਪਾਂ ਨਾਲ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ।

(੨) ਹਜ਼ਾਰਾਂ ਕਾਰੀਗਰਾਂ ਦੀਆਂ ਕਾਰੀਗਰੀਆਂ ਤੇ ਹਜ਼ਾਰਾਂ ਚਤਰਾਂ ਦੀਆਂ ਚਤੁਰਾਈਆਂ ਵੀ ਉਸਦੀ ਬਰਾਬਰੀ ਨਹੀਂ ਕਰ ਸਕਦੀਆਂ।

(੩) ਲੱਖਾਂ ਹਕੀਮ ਆਪਣੀਆਂ ਹਿਕਮਤਾਂ ਕਰਦੇ ਹਨ ਤੇ ਦੁਨੀਆਦਾਰ ਆਪਣੀ ਦੌਲਤ ਨਾਲ ਯਤਨ ਕਰਦੇ ਹਨ (ਪਰ ਉਹ ਵੀ ਸੁਖ ਫਲ ਤਕ ਨਹੀਂ ਪਹੁੰਚ ਸਕਦੇ)।

(੪) ਉਥੇ ਲੱਖਾਂ ਸ਼ਾਹੂਕਾਰ, ਲੱਖਾਂ ਪਾਤਿਸ਼ਾਹਾਂ ਤੇ ਲੱਖਾਂ ਵਜ਼ੀਰਾਂ ਦੀ ਕੋਈ ਸਲਾਹ ਕੰਮ ਨਹੀਂ ਕਰਦੀ।

(੫) ਜਤੀ ਸਤੀ, ਸੰਤੋਖੀ, ਸਿੱਧ ਤੇ ਨਾਥ ਮਿਲ ਕੇ ਵੀ ਸੁਖ ਫਲ ਦੀ ਥਾਹ ਨਹੀਂ ਪਾ ਸਕਦੇ।

(੬) ਚਾਰ ਵਰਨ, ਚਾਰ ਮਜ਼ਹਬ ਤੇ ਛੇ ਦਰਸ਼ਨ ਵੀ ਉਸ ਅਲੱਖ ਨੂੰ ਨਹੀਂ ਜਾਣ ਸਕਦੇ।

(੭) ਗੁਰਮੁਖਾਂ ਦੇ ਸੁਖ ਫਲ (ਪਰਮ ਅਨੰਦ) ਦੀ ਵਡਿਆਈ ਵੱਡੀ ਹੈ।੧੮।

ਭਾਵ ਗੁਰਮੁਖਾਂ ਦਾ ਸੁਖ ਫਲ (ਪਰਮ-ਅਨੰਦ) ਦੁਨਿਆਵੀ ਚਤੁਰਾਈਆਂ ਨਾਲ ਨਹੀਂ ਮਿਲਦਾ, ਇਹ ਸੁਖ ਸਤਿਗੁਰਾਂ ਦੀ ਸ਼ਰਨ ਪਿਆਂ ਹੀ ਪ੍ਰਾਪਤ ਹੁੰਦਾ ਹੈ।

## ੧੯. ਗੁਰਸਿੱਖੀ ਦਾ ਅਰਥ ਕਠਿਨ ਹੈ

**੧. ਪੀਰ ਮੁਰੀਦੀ ਗਾਖੜੀ**
**ਪੀਰਾਂ ਪੀਰੁ ਗੁਰਾਂ ਗੁਰੁ ਜਾਣੈ।**
**੨. ਸਤਿਗੁਰੁ ਦਾ ਉਪਦੇਸ਼ੁ ਲੈ**
**ਵੀਹ ਇਕੀਹ ਉਲੰਘਿ ਸਿਵਾਣੈ।**
**੩. ਮੁਰਦਾ ਹੋਇ ਮੁਰੀਦ**
**ਸੋ ਗੁਰੁ ਸਿਖ ਜਾਇ ਸਮਾਇ ਬਬਾਣੈ।**
**੪. ਪੈਰੀਂ ਪੈ ਪਾ ਖਾਕ ਹੋਇ**
**ਤਿਸੁ ਪਾ ਖਾਕ ਪਾਕ ਪਤੀਆਣੈ।**
**੫. ਗੁਰਮੁਖਿ ਪੰਥੁ ਅਗੰਮੁ ਹੈ**
**ਮਰਿ ਮਰਿ ਜੀਵੈ ਜਾਇ ਪਛਾਣੈ।**
**੬. ਗੁਰੁ ਉਪਦੇਸ਼ੁ ਅਵੇਸੁ ਕਰਿ**
**ਕੀੜੀ ਭ੍ਰਿੰਗੀ ਵਾਂਗ ਬਿਡਾਣੈ।**
**੭. ਅਕਥ ਕਥਾ ਕਉਣ ਆਖਿ ਵਖਾਣੈ ॥੧੯॥**

***ਪਦ ਅਰਥ :*** ਪੀਰ ਮੁਰੀਦੀ—ਗੁਰੂ ਦੀ ਸਿੱਖੀ। ਗਾਖੜੀ—ਕਠਿਨ। ਬਬਾਣੈ—ਬਾਬੇ ਦਾ ਘਰ। ਅਵੇਸੁ—ਘਰ।

***ਅਰਥ :***

(੧) ਪੀਰ (ਗੁਰੂ) ਦੀ (ਸਿਖੀ) ਮੁਰੀਦੀ ਬੜੀ ਕਠਿਨ ਹੈ, ਇਸਨੂੰ ਪੀਰਾਂ ਦਾ ਪੀਰ ਤੇ ਗੁਰੂਆਂ ਦਾ ਗੁਰੂ ਹੀ ਜਾਣਦਾ ਹੈ।
(੨) ਸਿਖ ਸਤਿਗੁਰੂ ਦਾ ਉਪਦੇਸ਼ ਲੈ ਕੇ ਵੀਹਾਂ ਦੀ ਗਿਣਤੀ ਤੋਂ ਲੰਘ ਕੇ ਇਕੀਹ (ਆਤਮਾ) ਨੂੰ ਸਿਆਣੇਗਾ।
(੩) ਜਿਹੜਾ ਸਿਖ ਮੁਰਦਾ (ਹਉਮੈ ਰਹਿਤ) ਹੋਵੇਗਾ, ਉਹੋ ਹੀ ਬਾਬੇ (ਸਤਿਗੁਰ ਨਾਨਕ ਦੇਵ ਜੀ) ਦੇ ਘਰ ਵਿਚ ਆਵੇਗਾ।
(੪) ਜਿਹੜਾ ਸਿਖ ਪੈਰੀਂ ਪੈ ਕੇ ਪੈਰਾਂ ਦੀ ਖ਼ਾਕ ਬਣੇਗਾ, ਉਸਦੇ ਪੈਰਾਂ ਦੀ ਪਵਿੱਤ੍ਰ ਖ਼ਾਕ ਤੋਂ ਅਨੇਕਾਂ ਦੀ ਕਲਿਆਣ ਹੋਵੇਗੀ।
(੫) ਗੁਰਮੁਖਾਂ ਦਾ ਪੰਥ ਅਗੰਮ (ਪਹੁੰਚ ਤੋਂ ਬਾਹਰ) ਹੈ, ਜਿਹੜਾ ਸਿਖ ਮਰ ਮਰ ਕੇ ਜੀਵੇਗਾ ਉਹੋ ਹੀ ਇਸ ਨੂੰ ਪਛਾਣ ਸਕੇਗਾ।
(੬) ਜਿਹੜਾ ਸਿਖ ਗੁਰੂ ਦੇ ਉਪਦੇਸ਼ ਵਿਚ ਘਰ (ਵਾਸਾ) ਕਰਦਾ ਹੈ, ਉਹ ਕੀੜੀ ਤੋਂ ਭ੍ਰਿੰਗੀ ਹੋ ਜਾਣ ਵਾਂਗੂੰ ਅਸਚਰਜ ਰੂਪ ਹੋ ਜਾਂਦਾ ਹੈ।
(੭) ਗੁਰਮੁਖਾਂ ਦੀ ਕਥਾ ਅਕੱਥ ਹੈ, ਇਸਨੂੰ ਕੌਣ ਕਹਿ ਸਕਦਾ ਹੈ।੧੯।

ਭਾਵ ਗੁਰਮੁਖਾਂ ਦੇ ਸੁਖ ਫਲ (ਪਰਮ ਅਨੰਦ) ਨੂੰ ਕੋਈ ਨਹੀਂ ਦੱਸ ਸਕਦਾ, ਇਸ ਰਸ ਦਾ ਅਨੰਦ ਮਾਣਨ ਵਾਲਾ ਹੀ ਜਾਣ ਸਕਦਾ ਹੈ।

## ੨੦. ਗੁਰਮੁਖਾਂ ਦੇ ਸੁਖ ਫਲ ਦਾ ਅਸਚਰਜ ਕੌਤਕ ਹੈ

**੧. ਚਾਰ ਵਰਨ ਮਿਲਿ ਸਾਧ ਸੰਗ**
**ਚਾਰ ਚਵੱਕਾ ਸੋਲਹਿ ਜਾਣੈ।**
**੨. ਪੰਜ ਸਬਦ ਗੁਰੁ ਸਬਦ ਲਿਵ**
**ਪੰਜੂ ਪੰਜੇ ਪੰਜੀਹ ਜਾਣੈ।**
**੩. ਛਿਅ ਦਰਸਨ ਇਕ ਦਰਸਨੋ**
**ਛਿਅ ਛੱਕੇ ਛਤੀਹ ਸਮਾਣੈ।**
**੪. ਸੱਤ ਦੀਪ ਇਕ ਦੀਪਕੋ**
**ਸੱਤ ਸਤੇ ਉਣਵੰਜਹਿ ਭਾਣੈ।**
**੫. ਅਸ਼ਟ ਧਾਤ ਇਕ ਧਾਤ ਕਰਿ**
**ਅੱਠੂ ਅੱਠੇ ਚਉਹਠ ਭਾਣੈ।**
**੬. ਨਉ ਨਾਥ ਇਕ ਨਾਥ ਹੈ**
**ਨਉ ਨਾਏ ਏਕਾਸੀਹ ਦਾਣੈ।**
**੭. ਦਸ ਦੁਆਰ ਨਿਰਧਾਰ ਕਰਿ**
**ਦਾਹੋ ਦਾਹੇ ਸਉ ਪਰਵਾਣੈ।**
**੮. ਗੁਰਮੁਖਿ ਸੁਖ ਫਲ ਚੋਜ ਵਿਡਾਣੈ ॥੨੦॥**

***ਪਦ ਅਰਥ :*** ਸੋਲਹਿ—ਸੋਲਾਂ ਕਲਾਂ, ੧੦ ਇੰਦ੍ਰੀਆਂ, ੫ ਪ੍ਰਾਣ, ਇਕ ਅੰਤਹਕਰਣ। ਪੰਜੀਹ—ਪੰਜੀ ਪ੍ਰਕ੍ਰਿਤਾਂ। ਛਤੀਹ—੩੬ ਆਸਣ, ਜਾਂ ੩੬ ਪਖੰਡ। ਉਣਵੰਜਹਿ—ਉਣੰਜਾ ਪਉਣਾਂ ਹੁਕਮ ਵਿਚ।

***ਅਰਥ :***

(੧) ਚਾਰੇ ਵਰਨ (ਖੱਤ੍ਰੀ, ਬ੍ਰਾਹਮਣ, ਸੂਦ੍ਰ, ਵੈਸ਼) ਸਾਧ ਸੰਗਤ ਵਿਚ ਮਿਲ ਕੇ ਚਾਰ ਚੌਕੇ ਸੋਲਾਂ ਕਲਾਂ ਸੰਪੂਰਨ

ਹੋ ਗਏ ਹਨ ਅਥਵਾ ਉਨ੍ਹਾਂ ਨੇ ੧੦ ਇੰਦ੍ਰੀਆਂ, ਪੰਜ ਪਰਾਣ ਤੇ ਇਕ ਮਨ ਜਿੱਤ ਲਏ ਹਨ।

(੨) ਪੰਜਾਂ ਸ਼ਬਦਾਂ ਦੀ ਥਾਂ ਗੁਰੂ ਦੇ ਸ਼ਬਦ ਵਿਚ ਲਿਵ ਲਾ ਕੇ ਉਹ ਪੰਜਾਂ ਪਾਂਜੇ ਪੰਝੀ ਪਰਕ੍ਰਿਤਾਂ ਵਾਲੇ ਸਰੀਰ ਨੂੰ ਜਿੱਤ ਲੈਂਦੇ ਹਨ।

(੩) ਛੇ ਦਰਸ਼ਨਾਂ ਦੀ ਥਾਂ ਗੁਰੂ ਜੀ ਦਾ ਇਕ ਦਰਸ਼ਨ ਕਬੂਲ ਕਰਕੇ ਛੀ ਛੀਕੇ ਛੱਤੀ ਪਖੰਡਾਂ ਨੂੰ ਉਨ੍ਹਾਂ ਨੇ ਨਾਸ ਕਰ ਦਿੱਤਾ ਹੈ।

(੪) ਸੱਤਾਂ ਦੀਪਾਂ ਵਿਚ ਜੋ ਅਕਾਲ ਪੁਰਖ ਦੀ ਇਕ ਜੋਤ ਵਰਤੀ ਹੋਈ ਸਮਝਦੇ ਹਨ, ਸੱਤ ਸਾਤੇ ਉਣੰਜਾ ਪੌਣਾਂ ਉਨ੍ਹਾਂ ਦੇ ਭਾਣੇ ਵਿਚ ਚਲਦੀਆਂ ਹਨ।

(੫) ਅੱਠਾਂ ਧਾਤਾਂ ਦੀ ਜਿਸ ਨੇ ਇਕ ਧਾਤ ਕੀਤੀ ਹੈ ਅਰਥਾਤ ਗੁਰੂ ਨਾਲ ਮਿਲ ਕੇ ਅਭੇਦ ਹੋਇਆ ਹੈ, ਉਹ ਅੱਠੂ ਆਠੇ ਚੌਹਠ ਵਿਦਿਆ ਦੇ ਅਨੰਦ ਨੂੰ ਮਾਣਦਾ ਹੈ।

(੬) ਜਿਹੜਾ ਸਿਖ ਨੌਂ ਨਾਥਾਂ ਦਾ ਇਕੋ ਨਾਥ ਪ੍ਰਭੂ ਨੂੰ ਮੰਨਦਾ ਹੈ, ਉਹ ਨੌਂ ਨਾਏਂ ਇਕਾਸੀ ਖੰਡਾਂ ਦਾ ਨਾਥ ਬਣਦਾ ਹੈ।

(੭) ਦਸ ਇੰਦ੍ਰੀਆਂ ਜਿਨ੍ਹਾਂ ਨੇ ਵੱਸ ਕਰ ਲਈਆਂ ਹਨ, ਉਹ ਦਸ ਦਾਹੇ ਸੌ ਗਿਣਤੀ ਵਿਚ ਆਏ ਹਨ ਭਾਵ ਪਤੀ ਪਰਮੇਸ਼ਰ ਦੀ ਦਰਗਾਹ ਵਿਚ ਉਹ ਪ੍ਰਵਾਨ ਹੋ ਗਏ ਹਨ।

(੮) ਗੁਰਮੁਖਾਂ ਦੇ ਸੁਖ ਫਲ ਦਾ ਕੌਤਕ ਅਸਚਰਜ ਰੂਪ ਵਾਲਾ ਹੈ।੨੦।

ਭਾਵ ਗੁਰਮੁਖਾਂ ਦੇ ਸੁਖ ਫਲ ਦਾ ਅਨੰਦ ਗੁਰਮੁਖ ਹੀ ਜਾਣਦੇ ਹਨ।

## ੨੧. ਸਤਿਗੁਰੂ ਜੀ ਦੀ ਮਹਿਮਾ

**੧. ਸੌ ਵਿਚ ਵਰਤੇ ਸਿੱਖ ਸੰਤ**
**ਇਕੋਤਰ ਸੌ ਸਤਿਗੁਰ ਅਬਿਨਾਸੀ।**
**੨. ਸਦਾ ਸਦੀਵ ਦੀਬਾਣ ਜਿਸ**
**ਅਸਥਿਰ ਸਦਾ ਨ ਆਵੈ ਜਾਸੀ।**
**੩. ਇਕ ਮਨ ਜਿਨ੍ਹੇ ਧਿਆਇਆ**
**ਕਾਟੀ ਗਲਹੁੰ ਤਿਸੈ ਜਮਫਾਸੀ।**
**੪. ਇੱਕੋ ਇੱਕ ਵਰਤਦਾ**
**ਸਬਦ ਸੁਰਤਿ ਸਤਿਗੁਰੂ ਜਣਾਸੀ।**
**੫. ਬਿਨ ਦਰਸਨੁ ਗੁਰੁ ਮੂਰਤੋਂ**
**ਭ੍ਰਮਤਿ ਫਿਰੇ ਲਖ ਜੂਨ ਚਉਰਾਸੀ।**
**੬. ਬਿਨ ਦੀਖਿਆ ਗੁਰਦੇਵ ਕੀ**
**ਮਰ ਜਨਮੇ ਵਿੱਚਿ ਨਰਕ ਪਵਾਸੀ।**
**੭. ਨਿਰਗੁਣ ਸਰਗੁਣ ਸਤਿਗੁਰੂ**
**ਵਿਰਲਾ ਕੋ ਗੁਰੁ ਸਬਦ ਸਮਾਸੀ।**
**੮. ਬਿਨ ਗੁਰੁ ਓਟ ਨ ਹੋਰੁ ਕੋ**
**ਸੱਚੀ ਓਟ ਨ ਕਦੇ ਬਿਨਾਸੀ।**
**੯. ਗੁਰਾਂ ਗੁਰੂ ਸਤਿਗੁਰੁ ਪੁਰਖੁ**
**ਆਦਿ ਅੰਤ ਥਿਰੁ ਗੁਰੂ ਰਹਾਸੀ।**
**੧੦. ਵਿਰਲਾ ਗੁਰਮੁਖਿ ਸਹਜਿ ਸਮਾਸੀ ॥੨੧॥**

***ਪਦ ਅਰਥ :*** ਸੌ ਵਿਚ ਵਰਤੇ—ਲੇਖੇ ਵਿਚ ਪੂਰੇ ਵਰਤਦੇ ਹਨ।

***ਅਰਥ :***

(੧) (ਮੈਂ ਤਾਂ ਜਦੋਂ ਵੀਚਾਰ ਦ੍ਰਿਸ਼ਟੀ ਦੁਆਰਾ ਤੱਕਦਾ ਹਾਂ ਤਾਂ ਇਹ ਬੋਧ ਮਿਲਦਾ ਹੈ ਕਿ) ਸਿਖ ਸੰਤ ਸਾਰੇ ਸੌ ਵਿਚ ਵਰਤਦੇ ਹਨ, ਪਰ (ਸਤਿਗੁਰੂ ਨਾਨਕ) ਜੀ ਅਬਿਨਾਸ਼ੀ (ਅਟੱਲ) ਹੋਣ ਕਰਕੇ ਇਕੋਤਰ ਸੌ (ਇਕ ਉਪਰ ਸੌ) ਵਿਚ ਰਹਿੰਦੇ ਹਨ। (ਅਗੇ ਇਸਦਾ ਵਿਸਥਾਰ ਕਰਦੇ ਹਨ):

(੨) ਉਸ ਸਤਿਗੁਰੂ ਜੀ ਦਾ ਦਰਬਾਰ (ਸਤਿਸੰਗ) ਹੈ ਤੇ ਉਹ ਆਉਂਦਾ ਜਾਂਦਾ ਨਹੀਂ।

(੩) ਜਿਸ ਸਿਖ ਨੇ ਇਕ ਮਨ ਹੋ ਕੇ ਸਤਿਗੁਰੂ ਜੀ ਨੂੰ ਧਿਆਇਆ ਹੈ, ਉਸ ਦੇ ਗਲ ਵਿਚੋਂ ਜਮਾਂ ਦੀ ਫਾਹੀ ਕੱਟੀ ਜਾਂਦੀ ਹੈ।

(੪) ਸਤਿਗੁਰੂ ਜੀ ਦੇ ਸ਼ਬਦ ਵਿਚ ਸੁਰਤ ਲਾਉਣ ਨਾਲ ਇਹ ਗਲ ਜਾਣੀ ਜਾਂਦੀ ਹੈ ਕਿ ਇਕੋ ਪ੍ਰਭੂ ਦੀ ਜੋਤ ਹੀ ਸਭ ਵਿਚ ਪ੍ਰਕਾਸ਼ ਰਹੀ ਹੈ।

(੫) ਜੋ ਸਤਿਗੁਰੂ ਜੀ ਦੀ ਮੂਰਤ (ਸਰੂਪ) ਦੇ ਦਰਸ਼ਨ ਤੋਂ ਬਿਨਾ ਹੈ, ਉਹ ਚੌਰਾਸੀ ਲੱਖ ਜੂਨਾਂ ਦੇ ਚੱਕ੍ਰ ਵਿਚ ਭੌਂਦਾ ਫਿਰਦਾ ਹੈ।

(੬) ਜਿਹੜਾ ਸਤਿਗੁਰਾਂ ਦੀ ਸਿਖਿਆ (ਉਪਦੇਸ਼) ਤੋਂ ਬਿਨਾਂ ਹੈ, ਉਹ ਮਰਦਾ ਜੰਮਦਾ ਰਹਿੰਦਾ ਹੈ ਤੇ ਨਰਕਾਂ ਵਿਚ ਪੈਂਦਾ ਹੈ।

(੭) ਨਿਰਗੁਣ ਦਾ ਸਰਗੁਣ ਸਰੂਪ ਸਤਿਗੁਰੂ ਹੈ, ਪਰ ਕੋਈ

ਵਿਰਲਾ ਹੀ ਇਹ ਜਾਣ ਕੇ ਗੁਰਾਂ ਦੇ ਉਪਦੇਸ਼ ਵਿਚ ਸਮਾਉਂਦਾ ਹੈ।

(੮) ਸਤਿਗੁਰੂ ਤੋਂ ਬਿਨਾਂ ਹੋਰ ਕੋਈ ਓਟ (ਆਸਰਾ) ਨਹੀਂ, ਇਹ ਸੱਚੀ ਓਟ ਕਦੇ ਨਾਸ ਨਹੀਂ ਹੁੰਦੀ।

(੯) ਗੁਰੂਆਂ ਦਾ ਗੁਰੂ ਸਤਿਗੁਰੂ ਪੁਰਖ ਹੈ, ਉਹ ਗੁਰੂ ਆਦਿ ਅੰਤ ਵਿਚ ਸਦਾ ਥਿਰ ਰਹਿੰਦਾ ਹੈ।

(੧੦) ਕੋਈ ਵਿਰਲਾ ਪੁਰਸ਼ ਗੁਰਮੁਖ ਬਣ ਕੇ ਸਹਿਜ ਵਿਚ ਸਮਾਉਂਦਾ ਹੈ।੨੧।

ਭਾਵ, ਇਸ ਵਾਰ ਤੇ ਇਸ ਤੋਂ ਪਹਿਲੀ ਵਾਰ ਵਿਚ ਇਸ ਭਾਵ ਦੇ ਇਸ਼ਾਰੇ ਆਏ ਹਨ ਕਿ ਗੁਰੂ ਨਾਨਕ ਗੁਰਾਂ ਗੁਰੂ ਸੇ ਅਰ ਸਨਾਤਨ ਤੇ ਗੁਰੂ ਸੇ, ਪ੍ਰਤੀਤ ਹੁੰਦਾ ਹੈ ਇਕ ਪਰਮੇਸ਼ਰ ਇਕ ਗੁਰੂ ਦਾ ਜੋ ਹੁਕਮ ਹੈ ਸੋ ਇਉਂ ਹੈ ਕਿ ਗੁਰੂ ਜੀ ਹੀ ਗੁਰੂ ਥੇ, ਹੋਰ ਗੁਰੂ ਪਦ ਕਿਸੇ ਵਿਚ ਨਹੀਂ ਘਟਦਾ, ਕਿਉਂਕਿ ਅਵਤਾਰਾਂ ਨੂੰ ਵੀ ਗੁਰੂ ਕਰਨੇ ਪਏ, ਉਹ ਗੁਰੂ ਕਾਇਮ ਗੁਰੂ ਸੇ, ਜੋ ਗੁਰ ਅਵਤਾਰ ਦੇ ਪ੍ਰਗਟ ਹੋਣ ਤੋਂ ਪਹਿਲਾਂ ਕਾਇਮ ਮੁਕਾਮੀ ਕੰਮ ਕਰਦੇ ਰਹੇ ਸੇ, ਉਨ੍ਹਾਂ ਸਭਨਾਂ ਦੇ ਗੁਰੂ ਭੀ ਗੁਰੂ ਨਾਨਕ ਹੀ ਸੇ, ਇਸ ਲਈ ਗੁਰਾਂ ਗੁਰ ਦਾ ਖ਼ਿਤਾਬ ਇਨ੍ਹਾਂ ਨੂੰ ਹੈ।

## ੨੨. ਗੁਰੂ ਦੇ ਉਪਦੇਸ਼ ਤੋਂ ਬਿਨਾਂ ਮੁਕਤੀ ਨਹੀਂ ਮਿਲਦੀ

**੧. ਧਿਆਨ ਗੁਰੂ ਮੂਰਤਿ ਗੁਰੂ**
**ਪੂਜ ਮੂਲ ਗੁਰੁ ਚਰਣ ਪੁਜਾਏ।**
**੨. ਮੰਤ੍ਰ ਮੂਲ ਗੁਰਵਾਕ ਹੈ**
**ਸੱਚੁ ਸਬਦੁ ਸਤਿਗੁਰੂ ਸੁਣਾਏ।**
**੩. ਚਰਣੋਦਕ ਪਵਿੱਤ੍ਰ ਹੈ**
**ਚਰਣ ਕਮਲ ਗੁਰੁ ਸਿੱਖ ਧੁਆਏ।**
**੪. ਚਰਣਾਮ੍ਰਿਤ ਕਸਮਲ ਕਟੇ**
**ਗੁਰੁ ਧੂਰੀ ਬੁਰੇ ਲੇਖ ਮਿਟਾਏ।**
**੫. ਸਤਿਨਾਮੁ ਕਰਤਾ ਪੁਰਖੁ**
**ਵਾਹਿਗੁਰੂ ਵਿਚ ਰਿਦੈ ਸਮਾਏ।**
**੬. ਬਾਰਹ ਤਿਲਕ ਮਿਟਾਇ ਕਰਿ**
**ਗੁਰਮੁਖ ਤਿਲਕ ਨੀਸਾਣ ਚੜ੍ਹਾਏ।**
**੭. ਰਹਰਾਸੀ ਰਹਰਾਸਿ ਏਹੁ**
**ਇਕੋ ਜਪੀਐ ਹੋਰ ਤਜਾਏ।**
**੮. ਬਿਨ ਗੁਰੁ ਦਰਸਨ ਦੇਖਣਾ**
**ਭਰਮਤ ਫਿਰੇ ਠਉਰ ਨਹੀਂ ਪਾਏ।**
**੯. ਬਿਨ ਗੁਰੁ ਪੂਰੇ ਆਏ ਜਾਏ ॥੨੨॥੪੦॥**

*ਅਰਥ :*

(੧) ਸਾਰੇ ਧਿਆਨਾਂ ਦਾ ਮੁੱਢ ਗੁਰਾਂ ਦਾ ਸਰੂਪ ਹੈ ਤੇ ਸਾਰੀਆਂ ਪੂਜਾ ਦਾ ਮੂਲ ਗੁਰਾਂ ਦੇ ਚਰਨਾਂ ਦੀ ਪੂਜਾ ਹੈ।

(੨) ਸਾਰੇ ਮੰਤ੍ਰਾਂ ਦਾ ਮੁੱਢ ਗੁਰੂ ਜੀ ਦੇ ਬਚਨ ਹਨ, ਕਿਉਂਕਿ ਸੱਚਾ ਸਤਿਗੁਰੂ ਸੱਚੇ ਸ਼ਬਦ (ਉਪਦੇਸ਼) ਸੁਣਾਉਂਦਾ ਹੈ।

(੩) ਗੁਰੂ ਜੀ ਦੇ ਚਰਨ ਧੋ ਕੇ ਜਿਹੜੇ ਸਿਖ ਚਰਣਾਮ੍ਰਿਤ ਲੈਂਦੇ ਹਨ, ਉਹ ਚਰਣੋਦਕ ਪਵਿੱਤ੍ਰ ਹੈ।

(੪) ਸਤਿਗੁਰੂ ਜੀ ਦਾ ਚਰਣੋਦਕ ਸਾਰੇ ਪਾਪਾਂ ਨੂੰ ਕੱਟ ਦਿੰਦਾ ਹੈ ਤੇ ਗੁਰੂ ਦੇ ਚਰਨਾਂ ਦੀ ਧੂੜੀ ਮੱਥੇ 'ਤੇ ਲਿਖੇ ਹੋਏ ਬੁਰੇ ਲੇਖਾਂ ਨੂੰ ਨਾਸ ਕਰ ਦੇਂਦੀ ਹੈ।

(੫) ਸਤਿਗੁਰੂ ਜੀ ਦਾ ਸਤਿਨਾਮੁ ਕਰਤਾ ਪੁਰਖੁ ਦਾ ਉਪਦੇਸ਼ ਜਪਦਿਆਂ ਵਾਹਿਗੁਰੂ ਹਿਰਦੇ ਵਿਚ ਆ ਸਮਾਉਂਦਾ ਹੈ।

(੬) ਵੈਰਾਗੀਆਂ ਦੇ ਬਾਰ੍ਹਾਂ ਤਿਲਕਾਂ ਨੂੰ ਮਿਟਾ ਕੇ ਗੁਰਸਿਖ ਗੁਰੂ ਦੇ ਉਪਦੇਸ਼ ਦਾ ਤਿਲਕ ਮੱਥੇ ਉਤੇ ਧਾਰਨ ਕਰਦਾ ਹੈ।

(੭) ਗੁਰਸਿਖ ਇਸ ਮਰਯਾਦਾ ਦੇ ਧਾਰਨੀ ਹੋਏ ਹਨ ਕਿ ਇਕੋ ਦਾ ਜਾਪ ਕਰੀਏ ਤੇ ਹੋਰ ਜਾਪ ਤਿਆਗ ਦੇਈਏ।

(੮) ਗੁਰੂ ਜੀ ਦੇ ਦਰਸ਼ਨ ਤੋਂ ਬਿਨਾਂ ਜਿਹੜਾ ਹੋਰਨਾਂ ਦੇ ਦਰਸ਼ਨ ਕਰਦਾ ਹੈ, ਉਹ ਭਟਕਦਾ ਫਿਰਦਾ ਹੈ ਤੇ ਕਿਧਰੇ ਵੀ ਟਿਕਦਾ ਨਹੀਂ।

(੯) ਪੂਰੇ ਗੁਰੂ ਦੇ ਉਪਦੇਸ਼ ਤੋਂ ਬਿਨਾਂ ਮਨੁੱਖ ਚੌਰਾਸੀ ਲੱਖ ਜੂਨਾਂ ਵਿਚ ਆਉਂਦਾ ਜਾਂਦਾ ਰਹਿੰਦਾ ਹੈ, (ਭਾਵ ਉਹ ਕਦੇ ਮੁਕਤ ਨਹੀਂ ਹੁੰਦਾ)।੨੨।੪੦।

ਭਾਵ, ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਇਹ ਅੰਤਲੀ ਪਉੜੀ ਹੈ। ਇਸ ਵਿਚ ਆਪ ਇਹ ਸਿਧਾਂਤ ਪੇਸ਼ ਕਰਦੇ ਹਨ ਕਿ ਜਿਹੜਾ ਸਿਖ ਸਤਿਗੁਰਾਂ ਦਾ ਉਪਦੇਸ਼ ਲੈਂਦਾ ਹੈ, ਉਸਦੇ ਹਿਰਦੇ ਵਿਚ ਅਕਾਲ ਪੁਰਖ ਦਾ ਵਾਸਾ ਹੁੰਦਾ ਹੈ ਤੇ ਉਹ ਮੁਕਤ ਹੋ ਜਾਂਦਾ ਹੈ। ਇਸ ਲਈ ਗੁਰਾਂ ਦੇ ਗੁਰੂ ਸਤਿਪੁਰਖ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਆਵੋ।

(ਚਾਲ੍ਹੀਵੀਂ ਵਾਰ ਸਮਾਪਤ)

# ਵਾਰ ੪੧

ੴ ਸਤਿਗੁਰ ਪ੍ਰਸਾਦਿ॥

## *ਵਾਰ ਸ੍ਰੀ ਭਗਉਤੀ ਜੀ ਕੀ ਪਾਤਿਸ਼ਾਹੀ ੧੦॥*

***ਅਰਥ :***

ਸ੍ਰੀ ਭਗਉਤੀ (ਤਲਵਾਰ) ਦੀ ਸੋਭਾ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਿਮਾ ਦੀ ਇਹ ਵਾਰ (ਭਾਈ ਗੁਰਦਾਸ ਸਿੰਘ ਜੀ ਨੇ) ਉਚਾਰਨ ਕੀਤੀ ਹੈ।

ਇਸ ੪੧ਵੀਂ ਵਾਰ ਤੋਂ ਪਹਿਲੀਆਂ ੪੦ ਵਾਰਾਂ ਭਾਈ ਗੁਰਦਾਸ ਜੀ ਭੱਲਾ ਦੀ ਰਚਨਾ ਹਨ। ਇਹ ਭਾਈ ਗੁਰਦਾਸ ਜੀ ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਦਰਬਾਰ ਦੇ ਹਜ਼ੂਰੀ ਤੇ ਮਹਾਨ ਵਿਦਵਾਨ ਸਿਖ ਸਨ।

ਇਹ ੪੧ਵੀਂ ਵਾਰ ਇਕ ਹੋਰ ਭਾਈ ਗੁਰਦਾਸ ਸਿੰਘ ਨਾਮੀ ਕਵੀ ਜੀ ਦੀ ਰਚਨਾ ਹੈ, ਜੋ ਸ੍ਰੀ ਦਸਮੇਸ਼ ਜੀ ਤੋਂ ਬਹੁਤ ਪਿਛੋਂ ਹੋਏ ਹਨ। ਇਹ ਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਪਿੱਛੋਂ ਸੰਮਤ ੧੭੮੦ ਜਾਂ ੧੭੮੫ ਬਿਕ੍ਰਮੀ ਦੇ ਲਗਪਗ ਦੀ ਰਚਨਾ ਮੰਨੀ ਜਾਂਦੀ ਹੈ। ਇਹ ਵਾਰ 'ਸਰਬ ਲੋਹ' ਗ੍ਰੰਥ ਵਿਚ ਦਰਜ ਹੈ।

ਸਿਖ ਇਤਿਹਾਸ ਵਿਚ ਭਾਈ ਗੁਰਦਾਸ ਤਿੰਨ ਚਾਰ ਹੋਏ ਹਨ, ਪਹਿਲੇ ਭਾਈ ਗੁਰਦਾਸ ਜੀ ਭੱਲੇ ਹੋਏ ਹਨ, ਜੋ ਬੀਬੀ ਭਾਨੀ ਜੀ ਦੇ ਪੇਕੇ ਸਾਕਾਂ ਵਿਚੋਂ ਭਿਰਾਉ ਲੱਗਦੇ ਸਨ ਤੇ ਜੋ ਤੀਜੇ, ਚੌਥੇ, ਪੰਜਵੇਂ ਤੇ ਛੀਂਵੇਂ ਪਾਤਿਸ਼ਾਹ ਦੀ ਹਜ਼ੂਰੀ ਵਿਚ ਰਹੇ। ਇਹ ਵਾਰਾਂ ਉਨ੍ਹਾਂ ਦੀ ਪਵਿੱਤ੍ਰ ਰਚਨਾ ਹਨ।

ਦੂਸਰੇ ਭਾਈ ਗੁਰਦਾਸ ਨੌਂਵੇਂ ਪਾਤਿਸ਼ਾਹ ਦੇ ਸਿਖ ਸਨ, ਜੋ ਦਸਮੇਸ਼ ਜੀ ਦੇ ਚੌਰ ਬਰਦਾਰ ਕੀਰਤੀਏ ਸਿਖ ਦੇ ਪਿਤਾ ਸਨ।

ਤੀਸਰੇ ਭਾਈ ਬਹਿਲੋ ਜੀ ਦੀ ਬੰਸ ਵਿਖੇ ਭਾਈ ਗੁਰਦਾਸ ਮਸੰਦ ਹੋਏ ਹਨ, ਜੋ ਬਹੁਤ ਚਿਰ ਬਾਬਾ ਰਾਮ ਰਾਇ ਜੀ ਪਾਸ ਤੇ ਫਿਰ ਪੰਜਾਬ ਕੌਰ ਪਾਸ ਰਹੇ; ਉਸ ਤੋਂ ਪਿਛੋਂ ਸਤਿਗੁਰੂ ਦੇ ਹਜ਼ੂਰ ਮੁਆਫ਼ੀ ਮੰਗ ਕੇ ਆ ਟਿਕੇ। ਇਹ ੪੧ਵੀਂ ਵਾਰ ਉਪ੍ਰੋਕਤ ਤਿੰਨਾਂ ਸੱਜਨਾਂ ਵਿਚੋਂ ਕਿਸੇ ਦੀ ਵੀ ਨਹੀਂ, ਇਹ ਕਿਸੇ ਹੋਰ ਭਾਈ 'ਗੁਰਦਾਸ ਸਿੰਘ' ਨਾਮੀ ਕਵੀ ਦੀ ਹੈ ਜੋ ਦਸਮੇਸ਼ ਜੀ ਤੋਂ ਬਹੁਤ ਚਿਰ ਪਿੱਛੋਂ ਹੋਏ ਹਨ।

ਜਿਥੇ 'ਸਰਬ ਲੋਹ' ਗ੍ਰੰਥ ਵਿਖੇ ਇਹ ਵਾਰ ਆਉਂਦੀ ਹੈ, ਉਥੇ ਇਸ ਵਾਰ ਦੇ ਅੰਤ ਇਕ ਦੋਹਰਾ ਭੀ ਆਉਂਦਾ ਹੈ, ਜਿਸਦਾ ਪਾਠ ਇਉਂ ਹੈ :

ਸੰਬਤ ਸਤਰਾਂ ਸੈ ਭਏ ਬਰਖ ਸਤਵੰਜਾ ਜਾਨ।
ਗੁਰਦਾਸ ਸਿੰਘ ਪੂਰਨ ਕੀਓ ਸ੍ਰੀ ਮੁਖ ਗ੍ਰਿੰਥ ਪ੍ਰਮਾਨ॥

ਇਸ ਵਾਰ ਵਿਚ ਦਸਾਂ ਸਤਿਗੁਰਾਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਖ਼ਾਲਸਾ ਪੰਥ ਦੀ ਮਹਿਮਾ ਕੀਤੀ ਗਈ ਹੈ ਤੇ ਸਿੰਘਾਂ ਦੀ ਚੜ੍ਹਦੀ ਕਲਾ ਤੇ ਸੱਚੇ ਧਰਮ ਦਾ ਵਰਣਨ ਕੀਤਾ ਗਿਆ ਹੈ। ਕਵੀ ਜੀ ਨੇ ਸਤਿਗੁਰਾਂ ਤੇ ਖ਼ਾਲਸਾ ਪੰਥ ਦੀ ਵਡਿਆਈ ਬੜੀ ਸ਼ਰਧਾ ਤੇ ਪ੍ਰੇਮ-ਭਰੀ ਪੰਜਾਬੀ ਕਵਿਤਾ ਵਿਚ ਕੀਤੀ ਹੈ। ਗੁਰਸਿਖ ਇਸ ਵਾਰ ਦਾ ਪਾਠ ਬੜੇ ਪ੍ਰੇਮ ਤੇ ਸ਼ਰਧਾ ਨਾਲ ਕਰਦੇ ਹਨ।

## *੧. ਸੰਗਤਿ ਕੀਨੀ ਖਾਲਸਾ*

**੧. ਸਚੈ ਤਖਤ ਰਚਾਇਆ**
**ਸਤਿ ਸੰਗਤਿ ਮੇਲਾ।**
**੨. ਨਾਨਕ ਨਿਰਭਉ ਨਿਰੰਕਾਰ**
**ਵਿਚਿ ਸਿੱਧਾਂ ਖੇਲਾ।**

੩. ਗੁਰੁ ਸਿਮਰ ਮਨਾਈ ਕਾਲਕਾ
ਖੰਡੇ ਕੀ ਵੇਲਾ।
੪. ਪੀਵਹੁ ਪਾਹੁਲ ਖੰਡਿ ਧਾਰ
ਹੁਇ ਜਨਮ ਸੁਹੇਲਾ।
੫. ਗੁਰ ਸੰਗਤਿ ਕੀਨੀ ਖਾਲਸਾ
ਮਨਮੁਖੀ ਦੁਹੇਲਾ।
੬. ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥੧॥

***ਪਦ ਅਰਥ :*** ਕਾਲਕਾ—ਕਾਲਕਾ ਤੋਂ ਮੁਰਾਦ ਵਾਹਿਗੁਰੂ ਜੀ ਦੀ ਹੈ, ਕਿਉਂਕਿ ਵਾਹਿਗੁਰੂ ਨੂੰ ਅਲਿੰਗ ਮੰਨਿਆ ਗਿਆ ਹੈ। ਖੰਡੇ ਕੀ ਵੇਲਾ—ਅੰਮ੍ਰਿਤ ਛਕਾਉਣ ਸਮੇਂ। ਖੰਡਿ ਧਾਰ—ਖੰਡੇ ਦਾ ਅੰਮ੍ਰਿਤ। ਸੁਹੇਲਾ—ਸੁਖੀ, ਸਫਲਾ। ਦੁਹੇਲਾ—ਦੁਖੀ। ਗੁਰੁ ਚੇਲਾ—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰ ਚੇਲਾ ਇਸ ਲਈ ਕਿਹਾ ਜਾਂਦਾ ਹੈ ਕਿ ਪਹਿਲਾਂ ਆਪ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਤੇ ਫਿਰ ਆਪ ਉਨ੍ਹਾਂ ਤੋਂ ਅੰਮ੍ਰਿਤ ਛਕਿਆ ਸੀ।

***ਅਰਥ :***

(੧) ਸੱਚੇ ਹਰੀ ਨੇ ਸਤਿ ਸੰਗਤ ਦਾ ਮੇਲਾ ਹੀ ਆਪਣਾ (ਸੱਚਾ) ਤਖ਼ਤ ਰਚਿਆ ਹੈ।
(੨) ਨਿਰੰਕਾਰ ਨਿਰਭਉ ਪ੍ਰਭੂ ਦੇ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਿੱਧਾਂ, ਨਾਥਾਂ ਤੇ ਜੋਗੀਆਂ ਵਿਚ ਸ਼੍ਰੋਮਣੀ ਮੰਨਿਆ ਗਿਆ।
(੩) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਸਵੇਂ ਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਅੰਮ੍ਰਿਤ ਛਕਾਉਣ ਸਮੇਂ ਅਕਾਲ ਪੁਰਖ ਦੀ ਅਰਾਧਨਾ ਕੀਤੀ।
(੪) ਹੇ ਗੁਰਸਿੱਖੋ ! ਸਤਿਗੁਰੂ ਜੀ ਦਾ ਤਿਆਰ ਕੀਤਾ ਖੰਡੇ ਦੀ ਧਾਰ ਦਾ ਅੰਮ੍ਰਿਤ ਛਕੋ। ਇਸ ਅੰਮ੍ਰਿਤ ਦੇ ਛਕਣ ਨਾਲ ਆਪ ਦਾ ਜਨਮ ਸਫਲਾ ਹੋਵੇਗਾ।
(੫) ਸਤਿਗੁਰੂ ਜੀ ਨੇ ਖ਼ਾਲਸਾ ਪੰਥ ਸਾਜ ਕੇ ਉਸਨੂੰ ਆਪਣੀ ਸੰਗਤ ਵਿਚ ਰਖਿਆ ਹੈ। ਇਸ ਸੰਗਤ (ਪੰਥ) ਤੋਂ ਜਿਹੜੇ ਬੇਮੁਖ ਮਨਮੁਖ ਹੁੰਦੇ ਹਨ, ਉਹ ਦੁਖੀ ਹੁੰਦੇ ਹਨ।
(੬) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪੇ ਹੀ ਗੁਰੂ ਤੇ ਆਪੇ ਹੀ ਚੇਲਾ ਰੂਪ ਹੋਏ ਹਨ।੧।

## ੨. *ਗੁਰਸਿੱਖਾਂ ਦੇ ਮੂੰਹ ਉੱਜਲੇ ਹੁੰਦੇ ਹਨ*

੧. ਸੱਚਾ ਅਮਰ ਗੋਬਿੰਦ ਕਾ
ਸੁਣ ਗੁਰੂ ਪਿਆਰੇ।
੨. ਸਤਿ ਸੰਗਤਿ ਮੇਲਾਪ ਕਰਿ
ਪੰਚ ਦੂਤ ਸੰਘਾਰੇ।
੩. ਵਿਚਿ ਸੰਗਤਿ ਢੋਈ ਨਾ ਲਹਨਿ
ਜੋ ਖਸਮੁ ਵਿਸਾਰੇ।
੪. ਗੁਰੁ ਸਿੱਖਾਂ ਮੱਥੇ ਉਜਲੇ
ਸਚੇ ਦਰਬਾਰੇ।
੫. ਹਰਿ ਗੁਰੁ ਗੋਬਿੰਦ ਧਿਆਈਐ
ਸਦ ਅੰਮ੍ਰਿਤ ਵੇਲਾ।
੬. ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥੨॥

***ਪਦ ਅਰਥ :*** ਅਮਰ—ਹੁਕਮ। ਪੰਚ ਦੂਤ—ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ। ਸੰਘਾਰੇ—ਨਾਸ ਕੀਤੇ। ਢੋਈ—ਆਸਰਾ।

***ਅਰਥ :***

(੧) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ (ਫ਼ੁਰਮਾਨ) ਸੱਚਾ ਹੈ, ਇਸ ਲਈ ਹੇ ਗੁਰੂ ਦੇ ਪਿਆਰੇ ਸਿਖ! ਸਤਿਗੁਰ ਦੇ ਹੁਕਮ ਨੂੰ (ਪ੍ਰੇਮ ਨਾਲ) ਸੁਣ।
(੨) ਸਤਿਸੰਗਤ ਨਾਲ ਮੇਲ ਕਰਕੇ ਪੰਜ ਦੂਤਾਂ (ਕ਼ਾਮ ਕ੍ਰੋਧ ਆਦਿ) ਨੂੰ ਨਾਸ ਕਰ।
(੩) ਜਿਨ੍ਹਾਂ ਨੇ ਖਸਮ (ਪ੍ਰਭੂ) ਭੁਲਾ ਛੱਡਿਆ ਹੈ, ਉਨ੍ਹਾਂ ਨੂੰ ਸਤਿਸੰਗਤ ਵਿਚ ਢੋਈ (ਆਸਰਾ) ਨਹੀਂ ਮਿਲਦਾ।
(੪) ਸਤਿਗੁਰੂ ਜੀ ਦੇ ਸੱਚੇ ਦਰਬਾਰ ਵਿਚ ਗੁਰਮੁਖਾਂ (ਗੁਰਸਿੱਖਾਂ) ਦੇ ਮੂੰਹ ਉੱਜਲੇ ਹੁੰਦੇ ਹਨ।
(੫) ਹਰ ਰੋਜ਼ ਅੰਮ੍ਰਿਤ ਵੇਲੇ ਹਰੀ ਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਧਿਆਉਣਾ ਚਾਹੀਦਾ ਹੈ।
(੬) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ।੨।

## ੩. ਸਭ ਸ੍ਰਿਸ਼ਟੀ ਪ੍ਰਭੂ ਦੇ ਹੁਕਮ ਵਿਚ ਹੈ

੧. ਹੁਕਮੈ ਅੰਦਰਿ ਵਰਤਦੀ
ਸਭ ਸ੍ਰਿਸਟਿ ਸਬਾਈ।
੨. ਇਕਿ ਆਪੇ ਗੁਰਮੁਖਿ ਕੀਤਿਓਨ
ਜਿਹਿ ਹੁਕਮ ਮਨਾਈ।
੩. ਇਕਿ ਆਪੇ ਭਰਮ ਭੁਲਾਇਓਨ
ਦੂਜੈ ਚਿਤੁ ਲਾਈ।
੪. ਇਕਨਾ ਨਾਮੁ ਬਖਸਿਓਨ
ਹੋਇ ਆਪ ਸਹਾਈ।
੫. ਗੁਰਮੁਖਿ ਜਨਮੁ ਸਕਾਰਥਾ
ਮਨਮੁਖੀ ਦੁਹੇਲਾ।
੬. ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥੩॥

***ਪਦ ਅਰਥ :*** ਹੁਕਮੈ—ਹੁਕਮ। ਸਬਾਈ—ਸਾਰੀ। ਸਕਾਰਥਾ—ਸਫਲਾ।

***ਅਰਥ :***

(੧) ਸਾਰੀ ਸ੍ਰਿਸ਼ਟੀ ਪ੍ਰਭੂ ਦੇ ਹੁਕਮ ਵਿਚ ਵਰਤਦੀ (ਚਲਦੀ) ਹੈ।
(੨) ਜਿਨ੍ਹਾਂ ਨੂੰ ਪ੍ਰਭੂ ਨੇ ਆਪਣਾ ਹੁਕਮ ਮਨਾਇਆ ਹੈ, ਉਨ੍ਹਾਂ ਨੂੰ ਆਪ ਹੀ ਗੁਰਮੁਖ ਕੀਤਾ ਹੈ।
(੩) ਕਈਆਂ ਨੂੰ ਆਪ ਹੀ ਭਰਮ ਵਿਚ ਭੁਲਾਇਆ ਹੈ ਤੇ ਉਨ੍ਹਾਂ ਨੇ ਦੂਈ-ਦ੍ਵੈਤ ਵਿਚ ਮਨ ਲਾਇਆ ਹੋਇਆ ਹੈ।
(੪) ਕਈਆਂ ਨੂੰ ਆਪੇ ਹੀ ਸਹਾਇਕ ਹੋ ਕੇ ਆਪਣੇ ਨਾਮ ਦੀ ਦਾਤ ਬਖ਼ਸ਼ੀ ਹੈ।
(੫) (ਨਾਮ ਜਪਣ ਕਰਕੇ) ਗੁਰਮੁਖਾਂ ਦਾ ਜਨਮ ਸਫਲਾ ਹੋ ਜਾਂਦਾ ਹੈ ਤੇ ਮਨਮੁਖ ਸਦਾ ਹੀ ਦੁਖੀ ਰਹਿੰਦੇ ਹਨ।
(੬) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ।੩।

## ੪. ਗੁਰਮੁਖਾਂ ਦਾ ਮੇਲ ਪ੍ਰਭੂ ਨਾਲ ਹੁੰਦਾ ਹੈ

੧. ਗੁਰਬਾਣੀ ਤਿਨ ਭਾਈਆ
ਜਿਨਿ ਮਸਤਕਿ ਭਾਗ।
੨. ਮਨਮੁਖਿ ਛੁੱਟੜਿ ਕਾਮਣੀ
ਗੁਰਮੁਖਿ ਸੁਹਾਗ।
੩. ਗੁਰਮੁਖਿ ਉੱਜਲ ਹੰਸ ਹੈ
ਮਨਮੁਖ ਹੈ ਕਾਗ।
੪. ਮਨਮੁਖ ਊਂਧੈ ਕਵਲ ਹੈ
ਗੁਰਮੁਖ ਸੋ ਜਾਗ।
੫. ਮਨਮੁਖਿ ਜੋਨਿ ਭਵਾਈਅਨਿ
ਗੁਰਮੁਖਿ ਹਰਿ ਮੇਲਾ।
੬. ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥੪॥

***ਪਦ ਅਰਥ :*** ਭਾਈਆ—ਚੰਗੀ ਲੱਗਦੀ ਹੈ। ਕਾਮਣੀ—ਇਸਤ੍ਰੀ। ਊਂਧੈ—ਉਲਟੇ।

***ਅਰਥ :***

(੧) ਜਿਨ੍ਹਾਂ ਪੁਰਸ਼ਾਂ ਦੇ ਮੱਥੇ 'ਤੇ ਉੱਤਮ ਭਾਗ ਲਿਖੇ ਹੁੰਦੇ ਹਨ, ਉਨ੍ਹਾਂ ਨੂੰ ਗੁਰਬਾਣੀ ਚੰਗੀ ਲਗਦੀ ਹੈ।
(੨) ਗੁਰੂ ਤੋਂ ਬੇਮੁਖ (ਮਨਮੁਖ) ਛੁੱਟੜ ਇਸਤ੍ਰੀ ਵਾਂਗੂੰ (ਦੁਖੀ ਰਹਿੰਦੇ) ਹਨ ਤੇ ਗੁਰਮੁਖ ਸੁਹਾਗਣੀ ਇਸਤ੍ਰੀ ਵਾਂਗੂੰ (ਸੁਖੀ ਰਹਿੰਦੇ) ਹਨ।
(੩) ਗੁਰਮੁਖ ਉੱਜਲਾ (ਪਵਿੱਤ੍ਰ) ਹੰਸ ਹੈ ਤੇ ਮਨਮੁਖ ਕਾਲਾ ਕਾਂ ਹੈ।
(੪) ਮਨਮੁਖ ਮੀਟੇ ਹੋਏ ਕਵਲ ਵਾਂਗੂੰ ਹੈ ਤੇ ਗੁਰਮੁਖ ਖਿੜੇ ਹੋਏ ਕਵਲ ਫੁਲ ਵਰਗਾ ਹੈ।
(੫) ਮਨਮੁਖ ਚੌਰਾਸੀ ਲੱਖ ਜੂਨਾਂ ਵਿਚ ਭੁਆਏ ਜਾਂਦੇ ਹਨ ਤੇ ਗੁਰਮੁਖ ਦਾ ਪ੍ਰਭੂ ਨਾਲ ਮੇਲ ਹੁੰਦਾ ਹੈ।
(੬) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ।੪।

## ੫. ਮਨਮੁਖ ਦਰਗਾਹ ਵਿਚ ਦੁਖ ਪਾਉਂਦੇ ਹਨ

੧. ਸੱਚਾ ਸਾਹਿਬੁ ਅਮਰ ਸੱਚੁ
ਸੱਚੀ ਗੁਰਬਾਣੀ।
੨. ਸੱਚੇ ਸੇਤੀ ਰੱਤਿਆ
ਸੁਖ ਦਰਗਹ ਮਾਣੀ।
੩. ਜਿਨਿ ਸਤਿਗੁਰੁ ਸੱਚਾ ਸੇਵਿਆ
ਤਿਨ ਸੁਖ ਵਿਹਾਣੀ।
੪. ਮਨਮੁਖਿ ਦਰਗਹਿ ਮਾਰੀਅਨਿ
ਤਿਲ ਪੀੜੇ ਘਾਣੀ।
੫. ਗੁਰਮੁਖਿ ਜਨਮ ਸਦਾ ਸੁਖੀ
ਮਨਮੁਖੀ ਦੁਹੇਲਾ।
੬. ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੫॥

***ਪਦ ਅਰਥ :*** ਅਮਰ—ਹੁਕਮ।

### ਅਰਥ :

(੧) ਸਾਹਿਬ (ਪ੍ਰਭੂ) ਵੀ ਸੱਚਾ ਹੈ, ਉਸਦਾ ਹੁਕਮ ਭੀ ਸੱਚਾ ਹੈ ਤੇ ਗੁਰਬਾਣੀ ਭੀ ਸੱਚੀ ਹੈ।
(੨) ਸੱਚੇ ਸਤਿਗੁਰੂ ਨਾਲ ਪਿਆਰ ਕਰਨ ਵਾਲਾ (ਗੁਰਮੁਖ) ਸੱਚੀ ਦਰਗਾਹ ਵਿਚ ਸੁਖ ਮਾਣਦਾ ਹੈ।
(੩) ਜਿਨ੍ਹਾਂ (ਗੁਰਮੁਖਾਂ) ਨੇ ਸੱਚੇ ਸਤਿਗੁਰੂ ਨੂੰ ਸਿਮਰਿਆ ਹੈ ਤੇ ਸੇਵਾ ਕੀਤੀ ਹੈ, ਉਨ੍ਹਾਂ ਦਾ ਜੀਵਨ ਸੁਖਮਈ ਬੀਤਦਾ ਹੈ।
(੪) ਮਨਮੁਖ ਸੱਚੀ ਦਰਗਾਹ ਵਿਚ ਆਪਣੇ ਮੰਦੇ ਕਰਮਾਂ [illegible] ਨ ਤਰ੍ਹਾਂ ਮਾਰੇ ਜਾਂਦੇ ਹਨ, ਜਿਵੇਂ ਤਿਲਾਂ ਨੂੰ ਘ[illegible] ਵਿਚ ਪੀੜਿਆ ਜਾਂਦਾ ਹੈ।
(੫) ਗੁਰਮੁਖਾਂ ਦਾ ਜੀਵਨ ਸਦਾ ਸੁਖੀ ਬਿਤੀਤ ਹੁੰਦਾ ਹੈ ਤੇ ਮਨਮੁਖ ਸਦਾ ਦੁਖੀ ਰਹਿੰਦੇ ਹਨ।
(੬) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪੇ ਹੀ ਗੁਰੂ ਤੇ ਆਪੇ ਹੀ ਚੇਲਾ ਰੂਪ ਹੋਏ ਹਨ।੫।

## ੬. ਪ੍ਰਭੂ ਦਾ ਨਾਮ ਅਮੋਲਕ ਧਨ ਹੈ

੧. ਸੱਚਾ ਨਾਮ ਅਮੋਲ ਹੈ
ਵਡਭਾਗੀ ਸੁਣੀਐ।
੨. ਸਤਿਸੰਗਤਿ ਵਿਚਿ ਪਾਈਐ
ਨਿੱਤ ਹਰਿ ਗੁਣ ਗੁਣੀਐ।
੩. ਧਰਮ ਖੇਤ ਕਲਿਜੁਗ ਸਰੀਰ
ਬੋਈਐ ਸੋ ਲੁਣੀਐ।
੪. ਸੱਚਾ ਸਾਹਿਬ ਸੱਚ ਨਿਆਉਂ
ਪਾਣੀ ਜਿਉਂ ਪੁਣੀਐ।
੫. ਵਿਚ ਸੰਗਤਿ ਸੱਚ ਵਰਤਦਾ
ਨਿੱਤ ਨੇਹੁ ਨਵੇਲਾ।
੬. ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੬॥

***ਪਦ ਅਰਥ :*** ਲੁਣੀਐ—ਵੱਢੀਦਾ ਹੈ। ਨਵੇਲਾ—ਨਵਾਂ।

### ਅਰਥ :

(੧) ਪ੍ਰਭੂ ਦਾ ਸੱਚਾ ਨਾਮ ਅਮੋਲਕ ਧਨ ਹੈ, ਜਿਸਨੂੰ ਵੱਡੇ ਭਾਗਾਂ ਨਾਲ ਸੁਣੀਦਾ ਹੈ।
(੨) ਇਹ ਅਮੋਲਕ ਧਨ (ਨਾਮ) ਸਤਿਸੰਗਤ ਵਿਚੋਂ ਪ੍ਰਾਪਤ ਕਰੀਏ ਤਾਂ ਸਦਾ ਹੀ ਹਰੀ ਦੇ ਗੁਣ ਗਾਇਨ ਕਰੀਦੇ ਹਨ।
(੩) ਇਸ ਕਲਜੁਗ ਦੇ ਸਮੇਂ ਵਿਚ ਇਸ ਸਰੀਰ ਰੂਪੀ ਖੇਤੀ ਵਿਚ ਜਿਹੋ ਜਿਹਾ ਧਰਮ ਅਧਰਮ ਦਾ ਬੀਜ ਅਸੀਂ ਬੀਜਾਂਗੇ ਉਹੋ ਜਿਹਾ ਫਲ ਪ੍ਰਾਪਤ ਕਰਾਂਗੇ।
(੪) ਸੱਚੇ ਪ੍ਰਭੂ ਦਾ ਨਿਆਉਂ ਸਦਾ ਸੱਚਾ ਹੁੰਦਾ ਹੈ, ਜਿਵੇਂ ਹੰਸ ਦੁੱਧ ਤੇ ਪਾਣੀ ਨੂੰ ਵੱਖੋ ਵੱਖ ਕਰਦਾ ਹੈ।
(੫) ਉਹ ਸੱਚਾ ਪਰਮਾਤਮਾ ਸਤਿਸੰਗਤ ਵਿਚ ਵੱਸਦਾ ਹੈ ਤੇ ਸਤਿਸੰਗਤ ਨਾਲ ਉਸਦਾ ਪ੍ਰੇਮ ਸਦਾ ਨਵਾਂ ਹੀ ਰਹਿੰਦਾ ਹੈ।
(੬) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪੇ ਹੀ ਗੁਰੂ ਤੇ ਆਪੇ ਹੀ ਚੇਲਾ ਰੂਪ ਹੋਏ ਹਨ।੬।

## ੭. ਸਤਿਗੁਰੂ ਦੀ ਸੇਵਾ ਦੁਖਾਂ ਦੀ ਨਵਿਰਤੀ ਕਰਦੀ ਹੈ

੧. ਓਅੰਕਾਰ ਅਕਾਰ ਆਪ
ਹੈ ਹੋਸੀ ਆਪੈ।
੨. ਓਹ ਆਪ ਉਪਾਵਨਹਾਰ ਹੈ
ਗੁਰ ਸਬਦੀ ਜਾਪੈ।
੩. ਖਿਨ ਮਹਿ ਢਾਹਿ ਉਸਾਰਦਾ
ਤਿਸ ਭਉ ਨ ਵਿਆਪੈ।
੪. ਕਲੀ ਕਾਲ ਗੁਰੁ ਸੇਵੀਐ
ਨਹੀਂ ਦੁਖ ਸੰਤਾਪੈ।
੫. ਸਭ ਜੱਗ ਤੇਰਾ ਖੇਲ ਹੈ
ਤੂੰ ਗੁਣੀ ਗਹੇਲਾ।
੬. ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥੭॥

***ਪਦ ਅਰਥ :*** ਅਕਾਰ—ਸਰੂਪ। ਉਪਾਵਨਹਾਰ—ਪੈਦਾ ਕਰਨ ਵਾਲਾ। ਜਾਪੈ—ਜਾਣੀਦਾ ਹੈ। ਸੰਤਾਪੈ—ਦੁਖ ਕਸ਼ਟ ਨਹੀਂ ਦੇਂਦਾ। ਗਹੇਲਾ—ਸਮੁੰਦਰ।

***ਅਰਥ :***

(੧) ਉਹ ਨਿਰਾਕਾਰ ਪ੍ਰਭੂ ਸਰਗੁਣ ਸਰੂਪ ਹੋ ਕੇ ਹੁਣ ਵੀ ਆਪ ਹੀ ਹੈ ਤੇ ਅੱਗੇ ਨੂੰ ਭੀ ਆਪ ਹੀ ਹੋਵੇਗਾ।
(੨) ਉਹ ਸਭ ਸੰਸਾਰ ਨੂੰ ਉਤਪਤ ਕਰਨ ਵਾਲਾ ਹੈ, ਉਸ ਨੂੰ ਗੁਰੂ ਦੇ ਸ਼ਬਦ (ਉਪਦੇਸ਼) ਦੁਆਰਾ ਜਾਣਿਆਂ ਜਾਂਦਾ ਹੈ।
(੩) (ਉਹ ਆਪਣੀ ਰਚਨਾ ਇਕ ਖਿਨ ਵਿਚ ਢਾਹੁੰਦਾ ਹੈ ਤੇ ਉਸਾਰਦਾ ਹੈ, ਉਸਨੂੰ ਕਿਸੇ ਦਾ ਡਰ ਨਹੀਂ ਵਿਆਪਦਾ (ਭਾਵ ਉਹ ਨਿਰਭਉ ਹੈ)।
(੪) ਇਸ ਕਲਜੁਗ ਦੇ ਸਮੇਂ ਵਿਚ ਸਤਿਗੁਰੂ ਦੀ ਸੇਵਾ ਕਰੀਏ ਤਾਂ ਕੋਈ ਦੁਖ ਕਸ਼ਟ ਨਹੀਂ ਹੁੰਦਾ।
(੫) ਹੇ ਪ੍ਰਭੂ ! ਇਹ ਸੰਸਾਰ ਤੇਰਾ ਖੇਲ (ਤਮਾਸ਼ਾ) ਹੈ ਤੇ ਤੂੰ ਸਭ ਗੁਣਾਂ ਦਾ ਸਮੁੰਦਰ ਹੈਂ।
(੬) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ।੭।

## ੮. ਪ੍ਰਭੂ ਤੇ ਗੁਰੂ ਇਕ ਰੂਪ ਹਨ

੧. ਆਦਿ ਪੁਰਖ ਅਨਭੈ ਅਨੰਤ ਗੁਰੁ
ਅੰਤ ਨ ਪਾਈਐ।
੨. ਅਪਰ ਅਪਾਰ ਅਗੰਮ ਆਦਿ
ਜਿਸ ਲਖੇ ਨ ਜਾਈਐ।
੩. ਅਮਰ ਅਜਾਚੀ ਸੱਚਿ ਨਾਮੁ
ਤਿਸ ਸਦਾ ਧਿਆਈਐ।
੪. ਸੱਚਾ ਸਤਿਗੁਰੁ ਸੇਵੀਐ
ਨਿਰਭੈ ਪਦ ਪਾਈਐ।
੫. ਅਨਿਕ ਰੂਪ ਧਰ ਪ੍ਰਗਟਿਐ
ਹੈ ਏਕ ਅਕੇਲਾ।
੬. ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥੮॥

***ਪਦ ਅਰਥ :*** ਅਨੰਤ—ਜਿਸਦਾ ਅੰਤ ਨ ਪਾਇਆ ਜਾ ਸਕੇ। ਅਮਰ—ਜੋ ਨਾ ਮਰੇ। ਅਜਾਚੀ—ਜਿਸ ਤੋਂ ਮੰਗਣ ਦੀ ਲੋੜ ਨਾ ਪਵੇ, ਸਗੋਂ ਆਪ ਦੇਵੇ।

***ਅਰਥ :***

(੧) ਜੋ ਆਦਿ ਪੁਰਖ ਪ੍ਰਭੂ ਅਨਭੈ ਤੇ ਅੰਤ ਰਹਿਤ ਹੈ, ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ।
(੨) ਜੋ ਪਰੇ ਤੋਂ ਪਰੇ, ਗੰਮਤਾ ਤੋਂ ਰਹਿਤ ਹੈ ਤੇ ਜਿਸਨੂੰ ਜਾਣਿਆ ਨਹੀਂ ਜਾ ਸਕਦਾ।
(੩) ਜੋ ਅਮਰ (ਮਰਨ ਤੋਂ ਰਹਿਤ ਹੈ) ਜੋ ਆਪਣੀਆਂ ਦਾਤਾਂ ਬਿਨਾਂ ਮੰਗਿਆਂ ਦਿੰਦਾ ਹੈ, ਐਸੇ ਸੱਚੇ ਨਾਮ ਵਾਲੇ ਪ੍ਰਭੂ ਨੂੰ ਸਦਾ ਸਿਮਰੋ।
(੪) ਸੱਚੇ ਸਤਿਗੁਰੂ ਦੀ ਸੇਵਾ ਕਰਨ ਨਾਲ ਨਿਰਭੈ ਪਦਵੀ ਪ੍ਰਾਪਤ ਹੁੰਦੀ ਹੈ।
(੫) ਉਹ ਇਕ ਇਕੱਲਾ ਆਪ ਹੀ ਅਨੇਕਾਂ ਰੂਪ ਧਾਰ ਕੇ ਪ੍ਰਗਟ ਹੋਇਆ ਹੈ।
(੬) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ।੮।

## ੯. ਗੁਰਮੁਖ ਪ੍ਰਭੂ ਦੇ ਸਿਮਰਨ ਨਾਲ ਤਰ ਜਾਂਦੇ ਹਨ

੧. ਅਬਿਨਾਸੀ ਆਨੰਤ ਮੈ
ਘਟਿ ਘਟਿ ਦ੍ਰਿਸਟਾਇਆ।
੨. ਅਘ ਨਾਸੀ ਆਤਮ ਅਭੁਲ
ਨਹੀਂ ਭੁੱਲੈ ਭੁਲਾਇਆ।
੩. ਅਲਖ ਅਕਾਲ ਅਡੋਲ ਹੈ
ਗੁਰੁ ਸਬਦ ਲਖਾਇਆ।
੪. ਸਰਬ ਵਿਆਪੀ ਹੈ ਅਲੇਪ
ਜਿਸ ਲਗੈ ਨ ਮਾਇਆ।
੫. ਗੁਰਮੁਖਿ ਨਾਮ ਧਿਆਇਆ
ਜਹ ਲੰਘੈ ਵਹੇਲਾ।
੬. ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥੯॥

***ਪਦ ਅਰਥ :*** ਅਬਿਨਾਸੀ—ਜੋ ਨਾਸ ਨਾ ਹੋਵੇ। ਘਟਿ ਘਟਿ—ਹਰ ਹਿਰਦੇ ਵਿਚ। ਅਘ ਨਾਸੀ—ਪਾਪ ਨਾਸਕ। ਅਲਖ—ਜੋ ਲਖਿਆ ਨਾ ਜਾ ਸਕੇ। ਅਲੇਪ—ਜੋ ਲਿਪਾਇਮਾਨ ਨਾ ਹੋਵੇ। ਵਹੇਲਾ—ਛੇਤੀ।

***ਅਰਥ :***

(੧) ਨਾਸ ਰਹਿਤ ਤੇ ਅੰਤ ਰਹਿਤ ਪ੍ਰਭੂ ਹਰ ਇਕ ਦੇ ਹਿਰਦੇ ਵਿਚ ਵੱਸਿਆ ਦਿੱਸਦਾ ਹੈ।
(੨) ਉਹ ਪਾਪ ਨਾਸਕ ਪ੍ਰਭੂ ਅਭੁੱਲ ਹੈ, ਕਿਸੇ ਦਾ ਭੁਲਾਇਆ ਉਹ ਭੁੱਲਦਾ ਨਹੀਂ।
(੩) ਉਹ ਨਾ ਜਾਣੇ ਜਾਣ ਵਾਲਾ ਤੇ ਕਾਲ-ਰਹਿਤ ਪਰਮਾਤਮਾ ਅਡੋਲ ਹੈ। ਗੁਰਾਂ ਦੇ ਸ਼ਬਦ (ਉਪਦੇਸ਼) ਦੁਆਰਾ ਉਸਨੂੰ ਜਾਣਿਆ ਜਾਂਦਾ ਹੈ।
(੪) ਉਹ ਵਾਹਿਗੁਰੂ ਸਰਬ-ਵਿਆਪਕ ਹੁੰਦਾ ਹੋਇਆ ਵੀ ਨਿਰਲੇਪ ਹੈ, ਉਸਨੂੰ ਮਾਇਆ ਨਹੀਂ ਵਿਆਪਦੀ।
(੫) ਜਿਸ ਗੁਰਮੁਖ ਨੇ ਉਸ ਹਰੀ ਦੇ ਨਾਮ ਨੂੰ ਸਿਮਰਿਆ ਹੈ, ਉਹ ਇਸ ਸੰਸਾਰ ਸਮੁੰਦਰ ਤੋਂ ਸੌਖਾ ਤੇ ਛੇਤੀ ਪਾਰ ਹੋ ਜਾਂਦਾ ਹੈ।
(੬) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪੇ ਹੀ ਗੁਰੂ ਤੇ ਆਪੇ ਹੀ ਚੇਲਾ ਰੂਪ ਹੋਏ ਹਨ।੯।

## ੧੦. ਹਰੀ ਦਾ ਸਿਮਰਨ ਸੁਖਾਂ ਦਾ ਦਾਤਾ ਹੈ

੧. ਨਿਰੰਕਾਰ ਨਰਹਰਿ ਨਿਧਾਨ
ਨਿਰਵੈਰ ਧਿਆਈਐ।
੨. ਨਾਰਾਇਣ ਨਿਰਬਾਣ ਨਾਥ
ਮਨ ਅਨਦਿਨ ਗਾਈਐ।
੩. ਨਰਕ ਨਿਵਾਰਣ ਦੁਖ ਦਲਣ
ਜਪ ਨਰਕ ਨ ਜਾਈਐ।
੪. ਦੇਣਹਾਰ ਦਇਆਲ ਨਾਥ
ਜੋ ਦੇਇ ਸੁ ਪਾਈਐ।
੫. ਦੁਖ ਭੰਜਨ ਸੁਖ ਹਰਿ ਧਿਆਨ
ਮਾਇਆ ਵਿਚ ਖੇਲਾ।
੬. ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥੧੦॥

***ਪਦ ਅਰਥ :*** ਨਰਹਰਿ—ਨਰਾਂ ਦਾ ਸੁਆਮੀ। ਨਿਧਾਨ—ਖ਼ਜ਼ਾਨਾ। ਨਿਰਬਾਣ—ਬਾਣ ਤੋਂ ਰਹਿਤ, ਮਾਇਆ ਤੋਂ ਅਤੀਤ, ਸ਼ੁੱਧ। ਅਨਦਿਨ—ਰਾਤ ਦਿਨ।

***ਅਰਥ :***

(੧) ਨਿਰਾਕਾਰ ਨਰਾਂ ਦੇ ਸੁਆਮੀ (ਸੁਖਾਂ ਦੇ) ਖ਼ਜ਼ਾਨੇ ਤੇ ਨਿਰਵੈਰ ਪ੍ਰਭੂ ਦਾ ਸਿਮਰਨ ਕਰੋ।
(੨) ਉਸ ਨਾਰਾਇਣ ਤੇ ਮਾਇਆ ਤੋਂ ਅਤੀਤ ਸੁਆਮੀ ਨੂੰ ਮਨ ਇਕਾਗਰ ਕਰਕੇ ਰਾਤ ਦਿਨ ਗਾਓ।
(੩) ਉਸ ਨਰਕ ਨੂੰ ਨਾਸ ਕਰਨ ਵਾਲੇ ਤੇ ਦੁਖਾਂ ਨੂੰ ਨਵਿਰਤ ਕਰਨ ਵਾਲੇ ਪਰਮਾਤਮਾ ਨੂੰ ਜਪ ਕੇ ਨਰਕ ਵਿਚ ਨਹੀਂ ਜਾਈਦਾ।
(੪) ਉਹ ਦਾਤਾ ਸਭ ਦਾਤਾਂ ਦੇ ਦੇਣ ਵਾਲਾ ਦਿਆਲੂ ਤੇ ਸੁਆਮੀ ਹੈ, ਉਹ ਜੋ ਕੁਝ ਅਪਣੀ ਖ਼ੁਸ਼ੀ ਨਾਲ ਦੇਂਦਾ ਹੈ ਉਹ ਪ੍ਰਸੰਨਤਾ ਨਾਲ ਲਵੋ।
(੫) ਉਹ ਦੁਖ ਭੰਜਨ (ਦੁਖਾਂ ਨੂੰ ਨਾਸ ਕਰਨ ਵਾਲਾ) ਹੈ ਤੇ ਸੁਖਾਂ ਦਾ ਦਾਤਾ ਹੈ, ਉਸ ਹਰੀ ਦਾ ਧਿਆਨ ਧਰੋ ਜੋ ਆਪਣੀ ਰਚੀ ਮਾਇਆ ਵਿਚ ਹੀ ਖੇਡ (ਵਰਤ) ਰਿਹਾ ਹੈ।
(੬) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪੇ ਹੀ ਗੁਰੂ ਤੇ ਆਪੇ ਹੀ ਚੇਲਾ ਰੂਪ ਹੋਏ ਹਨ।੧੦।

## ੧੧. ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ

੧. ਪਾਰਬ੍ਰਹਮ ਪੂਰਨ ਪੁਰਖ
ਪਰਮੇਸੁਰ ਦਾਤਾ।
੨. ਪਤਿਤ ਪਾਵਨ ਪਰਮਾਤਮਾ
ਸਭ ਅੰਤਰ ਜਾਤਾ।
੩. ਦਾਨਾ ਬੀਨਾ ਬੇਸ਼ੁਮਾਰ
ਬੇਅੰਤ ਬਿਧਾਤਾ।
੪. ਬਨਵਾਰੀ ਬਖਸ਼ਿੰਦ ਆਪ
ਆਪੇ ਪਿਤ ਮਾਤਾ।
੫. ਇਹ ਮਾਨਸ ਜਨਮ ਅਮੋਲ ਹੈ
ਮਿਲਨੇ ਕੀ ਵੇਲਾ।
੬. ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧੧॥

***ਪਦ ਅਰਥ :*** ਪਤਿਤ ਪਾਵਨ—ਪਾਪੀਆਂ ਨੂੰ ਪਵਿੱਤ੍ਰ ਕਰਨ ਵਾਲਾ। ਜਾਤਾ—ਸਭ ਦੇ ਅੰਦਰ ਦੀ ਜਾਣਨ ਵਾਲਾ, ਅੰਤਰਜਾਮੀ। ਬਿਧਾਤਾ—ਰਚਨਹਾਰ।

***ਅਰਥ :***

(੧) ਪਾਰਬ੍ਰਹਮ, ਪੂਰਨ ਪੁਰਖ ਪ੍ਰਭੂ ਹੀ ਸਭ ਦਾਤਾਂ ਦੇਣ ਵਾਲਾ ਹੈ।
(੨) ਉਹ ਪਾਪੀਆਂ ਨੂੰ ਪਵਿੱਤ੍ਰ ਕਰਨ ਵਾਲਾ ਪਰਮਾਤਮਾ ਸਾਰਿਆਂ ਦੇ ਅੰਦਰ ਦੀ ਜਾਣਨ ਵਾਲਾ ਹੈ।
(੩) ਉਹ ਹਰੀ ਜਾਣਨ ਤੇ ਵੇਖਣ ਵਾਲਾ (ਅੰਤਰਜਾਮੀ) ਬੇਸ਼ੁਮਾਰ ਬੇਅੰਤ ਤੇ ਸਭ ਸ੍ਰਿਸ਼ਟੀ ਦਾ ਰਚਨਹਾਰ ਹੈ।
(੪) ਉਹ ਪ੍ਰਭੂ ਇਸ ਸੰਸਾਰ ਰੂਪ ਬਨ ਦਾ ਮਾਲਕ ਹੈ ਤੇ ਬਖ਼ਸ਼ਣਹਾਰ ਹੈ, ਉਹ ਸਭਨਾਂ ਦਾ ਮਾਤਾ ਤੇ ਪਿਤਾ ਹੈ।
(੫) ਇਹ ਮਨੁੱਖਾ-ਜਨਮ ਬੜਾ ਅਮੋਲਕ ਹੈ, ਇਹ ਪ੍ਰਭੂ ਨੂੰ ਮਿਲਣ ਦਾ ਵੇਲਾ (ਮੌਕਾ) ਹੈ।
(੬) ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ, ਜੋ ਆਪੇ ਹੀ ਗੁਰੂ ਤੇ ਆਪੇ ਹੀ ਚੇਲਾ ਰੂਪ ਹੋਏ ਹਨ।੧੧।

## ੧੨. ਆਪੇ ਹਰ ਇਕ ਰੰਗ ਹੈ ਆਪੇ ਬਹੁਰੰਗੀ

੧. ਭੈ ਭੰਜਨ ਭਗਵਾਨ ਭਜਨ
ਭੈ ਨਾਸਨ ਭੋਗੀ।
੨. ਭਗਤ ਵਛਲ ਦੁਖ ਭੰਜਨਾ
ਜਪ ਸਦਾ ਅਰੋਗੀ।
੩. ਮਨ ਮੋਹਨ ਮੂਰਤਿ ਮੁਕੰਦ
ਪ੍ਰਭ ਜੋਗ ਸੰਜੋਗੀ।
੪. ਰਸੀਆ ਰਖਵਾਲਾ ਰਚਨਹਾਰ
ਜੋ ਕਰੇ ਸੁ ਹੋਗੀ।
੫. ਮਧੁਸੂਦਨ ਮਾਧੋ ਮੁਰਾਰਿ
ਬਹੁ ਰੰਗੀ ਖੇਲਾ।
੬. ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧੨॥

***ਪਦ ਅਰਥ :*** ਭਗਤ ਵਛਲ—ਭਗਤਾਂ ਦਾ ਪਿਆਰਾ। ਮੁਕੰਦ—ਮੁਕਤੀ ਦਾਤਾ। ਮਧੁਸੂਦਨ—ਹੰਕਾਰ ਨਾਸਕ।

***ਅਰਥ :***

(੧) ਡਰ ਨਾਸ ਕਰਨ ਵਾਲੇ ਪ੍ਰਭੂ ਦਾ ਸਿਮਰਨ ਹੀ ਭੋਗਾਂ ਦਾ ਭੈ ਨਾਸ ਕਰਨ ਵਾਲਾ ਹੈ।
(੨) ਉਸ ਭਗਤਾਂ ਦੇ ਪਿਆਰੇ ਤੇ ਦੁਖਾਂ ਦਾ ਨਾਸ ਕਰਨ ਵਾਲੇ ਪਰਮਾਤਮਾ ਨੂੰ ਸਿਮਰਨ ਵਾਲਾ ਸਦਾ ਅਰੋਗ ਰਹਿੰਦਾ ਹੈ।
(੩) ਉਸ ਮਨਮੋਹਨ ਮੂਰਤ ਤੇ ਮੁਕਤੀ ਦਾਤੇ ਪਰਮੇਸ਼ਰ ਨਾਲ ਸਤਿਗੁਰੂ ਸੰਜੋਗ ਜੋੜਦਾ ਹੈ।
(੪) ਉਹ ਸਭ ਰਸਾਂ ਦਾ ਰਸੀਆ ਹੈ, ਰਖਿਆ ਕਰਨ ਵਾਲਾ ਤੇ ਸਭ ਦਾ ਰਖਣਹਾਰ ਹੈ, ਉਹ ਜੋ ਕਰਦਾ ਹੈ ਓਹੀ ਹੁੰਦਾ ਹੈ।
(੫) ਉਹ ਹੰਕਾਰ ਨਾਸ ਕਰਨ ਵਾਲਾ ਮਾਇਆ ਦਾ ਆਸਰਾ ਤੇ ਅਗਿਆਨ ਦੂਰ ਕਰਨ ਵਾਲਾ ਪ੍ਰਭੂ ਅਨੇਕਾਂ ਰੰਗਾਂ ਵਿਚ ਖੇਡਦਾ ਹੈ।
(੬) ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ, ਜੋ ਆਪੇ ਹੀ ਗੁਰੂ ਤੇ ਆਪੇ ਹੀ ਚੇਲਾ ਰੂਪ ਹੋਏ ਹਨ।੧੨।

## ੧੩. ਪ੍ਰਭੂ ਸਭ ਦੀਆਂ ਕਾਮਨਾ ਪੂਰਨ ਕਰਦਾ ਹੈ

੧. ਲੋਚਾ ਪੂਰਨ ਲਿਖਨਹਾਰੁ
ਲੇਖਕ ਲਿਖਾਰੀ।
੨. ਲਾਲਨ ਲਾਲ ਗੁਲਾਲ ਲਾਲ
ਸੱਚਾ ਵਾਪਾਰੀ।
੩. ਰਾਵਨਹਾਰ ਰਹੀਮ ਰਾਮ
ਆਪੇ ਨਰ ਨਾਰੀ।
੪. ਰਿਖੀਕੇਸ਼ ਰਘੁਨਾਥ ਰਾਇ
ਜਪੀਏ ਬਨਵਾਰੀ।
੫. ਹਰਿ ਪਰਮਹੰਸ ਭੈ ਤ੍ਰਾਸ ਨਾਸ
ਜਪ ਰਿਦੇ ਸੁਹੇਲਾ।
੬. ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥੧੩॥

***ਪਦ ਅਰਥ :*** ਲੋਚਾ ਪੂਰਨ—ਕਾਮਨਾ ਪੂਰਨ ਕਰਨ ਵਾਲਾ। ਲਾਲਨ—ਪਿਆਰਾ। ਲਾਲ ਗੁਲਾਲ—ਰੰਗ ਰਸ ਰੱਤਾ ਪਿਆਰਾ। ਰਿਖੀਕੇਸ਼—ਇੰਦ੍ਰੀਆਂ ਦਾ ਪਤੀ, ਰਘੁਨਾਥ, ਪ੍ਰਕਾਸ਼ ਰੂਪ ਸੁਆਮੀ। ਪਰਮਹੰਸ—ਪਰਮਾਤਮਾ।

***ਅਰਥ :***

(੧) ਉਹ ਪ੍ਰਭੂ ਸਭ ਦੀਆਂ ਕਾਮਨਾ ਪੂਰਨ ਕਰਨ ਵਾਲਾ ਹੈ ਤੇ ਸਭ ਦੇ ਮੱਥੇ ਦੇ ਲੇਖਾਂ ਦਾ ਲਿਖਣਹਾਰ ਹੈ।
(੨) ਉਹ ਹਰੀ ਸਭ ਦਾ ਪਿਆਰਾ ਰੰਗ ਰਸ ਰੱਤਾ ਹੈ, ਉਹ ਸੱਚਾ ਸੱਚ ਦਾ ਹੀ ਵਪਾਰੀ ਹੈ।
(੩) ਉਹ ਸਭ ਰਸਾਂ ਦਾ ਭੋਗਣ ਵਾਲਾ ਤੇ ਕ੍ਰਿਪਾਲੂ ਹੈ, ਉਹ ਆਪ ਹੀ ਪੁਰਸ਼ ਤੇ ਆਪ ਹੀ ਇਸਤ੍ਰੀ ਹੈ।
(੪) ਉਸ ਇੰਦ੍ਰੀਆਂ ਦੇ ਮਾਲਕ ਪ੍ਰਕਾਸ਼ ਰੂਪ ਸੁਆਮੀ ਤੇ ਸੰਸਾਰ ਰੂਪ ਬਨ ਦੇ ਵਾਲੀ ਨੂੰ ਜਪਣਾ ਚਾਹੀਦਾ ਹੈ।
(੫) ਜਿਸਨੇ ਉਸ ਭੈ ਨਾਸਕ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਸਿਮਰਿਆ ਹੈ ਉਹ ਸੁਖੀ ਹੋਇਆ ਹੈ।
(੬) ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ।੧੩।

## ੧੪. ਸਤਿਗੁਰੂ ਅਕਾਲ ਪੁਰਖ ਦਾ ਰੂਪ ਹੈ

੧. ਪ੍ਰਾਨ ਮੀਤ ਪ੍ਰਮਾਤਮਾ
ਪੁਰਖੋਤਮ ਪੂਰਾ।
੨. ਪੇਖਨਹਾਰਾ ਪਾਤਿਸ਼ਾਹ
ਪ੍ਰਤਿਪਾਲ ਨ ਊਰਾ।
੩. ਵਹੁ ਪ੍ਰਗਟਿਓ ਪੁਰਖ ਭਗਵੰਤ ਰੂਪ
ਗੁਰੁ ਗੋਬਿੰਦ ਸੂਰਾ।
੪. ਵਹਿ ਅਨਦ ਬਿਨੋਦੀ ਚੋਜੀਆ
ਸਤਿਗੁਰ ਭਰਪੂਰਾ।
੫. ਵਹਿ ਨਿਸਦਿਨ ਹਰਿ ਗੁਣ ਗਾਈਐ
ਸੱਚ ਸੱਚੀ ਵੇਲਾ।
੬. ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥੧੪॥

***ਪਦ ਅਰਥ :*** ਪੇਖਨਹਾਰਾ—ਵੇਖਣ ਵਾਲਾ। ਊਰਾ—ਘਟ।

***ਅਰਥ :***

(੧) ਪ੍ਰਾਣਾਂ ਦਾ ਮਿੱਤਰ ਪ੍ਰਭੂ ਪੂਰਾ ਤੇ ਉੱਤਮ ਪੁਰਖ ਹੈ।
(੨) (ਉਹ ਹਰ ਕਿਸੇ ਨੂੰ) ਵੇਖਣ ਵਾਲਾ ਤੇ (ਹਰ ਇਕ ਦੀ) ਪਾਲਣਾ ਕਰਨ ਵਾਲਾ ਪ੍ਰਭੂ ਕਿਸੇ ਗੱਲੋਂ ਵੀ ਘੱਟ ਨਹੀਂ।
(੩) ਉਹ ਆਪ ਪਰਮਾਤਮਾ ਪੁਰਖ ਰੂਪ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੂਰਮਾ ਪ੍ਰਗਟ ਹੋਇਆ ਹੈ।
(੪) ਉਹ ਅਨੰਦ ਰੂਪ, ਬਿਨੋਦੀ ਤੇ ਕੌਤਕ ਕਰਨ ਵਾਲਾ ਪ੍ਰਭੂ ਸਤਿਗੁਰ ਵਿਚ ਭਰਪੂਰ ਹੈ।
(੫) ਉਸ ਪ੍ਰਭੂ ਦੇ ਗੁਣਾਂ ਨੂੰ ਰਾਤ ਦਿਨ ਗਾਇਣ ਕਰੀਏ, ਕਿਉਂਕਿ ਇਸ ਮਨੁੱਖਾ-ਜਨਮ ਦੀ ਮਿਲੀ ਸੱਚੀ ਵਾਰੀ ਵਿਚ ਹੀ ਉਹ ਸੱਚਾ ਪ੍ਰਭੂ ਮਿਲ ਸਕਦਾ ਹੈ।
(੬) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ।੧੪।

## ੧੫. ਗੁਰੂ ਦਾ ਤੇਜ ਕੋਈ ਨਹੀਂ ਝੱਲ ਸਕਦਾ

੧. ਓਹ ਗੁਰ ਗੋਬਿੰਦ ਹੁਇ ਪ੍ਰਗਟਿਆ
ਦਸਵੇਂ ਅਵਤਾਰਾ।
੨. ਜਿਨ ਅਲਖ ਅਕਾਲ ਨਿਰੰਜਨਾ
ਜਪਿਓ ਕਰਤਾਰਾ।
੩. ਜਿਨ ਪੰਥ ਚਲਾਇਓ ਖਾਲਸਾ
ਧਰਿ ਤੇਜ ਕਰਾਰਾ।
੪. ਸਿਰ ਕੇਸ ਧਾਰਿ ਗਹਿ ਖੜਗ ਕੋ
ਸਭ ਦੁਸ਼ਟ ਪਛਾਰਾ।
੫. ਸੀਲ ਜਤ ਕੀ ਕੱਛ ਪਹਿਰ
ਪਕੜੇ ਹਥੀਆਰਾ।
੬. ਸਚ ਫਤੇ ਬੁਲਾਈ ਗੁਰੂ ਕੀ
ਜੀਤਿਓ ਰਣ ਭਾਰਾ।
੭. ਸਭ ਦੈਤ ਅਰਿਣ ਕੋ ਘੇਰ ਕਰ
ਕੀਓ ਪਰਿਹਾਰਾ।
੮. ਤਬ ਸਹਿਜੇ ਪ੍ਰਗਟਿਓ ਜਗਤ ਮੈਂ
ਗੁਰੁ ਜਾਪ ਅਪਾਰਾ।
੯. ਇਉਂ ਉਪਜੇ ਸਿੰਘ ਭੁਜੰਗੀਏ
ਨੀਲ ਅੰਬਰ ਧਾਰਾ।
੧੦. ਤੁਰਕ ਦੁਸ਼ਟ ਸਭ ਖੈ ਕੀਏ
ਹਰਿ ਨਾਮ ਉਚਾਰਾ।
੧੧. ਤਿਨ ਆਗੈ ਕੋਇ ਨ ਠਹਿਰਿਓ
ਭਾਗੇ ਸਿਰਦਾਰਾ।
੧੨. ਤਹ ਰਾਜੇ ਸ਼ਾਹ ਅਮੀਰੜੇ
ਹੋਏ ਸਭ ਛਾਰਾ।
੧੩. ਫਿਰ ਸੁਣ ਕਰ ਐਸੀ ਧਮਕ ਕਉ
ਕਾਂਪੈ ਗਿਰ ਭਾਰਾ।
੧੪. ਤਬ ਸਭ ਧਰਤੀ ਹਲਚਲ ਭਈ
ਛਾਡੇ ਘਰ ਬਾਰਾ।
੧੫. ਇਉਂ ਐਸੇ ਦੁੰਦ ਕਲੇਸ਼ ਮੈ
ਖਪਿਓ ਸੰਸਾਰਾ।
੧੬. ਤਿਹ ਬਿਨ ਸਤਿਗੁਰੁ ਕੋ
ਹੈ ਨਹੀਂ ਭੈ ਕਾਟਣਹਾਰਾ।
੧੭. ਗਹਿ ਐਸੇ ਖੜਗ ਦਿਖਾਈਐ
ਕੋ ਸਕੈ ਨ ਝੇਲਾ।
੧੮. ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧੫॥

***ਪਦ ਅਰਥ :*** ਧਾਰਿ—ਧਾਰਨ ਕਰਕੇ। ਗਹਿ—ਫੜ ਕੇ। ਸਭ ਦੈਤ ਅਰਿਣ ਕੋ—ਸਾਰੇ ਦੈਂਤ ਰੂਪੀ ਵੈਰੀਆਂ ਨੂੰ। ਪਰਿਹਾਰਾ—ਨਾਸ। ਭੁਜੰਗੀਏ—ਸੂਰਮੇ, ਜੋਧੇ। ਨੀਲ ਅੰਬਰ ਧਾਰਾ—ਨੀਲੇ ਬਸਤ੍ਰ ਪਹਿਨ ਕੇ। ਖੈ—ਨਾਸ। ਛਾਰਾ—ਖੇਹ, ਨਾਸ। ਗਿਰ—ਪਹਾੜ। ਦੁੰਦ—ਦੁਖ, ਹਲਚਲੀ। ਝੇਲਾ—ਕੋਈ ਝੱਲ ਨਾ ਸਕਿਆ।

***ਅਰਥ :***

(੧) ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਮਾਂ ਅਵਤਾਰ ਧਾਰ ਕੇ ਪ੍ਰਗਟ ਹੋਇਆ।
(੨) ਜਿਸ ਨੇ ਨਾ ਜਾਣੇ ਜਾਣ ਵਾਲੇ, ਮਰਨ ਤੋਂ ਰਹਿਤ ਤੇ ਮਾਇਆ ਤੋਂ ਅਤੀਤ ਪ੍ਰਭੂ ਦਾ ਜਾਪ ਜਪਾਇਆ ਹੈ।
(੩) ਜਿਸ ਨੇ ਬੜੇ ਤੇਜ ਪ੍ਰਤਾਪ ਧਾਰਨ ਕਰਨ ਵਾਲੇ ਖ਼ਾਲਸਾ ਪੰਥ ਨੂੰ ਚਲਾਇਆ ਹੈ।
(੪) (ਜਿਸ ਖ਼ਾਲਸੇ ਪੰਥ ਨੇ) ਸਿਰ ਤੇ ਕੇਸ ਧਾਰਨ ਕਰਕੇ ਤੇ ਹੱਥ ਵਿਚ ਤਲਵਾਰ ਫੜ ਕੇ ਸਭ ਦੁਸ਼ਟਾਂ ਦਾ ਨਾਸ ਕੀਤਾ ਹੈ।
(੫) ਸੀਲ ਤੇ ਜਤ ਦੀ ਨਿਸ਼ਾਨੀ ਕੱਛ ਪਾ ਕੇ ਖ਼ਾਲਸਾ ਪੰਥ ਨੇ ਸ਼ਸਤ੍ਰਾਂ ਨੂੰ ਫੜਿਆ ਹੈ।
(੬) ਸੱਚੇ ਗੁਰੂ ਦੀ ਸੱਚੀ ਫਤੇਹ ਬੁਲਾ ਕੇ ਖ਼ਾਲਸੇ ਨੇ ਬੜੇ ਬੜੇ ਜੰਗਾਂ ਵਿਚ ਜਾ ਕੇ ਜਿੱਤ ਪ੍ਰਾਪਤ ਕੀਤੀ ਹੈ।
(੭) ਖ਼ਾਲਸੇ ਨੇ ਸਭ ਦੈਂਤਾਂ ਰੂਪ ਵੈਰੀਆਂ ਨੂੰ ਘੇਰ ਘੇਰ ਕੇ ਨਾਸ ਕਰ ਦਿਤਾ ਹੈ।
(੮) ਤਦੋਂ ਸਤਿਗੁਰੂ ਦਾ (ਜਾਪ) ਜਸ ਸਹਿਜ ਸੁਭਾਵ ਹੀ ਸਾਰੇ ਸੰਸਾਰ ਵਿਚ ਪ੍ਰਗਟ ਹੋ ਗਿਆ।
(੯) ਇਉਂ ਨੀਲੇ ਬਸਤ੍ਰ ਪਹਿਨ ਕੇ ਸੂਰਮੇ ਸਿੰਘ ਪੈਦਾ ਹੋ ਗਏ।

(੧੦) ਪ੍ਰਭੂ ਦਾ ਸਿਮਰਨ ਕਰਨ ਵਾਲੇ ਉਨ੍ਹਾਂ ਬਹਾਦਰ ਸਿੰਘਾਂ ਨੇ ਸਭ ਤੁਰਕਾਂ ਨੂੰ ਨਾਸ ਕਰ ਦਿਤਾ।
(੧੧) ਉਨ੍ਹਾਂ ਜੋਧਿਆਂ ਅੱਗੇ ਕੋਈ ਨਹੀਂ ਸੀ ਠਹਿਰਦਾ, ਵੱਡੇ ਵੱਡੇ ਸਰਦਾਰ ਡਰਦੇ ਮਾਰੇ ਭੱਜੇ ਜਾਂਦੇ ਹਨ।
(੧੨) ਉਨ੍ਹਾਂ ਸੂਰਮਿਆਂ ਦੇ ਹੱਥੋਂ ਸਭ ਜ਼ੁਲਮੀ ਰਾਜੇ, ਸ਼ਾਹੂਕਾਰ ਤੇ ਅਮੀਰ ਨਾਸ ਹੋ ਗਏ।
(੧੩) ਉਨ੍ਹਾਂ ਬਹਾਦਰਾਂ ਦੀ ਗਰਜਨਾ ਸੁਣ ਕੇ ਬੜੇ ਬੜੇ ਪਹਾੜੀ ਰਾਜੇ ਭੀ ਕੰਬਦੇ ਸਨ।
(੧੪) ਸਾਰੇ ਸੰਸਾਰ ਵਿਚ ਹਫੜਾ-ਦਫੜੀ ਪੈ ਗਈ ਤੇ ਸਭ ਘਰ ਬਾਰ ਛੱਡ ਕੇ ਨੱਸ ਉਠੇ।
(੧੫) ਇਸ ਤਰ੍ਹਾਂ ਦੀ ਹਲਚਲੀ ਵਿਚ ਸਾਰੇ ਸੰਸਾਰੀ ਦੁਖੀ ਹੋ ਰਹੇ ਸਨ।
(੧੬) ਉਸ ਸੱਚੇ ਸਤਿਗੁਰੂ ਤੋਂ ਬਿਨਾ ਕੋਈ ਵੀ ਇਸ ਡਰ ਨੂੰ ਦੂਰ ਕਰਨ ਵਾਲਾ ਨਹੀਂ ਸੀ।
(੧੭) (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ) ਤਲਵਾਰ ਫੜ ਕੇ ਇਹੋ ਜਿਹੇ ਜੌਹਰ ਦਿਖਾਏ, ਜਿਨ੍ਹਾਂ ਦੀ ਝਾਲ ਨੂੰ ਕੋਈ ਨਾ ਝੱਲ ਸਕਿਆ।
(੧੮) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ।੧੫।

## ੧੬. ਅਕਾਲ ਪੁਰਖ ਦੇ ਹੁਕਮ ਨਾਲ ਖ਼ਾਲਸਾ ਪੰਥ ਪ੍ਰਗਟ ਹੋਇਆ ਹੈ

੧. ਗੁਰਬਰ ਅਕਾਲ ਕੇ ਹੁਕਮ ਸਿਉਂ
ਉਪਜਿਓ ਬਿਗਿਆਨਾ।
੨. ਤਬ ਸਹਿਜੇ ਰਚਿਓ ਖਾਲਸਾ
ਸਾਬਤ ਮਰਦਾਨਾ।
੩. ਇਉਂ ਉੱਠੇ ਸਿੰਘ ਭਭਕਾਰਕੈ
ਸਭ ਜਗ ਡਰਪਾਨਾ।
੪. ਮੜੀ ਗੋਰ ਦੇਵਲ ਮਸੀਤ
ਢਾਹਿ ਕੀਏ ਮੈਦਾਨਾ।
੫. ਬੇਦ ਪੁਰਾਨ ਖਟ ਸ਼ਾਸਤ੍ਰਾ
ਫੁਨ ਮਿਟੇ ਕੁਰਾਨਾ।
੬. ਬਾਂਗ ਸਲਾਹਿਤ ਹਟਾਇ ਕਰ
ਮਾਰੇ ਸੁਲਤਾਨਾ।
੭. ਮੀਰ ਪੀਰ ਸਭ ਛਪ ਗਏ
ਸਭ ਮਜ਼ਹਬ ਉਲਟਾਨਾ।
੮. ਮਲਵਾਨੇ ਕਾਜੀ ਪੜ੍ਹ ਥਕੇ
ਕਛੁ ਮਰਮ ਨ ਜਾਨਾ।
੯. ਲਖ ਪੰਡਿਤ ਬ੍ਰਹਮਨ ਜੋਤਕੀ
ਬਿਖ ਰਸ ਉਰਝਾਨਾ।
੧੦. ਫੁਨ ਪਾਥਰ ਦੇਵਲ ਪੂਜ ਕਰ
ਅਤਿ ਹੀ ਭਰਮਾਨਾ।
੧੧. ਇਉਂ ਦੋਨੋਂ ਫਿਰਕੇ ਕਪਟ ਮੈਂ
ਰਚ ਰਹੇ ਨਿਦਾਨਾ।
੧੨. ਇਉਂ ਤੀਸਰ ਮਜ਼ਹਬ ਖਾਲਸਾ
ਉਪਜਿਓ ਪਰਧਾਨਾ।
੧੩. ਜਿਨ ਗੁਰ ਗੋਬਿੰਦ ਕੇ ਹੁਕਮ ਸਿਉ
ਗਹਿ ਖੜਗ ਦਿਖਾਨਾ।
੧੪. ਤਿਹ ਸਭ ਦੁਸ਼ਟਨ ਕਉ ਛੇਦਿਕੈ
ਅਕਾਲ ਜਪਾਨਾ।
੧੫. ਫਿਰ ਐਸਾ ਹੁਕਮ ਅਕਾਲ ਕਾਂ
ਜਗ ਮੈ ਪ੍ਰਗਟਾਨਾ।
੧੬. ਤਬ ਸੁੰਨਤ ਕੋਇ ਨ ਕਰ ਸਕੈ
ਕਾਂਪਤ ਤੁਰਕਾਨਾ।
੧੭. ਇਉਂ ਉੱਮਤ ਸਭ ਮੁਹੰਮਦੀ
ਖਪ ਗਈ ਨਿਦਾਨਾ।
੧੮. ਤਬ ਫਤੇ ਡੰਕ ਜਗ ਮੈ ਘੁਰੇ
ਦੁਖ ਦੂੰਦ ਮਿਟਾਨਾ।
੧੯. ਤੀਸਰ ਪੰਥ ਚਲਾਇਅਨ
ਵਡ ਸੂਰ ਗਹੇਲਾ।
੨੦. ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥੧੬॥

*ਪਦ ਅਰਥ :* ਬਿਗਿਆਨਾ—ਆਤਮ-ਗਿਆਨ। ਭਭਕਾਰ ਕੈ—ਗੱਜ ਕੇ। ਦੇਵਲ—ਦੇਵਾਲਯ, ਦੇਵੀ ਦਾ ਮੰਦਰ। ਗੋਰ—ਕਬਰਾਂ। ਬਾਂਗ ਸਲਾਹਿਤ—ਬਾਂਗ ਦਰੂਦ ਆਦਿ। ਮਰਮ—ਭੇਦ। ਬਿਖ ਰਸ—ਵਿਸ਼ਿਆਂ ਦੇ ਰਸਾਂ

ਵਿਚ। ਉਰਝਾਨਾ—ਫਸ ਗਏ। ਭਰਮਾਨਾ—ਭਰਮਾਂ ਵਿਚ ਪੈ ਗਏ। ਨਿਦਾਨਾ—ਬਹੁਤ, ਜ਼ਿਆਦਾ। ਪਰਧਾਨਾ—ਸ਼੍ਰੋਮਣੀ। ਨਿਦਾਨਾ—ਅੰਤ ਨੂੰ। ਘੁਰੇ—ਵੱਜੇ।

**ਅਰਥ :**

(੧) ਸ੍ਰੇਸ਼ਟ ਅਕਾਲ ਪੁਰਖ ਦੇ ਹੁਕਮ ਨਾਲ ਪ੍ਰਭੂ ਦਾ ਆਤਮ-ਗਿਆਨ ਉਤਪੰਨ ਹੋਇਆ।

(੨) ਤਦੋਂ ਸਹਿਜੇ ਹੀ ਖ਼ਾਲਸੇ ਦਾ ਸਾਬਤ ਸਰੂਪ ਰਚਿਆ ਗਿਆ।

(੩) ਸਿੰਘ ਇਸ ਤਰ੍ਹਾਂ ਗਰਜ ਕੇ ਉਠੇ ਕਿ ਜਿਸ ਨੂੰ ਸੁਣ ਕੇ ਸਾਰਾ ਸੰਸਾਰ ਡਰ ਗਿਆ।

(੪) ਖ਼ਾਲਸੇ ਨੇ ਮੜ੍ਹੀਆਂ, ਕਬਰਾਂ, ਸ਼ਿਵਾਲੇ ਤੇ ਮੰਦਰ ਢਾਹ ਕੇ ਮੈਦਾਨ ਕਰ ਦਿਤੇ (ਭਾਵ ਇਨ੍ਹਾਂ ਦੀ ਪੂਜਾ ਲੋਕਾਂ ਦੇ ਮਨਾਂ ਵਿਚੋਂ ਖ਼ਤਮ ਕਰ ਦਿੱਤੀ)।

(੫) ਬੇਦਾਂ, ਪੁਰਾਣਾਂ, ਛੇ ਸ਼ਾਸਤ੍ਰਾਂ ਤੇ ਕੁਰਾਨ ਦਾ ਪੜ੍ਹਨਾ ਵੀ ਬੰਦ ਕਰ ਦਿਤਾ (ਭਾਵ ਇਨ੍ਹਾਂ ਦੀ ਜਗ੍ਹਾ ਕੇਵਲ ਗੁਰਬਾਣੀ ਦਾ ਉਚਾਰਨ ਹੀ ਹੋਣ ਲੱਗਾ)।

(੬) ਬਾਂਗ ਤੇ ਦਰੂਦ ਨੂੰ ਖ਼ਤਮ ਕਰਕੇ ਵੱਡੇ ਵੱਡੇ ਬਾਦਸ਼ਾਹਾਂ ਨੂੰ ਖ਼ਾਲਸੇ ਨੇ ਨਾਸ ਕਰ ਦਿੱਤਾ।

(੭) ਪਾਤਿਸ਼ਾਹ ਤੇ ਪੀਰ ਆਦਿ ਸਭ ਡਰਦੇ ਮਾਰੇ ਲੁਕ ਗਏ ਤੇ ਸਾਰੇ ਮਜ਼ਹਬਾਂ ਨੂੰ ਉਲਟਾ ਦਿੱਤਾ।

(੮) ਮੁਲਾਣੇ ਤੇ ਕਾਜ਼ੀ ਪੜ੍ਹ ਪੜ੍ਹ ਕੇ ਥੱਕ ਗਏ, ਉਹ ਭੀ ਇਨ੍ਹਾਂ ਦੇ ਭੇਦ ਨੂੰ ਨਹੀਂ ਜਾਣ ਸਕੇ।

(੯) ਲੱਖਾਂ ਪੰਡਤ, ਬ੍ਰਾਹਮਣ ਜੋਤਸ਼ੀ ਵੀ ਵਿਸ਼ਿਆਂ ਦੇ ਰਸਾਂ ਵਿਚ ਫਸੇ ਹੋਏ ਹਨ।

(੧੦) ਉਹ ਪੱਥਰਾਂ (ਬੁੱਤਾਂ) ਦੀ ਪੂਜਾ ਕਰਕੇ ਭਰਮ ਵਿਚ ਫਸੇ ਹੋਏ ਹਨ।

(੧੧) ਇਸ ਤਰ੍ਹਾਂ ਦੋਨੋਂ ਫ਼ਿਰਕੇ (ਹਿੰਦੂ ਤੇ ਮੁਸਲਮ) ਕਪਟ ਤੇ ਵਲ ਛਲ ਵਿਚ ਫਸ ਕੇ ਨਾਸ ਹੋ ਰਹੇ ਹਨ।

(੧੨) ਇਹ ਤੀਸਰਾ ਖ਼ਾਲਸਾ ਪੰਥ ਸਭ ਤੋਂ ਸ਼੍ਰੋਮਣੀ ਰੂਪ ਹੋ ਕੇ ਸੰਸਾਰ ਵਿਚ ਪੈਦਾ ਹੋਇਆ ਹੈ।

(੧੩) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨਾਲ ਜਿਸ ਖ਼ਾਲਸਾ ਪੰਥ ਨੇ ਤਲਵਾਰ ਫੜ ਕੇ ਜੁੱਧ ਕਰਕੇ ਦਿਖਾਏ ਹਨ।

(੧੪) ਉਨ੍ਹਾਂ ਨੇ ਸਭ ਦੁਸ਼ਟਾਂ ਦੋਖੀਆਂ ਨੂੰ ਨਾਸ ਕਰਕੇ ਇਕ ਅਕਾਲ ਪੁਰਖ ਦਾ ਸਿਮਰਨ ਆਪ ਕੀਤਾ ਹੈ ਤੇ ਸੰਸਾਰ ਨੂੰ ਪ੍ਰਭੂ ਦਾ ਨਾਮ ਜਪਾਇਆ ਹੈ।

(੧੫) ਫਿਰ ਉਨ੍ਹਾਂ ਨੇ ਇਸ ਢੰਗ ਨਾਲ ਸੰਸਾਰ ਵਿਚ ਅਕਾਲ ਪੁਰਖ ਦਾ ਹੁਕਮ ਪ੍ਰਗਟ ਕੀਤਾ ਹੈ।

(੧੬) ਤਦੋਂ ਖ਼ਾਲਸੇ ਤੋਂ ਸਭ ਤੁਰਕ ਕੰਬਦੇ ਸਨ ਤੇ ਕੋਈ ਸੁੰਨਤ ਭੀ ਨਹੀਂ ਸੀ ਕਰ ਸਕਦਾ।

(੧੭) ਇਸ ਤਰ੍ਹਾਂ ਸਭ ਮੁਗ਼ਲਾਂ ਦੀ ਫ਼ੌਜ ਅੰਤ ਨੂੰ ਨਾਸ ਹੋ ਗਈ।

(੧੮) ਤਦੋਂ ਸੰਸਾਰ ਵਿਚ ਖ਼ਾਲਸੇ ਦੇ ਫਤੇਹ ਦੇ ਧੌਂਸੇ ਵੱਜੇ ਤੇ ਸਭ ਦੁਖ ਕਲੇਸ਼ ਮਿਟ ਗਏ।

(੧੯) ਸ੍ਰੀ ਗੁਰੂ ਜੀ ਨੇ ਇਸ ਤਰ੍ਹਾਂ ਬੜੇ ਬਹਾਦਰ ਤੀਸਰ (ਖ਼ਾਲਸਾ) ਪੰਥ ਨੂੰ ਸੰਸਾਰ ਵਿਚ ਚਲਾਇਆ।

(੨੦) ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ।੧੬।

## ੧੭. ਸਤਿਗੁਰੂ ਜੀ ਨੇ ਧਰਮ ਦਾ ਰਾਜ ਪ੍ਰਚੱਲਤ ਕੀਤਾ

**੧. ਜਗੇ ਸਿੰਘ ਬਲਵੰਤ ਬੀਰ**
**ਸਭ ਦੁਸ਼ਟ ਖਪਾਏ।**
**੨. ਦੀਨ ਮੁਹੰਮਦੀ ਉਠ ਗਏ**
**ਹਿੰਦਕ ਠਹਿਰਾਏ।**
**੩. ਤਹ ਕਲਮਾ ਕੋਇ ਨ ਪੜ੍ਹ ਸਕੈ**
**ਨਹੀਂ ਜ਼ਿਕਰ ਅਲਾਏ।**
**੪. ਨਿਮਾਜ਼ ਦਰੂਦ ਨ ਫਾਤਿਹਾ**
**ਨਹਿ ਲੰਡ ਕਟਾਏ।**
**੫. ਯਹਿ ਰਾਹ ਸ਼ਰਈਅਤ ਮੇਟ ਕਰ**
**ਮੁਸਲਮ ਭਰਮਾਏ।**
**੬. ਗੁਰੁ ਫਤੇ ਬੁਲਾਈ ਸਭਨ ਸੋਂ**
**ਸੱਚ ਖੇਲ ਰਚਾਏ।**
**੭. ਨਿਜ ਸੂਰੇ ਸਿੰਘ ਵਰਿਆਮੜੇ**
**ਬਹੁ ਲਾਖ ਜਗਾਏ।**
**੮. ਸਭ ਜਗ ਤਿਨਹੂੰ ਲੂਟ ਕਰ**
**ਤੁਰਕਾ ਚੁਣ ਖਾਏ।**

**੯. ਫਿਰ ਸੁਖ ਉਪਜਾਇ ਜਗਤ ਮਹਿ ਸਭ ਦੁਖ ਬਿਸਰਾਏ।**
**੧੦. ਨਿਜ ਦੋਹੀ ਫਿਰੀ ਗੋਬਿੰਦ ਕੀ ਅਕਾਲ ਜਪਾਏ।**
**੧੧. ਤਿਹ ਨਿਰਭੈ ਰਾਜ ਕਮਾਇਅਨੁ ਸਚੁ ਅਦਲ ਚਲਾਏ।**
**੧੨. ਇਉਂ ਕਲਜੁਗ ਮੈਂ ਅਵਤਾਰ ਧਰ ਸਤਿਜੁਗ ਵਰਤਾਏ।**
**੧੩. ਸਭ ਤੁਰਕ ਮਲੇਛ ਖਪਾਇ ਕਰ ਸਚ ਬਨਤ ਬਨਾਏ।**
**੧੪. ਤਬ ਸਕਲ ਜਗਤ ਕੋ ਸੁਖ ਦੀਏ ਦੁਖ ਮਾਰ ਹਟਾਏ।**
**੧੫. ਇਉਂ ਹੁਕਮ ਭਯੋ ਕਰਤਾਰ ਕਾ ਸਭ ਦੂੰਦ ਮਿਟਾਏ।**
**੧੬. ਤਬ ਸਹਿਜੇ ਧਰਮ ਪ੍ਰਗਾਸਿਆ ਹਰਿ ਹਰਿ ਜਸ ਗਾਏ।**
**੧੭. ਵਹਿ ਪ੍ਰਗਟਿਓ ਮਰਦ ਅਗੰਮੜਾ ਵਰਿਯਾਮ ਇਕੇਲਾ।**
**੧੮. ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧੭॥**

***ਪਦ ਅਰਥ :*** ਹਿੰਦਕ—ਹਿੰਦੂ ਧਰਮ ਵਾਲੇ। ਦੋਹੀ—ਦੁਹਾਈ। ਅਗੰਮੜਾ—ਅਗੰਮ, ਜਿਸਦਾ ਕੋਈ ਅੰਤ ਨਾ ਆ ਸਕੇ। ਵਰਿਯਾਮ—ਮਹਾਨ ਸੂਰਮਾ।

***ਅਰਥ :***

(੧) (ਸੰਸਾਰ ਵਿਚ) ਬੜੇ ਬਲ ਵਾਲੇ ਸਿੰਘ ਸੂਰਮੇ ਜਾਗੇ (ਪ੍ਰਗਟ ਹੋਏ) ਹਨ, ਜਿਨ੍ਹਾਂ ਨੇ ਸਭ ਦੁਸ਼ਟਾਂ ਨੂੰ ਨਾਸ ਕਰ ਦਿਤਾ ਹੈ।
(੨) ਮੁਸਲਮਾਨਾਂ ਦੇ ਮਜ਼ਹਬ ਦਾ ਜ਼ੋਰ ਖ਼ਤਮ ਹੋ ਗਿਆ ਤੇ ਹਿੰਦੂਆਂ ਦਾ ਧਰਮ ਟਿਕ ਗਿਆ ਹੈ।
(੩) (ਖ਼ਾਲਸੇ ਦੇ ਪ੍ਰਤਾਪ ਕਰਕੇ) ਨਾ ਕੋਈ ਕਲਮਾਂ ਪੜ੍ਹਦਾ ਸੀ ਤੇ ਨਾ ਹੀ ਕੋਈ ਕਲਮੇ ਦਾ ਜ਼ਿਕਰ ਕਰਦਾ ਸੀ ਤੇ
(੪) ਨਾ ਕੋਈ ਨਿਮਾਜ਼ ਪੜ੍ਹਦਾ ਸੀ, ਨਾ ਕੋਈ ਦਰੂਦ ਦੇਂਦਾ ਸੀ, ਨਾ ਕੋਈ ਫਾਤਿਹਾ ਪੜ੍ਹਦਾ ਸੀ ਤੇ ਨਾ ਕੋਈ ਸੁੰਨਤ ਕਰਾਉਂਦਾ ਸੀ।
(੫) ਇਹ ਸ਼ਰ੍ਹਾ ਦਾ ਰਾਹ ਖ਼ਤਮ ਕਰਕੇ ਸਭ ਮੁਸਲਮਾਨਾਂ ਨੂੰ ਭਰਮਾਇਆ ਹੈ।
(੬) ਸਭਨਾਂ ਨੂੰ ਵਾਹਿਗੁਰੂ ਜੀ ਦੀ ਫਤ੍ਹੇ ਬੁਲਾਉਣ ਦਾ ਸੱਚਾ ਖੇਲ ਰਚਾਇਆ ਹੈ।
(੭) (ਸਤਿਗੁਰੂ ਜੀ ਨੇ) ਲੱਖਾਂ ਸਿੰਘ ਬਹਾਦਰ ਪੈਦਾ ਕਰ ਦਿਤੇ।
(੮) ਉਨ੍ਹਾਂ ਸਿੰਘਾਂ ਨੇ ਸਾਰੇ ਸੰਸਾਰ ਦੇ ਜ਼ੁਲਮਾਂ ਨੂੰ ਲੁਟ ਕੇ ਤਬਾਹ ਕਰ ਦਿਤਾ, ਜ਼ਾਲਮ ਤੁਰਕਾਂ ਨੂੰ ਚੁਣ ਚੁਣ ਕੇ ਖ਼ਤਮ ਕਰ ਦਿਤਾ।
(੯) (ਫਿਰ ਸਿੰਘਾਂ ਨੇ) ਸੰਸਾਰ ਵਿਚ ਸੁਖ ਪੈਦਾ ਕੀਤਾ, ਜਿਸ ਨਾਲ ਸਾਰੇ ਦੁਖ ਕਲੇਸ਼ ਨਾਸ ਹੋ ਗਏ।
(੧੦) ਸਤਿਗੁਰੂ ਜੀ ਨੇ ਪ੍ਰਭੂ ਦੇ ਨਾਮ ਦੀ ਦੋਹੀ (ਦੁਹਾਈ) ਫੇਰ ਦਿਤੀ ਤੇ ਇਕ ਅਕਾਲ ਪੁਰਖ ਦਾ ਜਾਪ ਸਭ ਨੂੰ ਜਪਾਇਆ।
(੧੧) ਉਨ੍ਹਾਂ ਨੇ ਸੰਸਾਰ ਵਿਚ ਨਿਰਭੈਤਾ ਦਾ ਰਾਜ ਚਲਾਇਆ ਤੇ ਸੱਚੇ ਨਿਆਂ ਦੀ ਮਰਯਾਦਾ ਤੋਰੀ।
(੧੨) ਕਲਜੁਗ ਵਿਚ ਅਵਤਾਰ ਧਾਰ ਕੇ ਸਤਿਗੁਰੂ ਜੀ ਨੇ ਸਤਿਜੁਗ ਵਰਤਾਇਆ ਹੈ।
(੧੩) ਸਭ ਮਲੇਛ ਤੁਰਕਾਂ ਦਾ ਨਾਸ ਕਰਕੇ ਸੱਚੀ ਬਣਤ ਬਣਾਈ ਹੈ।
(੧੪) ਸਾਰੇ ਸੰਸਾਰ ਦੇ ਜੀਵਾਂ ਵਿਚ ਸੁਖ ਵਰਤਾਇਆ ਹੈ ਤੇ ਦੁਖਾਂ ਨੂੰ ਨਾਸ ਕੀਤਾ ਹੈ।
(੧੫) ਇਸ ਤਰ੍ਹਾਂ ਪ੍ਰਭੂ ਦਾ ਹੁਕਮ ਪ੍ਰਚਲਤ ਹੋਇਆ ਤੇ ਸਾਰੇ ਫਤੂਰ ਮਿਟ ਗਏ।
(੧੬) ਤਦੋਂ ਸਹਿਜੇ ਹੀ ਸੱਚੇ ਧਰਮ ਦਾ ਪ੍ਰਕਾਸ਼ ਹੋਇਆ ਤੇ ਸਭ ਜੀਵ ਹਰੀ ਦਾ ਜਸ ਗਾਇਨ ਕਰਨ ਲਗ ਪਏ।
(੧੭) ਉਹ ਅਗੰਮ ਪੁਰਖ (ਪ੍ਰਭੂ) ਮਹਾਨ ਯੋਧਾ ਗੁਰੂ ਰੂਪ ਹੋ ਕੇ ਪ੍ਰਗਟ ਹੋਇਆ ਹੈ।
(੧੮) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪੇ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ।੧੭।

## *੧੮. ਸਿੰਘ ਸਜ ਕੇ ਆਪਣਾ ਜਨਮ ਸਫਲਾ ਕਰੋ*

**੧. ਨਿਤ ਫਤੇ ਬੁਲਾਈ ਸਤਿਗੁਰੂ ਕੀਨੋ ਉਜਿਆਰਾ।**
**੨. ਝੂਠ ਕਪਟ ਸਭ ਛਪ ਗਏ ਸਭ ਸੱਚ ਵਰਤਾਰਾ।**

੩. ਫਿਰ ਜੱਗ ਹੋਮ ਠਹਰਾਇ ਕਰ
ਨਿਜ ਧਰਮ ਸਵਾਰਾ।
੪. ਤੁਰਕ ਦੂੰਦ ਸਭ ਉਠ ਗਇਓ
ਰਚਿਓ ਜੈਕਾਰਾ।
੫. ਜਾਂ ਉਪਜੇ ਸਿੰਘ ਮਹਾਂ ਬਲੀ
ਖਾਲਸ ਨਿਰਧਾਰਾ।
੬. ਸਭ ਜਗ ਤਿਨਹੂੰ ਬਸ ਕੀਓ
ਜਪ ਅਲਖ ਅਪਾਰਾ।
੭. ਗੁਰ ਧਰਮ ਸਿਮਰ ਜਗ ਚਮਕਿਓ
ਮਿਟਿਓ ਅੰਧਿਆਰਾ।
੮. ਤਬ ਕੁਸਲ ਖੇਮ ਆਨੰਦ ਸਿਉ
ਬਸਿਓ ਸੰਸਾਰਾ।
੯. ਹਰਿ ਵਾਹਿਗੁਰੂ ਮੰਤਰ ਅਗੰਮ ਹੈ
ਜਗ ਤਾਰਨਹਾਰਾ।
੧੦. ਜੋ ਸਿਮਰੈ ਨਰ ਪ੍ਰੇਮ ਸਿਉ
ਪਹੁਚੈ ਦਰਬਾਰਾ।
੧੧. ਸਭ ਪਕੜੋ ਚਰਨ ਗੋਬਿੰਦ ਕੇ
ਛਾਡੋ ਜੰਜਾਰਾ।
੧੨. ਨਿਤਹੀ ਦਰਗਹ ਕੁੱਟੀਅਨ
ਮਨਮੁਖ ਕੁੜਿਆਰਾ।
੧੩. ਤਹ ਪਹੁਚੈ ਸੋਈ ਜੋ ਹਰਿ ਭਜੈ
ਸਭ ਤਜੇ ਬਿਕਾਰਾ।
੧੪. ਇਸ ਮਨ ਚੰਚਲ ਕਉ ਘੇਰ ਕਰ
ਸਿਮਰੈ ਕਰਤਾਰਾ।
੧੫. ਫਿਰ ਤਬ ਪਹੁਚੈ ਹਰਿ ਹੁਕਮ ਸਿਉ
ਨਿਜ ਦਸਵੈ ਦੁਆਰਾ।
੧੬. ਫਿਰ ਸਹਿਜੇ ਭੇਟੈ ਗਗਨ ਮੈ
ਆਤਮ ਨਿਰਧਾਰਾ।
੧੭. ਤਬ ਵਹ ਨਿਰਖੈ ਸੁਰਗ ਮੈਂ
ਆਨੰਦ ਸੁਹੇਲਾ।
੧੮. ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧੮॥

***ਪਦ ਅਰਥ :*** ਗਗਨ ਮੈ—ਆਕਾਸ਼ ਵਿਚ ਜਾਂ ਦਸਮੇ ਦੁਆਰ ਵਿਚ, ਨਿਜ ਸਰੂਪ ਵਿਚ।

***ਅਰਥ :***

(੧) ਸਤਿਗੁਰੂ ਜੀ ਨੇ ਆਪ ਵਾਹਿਗੁਰੂ ਜੀ ਕੀ ਫਤ੍ਹੇ ਬੁਲਾ ਕੇ ਸੰਸਾਰ ਵਿਚ ਪ੍ਰਕਾਸ਼ ਕੀਤਾ ਹੈ।
(੨) ਸਾਰੇ ਕੂੜਿਆਰ ਤੇ ਕਪਟੀ ਲੁਕ ਗਏ ਹਨ ਤੇ ਹਰ ਪਾਸੇ ਸੱਚ ਦਾ ਹੀ ਵਰਤਾਰਾ ਵਰਤਦਾ ਹੈ।
(੩) ਸਤਿਗੁਰੂ ਜੀ ਨੇ ਜੱਗ ਤੇ ਹੋਮ ਆਦਿਕਾਂ ਨੂੰ ਰੋਕ ਕੇ ਆਪਣੇ ਸੱਚੇ ਧਰਮ ਨੂੰ ਪ੍ਰਚਲਤ ਕੀਤਾ ਹੈ।
(੪) ਤੁਰਕਾਂ ਦੇ ਜ਼ੁਲਮ ਸਭ ਨਾਸ ਹੋ ਗਏ ਹਨ ਤੇ ਖ਼ਾਲਸੇ ਦੀ ਜੈ ਜੈ ਕਾਰ ਹੋ ਰਹੀ ਹੈ।
(੫) ਜਦੋਂ ਤੋਂ ਨਿਰੋਲ ਸ਼ੁੱਧ ਸੂਰਮੇ ਪੈਦਾ ਹੋਏ ਹਨ।
(੬) ਉਦੋਂ ਤੋਂ ਹੀ ਉਨ੍ਹਾਂ ਨੇ ਸਭ ਨੂੰ ਅਕਾਲ ਪੁਰਖ ਦਾ ਜਾਪ ਜਪਾ ਕੇ ਆਪਣੇ ਵੱਸ ਵਿਚ ਕਰ ਲਿਆ ਹੈ।
(੭) ਸਤਿਗੁਰਾਂ ਦੇ ਸੱਚੇ ਧਰਮ ਨੂੰ ਸਿਮਰ ਕੇ (ਗ੍ਰਹਿਣ ਕਰਕੇ) ਜਗਤ ਪ੍ਰਕਾਸ਼ਮਈ ਹੋ ਗਿਆ ਹੈ ਤੇ ਅਗਿਆਨ ਦਾ ਅੰਧੇਰਾ ਨਾਸ ਹੋ ਗਿਆ ਹੈ।
(੮) ਤਦ ਤੋਂ ਸਾਰਾ ਸੰਸਾਰ ਬੜੀ ਪ੍ਰਸੰਨਤਾ ਤੇ ਅਨੰਦ ਨਾਲ ਵੱਸ ਰਿਹਾ ਹੈ।
(੯) ਹਰੀ ਵਾਹਿਗੁਰੂ ਦਾ ਅਗੰਮ ਮੰਤ੍ਰ ਜਗਤ ਨੂੰ ਤਾਰਨ ਵਾਲਾ ਹੈ।
(੧੦) ਜਿਹੜਾ ਪੁਰਸ਼ ਇਸ ਵਾਹਿਗੁਰੂ ਮੰਤ੍ਰ ਨੂੰ ਪ੍ਰੇਮ ਨਾਲ ਸਿਮਰਦਾ ਹੈ, ਉਹ ਪ੍ਰਭੂ ਦੇ ਸੱਚੇ ਦਰਬਾਰ ਵਿਚ ਪਹੁੰਚਦਾ ਹੈ।
(੧੧) (ਇਸ ਲਈ) ਹੇ ਪਿਆਰਿਓ ! ਤੁਸੀਂ ਸਾਰੇ ਹੀ ਗੋਬਿੰਦ ਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਫੜੋ ਤੇ ਸੰਸਾਰ ਦੇ ਜੰਜਾਲਾਂ ਨੂੰ ਤਿਆਗ ਦਿਓ।
(੧੨) ਮਨਮੁਖ ਕੂੜਿਆਰਾਂ ਨੂੰ ਪ੍ਰਭੂ ਦੀ ਦਰਗਾਹ ਵਿਚ ਸਦਾ ਮਾਰ ਪੈਂਦੀ ਹੈ।
(੧੩) ਉਥੇ (ਪ੍ਰਭੂ ਦੀ ਸੱਚੀ ਦਰਗਾਹ ਵਿਚ) ਉਹੋ ਜੀਵ ਪਹੁੰਚਦਾ ਹੈ ਜੋ ਵਾਹਿਗੁਰੂ (ਮੰਤ੍ਰ) ਦਾ ਸਿਮਰਨ ਕਰਦਾ ਹੈ, ਵਿਸ਼ੇ ਵਿਕਾਰਾਂ ਨੂੰ ਤਿਆਗਦਾ ਹੈ।
(੧੪) ਇਸ ਚੰਚਲ ਮਨ ਨੂੰ ਘੇਰ ਕੇ (ਵੱਸ ਕਰਕੇ) ਕਰਤਾ ਪੁਰਖ ਦਾ ਸਿਮਰਨ ਕਰਦਾ ਹੈ।
(੧੫) ਫਿਰ ਉਹ ਸਹਿਜੇ ਹੀ ਹਰੀ ਦੇ ਹੁਕਮ ਨਾਲ ਦਸਮੇ ਦੁਆਰ ਜਾ ਪਹੁੰਚਦਾ ਹੈ।
(੧੬) ਫਿਰ ਉਹ ਸਹਿਜੇ ਹੀ ਹਿਰਦੇ ਰੂਪੀ ਆਕਾਸ਼ ਵਿਚ, ਭਾਵ ਆਪਣੇ ਨਿਜ-ਸਰੂਪ ਵਿਚ ਜਾ ਮਿਲਦਾ ਹੈ।

(੧੭) ਫਿਰ ਉਹ ਸੁਰਗ ਵਿਚ ਅਨੰਦਮਈ ਸੁਖਾਂ ਨੂੰ ਵੇਖਦਾ ਹੈ (ਭਾਵ ਉਹ ਸੁਰਗ ਦੇ ਸੁਖ ਭੋਗਦਾ ਹੈ)।
(੧੮) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ।੧੮।

ਭਾਵ ਗੋਬਿੰਦ ਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨੀ ਲਗ ਕੇ ਅੰਮ੍ਰਿਤ ਛਕ ਕੇ ਸਿੰਘ ਸੂਰਮੇ ਬਣ ਕੇ ਆਪਣਾ ਜਨਮ ਸਫਲਾ ਕਰੋ।

## *੧੯. ਸਿੰਘਾਂ ਨੇ ਜ਼ਾਲਮ ਹਾਕਮਾਂ ਦਾ ਨਾਸ ਕਰ ਦਿੱਤਾ ਹੈ*

੧. ਵਹਿ ਉਪਜਿਓ ਚੇਲਾ ਮਰਦ ਕਾ
ਮਰਦਾਨ ਸਦਾਏ।
੨. ਜਿਨ ਸਭ ਪ੍ਰਿਥਵੀ ਕਉ ਜੀਤ ਕਰ
ਨੀਸਾਣ ਝੁਲਾਏ।
੩. ਤਬ ਸਭ ਸਿੰਘਨ ਕਉ ਬਖਸ਼ ਕਰ
ਬਹੁ ਸੁਖ ਦਿਖਲਾਏ।
੪. ਫਿਰ ਸਭ ਪ੍ਰਿਥਵੀ ਕੇ ਊਪਰੇ
ਹਾਕਮ ਠਹਿਰਾਏ।
੫. ਤਿਨਹੂੰ ਜਗਤ ਸੰਭਾਲ ਕਰ
ਆਨੰਦ ਰਚਾਏ।
੬. ਤਿਹਿ ਸਿਮਰਿ ਸਿਮਰਿ ਅਕਾਲ ਕਉ
ਹਰਿ ਹਰਿ ਗੁਣ ਗਾਏ।
੭. ਵਹਿ ਗੁਰੁ ਗੋਬਿੰਦ ਗਾਜ਼ੀ ਸਬਲ
ਜਿਨ ਸਿੰਘ ਜਗਾਏ।
੮. ਤਬ ਭਯੋ ਜਗਤ ਸਭ ਖਾਲਸਾ
ਮਨਮੁਖ ਭਰਮਾਏ।
੯. ਇਉਂ ਉਠ ਭਬਕੇ ਬਲਬੀਰ ਸਿੰਘ
ਸ਼ਸਤਰ ਚਮਕਾਏ।
੧੦. ਤਬ ਸਭ ਤੁਰਕਨ ਕਉ ਛੇਦ ਕਰ
ਅਕਾਲ ਜਪਾਏ।
੧੧. ਸਭ ਛਤ੍ਰਪਤੀ ਚੁਨ ਚੁਨ ਹਨੇ
ਕਹੂੰ ਟਿਕਨ ਨ ਪਾਏ।
੧੨. ਤਬ ਜਗ ਮੈਂ ਧਰਮ ਪ੍ਰਗਾਸਿਓ
ਸਚ ਹੁਕਮ ਚਲਾਏ।
੧੩. ਯਹ ਬਾਰਹ ਸਦੀ ਨਬੇੜ ਕਰ
ਗੁਰ ਫਤੇ ਬੁਲਾਏ।
੧੪. ਤਬ ਦੁਸ਼ਟ ਮਲੇਛ ਸਹਿਜੇ ਖਪੇ
ਛਲ ਕਪਟ ਉਡਾਏ।
੧੫. ਇਉਂ ਫਤੇ ਭਈ ਜਗ ਜੀਤ ਕਰ
ਸਚ ਤਖਤ ਰਚਾਏ।
੧੬. ਬਹੁ ਦੀਓ ਦਿਲਾਸਾ ਜਗਤ ਕਉ
ਹਰਿ ਭਗਤ ਦ੍ਰਿੜਾਏ।
੧੭. ਤਬ ਸਭ ਪ੍ਰਿਥਵੀ ਸੁਖੀਆ ਭਈ
ਦੁਖ ਦਰਦ ਗਵਾਏ।
੧੮. ਫਿਰ ਹੋਇ ਨਿਹਚਲ ਬਖਸਿਓ ਜਗਤ
ਭੈ ਤ੍ਰਾਸ ਚੁਕਾਏ।
੧੯. ਗੁਰਦਾਸ ਖੜਾ ਦਰ ਪਕੜ ਕਰ
ਇਉਂ ਉਚਰ ਸੁਨਾਏ।
੨੦. ਹੇ ਸਤਿਗੁਰ ਜਮ ਤ੍ਰਾਸ ਸੋਂ
ਮੋਹਿ ਲੇਹੁ ਛਡਾਏ।
੨੧. ਹਉ ਦਾਸਨ ਕੋ ਦਾਸਰੋ
ਗੁਰ ਟਹਿਲ ਕਮਾਏ।
੨੨. ਤਬ ਛੂਟੇ ਬੰਧਨ ਸਕਲ ਮੋਹਿ
ਫੁਨ ਨਰਕ ਨ ਜਾਏ।
੨੩. ਹਰਿ ਦਾਸਾਂ ਚਿੰਦਿਆ ਸਦ ਸਦਾ
ਦਾਸਾਂ ਗੁਰ ਮੇਲਾ।
੨੪. ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧੯॥

***ਪਦ ਅਰਥ :*** ਨੀਸਾਣ—ਝੰਡੇ। ਗਾਜ਼ੀ—ਧਰਮ ਖ਼ਾਤਰ ਸ਼ਹੀਦ ਹੋਣ ਵਾਲਾ। ਸਬਲ—ਬਲਵਾਨ। ਛਤ੍ਰਪਤੀ—ਰਾਜੇ ਜਾਂ ਨਵਾਬ ਆਦਿ। ਦਾਸਨ ਕੋ ਦਾਸਰੋ—ਦਾਸਾਂ ਦਾ ਦਾਸ। ਚਿੰਦਿਆ—ਚਾਹਿਆ।

**ਅਰਥ :**

(੧) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਗੰਮੜੇ ਮਰਦ ਦਾ ਚੇਲਾ ਖ਼ਾਲਸਾ ਪੰਥ ਪੈਦਾ ਹੋਇਆ ਹੈ, ਜੋ ਸੂਰਮਾ ਸਦਾਉਂਦਾ ਹੈ।

(੨) ਜਿਸਨੇ ਸਾਰੀ ਪ੍ਰਿਥਵੀ ਨੂੰ ਜਿੱਤ ਕੇ ਧਰਮ ਦੇ ਝੰਡੇ ਝੁਲਾਏ ਹਨ।

(੩) ਤਦੋਂ ਹੀ ਸਤਿਗੁਰੂ ਜੀ ਸਿੰਘਾਂ ਨੂੰ ਬਖ਼ਸ਼ਸ਼ਾਂ ਕਰਕੇ ਅਨੇਕਾਂ ਹੀ ਸੁਖ ਦਿੰਦੇ ਰਹੇ।

(੪) ਫਿਰ ਸਤਿਗੁਰਾਂ ਆਪਣੇ ਸਿੰਘਾਂ ਨੂੰ ਸੰਸਾਰ ਵਿਚ ਹਾਕਮ ਬਣਾਇਆ (ਭਾਵ ਰਾਜਭਾਗ ਬਖ਼ਸ਼ਿਆ)।

(੫) ਉਨ੍ਹਾਂ ਸਿੰਘਾਂ ਹਾਕਮਾਂ ਨੇ ਪਰਜਾ ਦੀ ਸੰਭਾਲ ਕਰਕੇ ਉਨ੍ਹਾਂ ਨੂੰ ਸੁਖ ਦਿਤਾ।

(੬) ਉਨ੍ਹਾਂ ਸਿੰਘਾਂ ਨੇ ਇਕ ਅਕਾਲ ਪੁਰਖ ਦੀ ਅਰਾਧਨਾ ਕਰਕੇ ਹਰੀ ਦੇ ਗੁਣ ਗਾਏ।

(੭) ਧਰਮ ਦੀ ਖ਼ਾਤਰ ਸ਼ਹੀਦ ਹੋਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਹਨ, ਜਿਨ੍ਹਾਂ ਨੇ ਬਲਵਾਨ ਸਿੰਘਾਂ ਨੂੰ ਬਣਾਇਆ ਹੈ।

(੮) ਤਦ ਤੋਂ ਸਾਰਾ ਸੰਸਾਰ ਖ਼ਾਲਸਾ ਹੋ ਗਿਆ ਹੈ ਤੇ ਮਨਮੁਖ ਭਰਮ ਵਿਚ ਪਏ ਭਟਕ ਰਹੇ ਹਨ।

(੯) (ਇਸ ਤਰ੍ਹਾਂ) ਸ਼ਸਤ੍ਰਾਂ ਨੂੰ ਚਮਕਾਉਂਦੇ ਹੋਏ ਬਲਵਾਨ ਸਿੰਘ ਸੂਰਮੇ ਗਰਜਣ ਲਗੇ।

(੧੦) ਉਨ੍ਹਾਂ ਨੇ ਸਭ ਜ਼ਾਲਮ ਤੁਰਕਾਂ ਨੂੰ ਨਾਸ ਕਰਕੇ ਇਕ ਅਕਾਲ ਪੁਰਖ ਦਾ ਜਾਪ ਲੋਕਾਂ ਨੂੰ ਜਪਾਇਆ।

(੧੧) ਸਿੰਘਾਂ ਨੇ ਸਭ (ਜ਼ਾਲਮ) ਰਾਜਿਆਂ ਤੇ ਨਵਾਬਾਂ ਨੂੰ ਚੁਣ ਚੁਣ ਕੇ ਖ਼ਤਮ ਕਰ ਦਿਤਾ ਤੇ ਹੁਣ ਉਨ੍ਹਾਂ ਜ਼ਾਲਮਾਂ ਨੂੰ ਟਿਕਣ ਲਈ ਕੋਈ ਥਾਂ ਨਹੀਂ ਲੱਭਦੀ।

(੧੨) ਤਦ ਤੋਂ ਸੰਸਾਰ ਵਿਚ ਸੱਚੇ ਧਰਮ ਦਾ ਪ੍ਰਕਾਸ਼ ਹੋਇਆ ਤੇ ਸੱਚੇ ਪ੍ਰਭੂ ਦਾ ਹੁਕਮ ਚਲ ਰਿਹਾ ਹੈ।

(੧੩) ਸਿੰਘਾਂ ਨੇ ਬਾਰ੍ਹਾਂ ਸੌ ਵਰ੍ਹਿਆਂ ਦੀ ਬਣੀ ਇਸਲਾਮੀ ਹਕੂਮਤ ਨੂੰ ਖ਼ਤਮ ਕਰਕੇ ਗੁਰਾਂ ਦੀ ਫਤ੍ਹੇ ਬੁਲਾਈ ਹੈ।

(੧੪) ਦੁਸ਼ਟ ਤੇ ਮਲੇਛ ਸਹਿਜੇ ਹੀ ਨਾਸ ਹੋ ਗਏ ਹਨ ਤੇ ਛਲ ਕਪਟ ਉੱਡ ਗਿਆ ਹੈ।

(੧੫) ਇਸ ਤਰ੍ਹਾਂ ਜਗਤ ਨੂੰ ਜਿੱਤਣ ਨਾਲ ਖ਼ਾਲਸੇ ਦੀ ਚੜ੍ਹਦੀ ਕਲਾ ਹੋਈ ਤੇ ਉਨ੍ਹਾਂ ਨੇ ਸੱਚੇ ਤਖ਼ਤ ਦੀ ਰਚਨਾ ਕੀਤੀ।

(੧੬) ਸਿੰਘਾਂ ਨੇ ਜਗਤ ਦੇ ਜੀਵਾਂ ਨੂੰ ਦਿਲਾਸਾ (ਹੌਂਸਲਾ) ਦਿੱਤਾ ਹੈ ਤੇ ਪ੍ਰਭੂ ਦੀ ਭਗਤੀ ਨੂੰ ਦ੍ਰਿੜ੍ਹ ਕਰਾਇਆ ਹੈ।

(੧੭) ਤਦ ਤੋਂ ਸਾਰੀ ਪ੍ਰਿਥਵੀ ਸੁਖੀ ਹੋਈ ਹੈ ਤੇ ਦੁਖ ਦਰਦ ਨਾਸ ਹੋ ਗਏ ਹਨ।

(੧੮) ਸਤਿਗੁਰੂ ਨੇ ਸੰਸਾਰ ਦੇ ਜੀਵਾਂ ਨੂੰ ਅਚਲਤਾ ਬਖ਼ਸ਼ੀ ਹੈ ਤੇ ਸਭ ਤਰ੍ਹਾਂ ਦੇ ਡਰ ਨਾਸ ਕਰ ਦਿਤੇ ਹਨ।

(੧੯) ਮੈਂ ਗੁਰਦਾਸ ਵੀ ਸਤਿਗੁਰਾਂ ਦਾ ਦਰ ਫੜ ਕੇ ਖੜਾ ਹਾਂ ਤੇ ਇਸ ਤਰ੍ਹਾਂ ਦੇ ਬਚਨ ਕਰ ਰਿਹਾ ਹਾਂ ਕਿ :

(੨੦) ਹੇ ਸੱਚੇ ਸਤਿਗੁਰੂ ਜੀ! ਮੈਨੂੰ ਜਮਾਂ ਦੇ ਡਰ ਤੋਂ ਬਚਾ ਲਓ।

(੨੧) ਮੈਂ ਆਪ ਦੇ ਦਾਸਾਂ ਦਾ ਦਾਸ ਹਾਂ ਤੇ ਉਨ੍ਹਾਂ ਦੀ ਸੇਵਾ ਕਰਦਾ ਹਾਂ।

(੨੨) (ਆਪ ਦੇ ਦਾਸਾਂ ਦੀ ਸੇਵਾ ਕਰਨ ਨਾਲ) ਮੇਰੇ ਸਾਰੇ ਬੰਧਨ ਕੱਟੇ ਜਾਣਗੇ ਤੇ ਮੈਂ ਨਰਕਾਂ ਵਿਚ ਨਹੀਂ ਜਾਵਾਂਗਾ।

(੨੩) ਹਰੀ ਦੇ ਦਾਸ ਸਦਾ ਪ੍ਰਭੂ ਨੂੰ ਚਿਤਵਦੇ ਹਨ ਤੇ ਉਨ੍ਹਾਂ ਹਰੀ ਦੇ ਦਾਸਾਂ ਦਾ ਸਤਿਗੁਰੂ ਨਾਲ ਮੇਲ ਹੁੰਦਾ ਹੈ।

(੨੪) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ।੧੯।

## ੨੦. ਇਸ ਵਾਰ ਦੇ ਪੜ੍ਹਨ ਦਾ ਫਲ

੧. ਸੰਤ ਭਗਤ ਗੁਰ ਸਿੱਖ ਹਹਿ
ਜਗ ਤਾਰਣ ਆਏ।

੨. ਸੇ ਪਰਉਪਕਾਰੀ ਜਗਤ ਮੋ
ਗੁਰ ਮੰਤ੍ਰ ਜਪਾਏ।

੩. ਸੇਵਕ ਸੋ ਪਰਵਾਨ ਹੈ
ਹਰਿ ਨਾਮ ਧਿਆਏ।

੪. ਜਪ ਤਪ ਸੰਜਮ ਸਾਧਨਾ
ਹਰਿ ਭਗਤਿ ਕਮਾਏ।

੫. ਕਾਮ ਕ੍ਰੋਧ ਫੁਨ ਲੋਭ ਮੋਹ
ਅਹੰਕਾਰ ਚੁਕਾਏ।

੬. ਜੋਗ ਜੁਗਤਿ ਘਟ ਸਾਧ ਕਰਿ
ਪਵਣਾ ਠਹਿਰਾਏ।

**੭. ਤਬ ਖਟ ਚਕ੍ਰ ਸਹਿਜੇ ਘੁਰੇ**
**ਗਗਨਾ ਘਰ ਛਾਏ।**
**੮. ਨਿਜ ਸੁੰਨ ਸਮਾਧਿ ਲਗਾਇ ਕੈ**
**ਅਨਹਦ ਲਿਵਲਾਏ।**
**੯. ਤਬ ਦਰਗਹ ਮੁਖ ਊਜਲੇ**
**ਪਤਿ ਸਿਉਂ ਘਰ ਜਾਏ।**
**੧੦. ਕਲੀ ਕਾਲ ਮਰਦਨ ਮਰਦ**
**ਨਾਨਕ ਗੁਣ ਗਾਏ।**
**੧੧. ਯਹ ਵਾਰ ਭਗਉਤੀ ਜੋ ਪੜ੍ਹੈ**
**ਅਮਰਾ ਪਦ ਪਾਏ।**
**੧੨. ਤਿਹ ਦੁਖ ਸੰਤਾਪ ਨ ਕੁਛ ਲਗੈ**
**ਆਨੰਦ ਵਰਤਾਏ।**
**੧੩. ਫਿਰ ਚਿਤਵੈ ਜੋ ਸੋਈ ਲਹੈ**
**ਘਟ ਅਲਖ ਲਖਾਏ।**
**੧੪. ਤਬ ਨਿਸਦਿਨ ਇਸ ਵਾਰ ਕੋ**
**ਮੁਖ ਪਾਠ ਸੁਣਾਏ।**
**੧੫. ਸੋ ਲਹੈ ਪਦਾਰਥ ਮੁਕਤ ਪਦ**
**ਚੜ੍ਹ ਗਗਨ ਸਮਾਏ।**
**੧੬. ਤਬ ਕੁਛ ਨ ਪੁਛੈ ਜਮ ਧਰਮ ਤਿਸ**
**ਸਭ ਪਾਪ ਮਿਟਾਏ।**
**੧੭. ਤਬ ਲਗੈ ਨ ਤਿਸ ਜਮਡੰਡ ਦੁਖ**
**ਨਹਿ ਹੋਇ ਦੁਹੇਲਾ।**
**੧੮. ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੨੦॥**

***ਪਦ ਅਰਥ :*** ਅਮਰਾ ਪਦ—ਮੁਕਤੀ। ਜਮ ਧਰਮ—ਜਮਦੂਤ ਤੇ ਧਰਮਰਾਜ।

***ਅਰਥ :***

(੧) ਜਿਹੜੇ ਪੁਰਸ਼ ਸੰਸਾਰ ਨੂੰ ਤਾਰਨ ਆਏ ਹਨ, ਉਹ ਸੰਤ ਭਗਤ ਤੇ ਗੁਰੂ ਦੇ ਸਿਖ ਹਨ।

(੨) ਉਹ ਪਰਉਪਕਾਰੀ (ਸੰਤ) ਸੰਸਾਰ ਦੇ ਜੀਵਾਂ ਨੂੰ ਪ੍ਰਭੂ ਦਾ ਨਾਮ ਜਪਾਉਂਦੇ ਹਨ।

(੩) ਉਹ ਸੇਵਕ (ਦਾਸ) ਪ੍ਰਵਾਨ ਹੈ, ਜੋ ਹਰੀ ਨਾਮ ਨੂੰ ਸਿਮਰਦਾ ਹੈ।

(੪) ਉਹ ਜਪ ਤਪ ਤੇ ਸੰਜਮ ਕਰਕੇ ਹਰੀ ਦੀ ਭਗਤੀ ਕਰਦਾ ਹੈ।

(੫) ਉਹ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਨੂੰ ਨਾਸ ਕਰ ਦਿੰਦਾ ਹੈ।

(੬) ਉਹ ਜੋਗ ਦੀ ਜੁਗਤੀ ਨਾਲ ਹਿਰਦੇ ਨੂੰ ਸ਼ੁੱਧ ਕਰਕੇ ਪਉਣ ਵਾਂਗ ਉਡਦੇ ਮਨ ਨੂੰ ਰੋਕ ਲੈਂਦਾ ਹੈ।

(੭) (ਉਹ ਭਗਤੀ ਦੇ) ਸਹਿਜੇ ਹੀ ਛੇ ਘੁਰੇ (ਚੱਕ੍ਰ) ਖੁਲ੍ਹ ਜਾਂਦੇ ਹਨ ਤੇ ਉਹ ਅਕਾਸ਼ ਮੰਡਲ (ਦਸਮ ਦੁਆਰ) ਵਿਚ ਜਾ ਟਿਕਦਾ ਹੈ।

(੮) ਆਪਣੇ (ਸਰੂਪ) ਵਿਚ ਅਫੁਰ ਸਮਾਧੀ ਲਾ ਕੇ ਅਨਹਦ (ਸ਼ਬਦ) ਵਿਚ ਲਿਵ ਲਾਉਂਦਾ ਹੈ।

(੯) ਫਿਰ ਉਸਦਾ ਮੂੰਹ ਪ੍ਰਭੂ ਦੀ ਸੱਚੀ ਦਰਗਾਹ ਵਿਚ ਉੱਜਲਾ ਹੁੰਦਾ ਹੈ ਤੇ ਉਹ ਬੜੀ ਇੱਜ਼ਤ ਨਾਲ ਆਪਣੇ ਨਿਜ-ਸਰੂਪ ਵਿਚ ਜਾਂਦਾ ਹੈ।

(੧੦) ਇਸ ਕਲਜੁਗ ਦੇ ਸਮੇਂ ਵਿਚ ਉਹ ਬਹਾਦਰਾਂ ਤੋਂ ਵੀ ਬਹਾਦਰ ਹੈ, ਜੋ ਸਤਿਗੁਰੂ ਨਾਨਕ ਦੇਵ ਜੀ ਦੇ ਗੁਣ ਗਾਉਂਦਾ ਹੈ।

(੧੧) ਜਿਹੜਾ ਪੁਰਸ਼ ਇਸ ਭਗਉਤੀ ਦੀ ਵਾਰ ਦਾ ਪਾਠ ਕਰੇਗਾ, ਉਹ ਅਮਰ ਪਦਵੀ (ਮੁਕਤੀ) ਪ੍ਰਾਪਤ ਕਰੇਗਾ।

(੧੨) ਉਸਨੂੰ ਕੋਈ ਦੁਖ ਤੇ ਕਲੇਸ਼ ਨਹੀਂ ਵਿਆਪੇਗਾ ਤੇ ਉਹ ਅਨੰਦ ਵਿਚ ਹੀ ਰਹੇਗਾ।

(੧੩) ਫਿਰ ਉਹ ਪੁਰਸ਼ ਆਪਣੇ ਮਨ ਵਿਚ ਜੋ ਚਿਤਵੇਗਾ, ਉਸਨੂੰ ਉਹੋ ਕੁਝ ਮਿਲੇਗਾ ਤੇ ਉਹ ਉਸ ਅਲਖ ਪ੍ਰਭੂ ਨੂੰ ਲਖ ਲਏਗਾ।

(੧੪) ਫਿਰ ਉਹ ਦਿਨ ਰਾਤ ਇਸ ਵਾਰ ਦਾ ਪਾਠ ਆਪਣੇ ਮੂੰਹੋਂ ਸੁਣਾਏਗਾ।

(੧੫) (ਇਸ ਲਈ) ਉਹ ਮੁਕਤੀ ਦਾ ਪਦਾਰਥ ਪ੍ਰਾਪਤ ਕਰ ਲਏਗਾ ਤੇ ਮਨ ਰੂਪੀ ਘੋੜੇ ਉਤੇ ਸਵਾਰ ਹੋ ਕੇ ਗਗਨ (ਪ੍ਰਭੂ ਦੇ ਦੇਸ ਵਿਚ) ਜਾ ਸਮਾਏਗਾ।

(੧੬) ਉਸਨੂੰ ਧਰਮ ਰਾਜ ਤੇ ਜਮਦੂਤ ਕੋਈ ਲੇਖਾ ਨਹੀਂ ਪੁੱਛਣਗੇ ਤੇ ਉਸਦੇ ਸਾਰੇ ਪਾਪ ਨਾਸ ਹੋ ਜਾਣਗੇ।

(੧੭) ਉਸ ਨੂੰ ਜਮਾਂ ਦਾ ਡੰਡ ਵੀ ਨਹੀਂ ਲਗੇਗਾ ਤੇ ਨਾ ਹੀ ਉਸਨੂੰ ਮੁੜ ਕੇ ਕੋਈ ਦੁਖ ਹੋਵੇਗਾ।

(੧੮) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ।੨੦।

## ੨੧. ਦਸਾਂ ਸਤਿਗੁਰਾਂ ਦੀ ਮਹਿਮਾ

੧. ਹਰਿ ਸਤਿਗੁਰ ਨਾਨਕ
ਖੇਲ ਰਚਾਇਆ।
੨. ਅੰਗਦ ਕੋ ਪ੍ਰਭੁ
ਅਲਖ ਲਖਾਇਆ।
੩. ਪ੍ਰਿਥਮ ਮਹਿਲ
ਹਰਿ ਨਾਮ ਧਿਆਇਓ।
੪. ਦੁਤੀਏ ਅੰਗਦ
ਹਰਿ ਗੁਣ ਗਾਇਓ।
੫. ਤੀਸਰ ਮਹਲ
ਅਮਰ ਪਦ ਧਿਆਨਾ।
੬. ਜਿਨ ਘਟ ਮੈ ਨਿਰਖੇ
ਹਰਿ ਭਗਵਾਨਾ।
੭. ਜਲ ਭਰਿਓ
ਸਤਿਗੁਰੁ ਕੇ ਦੁਆਰੇ।
੮. ਤਬ ਯਹ ਪਾਇਓ
ਮਹਲ ਅਪਾਰੇ।
੯. ਗੁਰੁ ਰਾਮਦਾਸ
ਚੌਥੇ ਪਰਗਾਸਾ।
੧੦. ਜਿਨ ਰਟੇ ਨਿਰੰਜਨ
ਹਰਿ ਅਬਿਨਾਸਾ।
੧੧. ਗੁਰੁ ਅਰਜਨ
ਪੰਚਮ ਠਹਿਰਾਇਓ।
੧੨. ਜਿਨ ਸਬਦ ਸੁਧਾ ਰਸੁ
ਰਸੁ ਗ੍ਰੰਥ ਬਨਾਇਓ।
੧੩. ਗ੍ਰੰਥ ਬਨਾਇ
ਉਚਾਰ ਸੁਨਾਇਓ।
੧੪. ਤਬ ਸਰਬ ਜਗਤ ਮੈਂ
ਮੈਂ ਪਾਠ ਰਚਾਇਓ।
੧੫. ਕਰਿ ਪਾਠ ਗਰੰਥ
ਜਗਤ ਸਭ ਤਰਿਓ।
੧੬. ਜਿਹ ਨਿਸਬਾਸਰ
ਹਰਿ ਨਾਮ ਉਚਰਿਓ।
੧੭. ਗੁਰ ਹਰਿਗੋਬਿੰਦ
ਖਸ਼ਟਮ ਅਵਤਾਰੇ।
੧੮. ਜਿਨ ਪਕੜ ਤੇਗ
ਬਹੁ ਦੁਸ਼ਟ ਪਛਾਰੇ।
੧੯. ਯੌਂ ਸਭ ਮੁਗਲਨ ਕਾ
ਕਾ ਮਨ ਬਉਰਾਨਾ।
੨੦. ਤਬ ਹਰਿ ਭਗਤਨ ਸਿਉਂ
ਦ੍ਵੰਦ ਰਚਾਨਾ।
੨੧. ਯੌਂ ਕਰਿ ਹੈ
ਗੁਰਦਾਸ ਪੁਕਾਰਾ।
੨੨. ਹੇ ਸਤਿਗੁਰ ਮੁਹਿ ਲੇਹੁ ਉਬਾਰਾ ॥੨੧॥

***ਪਦ ਅਰਥ :*** ਨਿਰਖੇ—ਦੇਖੇ। ਮਹਲ—ਰੁਤਬਾ, ਮਰਤਬਾ, ਦਰਜਾ।

***ਅਰਥ :***

(੧) ਅਕਾਲ ਪੁਰਖ ਦੇ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਇਹ ਸਾਰੀ ਖੇਡ (ਰਚਨਾ) ਰਚੀ ਹੈ।
(੨) ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਆਪਣਾ ਸਿਖ ਬਣਾ ਕੇ ਤੇ ਉਪਦੇਸ਼ ਦੇ ਕੇ ਉਸ ਅਲੱਖ ਪ੍ਰਭੂ ਨੂੰ ਲਖਾਇਆ ਹੈ।
(੩) ਪਹਿਲੇ ਸਰੂਪ ਵਿਚ ਹੋ ਕੇ ਸਤਿਗੁਰੂ ਨਾਨਕ ਦੇਵ ਜੀ ਨੇ ਆਪ ਹਰੀ ਦੇ ਨਾਮ ਨੂੰ ਸਿਮਰਿਆ ਹੈ।
(੪) ਦੂਜੇ ਸਰੂਪ, ਸ੍ਰੀ ਗੁਰੂ ਅੰਗਦ ਦੇਵ ਜੀ ਹੋ ਕੇ ਹਰੀ ਦੇ ਗੁਣਾਂ ਨੂੰ ਗਾਇਨ ਕੀਤਾ ਹੈ।
(੫) ਤੀਸਰੇ ਸਰੂਪ ਸ੍ਰੀ ਗੁਰੂ ਅਮਰਦਾਸ ਜੀ ਨੇ ਅਮਰ (ਪ੍ਰਭੂ) ਦਾ ਧਿਆਨ ਧਰਿਆ ਹੈ।
(੬) ਉਨ੍ਹਾਂ ਨੇ ਆਪਣੇ ਹਿਰਦੇ ਵਿਚ ਹਰੀ ਦੇ ਦਰਸ਼ਨ ਕੀਤੇ ਹਨ।
(੭-੮) ਇਹ ਅਮਰ ਪਦਵੀ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਦਾ ਜਲ ਢੋ ਕੇ ਤੇ ਹੋਰ ਸੇਵਾ ਕਰਕੇ ਪ੍ਰਾਪਤ ਕੀਤੀ ਹੈ।

(੯) ਚੌਥੇ ਸਰੂਪ ਸ੍ਰੀ ਗੁਰੂ ਰਾਮਦਾਸ ਜੀ ਦਾ ਸੰਸਾਰ ਵਿਚ ਪ੍ਰਕਾਸ਼ ਹੋਇਆ ਹੈ।
(੧੦) ਜਿਨ੍ਹਾਂ ਨੇ ਮਾਇਆ ਤੋਂ ਰਹਿਤ ਤੇ ਅਬਿਨਾਸ਼ੀ ਪ੍ਰਭੂ ਦਾ ਨਾਮ ਜਪਿਆ ਹੈ।
(੧੧) ਉਨ੍ਹਾਂ ਨੇ ਆਪਣੀ ਗੱਦੀ ਤੇ ਪੰਜਵੇਂ ਸਤਿਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਿਠਾਇਆ।
(੧੨) ਜਿਨ੍ਹਾਂ ਨੇ ਪਹਿਲੇ ਸਤਿਗੁਰਾਂ ਦੇ ਸ਼ਬਦਾਂ ਨੂੰ ਇਕੱਤ੍ਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ।
(੧੩) ਪਵਿੱਤ੍ਰ ਗ੍ਰੰਥ ਨੂੰ ਉਚਾਰ ਕੇ ਸੁਣਾਇਆ।
(੧੪) ਸਾਰੇ ਸੰਸਾਰ ਵਿਚ ਗੁਰਬਾਣੀ ਦਾ ਪਾਠ ਪਰਚਲਤ ਕੀਤਾ।
(੧੫) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਕੇ ਸਾਰਾ ਸੰਸਾਰ ਤਰ ਗਿਆ ਹੈ।
(੧੬) ਉਹ ਪੁਰਸ਼ ਤਰ ਗਿਆ ਹੈ, ਜਿਸ ਨੇ ਦਿਨੇ ਰਾਤ ਪ੍ਰਭੂ ਦੇ ਨਾਮ ਨੂੰ ਸਿਮਰਿਆ ਹੈ।
(੧੭) ਫਿਰ ਛੇਵੇਂ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਵਤਾਰ ਹੋਇਆ।
(੧੮) ਜਿਨ੍ਹਾਂ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ ਜ਼ਾਲਮਾਂ ਦਾ ਨਾਸ ਕੀਤਾ।
(੧੯) ਇਸ ਤਰ੍ਹਾਂ (ਜ਼ਾਲਮ) ਮੁਗ਼ਲਾਂ ਦੇ ਮਨਾਂ ਨੂੰ ਪਾਗ਼ਲਾਂ ਵਾਂਗ ਕਰ ਦਿੱਤਾ।
(੨੦) ਉਨ੍ਹਾਂ (ਦੁਸ਼ਟਾਂ) ਮੁਗ਼ਲਾਂ ਨੇ ਹਰੀ ਦੇ ਭਗਤਾਂ ਨੂੰ ਬਹੁਤ ਦੁਖੀ ਕੀਤਾ ਹੋਇਆ ਸੀ।
(੨੧) ਮੈਂ ਗੁਰਦਾਸ ਸਤਿਗੁਰੂ ਜੀ ਦੇ ਅਗੇ ਇਉਂ ਪੁਕਾਰ (ਬੇਨਤੀ) ਕਰਦਾ ਹਾਂ ਕਿ :
(੨੨) ਹੇ ਸਤਿਗੁਰੂ ਜੀ! ਮੈਨੂੰ (ਜਗਤ ਦੇ ਦੁਖਾਂ ਕਲੇਸ਼ਾਂ ਤੋਂ) ਬਚਾਅ ਲਵੋ।੨੧।

## *੨੨. ਦਸਾਂ ਗੁਰਾਂ ਦੀ ਉਪਮਾ*

**੧. ਸਪਤਮ ਮਹਿਲ**
**ਅਗਮ ਹਰਿ ਰਾਇਆ।**
**੨. ਜਿਨ ਸੁੰਨ ਧਿਆਨ ਕਰ**
**ਜੋਗ ਕਮਾਇਆ।**
**੩. ਚੜ੍ਹ ਗਗਨ ਗੁਫਾ ਮਹਿ**
**ਰਹੇ ਸਮਾਈ।**
**੪. ਜਹਿ ਬੈਠ ਅਡੋਲ**
**ਸਮਾਧਿ ਲਗਾਈ।**
**੫. ਸਭ ਕਲਾ ਖੈਂਚ**
**ਕਰ ਗੁਪਤ ਰਹਾਯੰ।**
**੬. ਤਹਿ ਆਪਨ ਰੂਪ**
**ਕੋ ਨਹਿ ਦਿਖਲਾਯੰ।**
**੭. ਇਸ ਪਰਕਾਰ**
**ਗੁਬਾਰ ਮਚਾਯੰ**
**੮. ਜਹ ਦੇਵ ਅੰਸ**
**ਕੋ ਬਹੁ ਚਮਕਾਯੰ।**
**੯. ਹਰਿਕ੍ਰਿਸ਼ਨ ਭਯੋ**
**ਅਸ਼ਟਮ ਬਲਬੀਰਾ।**
**੧੦. ਜਿਨ ਪਹੁੰਚ ਦੇਹਲੀ**
**ਤਜਿਓ ਸਰੀਰਾ।**
**੧੧. ਬਾਲ ਰੂਪ**
**ਧਰ ਸਾਂਗ ਮਚਾਯੋ।**
**੧੨. ਤਬ ਸਹਿਜੇ**
**ਤਨ ਛੋਡ ਸਿਧਾਯੋ।**
**੧੩. ਯੋਂ ਮੁਗਲਨ ਸੀਸ**
**ਪਰੀ ਬਹੁ ਛਾਰਾ।**
**੧੪. ਵਹਿ ਖੁਦ ਪਤਿ ਸਿਉਂ**
**ਪਹੁੰਚੇ ਦਰਬਾਰਾ।**
**੧੫. ਅਉਰੰਗੇ ਇਉਂ**
**ਬਾਦ ਰਚਾਇਓ।**
**੧੬. ਤਿਹ ਅਪਨਾ ਕੁਲ**
**ਸਭ ਨਾਸ ਕਰਾਇਓ।**

**੧੭. ਇਉ ਠਹਕ ਠਹਕ ਮੁਗਲਨ ਸਿਰ ਝਾਰੀ।**
**੧੮. ਫੁਨਿ ਹੋਇ ਪਾਪੀ ਵੈ ਨਰਕ ਸਿਧਾਰੀ।**
**੧੯. ਇਉਂ ਕਰ ਹੈ ਗੁਰਦਾਸ ਪੁਕਾਰਾ।**
**੨੦. ਹੇ ਸਤਿਗੁਰ ਮੁਹਿ ਲੇਹੁ ਉਬਾਰਾ ॥੨੨॥**

***ਪਦ ਅਰਥ :*** ਦੇਹਲੀ—ਦਿੱਲੀ। ਪਤਿ ਸਿਉਂ—ਸਤਿਕਾਰ ਨਾਲ। ਬਾਦ—ਝਗੜਾ।

***ਅਰਥ :***

(੧) ਅਗਮ (ਅਕਾਲ ਪੁਰਖ) ਸਤਵੇਂ ਸਰੂਪ ਵਿਚ ਸ੍ਰੀ ਗੁਰੂ ਹਰਿ ਰਾਇ ਜੀ ਹੋ ਕੇ ਪ੍ਰਗਟ ਹੋਏ।
(੨) ਜਿਨ੍ਹਾਂ ਨੇ ਅਫੁਰ ਅਵਸਥਾ ਵਿਚ ਰਹਿ ਕੇ ਜੋਗ ਕਮਾਇਆ ਸੀ।
(੩) ਆਕਾਸ਼ ਵਾਂਗੂੰ ਵਿਆਪਕ ਪ੍ਰਭੂ ਦੇ ਉੱਚੇ ਮੰਡਲਾਂ ਵਿਚ ਚੜ੍ਹ ਕੇ ਉਨ੍ਹਾਂ ਦੀ ਬਿਰਤੀ ਗੁਫ਼ਾ ਵਿਚ ਸਮਾਧੀ ਵਾਂਗੂੰ ਲਗੀ ਰਹਿੰਦੀ ਸੀ।
(੪) ਆਪ ਜਿਥੇ ਬੈਠਦੇ ਸਨ, ਉਥੇ ਹੀ ਅਡੋਲ ਸਮਾਧੀ ਵਿਚ ਸਥਿਰ ਰਹਿੰਦੇ ਹਨ।
(੫) ਕੁਦਰਤ ਦੀਆਂ ਸਭ ਸ਼ਕਤੀਆਂ ਨੂੰ ਆਪਣੇ ਵੱਸ ਵਿਚ ਕਰਕੇ ਆਪ ਗੁਪਤ ਹੋ ਕੇ ਰਹਿੰਦੇ ਸਨ।
(੬) ਉਹ ਆਪਣੇ ਅਸਲ ਸਰੂਪ ਨੂੰ ਕਿਸੇ ਅੱਗੇ ਪ੍ਰਗਟ ਨਹੀਂ ਸਨ ਕਰਦੇ।
(੭) ਮੁਗਲਾਂ ਨੇ ਆਪ ਦੀ ਇਹ ਅਵਸਥਾ ਦੇਖ ਕੇ ਫ਼ਤੂਰ (ਜ਼ੁਲਮ) ਦਾ ਹਨੇਰਾ ਫੈਲਾ ਦਿਤਾ (ਭਾਵ ਮੁਗਲਾਂ ਨੇ ਆਪਣੇ ਜ਼ੁਲਮ ਨੂੰ ਤੇਜ਼ ਕਰ ਦਿਤਾ)।
(੮) ਤਦ ਪ੍ਰਭੂ ਦੀ ਅੰਸ ਬੜੇ ਤੇਜ਼ ਨਾਲ ਚਮਕੀ।
(੯) ਫਿਰ ਪ੍ਰਭੂ ਬੜੇ ਬਲਵਾਨ ਸਰੂਪ ਵਿਚ ਅੱਠਵੇਂ ਸਤਿਗੁਰੂ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੇ ਸਰੂਪ ਵਿਚ ਪ੍ਰਗਟ ਹੋਏ।
(੧੦) ਜਿਨ੍ਹਾਂ ਨੇ ਦਿੱਲੀ ਪਹੁੰਚ ਕੇ ਆਪਣੇ ਸਰੀਰ ਨੂੰ ਤਿਆਗਿਆ।
(੧੧) ਬਾਲਕ ਰੂਪ ਧਾਰ ਕੇ ਅੱਠਵੇਂ ਸਤਿਗੁਰਾਂ ਨੇ ਕਈ ਕੌਤਕ ਕੀਤੇ।
(੧੨) ਆਪ ਸਹਿਜੇ ਹੀ ਆਪਣੇ ਸਰੀਰ ਨੂੰ ਤਿਆਗ ਕੇ ਆਪਣੇ ਸਰੂਪ ਵਿਚ ਲੀਨ ਹੋ ਗਏ।
(੧੩) ਇਸ ਤਰ੍ਹਾਂ ਉਨ੍ਹਾਂ ਦੇ ਸਰੀਰ ਤਿਆਗਣ ਨਾਲ ਮੁਗ਼ਲਾਂ ਦੇ ਸਿਰ ਉਤੇ ਬਹੁਤ ਸਾਰੀ (ਖੇਹ) ਸੁਆਹ ਪਈ।
(੧੪) ਆਪ ਸਤਿਗੁਰੂ ਜੀ ਬੜੀ ਇੱਜ਼ਤ ਨਾਲ ਪ੍ਰਭੂ ਦੇ ਦਰਬਾਰ ਵਿਚ ਪਹੁੰਚ ਗਏ।
(੧੫) ਤੇ ਅੱਠਵੇਂ ਗੁਰੂ ਜੀ ਦੇ ਸਮਾਉਣ ਤੋਂ ਬਾਅਦ ਬਾਦਸ਼ਾਹ ਔਰੰਗਜ਼ੇਬ ਨੇ ਕਈ ਝਗੜੇ ਖੜੇ ਕਰ ਦਿਤੇ।
(੧੬) ਬਾਦਸ਼ਾਹ ਨੇ ਆਪਣੇ ਜ਼ੁਲਮਾਂ ਨਾਲ ਪਹਿਲਾਂ ਆਪਣੀ ਕੁਲ ਨੂੰ ਨਾਸ ਕੀਤਾ (ਭਾਵ ਆਪਣੇ ਪਿਤਾ ਤੇ ਹੋਰ ਭਲੇ ਪੁਰਸ਼ਾਂ ਨੂੰ ਦੁਖੀ ਕਰਕੇ ਖ਼ਤਮ ਕਰ ਦਿੱਤਾ।)
(੧੭) ਇਸ ਤਰ੍ਹਾਂ ਆਪੋ ਵਿਚ ਲੜ ਲੜ ਕੇ ਮੁਗ਼ਲਾਂ ਦੇ ਸਿਰ ਵਢੇ ਗਏ।
(੧੮) ਫਿਰ ਪਾਪੀ ਹੋ ਕੇ ਸਾਰੇ ਨਰਕਾਂ ਵਿਚ ਚਲੇ ਗਏ।
(੧੯) ਮੈਂ ਗੁਰਦਾਸ ਇਸ ਤਰ੍ਹਾਂ ਸਤਿਗੁਰੂ ਅੱਗੇ ਪੁਕਾਰ (ਬੇਨਤੀ) ਕਰਦਾ ਹਾਂ ਕਿ :
(੨੦) ਹੇ ਸਤਿਗੁਰੂ ਜੀ! ਮੈਨੂੰ (ਸੰਸਾਰ ਦੇ ਦੁਖਾਂ ਕਲੇਸ਼ਾਂ ਤੋਂ ਆਪਣੀ ਮੇਹਰ ਕਰਕੇ) ਬਚਾਅ ਲਵੋ।੨੨।

## ੨੩. ਦਸਾਂ ਸਤਿਗੁਰਾਂ ਦੀ ਵਡਿਆਈ

**੧. ਗੁਰ ਨਾਨਕ ਸਭ ਕੇ ਸਿਰਤਾਜਾ।**
**੨. ਜਿਸ ਕਉ ਸਿਮਰ ਸਰੇ ਸਭ ਕਾਜਾ।**
**੩. ਗੁਰ ਤੇਗ ਬਹਾਦਰ ਸ੍ਵਾਂਗ ਰਚਾਯੰ।**
**੪. ਤਹ ਆਪਨ ਸੀਸ ਦੇ ਜਗ ਠਹਿਰਾਯੰ।**
**੫. ਇਸ ਬਿਧ ਮੁਗਲਨ ਕੋ ਭਰਮਾਇਓ।**
**੬. ਤਹ ਸਤਿਗੁਰੁ ਅਪਨਾ ਬਲ ਨ ਜਨਾਇਓ।**
**੭. ਪ੍ਰਭੂ ਹੁਕਮ ਬੂਝ ਪਹੁੰਚੇ ਦਰਬਾਰਾ।**
**੮. ਤਹ ਸਤਿਗੁਰੁ ਕੀਨੀ ਮਿਹਰ ਅਪਾਰਾ।**
**੯. ਇਉਂ ਮੁਗਲਨ ਕੋ ਦੋਸ਼ ਲਗਾਨਾ।**
**੧੦. ਹੋਇ ਖਰਾਬ ਖਪ ਗਏ ਨਿਦਾਨਾ।**
**੧੧. ਯਹ ਨਉਂ ਮਹਿਲੋਂ ਕੀ ਜੁਗਤਿ ਸੁਨਾਈ।**
**੧੨. ਜਿਹ ਕਰ ਸਿਮਰਨ ਹਰਿ ਭਗਤਿ ਰਚਾਈ।**

੧੩. ਹਰਿ ਭਗਤਿ ਰਚਾਇ ਨਾਮ ਨਿਸਤਾਰੇ।
੧੪. ਤਬ ਸਭ ਜਗ ਮੈਂ ਪ੍ਰਗਟਿਓ ਜੈਕਾਰੇ।
੧੫. ਇਉਂ ਕਰ ਹੈ ਗੁਰਦਾਸ ਪੁਕਾਰਾ।
੧੬. ਹੇ ਸਤਿਗੁਰ ਮੁਹਿ ਲੇਹੁ ਉਬਾਰਾ ॥੨੩॥

*ਅਰਥ :*

(੧) ਸਤਿਗੁਰੂ ਨਾਨਕ ਦੇਵ ਜੀ ਸਾਰਿਆਂ ਦੇ ਸਿਰਤਾਜ (ਸ਼੍ਰੋਮਣੀ) ਹਨ।
(੨) ਜਿਨ੍ਹਾਂ ਦੇ ਸਿਮਰਨ ਕਰਨ ਨਾਲ (ਸੰਸਾਰ ਦੇ) ਸਾਰੇ ਕਾਰਜ ਸੌਰਦੇ ਹਨ।
(੩) (ਫਿਰ) ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕੌਤਕ ਰਚਾਇਆ।
(੪) ਤੇ ਆਪਣੇ ਸੀਸ ਦਾ ਬਲੀਦਾਨ ਦੇ ਕੇ ਸੰਸਾਰ ਨੂੰ ਬਚਾਇਆ।
(੫) (ਸਤਿਗੁਰਾਂ ਨੇ) ਇਸ ਤਰ੍ਹਾਂ ਮੁਗ਼ਲਾਂ ਨੂੰ ਭੁਲਾ ਦਿਤਾ ਤੇ :
(੬) ਆਪਣਾ ਬਲ ਮੁਗ਼ਲਾਂ ਅਗੇ ਪ੍ਰਗਟ ਨ ਕੀਤਾ।
(੭) ਪ੍ਰਭੂ ਦਾ ਹੁਕਮ ਮੰਨ ਕੇ ਸਤਿਗੁਰੂ ਜੀ (ਔਰੰਗਜ਼ੇਬ ਦੇ) ਦਰਬਾਰ ਪਹੁੰਚੇ।
(੮) ਉਨ੍ਹਾਂ ਸਤਿਗੁਰਾਂ ਨੇ ਬੜੀ ਕ੍ਰਿਪਾਲਤਾ ਕੀਤੀ।
(੯) ਇਸ ਤਰ੍ਹਾਂ ਮੁਗ਼ਲਾਂ ਦੇ ਸਿਰ (ਆਪਣੀ ਸ਼ਹੀਦੀ ਦਾ) ਦੋਸ਼ ਲਗਾਇਆ।
(੧੦) ਮੁਗ਼ਲ ਅੰਤ ਨੂੰ ਖ਼ੁਆਰ ਹੋ ਕੇ ਨਾਸ ਹੋ ਗਏ।
(੧੧) ਇਸ ਤਰ੍ਹਾਂ ਨੌਆਂ ਸਤਿਗੁਰਾਂ ਦੀ ਜੁਗਤ (ਮਰਯਾਦਾ) ਸੁਣਾਈ ਹੈ।
(੧੨) ਜਿਨ੍ਹਾਂ ਨੇ ਪ੍ਰਭੂ ਦਾ ਸਿਮਰਨ ਕਰਕੇ ਹਰੀ ਦੀ ਭਗਤੀ ਪ੍ਰਚਲਤ ਕੀਤੀ।
(੧੩) ਸਤਿਗੁਰਾਂ ਨੇ ਜਗਤ ਦੇ ਜੀਵਾਂ ਨੂੰ ਪ੍ਰਭੂ ਦੀ ਭਗਤੀ ਵਿਚ ਲਾ ਕੇ ਤਾਰਿਆ ਹੈ।
(੧੪) ਇਸੇ ਕਰਕੇ ਹੀ ਸਾਰੇ ਸੰਸਾਰ ਵਿਚ ਜੈ ਜੈਕਾਰ ਹੋਈ ਹੈ।
(੧੫) ਮੈਂ ਗੁਰਦਾਸ ਸਤਿਗੁਰਾਂ ਦੇ ਚਰਨਾਂ ਵਿਚ ਇਹ ਬੇਨਤੀ ਕਰਦਾ ਹਾਂ ਕਿ :
(੧੬) ਹੇ ਸਤਿਗੁਰੂ ਜੀ ! ਮੈਨੂੰ (ਜਨਮ ਮਰਨ ਦੇ ਸੰਕਟ ਤੋਂ) ਬਚਾਅ ਲਵੋ।੨੩।

## ੨੪. ਦਸਮੇਸ਼ ਜੀ ਦੀ ਉਪਮਾ

੧. ਗੁਰੁ ਗੋਬਿੰਦ ਦਸਵਾਂ ਅਵਤਾਰਾ।
੨. ਜਿਨ ਖਾਲਸ ਪੰਥ ਅਜੀਤ ਸੁਧਾਰਾ।
੩. ਤੁਰਕ ਦੁਸ਼ਟ ਸਭ ਮਾਰ ਬਿਦਾਰੇ।
੪. ਸਭ ਪ੍ਰਿਥਮੀ ਕੀਨੀ ਗੁਲਜ਼ਾਰੇ।
੫. ਪ੍ਰਗਟੇ ਸਿੰਘ ਮਹਾਂ ਬਲਬੀਰਾ।
੬. ਤਿਨ ਆਗੇ ਕੋਈ ਧਰੇ ਨ ਧੀਰਾ।
੭. ਫਤੇ ਭਈ ਦੁਖ ਦੂੰਦ ਮਿਟਾਏ।
੮. ਹਰਿ ਅਕਾਲ ਕਾ ਜਾਪ ਜਪਾਏ।
੯. ਪ੍ਰਿਥਮ ਮਹਿਲ ਜਪਿਓ ਕਰਤਾਰਾ।
੧੦. ਸਭ ਪ੍ਰਿਥਵੀ ਕੋ ਲੀਓ ਉਬਾਰਾ।
੧੧. ਹਰਿ ਭਗਤਿ ਦ੍ਰਿੜਾਇ ਨਰੂ ਸਭ ਤਾਰੇ।
੧੨. ਜਬ ਆਗਿਆ ਕੀਨੀ ਅਲਖ ਅਪਾਰੇ।
੧੩. ਸਤਸੰਗਤਿ ਕਾ ਮੇਲ ਮਿਲਾਯੰ।
੧੪. ਨਿਸਬਾਸੁਰ ਹਰਿ ਕੋ ਗੁਣ ਗਾਯੰ।
੧੫. ਇਉਂ ਕਰ ਹੈ ਗੁਰਦਾਸ ਪੁਕਾਰਾ।
੧੬. ਹੇ ਸਤਿਗੁਰ ਮੁਹਿ ਲੇਹੁ ਉਬਾਰਾ ॥੨੪॥

***ਪਦ ਅਰਥ :*** ਅਜੀਤ—ਨ ਜਿੱਤੇ ਜਾਣ ਵਾਲਾ। ਗੁਲਜ਼ਾਰੇ—ਖੇੜਾ। ਪ੍ਰਿਥਮ—ਪਹਿਲੇ।

*ਅਰਥ :*

(੧) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਮੇਂ ਅਵਤਾਰ ਪ੍ਰਗਟ ਹੋਏ ਹਨ।
(੨) ਜਿਨ੍ਹਾਂ ਨੇ ਅਜੀਤ (ਨ ਜਿੱਤੇ ਜਾਣ ਵਾਲੇ) ਖ਼ਾਲਸੇ ਪੰਥ ਦੀ ਸਾਜਨਾ ਕੀਤੀ।
(੩) ਸਭ (ਜ਼ਾਲਮਾਂ) ਤੁਰਕਾਂ ਨੂੰ ਮਾਰ ਕੇ ਖ਼ਤਮ ਕਰ ਦਿਤਾ।
(੪) ਸਾਰੇ ਜਗਤ ਨੂੰ ਫੁਲਾਂ ਵਾਂਗੂੰ ਖਿੜਾ ਦਿਤਾ।
(੫) ਮਹਾ ਸੂਰਬੀਰ ਸਿੰਘ ਪ੍ਰਗਟ ਹੋਏ।
(੬) ਉਨ੍ਹਾਂ ਦੇ ਅੱਗੇ ਕੋਈ (ਵੱਡੇ ਤੋਂ ਵੱਡਾ ਸੂਰਮਾ) ਵੀ ਨਹੀਂ ਸੀ ਠਹਿਰਦਾ
(੭) (ਸਤਿਗੁਰਾਂ ਦੀ) ਫ਼ਤਹਿ ਹੋਈ ਹੈ ਤੇ ਸਭ ਦੁਖ-ਕਲੇਸ਼ ਮਿਟ ਗਏ ਹਨ।
(੮) (ਸਤਿਗੁਰੂ ਜੀ ਨੇ) ਸਭ ਨੂੰ ਅਕਾਲ ਪੁਰਖ ਦਾ ਜਾਪ ਜਪਾਇਆ ਹੈ।

(੯) ਪਹਿਲਾਂ ਸਤਿਗੁਰੂ ਜੀ ਨੇ ਆਪ ਅਕਾਲ ਪੁਰਖ ਦਾ ਸਿਮਰਨ ਕੀਤਾ ਤੇ ਫਿਰ
(੧੦) ਸੰਸਾਰ ਦੇ ਜੀਵਾਂ ਨੂੰ ਨਾਮ ਦੀ ਦਾਤ ਦੇ ਕੇ ਤਾਰਿਆ ਹੈ।
(੧੧) ਸਤਿਗੁਰੂ ਜੀ ਨੇ ਪ੍ਰਭੂ ਦੀ ਭਗਤੀ ਦ੍ਰਿੜ੍ਹ ਕਰਾ ਕੇ ਜੀਵਾਂ ਦਾ ਉਧਾਰ ਕੀਤਾ ਹੈ।
(੧੨) ਜਦੋਂ ਅਲਖ ਤੇ ਅਪਾਰ ਪ੍ਰਭੂ ਨੇ ਆਗਿਆ ਕੀਤੀ।
(੧੩) ਤਦੋਂ ਸਤਿਸੰਗਤ ਦਾ ਮੇਲ-ਮਿਲਾਪ ਹੋਇਆ ਤੇ
(੧੪) ਦਿਨ ਰਾਤ ਪ੍ਰਭੂ ਦੇ ਗੁਣਾਂ ਦਾ ਗਾਇਨ ਕੀਤਾ ਹੈ।
(੧੫) ਮੈਂ ਗੁਰਦਾਸ ਸਤਿਗੁਰਾਂ ਦੇ ਚਰਨਾਂ ਵਿਚ ਇਹ ਪੁਕਾਰ (ਅਰਦਾਸ) ਕਰਦਾ ਹਾਂ।
(੧੬) ਕਿ ਹੇ ਸਤਿਗੁਰੂ ਜੀ! ਮੈਨੂੰ (ਆਪਣੇ ਚਰਨਾਂ ਨਾਲ ਜੋੜ ਕੇ ਇਸ ਸੰਸਾਰ ਸਮੁੰਦਰ ਤੋਂ) ਤਾਰ ਲਵੋ।੨੪।

## ੨੫. ਸਤਿਗੁਰਾਂ ਅਗੇ ਬੇਨਤੀ

**੧. ਤੂੰ ਅਲਖ ਅਪਾਰ ਨਿਰੰਜਨ ਦੇਵਾ।**
**੨. ਬ੍ਰਹਮਾ ਸ਼ਿਵ ਜੀ ਲਖੈਂ ਨ ਭੇਵਾ।**
**੩. ਤੁਮ ਨਾਥ ਨਿਰੰਜਨ ਗਹਿਰ ਗੰਭੀਰੇ।**
**੪. ਤੁਮ ਚਰਨਨ ਸਿਉਂ ਬਾਧਿਓ ਧੀਰੇ।**
**੫. ਗਹਿ ਪਕੜਿਓ ਤੁਮਰਾ ਦਰਬਾਰਾ।**
**੬. ਜਿਉਂ ਜਾਨਹੁ ਤਿਉਂ ਲੇਹੁ ਉਬਾਰਾ।**
**੭. ਹਮ ਕਾਮੀ ਕ੍ਰੋਧੀ ਕੂੜਿਆਰੇ।**
**੮. ਤੁਮ ਹੀ ਠਾਕੁਰ ਬਖਸ਼ਨਹਾਰੇ।**
**੯. ਨਹਿੰ ਕੋ ਤੁਮ ਬਿਨ ਅਵਰ ਹਮਾਰਾ।**
**੧੦. ਜੋ ਕਰ ਹੈ ਹਮਰੀ ਪ੍ਰਤਿਪਾਰਾ।**
**੧੧. ਤੁਮ ਅਗਮ ਅਡੋਲ ਅਤੋਲ ਨਿਰਾਲੇ।**
**੧੨. ਸਭ ਜਗ ਕੀ ਕਰ ਹੋ ਪ੍ਰਤਿਪਾਲੇ।**
**੧੩. ਜਲ ਥਲ ਮਹੀਅਲ ਹੁਕਮ ਤੁਮਾਰਾ।**
**੧੪. ਤੁਮ ਕੋ ਸਿਮਰ ਤਰਿਓ ਸੰਸਾਰਾ।**
**੧੫. ਇਉਂ ਕਰ ਹੈ ਗੁਰਦਾਸ ਪੁਕਾਰਾ।**
**੧੬. ਹੇ ਸਤਿਗੁਰ ਮੁਹਿ ਲੇਹੁ ਉਬਾਰਾ॥੨੫॥**

*ਅਰਥ :*

(੧) (ਹੇ ਸਤਿਗੁਰੂ ਜੀ!) ਤੁਸੀਂ ਅਲਖ (ਨਾ ਜਾਣੇ ਜਾਣ ਵਾਲੇ) ਪਾਰ ਤੋਂ ਰਹਿਤ, ਮਾਇਆ ਤੋਂ ਅਤੀਤ ਤੇ ਪ੍ਰਕਾਸ਼ ਰੂਪ ਹੋ।
(੨) ਬ੍ਰਹਮਾ ਤੇ ਸ਼ਿਵਜੀ ਵੀ ਤੁਹਾਡੇ ਭੇਦ ਨੂੰ ਨਹੀਂ ਜਾਣ ਸਕਦੇ।
(੩) ਹੇ ਮਾਇਆ ਤੋਂ ਰਹਿਤ ਤੇ ਗਹਿਰ ਗੰਭੀਰ ਸਤਿਗੁਰੂ ਜੀ! ਤੁਸੀਂ ਸਭ ਜਗਤ ਦੇ ਮਾਲਕ ਹੋ।
(੪) ਆਪ ਦੇ ਚਰਨੀ ਲਗਿਆਂ ਮੇਰਾ ਮਨ ਧੀਰਜ ਧਾਰਦਾ ਹੈ।
(੫) ਮੈਂ ਤੁਹਾਡੇ ਸੱਚੇ ਦਰਬਾਰ ਨੂੰ ਗ੍ਰਹਿਣ ਕੀਤਾ ਹੈ।
(੬) ਜਿਵੇਂ ਠੀਕ ਜਾਣੋ ਤਿਵੇਂ ਮੇਰਾ ਨਿਸਤਾਰਾ ਕਰੋ।
(੭) ਅਸੀਂ ਕਾਮੀ ਕ੍ਰੋਧੀ ਤੇ ਕੂੜਿਆਰ (ਝੂਠੇ) ਹਾਂ।
(੮) ਤੁਸੀਂ ਬਖ਼ਸ਼ਣਹਾਰ ਸੁਆਮੀ ਹੋ।
(੯) ਆਪ ਤੋਂ ਬਿਨਾਂ ਸਾਡਾ ਹੋਰ ਕੋਈ ਆਸਰਾ ਨਹੀਂ।
(੧੦) ਜਿਹੜਾ ਸਾਡੀ ਪ੍ਰਤਿਪਾਲਣਾ ਕਰੇ।
(੧੧) ਤੁਸੀਂ ਅਗਮ (ਗੰਮਤਾ ਤੋਂ ਰਹਿਤ) ਅਡੋਲ (ਡੋਲਣ ਤੋਂ ਰਹਿਤ) ਅਤੋਲ ਤੇ ਸਭ ਤੋਂ ਨਿਰਾਲੇ ਹੋ।
(੧੨) ਤੁਸੀਂ ਹੀ ਸਾਰੇ ਸੰਸਾਰ ਦੀ ਪਾਲਣਾ ਕਰਦੇ ਹੋ।
(੧੩) ਜਲ, ਥਲ, ਧਰਤੀ ਅਤੇ ਅਕਾਸ਼ ਵਿਚ ਆਪ ਦਾ ਹੀ ਹੁਕਮ ਚਲਦਾ ਹੈ।
(੧੪) ਆਪ ਦੀ ਅਰਾਧਨਾ ਕਰਕੇ ਸਾਰਾ ਸੰਸਾਰ ਤਰਿਆ ਹੈ।
(੧੫) ਮੈਂ ਗੁਰਦਾਸ ਆਪ ਦੇ ਦਰ 'ਤੇ ਇਹ ਪੁਕਾਰ ਕਰਦਾ ਹਾਂ।
(੧੬) ਹੇ ਸਤਿਗੁਰੂ ਜੀ! (ਆਪ ਮਿਹਰ ਭਰਿਆ ਹੱਥ ਦਾਸ ਦੇ ਸਿਰ 'ਤੇ ਰੱਖੋ) ਤੇ ਮੈਨੂੰ ਤਾਰ ਲੌ।੨੫।

## ੨੬. ਸੱਚੇ ਸਤਿਗੁਰਾਂ ਅੱਗੇ ਅਰਦਾਸ

**੧. ਤੁਮ ਅਛਲ ਅਛੇਦ ਅਭੇਦ ਕਹਾਯੰ।**
**੨. ਬੈਠ ਤਖਤ ਪਰ ਹੁਕਮ ਚਲਾਯੰ।**
**੩. ਤੁਮ ਬਿਨ ਦੂਸਰ ਅਵਰ ਨ ਕੋਈ।**
**੪. ਤੁਮ ਏਕੋ ਏਕ ਨਿਰੰਜਨ ਸੋਈ।**
**੫. ਓਅੰਕਾਰ ਧਰ ਖੇਲ ਰਚਾਯੰ।**
**੬. ਆਪ ਅਗੋਚਰ ਗੁਪਤ ਰਹਾਯੰ।**

੭. ਪ੍ਰਭ ਤੁਮਰਾ ਖੇਲ ਅਗਮ ਨਿਰਧਾਰੋ।
੮. ਸਭ ਘਟ ਭੀਤਰ ਸਭ ਤੇ ਨਜਾਰੋ।
੯. ਤੁਮ ਐਸਾ ਅਚਰਜ ਖੇਲ ਬਨਾਇਓ।
੧੦. ਜਿਹ ਲਖ ਬ੍ਰਹਮੰਡ ਕੋ ਧਾਰ ਖਪਾਇਓ।
੧੧. ਬਿਨ ਸਿਮਰਨ ਤੇ ਛੁਟੈ ਨ ਕੋਈ।
੧੨. ਤੁਮ ਕੋ ਭਜੈ ਸੋ ਮੁਕਤਾ ਹੋਈ।
੧੩. ਗੁਰਦਾਸ ਗਰੀਬ ਤੁਮਨ ਕਾ ਚੇਲਾ।
੧੪. ਜਪ ਤਪ ਤੁਮ ਕੋ ਭਇਓ ਸੁਹੇਲਾ।
੧੫. ਭੂਲ ਚੂਕ ਸਭ ਬਖਸ ਕਰੀਜੈ।
੧੬. ਗੁਰਦਾਸ ਗੁਲਾਮ ਅਪਨ ਕਰ ਲੀਜੈ।
੧੭. ਇਉਂ ਕਰ ਹੈ ਗੁਰਦਾਸ ਪੁਕਾਰਾ।
੧੮. ਹੇ ਸਤਿਗੁਰ ਮੁਹਿ ਲੇਹੁ ਉਬਾਰਾ ॥੨੬॥

***ਪਦ ਅਰਥ :*** ਅਛਲ—ਨਾ ਛਲੇ ਜਾਣ ਵਾਲਾ। ਅਛੇਦ—ਜਿਸਨੂੰ ਕੋਈ ਸ਼ਸਤ੍ਰ ਨ ਕੱਟ ਸਕੇ। ਅਭੇਦ—ਭੇਦ-ਰਹਿਤ, ਬੇਅੰਤ। ਅਗੋਚਰ—ਜਿਸਦੀ ਗਿਆਨ ਇੰਦ੍ਰਯ ਵਿਚਾਰ ਨਾ ਕਰ ਸਕਦੇ ਹੋਣ। ਨਿਰਧਾਰੋ—ਨਿਰਣੇ ਕੀਤਾ ਹੈ। ਗੁਲਾਮ—ਦਾਸ।

*ਅਰਥ :*

(੧) ਹੇ ਸਤਿਗੁਰੂ ਜੀ! ਤੁਸੀਂ ਨਾ ਛਲੇ ਜਾਣ ਵਾਲੇ, ਨਾ ਕੱਟੇ ਜਾਣ ਵਾਲੇ ਤੇ ਭੇਦ ਤੋਂ ਰਹਿਤ ਕਹਾਉਂਦੇ ਹੋ।
(੨) ਤੁਸੀਂ (ਸੱਚੇ) ਤਖ਼ਤ 'ਤੇ ਬੈਠ ਕੇ ਸਭ ਜੀਵਾਂ 'ਤੇ ਹੁਕਮ ਚਲਾਉਂਦੇ ਹੋ।
(੩) ਆਪ ਤੋਂ ਬਿਨਾ ਇਸ ਸੰਸਾਰ ਨੂੰ ਚਲਾਉਣ ਵਾਲਾ ਹੋਰ ਕੋਈ ਨਹੀਂ।
(੪) ਤੁਸੀਂ ਇਕੋ ਇਕ ਮਾਇਆ ਤੋਂ ਰਹਿਤ ਪ੍ਰਭੂ ਦਾ ਰੂਪ ਹੋ।
(੫) ਤੁਸਾਂ ਆਪਣੇ ਫੁਰਨੇ ਨਾਲ ਇਸ ਸੰਸਾਰ ਦੀ ਖੇਡ ਨੂੰ ਰਚਿਆ ਹੈ।
(੬) ਤੁਸੀਂ ਇੰਦ੍ਰੀਆਂ ਦੀ ਪਹੁੰਚ ਤੋਂ ਪਰ੍ਹੇ ਤੇ ਗੁਪਤ ਹੋ ਕੇ (ਆਪਣੀ ਰਚਨਾ ਵਿਚ) ਰਹਿੰਦੇ ਹੋ।
(੭) ਹੇ ਸਤਿਗੁਰੂ ਜੀ! ਆਪ ਦੇ ਕੌਤਕਾਂ ਨੂੰ ਅਸੀਂ ਬੇਅੰਤ ਨਿਰਣੇ ਕੀਤਾ ਹੈ।
(੮) ਤੁਸੀਂ ਸਭ ਜੀਵਾਂ ਦੇ ਹਿਰਦਿਆਂ ਵਿਚ ਵਿਆਪਕ ਹੁੰਦੇ ਹੋਏ ਸਭ ਤੋਂ ਨਿਆਰੇ (ਵੱਖਰੇ) ਰਹਿੰਦੇ ਹੋ।
(੯) ਤੁਸਾਂ (ਆਪਣੀ ਰਚਨਾ ਦਾ) ਇਕ ਇਹੋ ਜਿਹਾ ਅਸਚਰਜ ਖੇਲ ਬਣਾਇਆ ਹੈ ਕਿ :
(੧੦) ਜਿਸਦੀ ਧਾਰ ਵਿਚ ਤੁਸੀਂ ਲੱਖਾਂ ਬ੍ਰਹਿਮੰਡਾਂ ਨੂੰ ਖਪਾ ਦੇਂਦੇ ਹੋ।
(੧੧) ਆਪ ਦੇ ਸਿਮਰਨ ਤੋਂ ਬਿਨਾ (ਕਾਲ ਦੀ ਧਾਰ ਤੋਂ) ਕੋਈ ਨਹੀਂ ਛੁਟ ਸਕਦਾ।
(੧੨) ਜਿਹੜਾ ਪੁਰਸ਼ ਆਪ ਦਾ ਸਿਮਰਨ ਕਰਦਾ ਹੈ, ਉਹ ਮੁਕਤ ਹੋ ਜਾਂਦਾ ਹੈ।
(੧੩) ਹੇ ਸਤਿਗੁਰੂ ਜੀ! ਮੈਂ ਗ਼ਰੀਬ ਗੁਰਦਾਸ ਆਪ ਦਾ (ਚੇਲਾ) ਸਿੱਖ ਹਾਂ।
(੧੪) ਮੈਂ ਆਪ ਦਾ ਸਿਮਰਨ ਕਰਕੇ ਸੁਖੀ ਹੋਇਆ ਹਾਂ।
(੧੫) ਹੇ ਬਖ਼ਸ਼ਣਹਾਰ ਸਤਿਗੁਰੂ ਜੀ! ਮੇਰੀਆਂ ਸਭ ਭੁਲਾਂ ਚੁਕਾਂ ਬਖ਼ਸ਼ ਦਿਓ ਅਤੇ :
(੧੬) ਮੈਨੂੰ ਗੁਰਦਾਸ ਨੂੰ ਆਪਣਾ ਦਾਸ ਕਰ ਲਵੋ।
(੧੭) ਮੈਂ ਗੁਰਦਾਸ ਆਪ ਦੇ ਚਰਨਾਂ ਵਿਚ ਇਹ ਬੇਨਤੀ ਕਰਦਾ ਹਾਂ ਕਿ :
(੧੮) ਹੇ ਸਤਿਗੁਰੂ ਜੀ! ਮੈਨੂੰ (ਕਾਮ ਕ੍ਰੋਧ ਆਦਿ ਵੈਰੀਆਂ ਤੋਂ ਆਪਣੀ ਮੇਹਰ ਕਰਕੇ) ਬਚਾਅ ਲਵੋ।੨੬।

## ੨੭. ਅੰਤਮ ਬੇਨਤੀ

੧. ਯਹ ਕਉਨ ਕੀਟ ਗੁਰਦਾਸ ਵਿਚਾਰਾ।
੨. ਜੋ ਅਗਮ ਨਿਗਮ ਕੀ ਲਖੇ ਸ਼ੁਮਾਰਾ।
੩. ਜਬ ਕਰ ਕ੍ਰਿਪਾ ਗੁਰ ਬੂਝ ਬੁਝਾਈ।
੪. ਤਬ ਯਹ ਕਥਾ ਉਚਾਰ ਸੁਨਾਈ।
੫. ਬਿਨਾਂ ਹੁਕਮ ਇਕ ਝੁਲੈ ਨ ਪਾਤਾ।
੬. ਹੋ ਹੈ ਸੋ ਜੋ ਕਰੈ ਬਿਧਾਤਾ।
੭. ਹੁਕਮੈ ਅੰਦਰ ਸਗਲ ਅਕਾਰੇ।
੮. ਬੂਝੈ ਹੁਕਮੁ ਸੁ ਉਤਰੈ ਪਾਰੇ।
੯. ਹੁਕਮੈ ਅੰਦਰ ਸੁਰ ਨਰ ਸ਼ੇਸ਼ਾ।
੧੦. ਹੁਕਮੈ ਅੰਦਰ ਬ੍ਰਹਮ ਮਹੇਸ਼ਾ।
੧੧. ਹੁਕਮੈ ਅੰਦਰ ਬਿਸਨੁ ਬਨਾਯੰ।
੧੨. ਹੁਕਮੈ ਪਾਇ ਦੀਵਾਨ ਲਗਾਯੰ।
੧੩. ਹੁਕਮੈ ਅੰਦਰ ਧਰਮ ਰਚਾਯੰ।
੧੪. ਹੁਕਮੈ ਅੰਦਰ ਇੰਦ੍ਰ ਉਪਾਯੰ।

**੧੫. ਹੁਕਮੈ ਅੰਦਰ ਸਸੀਅਰ ਸੂਰੇ।**
**੧੬. ਸਭਿ ਹਰਿ ਚਰਨਨ ਕੀ ਬਾਛਹਿ ਧੂਰੇ।**
**੧੭. ਹੁਕਮੈ ਅੰਦਰ ਧਰਮ ਅਕਾਸਾ।**
**੧੮. ਹੁਕਮੈ ਅੰਦਰਿ ਸਾਸ ਗਿਰਾਸਾ।**
**੧੯. ਬਿਨਾ ਹੁਕਮ ਕੋ ਮਰੈ ਨ ਜੀਵੈ।**
**੨੦. ਬੂਝੈ ਹੁਕਮੁ ਸੁ ਨਿਹਚਲ ਥੀਵੈ।**
**੨੧. ਇਉਂ ਕਰ ਹੈ ਗੁਰਦਾਸ ਪੁਕਾਰਾ।**
**੨੨. ਹੇ ਸਤਿਗੁਰ ਮੁਹਿ ਲੇਹੁ ਉਬਾਰਾ॥੨੭॥**

***ਪਦ ਅਰਥ :*** ਕੀਟ—ਕੀੜਾ। ਅਗਮ—ਜਿੱਥੇ ਕਿਸੇ ਦੀ ਪਹੁੰਚ ਨਹੀਂ। ਬੂਝ ਬੁਝਾਈ—ਸਮਝ ਬਖ਼ਸ਼ੀ। ਸਸੀਅਰ—ਚੰਦ੍ਰਮਾ। ਸੂਰੇ—ਸੂਰਜ। ਨਿਹਚਲ—ਅਚੱਲ।

***ਅਰਥ :***

(੧) ਇਹ ਮੈਂ ਗੁਰਦਾਸ ਵਿਚਾਰਾ ਕੌਣ ਕੀੜਾ ਹਾਂ।
(੨) ਜੋ ਅਗਮ ਤੇ ਵੇਦਾਂ ਸ਼ਾਸਤ੍ਰਾਂ ਕਰਕੇ ਨਾ ਜਾਣੇ ਜਾਣ ਵਾਲੇ ਸਤਿਗੁਰਾਂ ਦੇ ਕੌਤਕਾਂ ਦੀ ਗਿਣਤੀ ਕਰ ਸਕਾਂ।
(੩) ਜਦੋਂ ਸਤਿਗੁਰੂ ਨੇ ਆਪਣੀ ਅਪਾਰ ਕ੍ਰਿਪਾ ਕਰਕੇ ਮੈਨੂੰ ਸਮਝ ਬਖ਼ਸ਼ੀ।
(੪) ਤਦੋਂ ਹੀ ਮੈਂ ਇਹ ਸਤਿਗੁਰਾਂ ਦੀ ਕਥਾ (ਵਡਿਆਈ) ਉਚਾਰ ਕੇ ਸੁਣਾਈ ਹੈ।
(੫) ਸਤਿਗੁਰਾਂ ਦੇ ਹੁਕਮ ਤੋਂ ਬਿਨਾ ਇਕ ਪੱਤਾ ਵੀ ਨਹੀਂ ਹਿੱਲਦਾ।
(੬) ਹੁੰਦਾ ਉਹੋ ਹੈ ਜੋ ਸਿਰਜਨਹਾਰ ਕਰਦਾ ਹੈ।
(੭) (ਸਤਿਗੁਰੂ ਦੇ) ਹੁਕਮ ਅੰਦਰ ਸਾਰੇ ਜੀਵ ਹਨ।
(੮) ਜਿਹੜਾ ਜੀਵ ਪ੍ਰਭੂ ਦੇ ਹੁਕਮ ਨੂੰ ਜਾਣ ਲੈਂਦਾ ਹੈ, ਉਹੋ ਪਾਰ ਉਤਰਦਾ ਹੈ।
(੯) (ਪ੍ਰਭੂ ਦੇ) ਹੁਕਮ ਵਿਚ ਦੇਵਤੇ, ਮਨੁੱਖ ਤੇ ਸ਼ੇਸ਼ਨਾਗ ਆਦਿ ਚਲਦੇ ਹਨ।
(੧੦) ਹੁਕਮ ਵਿਚ ਹੀ ਬ੍ਰਹਮਾ ਤੇ ਸ਼ਿਵਜੀ ਹਨ।
(੧੧) ਅਕਾਲ ਪੁਰਖ ਦੇ ਹੁਕਮ ਨੇ ਹੀ ਵਿਸ਼ਨੂੰ ਨੂੰ ਬਣਾਇਆ ਹੈ।
(੧੨) ਉਸ ਪ੍ਰਭੂ ਦੇ ਹੁਕਮ ਅੰਦਰ ਹੀ ਇਹ ਸਭ ਦੇਵੀ ਦੇਵਤੇ ਆਪਣੇ ਦਰਬਾਰ ਲਗਾਉਂਦੇ ਹਨ।
(੧੩) ਵਾਹਿਗੁਰੂ ਦੇ ਹੁਕਮ ਕਰਕੇ ਧਰਮਰਾਜ ਦੀ ਰਚਨਾ ਹੋਈ ਹੈ।
(੧੪) ਹੁਕਮ ਅੰਦਰ ਹੀ ਇੰਦ੍ਰ ਦੀ ਉਤਪਤੀ ਹੋਈ ਹੈ।
(੧੫) ਪਰਮਾਤਮਾ ਦੇ ਹੁਕਮ ਵਿਚ ਹੀ ਚੰਦ੍ਰਮਾ ਤੇ ਸੂਰਜ ਚਲਦੇ ਹਨ।
(੧੬) ਸਭ (ਵੱਡੇ ਵੱਡੇ ਦੇਵੀ ਦੇਵਤੇ, ਬ੍ਰਹਮਾ, ਵਿਸ਼ਨੂੰ ਮਹੇਸ਼, ਸ਼ੇਸ਼ਨਾਗ ਆਦਿ) ਪ੍ਰਭੂ ਦੇ ਚਰਨਾਂ ਦੀ ਧੂੜੀ ਨੂੰ ਲੋਚਦੇ ਹਨ।
(੧੭) ਹੁਕਮੀ (ਪ੍ਰਭੂ) ਦੇ ਅੰਦਰ ਹੀ ਧਰਤੀ ਤੇ ਅਕਾਸ਼ ਹੈ।
(੧੮) ਹੁਕਮੈਂ ਅੰਦਰ ਹੀ ਸਾਸ ਗਿਰਾਸ ਹਨ।
(੧੯) ਹੁਕਮ ਤੋਂ ਬਿਨਾ ਨਾ ਕੋਈ ਮਰਦਾ ਹੈ ਤੇ ਨਾ ਕੋਈ ਜੀਉਂਦਾ ਹੈ।
(੨੦) ਜਿਹੜਾ ਪੁਰਸ਼ ਪ੍ਰਭੂ ਦੇ ਹੁਕਮ ਨੂੰ ਬੁਝ ਲੈਂਦਾ ਹੈ, ਉਹ ਨਿਹਚਲ (ਅਚੱਲ) ਹੋ ਜਾਂਦਾ ਹੈ।
(੨੧) ਮੈਂ ਗੁਰਦਾਸ ਆਪ ਜੀ ਦੇ ਚਰਨ ਕਵਲਾਂ ਵਿਚ ਇਹ ਪੁਕਾਰ (ਬੇਨਤੀ) ਕਰਦਾ ਹਾਂ ਕਿ :
(੨੨) ਹੇ ਸਤਿਗੁਰੂ ਜੀ! ਆਪਣੀ ਮਿਹਰ ਕਰਕੇ ਮੈਨੂੰ (ਕਾਮ, ਕ੍ਰੋਧ ਆਦਿ ਸ਼ਤਰੂਆਂ ਤੋਂ) ਬਚਾਅ ਲਵੋ।੨੭।

## ੨੮. ਵਾਰ ਸਮਾਪਤੀ ਦੀ ਬੇਨਤੀ ਤੇ ਵਾਰ ਦੇ ਪਾਠ ਦਾ ਮਹਾਤਮ (ਫਲ)

**੧. ਇਹ ਵਾਰ ਭਗਉਤੀ ਮਹਾਂ ਪੁਨੀਤੇ।**
**੨. ਜਿਸ ਉਚਰਤ ਉਪਜਤ ਪਰਤੀਤੇ।**
**੩. ਜੋ ਇਸ ਵਾਰ ਸੋਂ ਪ੍ਰੇਮ ਲਗਾਵੈ।**
**੪. ਸੋ ਮਨ ਬਾਂਛਤ ਇੱਛੇ ਫਲ ਪਾਵੈ।**
**੫. ਮਿਟੇ ਸਗਲ ਦੁਖ ਦੁੰਦ ਕਲੇਸ਼ਾ।**
**੬. ਫੁਨ ਪ੍ਰਗਟੈ ਬਹੁ ਸੁਖ ਪ੍ਰਵੇਸ਼ਾ।**
**੭. ਜੋ ਅਹਿਨਿਸ ਰਟਹੈ ਯਹ ਵਾਰੇ।**
**੮. ਸੋ ਪਹੁਚੈ ਧੁਰਿ ਹਰਿ ਦਰਬਾਰੇ।**
**੯. ਯਹ ਵਾਰ ਭਗਉਤੀ ਸਮਾਪਤਿ ਕੀਨੀ।**
**੧੦. ਘਟ ਬਿਦਿਆ ਕੀ ਸਭ ਬਿਧਿ ਚੀਨੀ।**
**੧੧. ਸਤਿਗੁਰ ਸਾਹਿਬ ਭਏ ਦਿਆਲਾ।**
**੧੨. ਛੂਟ ਗਏ ਸਭ ਹੀ ਜੰਜਾਲਾ।**

**੧੩. ਕਰ ਕਿਰਪਾ ਪ੍ਰਭ ਹਰਿ ਗਿਰਧਾਰੇ।**
**੧੪. ਪਕੜ ਬਾਂਹ ਭਉਜਲ ਤੋਂ ਤਾਰੇ।**
**੧੫. ਇਉਂ ਕਰ ਹੈ ਗੁਰਦਾਸ ਪੁਕਾਰਾ।**
**੧੬. ਹੇ ਸਤਿਗੁਰ ਮੁਹਿ ਲੇਹੁ ਉਬਾਰਾ॥੨੮॥੧॥੪੧॥**

***ਪਦ ਅਰਥ :*** ਮਹਾਂ ਪੁਨੀਤੋ—ਅਤਿ ਪਵਿੱਤ੍ਰ। ਪਰਤੀਤੋ—ਭਰੋਸਾ, ਸਿਦਕ। ਗਿਰਧਾਰੇ—ਬਾਣੀ ਦੇ ਸੁਆਮੀ (ਪ੍ਰਭੂ)। ਭਉਜਲ—ਸੰਸਾਰ ਸਾਗਰ।

***ਅਰਥ :***

(੧) ਇਹ ਭਗਉਤੀ ਦੀ ਵਾਰ ਬੜੀ ਪਵਿੱਤ੍ਰ ਹੈ।
(੨) ਜਿਸਦੇ ਪਾਠ ਕਰਨ ਨਾਲ ਪੁਰਸ਼ ਦੇ ਮਨ ਵਿਚ ਸਤਿਗੁਰਾਂ ਦਾ ਭਰੋਸਾ ਤੇ ਸਿਦਕ ਉਪਜਦਾ ਹੈ।
(੩) ਜਿਹੜਾ ਜੀਵ ਇਸ ਵਾਰ ਨਾਲ ਪ੍ਰੇਮ ਕਰੇਗਾ।
(੪) ਉਹ ਮਨ-ਇੱਛਤ ਫਲ ਪ੍ਰਾਪਤ ਕਰੇਗਾ।
(੫) ਉਸਦੇ ਸਭ ਦੁਖ ਦਰਦ ਤੇ ਕਲੇਸ਼ ਨਾਸ ਹੋ ਜਾਣਗੇ।
(੬) ਉਸਨੂੰ ਬੇਅੰਤ ਸੁਖਾਂ ਦੀ ਪ੍ਰਾਪਤੀ ਹੋਵੇਗੀ।
(੭) ਜਿਹੜਾ ਪੁਰਸ਼ ਦਿਨ-ਰਾਤ ਇਸ ਵਾਰ ਦਾ ਪਾਠ ਕਰੇਗਾ।
(੮) ਉਹ ਪ੍ਰਭੂ ਦੇ ਸੱਚੇ ਦਰਬਾਰ ਵਿਚ ਪਹੁੰਚੇਗਾ।
(੯) ਮੈਂ ਇਹ ਭਗਉਤੀ ਦੀ ਵਾਰ ਸਮਾਪਤ ਕੀਤੀ ਹੈ।
(੧੦) ਇਸ ਵਿਚੋਂ ਹਿਰਦੇ ਦੀ ਸਾਰੀ ਵਿਦਿਆ ਜਾਣੀ ਜਾਂਦੀ ਹੈ।
(੧੧) ਜਦੋਂ ਸੱਚੇ ਸਤਿਗੁਰੂ ਜੀ ਦਿਆਲੂ ਹੋਏ।
(੧੨) (ਤਦੋਂ ਮੇਰੇ) ਸਭ ਜੰਜਾਲ (ਬੰਧਨ) ਖ਼ਤਮ ਹੋ ਗਏ।
(੧੩) ਹੇ ਗਿਰਧਾਰੇ! (ਬਾਣੀ ਦੇ ਸੁਆਮੀ ਪ੍ਰਭੂ!) ਮੇਰੇ 'ਤੇ ਆਪਣੀ ਕਿਰਪਾ ਕਰੋ ਤੇ
(੧੪) ਮੇਰੀ ਬਾਂਹ ਫੜ ਕੇ ਇਸ ਸੰਸਾਰ ਸਾਗਰ ਤੋਂ ਮੈਨੂੰ ਪਾਰ ਕਰ ਦਿਓ।
(੧੫) ਮੈਂ ਗੁਰਦਾਸ ਆਪ ਦੇ ਅੱਗੇ ਇਹ ਪੁਕਾਰ (ਅਰਦਾਸ) ਕਰਦਾ ਹਾਂ।
(੧੬) ਕਿ ਹੇ ਸਤਿਗੁਰੂ ਜੀ! ਮੇਰੇ 'ਤੇ ਅਪਾਰ ਕ੍ਰਿਪਾ ਕਰਕੇ ਮੈਨੂੰ ਸੰਸਾਰਕ ਕਸ਼ਟਾਂ ਤੋਂ ਬਚਾਅ ਲਵੋ।੨੮।੧।੪੧।

(ਇੱਕਤਾਲੀਵੀਂ ਵਾਰ ਸਮਾਪਤ)
ਸੰਪੂਰਨ